705

12-9-78

16-9-7832

5

ਮਾਰਚ 78

Chief Reporter
Punjab Vidhan Sabha
Chandigarh

Original with
Punjab Vidhan Sabha
Digitized by
Panjab Digital Library

Original with;
Punjab Vidhan Sabha
Digitized by;
Panjab Digital Library

Original
Punjab V... Sabh...
Digitized
Panjab Digital Library

(ਰਿਆਸਤ ਦਾ ਕੀਤੇ ਟੁਟਵਲ ਕਾਗਜ਼ਾ ਲਈ)

Original with: Punjab Vidhan Sabha
Digitized by: Panjab Digital Library

SP. 32

# Punjab Vidhan Sabha Debates

*12th September, 1978*

**Vol. III—No. 6**

OFFICIAL REPORT

Chief Reporter
Punjab Vidhan Sabha
Chandigarh

CONTENTS

*Tuesday, the 12th September*, 1978

| | | Page |
|---|---|---|
| Postponed Starred Questions and Answers | .. | (6)1 |
| Starred Questions and Answers | .. | (6)19 |
| Written Answers to Starred Questions laid on the Table of the House under Rule 38 | .. | (6)32 |
| Unstarred Questions and Answers | .. | (6)40 |
| Points of Order Re. Adjournment Motion | .. | (6)42 |
| Call Attention Notices under Rule 66 | .. | (6)44 |
| Supplementary Estimates (First Instalment) for the year 1978-79— | .. | (6)48 |
| (i) Discussion on the Estimates of the Expenditure charged on the Revenues of the State | .. | (6)48 |
| (ii) Discussion and Voting of the Demands for Supplementary Grants | .. | (6)48 |
| Personal Explanation by Sardar Beant Singh | .. | (6)57 |

**Punjab Vidhan Sabha Secretariat, Chandigarh.**

**Price :** Rs : 27.10 Paise.
27.10 Paise.

Original with:
Punjab Vidhan Sabha
Digitized by:
Panjab Digital Library

Discussion and Voting of the Demands for Supplementary Grants (*Resumption*) .. (6)58

Walk-Out .. (6)72

Discussion and Voting of the Demands for Supplementary Grants (*Resumption*) .. (6)73

Personal Explanation by Sardar Kirpal Singh .. (6)88

Discussion and Voting of the Demands for Supplementary Grants (*Resumption*) .. (6)89

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

*Tuesday, the 12th September, 1978*

*The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A. M. of the Clock. Mr. Speaker (Sardar Ravi Inder Singh) in the Chair.*

## POSTPONED STARRED QUESTIONS AND ANSWERS

### Punishment Awarded to the Officers/Officials for poor performance under the Family Planning Programme

***483. Comrade Satya Pal Dang :** Will the Minister for Health be pleased to state :—

(a) the number, names and designations of officials/officers of the Health Department, who were punished during the Emergency for their poor performance under the Family Planning Programme together with the nature of punishment awarded in each case ;

(b) the number, names and designations of officials/officers of the said Department, who were punished after the Emergency was lifted (up-to-date) for their poor performance under the Family Planning Programme together with the nature of punishment awarded in each case ?

**ਸ੍ਰੀ ਦੇਸ ਰਾਜ :** ਸਟੇਟਮੈਂਟਾਂ ਜਿਨ੍ਹਾਂ ਵਿੱਚ ਪੰਜਾਬ ਸਿਹਤ ਅਤੇ ਫੈਮਲੀ ਵੈਲਫੇਅਰ ਵਿਭਾਗ ਦੇ ਉਨ੍ਹਾਂ ਕਰਮਚਾਰੀਆਂ ਦੇ ਨਾਂ ਅਤੇ ਆਹੁਦੇ ਦਰਸਾਏ ਗਏ ਹਨ ਜਿਨ੍ਹਾਂ ਨੂੰ (ਏ) ਮਿਤੀ 25 ਜੂਨ, 1975 ਤੋਂ 17 ਮਾਰਚ, 1977 ਅਤੇ (ਬੀ) 18 ਮਾਰਚ, 1977 ਤੋਂ 10 ਸਤੰਬਰ, 1978 ਤੱਕ ਦੇ ਸਮੇਂ ਦੇ ਦੌਰਾਨ ਸਜ਼ਾਵਾਂ ਦਿੱਤੀਆਂ ਗਈਆਂ ਸਨ ਸਦਨ ਦੇ ਮੇਜ਼ ਤੇ ਰੱਖੀਆਂ ਜਾਂਦੀਆਂ ਹਨ ।

Statement showing the names and designations of the officials of the Department of Health and Family Planning, Punjab, on whom penalties were imposed during the period from the 25th June, 1975 to the 17th March, 1977 for poor performance in Family Planning Programme and the nature of penalty.

Family Planning Extension Educators.

| Sr. No. | Name of the official | Sr. No. | Name of the official |
|---|---|---|---|
| | **PART—I** | | |
| | **Penalty—with holding of one increment of pay** | | |
| 1. | Manmohan Kaushal | 4. | Sukhdev Singh |
| | **Family Planning Field Workers** | 5. | Hem Raj |
| | **PART—II (a)** | 6. | Lachhman Singh |
| | **Penalty—Censure** | 7. | Gobinder Singh |
| 2. | Lal Singh | 8. | Sant Singh |
| 3. | Iqbal Singh | 9. | Beli Ram |

Original with;
Punjab Vidhan Sabha
Digitized by;
Panjab Digital Library

[Minister for Health]

| Sr. No. | Name of the official |
|---|---|
| 10. | Kasturi Lal |
| 11. | Ajaib Singh |
| 12. | Hari Singh |
| 13. | Gurdev Singh |
| 14. | Harbilas Ram |
| 15. | Raj Singh |
| 16. | Banarsi Dass |
| 17. | Gurdev Singh |
| 18. | Krishan Lal |
| 19. | Ra j Kumar |
| 20. | Bawa Singh |
| 21. | Ram Dass |
| 22. | Mulakh Raj |
| 23. | Baldev Raj |
| 24. | Sukhwinder Singh |
| 25. | Naranjan Dass |
| 26. | Gurdev |
| 27. | Lachhman Dass |
| 28. | Naranjan Dass |
| 29. | Baldev Raj |
| 30. | Prem Nath |
| 31. | Mohan Singh |
| 32. | Raghbir Chand |
| 33. | Kewal Krishan |
| 34. | Amarjit Singh |
| 35. | Shmt. Krishna Sharma |
| 36. | Surjit Sihgh |
| 37. | Mukand Singh |
| 38. | Tarlok Singh |
| 39. | Chamkaur Singh |
| 40. | Lekh Ra j |
| 41. | Kuldip Singh |
| 42. | Avtar Singh |
| 43. | Kashmir Singh |
| 44. | Rikhi Ram |
| 45. | Zia Lal |

**PART II(b)**

**Penalty—withholding of one increment of pay**

| Sr. No. | Name of the official |
|---|---|
| 46. | Gurdial Singh |
| 47. | Pritpal Singh |
| 48. | Gopal Singh |
| 49. | Lal Singh |
| 50. | Parshotam Lal |
| 51. | Maghar Singh |
| 52. | Prem Chand |
| 53. | Mohinder Singh |
| 54. | Kanwarjit Sharma |
| 55. | Daya Ram |
| 56. | Gurtej Singh |
| 57. | Dhram Singh |
| 58. | Subash Chander. |
| 59. | Ajit Singh |
| 60. | Baldev Ra j |
| 61. | Ravinder Kumar |
| 62. | Amir Chand |
| 63. | Nathu Ram |
| 64. | Baldev Singh |
| 65. | Gurdev Singh |
| 66. | Sham Lal |

Original with;
Punjab Vidhan Sabha
Digitized by;
Panjab Digital Library

| Sr. No. | Name of the official |
|---|---|
| 67. | Harnek Singh |
| 68. | Naranjan Singh |
| 69. | Sita Ram |
| 70. | Tarsem Lal |
| 71. | Gian Chand |
| 72. | Jeet Ram |
| 73. | Bhagat Singh |
| 74. | Rama Kant |
| 75. | Kartar Chand |
| 76. | Raghbir Chand |
| 77. | Bakhshish Singh |
| 78. | Mukhtiar Singh |
| 79. | Ram Lubhaya |
| 80. | Tarlok Singh |
| 81. | Harjit Singh |
| 82. | Hari Chand |
| 83. | Hardeep Singh |
| 84. | Ajaib Singh |
| 85. | Kripal Singh |

**PART-II (c)**

**Penalty—withholding of two increments of pay**

| Sr. No. | Name of the official |
|---|---|
| 86. | Krishan Chand |
| 87. | Gurdev Singh |
| 88. | Om Parkash |
| 89. | Tota Singh |
| 90. | Jagdish Rai |
| 91. | Baljit Singh |
| 92. | Om Parkash |
| 93. | Shadi Ram |
| 94. | Dev Raj |
| 95. | Kaur Singh |
| 96. | Mohinder Singh |
| 97. | Baljit Singh |
| 98. | Harnam Singh |
| 99. | Lachhman Singh |
| 100. | Multan Singh |
| 101. | Satnam Singh |
| 102. | Ratti Ram |
| 103. | Nanak Chand |
| 104. | Ram Pal |

**PART—II(d)**

**Penalty of Reversion**

| Sr. No. | Name of the Official |
|---|---|
| 105. | Sucha Singh |
| 106. | Sardul Singh |
| 107. | Gurnam Singh |
| 108. | Ram Kishan |
| 109. | Parkash Ram |
| 110. | Gurbhajan Singh |
| 111. | Girdhari Lal |
| 112. | Kuldip Singh |
| 113. | Joginder Singh |
| 114. | Krishan Chand |

**Lady Health Visitors**

**PART III (b)**

**Penalty withholding of one increment of pay**

| Sr. No. | Name of the Official |
|---|---|
| 115. | Shmt. Sita Devi |
| 116. | Shmt. Sarla Devi |
| 117. | Shmt. Bhushan Sehgal |

**PART III (c)**

**Penalty—withholding of two increments of pay**

| Sr. No. | Name of the Official |
|---|---|
| 118. | Shmt. Jagdish Kaur |

Original with;
Punjab Vidhan Sabha
Digitized by;
Panjab Digital Library

[Minister for Health]

| Sr. No. | Name of the official | Sr. No. | Name of the official |
|---|---|---|---|
| | **Auxiliary Nurse Midwives PART IV (a)** | | Sarvshmt. |
| | **Penalty Censure** | 147. | Santosh Kuamri |
| 119. | Shmt. Anwar Gill | 148. | Sewa Kaur |
| 120. | Shmt. Surinder Kaur | 149. | Phula Devi |
| 121. | Shmt. Subash Kanta | 150. | Surjit Kaur |
| 122. | Shmt. Surinder Kaur | 151. | Malkiat Kaur |
| 123. | Shmt. Kusham Lata | 152. | Sulomini M. Dass |
| | Sarvshmt. | 153. | Subash Soni |
| 124. | Santosh Dhir | 154. | Santsoh Kumari |
| 125. | Subh Lata | 155. | P.A. Chand |
| 126. | Harminder Kaur | 156. | Balbir Kaur |
| 127. | Kailash Kaur | 157. | Harminder Kaur. |
| 128. | Bhupinder Kaur | 158. | Raj Kumari |
| 129. | Parkash Wati | 159. | Balbir Kaur |
| 130. | Bir Bala | 160. | Gurdev Kaur |
| 131. | Raksha Nayer | 161. | Hardarshan Kaur |
| 132. | Kartar Kaur | 162. | Raj Rani |
| 133. | Balbir Kaur | 163. | Raj Kumari |
| 134. | Mohinder Kaur | 164. | Sita Devi |
| 135. | Jaswant Kaur | 165. | Shinder Kaur |
| 136. | Darshan Kaur | 166. | Sital Kaur |
| 137. | Surinder Kaur | 167. | Ram Lubhay |
| 138. | Sukhvinder Kaur | 168. | Kulbushan Sehgal |
| 139. | Karnail Kaur | 169. | Balbir Kaur |
| 140. | Mohinder Kaur | 170. | Bimla Devi |
| 141. | Prem Lata | 171. | Asha Lata |
| 142. | Mohinder Kaur | 172. | Surjit Kaur |
| 143. | Gurnam Kaur | 173. | Nirmal Devi |
| 144. | Satwant Kaur | 174. | Malkiat Kaur |
| 145. | Harbans Kaur | 175. | Usha Devi |
| 146. | Bimaljit Kaur | 176. | Gurcharan Kaur |

Original with;
Punjab Vidhan Sabha
Digitized by;
Panjab Digital Library

| Sr. No. | Name of the official |
|---|---|
| | Sarvshmt. |
| 177. | Yash Paul Kaur |
| 178. | Joginder Kaur |
| 179. | Bhula Devi |
| 180. | Surinder Kaur |
| 181. | Mangal Kaur |
| 182. | Pesla Gurwara |
| 183. | Vidaya Wati |
| 184. | Sushil Kumari |
| 185. | Vidaya Wati |
| 186. | Swaran Kaur |
| 187. | Avtar Kaur |
| 188. | Shanti Devi |
| 189. | Sushil Kaur |
| 190. | Gurjit Kaur |
| 191. | Sarla Rani |
| 192. | Yog Wati |
| 193. | Krishna Verma |
| 194. | Amar Kanta |
| 195. | Kamlesh Gulati |
| 196. | Janak Sharma |
| 197. | Leela P. Dass |
| 198. | Mohinder Kaur |
| 199. | Alice E. Masih |
| 200. | Prem Dulari |
| 201. | Amrik Kaur |
| 202. | Balibir Kaur |
| 203. | Shakuntla Sharda |
| 204. | Joginder Kaur |
| 205. | Gurdial Kaur |
| 206. | Ram Rakhi |
| 207. | Charanjit Kaur |
| 208. | P. Raj Masih |

| Sr. No. | Name of the official |
|---|---|
| | Sarvshmt. |
| 209. | M. I. Dass |
| 210. | Daljit Kaur |
| 211. | Parminder Bhardwaj |
| | PART-IV (b) |
| | Penalty-witholding of one increment of pay |
| 212. | Satwant Kaur |
| 213. | Harbans Kaur |
| 214. | Amarjit Kaur |
| 215. | Tajwant Kaur |
| 216. | Harbans Kaur |
| 217. | Nirmal Sharma |
| 218. | Rajinder Kaur |
| 219. | Nasib Kaur |
| 220. | Paramjit Kaur |
| 221. | Gurmit Kaur |
| 222. | Charanjit Kaur |
| 223. | Kuldip Kaur |
| 224. | Veenus T. Dass |
| 225. | Sudesh Kumari |
| 226. | Bachni Martha |
| 227. | Leela R. Mal |
| 228. | Grace Bahadar |
| 229. | Sukhdev Kaur |
| 230. | Chanchal Sharma |
| 231. | Kanta Devi |
| 232. | Kristo Dhani |
| 233. | Pushpinder Kaur |
| 234. | Gurdas Kaur |
| 235. | Bajwant Kaur |
| 236. | Kanta Devi |
| 237. | Joginder Kaur |

Original with;
Punjab Vidhan Sabha
Digitized by;
Panjab Digital Library

[Minister for Health]

| Serial No. | Name of the official | Sr. No. | Name of the official |
|---|---|---|---|
| | Sarvshmt. | | Sarvshmt. |
| 238. | Usha Rani | 269. | Mohinder Kaur |
| 239. | Leela Wati | 270. | Surinder Kaur |
| 240. | Roze Leen | 271. | Krishna Phul |
| 241. | Shanti Devi | 272. | Vijay Laxmi |
| 242. | Jumila Masih. | 273. | Usha Nanda |
| 243. | Kanta Rani | 274. | Margret Ibrahim |
| 244. | Jasmer Kaur | 275. | Surinder Kaur |
| 245. | Mukhtiar Kaur | 276. | Laj Wanti |
| 246. | Harinder Bajaj | 277. | Kailash Wanti |
| 247. | Janak Dulari | 278. | Baljit Kaur |
| 248. | Parkash Kaur | 279. | Prem Lata Duggal |
| 249. | Manjit Kaur | 280. | Tara Devi |
| 250. | Mohinder Kaur | 281. | Gurdip Kaur |
| 251. | Ranjit Kaur | 282. | D. Laverance |
| 252. | Surjit Kaur | 283. | Gian Kaur |
| 253. | Joginder Kaur | 284. | Kanta Kumari |
| 254. | Veeran Chadha | 285. | Surjit Kaur |
| 255. | Santosh Junaja | 286. | H. D. Masih. |
| 256. | Nachhettar Kaur | 287. | Mukhtiar Kaur |
| 257. | Amarjit Kaur | 288. | Kamlesh Patotia |
| 258. | Darshan Kaur | 289. | Dial Piari |
| 259. | Rajinder Kaur | 290. | C. Kesar |
| 260. | Surjit Kaur | 291. | Balbir Kaur |
| 261. | Balwinder Kaur | | |
| 262. | Sukhminder Kaur | 292. | Pargatjit Kaur |
| 263. | Lalit Rani | 293. | Dial Piari |
| 264. | Sumitra Devi | 294. | Surjit Kaur |
| 265. | Mohinder Kaur | 295. | S. K. D ss |
| 266. | Gurdip Kaur | 296. | Subodh Sharma |
| 267. | Surinder Kaur | 297. | Narinder Kaur |
| 268. | Charan Kaur | 298. | Nimas Kaur |

Original with;
Punjab Vidhan Sabha
Digitized by;
Panjab Digital Library

| Serial No. | Name of the official |
|---|---|
| | Sarvshmt. |
| 299. | Manohar Lata |
| 300. | D. Laverance |
| 301. | Darshan Sharma |
| 302. | Chanan Kaur |
| 303. | Manjit Kaur |
| 304. | Rajinder Kaur |
| 305. | Balbir Kaur Sodhi |
| 306. | Promila Randhawa |
| 307. | Urkli Mahatoo |
| 308. | Surjinder Kaur |
| 309. | Urmil Arora |
| 310. | Gurmit Kaur |
| 311. | Surinder Jassal. |
| 312. | Leela R. Mal |
| 313. | Balwant Kaur |
| 314. | Grace Banta Ram |
| 315. | Asha Rani |
| 316. | Kamal Lata D. Singh |
| 317. | Asha Lata D. Singh |
| 318. | Veeran Sharma |
| 319. | Sawaran Raya |
| 320. | Amarjit Kaur |
| 321. | Amarjit Kaur |
| 322. | Gian Kaur |
| 323. | Jagdev Kaur |
| 324. | Sukhwinder Kaur |
| 325. | Santosh Kaushal |
| 326. | Veer Kaur |
| 327. | Vidya Wati |
| 328. | Sudesh Kumari |
| 329. | Surinder Kaur |
| 330. | Dalip Kaur |
| | PART-IV (C) |
| | Penalty-with holding of two increments of pay Sarvshmt. |
| 331. | Maya Devi |
| 332. | Charanjit Kaur |
| 333. | Parminder Kaur |
| 334. | Ajit Kaur |
| 335. | Gurdip Kaur |
| 336. | Surinder Kaur |
| 337. | Sarswati |
| 338. | Asha Pathak |
| 339. | Leela Bhandari |
| 340. | Sukhjit Kaur |
| 341. | Gurminder Kaur |
| 342. | Shashi Paul Kaur |
| 343. | Kuldip Kaur |
| 344. | Kanta Kumari |
| 345. | Shanta Kumari |
| 346. | Rano Devi |
| 347. | Amarjit Kaur |
| 348. | Grace U. Masih |
| 349. | Balkhar Kaur |
| 350. | Piari M. Ram |
| 351. | Raj Kumari |
| 352. | Grace Bahadur |
| 353. | Bachan Kaur |
| 354. | Surjit Kaur |
| | **Trained Dai** |
| | PART-V (a) |
| | **Penalty-Censure** |
| 355. | Manohari Devi |
| 356. | Gurdial Kaur |
| | PART-V (b) |
| | **Penalty with holding of one increment of pay** |
| 357. | Daya Wati |
| 358. | Shakuntla |
| 359. | Veero Devi |

Original with;
Punjab Vidhan Sabha
Digitized by;
Panjab Digital Library

[Minister for Health]

STATEMENT B

Statement showing the names and designations of the officials of the Department of Health and Family Welfare, Punjab, on whom penalties were imposed during the period from the 18th March, 1977 to the 10th September, 1978 for poor performance in Family Planning Programme and the nature of Penalty.

| Serial No. | Name of the official | Serial No. | Name of the official |
|---|---|---|---|

**Family Planning extension Educators**

PART-I

(*Nil*)

**Family Planning Field Workers**

PART-II(a)

**Penalty-Censure**

1. Shri Madan Lal

PART-II (b)

**Penalty with holding of one increment of pay**

**S/Shri**

2. Jagdish Singh
3. Darshan Singh
4. Tarlok Nath
5. Devinder Singh
6. Harjit Singh
7. Niranjan Dass
8. Tilak Raj
9. Harbans Lal
10. Labh Singh
11. Gurdev Singh
12. Sant Ram
13. Gian Singh
14. Swarn Singh
15. Raj Kumar Sharma
16. Kirpal Singh
17. Zia Lal

PART-II (c)

**Penalty withholding of two increments of pay**

18. Ajit Singh

S/Shri

19. Nathu Ram
20. Nathu Ram
21. Kirat Singh
22. Mewa Singh
23. Janmej Singh
24. Madan Gopal
25. Shiv Dayal

PART-II (d)

**Penalty Reversion**

**S/Shri**

26. Ajmer Singh
27. Beant Singh
28. Baru Ram
29. Mathra Dass
30. Harnek Singh

**Lady Health Visitors.**

PART III

..*Nil*

**Auxiliary Nurse Midwives.**

PART IV(a)

**Penalty of Censure.**

31. Smt. Saroj Kanta
32. Bimla Devi
33. Kirpal Kaur
34. Manjit Kaur
35. Amrik Kaur

Original with;
Punjab Vidhan Sabha
Digitized by;
Panjab Digital Library

| Sr. No. | Name of the Official |
|---|---|
| | **PART IV(b)** |
| | **Penalty of withholding of one increment of pay** |
| | Sarvshmt. |
| 36. | Purna Devi |
| 37. | Judge Suleman |
| 38. | Swaran Kaur |
| 39. | Jasbir Kaur |
| 40. | Kuldip Kaur |
| 41. | Reena Ratian Wala |
| 42. | Sudesh Kumari |
| 43. | Mahanwir Kaur |
| 44. | Nirmal Devi |
| 45. | Amarjit Kaur |
| 46. | Pushpa Devi |
| 47. | Surinder Kaur |
| 48. | Gurdev Kaur |
| 49. | Krishna Arora |
| 50. | Lalit Kumari |
| 51. | Amrit Harinder Kaur |
| 52. | Surinder Kaushal |
| 53. | Ajaib Kaur |
| 54. | Harbhajan Kaur |
| 55. | Harjinderjit Kaur |
| | **PART IV(c)** |
| | **Penalty of withholding of two increments of pay** |
| 56. | Jamna Devi |
| 57. | Gurmit Kaur |
| 58. | Manohar Lata |
| 59. | Santosh Juneja |
| 60. | Sudershan Kaur |
| 61. | Kamlesh Patpatia |

| Sr. No. | Name of the official |
|---|---|
| | Sarvshmt. |
| 62. | Balwant Kaur |
| 63. | Agnes M. Ram |
| 64. | Janat Jalal Masih |
| 65. | Satpal Kaur |
| | **TRAINED DAIS** |
| | **PART V(a)** |
| | **Penalty of Censure** |
| 66. | Malin Devi |
| 67. | Devki Devi |
| 68. | Mohinder Kaur |
| 69. | Bachan Kaur |
| 70. | Man Kaur |
| | **PART V(b)** |
| | **Penalty of withholding of one increment of pay** |
| 71. | Sushhila Devi |
| 72. | Rattan Devi |
| 73. | Amar Kaur |
| 74. | Chind Kaur |
| 75. | Gurdev Kaur |
| 76. | Harbans Kaur |
| | **PART V(c)** |
| | **Penalty of withholding of two increments of pay** |
| 77. | Dalip Kaur |
| | **District Family Planning Officer** |
| | **PART VI** |
| | **Penalty Censure** |
| 78. | Dr. Dalip Singh Grewal, PCMS-I |

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਦੇ ਜਵਾਬ ਦੇ ਮੁਤਾਬਿਕ 500 ਅਫ਼ਸਰਾਂ ਅਤੇ ਆਫੀਸ਼ੀਅਲਜ਼ ਜਿਹੜੇ ਇਨ੍ਹਾਂ ਦੇ ਮਹਿਕਮੇ ਦੇ ਹਨ, ਉਨ੍ਹਾਂ ਦੇ ਖਿਲਾਫ ਐਕਸ਼ਨ ਲਿਆ ਗਿਆ ਕਿਉਂਕਿ ਫੈਮਿਲੀ ਪਲਾਨਿੰਗ ਦੇ ਸਿਲਸਿਲੇ ਵਿਚ ਜਿਹੜੇ ਟੀਚੇ ਉਨ੍ਹਾਂ ਦੇ ਮੁਕੱਰਰ ਕੀਤੇ ਸਨ ਉਨ੍ਹਾਂ ਨੇ ਉਹ ਪੂਰੇ ਨਹੀਂ ਕੀਤੇ ਸਨ। ਇਨ੍ਹਾਂ ਵਿਚੋਂ 78 ਕੇਸਾਂ ਵਿਚ ਐਕਸ਼ਨ ਐਮਰਜੈਂਸੀ ਖਤਮ ਹੋਣ ਤੋਂ ਬਾਅਦ ਲਿਆ ਗਿਆ । ਕਈਆਂ ਦੀ ਇਕ ਇਨਕਰੀਮੈਂਟ ਬੰਦ ਕਰ ਦਿੱਤੀ, ਕਈਆਂ ਦੀਆਂ ਦੋ ਇਨਕਰੀਮੈਂਟਾਂ ਬੰਦ ਕਰ ਦਿੱਤੀਆਂ, ਕਈਆਂ ਦੀਆਂ ਰਿਵਰਸ਼ਨਾਂ ਵੀ ਕਰ ਦਿੱਤੀਆਂ । ਅਸੀਂ ਇਹ ਕਹਿੰਦੇ ਹਾਂ ਕਿ ਇਹ ਕੋਟੇ ਲਾਉਣ ਦੀ ਨੀਤੀ ਗਲਤ ਸੀ, ਕਿਸ ਤਰ੍ਹਾਂ ਕੁਅਰਸ਼ਨ ਨਾਲ ਇਹ ਓਪਰੇਸ਼ਨ ਕੀਤੇ ਗਏ। ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਐਮਰਜੈਂਸੀ ਤੋਂ ਬਾਅਦ ਜਿਹੜੇ ਐਕਸ਼ਨ ਲਏ ਗਏ ਹਨ, ਕੀ ਉਨ੍ਹਾਂ ਨੂੰ ਕੈਂਸਲ ਕਰਨਗੇ ? ਦੂਜੀ ਗੱਲ ਇਹ ਹੈ ਕਿ ਐਮਰਜੈਂਸੀ ਦੇ ਦੌਰਾਨ ਜਿਨ੍ਹਾਂ ਦੇ ਖਿਲਾਫ ਐਕਸ਼ਨ ਲਿਆ ਗਿਆ, ਕੀ ਉਨ੍ਹਾਂ ਸਰਿਆਂ ਦੇ ਕੇਸ ਰਿਵਿਊ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਜਿੱਥੋਂ ਤਕ ਐਮਰਜੰਸੀ ਦੇ ਬਾਅਦ ਦੇ ਕੇਸਾਂ ਦਾ ਤੱਲੁਕ ਹੈ, ਉਹ ਜਦੋਂ ਮੇਰੇ ਨੋਟਿਸ ਵਿਚ ਆਏ, ਇਹ ਪਨਿਸ਼ਮੈਂਟ ਦੇਣੀ ਮੈਂ ਬੰਦ ਕਰ ਦਿਤੀ ਅਤੇ ਉਨ੍ਹਾਂ ਕੇਸਾਂ ਦੇ ਰਿਵਿਊ ਕਰਨ ਦੇ ਆਰਡਰ ਵੀ ਕਰ ਦਿੱਤੇ ਸੀ,। ਨਾਲ ਦੀ ਨਾਲ ਇਹ ਵੀ ਕਹਿ ਦਿੱਤਾ ਕਿ ਫੈਮਿਲੀ ਪਲਾਨਿੰਗ ਜੋ ਕਿ ਕੌਮੀ ਪ੍ਰੋਗਰਾਮ ਹੈ, ਇਸ ਨੂੰ ਕਾਮਯਾਬ ਕਰਨ ਲਈ, ਕੋਈ ਟਾਰਗੇਟ, ਟੀਚੇ, ਨਿਸ਼ਾਨੇ, ਫਿਕਸ ਕਰਨ ਲਈ ਇਕ ਨਵੀਂ ਪਾਲਸੀ ਗੌਰਮਿੰਟ ਆਫ ਇੰਡੀਆ ਨਾਲ ਮਿਲ ਕੇ ਫਾਰਮੂਲੇਟ ਕੀਤੀ ਜਾਵੇ। ਇਹ ਚੀਜ਼ ਹੁਣ ਜ਼ੇਰੇ-ਗੌਰ ਹੈ ਅਤੇ ਤਿਆਰ ਹੋ ਰਹੀ ਹੈ । ਇਸ ਲਈ ਮੈਂ ਇਸ ਮੌਕੇ ਦਾ ਫਾਇਦਾ ਉਠਾਉਂਦੇ ਹੋਏ ਆਨਰੇਬਲ ਮੈਂਬਰਜ਼ ਦੀ ਖਿਦਮਤ ਵਿਚ ਇਹ ਗੁਜ਼ਾਰਿਸ਼ ਕਰਨਾ ਚਾਹੁੰਦਾ ਹਾਂ ਕਿ ਜਿੱਥੋਂ ਤੱਕ ਫੈਮਿਲੀ ਪਲਾਨਿੰਗ ਦਾ ਤੱਲੁਕ ਹੈ, ਇਹ ਕਿਸੇ ਪਾਰਟੀ ਦਾ, ਕਿਸੇ ਮਹਿਕਮੇ ਦਾ ਪ੍ਰੋਗਰਾਮ ਨਹੀਂ, ਬਲਕਿ ਇਹ ਕੌਮੀ ਪ੍ਰੋਗਰਾਮ ਹੈ । ਜਿਤਨੀ ਦੇਰ ਪਾਪੂਲੇਸ਼ਨ ਕੰਟਰੋਲ ਨਹੀਂ ਹੁੰਦੀ, ਉਤਨੀ ਦੇਰ ਮੁਲਕ ਦੇ ਮਸਾਇਲ ਵੱਧਦੇ ਜਾਣੇ ਹਨ । ਇਸ ਲਈ ਇਸ ਸਿਲਸਿਲੇ ਵਿਚ ਜੋ ਵੀ ਸੁਜੈਸ਼ਨਜ਼ ਮੇਰੇ ਆਨਰੇਬਲ ਮੈਂਬਰ ਦੇ ਸਕਣ, ਉਹ ਬੜੇ ਵੈਲਕਮ ਹਨ। ਅਸੀਂ ਉਨ੍ਹਾਂ ਦੀਆਂ ਸੁਜੈਸਨਜ਼ ਤੋਂ ਜ਼ਰੂਰ ਫਾਇਦਾ ਉਠਾਉਣਾ ਚਾਹੁੰਦੇ ਹਾਂ। ਇਹ ਵੀ ਮੈਂ ਐਸ਼ੋਅਰ ਕਰਦਾ ਹਾਂ ਕਿ ਪ੍ਰੋਗਰਾਮ ਵਿਚ ਕਿਸੇ ਕਿਸਮ ਦੀ ਕੁਅਰਸ਼ਨ, ਕੰਪਲਸ਼ਨ ਜ਼ਬਰਦਸਤੀ ਨਹੀਂ ਹੋਵੇਗੀ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਜਿੰਨੀ ਦੇਰ ਆਬਾਦੀ ਨਹੀਂ ਘੱਟਦੀ ਮੁਲਕ ਦੇ ਮਸਲੇ ਹੱਲ ਨਹੀਂ ਹੁੰਦੇ । 30 ਸਾਲ ਅੱਗੇ ਇਹੀ ਗੱਲਾਂ ਹੁੰਦੀਆਂ ਰਹੀਆਂ ਹਨ। ਆਬਾਦੀ ਘੱਟੀ ਨਹੀਂ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਆਬਾਦੀ ਤਾਂ ਘੱਟੇਗੀ ਜੇ ਮੁਲਕ ਦੇ ਲੋਕਾਂ ਦਾ ਸਟੈਂਡਰਡ ਆਫ ਲਿਵਿੰਗ ਵਧੇਗਾ । ਔਰਤਾਂ ਪੜ੍ਹਨ ਲਿਖਣਗੀਆਂ, ਸਾਡੀ ਕਲਚਰਲ ਡਿਵੈਲਪਮੈਂਟ ਹੋਵੇਗੀ, ਔਰਤਾਂ ਨੂੰ ਕੰਮ ਵਿਚ ਬਰਾਬਰੀ ਮਿਲੇਗੀ। ਤੁਸੀਂ ਕਿਉਂ ਪੁੱਠੇ ਪਾਸੇ ਚਲਦੇ ਹੋ ? ਮੇਰਾ ਦੂਜਾ ਸਵਾਲ ਇਹ ਹੈ ਕਿ ਐਮਰਜੈਂਸੀ ਵਿਚ ਜਿਨ੍ਹਾਂ 500 ਕਰਮਚਾਰੀਆਂ ਦੇ ਖਿਲਾਫ ਐਕਸ਼ਨ ਲਿਆ ਗਿਆ, ਕਿਉਂਕਿ ਉਨ੍ਹਾਂ ਨੇ ਜ਼ਬਰਦਸਤੀ ਓਪਰੇਸ਼ਨ ਕਰਨ ਦੇ ਕੋਟੇ ਪੂਰੇ ਨਹੀਂ ਕੀਤੇ ਸਨ, ਕੀ ਉਨ੍ਹਾਂ ਦੇ ਕੇਸਾਂ ਨੂੰ ਰਿਵਿਊ ਕਰਨਗੇ ? ਨੰਬਰ ਦੋ, ਐਮਰਜੈਂਸੀ ਤੋਂ ਬਾਅਦ ਸਰਕਾਰ ਨੂੰ ਕੀ ਇਹ ਪਤਾ ਨਹੀਂ ਕਿ ਮਹਿਕਮੇ ਵਿਚ ਉਹੀ ਨੀਤੀ ਤੁਰੀ ਆਉਂਦੀ ਸੀ ਜਿੰਨਾ ਚਿਰ ਮੈਂ ਇਨ੍ਹਾਂ ਦੇ ਨੋਟਿਸ ਵਿਚ ਨਹੀਂ ਲਿਆਂਦੀ ? ਇਹ ਕਹਿੰਦੇ ਹਨ ਕਿ ਅਸੀਂ ਉਨ੍ਹਾਂ ਦੇ ਪਨਿਸ਼ਮੈਂਟ ਦੇ ਕੇਸ ਰਿਵਿਊ ਕਰਾਂਗੇ। ਇਹ ਉਨ੍ਹਾਂ ਦੀ ਪਨਿਸ਼ਮੈਂਟ ਨੂੰ ਕੈਂਸਲ ਕਿਉਂ ਨਹੀਂ ਕਰ ਦਿੰਦੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਇਹ ਪਨਿਸ਼ਮੈਂਟ ਜਿਹੜੀ ਦਿੱਤੀ ਗਈ ਹੈ, ਇਹ ਪਨਿਸ਼ਮੈਂਟ ਐਂਡ ਅਪੀਲ ਰੂਲਜ਼ ਦੇ ਮੁਤਾਬਿਕ ਦਿੱਤੀ ਗਈ ਹੈ । ਇਹ ਕੁਆਸੀ-ਜੁਡੀਸ਼ੀਅਲ ਫੰਕਸ਼ਨ ਹੈ । ਜਿਹੜਾ ਇਨ੍ਹਾਂ ਨੇ ਰਿਵਿਊ ਕਰਨਾ ਹੈ, ਇਹ ਵੀ ਕੁਆਸੀ-ਜੁਡੀਸ਼ੀਅਲ ਫੰਕਸ਼ਨ ਹੈ । ਕਿਸੇ ਜ਼ਾਬਤੇ ਦੇ ਅੰਦਰ ਹੀ ਇਹ ਕੰਮ ਹੋ ਸਕਦਾ ਹੈ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਇਸ ਫੈਮਿਲੀ ਪਲਾਨਿੰਗ ਦੇ ਪ੍ਰੋਗਰਾਮ ਨੂੰ ਸਿਰੇ ਚੜ੍ਹਾਉਣ ਲਈ ਕੀ ਕੋਈ ਕਾਨੂੰਨੀ ਐਕਟ ਸਹਾਈ ਨਹੀਂ ਹੋ ਸਕਦਾ ? ਜੋ ਸਰਕਾਰੀ ਹਦਾਇਤਾਂ ਸਨ ਉਸਦੇ ਮੁਤਾਬਿਕ ਇਹ ਸਾਰਾ ਕੰਮ ਨਾਜਾਇਜ਼ ਹੋਇਆ ਸੀ ਔਰ ਉਸ ਦੇ ਬਾਵਜੂਦ ਵੀ ਬਹੁਤ ਸਾਰੇ ਲੋਕ ਇੰਪੋਟੈਂਟ ਹੋ ਗਏ । ਗਲਤ ਆਪਰੇਸ਼ਨ ਹੋਏ। ਕੀ ਇਸ ਸਾਰੇ ਮਾਮਲੇ ਦੀ ਘੋਖ ਮਨਿਸਟਰ ਸਾਹਿਬ ਕਰਾਉਣਗੇ ? ਇਥੇ ਮਹਿੰਦਰ ਸਿੰਘ ਗਿੱਲ ਨੇ ਓਪਰੇਸ਼ਨ ਕਰਾਇਆ ਅਤੇ ਉਸਦੀ ਫੋਟੋ ਨੂੰ ਸਾਰੇ ਹਿੰਦੁਸਤਾਨ ਵਿਚ ਦਿਖਾਇਆ ਗਿਆ। ਇਹ ਠੀਕ ਹੈ ਕਿ ਪਾਪੂਲੇਸ਼ਨ ਵੱਧ ਰਹੀ ਹੈ, ਕੀ ਵਜ਼ੀਰ ਸਾਹਿਬ ਕਾਨੂੰਨੀ ਸ਼ਕਲ ਦੇ ਕੇ ਇਸ ਮਾਮਲੇ ਨੂੰ ਸੁਲਝਾਉਣ ਦਾ ਯਤਨ ਕਰਨ ਗੇ ? ਜਿਤਨੇ ਪੁਰਾਣੇ ਮਨਿਸਟਰ ਅਤੇ ਕਾਂਗਰਸੀਆਂ ਨੇ ਜ਼ਿਆਦਤੀਆਂ ਲੋਕਾਂ ਨਾਲ ਕੀਤੀਆਂ ਹਨ, ਕੀ ਉਸ ਦੇ ਬਾਰੇ ਵਿਚ ਵੀ ਇਨਕੁਆਇਰੀ ਕਮਿਸ਼ਨ ਬਿਠਾਉਣਗੇ ਤਾਂ ਕਿ ਅੱਗੇ ਨੂੰ ਕੋਈ ਇਸ ਤਰ੍ਹਾਂ ਦਾ ਗਲਤ ਕੰਮ ਕਰਨ ਦਾ ਕੋਈ ਹੌਸਲਾ ਹੀ ਨਾ ਕਰ ਸਕੇ ?

**ਮੰਤਰੀ** : ਸਪੀਕਰ ਸਾਹਿਬ, ਜੋ ਵੀ ਸ਼ਕਾਇਤ ਆਏਗੀ, ਉਸ ਤੇ ਗੌਰ ਕਰ ਲਵਾਂਗੇ ।

**ਸਰਦਾਰ ਬੇਅੰਤ ਸਿੰਘ** : ਸਪੀਕਰ ਸਾਹਿਬ, ਕੀ ਮਨਿਸਟਰ ਸਾਹਿਬ ਇਹ ਦਸਣ ਦੀ ਖੇਚਲ ਕਰਨਗੇ ਕਿ ਇਨ੍ਹਾਂ ਨੇ ਇਹ ਗੱਲ ਮੰਨੀ ਹੈ ਕਿ ਫੈਮਿਲੀ ਪਲਾਨਿੰਗ ਦਾ ਪ੍ਰੋਗਰਾਮ ਬਹੁਤ ਚੰਗਾ ਸੀ ਅਤੇ ਇਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਇਸ ਸਬੰਧ ਵਿਚ ਅਸੀਂ ਪਾਲਿਸੀ ਬਣਾ ਰਹੇ ਹਾਂ ਅਤੇ ਉਹ ਜ਼ੇਰੇ-ਗੌਰ ਹੈ, ਫਿਰ ਉਸ ਤੇ ਅਮਲ ਕਰਾਂਗੇ। ਮੈਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਉਹ ਸਕੀਮ ਕਿਤਨਾ ਚਿਰ ਜ਼ੇਰੇ-ਗੌਰ ਰਹੇਗੀ ਔਰ ਉਹ ਇਹ ਵੀ ਦੱਸਣ ਕਿ ਕਿਤਨੇ ਬੱਚੇ ਇਨ੍ਹਾਂ ਦੇ ਟਾਈਮ ਵਿਚ ਪੈਦਾ ਹੋਏ ਹਨ ? ਦੂਸਰੀ ਗੱਲ ਇਹ ਹੈ ਕਿ ਜਿਹੜੀ ਮਿਸਕਨਸੈਪਸ਼ਨ ਹੈ ਜਾਂ ਮਿਸਅੰਡਰਸਟੈਂਡਿੰਗ ਦੇ ਅੰਦਰ ਇਨ੍ਹਾਂ ਨੇ ਬੰਦਿਆਂ ਨੂੰ ਜਜ਼ਾ ਦਿੱਤੀ ਹੈ, ਉਨ੍ਹਾਂ ਦਾ ਕਸੂਰ ਕੋਈ ਨਹੀਂ ਸੀ। ਉਹ ਚੰਗੀ ਸਕੀਮ ਤੇ ਚਲ ਰਹੇ ਸੀ, ਕੀ ਉਨ੍ਹਾਂ ਦੀ ਸਜ਼ਾ ਮਾਫ ਕਰਨਗੇ ? ਮੈਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਮਹਿਕਮੇ ਵਿਚ ਹੁਣ ਵੀ ਕੀ ਟਾਰਗੇਟਸ ਫਿਕਸ ਹੁੰਦੇ ਹਨ ਜਾਂ ਨਹੀਂ ?

**ਮੰਤਰੀ** : ਸਪੀਕਰ ਸਾਹਿਬ, ਮੇਰੇ ਮੁਅੱਜ਼ਿਜ਼ ਦੋਸਤ ਨੇ ਕਿਹਾ ਹੈ ਕਿ ਮੈਂ ਇਹ ਕਿਹਾ ਕਿ ਫੈਮਿਲੀ ਪਲਾਨਿੰਗ ਦਾ ਪ੍ਰੋਗਰਾਮ ਹਿੰਦੁਸਤਾਨ ਵਿਚ ਆਬਾਦੀ ਨੂੰ ਕੰਟਰੋਲ ਕਰਨ ਦੇ ਵਾਸਤੇ ਇਕ ਨਿਹਾਇਤ ਹੀ ਜ਼ਰੂਰੀ ਅਤੇ ਕੌਮੀ ਪ੍ਰੋਗਰਾਮ ਹੈ। ਇਸ ਤੋਂ ਮੇਰਾ ਮਕਸਦ ਇਹ ਨਹੀਂ ਸੀ ਕਿ ਜੋ ਐਮਰਜੈਂਸੀ ਦੇ ਦੌਰਾਨ ਹੋਇਆ, ਉਹ ਜਸਟੀਫਾਈਡ ਸੀ ਜਾਂ ਮੈਂ ਉਸਦੀ ਜਸਟੀਫਿਕੇਸ਼ਨ ਪੇਸ਼ ਕਰ ਰਿਹਾ ਸੀ । ਮੈਂ ਤਾਂ ਆਪ ਕਿਹਾ ਹੈ ਕਿ ਉਸ ਪ੍ਰੋਗਰਾਮ ਵਿਚ ਕੁਅੱਰਸ਼ਨ, ਕੰਪਲਸ਼ਨ ਦਾ ਐਲੀਮੈਂਟ ਸੀ । ਮਵੇਸ਼ੀਆਂ ਦੀ ਤਰ੍ਹਾਂ ਲੋਕਾਂ ਨੂੰ ਇਕੱਠੇ ਕਰਕੇ ਉਨ੍ਹਾਂ ਦੇ ਓਪਰੇਸ਼ਨ ਕੀਤੇ ਗਏ। ਮੈਂ ਤਾਂ ਇਹ ਕਹਿੰਦਾ ਹਾਂ ਕਿ ਲੋਕਾਂ ਨੂੰ ਐਜੂਕੇਟ ਕਰਨ ਨਾਲ, ਤਾਲੀਮ ਦੇਣ ਨਾਲ, ਮੋਟੀਵੇਸ਼ਨ ਨਾਲ ਇਸ ਪ੍ਰੋਗਰਾਮ ਨੂੰ ਅੱਗੇ ਲਿਜਾਣਾ ਚਾਹੀਦਾ ਹੈ। ਇਸ ਲਈ ਮੈਂ ਦਰਖਾਸਤ ਕੀਤੀ ਸੀ ਕਿ ਇਸ ਮਾਮਲੇ ਵਿਚ ਆਨਰੇਬਲ ਮੈਂਬਰ ਆਪਣਾ ਯੋਗਦਾਨ ਦੇਣ, ਆਪਣੀਆਂ ਚੰਗੀਆਂ ਚੰਗੀਆਂ ਤਜਵੀਜ਼ਾਂ ਦੇਣ ਤਾਂ ਕਿ ਇਸ ਕੌਮੀ ਪ੍ਰੋਗਰਾਮ ਨੂੰ ਅੱਗੇ ਲਿਜਾ ਸਕੀਏ ।

---

Original with;
Punjab Vidhan Sabha
Digitized by;
Panjab Digital Library

**Visit of a Press Party to the Site of Thein Dam**

***700. Comrade Dalip Singh Tapiala**
**Comrade Satya Pal Dang** } : Will the Minister for Development be pleased to state :—

(a) whether during the month of July, 1978, a press party was taken by the Public Relations Department for seeing the programme of the site of Thein Dam in the State ; if so, the number of the party as also the names of officers who led the party ;

(b) whether it is a fact that the press party returned to Chandigarh without actually going to the site ; if so, the reasons therefor ;

(c) the total expenditure incurred on the trip ;

(d) whether the Chandigarh Press Association submitted a memorandum to the Chief Minister in this connection in the 3rd week of July or so ; if so, the details thereof and the action, if any, taken thereon ?

**ਸਰਦਾਰ ਆਤਮਾ ਸਿੰਘ** : (ੳ) ਹਾਂ ਜੀ। ਇਸ ਪਾਰਟੀ ਵਿੱਚ 8 ਪੱਤਰਕਾਰ ਸ਼ਾਮਿਲ ਸਨ । ਪ੍ਰੈਸ ਪਾਰਟੀ ਦੀ ਅਗਵਾਈ ਸਰਦਾਰ ਆਰ. ਐਸ. ਗਿੱਲ, ਐਡੀਸ਼ਨਲ ਡਾਇਰੈਕਟਰ ਅਤੇ ਸਰਦਾਰ ਕਲਿਆਨ ਸਿੰਘ ਭਾਟੀਆ, ਡਿਪਟੀ ਡਾਇਰੈਕਟਰ (ਪ੍ਰੈਸ) ਨੇ ਕੀਤੀ ਸੀ।

(ਅ) ਹਾਂ ਜੀ। ਪੱਤਰਕਾਰਾਂ ਦਾ ਕਹਿਣਾ ਹੈ ਕਿ ਮਾਧੋਪੁਰ ਵਿਖੇ ਉਨ੍ਹਾਂ ਦੇ ਠਹਿਰਣ ਦਾ ਪ੍ਰਬੰਧ ਯੋਗ ਨਹੀਂ ਸੀ ।

(ੲ) 726 ਰੁਪਏ

(ਸ) ਹਾਂ ਜੀ। ਮਾਮਲਾ ਵਿਚਾਰ ਅਧੀਨ ਹੈ।

**ਕਾਮਰੇਡ ਸੱਤ ਪਾਲ ਡਾਂਗ** : ਮਨਿਸਟਰ ਸਾਹਿਬ ਨੇ ਮੰਨਿਆ ਹੈ ਕਿ ਜਿੱਥੇ ਜਰਨਲਿਸਟਾਂ ਨੂੰ ਠਹਿਰਾਇਆ ਗਿਆ, ਜੋ ਕਿ ਥੀਨ ਡੈਮ ਦੇਖਣ ਵਾਸਤੇ ਗਏ ਸਨ, ਉਥੇ ਪ੍ਰਬੰਧ ਠੀਕ ਨਹੀਂ ਸੀ ਅਤੇ ਉਹ ਵਾਪਸ ਆ ਗਏ । ਕੀ ਇਹ ਹਕੀਕਤ ਨਹੀਂ ਕਿ ਜਿਹੜੇ ਦੋਨੋਂ ਅਫਸਰ ਸਾਹਿਬਾਨ ਇਸ ਪਾਰਟੀ ਨੂੰ ਨਾਲ ਲੈ ਕੇ ਗਏ ਸਨ, ਉਹ ਆਪ ਉਥੇ ਨਹੀਂ ਠਹਿਰੇ । ਉਨ੍ਹਾਂ ਨੇ ਆਪਣੇ ਲਈ ਏਅਰ-ਕੰਡੀਸ਼ਨਡ ਰੇਸਟ ਹਾਊਸ ਬੁੱਕ ਕਰਵਾਇਆ ਹੋਇਆ ਸੀ। ਉਹ ਆਪਣੇ ਨਾਲ ਆਪਣੀਆਂ ਫੈਮਿਲੀਜ਼ ਨੂੰ ਵੀ ਲੈ ਕੇ ਗਏ ਸਨ। ਇਸ ਕਰਕੇ ਪ੍ਰੈਸ ਪਾਰਟੀ ਨੂੰ ਬਾਈਪਾਸ ਕੋਲ ਲੰਘਣ ਦੀ ਥਾਂ ਡੀਟੂਰ ਕਰਨਾ ਪਿਆ, ਕੀ ਮਨਿਸਟਰ ਸਾਹਿਬ ਨੂੰ ਇਸ ਗੱਲ ਦਾ ਇਲਮ ਹੈ ਅਤੇ ਕੀ ਇਸ ਬਾਰੇ ਵੀ ਇਨਕੁਆਇਰੀ ਕਰਾਉਣਗੇ ?

**ਮੰਤਰੀ** : ਇਸ ਸਬੰਧ ਵਿਚ ਤਾਂ ਸਵਾਲ ਨਹੀਂ ਪੁੱਛਿਆ ਗਿਆ ਸੀ। ਜੇ ਇਹ ਲਿੱਖ ਕੇ ਪੁੱਛਣਗੇ ਤਾਂ ਦੱਸ ਦੇਵਾਂਗੇ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮੇਰੇ ਅਤੇ ਟਪਿਆਲਾ ਸਾਹਿਬ ਦੇ ਸਵਾਲ ਦੇ ਆਖਰੀ ਪੋਰਸ਼ਨ ਵਿਚ ਇਹ ਪੁੱਛਿਆ ਗਿਆ ਹੈ ਕਿ ਜਿਹੜੀ ਚੰਡੀਗੜ੍ਹ ਦੀ ਪ੍ਰੈਸ ਐਸੋਸੀਏਸ਼ਨ ਨੇ ਮੈਮੋਰੈਂਡਮ ਦਿੱਤਾ ਹੈ, ਉਸਦੇ ਵਿਚ ਜਿਹੜੇ ਉਨ੍ਹਾਂ ਨੇ ਐਲੀਗੇਸ਼ਨਜ਼ ਲਗਾਏ ਹਨ, ਉਸ ਦੀਆਂ

Original with;
Punjab Vidhan Sabha
Digitized by;
Panjab Digital Library

ਡਿਟੇਲਜ਼ ਦੱਸੀਆਂ ਜਾਣ। ਉਨ੍ਹਾਂ ਨੇ ਡੀਟੇਲਜ਼ ਨਹੀਂ ਦੱਸੀਆ। ਕਿਉ ਨਹੀਂ ਦੱਸੀਆਂ ? ਕੀ ਮਨਿਸਟਰ ਸਾਹਿਬ ਨੂੰ ਇਹ ਵੀ ਪਤਾ ਹੈ ਕਿ ਇਹ ਦੋਵੇਂ ਅਫਸਰ ਉਹੀ ਹਨ ਜਿਹੜੇ ਕਿ ਐਮਰਜੇਂਸੀ ਦੇ ਦੌਰਾਨ ਸਰਕਾਰ ਨਾਲੋਂ ਵੀ ਅੱਗੇ ਟੱਪ ਕੇ ਇਕ ਇਕ ਲਫਜ਼ ਇਸ ਅਸੈਂਬਲੀ ਦੀਆਂ ਪ੍ਰੋਸੀਡਿੰਗਜ਼ ਦਾ ਸੈਨਸਰ ਕਰਕੇ ਬਾਹਰ ਦਿੰਦੇ ਸਨ ? ਕਿ ਹੁਣ ਵੀ ਚੌਧਰੀ ਉਹੀ ਹਨ ?

**ਮੰਤਰੀ :** ਸਪੀਕਰ ਸਾਹਿਬ, ਜਿਸ ਮੈਮੋਰੰਡਮ ਦਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਉਹ ਮੈਮੋਰੰਡਮ ਸਿੱਧਾ ਮੁੱਖ ਮੰਤਰੀ ਸਾਹਿਬ ਨੂੰ ਦੇ ਦਿੱਤਾ ਗਿਆ ਸੀ ਅਤੇ ਮੁੱਖ ਮੰਤਰੀ ਨੇ ਉਸ ਦੇ ਅੱਗੇ ਦੀ ਪੜਤਾਲ ਲਈ ਉਸ ਨੂੰ ਡੀ.ਸੀ. ਗੁਰਦਾਸਪੁਰ ਨੂੰ ਭੇਜਿਆ ਹੈ ਔਰ ਉਸ ਦੀ ਪੜਤਾਲ ਕੀਤੀ ਜਾ ਰਹੀ ਹੈ।

**ਸ੍ਰੀ ਸਪੀਕਰ :** ਵਜ਼ੀਰ ਸਾਹਿਬ, ਇਹ ਡੀਟੇਲ ਮੰਗਦੇ ਹਨ। ਜੇ ਤੁਹਾਡੇ ਕੋਲ ਹਨ ਤਾਂ ਦੇ ਦਿਓ। ਵੈਸੇ ਇਹ ਤਾਂ ਦੇਣੀਆਂ ਚਾਹੀਦੀਆਂ ਸਨ।

**ਮੰਤਰੀ :** ਨਹੀਂ ਜੀ, ਇਸੇ ਵੇਲੇ ਮੇਰੇ ਪਾਸ ਨਹੀਂ ਹਨ।

**ਸ੍ਰੀ ਸਪੀਕਰ .** ਤੁਸੀਂ ਇਹ ਡੀਟੇਲਜ਼ ਮੰਗਵਾ ਕੇ ਕੱਲ ਇਥੇ ਸਰਕੂਲੇਟ ਕਰ ਦੇਣਾ।

**ਮੰਤਰੀ :** ਠੀਕ ਹੈ ਜੀ। ਬਾਕੀ ਸਪੀਕਰ ਸਾਹਿਬ, ਮੈਂ ਤੁਹਾਡੀ ਵਸਾਤਤ ਨਾਲ ਮੈਂਬਰਜ਼ ਸਾਹਿਬਾਨ ਨੂੰ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਅਸੀਂ ਹਮੇਸ਼ਾਂ ਹੀ ਪ੍ਰੈਸ ਦਾ ਸਤਿਕਾਰ ਕਰਦੇ ਹਾਂ। ਇਹ ਹਾਦਸਾ ਹੋਣ ਤੋਂ ਬਾਅਦ ਅਸੀਂ ਹੋਰ ਵੀ ਹਦਾਇਤਾਂ ਵਿਭਾਗ ਨੂੰ ਕੀਤੀਆਂ ਹਨ ਕਿ ਪ੍ਰੈਸ ਨੂੰ ਪੂਰਾ ਮਾਣ ਦਿੱਤਾ ਜਾਵੇ। ਹੁਣ ਜਿਹੜੀ ਵੀ ਪ੍ਰੈਸ ਪਾਰਟੀ ਕਿਤੇ ਜਾਵੇਗੀ ਉਸ ਨੂੰ ਕੋਈ ਸ਼ਿਕਾਇਤ ਦਾ ਮੌਕਾ ਨਹੀਂ ਮਿਲੇਗਾ।

**ਚੌਧਰੀ ਬਲਰਾਮ ਜਾਖੜ :** ਕੀ ਮੰਤਰੀ ਸਾਹਿਬ ਇਹ ਵੀ ਕੱਲ ਨੂੰ ਦੱਸਣ ਦੀ ਖੇਚਲ ਕਰਨਗੇ ਕਿ ਇਨ੍ਹਾਂ ਨੇ ਜੋ ਲੰਚ ਜਾਂ ਡਿਨਰ ਉਸ ਪਾਰਟੀ ਨੂੰ ਉਥੇ ਸਰਵ ਕੀਤਾ, ਉਸ ਵਿਚ ਸ਼ਰਾਬ ਵੀ ਸਰਵ ਕੀਤੀ ਗਈ ਸੀ ? ਔਰ ਮੈਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਇਸ ਪਾਰਟੀ ਦੇ ਅਰੇਂਜਮੈਂਟ ਵਾਸਤੇ ਇਕ ਐਡਵਾਂਸ ਪਾਰਟੀ ਉਥੇ ਗਈ ਸੀ, ਕੀ ਇਹ ਉਸ ਨੇ ਉਥੇ ਇੰਤਜ਼ਾਮ ਕੀਤਾ ਜਿਸ ਨਾਲ ਕਿ ਇਹ ਗੜਬੜ ਹੋਈ ?

**ਮੰਤਰੀ :** ਸਪੀਕਰ ਸਾਹਿਬ, ਮੈਂ ਤਾਂ ਸ਼ਰਾਬ ਦੇ ਖਿਲਾਫ ਪਰਚਾਰ ਕਰਦਾ ਹਾਂ ਅਤੇ ਲੋਕਾਂ ਕੋਲੋਂ ਸ਼ਰਾਬ ਨਾ ਪੀਣ ਲਈ ਪਲੈਜ ਲੈਂਦਾ ਹਾਂ, ਫਿਰ ਜਿਹੜਾ ਵਿਭਾਗ ਮੇਰੇ ਅੰਡਰ ਹੈ ਉਹ ਸ਼ਰਾਬ ਕਿਵੇਂ ਸਰਵ ਕਰੇਗਾ।

**ਡਾਕਟਰ ਕੇਵਲ ਕ੍ਰਿਸ਼ਨ :** ਜਿਹੜੀ ਪ੍ਰੈਸ ਪਾਰਟੀ ਥੀਨ ਡੈਮ ਵੇਖਣ ਵਾਸਤੇ ਗਈ ਸੀ ਉਹ ਵੇਖ ਨਾ ਸਕੀ ਅਤੇ ਵਾਪਸ ਆ ਗਈ। ਕੀ ਇਸ ਤੋਂ ਬਾਅਦ ਕੋਈ ਹੋਰ ਵੀ ਪ੍ਰੈਸ ਪਾਰਟੀ ਉਥੇ ਡੈਮ ਵੇਖਣ ਵਾਸਤੇ ਗਈ ?

**ਮੰਤਰੀ :** ਚੀਫ ਇੰਜਨੀਅਰ ਨੇ ਮਾਧੋਪੁਰ ਵਿਖੇ ਉਨ੍ਹਾਂ ਨੂੰ ਥੀਨ ਡੈਮ ਦਾ ਨਕਸ਼ਾ .ਵਿਖਾ ਦਿੱਤਾ ਸੀ।

**ਸਰਦਾਰ ਕਿਰਪਾਲ ਸਿੰਘ :** ਮੈਂ ਇਹ ਪੁੱਛਣਾ ਹੈ ਕਿ ਪਹਿਲੇ ਤਾਂ ਸ਼ਰਾਬ ਦੇ ਦੌਰ ਬਹੁਤ ਚਲਾਏ ਜਾਂਦੇ ਸਨ, ਪਰ ਹੁਣ ਉਨ੍ਹਾਂ ਨੂੰ ਸ਼ਰਾਬ ਕਿਉਂ ਨਹੀਂ ਸਰਵ ਕੀਤੀ ਗਈ ? (ਹਾਸਾ)

(ਕੋਈ ਉੱਤਰ ਨਹੀਂ ਆਇਆ)

Original with;
Punjab Vidhan Sabha
Digitized by;
Panjab Digital Library

**Mr. Speaker**..Next question.

**ਸਰਦਾਰ ਉਮਰਾਓ ਸਿੰਘ** : ਸਪੀਕਰ ਸਾਹਿਬ, ਮੈਂ ਬੜੀ ਜ਼ਰੂਰੀ ਸਪਲੀਮੇਂਟਰੀ ਕਰਨੀ ਹੈ।

**Mr. Speaker**: I will allow you tomorrow.

---

**Enhancement of Rents of Shops constructed and rented out by the Municipal Committees in the State**

***500 1. Comrade Dana Ram**
**2. Comrade Satya Pal Dang** : Will the Minister for Finance be pleased to state:—

(a) whether it is a fact that during the emergency, the Government issued any directions to the Municipal Committees in-the State regarding enhancement of rents of shops constructed and rented out by them ; if so, the details thereof ;

(b) whether some modification in the said directions was made after the Emergency ; if so, the details thereof ;

(c) the directions, as they now exist ;

(d) whether in the month of April or May, 1978, the Government received any memorandum in this regard from the Punjab Kirayadar Union, Ludhiana ; if so, the details thereof and the decision taken thereon ?

**ਸਰਦਾਰ ਬਲਵੰਤ ਸਿੰਘ** : (ੳ) ਹਾਂ ਜੀ। ਸਰਕਾਰੀ ਹਦਾਇਤਾਂ ਮਿਤੀ 11 ਜੂਨ, 1976 ਅਨੁਸਾਰ ਨਗਰਪਾਲਕਾਵਾਂ ਨੂੰ ਜਾਰੀ ਕੀਤੀਆਂ ਗਈਆਂ ਸਨ ਕਿ ਦਰਜਾ I, II ਅਤੇ III ਨਗਰਪਾਲਕਾਵਾਂ ਵੱਲੋਂ ਬਣਾਈਆਂ ਗਈਆਂ ਦੁਕਾਨਾਂ ਵਿਚ ਕਿਰਾਏ ਵਿਚ ਵਾਧਾ ਹੇਠ ਲਿਖੇ ਅਨੁਸਾਰ ਕੀਤਾ ਜਾਵੇ :-

(1) ਨਗਰਪਾਲਕਾ ਦਰਜਾ I — ਹਰ ਤਿੰਨ ਸਾਲਾਂ ਮਗਰੋਂ 20%

(2) ਨਗਰਪਾਲਕਾ ਦਰਜਾ II — ਹਰ ਤਿੰਨ ਸਾਲਾਂ ਮਗਰੋਂ 15%,

(3) ਨਗਰਪਾਲਕਾ ਦਰਜਾ III — ਹਰ ਤਿੰਨ ਸਾਲਾਂ ਮਗਰੋਂ 10%

(ਅ) ਨਹੀਂ ਜੀ।

(ੲ) ਜਿਵੇਂ ਕਿ ਭਾਗ 'ੳ' ਵਿਚ ਦੱਸਿਆ ਗਿਆ ਹੈ।

(ਸ) ਹਾਂ ਜੀ। ਇਸ ਮੈਮੋਰੰਡਮ ਅਨੁਸਾਰ ਮੰਗ ਕੀਤੀ ਗਈ ਸੀ ਕਿ ਸੰਕਟਕਾਲ ਸਮੇਂ ਨਗਰ-ਪਾਲਕਾਵਾਂ ਦੀਆਂ ਦੁਕਾਨਾਂ ਦੇ ਕਿਰਇਆ ਵਿੱਚ ਵਾਧਾ ਕਰਨ ਸਬੰਧੀ ਜੋ ਹੁਕਮ ਜਾਰੀ ਕੀਤੇ ਗਏ ਸਨ, ਉਹ ਵਾਪਸ ਲਏ ਜਾਣ ਅਤੇ ਇਨ੍ਹਾਂ ਦੁਕਾਨਾਂ ਨੂੰ ਕਾਬਜ਼ ਕਿਰਾਏਦਾਰਾਂ ਨੂੰ ਜਾਇਜ਼ ਮੁੱਲ ਅਤੇ ਸ਼ਰਤਾਂ ਅਨੁਸਾਰ ਉਨ੍ਹਾਂ ਦੇ ਹੱਕ ਵਿਚ ਤਬਦੀਲ ਕਰਨ ਲਈ ਲੋੜੀਂਦੇ ਹੁਕਮ ਤੁਰੰਤ ਜਾਰੀ ਕੀਤੇ ਜਾਣ। ਇਹ ਮਾਮਲਾ ਹਾਲਾਂ ਸਰਕਾਰ ਦੇ ਵਿਚਾਰ ਅਧੀਨ ਹੈ।

Original with;
Punjab Vidhan Sabha
Digitized by;
Panjab Digital Library

ਇਸ ਦੇ ਨਾਲ ਇਹ ਵੀ ਫੈਸਲਾ ਕੀਤਾ ਹੈ ਕਿ ਇਸ ਵੇਲੇ ਜਿਹੜੇ ਟੇਨੇਂਟਸ ਉਥੇ ਬੈਠੇ ਹਨ ਉਨ੍ਹਾਂ ਨੂੰ ਉਹ ਦੁਕਾਨਾਂ ਹਾਇਰ-ਪਰਚੇਜ਼ ਬੇਸਿਜ਼ ਤੇ ਦੇ ਦਿੱਤੀਆਂ ਜਾਣ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਇਹ ਤਾਂ ਮਨਿਸਟਰ ਸਾਹਿਬ ਨੇ ਅੱਛੀ ਗੱਲ ਕਹੀ ਹੈ ਕਿ ਜਿਹੜੇ ਟੇਨੇਂਟਸ ਬੈਠੇ ਹਨ ਉਨ੍ਹਾਂ ਨੂੰ ਉਹ ਦੁਕਾਨਾਂ ਹਾਇਰ ਪਰਚੇਜ਼ ਬੇਸਿਜ਼ ਤੇ ਦਿੱਤੀਆਂ ਜਾਣਗੀਆਂ ਪਰ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਸਰਕੂਲਰ ਜਾਰੀ ਕਰਕੇ ਉਨ੍ਹਾਂ ਦੁਕਾਨਾਂ ਦੇ ਕਿਰਾਏ 10% ਜਾਂ 20% ਵਧਾਏ ਗਏ ਸਨ ਕੀ ਉਹ ਸਟੇ ਕਰ ਦੇਣਗੇ ?

**ਮੰਤਰੀ** : ਤਜਵੀਜ਼ ਅੱਛੀ ਹੈ, ਗੌਰ ਕਰ ਲਵਾਂਗੇ।

**ਕਾਮਰੇਡ ਸੰਪੂਰਣ ਸਿੰਘ ਧੌਲਾ** : ਕੀ ਵਜ਼ੀਰ ਸਾਹਿਬ ਨੂੰ ਇਸ ਗੱਲ ਦਾ ਪਤਾ ਹੈ ਕਿ ਐਮਰਜੇਂਸੀ ਦੇ ਦੌਰਾਨ ਮਟੌਰ ਸੈਸ਼ਨ ਵੇਲੇ ਪਿਛਲੀ ਕਾਂਗਰਸ ਸਰਕਾਰ ਨੇ ਕਈ ਸਬ-ਤਹਿਸੀਲਾਂ ਬਣਾਈਆਂ ਸਨ ਅਤੇ ਉਸ ਦੇ ਵਾਸਤੇ ਚੰਦਾ ਇਕੱਠਾ ਕੀਤਾ ? ਇਸੇ ਤਰ੍ਹਾਂ ਹੀ ਜਿਹੜੀ ਜਗ੍ਹਾ ਮਿਉਂਸਪਲ ਕਮੇਟੀ ਦੀ ਪਈ ਸੀ ਉਹ ਵੀ ਲੋਕਾਂ ਨੂੰ ਵੇਚਕੇ ਉਸ ਵਾਸਤੇ, ਮਟੌਰ ਸੈਸ਼ਨ ਲਈ ਚੰਦਾ ਇਕੱਠਾ ਕੀਤਾ ਗਿਆ ਸੀ ਜਿਵੇਂ ਤਪਾ ਮਿਉਂਸਪੈਲਟੀ ਦੀ ਜਗ੍ਹਾ ਨਜਾਇਜ਼ ਵੇਚੀ ਗਈ। ਹਾਲਾਂਕਿ ਉਹ ਦੁਕਾਨਾਂ ਮਿਉਂਸਪਲ ਕਮੇਟੀ ਨੇ ਬਣਾ ਕੇ ਨਹੀਂ ਦਿੱਤੀਆਂ, ਬਲਕਿ ਜਗ੍ਹਾਂ ਵੇਚ ਦਿੱਤੀ ਗਈ ਸੀ ਔਰ ਉਹ ਦੁਕਾਨਾਂ ਲੋਕਾਂ ਨੇ ਆਪ ਹੀ ਬਣਾਈਆਂ ਸਨ। ਇਸ ਲਈ ਕੀ ਉਹ ਦੁਕਾਨਾਂ ਦੇ ਜਿਹੜੇ ਆਰਡਰ ਵੇਚਣ ਦੇ ਕੀਤੇ ਸਨ ਉਹ ਕੈਂਸਲ ਕਰਕੇ ਉਹ ਜਗ੍ਹਾਂ ਮਿਉਂਸਪੈਲਟੀਆਂ ਨੂੰ ਦੇਣਗੇ ?

**ਮੰਤਰੀ** : ਮੈਨੂੰ ਖੁਸ਼ੀ ਹੈ ਜੇ ਕੋਈ ਵੀ ਕੇਸ ਮਟੌਰ ਸੈਸ਼ਨ ਵੇਲੇ ਦਾ, ਐਮਰਜੰਸੀ ਦੇ ਵੇਲੇ ਦਾ, ਜਿਸ ਵਿਚ ਜ਼ਿਆਦਤੀ ਹੋਈ ਹੋਵੇ, ਮੇਰੇ ਨੋਟਿਸ ਵਿਚ ਲੈ ਆਉਣ, ਅਸੀਂ ਉਸ ਤੇ ਗੌਰ ਕਰਾਂਗੇ।

**ਸ੍ਰੀ ਹਰਬੰਸ ਲਾਲ ਖੰਨਾ** : ਮੈਂ ਵਿੱਤ ਮੰਤਰੀ ਸਾਹਿਬ ਨੂੰ ਦੱਸਣਾ ਚਾਹੁਦਾ ਹਾਂ ਕਿ ਪਿੱਛੇ ਜਿਹੜਾ ਅੰਮ੍ਰਿਤਸਰ ਕਾਰਪੋਰੇਸ਼ਨ ਐਡਵਾਈਜ਼ਰੀ ਕਮੇਟੀ ਨੇ ਇਹ ਯੂਨਾਨੀਮਸ ਫੈਸਲਾ ਕੀਤਾ ਸੀ ਕਿ ਜਿਹੜੇ ਦੁਕਾਨਦਾਰ ਟੇਨੇਂਟਸ ਕਿਰਾਏ ਤੇ ਬੈਠੇ ਹਨ, ਉਨ੍ਹਾਂ ਨੂੰ ਉਹ ਦੁਕਾਨਾਂ ਹਾਇਰ ਪਰਚੇਜ਼ ਬਸਿਜ਼ ਤੇ ਦੇ ਦਿੱਤੀਆਂ ਜਾਣ ਪਰ ਇਸ ਫੈਸਲੇ ਨੂੰ ਲਗ ਭਗ 2 ਮਹੀਨੇ ਹੋ ਗਏ ਹਨ, ਹੁਣ ਤਕ ਜਿਸ ਦੀ ਪਰਵਾਨਗੀ ਨਹੀਂ ਦਿੱਤੀ ਗਈ । ਕੀ ਵਜ਼ੀਰ ਸਾਹਿਬ ਇਹ ਭਰੋਸਾ ਦਿਵਾਉਣਗੇ ਕਿ ਉਹ ਜਿਹੜਾ ਐਡਵਾਇਜ਼ਰੀ ਕਮੇਟੀ ਨੇ ਯੂਨਾਨੀਮਸ ਫੈਸਲਾ ਕੀਤਾ ਹੈ ਉਸ ਨੂੰ ਪਰਵਾਨਗੀ ਦੇ ਦੇਣਗੇ ?

**ਮੰਤਰੀ** : ਇਹ ਪਰਵਾਨਗੀ ਦੇ ਦੇਵਾਂਗੇ।

**ਸਰਦਾਰ ਬਲਦੇਵ ਸਿੰਘ ਖਿਆਲਾ** : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਐਮਰਜੈਂਸੀ ਦੇ ਦੌਰਾਨ ਕਈ ਮਿਉਂਸਪਲ ਕਮੇਟੀਆਂ ਨੇ ਦੁਕਾਨਾਂ ਦੇ ਕਿਰਾਏ ਵੱਧਾ ਦਿੱਤੇ ਸਨ। ਕੀ ਹੁਣ ਇਹ ਉਹ ਵਧਾਇਆ ਹੋਇਆ ਕਰਾਇਆ ਉਨ੍ਹਾਂ ਨੂੰ ਵਾਪਸ ਲੈ ਕੇ ਦੇਣਗੇ ?

**ਮੰਤਰੀ** : ਕਰਾਇਆ ਵਾਪਸ ਕਰਨਾ ਤਾਂ ਹੁਣ ਔਖਾ ਹੈ ਕਿਉਂਕਿ ਉਹ ਕਮੇਟੀਆਂ ਖਰਚ ਕਰ ਚੁੱਕੀਆਂ ਹਨ। ਪਰ ਅੱਗੇ ਵਾਸਤੇ ਅਸੀਂ ਇਹ ਫੈਸਲਾ ਕੀਤਾ ਹੈ ਕਿ ਜਿਹੜੇ ਟੇਨੇਂਟਸ ਬੈਠੇ ਹਨ ਉਨ੍ਹਾਂ ਨੂੰ ਉਹ ਦੁਕਾਨਾਂ ਰੀਜ਼ਨੇਬਲ ਰੇਟ ਤੇ ਹਾਇਰ ਪਰਚੇਜ਼ ਬੇਸ਼ਿਜ਼ ਤੇ ਦੇ ਦਿੱਤੀਆਂ ਜਾਣ।

**ਸਰਦਾਰ ਗੁਰਦੇਵ ਸਿੰਘ ਬਾਦਲ** : ਸਪੀਕਰ ਸਾਹਿਬ, ਸਾਡੇ ਫਰੀਦਕੋਟ ਵਿਚ ਪੁਰਾਣੀ ਦਾਣਾ ਮੰਡੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਦੇਵ ਸਿੰਘ ਬਾਦਲ]

ਹੈ। ਉਥੇ ਦੁਕਾਨਾਂ 5, 5 ਰੁਪਏ ਤੇ ਕਿਰਾਏ ਤੇ ਬਹੁਤ ਪਹਿਲੇ ਦੀਆਂ ਚੜ੍ਹੀਆਂ ਹੋਈਆਂ ਹਨ, ਜਿਨ੍ਹਾਂ ਦਾ ਕਿ ਹੁਣ ਕਰਾਇਆ 2500, 2500 ਰੁਪਿਆ ਹੈ। ਇਸ ਲਈ ਕੀ ਮਨਿਸਟਰ ਸਾਹਿਬ ਉਹ ਦੁਕਾਨਾਂ ਖਾਲੀ ਕਰਵਾ ਕੇ ਉਨ੍ਹਾਂ ਦਾ ਕਰਾਇਆ ਵਧਾਉਣ ਦੀ ਕੋਸ਼ਿਸ਼ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਇਹ ਤਾਂ ਮਿਊਂਸਪਲ ਕਮੇਟੀ ਨਾਲ ਤੁਅੱਲਕ ਨਹੀਂ ਰੱਖਦਾ।

**ਚੌਧਰੀ ਕਾਂਸ਼ੀ ਰਾਮ** : ਸਪੀਕਰ ਸਾਹਿਬ, ਇਨ੍ਹਾਂ ਨੇ ਦੱਸਿਆ ਹੈ ਕਿ ਇਹ 10% ਅਤੇ 20% ਇਨਹਾਂਸਮੈਂਟ ਇਨ ਰੈਂਟ ਕਰਨਗੇ ਅਤੇ ਉਹ ਦੁਕਾਨਾਂ ਉਨ੍ਹਾਂ ਨੂੰ ਹਾਇਰ ਪਰਚੇਜ਼ ਬੇਸਿਜ ਤੇ ਦੇ ਦਿੱਤੀਆਂ ਜਾਣਗੀਆਂ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਤਾਂ ਕਮੇਟੀਆਂ ਦੀਆਂ ਦੁਕਾਨਾਂ ਹਨ ਪਰ ਜਿਹੜੇ ਪ੍ਰਾਈਵੇਟ ਬੈਠੇ ਹਨ ਕੀ ਉਨ੍ਹਾਂ ਟੇਨੈਂਟਸ ਲਈ ਵੀ ਇਹ ਰੈਂਟ ਕੰਟਰੋਲ ਐਕਟ ਵਿਚ ਇਹ ਤਰਮੀਮ ਕਰਨਗੇ ਜਿਸ ਨਾਲ ਕਿ ਉਨ੍ਹਾਂ ਦੁਕਾਨਾਂ ਤੇ ਜਿਹੜੇ ਟੇਨੈਂਟਸ ਬੈਠੇ ਹਨ ਉਨ੍ਹਾਂ ਨੂੰ ਵੀ ਉਹ ਦੁਕਾਨਾਂ ਹਾਇਰ ਪਰਚੇਜ਼ ਤੇ ਦੇ ਦਿੱਤੀਆਂ ਜਾਣ ? ਉਨ੍ਹਾਂ ਦੁਕਾਨਾਂ ਦੇ ਮਾਲਕ ਵੱਡੇ ਵੱਡੇ ਲੈਂਡ ਲਾਰਡ ਹਨ, ਜੇ ਇਹ ਨਹੀਂ ਹੋਵੇਗਾ ਤਾਂ ਪ੍ਰਾਈਵੇਟ ਟੇਨੇਂਟਸ ਨਾਲ ਡਿਸਕ੍ਰਿਮੀਨੇਸ਼ਨ ਹੋਵੇਗੀ ।

**ਮੰਤਰੀ** : ਇਹ ਡਿਸਕ੍ਰਿਮੀਨੇਸ਼ਨ ਕਾਂਗਰਸ ਸਰਕਾਰ ਨੇ ਕੀਤੀ ਸੀ ਅਸੀਂ ਤਾਂ ਇਹ ਖਤਮ ਕਰ ਰਹੇ ਹਾਂ ।

---

## ਮੈਟਰਿਕ ਅਤੇ ਮਿਡਲ ਪੱਧਰ ਪ੍ਰੀਖਿਆ

*725. **ਪ੍ਰਿੰਸੀਪਲ ਓਮ ਪ੍ਰਕਾਸ਼ ਬੱਗਾ** : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

(ੳ) ਮਿਤੀਆਂ ਜਿਨ੍ਹਾਂ ਨੂੰ ਮੈਟ੍ਰਿਕ ਅਤੇ ਮਿਡਲ ਪੱਧਰ ਪ੍ਰੀਖਿਆਵਾਂ ਰਾਜ ਭਰ ਵਿਚ ਚਾਲੂ ਸਾਲ ਵਿਚ ਆਰੰਭ ਹੋਈਆਂ ਅਤੇ ਉਹ ਮਿਤੀਆਂ ਜਿਨ੍ਹਾਂ ਨੂੰ ਉਨ੍ਹਾਂ ਦੇ ਨਤੀਜੇ ਕੱਢੇ ਗਏ ;

(ਅ) ਕੀ ਕਥਿੱਤ ਪ੍ਰੀਖਿਆਵਾਂ ਦਾ ਨਤੀਜਾ ਲੇਟ ਕੱਢਿਆ ਗਿਆ ; ਜੇ ਕਰ ਅਜਿਹਾ ਹੋਇਆ ਤਾਂ ਕਿੰਨਾਂ ਸਮਾਂ ਲੇਟ ਅਤੇ ਕਿਹੜੇ ਕਾਰਨਾਂ ਕਾਰਨ ?

**ਸਰਦਾਰ ਸੁਖਜਿੰਦਰ ਸਿੰਘ ਖੇਰਾ** : ਸਪੀਕਰ ਸਾਹਿਬ, ਇਹ ਸਵਾਲ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਤੁਅਲੱਕ ਰਖਦਾ ਹੈ। ਅਸੂਲੀ ਤੌਰ ਤੇ ਤਾਂ ਇਹੋ ਜਿਹੇ ਸਵਾਲ ਪੁੱਛੇ ਨਹੀਂ ਜਾ ਸਕਦੇ। ਪਰ ਮੇਰੇ ਕੋਲ ਇਸ ਦਾ ਜਵਾਬ ਹੈ:...

**ਸ਼੍ਰੀ ਸਪੀਕਰ** : ਐਸੀ ਕੋਈ ਗਲ ਨਹੀਂ, ਹਾਊਸ ਸੁਪਰੀਮ ਹੈ।

**ਮੰਤਰੀ** : ਸਪੀਕਰ ਸਾਹਿਬ,. ਇਸ ਤਰ੍ਹਾਂ ਤਾਂ ਸਾਨੂੰ ਸਾਰੀਆਂ ਯੂਨੀਵਰਸਿਟੀਆਂ ਅਤੇ ਸਾਰੇ ਬੋਰਡਾਂ ਦੇ ਮੁਤੱਲਕ ਵੀ ਜਵਾਬ ਦੇਣਾ ਪਵੇਗਾ।

**ਸ਼੍ਰੀ ਸਪੀਕਰ** : ਐਸੀ ਕੋਈ ਗੱਲ ਨਹੀਂ। ਇਹ ਤਾਂ ਮੈਰਿਟ ਤੇ ਵੇਖਿਆ ਜਾਂਦਾ ਹੈ। ਇਹ ਇੰਡੀਵੀਜੁਅਲ ਕੇਸ ਹੈ।

**ਮੰਤਰੀ** : ਸਪੀਕਰ ਸਾਹਿਬ, ਜੇ ਤੁਸੀਂ ਇਜ਼ਾਜ਼ਤ ਦਿਓ ਤਾਂ ਮੈਂ ਜਵਾਬ ਦੇਣ ਤੋਂ ਪਹਿਲਾਂ ਇਸ ਦੀ ਇਕ ਕਲਾਜ਼ ਪੜ੍ਹ ਦਿੰਦਾ ਹਾਂ।

Original with;
Punjab Vidhan Sabha
Digitized by;
Panjab Digital Library

**Mr. Speaker :** I am aware of that.

**Sardar Umrao Singh :** The question has been admitted and the Government has to send the reply.

(At this stage the Education Minister rose to give reply to the question)

**Mr. Speaker :** Sardar Umrao Singh, please take your seat. The Minister is giving reply to the question.

**ਵਿਦਿਆ ਮੰਤਰੀ** : (ੳ) ਮਿਡਲ ਪੱਧਰ ਪ੍ਰੀਖਿਆ ਮਿਤੀ 15 ਫਰਵਰੀ, 1978 ਨੂੰ ਅਰੰਭ ਹੋਈ ਸੀ ਔਰ ਨਤੀਜਾ 22 ਮਈ, 1978 ਨੂੰ ਕੱਢਿਆ ਗਿਆ ਸੀ। ਮੈਟ੍ਰਿਕ ਦੀ ਪ੍ਰੀਖਿਆ 1 ਮਾਰਚ, 1978 ਨੂੰ ਅਰੰਭ ਹੋਈ ਸੀ ਔਰ ਨਤੀਜਾ ਪ੍ਰਾਈਵੇਟ ਵਿਦਿਆਰਥੀਆਂ ਦਾ 3 ਜੁਲਾਈ 1978 ਨੂੰ ਅਤੇ ਸਕਲ ਵਿਦਿਆਰਥੀਆਂ ਦਾ ਨਤੀਜਾ 5 ਜੁਲਾਈ 1978 ਨੂੰ ਕੱਢਿਆ ਗਿਆ ਸੀ।

(ਅ) ਹਾਂ ਜੀ। ਮਿਡਲ ਪੱਧਰ ਪ੍ਰੀਖਿਆ ਦਾ ਨਤੀਜਾ ਪਿਛਲੇ ਸਾਲ ਨਾਲੋਂ 17 ਦਿਨ ਲੇਟ ਕੱਢਿਆ ਗਿਆ ਸੀ। ਮੈਟ੍ਰਿਕ ਦੀ ਪ੍ਰੀਖਿਆ ਦਾ ਸਕੂਲ ਵਿਦਿਆਰਥੀਆਂ ਦਾ ਨਤੀਜਾ ਪਿਛਲੇ ਸਾਲ ਨਾਲੋਂ ਕੇਵਲ ਇਕ ਦਿਨ ਲੇਟ ਕੱਢਿਆ ਗਿਆ ਅਤੇ ਪ੍ਰਾਈਵੇਟ ਵਿਦਿਆਰਥੀਆਂ ਦਾ 22 ਦਿਨ ਲੇਟ ਕੱਢਿਆ ਗਿਆ ਸੀ।

**ਕਾਰਣ** : ਮਿਡਲ ਪੱਧਰ ਦੀ ਪ੍ਰੀਖਿਆ ਵਿਚ ਉਮੀਦਵਾਰਾਂ ਦੀ ਗਿਣਤੀ ਪਿਛਲੇ ਸਾਲ ਨਾਲੋਂ ਲੱਗ ਭੱਗ 47,000 ਵੱਧ ਸੀ ਅਤੇ ਮੈਟ੍ਰਿਕ ਪ੍ਰੀਖਿਆ ਵਿਚ ਉਮੀਦਵਾਰਾਂ ਦੀ ਗਿਣਤੀ ਪਿਛਲੇ ਸਾਲ ਨਾਲੋਂ 50,000 ਵੱਧ ਸੀ।

ਸਕੂਲਾਂ ਦੇ ਮੁੱਖੀਆਂ ਵੱਲੋਂ ਪ੍ਰੀਖਿਆਵਾਂ ਸਬੰਧੀ ਹਰ ਕੰਮ ਦਾ ਅਖੀਰਲੇ ਮੌਕੇ ਤੇ ਬਾਈਕਾਟ ਕੀਤਾ ਗਿਆ ਸੀ। ਇਸ ਸਮੇਂ ਵਿਚ ਬੋਰਡ ਦੇ ਦਫਤਰ ਚੰਡੀਗੜ੍ਹ ਤੋਂ ਮੁਹਾਲੀ ਲਿਆਂਦੇ ਗਏ ਜਿਸ ਨਾਲ ਨਵੇਂ ਥਾਂ ਪੂਰੀ ਤਰ੍ਹਾਂ ਕੰਮ ਕਾਜ ਚਲਾਉਣ ਵਿਚ ਕੁੱਝ ਜ਼ਿਆਦਾ ਸਮਾਂ ਲੱਗ ਗਿਆ। ਲੇਕਿਨ ਇਸ ਗੱਲ ਦੇ ਬਾਵਜੂਦ ਕਿਸੇ ਬੱਚੇ ਨੂੰ ਅਗਲੇ ਸਾਲ ਕਾਲਜ/ਸਕੂਲ ਵਿਚ ਦਾਖਲਾ ਲੈਣ ਦੀ ਕੋਈ ਤਕਲੀਫ ਨਹੀਂ ਹੋਈ।

**ਪ੍ਰਿੰਸੀਪਲ ਓਮ ਪ੍ਰਕਾਸ਼ ਬੱਗਾ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਆਪ ਦੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਸਕੂਲ ਸਿਖਿਆ ਬੋਰਡ ਦੇ ਬਹੁਤ ਸਾਰੇ ਬੱਚਿਆਂ ਦਾ ਰਿਜ਼ਲਟ ਲੇਟਰ ਆਨ ਹੈ। ਉਨ੍ਹਾਂ ਬੱਚਿਆਂ ਦੀ ਤਾਦਾਦ ਹਜ਼ਾਰਾਂ ਤੋਂ ਘੱਟ ਨਹੀਂ ਹੈ। ਮੈਂ ਪੁਛਣਾ ਚਾਹੁੰਦਾ ਹਾਂ ਕਿ ਕਿੰਨੇ ਵਿਦਿਆਰਥੀ ਐਸੇ ਹਨ ਜਿਨ੍ਹਾਂ ਦਾ ਰਿਜ਼ਲਟ ਗਲਤ ਹੈ, ਸਰਟੀਫੀਕੇਟ ਗਲਤ ਹਨ ਉਮਰ ਗਲਤ ਹੈ, ਨੰਬਰ ਗਲਤ ਹਨ, ਟੋਟਲ ਨੰਬਰ ਗਲਤ ਹਨ ਅਤੇ ਰੋਲ ਨੰਬਰ ਗਲਤ ਹਨ ? ਸਪੀਕਰ ਸਾਹਿਬ, ਮੈਂ ਪੰਜਾਬ ਸਕੂਲ ਸਿਖਿਆ ਬੋਰਡ ਦੀ ਧਾਂਧਲੀ ਦੇ ਬਾਰੇ ਪੁੱਛਣਾ ਚਾਹੁੰਦਾ ਹਾਂ ਕਿ ਕੀ ਮਨਿਸਟਰ ਸਾਹਿਬ ਇਸ ਦੀ ਇਨਕੁਆਇਰੀ ਕਰਵਾਉਣ ਲਈ ਤਿਆਰ ਹਨ ਤਾਕਿ ਜਿਹੜਾ ਅਫਸਰ ਜ਼ਿੰਮੇਵਾਰ ਹੈ ਉਸ ਦੇ ਖਿਲਾਫ ਕਾਰਵਾਈ ਹੋ ਸਕੇ।

**ਮੰਤਰੀ** : ਸਪੀਕਰ ਸਾਹਿਬ, ਬੱਚਿਆਂ ਦੀ ਗਿਣਤੀ ਪਿਛਲੇ ਸਾਲਾਂ ਨਾਲੋਂ ਬਹੁਤ ਵੱਧ ਗਈ ਹੈ, ਜਿਹੜੀ ਡਿਟੇਲ ਇਨ੍ਹਾਂ ਨੇ ਆਪਣੇ ਸਪਲੀਮੈਂਟਰੀ ਦੇ ਵਿਚ ਮੰਗੀ ਹੈ ਉਸ ਦੇ ਲਈ ਵੱਖਰਾ ਨੋਟਿਸ ਚਾਹੀਦਾ ਹੈ। ਬਾਕੀ ਜਿੰਨੀ ਮੈਨੂੰ ਇਨਫਰਮੇਸ਼ਨ ਹੈ ਉਹ ਮੈਂ ਦੱਸ ਦਿੰਦਾ ਹਾਂ ਕਿ 4 ਲੱਖ ਦੇ

Original with;
Punjab Vidhan Sabha
Digitized by;
Panjab Digital Library

[ਵਿਦਿਆ ਮੰਤਰੀ]

ਕਰੀਬ ਵਿਦਿਆਰਥੀਆਂ ਨੇ ਫਾਰਮ ਭਰੇ ਸਨ ਔਰ ਇਮਤਿਹਾਨ ਦਿਤੇ ਸਨ । ਇਨ੍ਹਾਂ 4 ਲਖ ਵਿਦਿਆਰਥੀਆਂ ਦੀ 7-8 ਥਾਂ ਤੇ ਐਨਟਰੀਜ਼ ਹੁੰਦੀਆਂ ਹਨ । ਮੇਰੇ ਖਿਆਲ ਦੇ ਵਿਚ 300 ਬੱਚਿਆਂ ਦੇ ਰਿਜ਼ਲਟ ਗਲਤ ਹੋਏ ਹਨ ਔਰ ਮੈਂ ਸਮਝਦਾ ਹਾਂ ਕਿ 4 ਲੱਖ ਬੱਚਿਆਂ ਦੇ ਵਿਚੋਂ 300 ਦੀ ਗਿਣਤੀ ਕੋਈ ਜ਼ਿਆਦਾ ਨਹੀਂ ਹੈ । ਤੁਸੀਂ ਦੇਖ ਲਵੋ ਕਿ ਕਿੰਨੇ ਪ੍ਰਤੀਸ਼ਤ ਬਣਦੀ ਹੈ । ਇਤਨੀਆਂ ਗਲਤੀਆਂ ਯੂਨੀਵਰਸਿਟੀਆਂ/ਬੋਰਡਾਂ ਦੇ ਵਿਚ ਆਮ ਹੋ ਜਾਂਦੀਆਂ ਹਨ । ਫਿਰ ਵੀ 7-8 ਜਗ੍ਹਾਂ ਤੇ ਐਂਟਰੀਜ਼ ਹੁੰਦੀਆਂ ਹਨ ਜੇਕਰ ਕਿਸੇ ਦੀ ਉਪਰ ਜਾਂ ਥੱਲੇ ਐਂਟਰੀ ਗਲਤ ਹੋ ਜਾਵੇ ਤਾਂ ਗਲਤੀ ਹੋ ਹੀ ਜਾਂਦੀ ਹੈ । ਇਸ ਦੇ ਵਿਚ ਇਤਨਾ ਰੌਲਾ ਪਾਉਣ ਵਾਲੀ ਕੋਈ ਗੱਲ ਨਹੀਂ ਹੈ । ਸਪੀਕਰ ਸਾਹਿਬ, ਜੇਕਰ ਕਿਸੇ ਦਾ ਰਿਜ਼ਲਟ ਗਲਤ ਹੁੰਦਾ ਹੈ ਤਾਂ ਉਹ ਠੀਕ ਕਰਵਾ ਸਕਦਾ ਹੈ ਐਸੀ ਕੋਈ ਗੱਲ ਨਹੀਂ ਹੈ । ਇਸ ਗੱਲ ਦੇ ਵਿਚ ਨਾ ਕੋਈ ਮਿਸਮੈਨੇਜਮੈਂਟ ਦੀ ਗੱਲ ਹੈ ਅਤੇ ਨਾ ਹੀ ਕੋਈ ਕੁਰੱਪਸ਼ਨ ਦੀ ਗੱਲ ਹੈ ।

**ਪ੍ਰਿੰਸੀਪਲ ਓਮ ਪ੍ਰਕਾਸ਼ ਬੱਗਾ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ 300 ਦੇ ਕਰੀਬ ਵਿਦਿਆਰਥੀਆਂ ਦਾ ਰਿਜ਼ਲਟ ਗਲਤ ਹੋਇਆ ਹੈ । ਮੈਂ ਇਨ੍ਹਾਂ ਦੀ ਸਟੇਟਮੈਂਟ ਨੂੰ ਚੈਲੰਜ ਕਰਦਾ ਹਾਂ । ਮੈਂ ਆਪ ਦੇ ਕੋਲੋਂ ਪ੍ਰੋਟੈਕਸ਼ਨ ਚਾਹੁੰਦਾ ਹਾਂ । ਸਪੀਕਰ ਸਾਹਿਬ, ਮੇਰੇ ਪਾਸ ਇਕ ਸਕੂਲ ਦਾ ਰਿਜ਼ਲਟ ਹੈ, ਇਕ ਸਰਟੀਫੀਕੇਟ ਦੇ ਉਤੇ ਕਿਸੇ ਦੇ ਦਸਖਤ ਹੀ ਨਹੀਂ ਕੀਤੇ ਹੋਏ, ਕਿਸੇ ਸਰਟੀਫੀਕੇਟ ਦਾ ਨੰਬਰਾਂ ਦਾ ਟੋਟਲ ਗਲਤ ਹੈ ਅਤੇ ਕਿਸੇ ਵਿਚ ਉਮਰ ਗਲਤ ਲਿਖੀ ਹੋਈ ਹੈ । ਜਨਾਬ ਇਹ ਪਬਲਿਕ ਇੰਟ੍ਰੈਸਟ ਦੀ ਗੱਲ ਹੈ । ਬੱਚੇ ਆਈ. ਟੀ. ਆਈ ਦੇ ਵਿਚ ਦਾਖਲਾ ਨਹੀਂ ਲੈ ਸਕੇ । ਕੀ, ਉਨ੍ਹਾਂ ਬੱਚਿਆਂ ਦਾ ਕੋਈ ਨੁਕਸਾਨ ਨਹੀਂ ਹੋਇਆ ? ਕੀ ਇਸ ਦੀ ਇਨਕੁਆਇਰੀ ਕਰਵਾਉਣ ਲਈ ਤਿਆਰ ਹਨ ?

**ਸ੍ਰੀ ਸਪੀਕਰ** : ਬੱਗਾ ਸਾਹਿਬ, ਤੁਸੀਂ ਕਾਗਜ਼ ਮੇਰੇ ਕੋਲ ਭੇਜ ਦੇਣਾ, ਮੈਂ ਐਗਜ਼ਾਮਿਨ ਕਰ ਲਵਾਂਗਾ । ਤੁਸੀਂ ਜਿਹੜਾ ਪ੍ਰੋਸੀਜ਼ਰ ਹੈ ਉਸ ਨੂੰ ਫਾਲੋ ਅੱਪ ਕਰੋ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਗਿਣਤੀ ਵਿਦਿਆਰਥੀਆਂ ਦੀ ਬਹੁਤ ਵੱਧ ਗਈ ਹੈ ਜਿਸ ਕਰਕੇ ਰਿਜ਼ਲਟ ਲੇਟ ਕੱਢਿਆ ਗਿਆ ਹੈ । ਔਰ ਜਿਹੜਾ ਰਿਜ਼ਲਟ ਕੱਢਿਆ ਗਿਆ ਹੈ ਉਸ ਦੇ ਵਿਚ ਲੇਟਰ ਓਨ ਕਿਨੇ ਹੀ ਹਨ । ਬਹੁਤ ਸਾਰੇ ਬੱਚਿਆਂ ਦਾ ਕੋਈ ਕਸੂਰ ਵੀ ਨਹੀਂ ਹੁੰਦਾ ਪਰ ਉਨ੍ਹਾਂ ਦਾ ਰਿਜ਼ਲਟ ਨਹੀਂ ਦੱਸਿਆ ਜਾਂਦਾ ਜਿਸ ਦੇ ਨਾਲ ਉਹ ਅਗਲੀ ਕਲਾਸ ਦੇ ਵਿਚ ਐਡਮਿਸ਼ਨ ਨਹੀਂ ਲੈ ਸਕਦੇ । ਕੀ ਮਨਿਸਟਰ ਸਾਹਿਬ, ਇਸ ਪਾਸੇ ਧਿਆਨ ਦੇਣਗੇ ਤਾਂਕਿ ਬੱਚਿਆਂ ਦਾ ਕੈਰੀਅਰ ਖਰਾਬ ਨਾ ਹੋਵੇ ।

**ਮੰਤਰੀ** : ਸਪੀਕਰ ਸਾਹਿਬ, ਡਾਂਗ ਸਾਹਿਬ ਦਾ ਕਹਿਣਾ ਠੀਕ ਹੈ ਪਰ ਮੈਂ ਮਹਿਸੂਸ ਕਰਦਾ ਹਾਂ ਕਿ ਰਿਜ਼ਲਟ ਲੇਟਰ ਓਨ ਦੇ ਕੇਸਿਜ਼ ਵਿਚ ਕਈ ਵਾਰ ਕਿਸੇ ਸਕੂਲ ਸੰਸਥਾ ਨੇ ਸ਼ਰਤਾਂ ਪੂਰੀਆਂ ਨਹੀਂ ਕੀਤੀਆਂ ਹੁੰਦੀਆਂ, ਕਿਸੇ ਨੇ ਦਾਖਲਾ ਫੀਸ ਪੂਰੀ ਨਹੀਂ ਦਿੱਤੀ ਹੁੰਦੀ ਜਾਂ ਕਿਸੇ ਦੀ ਪਿਛਲੀ ਰਜਿਸਟਰੇਸ਼ਨ ਨਹੀਂ ਦਿਤੀ ਹੁੰਦੀ ਔਰ ਬਹੁਤ ਸਾਰੇ ਕੇਸਿਜ਼ ਯ. ਐਮ. ਸੀ. ਦੇ ਵੀ ਹੁੰਦੇ ਹਨ । ਜਿਹੜੇ ਬੱਚੇ ਨਕਲ ਮਾਰਦੇ ਫੜੇ ਜਾਂਦੇ ਹਨ ਜਾਂ ਕਿਸੇ ਤੇ ਸ਼ੱਕ ਹੁੰਦਾ ਹੈ ਜਾਂ ਕਿਸੇ ਸਕੂਲ ਦੇ ਵਿਚ ਜ਼ਿਆਦਾ ਨਕਲ ਕਰਵਾਈ ਜਾਂਦੀ ਹੈ ਉਨ੍ਹਾਂ ਬੱਚਿਆਂ ਦੇ ਰਿਜ਼ਲਟ ਲੇਟਰ ਓਨ ਹੁੰਦੇ ਹਨ । ਇਸ ਦੇ ਵਿਚ ਕੋਈ ਪਬਲਿਕ ਇੰਟ੍ਰੈਸਟ ਇਨਵਾਲਵ ਨਹੀਂ ਹੈ । ਅਸੀਂ ਕਿਸੇ ਬੱਚੇ ਨੂੰ ਨਜਾਇਜ਼ ਪਾਸ ਨਹੀਂ ਕਰਨਾ ਚਾਹੁੰਦੇ ।

Original with;
Punjab Vidhan Sabha
Digitized by;
Panjab Digital Library

**ਚੌਧਰੀ ਬਲਰਾਮ ਜਾਖੜ** : ਸਪੀਕਰ ਸਾਹਿਬ, ਮੈਨੂੰ ਇਕ ਗੱਲ ਦਾ ਇਥੇ ਇਤਰਾਜ਼ ਹੈ ਕਿ ਮਨਿਸਟਰ ਸਾਹਿਬ ਨੇ ਬੱਗਾ ਸਾਹਿਬ ਦੀ ਗੱਲ ਨੂੰ ਰੌਲਾ ਦੱਸਿਆ ਹੈ (ਵਿਘਨ)

**ਸ੍ਰੀ ਸਪੀਕਰ** : ਚੌਧਰੀ ਸਾਹਿਬ, ਐਸੀ ਕੋਈ ਗੱਲ ਨਹੀਂ ਹੈ, ਤੁਸੀਂ ਗਲਤ ਸੁਣਿਆ ਹੋਣਾ ਹੈ ।

**ਚੌਧਰੀ ਬਲਰਾਮ ਜਾਖੜ** : ਸਪੀਕਰ ਸਾਹਿਬ, ਰਿਜ਼ਲਟ ਲੇਟ ਨਿਕਲਣ ਦੇ ਨਾਲ ਬਹੁਤ ਸਾਰੇ ਬੱਚੇ ਦਾਖਲਾ ਨਹੀਂ ਲੈ ਸਕੇ ਅਤੇ ਉਨ੍ਹਾਂ ਦਾ ਨੁਕਸਾਨ ਹੋਇਆ ਹੈ । ਕੀ ਮਨਿਸਟਰ ਸਾਹਿਬ, ਉਨ੍ਹਾਂ ਬੱਚਿਆਂ ਨੂੰ ਦਾਖਲਾ ਦਿਵਾਉਣ ਲਈ ਤਿਆਰ ਹਨ ਤਾਂਕਿ ਉਨ੍ਹਾਂ ਬੱਚਿਆਂ ਨੂੰ ਐਡਮਿਸ਼ਨ ਮਿਲ ਸਕੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਆਪਣੇ ਪਹਿਲੇ ਜਵਾਬ ਦੇ ਵਿਚ ਕਹਿ ਚੁਕਾ ਹਾਂ ਕਿ ਰਿਜ਼ਲਟ 17 ਦਿਨ ਲੇਟ ਨਿਕਲਿਆ ਸੀ । ਉਨ੍ਹਾਂ ਦਿਨਾਂ ਵਿਚ ਸਕੂਲਾਂ ਅਤੇ ਕਾਲਜਾਂ ਵਿਚ ਛੁੱਟੀਆਂ ਸਨ । ਅਸੀਂ ਸਾਰੇ ਪੜ੍ਹੇ ਲਿਖੇ ਹਾਂ ਔਰ ਪਤਾ ਹੈ ਕਿ ਸਕੂਲਾਂ ਅਤੇ ਕਾਲਜਾਂ ਦੇ ਵਿਚ ਦਾਖਲਾ ਕਦੋਂ ਹੁੰਦਾ ਹੈ । ਜੇਕਰ ਫਿਰ ਵੀ ਕਿਸੇ ਬੱਚੇ ਨੂੰ ਦਾਖਲਾ ਰਿਜ਼ਲਟ ਲੇਟ ਆਉਣ ਕਰਕੇ ਨਹੀਂ ਮਿਲਿਆ ਤਾਂ ਮੈਂਬਰ ਸਾਹਿਬ ਮੇਰੇ ਨੋਟਿਸ ਵਿਚ ਲਿਆ ਦੇਣ, ਮੈਂ ਕਰਵਾ ਦੇਵਾਂਗਾ ।

---

## Constitution of Matwali Committees of Wakf Board

***575. Haji Anwar Ahmed Khan**: Will the Minister for Finance be pleased to state whether the Central Government has asked the State Government to constitute Matwali Committees of Wakf Board, Punjab Branch ; if so, the steps taken in this direction ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ (ਮੁੱਖ ਮੰਤਰੀ)** : ਨਹੀਂ ਜੀ ।

**ਹਾਜੀ ਅਨਵਰ ਅਹਿਮਦ ਖਾਨ** : ਸਪੀਕਰ ਸਾਹਿਬ, ਮੈਂ ਚੀਫ ਮਨਿਸਟਰ ਸਾਹਿਬ ਤੋਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਆਇਆ ਪੰਜਾਬ ਦੇ ਵਿਚ ਮੁਖਤਲਿਫ ਜਗ੍ਹਾ ਤੇ ਮੱਤਵਾਲੀ ਕਮੇਟੀਆਂ ਬਣ ਰਹੀਆਂ ਹਨ ? ਕੀ ਪੰਜਾਬ ਸਰਕਾਰ ਦੇ ਨੋਟਿਸ ਵਿਚ ਹੈ ? ਕੀ ਇਹ ਮੱਤਵਾਲੀ ਸਿਸਟਮ ਗਲਤ ਹੈ ਜਾਂ ਸਹੀ ਹੈ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਸ ਗੱਲ ਦੇ ਨਾਲ ਪੰਜਾਬ ਸਰਕਾਰ ਦਾ ਕੋਈ ਤੁਅੱਲਕ ਨਹੀਂ ਹੈ, ਇਹ ਤਾਂ ਸੈਂਟਰ ਗੌਰਮਿੰਟ ਅਤੇ ਵਅਕਫ਼ ਬੋਰਡ ਦਾ ਸਿੱਧਾ ਸਬੰਧ ਹੈ । ਬਾਕੀ ਹਾਜੀ ਅਨਵਰ ਅਹਿਮਦ ਖਾਨ ਵਅਕਫ ਬੋਰਡ ਦੇ ਚੇਅਰਮੈਨ ਬਣ ਗਏ ਹਨ । ਇਹ ਮੱਤਵਾਲੀ ਕਮੇਟੀਆਂ ਬਣੀਆਂ ਹਨ ਜਾਂ ਨਹੀਂ ਇਸ ਦਾ ਇਨ੍ਹਾਂ ਨੂੰ ਜ਼ਿਆਦਾ ਪਤਾ ਹੋਣਾ ਹੈ ।

---

## STARRED QUESTIONS AND ANSWERS

### ਕਿਰਤੀ ਕਾਲਜ ਨਿਆਲ, ਜ਼ਿਲ੍ਹਾ ਪਟਿਆਲਾ ਨੂੰ ਸਰਕਾਰੀ ਅਧਿਕਾਰ ਹੇਠ ਲੈਣਾਂ

*509. **ਕਾਮਰੇਡ ਬਲਦੇਵ ਸਿੰਘ ਲੁੰਬਾ** : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕਿਰਤੀ ਕਾਲਜ, ਨਿਆਲ (ਪਾਤੜਾਂ), ਜ਼ਿਲਾ ਪਟਿਆਲਾ ਸਰਕਾਰ ਦੁਆਰਾ ਕਿਹੜੀ ਤਾਰੀਖ ਨੂੰ ਆਪਣੇ ਅਧਿਕਾਰ ਹੇਠ ਲਿਆ ਗਿਆ ਸੀ ;

Original with;
Punjab Vidhan Sabha
Digitized by;
Panjab Digital Library

[ਕਾਮਰੇਡ ਬਲਦੇਵ ਸਿੰਘ ਲੂੰਬਾ]

(ਅ) ਕੀ ਉਕਤ ਕਾਲਜ ਵਿਚ ਕੰਮ ਕਰ ਰਹੇ ਅਮਲੇ ਦੀਆਂ ਸੇਵਾਵਾਂ ਨਿਯਮਤ ਕੀਤੀਆਂ ਗਈਆਂ ਹਨ; ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਣ ਹਨ ?

**ਸਰਦਾਰ ਸੁਖਜਿੰਦਰ ਸਿੰਘ ਖੈਰਾ** : (ੳ) 1 ਅਕਤੂਬਰ, 1974 ਨੂੰ ।

(ਅ) ਦਰਜਾ ਚਾਰ ਅਮਲੇ ਦੀਆਂ ਸੇਵਾਵਾਂ ਨਿਯਮਤ ਕਰ ਦਿੱਤੀਆਂ ਗਈਆਂ ਹਨ । ਕਲੈਰੀਕਲ ਅਮਲੇ ਦੀਆਂ ਸੇਵਾਵਾਂ ਨਿਯਮਤ ਕਰਨ ਲਈ ਮਾਮਲਾ ਵਿਭਾਗ ਦੇ ਵਿਚਾਰ ਅਧੀਨ ਹੈ। ਤਿੰਨ ਲੈਕਚਰਾਰਾਂ ਦੀਆਂ ਸੇਵਾਵਾਂ ਪੰਜਾਬ ਲੋਕ ਸੇਵਾ ਕਮਿਸ਼ਨ ਦੀ ਪ੍ਰਵਾਨਗੀ ਲੈਣ ਉਪਰੰਤ ਨਿਯਮਤ ਕਰ ਦਿੱਤੀਆਂ ਗਈਆਂ ਹਨ । ਬਾਕੀ 8 ਲੈਕਚਰਾਰਾਂ ਦੀਆਂ ਸੇਵਾਵਾਂ ਨਿਯਮਤ ਕਰਨ ਲਈ ਲੋਕ ਸੇਵਾ ਕਮਿਸ਼ਨ ਨਾਲ ਲਿਖਾ ਪੜ੍ਹੀ ਚੱਲ ਰਹੀ ਹੈ ।

**ਕਾਮਰੇਡ ਬਲਦੇਵ ਸਿੰਘ ਲੂੰਬਾ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਕਲੈਰੀਕਲ ਸਟਾਫ ਨੂੰ ਰੈਗੂਲੈਰਾਈਜ਼ ਕਰਨ ਬਾਰੇ ਕੇਸ ਵਿਚਾਰ ਅਧੀਨ ਹੈ । 11 ਲੈਕਚਰਾਰਾਂ ਵਿੱਚੋਂ ਤਿੰਨ ਲੈਕਚਰਾਰਾਂ ਦੀਆਂ ਸੇਵਾਵਾਂ ਰੈਗੂਲੇਰਾਈਜ਼ ਕਰ ਦਿੱਤੀਆਂ ਗਈਆਂ ਹਨ ਅਤੇ 8 ਲੈਕਚਰਾਰਾਂ ਦੀਆਂ ਸੇਵਾਵਾਂ ਬਾਰੇ ਅਜੇ ਲਿਖਾ ਪੜ੍ਹੀ ਚੱਲ ਰਹੀ ਹੈ । ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੀਆਂ ਸੇਵਾਵਾਂ ਕਦੋਂ ਤੱਕ ਰੈਗੂਲੇਰਾਈਜ਼ ਹੋ ਜਾਣਗੀਆਂ ?

**ਮੰਤਰੀ** : ਸਪੀਕਰ ਸਾਹਿਬ, ਮੈਂ ਮਹਿਸੂਸ ਕਰਦਾ ਹਾਂ ਕਿ ਮਹਿਕਮੇ ਦੀ ਕੁਝ ਢਿੱਲ ਹੋਈ ਹੈ। ਜਿਹੜਾ ਵੀ ਕਸੂਰਵਾਰ ਹੋਵੇਗਾ, ਉਸ ਦੇ ਖਿਲਾਫ ਐਕਸ਼ਨ ਲਵਾਂਗੇ ਲੇਕਿਨ ਮੈਂ ਦੱਸਣਾ ਚਾਹੁੰਦਾ ਹਾਂ ਕਿ ਵੱਡੀਆਂ ਆਸਾਮੀਆਂ ਲਈ ਲੋਕ ਸੇਵਾ ਕਮਿਸ਼ਨ ਦੀ ਪ੍ਰਵਾਨਗੀ ਲੈਣੀ ਪੈਂਦੀ ਹੈ ਅਤੇ ਛੋਟੀਆਂ ਆਸਾਮੀਆਂ ਲਈ ਐਸ. ਐਸ. ਐਸ. ਬੋਰਡ ਦੀ ਪ੍ਰਵਾਨਗੀ ਲੈਣੀ ਪੈਂਦੀ ਹੈ । ਸਪੀਕਰ ਸਾਹਿਬ, ਉਨ੍ਹਾਂ ਦੀਆਂ ਤਿੰਨ ਸਾਲਾਂ ਦੀਆਂ ਕੰਨਫੀਡੈਂਸ਼ਲ ਰਿਪੋਰਟਾਂ ਅਵੇਲੇਬਲ ਨਹੀਂ ਸਨ, ਜਿਸ ਲਈ ਲਿਖਾ ਪੜ੍ਹੀ ਹੋ ਰਹੀ ਹੈ ।

**ਕਾਮਰੇਡ ਬਲਦੇਵ ਸਿੰਘ ਲੂੰਬਾ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਹੁਣ ਮਹਿਸੂਸ ਕਰਦੇ ਹਨ, ਇਹ ਬੜੀ ਚੰਗੀ ਗੱਲ ਹੈ ਅਤੇ ਇਨ੍ਹਾਂ ਨੇ ਕਿਹਾ ਹੈ ਕਿ ਉਹ ਕਸੂਰਵਾਰ ਨੂੰ ਸਜ਼ਾ ਵੀ ਦੇਣਗੇ ਪਰ ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਹੁਣ ਕੋਈ ਸਮਾਂ ਨਿਯਤ ਕਰਨਗੇ ਕਿ ਇਤਨੇ ਸਮੇਂ ਤੱਕ ਬਾਕੀਆਂ ਨੂੰ ਵੀ ਰੈਗੂਲੇਰਾਈਜ਼ ਕਰ ਦਿੱਤਾ ਜਾਵੇਗਾ ?

**ਮੰਤਰੀ** : ਸਪੀਕਰ ਸਾਹਿਬ, ਰੈਗੂਲੇਰਾਈਜ਼ ਕਰਨ ਵਾਸਤੇ ਹੋਰ ਵੀ ਏਜੰਸੀਆਂ ਨਾਲ ਲਿਖਾ ਪੜ੍ਹੀ ਕਰਨੀ ਪੈਂਦੀ ਹੈ । ਇਸ ਲਈ, ਸਪੀਕਰ ਸਾਹਿਬ, ਮੈਂ ਡੈਫੀਨੇਟ ਡੇਟ ਨਹੀਂ ਦੱਸ ਸਕਦਾ ਲੇਕਿਨ ਮੈਂ ਯਤਨ ਕਰਾਂਗਾ ਕਿ ਛੇਤੀ ਕੀਤਾ ਜਾਵੇ ।

**ਸਰਦਾਰ ਬੇਅੰਤ ਸਿੰਘ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਹਾਊਸ ਨੂੰ ਕਈ ਵਾਰ ਐਸ਼ੋਰੈਂਸ ਦਿੱਤੀ ਹੈ ਕਿ ਪ੍ਰਾਈਵੇਟ ਕਾਲਜ ਜੋ ਹਨ ਅਤੇ ਜਿਨ੍ਹਾਂ ਦੀ ਮੰਦੀ ਹਾਲਤ ਹੈ, ਉਨ੍ਹਾਂ ਨੂੰ ਸਹੂਲਤਾਂ ਦੇਵਾਂਗੇ । ਇਸ ਲਈ ਸਪੀਕਰ ਸਾਹਿਬ, ਜਿਤਨੇ ਵੀ ਪ੍ਰਾਈਵੇਟ ਕਾਲਜ ਹਨ ਅਤੇ ਜਿਨ੍ਹਾਂ ਦੀ ਮੰਦੀ ਹਾਲਤ ਹੈ, ਕੀ ਸਰਕਾਰ ਉਨ੍ਹਾਂ ਨੂੰ ਟੇਕ-ਅਪ ਕਰੇਗੀ ? ਹੁਣ ਤੱਕ ਕਾਲਜ ਉਵੇਂ ਹੀ ਪਏ ਹਨ । ਜੇਕਰ ਸਰਕਾਰ ਟੇਕ-ਓਵਰ ਨਹੀਂ ਕਰ ਸਕਦੀ ਤਾਂ ਕੀ ਉਨ੍ਹਾਂ ਨੂੰ 95 ਪ੍ਰਤੀਸ਼ਤ ਗ੍ਰਾਂਟ ਦੇਵੇਗੀ ?

Original with;
Punjab Vidhan Sabha
Digitized by;
Panjab Digital Library

ਦੂਜੀ ਗੱਲ ਇਹ ਹੈ ਕਿ ਜੇਕਰ ਸਰਕਾਰ ਸਾਰੇ ਪ੍ਰਾਈਵੇਟ ਕਾਲਜਾਂ ਨੂੰ ਟੇਕ-ਓਵਰ ਨਹੀਂ ਕਰ ਸਕਦੀ ਤਾਂ ਕੀ ਪ੍ਰੋਫੈਸਰਾਂ ਨੂੰ ਗਰੇਡਜ਼ ਜਾਂ ਹੋਰ ਸਹੂਲਤਾਂ ਵਗੈਰਾ ਗੌਰਮਿੰਟ ਕਾਲਜਾਂ ਦੇ ਪ੍ਰੋਫੈਸਰਾਂ ਦੇ ਬਰਾਬਰ ਦੇਣ ਬਾਰੇ ਸਰਕਾਰ ਧਿਆਨ ਦੇਵੇਗੀ ?

**ਮੰਤਰੀ** : ਸਪੀਕਰ ਸਾਹਿਬ, ਇਸ ਸਵਾਲ ਦਾ ਜਵਾਬ ਹਾਊਸ ਵਿਚ ਦਿੱਤਾ ਜਾ ਚੁਕਾ ਹੈ। ਕੈਬਨਿਟ ਦਾ ਜੋ ਡਿਸੀਜ਼ਨ ਹੋਇਆ ਹੈ, ਉਹ ਹਾਊਸ ਨੂੰ ਕਨਵੇ ਹੋ ਗਿਆ ਹੈ ਕਿ 1 ਸਤੰਬਰ, 1978 ਤੋਂ ਸਾਰੇ ਪ੍ਰਾਈਵੇਟ ਕਾਲਜਾਂ ਨੂੰ 95 ਪ੍ਰਤੀਸ਼ਤ ਗਰਾਂਟ ਸਰਕਾਰ ਦੇਵੇਗੀ । (ਤਾੜੀਆਂ)

**Mr. Speaker** : Next question Sardar Dalbir Singh.

---

## STARRED QUESTION No. 523

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਸਵਾਲ ਨੰ: 523 ਦਾ ਜਵਾਬ ਨਹੀਂ ਆਇਆ ।

**ਸ੍ਰੀ ਸਪੀਕਰ** : ਡਾਂਗ ਸਾਹਿਬ, ਸਵਾਲ ਨੰ: 523 ਲਈ ਐਕਸਟੈਨਸ਼ਨ ਮੰਗੀ ਗਈ ਹੈ ।

ਜਸਵਿੰਦਰ ਸਿੰਘ ਬਰਾੜ,

ਡੀ. ਓ. ਨੰ: ਨ782-ਸੀ 8-78/ਐਸ. ਪੀ. ਐਲ. 1
ਸਹਿਕਾਰਤਾ ਮੰਤਰੀ, ਪੰਜਾਬ,
ਚੰਡੀਗੜ੍ਹ ।

ਮਿਤੀ 11 ਸਤੰਬਰ, 1978

ਵਿਸ਼ਾ : ਤਾਰਾ ਅੰਕਤ ਵਿਧਾਨ ਸਭਾ ਸਵਾਲ ਨੰ: 523 ਵਲੋਂ ਕਾਮਰੇਡ ਸਰਵਨ ਸਿੰਘ, ਐਮ. ਐਲ. ਏ. ਅਤੇ ਕਾਮਰੇਡ ਸਤਪਾਲ ਡਾਂਗ, ਐਮ. ਐਲ. ਏ. ।

ਪਿਆਰੇ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸੁਆਲ ਨੰ: 523 ਜੋ ਮਿਤੀ 12 ਸਤੰਬਰ, 1978 ਲਈ ਸੁਆਲਾਂ ਦੀ ਸੂਚੀ ਵਿਚ ਸਰਵਸ੍ਰੀ ਕਾਮਰੇਡ ਸਰਵਨ ਸਿੰਘ ਅਤੇ ਕਾਮਰੇਡ ਸੱਤ ਪਾਲ ਡਾਂਗ ਦੇ ਨਾਂ ਹੇਠ (ਵਲੋਂ) ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ । ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ । ਅਤੇ ਇਸ ਕੰਮ ਵਿਚ ਕੁਝ ਹੋਰ ਸਮਾਂ ਲੱਗੇਗਾ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਵਾਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕੀਤਾ ਜਾਵੇ ਅਤੇ ਇਹ ਸੁਆਲ ਕੁਝ ਦਿਨਾਂ ਬਾਅਦ ਮਿਤੀ 12 ਸਤੰਬਰ, 1978 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਹਿਤ,

ਸਹੀ.. .. .. .. .. ,

ਸਰਦਾਰ ਰਵੀ ਇੰਦਰ ਸਿੰਘ,
ਸਪੀਕਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤ ਪਾਲ ਡਾਂਗ** : ਕੀ ਇਸ ਸਵਾਲ ਦਾ ਜਵਾਬ ਇਸ ਸੈਸ਼ਨ ਦੇ ਵਿਚ ਆ ਜਾਵੇਗਾ ?

**ਸ੍ਰੀ ਸਪੀਕਰ**: ਮੈਂ ਸੀ. ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜਿਤਨੇ ਸਵਾਲਾਂ ਲਈ ਐਕਸਟੈਨਸ਼ਨ ਮੰਗੀ ਗਈ ਹੈ ਉਨ੍ਹਾਂ ਸਵਾਲਾਂ ਦੇ ਜਵਾਬ ਇਸੇ ਸੈਸ਼ਨ ਦੇ ਵਿਚ ਆ ਜਾਣੇ ਚਾਹੀਦੇ ਹਨ ।

------

**ਰਾਜ ਵਿਚ ਅਨੁਸੂਚਿਤ ਜਾਤੀਆਂ/ਪਛੜੀਆਂ ਸ਼੍ਰੇਣੀਆਂ ਨੂੰ ਸਰਪਲਸ ਜ਼ਮੀਨ ਵੰਡਣ ਬਾਰੇ**

*742. **ਸਰਦਾਰ ਦਲਬੀਰ ਸਿੰਘ** : ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਦੇ ਵਿਚਾਰ ਅਧੀਨ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਨੂੰ ਸਰਪਲੱਸ ਜ਼ਮੀਨ ਵੰਡਣ ਬਾਰੇ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਇਹ ਕੰਮ ਕਿਨੇ ਸਮੇਂ ਵਿਚ ਮੁਕੰਮਲ ਕੀਤਾ ਜਾਵੇਗਾ ?

**ਜਥੇਦਾਰ ਜੀਵਨ ਸਿੰਘ ਉਮਰਾਨੰਗਲ** : ਪੰਜਾਬ ਭੌਂ ਸੁਧਾਰ ਐਕਟ, 1972 ਅਤੇ ਪੰਜਾਬ ਯੂਟੀਲਾਈਜੇਸ਼ਨ ਆਫ ਸਰਪਲੱਸ ਏਰੀਆ ਸਕੀਮ, 1973 ਅਧੀਨ ਸਰਪਲੱਸ ਰਕਬਾ ਪਹਿਲਾਂ ਹੀ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਨੂੰ ਅਲਾਟ ਕੀਤਾ ਜਾਂਦਾ ਹੈ ।

**ਸਰਦਾਰ ਦਲਬੀਰ ਸਿੰਘ** : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ । ਮੈਂ ਪੁਛਿਆ ਸੀ ਕਿ ਜਿਹੜੀ ਜ਼ਮੀਨ ਫਾਲਤੂ ਪਈ ਹੈ ਉਹ ਜ਼ਮੀਨ ਕਿੰਨੇ ਸਮੇਂ ਵਿਚ ਵੰਡੀ ਜਾਵੇਗੀ ?

**ਮੰਤਰੀ** : ਸਪੀਕਰ ਸਾਹਿਬ, 1978 ਤੱਕ ਵੰਡਣ ਦਾ ਪ੍ਰੋਗਰਾਮ ਹੈ । ਲੇਕਿਨ ਜਿਹੜੇ ਕੇਸ ਅਦਾਲਤਾਂ ਵਿਚ ਚੱਲ ਰਹੇ ਹਨ, ਉਨ੍ਹਾਂ ਨੂੰ ਸਮਾਂ ਲੱਗ ਜਾਵੇਗਾ ।

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਜਿਹੜਾ 1972 ਵਿਚ ਜ਼ਮੀਨ ਸੁਧਾਰ ਕਾਨੂੰਨ ਬਣਾਇਆ ਸੀ, ਉਸ ਵਿਚ ਕਿਤਨੀ ਜ਼ਮੀਨ ਵਾਧੂ ਕਰਾਰ ਦਿੱਤੀ ਗਈ ਹੈ, ਕਿਤਨੀ ਵੰਡੀ ਗਈ ਹੈ ਔਰ ਕਿਤਨੀ ਰਹਿੰਦੀ ਹੈ ਅਤੇ ਹੁਣ ਉਹ ਕਦੋਂ ਤੱਕ ਵੰਡੀ ਜਾਵੇਗੀ ?

**ਮੰਤਰੀ** : ਸਪੀਕਰ ਸਾਹਿਬ, 1978 ਤੱਕ 1,86,103 ਏਕੜ ਜ਼ਮੀਨ ਸਰਪਲੱਸ ਕਰਾਰ ਦਿੱਤੀ ਗਈ ਹੈ । ਜਿਸ ਵਿਚੋਂ 60,678 ਏਕੜ ਅਲਾਟ ਕੀਤੀ ਗਈ ਹੈ ਅਤੇ ਇਸ ਨਾਲ 26,151 ਵਿਅਕਤੀਆਂ ਨੂੰ ਲਾਭ ਪਹੁੰਚਿਆ ਹੈ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਜ਼ਮੀਨ ਦਾ ਮਾਮਲਾ ਸ਼ਡਿਊਲਡ ਕਾਸਟਸ ਅਤੇ ਹੋਰ ਲੋਕਾਂ ਦੇ ਨਾਲ ਸਬੰਧਤ ਹੈ। ਸਰਦਾਰ ਹਰਚੰਦ ਸਿੰਘ ਕਮੇਟੀ ਦੀ ਰਿਪੋਰਟ ਆਈ ਸੀ ਜਿਸ ਵਿਚ ਕਾਂਗਰਸ ਦੇ ਮਨਿਸਟਰ ਇਨਵਾਲਵਡ ਸਨ । ਅਜੇ ਤੱਕ ਬਹੁਤ ਸਾਰੀ ਜ਼ਮੀਨ ਖਾਲੀ ਪਈ ਹੈ ਅਤੇ ਕਈ ਥਾਵਾਂ ਤੇ ਨਜਾਇਜ਼ ਕਬਜ਼ਾ ਹੈ । ਕੀ ਮਨਿਸਟਰ ਸਾਹਿਬ ਹਰਚੰਦ ਸਿੰਘ ਕਮੇਟੀ ਦੀ ਰਿਪੋਰਟ ਨੂੰ ਲਾਗੂ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਹਰਚੰਦ ਸਿੰਘ ਕਮੇਟੀ ਦੀ ਰਿਪੋਰਟ ਐਗਜ਼ਾਮਿਨ ਹੋ ਰਹੀ ਹੈ ਅਤੇ ਐਕਸ਼ਨ ਲਵਾਂਗੇ ।

**ਡਾਕਟਰ ਕੇਵਲ ਕ੍ਰਿਸ਼ਨ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ, ਇਨਾਂ ਨੇ ਕਿਹਾ ਹੈ ਕਿ 26,000 ਵਿਅਕਤੀਆਂ ਨੂੰ ਲਾਭ ਪਹੁੰਚਿਆ ਹੈ, 1977-78

Original with;
Punjab Vidhan Sabha
Digitized by;
Panjab Digital Library

ਵਿਚ ਕਿਤਨੇ ਵਿਅਕਤੀਆਂ ਨੂੰ ਜ਼ਮੀਨ ਦਿਤੀ ਗਈ ਹੈ ਅੌਰ 1978-79 ਵਿਚ ਇਹ ਕਿਤਨਿਆਂ ਨੂੰ ਜ਼ਮੀਨ ਦੇਣਗੇ ? ਇਹ ਦੱਸਿਆ ਜਾਵੇ ?

**ਮੰਤਰੀ** : ਇਸ ਬਾਰੇ ਮੈਂਬਰ ਸਾਹਿਬ ਸੈਪਰੇਟ ਨੋਟਿਸ ਦੇ ਦੇਣ ।

**ਸਰਦਾਰ ਦਰਸ਼ਨ ਸਿੰਘ ਕੇ. ਪੀ.** : ਸਪੀਕਰ ਸਾਹਿਬ, ਇਹ ਜਿਹੜੀ 8 ਅਪ੍ਰੈਲ, 1964 ਨੂੰ ਲੰਪ-ਸਮ ਹਰੀਜਨ ਦੇ ਪੂਲ ਲਈ ਜ਼ਮੀਨ ਲਿਤੀ ਗਈ ਅਤੇ ਫਿਰ ਹਰੀਜਨਾਂ ਨੂੰ ਦਿੱਤੀ ਗਈ ਹੈ ਤਾਂ ਫਿਰ 1978 ਤੋਂ ਹੁਣ ਇਹ ਰੁਕਾਵਟ ਕਿਉਂ ਆਈ ਹੈ ?

**ਮੰਤਰੀ** : ਸਪੀਕਰ ਸਾਹਿਬ, ਇਹ ਸਵਾਲ ਸਰਪਲੱਸ ਲੈਂਡ ਬਾਰੇ ਹੈ, ਇਵੈਕੂਈ ਲੈਂਡ ਬਾਰੇ ਨਹੀਂ ਹੈ । ਇਸ ਬਾਰੇ ਇਹ ਸੈਪਰੇਟ ਸਵਾਲ ਦੇ ਦੇਣ ।

**ਗਿਆਨੀ ਅਰਜਣ ਸਿੰਘ ਲਿੱਟ** : ਸਪੀਕਰ ਸਾਹਿਬ, ਇਨਾਂ ਨੇ ਹਰੀਜਨਾਂ ਨੂੰ ਦਸ ਦਸ ਏਕੜ ਜ਼ਮੀਨ ਦਿੱਤੀ, ਅਤੇ ਉਨਾਂ ਦੀਆਂ ਕਿਸ਼ਤਾਂ ਵੀ ਸ਼ੁਰੂ ਸਨ ਲੇਕਿਨ ਹੁਣ ਉਹ ਕਿਸ਼ਤਾਂ ਬੰਦ ਕਰ ਦਿੱਤੀਆਂ ਹਨ । ਕੀ ਮਨਿਸਟਰ ਸਾਹਿਬ ਹੁਣ ਕੋਈ ਚਿੱਠੀ ਜਾਰੀ ਕਰਕੇ ਉਨ੍ਹਾਂ ਦੀਆਂ ਦੁਬਾਰਾ ਕਿਸ਼ਤਾਂ ਚਾਲੂ ਕਰਾਉਣਗੇ ?

**ਮੰਤਰੀ** : ਸੈਪਰੇਟ ਨੋਟਿਸ ਦੇ ਦੇਣ ।

**ਸਰਦਾਰ ਗੁਰਦੇਵ ਸਿੰਘ ਬਾਦਲ** : ਸਪੀਕਰ ਸਾਹਿਬ, ਜਿਹੜੀ ਜ਼ਮੀਨ ਲੋਕਾਂ ਨੂੰ ਅਲਾਟ ਕੀਤੀ ਗਈ ਸੀ, ਉਹ ਜ਼ਮੀਨ ਦਰਿਆਵਾਂ ਵਿਚ ਖੁਰਦ-ਬੁਰਦ ਹੋ ਗਈ ਹੈ । ਇਸ ਲਈ ਸਰਕਾਰ ਪਾਸ ਜਿਹੜੀ ਸਰਪਲੱਸ ਜ਼ਮੀਨ ਹੈ ਕੀ ਉਹ ਜ਼ਮੀਨ ਉਨ੍ਹਾਂ ਲੋਕਾਂ ਨੂੰ ਵੰਡੀ ਜਾਵੇਗੀ ?

**ਮੰਤਰੀ** : ਸਪੀਕਰ ਸਾਹਿਬ, ਇਸ ਬਾਰੇ ਉਹ ਵੱਖਰਾ ਸਵਾਲ ਲਿਖ ਕੇ ਭੇਜਣ ।

**ਕਾਮਰੇਡ ਦਰਸ਼ਨ ਸਿੰਘ ਝਬਾਲ** : ਸਪੀਕਰ ਸਾਹਿਬ, ਜਿਹੜਾ 1972 ਦਾ ਕਾਨੂੰਨ ਹੈ, ਹਾਈ ਕੋਰਟ ਨੇ ਉਸ ਦੇ ਬਰਖਿਲਾਫ ਫੈਸਲਾ ਦੇ ਦਿੱਤਾ ਹੈ । ਕੀ ਸਰਕਾਰ ਹੁਣ ਸੁਪਰੀਮ ਕੋਰਟ ਦੇ ਵਿਚ ਉਸ ਕੇਸ ਬਾਰੇ ਅਪੀਲ ਕਰੇਗੀ ?

**ਮੰਤਰੀ** : ਸਪੀਕਰ ਸਾਹਿਬ, ਇਹ ਵੱਖਰਾ ਸਵਾਲ ਹੈ ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਸਪੀਕਰ ਸਾਹਿਬ, 1972 ਵਿਚ ਕਾਂਗਰਸ ਨੇ ਇਹ ਐਕਟ ਬਣਾਇਆ ਸੀ । ਲੈਂਡ ਰਿਫਾਰਮ ਦੀ ਜਿਹੜੀ ਨੀਤੀ ਸੀ, ਉਹ ਵੀ ਬੜੀ ਡਿਫੈਕਟਿਵ ਸੀ। 1,86,000 ਏਕੜ ਜ਼ਮੀਨ ਨਿਕਲੀ ਹੈ । ਕਾਂਗਰਸ ਵੇਲੇ ਦੀ ਲੈਂਡ ਰਿਫਾਰਮ ਦੇ ਸ਼ੁਰੂ ਵਿਚ 1,26,000 ਏਕੜ ਜ਼ਮੀਨ ਪਈ ਹੈ । ਇਨਾਂ ਦੇ ਵੀ 14 ਮਹੀਨੇ ਨਿਕਲ ਗਏ ਹਨ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਹੁਣ ਕਿਤਨੇ ਸਮੇਂ ਤੱਕ ਇਹ ਜ਼ਮੀਨ ਡਿਸਟਰੀਬਿਊਟ ਕਰ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਇਸ ਦੇ ਬਾਰੇ ਸੈਪਰੇਟ ਨੋਟਿਸ ਦੇ ਦੇਣ। (ਵਿਘਨ)

**ਚੌਧਰੀ ਸੁੰਦਰ ਸਿੰਘ** : ਸਪੀਕਰ ਸਾਹਿਬ, ਕਾਂਗਰਸ ਵੇਲੇ ਜੋ ਰੈਵਿਨਿਊ ਮਨਿਸਟਰ ਸਾਹਿਬ ਸਨ ਉਨਾਂ ਦੀ ਵੀ ਪੇਸ਼ ਨਹੀਂ ਜਾਂਦੀ ਸੀ (ਵਿਘਨ) ਔਰ ਹੁਣ ਜੋ ਇਸ ਵੇਲੇ ਰੈਵਿਨਿਊ ਮਨਿਸਟਰ ਹਨ ਉਨਾਂ ਦੀ ਵੀ ਪੇਸ਼ ਨਹੀਂ ਜਾਂਦੀ (ਵਿਘਨ) ਇਨ੍ਹਾਂ ਨੂੰ ਇਹ ਚਾਹੀਦਾ ਹੈ ਕਿ 1.38 ਲੱਖ

Original with;
Punjab Vidhan Sabha
Digitized by;
Panjab Digital Library

[ਚੌਧਰੀ ਸੁੰਦਰ ਸਿੰਘ]

ਏਕੜ ਜ਼ਮੀਨ ਜੋ ਰਹਿੰਦੀ ਹੈ ਉਸ ਨੂੰ ਵੰਡ ਦਿਤਾ ਜਾਏ (ਵਿਘਨ) ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜ਼ਮੀਨ ਕਦੋਂ ਤੱਕ ਵੰਡ ਦਿੱਤੀ ਜਾਏਗੀ ? ਜੇ ਇਹ ਇਸ ਤਰ੍ਹਾਂ ਨਹੀਂ ਕਰ ਸਕਦੇ ਤਾਂ ਇਨ੍ਹਾਂ ਤੋਂ ਇਹ ਮਹਿਕਮਾ ਖੋਹ ਲੈਣਾ ਚਾਹੀਦਾ ਹੈ ।

**ਮੰਤਰੀ** : ਇਸ ਸਾਲ ਦੇ ਅੰਦਰ ਅੰਦਰ ਜਿੰਨੀ ਵੀ ਜ਼ਮੀਨ ਸਰਪਲੱਸ ਪਈ ਹੈ ਉਹ ਵੰਡ ਦਿੱਤੀ ਜਾਏਗੀ । ਪਰ ਜਿਥੇ ਮੁਕੱਦਮੇ ਅਦਾਲਤਾਂ ਵਿਚ ਪੈਂਡਿੰਗ ਪਏ ਹੋਣਗੇ ਉਥੇ ਸਾਡੇ ਵਸ ਵਾਲੀ ਗੱਲ ਨਹੀਂ ਹੈ ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ : 793**

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ)

---

**ਜ਼ਿਲ੍ਹਾ ਅੰਮ੍ਰਿਤਸਰ ਵਿਚ ਬੱਗਾਵਾਲੀ ਨੂੰ ਪਿੰਡ ਗੁਮਾਨਪੁਰਾ ਨਾਲ ਜੋੜਨ ਵਾਲੀ ਯੋਜਕ ਸੜਕ ।**

*497. **ਕਾਮਰੇਡ ਸੱਤ ਪਾਲ ਡਾਂਗ** : ਕੀ ਲੋਕ ਕਾਰਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :--

(ੳ) ਕੀ ਬੱਗਾਵਾਲੀ (ਗਰਾਮ ਪੰਚਾਇਤ ਗੁਮਾਨਪੁਰਾ, ਬਲਾਕ ਅਤੇ ਤਹਿਸੀਲ ਵੇਰਕਾ, ਜ਼ਿਲ੍ਹਾ ਅੰਮ੍ਰਿਤਸਰ) ਨੂੰ ਬਾਕੀ ਸਾਰੇ ਪਿੰਡ ਗੁਮਾਨਪੁਰਾ ਨਾਲ ਜੋੜਨ ਵਾਲੀ ਕੋਈ ਯੋਜਕ ਸੜਕ ਹੈ;

(ਅ) ਕੀ ਬੱਗਾਵਾਲੀ ਇਸ ਸਮੇਂ ਇਸ ਦੇ ਨਾਲ ਗੁਜਰਦੀ ਡਰੇਨ ਤੇ ਉਚਿਤ ਪੁਲ਼ ਨਾ ਹੋਣ ਕਰਕੇ ਬਾਕੀ ਸਾਰੇ ਪਿੰਡ ਤੋਂ ਅਤੇ ਅੰਮ੍ਰਿਤਸਰ ਤੋਂ ਕਟਿਆ ਹੋਇਆ ਹੈ;

(ੲ) ਕੀ ਪੁਲ ਦੇ ਦੁਬਾਰਾ ਬਣਾਏ ਜਾਣ ਦੀ ਕੋਈ ਤਜਵੀਜ਼ ਹੈ ਤਾਂ ਜੋ ਲੋਕਾਂ ਨੂੰ ਪਿੰਡ ਅਤੇ ਅੰਮ੍ਰਿਤਸਰ ਜਾਣ ਲਈ ਉਚਿਤ ਰਸਤਾ ਮਿਲ ਸਕੇ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕਦੋਂ ਤੱਕ ਦੁਬਾਰਾ ਬਣਾਏ ਜਾਣ ਦੀ ਤਜਵੀਜ਼ ਹੈ ?

**ਸਰਦਾਰ ਰਣਧੀਰ ਸਿੰਘ ਚੀਮਾ** : (ੳ) ਹਾਂ ਜੀ।

(ਅ) ਪਿੰਡ ਬੱਗਾਵਾਲੀ ਪਿੰਡ ਗੁਮਾਨਪੁਰਾ ਨਾਲ ਪੱਕੀ ਸੜਕ ਰਾਹੀਂ ਜੋੜਿਆ ਗਿਆ ਹੈ।

(ੲ) ਬੱਗਾਵਾਲੀ ਪਿੰਡ ਦੇ ਨਾਲ ਗੁਜਰਦੀ ਡਰੇਨ ਤੇ ਜਿਥੇ ਸੜਕ ਕਰਾਸ ਕਰਦੀ ਹੈ, ਇੱਕ ਹਿਊਮ ਪਾਈਪ ਕਲਵਰਟ ਬਣਾਇਆ ਹੋਇਆ ਹੈ। ਇਹ ਸੜਕ ਕੇਵਲ ਚੰਗੇ ਮੌਸਮ ਵਿਚ ਹੀ ਵਰਤੋਂ ਯੋਗ ਹੈ ।

ਉਪਰੋਕਤ ਸੜਕ ਤੇ ਸਾਰੇ ਸਾਲ ਵਰਤਿਆ ਜਾਣ ਵਾਲਾ ਪੁਲ ਉਸਾਰਨ ਦਾ ਇਸ ਸਾਲ ਵਿਚ ਕੋਈ ਉਪਬੰਧ ਨਹੀਂ ਹੈ। ਅਗਲੇ ਵਿੱਤੀ ਸਾਲ ਵਿਚ ਇਸ ਪੁਲ ਲਈ ਉਪਬੰਧ ਕੀਤਾ ਜਾਇਗਾ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਯਾਦ ਹੋਵੇਗਾ ਕਿ ਅੰਮ੍ਰਿਤਸਰ ਇਹ ਤਸ਼ਰੀਫ ਲਿਆਏ ਸਨ ਔਰ ਉਥੇ ਸਰਕਟ

Original with;
Punjab Vidhan Sabha
Digitized by;
Panjab Digital Library

ਹਾਊਸ ਵਿਚ ਇਨ੍ਹਾਂ ਨੇ ਮੀਟਿੰਗ ਵਿਚ ਕਿਹਾ ਸੀ ਕਿ ਲੋਕਾਂ ਨੂੰ ਲੰਘਣ ਦਾ ਰਸਤਾ ਨਹੀਂ ਹੈ। ਬੱਗਾ ਵਾਲੀ ਪਿੰਡ ਗੁਮਾਨਪੁਰਾ ਤੋਂ ਕੱਟ ਆਫ ਹੋ ਗਿਆ ਹੈ। ਉਥੇ ਔਰਤਾਂ ਅੌਰ ਬੱਚੇ ਰਸਤੇ ਵਿਚ ਡਿਗ ਪੈਂਦੇ ਹਨ। ਇਨ੍ਹਾਂ ਨੇ ਲੋਕਾਂ ਦੀ ਮੰਗ ਤੇ ਉਥੇ ਕਿਹਾ ਸੀ ਕਿ ਚੀਫ ਇੰਜੀਨੀਅਰ ਸਾਹਿਬ ਨੂੰ ਆਰਡਰ ਕਰ ਦਿੱਤੇ ਹਨ ਅਤੇ ਇਸੇ ਸਾਲ ਹੀ ਬਰਸਾਤ ਮੁਕਦਿਆਂ ਹੀ ਕੰਮ ਉਥੇ ਸ਼ੁਰੂ ਹੋ ਜਾਏਗਾ। ਇਸ ਸਪਲੀਮੈਂਟਰੀ ਡਿਮਾਂਡਜ਼ ਵਿਚ ਪੈਸੇ ਲੈ ਲਵਾਂਗੇ। ਪਰ ਹੁਣ ਇਹ ਕਹਿੰਦੇ ਹਨ ਕਿ ਉਪਰੋਕਤ ਸੜਕ ਤੇ ਸਾਰਾ ਸਾਲ ਵਰਤਿਆ ਜਾਣ ਵਾਲਾ ਪੁਲ ਉਸਾਰਨ ਦਾ ਕੰਮ ਇਹ ਅਗਲੇ ਸਾਲ ਕਰਨਗੇ। ਜਦੋਂ ਕਿ ਉਥੇ ਭਰੀ ਮੀਟਿੰਗ ਵਿਚ ਇਨ੍ਹਾਂ ਨੇ ਕਿਹਾ ਸੀ ਕਿ ਇਹ ਕੰਮ ਇਸੇ ਸਾਲ ਹੀ ਕਰ ਦਿਆਂਗੇ।

**ਮੰਤਰੀ:** ਇਨ੍ਹਾਂ ਦਾ ਕਹਿਣਾ ਠੀਕ ਹੈ ਪਰ ਇਨ੍ਹਾਂ ਨੂੰ ਮੈਂ ਯਕੀਨ ਦਿਲਾਉਂਦਾ ਹਾਂ ਕਿ ਇਹ ਕੰਮ ਅਗਲੇ ਸਾਲ ਜ਼ਰੂਰ ਕਰ ਦਿਆਂਗੇ।

**ਸਰਦਾਰ ਦਲੀਪ ਸਿੰਘ ਪਾਂਧੀ:** ਸੜਕਾਂ ਪਹਿਲਾਂ ਚੌੜੀਆਂ ਘੱਟ ਸਨ ਅੌਰ ਪਹਿਲਾਂ ਆਵਾ-ਜਾਈ ਵੀ ਘੱਟ ਸੀ। ਹੁਣ ਅਨੰਦਪੁਰ ਸਾਹਿਬ ਦੀ ਸੜਕ ਵੀ ਟੁੱਟੀ ਪਈ ਹੈ ਅਤੇ ਉਥੇ ਪੁਲ ਦਾ ਪ੍ਰਬੰਧ ਵੀ ਠੀਕ ਨਹੀਂ ਹੈ। ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਪੁਲ ਕਦੋਂ ਤੱਕ ਬਣ ਜਾਏਗਾ? ਪੁਲ ਬਣਨ ਨਾਲ ਪਾਣੀ ਦਾ ਨਿਕਾਸ ਵੀ ਉਥੋਂ ਠੀਕ ਹੋ ਜਾਏਗਾ। ਇਹ ਕੰਮ ਡਰੇਨੇਜ ਡਿਪਾਰਟਮੈਂਟ ਕੋਲੋਂ ਭਾਵੇਂ ਕਰਵਾ ਲੈਣ ਪਰ ਇਹ ਕੰਮ ਕਦੋਂ ਤੱਕ ਹੋ ਜਾਏਗਾ?

**ਮੰਤਰੀ:** ਛੇਵੀਂ ਪਲੈਨ ਵਿਚ ਕੋਸ਼ਿਸ਼ ਕੀਤੀ ਹੈ ਕਿ ਪੁਲਾਂ ਵਾਸਤੇ ਵੱਧ ਰਕਮ ਲਈ ਜਾਏ। ਰਕਮ ਆਉਣ ਤੇ ਹੀ ਇਹ ਕੰਮ ਹੋ ਸਕਦੇ ਹਨ।

**ਸਰਦਾਰ ਰਣਜੀਤ ਸਿੰਘ:** ਸਪੀਕਰ ਸਾਹਿਬ, ਤਰਨ ਤਾਰਨ ਸਬ-ਡਿਵੀਜ਼ਨ ਦੀਆਂ ਸੜਕਾਂ ਬਹੁਤ ਖਰਾਬ ਹਨ ਕੀ ਇਹ ਕ੍ਰਿਪਾ ਕਰਕੇ ਦੱਸਣਗੇ ਕਿ ਉਨ੍ਹਾਂ ਸੜਕਾਂ ਲਈ ਇਹ ਵਾਧੂ ਪੈਸੇ ਦੇਣਗੇ ਤਾਂਕਿ ਉਹ ਸੜਕਾਂ ਛੇਤੀ ਬਣ ਸਕਣ।

**ਮੰਤਰੀ:** ਸਪੀਕਰ ਸਾਹਿਬ, ਪੰਜਾਬ ਵਿਚ ਹੜ੍ਹਾਂ ਕਰਕੇ ਕਾਫੀ ਨੁਕਸਾਨ ਹੋਇਆ ਹੈ। ਪਿਛਲੇ ਸਾਲ ਵਿਚ ਵੀ ਅੰਮ੍ਰਿਤਸਰ ਜ਼ਿਲ੍ਹੇ ਵਿਚ ਕਾਫੀ ਨੁਕਸਾਨ ਹੋਇਆ ਸੀ ਅੌਰ ਅਸੀਂ ਪਿਛਲੇ ਸਾਲ ਹੋਰ ਜ਼ਿਲ੍ਹਿਆਂ ਨਾਲੋਂ ਅੰਮ੍ਰਿਤਸਰ ਜ਼ਿਲ੍ਹੇ ਨੂੰ ਜ਼ਿਆਦਾ ਅਮਾਊਂਟ ਦਿੱਤੀ ਸੀ ਪਰ ਸਾਰੀਆਂ ਸੜਕਾਂ ਨੂੰ ਮੁਕੱਮਲ ਨਹੀਂ ਕਰ ਸਕੇ। ਇਸ ਸਾਲ ਮੈਂ ਇਨ੍ਹਾਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਜਿਹੜੀਆਂ ਸੜਕਾਂ ਬਾਕੀ ਰਹਿ ਗਈਆਂ ਹਨ, ਉਹ ਕੰਮ ਕਰਾਂਗੇ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ:** ਮਨਿਸਟਰ ਸਾਹਿਬ, ਛੇਵੀਂ ਪਲਾਨ ਵਿਚ ਜ਼ਿਆਦਾ ਰਕਮ ਰੱਖਣ ਦਾ ਯਤਨ ਕਰ ਰਹੇ ਹਨ, ਇਹ ਗੱਲ ਮਨਿਸਟਰ ਸਾਹਿਬ ਨੇ ਹੁਣੇ ਹੀ ਕਹੀ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਭ ਤੋਂ ਜ਼ਿਆਦਾ ਪੁਲਾਂ ਦੀ ਲੋੜ ਹੁਸ਼ਿਆਰਪੁਰ ਜ਼ਿਲ੍ਹੇ ਨੂੰ ਹੈ ਕਿਉਂਕਿ ਉਥੇ ਨਦੀਆਂ ਨਾਲੇ ਬਹੁਤ ਵਗਦੇ ਹਨ। ਛੇਵੀਂ ਪਲੈਨ ਵਿਚ ਜ਼ਿਆਦਾ ਰਕਮ ਲੈਣ ਸਬੰਧੀ ਮੈਂ ਇਹ ਅਰਜ਼ ਕਰਦਾ ਹਾਂ ਕਿ ਇਸ ਹੁਸ਼ਿਆਰਪੁਰ ਦੇ ਜ਼ਿਲ੍ਹੇ ਦੀਆਂ ਲੋੜਾਂ ਨੂੰ ਮੁੱਖ ਰਖਿਆ ਜਾਏ ਅਤੇ ਉਥੇ ਵੀ ਇਹ ਕੰਮ ਕੀਤਾ ਜਾਏ।

**ਮੰਤਰੀ:** ਇਸ ਤੇ ਜ਼ਰੂਰ ਵਿਚਾਰ ਕਰਾਂਗੇ। ਪਰ ਪਹਿਲਾਂ ਨੈਸ਼ਨਲ ਹਾਈ ਵੇਜ਼ ਅੌਰ ਸਟੇਟ ਹਾਈ ਵੇਜ਼ ਨੂੰ ਪ੍ਰਾਇਰਿਟੀ ਦੇਣੀ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਮਾਧੋ ਸਿੰਘ :** ਸਪੀਕਰ ਸਾਹਿਬ, ਰੋਪੜ-ਬੇਲਾ ਰੋਡ ਤੇ ਦੋ ਪੁਲ ਬਣਨੇ ਹਨ । ਕੀ ਉਹ ਪੁਲ ਵੀ ਬਣਾਉਣ ਦੀ ਕ੍ਰਿਪਾ ਕਰਨਗੇ ?

**ਮੰਤਰੀ :** ਇਸ ਬਾਰੇ ਸੇਪਰੇਟ ਨੋਟਿਸ ਦੇਣ ਦੀ ਲੋੜ ਹੈ।

**ਸਰਦਾਰ ਕਿਰਪਾਲ ਸਿੰਘ :** ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸੜਕਾਂ ਦੇ ਬਣਾਉਣ ਦਾ ਜੋ ਪ੍ਰਾਸੈਸ ਹੈ ਉਹ ਇਹ ਹੈ ਕਿ ਸੋਲਿੰਗ ਇੱਟਾਂ, ਪੱਥਰ ਦੀ ਲਗਾਕੇ ਉਹੋ ਦੀ ਕੰਸਾਲੀਡੇਸ਼ਨ ਤੋਂ ਬਾਅਦ ਫਿਰ ਲੁਕ ਵਗੈਰਾ ਪਾਈ ਜਾਂਦੀ ਹੈ । ਪਰ ਅੰਮ੍ਰਿਤਸਰ ਜ਼ਿਲ੍ਹੇ ਵਿਚ ਜਿਹੜੀ ਸੋਲਿੰਗ ਕੀਤੀ ਜਾਂਦੀ ਹੈ ਉਥੇ ਮਿੱਟੀ ਤੇ ਰੋਲਰ ਫੇਰਿਆ ਜਾਂਦਾ ਹੈ । ਕੀ ਅੰਮ੍ਰਿਤਸਰ ਦੇ ਕੇਸ ਵਿਚ ਕੋਈ ਚੇਂਜ ਲਿਆਂਦੀ ਗਈ ਹੈ। ਕੀ ਉਥੇ ਦੀ ਜ਼ਮੀਨ ਬਾਕੀ ਦੇ ਜ਼ਿਲ੍ਹਿਆਂ ਨਾਲੋਂ ਵੱਖਰੀ ਹੈ ਜਾਂ ਕੋਈ ਇਕਨਾਮੀਕਲ ਫੈਕਟਰ ਹੈ ?

**ਮੰਤਰੀ :** ਇਨ੍ਹਾਂ ਨੇ ਪਹਿਲੀ ਸਰਕਾਰ ਵੇਲੇ ਦਾ ਜ਼ਿਕਰ ਕੀਤਾ ਹੈ । ਹੁਣ ਤਾਂ ਸੋਲਿੰਗ ਇੱਟਾਂ/ਪੱਥਰ ਦੀ ਲਗਦੀ ਹੈ।

**ਸਰਦਾਰ ਉਮਰਾਓ ਸਿੰਘ :** ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਨੈਸ਼ਨਲ ਹਾਈਵੇਜ਼ ਨੂੰ ਪ੍ਰਾਇਰਟੀ ਦੇਣੀ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਲੰਧਰ, ਨਕੋਦਰ ਔਰ ਮੋਗੇ ਲਈ ਇਸ ਸਾਲ ਦਸ ਲੱਖ ਰੁਪਿਆ ਰੱਖਿਆ ਗਿਆ ਸੀ ਪਰ ਉਹ ਖਰਚ ਨਹੀਂ ਕੀਤਾ ਗਿਆ ਹੈ ਹੁਣ ਇਹ ਕਦੋਂ ਤੱਕ ਉਥੇ ਦਾ ਕੰਮ ਮੁਕੰਮਲ ਕਰਾ ਦੇਣਗੇ ?

**ਮੰਤਰੀ :** ਇਸ ਲਈ ਸੇਪਰੇਟ ਨੋਟਿਸ ਦੀ ਲੋੜ ਹੈ।

**ਸਰਦਾਰ ਲਾਲ ਸਿੰਘ :** ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਦਰਿਆ ਘੱਗਰ ਤੇ ਦੇਵੀਗੜ੍ਹ ਵਿਖੇ ਚਾਰ ਸਾਲ ਤੋਂ ਪੁਲ ਬਣ ਰਿਹਾ ਹੈ ਉਥੇ ਕੋਈ ਕੰਮ ਨਹੀਂ ਹੋਇਆ, ਇਹ ਕਦੋਂ ਤੱਕ ਉਥੇ ਕੰਮ ਮੁਕੰਮਲ ਕਰਾ ਦੇਣਗੇ ?

**ਮੰਤਰੀ :** ਮੈਂ ਆਪਣੇ ਡਿਪਾਰਟਮੈਂਟ ਨੂੰ ਹਦਾਇਤਾਂ ਕਰ ਦਿੱਤੀਆਂ ਹਨ ਕਿ ਇਹ ਕੰਮ 31 ਮਾਰਚ ਤੱਕ ਮੁਕੰਮਲ ਕਰ ਦਿੱਤਾ ਜਾਏ।

---

**ਮੋਮੀਆਂ ਤੋਂ ਨਿਆਲ ਕਾਲਜ ਬਰਾਸਤਾ ਬਨਵਾਲਾ, ਜ਼ਿਲ੍ਹਾ ਪਟਿਆਲਾ, ਤੱਕ ਸੜਕ ਬਣਾਉਣਾ**

*511. **ਕਾਮਰੇਡ ਬਲਦੇਵ ਸਿੰਘ ਲੂੰਬਾ :** ਕੀ ਲੋਕ ਕਾਰਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਪਟਿਆਲਾ ਵਿਚ ਮੋਮੀਆਂ ਤੋਂ ਨਿਆਲ ਕਾਲਜ ਬਰਾਸਤਾ ਬਨਵਾਲਾ ਤੱਕ ਇਕ ਸੜਕ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਉਥੇ ਉਸਾਰੀ ਦੇ ਕੰਮ ਦੇ ਕਦੋਂ ਤੱਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਰਣਧੀਰ ਸਿੰਘ ਚੀਮਾ :** ਨਿਆਲ ਤੋਂ ਬਨਵਾਲਾ ਤੱਕ ਸੜਕ ਪਹਿਲਾਂ ਹੀ ਬਣ ਚੁੱਕੀ ਹੈ ।

ਬਨਵਾਲਾ ਤੋਂ ਮੋਮੀਆਂ ਤੱਕ ਸੜਕ ਇੰਟਰ ਲਿੰਕ ਸੜਕ ਹੈ। ਇਸ ਲਈ ਇਸ ਨੂੰ ਬਣਾਉਣ ਦਾ ਅਜੇ ਕੋਈ ਪ੍ਰੋਗਰਾਮ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਬਲਦੇਵ ਸਿੰਘ ਲੂੰਬਾ**: ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਨਿਆਲ ਤੋਂ ਬਨਵਾਲਾ ਤਕ ਸੜਕ ਪਹਿਲਾਂ ਹੀ ਬਣ ਚੁੱਕੀ ਹੈ ਔਰ ਬਨਵਾਲਾ ਤੋਂ ਮੋਮੀਆਂ ਤਕ ਇੰਟਰ ਲਿੰਕ ਸੜਕ ਹੈ ਇਸ ਲਈ ਇਸ ਨੂੰ ਬਣਾਉਣ ਦਾ ਅਜੇ ਕੋਈ ਪ੍ਰੋਗਰਾਮ ਨਹੀਂ ਹੈ। ਮਨਿਸਟਰ ਸਾਹਿਬ ਕਈ ਵਾਰੀ ਉਥੇ ਜਾਂਦੇ ਹਨ ਔਰ ਇੱਕ ਵਾਰੀ ਉਥੇ ਮੋਮੀਆਂ ਵਿਖੇ ਇਕੱਠ ਵਿਚ ਇਹ ਕਹਿ ਕੇ ਆਏ ਸੀ ਕਿ ਕਿਉਂਕਿ ਉਥੇ ਦੇ ਬੱਚਿਆਂ ਨੂੰ ਇਹ ਇੰਟਰ ਲਿੰਕ ਸੜਕ ਨਾ ਹੋਣ ਕਰਕੇ ਫੇਰ ਪਾ ਕੇ ਕਾਲਜ ਜਾਣ ਲਈ ਪੰਜ ਮੀਲ ਦਾ ਚੱਕਰ ਕੱਟਣਾ ਪੈਂਦਾ ਹੈ, ਜੇ ਇਹ ਰਸਤਾ ਸਿੱਧਾ ਬਣ ਜਾਏ ਤਾਂ ਰਸਤਾ ਸਿਰਫ ਦੋ ਮੀਲ ਹੀ ਰਹਿ ਜਾਂਦਾ ਹੈ, ਇਸ ਲਈ ਇਹ ਸੜਕ ਪ੍ਰਾਇਰਿਟੀ ਬੇਸਿਜ਼ ਤੇ ਬਣਾ ਦਿਆਂਗੇ। ਕੀ ਇਸ ਗੱਲ ਨੂੰ ਮੁੱਖ ਹਖਕੇ ਅਤੇ ਬੱਚਿਆਂ ਦੀ ਤਕਲੀਫ ਨੂੰ ਮੁੱਖ ਰੱਖਕੇ ਇਹ ਇਸ ਕੰਮ ਨੂੰ ਸਿਰੇ ਚੜ੍ਹਾਉਣ ਲਈ ਪ੍ਰਾਇਰਿਟੀ ਦੇਣਗੇ ?

**ਮੰਤਰੀ**: ਸਪੀਕਰ ਸਾਹਿਬ, ਇਹ ਇੰਟਰ ਲਿੰਕ ਰੋਡ ਹੈ ਅਤੇ ਇਹ ਮਾਰਕਿਟ ਕਮੇਟੀ, ਪਾਤੜਾਂ ਵਿਚ ਪੈਂਦੀ ਹੈ। ਇਸ ਦੇ ਵਿਚ 57 ਪਿੰਡ ਆਉਂਦੇ ਹਨ । ਕੁਝ ਪਿੰਡਾਂ ਨੂੰ ਛੱਡਕੇ ਬਾਕੀ ਸਾਰਿਆਂ ਪਿੰਡਾਂ ਤੱਕ ਇਹ ਬਣ ਗਈ ਹੈ। ਗੌਰਮਿੰਟ ਦੀ ਪਾਲਿਸੀ ਹੈ ਕਿ ਪਹਿਲਾਂ ਫਸਟ ਲਿੰਕ ਰੋਡਜ਼ ਬਣਾਉਣੀਆਂ ਹਨ ਅਤੇ ਜਿੰਨੀ ਦੇਰ ਫਸਟ ਲਿੰਕ ਰੋਡਜ਼ ਨਹੀਂ ਬਣ ਜਾਂਦੀਆਂ ਉਤਨੀ ਦੇਰ ਤੱਕ ਸੈਕੰਡ ਲਿੰਕ ਰੋਡਜ਼ ਨਹੀਂ ਬਣਾਉਣੀਆਂ। ਫਿਰ ਵੀ ਜੇਕਰ ਮਾਰਕਿਟ ਕਮੇਟੀ, ਰੇਜ਼ੋਲਿਊਸ਼ਨ ਪਾਸ ਕਰ ਦੇਵੇ ਅਤੇ ਸਾਡੇ ਕੋਲ ਪੈਸੇ ਡਿਪਾਜ਼ਿਟ ਕਰਾ ਦੇਵੇ ਤਾਂ ਸਾਨੂੰ ਕੋਈ ਇਤਰਾਜ਼ ਨਹੀਂ ਹੈ।

**ਮਾਸਟਰ ਬਾਬੂ ਸਿੰਘ**: ਸਪੀਕਰ ਸਾਹਿਬ, ਇਹ ਪਬਲਿਕ ਨਾਲ ਤਾਂ ਕਮਿਟਮੈਂਟ ਕਰ ਆਉਂਦੇ ਹਨ, ਉਥੇ ਜਾ ਕੇ ਤਾਂ ਬਿਆਨ ਦੇ ਆਉਂਦੇ ਹਨ ਕਿ ਤੁਹਾਡੇ ਇਹ ਕੰਮ ਕਰ ਦਿਆਂਗੇ, ਉਹ ਕਰ ਦਿਆਂਗੇ ਪਰ ਪਤਾ ਨਹੀਂ ਅਸਲੀਅਤ ਬਾਰੇ ਇਨ੍ਹਾਂ ਨੂੰ ਪਤਾ ਨਹੀਂ ਹੁੰਦਾ ਅਤੇ ਜਦ ਇਨ੍ਹਾਂ ਨੂੰ ਅਸਲੀਅਤ ਦਾ ਪਤਾ ਲੱਗਦਾ ਹੈ ਤਾਂ ਕਹਿ ਦਿੰਦੇ ਹਨ ਕਿ ਇਹ ਨਹੀਂ ਹੋ ਸਕਦੇ। ਇਸ ਕੇਸ ਵਿਚ ਵੀ ਵਜ਼ੀਰ ਸਾਹਿਬ ਨੇ ਦੱਸਿਆ ਸੀ ਕਿ ਪ੍ਰਾਇਰਿਟੀ ਬੇਸਿਜ਼ ਤੇ ਸੜਕ ਬਣਾ ਦਿਆਂਗੇ ਪਰ ਹੁਣ ਕਹਿੰਦੇ ਹਨ ਕਿ ਨਹੀਂ ਬਣਾ ਸਕਦੇ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਬਿਨਾਂ ਸੋਚੇ ਸਮਝੇ ਹੀ ਪਬਲਿਕ ਨਾਲ ਕਮਿਟਮੈਂਟ ਕਰ ਆਉਂਦੇ ਹਨ ਕਿ ਅਸੀਂ ਇਹ ਕਰ ਦਿਆਂਗੇ, ਕੀ ਅੱਗੇ ਵਾਸਤੇ ਤਾਂ ਇਹ ਅਜਿਹੀ ਗਲਤੀ ਨਹੀਂ ਕਰਨਗੇ ?

**ਮੰਤਰੀ**: ਮੈਂ ਇਸ ਬਾਰੇ ਪਹਿਲਾਂ ਹੀ ਜਵਾਬ ਦੇ ਚੁੱਕਾ ਹਾਂ।

**ਕਾਮਰੇਡ ਦਰਸ਼ਨ ਸਿੰਘ ਝਬਾਲ**: ਸਪੀਕਰ ਸਾਹਿਬ, ਮਨਿਸਟਰ ਸਾਹਿਬ ਜਦ ਅੰਮ੍ਰਿਤਸਰ ਗਏ ਸੀ ਤਾਂ ਉਥੇ ਅਸੀਂ ਅਸੈਂਬਲੀ ਦੇ ਮੈਂਬਰਾਂ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਅੰਮ੍ਰਿਤਸਰ ਦੇ ਵਿਚ ਹੜ੍ਹਾਂ ਨਾਲ ਸੜਕਾਂ ਦੀ ਹਾਲਤ ਬਹੁਤ ਭੈੜੀ ਹੋਈ ਹੈ ਅਤੇ ਲੋਕਾਂ ਨੂੰ ਆਵਾਜਾਈ ਵਿਚ ਬੜਾ ਵਿਘਨ ਪੈਂਦਾ ਹੈ। ਉਨਾਂ ਨੂੰ ਕਈ ਵਾਰੀ ਕਿਹਾ ਜਾ ਚੁੱਕਿਆ ਹੈ ਪਰ ਫਿਰ ਵੀ ਹਾਲਤ ਜਿਉਂ ਦੀ ਤਿਉਂ ਹੀ ਹੈ। ਦੂਜੀ ਗੱਲ ਇਹ ਹੈ ਕਿ ਜਿਥੇ ਡਰੇਨ ਨਿਕਲ ਜਾਂਦੀ ਹੈ ਉਥੇ ਪੁਲਾਂ ਦਾ ਝਗੜਾ ਚੱਲਦਾ ਹੈ। ਡਰੇਨੇਜ ਡਿਪਾਰਟਮੈਂਟ ਵਾਲੇ ਕਹਿੰਦੇ ਹਨ ਕਿ ਅਸੀਂ ਪੁਲ ਨਹੀਂ ਬਣਾਉਣਾ ਇਹ ਸੜਕਾਂ ਦੇ ਮਹਿਕਮੇ ਵਾਲਿਆਂ ਨੇ ਬਣਾਉਣਾ ਹੈ ਪਰ ਸੜਕਾਂ ਦੇ ਮਹਿਕਮੇ ਵਾਲੇ ਕਹਿੰਦੇ ਹਨ ਕਿ ਪੁਲ ਡਰੇਨੇਜ ਡਿਪਾਰਟਮੈਂਟ ਵਾਲਿਆਂ ਨੇ ਬਣਾਉਣਾ ਹੈ ਅਤੇ ਇਸ ਤਰ੍ਹਾਂ ਦੋਨਾਂ ਮਹਿਕਮਿਆਂ ਦੇ ਆਪਸੀ ਝਗੜੇ ਕਾਰਨ ਪੁਲ ਰਹਿ ਜਾਂਦਾ ਹੈ ਜਿਸ ਕਰਕੇ ਲੋਕਾਂ ਨੂੰ ਬੜੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਝਬਾਲ ਡਰੇਨ ਤੇ ਪਿੰਡ ਗਗੋਬੂਹਾ ਪੁਲ ਬਣਾਉਣਗੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਝਬਾਲ]

ਅਤੇ ਅੰਮ੍ਰਿਤਸਰ ਵਿਚ ਜਿਹੜੀ ਸੜਕਾਂ ਦੀ ਐਨੀ ਮਾੜੀ ਹਾਲਤ ਹੈ, ਉਨਾਂ ਨੂੰ ਠੀਕ ਕਰਨ ਦਾ ਪ੍ਰਬੰਧ ਕਰਨਗੇ ?

**ਮੰਤਰੀ**: ਮੈਂ ਪਹਿਲਾਂ ਵੀ ਇਕ ਸਵਾਲ ਦੇ ਜਵਾਬ ਵਿਚ ਪਿਛਲੇ ਸੈਸ਼ਨ ਵਿਚ ਵੀ ਦੱਸਿਆ ਸੀ ਕਿ ਅਸੀਂ ਉਸ ਵਾਸਤੇ ਪਿਛਲੇ ਸਾਲ ਸਪੈਸ਼ਲ ਅਮਾਉਂਟ ਦਿੱਤੀ ਸੀ। ਸਾਡਾ ਉਸ ਪਾਸੇ ਵੱਲ ਪੂਰਾ ਧਿਆਨ ਹੈ। ਪਿਛਲੇ ਸਾਲ ਉਥੇ ਜ਼ਿਆਦਾ ਹੜ ਆਏ ਸਨ। (ਵਿਘਨ) ਸਰਕਾਰ ਦੀ ਪਾਲਿਸੀ ਹੈ ਕਿ ਡਰੇਨਾਂ ਤੇ ਪੁਲ ਬਣਾਉਣੇ ਹਨ ਅਤੇ ਇਸਦੇ ਵਾਸਤੇ ਸਰਕਾਰ ਦੀ ਪਾਲਿਸੀ ਸਪੱਸ਼ਟ ਹੈ ਕਿ ਜਿਥੇ ਡਰੇਨ ਪਹਿਲਾਂ ਨਿਕਲ ਜਾਵੇ ਅਤੇ ਸੜਕ ਬਾਅਦ ਵਿਚ ਬਣੇ ਤਾਂ ਉਥੇ ਪੁਲ ਪੀ. ਡਬਲਿਯੂ. ਡੀ. ਵਾਲੇ ਬਣਾਉਂਦੇ ਹਨ ਅਤੇ ਜਿਥੇ ਸੜਕ ਪਹਿਲਾਂ ਬਣ ਜਾਵੇ ਅਤੇ ਡਰੇਨ ਬਾਅਦ ਵਿਚ ਨਿਕਲੇ ਤਾਂ ਉਥੇ ਪੁਲ ਡਰੇਨੇਜ਼ ਡਿਪਾਰਟਮੈਂਟ ਵਾਲੇ ਬਣਾਉਂਦੇ ਹਨ। ਇਸ ਲਈ ਜੇ ਇਹ ਮੇਰੇ ਮਹਿਕਮੇ ਨਾਲ ਸਬੰਧਤ ਹੈ ਤਾਂ ਇਹ ਮੈਨੂੰ ਦੱਸ ਦੇਣ, ਮੈਂ ਦੇਖ ਲਵਾਂਗਾ।

**ਡਾਕਟਰ ਸਾਧੂ ਰਾਮ**: ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਫਗਵਾੜਾ ਹੁਸ਼ਿਆਰਪੁਰ ਸੜਕ ਤੇ ਪੁਲ ਬਣਨਾ ਸੀ ਉਸ ਨੂੰ 8 ਸਾਲ ਹੋ ਗਏ ਹਨ ਪਰ ਉਹ ਹਾਲਾਂ ਤੱਕ ਨਹੀਂ ਬਣਿਆ। ਉਥੇ ਲੋਕੀਂ ਮਰ ਰਹੇ ਹਨ। ਉਥੇ 8-10 ਆਦਮੀ ਮਰ ਗਏ ਹਨ ਅਤੇ ਕਈ ਗੱਡੇ ਰੁੜ੍ਹ ਗਏ ਹਨ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਹ ਪੁਲ ਕਦੋਂ ਤੱਕ ਬਣ ਜਾਵੇਗਾ ?

**ਮੰਤਰੀ**: ਇਸ ਬਾਰੇ ਮੇਰੇ ਕੋਲ ਇਨਫਰਮੇਸ਼ਨ ਨਹੀਂ ਹੈ, ਇਹ ਮੈਨੂੰ ਸੈਪਰੇਟ ਨੋਟਿਸ ਦੇ ਦੇਣ ਮੈਂ ਦੱਸ ਦਿਆਂਗਾ।

**ਸ੍ਰੀ ਹੁਕਮ ਚੰਦ**: ਸਪੀਕਰ ਸਾਹਿਬ, ਮੇਰੇ ਹਲਕੇ ਦੇ ਵਿਚ ਕਾਂਜਲੀ ਵਿਖੇ ਪੁਲ ਬਣਾਉਣ ਲਈ ਮੈਂ ਪਿਛਲੇ ਸੈਸ਼ਨ ਵਿਚ ਵੀ ਕਿਹਾ ਸੀ। ਚੀਫ ਮਨਿਸਟਰ ਸਾਹਿਬ ਨੇ ਵੀ ਕਿਹਾ ਸੀ ਕਿ ਇਸ ਸਾਲ ਇਹ ਪੁਲ ਬਣ ਜਾਵੇਗਾ। ਮੈਂ ਦੱਸਣਾ ਚਾਹੁੰਦਾ ਹਾਂ ਕਿ ਬਹੁਤ ਸਾਰੀਆਂ ਇਸ ਬਾਰੇ ਚਿੱਠੀਆਂ ਵੀ ਲਿਖੀਆਂ ਗਈਆਂ ਹਨ, ਸਰਦਾਰ ਆਤਮਾ ਸਿੰਘ ਦੇ ਨੋਟਿਸ ਵਿਚ ਵੀ ਲਿਆਂਦਾ ਗਿਆ ਪਰ ਸਾਨੂੰ ਕੋਈ ਜਵਾਬ ਨਹੀਂ ਦਿਤਾ ਗਿਆ। ਡਰੇਨੇਜ ਡਿਪਾਰਟਮੈਂਟ ਵਾਲੇ ਕਹਿੰਦੇ ਹਨ ਕਿ ਉਹ ਪੁਲ ਪੀ. ਡਬਾਲਯੂ. ਡੀ. ਵਾਲਿਆਂ ਨੇ ਬਣਾਉਣਾ ਹੈ ਅਤੇ ਪੀ. ਡਬਲਿਯੂ. ਡੀ. ਵਾਲੇ ਕਹਿੰਦੇ ਹਨ ਕਿ ਡਰੇਨੇਜ ਡਿਪਾਰਟਮੈਂਟ ਨੇ ਬਣਾਉਣਾ ਹੈ। ਮੈਂ ਪੁੱਛਣਾ ਚਾਹੁਦਾ ਹਾਂ ਕਿ ਕੀ ਵਜ਼ੀਰ ਸਾਹਿਬ ਇਸ ਪਾਸੇ ਧਿਆਨ ਦੇਣਗੇ ਕਿ ਇਸ ਮਸਲੇ ਨੂੰ ਹੱਲ ਕਿਉਂ ਨਹੀਂ ਕੀਤਾ ਜਾਂਦਾ ਅਤੇ ਹੁਣ ਕਦੋਂ ਤੱਕ ਪੁਲ ਬਣ ਜਾਵੇਗਾ ?

**ਮੰਤਰੀ**: ਇਸ ਬਾਰੇ ਪਿਛਲੇ ਸੈਸ਼ਨ ਵਿਚ ਸਵਾਲ ਆਇਆ ਸੀ। ਚੀਫ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਅਸੀਂ ਪੁਲ ਬਣਾ ਦਿਆਂਗੇ। ਮੈਂ ਹੁਣ ਇਨਾਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਟਾਪ ਪ੍ਰਾਇਰਿਟੀ ਦੇ ਕੇ ਉਹ ਪੁਲ ਬਣਾਵਾਂਗੇ।

**ਸ੍ਰੀ ਹੁਕਮ ਚੰਦ**: ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਸ ਪੁਲ ਨੂੰ ਕੌਣ ਬਣਾਵੇਗਾ ? ਕਿਹੜਾ ਮਹਿਕਮਾ ਉਸ ਪੁਲ ਨੂੰ ਬਣਾਵੇਗਾ ?

**ਸ੍ਰੀ ਸਪੀਕਰ**: ਗੌਰਮਿੰਟ ਬਣਾਵੇਗੀ।

Original with;
Punjab Vidhan Sabha
Digitized by;
Panjab Digital Library

**ਡਾਕਟਰ ਦੇਵ ਰਾਜ ਨਸਰਾਲਾ**: ਹੁਸ਼ਿਆਰਪੁਰ ਵਿਚ ਚੋਅ ਬਹੁਤ ਹਨ। ਸੜਕਾਂ ਟੁੱਟੀਆਂ ਹੋਈਆਂ ਹਨ। ਪੁਲ ਕੋਈ ਨਹੀਂ ਹਨ। ਜਦ ਹੜ ਆ ਜਾਂਦੇ ਹਨ ਤਾਂ ਬੱਚੇ ਸਕੂਲ ਨਹੀਂ ਜਾਂਦੇ ਅਤੇ ਰਸਤੇ ਵਿਚੋਂ ਘਰ ਮੁੜ ਆਉਂਦੇ ਹਨ। ਕਈ ਜਗ੍ਹਾਂ ਹਸਪਤਾਲ ਐਸੇ ਹਨ ਕਿ ਦਵਾਈਆਂ ਨਹੀਂ ਮਿਲਦੀਆਂ ਅਤੇ ਕਈ ਵਾਰੀ ਹਸਪਤਾਲ ਪਹੁੰਚਣਾ ਹੀ ਬੜਾ ਮੁਸ਼ਕਿਲ ਹੋ ਜਾਂਦਾ ਹੈ। (ਵਿਘਨ)

**ਸ੍ਰੀ ਸਪੀਕਰ**: ਤੁਸੀਂ ਸਵਾਲ ਕਰੋ।

**ਡਾਕਟਰ ਦੇਵ ਰਾਜ ਨਸਰਾਲਾ**: ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਥੇ ਪੁਲ ਬਣਾ ਦੇਣਗੇ ?

**ਮੰਤਰੀ**: ਸਪੀਕਰ ਸਾਹਿਬ, ਹੁਸ਼ਿਆਰਪੁਰ ਜ਼ਿਲ੍ਹੇ ਵਿਚ ਪੁਲਾਂ ਦਾ ਮਸਲਾ ਜ਼ਿਆਦਾ ਹੈ। ਅਗਰ ਐਫ. ਐਮ. ਸਾਹਿਬ ਫੰਡਜ਼ ਦਾ ਇੰਤਜ਼ਾਮ ਕਰ ਦੇਣ ਤਾਂ ਅਸੀਂ ਪੁਲ ਬਣਾ ਦਿਆਂਗੇ। ਸਵਾਲ ਪੈਸੇ ਦਾ ਹੈ। ਪੈਸਾ ਇਤਨਾ ਮਿਲ ਨਹੀਂ ਰਿਹਾ।

---

## Stray Dogs in the State

*496. **Master Babu Singh**: Will the Minister for Health and Urban Development be pleased to state :—

(a) whether the Government is aware of the great nuisance of stray dogs in the State ;

(b) the district-wise details of the stray dogs killed during the year 1975, 1976, 1977 and 1978 (to-date) ;

(c) whether it is a fact that there is no provision of Anti-Rabies vaccine at the sub-divisional level Hospital, Mandi Phul (Bhatinda) ; if so, the reasons therefor and the action, if any, taken against the defaulting officials in the matter ?

**ਸ੍ਰੀ ਦੇਸ ਰਾਜ)** : (ੳ) ਹਾਂ ਜੀ।

(ਅ) ਲੋੜੀਂਦੀ ਸੂਚਨਾ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ੲ) ਰਾਮਪੁਰਾ ਫੂਲ ਵਿਖੇ ਐਂਟੀ-ਰੈਬਿਕ (ਹਲਕਾ ਰੋਕ) ਸੈਂਟਰ ਸਥਾਪਿਤ ਹੈ। ਅਪ੍ਰੈਲ 1978 ਤੋਂ ਜੂਨ 1978 ਤੱਕ ਸਾਰੇ ਦੇਸ਼ ਵਿੱਚ ਹਲਕਾ ਰੋਕ ਦੇ ਟੀਕਿਆਂ ਦੀ ਕਾਫੀ ਥੁੜ ਸੀ। ਇਹ ਮਾਮਲਾ ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਨਾਲ ਉਠਾਇਆ ਗਿਆ ਸੀ ਅਤੇ ਹੁਣ ਵੈਕਸੀਅਨ ਦੀ ਸਪਲਾਈ ਦੀ ਸਥਿਤੀ ਸੁਧਰ ਗਈ ਹੈ।

ਨਗਰਪਾਲਕਾ, ਰਾਮਪੁਰਾ ਫੂਲ, ਹਲਕਾ ਦੀ ਰੋਕ ਲਈ ਵੈਕਸੀਅਨ ਦੀ ਕੀਮਤ ਅਦਾ ਕਰਿਆ ਕਰਦੀ ਸੀ ਪਰੰਤੂ ਵਾਰ ਵਾਰ ਆਖਣ ਤੇ ਵੀ ਕਮੇਟੀ ਨੇ ਅਜੇ ਤੱਕ ਲੱਗਭਗ 3 ਸਾਲਾਂ ਦੇ ਬਿਲਾਂ ਦੀ ਅਦਾਇਗੀ ਨਹੀਂ ਕੀਤੀ। ਸਿਹਤ ਵਿਭਾਗ ਨੇ ਹੁਣ ਇਸ ਖਰਚੇ ਦੀ ਅਦਾਇਗੀ ਆਪਣੇ ਬੱਜਟ ਵਿਚੋਂ ਕਰਨ ਦਾ ਫੈਸਲਾ ਕਰ ਲਿਆ ਹੈ।

Original with;
Punjab Vidhan Sabha
Digitized by;
Panjab Digital Library

[ਸਿਹਤ ਤੇ ਸਹਿਰੀ ਵਿਕਾਸ ਮੰਤਰੀ]

**Statement showing the district-wise details of the stray dogs killed during the years 1975, 1976, 1977 and 1978 (upto the 30th June, 1978)**

| Serial No. | Name of District | Year | | | 1978 (Upto the 30th June) |
|---|---|---|---|---|---|
| | | 1975 | 1976 | 1977 | |
| 1 | 2 | 3 | 4 | 5 | 6 |
| 1. | Amritsar .. | 18,636 | 13,798 | 11,683 | 2,227 |
| 2. | Bhatinda .. | 17,103 | 14,494 | 5,039 | 1597 |
| 3. | Faridkot .. | 450 | 520 | 5,186 | 210 |
| 4. | Ferozepur .. | 9,842 | 8,172 | 4,986 | 1,581 |
| 5. | Gurdaspur .. | 7,770 | 8,043 | 3,668 | 3,446 |
| 6. | Hoshiarpur .. | 2,319 | 4,822 | 4,311 | 1,022 |
| 7. | Jullundur .. | 18,245 | 4,249 | 3,698 | 4,587 |
| 8. | Kapurthala .. | 738 | 1,765 | 1,589 | 1,210 |
| 9. | Ludhiana .. | 7,323 | 9,695 | 4,223 | 2,951 |
| 10. | Patiala .. | 2,651 | 2,516 | 1,973 | 2,226 |
| 11. | Ropar .. | 10,388 | 13,172 | 1,404 | 1,649 |
| 12. | Sangrur .. | 10,982 | 13,031 | 5,992 | 763 |
| | Total .. | 1,06,447 | 94,277 | 53,752 | 23,469 |

**ਮਾਸਟਰ ਬਾਬੂ ਸਿੰਘ**: ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਜਿਸ ਤਰ੍ਹਾਂ ਉਨ੍ਹਾਂ ਨੇ ਜਵਾਬ ਵਿਚ ਦੱਸਿਆ ਹੈ ਕਿ ਰਾਮਪੁਰਾ ਫੂਲ ਵਿਖੇ ਐਂਟੀ-ਰੇਬਿਕ ਸੈਂਟਰ ਸਥਾਪਿਤ ਹੈ। ਅਪਰੈਲ, 1978 ਤੋਂ ਜੂਨ, 1978 ਤੱਕ ਸਾਰੇ ਦੇਸ਼ ਵਿਚ ਹਲਕਾ ਰੋਕ ਦੇ ਟੀਕਿਆਂ ਦੀ ਕਾਫੀ ਥੁੜ ਸੀ। ਇਸ ਥੁੜ ਨੂੰ ਉਨ੍ਹਾਂ ਨੇ ਆਪ ਮੰਨਿਆ ਹੈ। ਇਹ ਜਿਹੜੇ ਕੁੱਤੇ ਮਾਰਿਆਂ ਦੀਆਂ ਫਿੱਗਰਜ਼ ਵਜ਼ੀਰ ਸਾਹਿਬ ਨੇ ਦਿੱਤੀਆਂ ਹਨ ਉਨ੍ਹਾਂ ਤੋਂ ਪਤਾ ਲਗਦਾ ਹੈ ਕਿ ਸਾਲ 1975, 1976 ਅਤੇ 1977 ਵਿਚ ਘੱਟ ਕੁੱਤੇ ਮਾਰੇ ਗਏ ਹਨ। 1978 ਵਿਚ ਵੀ ਘੱਟ ਕੁੱਤੇ ਮਾਰੇ ਗਏ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਪਾਸੇ ਵੀ ਇਨ੍ਹਾਂ ਨੇ ਕਿਤੇ ਫੈਮਿਲੀ ਪਲੈਨਿੰਗ ਤਾਂ ਨਹੀਂ ਸ਼ੁਰੂ ਕਰ ਦਿੱਤੀ ? (ਵਿਘਨ) ਕੀ ਦਵਾਈ ਦੀ ਕਮੀ ਹੈ ਜਾਂ ਕਿ ਦਵਾਈ ਦਾ ਅਸਰ ਹੀ ਨਹੀਂ ਹੋਇਆ ?

Original with;
Punjab Vidhan Sabha
Digitized by;
Panjab Digital Library

**ਮੰਤਰੀ:** ਇਹ ਨਹੀਂ ਕਿ ਦਵਾਈ ਦੀ ਕਮੀ ਹੈ ਲੇਕਿਨ ਮਸਲਾ ਇਹ ਹੈ ਕਿ ਕੁੱਤੇ ਮਾਰਕੇ ਉਨ੍ਹਾਂ ਦੀ ਡਿਸਪੋਜ਼ਲ ਦਾ ਜਿਹੜਾ ਕੰਮ ਹੈ, ਇਸ ਦਾ ਪ੍ਰਬੰਧ ਨਹੀਂ ਹੈ। ਬਹੁਤ ਸਾਰੀਆਂ ਜਗ੍ਹਾਂ ਤੇ ਜਿਥੇ ਕੁੱਤੇ ਮਾਰੇ ਹਨ ਉਥੇ ਲੋਕ ਇਸ ਦੀ ਮੁਖ਼ਾਲਫਿਤ ਕਰਦੇ ਹਨ। ਕਈ ਜਗ੍ਹਾ ਐਸੀਆਂ ਹਨ ਜਿੱਥੇ ਕੁਤੇ ਮਾਰੇ ਹਨ ਪਰ ਮਾਰਨ ਤੋਂ ਬਾਅਦ ਉਨ੍ਹਾਂ ਦੀ ਡਿਸਪੋਜ਼ਲ ਦਾ ਇੰਤਜ਼ਾਮ ਨਹੀਂ ਹੁੰਦਾ। ਜੇਕਰ ਉਨ੍ਹਾਂ ਨੂੰ ਮਾਰਕੇ ਉਸੇ ਤਰਾਂ ਹੀ ਉਥ ਛੱਡ ਦੇਈਏ ਤਾਂ ਬਿਮਾਰੀ ਫੈਲਣ ਦਾ ਡਰ ਰਹਿੰਦਾ ਹੈ। ਇਸ ਚੀਜ਼ ਨੂੰ ਮੁੱਖ ਰਖਦੇ ਹੋਏ ਮੈਂ ਪੰਚਾਇਤ ਡਿਪਾਰਟਮੈਂਟ ਅਤੇ ਲੋਕਲ ਬਾਡੀਜ਼ ਡਿਪਾਰਟਮੇਂਟ ਦੇ ਨਾਲ ਮੀਟਿੰਗ ਵੀ ਕੀਤੀ ਹੈ ਤਾਂਕਿ ਉਹ ਪੰਚਾਇਤਾਂ ਦੇ ਰਾਹੀਂ ਮਾਰੇ ਗਏ ਕੁੱਤਿਆਂ ਦੀ ਡਿਸਪੋਜ਼ਲ ਵਾਸਤੇ ਸਾਨੂੰ ਕੋਆਪ੍ਰੇਸ਼ਨ ਦੇਣ ਤਾਂਕਿ ਅਸੀਂ ਇਸ ਮਸਲੇ ਨੂੰ ਹੱਲ ਕਰ ਸਕੀਏ।

---

## ਸਰਕਾਰੀ ਸੇਵਾ ਵਿੱਚ ਡਾਕਟਰਾਂ ਦੁਆਰਾ ਪ੍ਰਾਈਵੇਟ ਪ੍ਰੈਕਟਿਸ ਸਬੰਧੀ ਭਾਰਤ ਸਰਕਾਰ ਤੋਂ ਪ੍ਰਾਪਤ ਹੋਈ ਸਲਾਹ

*513. **1. ਕਾਮਰੇਡ ਸਰਵਣ ਸਿੰਘ**
**2. ਕਾਮਰੇਡ ਸੱਤ ਪਾਲ ਡਾਂਗ** } : ਕੀ ਸਿਹਤ ਅਤੇ ਸ਼ਹਿਰੀ ਵਿਕਾਸ

ਦੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:--

(ੳ) ਕੀ ਇਹ ਠੀਕ ਹੈ ਕਿ ਸਾਲ 1978 ਦੇ ਦੌਰਾਨ ਕਿਸ ਵਕਤ ਸਰਕਾਰ ਨੂੰ ਭਾਰਤ ਸਰਕਾਰ ਵੱਲੋਂ ਸਰਕਾਰੀ ਡਾਕਟਰਾਂ ਨੂੰ ਵੀ ਪ੍ਰਾਈਵੇਟ ਪ੍ਰੈਕਟਿਸ ਕਰਨ ਦੀ ਉਚਿੱਤਤਾ ਜਾਂ ਹੋਰਵੇਂ ਆਗਿਆ ਦੇਣ ਸਬੰਧੀ ਕੋਈ ਸਲਾਹ ਪ੍ਰਾਪਤ ਹੋਈ, ਜੇਕਰ ਅਜਿਹਾ ਹੋਵੇ ਤਾਂ ਸਲਾਹ ਕਿਸ ਪ੍ਰਕਾਰ ਦੀ ਸੀ ਅਤੇ ਇਹ ਕਿਸ ਤਰੀਕ ਨੂੰ ਪ੍ਰਾਪਤ ਹੋਈ ;

(ਅ) ਉਕਤ ਸਲਾਹ ਤੇ ਸਰਕਾਰ ਦੁਆਰਾ, ਜੇਕਰ ਕੋਈ ਫੈਸਲਾ ਕੀਤਾ ਗਿਆ ਹੈ ਤਾਂ ਉਸਦਾ ਵੇਰਵਾ ਕੀ ਹੈ ;

(ੲ) ਜੇਕਰ ਹੁਣ ਤੱਕ ਕੋਈ ਫੈਸਲਾ ਨਹੀਂ ਕੀਤਾ ਗਿਆ ਤਾਂ ਇਹ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸ੍ਰੀ ਦੇਸ ਰਾਜ:** (ੳ) ਰਾਜ ਸਰਕਾਰ ਨੂੰ ਭਾਰਤ ਸਰਕਾਰ ਵੱਲੋਂ ਇੱਕ ਹਵਾਲਾ ਅਕਤੂਬਰ, 1977 ਵਿੱਚ ਪ੍ਰਾਪਤ ਹੋਇਆ ਸੀ, ਜਿਸ ਰਾਹੀਂ ਰਾਜ ਸਰਕਾਰ ਨੂੰ ਸਰਕਾਰੀ ਡਾਕਟਰਾਂ ਦੁਆਰਾ ਕੀਤੀ ਜਾ ਰਹੀ ਪ੍ਰਾਈਵੇਟ ਪ੍ਰੈਕਟਿਸ ਬੰਦ ਕਰਨ ਦੇ ਮਸਲੇ ਤੇ ਵਿਚਾਰ ਕਰਨ ਲਈ ਬੇਨਤੀ ਕੀਤੀ ਗਈ ਸੀ। ਇਸ ਸਬੰਧੀ ਭਾਰਤ ਸਰਕਾਰ ਨੇ ਰਾਜ ਸਰਕਾਰ ਨੂੰ ਮੁੜ ਅਪਰੈਲ, 1978 ਵਿੱਚ ਯਾਦ ਕਰਵਾਇਆ ਸੀ।

(ਅ) ਤੇ (ੲ) ਸਰਕਾਰੀ ਹਸਪਤਾਲਾਂ ਵਿੱਚ ਪੇ-ਕਲਿਨਿਕਸ ਤੇ ਕੰਮ ਨੂੰ ਵਿਚਾਰਣ ਉਪਰੰਤ ਰਾਜ ਸਰਕਾਰ ਨੇ ਪੇ-ਕਲਿਨਿਕਸ ਦੀ ਸੰਸਥਾ ਮਿਤੀ 1 ਅਗਸਤ, 1978 ਤੋਂ ਖਤਮ ਕਰਨ ਦਾ ਫੈਸਲਾ ਕੀਤਾ ਹੈ। ਇਸ ਦੇ ਖਤਮ ਹੋ ਜਾਣ ਨਾਲ ਸਰਕਾਰੀ ਡਾਕਟਰਾਂ ਦੀ ਪ੍ਰਾਈਵੇਟ ਪ੍ਰੈਕਟਿਸ ਬਿਲਕੁਲ ਬੰਦ ਹੋ ਗਈ ਹੈ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤ ਪਾਲ ਡਾਂਗ :** ਮੈਂ ਪੁੱਛਣਾ ਚਾਹੁੰਦਾ ਹਾਂ ਕਿ ਡਾਕਟਰਾਂ ਦੀ ਪ੍ਰਾਈਵੇਟ ਪ੍ਰੈਕਟਿਸ ਬੰਦ ਕਰ ਦਿੱਤੀ ਹੈ, ਇਹ ਬਹੁਤ ਅੱਛਾ ਕੀਤਾ ਗਿਆ ਹੈ ਪਰ ਇਸ ਦੇ ਨਾਲ ਹੀ ਲੋਕਾਂ ਦਾ ਇਲਾਜ਼ ਠੀਕ ਚਲਦਾ ਰਹੇ ਡਾਕਟਰਾਂ ਵਿਚ ਰਿਜੈਂਟਮੈਂਟ ਨਾ ਹੋਵੇ ਅਤੇ ਜਿਹੜੇ ਮੈਡੀਕਲ ਕਾਲਜਾਂ ਵਿਚ ਸਿਖਿਆ ਪ੍ਰਾਪਤ ਕਰ ਰਹੇ ਹਨ ਉਨ੍ਹਾਂ ਦੀ ਮੰਗ ਅਨੁਸਾਰ ਆਲ ਇੰਡੀਆ ਮੈਡੀਕਲ ਇੰਸਟੀਚਿਊਟ ਅਤੇ ਪੀ. ਜੀ. ਆਈ. ਵਾਲੇ ਗਰੇਡ ਉਨ੍ਹਾਂ ਨੂੰ ਦਿੱਤੇ ਜਾਣ ਜਿਹੜੇ ਨਾਨ-ਟੀਚਿੰਗ ਡਾਕਟਰ ਹਨ ਉਨ੍ਹਾਂ ਦੇ ਗਰੇਡ ਸੈਂਟਰਲ ਲੈਵਲ ਤੇ ਉਨ੍ਹਾਂ ਦੇ ਗਰੇਡ ਆਲ ਇੰਡੀਆ ਮੈਡੀਕਲ ਇੰਸਟੀਚਿਊਟ ਅਤੇ ਪੀ. ਜੀ. ਆਈ. ਦੇ ਗਰੇਡਾਂ ਮੁਤਾਬਿਕ ਹੋ ਜਾਣ ਤਾਂਕਿ ਉਨ੍ਹਾਂ ਵਿਚ ਕਿਸੇ ਕਿਸਮ ਦੀ ਫਰੱਸਟਰੇਸ਼ਨ ਨਾ ਹੋਵੇ ਅਤੇ ਲੋਕਾਂ ਦਾ ਠੀਕ ਇਲਾਜ਼ ਹੋ ਸਕੇ, ਕੀ ਇਸ ਵਲ ਮਨਿਸਟਰ ਸਾਹਿਬ ਕੋਈ ਧਿਆਨ ਦੇਣਗੇ ?

**ਮੰਤਰੀ :** ਸਪੀਕਰ ਸਾਹਿਬ, ਜਿੱਥੋਂ ਤੱਕ ਗਰੇਡਾਂ ਦਾ ਸੁਆਲ ਹੈ, ਇਸ ਬਾਰੇ ਤਾਂ ਪੇ-ਕਮਿਸ਼ਨ ਬੈਠਾ ਹੈ। ਡਾਕਟਰ ਸਾਹਿਬਾਨ ਨੂੰ ਅਸੀਂ ਨਾਨ-ਪ੍ਰੈਕਟਿਸ ਅਲਾਊਂਸ ਦੇ ਰਹੇ ਹਾਂ ਪਰ ਜਿੱਥੋਂ ਤੱਕ ਗਰੇਡ ਰਿਵਾਈਜ਼ ਕਰਨ ਦਾ ਸਵਾਲ ਹੈ, ਉਸ ਬਾਰੇ ਪੇ-ਕਮਿਸ਼ਨ ਬੈਠਾ ਹੈ, ਉਹ ਕਰੇਗਾ।

**Mr. Speaker :** Question Hour is over. The remaining questions will be deemed to have been answered under rule 38 of the Rules of Procedure and Conduct of Business in the Punjab Vidhan Sabha (Punjab Legislative Assembly).

**ਸਰਦਾਰ ਉਮਰਾਓ ਸਿੰਘ :** ਸਪੀਕਰ ਸਾਹਿਬ, ਇਸ ਸਵਾਲ ਤੇ ਸਪਲੀਮੈਂਟਰੀਜ਼ ਕੱਲ ਤੇ ਰੱਖ ਲਵੋ ?

**ਸ੍ਰੀ ਸਪੀਕਰ :** ਨਹੀਂ ਜੀ। ਤੁਸੀਂ ਪਰੋਸੀਜ਼ਰ ਨੂੰ ਜਾਣਦੇ ਹੀ ਹੋ।

**ਸ੍ਰੀ ਮਨਮੋਹਨ ਕਾਲੀਆ :** ਇਸ ਨੂੰ ਕੱਲ ਵਾਸਤੇ ਰੱਖ ਲਵੋ ਜੀ।

**ਸ੍ਰੀ ਸਪੀਕਰ :** ਤੁਸੀਂ ਜਨਰਲ ਡਿਸਕਸ਼ਨ ਵੇਲੇ ਕਹਿ ਲੈਣਾ।

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### Loss of Punjab Roadways Bus during the year 1976-77

***577. Haji Anwar Ahmed Khan :** Will the Minister of State for Transport,Tourism and Sports be pleased to state:—

(a) whether it is a fact that Punjab Roadways lost one passenger bus during the year 1976-77 ;

(b) if the reply to part (a) above be in the affirmative whether the the said bus has since been traced out, if not, the reasons therefor ?

**ਸਰਦਾਰ ਸੁਖਦੇਵ ਸਿੰਘ ਢੀਂਡਸਾ :** (ੳ) ਹਾਂ ਜੀ।

(ਅ) 22 ਸਤੰਬਰ, 1976 ਨੂੰ ਪੰਜਾਬ ਰੋਡਵੇਜ਼ ਲੁਧਿਆਣਾ ਡੀਪੂ ਦੀ ਬੱਸ ਨੰ: ਪੀ. ਯੂ. ਜੇ. 6916 ਜਿਹੜੀ ਲੁਧਿਆਣਾਂ ਤੋਂ ਕੁਲੂ ਲਈ ਨਿਸਚਿਤ ਸਰਵਿਸ ਤੇ ਜਾ ਰਹੀ ਸੀ, ਮੰਡੀ-ਕੁਲੂ ਸੜਕ ਤੇ ਪੰਡੋਹ ਦੇ ਨੇੜੇ ਬਿਆਸ ਦਰਿਆ ਵਿੱਚ ਡਿੱਗ ਪਈ। ਕਾਫੀ ਕੋਸ਼ਿਸ਼ ਦੇ ਬਾਵਜੂਦ ਵੀ ਇਸ ਬੱਸ ਨੂੰ ਦਰਿਆ ਵਿਚੋਂ ਨਹੀਂ ਕੱਢਿਆ ਜਾ ਸਕਿਆ।

Original with;
Punjab Vidhan Sabha
Digitized by;
Panjab Digital Library

## Special Steps to Eradicate the Thefts/Loss of Bus fares by the Conductors of Punjab Roadways

***761. Sardar Prehlad Singh :** Will the Minister of State for Transport, Tourism and Sports be pleased to state measures adopted by Government to prevent the possibility of mis-appropriation of bus fares by bus conductors by not issuing bus tickets or by issuing fictitious/forged bus tickets to the passengers travelling by the Punjab Roadways buses ?

**ਸਰਦਾਰ ਸੁਖਦੇਵ ਸਿੰਘ ਢੀਂਡਸਾ :** ਬੱਸ ਕੰਡਕਟਰਾਂ ਵਲੋਂ ਕਰਾਇਆ ਲੈ ਕੇ ਯਾਤਰੀਆਂ ਨੂੰ ਟਿਕਟਾਂ ਨਾ ਦੇਣਾ ਜਾਂ ਜ਼ਾਲ੍ਹੀ ਟਿ ਕਟਾਂ ਦੇ ਕੇ ਸਰਕਾਰੀ ਆਮਦਨੀ ਵਿਚੋਂ ਗਬਨ ਕਰਨ ਦੀ ਸੰਭਵਤਾ ਨੂੰ ਰੋਕਣ ਹਿੱਤ ਜੋ ਉਪਾਅ ਕੀਤੇ ਗਏ ਹਨ ਉਨ੍ਹਾਂ ਦੀ ਸੂਚੀ (ਅਨੁਲਗ) ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

**ਅਨੁਲੱਗ**

1. ਟਿਕਟਾਂ ਦੀ ਛਪਾਈ ਦਾ ਕੰਮ ਕੰਟ੍ਰੋਲਰ ਛਪਾਈ ਅਤੇ ਲਿਖਣ ਸਮੱਗਰੀ ਵਿਭਾਗ ਰਾਹੀਂ ਕਰਵਾਇਆ ਜਾਂਦਾ ਹੈ ਤਾਂ ਜੋ ਜਾਲ੍ਹੀ ਟਿਕਟਾਂ ਦੀ ਛਪਾਈ ਨੂੰ ਰੋਕਿਆ ਜਾ ਸਕੇ।

2. ਟਿਕਟਾਂ ਦੀ ਛਪਾਈ ਲਈ ਇਕ ਵਿਸ਼ੇਸ਼ ਕਾਗਜ਼ 'ਮਾਟਲਡ ਪੇਪਰ' ਵਰਤੋਂ ਵਿਚ ਲਿਆਇਆ ਜਾਂਦਾ ਹੈ ਇਹ ਕਾਗਜ਼ ਮਾਰਕਿਟ ਵਿਚ ਉਪਲਬਧ ਨਹੀਂ ਹੁੰਦਾ। ਇਹ ਸਿੱਧਾ ਮਿਲਾਂ ਤੋਂ ਮੰਗਵਾਇਆ ਜਾਂਦਾ ਹੈ।

3. ਰੂਟ ਇਨਸਪੈਕਟਰਾਂ ਵਲੋਂ ਰੁਟੀਨ ਚੈਕਿੰਗ ਬਕਾਇਦਾ ਰੂਟਾਂ ਤੇ ਹੀ ਕੀਤੀ ਜਾਂਦੀ ਹੈ।

4. ਅਚਨਚੇਤ ਛਾਪਿਆਂ ਲਈ ਜਨਰਲ ਮੈਨੇਜਰ ਵਲੋਂ ਲੋਕਲ ਫਲਾਇੰਗ ਸਕੈਡ ਬਣਾਏ ਜਾਂਦੇ ਹਨ।

5. ਡਾਇਰੈਕਟਰ ਸਟੇਟ ਟ੍ਰਾਂਸਪੋਰਟ ਵਲੋਂ ਕੇਂਦਰੀ ਤੁਫਾਨੀ ਦਲ ਬਣਾਏ ਜਾਂਦੇ ਹਨ। ਇਹ ਦਸਤੇ ਜੀਪਾਂ ਅਤੇ ਕਾਰਾਂ ਰਾਹੀਂ ਦੂਰ ਦੂਰ ਦੇ ਰੂਟਾਂ ਤੇ ਜਾ ਕੇ ਅਚਨਚੇਤ ਛਾਪੇ ਮਾਰਦੇ ਹਨ।

6. ਇਕ ਵਿਸ਼ੇਸ਼ ਦਸਤਾ ਬੱਸਾਂ ਦੀ ਚੈਕਿੰਗ ਲਈ ਬਣਾਇਆ ਗਿਆ ਹੈ ਜਿਸ ਵਿਚ ਹੇਠ ਲਿਖੇ ਅਧਿਕਾਰੀ ਹਨ .---

| | | |
|---|---|---|
| (1) | ਜ਼ਿਲ੍ਹਾ ਟ੍ਰਾਂਸਪੋਰਟ ਅਫਸਰ | ਇੰਨਚਾਰਜ ਅਧਿਕਾਰੀ |
| (2) | ਪੰਜਾਬ ਰੋਡਵੇਜ ਦਾ ਟ੍ਰੈਫਿਕ ਮੈਨੇਜਰ | ਇੱਕ |
| (3) | ਪੰਜਾਬ ਰੋਡਵੇਜ਼ ਦੇ ਇਨਸਪੈਕਟਰ | ਦੋ |
| (4) | ਮੋਟਰ ਵਹਿਕਲ ਇਨਸਪੈਕਟਰ | ਇੱਕ |
| (5) | ਏ. ਆਈ. ਜੀ. (ਟ੍ਰੈਫਿਕ) ਦਾ ਸਬ ਇਨਸਪੈਕਟਰ | ਇੱਕ |
| (6) | ਏ. ਆਈ. ਜੀ. (ਟ੍ਰੈਫਿਕ) ਸਿਪਾਹੀ | ਦੋ |

7. ਇਨਸਪੈਕਟਰਾਂ ਦੀਆਂ ਡਿਊਟੀਆਂ ਹਰ ਮਹੀਨੇ ਬਦਲ ਦਿੱਤੀਆਂ ਜਾਂਦੀਆਂ ਹਨ।

8. ਕੰਡਕਟਰਾਂ ਅਤੇ ਡਰਾਈਵਰਾਂ ਦੀਆਂ ਡਿਊਟੀਆਂ ਵੀ ਹਰ 15 ਦਿਨਾਂ ਉਪਰੰਤ ਇਕ ਰੂਟ ਤੋਂ ਦੂਜੇ ਰੂਟਾਂ ਤੇ ਬਦਲ ਦਿੱਤੀਆਂ ਜਾਂਦੀਆਂ ਹਨ।

Original with;
Punjab Vidhan Sabha
Digitized by;
Panjab Digital Library

ਰਾਜ ਵਿਚ ਸੰਕਟਕਾਲ ਦੇ ਦੌਰਾਨ ਜੇਲ੍ਹ ਗਏ ਵਿਅਕਤੀਆਂ ਨੂੰ ਪੈਨਸ਼ਨਾਂ

*520. 1. **ਮਾਸਟਰ ਬਾਬੂ ਸਿੰਘ**
2. **ਕਾਮਰੇਡ ਸੱਤ ਪਾਲ ਡਾਂਗ** : ਕੀ ਮੁੱਖ ਮੰਤਰੀ ਕਿਰਪਾ ਕਰਕੇ:—

(ੳ) ਰਾਜ ਵਿਚ ਉਨ੍ਹਾਂ ਵਿਅਕਤੀਆਂ ਦੀ ਉਨ੍ਹਾਂ ਦੇ ਪਤਿਆਂ ਸਣੇ ਜ਼ਿਲ੍ਹਾ ਵਾਰ ਸੂਚੀ ਸਦਨ ਦੀ ਮੇਜ਼ ਤੇ ਰੱਖਣਗੇ ਜਿਨ੍ਹਾਂ ਨੂੰ ਸੰਕਟ ਕਾਲ ਦੇ ਦੌਰਾਨ ਜੇਲ੍ਹਾਂ ਵਿਚ ਜਾਣ ਕਰਕੇ ਪੈਨਸ਼ਨਾਂ ਮੰਜ਼ੂਰ ਕੀਤੀਆਂ ਗਈਆਂ ਹਨ ਅਤੇ ਹਰ ਕੇਸ ਵਿਚ ਪੈਨਸ਼ਨ ਦੀ ਦਰ ਕੀ ਹੈ ਅਤੇ ਇਹ ਕਿਸ ਤਰੀਖ ਨੂੰ ਮਨਜ਼ੂਰ ਕੀਤੀ ਗਈ;

(ਅ) ਦੱਸਣਗੇ ਕਿ ਅਜਿਹੀਆਂ ਪੈਨਸ਼ਨਾਂ ਲਈ ਅਰਜ਼ੀਆਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਹੈ ਜੋ ਪਹਿਲਾਂ ਰੱਦ ਕੀਤੀਆਂ ਜਾ ਚੁੱਕੀਆਂ ਹਨ;

(ੲ) ਦੱਸਣਗੇ ਕਿ ਅਜਿਹੀਆਂ ਪੈਨਸ਼ਨਾਂ ਲਈ ਅਰਜ਼ੀਆਂ ਦੀ ਜ਼ਿਲ੍ਹਾ ਵਾਰ ਗਿਣਤੀ ਕਿੰਨੀ ਹੈ ਜੋ ਅਜੇ ਪੈਂਡਿੰਗ ਹਨ ਅਤੇ ਜਿਨ੍ਹਾਂ ਦਾ ਫੈਸਲਾ ਅਜੇ ਤਕ ਕੀਤਾ ਜਾਣਾ ਹੈ;

(ਸ) ਦੱਸਣਗੇ ਕਿ ਇਨਾਂ ਸਾਰੀਆਂ ਅਰਜ਼ੀਆਂ ਦਾ ਫੈਸਲਾ ਕਿਸ ਮਿਤੀ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਹਰਭਜਨ ਸਿੰਘ** (ਖੁਰਾਕ ਤੇ ਸਪਲਾਈਜ਼ ਮੰਤਰੀ) : ਇਸ ਸਬੰਧੀ ਸਕੀਮ ਤੇ ਕਾਰ-ਵਾਈ ਕੀਤੀ ਜਾ ਰਹੀ ਹੈ। ਪੈਨਸ਼ਨਾਂ ਮੰਜ਼ੂਰ ਕੀਤੀਆਂ ਜਾ ਰਹੀਆਂ ਹਨ ਇਸ ਵੇਲੇ ਲੋੜੀਂਦੀ ਸੂਚਨਾ ਦੇਣੀ ਸੰਭਵ ਨਹੀਂ ਹੈ।

---

**Warning Against the Floods in Anandpur Sahib Sub-Division**

***772. Shri Madan Mohan Mittal** : Will the Chief Minister, be pleased to state:—

(a) whether it is a fact that warnings had been given time and again to take necessary steps to avoid floods in the Anandpur Sahib Sub-Division to the Drainage Department by the public representatives and the District Administration much before the rainy season set in ;

(b) if reply to part (a) above be in the affirmative, the steps taken by the Drainage Department in this regard ;

(c) if the reply to part (b) above be in the negative whether the Government proposes to hold an enquiry into the matter to fix responsibility on defaulting officers and take action against them ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ) ਸਿਰਫ ਕੁਝ ਅਰਜ਼ੀਆਂ ਆਈਆਂ ਸਨ।

(ਅ) ਜਿਥੇ ਜਿਥੇ ਪਿੰਡਾਂ ਦੀਆਂ ਆਬਾਦੀਆਂ ਪ੍ਰਭਾਵਿਤ ਹੋਈਆਂ ਸਨ ਜਿੰਨੇ ਪੈਸੇ ਸਨ ਉਨ੍ਹਾਂ ਨਾਲ ਲੋਕਲ ਪ੍ਰੋਟੈਕਸ਼ਨ ਕੰਮ ਹੱਥ ਵਿਚ ਲਿੱਤੇ ਗਏ ਸਨ।

(ੲ) ਸਵਾਲ ਹੀ ਪੈਦਾ ਨਹੀਂ ਹੁੰਦਾ।

Original with;
Punjab Vidhan Sabha
Digitized by;
Panjab Digital Library

ਉਦਯੋਗਿਕ ਵਿਭਾਗ ਵਿਚ ਤਕਨੀਕੀ ਸਲਾਹਕਾਰਾਂ ਦੀ ਨਿਯੁਕਤੀ

*485. **ਕਾਮਰੇਡ ਸੱਤ ਪਾਲ ਡਾਂਗ** : ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:--

(ੳ) ਕੀ ਵਰਤਮਾਨ ਮੰਤਰੀ ਮੰਡਲ ਦੇ ਕਾਰਜਭਾਗ ਸੰਭਾਲਣ ਤੋਂ ਬਾਅਦ ਉਦਯੋਗਿਕ ਵਿਭਾਗ ਵਿੱਚ ਤਕਨੀਕੀ ਸਲਾਹਕਾਰਾਂ ਦੀਆਂ ਕੋਈ ਨਿਯੁਕਤੀਆਂ ਕੀਤੀਆਂ ਗਈਆਂ ਹਨ ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਨਿਯੁਕਤ ਕੀਤੇ ਗਏ ਵਿਅਕਤੀਆਂ ਦੇ ਨਾਂ ਅਤੇ ਪਤੇ ਅਤੇ ਯੋਗਤਾਵਾਂ ਕੀ ਕੀ ਹਨ ਅਤੇ ਉਨ੍ਹਾਂ ਦੀਆਂ ਨਿਯੁਕਤੀਆਂ ਕਿਸ ਕਿਸ ਤਰੀਕ ਨੂੰ ਕੀਤੀਆਂ ਗਈਆਂ ;

(ਅ) ਕੀ ਉਕਤ ਵਰਣਿਤ ਕੇਸਾਂ ਵਿਚੋਂ ਕਿਸੇ ਕੇਸ ਵਿਚ ਨਿਸ਼ਚਿਤ ਯੋਗਤਾਵਾਂ ਨੂੰ ਘੱਟ ਕੀਤਾ ਗਿਆ ਸੀ ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ ?

**ਸ੍ਰੀ ਬਲਰਾਮਜੀ ਦਾਸ ਟੰਡਨ**: (ੳ) ਜੀ ਹਾਂ। ਪੰਜਾਬ ਰਾਜ ਵਿਚ ਨਿਰਯਾਤ ਨੂੰ ਬੜਾਵਾ ਦੇਣ ਲਈ ਸ੍ਰੀ ਪੀ. ਐਲ. ਰਾਹੀ ਨੂੰ ਆਨਰੇਰੀ ਹੈਸੀਅਤ (Honorary Capacity) ਵਿੱਚ ਇਕ ਰੁਪਿਆ ਪ੍ਰਤੀ ਮਹੀਨਾ ਦੀ ਟੋਕਨ ਤਨਖਾਹ ਤੇ ਉਦਯੋਗਿਕ ਸਲਾਹਕਾਰ ਨਿਯੁਕਤ ਕੀਤਾ ਗਿਆ ਸੀ। ਉਨ੍ਹਾਂ ਦੀ ਲਿਖਾ ਪੜ੍ਹੀ ਦਾ ਪਤਾ ਹੇਠ ਲਿਖੇ ਅਨੁਸਾਰ ਸੀ --

ਸ੍ਰੀ ਪੀ. ਐਲ. ਰਾਹੀ,

ਮਾਰਫਤ ਵੂਲ ਐਂਡ ਵੂਲਨ ਐਕਸਪੋਰਟ ਪਰਮੋਸ਼ਨ ਕੌਂਸਲ,
ਡੀ. ਸੀ. ਰੇਜ਼ੀਡੈਂਸ ਰੋਡ, ਸਿਵਲ ਲਾਈਨਜ਼, ਲੁਧਿਆਣਾ-141001.

ਸ੍ਰੀ ਰਾਹੀ ਐਮ. ਏ., ਡੀ. ਬੀ. ਐਮ. ਅਤੇ ਐਮ. ਬੀ. ਏ. ਦੀਆਂ ਯੋਗਤਾਵਾਂ ਰੱਖਦੇ ਹਨ। ਉਨ੍ਹਾਂ ਦੀ ਨਿਯੁਕਤੀ ਦੀ ਮਿਤੀ 6 ਜਨਵਰੀ, 1978 ਹੈ।

(ਅ) ਕਿਉਂਕਿ ਸ੍ਰੀ ਰਾਹੀ ਦੀ ਨਿਯੁਕਤੀ ਆਨਰੇਰੀ ਹੈਸੀਅਤ ਵਿੱਚ ਹੈ, ਇਸ ਲਈ ਉਸ ਦੀ ਨਿਯੁਕਤੀ ਲਈ ਯੋਗਤਾਵਾਂ ਨਿਰਧਾਰਤ ਕਰਨ ਜਾਂ ਢਿੱਲ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

---

**Loans to Newspapers having Small Circulation at Low Rates**

*741. **Sardar Dalbir Singh** : Will the Minister for Industries be pleased to state whether there is any proposal under the consideration of the Government to give loans at low rate of interest to Newspapers having limited circulation, if so, the details thereof and the approximate time by which it is likely to be implemented ?

**ਸਰਦਾਰ ਆਤਮਾ ਸਿੰਘ** (ਵਿਕਾਸ ਮੰਤਰੀ): ਸਰਕਾਰ ਦੇ ਵਿਚਾਰ ਅਧੀਨ ਅਜਿਹੀ ਕੋਈ ਤਜਵੀਜ਼ ਨਹੀਂ ਜਿਸ ਰਾਹੀਂ ਘੱਟ ਸਰਕੂਲੇਸ਼ਨ ਵਾਲੇ ਅਖਬਾਰਾਂ ਨੂੰ ਥੋੜ੍ਹੀ ਦਰ ਦੀ ਵਿਆਜ ਤੇ ਕਰਜ਼ਾ ਦਿਤਾ ਜਾਵੇ

Original with;
Punjab Vidhan Sabha
Digitized by;
Panjab Digital Library

ਮਈ, 1978 ਵਿਚ ਵਿੱਤ ਮੰਤਰੀ ਦਾ ਸੰਯੁਕਤ ਰਾਜ ਅਮਰੀਕਾ ਦਾ ਦੌਰਾ

*504. 1. ਕਾਮਰੇਡ ਦਾਨਾ ਰਾਮ
2. ਕਾਮਰੇਡ ਸੱਤ ਪਾਲ ਡਾਂਗ } :ਕੀ ਵਿੱਤ ਮੰਤਰੀ ਜੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਕੀ ਉਨ੍ਹਾਂ ਨੇ ਮਈ, 1978 ਵਿਚ ਵਿਸ਼ਵ ਬੈਂਕ ਨਾਲ ਰਾਜ ਵਿਚ ਕਈ ਕਸਬਿਆਂ ਲਈ ਮਲ ਨਿਕਾਸ ਅਤੇ ਪਾਣੀ ਦੀ ਸਪਲਾਈ ਸਕੀਮਾਂ ਲਈ ਬੈਂਕ ਦੁਆਰਾ ਤਜਵੀਜ਼ਤ ਕਰਜ਼ੇ ਦੀਆਂ ਸ਼ਰਤਾਂ ਬਾਰੇ ਗਲ ਬਾਤ ਕਰਨ ਲਈ ਸੰਯੁਕਤ ਰਾਜ ਅਮਰੀਕਾ ਦਾ ਦੌਰਾ ਕੀਤਾ ;

(ਅ) ਜੇਕਰ ਭਾਗ (ੳ) ਦਾ ਉਤਰ ਹਾਂ ਵਿਚ ਹੋਵੇ ਤਾਂ ਕੀ ਸ਼ਰਤਾਂ ਨੂੰ ਅੰਤਮ ਰੂਪ ਦਿੱਤਾ ਗਿਆ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੇ ਵੇਰਵੇ ਕੀ ਹਨ;

(ੲ) ਉਨ੍ਹਾਂ ਅਫ਼ਸਰਾਂ ਦੇ ਨਾਂ ਅਤੇ ਅਹੁਦੇ ਕੀ ਹਨ ਜਿਹੜੇ ਕਿ ਗਲ ਬਾਤ ਵਿਚ ਸਹਾਇਤਾ ਦੇਣ ਲਈ ਉਨ੍ਹਾਂ ਦੇ ਨਾਲ ਗਏ ?

**ਸਰਦਾਰ ਬਲਵੰਤ ਸਿੰਘ** : (ੳ) ਹਾਂ ਜੀ ।

(ਅ) ਹਾਂ ਜੀ ਸ਼ਰਤਾਂ ਨਿਰਧਾਰਤ ਹੋ ਚੁੱਕੀਆਂ ਹਨ ਅਤੇ ਨਿਰਧਾਰਤ ਸ਼ਰਤਾਂ ਵਿਚੋਂ ਮੁੱਖ ਮੁੱਖ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ :-

(1) ਭਾਰਤ ਸਰਕਾਰ ਨੂੰ ਅੰਤਰ-ਰਾਸ਼ਟਰੀ ਸਹਾਇਤਾ ਯੂ. ਐਸ. 38 ਮਿਲੀਅਨ (32.30 ਕਰੋੜ ਰੁਪਏ) ਦੀ ਰਕਮ ਕਰਜ਼ੇ ਵਜੋਂ ਮਿਲੇਗੀ ਜੋ ਕਿ ਪੰਜਾਬ ਸਰਕਾਰ ਨੂੰ 70% ਕਰਜ਼ੇ ਵਜੋਂ ਦਿਤੀ ਜਾਵੇਗੀ। ਭਾਰਤ ਸਰਕਾਰ ਵਲੋਂ ਪੰਜਾਬ ਸਰਕਾਰ ਨੂੰ ਦਿਤੀ ਗਈ ਰਕਮ ਤੇ $8\frac{1}{2}\%$ ਵਾਰਸ਼ਿਕ ਦਰ ਨਾਲ ਵਿਆਜ ਲਿਤਾ ਜਾਵੇਗਾ ਅਤੇ ਇਹ ਰਕਮ 25 ਸਾਲਾਂ ਵਿਚ ਸਮੇਤ 3 ਸਾਲ ਮੋਰੀਟੋਰੀਅਮ ਪੀਰੀਅਡ ਤੇ ਵਾਪਿਸ ਕਰਨੀ ਹੋਵੇਗੀ । ਪੰਜਾਬ ਸਰਕਾਰ ਇਹ ਰਕਮ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਨੂੰ ਕਰਜ਼ੇ ਵਜੋਂ ਦੇਵੇਗੀ ਅਤੇ ਬੋਰਡ ਇਹ ਰਕਮ ਉਨ੍ਹਾਂ ਸ਼ਰਤਾਂ ਤੇ ਹੀ ਨਗਰਪਾਲਕਾਵਾਂ/ਨਗਰ ਨਿਗਮਾਂ ਨੂੰ ਦੇਵੇਗਾ । ਜੀਵਨ ਬੀਮਾ ਨਿਗਮ ਵੀ ਪੰਜਾਬ ਵਾਟਰ ਸਪਲਾਈ ਸੀਵਰੇਜ ਬੋਰਡ ਨੂੰ 13 ਕਰੋੜ ਦੀ ਰਕਮ $8\frac{1}{2}\%$ ਸਾਲਾਨਾ ਵਿਆਜ ਦੀ ਦਰ ਤੇ ਕਰਜ਼ੇ ਵਜੋਂ ਦੇਵੇਗਾ। ਇਹ ਰਕਮ ਬੋਰਡ ਵਲੋਂ 25 ਸਾਲਾਂ ਵਿਚ ਸਮੇਤ 3 ਸਾਲ ਮੋਰੀਟੋਰੀਅਮ ਦੇ ਜੀਵਨ ਬੀਮਾ ਨਿਗਮ ਨੂੰ ਵਾਪਿਸ ਕਰਨੀ ਪਵੇਗੀ ।

(2) ਸਬੰਧਤ ਨਗਰਪਾਲਕਾਵਾਂ/ਨਗਰ ਨਿਗਮਾਂ ਵਲੋਂ ਆਪਣੀ ਨਗਰਪਾਲਕਾਵਾਂ/ਨਗਰ ਨਿਗਮਾਂ ਵਿਚ ਇਕ ਅਲੱਗ ਵਾਟਰ ਸਪਲਾਈ ਅਤੇ ਸੀਵਰੇਜ਼ ਵਿਭਾਗ ਖੋਲ੍ਹਣਾ ਹੋਵੇਗਾ ਜੋ ਕਿ ਸਕੀਮਾਂ ਦੀ ਸੰਭਾਲ ਅਤੇ ਵਿਸਥਾਰ ਦਾ ਕੰਮ ਕਰੇਗਾ। ਇਸ ਦੇ ਨਾਲ ਬਿਲ ਆਦਿ ਬਣਾਉਣਾ ਅਤੇ ਹਿਸਾਬ ਕਿਤਾਬ ਰਖਣ ਦਾ ਕੰਮ ਵੀ ਕਰੇਗਾ। ਨਗਰਪਾਲਕਾਵਾਂ/ਨਗਰ ਨਿਗਮਾਂ ਵਲੋਂ ਇਹ ਵਿਭਾਗ ਜੂਨ, 1978 ਤਕ ਸਥਾਪਤ ਕਰ ਦਿੱਤੇ ਜਾਣਗੇ ।

Original with;
Punjab Vidhan Sabha
Digitized by;
Panjab Digital Library

(3) (ੳ) ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਰਾਜਪੁਰਾ, ਬਠਿੰਡਾ, ਮੋਗਾ ਅਤੇ ਪਠਾਨਕੋਟ ਇਨ੍ਹਾਂ 8 ਸ਼ਹਿਰਾਂ ਵਿਚ ਪਾਣੀ ਦੇ ਰੇਟ ਇਕ ਸਮਾਨ ਹੋਣਗੇ। ਉਪਰੋਕਤ ਸ਼ਹਿਰਾਂ ਵਿਚੋਂ 6 ਸ਼ਹਿਰ, ਅੰਮ੍ਰਿਤਸਰ, ਲੁਧਿਆਣਾ, ਪਟਿਆਲਾ, ਰਾਜਪੁਰਾ, ਬਠਿੰਡਾ ਅਤੇ ਮੋਗਾ ਵਿਚ ਰੇਟ ਪਹਿਲਾਂ ਹੀ ਇਕ ਸਾਰ ਹਨ। ਜਲੰਧਰ ਅਤੇ ਪਠਾਨਕੋਟ ਵਿਚ ਜੁਲਾਈ, 1978 ਤੱਕ ਪਾਣੀ ਦੇ ਰੇਟ ਵਧਾਕੇ ਉਪਰੋਕਤ 6 ਸ਼ਹਿਰਾਂ ਵਿੱਚ ਲਾਗੂ ਰੇਟਾਂ ਦੇ ਬਰਾਬਰ ਕਰ ਦਿੱਤੇ ਜਾਣਗੇ।

(ਅ) ਜਿਹੜੇ ਜਿਹੜੇ ਘਰਾਂ ਨੂੰ ਸੀਵਰੇਜ਼ ਨਾਲ ਜੋੜਿਆਂ ਗਿਆ ਹੈ ਉਨ੍ਹਾਂ ਤੋਂ ਵਾਟਰ ਚਾਰਜਿਜ਼ ਦੇ ਮੁਤਾਬਿਕ/ਬਰਾਬਰ ਸੀਵਰੇਜ ਚਾਰਜਿਜ਼ 15 ਜੁਲਾਈ, 1978 ਤੋਂ ਵਸੂਲ ਕੀਤੇ ਜਾਣਗੇ।

(ੲ) ਜਿਹੜੇ ਜਿਹੜੇ ਘਰ ਸੀਵਰ ਲਾਈਨ ਦੇ ਕੰਢੇ ਉਤੇ ਹਨ ਉਨ੍ਹਾਂ ਤੋਂ 1 ਅਪਰੈਲ, 1979 ਤੋਂ ਵਾਟਰ ਚਾਰਜਿਜ਼ ਦੇ ਬਰਾਬਰ ਸੀਵਰੇਜ ਚਾਰਜਿਜ਼ ਲਿਤੇ ਜਾਣਗੇ ਭਾਵੇਂ ਉਨ੍ਹਾਂ ਨੇ ਸੀਵਰ ਕੁਨੈਕਸ਼ਨ ਲਏ ਹੋਣ ਜਾਂ ਨਾ।

(4) ਨਗਰ ਨਿਗਮ/ਨਗਰ ਪਾਲਕਾਵਾਂ ਵਿਚ ਕੀ-ਪਰਸੋਨਲ ਦੀ ਨਿਯੁਕਤੀ ਕਰਨ ਤੋਂ ਪਹਿਲਾਂ ਪੰਜਾਬ ਸਰਕਾਰ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਤੋਂ ਨਿਯੁਕਤ ਕੀਤੇ ਜਾਣ ਵਾਲੇ ਕੀ-ਪਰਸੋਨਲ ਦੀ ਯੋਗਤਾ ਅਤੇ ਤਜਰਬੇ ਦੀ ਉਚਿਤਤਾ ਸਬੰਧੀ ਸਲਾਹ ਲੈਂਦੀ ਹੈ ਅਤੇ ਲੈਂਦੀ ਰਹੇਗੀ।

(5) ਠੀਕ ਸੰਸਥਕ ਪ੍ਰਬੰਧਾਂ ਦੀ ਖੋਜ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਪੰਜਾਬ ਵਾਟਰ ਸਪਲਾਈ ਤੇ ਸੀਵਰੇਜ਼ ਬੋਰਡ ਨਗਰ ਨਿਗਮ/ਨਗਰਪਾਲਕਾਵਾਂ ਨੂੰ ਕਰਜ਼ੇ ਦੇ ਸਕਣ ਅਤੇ ਜੇਕਰ ਨਗਰ ਨਿਗਮ/ਨਗਰਪਾਲਕਾਵਾਂ ਅਜਿਹਾ ਚਾਹੁੰਣ ਤਾਂ ਉਨ੍ਹਾਂ ਦੇ ਕੰਮ ਮੈਂਨਟੀਨੈਂਸ, ਬਿਲ ਆਦਿ ਬਣਾਉਣ ਤੇ ਹਿਸਾਬ ਕਿਤਾਬ ਵੇਖਣ ਦਾ ਕੰਮ ਬੋਰਡ ਨੂੰ ਦਿੱਤਾ ਜਾ ਸਕੇ।

(6) ਕੇਵਲ ਕੰਕਰੀਟ ਅਤੇ ਸਟੋਨ ਵੇਯਰ ਪਾਈਪ ਤੋਂ ਇਲਾਵਾ ਬਾਕੀ ਸਾਰਾ ਸਾਮਾਨ ਅਤੇ ਮਸ਼ੀਨਰੀ ਜਿਸ ਦੀ ਕੀਮਤ ਯੂ. ਐਸ. ਇਕ ਮਿਲੀਅਨ (0.85 ਕਰੋੜ ਰੁਪਏ) ਹੈ, ਦੀ ਖਰੀਦ ਅੰਤਰ ਰਾਸ਼ਟਰੀ ਪੱਧਰ ਤੇ ਕੰਪੀਟੀਟਿਵ ਬ੍ਰੀਡਿੰਗ ਰਾਹੀਂ ਕੀਤੀ ਜਾਵੇਗੀ।

(7) ਵਾਟਰ ਸਪਲਾਈ ਅਤੇ ਸੀਵਰੇਜ਼ ਕੁਨੈਕਸ਼ਨ ਜਿਸ ਵਿਚ ਟੂ-ਆਇਲੈਟਸ ਲਗਾਉਣਾ ਵੀ ਸ਼ਾਮਲ ਹੈ, ਦਾ ਕੰਮ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਰਾਹੀਂ ਕੀਤਾ ਜਾਵੇਗਾ।

ਭਾਗ ਲੈਣ ਵਾਲੀਆਂ ਵੱਖ ਵੱਖ ਅਜੰਸੀਆਂ ਨੂੰ ਹੇਠ ਲਿਖੇ ਐਗਰੀਮੈਂਟ ਦੀ ਵੀ ਪਾਲਣਾ ਕਰਨੀ ਹੋਵੇਗੀ :—

(ੳ) ਭਾਰਤ ਸਰਕਾਰ ਅਤੇ ਅੰਤਰ-ਰਾਸ਼ਟਰੀ ਵਿਕਾਸ ਸੰਘ ਵਿਚ ਹੋਇਆ ਐਗਰੀਮੈਂਟ-ਡਿਵੈਲਪਮੈਂਟ ਕਰੈਡਿਟ ਐਗਰੀਮੈਂਟ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

(ਅ) ਅੰਤਰ-ਰਾਸ਼ਟਰੀ ਵਿਕਾਸ ਸੰਘ ਅਤੇ ਪੰਜਾਬ ਸਰਕਾਰ ਵਿਚ ਹੋਇਆ ਐਗਰੀਮੈਂਟ-ਪੰਜਾਬ ਐਗਰੀਮੈਂਟ ।

(ੲ) ਅੰਤਰ-ਰਾਸ਼ਟਰੀ ਵਿਕਾਸ ਸੰਘ ਅਤੇ ਜੀਵਨ ਬੀਮਾ ਨਿਗਮ ਵਿਚ ਹੋਇਆ ਐਗਰੀ-ਮੈਂਟ--ਐਲ. ਆਈ. ਸੀ. ਐਗਰੀਮੈਂਟ ।

(ਸ) ਅੰਤਰ-ਰਾਸ਼ਟਰੀ ਵਿਕਾਸ ਸੰਘ ਅਤੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵਿਚ ਹੋਇਆ ਐਗਰੀਮੈਂਟ--ਪ੍ਰਾਜੈਕਟ ਐਗਰੀਮੈਂਟ ।

(ਹ) ਪੰਜਾਬ ਸਰਕਾਰ ਅਤੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵਿਚ ਹੋਇਆ ਐਗਰੀਮੈਂਟ—ਗਰੰਟੀ ਐਗਰੀਮੈਂਟ ।

(ਕ) ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਅਤੇ ਨਗਰ ਨਿਗਮ/ਨਗਰਪਾਲਕਾਵਾਂ ਦੇ ਵਿਚ ਹੋਇਆ ਐਗਰੀਮੈਂਟ—ਸਬਸਿਡੀਅਰੀ ਲੋਨ ਐਗਰੀਮੈਂਟ ।

(ੲ) ਵਿਸ਼ਵ ਬੈਂਕ ਨਾਲ ਸਮਝੌਤੇ ਦੇ ਸਬੰਧ ਵਿਚ ਹੇਠ ਲਿਖੇ ਅਫਸਰਾਂ ਨੇ ਮਈ, 1978 ਵਿਚ ਵਾਸ਼ਿੰਗਟਨ ਦਾ ਦੌਰਾ ਕੀਤਾ :—

ਭਾਰਤ ਸਰਕਾਰ

ਸ੍ਰੀ ਵਾਈ. ਵੀ. ਰੈਡੀ, ਡਿਪਟੀ ਸਕੱਤਰ, ਡਿਪਾਰਟਮੈਂਟ ਆਫ ਇਕਨੌਮਿਕ ਅਫੇਅਰਜ਼ ।

ਪੰਜਾਬ ਸਰਕਾਰ

1. ਸ੍ਰੀ ਜੋਗਿੰਦਰ ਸਿੰਘ, ਕਮਿਸ਼ਨਰ ਅਤੇ ਸਕੱਤਰ, ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ, ਚੰਡੀਗੜ੍ਹ ।

2. ਸ੍ਰੀ ਏ. ਐਸ. ਚੱਠਾ, ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਚੰਡੀਗੜ੍ਹ ।

ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ

1. **ਸ੍ਰੀ ਕ੍ਰਿਸ਼ਨ ਲਾਲ ਮੈਨੀ**, ਚੇਅਰਮੈਨ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ।

2. **ਸ੍ਰੀ ਐਚ. ਐਸ. ਮਨੋਚਾ**, ਮੈਨੇਜਿੰਗ ਮੈਂਬਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ।

ਭਾਰਤ ਜੀਵਨ ਬੀਮਾ ਨਿਗਮ

ਸ੍ਰੀ ਸੀ. ਆਰ. ਠਾਕੁਰ, ਚੀਫ (ਇਨਵੈਸਟਮੈਂਟ), ਭਾਰਤ ਜੀਵਨ ਬੀਮਾ ਨਿਗਮ, ਬੰਬਈ ।

---

**ਬੰਗਾ ਵਿਖੇ ਸਬ-ਟਰੇਜ਼ਰੀ**

*766. **ਕਾਮਰੇਡ ਹਰਬੰਸ ਸਿੰਘ ਬੀਕਾ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬੰਗਾ ਵਿਖੇ ਸਬ-ਟਰੇਜ਼ਰੀ ਖੋਲ੍ਹਣ ਦੀ ਕੋਈ ਤਜਵੀਜ਼ ਹੈ ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕਿਤਨੇ ਸਮੇਂ ਤੱਕ ਖੋਲ੍ਹੇ ਜਾਣ ਦੀ ਸੰਭਾਵਨਾ ਹੈ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਵੰਤ ਸਿੰਘ** : ਜੀ ਨਹੀਂ। ਬੰਗਾ ਵਿਖੇ ਉਪ-ਖਜ਼ਾਨਾ ਖੋਲ੍ਹਣ ਦੀ ਯੋਜਨਾ ਇਸ ਥਾਂ ਤੇ ਮਾਲ ਵਿਭਾਗ ਦੁਆਰਾ ਸਬ-ਤਹਿਸੀਲ ਸਥਾਪਤ ਕਰਨ ਤੱਕ ਲੰਬਿਤ ਕਰ ਦਿੱਤੀ ਗਈ ਹੈ।

---

**ਹੋਲਾ ਮਹੱਲਾ, ਅਨੰਦਪੁਰ ਸਾਹਿਬ ਅਤੇ ਸ੍ਰੀ ਨੈਣਾਦੇਵੀ ਦੇ ਮੇਲੇ ਦੇ ਮੌਕੇ ਤੇ ਲਸੰਸ ਤੇ ਜ਼ਮੀਨ ਦੀ ਨਿਲਾਮੀ।**

*765. **ਸ੍ਰੀ ਮਦਨ ਮੋਹਨ ਮਿੱਤਲ** : ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਐਸ. ਡੀ. ਓ. ਸਿਵਲ, ਆਨੰਦਪਰ ਸਾਹਿਬ, ਜ਼ਿਲ੍ਹਾ ਰੋਪੜ ਨੇ ਹੋਲਾ ਮਹੱਲਾ 1978 ਅਤੇ 1978 ਵਿਚ ਸ੍ਰੀ ਨੈਣਾ ਦੇਵੀ ਦੇ ਮੇਲੇ ਦੇ ਮੌਕੇ ਤੇ ਫੇਰੀ ਵਾਲਿਆਂ ਦੀ ਵਰਤੋਂ ਲਈ ਲਸੰਸ ਤੇ ਸਰਕਾਰੀ ਜ਼ਮੀਨ ਦੀ ਨਿਲਾਮੀ ਕੀਤੀ ਸੀ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਸਿਟੇ ਵਜੋਂ ਕੁਲ ਕਿੰਨੀ ਰਕਮ ਵਸੂਲ ਕੀਤੀ ਗਈ ?

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ** : ਪਹਿਲਾ ਭਾਗ : ਹਾਂ ਜੀ।

ਦੂਜਾ ਭਾਗ : 6,535 ਰੁਪਏ।

---

**Concrete Banks of River Sutlej**

*789. **Sardar Charanjit Singh** : Will the Chief Minister be pleased to state:—

(a) whether the Government has prepared any estimates for making the banks of river sutlej concrete in view of recent floods; if so, the details thereof ;

(b) the total amount and form of compensation given by the Goverment during 1955-56 and 1973;

(c) whether the Government has estimated the loss caused by the floods in 1978 ; if so, the district-wise details of loss in respect of houses, animal, fodder and crops and the criteria fixed for calculating the loss ;

(d) whether the Government propose to construct bunds on either sides of the river in order to check the above mentioned losses in future ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ) ਨਹੀਂ ਜੀ। ਵੇਰਵੇ ਦੀ ਜ਼ਰੂਰਤ ਨਹੀਂ ਹੈ।

(ਅ) ਸੂਚਨਾ ਫੀਲਡ ਵਿਚੋਂ ਇਕੱਠੀ ਕੀਤੀ ਜਾ ਰਹੀ ਹੈ।

(ੲ) ਸੂਚਨਾ ਫੀਲਡ ਵਿਚੋਂ ਇਕੱਠੀ ਕੀਤੀ ਜਾ ਰਹੀ ਹੈ।

(ਸ) ਨਹੀਂ ਜੀ।

---

**Corruption Case against the Wakf Board (Punjab Branch)**

*576. **Haji Anwar Ahmed Khan** : Will the Minister for Finance be pleased to state whether any case of corruption concerning the Wakf Board (Punjab Branch) was reported during the year 1977-78 ; if so, the details thereof ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ (ਮੁੱਖ ਮੰਤਰੀ)** : ਨਹੀਂ ਜੀ।

Original with;
Punjab Vidhan Sabha
Digitized by;
Panjab Digital Library

**Advisory Committees constituted by Government for Municipal Corporations**

***512. 1. Comrade Dana Ram**
**2. Comrade Satya Pal Dang** } : Will the Minister for Finance be pleased to state:—

(a) the dates on which the Advisory Committees were constituted by the Government for the three Municipal Corporations in the State ;

(b) whether copies of the proceedings of the meetings of the said Advisory Committees were sent to the Government ; if so, the number of meetings held so far and the dates on which these were held by each Advisory Committee ?

**ਸਰਦਾਰ ਬਲਵੰਤ ਸਿੰਘ** : (ੳ) ਤਿੰਨਾਂ ਨਗਰ ਨਿਗਮਾਂ ਦੀਆਂ ਸਲਾਹਕਾਰ ਕਮੇਟੀਆਂ ਮਿਤੀ 29 ਨਵੰਬਰ, 1977, ਨੂੰ ਬਣਾਈਆਂ ਗਈਆਂ ਹਨ;

(ਅ) ਸਲਾਹਕਾਰ ਕਮੇਟੀ ਦੀਆਂ ਮੀਟਿੰਗਾਂ ਦੀ ਕਾਰਵਾਈਆਂ ਦੀਆਂ ਕਾਪੀਆਂ ਸਰਕਾਰ ਨੂੰ ਭੇਜੀਆਂ ਜਾਂਦੀਆਂ ਸਨ। ਜਿਨ੍ਹਾਂ ਮਿਤੀਆਂ ਨੂੰ ਇਨ੍ਹਾਂ ਤਿੰਨਾਂ ਸਲਾਹਕਾਰ ਕਮੇਟੀਆਂ ਦੀਆਂ ਮੀਟਿੰਗਾਂ ਹੋਈਆਂ, ਉਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:—

| ਅੰਮ੍ਰਿਤਸਰ | ਜਲੰਧਰ | ਲੁਧਿਆਣਾ |
|---|---|---|
| 2--1--78 | 28--12--77 | 21--12--77, 27--1--78 |
| 9--2--78 | 10--2--78 | 4--3--78, 18--3--78 |
| 27--5--78 | 12--4--78 | 20--4--78, 20--5--78 |
| 9--6--78 | 20--4--78 | 24-6--78, 15--7--78 |
| 1--7--78 | 30--6--78 | ਅਤੇ |
| 10--8--78 | | 16--7--78 |

## UNSTARRED QUESTIONS AND ANSWERS

**ਡਾਕਟਰੀ ਸਿਖਿਆ ਵਿਭਾਗ ਵਿਚ ਅਜਿਹੇ ਅਫਸਰ/ਕਰਮਚਾਰੀ ਜਿਨ੍ਹਾਂ ਨੂੰ ਰਿਟਾਇਰ ਹੋਣ ਤੋਂ ਬਾਅਦ ਵੀ ਕੰਮ ਕਰਨ ਲਈ ਇਜਾਜ਼ਤ ਦਿਤੀ ਗਈ।**

185. **ਕਾਮਰੇਡ ਸੱਤ ਪਾਲ ਡਾਂਗ** : ਕੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਡਾਕਟਰੀ ਸਿਖਿਆ ਵਿਭਾਗ ਦੇ ਉਨ੍ਹਾਂ ਅਫਸਰਾਂ/ਕਰਮਚਾਰੀਆਂ ਦੇ ਨਾਂ ਅਤੇ ਅਹੁਦੇ ਕੀ ਕੀ ਹਨ ਜਿਨ੍ਹਾਂ ਨੂੰ ਰਿਟਾਇਰ ਹੋਣ ਤੋਂ ਬਾਅਦ ਸਾਲ 1978 ਦੌਰਾਨ ਕੰਮ ਕਰਨ ਦੀ ਇਜਾਜ਼ਤ ਦਿਤੀ ਗਈ ਜਾਂ ਜਿਨ੍ਹਾਂ ਨੇ ਕੁਝ ਸਮੇਂ ਲਈ ਅਸਲ ਵਿਚ ਕੰਮ ਕੀਤਾ; ਜੇਕਰ ਅਜਿਹਾ ਹੋਵੇ ਤਾਂ ਕਿੰਨੇ ਸਮੇਂ ਲਈ ਅਤੇ ਹਰ ਇਕ ਕੇਸ ਵਿਚ ਇਸ ਦੇ ਕੀ ਕਾਰਨ ਹਨ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਆਤਮਾ ਸਿੰਘ** : ਡਾ: ਮਹਿੰਦਰ ਸਿੰਘ ਗਰੇਵਾਲ ਅਤੇ ਡਾਕਟਰ ਪ੍ਰੀਤਮ ਸਿੰਘ, ਜੋ ਦੋਵੇਂ ਸੁਪਰਐਨੂਏਸ਼ਨ ਦੀ ਉਮਰ ਤੇ ਪਹੁੰਚਣ ਦੀ ਮਿਤੀ ਨੂੰ ਡਾਇਰੈਕਟਰ, ਖੋਜ ਅਤੇ ਮੈਡੀਕਲ ਸਿਖਿਆ ਦੀ ਆਸਾਮੀ ਤੇ ਲੱਗੇ ਹੋਏ ਸਨ, ਨੂੰ ਉਸ ਮਿਤੀ ਉਪਰੰਤ, ਲੋਕ ਹਿੱਤ ਵਿਚ ਕਰਮਵਾਰ ਮਿਤੀ 1 ਜਨਵਰੀ, 1978 ਤੋਂ 31 ਮਾਰਚ, 1978 ਤੱਕ ਤਿੰਨ ਮਹੀਨੇ ਲਈ ਅਤੇ ਮਿਤੀ 1 ਤੋਂ 12 ਜੁਲਾਈ, 1978 ਤੱਕ 12 ਦਿਨ ਲਈ, ਸੇਵਾ ਵਿਚ ਰੱਖਿਆ ਗਿਆ ਸੀ।

---

## Shifting of Ropar Bus Stand

**186. Comrade Satya Pal Dang** : Will the Minister of State for Transport, Tourism and Sports be pleased to state:—

(a) whether the Government have under consideration any proposal to shift the Ropar (Roop-Nagar) Bus Stand from the present site in view of its being inconvenient for the public;

(b) if the reply to part (a) above be in the affirmative; whether any alternative site has been selected; if so, its location and the time by which the bus stand is likely to be shifted ?

**ਸਰਦਾਰ ਸੁਖਦੇਵ ਸਿੰਘ ਢੀਂਡਸਾ** : (ੳ) ਹਾਂ ਜੀ ।

(ਅ) ਹਾਂ ਜੀ, ਦੂਸਰੀ ਥਾਂ ਜਿਸਦਾ ਰਕਬਾ 70 ਕ. 8 ਮ. ਹੈ, ਰੂਪਨਗਰ-ਕੁਰਾਲੀ ਰੋਡ ਤੇ ਬਾਗ ਅਤੇ ਅੱਗਰਵਾਲ ਕੋਲਡ ਸਟੋਰੇਜ਼ ਦੇ ਵਿਚਕਾਰ ਚੁਣੀ ਜਾ ਚੁਕੀ ਹੈ। ਲੈਂਡ ਐਕੁਈਜ਼ੀਸ਼ਨ ਐਕਟ, 1894 ਅਧੀਨ ਭੋਂ ਪ੍ਰਾਪਤ ਕਰਨ ਲਈ ਨੋਟੀਫੀਕੇਸ਼ਨ ਪ੍ਰਕਾਸ਼ਤ ਕੀਤੇ ਜਾ ਚੁਕੇ ਹਨ। ਲੈਂਡ ਐਕੁਈਜ਼ੀਸ਼ਨ ਕੁਲੈਕਟਰ ਨੇ ਹਾਲੇ ਅਵਾਰਡ ਸੁਣਾਉਣਾ ਹੈ। ਅਗਲੇਰੀ ਕਾਰਵਾਈ ਅਵਾਰਡ ਸੁਣਾਉਣ ਉਪਰੰਤ ਕੀਤੀ ਜਾਵੇਗੀ ।

---

## Unstarred Question No. 187

(Extension has been asked for in respect of Unstarred Question No. 187)

**ਜਸਵਿੰਦਰ ਸਿੰਘ ਬਰਾੜ,**

ਡੀ. ਓ. ਨੰ: ਸੀ-8-78/ਸ਼ਤੰਬਰ, 3
ਸਹਿਕਾਰਤਾ ਮੰਤਰੀ, ਪੰਜਾਬ,
ਚੰਡੀਗੜ੍ਹ ।

ਮਿਤੀ 11 ਸਤੰਬਰ, 1978

**ਵਿਸ਼ਾ** : ਵਿਧਾਨ ਸਭਾ ਅਨਸਟਾਰਡ ਸਵਾਲ ਨੰ: 187—ਕਾਮਰੇਡ ਸੱਤ ਪਾਲ ਡਾਂਗ ਵਲੋਂ—ਕੋਆਪਰੇਟਿਵ ਲੋਨ ਦੀ ਰਿਕਵਰੀ ਬਾਰੇ ।

ਪਿਆਰੇ

ਪੰਜਾਬ ਵਿਧਾਨ ਸਭਾ ਦੇ ਅਨਸਟਾਰਡ ਸਵਾਲ ਨੰ: 187 ਜੋ ਮਿਤੀ 12 ਸਿਤੰਬਰ, 1978 ਦੀ ਸਵਾਲਾਂ ਦੀ ਸੂਚੀ ਵਿਚ ਕਾਮਰੇਡ ਸੱਤ ਪਾਲ ਡਾਂਗ, ਐਮ. ਐਲ. ਏ. ਦੇ ਨਾਂ ਹੇਠ (ਵਲੋਂ)

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ। ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਸ ਸੁਆਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕੀਤਾ ਜਾਵੇ ਅਤੇ ਇਸ ਸੁਆਲ ਨੂੰ ਮਿਤੀ 12 ਸਤੰਬਰ, 1978 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ।

ਹਿਤੂ,

(ਸਹੀ) . . .,
(ਜਸਵਿੰਦਰ ਸਿੰਘ ਬਰਾੜ)

ਸਰਦਾਰ ਰਵੀ ਇੰਦਰ ਸਿੰਘ,
ਸਪੀਕਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ।

**ਹਰੀਜਨਾਂ ਅਤੇ ਹੋਰ ਗਰੀਬ ਆਦਮੀਆਂ ਤੇ ਸਮਾਜਿਕ ਅਤਿਆਚਾਰਾਂ ਦੇ ਕੇਸ**

188. **ਕਾਮਰੇਡ ਸੱਤ ਪਾਲ ਡਾਂਗ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅਪਰੈਲ, 1978 ਤੋਂ ਪਿੰਡਾਂ ਵਿਚ ਵਸਦੇ ਹਰੀਜਨਾਂ ਅਤੇ ਦੂਜੇ ਗਰੀਬ ਲੋਕਾਂ ਤੇ ਸਮਾਜਿਕ ਜ਼ਿਆਦਤੀਆਂ (ਅਰਥਾਤ ਨਾਕਾ ਬੰਦੀ, ਕੁੱਟਮਾਰ, ਔਰਤਾਂ ਦੀ ਬੇਇਜ਼ਤੀ ਕਰਨ, ਕਤਲ, ਵਾਧੂ ਜ਼ਮੀਨ ਅਤੇ ਅਲਾਟ ਕੀਤੇ ਗਏ ਪਲਾਟਾਂ ਤੇ ਜਬਰਦਸਤੀ ਕਬਜ਼ਾ ਕਰਨ) ਦੇ ਕਿੰਨੇ ਕੇਸ ਸਰਕਾਰ ਜਾਂ ਵੱਖ ਵੱਖ ਪੱਧਰ ਤੇ ਅਧਿਕਾਰੀਆਂ ਦੇ ਨੋਟਿਸ ਵਿੱਚ ਲਿਆਂਦੇ ਗਏ ; ਜੇਕਰ ਅਜਿਹਾ ਹੋਵੇ, ਤਾਂ ਸਰਕਾਰ ਨੇ ਇਸ ਬਾਰੇ ਕੀ ਕਾਰਵਾਈ ਕੀਤੀ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : 1 ਅਪਰੈਲ, 1978 ਤੋਂ 31 ਜੁਲਾਈ, 1978 ਤੱਕ ਇਕ ਕਤਲ ਦਾ ਮੁਕੱਦਮਾ ਨੰਬਰ 128, ਮਿਤੀ 8 ਜੂਨ, 1978 ਅ/ਧ 302 ਹਿੰ: ਡੰ: ਥਾਣਾ ਮਾਹਿਲ-ਪੁਰ ਜ਼ਿਲ੍ਹਾ ਹੁਸ਼ਿਆਰਪੁਰ ਦਰਜ ਹੋਇਆ ਹੈ।

ਇਸ ਕੇਸ ਦੇ ਸੰਖੇਪ ਹਾਲਾਤ ਇਸ ਪ੍ਰਕਾਰ ਹਨ। ਮਰਹੂਮ ਸੁੱਚਾ ਸਿੰਘ ਅਤੇ ਦੋਸ਼ੀ ਜਰਨੈਲ ਸਿੰਘ ਨੇ ਇਕੱਠਾ ਅੰਮ੍ਰਿਤ ਛਕਿਆ। ਬਾਅਦ ਵਿੱਚ ਜਰਨੈਲ ਸਿੰਘ ਸ਼ਰਾਬ ਪੀਣ ਲੱਗ ਗਿਆ। ਜਿਸ ਦੀ ਸੁੱਚਾ ਸਿੰਘ ਨੇ ਨਿੰਦਾ ਕੀਤੀ, ਜਿਸ ਦੇ ਸਿੱਟੇ ਵਜੋਂ ਜਰਨੈਲ ਸਿੰਘ ਤੇ ਉਸਦੇ 2 ਹੋਰ ਸਾਥੀਆਂ ਨੇ ਸੁੱਚਾ ਸਿੰਘ ਨੂੰ ਕਤਲ ਕਰ ਦਿੱਤਾ। ਦੋਸ਼ੀ ਗ੍ਰਿਫਤਾਰ ਕੀਤੇ ਗਏ ਹਨ। ਕੇਸ ਦਾ ਚਾਲਾਨ ਪੇਸ਼ ਅਦਾਲਤ ਕੀਤਾ ਗਿਆ ਹੈ।

## POINTS OF ORDER RE. ADJOURNMENT MOTION

**ਡਾਕਟਰ ਕੇਵਲ ਕ੍ਰਿਸ਼ਨ** : ** ** **

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਜੇ ਕੋਈ ਐਡਜਰਨਮੈਂਟ ਮੋਸ਼ਨ ਦਾ ਮਸਲਾ ਹੈ ਜਾਂ ਕੋਈ ਹੋਰ ਮਸਲਾ ਹੈ-which concern you and me, please come and see me in my Chamber. Please do not waste the time of the House.

**ਡਾਕਟਰ ਕੇਵਲ ਕ੍ਰਿਸ਼ਨ** : ** ** **

**ਸ੍ਰੀ ਸਪੀਕਰ** : ਮੈਂ ਕੱਲ ਵੀ ਗਲ ਕਹੀ ਸੀ (*Interruption*). This is no point of order. Please take your seat now

**ਮਾਸਟਰ ਚੰਦ ਸਿੰਘ** : ** ** **

**ਸ੍ਰੀ ਸਪੀਕਰ** : ਮਾਸਟਰ ਜੀ, ਪੁਆਇੰਟ ਆਫ਼ ਆਰਡਰ ਤਾਂ ਰੂਲਜ਼ ਦੇ ਮੁਤਾਬਿਕ ਹੀ ਰੇਜ਼ ਹੋਣਾ ਚਾਹੀਦਾ ਹੈ।

**ਮਾਸਟਰ ਚੰਦ ਸਿੰਘ** : ** ** **

**ਸ੍ਰੀ ਸਪੀਕਰ** : ਤੁਸੀਂ ਆਪਣੇ ਪੁਆਇੰਟ ਡਿਸਕਸ਼ਨ ਵਿਚ ਰੇਜ਼ ਕਰ ਲੈਣਾ। I am sorry, I cannot allow you to speak. This is no point of order.

**ਸਰਦਾਰ ਗੁਰਦਰਸ਼ਨ ਸਿੰਘ** : ** ** **

**ਸ੍ਰੀ ਸਪੀਕਰ** : ਇਹ ਬੜਾ ਸੀਰੀਅਸ ਮਸਲਾ ਹੈ, ਇਸ ਲਈ ਤੁਸੀਂ ਮੇਰੇ ਚੈਂਬਰ ਵਿਚ ਆ ਜਾਣਾ।

**ਸਰਦਾਰ ਗੁਰਦਰਸ਼ਨ ਸਿੰਘ** : ** ** **

**ਸ੍ਰੀ ਸਪੀਕਰ** : ਤੁਸੀਂ ਵੀ ਮੇਰੇ ਚੈਂਬਰ ਵਿਚ ਆ ਜਾਣਾ। ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। (ਵਿਘਨ) ਜਿਹੜੀ ਤੁਸੀਂ ਐਡਜਰਨਮੈਂਟ ਮੋਸ਼ਨ ਭੇਜੀ ਹੈ ਉਸ ਦੇ ਵਿਚ ਕੁਝ ਤਰੁੱਟੀਆਂ ਹਨ ਜਿਹੜੀਆਂ ਮੈਂ ਤੁਹਾਨੂੰ ਇਥੇ ਸਮਝਾ ਨਹੀਂ ਸਕਾਂਗਾ। I will explain those to you in my Chamber. Sorry, this is again no point of order. (Interruption by Sardar Gurdarshan Singh) Why do you not come to my Chamber ? Please see me after I leave the House.

**ਕਾਮਰੇਡ ਸ਼ੱਤ ਪਾਲ ਡਾਂਗ** : ** ** **

**Mr. Speaker** : Disallowed. This is no point of order.

**ਸ੍ਰੀ ਓਮ ਪ੍ਰਕਾਸ਼ ਭਾਰਦਵਾਜ** : ** ** **

**ਸ੍ਰੀ ਸਪੀਕਰ** : ਇਹ ਤੁਸੀਂ ਮੇਰੇ ਚੈਂਬਰ ਵਿਚ ਆ ਕੇ ਗਲ ਕਰ ਲੈਣਾ।

**ਸ੍ਰੀ ਓਮ ਪ੍ਰਕਾਸ਼ ਭਾਰਦਵਾਜ** ** **

**Mr. Speaker** : This is no point of order. The moment I leave the House, please see me in my Chamber.

**ਸਰਦਾਰ ਕਿਰਪਾਲ ਸਿੰਘ** : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਥੇ ਜਿਤਨੇ ਵੀ ਪੁਅਇੰਟ ਆਫ ਆਰਡਰ ਆਉਂਦੇ ਹਨ ਉਹ ਅਡਜਰਨਮੈਂਟ ਮੋਸ਼ਨ ਦਾ ਸਬਜੈਕਟ ਦੇਣ ਦੀ ਗਰਜ਼ ਨਾਲ ਆਉਂਦੇ ਹਨ ਅਤੇ ਉਹ ਸਾਰਾ ਮੈਟਰ ਰਿਕਾਰਡ ਹੋ ਜਾਂਦਾ ਹੈ ਜਿਹੜਾ ਕਿ ਲੀਗਲੀ ਗਲਤ ਹੈ। ਜਿਥੇ ਤੁਹਾਡੀ ਪ੍ਰਮਿਸ਼ਨ ਐਡਜਰਨਮੈਂਟ ਮੋਸ਼ਨ ਵਾਸਤੇ ਨਹੀਂ ਤਾਂ ਉਸ ਦੇ ਇਲਫਾਜ਼ ਜੋ ਇਥੇ ਕਹੇ ਜਾਂਦੇ ਹਨ ਉਹ ਰਿਕਾਰਡ ਨਹੀਂ ਹੋਣੇ ਚਾਹੀਦੇ। (ਵਿਘਨ)।

**Expudged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ**: ਸਰਦਾਰ ਕਿਰਪਾਲ ਸਿੰਘ ਜੀ, ਤੁਹਾਡੀ ਗੱਲ ਬੜੀ ਸਿਆਣੀ ਹੈ ਅਤੇ ਇਹ ਮੈਂ ਐਗਜ਼ਾਮਿਨ ਕਰ ਲਵਾਂਗਾ। This is a good suggestion, I will examine this mat .

**ਚੌਧਰੀ ਬਲ ਰਾਮ ਜਾਖੜ** : ** ** **

**Mr. Speaker** : This is no point of order.

**Chaudhri Bal Ram Jakhar** : Sir, this is a corporate body and we can discuss matter relating to it.

**Mr. Speaker** : Please come to my Chamber. I will talk to you about it. We will bring this matter before the Rules Committee.

**ਸਰਦਾਰ ਉਮਰਾਓ ਸਿੰਘ** : . ** ** **

**Mr. Speaker** : This is no point of order. Today the meeting of the Business Advisory Committee is going to be held. You may come there and we will discuss the matter.

**ਸਰਦਾਰ ਉਮਰਾਓ ਸਿੰਘ** : ** ** **
**ਸਰਦਾਰ ਬੇਅੰਤ ਸਿੰਘ** : ** ** **

**Mr. Speaker** : Sorry, these are no points of order. You may please come to my Chamber and we will talk about these.

**ਸਰਦਾਰ ਬੇਅੰਤ ਸਿੰਘ** : ** ** **

**ਸ੍ਰੀ ਸਪੀਕਰ**: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ, ਤੁਸੀਂ ਮੇਰੇ ਚੈਂਬਰ ਵਿਚ ਆ ਜਾਣ, ਉਥੇ ਬੈਠ ਕੇ ਡਿਸਕੱਸ ਕਰ ਲਵਾਂਗੇ।

**ਡਾਕਟਰ ਦੇਵਰਾਜ ਨਸਰਾਲਾ** : ** ** **

**ਸ੍ਰੀ ਸਪੀਕਰ**: ਇਹ ਤੁਹਾਡਾ ਕੋਈ ਪੁਆਇੰਟ ਆਫ ਆਰਡਰ ਨਹੀਂ ਬਣਦਾ। ਡਾਕਟਰ ਸਾਹਿਬ, ਪੁਆਇੰਟ ਆਫ਼ ਆਰਡਰ ਜਿਹੜਾ ਹੁੰਦਾ ਹੈ ਉਹ ਹਾਊਸ ਦੇ ਬਿਜ਼ਨੈਸ ਤੇ ਰੂਲਜ਼ ਦੇ ਮੁਤੱਲਕ ਹੁੰਦਾ ਹੈ। ਤਸ਼ਰੀਫ ਰੱਖੋ। (ਵਿਘਨ)

**ਡਾਕਟਰ ਦੇਵ ਰਾਜ ਨਸਰਾਲਾ** : ** ** **

**Mr. Speaker** : Whatever the hon. Member is saying without the permission of the Chair, should not be recorded.

**Mr. Speaker** : Now we take up Call Attention Notices. Shri Harbans Lal Khanna to please read his Call Attention Notice.

## CALL ATTENTION NOTICES UNDER RULE 66

(Serial No. 45)

**Shri Harbans Lal Khanna** : Sir, I beg to draw the attention of the Government towards a matter of urgent public importance, namely, that

**Expunged/Not recorded as ordered by the Chair.

Original with;
Punjab Vidhan Sabha
Digitized by;
Panjab Digital Library

the School Education Board has changed the policy of medium of examination for the un-recognised private schools and due to the change of policy, lacs of students will have to face the difficulties. There is a great resentment amongst the student community and their guardians. The Minister concerned may make a statement on the floor of the House.

**ਵਿਦਿਆ ਮੰਤਰੀ** (ਸਰਦਾਰ ਸੁਖਜਿੰਦਰ ਸਿੰਘ ਖੈਰਾ) : ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬ ਨੇ ਜਿਹੜਾ ਸਵਾਲ ਕੀਤਾ ਸੀ ਕਾਲ ਅਟੈਨਸ਼ਨ ਮੋਸ਼ਨ ਵਿਚ ਉਸ ਦੀ ਲੈਂਗੁਏਜ ਹੋਰ ਹੈ ਅਤੇ ਪੜ੍ਹੀ ਕੋਈ ਹੋਰ ਹੈ। ਉਸ ਦੇ ਵਿਚ ਕਿਹਾ ਗਿਆ ਸੀ: --

> The School Education Board has changed the policy of medium of instructions for the unrecognized private Schools. The hon. Member has read the words medium of examination. We have not changed the policy in regard to the medium of examination.

ਜੇ ਇਹ ਦੁਬਾਰਾ ਸਵਾਲ ਕਰਨ ਤਾਂ ਮੈਂ ਜਵਾਬ ਦੇ ਦੇਵਾਂਗਾ ਜੀ।

**ਸਰਦਾਰ ਉਮਰਾਓ ਸਿੰਘ**: ਆਨ ਨੇ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਜੋ ਕਾਲ ਅਟੈਨਸ਼ਨ ਮੋਸ਼ਨ ਤੁਹਾਨੂੰ ਦਿੱਤੀ ਗਈ ਹੈ ਉਹੀ ਕਾਲ ਅਟੈਨਸ਼ਨ ਮੋਸ਼ਨ ਮੈਂਬਰ ਸਾਹਿਬ ਪੇਸ਼ ਕਰ ਸਕਦੇ ਹਨ।

**Mr. Speaker** : I have got the paper here and the words are medium of instructions.

**ਵਿਦਿਆ ਮੰਤਰੀ** . ਮੈਨੂੰ ਕੀ ਹੁਕਮ ਹੈ ਜੀ ?

**ਸ੍ਰੀ ਸਪੀਕਰ** : ਮੀਡੀਅਮ ਆਫ਼ ਇਨਸਟ੍ਰੱਕਸ਼ਨਜ਼ ਬਾਰੇ ਜਵਾਬ ਦਿਓ।

**ਵਿਦਿਆ ਮੰਤਰੀ** . ਸਪੀਕਰ ਸਾਹਿਬ, ਸਕੂਲ ਸਿਖਿਆ ਬੋਰਡ ਸਕੂਲਾਂ ਵਿਚ ਪੜ੍ਹਾਈ ਦੇ ਮਾਧਿਅਮ ਦਾ ਕੋਈ ਫੈਸਲਾ ਨਹੀਂ ਕਰਦਾ। ਇਹ ਫੈਸਲਾ ਸਰਕਾਰ ਕਰਦੀ ਹੈ। ਸਰਕਾਰ ਵਲੋਂ ਭੀ ਨਾ-ਮਾਨਤਾ ਪ੍ਰਾਪਤ ਸਕੂਲਾਂ ਬਾਰੇ ਪਹਿਲਾਂ ਚਲ ਰਹੀ ਪ੍ਰਥਾ ਵਿਚ ਕੋਈ ਤਬਦੀਲੀ ਨਹੀਂ ਕੀਤੀ ਗਈ। ਇਸ ਲਈ ਧਿਆਨ ਦੁਆਉ ਨੋਟਿਸ ਵਿਚ ਪ੍ਰਗਟਾਈ ਗਈ ਤਸ਼ਵੀਸ਼ ਨਿਰਮੂਲ ਹੈ।

(Serial No. 50)

**Shri Harbans Lal Khanna**
**Sardar Kirpal Singh** } : Sir, I beg to draw the attention of the Government towards a matter of urgent public importance, namely, that some area of operation of Electricity Board has come under the jurisdiction of Municipal Corporation, Amritsar. There is a lot of confusion among the consumers and the public of the area due to the two agencies. There is also a great resentment and unrest among the public of that area due to the inconvenience done to them for this procedure of two agencies. It has already been decided in the Development Committee of the Amritsar city that the area should be handed over to the Corporation immediately. The Minister concerned may please be requested to make the statement in this regard.

**ਵਿੱਤ ਮੰਤਰੀ** (ਸਰਦਾਰ ਬਲਵੰਤ ਸਿੰਘ) : ਸਰ, ਇਸ ਬਾਰੇ ਪੋਜ਼ੀਸ਼ਨ ਇਹ ਹੈ ਕਿ ਅੰਮ੍ਰਿਤਸਰ ਸ਼ਹਿਰ ਵਿਚ ਬਿਜਲੀ ਦੀ ਤਕਸੀਮ ਅੰਮ੍ਰਿਤਸਰ ਕਾਰਪੋਰੇਸ਼ਨ ਕਰਦੀ ਹੈ। ਰੀਸੈਂਟਲੀ ਕਾਰਪੋਰੇਸ਼ਨ ਦੀਆਂ ਹੱਦਾਂ ਵੱਧ ਗਈਆਂ ਹਨ ਔਰ ਉਸ ਵੱਧੇ ਹੋਏ ਏਰੀਆ ਵਿਚ ਪਹਿਲਾਂ ਇਲੈਕਟਰੀਸਿਟੀ ਬੋਰਡ ਬਿਜਲੀ ਤਕਸੀਮ ਕਰਦਾ ਸੀ। ਕਾਰਪੋਰੇਸ਼ਨ ਦੀ ਡਿਮਾਂਡ ਇਹ ਹੈ ਕਿ ਜਿਹੜਾ ਨਵਾਂ ਏਰੀਆ ਐਕਸਟੈਂਡ ਕੀਤਾ ਹੈ ਉਸ ਵਿਚ ਬਿਜਲੀ ਦੀ ਤਕਸੀਮ ਅੰਮ੍ਰਿਤਸਰ ਕਾਰਪੋਰੇਸ਼ਨ ਕਰੇ ਔਰ ਉਸ ਏਰੀਆ ਵਿਚ ਬੋਰਡ ਦਾ ਕੰਟਰੋਲ ਖ਼ਤਮ ਕੀਤਾ ਜਾਵੇ। ਇਹ ਚੀਜ਼ ਗੌਰਮਿੰਟ ਦੇ ਅੰਡਰ ਕੰਸਿਡਰੇਸ਼ਨ ਹੈ, ਜੋ ਵੀ ਫੈਸਲਾ ਹੋਇਆ ਜਲਦੀ ਲਾਗੂ ਕਰ ਦਿਤਾ ਜਾਏਗਾ।

Original with;
Punjab Vidhan Sabha
Digitized by;
Panjab Digital Library

**ਸ੍ਰੀ ਹਰਬੰਸ ਲਾਲ ਖੰਨਾ** : ਕੀ ਵਜ਼ੀਰ ਸਾਹਿਬ ਦੱਸਣ ਦੀ ਕਿਰਪਾ ਕਰਨਗੇ ਕਿ ਇਹ ਜਿਹੜਾ ਕਾਰਪੋਰੇਸ਼ਨ ਵਿਚ ਇਲੈਕਟ੍ਰਿਸਿਟੀ ਬੋਰਡ ਦਾ ਏਰੀਆ ਆਇਆ ਹੈ, ਇਸ ਦੇ ਵਿਚ ਦੋ ਏਜੰਸੀਆਂ ਹਨ। ਇਕ ਇਲੈਕਟ੍ਰਿਸਿਟੀ ਬੋਰਡ, ਦੂਸਰਾ ਕਾਰਪੋਰੇਸ਼ਨ। ਇਸ ਲਈ ਪਬਲਿਕ ਨੂੰ ਬੜੀ ਤਕਲੀਫ ਹੈ ਕਿਉਂਕਿ ਇਨ੍ਹਾਂ ਦੋਨਾਂ ਮਹਿਕਮਿਆਂ ਵਿਚ ਆਪਸ ਵਿਚ ਕੋਈ ਕੋਆਰਡੀਨੇਸ਼ਨ ਨਹੀਂ ਹੈ। ਜਦੋਂ ਐਸੀ ਚੀਜ਼ ਹੋਵੇ ਤਾਂ ਪਬਲਿਕ ਨੂੰ ਤਕਲੀਫ ਹੁੰਦੀ ਹੈ। ਇਸ ਦੇ ਲਈ ਜਨਤਾ ਵਿਚ ਅਸੰਤੋਸ਼ ਹੈ। ਪਿਛਲੀ ਦਫਾ ਅੰਮ੍ਰਿਤ-ਸਰ ਵਿਚ ਡਿਵੈਲਪਮੈਂਟ ਬੋਰਡ ਦੀ ਮੀਟਿੰਗ ਵਿਚ, ਜਿਸ ਦੀ ਅਧਿਅਕਸ਼ਤਾ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਕੀਤੀ ਸੀ, ਇਹ ਫੈਸਲਾ ਹੋ ਗਿਆ ਸੀ ਕਿ ਉਹ ਏਰੀਆ ਇਲੈਕਟ੍ਰਿਸਿਟੀ ਬੋਰਡ ਤੋਂ ਕੱਢ ਕੇ ਕਾਰਪੋ-ਰੇਸ਼ਨ ਨੂੰ ਦੇ ਦਿਤਾ ਜਾਵੇਗਾ। ਮੈਂ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਫੈਸਲਾ ਹੋਇਆ ਸੀ ਉਸ ਵਿਚ ਇਤਨੀ ਦੇਰ ਕਿਉਂ ਲਗ ਗਈ ਹੈ? ਲੋਕਾਂ ਦੀ ਚਿੰਤਾ ਨੂੰ ਦੂਰ ਕਰਨ ਵਾਸਤੇ ਉਹ ਫੈਸਲਾ ਜਲਦੀ ਲਾਗੂ ਕਰ ਦਿਤਾ ਜਾਵੇ, ਕੀ ਇਸ ਬਾਰੇ ਕੋਈ ਉਦਮ ਕਰਨਗੇ?

**ਵਿੱਤ ਮੰਤਰੀ** : ਇਲੈਕਟ੍ਰਿਸਿਟੀ ਬੋਰਡ ਨਾਲ ਗਲ ਬਾਤ ਚਲ ਰਹੀ ਹੈ ਔਰ ਇਰੀਗੇਸ਼ਨ ਐਂਡ ਪਾਵਰ ਡਿਪਾਰਟਮੈਂਟ ਅਤੇ ਲੋਕਲ ਬਾਡੀਜ਼ ਡਿਪਾਰਟਮੈਂਟ ਵੀ ਇਸ ਵਿਚ ਸ਼ਾਮਲ ਹਨ, ਇਹ ਤਿੰਨੇ ਪਾਰਟੀਆਂ ਆਪਸ ਵਿਚ ਸਲਾਹ ਮਸ਼ਵਰਾ ਕਰ ਕੇ ਫੈਸਲਾ ਕਰਨਗੀਆਂ।

**ਸਰਦਾਰ ਕਿਰਪਾਲ ਸਿੰਘ** : ਕੀ ਮੰਤਰੀ ਸਾਹਿਬ ਇਸ ਗਲ ਤੋਂ ਵਾਕਿਫ ਹਨ ਕਿ ਇਲੈਕਟ੍ਰਿਸਿਟੀ ਬੋਰਡ ਬਹਾਨੇ ਬਹਾਨੇ ਸਿਰ ਪਿਛਲੇ 25 ਸਾਲਾਂ ਤੋਂ ਅੰਮ੍ਰਿਤਸਰ ਕਾਰਪੋਰੇਸ਼ਨ ਤੋਂ ਚਾਰਜ ਸੰਭਾਲਣ ਵਾਸਤੇ ਕਈ ਵਾਰੀ ਗਲਤ ਟੈਕਨੀਕਲ ਗਲਾਂ ਤਹਿਤ ਕੋਸ਼ਿਸ਼ ਕਰਦਾ ਰਿਹਾ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਇਲੈਕਟ੍ਰਿਸਿਟੀ ਬੋਰਡ ਦੀ ਨੀਯਤ ਠੀਕ ਨਹੀਂ ਹੈ। ਬਾਦਲ ਸਾਹਿਬ ਨੇ ਵਾਇਦਾ ਵੀ ਕੀਤਾ ਹੈ ਕਿ ਜਿਹੜੇ ਏਰੀਆਜ਼ ਕਾਰਪਰੇਸ਼ਨ ਦੀ ਹਦੂਦ ਵਿਚ ਆਉਂਦੇ ਹਨ ਉਹ ਮਿਉਂਸਪਲ ਕਾਰਪੋ-ਰੇਸ਼ਨ ਨੂੰ ਸੌਂਪ ਦਿਤੇ ਜਾਣਗੇ। ਇਹ ਡਿਸਾਈਡਿਡ ਮੈਟਰ ਹੈ ਪਰ ਮੰਤਰੀ ਜੀ ਨੇ ਫਿਰ ਰੀਓਪਨ ਕਰ ਦਿਤਾ ਹੈ। ਕੀ ਚੀਫ ਮਨਿਸਟਰ ਸਾਹਿਬ ਦੱਸਣਗੇ ਕਿ ਇਹ ਜਿਹੜਾ ਏਰੀਆ ਹੈ ਇਸ ਦਾ ਇਲੈਕਟ੍ਰਿ-ਸਿਟੀ ਦਾ ਕੰਟਰੋਲ ਕਦੋਂ ਤਕ ਮਿਉਂਸਪਲ ਕਾਰਪੋਰੇਸ਼ਨ ਨੂੰ ਦੇ ਦਿਤਾ ਜਾਏਗਾ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਹ ਮਸਲਾ ਡਿਵੈਲਪਮੈਂਟ ਬੋਰਡ ਦੀ ਮੀਟਿੰਗ ਵਿਚ ਆਇਆ ਸੀ। ਮੈਂ ਉਥੇ ਵਿਸ਼ਵਾਸ ਦਿਲਾਇਆ ਸੀ ਕਿ ਇਲੈਕਟ੍ਰਿਸਿਟੀ ਬੋਰਡ ਨਾਲ ਗਲ ਬਾਤ ਕੀਤੀ ਜਾਏਗੀ ਉਸ ਦੇ ਬਾਦ ਫੈਸਲਾ ਕਰ ਦਿਤਾ ਜਾਏਗਾ। ਲੋਕਲ ਬਾਡੀਜ਼ ਡਿਪਾਰਟਮੈਂਟ ਔਰ ਇਲੈਕਟ੍ਰਿਸਿਟੀ ਬੋਰਡ ਦੀ ਗਲ ਬਾਤ ਚਲ ਰਹੀ ਹੈ, ਇਸ ਦਾ ਫੈਸਲਾ ਜਲਦੀ ਕਰ ਦਿਤਾ ਜਾਏਗਾ।

(ਕ੍ਰਮ ਨੰ: 54)

**ਸਰਦਾਰ ਰਣਜੀਤ ਸਿੰਘ** : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, 3 ਸਤੰਬਰ, 1978 ਨੂੰ ਰਾਤ ਦੇ ਤਕਰੀਬਨ 10.00 ਵਜੇ ਪਿੰਡ ਸੰਗਤਪੁਰਾ ਤਹਿਸੀਲ ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ ਦੇ ਵਿਚ ਤਿੰਨ ਵਿਅਕਤੀਆਂ ਦੀ ਮੌਤ ਬਿਜਲੀ ਦੀਆਂ ਨੰਗੀਆਂ ਤਾਰਾਂ ਦੇ ਕਾਰਨ ਹੋਈਆਂ ਹਨ। ਇਹ ਇੱਕ ਬਹੁਤ ਅਫ਼ਸੋਸਨਾਕ ਘਟਨਾ ਹੈ। ਇਹ ਬਿਜਲੀ ਵਿਭਾਗ ਦੇ ਸਬੰਧਤ ਕਰਮਚਾਰੀਆਂ ਦੀ ਗਲਤੀ ਦੇ ਕਾਰਨ ਹੋਈਆਂ ਹਨ। ਇਨ੍ਹਾਂ ਵਿਅਕਤੀਆਂ ਦੇ ਮਰਨ ਕਾਰਣ ਸਾਰੇ ਇਲਾਕੇ ਵਿਚ ਹਾਹਾਕਾਰ ਮਚੀ ਹੋਈ ਹੈ। ਉਨ੍ਹਾਂ ਦੀ ਮਿਰਤੂ ਹੋਣ ਕਾਰਨ ਪਿਛੇ ਕੋਈ ਕਮਾਊ ਵੀ ਨਹੀਂ ਰਿਹਾ। ਸਰਕਾਰ ਆਪਣਾ ਇਸ ਬਾਰੇ ਸਪੱਸ਼ਟੀਕਰਨ ਦੇਵੇ।

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** (ਸਰਦਾਰ ਪ੍ਰਕਾਸ਼ ਸਿੰਘ ਬਾਦਲ) : ਮਿਤੀ 3 ਸਤੰਬਰ, 1978 ਨੂੰ ਸ਼ਾਮ ਦੇ ਤਕਰੀਬਨ 8.00 ਵਜੇ ਪਿੰਡ ਸੰਗਤ ਪੁਰਾ, ਤਹਿਸੀਲ ਤਰਨ ਤਾਰਨ ਵਿਖੇ ਬਿਜਲੀ ਦਾ ਕਰੰਟ ਲਗਣ ਕਾਰਨ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ। ਮੌਤ ਹੋਣ ਵਾਲੇ ਵਿਅਕਤੀਆਂ ਵਿਚ ਇਕ ਲੜਕਾ ਜਿਸ ਦਾ ਨਾਂ ਨਰਿੰਦਰ ਸਿੰਘ ਅਤੇ ਉਸ ਦੇ ਮਾਤਾ ਪਿਤਾ ਜਿਨ੍ਹਾਂ ਦਾ ਨਾਂ ਸ੍ਰੀ ਤੇਜਾ ਸਿੰਘ ਅਤੇ ਸ੍ਰੀਮਤੀ ਸੁਰਜੀਤ ਕੌਰ ਸ਼ਾਮਲ ਹਨ। ਇਨ੍ਹਾਂ ਵਿਅਕਤੀਆਂ ਦੇ ਵਿਹੜੇ ਦੀ ਕੰਧ ਕੋਲੋਂ ਪੀ.ਵੀ.ਸੀ. ਤਾਰ ਲੰਘਦੀ ਸੀ ਜਿਸ ਰਾਹੀਂ ਅਗਲੇ ਘਰਾਂ ਨੂੰ ਕੁਨੈਕਸ਼ਨ ਦਿੱਤੇ ਹੋਏ ਸਨ। ਇਸ ਕੰਧ ਦੇ ਕੋਲ ਹੀ ਇਕ ਕਿੱਕਰ ਦਾ ਦਰਖਤ ਹੈ। ਇਨ੍ਹਾਂ ਨੇ ਕਪੜੇ ਸੁਕਾਉਣ ਵਾਸਤੇ ਆਪਣੇ ਵਿਹੜੇ ਵਿਚ ਇਕ ਲੋਹੇ ਦੀ ਤਾਰ ਲਗਾਈ ਹੋਈ ਸੀ ਜਿਸ ਦਾ ਇਕ ਸਿਰਾ ਕਿੱਕਰ ਨਾਲ ਲਪੇਟਿਆ ਹੋਇਆ ਸੀ। ਪੀ. ਵੀ. ਸੀ. ਤਾਰ ਵੀ ਕਿੱਕਰ ਦੇ ਕੋਲੋਂ ਦੀ ਲੰਘਦੀ ਸੀ। ਕਪੜੇ ਟੰਗਣ ਵਾਲੀ ਤਾਰ ਪੀ.ਵੀ. ਸੀ. ਦੀ ਮਸੰਜਰ ਵਾਇਰ ਨਾਲ ਛੂੰਹਦੀ ਸੀ। ਪੀ. ਵੀ. ਸੀ. ਤਾਰ ਬਹੁਤ ਪੁਰਾਣੀ ਲੱਗੀ ਹੋਈ ਸੀ ਜਿਸ ਕਾਰਨ ਕੁਝ ਜਗ੍ਹਾਂ ਤੋਂ ਇਸ ਦਾ ਇਨਸੂਲੇਸ਼ਨ ਕਮਜ਼ੋਰ ਹੋਇਆ ਸੀ। ਇਨਸੂਲੇਸ਼ਨ ਕਮਜ਼ੋਰ ਹੋਣ ਕਰ ਕੇ ਮਸੰਜਰ ਵਾਇਰ ਵਿਚ ਕਰੰਟ ਆ ਗਿਆ ਜਿਸ ਕਰਕੇ ਕਪੜੇ ਟੰਗਣ ਵਾਲੀ ਤਾਰ ਵਿੱਚ ਵੀ ਲੀਕੇਜ ਆ ਗਈ। ਇਸ ਤਾਰ ਉਪਰ ਸ੍ਰੀ ਨਰਿੰਦਰ ਸਿੰਘ ਨੇ ਗਿਲਾ ਕਪੜਾ ਸੁਕਾਉਣ ਵਾਸਤੇ ਪਾਉਣ ਦੀ ਕੋਸ਼ਿਸ਼ ਕੀਤੀ ਜਿਸ ਕਾਰਨ ਉਸ ਨੂੰ ਕਰੰਟ ਲੱਗ ਗਿਆ। ਉਸ ਦੇ ਮਾਤਾ ਅਤੇ ਪਿਤਾ ਜਿਹੜੇ ਕਿ ਵਿਹੜੇ ਵਿਚ ਮੌਜੂਦ ਸਨ ਉਨ੍ਹਾਂ ਨੇ ਲੜਕੇ ਨੂੰ ਬਚਾਉਣ ਵਾਸਤੇ ਖਿਚਿਆ। ਇਸ ਕਾਰਨ ਉਹਨਾਂ ਦੋਹਾਂ ਨੂੰ ਵੀ ਕਰੰਟ ਲਗਾ ਅਤੇ ਅੰਤ ਵਿਚ ਮੌਤ ਹੋ ਗਈ। ਪੀ. ਵੀ. ਸੀ. ਦੀ ਮਸੰਜਰ ਵਾ-ਇਰ ਅਰਥ ਨਹੀਂ ਹੋਈ ਸੀ ਜਿਸ ਕਾਰਨ ਇਸ ਲੀਕੇਜ ਨਾਲ ਹਾਦਸਾ ਹੋਇਆ। ਇਸ ਹਾਦਸੇ ਦੀ ਰਿਪੋਰਟ ਚੀਫ ਇਲੈਕਟ੍ਰਿਕਲ ਇੰਸਪੈਕਟਰ, ਪੰਜਾਬ, ਪਟਿਆਲਾ ਨੂੰ ਦੇ ਦਿਤੀ ਹੈ। ਉਸ ਦੀ ਪੜਤਾਲ ਦੇ ਪਿਛੋਂ ਜੋ ਵੀ ਕਾਨੂੰਨ ਮੁਤਾਬਿਕ ਮੁਆਵਜ਼ਾ ਬਣੇਗਾ ਉਸ ਦੇ ਵਾਰਸਾਂ ਨੂੰ ਛੇਤੀ ਦਿਤਾ ਜਾਵੇਗਾ ਅਤੇ ਜਿਹੜੇ ਵੀ ਕਰਮਚਾਰੀ ਦੀ ਅਣਗਹਿਲੀ ਪਾਈ ਜਾਵੇਗੀ, ਦਫਤਰੀ ਪੜਤਾਲ ਪਿਛੋਂ ਉਸ ਦੇ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

**ਸਰਦਾਰ ਰਣਜੀਤ ਸਿੰਘ** : ਸਪੀਕਰ ਸਾਹਿਬ, ਮੇਰਾ ਸਪਲੀਮੈਂਟਰੀ ਇਹ ਹੈ ਕਿ ਉਸ ਇਲਾਕੇ ਵਿਚ ਹਾਹਾਕਾਰ ਮਚੀ ਹੋਈ ਹੈ। ਬਿਜਲੀ ਵਾਲਿਆਂ ਦੇ ਨੋਟਿਸ ਵਿਚ ਲਿਆਉਂਦੇ ਰਹੇ ਕਿ ਪਿੰਡ ਵਿਚ ਨੰਗੀਆਂ ਤਾਰਾਂ ਹਨ। ਅਗੇ ਵੀ ਮੌਤਾਂ ਹੋਈਆਂ ਸਨ। ਮਾਤਾ ਪਿਤਾ ਗੁਜ਼ਰ ਗਏ ਜਿਨ੍ਹਾਂ ਨੇ ਬੱਚੇ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਹੁਣ ਪਿਛੇ ਛੋਟੇ ਛੋਟੇ ਬੱਚੇ ਹਨ ਕੋਈ ਵਾਲੀ ਵਾਰਸ ਨਹੀਂ। ਮੈਂ ਕਹਾਂ-ਗਾ ਕਿ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਮਾਲੀ ਸਹਾਇਤਾ ਦੇਣੀ ਚਾਹੀਦੀ ਹੈ ਔਰ ਜਿਹੜੇ ਅਫਸਰ ਦੋਸ਼ੀ ਹਨ ਉਨ੍ਹਾਂ ਵਿਰੁਧ ਐਕਸ਼ਨ ਲੈਣਾ ਚਾਹੀਦਾ ਹੈ ਤਾਂ ਕਿ ਅਗੇ ਨੂੰ ਇਹ ਗਲ ਨਾ ਵਾਪਰੇ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਅੱਜ ਵੀ ਮੈਂ ਸਾਰੇ ਮਾਮਲੇ ਦਾ ਪਤਾ ਕੀਤਾ ਸੀ। ਚੀਫ ਇਲੈਕ-ਟ੍ਰੀਕਲ ਇਨਸਪੈਕਟਰ ਨੂੰ ਰਿਪੋਰਟ ਵਾਸਤੇ ਲਿਖ ਦਿਤਾ ਗਿਆ ਹੈ ਉਸ ਦੀ ਰਿਪੋਰਟ ਆਉਣ ਤੇ ਚੀਫ ਇੰਜੀਨੀਅਰ, ਡਿਪਟੀ ਸੈਕਟਰੀ ਅਤੇ ਲੀਗਲ ਐਡਵਾਈਜ਼ਰ, ਇਹ ਤਿੰਨੇ ਇਸ ਚੀਜ਼ ਦਾ ਫੈਸਲਾ ਕਰਦੇ ਹਨ। ਇਹ ਮੁਆਵਜ਼ਾ ਵਰਕਮੈਨ ਕੰਪੈਨਸੇਸ਼ਨ ਐਕਟ ਦੇ ਅਧੀਨ ਦਿੱਤਾ ਜਾਂਦਾ ਹੈ। ਮੈਂ ਮੈਂਬਰ ਸਾਹਿਬ ਨੂੰ ਵਿਸ਼ਵਾਸ ਦਿਲਾਉਂਦਾ ਹਾਂ ਕਿ ਜਿਹੜਾ ਵੀ ਮੁਆਵਜ਼ਾ ਬਣੇਗਾ ਉਹ ਛੇਤੀ ਤੋਂ ਛੇਤੀ ਦਿੱਤਾ ਜਾਵੇਗਾ।

Original with;
Punjab Vidhan Sabha
Digitized by;
Panjab Digital Library

## SUPPLEMENTARY ESTIMATES (FIRST INSTALMNT) FOR THE YEAR 1978-79.

**(i) Discussion of the Estimates of the Expenditure Charged on the Revenues of the State.**

**Mr. Speaker :** If any hon. Member wants to speak on the charged item, he may kindly do so.

**Chaudhri Bal Ram Jakhar:** (*Interruptions*) Administrative Services..

**Mr. Speaker :** This is not the main discussion. It is only on the charged items. There is no voting on the charged items.

**ਮਾਸਟਰ ਬਾਬੂ ਸਿੰਘ :** ਸਪੀਕਰ ਸਾਹਿਬ, ਮੈਂ ਸਪਲੀਮੈਂਟਰੀ ਡਿਮਾਂਡ ਨੰ. 25 ਤੇ ਬੋਲਣਾ ਚਾਹੁੰਦਾ ਹਾਂ (ਵਿਘਨ)

**ਸ੍ਰੀ ਸਪੀਕਰ :** ਮਾਸਟਰ ਜੀ, ਇਸ ਤੇ ਵੋਟਿੰਗ ਨਹੀਂ ਹੋਣੀ ।

**ਸਰਦਾਰ ਉਮਰਾਓ ਸਿੰਘ** (ਨਕੋਦਰ) : ਸਪੀਕਰ ਸਾਹਿਬ, ਮੈਂ ਸਿਰਫ ਇਹੀ ਅਰਜ਼ ਕਰਨਾ ਚਾਹੁੰਦਾ ਹਾਂ ......

**ਸ੍ਰੀ ਸਪੀਕਰ ;** ਸਰਦਾਰ ਉਮਰਾਓ ਸਿੰਘ ਜੀ, ਤੁਸੀਂ ਕਿਹੜੀ ਡਿਮਾਂਡ ਤੇ ਬੋਲ ਰਹੇ ਹੋ ?

**ਸਰਦਾਰ ਉਮਰਾਓ ਸਿੰਘ :** ਸਪੀਕਰ ਸਾਹਿਬ, ਮੈਂ ਗਵਰਨਰ ਭਵਨ ਵਿਚ ਜਿਹੜਾ ਇਕ ਲੱਖ ਰੁਪਏ ਦੀ ਲਾਗਤ ਦਾ ਬੈਡਮਿੰਟਨ ਹਾਲ ਬਣਨਾ ਹੈ, ਉਸ ਬਾਰੇ ਬੋਲਣਾ ਹੈ।

**ਸ੍ਰੀ ਸਪੀਕਰ :** ਆਈਟਮ ਨੰਬਰ ਦੱਸੋ ?

**ਸਰਦਾਰ ਉਮਰਾਓ ਸਿੰਘ :** ਇਹ ਆਈਟਮ ਨੰ: 17, 18 ਹੈ। ਸਪੀਕਰ ਸਾਹਿਬ, ਮੈਂ ਸਿਰਫ ਇਹੀ ਅਰਜ਼ ਕਰਨਾ ਚਾਹੁੰਦਾ ਹਾਂ ਕਿ ਸਰਕਾਰ ਨੇ ਇਹ ਬਹੁਤ ਅੱਛਾ ਕੀਤਾ ਹੈ ਕਿ ਰਾਜ ਭਵਨ ਵਿਚ ਬੈਡਮਿੰਟਨ ਹਾਲ ਬਣਾਉਣਾ ਹੈ। ਮੈਂ ਤਜਵੀਜ਼ ਕਰਦਾ ਹਾਂ ਕਿ ਇਥੇ ਹਜ਼ਾਰਾਂ ਪੰਜਾਬ ਗੌਰਮਿੰਟ ਦੇ ਇੰਪਲਾਈਜ਼ ਹਨ, ਐਮ. ਐਲ. ਏਜ਼. ਵੀ ਆਉਂਦੇ ਹਨ, ਐਮ. ਐਲ. ਏ. ਹੋਸਟਲ ਵੀ ਹੈ, ਮਨਿਸਟਰ ਸਾਹਿਬਾਨ ਵੀ ਇਥੇ ਰਹਿੰਦੇ ਹਨ ਇਸੇ ਤਰ੍ਹਾਂ ਦਾ ਕੋਈ ਰੀਕਰੀਏਸ਼ਨ ਸੈਂਟਰ ਪੰਜਾਬ ਸਰਕਾਰ ਦੇ ਇੰਪਲਾਈਜ਼ ਵਾਸਤੇ, ਐਮ. ਐਲ. ਏਜ਼. ਵਾਸਤੇ ਅਤੇ ਮਨਿਸਟਰ ਸਾਹਿਬਾਨ ਵਾਸਤੇ ਖੋਲ੍ਹਿਆ ਜਾਵੇ। ਇਸ ਤਰ੍ਹਾਂ ਨਾਲ ਇੰਪਲਾਈਜ਼ ਦੀ ਜਿਹੜੀ ਐਜੀਟੇਸ਼ਨਲ ਐਪਰੋਚ ਹੈ, ਉਹ ਖ਼ਤਮ ਹੋ ਜਾਵੇਗੀ । ਉਨ੍ਹਾਂ ਦੀ ਸਿਹਤ ਚੰਗੀ ਹੋਵੇਗੀ ਤਾਂ ਉਹ ਗਲਤ ਐਕਟਿਵਿਟੀਜ਼ ਵਾਲੇ ਪਾਸੇ ਧਿਆਨ ਨਹੀਂ ਦੇਣਗੇ।

---

**(ii) Discussion and Voting of the Demands for Supplementary Grants.**

**Mr. Speaker :** There are 12 Demands for Supplementary Grants which are to be discussed and voted upon today. If the hon. Members agree, all these demands may be deemed to have been read and moved as per past practice. Is it the pleasure of the House ?

**Voices :** Yes, yes.

**Mr. Speaker :** I will request that while raising discussion, the Demand number on which the discussion is sought to be raised may please be indicated by the Member concerned.

The guillotine will be applied under sub-rule (4) of Rule 168 of the Rules of Procedure at 12.00 noon.

Original with;
Punjab Vidhan Sabha
Digitized by;
Panjab Digital Library

**Demand No. 1**

That a supplementary sum not exceeding Rs. 3,00,000 be granted to the Governor to defray the charges that will come in course of payment for the year ending 31st March, 1979, in respect of State Legislature.

**Demand No. 5**

That a supplementary sum not exceeding Rs. 1,50,00,000 be granted to the Governor to defray the charges that will come in course of payment for the year ending 31st March, 1979, in respect of Revenue.

**Demand No. 6**

That a supplementary sum not exceeding Rs. 4,50,000 be granted to the Governor to defray the charges that will come in course of payment for the year ending 31st March, 1979, in respect of Excise and Taxation.

**Demand No. 13**

That a supplementary sum not exceeding Rs. 8,16,000 be granted to the Governor to defray the charges that will come in course of payment for the year ending 31st March, 1979, in respect of Miscellaneous Services.

**Demand No. 17**

That a supplementary sum not exceeding Rs. 1,30,00,000 be granted to the Governor to defray the charges that will come in course of payment for the year ending 31st March, 1979, in respect of Medical and Public Health.

**Demand No. 18**

That a supplementary sum not exceeding Rs. 40,54,000 be granted to the Governor to defray the charges that will come in course of payment for the year ending 31st March, 1979, in respect of Housing and Urban Development.

**Demand No. 19**

That a supplementary sum not exceeding Rs. 5,00,000 be granted to the Governor to defray the charges that will come in course of payment for the year ending 31st March, 1979, in respect of Information and Publicity.

**Demand No. 31**

That a supplementary sum not exceeding Rs. 1,50,000 be granted to the Governor to defray the charges that will come in course of payment for the year ending 31st March, 1979 in respect of Forest.

**Demand No. 32**

That a supplementary sum not exceeding Rs. 45,00,000 be granted to the Governor to defray the charges that will come in course of payment for the year ending 31st March, 1979, in respect of Community Development.

**Demand No. 33**

That a supplementary sum not exceeding Rs. 5,00,000 be granted to the Governor to defray the charges that will come in course of payment for the year ending 31st March, 1979, in respect of Industries.

**Demand No. 39**

That a supplementary sum not exceeding Rs. 27,25,000 be granted to the Governor to defray the charges that will come in course of payment for the year ending 31st March, 1979, in respect of Buildings.

Original with;
Punjab Vidhan Sabha
Digitized by;
Panjab Digital Library

[Mr. Speaker]

**Demand No. 40**

That a supplementary sum not exceeding Rs. 3,20,000 be granted to the Governor to defray the charges that will come in course of payment for the year ending 31st March, 1979 in respect of Loans and Advances by the State Government.

**ਚੌਧਰੀ ਬਲਰਾਮ ਜਾਖੜ** (ਅਬੋਹਰ) : ਸਪੀਕਰ ਸਾਹਿਬ, ਮੈਂ ਡਿਮਾਂਡ ਨੰਬਰ 13 ਦੇ ਬਾਰੇ ਗਲ ਕਰਨਾ ਚਾਹੁੰਦਾ ਹਾਂ। ਇਹ ਡਿਮਾਂਡ ਪੰਜਾਬ ਸਰਕਾਰ ਨੇ ਐਮਰਜੈਂਸੀ ਐਕਸੈਸਿਜ਼ ਬਾਰੇ ਇਨਕੁਆਇਰੀ ਕਰਨ ਲਈ ਇਕ ਇਨਕੁਆਇਰੀ ਕਮਿਸ਼ਨ ਵਾਸਤੇ ਰਖੀ ਹੈ। ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਪਹਿਲੇ ਸੈਸ਼ਨ ਵਿਚ ਵੀ ਮੈਂ ਇਕ ਗੱਲ ਕਹੀ ਸੀ ਉਹ ਇਹ ਸੀ ਕਿ ਜੋ ਛੰਗਾਨੀ ਕਮਿਸ਼ਨ ਨੇ ਚਾਰਜਿਜ਼ ਲਗਾਏ ਸਨ ਉਹ ਵਾਪਸ ਲਏ ਗਏ ਸਨ। ਉਸ ਵੇਲੇ ਮੇਰਾ ਵਿਚਾਰ ਇਹ ਸੀ ਕਿ ਇਸ ਤਰੀਕੇ ਨਾਲ ਕੁਰੱਪਸ਼ਨ ਦਾ ਫਲੱਡ ਗੇਟ ਓਪਨ ਕੀਤਾ ਗਿਆ ਹੈ। ਅਗਰ ਛੰਗਾਨੀ ਕਮਿਸ਼ਨ ਦੀ ਰਿਪੋਰਟ ਨੂੰ ਰੱਦੀ ਦੀ ਟੋਕਰੀ ਵਿਚ ਸੁਟਿਆ ਜਾ ਸਕਦਾ ਹੈ ਤਾਂ ਫਿਰ ਦੂਸਰੇ ਕਮਿਸ਼ਨਾਂ ਦੀਆਂ ਰਿਪੋਰਟਾਂ ਦੀ ਕੀ ਹਾਲਤ ਹੋਵੇਗੀ ?

10.24 ਸਵੇਰੇ | (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

दरअसल यह बिमारी ऊपर से लेकर नीचे तक आ गई है। सैंटर में कमिश्नों की वबा शुरु हो गई। इस लिए उन्होंने सोचा कि हम क्यों पीछे रहें। इसलिए यह कमिश्न बना दिया। क्या इस कमिश्न की इन्क्वायरी से कोई ठोस चीज़ निकलेगी। यह ज़रूरी तो नहीं कि यह कमिश्न कोई रिपोर्ट दे और उस पर ऐक्शन हो। मैं नहीं कहता कि कुरूपशन पंजाब में पनपे और मैं किसी कुरप्ट आदमी की वकालत भी नहीं कर रहा। मैं कहता हूं अगर कोई कुरप्ट आदमी है तो उसको पकड़ो। इससे पंजाब का, देश का और लोगों का भला होगा। लेकिन जब रवायतें ही ऐसी कायम कर दी जायें, रास्ता ही साफ कर दिया जाये तो क्या होगा। आखिर में क्या होने वाला है। अगर होना ही कुछ नहीं तो इसका मकसद कोई नहीं रह जाता। आज जो कुछ इस कमिश्न में हो रहा है, यह सभी विंडिक्टिवनैस के साथ हो रहा है। कोई वेंडटा पालने के लिए किया जा रहा है। प्राईम मिनिस्टर ने यह कहा कि हिन्दुस्तान में ताकत में आने के बाद मेरा सबसे बड़ा मकसद यह है कि लोगों के दिलों से डर निकाल दूं। लेकिन मुझे तो यहां लोगों के दिलों में डर के सिवाय और कुछ नजर ही नहीं आता। गवर्नमैंट सिवाय कमिश्न बनाने के और कुछ नहीं कर रही। गवर्नमैंट को तो मिसिज गांधी के इलावा कुछ नजर ही नहीं आता। वह चाहते हैं कि उसको मैलाईन किया जाये। यही तरीका मुझे यहां नजर आया है। क्यों लोगों का पैसा सरकार इस तरह से खर्च कर रही है। लोगों को तंग तथा परेशान कर रही है।

डिप्टी स्पीकर साहिब, एक बड़ी मज़ेदार बात देखने में आई है। पिछले दिनों एक मिस्टर विरधी की अप्वाईंटमैंट हुई थी। उस के बारे शहादत हुई। मगर निकला क्या ? आई. ए. ऐस. आफीसर्ज़ ने अपने ब्यान दिये कि हमने जो किया वह ठीक किया। जो

Original with;
Punjab Vidhan Sabha
Digitized by;
Panjab Digital Library

कुछ मैंनें अखबारों में पढ़ा है या सुना है ; सभी ने यही कहा है कि हमने किसी दबाव के नीचे यह काम नहीं किया। हमने तो अपने दिमाग से सोचकर ठीक काम किया है। यही रिपोर्ट आई है। एक आदमी है जो चीफ इन्जीनीयर रिटायर होने वाला है, मिस्टर मनोचा जिसको शायद ऐक्सटैंशन की जरूरत है, उसने कहा है कि यह काम गल्त हुआ है। जब इन्होंने देखा कि कुछ गल्त साबत तो हुआ नहीं, तब पोसट ही उड़ा दी। मुझे इस बात का दुख नहीं है कि विरदी को हटा दिया गया है। लेकिन इसके पीछे मुदा क्या है। अगर कोई कुरप्ट आदमी है तो उसके खिलाफ ऐक्शन लें। तब मैं इस गवर्नमैंट की तारीफ करता। मान लिया ऐक्स-चीफ़ मिनिस्टर ने गल्त काम किये हैं तो उसको फांसी लगा दो। लेकिन उसके लड़के या जवाई को तंग करना, इतना यह सरकार नीचे गिर जायेगी इसकी मुझे उम्मीद नहीं थी। आज यह कर रहे हैं। कल को जब हम वहां बैठेंगे तो फिर क्या होगा, हो सकता है हम लेड़ीज़ तक पहुँच जायें। I just shudder at the very thought of instigating or instituting any enquiry into which females may also be dragged, and this is a thing to see. इस लिये डिप्टी स्पीकर साहिब, मैं अर्ज़ करना चाहता हूँ कि इसमें कोई गुंजाइश नहीं, कोई बज़न नहीं, कोई दलील नहीं। हमने काम किया है। आप उससे आगे बढ़ो। अगर एक इँच हमने डिपार्टटमैंट की लकीर खींच दी तो आप दो इँच खींच दो, हम शर्म के मारे कुछ नहीं कहेंगे। लेकिन यहां तो पोलिटिकल वैंडेटा के साथ काम किया जा रहा है। इस लिए मैं यह कहता हूँ कि यह काम ठीक नहीं है। एक बात मैं और करना चाहता हूँ। पोलिटिकल आदमी तो आते हैं और चले जाते हैं लेकिन यह सरकारी आफिसरज़ तो यहां रहेंगे। सरकार एक कांटिन्यूअस है। इस सरकारी मशीनरी को डिमारेलाईज़ कर देना अच्छी बात नहीं। कुछ आदमी इनकी हां में हां नहीं मिलाते, जो हजूरी नहीं करते उनको दिल्ली धक्का दे दिया बाकी कुछ जो हैं उनके खिलाफ कमिशन बैठे हैं। कुछ अपनी जान बचाते फिरते हैं। वह उत्साह के साथ कोई काम नहीं कर सकते। जिन लोगों ने शहादतें दी हैं उनका क्या होगा ? यह सोच कर डिप्टी स्पीकर साहिब, मैं कहना चाहता हूँ कि इस महोल ने पंजाब का महोल खराब कर दया है। इस सारी ऐडमिनिस्ट्रेशन का ऐज ए होल क्या असर पड़ेगा। ला ऐंड आर्डर की जो कंडीशन प्रिवेल करती है, उस बारे में मैं बताना चाहता हूँ कि अकल का कोई काम सरकार ने नहीं किया। एक डंडा लेकर सभी के पीछे पड़ गए। पंजाब में लोगों के दिलों में से सिक्युरिटी की भावना खत्म हो गई है। पंजाब में लोग यह समझते हैं कि अगर आज हालत ठीक है तो कल को क्या होगा। मैंनें ऐसा वातावरण कहीं नहीं देखा। किसी मिनिस्टर के पास जाकर देखो, चीफ मिनिस्टर के कमरे में हामी भरने वाले आदमी ही मिलेंगे। आप खुद पता करवा लें। पंजाब में क्या हालत है ऐक्स होम मिनिस्टर ने सैंटर के बारे क्या कहा है।

"I had been surrounded by a bunch of impotent persons and corrupt people and this is what is happening here also."

Original with;
Punjab Vidhan Sabha
Digitized by;
Panjab Digital Library

[चौधरी बलराम जाखड़]

यहां अखबारों में यह आ जाता है। मेंबर खड़े होकर यहां ब्यान देते हैं। वहां पर सैंटर में क्वेस्चन आवर में मैम्बर ब्यान देते हैं। यहां कमिश्न बैठाया गया है। डिप्टी स्पीकर साहिब, किसी को प्रैशराईज़ करके काम लेना ठीक नहीं। यह बातें सभी पर लागू करके देखें। तब पता लगेगा। बैसाखी वाले दिन क्या हुआ? इसके लिए कौन जिम्मेवार था? सरकार जिम्मेवार है। कोई निरंकारी गल्त काम करे या अकाली गल्त काम करे। (विघ्न)

मैं एक बात कहना चाहता हूँ कि it was a thing which could be stopped बच्चे को इन्जैक्शन क्यों देते हैं? उस को इन्जैक्शन इस लिए देते हैं कि दुबारा इस को चेचक न हो। इसी तरह जब इन को पता था कि बटाला में ऐसा केस हुआ है, पठानकोट में यह इन्सीडैंट हुआ है, जीरा में हुआ है तो फिर इन्होंने इस का इन्तजाम क्यों नहीं किया? क्या इनको पता नहीं था? मैं तो यह समझता हूँ कि इन्होंने दीदा-दानिस्ता यह कांड करवाया है। यदि यह दीदा दानिस्ता नहीं हुआ तो इन्होंने इस की जुडिशियल इन्क्वाइरी क्यों नहीं करवाई? इस इन्क्वायरी के लिए अकाली पार्टी नें मांग की, जनता पार्टी ने मांग की, कम्युनिस्ट पार्टी ने मांग की हम ने मांग की। फिर इस की जुडिशियल इन्क्वाइरी क्यों नहीं करवाई? यदि जुडिशियल इन्क्वाइरी हो जाती तो सबको पता चल जाता कि कौन गुनहगार है?

मैं पूछता हूँ कि बैसाखी वाले कांड के बाद फिर 20 अगस्त को क्या हुआ। पंजाब की पुलिस बहुत ताकतवर पुलिस है। यह पूरा कन्ट्रोल कर सकती थी। पंजाब की पोलीस से बाहर के लोग भी डरते हैं फिर इस नें वहां क्यों अपना पाजामा खोल दिया? क्यों वह चुप चाप खड़ी देखती रही? उसकी वजह यह थी कि आफ़िसर्ज़ को प्रैशराईज किया गया। They could control the situation but they let it down. इस लिए हम यह कहते हैं कि इस की जुडिशियल इन्क्वाईरी हो जाती तो हम साबत करते कि किस का कहां कसूर है। यह क्यों नहीं मानते? आज क्या होता है। कोई भी गड़बड़ होती है, उस की इन्क्वाइरी यह A.S.I. से करवाते हैं और हम कल इस की इन्क्वाइरी हवालदार से करवा देंगे। परन्तु यह काम ठीक नहीं है। Let us not make a fun of this procedure. इस लिए मैं फिर कहूँगा कि यदि यह इस की जुडिशियल इन्क्वाईरी करवाते तो हम इन को साबत करके दिखाते कि कसूर किस का है? इसके साथ ही डिप्टी स्पीकर साहिब, मैं यह बताता हूँ कि पंजाब में काम किस तरह से चल रहा है। एक तो जग बीती होती है, मैं आप को आप बीती सुनाता हूँ, मैं आप को ऐसे इनसटांस दे सकता हूँ और अभी दूंगा कि जिस से आप को पता लगेगा कि पंजाब में क्या हालात हो रहे हैं। मैंनें इस के बारे में कई बार चीफ़ मनिस्टर को लिखा है इस से भी आगे Prime Minister and President of India को भी लिखा है। आई. जी. पोलीस को भी लिखा है। और कहां कहां मैंनें नहीं लिखा? सब जगह लिखा है। परन्तु इसका असर कुछ भी नहीं होता। इस लिए मैं यह कहता हूँ कि माहोल ही ऐसा बन गया है कि कोई असर ही नहीं होता। मैं कुछ दिन पहले की बात

Original with;
Punjab Vidhan Sabha
Digitized by;
Panjab Digital Library

आप को बताना चाहता हूँ। हमारे यहां मजदूरों को किस तरह उजाड़ा जा रहा है। एक गांव है भंगर खेड़ा। मैंने इस के बारे में चीफ़ मनिस्टर को भी कहा है। उस गांव का एक डैपुटेशन भी चीफ़ मनिस्टर साहिब को मिलवाया है। उस गांव के कोई 150 के करीब लोग हैं, कोई 42 फ़ैमलीज़ हैं जो कि हमेशा काशत करते हैं। उन को वहां से बेदखल कर दिया गया है। वहां पुलिस बैठी है। जहां उन लोगों की गिरदावरीयां हैं वहां वे लोग दाखिल नहीं हो सकते और इसी झगड़े में वहां 11 आदमी जख्मी भी हुए हैं। पर उन गरीब लोगों की बात कोई नहीं सुनता।

इसी तरह एक वरियाम खेड़ा गांव है। मैंने इस केस के बारे में भी चीफ़ मनिस्टर को लिखा है। वहां 8, 10 आदमी जो hired गुन्डे थे ला कर 2 गरीब आदमियों की खूब पिटाई की। 5 घन्टे तक लगातार उनकी पिटाई की गई। जिस समय वह बेहोश हो जाते थे तो उन को छोड़ दिया जाता था फिर जब वह उठ खड़े होते तो फिर पिटाई शुरू कर देते। इस तरह से उन की हालत की गई। उस समय वह या तो परमात्मा को कोसते थे या अपने मां बाप को कोसते थे कि जिस दिन वह पैदा हुए और उन को यह हालत देखनी पड़ी फिर जब इस की रिपोर्ट दर्ज करवाई गई तो उन की गिरफतारी के समय क्या हुआ। उन गुन्डों के बजाये नकली आदमी वहां पुलिस थाने में हाजर किये गये और उनको हाजर करने वाला कौन था? एक हारा हुआ जनता पार्टी का M.L.A.. उस ने उन दोनों को 200,200 रुपया देकर वहां थाने में पेश किया था। और उन को यह कहा गया था कि आज आप थाने में पेश हो जाओ, कल हम आप को छुड़ा लेंगे। इस तरह उन्होंने 200, 200 रुपया तो उन नकली आदमियों को दिया और 5,000 रुपया उन गुन्डों को दिया गया। फिर जब थाने में उनकी इन्वैस्टीगेशन की गई तो उन्होंने बताया कि उन्हे तो इस मामले के बारे में कुछ पता ही नहीं है। उन्हें तो 200, 200 रुपया देकर यहां लाया गया है।

यहां पर चीमा साहिब हाजिर नहीं हैं मैं उन से कुछ कहना चाहता था। He is the man who presided over the Grievances Committee Meeting फिर SHO ने उस सारे मामले की तफतीश की और तफतीश करने के बाद वह दो आदमी जिन को पीटा गया था और 5 आदमी जो इन के साथी थे और जिन्हें जख्मी किया गया था उन को गिरफ्तार कर लिया और कहा यह गया कि इन को इस लिए गिरफ्तार किया जा रहा है क्योंकि इन से खतरा है। यह हाल हो रहा है आज पंजाब में। उन गरीब आदमियों से तो इन को खतरा था परन्तु संत भिंडरांवाला से इन को खतरा नहीं है। वैद करतार सिंह से इन को खतरा नहीं है, जो यह कहते हैं कि लोगों के हाथ काट देंगे। इनको क्यों गिरफ्तार नहीं करते? डिप्टी स्पीकर साहिब, इस तरह के कई इनसटांस हैं जो मैं यहां दे सकता हूँ। यह इन्क्वाईरी करवायें, यदि मैं साबत न कर सका तो मेरा नाम बदल देना। मैं हाऊस में माफी मांग लूंगा।

इस तरह का एक और केस है। एक आदमी को पकड़ा गया। मैंने उस को वहां से छुड़वाया। चीफ मिनिस्टर साहिब को इस बात का पता है। उस समय फ़रीदकोट

Original with;
Punjab Vidhan Sabha
Digitized by;
Panjab Digital Library

[चौधरी बलराम जाखड़]

इलैक्शन हो रही थी। लेकिन उस समय के बाद आज तक केस उस तो चल रहा है परन्तु मेरे से आज तक उस बारे में नहीं पूछा गया। मेरे पास ऐसे बहुत सारे इनसटांसिज हैं जो मैं यहां दे सकता हूँ। यह तो मैं वह इग्ज़ैम्पल दे रहा हूँ जो लिविंग इग्ज़ैम्पलज़ हैं।

मैं आपको बताता हूँ कि एक गोबिंद राम का इलाका है वहां पर पिछले 5 वर्षों में 189 केसिज़ 107/151 के हुए और पिछले एक वर्ष में 127 केसिज़ हुए। यह मैं फिगरज़ अपनी तरफ से नहीं बोल रहा बल्कि इन्होंने ही एक सवाल के जवाब में यह दिय हैं। यह गवर्नमैंट का अपना जवाब है।

इसी तरह राम-सरा के इलाके में 5 वर्ष में 19 केसिज़ हुए और पिछले एक वर्ष में 45 केसिज़ हुए। यह केसिज़ 107/151 के क्यों किये गये? Simply they are to be tortured यह मैं इस लिए कह रहा हूँ कि आप पिछले 5 वर्ष और एक वर्ष की एवरिज निकाल लें कि किस समय जाब में कितने केस हुए।

इसी तरह गाबू के इलाके में 5 साल में 15 केस हुए और पिछले एक साल में 12 केस हुए। इसी तरह खुईयां के इलाके में 5 साल में 38 केसिज हुए और पिछले एक वर्ष में 37 केसिज़ हुए। इसी तरह में सरवन और कन्डवाल के इलाके में 5 वर्ष में 5 केसिज़ हुए और एक वर्ष में 15 केसिज़ दर्ज हुए। इसी तरह भंगर खेड़ा में 5 वर्ष में कोई केस नहीं हुआ और पिछले एक वर्ष में 26 केसिज़ हुए।

और इसी तरह ही सधवां और भरवाल के इलाके में पिछले एक वर्ष में 20 और 14 केसिज़ हुए और 5 वर्ष में एक भी केस नहीं हुआ। इसी तरह से मैं और भी कई मिसालें दे सकता हूँ जहां पर पिछले 5 वर्षों में कोई केस नहीं हुआ और इन की मिनिस्ट्री के एक वर्ष में 15, 14 13 और कई जगह 18 केसिज़ हुए हैं।

---

**ਸਰਦਾਰ ਮਲਸ਼ਪਾਲ ਸਿੰਘ** : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਲੀਡਰ ਆਫ ਦੀ ਆਪੋਜ਼ੀਸ਼ਨ ਬਿਲਕੁਲ ਇਰਰੈਲੇਵੈਂਟ ਬੋਲ ਰਹੇ ਹਨ।

**ਚੌਧਰੀ ਬਲਰਾਮ ਜਾਖੜ** : ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਜਨਰਲ ਐਡਮਨਿਸਟ੍ਰੇਸ਼ਨ ਤੇ ਬੋਲ ਰਿਹਾ ਹਾਂ।

**ਸ੍ਰੀ ਡਿਪਟੀ ਸਪੀਕਰ** : ਚੌਧਰੀ ਸਾਹਿਬ ਤੁਸੀਂ ਜੋ ਵੀ ਕਹਿਣਾ ਹੈ ਉਹ ਸਪੈਸਿਫਿਕ ਕਹੋ।

**ਚੌਧਰੀ ਬਲ ਰਾਮ ਜਾਖੜ** : ਡਿਪਟੀ ਸਪੀਕਰ ਸਾਹਿਬ, ਮੈਂ ਜਨਰਲ ਐਡਮਿਨਸਟਰੇਸ਼ਨ ਤੇ ਬੋਲ ਰਿਹਾ ਹਾਂ ਔਰ ਇਸ ਦੇ ਵਿਚ ਸਭ ਕੁਝ ਆ ਜਾਂਦਾ ਹੈ।

**ਸ੍ਰੀ ਡਿਪਟੀ ਸਪੀਕਰ** : ਮੈਂ ਚੌਧਰੀ ਸਾਹਿਬ ਬੇਨਤੀ ਕਰਾਂਗਾ ਕਿ ਸਾਡੇ ਕੋਲ ਕੇਵਲ 90 ਮਿੰਟ ਹਨ ਜਿਸ ਤੇ ਸਾਰੇ ਮੈਂਬਰਾਂ ਨੇ ਬੋਲਣਾ ਹੈ, ਇਸ ਲਈ ਆਪ ਆਪਣੀ ਸਪੀਚ ਨੂੰ ਬਰੀਫ ਕਰ ਦਿਓ।

Original with;
Punjab Vidhan Sabha
Digitized by;
Panjab Digital Library

**ਚੌਧਰੀ ਬਲਰਾਮ ਜਾਖੜ** : ਡਿਪਟੀ ਸਪੀਕਰ ਸਾਹਿਬ, ਮੈਂ ਚੀਫ਼ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੇ ਝੂਠੇ ਕੇਸਿਜ਼ ਬਣਾਏ ਗਏ ਹਨ। ਇਨ੍ਹਾਂ ਦੀ ਸਰਕਾਰ ਨੂੰ ਥੋੜ੍ਹੀ ਜਿਹੀ ਤਾਂ ਸ਼ਰਮ ਹੋਣੀ ਚਾਹੀਦੀ ਸੀ। ਮੈਂ ਆਪ ਨੂੰ ਦਸਦਾ ਹਾਂ ਕਿ ਸਰਹਿੰਦ ਦੇ ਵਿਚ ਕੀ ਹੋਇਆ। ਸਾਡੇ ਅਕਸ ਚੀਫ ਮਨਿਸਟਰ ਅਤੇ ਸਰਦਾਰ ਬੇਅੰਤ ਸਿੰਘ, ਐਮ. ਐਲ. ਏ. ਨੂੰ 7 ਘੰਟੇ ਵੈਦ ਹਰੀ ਕ੍ਰਿਸ਼ਨ ਦੇ ਘਰ ਵਿਚ ਰੁਕਣਾ ਪਿਆ ਅਤੇ ਉਨ੍ਹਾਂ ਨੂੰ ਘੇਰ ਰੱਖਿਆ। ਅਗਰ ਗਵਰਨਰ ਸਾਹਿਬ ਦੇ ਨਾਲ ਅਤੇ ਆਈ. ਜੀ. ਪੁਲਿਸ ਦੇ ਨਾਲ ਗਲ ਟੈਲੀਫੋਨ ਤੇ ਨਾ ਹੁੰਦੀ ਤਾਂ ਇਨ੍ਹਾਂ ਅਕਾਲੀਆਂ ਨੇ ਮਾਰ ਦਿਤਾ ਹੁੰਦਾ। ਇਹ ਗੁਰੂ ਗਰੰਥ ਸਾਹਿਬ ਦੀ ਸੰਹੁ ਖਾਕੇ ਕਹਿੰਦੇ ਹਨ ਕਿ ਵੀਰ ਦਵਿੰਦਰ ਸਿੰਘ ਨੇ ਗੋਲੀ ਨਹੀਂ ਚਲਾਈ ਪਰ ਜਿਨ੍ਹਾਂ ਨੇ ਗੋਲੀ ਚਲਾਈ ਅਤੇ ਲਾਠੀਆਂ ਚਲਾਈਆਂ ਅਤੇ ਟੰਗਾਂ ਤੇ ਬਾਹਾਂ ਸਾਡੇ ਆਦਮੀਆਂ ਦੀਆਂ ਤੋੜੀਆਂ ਉਨ੍ਹਾਂ ਦੇ ਖਿਲਾਫ ਕੋਈ ਕੇਸ ਦਰਜ ਨਹੀਂ ਕਰਵਾਇਆ। ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਗੌਰਮਿੰਟ ਅੰਨ੍ਹੀ ਹੋ ਗਈ ਹੈ। ਸਰਕਾਰ ਅੰਨ੍ਹੀ ਨਹੀਂ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ ਹੈ ਕਿ ਇਹ ਸਾਡਾ ਆਦਮੀ ਹੈ, ਇਸ ਲਈ ਕੇਸ ਦਰਜ ਨਹੀਂ ਹੋਣਾ ਚਾਹੀਦਾ। ਇਹ ਆਦਮੀ ਪਰਾਇਆ ਹੈ, ਇਸ ਲਈ ਕੇਸ ਦਰਜ ਜ਼ਰੂਰ ਹੋ ਜਾਵੇ। ਇਸ ਤਰ੍ਹਾਂ ਪੰਜਾਬ ਸਰਕਾਰ ਇਨਜਸਟਿਸ ਕਰੀਏਟ ਕਰ ਰਹੀ ਹੈ। ਮੈਂ ਚੀਫ ਮਨਿਸਟਰ ਸਾਹਿਬ ਨੂੰ ਜਿੰਨੇ ਵੀ ਕੇਸਿਜ਼ ਦੇ ਬਾਰੇ ਲਿਖ ਕੇ ਭੇਜਿਆ ਹੈ ਜਾਂ ਪਰਸਨਲੀ ਜਾ ਕੇ ਦੱਸੇ ਹਨ, ਉਨ੍ਹਾਂ ਸਾਰਿਆਂ ਦੀ ਇਨਕੁਆਇਰੀ ਕਰਵਾ ਲੈਣ ਸਾਰੇ ਕੇਸਿਜ਼ ਹੀ ਸਹੀ ਸਾਬਤ ਹੋਣਗੇ। ਕੋਈ ਵੀ ਝੂਠਾ ਕੇਸ ਸਾਬਤ ਨਹੀਂ ਹੋ ਸਕਦਾ। ਅਗਰ ਇਹ ਗਲਤ ਸਾਬਤ ਕਰ ਦੇਵੋ ਤਾਂ ਮੈਂ ਇਸ ਸਦਨ ਵਿਚ ਚੀਫ ਮਨਿਸਟਰ ਸਾਹਿਬ ਤੋਂ ਮਾਫੀ ਮੰਗ ਲਵਾਂਗਾ। ਮੈਂ ਤਾਂ ਐਸਾ ਆਦਮੀ ਹਾਂ ਜਿਹੜਾ ਸੋਚਦਾ ਹਾਂ ਕਿ ਕਿਸੇ ਦੇ ਨਾਲ ਜ਼ਿਆਦਤੀ ਨਹੀਂ ਹੋਣੀ ਚਾਹੀਦੀ। ਇਹ ਅੱਜ ਕੱਲ ਦੇ ਲਾਅ ਐਂਡ ਆਰਡਰ ਦਾ ਹਾਲ ਹੈ। ਜਿਨ੍ਹਾਂ ਨੂੰ ਮਾਰਿਆ ਗਿਆ ਅਤੇ ਕੁਟਿਆ ਗਿਆ ਉਨ੍ਹਾਂ ਨੂੰ ਹੀ ਅੰਦਰ ਕੀਤਾ ਗਿਆ ਅਤੇ ਜਿਨ੍ਹਾਂ ਨੇ ਮਾਰਿਆ ਉਹ ਬਾਹਰ ਫਿਰ ਰਹੇ ਹਨ। ਮਨਿਸਟਰ ਸਾਹਿਬ ਵੀ ਉਥੇ ਮੌਜੂਦ ਸਨ। ਆਈ. ਜੀ. ਅਤੇ ਡੀ. ਸੀ. ਵੀ ਉਥੇ ਬੈਠੇ ਰਹੇ। ਇਹ ਰਾਜ ਸ਼ਾਸਨ ਚਲਾ ਰਹੇ ਹਨ। ਇਸ ਨੂੰ ਲਾਅ ਐਂਡ ਆਰਡਰ ਕਹਿੰਦੇ ਹਨ। ਡਿਪਟੀ ਸਪੀਕਰ ਸਾਹਿਬ, ਜਲੰਧਰ ਵਿਚ 13 ਤਾਰੀਖ ਦਾ ਵੈਸਾਖੀ ਵਾਲੇ ਵਾਕਿਆ ਦਾ ਜ਼ਿਕਰ ਪਹਿਲਾਂ ਵੀ ਹੋ ਚੁਕਾ ਹੈ ਅਤੇ ਅੰਮ੍ਰਿਤਸਰ ਦੇ ਵਾਕਿਆਂ ਦੀ ਜੁਡੀਸ਼ਲ ਇਨਕੁਆਇਰੀ ਕਰਵਾਉਣੀ ਚਾਹੀਦੀ ਹੈ। (ਵਿਘਨ)

**ਸਰਦਾਰ ਦਲਬੀਰ ਸਿੰਘ** : ** ** **

**Mr. Deputy Speaker:** This is no point of order. ਚੌਧਰੀ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਬਰੀਫ ਜਿਹਾ ਕਹੋ।

**ਚੌਧਰੀ ਬਲਰਾਮ ਜਾਖੜ** : ਡਿਪਟੀ ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਜੁਡੀਸ਼ੀਅਲ ਇਨਕੁਆਇਰੀ ਕਰਵਾ ਲਵੋ, ਸਾਰਾ ਪਤਾ ਲਗ ਜਾਵੇਗਾ। ਅੰਮ੍ਰਿਤਸਰ, ਜਲੰਧਰ ਅਤੇ ਸਰਹਿੰਦ ਦੇ ਕੇਸਿਜ਼ ਦੀ ਜੁਡੀਸ਼ੀਅਲ ਇਨਕੁਆਇਰੀ ਕਰਵਾ ਲਵੋ। ਆਸਾ ਰਾਮ ਜਲੰਧਰ ਦਾ ਬੜਾ ਭਲਾ ਆਦਮੀ ਸੀ, ਉਸ ਨੂੰ ਬਚਾਇਆ ਜਾ ਸਕਦਾ ਸੀ। ਉਹ ਆਦਮੀ ਦੇਸ਼ ਦੀ ਸੇਵਾ ਕਰਨ ਵਾਲਾ ਅਤੇ ਜਨਤਾ ਦੀ ਸੇਵਾ ਕਰਨ ਵਾਲਾ ਸੀ ਉਸ ਨੂੰ ਬਿਨਾਂ ਵਜ੍ਹਾ ਮਰਵਾ ਦਿੱਤਾ ਗਿਆ। ਅੱਜ ਕੱਲ ਕੀ ਹੋ ਰਿਹਾ ਹੈ ? ਮੈਂ ਸੀ. ਐਮ. ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਿਸੇ ਦੇ ਘਰ ਘੁੱਸ ਜਾਵੋ ਔਰ ਉਸ ਦੀ ਬੇਇਜ਼ਤੀ ਕਰ ਦੇਵੋ, ਇਹ

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਚੌਧਰੀ ਬਲਰਾਮ ਜਾਖੜ]

ਲਾਅ ਐਂਡ ਆਰਡਰ ਹੈ। ਪੰਜਾਬ ਸਰਕਾਰ ਦਾ ਕਿਸ ਤਰੀਕੇ ਨਾਲ ਐਡਮਨਿਸਟਰੇਸ਼ਨ ਵਿਚ ਦਖਲ ਦਿੱਤਾ ਜਾ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਕਿਸ ਤਰੀਕੇ ਨਾਲ ਕੇਸਿਜ਼ ਆਪਣੇ ਆਦਮੀਆਂ ਦੇ ਖਿਲਾਫ ਵਾਪਿਸ ਲਏ ਜਾ ਰਹੇ ਹਨ। ਫੀਰੋਜ਼ਪੁਰ ਦੇ ਵਿਚ ਕੋਆਪਰੇਟਿਵ ਇੰਸਪੈਕਟਰ ਨੂੰ ਪਹਿਲਾਂ ਕੁਟਿਆ ਗਿਆ, ਏ. ਆਰ. ਨੂੰ ਫੜ੍ਹ ਕੇ ਲੈ ਗਏ ਪਰ ਉਨ੍ਹਾਂ ਆਦਮੀਆਂ ਦੇ ਖਿਲਾਫ ਕੋਈ ਕਾਰਵਾਈ ਨਹੀਂ ਹੋਈ ਜਿਨ੍ਹਾਂ ਨੇ ਕਾਨੂੰਨ ਦੀ ਖਿਲਾਫ ਵਰਜ਼ੀ ਕੀਤੀ। ਮੋਗੇ ਵਿਚ ਕੀ ਹੋਇਆ ? ਉਥੇ ਇਕ ਅਕਾਲੀ ਐਮ. ਐਲ. ਏ. ਨੇ ਰਾਤ ਨੂੰ ਜਾ ਕੇ ਹਮਲਾ ਕੀਤਾ ਲੇਕਿਨ ਕੋਈ ਕੇਸ ਦਰਜ ਨਹੀਂ ਕੀਤਾ ਗਿਆ। ਇਹ ਲਾਅ ਲੈਂਡ ਆਰਡਰ ਪੰਜਾਬ ਸਰਕਾਰ ਦਾ ਹੈ। ਫਿਰ ਇਥੇ ਹੀ ਬਸ ਨਹੀਂ ਮੈਡੀਕਲ ਕਾਲਜ, ਅੰਮ੍ਰਿਤਸਰ ਦੇ ਵਿਚ ਕੀ ਹੋਇਆ ? ਉਥੇ ਦਿਨ ਦਹਾੜੇ ਰੇਪ ਕੀਤਾ ਗਿਆ। ਕਾਫੀ ਸ਼ੋਰ ਸ਼ਰਾਬੇ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਹੋਈ । ਪਹਿਲਾਂ ਲੁੱਕ ਛਿਪ ਕੇ ਤਾਂ ਹੁੰਦਾ ਰਹਿੰਦਾ ਸੀ ਪਰ ਹੁਣ ਤਾਂ ਬਾਦਲ ਸਾਹਿਬ ਦੀ ਸਰਕਾਰ ਦੇ ਸਮੇਂ ਦਿਨ ਦਿਹਾੜੇ ਰੇਪ ਕੇਸਿਜ਼ ਹੋਣ ਲਗ ਗਏ ਹਨ, ਪੁਲਿਸ ਕੋਈ ਕਾਰਵਾਈ ਨਹੀਂ ਕਰਦੀ।

ਇਤਨੀ ਗੁੰਡਾ ਗਰਦੀ ਵਧ ਗਈ ਹੈ ਕਿ ਕੋਈ ਸ਼ਰਮ ਹੀ ਨਹੀਂ ਰਹੀ। ਹੁਸ਼ਿਆਰਪੁਰ ਦੇ ਵਿਚ ਕੀ ਹੋਇਆ ? ਉਥੇ ਇਕ ਔਰਤ ਦਾ ਕਤਲ ਕੀਤਾ ਗਿਆ, ਫਿਰ ਉਸ ਨੂੰ ਡੰਡਾ ਦਿੱਤਾ ਗਿਆ। ਉਸ ਔਰਤ ਦਾ ਨਾਂ ਪ੍ਰੀਤਮ ਕੌਰ ਸੀ। ਇਸ ਨੂੰ ਲਾਅ ਐਂਡ ਆਰਡਰ ਕਹਿੰਦੇ ਹੋ ? ਇਸ ਤਰ੍ਹਾਂ ਦਾ ਵਾਤਾਵਰਣ ਕਦੋਂ ਤੱਕ ਚੱਲ ਸਕਦਾ ਹੈ ? (ਸਰਦਾਰ ਦਲਬੀਰ ਸਿੰਘ ਵਲੋਂ ਵਿਘਨ) ਪਹਿਲੇ ਮੈਨੂੰ ਟੈਲੀਫੋਨ ਕਾਲਾਂ ਆਉਂਦੀਆਂ ਸਨ ਕਿ ਤੁਹਾਨੂੰ ਮਾਰ ਦਿਤਾ ਜਾਵੇਗਾ, ਕਤਲ ਕਰ ਦਿਤਾ ਜਾਵੇਗਾ । ਹੁਣ, ਡਿਪਟੀ ਸਪੀਕਰ ਸਾਹਿਬ, ਕਿੰਨੇ ਅਫਸੋਸ ਦੇ ਨਾਲ ਕਹਿਣਾ ਪੈ ਰਿਹਾ ਹੈ ਕਿ ਲੀਡਰ ਆਫ ਦੀ ਆਪੋਜ਼ੀਸ਼ਨ ਨੂੰ ਧਮਕੀਆਂ ਦੀਆਂ ਚਿੱਠੀਆਂ ਆ ਰਹੀਆਂ ਹਨ ਕਿ ਤੁਹਾਨੂੰ ਮਾਰ ਦਿੱਤਾ ਜਾਵੇਗਾ, ਤੇਰਾ ਕਤਲ ਕਰ ਦਿੱਤਾ ਜਾਵੇਗਾ । ਮੈਂ ਲੈਟਰ ਸਦਨ ਦੀ ਮੇਜ਼ ਤੇ ਰੱਖ ਦਿੰਦਾ ਹਾਂ।

(ਇਸ ਸਮੇਂ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਫਲੋਰ ਆਫ ਦੀ ਹਾਊਸ ਤੇ ਇਕ ਪੱਤਰ ਸੁੱਟਿਆ ਜਿਹੜਾ ਕਿ ਵਿਧਾਨ ਸਭਾ ਦੇ ਕਿਸੇ ਕਰਮਚਾਰੀ ਨੇ ਉਠਾ ਕੇ ਸ੍ਰੀ ਡਿਪਟੀ ਸਪੀਕਰ ਨੂੰ ਭੇਜ ਦਿੱਤਾ। )

**ਸਰਦਾਰ ਦਲਬੀਰ ਸਿੰਘ :** ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ.. ..

**ਸ੍ਰੀ ਡਿਪਟੀ ਸਪੀਕਰ :** ਮੈਂ ਆਨਰੇਬਲ ਮੈਂਬਰ ਨੂੰ ਬੇਨਤੀ ਕਰਾਂਗਾ ਕਿ ਇਸ ਸਦਨ ਦਾ ਸਮਾਂ ਬੜਾ ਕੀਮਤੀ ਹੈ, ਇਸ ਲਈ ਉਹ ਇਸ ਨੂੰ ਖ਼ਰਾਬ ਨਾ ਕਰਨ। ਇਸ ਦੇ ਨਾਲ ਹੀ ਜਦੋਂ ਲੀਡਰ ਆਫ ਦੀ ਆਪੋਜ਼ੀਸ਼ਨ ਬੋਲ ਰਹੇ ਹੋਣ, ਉਸ ਸਮੇਂ ਪੁਆਇੰਟ ਆਫ ਆਰਡਰ ਰੇਜ਼ ਨਹੀਂ ਕਰਨਾ ਚਾਹੀਦਾ।

**ਚੌਧਰੀ ਬਲਰਾਮ ਜਾਖੜ :** ਡਿਪਟੀ ਸਪੀਕਰ ਸਾਹਿਬ, ਪਹਿਲੇ ਦੋ ਲੜਕਿਆਂ ਨੇ ਸਦਨ ਵਿਚ ਪੇਪਰ ਸੁਟੇ ਤਾਂ ਉਨ੍ਹਾਂ ਨੂੰ ਸਜ਼ਾ ਬਹੁਤ ਘੱਟ ਦਿਤੀ ਗਈ ਕਿਉਂਕਿ ਉਹ ਆਦਮੀ ਇਨ੍ਹਾਂ ਦੇ ਸਨ ਪਰ ਦੂਸਰੀ ਵਾਰੀ ਜਦੋਂ ਪੇਪਰ ਸੁੱਟੇ ਗਏ ਤਾਂ ਉਨ੍ਹਾਂ ਬੰਦਿਆਂ ਨੂੰ 7 ਦਿਨਾਂ ਦੀ ਸਜ਼ਾ ਦਿਤੀ ਗਈ ਕਿਉਂਕਿ ਉਹ ਕਾਂਗਰਸ ਦੇ ਨਾਲ ਸਬੰਧ ਰਖਦੇ ਸਨ। ਇਸ ਤਰ੍ਹਾਂ ਦੀ ਬੇ-ਇਨਸਾਫੀ ਹੋ ਰਹੀ ਹੈ। ਬਾਦਲ ਸਾਹਿਬ ਕਹਿੰਦੇ ਹਨ ਕਿ ਅਸੀਂ ਜੇਲ੍ਹਾਂ ਦੇ ਵਿਚ ਪੱਖੇ ਲਗਵਾ ਦਿੱਤੇ ਹਨ, ਇਹ ਕਰ ਦਿਤਾ ਹੈ, ਉਹ ਕਰ ਦਿੱਤਾ ਹੈ। ਜੇਲ੍ਹਾਂ ਨੂੰ ਸਵਰਗ ਬਣਾ ਦਿੱਤਾ ਹੈ। ਮੈਂ ਉਥੇ ਜਾ ਕੇ ਵੇਖਿਆ ਹੈ ਉਨ੍ਹਾਂ ਨੂੰ ਉਥੇ ਸੌਣ ਦੀ ਥਾਂ ਨਹੀਂ ਹੈ, ਬੈਠਣ ਲਈ ਥਾਂ ਨਹੀਂ ਔਰ ਨਾ ਕੋਈ ਹੋਰ ਸਹੂਲਤਾਂ ਹਨ। ਮੈਂ ਵੀ ਚਾਹੁੰਦਾ ਸੀ ਜੇਕਰ ਜੇਲ੍ਹਾਂ ਨੂੰ ਸਵਰਗ ਬਣਾ ਦਿਤਾ ਹੈ ਤਾਂ ਮੈਂ ਵੀ ਜੇਲ੍ਹ ਵਿਚ ਚਲਾ ਜਾਵਾਂ। ਉਥੇ ਜਾ ਕੇ ਪਤਾ ਲਗਾ ਕਿ ਉਹ ਮੂੰਡੇ ਜ਼ਮੀਨਾਂ ਤੇ ਸੌਂਦੇ

Original with;
Punjab Vidhan Sabha
Digitized by;
Panjab Digital Library

ਹਨ। (ਵਿਘਨ) ਧਰਮਕੋਟ, ਸਮਰਾਲਾ ਦੇ ਕੇਸਿਜ਼ ਦਾ ਜ਼ਿਕਰ ਪਹਿਲਾਂ ਇਥੇ ਹੋ ਚੁਕਾ ਹੈ। ਜਿਸ ਤੋਂ ਤੁਸੀਂ ਦੇਖ ਸਕਦੇ ਹੋ ਕਿ ਲਾਅ ਐਂਡ ਆਰਡਰ ਦੀ ਹਾਲਤ ਕਿੰਨੀ ਪਤਲੀ ਹੋ ਗਈ ਹੈ। ਜੇਕਰ ਇਸ ਤਰ੍ਹਾਂ ਲਾਅ ਐਂਡ ਆਰਡਰ ਦੀ ਹਾਲਤ ਵਿਗੜਦੀ ਰਹੀ ਤਾਂ ਇਹ ਖ਼ੂਬਸੂਰਤ ਪੰਜਾਬ ਦਾ ਨਕਸ਼ਾ ਖ਼ਰਾਬ ਹੋ ਜਾਵੇਗਾ। ਮੈਂ ਤਾਂ ਕਹਿੰਦਾ ਹਾਂ ਕਿ ਜਿਹੜਾ ਭਾਈ-ਚਾਰੇ ਦੇ ਸਬੰਧ ਸਦੀਆਂ ਤੋਂ ਚਲੇ ਆ ਰਹੇ ਹਨ ਉਸ ਨੂੰ ਧਰਮ ਦੇ ਨਾਂ ਤੇ ਖ਼ਰਾਬ ਨਾ ਕਰੋ। ਫਿਰ ਮਹਾਤਮਾ ਗਾਂਧੀ ਦੇ ਬੁਤ ਤੇ ਕਾਲਿਖ ਮਲੀ ਗਈ। ਬਲੈਕ ਫੇਸ ਕਰਨ ਵਾਲਿਆਂ ਦਾ ਕਹਿੰਦੇ ਹਨ ਕਿ ਪਤਾ ਨਹੀਂ ਲਗ ਰਿਹਾ। ਪਰ ਜਿਹੜੇ ਆਦਮੀਆਂ ਦਾ ਪਤਾ ਹੈ ਉਨ੍ਹਾਂ ਨੂੰ ਕਿਉਂ ਨਹੀਂ ਪਕੜਦੇ। ਜਿਸ ਦਾ ਪਤਾ ਹੁੰਦਾ ਹੈ ਉਸ ਨੂੰ ਤਾਂ ਪਕੜ ਲਵੋ। ਕਿਉਂਕਿ ਉਹ ਆਦਮੀ ਇਨ੍ਹਾਂ ਦੀ ਆਪਣੀ ਪਾਰਟੀ ਦੇ ਆਦਮੀ ਹਨ ਇਸ ਕਰ ਕੇ ਉਨ੍ਹਾਂ ਨੂੰ ਪਕੜਦੇ ਨਹੀਂ। ਇਸੇ ਤਰ੍ਹਾਂ ਸੁਨਾਮ ਦਾ ਵਾਕਿਆ ਹੈ। ਬਾਬਾ ਸੋਢਲ ਦਾ ਮੰਦਰ ਦਾ ਝਗੜਾ ਹੈ, ਪਰਮਾਤਮਾ ਕਰੇ ਇਹ ਝਗੜਾ ਨਿਪਟ ਜਾਵੇ ਨਹੀਂ ਤਾਂ ਪਤਾ ਨਹੀਂ ਕੀ ਹੋ ਜਾਵਗਾ। ਪਰ ਮੈਂ ਕਹਿੰਦਾ ਹਾਂ ਕਿ ਇਸ ਤਰ੍ਹਾਂ ਦੇ ਝਗੜੇ ਪਹਿਲੇ ਕਰੀਏਟ ਕਿਉਂ ਹੋਣ ਦਿੰਦੇ ਹੋ। ਪੰਜਾਬ ਵਿਚ ਨਿਹੰਗਾਂ ਦਾ ਰਾਜ ਚਲ ਰਿਹਾ ਹੈ। ਅਕਾਲੀ ਪਾਰਟੀ ਦੇ ਲੀਡਰ ਖੁਦ ਲਾਅ ਐਂਡ ਆਰਡਰ ਨੂੰ ਦੇਖਣ ਕਿ ਪੰਜਾਬ ਦੇ ਵਿਚ ਕੀ ਹੋ ਰਿਹਾ ਹੈ ਸ਼ਰਾਬ ਹੋਰ ਕੋਈ ਕੱਢਦਾ ਹੈ ਪਰ ਪਾਈ ਕਿਸੇ ਹੋਰ ਦੇ ਸਿਰ ਤੇ ਜਾਂਦੀ ਹੈ। ਸੁਨਾਮ ਦੇ ਵਿਚ ਬੰਦਾ ਮਾਰ ਦਿੱਤਾ ਗਿਆ ਪਰ ਕੇਸ ਦਰਜ ਨਹੀਂ ਕੀਤਾ ਗਿਆ। ਇਸ ਗੱਲ ਨੂੰ 4 ਮਹੀਨੇ ਹੋ ਗਏ ਹਨ। ਜੇਕਰ ਕਹਿੰਦੇ ਹਾਂ ਤਾਂ ਕਹਿੰਦੇ ਹਨ ਕਿ ਕੇਸ ਕਿਸੇ ਨੇ ਦਰਜ ਹੀ ਨਹੀਂ ਕਰਵਾਇਆ। ਡਿਪਟੀ ਸਪੀਕਰ ਸਾਹਿਬ, ਮੇਰੇ ਪਾਸ ਬਹੁਤ ਸਾਰੀਆਂ ਅਖਬਾਰਾਂ ਹਨ ਜਿਨ੍ਹਾਂ ਦੇ ਵਿਚ ਟ੍ਰਿਬਿਊਨ ਅਖਬਾਰ 21 ਅਗਸਤ, 22 ਅਗਸਤ, 23 ਅਗਸਤ, ਅਤੇ ਹਿੰਦ ਸਮਾਚਾਰ ਅਤੇ ਅਜੀਤ ਦੀਆਂ ਅਖਬਾਰਾਂ ਮੇਰੇ ਕੋਲ ਹਨ। ਇਨ੍ਹਾਂ ਦੇ ਵਿਚ ਪੰਜਾਬ ਦੀ ਲਾਅ ਐਂਡ ਆਰਡਰ ਦੇ ਹਾਲਾਤ ਤੇ ਰੋਸ਼ਨੀ ਪਾਈ ਹੋਈ ਹੈ। ਕੀ ਇਹ ਅਖਬਾਰਾਂ ਵੀ ਇਨਾਂ ਨੂੰ ਬਦਨਾਮ ਕਰ ਰਹੀਆਂ ਹਨ ?ਪਜਾਬ ਸਰਕਾਰ ਨੂੰ ਇਨ੍ਹਾਂ ਅਖਬਾਟਾਂ ਦੀਆਂ ਖਬਟਾਂ ਤੇ ਗੌਰ ਕਟਨਾ ਚਾਹੀਦਾ ਹੈ। ਮੈਂ ਤੁਹਾਨੂੰ ਅਖਬਾਰ ਟ੍ਰਿਬਿਊਨ ਦੇ ਵਿਚੋਂ ਸਮੱਗਲਿੰਗ ਬਾਰੇ ਸੁਣਾਉਣਾ ਚਾਹੁੰਦਾ ਹਾਂ ਇਸ ਵਿਚ ਲਿਖਿਆ ਹੈ:--

> Show of helplessness by the District Administration of Amritsar. The Chandigarh is also responsible for it. (Interruption)

ਇਸ ਤਰੀਕੇ ਨਾਲ ਅਫੀਮ ਦੀ ਸਮੱਗਲਿੰਗ ਪੂਰੇ ਜ਼ੋਰ ਸ਼ੋਰ ਨਾਲ ਹੋ ਰਹੀ ਹੈ।

ਮੈਂ, ਡਿਪਟੀ ਸਪੀਕਰ ਸਾਹਿਬ, ਪਰਸਨਲੀ ਜਾਣਦਾ ਹਾਂ ਔਰ ਮੈਂ ਖੁਦ ਦੋ ਵਾਰ ਅੰਮ੍ਰਿਤਸਰ ਗਿਆ ਹਾਂ। ਮੈਨੂੰ ਪਤਾ ਹੈ ਕਿ ਕਿਸ ਤਰ੍ਹਾਂ ਨਾਲ ਸਮੱਗਲਿੰਗ ਹੁੰਦੀ ਹੈ। ਕਾਨੂੰਨ ਨੂੰ ਕਿਸ ਤਰ੍ਹਾਂ ਚਲਾਉਣਾ ਚਾਹੀਦਾ ਹੈ। ਇਨ੍ਹਾਂ ਨੂੰ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ ਕਰਕੇ) ਪਤਾ ਨਹੀਂ ਹੈ।

If the Government is not able to give freedom of worship, freedom of security, and administration in which the people could go and earn their livelihood, then what for this Government is there. Mr. Deputy Speaker, through you, I beseech this Government to take note of the situation prevailing in the Punjab State because the Punjab State is now at a very crucial stage. The whole administration is fishy. I have not seen throughout my life such a fishy atmosphere.

## PERSONAL EXPLANATION BY SARDAR BEANT SINGH

**ਸਰਦਾਰ ਬੇਅੰਤ ਸਿੰਘ** : ਪਰਸਨਲ ਐਕਸਪਲੇਨੇਸ਼ਨ, ਸਰ। ਡਿਪਟੀ ਸਪੀਕਰ ਸਾਹਿਬ, ਆਪੋਜ਼ੀਸ਼ਨ ਦੇ ਲੀਡਰ ਨੇ ਬੋਲਦਿਆਂ ਹੋਇਆਂ ਮੇਰਾ ਜ਼ਿਕਰ ਕੀਤਾ ਹੈ। ਮੈਂ ਇਸ ਹਾਊਸ ਨੂੰ ਸੈਕਰੇਡ ਹਾਊਸ ਸਮਝਦਾ ਹਾਂ। ਇਥੇ ਬੰਦਾ ਕੋਈ ਵੀ ਝੂਠ ਨਹੀਂ ਬੋਲ ਸਕਦਾ।

Original with;
Punjab Vidhan Sabha
Digitized by;
Panjab Digital Library

[ਸਰਦਾਰ ਬੇਅੰਤ ਸਿੰਘ]

ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਵੀਰ ਦੇਵਿੰਦਰ ਸਿੰਘ ...... (ਵਿਘਨ) ਦੇ ਨਾਲ ਮੈਂ ਪੰਜ ਸੱਤ ਘੰਟੇ ਰਿਹਾ ਹਾਂ। ਉਨ੍ਹਾਂ ਨੂੰ ਝੂਠਾ ਬਦਨਾਮ ਕੀਤਾ ਗਿਆ ਹੈ। ਉਨ੍ਹਾਂ ਨੇ ਗੋਲੀ ਨਹੀਂ ਚਲਾਈ।

**ਸ੍ਰੀ ਡਿਪਟੀ ਸਪੀਕਰ** : ਤੁਸੀਂ ਆਪਣੀ ਗੱਲ ਕਰੋ।

**ਸਰਦਾਰ ਬੇਅੰਤ ਸਿੰਘ** : ਮੈਂ, ਡਿਪਟੀ ਸਪੀਕਰ ਸਾਹਿਬ, ਹਾਊਸ ਨੂੰ ਬੇਨਤੀ ਕੀਤੀ ਸੀ। ਆਪੋਜ਼ੀਸ਼ਨ ਦੇ ਲੀਡਰ ਨੇ ਜੋ ਗਲਾਂ ਕਹੀਆਂ ਹਨ, ਉਹ ਬਿਲਕੁਲ ਕੁਰੈਕਟ ਗਲਾਂ ਹਨ। ਮੈਂ ਸਮਝਦਾ ਹਾਂ ਕਿ ਇਨ੍ਹਾਂ ਤੇ ਗੌਰ ਹੋਣਾ ਚਾਹੀਦਾ ਹੈ।

**ਸ੍ਰੀ ਡਿਪਟੀ ਸਪੀਕਰ** : ਅੱਛਾ ਜੀ। ਸਰਦਾਰ ਗਰਧਾਰਾ ਸਿੰਘ।

---

## DISCUSSION AND VOTING OF THE DEMANDS FOR SUPPLEMENTARY GRANTS (*Resumption*)

**ਸਰਦਾਰ ਗਰਧਾਰਾ ਸਿੰਘ** (ਫਿਰੋਜ਼ਪੁਰ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਟਾਈਮ ਦਿਤਾ ਹੈ। ਹੁਣ ਮੈਂ ਆਪਣੇ ਇਲਾਕੇ ਦੀਆਂ ਤਕਲੀਫਾਂ ਹਾਊਸ ਨੂੰ ਦੱਸ ਸਕਾਂਗਾ। ਇਸ ਦੇ ਵਿਚ ਕੁਝ ਸਪਲੀਮੈਂਟਰੀਜ਼ ਡਿਮਾਂਡਜ਼ ਐਸੀਆਂ ਹਨ, ਜਿਨ੍ਹਾਂ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ।

**ਸ੍ਰੀ ਡਿਪਟੀ ਸਪੀਕਰ** : ਤੁਸੀਂ ਕਿਹੜੀ ਡੀਮਾਂਡ ਤੇ ਬੋਲ ਰਹੇ ਹੋ ?

**ਸਰਦਾਰ ਗਰਧਾਰਾ ਸਿੰਘ** : ਡਿਪਟੀ ਸਪੀਕਰ ਸਾਹਿਬ, ਮੈਂ ਡਿਮਾਂਡ ਨੰ: 5 ਤੇ ਬੋਲ ਰਿਹਾ ਹਾਂ। ਮੁਲਕ ਦੀ ਵੰਡ ਤੋਂ ਬਾਅਦ ਫਿਰੋਜ਼ਪੁਰ ਸ਼ਹਿਰ ਦੀ ਬਦਕਿਸਮਤੀ ਹੈ ਕਿ 30 ਸਾਲ ਵਿਚ ਉਸ ਇਲਾਕੇ ਵਿਚ ਕੋਈ ਕੰਮ ਨਹੀਂ ਹੋਇਆ। ਡਿਪਟੀ ਸਪੀਕਰ ਸਾਹਿਬ, ਉਥੋਂ ਦੇ ਲੋਕ ਬਹੁਤ ਦੁੱਖੀ ਹਨ। ਮੈਂ ਦਸਣਾ ਚਾਹੁੰਦਾ ਹਾਂ ਕਿ ਹੜ੍ਹ ਤਾਂ ਫਿਰੋਜ਼ਪੁਰ ਵਿਚ ਆਉਂਦੇ ਹੀ ਹਨ ਲੇਕਿਨ ਹੜ੍ਹਾਂ ਦਾ ਕੋਈ ਬੰਦੋਬਸਤ ਨਹੀਂ ਕੀਤਾ ਗਿਆ। ਡਿਪਟੀ ਸਪੀਕਰ ਸਾਹਿਬ, 22 ਤਾਰੀਖ ਨੂੰ ਬਾਦਲ ਸਾਹਿਬ ਨੂੰ ਕਿਹਾ ਗਿਆ ਕਿ ਇਲਾਕੇ ਦਾ ਦੌਰਾ ਕਰੋ। ਬਾਦਲ ਸਾਹਿਬ ਨੇ ਫੈਸਲਾ ਕੀਤਾ ਕਿ ਜ਼ਰੂਰ ਦੌਰਾ ਕਰਾਂਗੇ। ਬਾਦਲ ਸਾਹਿਬ ਨੇ ਖੁਦ ਉਥੇ ਵੇਖਿਆ ਕਿ ਇਥੇ ਇਨਸਾਨ ਨਹੀਂ ਵਸੱਦੇ ਹੈਵਾਨ ਵਸਦੇ ਨੇ। ਬਾਦਲ ਸਾਹਿਬ ਨੇ ਫੈਸਲਾ ਕੀਤਾ ਕਿ ਕੁਝ ਨਾ ਕੁਝ ਰਿਲੀਫ ਜ਼ਰੂਰ ਦਿਆਂਗੇ। ਫੋਕਲ ਪੁਆਇੰਟ ਦੇਣ ਦਾ ਵੀ ਫੈਸਲਾ ਕੀਤਾ ਗਿਆ। ਹਰੀਜਨਾਂ ਨੂੰ ਜ਼ਮੀਨ ਦੀ ਮਲਕੀਅਤ ਦੇਣ ਦਾ ਵੀ ਫੈਸਲਾ ਕੀਤਾ ਗਿਆ ਅਤੇ ਇਹ ਵੀ ਫੈਸਲਾ ਕੀਤਾ ਗਿਆ ਕਿ ਉਨ੍ਹਾਂ ਨੂੰ ਮਕਾਨ ਬਣਾ ਕੇ ਦੇਵਾਂਗੇ ਜਿਥੇ ਕਿ, ਡਿਪਟੀ ਸਪੀਕਰ ਸਾਹਿਬ, 30 ਸਾਲ ਪਹਿਲਾਂ ਕੁਝ ਵੀ ਨਹੀਂ ਦਿੱਤਾ ਗਿਆ ਸੀ। ਇਕ ਜਗ੍ਹਾ ਜੇਕਰ 10 ਆਦਮੀ ਪਿਸ਼ਾਬ ਕਰ ਦੇਣ ਤਾਂ ਹੜ੍ਹ ਆ ਜਾਂਦਾ ਹੈ। (ਵਿਘਨ) ਬਾਦਲ ਸਾਹਿਬ, ਨੇ ਸਾਰਾ ਮੌਕਾ ਦੇਖਿਆ ਅਤੇ ਕਿਹਾ ਕਿ ਪਾਣੀ ਦੇ ਨਿਕਾਸ ਦਾ ਵੀ ਇੰਤਜ਼ਾਮ ਕੀਤਾ ਜਾਵੇਗਾ।

ਡਿਪਟੀ ਸਪੀਕਰ ਸਾਹਿਬ, ਮਿਸ਼ਨ ਮੈਡੀਕਲ ਹਸਪਤਾਲ ਲਈ ਫਰੀਦਕੋਟ ਵਿਚ ਇਕ ਲੱਖ ਦਸ ਹਜ਼ਾਰ ਰੁਪਏ ਦੀ ਗਰਾਂਟ ਦਿੱਤੀ ਗਈ ਹੈ ਤਾਂ ਕਿ ਸਾਡੇ ਬੱਚੇ ਉਥੇ ਪੜ੍ਹ ਸਕਣ। ਗਿਆਰਾਂ ਸਾਲਾਂ ਦੇ ਵਿਚ ਇਕ ਹਸਪਤਾਲ ਮਨਜ਼ੂਰ ਹੋਇਆ ਸੀ ਪਰ ਨੌਕਰਸ਼ਾਹੀ ਨੇ ਇਸ ਕੰਮ ਨੂੰ ਸਿਰੇ ਨਹੀਂ ਚੜ੍ਹਨ ਦਿਤਾ। ਪੈਸਾ ਦੇ ਦਿਉ ਤਾਂ ਕੰਮ ਹੋ ਜਾਵੇਗਾ। ਮੈਂ ਬਾਦਲ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹੀ ਮਹਿਕਮਾ ਹੈ ਲੈਣ ਵਾਲਾ ਅਤੇ ਉਹੀ ਮਹਿਕਮਾ ਹੈ ਦੇਣ ਵਾਲਾ। ਇਸ ਲਈ ਇਸ ਝਗੜੇ ਨੂੰ ਨਿਪਟਾਉਣ। ਬਾਦਲ ਸਾਹਿਬ ਨੇ ਜਦੋਂ ਹਸਪਤਾਲਾਂ ਦਾ ਨੀਂਹ ਪਥੱਰ ਰਖਿਆ ਸੀ ਤਾਂ ਇਹ ਫੈਸਲਾ ਕੀਤਾ ਸੀ ਕਿ ਇਹ ਗਰਾਂਟ ਦੇ ਦਿੱਤੀ ਜਾਵੇਗੀ। ਅਸੀਂ ਬਾਦਲ ਸਾਹਿਬ ਦੇ ਮਸ਼ਕੂਰ ਹਾਂ ਕਿ ਇਕ ਲੱਖ ਦੱਸ ਹਜ਼ਾਰ ਰੁਪਿਆ ਉਨ੍ਹਾਂ ਨੇ

Original with;
Punjab Vidhan Sabha
Digitized by;
Panjab Digital Library

ਦਿੱਤਾ ਹੈ । ਜਦੋਂ ਹਸਪਤਾਲ ਬਣ ਜਾਵੇਗਾ ਤਾਂ ਜਿਹੜਾ ਪੈਸਾ ਅਸੀਂ ਦੂਜਿਆਂ ਨੂੰ ਦਿੰਦੇ ਹਾਂ ਉਹ ਬੱਚ-ਜਾਵੇਗਾ ।

ਡਿਪਟੀ ਸਪੀਕਰ ਸਾਹਿਬ, ਫਿਰੋਜ਼ਪੁਰ ਇਕ ਐਸਾ ਸ਼ਹਿਰ ਹੈ ਜੋ ਸਦੀਆਂ ਤੋਂ ਬਾਹਰ ਦੇ ਹਮਲਾ-ਆਵਰ ਦਾ ਮੁਕਾਬਲਾ ਕਰਦਾ ਆ ਰਿਹਾ ਹੈ। ਇਥੇ ਮੈਂ, ਡਿਪਟੀ ਸਪੀਕਰ ਸਾਹਿਬ, ਦੱਸਣਾ ਚਾਹੁੰਦਾ ਹਾਂ ਕਿ ਤਿੰਨ ਕਿਸਮ ਦੇ ਹੜ੍ਹ ਆਉਂਦੇ ਹਨ। ਇਕ ਅਸਮਾਨੀ ਹੜ੍ਹ, ਦੂਜੇ ਜਿਹੜੇ ਬੰਨ ਤੋੜ ਕੇ ਆਉਂਦੇ ਹਨ ਅਤੇ ਤੀਜਾ ਵੱਡਾ ਹੜ੍ਹ ਜੋ ਸਾਡੇ ਇਲਾਕੇ ਵਿਚ ਆਉਂਦਾ ਹੈ, ਉਹ ਹੈ ਦੁਸ਼ਮਨ ਦਾ ਹਮਲਾ । ਪਾਕਿਸਤਾਨ ਦਾ ਹਮਲਾ ਆਇਆ ਤਾਂ ਸਾਡੇ ਇਲਾਕੇ ਨੂੰ ਕਾਫੀ ਨੁਕਸਾਨ ਪਹੁੰਚਿਆ। ਚੀਨ ਔਰ ਤਿਬਤ ਦਾ ਝਗੜਾ ਸੀ ਤਦ ਸਾਡੇ ਇਲਾਕੇ ਨੂੰ ਵੀ ਕਾਫੀ ਨੁਕਸਾਨ ਪਹੁੰਚਿਆ । ਫਿਰ, ਡਿਪਟੀ ਸਪੀਕਰ ਸਾਹਿਬ, 1965 ਦੀ ਲੜਾਈ ਹੋਈ, ਫਿਰ ਸਾਡਾ ਨੁਕਸਾਨ ਹੋਇਆ । ਉਸ ਤੋਂ ਬਾਅਦ 1971 ਦੀ ਲੜਾਈ ਹੋਈ ਤਾਂ ਵੀ ਸਾਡੇ ਇਲਾਕੇ ਨੂੰ ਕਾਫੀ ਨੁਕਾਸਨ ਹੋਇਆ ਅਤੇ ਤਬਾਹੀ ਮਚੀ । ਡਿਪਟੀ ਸਪੀਕਰ ਸਾਹਿਬ, ਇਹ ਸੂਬਾ ਪਾਕਿਸਤਾਨ ਦੀ ਸਰਹੱਦ ਤੇ ਹਿੰਦੁਸਤਾਨ ਦਾ ਇਕ ਦਰਵਾਜ਼ਾ ਹੈ। ਜੇਕਰ ਇਹ ਦਰਵਾਜ਼ਾ ਕਮਜ਼ੋਰ ਹੋ ਗਿਆ ਤਾਂ ਸਾਰਾ ਦੇਸ਼ ਕਮਜ਼ੋਰ ਹੋ ਜਾਵੇਗਾ।

ਬਾਦਲ ਸਾਹਿਬ ਦੀ ਸਪੀਚ ਵਿਚ ਸਹਾਇਤਾ ਦੇਣ ਲਈ ਲਹਿਰਾਗਾਗਾ, ਬਠਿੰਡਾ, ਲੁਧਿਆਣਾ, ਫਰੀਦਕੋਟ, ਹੁਸ਼ਿਆਰਪੁਰ ਆਦਿ ਨੂੰ ਰਖਿਆ ਗਿਆ ਹੈ ਪਰ ਫਿਰੋਜ਼ਪੁਰ ਦਾ ਨਾਂ ਇਸ ਵਿਚ ਨਹੀਂ ਆਇਆ। ਇਸ ਲਈ ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਸੀ. ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਇਲਾਕੇ ਨੂੰ ਵੀ ਸ਼ਾਮਲ ਕਰ ਲੈਣ। ਜਦੋਂ ਤੱਕ ਫਿਰੋਜ਼ਪੁਰ ਨੂੰ ਮਜ਼ਬੂਤ ਨਹੀਂ ਕਰੋਗੇ ਉਦੋਂ ਤੱਕ ਸਾਡਾ ਪੰਜਾਬ ਮਜਬੂਤ ਨਹੀਂ ਹੋਵੇਗਾ । ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਰੋਜ਼ ਦੇ ਹੜ੍ਹਾਂ ਦਾ ਤਾਂ ਮੁਕਾਬਲਾ ਕਰਦੇ ਹੀ ਸੀ ਲੇਕਿਨ ਇਸ ਸਾਲ ਜੋ ਹੜ੍ਹ ਆਏ ਉਹ ਦਰਿਆਵਾਂ ਦੀ ਵਜ੍ਹਾ ਕਰ ਕੇ ਆਏ ਹਨ। ਬਿਆਸ ਅਤੇ ਸਤਲੁਜ ਵਿਚ ਹੜ੍ਹ ਆਏ ਜਿਸ ਨਾਲ ਕਿ ਸਾਰਾ ਇਲਾਕਾ ਤਬਾਹ ਹੋ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਅਸੀਂ ਹੜ੍ਹਾਂ ਦਾ ਮੁਕਾਬਲਾ ਤਾਂ ਕਰਦੇ ਹੀ ਹਾਂ ਲੇਕਿਨ ਜਿਹੜੇ ਇਸ ਉਤੇ ਹਮਲੇ ਹੁੰਦੇ ਹਨ, ਉਨ੍ਹਾਂ ਨੂੰ ਬਰਦਾਸ਼ਤ ਕਰਨਾ ਮੁਸ਼ਕਲ ਹੋ ਜਾਂਦਾ ਹੈ । (ਵਿਘਨ) ਇਹ ਭਾਖੜੇ ਡੈਮ ਦੇ ਪਾਣੀ ਦਾ ਜੇ ਪਹਿਲਾਂ ਇੰਤਜ਼ਾਮ ਕੀਤਾ ਹੁੰਦਾ ਤਾਂ ਸ਼ਾਇਦ ਪੰਜਾਬ ਵਿਚ ਐਨੀ ਆਫਤ ਨਾ ਆਉਂਦੀ । ਜੇ ਇਸ ਡੈਮ ਦਾ ਸ਼ੁਰੂ ਤੋਂ ਹੀ ਇੰਤਜ਼ਾਮ ਕੀਤਾ ਹੁੰਦਾ ਤਾਂ ਐਨਾ ਪਾਣੀ ਇਕੱਠਾ ਨਾ ਹੁੰਦਾ ਔਰ ਪੰਜਾਬ ਵਿਚ ਐਨੀ ਆਫਤ ਨਾ ਲਿਆਉਂਦਾ। ਕਿਉਂਕਿ ਭਾਖੜਾ ਡੈਮ ਦਾ ਕੰਟਰੋਲ ਸੈਂਟਰ ਦੀ ਸਰਕਾਰ ਕੋਲ ਹੈ, ਇਸ ਲਈ ਇਹ ਪੰਜਾਬ ਦਾ ਨੁਕਸਾਨ ਹੋਇਆ ਹੈ । ਜੇ ਇਸ ਡੈਮ ਦਾ ਕੰਟਰੋਲ ਸਾਡੇ ਪੰਜਾਬ ਦੇ ਹੱਥ ਵਿਚ ਹੁੰਦਾ ਤਾਂ ਅਸੀਂ ਸ਼ੁਰੂ ਤੋਂ ਹੀ ਉਥੋਂ ਪਾਣੀ ਡਿਸਚਾਰਜ ਕਰ ਦਿੰਦੇ; ਔਰ ਪੰਜਾਬ ਦਾ ਜੋ ਹੁਣ ਹੜ੍ਹਾਂ ਨਾਲ ਨੁਕਸਾਨ ਹੋਇਆ ਹੈ, ਇਹ ਨਾ ਹੁੰਦਾ । ਮੈਂ ਇਹ ਵੀ ਇਥੇ ਕਹਿਣਾ ਚਾਹੁੰਦਾ ਹਾਂ ਕਿ ਜੇ ਕਿਸੇ ਵਕਤ ਭਾਖੜਾ ਡੈਮ ਨੂੰ ਨੁਕਸਾਨ ਪਹੁੰਚਿਆ ਤਾਂ ਪੰਜਾਬ ਦਾ ਨਾਉਂ ਸਫਾਏ ਹਸਤੀ ਤੋਂ ਮਿੱਟ ਜਾਏਗਾ । ਇਸ ਵਾਸਤੇ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਸ ਦੇ ਕਿਨਾਰਿਆਂ ਤੇ ਮੁਸਤਕਿਲ ਤੌਰ ਤੇ ਬੰਨ੍ਹ ਬਣਾਇਆ ਜਾਏ । ਸਪੈਸ਼ਲ ਫੰਡ ਕ੍ਰੀਏਟ ਕੀਤਾ ਜਾਏ ਔਰ ਇਸ ਵਿਚ ਸੈਂਟਰ ਦੀ ਸਰਕਾਰ ਹਿੱਸਾ ਪਾਏ, ਪੰਜਾਬ ਦੀ ਸਰਕਾਰ ਹਿੱਸਾ ਪਾਏ ਔਰ ਪੰਜਾਬ ਦੇ ਸਾਰੇ ਧੰਨੀ ਲੋਕ ਜਿਹੜੇ ਇਨਕਮ ਟੈਕਸ ਦਿੰਦੇ ਹਨ, ਉਹ ਵੀ ਇਸ ਵਿਚ ਹਿੱਸਾ ਪਾਉਣ ਤਾਕਿ ਹਮੇਸ਼ਾ ਵਾਸਤੇ ਇਹ ਆਫਤ ਤੋਂ ਬਚਿਆ ਜਾ ਸਕੇ। ਇਸ ਕੰਮ ਦੀ ਸੁਪਰਵੀਜ਼ਨ ਕਰਨ ਵਾਸਤੇ ਜਿਹੜੇ ਅਫ਼ਸਰ ਲਗਾਏ ਜਾਣ ਉਹ ਇਮਾਨਦਾਰ ਹੋਣ, ਮਿਹਨਤੀ ਹੋਣ ਔਰ ਉਹ ਨੈਸ਼ਨਲ ਸਪਿਰਟ ਨਾਲ ਹਮਦਰਦੀ ਦਾ ਮਾਦਾ ਰਖਦੇ ਹੋਣ ਤਾ ਕਿ ਸਾਰਾ ਸਾਲ ਇਲਾਕਿਆਂ ਦੀ ਸੁਪਰਵੀਜ਼ਨ ਕੀਤੀ ਜਾ ਸਕੇ ਔਰ ਪੰਜਾਬ ਨੂੰ ਹੜ੍ਹਾਂ ਤੋਂ ਹਮੇਸ਼ਾਂ ਲਈ ਬਚਾਇਆ ਜਾ ਸਕੇ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਡਿਪਟੀ ਸਪੀਕਰ :** ਹੁਣ ਤੁਸੀਂ ਵਾਈਂਡ ਅੱਪ ਕਰਨ ਦੀ ਕੋਸ਼ਿਸ਼ ਕਰੋ।

**ਸਰਦਾਰ ਗੁਰਧਾਰਾ ਸਿੰਘ :** ਜਿਹੜਾ ਨੁਕਸਾਨ ਬਾਰਸ਼ਾਂ ਨਾਲ ਹੋਇਆ ਹੈ, ਉਹ ਨੁਕਸਾਨ ਤਾਂ ਪੰਜਾਬ ਸਰਕਾਰ ਬੀਅਰ ਕਰੇ । ਜਿਹੜਾ ਨੁਕਸਾਨ ਇਥੇ ਦਰਿਆਵਾਂ ਨਾਲ ਹੋਇਆ ਹੈ, ਭਾਖੜਾ ਡੈਮ ਕਰ ਕੇ ਹੋਇਆ ਹੈ, ਉਸ ਦਾ ਖਰਚਾ ਹਿਦ ਸਰਕਾਰ ਬੀਅਰ ਕਰੇ। ਹਰਿਆਣਾ ਔਰ ਰਾਜਿਸਥਾਨ ਦੀਆਂ ਸਰਕਾਰਾਂ ਇਸ ਡੈਮ ਰਾਹੀਂ ਹੋਏ ਨੁਕਸਾਨ ਨੂੰ ਬੀਅਰ ਕਰਨ। ਅਗਰ ਇਹ ਨਹੀਂ ਹੋਏਗਾ ਤਾਂ ਤੇ ਫਿਰ ਉਹ ਗੱਲ ਹੋਈ ਕਿ :

"ਦੁੱਧ ਪੀਣ ਨੂੰ ਬਾਂਦਰੀ ਔਰ ਡੰਡੇ ਖਾਣ ਨੂੰ ਰਿੱਛ "

ਅਗਰ ਭਾਖੜਾ ਮੈਨੇਜਮੈਂਟ ਦਾ ਕੰਟਰੋਲ ਸਾਡੇ ਹੱਥਾਂ ਵਿਚ ਨਹੀਂ ਦਿੰਦੇ ਤਾਂ ਤੇ ਉਹ ਗਲ ਹੋਈ ਜਿਸ ਤਰ੍ਹਾਂ ਕਿ ਇਕ ਵਾਰੀ ਦੋ ਆਦਮੀਆਂ ਦੀ ਸਾਂਝੀ ਮੱਝ ਸੀ । ਇਕ ਨੇ ਅੱਗਲਾ ਹਿੱਸਾ ਲੈ ਲਿਆ ਔਰ ਦੂਜੇ ਨੇ ਪਿਛਲਾ ਹਿੱਸਾ ਲੈ ਲਿਆ। ਅਗਲਾ ਹਿੱਸਾ ਲੈਣ ਵਾਲਾ ਆਦਮੀ ਤਾਂ ਸੇਵਾ ਕਰਦਾ ਮਰ ਗਿਆ ਔਰ ਪਿਛਲੇ ਹਿੱਸ ਵਾਲਾ ਆਦਮੀ ਦੁਧ ਲੈ ਲੈਂਦਾ ਸੀ। ਅਗਲੇ ਹਿੱਸੇ ਵਾਲੇ ਆਦਮੀ ਨੇ ਸੋਚਿਆ ਕਿ ਮੱਝ ਦੀ ਸੇਵਾ ਤਾਂ ਮੈਂ ਕਰਦਾ ਹਾਂ ਔਰ ਦੁਧ ਮੁਫਤ ਵਿਚ ਦੂਸਰਾ ਆਦਮੀ ਲੈ ਜਾਂਦਾ ਹੈ। ਉਸ ਨੇ ਦੂਸਰੇ ਆਦਮੀ ਨੂੰ ਕਿਹਾ ਕਿ ਆਪਾਂ ਆਪਸ ਵਿਚ ਦੁਧ ਵੰਡ ਲਿਆ ਕਰੀਏ ਔਰ ਸੇਵਾ ਵੀ ਇਕਠੇ ਕਰਿਆ ਕਰੀਏ। ਪਰ ਉਹ ਨਹੀਂ ਮੰਨਿਆ। ਇਸ ਤਰ੍ਹਾਂ ਕਰਨ ਨਾਲ ਉਸ ਅਗਲੇ ਹਿੱਸੇ ਵਾਲੇ ਆਦਮੀ ਨੇ ਡੰਡਾ ਮਾਰ ਕੇ ਮੱਝ ਭਜਾ ਦਿੱਤੀ । ਇਸ ਤਰ੍ਹਾਂ ਕਰਨ ਨਾਲ ਦੁਧ ਲੈਣ ਤੋਂ ਦੋਨੋਂ ਆਦਮੀ ਰਹਿ ਗਏ। ਇਸ ਵਾਸਤੇ ਸੈਂਟਰਲ ਗੌਰਮਿੰਟ ਨੇ ਸਾਡੇ ਨਾਲ ਬੇਇਨਸਾਫੀ ਕੀਤੀ ਹੈ ਜਿਹੜਾ ਕਿ ਭਾਖੜੇ ਡੈਮ ਦਾ ਕੰਟਰੋਲ ਸਾਨੂੰ ਨਹੀਂ ਦਿੱਤਾ। ਇਸ ਲਈ ਜੇ ਇਸ ਤਰ੍ਹਾਂ ਹੀ ਰਖਿਆ ਗਿਆ ਤਾਂ ਡੰਡਾ ਮਾਰ ਕੇ ਜਿਸ ਤਰ੍ਹਾਂ ਮੱਝ ਭਜਾ ਦਿੱਤੀ ਗਈ ਸੀ ਉਸੇ ਤਰ੍ਹਾਂ ਅਸੀਂ ਵੀ ਡੰਡਾ ਮਾਰਾਂਗੇ ਔਰ ਦੁਧ ਨਾ ਆਪ ਲਵਾਂਗੇ ਔਰ ਨਾ ਹੀ ਕਿਸੇ ਦੂਸਰੇ ਆਦਮੀ ਨੂੰ ਲੈਣ ਦੇਵਾਂਗੇ । ਡਿਪਟੀ ਸਪੀਕਰ ਸਾਹਿਬ, ਇਹ ਹੜ੍ਹਾਂ ਕਾਰਨ ਨੁਕਸਾਨ ਪੰਜਾਬ ਦਾ ਹੋਇਆ ਹੈ। ਇਸ ਨਾਲ ਨਾ ਹਰਿਆਣੇ ਦਾ ਔਰ ਨਾ ਹੀ ਰਾਜਿਸਥਾਨ ਦਾ ਨੁਕਸਾਨ ਹੋਇਆ ਹੈ। ਇਸ ਨਾਲ ਸਾਡੇ ਪੰਜਾਬ ਦੀ ਤਬਾਹੀ ਹੋ ਗਈ ਹੈ। ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਕ ਸਪੈਸ਼ਲ ਫੰਡ ਕ੍ਰੀਏਟ ਹੋ ਜਾਏ । ਭਾਖੜਾ ਬੋਰਡ ਦਾ ਕੰਟਰੋਲ ਸਾਡੇ ਕੋਲ ਹੋਵੇ ਔਰ ਹੁਣ ਦਾ ਜੋ ਨੁਕਸਾਨ ਹੋਇਆ ਹੈ ਉਹ ਸੈਂਟਰਲ ਗੌਰਮਿੰਟ ਬੀਅਰ ਕਰੇ। (ਘੰਟੀ) ਪਿਛਲੇ 25 ਸਾਲਾਂ ਵਿਚ ਫਲੱਡਾਂ ਨਾਲ ਐਨੇ ਹੜ੍ਹ ਨਹੀਂ ਆਏ ਜਿੰਨੇ ਕਿ ਹੁਣ ਇਸ ਸਾਲ ਆਏ ਹਨ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਜਦ ਤੱਕ ਭਾਖੜਾ ਮੈਨੇਜਮੈਂਟ ਬੋਰਡ ਦਾ ਕੰਟਰੋਲ ਸਾਡੇ ਪੰਜਾਬ ਕੋਲ ਨਹੀਂ ਹੋਵੇਗਾ ਉਦੋਂ ਤੱਕ ਅਸੀਂ ਫਲੱਡਾਂ ਦਾ ਮੁਕਾਬਲਾ ਨਹੀਂ ਕਰ ਸਕਾਂਗੇ । ਜਿੰਨੀ ਦੇਰ ਤਕ ਸਪੈਸ਼ਲ ਫੰਡ ਇਸ ਵਾਸਤੇ ਕ੍ਰੀਏਟ ਨਹੀਂ ਕੀਤਾ ਜਾਏਗਾ ਉਤਨੀ ਦੇਰ ਤੱਕ ਕੰਪਨਸੇਸ਼ਨ ਨਹੀਂ ਮਿਲ ਸਕਦਾ । ਮੇਰੀ ਆਪਣੀ ਜ਼ਮੀਨ ਵਿਚੋਂ ਫਸਲ ਦਾ ਇਕ ਦਾਣਾ ਨਹੀਂ ਬਚ ਸਕਿਆ (ਘੰਟੀ) ਸਿਰਫ ਦੋ ਮਿੰਟ ਹੋਰ ਲੈਣਾ ਚਾਹੁੰਦਾ ਹਾਂ।

**ਸ੍ਰੀ ਡਿਪਟੀ ਸਪੀਕਰ :** ਤੁਹਾਡਾ ਟਾਈਮ ਖ਼ਤਮ ਹੋ ਚੁਕਾ ਹੈ। ਹੁਣ ਤੁਸੀਂ ਬੈਠੋ।

**ਸਰਦਾਰ ਗੁਰਧਾਰਾ ਸਿੰਘ :** ਮੈਂ ਸਿਰਫ ਐਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਕੰਪਨਸੇਸ਼ਨ ਦੇਣ ਲਈ ਸੈਂਟਰਲ ਗੌਰਮਿੰਟ ਨੂੰ ਔਰ ਪੰਜਾਬ ਸਰਕਾਰ ਦੋਹਾਂ ਨੂੰ ਮਿਲ ਕੇ ਇਹ ਕੰਮ ਕਰਨਾ ਚਾਹੀਦਾ ਹੈ (ਵਿਘਨ) ਐਨੇ ਲਫਜ਼ਾਂ ਨਾਲ ਮੈਂ ਆਪ ਦਾ ਧੰਨਵਾਦ ਕਰਦਾ ਹੋਇਆ ਬੈਠਦਾ ਹਾਂ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਦਲੀਪ ਸਿੰਘ ਟਪਿਆਲਾ** (ਰਾਜਾ ਸਾਂਸੀ): ਡਿਪਟੀ ਸਪੀਕਰ ਸਾਹਿਬ, ਸਪਲੀਮੈਂਟਰੀ ਡੀਮਾਂਡਜ਼ ਦੀ ਸ਼ਕਲ ਵਿਚ ਜਿਹੜਾ ਇਹ ਛੋਟਾ ਜਿਹਾ ਬਜਟ ਪੇਸ਼ ਕੀਤਾ ਗਿਆ ਹੈ, ਮੈਂ ਇਸ ਨੂੰ ਡਿਫੈਕਟਿਵ ਬਜਟ ਸਮਝਦਾ ਹਾਂ ਕਿਉਂਕਿ ਫਾਈਨੈਂਸ ਮਨਿਸਟਰ ਸਾਹਿਬ ਨੂੰ ਚਾਹੀਦਾ ਸੀ ਕਿ ਸਾਲਾਨਾ ਬਜਟ ਪਾਸ ਕਰਨ ਤੋਂ ਪਹਿਲਾਂ ਵੱਖੋ ਵੱਖ ਡਿਪਾਰਟਮੈਂਟਸ ਵਾਸਤੇ ਜਿਹੜੇ ਅਨੁਮਾਨ ਲਗਾਏ ਜਾਂਦੇ ਹਨ ਉਦੋਂ ਕੁਰੈਕਟ ਲਿਆਉਂਦੇ ਤਾਕਿ ਦੁਬਾਰਾ ਸਪਲੀਮੈਂਟਰੀ ਡੀਮਾਂਡਜ਼ ਦੀ ਲੋੜ ਨਾ ਪੈਂਦੀ। ਹੋਰ ਰਕਮਾਂ ਦੀ ਮੰਗ ਕਰਦੇ ਜਿਸ ਤਰਾਂ ਕਿ ਹੜ੍ਹ ਆਏ ਹਨ, ਇਨ੍ਹਾਂ ਵਾਸਤੇ ਸਪਲੀਮੈਂਟਰੀ ਡੀਮਾਂਡਜ਼ ਰਖੇ ਜਾਂਦੇ ਲੇਕਿਨ ਜਦੋਂ ਸਾਰੀਆਂ ਆਈਟਮਜ਼ ਵਾਸਤੇ, ਸਾਰੇ ਡਿਪਾਰਟਮੈਂਟਸ ਵਾਸਤੇ ਤਕਰੀਬਨ ਦੁਬਾਰਾ ਮੰਗ ਕੀਤੀ ਜਾਂਦੀ ਹੈ ਤਾਂ ਮੈਂ ਇਹ ਕਹੇ ਬਿਨਾਂ ਨਹੀਂ ਰਹਿ ਸਕਦਾ ਕਿ ਇਹ ਡਿਫੈਕਟਿਵ ਬਜਟ ਹੈ ਔਰ ਅੱਗੇ ਤੋਂ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ। ਵੈਸੇ ਤਾਂ ਤਕਰੀਬਨ ਸਾਰੇ ਮਹਿਕਮਿਆਂ ਵਾਸਤੇ ਰਕਮਾਂ ਦੀ ਮੰਗ ਕੀਤੀ ਗਈ ਹੈ। ਚਾਹੀਦਾ ਤਾਂ ਇਹ ਸੀ ਕਿ ਇਸ ਉਤੇ ਬਹਿਸ ਕਰਦੇ ਪਰ ਹੁਣ ਮੈਂ ਆਪਣੇ ਖਿਆਲ ਡਿਮਾਂਡ ਨੰ: 13 ਤੇ ਰਖਾਂਗਾ। ਇਸ ਸਬੰਧੀ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਸ ਵਕਤ ਇਹ ਗੌਰਮਿੰਟ ਵਜੂਦ ਵਿਚ ਆਈ ਸੀ ਤਾਂ ਇਸ ਨੇ ਸ਼ੁਰੂ ਵਿਚ ਕੁਰੱਪਸ਼ਨ ਨੂੰ ਦੂਰ ਕਰਨ ਵਾਸਤੇ ਕੁਝ ਕਦਮ ਚੁਕੇ ਸੀ ਔਰ ਉਸ ਦਾ ਅਸਰ ਕੁਰੱਪਟ ਐਲੀਮੈਂਟਸ ਤੇ ਭਾਵੇਂ ਉਹ ਸਰਕਾਰ ਤੋਂ ਬਾਹਰ ਸੀ ਜਾਂ ਸਰਕਾਰ ਅੰਦਰ ਸੀ, ਉਸ ਤੇ ਪਿਆ ਸੀ। ਦੋ ਚਾਰ ਮਹੀਨੇ ਉਹ ਸਹਿਣ ਦੀ ਹਾਲਤ ਵਿਚ ਰਹੇ। ਪਰ ਅੱਜ ਕੁਰੱਪਸ਼ਨ, ਸਮੱਗਲਿੰਗ ਔਰ ਰਿਸ਼ਵਤ-ਖੋਰੀ ਤੇਜ਼ੀ ਨਾਲ ਸਿਰ ਉਠਾ ਰਹੀ ਹੈ। ਤੁਸੀਂ ਸੁਣ ਕੇ ਹੈਰਾਨ ਹੋਵੋਗੇ ਕਿ ਇਕ ਬੜਾ ਵੱਡਾ ਕੁਰੱਪਸ਼ਨ ਦਾ ਕੇਸ ਫੜਿਆ ਗਿਆ ਸੀ ਡਰੇਨਾਂ ਦਾ ਔਰ ਉਸ ਦੇ ਬਾਰੇ ਵਿਚ ਢੰਡੋਰਾ ਬਹੁਤ ਪਿਟਿਆ ਗਿਆ ਸੀ। ਕਈ ਮਹੀਨੇ ਹੋ ਗਏ ਕੇਸ ਕੋਰਟ ਵਿਚ ਚਲਦਾ ਪਿਆ ਸੀ। ਚੰਦ ਦਿਨ ਹੋਏ ਹਨ ਕਿ ਕੈਲਾਸ਼ ਜੋ ਕਿ ਐਕਿਊਜ਼ਡ ਸੀ ਉਹ ਹਾਈ ਕੋਰਟ ਵਿਚ ਗਿਆ ਸੀ, ਉਸ ਦੇ ਬਾਰੇ ਜੋ ਫਸਟ ਇਨਫਰਮੇਸ਼ਨ ਰਿਪੋਰਟ ਲਿਖੀ ਹੋਈ ਸੀ ਉਹ ਰੱਦ ਕਰ ਦਿੱਤੀ ਗਈ ਹੈ। ਸੋ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅਗਰ ਸਰਕਾਰ ਨੇ ਕੁਰੱਪਸ਼ਨ ਦੇ ਖਿਲਾਫ਼ ਲੜਨਾ ਹੈ, ਸਮੱਗਲਿੰਗ ਦੇ ਖਿਲਾਫ਼ ਲੜਨਾ ਹੈ ਤਾਂ ਬੜੀ ਜੁਰੱਤ ਨਾਲ, ਬੜੀ ਦਲੇਰੀ ਨਾਲ ਕਾਂਸ-ਟੈਂਟਲੀ ਲੜਨਾ ਚਾਹੀਦਾ ਹੈ। ਇਸ ਸਿਲਸਿਲੇ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਇਸ ਮਾਮਲੇ ਵਿਚ ਅਵੇਸਲੀ ਹੈ ਔਰ ਅਗਰ ਇਹ ਅਵੇਸਲਾਪਨ ਰਿਹਾ ਤਾਂ ਆਮ ਲੋਕਾਂ ਵਿਚ ਸਰਕਾਰ ਆਪਣਾ ਅਸਰ ਰਸੂਖ ਖੋਹ ਬੈਠੇਗੀ।

ਮੈਂ ਜ਼ਿਆਦਾ ਕੁਝ ਨਾ ਕਹਿੰਦਾ ਹੋਇਆ, ਇਹ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਵਰਕਿੰਗ ਕਲਾਸ ਵੱਲ ਹੀ ਲੈ ਲਵੋ ਕਿ ਇਸ ਦੀ ਅੱਜ ਕੀ ਹਾਲਤ ਹੈ। ਵਰਕਿੰਗ ਕਲਾਸ ਦੀ ਸਟਰਗਲ ਪੰਜਾਬ ਦੇ ਅੰਦਰ ਚਲ ਰਹੀ ਹੈ। ਵਰਕਿੰਗ ਕਲਾਸ ਔਰ ਮਾਲਕਾਂ ਦੇ ਦਰਮਿਆਨ ਜੋ ਸਟਰਗਲ ਚਲ ਰਹੀ ਹੈ ਉਸ ਵਿਚ ਸਰਕਾਰ ਨੇ ਹਮੇਸ਼ਾਂ ਹੀ ਮਾਲਕਾਂ ਦਾ ਸਾਥ ਦਿੱਤਾ ਹੈ। ਰਾਜਪੁਰੇ ਵਿਚ ਪਿਛੇ ਜਿਹੇ ਇਸੇ ਤਰ੍ਹਾਂ ਦੀ ਹੀ ਵਰਕਿੰਗ ਕਲਾਸ ਦੀ ਸਟਰਗਲ ਹੋਈ ਸੀ। ਉਥੇ ਬਿਰਲੇ ਨੇ ਇੰਟਰਫੀਅਰ ਕੀਤਾ ਸੀ । ਬਾਦਲ ਸਾਹਿਬ ਨੇ ਔਰ ਟੌਹੜਾ ਸਾਹਿਬ ਨੇ ਵੀ ਆਪਣੀ ਕੋਸ਼ਿਸ਼ ਕੀਤੀ ਸੀ। ਪਰ ਇਨ੍ਹਾਂ ਦੇ ਉਹ ਏਮਜ਼ ਨਹੀਂ ਰਹੇ ਜਿਹੜੇ ਕਿ ਇਹ ਸਰਕਾਰ ਵਾਇਦਾ ਕਰਕੇ ਇਸ ਅਵੱਸਥਾ ਵਿਚ ਆਈ ਹੋਵੇ ਕਿ ਮੁਲਕ ਵਿਚ ਸੋਸ਼ਲਿਸਟ ਨਿਜ਼ਾਮ ਪੈਦਾ ਕਰਾਂਗੇ। ਸੋਸ਼ਲਿਜ਼ਮ ਕੀ ਹੈ ? ਉਹ ਇਹ ਹੈ ਕਿ ਸਰਕਾਰ ਵਰਕਿੰਗ ਕਲਾਸ ਦੇ ਹੱਕਾਂ ਦੀ ਰਾਖੀ ਕਰੇ। ਪਰ ਜੇ ਹੁਣ ਵੀ ਵੱਡੇ ਵੱਡੇ ਕਾਰਖਾਨੇਦਾਰਾਂ ਦੀ, ਮਨਾਪਲਿਸਟਾਂ ਦੀ ਸਾਡੀ ਐਡਮਨਿਸਟ੍ਰੇਸ਼ਨ ਮਦਦ ਕਰੇ ਤਾਂ ਇਹ ਚੰਗੀ ਚੀਜ਼ ਨਹੀਂ ਹੋਵੇਗੀ। ਵਰਕਿੰਗ ਕਲਾਸ ਦੇ ਹੱਕਾਂ ਦੀ ਸਰਕਾਰ ਨੂੰ ਰਾਖੀ ਕਰਨੀ ਚਾਹੀਦੀ ਹੈ। ਜੇ ਹੁਣ ਦੀ ਸਰਕਾਰ ਵਡੇ ਵਡੇ ਕਾਰਖਾਨੇਦਾਰਾਂ ਦੀ ਜਾਂ ਮਨਾਪਲਿਸਟਾਂ ਦੀ ਮਦਦ ਕਰਦੀ ਰਹੀ ਤਾਂ ਫਿਰ ਇਸ ਵਿਚ ਔਰ ਪਿੱਛਲੀ ਕਾਂਗ-ਰਸ ਸਰਕਾਰ ਵਿਚ ਫਰਕ ਕੀ ਰਹਿ ਜਾਏਗਾ ? ਇਥੇ ਪੁਰਅਮਨ ਸਤਿਆਗ੍ਰਹਿ ਕੀਤੇ ਗਏ ਹਨ। ਡੈਮੋਕ੍ਰੇਟਿਕ ਸੈਟ ਅੱਪ ਵਿਚ ਪੁਰਅਮਨ ਸਤਿਆਗ੍ਰਹਿ ਕਰਨ ਦਾ ਹਰ ਇਕ ਦਾ ਹੱਕ ਹੈ। ਡੈਮੋਕ੍ਰੇਟਿਕ ਤਰੀਕੇ ਨਾਲ ਆਪਣੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਲੀਪ ਸਿੰਘ ਟਪਿਆਲਾ]

ਹੱਕਾਂ ਦੀ ਮੰਗ ਕਰਨ ਦਾ ਹਰ ਇਕ ਨੂੰ ਅਖਤਿਆਰ ਹੈ ਲੇਕਿਨ ਦੇਖਣ ਵਿਚ ਇਹ ਆ ਰਿਹਾ ਹੈ ਕਿ ਹਰ ਰੋਜ਼ ਪੁਰਅਮਨ ਸਤਿਆਗ੍ਰਹੀਆਂ ਤੇ ਲਾਠੀ ਚਾਰਜ ਕੀਤੀ ਗਈ ਹੈ। ਮੈਂ ਸਮਝਦਾ ਹਾਂ ਕਿ ਪੁਲਿਸ ਮੁਕੰਮਲ ਤੌਰ ਤੇ ਸਰਕਾਰ ਦੇ ਕੰਟ੍ਰੋਲ ਵਿਚ ਨਹੀਂ ਹੈ। ਇਸ ਪਾਸੇ ਵੱਲ ਹੁਣ ਦੀ ਸਰਕਾਰ ਨੂੰ ਆਪਣਾ ਰਵੱਈਆ ਬਦਲਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਜ਼ਿਆਦਾ ਕੁਝ ਨਾ ਕਹਿੰਦਾ ਹੋਇਆ ਅੰਤ ਵਿਚ ਇਕ ਗੱਲ ਤੇ ਜ਼ੋਰ ਦੇਣਾ ਚਾਹੁੰਦਾ ਹਾਂ। ਸਾਡਾ ਸੂਬਾ ਬੜੇ ਨਾਜ਼ਕ ਹਾਲਾਤ ਵਿਚੋਂ ਨਿਕਲ ਰਿਹਾ ਹੈ। ਨਿਰੰਕਾਰੀ ਘਟਨਾ ਦੇ ਬਾਅਦ ਪੰਜਾਬ ਦੇ ਵਿਚ ਵਾਤਾਵਰਨ ਦਰੁਸਤ ਹਾਲਤ ਵਿਚ ਨਹੀਂ ਆਇਆ। ਮੈਂ ਸਮਝਦਾ ਹਾਂ ਕਿ ਸ਼ੁਰੂ ਤੋਂ ਲੈ ਕੇ ਕੁਝ ਲੋਕ ਐਸੇ ਹਨ ਜਿਨ੍ਹਾਂ ਨੇ ਇਸ ਮਸਲੇ ਨੂੰ ਵਿਗਾੜਨ ਦੀ ਕੋਸ਼ਿਸ਼ ਕੀਤੀ, ਇਸ ਮਸਲੇ ਨੂੰ ਉਭਾਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਇਿਸ ਮਸਲੇ ਨੂੰ ਫਿਰਕੂ ਰੰਗਤ ਦੇਣ ਦੀ ਕੋਸ਼ਿਸ਼ ਕੀਤੀ ਅਤੇ ਟੈਨਸ਼ਨ ਨੂੰ ਤੇਜ਼ ਕਰਨ ਦੀ ਕੋਸ਼ਿਸ਼ ਕੀਤੀ। ਲੇਕਿਨ ਇਸ ਸਬੰਧ ਵਿਚ ਇਸ ਸਰਕਾਰ ਨੇ ਜੋ ਯਤਨ ਕੀਤੇ ਹਨ ਮੈਂ ਸਮਝਦਾ ਹਾਂ ਕਿ ਅੱਛੇ ਸ਼ਲਾਘਾਯੋਗ ਕਦਮ ਚੁੱਕੇ ਹਨ ਅਤੇ ਹਾਲਾਤ ਨੂੰ ਵਿਗੜਨ ਤੋਂ ਰੋਕਿਆ ਹੈ। ਲੇਕਿਨ ਅੱਜ ਤੱਕ ਹਾਲਾਤ ਨਾਰਮਲ ਨਹੀਂ ਹੋਏ। ਡਿਪਟੀ ਸਪੀਕਰ ਸਾਹਿਬ, ਮੇਰੇ ਸਾਹਮਣੇ 8-9 ਸਾਲਾਂ ਦਾ ਵਾਕਿਆ ਆਉਂਦਾ ਹੈ ਕਿ ਪਾਕਿਸਤਾਨ ਦੀ ਨੈਸ਼ਨਲ ਅਸੈਂਬਲੀ ਨੇ ਇਕ ਰੈਜ਼ੋਲਿਓਸ਼ਨ ਪਾਸ ਕੀਤਾ ਸੀ ਕਿ ਅਹਿਮਦੀਆਂ ਮੁਸਲਮਾਨ ਨਹੀਂ ਸੀ। ਉਸ ਦੇ ਬਾਅਦ ਪਤਾ ਨਹੀਂ ਕੀ ਹੋਇਆ ਕਿ ਸਾਰੇ ਉਸ ਪੰਜਾਬ ਦੇ ਅੰਦਰ 3-4 ਹਜ਼ਾਰ ਬੰਦਿਆਂ ਦਾ ਕਤਲ ਹੋਇਆ ਅਤੇ ਲੜਕੀਆਂ ਅਤੇ ਔਰਤਾ ਦਾ ਬੁਰਾ ਹਾਲ ਹੋਇਆ ਲੇਕਿਨ ਸਰਕਾਰ ਉਨ੍ਹਾਂ ਦੀ ਇਮਦਾਦ ਤੇ ਨਹੀਂ ਆਈ। ਮੈਂ ਬੜੇ ਅਦਬ ਨਾਲ ਬੇਨਤੀ ਕਰਾਂਗਾ ਕਿ ਇਹ ਮਾਮਲਾ, ਇਹ ਘਟਨਾ ਕੋਈ ਮਾੜੀ ਗੱਲ ਨਹੀਂ ਹੈ। ਅੱਜ ਜਿਸ ਪਾਸੇ ਨੂੰ ਹਾਲਾਤ ਜਾ ਰਹੇ ਹਨ ਉਨ੍ਹਾਂ ਨੂੰ ਰੋਕਣ ਲਈ ਸਰਕਾਰ ਨੂੰ ਉਚੇਚੇ ਕਦਮ ਪੁੱਟਣੇ ਚਾਹੀਦੇ ਹਨ। ਜਿਹੜੀਆਂ ਪਾਰਟੀਆਂ ਪੰਜਾਬ ਵਿਚ ਫਿਰਕੂ ਵਾਤਾਵਰਨ ਪੈਦਾ ਕਰਨਾ ਚਾਹੁੰਦੀਆਂ ਹਨ ਉਨ੍ਹਾਂ ਤੇ ਕੰਟਰੋਲ ਕਰਨਾ ਚਾਹੀਦਾ ਹੈ। ਇਸ ਵਾਸਤੇ ਮੈਂ ਅਰਜ਼ ਕਰਾਂਗਾ ਕਿ ਜਿਥੋਂ ਤੱਕ ਨਿਰੰਕਾਰੀਆਂ ਦਾ ਤੁਅੱਲਕ ਹੈ ਅਤੇ ਅਤੇ ਇਹ ਜਿਹੜੀ ਘਟਨਾ ਹੋਈ ਹੈ ਇਸ ਵਿਚ 13 ਭਾਈ ਸ਼ਹੀਦ ਹੋਏ ਹਨ। ਮੈਂ ਇਸ ਵਿਚ ਉਦੋਂ ਦੀ ਨਿਰੰਕਾਰੀਆਂ ਦੀ ਗਲਤੀ ਸਮਝਦਾ ਹਾਂ ਜਿਨ੍ਹਾਂ ਨੇ ਉਸ ਸਮੇਂ ਅਜਿਹੇ ਹਾਲਾਤ ਪੈਦਾ ਕੀਤੇ। 13 ਭਾਈ ਸ਼ਹੀਦ ਹੋ ਗਏ। ਉਸ ਦੇ ਬਾਅਦ ਉਨ੍ਹਾਂ ਦੇ ਖਿਲਾਫ਼ ਕੇਸ ਰਜਿਸਟਰ ਹੋਇਆ। ਕੇਸ ਸਬਜੁਡਿਸ ਹੈ ਔਰ ਅਦਾਲਤ ਇਸ ਦਾ ਫੈਸਲਾ ਕਰੇਗੀ ਕਿ ਕਿੰਨਾ ਕਿਸ ਦਾ ਜੁਰਮ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਦੇ ਹਾਲਾਤ ਵਿਚ ਇਹ ਗੱਲ ਦਰੁਸਤ ਨਹੀਂ ਜਾਪਦੀ ਕਿ ਕਿਸੇ ਦਾ ਆਪਣਾ ਭਵਨ ਹੋਵੇ ਅਤੇ ਆਪਣੇ ਪੈਸੇ ਨਾਲ ਭਵਨ ਉਸਾਰਿਆ ਹੋਵੇ ਪਰ ਉਥੇ ਕਿਸੇ ਨੂੰ ਸਤਿਸੰਗ ਕਰਨ ਦੀ ਆਗਿਆ ਨਾ ਹੋਵੇ। ਸਰਕਾਰ ਦਾ ਐਲਾਨ ਹੈ, ਸਰਕਾਰ ਨੇ ਕਿਹਾ ਹੈ ਕਿ ਅਸੀਂ ਸਤਿਸੰਗ ਕਰਵਾਂਵਾਂਗੇ ਪਰ ਅੱਜ ਮੈਂ ਸਮਝਦਾ ਹਾਂ ਕਿ ਜਿਸ ਤਰ੍ਹਾਂ ਦੇ ਹਾਲਾਤ ਵਿਗੜ ਰਹੇ ਹਨ ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਸ ਪਾਸੇ ਉਚੇਚੇ ਕਦਮ ਚੁੱਕੇ ਜਾਣ। ਇਕ ਪਾਸੇ ਸੰਤਾਂ ਨੂੰ ਸਮਝਾਇਆ ਜਾਵੇ ਕਿ ਸਿੱਖਾਂ ਦੀਆਂ ਪੁਰਾਣੀਆਂ ਰਵਾਇਤਾਂ ਹਨ ਕਿ ਸਿੱਖ ਜ਼ੁਲਮ ਦੇ ਖਿਲਾਫ਼ ਲੜਦੇ ਰਹੇ ਹਨ ਪਰ ਸਿੱਖ ਕਦੇ ਕਿਸੇ ਮਜ਼ਲੂਮ ਤੇ ਵਾਰ ਨਹੀਂ ਕਰਦਾ। ਸਿੱਖ ਇਤਹਾਸ ਇਸ ਬਾਰੇ ਗਵਾਹ ਹੈ। ਇਕ ਵੇਰ ਗੁਰੂ ਗੋਬਿੰਦ ਸਿੰਘ ਨੂੰ ਸਿੱਖਾਂ ਨੇ ਕਿਹਾ ਹੈ ਕਿ ਸ਼ੇਰ ਸੁੱਤਾ ਪਿਆ ਹੈ ਉਸ ਨੂੰ ਮਾਰਨਾ ਬੜਾ ਆਸਾਨ ਰਹੇਗਾ ਪਰ ਇਸ ਤੇ ਉਨ੍ਹਾਂ ਨੇ ਸਿੱਖਾਂ ਨੂੰ ਕਿਹਾ ਕਿ ਨਹੀਂ, ਪਹਿਲਾਂ ਸ਼ੇਰ ਨੂੰ ਜਗਾਓ ਫਿਰ ਮਾਰਾਂਗੇ। ਸਿੱਖ ਸੁੱਤੇ ਹੋਏ ਸ਼ੇਰ ਤੇ ਵਾਰ ਨਹੀਂ ਕਰਦਾ। ਪਰ ਅੱਜ ਜਿਹੜੇ ਇਸ ਕਿਸਮ ਦੇ ਵਾਰ ਕੀਤੇ ਜਾ ਰਹੇ ਹਨ ਅਤੇ ਵਾਤਾਵਰਣ ਨੂੰ ਖ਼ਰਾਬ ਕੀਤਾ ਜਾ ਰਿਹਾ ਹੈ, ਮੈਂ ਸਰਕਾਰ ਨੂੰ ਕਹਾਂਗਾ ਕਿ ਇਹ ਕੋਈ ਮਾਮੂਲੀ ਘਟਨਾ ਨਹੀਂ ਹੈ, ਇਹ ਮਾਮੂਲੀ ਗੱਲ ਨਹੀਂ ਹੈ, ਇਸ ਨੂੰ ਰੋਕਣ ਵਾਸਤੇ ਉਚੇਚੇ ਕਦਮ ਪੁੱਟਣੇ ਚਾਹੀਦੇ ਹਨ। ਮੈਨੂੰ ਪਤਾ ਹੈ ਕਿ ਕੁਝ ਲੋਕ ਹੁਣ ਵੀ ਤਸਵੀਰ ਨੂੰ ਵਿਗਾੜਨਾ ਚਾਹੁੰਦੇ ਹਨ ਅਤੇ ਇਸ

Original with;
Punjab Vidhan Sabha
Digitized by;
Panjab Digital Library

ਨੂੰ ਪੁਲਿਟੀਕਲ ਰੰਗਤ ਦੇਣਾ ਚਾਹੁੰਦੇ ਹਨ। ਉਨ੍ਹਾਂ ਲੋਕਾਂ ਦੇ ਸਾਹਮਣੇ ਸੂਬੇ ਦਾ ਭਵਿੱਖ ਨਹੀਂ ਹੈ, ਉਨ੍ਹਾਂ ਲੋਕਾਂ ਦੇ ਸਾਹਮਣੇ ਲੋਕਾਂ ਦਾ ਭਵਿੱਖ ਨਹੀਂ ਹੈ। ਇਸ ਪਾਸੇ ਸਰਕਾਰ ਨੂੰ ਧਿਆਨ ਕਰਨਾ ਚਾਹੀਦਾ ਹੈ। ਸਾਡੇ ਸਾਰਿਆਂ ਦਾ ਫਰਜ਼ ਹੈ, ਸਾਡਾ ਵੀ ਅਤੇ ਆਪੋਜ਼ੀਸ਼ਨ ਪਾਰਟੀਆਂ ਦਾ ਵੀ ਅਤੇ ਸਰਕਾਰੀ ਬੈਂਚਿਜ਼ ਤੇ ਜਿਹੜੇ ਬੈਠੇ ਹਨ, ਉਨ੍ਹਾਂ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਪੰਜਾਬ ਦੇ ਅੱਜ ਦੇ ਹਾਲਾਤ ਨੂੰ ਉਚੇਚੇ ਤੌਰ ਤੇ ਸਾਹਮਣੇ ਰੱਖ ਕੇ ਪੰਜਾਬ ਦੇ ਅੰਦਰ ਫਿਰਕੂ ਵਾਤਾਵਰਣ ਨੂੰ ਸੁਖਾਲਾ ਕਰਨ ਵਾਸਤੇ ਉਚੇਚੇ ਕਦਮ ਚੁੱਕਣੇ ਚਾਹੀਦੇ ਹਨ। ਜਿਹੜੇ ਲੋਕ ਇਸ ਕੋਸ਼ਿਸ਼ ਵਿਚ ਹਨ ਕਿ ਪੰਜਾਬ ਦੇ ਅਮਨ ਅਮਾਨ ਨੂੰ ਭੰਗ ਕੀਤਾ ਜਾਵੇ, ਪੰਜਾਬ ਨੂੰ ਅਗ ਲਾ ਦਿਤੀ ਜਾਵੇ, ਅਜਿਹੀਆਂ ਹਰਕਤਾਂ ਨੂੰ ਦੇਖਦੇ ਹੋਏ ਇਨ੍ਹਾਂ ਤੇ ਕਾਬੂ ਪਾਉਣਾ ਚਾਹੀਦਾ ਹੈ। ਜੇ ਇਸ ਮੱਸਲੇ ਨੂੰ ਹੱਲ ਨਾ ਕੀਤਾ ਤਾਂ ਸਾਡੇ ਸਾਹਮਣੇ ਜਿਹੜੇ ਬੜੇ ਵੱਡੇ ਵੱਡੇ ਮਸਲੇ ਹਨ ਉਹ ਕਿਸ ਤਰ੍ਹਾਂ ਹੱਲ ਹੋਣਗੇ ? ਡਿਪਟੀ ਸਪੀਕਰ ਸਾਹਿਬ, ਅੰਤ ਵਿਚ ਮੈਂ ਇਕ ਗੱਲ ਕਹਿ ਕੇ ਖ਼ਤਮ ਕਰਨ ਦੀ ਤੁਹਾਡੇ ਕੋਲੋਂ ਆਗਿਆ ਮੰਗਾਂਗਾ। ਜਿੰਨੇ ਮਸਲੇ ਸਾਡੇ ਪੰਜਾਬ ਦੇ ਸਾਡੇ ਸਾਹਮਣੇ ਹਨ ਉਨ੍ਹਾਂ ਨੂੰ ਅਗਰ ਸਰਕਾਰ ਚਾਹੇ ਤਾਂ ਕੋਸ਼ਿਸ਼ ਕਰਕੇ ਹੱਲ ਕਰ ਸਕਦੀ ਹੈ। ਇਸ ਬਾਰੇ ਇਕ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿੰਨੇ ਟੈਕਸ ਅਸੀਂ ਸੈਂਟਰਲ ਗੌਰਮਿੰਟ ਨੂੰ ਦਿੰਦੇ ਹਾਂ ਉਸ ਬਾਰੇ ਅਸੀਂ ਸੈਂਟਰਲ ਗੌਰਮਿੰਟ ਨੂੰ ਕਹੀਏ ਕਿ ਉਸ ਦਾ 75 % ਹਿੱਸਾ ਸਾਡੇ ਸੂਬੇ ਤੇ ਖਰਚ ਕੀਤਾ ਜਾਵੇ। ਜਿੰਨੀ ਦੇਰ ਤੱਕ ਸਾਨੂੰ ਉਸ ਦਾ 75 ਫੀਸਦੀ ਹਿੱਸਾ ਨਹੀਂ ਮਿਲਦਾ ਮੈਂ ਸਮਝਦਾ ਹਾਂ ਕਿ ਅਸੀਂ ਮਸਲੇ ਹੱਲ ਨਹੀਂ ਕਰ ਸਕਾਂਗੇ। (ਤਾੜੀਆਂ) ਜਿਸ ਤਰ੍ਹਾਂ ਹਾਊਸ ਨੇ ਮੰਗ ਕੀਤੀ ਹੈ ਕਿ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਮਿਲਣੇ ਚਾਹੀਦੇ ਹਨ ਇਸੇ ਤਰ੍ਹਾਂ ਹੀ ਸਾਡੀ ਸਰਕਾਰ ਨੂੰ ਕੇਂਦਰ ਦੀ ਸਰਕਾਰ ਕੋਲੋਂ ਮੰਗ ਕਰਨੀ ਚਾਹੀਦੀ ਹੈ ਕਿ ਜਿਹੜਾ ਸੈਂਟਰ ਦੀ ਸਰਕਾਰ ਨੂੰ ਟੈਕਸ ਜਾਂਦਾ ਹੈ ਉਸ ਦਾ 75 ਫੀਸਦੀ ਹਿੱਸਾ ਪੰਜਾਬ ਨੂੰ ਦਿਓ ਤਾਂਕਿ ਅਸੀਂ ਪੰਜਾਬ ਦੇ ਮਸਲੇ ਹੱਲ ਕਰ ਸਕੀਏ। ਇਤਨਾ ਕੁਝ ਕਹਿੰਦਾ ਹੋਇਆ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਸਰਦਾਰ ਗੁਰਦੇਵ ਸਿੰਘ ਸ਼ਾਂਤ** (ਨਿਹਾਲ ਸਿੰਘਵਾਲਾ, ਐਸ. ਸੀ): ਡਿਪਟੀ ਸਪੀਕਰ ਸਾਹਿਬ, ਮੈਂ ਮੰਗ ਨੰਬਰ 5 ਦੇ ਹੱਕ ਵਿਚ ਆਪਣੇ ਵਿਚਾਰ ਰੱਖਣਾ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਇਹ ਮੰਗ ਪਿੰਡਾਂ ਨਾਲ ਜੁੜੀ ਹੋਈ ਹੈ, ਇਹ ਮੰਗ ਪਿੰਡਾਂ ਨਾਲ ਸਬੰਧ ਰੱਖਦੀ ਹੈ। ਡਿਪਟੀ ਸਪੀਕਰ ਸਾਹਿਬ, ਮਾਲੀਏ ਦਾ ਬੜਾ ਚੱਕਰ ਹੈ। ਮਾਲੀਏ ਦੀ ਉਗਰਾਹੀ ਅਤੇ ਮਾਲੀਏ ਦੀ ਵੰਡ ਜਿਸ ਢੰਗ ਨਾਲ ਹੋ ਰਹੀ ਹੈ ਇਸ ਦੇ ਉਤੇ ਸਦਨ ਵਿਚ ਅਗੇ ਵੀ ਕਈ ਵਾਰੀ ਗੌਰ ਕੀਤਾ ਗਿਆ ਹੋਵੇਗਾ ਲੇਕਿਨ ਜਿਥੋਂ ਤੱਕ ਮੈਂ ਖੋਜਿਆ ਹੈ ਇਸ ਵਿਚ ਪੰਜਾਬ ਦੇ ਲੋਕਾਂ ਨੂੰ ਬੜੀਆਂ ਭਾਰੀ ਤਕਲੀਫਾਂ ਹਨ। ਖਾਸ ਤੌਰ ਤੇ ਪਟਵਾਰੀ ਤੋਂ ਲੈ ਕੇ ਡੀ. ਸੀ. ਤੱਕ ਇਹ ਮਾਮਲਾ ਜੁੜਿਆ ਹੋਇਆ ਹੈ। ਇਸ ਨੂੰ ਸਰਲ ਬਣਾਉਣ ਲਈ ਮੈਂ ਕੁਝ ਕਹਿਣਾ ਚਾਹੁੰਦਾ ਹਾਂ। ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪਟਵਾਰੀਆਂ ਨੂੰ ਪਿੰਡਾਂ ਵਿਚ ਉਨ੍ਹਾਂ ਦੇ ਹੈਡਕੁਆਟਰਜ਼ ਕਾਇਮ ਕਰਕੇ ਉਥੇ ਪਿੰਡਾਂ ਵਿਚ ਰਹਿਣ ਲਈ ਪ੍ਰਬੰਧ ਕਰ ਦਿਤਾ ਜਾਵੇ ਤਾਂਕਿ ਜਿਹੜੇ ਪਿੰਡਾਂ ਦੇ ਲੋਕਾਂ ਨੂੰ ਆਪਣੇ ਨੰਬਰ ਆਦਿ ਲੈਣ ਵਾਸਤੇ ਪਟਵਾਰੀਆਂ ਦੇ ਮਗਰ ਜਾਣਾ ਪੈਂਦਾ ਹੈ ਅਤੇ ਉਸ ਦੇ ਨਾਲ ਉਨ੍ਹਾਂ ਲੋਕਾਂ ਨੂੰ ਬੜੀ ਤਕਲੀਫ ਪੇਸ਼ ਹੁੰਦੀ ਹੈ, ਇਸ ਵਾਸਤੇ ਉਨ੍ਹਾਂ ਨੂੰ ਉਨ੍ਹਾਂ ਦੇ ਮਗਰ ਨਾ ਭੱਜਣਾ ਪਵੇ ਅਤੇ ਇਹ ਮਸਲਾ ਉਥੇ ਹੀ ਹੱਲ ਹੋ ਜਾਵੇ। ਜੇਕਰ ਉਨ੍ਹਾਂ ਦਾ ਹੈਡਕੁਆਰਟਰ ਪਿੰਡਾਂ ਵਿਚ ਬਣਿਆਂ ਹੋਵੇ ਤਾਂ ਉਹ ਪਿੰਡਾਂ ਵਿਚ ਰਹਿਣ ਤਾਂ ਇਸ ਤਰ੍ਹਾਂ ਕਰਨ ਨਾਲ ਪਿੰਡ ਦੇ ਲੋਕਾਂ ਨੂੰ ਬੜੀ ਸਹੂਲਤ ਮਿਲ ਸਕੇਗੀ। ਮੇਰੀ ਇਹ ਵੀ ਤਜਵੀਜ਼ ਹੈ ਕਿ ਇਹ ਜਿਹੜੇ ਦੋ ਕਿਸਮ ਦੇ ਪਟਵਾਰੀ ਹਨ, ਇਕ ਨਹਿਰੀ ਅਤੇ ਦੂਜਾ ਮਾਲ ਦਾ ਪਟਵਾਰੀ ਹੈ, ਉਨ੍ਹਾਂ ਨੂੰ ਇਕ ਪੋਸਟ ਤੇ ਕਰ ਕਰ ਦਿੱਤਾ ਜਾਵੇ। ਦੋਨਾਂ ਦਾ ਕੰਮ ਇਕ ਪਟਵਾਰੀ ਨੂੰ ਦੇ ਦਿੱਤਾ ਜਾਵੇ। ਇਸ ਤਰ੍ਹਾਂ ਸਰਕਾਰ ਦਾ ਖਰਚਾ ਵੀ ਘੱਟ ਜਾਵੇਗਾ ਅਤੇ ਉਹ ਪਟਵਾਰੀ ਸਾਰੇ ਕੰਮ ਕਰ ਸਕੇਗਾ।

ਇਸ ਦੇ ਨਾਲ ਹੀ ਕੁਝ ਜਨਰਲ ਮਸਲੇ ਹਨ, ਉਨ੍ਹਾਂ ਤੇ ਵੀ ਮੈਂ ਆਪਣੇ ਵਿਚਾਰ ਦੇਣਾ ਚਾਹੁੰਦਾ ਹਾਂ। ਜਿਵੇਂ ਹੁਣੇ ਹੁਣੇ ਵਿਰੋਧੀ ਪਾਰਟੀ ਦੇ ਭਰਾਵਾਂ ਨੇ ਲਾਅ ਐਂਡ ਆਰਡਰ ਦੇ ਸਬੰਧ ਵਿਚ ਬੜਾ ਰੌਲਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਦੇਵ ਸਿੰਘ ਸ਼ਾਂਤ]

ਪਾਇਆ ਹੈ। ਮੈਂ ਤੁਹਾਡੇ ਸਾਹਮਣੇ ਇਕ ਵਾਕਿਆ ਰੱਖਣ ਲੱਗਾ ਹਾਂ। ਵਿਸਾਖੀ ਦੇ ਸ਼ੁਭ ਦਿਹਾੜੇ ਤੇ ਘਟਨਾ ਹੋਈ। ਉਸ ਮਸਲੇ ਨੂੰ ਇਨ੍ਹਾਂ ਮੇਰੇ ਸਾਹਮਣੇ ਬੈਠੇ ਵੀਰਾਂ ਨੇ ਉਛਾਲਣ ਦੀ ਕੋਸ਼ਿਸ਼ ਕੀਤੀ। ਸੀ. ਪੀ. ਆਈ ਵਾਲਿਆਂ ਨੇ ਨਿਰੰਕਾਰੀਆਂ ਤੇ ਹੱਕ ਵਿਚ ਆਵਾਜ਼ ਉਠਾਈ। ਉਨ੍ਹਾਂ ਨੇ ਅਖ਼ਬਾਰਾਂ ਵਿਚ ਬਿਆਨ ਦਿੱਤੇ। ਇਸ ਗੱਲ ਨੂੰ ਉਭਾਰਨ ਲਈ ਕਾਂਗਰਸ ਨੇ ਢਿੱਲ ਨਹੀਂ ਕੀਤੀ। ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਅਕਾਲੀ-ਜਨਤਾ ਪਾਰਟੀ ਦੀ ਸਰਕਾਰ ਨੇ, ਸ਼੍ਰੋਮਣੀ ਅਕਾਲੀ ਦੱਲ ਦੇ ਪ੍ਰਧਾਨ ਨੇ ਔਰ ਬਾਕੀ ਜਥੇਬੰਦੀਆਂ ਨੇ ਪੂਰੀ ਤਨਦੇਹੀ ਦੇ ਨਾਲ ਕੰਮ ਕਰਕੇ ਵਿਗੜ ਰਹੇ ਹਾਲਾਤ ਨੂੰ ਕਾਬੂ ਕੀਤਾ।

**ਕਾਮਰੇਡ ਬਲਦੇਵ ਸਿੰਘ ਲੂੰਬਾ :** ** ** **

**Mr. Deputy Speaker :** I am sorry, this is no point of order.

**ਸਰਦਾਰ ਗੁਰਦੇਵ ਸਿੰਘ ਸ਼ਾਂਤ :** ਹੁਕਮਨਾਮੇ ਦੇ ਸਬੰਧ ਵਿਚ ਕਿੰਨੇ ਬਿਆਨ ਸਾਡੇ ਸਾਹਮਣੇ ਹਨ। ਤੁਸੀਂ ਨਵਾਂ ਜ਼ਮਾਨਾਂ ਦੇਖ ਲਵੋ, ਉਸ ਵਿਚ ਇਨ੍ਹਾਂ ਦੇ ਕਿੰਨੇ ਬਿਆਨ ਆਏ ਹਨ। ਇਨ੍ਹਾਂ ਦੇ ਬਿਆਨ ਹੋਰ ਅਖ਼ਬਾਰਾਂ ਵਿਚ ਵੀ ਆਏ ਹਨ। ਕਿੰਨੀ ਗਲਤ ਬਿਆਨੀ ਕੀਤੀ ਗਈ। ਇਸ ਮਾਮਲੇ ਨੂੰ ਕਿੰਨਾ ਚੁੱਕਣ ਦੀ ਕੋਸ਼ਿਸ਼ ਕੀਤੀ ਗਈ। ਲੇਕਿਨ ਪੰਜਾਬ ਦੀ ਸਰਕਾਰ ਨੇ, ਪੰਜਾਬੀਆਂ ਨੇ ਅਤੇ ਅਕਾਲੀ ਪਾਰਟੀ ਨੇ ਵਿਗੜ ਰਹੇ ਵਾਤਾਵਰਨ ਨੂੰ ਕਾਬੂ ਪਾਇਆ। ਅਕਾਲੀ ਪਾਰਟੀ ਨੇ ਆਪਣੇ ਵਰਕਰਾਂ ਨੂੰ ਕਿਹਾ ਕਿ ਕੋਈ ਅਜਿਹੀ ਗੱਲ ਨਹੀਂ ਕਰਨੀ। ਸਰਕਾਰੀ ਮਸ਼ੀਨਰੀ ਨੂੰ ਹਦਾਇਤਾਂ ਦਿੱਤੀਆਂ। ਇਸ ਮਸਲੇ ਨੂੰ ਇਸ ਤਰ੍ਹਾਂ ਸੁਲਝਾਇਆ ਕਿ ਪੰਜਾਬ ਵਿਚ ਅੱਜ ਤੱਕ ਕੋਈ ਐਸੀ ਘਟਨਾ ਨਹੀਂ ਹੋਈ। ਹਾਲਾਤ ਭਾਵੇਂ ਕਿੰਨੇ ਮਾੜੇ ਸਨ ਪਰ ਇਸ ਨੂੰ ਹੋਰ ਵਿਗੜਨ ਨਹੀਂ ਦਿੱਤਾ ਅਤੇ ਜਿਹੜਾ ਸ਼ਰਾਰਤੀ ਅਨਸਰ ਇਸ ਨੂੰ ਉਭਾਰਨ ਦੀ ਕੋਸ਼ਿਸ਼ ਕਰ ਰਿਹਾ ਸੀ ਉਸ ਨੂੰ ਕਾਬੂ ਕੀਤਾ। ਜਦੋਂ ਦੀ ਇਹ ਸਰਕਾਰ ਵਜੂਦ ਵਿਚ ਆਈ ਹੈ ਉਸ ਤੇ ਬਹੁਤ ਸਾਰੇ ਹਮਲੇ ਹੋਏ ਪਰ ਸਰਕਾਰ ਨੇ ਉਨ੍ਹਾਂ ਨੂੰ ਪਛਾੜ ਦਿੱਤਾ ਹੈ। ਪਹਿਲੀ ਕਾਂਗਰਸ ਸਰਕਾਰ ਨੇ ਲੋਕਾਂ ਦੀ ਪੁਕਾਰ ਨਹੀਂ ਸੁਣੀ ਪਰ 30 ਸਾਲਾਂ ਬਾਅਦ ਇਸ ਸਰਕਾਰ ਨੇ ਲੋਕਾਂ ਦੀ ਫਰਿਆਦ ਸੁਣੀ ਅਤੇ ਉਨ੍ਹਾਂ ਦੇ ਮਸਲੇ ਹੱਲ ਕੀਤੇ ਹਨ। ਭਾਵੇਂ ਕਈ ਐਜੀਟੇਸ਼ਨਾਂ ਵੀ ਚੱਲ ਰਹੀਆਂ ਹਨ ਪਰ ਫਿਰ ਵੀ ਪੰਜਾਬ ਦੇ ਲੋਕ ਇਸ ਸਰਕਾਰ ਤੋਂ ਖੁਸ਼ ਹਨ। ਪੰਜਾਬ ਦੇ ਲੋਕ ਇਸ ਸਰਕਾਰ ਨੂੰ ਪੂਰਾ ਸਹਿਯੋਗ ਦੇ ਰਹੇ ਹਨ। ਮੈਂ ਬਾਦਲ ਸਾਹਿਬ ਨੂੰ ਮੁਬਾਰਿਕਬਾਦ ਦੇਣਾ ਚਾਹੁੰਦਾ ਹਾਂ ਅਤੇ ਅਕਾਲੀ-ਜਨਤਾ ਪਾਰਟੀਆਂ ਦੀ ਸਰਕਾਰ ਨੂੰ ਵਧਾਈ ਦਿੰਦਾ ਹਾਂ ਜਿਸ ਨੇ ਪੰਜਾਬ ਦੇ ਹਾਲਾਤ ਵਿਗੜਨ ਨਹੀਂ ਦਿੱਤੇ ਅਤੇ ਉਨ੍ਹਾਂ ਤੇ ਅੱਛੀ ਤਰ੍ਹਾਂ ਕੰਟਰੋਲ ਕੀਤਾ ਹੈ। ਨਾਲ ਦੇ ਨਾਲ ਮੈਂ ਆਪਣੇ ਵਿਚਾਰ ਦੇਣਾ ਚਾਹੁੰਦਾ ਹਾਂ ਕਿ ਇਨ੍ਹਾਂ ਹਾਲਾਤ ਨੂੰ ਕਾਬੂ ਰੱਖਣ ਵਿਚ ਜਿਨ੍ਹਾਂ ਲੋਕਾਂ ਨੇ, ਜਿਨ੍ਹਾਂ ਪਾਰਟੀਆਂ ਨੇ ਯੋਗਦਾਨ ਪਾਇਆ ਹੈ, ਆਪਣਾ ਹਿੱਸਾ ਪਾਇਆ ਹੈ, ਮੈਂ ਉਨ੍ਹਾਂ ਦਾ ਧੰਨਵਾਦਾ ਕੀਤੇ ਬਿਨਾ ਨਹੀਂ ਰਹਿ ਸਕਦਾ।

ਡਿਪਟੀ ਸਪੀਕਰ ਸਾਹਿਬ, ਹੋਰ ਬਹੁਤ ਸਾਰੇ ਵਿਚਾਰ ਹਨ, ਪਰ ਮੈਂ ਹਾਊਸ ਦਾ ਬਹੁਤਾ ਸਮਾਂ ਨਾ ਲੈਂਦਾ ਹੋਇਆ ਇਕ ਬੇਨਤੀ ਆਪ ਦੇ ਦੁਆਰਾ ਕਰਨਾ ਚਾਹੁੰਦਾ ਹਾਂ ਕਿ ਇਹ ਜਿਹੜਾ ਪੰਜਾਬੀ ਸੂਬੇ ਦਾ ਰਾਜ ਹੈ, ਪੰਜਾਬੀਆਂ ਦਾ ਰਾਜ ਹੈ ਇਸ ਦੇ ਵਿਚ ਖਾਸ ਤੌਰ ਤੇ ਇਹ ਦੇਖਿਆ ਗਿਆ ਹੈ ਕਿ ਬਹੁਤ ਸਾਰੇ ਮਤੇ ਜਿਹੜੇ ਹਨ ਉਹ ਅੰਗਰੇਜ਼ੀ ਵਿਚ ਆਉਂਦੇ ਹਨ ਅਤੇ ਕਈ ਸਜਣ ਵੀ ਇਥੇ ਅੰਗਰੇਜ਼ੀ ਵਿਚ ਹੀ ਬੋਲਦੇ ਹਨ। ਮੇਰੀ ਬੇਨਤੀ ਹੈ ਕਿ ਪੰਜਾਬੀ ਸੂਬਾ ਖਾਸ ਤੌਰ ਤੇ ਮਹਾਨ ਕੁਰਬਾਨੀਆਂ ਦੇ ਕੇ ਪ੍ਰਾਪਤ ਹੋਇਆ ਹੈ ਅਤੇ ਇਸ ਦੇ ਲਈ 12 ਹਜ਼ਾਰ ਵੀਰ ਇਕ ਵਾਰੀ ਗ੍ਰਿਫਤਾਰ ਹੋਏ ਅਤੇ 57 ਹਜ਼ਾਰ ਵੀਰ ਇਕ ਵਾਰੀ ਗ੍ਰਿਫਤਾਰ ਹੋਏ ਅਤੇ ਕਈ ਲੋਕਾਂ ਨੇ ਆਪਣੀਆਂ ਜਵਾਨੀਆਂ ਇਸ ਪੰਜਾਬੀ ਮਾਂ ਦੀ ਖ਼ਾਤਰ ਵਾਰ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਦਿੱਤੀਆਂ। ਇਥੇ ਹੀ ਬਸ ਨਹੀਂ ਸਵਰਗੀਆ ਸੰਤ ਬਾਬਾ ਫਤਹਿ ਸਿੰਘ ਜੀ ਨੇ ਆਪਣੇ ਸਰੀਰ ਦੀ 72 ਪੌਂਡ ਚਰਬੀ ਇਸ ਮਹਾਨ ਕੰਮ ਦੇ ਲਈ ਢਾਲ ਦਿੱਤੀ ਤਦ ਜਾ ਕੇ ਇਸ ਪੰਜਾਬੀ ਸੂਬੇ ਨੂੰ ਹੋਂਦ ਵਿਚ ਲਿਆਂਦਾ ਗਿਆ ਹੈ। ਲੇਕਿਨ ਇਸ ਦੇ ਬਾਵਜੂਦ, ਡਿਪਟੀ ਸਪੀਕਰ ਸਾਹਿਬ, ਇਥੇ ਪੰਜਾਬੀ ਵਿਚ ਕੰਮ ਨਾ ਹੋਵੇ, ਪੰਜਾਬੀ ਵਿਚ ਗਲ ਨਾ ਹੋਵੇ ਤਾਂ ਬੜਾ ਦੁੱਖ ਹੁੰਦਾ ਹੈ। ਬਹੁਤ ਸਾਰੇ ਮਤੇ ਪੰਜਾਬੀ ਵਿਚ ਨਹੀਂ ਆਉਂਦੇ ਸਗੋਂ ਅੰਗਰੇਜ਼ੀ ਵਿਚ ਹੀ ਆਉਂਦੇ ਹਨ। ਇਹ ਪੰਜਾਬੀ ਵਿਚ ਹੀ ਆਉਣੇ ਚਾਹੀਦੇ ਹਨ। ਮੈਨੂੰ ਸਵਰਗੀਆ ਸਰਦਾਰ ਲਛਮਣ ਸਿੰਘ ਗਿੱਲ ਦੀ ਇਕ ਗਲ ਯਾਦ ਆਉਂਦੀ ਹੈ ਕਿ ਉਸ ਨੇ 24 ਘੰਟੇ ਵਿਚ ਪੰਜਾਬੀ ਲਾਗੂ ਕਰਨ ਲਈ ਕਿਹਾ। ਜਿਸ ਪੰਜਾਬੀ ਮਾਂ ਦੀ ਖਾਤਰ ਇਤਨੀਆਂ ਘਾਲਾਂ ਘਾਲੀਆਂ ਗਈਆਂ ਉਸ ਨੂੰ ਯੋਗ ਸਥਾਨ ਦੇਣ ਲਈ ਉਪਰਾਲਾ ਕੀਤਾ ਜਾਵੇ। ਡਿਪਟੀ ਸਪੀਕਰ ਸਾਹਿਬ, ਇਤਨੇ ਵਿਚਾਰ ਹੀ ਦਿੰਦਾ ਹੋਇਆ ਮੈਂ ਆਪਣੀ ਸਰਕਾਰ ਨੂੰ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਗੱਲਾਂ ਵਲ ਖਾਸ ਤੌਰ ਤੇ ਧਿਆਨ ਦਿਤਾ ਜਾਵੇ ਤਾਂ ਕਿ ਜਿਵੇਂ ਪੰਜਾਬੀ ਮਾਂ ਲਈ ਪੰਜਾਬੀਆਂ ਨੇ, ਹਿੰਦੂਆਂ, ਸਿੱਖਾਂ ਨੇ ਅਤੇ ਸਾਰੀਆਂ ਪਾਰਟੀਆਂ ਨੇ ਘਾਲ ਘਾਲੀ ਸੀ ਉਸ ਦੇ ਨਾਲ ਅਨਿਆਏ ਨਾ ਹੋਵੇ, ਇਸ ਨੂੰ ਇਨਸਾਫ਼ ਮਿਲਦਾ ਰਹੇ। ਇਨ੍ਹਾਂ ਲਫਜ਼ਾਂ ਨਾਲ ਮੈਂ ਆਪ ਦਾ ਧੰਨਵਾਦ ਕਰਦਾ ਹਾਂ।

(ਇਸ ਵਕਤ ਕਈ ਮਾਨਯੋਗ ਮੈਂਬਰ ਸਾਹਿਬਾਨ ਬੋਲਣ ਲਈ ਖੜੇ ਸਨ ਪਰ ਸ੍ਰੀ ਡਿਪਟੀ ਸਪੀਕਰ ਨੇ ਮਾਨਯੋਗ ਮੈਂਬਰ ਮਾਸਟਰ ਬਾਬੂ ਸਿੰਘ ਨੂੰ ਬੋਲਣ ਦੀ ਆਗਿਆ ਦਿੱਤੀ

**ਸ੍ਰੀ ਖੁਸ਼ਹਾਲ ਬਹਿਲ:** ਡਿਪਟੀ ਸਪੀਕਰ ਸਾਹਿਬ, ਮੈਨੂੰ ਵੀ ਟਾਈਮ ਜ਼ਰੂਰ ਦਿਓ, ਮੈਂ ਸਾਰੇ ਸੈਸ਼ਨ ਵਿਚ ਨਹੀਂ ਬੋਲਿਆ।

**ਸ੍ਰੀ ਡਿਪਟੀ ਸਪੀਕਰ** : ਤੁਹਾਡੀ ਪਾਰਟੀ ਨੂੰ 15-20 ਮਿੰਟ ਟਾਈਮ ਦਿੱਤਾ ਗਿਆ ਸੀ। ਡੇਢ ਘੰਟੇ ਦੇ ਵਿਚ ਹੀ ਸਾਰੀਆਂ ਪਾਰਟੀਆਂ ਨੂੰ ਟਾਈਮ ਦੇਣਾ ਹੈ। (ਵਿਘਨ)

**ਮਾਸਟਰ ਬਾਬੂ ਸਿੰਘ** (ਰਾਮਪੁਰਾ ਫੂਲ): ਡਿਪਟੀ ਸਪੀਕਰ ਸਾਹਿਬ, ਮੈਂ ਡੀਮਾਂਡ ਨੰਬਰ 25 ਤੇ ਬੋਲਣਾ ਚਾਹੁੰਦਾ ਹਾਂ।

**ਸ੍ਰੀ ਡਿਪਟੀ ਸਪੀਕਰ:** 10 ਮਿੰਟ ਤੁਹਾਡਾ ਸਮਾਂ ਹੈ, ਇਸ ਦੇ ਵਿਚ ਹੀ ਖ਼ਤਮ ਕਰ ਦੇਣਾ।

**ਮਾਸਟਰ ਬਾਬੂ ਸਿੰਘ** : ਡਿਪਟੀ ਸਪੀਕਰ ਸਾਹਿਬ, ਧਨਵੀਰ ਸਿੰਘ 14 ਦਿਨ ਤੋਂ ਭੁਖ ਹੜਤਾਲ ਤੇ ਬੈਠਾ ਹੈ। ਜਿਹੜੇ ਤਬਾਦਲੇ ਬਹੁਤ ਦੂਰ ਦੂਰ ਕੀਤੇ ਗਏ ਹਨ। (ਵਿਘਨ)

**ਸ੍ਰੀ ਡਿਪਟੀ ਸਪੀਕਰ:** ਤੁਸੀਂ ਕਿਹੜੀ ਡੀਮਾਂਡ ਤੇ ਬੋਲ ਰਹੇ ਹੋ, ਮਾਸਟਰ ਬਾਬੂ ਸਿੰਘ ਜੀ ?

**ਮਾਸਟਰ ਬਾਬੂ ਸਿੰਘ:** ਮੈਂ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਮੈਂ ਡੀਮਾਂਡ ਨੰਬਰ 25 ਤੇ ਬੋਲ ਰਿਹਾ ਹਾਂ।

ਜਿਹੜੀਆਂ ਦੂਰ ਦੁਰਾਡੇ ਲੜਕੀਆਂ ਦੀਆਂ ਬਦਲੀਆਂ ਕੀਤੀਆਂ ਗਈਆਂ ਹਨ ਤਾਂ ਕਿ ਉਹ ਐਡਜਸਟ ਹੋ ਸਕਣ।... (ਵਿਘਨ)

**ਸ੍ਰੀ ਡਿਪਟੀ ਸਪੀਕਰ:** ਡੀਮਾਂਡ ਨੰਬਰ 25 ਤਾਂ ਇਸ ਦੇ ਵਿਚ ਹੈ ਹੀ ਨਹੀਂ।

**ਮਾਸਟਰ ਬਾਬੂ ਸਿੰਘ:** ਐਗਰੀਕਲਚਰ ਵਾਸਤੇ ਪੈਸੇ ਮੰਗੇ ਗਏ ਹਨ ਜੀ।

Original with;
Punjab Vidhan Sabha
Digitized by;
Panjab Digital Library

**ਸ੍ਰੀ ਡਿਪਟੀ ਸਪੀਕਰ** : ਮਾਸਟਰ ਜੀ, ਮੈਂ ਤੁਹਾਡਾ ਧਿਆਨ ਇਸ ਗੱਲ ਵੱਲ ਦੁਆਉਣਾ ਚਾਹੁੰਦਾ ਹਾਂ ਕਿ ਜਿਹੜੀ ਡੀਮਾਂਡ ਇਸ ਵੇਲੇ ਏਜੰਡੇ ਤੇ ਹੈ ਉਸ ਤੇ ਹੀ ਤੁਸੀਂ ਬੋਲੋ ਅਤੇ ਉਹੀ ਕੋਟ ਕਰੋ।

**ਮਾਸਟਰ ਬਾਬੂ ਸਿੰਘ**: ਜੋ ਡਿਮਾਂਡਜ਼ ਏਜੰਡੇ ਤੇ ਹਨ, ਮੈਂ ਉਨ੍ਹਾਂ ਤੇ ਹੀ ਬੋਲ ਰਿਹਾ ਹਾਂ ਜੀ। ਡਿਪਟੀ ਸਪੀਕਰ ਸਾਹਿਬ, ਜਿਹੜੀਆਂ ਮਾਰਕਫੈਡ ਦੀਆਂ ਫੈਕਟਰੀਆਂ ਬੰਦ ਕੀਤੀਆਂ ਗਈਆਂ ਹਨ ਉਨ੍ਹਾਂ ਦੇ ਨਾਲ ਮੁਲਾਜ਼ਮਾਂ ਤੇ ਅਸਰ ਪੈਂਦਾ ਹੈ। ਉਸ ਦੇ ਵਾਸਤੇ ਮੈਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਦੇ ਨਾਲ ਬੇਰੁਜ਼ਗਾਰੀ ਵੱਧਦੀ ਜਾ ਰਹੀ ਹੈ ਅਤੇ ਇਸ ਨੂੰ ਘਟਾਉਣ ਵਾਸਤੇ ਫੈਕਟਰੀਆਂ ਨੂੰ ਠੀਕ ਚਲਾਉਣਾ ਚਾਹੀਦਾ ਹੈ ਅਤੇ ਇਨ੍ਹਾਂ ਮੁਲਾਜ਼ਮਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਫਿਰ ਐਗਰੀਕਲਚਰਲ ਇੰਜੀਨੀਅਰਜ਼ ਜਿਹੜੇ ਲੁਧਿਆਣਾ ਯੂਨੀਵਰਸਿਟੀ ਵਿਚ ਕੋਰਸ ਕਰਦੇ ਹਨ ਉਨ੍ਹਾਂ ਦਾ ਵੀ ਬਹੁਤ ਬੁਰਾ ਹਾਲ ਹੈ। 40 ਵਿਦਿਆਰਥੀ ਹੁੰਦੇ ਹਨ ਔਰ ਉਨ੍ਹਾਂ ਦੀ ਐਡਜਸਟਮੈਂਟ ਵਾਸਤੇ ਕੋਈ ਪਲੈਨ ਜਾਂ ਕੋਈ ਸਕੀਮ ਸਰਕਾਰ ਦੀ ਨਹੀਂ ਹੈ। ਮੈਂ ਤੁਹਾਡੇ ਰਾਹੀਂ, ਡਿਪਟੀ ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਨ੍ਹਾਂ ਦਾ ਲਾਜ਼ਮੀ ਤੌਰ ਤੇ ਕੋਈ ਇੰਤਜ਼ਾਮ ਕਰਨਾ ਚਾਹੀਦਾ ਹੈ। ਇਨਾਂ ਦੀ ਬੜੀ ਹਾਈ ਕੁਆਲੀਫੀਕੇਸ਼ਨ ਹੈ, ਬੜੇ ਹਾਈਲੀ ਕੁਆਲੀਫਾਈਡ ਹਨ ਅਤੇ ਉਨ੍ਹਾਂ ਦੀਆਂ ਸੇਵਾਵਾਂ ਡਿਵੈਲਪਿੰਗ ਕੰਟਰੀ ਵਾਸਤੇ, ਡਿਵੈਲ-ਪਿੰਗ ਸਟੇਟ ਵਾਸਤੇ ਲੈਣੀਆਂ ਚਾਹੀਦੀਆਂ ਹਨ।

ਫਿਰ, ਡਿਪਟੀ ਸਪੀਕਰ ਸਾਹਿਬ, ਡੀਮਾਂਡ ਨੰਬਰ 19 ਆਰਟ ਐਂਡ ਕਲਚਰ ਬਾਰੇ ਹੈ। ਇਸ ਦੇ ਵਿਚ ਪਬਲਿਕ ਰਿਲੇਸ਼ਨ ਦਾ ਮਹਿਕਮਾ ਆ ਜਾਂਦਾ ਹੈ। ਡਿਪਟੀ ਸਪੀਕਰ ਸਾਹਿਬ, 25 ਹੋਣਹਾਰ ਕਲਾਕਾਰਾਂ ਨੂੰ ਸਰਵਿਸ ਵਿਚੋਂ ਕੱਢ ਦਿੱਤਾ ਹੈ, ਉਨਾਂ ਦੀਆਂ ਸਰਵਿਸਿਜ਼ ਟਰਮੀਨੇਟ ਕਰ ਦਿੱਤੀਆਂ ਹਨ। ਉਨਾਂ ਨੇ ਬੜਾ ਅੱਛਾ ਕੰਮ ਕੀਤਾ ਹੈ ਔਰ ਬੜੇ ਟਾਪ ਦੇ ਪਲੇ ਖੇਡੇ ਹਨ ਜਿਸ ਦੇ ਨਾਲ ਸਟੇਟ ਨੂੰ ਬੜੀ ਆਮਦਨੀ ਹੋਈ ਹੈ। ਉਨਾਂ ਨੇ 'ਕੇਸਰੋ' ਵਰਗਾ ਪੰਜਾਬੀ ਡਰਾਮਾ ਖੇਡਿਆ ਹੈ ਅਤੇ ਇਸ ਦੇ ਨਾਲ ਪੰਜਾਬ ਨੂੰ 80 ਹਜ਼ਾਰ ਰੁਪਏ ਦੇ ਲੱਗ ਭੱਗ ਆਮਦਨੀ ਹੋਈ ਹੈ ਅਤੇ ਉਨ੍ਹਾਂ ਦੀ ਤਨਖਾਹ ਸਿਰਫ 16 ਹਜ਼ਾਰ ਰੁਪਿਆ ਬਣਦੀ ਹੈ। ਇਸ ਦੇ ਲਈ ਮੈਂ, ਡਿਪਟੀ ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਤੇ ਮੁੜ ਕੇ ਵਿਚਾਰ ਕਰਨ ਅਤੇ ਬਜਾਏ ਅਨਇਮਪਲਾਇਮੈਂਟ ਕਰੀਏਟ ਕਰਨ ਦੇ ਜਦ ਕੇ ਹੋਰ ਕਲਾਕਾਰਾਂ ਦੀ ਬਹੁਤ ਲੋੜ ਹੈ, ਇਨ੍ਹਾਂ ਨੂੰ ਬਹਾਲ ਕੀਤਾ ਜਾਵੇ। ਇਹ ਕਹਿੰਦੇ ਹਨ ਕਿ ਢੱਡ ਸਾਰੰਗੀ ਖੜਕਾਣੀ ਹੈ। ਮੈਂ ਬੇਨਤੀ ਕਰਦਾ ਹਾਂ ਕਿ ਬੇਸ਼ਕ ਇਹ ਢੱਡ ਸਾਰੰਗੀ ਵੀ ਖੜਕਵਾ ਲੈਣ ਅਤੇ ਉਨਾਂ ਨੂੰ ਵੀ ਰਖ ਲੈਣ ਪਰ ਇਨ੍ਹਾਂ ਦੇ ਕੇਸ ਤੇ ਵੀ ਮੁੜ ਕੇ ਵਿਚਾਰ ਕਰਨ।

ਡੀਮਾਂਡ ਨੰਬਰ 33, ਡਿਪਟੀ ਸਪੀਕਰ ਸਾਹਿਬ, ਇੰਡਸਟਰੀਜ਼ ਦੀ ਹੈ। ਇੰਡਸਟਰੀਜ਼ ਔਰ ਟਰਾਂਸ-ਪੋਰਟ ਦੇ ਬਾਰੇ ਇਨ੍ਹਾਂ ਦੀ ਕੋਈ ਪਾਲਿਸੀ ਨਹੀਂ ਜ਼ਾਹਿਰਾ ਕੀਤੀ ਗਈ। ਕੋਈ ਪਾਲਿਸੀ ਟਰਾਂਸਪੋਰਟ ਬਾਰੇ, ਕੋਈ ਪਾਲਿਸੀ ਇੰਡਸਟਰੀ ਬਾਰੇ ਨਹੀਂ ਬਣਾਈ ਗਈ, ਕੋਈ ਇਨ੍ਹਾਂ ਵਾਸਤੇ ਸੇਧ ਨਹੀਂ ਬਣਾਈ ਗਈ ਕਿ ਕੀ ਕਰਨਾ ਹੈ। ਮੇਰੀ ਬੇਨਤੀ ਹੈ ਕਿ ਜਲਦੀ ਤੋਂ ਜਲਦੀ ਇਨ੍ਹਾਂ ਦੇ ਮੁਤਲੱਕ ਕੋਈ ਪਾਲਿਸੀ ਬਣਾਉਣੀ ਚਾਹਦੀ ਹੈ।

ਫਿਰ, ਡਿਪਟੀ ਸਪੀਕਰ ਸਾਹਿਬ, ਡੀਮਾਂਡ ਨੰਬਰ 5 ਰੈਵੇਨਿਊ ਦੇ ਬਾਰੇ ਹੈ। ਪਹਿਲਾਂ ਇਸ ਦੇ ਲਈ ਪੌਣੇ ਦੋ ਕਰੋੜ ਰੁਪਏ ਰਖਿਆ ਸੀ ਹੁਣ ਇਸ ਦੇ ਲਈ ਡੇਢ ਕਰੋੜ ਰੁਪਿਆ ਰਖਿਆ ਗਿਆ ਹੈ। ਮੈਂ ਸਮਝਦਾ ਹਾਂ ਕਿ ਇਸ ਵੇਲੇ ਫਲੱਡ ਦੇ ਮੌਕੇ ਤੇ ਬੜੀ ਮਾਮੂਲੀ ਰਕਮ ਹੀ ਰਖੀ ਗਈ ਹੈ ਔਰ ਇਹ ਸਪਲੀਮੈਂਟਰੀ ਡੀਮਾਂਡਜ਼ ਰਾਹੀਂ ਹੋਰ ਜ਼ਿਆਦਾ ਰਕਮ ਇਨ੍ਹਾਂ ਨੂੰ ਮੰਗਣੀ ਚਾਹੀਦੀ ਸੀ ਤਾਂਕਿ ਅਸੀਂ ਲੋਕਾਂ ਦੀ ਜ਼ਿਆਦਾ ਸੇਵਾ ਕਰ ਸਕਦੇ।

Original with;
Punjab Vidhan Sabha
Digitized by;
Panjab Digital Library

ਡਿਪਟੀ ਸਪੀਕਰ ਸਾਹਿਬ, ਡੀਮਾਂਡ ਨੰਬਰ 17 ਵਿਚ ਰੈਡ ਕਰਾਸ ਦੇ ਲਈ 30 ਲੱਖ ਰੁਪਿਆ ਮੰਗਿਆ ਗਿਆ ਹੈ। ਪਿਛਲੇ ਸਾਲ ਇਸ ਦੇ ਲਈ 15 ਲੱਖ ਰੁਪਿਆ ਮੰਗਿਆ ਗਿਆ ਸੀ, ਮੈਂ ਸਮਝਦਾ ਹਾਂ ਕਿ ਉਹ ਵੀ ਯੂਟੇਲਾਈਜ਼ ਨਹੀਂ ਹੋਇਆ। ਇਸ ਲਈ ਹੁਣ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜੋ 30 ਲੱਖ ਰੁਪਿਆ ਮੰਗਿਆ ਗਿਆ ਹੈ ਇਹ ਜਲਦੀ ਤੋਂ ਜਲਦੀ ਠੀਕ, ਮੁਨਾਸਿਬ ਅਤੇ ਗਰੀਬ ਲੋਕਾਂ ਦੀ ਮਦਦ ਵਾਸਤੇ ਵਰਤਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਮੈਨੂੰ ਬੜਾ ਦੁੱਖ ਹੁੰਦਾ ਹੈ ਕਿ ਸਾਡੇ ਚੀਫ਼ ਮਨਿਸਟਰ ਸਾਹਿਬ ਨੇ ਇਕ ਗਲ ਇਥੇ ਕੀਤੀ ਸੀ ਅਤੇ ਬੜਾ ਵਿਅੰਗ ਮਾਰਿਆ ਸੀ ਕਿ ਸਾਡੇ ਭਾਈਆ ਨੂੰ ਸੱਤਿਆਗ੍ਰਹਿ ਦੀ ਪਈ ਹੋਈ ਹੈ। ਮੈਂ ਸਰਕਾਰ ਦਾ ਧਿਆਨ ਇਸ ਪਾਸੇ ਵੱਲ ਦੁਆਉਣਾ ਚਾਹੁੰਦਾ ਹਾਂ ਕਿ ਅਸੀਂ ਫਲੱਡ ਇਫੈਕਟਿਡ ਲੋਕਾਂ ਵਾਸਤੇ ,ਫਲੱਡ ਵਿਕਟਮਜ਼ ਵਾਸਤੇ ਕਹਿੰਦੇ ਹਾਂ। ਉਨ੍ਹਾਂ ਦੇ ਲਈ ਪੈਸੇ ਘੱਟ ਰਖੇ ਗਏ ਹਨ ਪਰ ਚੀਫ਼ ਮਨਿਸਟਰ ਸਾਹਿਬ ਨੇ ਫਰੀਦਕੋਟ ਵਿਚ, ਆਪਣੇ ਜ਼ਿਲ੍ਹੇ ਵਿਚ, ਕੋਈ ਰੈਸਟ ਹਾਊਸ ਖੋਲ੍ਹਣ ਵਾਸਤੇ ਜਿਥੇ ਕਿ ਸ਼ੁਗਲ ਮੇਲਾ ਇਹ ਕਰਨਗੇ ਉਸ ਦੇ ਵਾਸਤੇ ਲੱਖਾਂ ਰੁਪਏ ਕਿਉਂ ਮੰਗੇ ਗਏ ਹਨ? ਮੈਂ ਕਹਿੰਦਾ ਹਾਂ ਕਿ ਇਨਾਂ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਇਹ ਰੈਸਟ ਹਾਊਸਾਂ ਦਾ ਸਮਾਂ ਹੈ ਜਾਂ ਹੜ੍ਹ ਪੀੜਤ ਲੋਕਾਂ ਦੀ ਮਦਦ ਕਰਨ ਦਾ ਸਮਾਂ ਹੈ? (ਵਿਘਨ)

**ਵਿੱਤ ਮੰਤਰੀ**: (ਬੈਠੇ ਬੈਠੇ) ਉਹ ਵੀ ਕਰ ਰਹੇ ਹਾਂ।

**ਮਾਸਟਰ ਬਾਬੂ ਸਿੰਘ**: ਇਸ ਤੋਂ ਇਲਾਵਾ ਮੈਂ ਹੋਰ ਗਲ ਕਹਿਣੀ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਅੰਮ੍ਰਿਤਸਰ, ਖੰਨਾ, ਲੁਧਿਆਣਾ ਅਤੇ ਹੁਸ਼ਿਆਰਪੁਰ ਵਿਚ ਅਕਾਲੀ ਭਰਾ ਬਾਕਾਇਦਾ ਬਾਰ ਬਾਰ ਮੁਜ਼ਾਹਰੇ ਕਰਦੇ ਹਨ। ਪਿਛੇ ਜਿਹੇ ਹੁਣੇ ਹੀ ਲੋਕਾਂ ਤੇ ਲਾਠੀ ਚਾਰਜ ਹੋਇਆ ਹੈ । ਉਸ ਦੇ ਬਾਰੇ ਸਾਡੀ ਸਰਕਾਰ ਬਿਲਕੁਲ ਚੁੱਪ ਹੈ ਹਾਲਾਂ ਕਿ ਉਸ ਦੇ ਨਾਲ ਲਾਅ ਐਂਡ ਆਰਡਰ ਵਿਗੜਦਾ ਹੈ। ਸਾਡਾ ਸਤਿਆਗ੍ਰਹਿ ਤਾਂ ਇਨ੍ਹਾਂ ਨੂੰ ਚੁਭ ਗਿਆ ਜਿਹੜਾ ਕਿ ਹੜ੍ਹ ਪੀੜਤ ਲੋਕਾਂ ਦੇ ਮਦਦ ਵਾਸਤੇ ਸੀ, ਭਾਆਂ ਵਾਸਤੇ ਸੀ, ਨਰਮੇ ਅਤੇ ਕਪਾਹਾਂ ਦੇ ਭਾਆਂ ਵਾਸਤੇ ਸੀ ..(ਵਿਘਨ)

**Mr. Deputy Speaker** : Please try to wind up.

**ਮਾਸਟਰ ਬਾਬੂ ਸਿੰਘ**: ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਦਾਦ ਦਿੱਤੇ ਬਗੈਰ ਨਹੀਂ ਰਹਿ ਸਕਦਾ ਮਾਲ ਮੰਤਰੀ, ਜੱਥੇਦਾਰ ਜੀਵਨ ਸਿੰਘ ਉਮਰਾਨੰਗਲ ਜੀ ਨੂੰ ਜਿਨ੍ਹਾਂ ਨੇ ਕਿ ਪੂਰਾ ਸਟੈਂਡ ਲਿਆ ਲਾਅ ਐਂਡ ਆਰਡਰ ਲਿਆਉਣ ਲਈ ਪਰ **ਇਸ ਦੇ ਵਿਚ ਡਿਪਟੀ ਸਪੀਕਰ ਸਾਹਿਬ, ਪੁਲਿਸ ਦੇ ਲਈ ਕੋਈ ਪੈਸਾ ਨਹੀਂ ਰਖਿਆ ਗਿਆ ਹਾਲਾਂ ਕਿ ਲਖਾਂ ਰੁਪਏ ਉਨ੍ਹਾਂ ਦੇ ਪ੍ਰਬੰਧ ਵਾਸਤੇ ਖਰਚ ਕਰ ਰਹੇ ਹਨ।

**ਸਰਦਾਰ ਸ਼ਸ਼ਪਾਲ ਸਿੰਘ**: ਆਨ ਏ ਪੁਆਇੰਟ ਆਫ਼ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਇਹ ਸੰਤ ਭਿੰਡਰਾਂ ਵਾਲੇ ਦਾ ਨਾਮ ਇਥੇ ਲੈ ਰਹੇ ਹਨ, ਉਹ ਇਸ ਹਾਊਸ ਵਿਚ ਨਹੀਂ ਹਨ ਅਤੇ ਆਪਣੇ ਆਪ ਨੂੰ ਡੀਫੈਂਡ ਨਹੀਂ ਕਰ ਸਕਦੇ। ਇਸ ਲਈ ਇਹ ਰਿਮਾਰਕਸ ਐਕਸਪੰਜ ਹੋਣੇ ਚਾਹੀਦੇ ਹਨ ।

**Mr. Deputy Speaker** : Those remarks are expunged.

ਮੈਂ ਮੈਂਬਰ ਸਾਹਿਬਾਨ ਨੂੰ ਕਹਾਂਗਾ ਕਿ ਜਿਹੜੇ ਆਪਣੇ ਆਪ ਨੂੰ ਡਫੈਂਡ ਨਹੀਂ ਕਰ ਸਕਦੇ ਉਨ੍ਹਾਂ ਦਾ ਨਾਮ ਨਹੀਂ ਲੈਣਾ ਚਾਹੀਦਾ।

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

**ਮਾਸਟਰ ਬਾਬੂ ਸਿੰਘ**: ਇਸ ਦੇ ਨਾਲ ਸਾਨੂੰ, ਡਿਪਟੀ ਸਪੀਕਰ ਸਾਹਿਬ, ਪੀਪਲਜ਼ ਦੇ ਕਾਨਫੀਡੈਂਸ ਨੂੰ ਛੇਕ ਨਹੀਂ ਕਰਨਾ ਚਾਹੀਦਾ। ਲੋਕਾਂ ਵਿਚ ਇਹ ਸ਼ਰਧਾ ਪੈਦਾ ਹੋਣੀ ਚਾਹੀਦੀ ਹੈ ਕਿ ਇਹ ਸਾਡੀ ਆਪਣੀ ਸਰਕਾਰ ਹੈ ਅਤੇ ਇਸ ਦੇ ਵਿਚ ਕਿਸੇ ਨੂੰ ਕੋਈ ਖ਼ਤਰਾ ਨਹੀਂ, ਅਮਨ ਅਮਾਨ ਹੈ। ਇਸ ਦੇ ਨਾਲ ਹੀ ਮੈਂ ਵਾਕਿਆਤ ਦੱਸ ਸਕਦਾ ਹਾਂ। ਟਾਈਮ ਬਹੁਤ ਥੋੜ੍ਹਾ ਹੈ। ਮੈਂ ਅਰਜ਼ ਕਰਾਂ ਕਿ ਮੈਡੀਕਲ ਕਾਲਜ ਦੇ ਹਸਪਤਾਲ ਵਿਚ ਕੀ ਇੰਨਸੀਡੈਂਟ ਹੋਇਆ? ਕਿੰਨੀ ਸ਼ਰਮਨਾਕ ਗਲ ਹੈ। ਇਸ ਦੇ ਨਾਲ ਸਾਡੇ ਸਾਰਿਆਂ ਦਾ ਸਿਰ ਝੁਕਦਾ ਹੈ। ਇਸ ਦੇ ਨਾਲ ਹੀ ਕ੍ਰਿਮੀਨਲ ਕੇਸਿਜ਼ ਵਿਚ ਇਕ ਸੈਕਸ਼ਨ ਪੁਲਿਸ ਦਾ ਹੈ (ਵਿਘਨ)

**ਸ੍ਰੀ ਡਿਪਟੀ ਸਪੀਕਰ**: ਮਾਸਟਰ ਜੀ, ਹੁਣ ਵਾਈਂਡ ਅੱਪ ਕਰ ਦਿਓ।

**ਮਾਸਟਰ ਬਾਬੂ ਸਿੰਘ**: ਅਮਰਜੀਤ ਸਿੰਘ, ਏ. ਐਸ. ਆਈ. ਨੇ ਆਪਣੀ ਘਰ ਵਾਲੀ ਨੂੰ ਰਾਏ ਕੋਟ ਵਿੱਚ ਮਾਰ ਦਿੱਤਾ, ਉਸ ਨੂੰ ਹਾਲੇ ਤੱਕ ਸਸਪੈਂਡ ਤਕ ਨਹੀਂ ਕੀਤਾ ਗਿਆ। ਇਸ ਦੇ ਨਾਲ ਹੀ ਰਾਮ ਬਾਗ ਪੁੱਤਲੀ ਘਰ ਵਿਚ ਡੇ ਟਾਈਮ ਮਰਡਰ ਹੋਏ ਹਨ। ਇਹ ਕਿਹੜੇ ਲਾ ਐਂਡ ਆਰਡਰ ਦੀ ਗਲ ਕਰਦੇ ਹਨ? ਇਸ ਤੋਂ ਇਲਾਵਾ ਮੇਰੇ ਪਾਸ ਕਟਿੰਗਜ਼ ਪਈਆਂ ਹੋਈਆਂ ਹਨ। ਮਿਤੀ 31 ਅਗਸਤ, 1978 ਦੇ ਟ੍ਰਿਬਿਊਨ ਵਿਚ ਆਇਆ ਹੈ ਜਿਸ ਦਾ ਹੈਡਿੰਗ ਹੈ 'Rising crime wave' ਇਹ ਆਪ ਪੜ੍ਹ ਲੈਣ। ਤਰਨ ਤਾਰਨ ਵਿਚ 4 ਅਕਤੂਬਰ, 1977 ਨੂੰ ਇਕ ਠੇਕੇਦਾਰ ਦੇ ਘਰ ਵਿਚ ਇਕ ਬੱਚੇ ਦੀ ਲਾਸ਼ ਮਿਲੀ। ਪੁਲਿਟੀਕਲ ਇੰਟਰਫੀਰੈਂਸ ਹੋਣ ਕਰਕੇ ਉਸ ਦਾ ਵੀ ਹਾਲੇ ਤਕ ਕੁਝ ਨਹੀਂ ਹੋਇਆ। ਇਸ ਤੋਂ ਅਗੇ ਨਿਹਾਲ ਸਿੰਘ ਵਾਲਾ ਵਿਚ ਬਾਕਾਇਦਾ ਇਨ੍ਹਾਂ ਚੋਣਾਂ ਦੇ ਦੌਰਾਨ ਮੁਲਾਜ਼ਮਾਂ ਤੇ ਹਮਲਾ ਕਰ ਦਿਤਾ। ਹਮਲਾ ਕਰਨ ਵਾਲੇ ਜੱਥੇਦਾਰ ਤੇ ਮੁਕਦਮਾ ਦਰਜ ਨਹੀਂ ਹੋਇਆ ਬਲਕਿ ਹੋਰ ਕਿਸੇ ਤੇ ਝੂਠੇ ਕੇਸ ਬਣਾ ਦਿੱਤੇ। ਇਸ ਤਰ੍ਹਾਂ ਹੁਸ਼ਿਆਰਪੁਰ ਵਿਚ ਪ੍ਰੀਤਮ ਕੌਰ ਦਾ ਕਤਲ ਹੋਇਆ, 6 ਹਰੀਜਨਾਂ ਦੇ ਕਤਲ ਹੋਏ। ਪ੍ਰੀਤਮ ਕੌਰ ਦੇ ਕਤਲ ਕੇਸ ਵਾਸਤੇ ਪਿੰਡੇ ਕਿੰਡੇ ਮੁਜ਼ਾਹਰੇ ਹੋਏ ਪਰ ਕੋਈ ਇਨਸਾਫ਼ ਨਹੀਂ ਮਿਲਿਆ। 25 ਜੁਲਾਈ, 1978 ਨੂੰ ਇੰਡੀਅਨ ਐਕਸਪ੍ਰੈਸ ਵਿਚ ਆਇਆ ਹੈ 'Corruption charges against Akalis' ਉਹ ਪੜ੍ਹ ਲੈਣ। ਸੀ. ਐਮ. ਸੀ, ਲੁਧਿਆਣਾ ਵਿਚ ਗਲਾ ਘੋਟ ਕੇ ਮਾਰ ਦਿਤਾ ਗਿਆ ਅਤੇ ਪੁਲਿਟੀਕਲ ਇੰਟਰਫੀਅਰੈਂਸ ਕਾਰਨ ਉਹ ਕੇਸ ਹੱਸ਼ ਅੱਪ ਕਰ ਦਿੱਤਾ ਗਿਆ ਹੈ।

**ਸ੍ਰੀ ਡਿਪਟੀ ਸਪੀਕਰ**: ਮਾਸਟਰ ਜੀ ਹੁਣ ਤਸ਼ਰੀਫ਼ ਰਖੋ। (ਵਿਘਨ)

**ਮਾਸਟਰ ਬਾਬੂ ਸਿੰਘ**: ਮੇਰਾ ਹਾਲੇ ਇਕ ਮਿੰਟ ਰਹਿੰਦਾ ਹੈ ਜੀ (ਵਿਘਨ)

**ਸ੍ਰੀ ਡਿਪਟੀ ਸਪੀਕਰ**: ਤੁਹਾਡਾ ਸਮਾਂ ਖ਼ਤਮ ਹੋ ਗਿਆ ਹੈ।

**ਮਾਸਟਰ ਬਾਬੂ ਸਿੰਘ**: ਡਿਪਟੀ ਸਪੀਕਰ ਸਾਹਿਬ, ਮੈਂ ਇਕ ਆਪਣੇ ਹਲਕੇ ਬਾਰੇ ਗਲ ਕਰਨੀ ਹੈ। (ਵਿਘਨ)

**ਸ੍ਰੀ ਡਿਪਟੀ ਸਪੀਕਰ**: ਸਮਾਂ ਬਹੁਤ ਥੋੜ੍ਹਾ ਹੈ, ਤੁਸੀਂ ਤਸ਼ਰੀਫ਼ ਰਖੋ। (ਵਿਘਨ)

**ਮਾਸਟਰ ਬਾਬੂ ਸਿੰਘ**: ਡਿਪਟੀ ਸਪੀਕਰ ਸਾਹਿਬ, ਮਿਤੀ 2 ਅਗਸਤ, 1978 ਨੂੰ ਰਾਮਪੁਰਾ ਵਿਚ ਪੁਲਿਸ ਨੇ 307 ਦਾ ਕੇਸ .. (ਵਿਘਨ)

**ਸ੍ਰੀ ਡਿਪਟੀ ਸਪੀਕਰ**: ਮੈਂ ਪ੍ਰਾਰਥਨਾ ਕਰਾਂਗਾ ਕਿ ਸਮਾਂ ਬਹੁਤ ਥੋੜ੍ਹਾ ਹੈ, ਤੁਸੀਂ ਤਸ਼ਰੀਫ਼ ਰਖੋ।

**ਮਾਸਟਰ ਬਾਬੂ ਸਿੰਘ**: ਬੱਸ ਜੀ, ਮੈਂ ਖ਼ਤਮ ਕਰਦਾ ਹਾਂ। ਰਾਮਪੁਰਾ ਫੂਲ ਵਿਚ ਲਾਅ ਐਂਡ ਆਰਡਰ ਦੀ ਬੁਰੀ ਹਾਲਤ ਹੈ। ਝੂਠੇ ਕੇਸ ਬਣਾਏ ਗਏ (ਵਿਘਨ)

Original with;
Punjab Vidhan Sabha
Digitized by;
Panjab Digital Library

**ਸ੍ਰੀ ਡਿਪਟੀ** ਸਪੀਕਰ: ਤੁਸੀਂ ਹੁਣ ਤਸ਼ਰੀਫ ਰਖੋ। (ਵਿਘਨ)

**ਮਾਸਟਰ ਬਾਬੂ ਸਿੰਘ:** ਡਿਪਟੀ ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਸੀ. ਆਈ. ਡੀ. ਤੋਂ ਤਸ਼ਵੀਸ਼ ਕਰਾ ਲੈਣ .. (ਵਿਘਨ)

**ਸ੍ਰੀ ਡਿਪਟੀ ਸਪੀਕਰ:** ਮਾਸਟਰ ਜੀ, ਤਸੀਂ ਬੈਠੋ (ਵਿਘਨ)

**ਸਰਦਾਰ ਚਿੱਤਵੰਤ ਸਿੰਘ ਕੋਹਰੀਆਂ** (ਲਹਿਰਾ) : ਡਿਪਟੀ ਸਪੀਕਰ ਸਾਹਿਬ, ਮੈਂ ਡਿਮਾਂਡ ਨੰ: 13, ਜਨਰਲ ਐਡਮਨਿਸਟਰੇਸ਼ਨ ਤੇ ਆਪਣੇ ਵਿਚਾਰ ਪ੍ਰਗਟ ਕਰਨਾ ਚਾਹੁੰਦਾ ਹਾਂ।

**ਸਰਦਾਰ ਬੇਅੰਤ ਸਿੰਘ:** ** ** **

**ਸ੍ਰੀ ਡਿਪਟੀ ਸਪੀਕਰ:** ਉਹ ਅਜੇ ਖੜੇ ਹੀ ਹੋਏ ਹਨ ਅਤੇ ਗੱਲ ਸ਼ੁਰੂ ਨਹੀਂ ਕੀਤੀ, ਤੁਸੀਂ ਬੈਠੋ। (ਵਿਘਨ)

**ਸਰਦਾਰ ਬੇਅੰਤ ਸਿੰਘ:** ** ** **

**ਸ੍ਰੀ ਡਿਪਟੀ ਸਪੀਕਰ:** ਦੱਸੋ ਤੁਹਾਡਾ ਕੀ ਪੁਆਇੰਟ ਆਫ ਆਰਡਰ ਹੈ?

**ਸਰਦਾਰ ਬੇਅੰਤ ਸਿੰਘ:** ** ** **

**ਸ੍ਰੀ ਡਿਪਟੀ** ਸਪੀਕਰ: ਮੈਂ ਤਾਂ ਇਹ ਗਲ ਕਹੀ ਹੈ ਕਿ ਸਾਰਾ ਸਮਾਂ ਡੇਢ ਘੰਟਾ ਹੈ ਇਸ ਵਿਚ ਸਾਰੀਆਂ ਪਾਰਟੀਆਂ ਨੂੰ ਸਮਾਂ ਮਿਲਣਾ ਹੈ। ਉਸ ਦੇ ਹਿਸਾਬ ਸਿਰ ਤੁਹਾਨੂੰ ਸਮਾਂ ਮਿਲੇਗਾ। ਇਹ ਕੋਈ ਪੁਆਇੰਟ ਆਫ ਆਰਡਰ ਨਹੀਂ। ਤੁਸੀਂ ਬੈਠੋ।

**ਸਰਦਾਰ ਬੇਅੰਤ ਸਿੰਘ** : ਡਿਪਟੀ ਸਪੀਕਰ ਸਾਹਿਬ, ਤੁਸੀਂ 5, 5 ਮਿੰਟ ਦੇ ਦਿਓ

**ਸ੍ਰੀ ਡਿਪਟੀ** ਸਪੀਕਰ: ਤੁਸੀਂ ਤਸ਼ਰੀਫ਼ ਰਖੋ।

**ਸਰਦਾਰ ਚਿੱਤਵੰਤ ਸਿੰਘ ਕੋਹਰੀਆ:** ਡਿਪਟੀ ਸਪੀਕਰ ਸਾਹਿਬ, ਸਾਰੇ ਹਾਊਸ ਨੇ ਲਾਂ ਐਂਡ ਆਰਡਰ ਬਾਰੇ ਇਕੱਲਾ ਪੁਲਿਸ ਨੂੰ ਜ਼ਿਮੇਵਾਰ ਠਹਿਰਾਇਆ ਹੈ। ਮੈਂ ਪੁਲਿਸ ਦੀ ਬੈਕਗਰਾਊਂਡ ਜਾਣਦਾ ਹਾਂ ਇਸ ਕਰਕੇ ਇਸ ਬਾਰੇ ਗੱਲ ਕਰਨੀ ਚਾਹੁੰਦਾ ਹਾਂ ਕਿ ਇਕੱਲੀ ਪੁਲਿਸ ਹੀ ਲਾਅ ਐਂਡ ਆਰਡਰ ਦੀ ਜ਼ਿੰਮੇਵਾਰ ਨਹੀਂ। ਇਸ ਦੇ ਨਾਲ ਪ੍ਰਾਸੀਕਿਊਸ਼ਨ, ਜੁਡੀਸ਼ਰੀ, ਹੋਰ ਲੋਕਾਂ ਦਾਂ ਸਹਿਚਾਰ, ਕਾਨੂੰਨ ਦੀ ਪੋਜ਼ੀਸ਼ਨ ਕਮਜ਼ੋਰ, ਕੁਰੱਪਸ਼ਨ ਆਦਿ ਇਨ੍ਹਾਂ ਸਾਰੀਆਂ ਗਲਾਂ ਨਾਲ ਲਾਅ ਐਂਡ ਆਰਡਰ ਬਣਦਾ ਹੈ। ਇਹ ਸਾਰੀਆਂ ਗੱਲਾਂ ਹੌਲੀ ਹੌਲੀ ਲਟਕਦੀਆਂ ਜਾ ਰਹੀਆਂ ਹਨ। ਪੁਲਿਟੀਕਲ ਪਾਰਟੀਆਂ, ਦੀ ਇੰਟਰਫੀਅਰੈਂਸ ਵੱਧਦੀ ਜਾ ਰਹੀ ਹੈ, ਹੈਬਚੂਅੱਲ ਅਫੈਂਡਰਜ਼ ਐਕਟ ਨੂੰ ਮਿਨੀਮਾਈਜ਼ ਕੀਤਾ ਹੈ, ਪੰਜਾਬ ਲਾਜ਼ ਐਕਟ ਨੂੰ ਹਟਾ ਦਿੱਤਾ ਹੈ ਫਿਰ ਹੌਲੀ ਹੌਲੀ ਪ੍ਰਾਸੀਕਿਊਸ਼ਨ ਨੂੰ ਅਲੱਹਿਦਾ ਕਰ ਦਿੱਤਾ ਹੈ ਜਿਹੜੇ ਕਿ ਸਾਰੇ ਇਸ ਪੁਲਿਸ ਦੇ ਅੰਗ ਸੀ। ਪੁਲਿਸ ਨੂੰ ਡੀਮਾਰੇਲਾਈਜ਼ ਕੀਤਾ ਜਾਂਦਾ ਹੈ। ਪੁਲਿਸ ਦਾ ਝੂਠੇ ਮੁਕਦਮਿਆਂ ਵਿਚ ਹੀ ਚਲਾਨ ਕੀਤਾ ਜਾਂਦਾ ਹੈ, ਪੁਲੀਸ ਨੂੰ 342 ਦੇ ਮੁਕਦਮਿਆਂ ਵਿਚ ਜਿਸ ਵਿਚ ਕਿ ਮਚਲਕਾ ਦੇ ਕੇ ਛੱਡ ਦਿਤਾ ਜਾਂਦਾ ਹੈ ਉਸ ਵਿਚ ਰੱਥਕੜੀਆਂ ਲਗੀਆਂ ਵਿਖਾ ਕੇ ਡੀਮਾਰੇਲਾਈਜ਼ ਕੀਤਾ ਜਾਂਦਾ ਹੈ। ਇਸ ਲਈ ਇਕੱਲੀ ਪੁਲਿਸ ਵਿਚਾਹੀ ਇਸ ਦੇ ਵਿਚ ਨਹੀਂ ਆਉਂਦੀ। ਮੈਂ ਮੰਨਦਾ ਹਾਂ ਕਿ ਪੁਲਿਸ ਵਿਚ ਨੁਕਸ ਹਨ। ਪਰ ਲੋਕਾਂ ਵਿਚ, ਸਾਡੀ ਸਭਿਅੱਤਾ ਵਿਚ ਅਤੇ ਕਾਨੂੰਨ ਵਿਚ ਵੀ ਨੁਕਸ ਹਨ। ਪੁੱਲਿਸ ਵਿਚ ਜਿਹੜੇ ਨੁਕਸ ਹਨ ਉਹ ਰਿਫਾਰਮ ਹੋ ਸਕਦੇ ਹਨ। ਉਨ੍ਹਾਂ ਦਾ ਜਿਹੜਾ ਸਿਸਟਮ ਤਫ਼ਤੀਸ਼ ਦਾ ਚਲ ਰਿਹ ਹੈ,

Original with;
Punjab Vidhan Sabha
Digitized by;
Panjab Digital Library

[ਸਰਦਾਰ ਚਿੱਤਵੰਤ ਸਿੰਘ ਕੋਹਰੀਆਂ]

ਉਹ ਡਿਊਲ ਸਿਸਟਮ ਹੈ। ਇਸ ਦੇ ਨਾਲ ਵੀ ਘਾਟਾ ਪਿਆ ਹੈ। ਸਾਡੇ ਆਈ. ਜੀ. ਸਾਹਿਬ ਨੇ ਸਕੁਐਡ ਬਣਾ ਦਿਤੇ ਹਨ। ਇਹ ਸਕੁਐਡ ਕਿਡਨੈਪਿੰਗ ਦਾ ਹੈ, ਇਹ ਚੋਰੀ ਦਾ ਹੈ ਅਤੇ ਇਹ ਕਈ ਹੋਰ ਚੀਜ਼ਾਂ ਦਾ ਹੈ। ਮੈਂ ਕਹਿੰਦਾ ਹਾਂ ਕਿ ਇਹ ਕੋਈ ਐਸੀ ਚੀਜ਼ ਨਹੀਂ ਕਿ ਫਲਾਂ ਆਦਮੀ ਫਲਾਂ ਬੀਮਾਰੀ ਦਾ ਐਕਸਪਰਟ ਹੈ ਔਰ ਉਹੀ ਇਹ ਕੇਸ ਕਰ ਸਕਦਾ ਹੈ। ਮੈਂ ਕਹਿੰਦਾ ਹਾਂ ਕਿ ਇਕ ਆਦਮੀ ਹੀ ਇਹ ਸਾਰੇ ਕੰਮ ਕਰ ਸਕਦਾ ਹੈ। ਮੈਂ ਕਹਿੰਦਾ ਹਾਂ ਕਿ ਸਾਨੂੰ ਸੀ. ਆਈ. ਏ. ਸਟਾਫ ਨੂੰ ਸਟਰੈਂਗਥਨ ਕਰਨਾ ਚਾਹੀਦਾ ਹੈ। ਥਾਣਿਆਂ ਵਿਚ ਹੀ ਸਾਰਾ ਸਟਾਫ ਹੋਵੇ ਅਤੇ ਲਾਅ ਐਂਡ ਆਰਡਰ ਦਾ ਇਕ ਆਦਮੀ ਜ਼ਿੰਮੇਵਾਰ ਹੋਵੇ ਅਤੇ ਤਾਂ ਉਸ ਆਦਮੀ ਨੂੰ ਆਪਣੀ ਜ਼ਿੰਮੇਦਾਰੀ ਦਾ ਅਹਿਸਾਸ ਹੋਵੇਗਾ ਅਤੇ ਉਸ ਵਿਚ ਇੰਮਪਰੂਵਮੈਂਟ ਹੋ ਸਕਦੀ ਹੈ।

ਦੂਸਰੀ ਗਲ ਇਹ ਹੈ ਕਿ ਇਥੇ ਕਮਪਿਊਟਰ ਸਿਸਟਮ ਲਗਾਇਆ ਜਾ ਰਿਹਾ ਹੈ: ਮੈਂ ਕਹਿੰਦਾ ਹਾਂ ਕਿ ਇਹ ਇਕ ਲਗਜ਼ਰੀ ਹੈ, ਇਹ ਸਿਸਟਮ ਬਿਲਕੁਲ ਫੇਲਿਉਰ ਹੈ। ਮੈਂ ਕਹਿੰਦਾ ਹਾਂ ਕਿ ਇਸ ਦੀ ਬਜਾਏ ਪੁਲਿਸ ਦੇ ਲੋਕਾਂ ਨੂੰ ਮਕਾਨ ਦਿਓ, ਅੱਛੀਆਂ ਵਰਦੀਆਂ ਦਿਓ, ਪੜ੍ਹਾਈ ਦੀਆਂ ਸਹੂਲਤਾਂ ਦਿਓ। ਉਨ੍ਹਾਂ ਦੇ ਵਰਕਿੰਗ ਆਵਰਜ਼ ਠੀਕ ਨਹੀਂ ਉਹ ਐਜੀਟੇਟ ਰਹਿੰਦੇ ਹਨ। ਉਹ 24 ਘੰਟੇ ਡਿਊਟੀ ਤੇ ਰਹਿੰਦੇ ਹਨ। ਉਨ੍ਹਾਂ ਦੀਆਂ ਇਨ੍ਹਾਂ ਗਲਾਂ ਵੱਲ ਧਿਆਨ ਦਿਓ ਤਾਂ ਕਿ ਉਹ ਆਪਣੀ ਡਿਊਟੀ ਠੀਕ ਤਰ੍ਹਾਂ ਸਰਅੰਜਾਮ ਦੇ ਸਕਣ।

ਇਨ੍ਹਾਂ ਨੇ 4 ਅਗਸਤ, 1978 ਨੂੰ ਕੁਰੱਪਸ਼ਨ ਬਾਰੇ ਇਕ ਸਰਕੂਲਰ ਇਸ਼ੂ ਕੀਤਾ ਹੈ ਕਿ ਛੋਟੇ ਛੋਟੇ ਕਰਮਚਾਰੀਆਂ ਨੂੰ ਕੱਢ ਦਿਓ ਅਤੇ ਵਡਿਆਂ ਨੂੰ ਨਾ ਕੱਢੋ। ਇਹ ਬੈਡ ਰਿਪੋਰਟਾਂ ਬਾਰੇ ਕਹਿੰਦੇ ਹਨ। ਬੈਡ ਰਿਪਰਟਾਂ ਅਫਸਰਾਂ ਨੇ ਕਰਨੀਆਂ ਹਨ। ਅਗਰ ਕਿਸੇ ਕਾਂਸਟੇਬਲ ਨੇ ਅਫਸਰ ਨੂੰ ਪਾਣੀ ਦੀ ਗੜਵੀ ਨਾ ਦਿੱਤੀ ਜਾਂ ਨਹਾਉਣ ਵਾਸਤੇ ਪਾਣੀ ਨਾ ਭਰ ਕੇ ਲਿਆਇਆ ਤਾਂ ਰਿਪੋਰਟ ਬੈਡ ਕਰ ਦਿੱਤੀ ਜਾਂਦੀ ਹੈ। ਉਨ੍ਹਾਂ ਬਾਰੇ ਤਾਂ ਕਹਿ ਦਿੱਤਾ ਕਿ ਕੱਢ ਦਿਓ। ਮੈਂ ਕਹਿੰਦਾ ਹਾਂ ਕਿ ਜਿਨ੍ਹਾਂ ਦੇ ਇਨਕੁਆ-ਇਰੀਆਂ ਕਰਕੇ ਟਰੰਕ ਭਰੇ ਪਏ ਹਨ ਅਤੇ ਨਾਲ ਹੀ ਰੁਪਿਆਂ ਦੇ ਟਰੰਕ ਭਰੇ ਪਏ ਹਨ ਉਨ੍ਹਾਂ ਵਾਸਤੇ ਮੈਂ ਸੁਝਾਵ ਦਿੰਦਾ ਹਾਂ ਕਿ ਇਕ ਕਮੇਟੀ ਬਣਾਓ। ਉਸ ਵਿਚ ਇਕੱਲਾ ਸੈਕਟਰੀ, ਐਡਵੋਕੇਟ ਜਨਰਲ ਅਤੇ 3 ਐਡਮਨਿਸਟਰੇਟਿਵ ਸੈਕਟਰੀ ਹੋਣ। ਜਿਹੜੇ 5 ਸੌ ਕੇਸ ਪਏ ਹਨ ਉਨ੍ਹਾਂ ਦਾ ਫੈਸਲਾ ਕੀਤਾ ਜਾਵੇ। ਛੋਟੇ ਕਰਮਚਾਰੀਆਂ ਮਗਰ ਕੀ ਪਏ ਹੋਏ ਹੋ? ਮੈਂ ਕਹਿੰਦਾ ਹਾਂ ਕਿ ਛੋਟੇ ਕਰਮਚਾਰੀਆਂ ਵਿਚ ਜਿਹੜੀ ਰਿਜ਼ੈਂਟਮੈਂਟ ਹੈ ਉਸ ਨੂੰ ਦੂਰ ਕਰ ਦਿਓ। ਮੈਂ ਕਿਹਾ ਹੈ ਕਿ ਮੈਨੂੰ ਬੁਲਾਓ ਮੈਂ ਇਸ ਦਾ ਹੱਲ ਦੱਸ ਸਕਦਾ ਹਾਂ ਪਰ ਕੋਈ ਬੁਲਾਉਂਦਾ ਹੀ ਨਹੀਂ। ਮੈਂ ਕਹਿੰਦਾ ਹਾਂ ਕਿ ਜਿਹੜਾ ਕੋਈ ਕੇਸ ਬਣੇ ਉਸ ਬਾਰੇ ਕਮੇਟੀ ਬਣਾ ਦਿੱਤੀ ਜਾਵੇ ਅਤੇ ਜਲਦੀ ਨਿਪਟਾਰਾ ਹੋ ਸਕਦਾ ਹੈ (ਵਿਘਨ)

**Mr. Deputy Speaker :** Please wind up. ਤੁਸੀਂ ਤਸ਼ਰੀਫ ਰਖੋ, ਸਮਾਂ ਹੋ ਗਿਆ ਹੈ।

**ਸਰਦਾਰ ਚਿੱਤਵੰਤ ਸਿੰਘ ਕੋਹਰੀਆਂ** : ਠੀਕ ਹੈ ਜੀ, ਮੈਂ ਬੈਠ ਜਾਂਦਾ ਹਾਂ।

**ਸ੍ਰੀ ਖੁਸ਼ਹਾਲ ਬਹਿਲ** (ਗੁਰਦਾਸਪੁਰ) : ਡਿਪਟੀ ਸਪੀਕਰ ਸਾਹਿਬ, ਮੈਂ ਡਿਮਾਂਡ ਨੰਬਰ 13, ਮਿਸਲੇਨੀਔਸ ਤੇ ਬੋਲਣ ਲਗਾ ਹਾਂ .. (ਵਿਘਨ)

**ਸ੍ਰੀ ਡਿਪਟੀ ਸਪੀਕਰ:** ਬਹਿਲ ਸਾਹਿਬ, 5 ਮਿੰਟਾਂ ਵਿਚ ਹੀ ਵਾਈਂਡ ਅੱਪ ਕਰ ਦੇਣਾ ਕਿਉਂਕਿ ਸਮਾਂ ਬਹੁਤ ਥੋੜ੍ਹਾ ਹੈ, ਗਿਲੋਟੀਨ ਅਪਲਾਈ ਹੋਣੀ ਹੈ (ਵਿਘਨ)

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਰਦਰਸ਼ਨ ਸਿੰਘ** : ਡਿਪਟੀ ਸਪੀਕਰ ਸਾਹਿਬ, ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਚਲ ਰਹੀ ਹੈ, ਹੋ ਸਕਦਾ ਹੈ ਕਿ 12.00 ਵਜੇ ਗਿਲੋਟੀਨ ਨਾ ਅਪਲਾਈ ਹੋਵੇ, ਇਸ ਲਈ ਮੈਂਬਰ ਸਾਹਿਬਾਨ ਨੂੰ ਬੋਲਣ ਦਿੱਤਾ ਜਾਵੇ।

**ਸ੍ਰੀ ਡਿਪਟੀ ਸਪੀਕਰ** . ਅਗਰ ਹਾਊਸ ਦੇ ਮੈਂਬਰ ਸਾਹਿਬਾਨ ਦੀ ਇੱਛਾ ਹੋਵੇਗੀ ਤਾਂ it can be extended.

**ਸ੍ਰੀ ਖੁਸ਼ਹਾਲ ਬਹਿਲ** : ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਧਾਨ ਸਭਾ ਕੋਲ ਜਿਹੜੀਆਂ ਤਾਕਤਾਂ ਹਨ ਉਨ੍ਹਾਂ ਦੇ ਵਿਚ ਬੁਨਿਆਦੀ ਤਾਕਤ ਹੈ ਪੈਸੇ ਦੇਣਾ ਔਰ ਪੈਸੇ ਸੈਂਕਸ਼ਨ ਕਰਨਾ। ਜਿਹੜਾ ਪੈਸਾ ਸੈਂਕ-ਸ਼ਨ ਹੋਵੇ ਉਹ ਉਨ੍ਹਾਂ ਐਕਟਿਵਿਟੀਜ਼ ਲਈ ਹੋਵੇ ਜਿਨ੍ਹਾਂ ਨਾਲ ਲੋਕਾਂ ਨੂੰ ਫਾਇਦਾ ਹੋਵੇ । ਇਕ ਛੋਟੀ ਜਿਹੀ ਬੁਨਿਆਦੀ ਗੱਲ ਹੈ ਕਿ ਜਾਨ ਦੀ ਰਾਖੀ ਲਈ ਜਿਹੜਾ ਪੈਸਾ ਮਿਲਣਾ ਹੈ ਸਰਕਾਰ ਅਗਰ ਇਹ ਪੈਸਾ ਲੈ ਕੇ ਜਾਨ ਦੀ ਰਾਖੀ ਵੀ ਨਾ ਕਰ ਸਕੇ ਤਾਂ ਮੈਂ ਸਮਝਦਾ ਹਾਂ ਕਿ ਇਨ੍ਹਾਂ ਨੂੰ ਆਫ਼ਿਸ ਵਿਚ ਰਹਿਣ ਦਾ ਕੋਈ ਹੱਕ ਨਹੀਂ। ਡਿਪਟੀ ਸਪੀਕਰ ਸਾਹਿਬ, ਮੈਂ ਮਹਿਸੂਸ ਕਰਦਾ ਹਾਂ ਕਿ ਸਰਕਾਰ ਨੇ ਆਪਣਾ ਕਾਨਫੀਡੈਂਸ ਲੋਕਾਂ ਵਿੱਚ ਫੋਰਫੀਟ ਕਰ ਲਿਆ ਹੈ। ਲੋਕਾਂ ਦਾ ਯਕੀਨ ਇਨ੍ਹਾਂ ਵਿੱਚ ਫੋਰਫੀਟ ਹੋ ਗਿਆ ਹੈ। ਲੋਕਾਂ ਦੀ ਜਾਨ ਅਤੇ ਮਾਲ ਦੀ ਰਾਖੀ ਇਹ ਸਰਕਾਰ ਨਹੀਂ ਕਰ ਸਕਦੀ। ਇਸ ਕਰਕੇ ਮੈਂ ਸਮਝਦਾ ਹਾਂ ਅਤੇ ਇਸ ਹਾਊਸ ਨੂੰ ਅਪੀਲ ਕਰਦਾ ਹਾਂ ਕਿ ਯੂਨਾਨੀਮਸਲੀ ਇਸ ਡਿਮਾਂਡ ਨੂੰ ਰਿਜੈਕਟ ਕੀਤਾ ਜਾਵੇ ਅਤੇ ਇਹ ਪੈਸੇ ਨਾ ਦਿੱਤੇ ਜਾਣ। ਲਾਅ ਐਂਡ ਆਰਡਰ ਦੇ ਮਸਲੇ ਤੇ ਕੋਈ ਬਹੁਤਾ ਖਰਚ ਕਰਨ ਦੀ ਲੋੜ ਨਹੀਂ। ਲੇਕਿਨ ਇਸ ਵੇਲੇ ਹਾਲਤ ਕੀ ਹੈ? ਪਿਛਲੇ ਸਾਲ 1977 ਵਿੱਚ ਜਦੋਂ ਇਸ ਸਰਕਾਰ ਨੇ ਰਾਜ ਸੰਭਾਲਿਆ ਤਾਂ ਉਸ ਵੇਲੇ ਤੋਂ ਹੀ ਪੰਜਾਬ ਦੀ ਦੁਰਦਸ਼ਾ ਹੋਣੀ ਸ਼ੁਰੂ ਹੋ ਗਈ ਹੈ। ਪੰਜਾਬ ਦੇ ਵਿੱਚ ਬੇਸ਼ੁਮਾਰ ਕਮਜ਼ੋਰ ਵਰਗ ਦੇ ਲੋਕਾਂ ਤੇ ਜ਼ੁਲਮੋਂ ਸਿਤਮ ਹੋਏ ਹਨ। ਕਤਲ ਹੋਏ ਹਨ। ਲੋਕਾਂ ਦੇ ਘਰ ਢਾਹੇ ਗਏ। ਕਈ ਬੇਸ਼ੁਮਾਰ ਇਨਸੀਡੈਂਟਸ ਮੈਂ ਦਸੇ ਹਨ। ਜ਼ਿਲ੍ਹਾ ਗੁਰਦਾਸ-ਪੁਰ ਵਿੱਚ 56 ਕੇਸ ਹੋਏ ਜਿਨ੍ਹਾਂ ਵਿੱਚ ਖਾਸ ਕਰਕੇ ਇਹੋ ਜਿਹੇ ਹਾਲਾਤ ਨਜ਼ਰ ਆਉਂਦੇ ਸਨ ਕਿ ਪਤਾ ਨਹੀਂ ਕਿਹੜੇ ਕਿਹੜੇ ਫਿਊਡਲ ਇੰਟਰੈਸਟ ਇਸ ਦੇ ਪਿੱਛੇ ਹਨ ਜਿਹੜੇ ਕਿ ਲੋਕਾਂ ਤੇ ਤਸ਼ੱਦਦ ਕਰਕੇ ਇਸ ਢੰਗ ਦੇ ਹਾਲਾਤ ਪੰਜਾਬ ਵਿੱਚ ਪੈਦਾ ਕਰਨਾ ਚਾਹੁੰਦੇ ਹਨ, ਤਾਂ ਕਿ ਉਹ ਲੋਕ ਪੰਜਾਬ ਛੱਡ ਕੇ ਬਾਹਰ ਚਲੇ ਜਾਣ। ਲੇਕਿਨ ਇਸ ਦੀ ਕੋਈ ਇਨਕੁਆਇਰੀ ਨਹੀਂ ਹੁੰਦੀ। ਹੁਣ ਇੱਕ ਸਾਲ ਹੋ ਗਿਆ ਹੈ। ਪਿਛਲੇ ਇੱਕ ਸਾਲ ਵਿੱਚ ਪਹਿਲੇ ਤਿੰਨ ਮਹੀਨਿਆਂ ਵਿੱਚ ਹੀ ਐਸੇ ਕੇਸਿਜ਼ ਹੋਏ ਹਨ ਜਿੱਥੇ ਖਾਸ ਕਰਕੇ ਹਰੀਜਨਾਂ ਦੇ ਕਤਲ ਹੋਏ ਹਨ, ਪਰ ਉਨ੍ਹਾਂ ਦਾ ਕੋਈ ਪਤਾ ਨਹੀਂ ਲਗਾ। ਜ਼ਨਾਨੀਆਂ, ਬੱਚਿਆਂ ਅਤੇ ਖਾਸ ਕਰਕੇ ਮਾਈਨਰਜ਼ ਦੀ ਐਬਡੱਕਸ਼ਨ ਹੋਈ, ਉਹ ਅਜੇ ਤੱਕ ਰਿਕਵਰ ਨਹੀਂ ਹੋਈਆਂ। ਥਾਣਿਆਂ ਦੀ ਇਹ ਹਾਲਤ ਹੈ ਕਿ ਕੁਰੱਪਸ਼ਨ ਹੀ ਕੁਰੱਪਸ਼ਨ ਉਥੇ ਚਲ ਰਹੀ ਹੈ। ਉਥੇ ਜਿਹੜਾ 10 ਨੰਬਰੀਆ ਹੈ, ਅਨ-ਸੋਸ਼ਲ ਐਲੀਮੈਂਟ ਹੈ, ਉਸਦੀ ਪਿੱਠ ਤੇ ਥਾਪੀ ਦਿੱਤੀ ਗਈ ਹੈ। ਸਰਕਾਰੀ ਪਾਰਟੀ ਦੇ ਆਦਮੀ ਹਰ ਥਾਣੇ ਤੇ ਹੀ ਹਾਵੀ ਹਨ । ਇਨਸਾਫ਼ ਕਿਸੇ ਨੂੰ ਨਹੀਂ ਮਿਲਦਾ। ਇਸ ਲਈ ਇਹੋ ਜਿਹੇ ਹਾਲਾਤ ਵਿੱਚ ਕਿਸੇ ਭਲੇਮਾਣਸ ਨੂੰ ਇਹ ਨਹੀਂ ਪਤਾ ਕਿ ਚੁਰਾਹੇ ਤੇ ਕਦੋਂ ਉਸ ਨੂੰ ਜੁੱਤੀਆਂ ਪੈ ਜਾਣੀਆਂ ਹਨ ਜਾਂ ਉਸ ਦੇ ਬੱਚੇ ਘਰ ਵਾਪਸ ਆ ਜਾਣਗੇ। ਇਨ੍ਹਾਂ ਹਾਲਾਤ ਦੇ ਪੇਸ਼ੇਨਜ਼ਰ ਇਸ ਸਰਕਾਰ ਨੂੰ ਕੋਈ ਹੱਕ ਨਹੀਂ ਇਸ ਮੰਗ ਅਧੀਨ ਪੈਸੇ ਮੰਗਣ ਦਾ। ਡਿਪਟੀ ਸਪੀਕਰ ਸਾਹਿਬ, ਇੱਕ ਹੋਰ ਤਰ੍ਹਾਂ ਦਾ ਵਾਤਾਵਰਣ ਇਥੇ ਚੱਲ ਰਿਹਾ ਹੈ । ਮੈਂ ਕਿਹਾ ਸੀ ਕਿ ਜਮਾਤੀ ਜੰਗ ਤਾਂ ਪਤਾ ਨਹੀਂ ਕਿਸ ਵੇਲੇ ਆਉਣੀ ਹੈ? ਇਹ ਜ਼ਰੂਰ ਆਉਣੀ ਚਾਹੀਦੀ ਹੈ। ਲੇਕਿਨ ਇਸ ਵੇਲੇ ਕਾਸਟ ਵਾਰ ਸ਼ੁਰੂ ਹੋ ਗਈ ਹੈ । ਇਹ ਕਿਉਂ ਸ਼ੁਰੂ ਹੋਈ ਹੈ ਕਿਉਂਕਿ ਮਜ਼੍ਹਬੀ ਨਿਰਪੱਖਤਾ ਦੀਆਂ ਧੱਜੀਆਂ ਉਡਾਈਆਂ ਗਈਆਂ ਹਨ। ਹਿੰਦੁਸਤਾਨ ਵਿੱਚ ਜਿਹੜੇ ਦਾਨਿਸ਼ਮੰਦ

Original with;
Punjab Vidhan Sabha
Digitized by;
Panjab Digital Library

[ਸ੍ਰੀ ਖੁਸਹਾਲ ਬਹਿਲ]

ਲੀਡਰ ਸਨ ਉਨ੍ਹਾਂ ਦੇ ਇਹ ਵਿਚਾਰ ਸਨ ਕਿ ਇਸ ਦੇਸ਼ ਵਿੱਚ ਸੈਕੂਲੇਰਿਜ਼ਮ ਸਟਰੇਂਗਥਨ ਕੀਤਾ ਜਾਵੇ। ਅੱਜ ਮੈਂ ਪੁੱਛ ਸਕਦਾ ਹਾਂ ਕਿ ਇਹ ਲੜਾਈ ਕਿਸ ਲਈ ਚਲਦੀ ਹੈ। ਜਿਹੜੇ ਗਰੀਬ ਲੋਕ ਹਨ ਉਨ੍ਹਾਂ ਤੇ ਤਸ਼ੱਦਦ ਕੀਤੇ ਜਾ ਰਹੇ ਹਨ। ਮੇਰੇ ਜ਼ਿਲ੍ਹੇ ਵਿੱਚ ਕਈ ਜਗ੍ਹਾ ਵਾਕੇ ਹੋਏ ਹਨ। ਚੱਕ ਸ਼ਰੀਫ ਦਾ ਨੋਟ ਕਰ ਲਓ। ਮੰਦਰਾਂ ਦੇ ਵਿੱਚ ਝਗੜੇ ਹੁੰਦੇ ਹਨ। ਸੋਢਲ ਦਾ ਮਾਮਲਾ ਹੱਲ ਹੋ ਗਿਆ ਹੈ, ਬੜੀ ਚੰਗੀ ਗੱਲ ਹੈ। ਲੇਕਿਨ ਇਹੋ ਜਿਹੇ ਹਾਲਾਤ ਪੈਦਾ ਕਿਉਂ ਹੁੰਦੇ ਹਨ। ਪਿਛੇ ਇੱਕ ਜਲੂਸ ਨਿਕਲਿਆ। ਜਿਸ ਵੇਲੇ ਜਲੂਸ ਨਿਕਲਿਆ ਉਸ ਵੇਲੇ ਸਾਰੇ ਇਲਾਕੇ ਵਿੱਚ ਇਹ ਪਤਾ ਨਹੀਂ ਸੀ ਕਿ ਕਿਹੜਾ ਘਰ ਕਿਸ ਵੇਲੇ ਲੁੱਟਿਆ ਜਾਵੇਗਾ। ਉਸ ਵੇਲੇ ਸਰਕਾਰ ਨੇ ਇਹ ਕਹਿ ਦਿੱਤਾ ਸੀ ਕਿ ਅਸੀਂ ਤੁਹਾਨੂੰ ਪ੍ਰੋਟੈਕਟ ਨਹੀਂ ਕਰ ਸਕਦੇ। ਮੈਂ ਸਮਝਦਾ ਹਾਂ ਕਿ ਸਾਰੀ ਸੋਚ ਜੇ ਇਸ ਢੰਗ ਦੀ ਚਲਦੀ ਹੋਵੇ ਅਤੇ ਸਿਆਸੀ ਤੌਰ ਤੇ ਇਹ ਸੂਬਾ ਇਕੱਠਾ ਨਾ ਰਹਿ ਸਕਦਾ ਹੋਵੇ ਤਾਂ ਮੈਂ ਸਮਝਦਾ ਹਾਂ ਕਿ ਐਸੇ ਹਾਲਾਤ ਦੇ ਪੇਸ਼ੇ ਨਜ਼ਰ ਇਹ, ਪੈਸੇ ਲੈਣ ਦਾ ਸਰਕਾਰ ਨੂੰ ਕੋਈ ਹੱਕ ਨਹੀਂ?

**ਸ੍ਰੀ ਡਿਪਟੀ ਸਪੀਕਰ:** ਤੁਹਾਨੂੰ ਪੰਜ ਮਿੰਟਾਂ ਦਾ ਸਮਾਂ ਦਿੱਤਾ ਹੈ। ਉਹ ਖ਼ਤਮ ਹੋ ਗਿਆ ਹੈ।

ਸ੍ਰੀ ਖੁਸ਼ਹਾਲ ਬਹਿਲ : ਡਿਪਟੀ ਸਪੀਕਰ ਸਾਹਿਬ, ਪੰਜਾਂ ਮਿੰਟਾਂ ਵਿੱਚ ਮੈਂ ਕੀ ਕਹਿ ਲੈਣਾ ਹੈ।

**ਸ੍ਰੀ ਡਿਪਟੀ ਸਪੀਕਰ :** ਤੁਸੀਂ ਮੇਰੇ ਨਾਲ ਮੁਤਫਿਕ ਹੋਵੋਗੇ ਕਿ ਸਾਰਿਆਂ ਨੂੰ ਟਾਈਮ ਦੇਣਾ ਹੈ। ਤੁਹਾਨੂੰ ਐਨਾ ਹੀ ਟਾਈਮ ਮਿਲ ਸਕਦਾ ਹੈ। ਤੁਸੀਂ ਹੁਣ ਵਾਈਂਡ ਅੱਪ ਕਰੋ।

ਸ੍ਰੀ ਖੁਸ਼ਹਾਲ ਬਹਿਲ : ਡਿਪਟੀ ਸਪੀਕਰ ਸਾਹਿਬ, ਇਕਨਾਮਿਕ ਪੋਜ਼ੀਸ਼ਨ ਬਾਰੇ ਵੀ ਗੱਲ ਕਰ ਲੈਂਦਾ ਹਾਂ। ਇਨ੍ਹਾਂ ਨੇ ਕਿਹਾ ਹੈ ਕਿ ਛੇਵੀਂ ਪਲਾਨ ਵਿੱਚ 7 ਪ੍ਰਤੀਸ਼ਤ ਗ੍ਰੋਥ ਅਸੀਂ ਅਚੀਵ ਕਰਨੀ ਹੈ। ਅੱਜ 6 ਮਹੀਨੇ ਹੋ ਗਏ ਹਨ ਜਦੋਂ ਇਨ੍ਹਾਂ ਨੇ ਬੱਜਟ ਪਾਸ ਕੀਤਾ ਸੀ, ਛੇ ਦੇ ਵੀ ਅੱਠ ਮਹੀਨੇ ਹੋ ਗਏ ਹਨ, ਇਨ੍ਹਾਂ ਅੱਠਾਂ ਮਹੀਨਿਆਂ ਵਿੱਚ ਕਿਹੜੀ ਇੰਡਸਟਰੀ ਲਗਾਈ ਹੈ, ਕਿਹੜਾ ਵਾਧਾ ਹੋਇਆ ਹੈ? ਇਸ ਸਬੰਧ ਵਿੱਚ ਇਹ ਕੋਈ ਫੈਕਟਸ ਐਂਡ ਫਿਗਰਜ਼ ਦੱਸ ਸਕਦੇ ਹਨ? ਮੈਂ ਮਹਿਸੂਸ ਕਰਦਾ ਹਾਂ ਕਿ ਐਸੇ ਸੂਬੇ ਦੇ ਹਾਲਾਤ ਹੋਣ ਤਾਂ ਕੋਈ ਇਕਨਾਮਿਕ ਪ੍ਰੋਗਰੈਸ ਨਹੀਂ ਹੋ ਸਕਦੀ। ਇੰਡਸਟਰੀ ਦੀ ਕੋਈ ਪ੍ਰੋਗਰੈਸ ਨਹੀਂ ਹੋ ਸਕਦੀ। ਖੇਤੀਬਾੜੀ ਦੇ ਸਬੰਧ ਵਿੱਚ ਇਨ੍ਹਾਂ ਨੇ ਕਿਹਾ ਸੀ ਕਿ ਅਸੀਂ ਕਿਸੇ ਢੰਗ ਨਾਲ ਐਸੀਆਂ ਚੀਜ਼ਾਂ ਇੰਟਰੋਡਿਊਸ ਕਰਾਂਗੇ ਤਾਂ ਕਿ ਫਾਰਮਰਜ਼ ਨੂੰ ਵਧੇਰੇ ਪੈਸੇ ਮਿਲਣ। ਲੇਕਿਨ ਪੀਜ਼ੈਂਟਰੀ ਦੀ ਇਹ ਹਾਲਤ ਹੈ ਕਿ ਰਿਕਵਰੀਆਂ ਵਿੱਚ ਖਾਸ ਕਰਕੇ ਗਰੀਬ ਕਿਸਾਨਾਂ ਨੂੰ ਜੁੱਤੀਆਂ ਮਾਰੀਆਂ ਗਈਆਂ, ਜ਼ੁਲਮੋਂ-ਸਿਤਮ ਹੋਏ। ਲੋਕਾਂ ਦਾ ਲੱਕ ਟੁੱਟ ਗਿਆ ਹੈ, ਉਹ ਪੈਸੇ ਦੇ ਨਹੀਂ ਸਕਦੇ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕੀ ਅਚੀਵ ਕੀਤਾ ਹੈ? ਇਨ੍ਹਾਂ ਕੋਲ ਜੇ ਕੋਈ ਫੈਕਟਸ ਐਂਡ ਫਿਗਰਜ਼ ਹਨ ਤਾਂ ਇਹ ਦੱਸਣ। ਵੈਲਫੇਅਰ ਐਕਟੀਵਿਟੀਜ਼ ਵੱਲ ਵੀ ਵੇਖ ਲਓ।

**ਸ੍ਰੀ ਡਿਪਟੀ ਸਪੀਕਰ :** ਤੁਹਾਡਾ ਸਮਾਂ ਹੋ ਗਿਆ ਹੈ। ਕਿਰਪਾ ਕਰਕੇ ਬੈਠ ਜਾਓ। ਡਾਕਟਰ ਜੋਧ ਸਿੰਘ ਜੀ।

## WALK-OUT

**Shri Khushhal Behl :** You try to supress us. I represent a group and the group has not been given any time. You will have to give me time so that I may be able to give my views.

Original with;
Punjab Vidhan Sabha
Digitized by;
Panjab Digital Library

**Mr. Deputy Speaker** : I have given you sufficient time.

**Shri Khushhal Behl** : I protest aginst it. The decision is totally arbitrary. You do not want to give me time for expressing my views.

**Mr. Deputy Speaker** : I am sorry. I cannot give you more time.

**Shri Khushhal Behl** : I protest against it and particularly against your attitude that you are not giving me time. I stage a walk-out .

(At this stage Shri Khushhal Behl staged a walk-out)

## DISCUSSION AND VOTING OF THE DEMANDS FOR SUPPLEMENTARY GRANTS (*Resumption*)

**ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ** : ** ** **

**ਸ੍ਰੀ ਡਿਪਟੀ ਸਪੀਕਰ** : ਮੈਂ ਯਤਨ ਕਰਾਂਗਾ। ਵੈਸੇ ਤੁਹਾਡੀ ਪਾਰਟੀ ਨੂੰ ਵੀ ਪਹਿਲਾਂ ਹੀ ਸਮਾਂ ਜ਼ਿਆਦਾ ਦਿੱਤਾ ਗਿਆ ਹੈ। ਸਾਰਿਆਂ ਆਨਰੇਬਲ ਮੈਂਬਰਾਂ ਨੂੰ ਸਮਾਂ ਦੇਣਾ ਮੇਰੇ ਲਈ ਬਹੁਤ ਮੁਸ਼ਕਿਲ ਹੈ। ਮੈਂ ਫਿਰ ਵੀ ਤੁਹਾਨੂੰ ਸਮਾਂ ਦੇਣ ਦੀ ਕੋਸ਼ਿਸ਼ ਕਰਾਂਗਾ।

**ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ** : ** ** **

**ਸ੍ਰੀ ਡਿਪਟੀ ਸਪੀਕਰ** : ਤੁਸੀਂ ਬੈਠੋ ਜੀ। ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਡਾਕਟਰ ਜੋਧ ਸਿੰਘ** (ਫਤਿਹਗੜ੍ਹ) : ਡਿਪਟੀ ਸਪੀਕਰ ਸਾਹਿਬ, ਅੱਜ ਹਾਊਸ ਵਿੱਚ ਸਪਲੀਮੈਂਟਰੀ ਡਿਮਾਂਡਜ਼ ਪੇਸ਼ ਕੀਤੀਆਂ ਗਈਆਂ ਹਨ। ਮੈਂ ਸਪਲੀਮੈਂਟਰੀ ਡਿਮਾਂਡ ਨੰਬਰ 17 ਤੇ ਆਪਣੇ ਵਿਚਾਰ ਪੇਸ਼ ਕਰਨਾ ਚਾਹੁੰਦਾ ਹਾਂ। ਇਸ ਮੰਗ ਅਧੀਨ 1 ਕਰੋੜ 30 ਲੱਖ ਰੁਪਿਆ ਮੈਡੀਕਲ ਅਤੇ ਪਬਲਿਕ ਹੈਲਥ ਵਾਸਤੇ ਮੰਗਿਆ ਗਿਆ ਹੈ ਜਿਸ ਵਿਚੋਂ ਰੈਡ ਕਰਾਸ ਦੀਆਂ ਜਿਹੜੀਆਂ ਪੰਜਾਬ ਵਿੱਚ ਬਰਾਂਚਾ ਹਨ ਉਨ੍ਹਾਂ ਵਾਸਤੇ 30 ਲੱਖ ਰੁਪਏ ਰੱਖੇ ਗਏ ਹਨ। ਮੈਂ ਸਮਝਦਾ ਹਾਂ ਕਿ ਰੈਡ ਕਰਾਸ ਪਾਸ ਆਪਣੇ ਕੋਈ ਸਾਧਨ ਨਹੀਂ ਹਨ। ਅੱਗੇ ਉਹ ਆਪਣੀਆਂ ਟਿਕਟਾਂ ਵੇਚ ਕੇ ਕੁਝ ਆਮਦਨ ਕਰ ਲੈਂਦੇ ਸਨ। ਹੁਣ ਪੰਜਾਬ ਸਰਕਾਰ ਨੇ ਕੁਰੱਪਸ਼ਨ ਨੂੰ ਖ਼ਤਮ ਕਰਨ ਲਈ ਇਹ ਫੈਸਲਾ ਕੀਤਾ ਕਿ ਕਿਸੇ ਕਿਸਮ ਦੀਆਂ ਟਿਕਟਾਂ ਅਫ਼ਸਰਾਂ ਰਾਹੀਂ ਨਹੀਂ ਵੇਚੀਆਂ ਜਾਣਗੀਆਂ। ਇਸ ਲਈ ਇਹ ਜਿਹੜੇ ਪੈਸੇ ਰੈਡ ਕਰਾਸ ਦੀ ਮੱਦਦ ਲਈ ਮੰਗੇ ਗਏ ਹਨ, ਇਹ ਬਿਲਕੁਲ ਜਾਇਜ਼ ਹਨ। ਇਸ ਤੋਂ ਇਲਾਵਾ ਡਿਪਟੀ ਸਪੀਕਰ ਸਾਹਿਬ, ਵਾਟਰ ਸਪਲਾਈ, ਸੈਨੀਟੇਸ਼ਨ ਅਤੇ ਪਬਲਿਕ ਹੈਲਥ ਵਾਸਤੇ 1 ਕਰੋੜ ਰੁਪਏ ਮੰਗੇ ਗਏ ਹਨ। ਹਸਪਤਾਲਾਂ ਵਿੱਚ ਹਾਲਾਤ ਬਹੁਤ ਖ਼ਰਾਬ ਹਨ। ਦਵਾਈਆਂ ਠੀਕ ਨਹੀਂ ਮਿਲਦੀਆਂ। ਡੇਰਾ ਬਾਬਾ ਨਾਨਕ ਅਤੇ ਫਤਿਹਗੜ੍ਹ ਵਿੱਚ ਸਫਾਈ ਦੀ ਹਾਲਤ ਵੀ ਬਹੁਤ ਮਾੜੀ ਹੈ। ਉਥੇ ਪਿਛਲੇ ਸਾਲ 50,000 ਰੁਪਿਆ ਮਦਦ ਵਾਸਤੇ ਦਿੱਤਾ ਗਿਆ ਸੀ। ਮੈਂ ਸਮਝਦਾ ਹਾਂ ਕਿ ਇਨ੍ਹਾਂ ਸ਼ਹਿਰਾਂ ਦੀ ਹਾਲਤ ਨੂੰ ਠੀਕ ਕਰਨ ਵਾਸਤੇ, ਸੈਨੀਟੇਸ਼ਨ ਦਾ ਠੀਕ ਇੰਤਜ਼ਾਮ ਕਰਨ ਵਾਸਤੇ, ਪਾਣੀ ਦਾ ਇੰਤਜ਼ਾਮ ਕਰਨ ਵਾਸਤੇ, ਇਹ ਜਿਹੜਾ 1 ਕਰੋੜ ਰੁਪਿਆ ਮੰਗਿਆ ਗਿਆ ਹੈ ਇਹ ਜਾਇਜ਼ ਹੈ ਅਤੇ ਇਸ ਨੂੰ ਮਨਜ਼ੂਰ ਕਰਨਾ ਚਾਹੀਦਾ ਹੈ।

ਇਸ ਤੋਂ ਇਲਾਵਾ ਮੈਂ ਡਿਮਾਂਡ ਨੰਬਰ 42 ਤੇ ਬੋਲਣਾ ਚਾਹੁੰਦਾ ਹਾਂ। ਕਮਿਊਨਟੀ ਡਿਵੈਲਪਮੈਂਟ ਦੀ ਸਕੀਮ ਲਈ 45 ਲੱਖ ਰੁਪਏ ਮੰਗੇ ਗਏ ਹਨ। ਰੂਰਲ ਵਰਕਸ, ਰੂਰਲ ਰੋਡਜ਼ ਬਣਾਉਣ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਡਾਕਟਰ ਜੋਧ ਸਿੰਘ]

ਲਈ ਇਹ ਰੁਪਿਆ ਬਹੁਤ ਜ਼ਰੂਰੀ ਹੈ। ਸਾਡੇ ਬਾਰਡਰ ਦੇ ਇਲਾਕੇ ਵਿੱਚ ਜਿੱਥੇ ਪਹਿਲਾਂ ਹੜ੍ਹ ਆਉਂਦੇ ਰਹੇ ਹਨ। ਪਰ ਇਸ ਵਾਰੀ ਗੁਰੂ ਦੀ ਕਿਰਪਾ ਰਹੀ ਹੈ ਅਤੇ ਉਸ ਬੰਨੇ ਹੜ੍ਹ ਨਹੀਂ ਆਏ ਹਨ। ਸੀ. ਐਮ. ਸਾਹਿਬ ਨੇ ਦੋ ਵਾਰੀ ਆਪ ਜਾ ਕੇ ਇਨ੍ਹਾਂ ਇਲਾਕਿਆਂ ਦਾ ਦੌਰਾ ਕੀਤਾ ਅਤੇ ਪੂਰਾ ਇੰਤਜ਼ਾਮ ਕੀਤਾ ਹੈ। ਇਸ ਸਾਲ ਅਸੀਂ ਹੜ੍ਹਾਂ ਦੀ ਮਾਰ ਤੋਂ ਬੱਚ ਗਏ ਹਾਂ। ਸੜਕਾਂ ਦੀ ਵੀ ਸਾਡੇ ਬੁਰੀ ਹਾਲਤ ਹੈ। ਚੀਮਾ ਸਾਹਿਬ ਵੀ ਉਥੇ ਦੌਰਾ ਕਰਕੇ ਆਏ ਹਨ। ਉਥੇ ਸੜਕਾਂ ਬਹੁਤ ਟੁੱਟੀਆਂ ਹਨ। ਮੈਂ ਸਮਝਦਾ ਹਾਂ ਕਿ ਸੜਕਾਂ ਵਾਸਤੇ ਬਹੁਤ ਧਿਆਨ ਦੇਣ ਦੀ ਲੋੜ ਹੈ। ਮੈਂ ਸਮਝਦਾ ਹਾਂ ਕਿ ਇਹ ਰੁਪਏ ਸੜਕਾਂ ਦੀ ਮੁਰੰਮਤ ਵਾਸਤੇ ਵੀ ਖਰਚ ਕੀਤੇ ਜਾਣ ਤਾਂ ਬਹੁਤ ਚੰਗਾ ਹੋਵੇਗਾ।

ਇਸ ਤੋਂ ਇਲਾਵਾ ਮੈਂ ਸਮਝਦਾ ਹਾਂ ਕਿ ਡਿਮਾਂਡ ਨੰਬਰ 19 ਜਿਹੜੀ ਹੈ ਉਸ ਦੇ ਥੱਲੇ ਵੀ 5 ਲੱਖ ਰੁਪਿਆ ਮੰਗਿਆ ਗਿਆ ਹੈ। ਇੰਟਰਨੈਸ਼ਨਲ ਪੰਜਾਬੀ ਸਮੇਲਨ ਜਿਹੜਾ ਕਿ ਚੰਡੀਗੜ੍ਹ ਵਿੱਚ ਹੋ ਰਿਹਾ ਹੈ, ਉਸ ਵਿਚ ਕਲਚਰਲ ਸਬੰਧਾਂ ਨੂੰ ਮਜ਼ਬੂਤ ਕਰਨ ਵਾਸਤੇ ਪੰਜਾਬ ਸਰਕਾਰ ਨੇ ਬਹੁਤ ਉਦਮ ਕੀਤਾ ਹੈ। ਬਾਹਰਲੇ ਸੂਬਿਆਂ ਵਿੱਚ ਪੰਜਾਬੀਆਂ ਨੇ ਆਪਣੀ ਸਾਂਝ ਰੱਖਣ ਲਈ ਇਹ ਬਹੁਤ ਚੰਗੀ ਗਲ ਕੀਤੀ ਹੈ। ਪਿਛਲੇ ਮਹੀਨੇ ਕਲਕੱਤੇ ਵਿੱਚ ਵੀ ਬੜਾ ਸ਼ਾਨਦਾਰ ਪ੍ਰੋਗਰਾਮ ਹੋਇਆ ਸੀ। ਕਲਕੱਤੇ ਤੋਂ ਚਿੱਠੀਆਂ ਆਈਆਂ ਹਨ ਕਿ ਪੰਜਾਬ ਦੀ ਕਲਚਰ ਦੇ ਮੁਤਾਬਿਕ ਜੋ ਪ੍ਰੋਗਰਾਮ ਸਰਕਾਰ ਬਣਾ ਰਹੀ ਹੈ, ਉਸ ਲਈ ਉਹ ਧੰਨਵਾਦ ਕਰਦੇ ਹਨ। ਇਸ ਕਰਕੇ ਮੈਂ ਸਮਝਦਾ ਹਾਂ ਕਿ ਪੰਜਾਬੀਆਂ ਦੀ ਕਲਚਰ ਨੂੰ ਠੀਕ ਰਖਣ ਵਾਸਤੇ, ਸਾਂਝ ਰੱਖਣ ਵਾਸਤੇ ਇਹ ਖਰਚ ਕਰਨਾ ਬਹੁੱਤ ਜ਼ਰੂਰੀ ਹੈ। ਕੁਝ ਗਲਾਂ ਸਾਡੇ ਆਪੋਜ਼ੀਸ਼ਨ ਦੇ ਮੈਂਬਰਾਂ ਵੱਲੋਂ ਇਹ ਵੀ ਕਹੀਆਂ ਗਈਆਂ ਹਨ ਕਿ ਇਸ ਸਰਕਾਰ ਨੇ ਕਈ ਕਲਚਰਲ ਪ੍ਰੋਗਰਾਮ ਖ਼ਤਮ ਕੀਤੇ ਹਨ। ਡਿਪਟੀ ਸਪੀਕਰ ਸਾਹਿਬ, ਇਹ ਠੀਕ ਹੈ ਕਿ ਜਿਹੜੇ ਕਲਚਰਲ ਪ੍ਰੋਗਰਾਮ ਇਨ੍ਹਾਂ ਨੇ ਪਿਛਲੇ 30 ਸਾਲਾਂ ਵਿਚ ਚਾਲੂ ਕੀਤੇ ਸਨ ਉਹ ਕੁਝ ਠੀਕ ਨਹੀਂ ਸਨ, ਉਨ੍ਹਾਂ ਨੂੰ ਇਹ ਖਤਮ ਕਰਕੇ ਨਵੇਂ ਪ੍ਰੋਗਰਾਮ ਚਲਾਏ ਜਾ ਰਹੇ ਹਨ। ਇਸ ਲਈ ਮੈਂ ਸਮਝਦਾ ਹਾਂ ਕਿ ਇਹ ਜਿਹੜਾ ਸਰਕਾਰ ਦਾ ਕੰਮ ਹੈ ਇਹ ਕਾਬਲੇ ਤਾਰੀਫ਼ ਹੈ ਔਰ ਮੈਂ ਇਸ ਦੀ ਤਾਈਦ ਕਰਦਾ ਹਾਂ।

ਇਸ ਦੇ ਨਾਲ ਹੀ ਕਈ ਆਪੋਜ਼ੀਸ਼ਨ ਦੇ ਮੈਂਬਰਾਂ ਨੇ ਪੰਜਾਬ ਦੇ ਲਾਅ ਐਂਡ ਆਰਡਰ ਬਾਰੇ ਵੀ ਕਿਹਾ ਹੈ। ਨਿਰੰਕਾਰੀਆਂ ਦੇ ਮੁਤੱਲਿਕ ਮਸਲਾ ਬੜਾ ਚੁਕਿਆ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਧਰਮ ਦੇ ਵਾਸਤੇ ਅਤੇ ਧਰਮ ਦੇ ਪਰਚਾਰ ਦੇ ਵਾਸਤੇ ਕਿਸੇ ਦੂਸਰੇ ਧਰਮਾਂ ਨੂੰ ਨਿੰਦਣਾ ਠੀਕ ਨਹੀਂ ਹੁੰਦਾ। ਪਰ ਇਹ ਪੰਜਾਬ ਦਾ ਲਾਅ ਐਂਡ ਆਰਡਰ ਤਬਾਹ ਕਰਨ ਲਈ ਤੁੱਲੇ ਹੋਏ ਹਨ। ਇਸ ਲਈ ਮੈਂ ਬਾਦਲ ਸਾਹਿਬ ਨੂੰ ਕਹਾਂਗਾ ਕਿ ਉਹ ਇਸ ਪਾਸੇ ਪੂਰਾ ਧਿਆਨ ਦੇਣ ਅਤੇ ਇਸ ਦੇ ਨਾਲ ਇਹ ਵੀ ਕਹਾਂਗਾ ਕਿ ਇਹ ਜਿਹੜੀ ਨਿਰੰਕਾਰੀਆਂ ਦੀ ਅਵਤਾਰ ਬਾਣੀ ਕਿਤਾਬ ਹੈ, ਇਹ ਠੀਕ ਨਹੀਂ ਹੈ। ਇਸ ਵਿਚ ਰਿਸ਼ੀਆਂ ਮੁਨੀਆਂ ਦੀ ਨਿੰਦਾ ਕੀਤੀ ਗਈ ਹੈ, ਉਨ੍ਹਾਂ ਦੇ ਮੁਤੱਅਲਕ ਭੈੜੇ ਰਿਮਾਰਕਸ ਲਿਖੇ ਗਏ ਹਨ। ਇਸ ਲਈ ਮੈਂ ਸਮਝਦਾ ਹਾਂ ਕਿ ਇਸ ਨੂੰ ਜ਼ਰੂਰ ਜ਼ਬਤ ਕਰਨਾ ਚਾਹੀਦਾ ਹੈ। ਇਸ ਵਾਸਤੇ ਸਾਡੀ ਸਰਕਾਰ ਨੂੰ ਹੋਰ ਉਦਮ ਕਰਨਾ ਚਾਹੀਦਾ ਹੈ ਅਤੇ ਇਹ ਜਿਹੜੀ ਕਿਤਾਬ ਹੈ ਇਹ ਜ਼ਰੂਰ ਜ਼ਬਤ ਕਰਨੀ ਚਾਹੀਦੀ ਹੈ। ਐਨਾ ਕਹਿੰਦਾ ਹੋਇਆ ਮੈਂ ਖ਼ਤਮ ਕਰਦਾ ਹਾਂ ਅਤੇ ਆਪ ਦਾ ਧੰਨਵਾਦ ਕਰਦਾ ਹਾਂ।

**ਸ੍ਰੀ ਗਿਆਨ ਚੰਦ ਵੇਦ** (ਦੀਨਾ ਨਗਰ, ਐਸ.ਸੀ.): ਡਿਪਟੀ ਸਪੀਕਰ ਸਾਹਿਬ, ਮੈਂ ਡੀਮਾਂਡ ਨੰਬਰ 6 ਦੇ ਮੁਤੱਅਲਕ ਬੋਲਣਾ ਚਾਹੁੰਦਾ ਹਾਂ ਜਿਹੜੀ ਕਿ ਆਬਕਾਰੀ ਦੇ ਮੁਤੱਅਲਕ ਹੈ। ਡਿਪਟੀ ਸਪੀਕਰ ਸਾਹਿਬ, ਜਦੋਂ ਸੰਯੁਕਤ ਪੰਜਾਬ ਸੀ, ਜਿਸ ਵੇਲੇ ਹਰਿਆਣਾ, ਪੰਜਾਬ ਅਤੇ ਹਿਮਾਚਲ ਇਕੱਠੇ ਸਨ ਤਾਂ ਉਸ ਵੇਲੇ ਇਸ ਤੋਂ ਆਮਦਨ 60 ਕਰੋੜ ਰੁਪਏ ਦੀ ਹੁੰਦੀ ਸੀ ਪਰ ਹੁਣ ਜਦੋਂ ਕਿ

Original with;
Punjab Vidhan Sabha
Digitized by;
Panjab Digital Library

ਇਹ ਪੰਜਾਬ ਸਿਰਫ 12 ਜ਼ਿਲ੍ਹਿਆਂ ਦਾ ਰਹਿ ਗਿਆ ਹੈ ਤਾਂ ਇਸ ਦੀ ਆਮਦਨ ਅਰਬਾਂ ਰੁਪਏ ਵਿਚ ਹੋ ਗਈ ਹੈ। ਸਰਕਾਰ ਜਿੰਨਾ ਵੀ ਕਹਿੰਦੀ ਹੈ ਕਿ ਸ਼ਰਾਬ ਘਟਾਈ ਜਾਵੇ ਪਰ ਇਹ ਉਤਨਾ ਹੀ ਅਗੇ ਨਾਲੋਂ ਵੱਧ ਜਾਂਦੀ ਹੈ। ਅੱਜ ਸ਼ਰਾਬ ਦੀ ਮੰਗ ਰੋਜ਼ ਵੱਧ ਰਹੀ ਹੈ। ਇਸ ਬਾਰੇ ਕੇਂਦਰੀ ਸਰਕਾਰ ਨੇ ਵੀ ਆਦੇਸ਼ ਦਿੱਤੇ ਹਨ ਕਿ ਨਸ਼ਾਬੰਦੀ ਕੀਤੀ ਜਾਵੇ। ਲੇਕਿਨ ਇਹ ਜਿਹੜੇ ਹਾਲਾਤ ਹਨ ਇਸ ਤੋਂ ਇਹ ਮਾਲੂਮ ਹੁੰਦਾ ਹੈ ਕਿ ਇਹ ਖਤਮ ਹੋਣ ਵਾਲੀ ਚੀਜ਼ ਨਹੀਂ। ਇਹ ਤਾਂ ਰੋਰ ਵੱਧ ਰਹੀ ਹੈ। ਡਿਪਟੀ ਸਪੀਕਰ ਸਾਹਿਬ, ਸਾਡਾ ਜ਼ਿਲ੍ਹਾ ਗੁਰਦਾਸਪੁਰ ਬਾਰਡਰ ਦਾ ਇਲਾਕਾ ਹੈ। ਖਾਸ ਕਰਕੇ ਬਦ-ਕਿਸਮਤੀ ਨਾਲ ਮੇਰਾ ਇਲਾਕਾ ਤਾਂ ਬਾਰਡਰ ਦੇ ਬਿਲਕੁਲ ਨਜ਼ਦੀਕ ਲਗਦਾ ਹੈ। ਉਸ ਇਲਾਕੇ ਵਿਚ ਸਾਂਸੀ ਬਰਾਦਰੀ ਦੇ ਲੋਕ ਰਹਿੰਦੇ ਹਨ ਜਿਹੜੇ ਕਿ ਸ਼ਰਾਬ ਕਢਣ ਵਿਚ ਬਹੁਤ ਬਦਨਾਮ ਹਨ। ਇਹ ਠੀਕ ਹੈ ਕਿ ਉਸ ਬਿਰਾਦਰੀ ਵਿਚੋਂ ਬਹੁਤ ਸਾਰੇ ਆਦਮੀ ਸ਼ਰਾਬ ਕਢਦੇ ਹਨ ਅਤੇ ਇਸ ਕਰਕੇ ਉਹ ਬਦਨਾਮ ਹੋ ਗਏ ਹਨ ਪਰ ਮੈਂ ਦੱਸਦਾ ਹਾਂ ਕਿ ਉਸ ਬਰਾਦਰੀ ਵਿਚ ਕਈ ਲੋਕ ਅਜਿਹੇ ਹਨ ਜਿਹੜੇ ਕਿ ਸ਼ਰਾਬ ਕਢਣ ਦਾ ਕੰਮ ਨਹੀਂ ਕਰਦੇ। ਪਰ ਕਿਉਂਕਿ ਉਹ ਬਰਾਦਰੀ ਬਦਨਾਮ ਹੋ ਗਈ ਹੈ, ਇਸ ਲਈ ਜਿਹੜੇ ਆਦਮੀ ਸ਼ਰਾਬ ਨਹੀਂ ਵੀ ਕਢਦੇ ਉਨ੍ਹਾਂ ਨੂੰ ਵੀ ਫੜ ਕੇ ਲੈ ਜਾਂਦੇ ਹਨ ਅਤੇ ਉਨ੍ਹਾਂ ਨੂੰ ਬੜੀਆਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਇਹ ਜਿਹੜਾ ਤਰੀਕਾ ਹੈ, ਇਹ ਠੀਕ ਨਹੀਂ। ਜਿਹੜੇ ਲੋਕ ਸ਼ਰਾਬ ਨਹੀਂ ਕਢਦੇ ਉਨ੍ਹਾਂ ਨੂੰ ਸਜ਼ਾ ਨਹੀਂ ਦੇਣੀ ਚਾਹੀਦੀ।

ਦੂਸਰਾ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਥੇ ਬਾਦਲ ਸਾਹਿਬ ਨੇ ਐਲਾਨ ਕੀਤਾ ਸੀ ਕਿ ਔਰਤਾਂ ਨੂੰ ਥਾਣੇ ਵਿਚ ਨਹੀਂ ਲੈ ਜਾਇਆ ਜਾਵੇਗਾ ਬਲਕਿ ਥਾਣੇਦਾਰ ਉਸ ਦੇ ਘਰ ਜਾ ਕੇ ਹੀ ਉਸ ਦੇ ਬਿਆਨ ਲਵੇਗਾ। ਪਰ ਇਸ ਦਾ ਕੋਈ ਅਸਰ ਨਹੀਂ ਹੋਇਆ। ਅੱਜ ਵੀ ਥਾਣਿਆਂ ਵਿਚ ਪੁਲਿਸ ਬਾਕਾਇਦਾ ਔਰਤਾਂ ਨੂੰ ਬੁਲਾਉਂਦੀ ਹੈ ਅਤੇ ਉਨ੍ਹਾਂ ਤੇ ਅਤਿਆਚਾਰ ਵੀ ਕਰਦੀ ਹੈ... (ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਇਸ ਲਈ ਮੈਂ ਕਹਿੰਦਾ ਹਾਂ ਕਿ ਇਹ ਚੀਜ਼ ਬੰਦ ਹੋਣੀ ਚਾਹੀਦੀ ਹੈ।

ਇਸੇ ਤਰ੍ਹਾਂ ਹੀ ਮੈਂ ਸਾਂਸੀ ਬਰਾਦਰੀ ਦੇ ਮੁਤੱਅਲਕ ਵੀ ਅਰਜ਼ ਕਰ ਰਿਹਾ ਸੀ ਕਿ ਉਹ ਸਾਰੇ ਲੋਕ ਸ਼ਰਾਬ ਨਹੀਂ ਕਢਦੇ ਪਰ ਉਹ ਸਾਰੀ ਬਰਾਦਰੀ ਹੀ ਬਦਨਾਮ ਹੋ ਗਈ ਹੈ। ਇਸ ਕਰਕੇ ਇਹ ਪੁਲਿਸ ਵਾਲੇ ਸਾਰਿਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿੰਦੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਵੀ ਮੰਨਦਾ ਹਾਂ ਕਿ ਸ਼ਰਾਬ ਕਢਣੀ ਬੰਦ ਹੋਣੀ ਚਾਹੀਦੀ ਹੈ, ਪਰ ਉਸ ਬਰਾਦਰੀ ਦੇ ਜਿਹੜੇ ਨੌਜਵਾਨ ਸ਼ਰਾਬ ਕਢਦੇ ਹਨ, ਜੇ ਸਰਕਾਰ ਉਨ੍ਹਾਂ ਨੂੰ ਕੋਈ ਨੌਕਰੀ ਦੇ ਦੇਵੇ ਤਾਂ ਉਹ ਇਸ ਕੰਮ ਨੂੰ ਬੰਦ ਕਰ ਸਕਦੇ ਹਨ। ਇਸ ਲਈ ਮੈਂ ਸਰਕਾਰ ਨੂੰ ਪ੍ਰਾਰਥਨਾ ਕਰਾਂਗਾ ਕਿ ਇਹੋ ਜਿਹੇ ਜਿੰਨੇ ਵੀ ਲੋਕ ਹਨ ਉਨ੍ਹਾਂ ਨੂੰ ਸਰਕਾਰ ਨੌਕਰੀ ਦੇਵੇ, ਜਿਸ ਤਰ੍ਹਾਂ ਕਿ ਕਿਸੇ ਕਾਰਖਾਨੇ ਵਿਚ ਉਨ੍ਹਾਂ ਨੂੰ ਕੰਮ ਦਿਤਾ ਜਾਵੇ ਤਾਂ ਉਹ ਇਹ ਸ਼ਰਾਬ ਕਢਣ ਦਾ ਕੰਮ ਬਿਲਕੁਲ ਨਹੀਂ ਕਰਨਗੇ। ਅਗਰ ਫਿਰ ਵੀ ਇਹ ਸਰਕਾਰ ਸ਼ਰਾਬ ਬੰਦ ਨਹੀਂ ਕਰ ਸਕਦੀ ਤਾਂ ਮੈਂ ਸਮਝਦਾ ਹਾਂ ਕਿ ਜਿਸ ਤਰ੍ਹਾਂ ਦੂਸਰਿਆਂ ਸੂਬਿਆਂ ਵਿਚ ਹੈ ਕਿ ਆਮ ਲਾਈਸੈਂਸ ਦਿਤੇ ਜਾਂਦੇ ਹਨ, ਇਥੇ ਵੀ ਆਮ ਲਾਇਸੈਂਸ ਦਿਤੇ ਜਾਣ। ਇਸ ਨਾਲ ਜਿਹੜੀ ਜ਼ਹਿਰੀਲੀ ਸ਼ਰਾਬ ਬਣਦੀ ਹੈ ਉਹ ਨਹੀਂ ਬਣੇਗੀ। ਸਾਰੀ ਸ਼ਰਾਬ ਸਰਕਾਰ ਆਪ ਖਰੀਦੇ ਅਤੇ ਫਿਰ ਉਸ ਨੂੰ ਆਪ ਵੇਚੇ....

**ਸਰਦਾਰ ਰਣਜੀਤ ਸਿੰਘ :** ਡਿਪਟੀ ਸਪੀਕਰ ਸਾਹਿਬ, ਮਾਫ਼ ਕਰਨਾ, ਇਥੇ ਏਅਰਕੰਡੀਸ਼ਨ ਪਲਾਂਟ ਬੰਦ ਹੈ। ਗਰਮੀ ਬਹੁਤ ਲਗਦੀ ਹੈ। ਇਹ ਠੀਕ ਕਰਵਾ ਦਿਓ।

Original with;
Punjab Vidhan Sabha
Digitized by;
Panjab Digital Library

**ਸ੍ਰੀ ਡਿਪਟੀ ਸਪੀਕਰ** : ਮੇਰਾ ਖਿਆਲ ਹੈ ਕਿ ਵੋਲਟੇਜ ਘੱਟ ਹੈ।

**ਸ੍ਰੀ ਗਿਆਨ ਚੰਦ ਵੈਦ** : ਮੈਂ ਇਹ ਕਹਿ ਰਿਹਾ ਸੀ ਕਿ ਨਾਜਾਇਜ਼ ਸ਼ਰਾਬ ਨੂੰ ਬੰਦ ਕਰਨਾ ਚਾਹੀਦਾ ਹੈ। ਇਸ ਲਈ ਜਿਹੜੇ ਲੋਕ ਸ਼ਰਾਬ ਦਾ ਕੰਮ ਕਰਦੇ ਹਨ ਉਨ੍ਹਾਂ ਨੂੰ ਕਿਤੇ ਹੋਰ ਨੌਕਰੀਆਂ ਦਿੱਤੀਆਂ ਜਾਣ। ਇਸ ਨਾਲ ਉਹ ਸ਼ਰਾਬ ਬਣਾਉਣੋਂ ਬੰਦ ਹੋ ਜਾਣਗੇ।

ਡਿਪਟੀ ਸਪੀਕਰ ਸਾਹਿਬ, ਇਸ ਤੋਂ ਇਲਾਵਾ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਮੇਰਾ ਇਲਾਕਾ ਬਾਰਡਰ ਦਾ ਇਲਾਕਾ ਹੈ। ਉਥੋਂ ਸ਼ਰਾਬ ਪਾਕਿਸਤਾਨ ਨੂੰ ਵੀ ਬਹੁਤ ਸਮੱਗਲ ਹੁੰਦੀ ਹੈ। ਪਰ ਮੈਂ ਦੱਸਦਾ ਹਾਂ ਕਿ ਜਿਹੜੇ ਲੋਕ ਸ਼ਰਾਬ ਸਮੱਗਲ ਕਰਦੇ ਹਨ ਉਨ੍ਹਾਂ ਨੂੰ ਤਾਂ ਕੁੱਝ ਨਹੀਂ ਕਿਹਾ ਜਾਂਦਾ ਪਰ ਜਿਹੜੇ ਗਰੀਬ ਲੋਕ ਹਨ, ਉਨ੍ਹਾਂ ਨੂੰ ਫੜ ਲਿਆ ਜਾਂਦਾ ਹੈ ਅਤੇ ਜ਼ਬਰਦਸਤ ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ (ਵਿਘਨ)

**Mr. Deputy Speaker** : No interruption please. Vaid ji, please try to wind up.

**ਸ੍ਰੀ ਗਿਆਨ ਚੰਦ ਵੈਦ** : ਡਿਪਟੀ ਸਪੀਕਰ ਸਾਹਿਬ, ਮੇਰੇ ਇਲਾਕੇ ਵਿਚ ਇਕ ਗਾਬੜੀ ਪਿੰਡ ਹੈ ਉਥੇ ਦਾ ਇਕ ਚੌਕੀਦਾਰ ਸ਼ਰਾਬ ਕਢਦਾ ਹੈ। ਉਸ ਨੂੰ 2, 3 ਵਾਰੀ ਪੁਲਿਸ ਨੇ ਮਾਰਿਆ ਕੁਟਿਆ ਵੀ ਹੈ ਅਤੇ ਫਿਰ ਪੁਲਿਸ ਉਸ ਨੂੰ ਇਹ ਵੀ ਕਹਿੰਦੀ ਹੈ ਕਿ ਉਹ ਉਨ੍ਹਾਂ ਨੂੰ ਸ਼ਰਾਬ ਵੀ ਦੇਵੇ।

**Mr. Deputy Speaker** : Try to wind up.

**ਸ੍ਰੀ ਗਿਆਨ ਚੰਦ ਵੈਦ** : ਇਸ ਤਰ੍ਹਾਂ ਨਾਲ ਡਿਪਟੀ ਸਪੀਕਰ ਸਾਹਿਬ, ਪੁਲਿਸ ਉਨ੍ਹਾਂ ਤੇ ਬੜੇ ਅਤਿਆਚਾਰ ਕਰਦੀ ਹੈ। ਪੁਲਿਸ ਕਈ ਆਦਮੀਆਂ ਦੇ ਘਰ ਜਾ ਕੇ ਉਨ੍ਹਾਂ ਦੇ ਘਰਾਂ ਵਿਚ ਆਪ ਹੀ ਸ਼ਰਾਬ ਜਾਂ ਅਫੀਮ ਰਖ ਕੇ ਉਨ੍ਹਾਂ ਨੂੰ ਫੜ ਲੈਂਦੀ ਹੈ ਅਤੇ ਉਨ੍ਹਾਂ ਤੇ ਅਤਿਆਚਾਰ ਕਰਦੀ ਹੈ। ਮੈਂ ਆਪ ਖੁਦ ਇਹੋ ਜਿਹੇ ਕੇਸ ਵੇਖੇ ਹਨ। ਇਸ ਲਈ ਮੈਂ ਆਬਕਾਰੀ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਉਹ ਇਸ ਵੱਲ ਧਿਆਨ ਦੇਣ ਅਤੇ ਜਿਹੜੇ ਅਤਿਆਚਾਰ ਪੁਲਿਸ ਕਰਦੀ ਹੈ ਉਹ ਨਾ ਹੋਣ ਦੇਣ। ਇਸ ਦੇ ਨਾਲ ਹੀ ਜਿਹੜੇ ਸ਼ਰਾਬ ਕਢਦੇ ਹਨ ਉਨ੍ਹਾਂ ਨੂੰ ਕਿਸੇ ਹੋਰ ਪਾਸੇ ਨੌਕਰੀਆਂ ਦੇਵੋ ਜਿਸ ਨਾਲ ਕਿ ਸ਼ਰਾਬ ਬੰਦ ਹੋ ਸਕੇ। ਇਹ ਕਹਿ ਕੇ ਮੈਂ ਖ਼ਤਮ ਕਰਦਾ ਹਾਂ।

**ਸ੍ਰੀ ਹੰਸ ਰਾਜ ਸ਼ਰਮਾ** (ਬਨੂੜ) : ਡਿਪਟੀ ਸਪੀਕਰ ਸਾਹਿਬ, ਸਪਲੀਮੈਂਟਰੀ ਗਰਾਂਟਸ ਜਿਹੜੀਆਂ ਹਾਊਸ ਦੇ ਸਾਹਮਣੇ ਅੱਜ ਪੇਸ਼ ਹਨ, ਮੈਨੂੰ ਖੁਸ਼ੀ ਹੈ ਕਿ ਸਰਕਾਰ ਨੇ ਡੇਢ ਕਰੋੜ ਰੁਪਿਆ ਫਲੱਡਾਂ ਵਾਸਤੇ ਰਖਿਆ ਹੈ ਔਰ ਜੋ ਚੀਫ ਮਨਿਸਟਰ ਸਾਹਿਬ ਨੇ ਕੱਲ ਜਵਾਬ ਦਿਤਾ ਸੀ ਉਸ ਮੁਤਾਬਿਕ ਇਨ੍ਹਾਂ ਕੋਲ ਪੌਣੇ 2 ਕਰੋੜ ਰੁਪਿਆ ਪਹਿਲੇ ਦਾ ਪਿਆ ਹੈ। ਪਰ ਮੈਂ, ਵਿੱਤ ਮੰਤਰੀ ਸਾਹਿਬ ਇਥੇ ਬੈਠੇ ਹਨ, ਉਨ੍ਹਾਂ ਨੂੰ ਬੇਨਤੀ ਕਰਾਂਗਾ, ਉਹ ਮੇਰੀ ਗਲ ਧਿਆਨ ਨਾਲ ਸੁਣਨ ਕਿ ਜਿਹੜਾ ਰੁਪਿਆ ਇਨ੍ਹਾਂ ਨੇ ਹੁਣ ਫਲੱਡਾਂ ਵਾਸਤੇ ਰਖਿਆ ਹੈ ਇਹ ਬਹੁਤ ਥੋੜ੍ਹਾ ਹੈ। ਇਨ੍ਹਾਂ ਦੇ ਬਿਆਨ ਦੇ ਮੁਤਾਬਿਕ ਹੀ ਕਮ-ਅਜ਼-ਕਮ 12-15 ਕਰੋੜ ਰੁਪਿਆ ਇਸ ਵਾਸਤੇ ਚਾਹੀਦਾ ਹੈ। ਅਗਰ ਨੇਕ ਨੀਅਤੀ ਅਤੇ ਇਮਾਨਦਾਰੀ ਨਾਲ ਜਿਸ ਸਕੇਲ ਵਿਚ ਫਲੱਡਾਂ ਨਾਲ ਨੁਕਸਾਨ ਹੋਇਆ ਹੈ ਉਹ ਵੇਖਣ ਤਾਂ ਇਹ ਜਿਹੜਾ ਰੁਪਿਆ ਇਨ੍ਹਾਂ ਨੇ ਰਖਿਆ ਹੈ ਇਹ ਬਹੁਤ ਥੋੜ੍ਹਾ ਹੈ। ਔਰ ਅਗਰ ਇਹ ਇਨਸ-ਟ੍ਰਕਸ਼ਨਜ਼ ਦੇਣੀਆਂ ਹਨ ਕਿ ਘੱਟ ਅਸੈਸ ਕਰੋ, ਪੂਰੇ ਨੁਕਸਾਨ ਦੀ ਅਸੈਸਮੈਂਟ ਨਾ ਕਰੋ ਤਾਂ ਫਿਰ ਤਾਂ ਇਹ ਜਿਹੜਾ ਪੌਣੇ ਦੋ ਕਰੋੜ ਔਰ ਡੇਢ ਕਰੋੜ ਰੁਪਿਆ ਰਖਿਆ ਹੈ ਇਸ ਦੇ ਨਾਲ ਗੁਜ਼ਾਰਾ ਹੋ ਸਕਦਾ ਹੈ। ਇਸ ਲਈ ਮੈਂ ਇਹ ਕਹਾਂਗਾ ਕਿ ਇਹ ਰੁਪਿਆ ਹੋਰ ਜ਼ਿਆਦਾ ਰੱਖਣਾ

Original with;
Punjab Vidhan Sabha
Digitized by;
Panjab Digital Library

ਚਾਹੀਦਾ ਹੈ । ਔਰ ਇਸ ਵਾਸਤੇ ਗੌਰਮਿੰਟ ਆਫ ਇੰਡੀਆ ਤੋਂ ਰੋਰ ਗਰਾਂਟ ਲੈਣੀ ਚਾਹੀਦੀ ਹੈ । ਇਸ ਦੇ ਵਾਸਤੇ ਬਰਨਾਲਾ ਸਾਹਿਬ ਦਾ ਪਿੱਛੇ ਬਿਆਨ ਵੀ ਆਇਆ ਸੀ ਕਿ 700 ਕਰੋੜ ਰੁਪਿਆ ਫਲੱਡ ਕੰਟਰੋਲ ਲਈ ਦੇਵਾਂਗੇ। ਹਰਿਆਣਾ ਸਰਕਾਰ ਤਾਂ ਫਲੱਡ ਵਾਸਤੇ ਸੈਂਟਰਲ ਗੌਰਮਿੰਟ ਤੋਂ ਰਿਲੀਫ ਲੈ ਵੀ ਆਈ ਹੈ ਪਰ ਪੰਜਾਬ ਨੂੰ ਅਜੇ ਤੱਕ ਧੇਲਾ ਵੀ ਨਹੀਂ ਮਿਲਿਆ ਜਦ ਕਿ ਬਰਨਾਲਾ ਸਾਹਿਬ ਇਸ ਦੇ ਇੰਚਾਰਜ ਹਨ। ਉਨ੍ਹਾਂ ਦੀ ਟੀਮ ਵੀ ਲੁਧਿਆਣਾ ਵਿਚ ਦੌਰਾ ਕਰਕੇ ਚਲੀ ਗਈ ਹੈ। ਜੇ ਇਹ ਇਸ ਗਰਾਂਟ ਵਾਸਤੇ ਸੈਂਟਰ ਗੌਰਮਿੰਟ ਨੂੰ ਮੰਗ ਕਰਨਗੇ ਤਾਂ ਸਾਰਾ ਹਾਊਸ ਇਨ੍ਹਾਂ ਦੇ ਨਾਲ ਹੈ । ਇਨ੍ਹਾਂ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ।

ਇਕ ਗੱਲ ਮੈਂ ਇਥੇ ਹੋਰ ਕਹਿਣੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ 1679 ਕਰੋੜ ਰੁਪਿਆਂ ਦੀ 6 ਵੀਂ ਪਲਾਨ ਦਾ ਐਲਾਨ ਕੀਤਾ ਹੈ। ਇਸ ਪਲਾਨ ਤੇ ਪਰਸੋਂ ਬਹਿਸ ਹੋਵੇਗੀ । ਜਿਸ ਢੰਗ ਨਾਲ ਪਲਾਨ ਤਿਆਰ ਕੀਤੀ ਗਈ ਹੈ ਉਸ ਢੰਗ ਨਾਲ ਉਹ ਪੂਰੀ ਨਹੀਂ ਹੋ ਸਕਦੀ ਜਦ ਤੱਕ ਅਸੀਂ ਆਪਣੇ ਰਿਸੋਰਸਿਜ਼ ਨਹੀਂ ਵਧਾਉਂਦੇ ਅਤੇ ਜਦ ਤੱਕ ਤੁਸੀਂ ਇਕਾਨਮੀ ਨਹੀਂ ਕਰਦੇ। ਸਰਦਾਰ ਬਲਵੰਤ ਸਿੰਘ ਨੇ ਆਪਣੀ ਬਜਟ ਸਪੀਚ ਦੇ ਵਿਚ ਕਿਹਾ ਸੀ ਕਿ ਅਸੀਂ ਤਮਾਮ ਕਿਸਮ ਦੇ ਨਾਲ ਪਲੈਨ ਐਕਸਪੈਂਡੀਚਰ ਜਿਹੜੇ ਹਨ ਉਨ੍ਹਾਂ ਦੇ ਵਿਚ ਬਚਤ ਕਰਾਂਗੇ ਔਰ ਜਿਹੜਾ ਫਜ਼ੂਲ ਖਰਚਾ ਹੋਵੇਗਾ ਉਸ ਨੂੰ ਖ਼ਤਮ ਕਰਾਂਗੇ। ਮੈਂ ਇਨ੍ਹਾਂ ਦਾ ਧਿਆਨ ਉਸ ਰੁਚੀ ਵੱਲ ਲੈ ਜਾਣਾ ਚਾਹੁੰਦਾ ਹਾਂ ਜਿਸ ਤਰਫ ਇਨ੍ਹਾਂ ਦਾ ਹੈ । ਡੀਮਾਂਡ ਨੰਬਰ: 39 ਜੇ ਕਰ ਤੁਸੀਂ ਦੇਖੋ ਤਾਂ ਉਸ ਦੇ ਵਿਚ 10 ਲੱਖ ਰੁਪਿਆ ਮੰਗਿਆ ਗਿਆ ਹੈ, ਉਸ ਦੇ ਉਤੇ ਜ਼ਰਾ ਗੌਰ ਕਰਨ। ਇਹ ਪਲੈਂਡ ਐਕਸਪੈਂਡੀਚਰ ਕਿਸ ਜਗ੍ਹਾ ਹੋਣਾ ਹੈ ? ਉਸ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਵਜ਼ੀਰਾਂ ਦੇ ਲਈ ਰੈਸਟ ਹਾਊਸਿਜ਼ ਬਣਾਉਣ ਦੇ ਵਾਸਤੇ, ਟੂਰਿੰਗ ਅਫਸਰਾਂ ਦੇ ਲਈ ਰੈਸਟ ਹਾਊਸਿਜ਼ ਬਣਾਉਣ ਦੇ ਵਾਸਤੇ ਖਰਚ ਹੋਣਾ ਹੈ। ਇਹ ਰੈਸਟ ਹਾਊਸਿਜ਼ ਕਿਸ ਜਗ੍ਹਾਂ ਪਰ ਬਣਾਉਣੇ ਹਨ ? ਇਹ ਰੈਸਟ ਹਾਊਸਿਜ਼ ਫਰੀਦਕੋਟ, ਭੋਲੱਥ ਅਤੇ ਸ਼ਾਹਕੋਟ ਆਦਿ ਦੇ ਵਿਚ ਬਣਾਏ ਜਾ ਰਹੇ ਹਨ। ਇਹ ਜਿਹੜਾ ਟੂਰਿਸਟ ਸਪਾਟ ਭੋਲੱਥ ਹੈ, ਕੀ ਉਥੇ ਨਜ਼ਦੀਕ ਰੈਸਟ ਹਾਊਸ ਨਹੀਂ ਹੈ ? ਭੋਲੱਥ ਦੇ ਕੋਲ ਢਿਲਵਾਂ ਰੈਸਟ ਹਾਊਸ ਹੈ। ਪਰ ਇਹ ਤਾਂ ਇਸ ਲਈ ਬਣਾਏ ਜਾ ਰਹੇ ਹਨ ਤਾਂ ਕਿ ਵਜ਼ੀਰ ਸਾਹਿਬ ਨੂੰ ਘਰ ਨਾ ਰਹਿਣਾ ਪਵੇ ਬਲਕਿ ਉਹ ਰੈਸਟ ਹਾਊਸਿਜ਼ ਦੇ ਵਿਚ ਰਹਿ ਸਕਣ। ਇਹ ਵਜ਼ੀਰਾਂ ਦੇ ਘਰਾਂ ਦੇ ਕੋਲ ਰੈਸਟ ਹਾਊਸ ਬਣਾਉਣਾ ਚਾਹੁੰਦੇ ਹਨ। ਇਹ ਇਨ੍ਹਾਂ ਦੀ ਪਲੈਂਡ ਐਕਸਪੈਂਡੀਚਰ ਹੋ ਰਹੀ ਹੈ (ਵਿਘਨ)

**ਸ਼੍ਰੀ ਹੁਕਮ ਚੰਦ** : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਸ਼ਰਮਾ ਜੀ ਇਹ ਦੱਸ ਦੇਣ ਕਿ ਭੁਲੱਥ ਤੋਂ ਢਿਲਵਾਂ ਕਿੰਨੀ ਦੂਰੀ ਤੇ ਹੈ ?

**ਸ਼੍ਰੀ ਹੰਸ ਰਾਜ ਸ਼ਰਮਾ** : ਡਿਪਟੀ ਸਪੀਕਰ ਸਾਹਿਬ, ਸ਼ਾਇਦ ਇਨ੍ਹਾਂ ਨੂੰ ਪਤਾ ਨਹੀਂ ਹੈ ਇਹ ਮੇਰਾ ਪੁਰਾਣਾ ਹਲਕਾ ਰਿਹਾ ਹੈ। ਇਹ ਦੂਰੀ ਕੇਵਲ 10--11 ਮੀਲ ਦੇ ਕਰੀਬ ਹੈ।

**ਸ਼੍ਰੀ ਹੁਕਮ ਚੰਦ** : ਗਲਤ ਹੈ।

**ਸ਼੍ਰੀ ਡਿਪਟੀ ਸਪੀਕਰ** : ਸੇਠ ਜੀ, ਮੈਂ ਤੁਹਾਨੂੰ ਇਸ ਕਰਕੇ ਅਲਾਓ ਨਹੀਂ ਕੀਤਾ ਸੀ ਕਿ ਤੁਸੀਂ ਸਵਾਲ ਜਵਾਬ ਆਪਸ ਵਿਚ ਕਰੀ ਜਾਵੋ। ਇਸ ਤਰ੍ਹਾਂ ਤਾਂ ਤੁਸੀਂ ਪੁੱਛ ਨਹੀਂ ਸਕਦੇ।

**ਸ਼੍ਰੀ ਹੰਸ ਰਾਜ ਸ਼ਰਮਾ** : ਡਿਪਟੀ ਸਪੀਕਰ ਸਾਹਿਬ, ਪਹਿਲਾਂ ਚੀਫ ਮਨਿਸਟਰ ਸਾਹਿਬ ਦੇ ਰਿਲੀਫ ਫੰਡ ਵਿਚ ਫਲੱਡ ਰਿਲੀਫ ਜਾਂਦਾ ਸੀ ਅਤੇ ਉਸ ਦੇ ਵਿਚ ਲੋਕ ਡੋਨੇਸ਼ਨ 2-3 ਕਰੋੜ

Original with;
Punjab Vidhan Sabha
Digitized by;
Panjab Digital Library

[ਸ੍ਰੀ ਹੰਸ ਰਾਜ ਸ਼ਰਮਾ]

ਰੁਪਏ ਦੀ ਕਰਦੇ ਸਨ ਪਿਛਲੇ 2 ਸਾਲ ਰੋਏ ਇਹ ਚੀਜ਼ ਕੀਤੇ ਨੂੰ ਪਰ ਹੁਣ ਇਸ ਨੂੰ ਬੰਦ ਕਰ ਦਿੱਤਾ ਹੈ। ਅਸੀਂ ਇਹ ਰਿਲੀਫ ਫੰਡ ਨੂੰ ਡੀ.ਸੀਜ਼. ਨੂੰ ਚੀਫ ਮਨਿਸਟਰ ਸਾਹਿਬ ਦੇ ਫਲੱਡ ਰਿਲੀਫ ਫੰਡਜ਼ ਵਿੱਚੋਂ ਭੇਜ ਦਿੰਦੇ ਸੀ। ਇਸੇ ਤਰ੍ਹਾਂ ਪੰਜਾਬ ਦੀਆਂ ਅਖ਼ਬਾਰਾਂ ਰਿਲੀਫ ਫੰਡਜ਼ ਇਕਠਾ ਕਰਦੀਆਂ ਸਨ। ਜਿਵੇਂ ਉਰਦੂ ਦੀਆਂ, ਹਿੰਦੀ ਦੀਆਂ ਅਤੇ ਪੰਜਾਬੀ ਦੀਆਂ ਅਖ਼ਬਾਰਾਂ ਵਾਲੇ ਆਪਣਾ ਆਪਣਾ ਰਿਲੀਫ ਫੰਡ ਇਕੱਠਾ ਕਰਦੀਆਂ ਸਨ ਫੇਰ ਉਹ ਚੀਫ ਮਨਿਸਟਰ ਸਾਹਿਬ ਦੇ ਰਿਲੀਫ ਫੰਡਜ਼ ਦੇ ਵਿਚ ਜਮ੍ਹਾਂ ਕਰਵਾ ਦਿੰਦੇ ਸਨ। ਇਸ ਤਰ੍ਹਾਂ ਪਹਿਲਾਂ ਤਾਂ ਇਹ ਹੁੰਦਾ ਰਿਹਾ ਹੈ। ਇਸ ਸਿਸਟਮ ਨੂੰ ਮੋਬਾਈਲ ਕੀਤਾ ਜਾ ਸਕਦਾ ਹੈ ਔਰ ਪੈਸਾ ਇਕੱਠਾ ਕੀਤਾ ਜਾ ਸਕਦਾ ਹੈ। ਇਸ ਤਰੀਕੇ ਨਾਲ ਪੰਜਾਬ ਸਰਕਾਰ ਦੇ ਖ਼ਜ਼ਾਨੇ ਤੇ ਸਾਰਾ ਬੋਝ ਵੀ ਨਹੀਂ ਪਵੇਗਾ ਔਰ ਲੋਕਾਂ ਦੀ ਮੱਦਦ ਵੀ ਹੋ ਸਕੇਗੀ। ਇਹ ਠੀਕ ਹੈ ਕਿ 6ਵੀਂ ਪਲੈਨ ਬੜੀ ਵੱਡੀ ਬਣਾਈ ਹੈ। ਪਰ ਇਹ ਪਲੈਨ ਸਿਰਫ ਟੈਕਸ ਲਗਾ ਕੇ ਹੀ ਪੂਰੀ ਹੋਵੇਗੀ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਨਾਨ ਪਲੈਂਡ ਅਤੇ ਅਨਨਸੈਸਰੀ ਐਕਸਪੈਂਡੀਚਰ ਹਨ ਉਨ੍ਹਾਂ ਨੂੰ ਘੱਟ ਕੀਤਾ ਜਾ ਸਕਦਾ ਹੈ।

ਇਕ ਮੱਦ ਰੈਡ ਕਰਾਸ ਦੀ 30 ਲੱਖ ਰੁਪਏ ਦੀ ਰਖੀ ਗਈ ਹੈ। ਪਹਿਲੇ ਇਹ ਗਰਾਂਟ 15 ਲੱਖ ਰੁਪਏ ਦੀ ਹੁੰਦੀ ਸੀ। ਹੁਣ ਇਹ ਕਹਿੰਦੇ ਹਨ ਕਿ ਅਸੀਂ ਪੈਸੇ ਅਫ਼ਸਰਾਂ ਤੋਂ ਇਕੱਠੇ ਨਹੀਂ ਕਰਵਾਣੇ ਬਲਕਿ ਸਰਕਾਰ ਆਪਣੇ ਕੋਲੋਂ 15 ਲੱਖ ਰੁਪਿਆ ਦੇਵੇਗੀ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਕਰ ਤੁਸੀਂ ਅਫ਼ਸਰਾਂ ਤੋਂ ਪੈਸੇ ਇਕੱਠੇ ਨਹੀਂ ਕਰਵਾਉਣੇ ਔਰ ਬੜੀ ਕਲੀਨ ਐਡਮਨਿਸਟਰੇਸ਼ਨ ਰੱਖਣੀ ਹੈ ਤਾਂ ਜਿਹੜੀਆਂ ਕਾਰਾਂ ਪ੍ਰੀਜ਼ੈਂਟ ਕੀਤੀਆਂ ਜਾ ਰਹੀਆਂ ਹਨ, ਥੈਲੀਆਂ ਭੇਂਟ ਕੀਤੀਆਂ ਜਾ ਰਹੀਆਂ ਹਨ ਇਹ ਕਾਰਾਂ ਅਤੇ ਥੈਲੀਆਂ, ਲੀਡਰਾਂ ਨੂੰ ਜਿਹੜੀਆਂ ਭੇਂਟ ਕੀਤੀਆਂ ਜਾ ਰਹੀਆਂ ਹਨ ਇਹ ਪੈਸੇ ਫਿਰ ਕਿੱਥੋਂ ਆਉਂਦੇ ਹਨ ? ਮੈਂ ਇਸ ਗੱਲ ਦੀ ਇਨਕੁਆਇਰੀ ਦੀ ਮੰਗ ਕਰਦਾ ਹਾਂ ਤਾਂ ਕਿ ਪਤਾ ਲਗ ਸਕੇ ਇਹ ਥੈਲੀਆਂ ਅਤੇ ਕਾਰਾਂ ਕਿਥੋਂ ਭੇਟ ਹੋ ਰਹੀਆਂ ਹਨ ? ਇਹ ਪੈਸੇ ਕਿਸ ਤਰੀਕੇ ਨਾਲ ਇਕੱਠੇ ਕੀਤੇ ਜਾਂਦੇ ਰਹੇ ਹਨ ? ਇਹ ਜਿਹੜਾ 30 ਲੱਖ ਰੁਪਿਆ ਪਹਿਲਾਂ ਲੋਕਾਂ ਨੂੰ ਦਿੱਤਾ ਜਾਂਦਾ ਸੀ ਔਰ ਲੋਕਾਂ ਕੋਲੋਂ ਇਕੱਠਾ ਕਰਕੇ ਦਿੱਤਾ ਜਾਂਦਾ ਸੀ ਹੁਣ ਇਹ ਪੈਸਾ ਪੰਜਾਬ ਦੇ ਖ਼ਜ਼ਾਨੇ ਵਿਚੋਂ ਕਢ ਕੇ ਦਿੱਤਾ ਜਾਵੇਗਾ, ਜਿਹੜਾ ਕਿ ਸਰਕਾਰ ਤੇ ਬੋਝ ਹੋਵੇਗਾ।

ਹੁਣ ਡੀਮਾਂਡ ਨੰ: 13 ਜੋ ਇਥੇ ਪੇਸ਼ ਕੀਤੀ ਗਈ ਹੈ, ਜਿਸ ਦਾ ਸਬੰਧ ਕਮਿਸ਼ਨ ਆਫ ਇਨਕੁਆਇਰੀਜ਼ ਫਾਰ ਐਮਰਜੈਂਸੀ ਐਕਸੈਸਿਜ਼ ਲਈ ਅਥਾਰਿਟੀ ਜਿਹੜੀ ਬਣਾਈ ਗਈ ਹੈ ਉਸ ਦੇ ਨਾਲ ਹੈ, ਉਸ ਲਈ ਪੈਸਾ ਮੰਗਿਆ ਜਾ ਰਿਹਾ ਹੈ। ਮੈਂ ਕਹਿੰਦਾ ਹਾਂ ਕਿ ਜੇਕਰ ਲੜਾਈ ਲੈਣੀ ਹੈ ਤਾਂ ਤੁਸੀਂ ਪੋਲੀਟੀਸ਼ਨਾਂ ਦੇ ਨਾਲ ਲਵੋ ਅਫ਼ਸਰਾਂ ਦੇ ਨਾਲ ਕਿਉਂ ਲੈਂਦੇ ਹੋ ? ਸਾਡੇ ਖਿਲਾਫ਼ ਕਮਿਸ਼ਨ ਬਿਠਾ ਦਿਓ ਔਰ ਆਪਣੇ ਬੰਦਿਆਂ ਦੇ ਖਿਲਾਫ ਵੀ ਕਮਿਸ਼ਨ ਬਿਠਾ ਦਿਓ। ਜਿਹੜੇ ਅਫ਼ਸਰ ਹਨ ਇਸ ਵੇਲੇ ਉਹ ਤੁਹਾਡਾ ਕਹਿਣਾ ਮੰਨਣਗੇ, ਫਿਰ ਦੂਸਰੀ ਸਰਕਾਰ ਆ ਜਾਵੇਗੀ ਤਾਂ ਫਿਰ ਉਹ ਤੁਹਾਡਾ ਕਹਿਣਾ ਨਹੀਂ ਮੰਨਣਗੇ ਅਤੇ ਫਿਰ ਦੂਸਰੀ ਸਰਕਾਰ ਦਾ ਕਹਿਣਾ ਮੰਨਣਗੇ। ਇਸ ਲਈ ਜਿਵੇਂ 1967-69-71 ਦੇ ਵਿਚ ਤੁਹਾਡੀ ਸਰਕਾਰ ਰਹੀ ਤਾਂ ਅਫ਼ਸਰ ਤੁਹਾਡਾ ਕਹਿਣਾ ਮੰਨਦੇ ਸਨ ਪਰ 1971 ਦੇ ਵਿਚ ਜਦ ਸਾਡੀ ਸਰਕਾਰ ਆਈ ਤਾਂ ਉਹ ਸਾਡਾ ਕਹਿਣਾ ਮੰਨਣ ਲੱਗ ਗਏ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਤੁਸੀਂ ਕੇਸਿਜ਼ ਬਣਾਉਣੇ ਹਨ ਤਾਂ ਪੋਲੀਟੀਸ਼ਨਾਂ ਦੇ ਖ਼ਿਲਾਫ਼ ਕੇਸ ਬਣਾਓ। ਜੇਕਰ ਕੋਈ ਅਕਾਲੀ ਮੈਂਬਰ ਇਥੇ ਹਾਊਸ ਦੇ ਵਿਚ ਕਿਸੇ ਵਜ਼ੀਰ ਦੇ ਖ਼ਿਲਾਫ਼ ਐਲੀਗੇਸ਼ਨ ਲਗਾਵੇ ਤਾਂ ਉਸ ਐਲੀਗੇਸ਼ਨ ਨੂੰ ਇਸ ਕਮਿਸ਼ਨ ਦੇ ਸਪੁਰਦ ਕਰ ਦੇਣਾ ਚਾਹੀਦਾ ਹੈ ਤਾਂ ਕਿ ਅਸਲੀਅਤਾਂ ਦਾ ਪਤਾ ਲਗ ਸਕੇ। ਫਿਰ ਸਾਥੀ ਰੂਪ ਲਾਲ ਨੇ

Original with;
Punjab Vidhan Sabha
Digitized by;
Panjab Digital Library

ਇਥੇ ਐਲੀਗੇਸ਼ਨ ਲਗ ਏ ਔਰ ਇਸ ਹਾਉਸ ਦੇ ਵਿਚ ਮੰਗ ਕੀਤੀ ਸੀ ਕਿ ਇਸ ਦੀ ਇਨਕੁਆਇਰੀ ਕਰਵਾਈ ਜਾਵੇ। ਸਰਕਾਰ ਕਿਉਂ ਨਹੀਂ ਫਿਰ ਇਨਕੁਆਇਰੀ ਕਰਵਾਉਂਦੀ ? ਜਿਹੜੀ ਸਰਕਾਰ ਨੇ ਆਪਣੇ ਲੈਵਲ ਤੇ ਇਨਕੁਆਇਰੀ ਕਰਵਾਈ ਹੈ ਉਸ ਦੀ ਰਿਪੋਰਟ ਸਦਨ ਦੀ ਮੇਜ਼ ਤੇ ਰਖ ਦੇਣੀ ਚਾਹੀਦੀ ਹੈ ਤਾਂਕਿ ਸਾਰੇ ਹਾਉਸ ਨੂੰ ਵੀ ਪਤਾ ਲਗ ਸਕੇ ਨਹੀਂ ਤਾਂ ਇਹ ਕੇਸ ਇਸ ਕਮਿਸ਼ਨ ਨੂੰ ਸਪੁਰਦ ਕਰ ਦੇਣਾ ਚਾਹੀਦਾ ਹੈ। ਜਿਨੇ ਵੀ ਪੋਲੀਟੀਸ਼ਨਾਂ ਦੇ ਖਿਲਾਫ਼ ਐਲੀਗੇਸ਼ਨਜ਼ ਲਗਾਏ ਜਾਂਦੇ ਹਨ ਉਨ੍ਹਾਂ ਨੂੰ ਇਨਕੁਆਇਰੀ ਕਮਿਸ਼ਨ ਦੇ ਸੁਪਰਦ ਕਰ ਦੇਣਾ ਚਾਹੀਦਾ ਹੈ, ਜਿਸ ਦੇ ਲਈ 7 ਲੱਖ ਰੁਪਿਆ ਮੰਗਿਆ ਜਾ ਰਿਹਾ ਹੈ। ਇਹ ਸਾਰੇ ਪਬਲਿਕ ਮੈਨ ਹਨ ਅਗਰ ਤੁਸੀਂ ਸਚਮੁੱਚ ਕਲੀਨ ਐਡਮਨਿਸਟਰੇਸ਼ਨ ਚਾਹੁੰਦੇ ਹੋ ਤਾਂ ਫਿਰ ਜਿਨ੍ਹਾਂ ਪੋਲੀਟੀਸ਼ਨਾਂ ਦੇ ਖਿਲਾਫ਼ ਐਲੀਗੇਸ਼ਨ ਲਗਦੇ ਹਨ ਉਨ੍ਹਾਂ ਦੀ ਇਨਕੁਆਇਰੀ ਕਰਵਾਈ ਜਾਣੀ ਚਾਹੀਦੀ ਹੈ। ਭਾਵੇਂ ਕੋਈ ਵੀ ਪਲੀਟੀਕਲ ਆਦਮੀ ਹੋਵੇ, ਭਾਵੇਂ ਉਹ ਰੂਲਿੰਗ ਪਾਰਟੀ ਦੇ ਨਾਲ ਸਬੰਧ ਕਿਉਂ ਨਾ ਰੱਖਦਾ ਹੋਵੇ ?

ਇਹ ਡੀਮਾਂਡ ਨੰ: 6 ਹੈ । ਜਿਸ ਦੇ ਸਬੰਧ ਵਿਚ ਹੈ ਕਿ ਹੜਤਾਲ ਹੋ ਗਈ ਸੀ ਜਿਸ ਕਰਕੇ ਡਿਸਟਿਲਰੀ ਲਈ ਸ਼ਰਾਬ ਹਰਿਆਣਾ ਤੋਂ ਖਰੀਦੀ ਗਈ ਸੀ ਤਾਂਕਿ ਆਪਣੇ ਠੇਕੇਦਾਰਾਂ ਨੂੰ ਦਿਤੀ ਜਾਵੇ ।ਐਕਸਾਈਜ਼ ਐਂਡ ਟੈਕਸੇਸ਼ਨ ਦੀ ਮੱਦ ਖਜ਼ਾਨਾ ਮੰਤਰੀ ਨੇ ਜੇਕਰ ਦੇਖੀ ਹੈ ਤਾਂ ਉਨ੍ਹਾਂ ਨੂੰ ਪਤਾ ਲਗ ਸਕਦਾ ਸੀ ਕਿ ਕਿਸ ਤਰੀਕੇ ਨਾਲ ਪ੍ਰਾਈਵੇਟ ਸ਼ਰਾਬ ਦੇ ਠੇਕੇਦਾਰਾਂ ਨੂੰ ਸ਼ਰਾਬ ਲਿਆ ਕੇ ਵੇਚੀ ਗਈ ਇਸ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ ? ਕਿ ਕਿਸ ਤਰੀਕੇ ਨਾਲ ਪ੍ਰਾਈਵੇਟ ਠੇਕੇਦਾਰਾਂ ਦੀ ਮਦਦ ਕੀਤੀ ਗਈ ?

ਫਿਰ ਡਿਪਟੀ ਸਪੀਕਰ ਸਾਹਿਬ, ਇਕ ਗੱਲ ਇਨ੍ਹਾਂ ਨੇ ਹੋਰ ਕਰ ਦਿਤੀ ਹੈ ਕਿ ਇਨ੍ਹਾਂ ਨੇ 5 ਲੱਖ ਰੁਪਿਆ ਇੰਟਰਨੈਸ਼ਨਲ ਪੰਜਾਬੀ ਸਮੇਲਨ ਲਈ ਮੰਗਿਆ ਹੈ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਪੰਜਾਬੀ ਸੰਮੇਲਨ ਕਰਵਾ ਰਹੇ ਹਨ ਔਰ ਇਸ ਦੇ ਵਿਚ ਬਾਹਰਲੇ ਮੁਲਕਾਂ ਤੋਂ ਪੰਜਾਬੀ ਆਉਣਗੇ ਜਾਂ ਬਾਹਰਲੇ ਮੁਲਕਾਂ ਦੇ ਵਿਚ ਪੰਜਾਬੀ ਕਲਚਰ ਲਈ ਜੋ ਕੰਮ ਕਰਦੇ ਹਨ ਉਹ ਆਉਣਗੇ ਉਸ ਇੰਟਰਨੈਸ਼ਨਲ ਪੰਜਾਬੀ ਸਮੇਲਨ ਦੀ ਤਾਰੀਖ 1 ਅਤੇ 2 ਨਵੰਬਰ ਰੱਖੀ ਗਈ ਹੈ ਇਹ ਕਹਿੰਦੇ ਹਨ ਕਿ ਇਹ ਪੰਜਾਬ ਡੇ ਹੈ ਤਾਂ ਇਹ ਤਾਰੀਖ ਰਖੀ ਹੈ। ਪਰ ਮੈਂ ਕਹਿੰਦਾ ਹਾਂ ਕਿ ਇਹ ਸੰਮੇਲਨ ਇਸ ਲਈ ਇਸ ਤਾਰੀਖ ਨੂੰ ਰਖਿਆ ਗਿਆ ਤਾਂਕਿ ਜਿਹੜੇ ਪੰਜਾਬੀ ਬਾਹਰਲੇ ਮੁਲਕਾਂ ਦੇ ਵਿਚੋਂ ਆਉਣ ਉਹ ਅਕਾਲੀ ਕਾਨਫਰੰਸ ਜਿਹੜੀ ਕਿ ਲੁਧਿਆਣੇ ਵਿਚ 27—28 ਅਕਤੂਬਰ ਨੂੰ ਹੋ ਰਹੀ ਹੈ ਉਸ ਦੇ ਵਿਚ ਵੀ ਹਿੱਸਾ ਲੈ ਸਕਣ ਅਤੇ ਉਨ੍ਹਾਂ ਨੂੰ ਟੀ. ਏ. ਅਤੇ ਡੀ. ਏ. ਅਤੇ ਹੋਰ ਖਰਚਾ ਵਗੈਰਾ ਡਿੱਤਾ ਜਾ ਸਕੇ ਇਸ ਦੇ ਵਿਚ ਇਨ੍ਹਾਂ ਨੇ ਆਪਣੀ ਬੜੀ ਚਲਾਕੀ ਵਿਖਾਈ ਹੈ ਬਾਹਰਲੇ ਮੁਲਕਾਂ ਦੇ ਵਿਚ ਪੰਜਾਬੀ ਸਭਾ ਇੰਟਰਨੈਸ਼ਨਲ ਪੰਜਾਬੀ ਸਭਾ ਮੌਜੂਦ ਹੈ ਜਿਸ ਦੇ ਧੂਪੀਆਂ ਜੀ ਪ੍ਰਧਾਨ ਹਨ ਮੈਂ ਵੀ ਉਸ ਦਾ ਲਾਈਫ ਮੈਂਬਰ ਹਾਂ ਇਸੇ ਤਰ੍ਹਾਂ ਇੰਟਰਨੈਸ਼ਨਲ ਪੰਜਾਬੀ ਸੋਸਾਇਟੀ ਮੌਜੂਦ ਹੈ, ਇੰਗਲੈਂਡ ਦੇ ਵਿਚ ਇਸ ਦੀ ਬਰਾਂਚ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਸਮੇਲਨ ਨੂੰ ਅਗਰ ਤੁਸੀਂ ਕਰਵਾਉਣਾ ਹੀ ਹੈ ਤਾਂ ਫਿਰ ਤੁਸੀਂ ਇਕ ਮਹੀਨਾ ਲੇਟ ਕਰਵਾ ਦੇਵੋ ਤਾਂ ਕਿ ਤੁਹਾਡੇ ਉਤੇ ਬਦਨਾਮੀ ਨਾ ਆਵੇ। ਇਸ ਸੰਮੇਲਨ ਨੂੰ ਜੇ ਤੁਸੀਂ ਸਿਰਫ ਇਕ ਮਹੀਨਾ ਅਗੇ ਪਾ ਦੇਵੋਗੇ ਫਿਰ ਤੁਹਾਡੇ ਤੇ ਬਦਨਾਮੀ ਨਹੀਂ ਆਵੇਗੀ।

**ਮੁੱਖ ਮੰਤਰੀ :** ਡਿਪਟੀ ਸਪੀਕਰ ਸਾਹਿਬ, ਇਸ ਇੰਟਰਨੈਸ਼ਨਲ ਪੰਜਾਬੀ ਸੰਮੇਲਨ ਨੂੰ ਅੱਗੇ ਪਾ ਦਿੱਤਾ ਗਿਆ ਹੈ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਹੰਸ ਰਾਜ ਸ਼ਰਮਾ** : ਡਿਪਟੀ ਸਪੀਕਰ ਸਾਹਿਬ, ਮੈਂ ਇਸ ਸੰਮੇਲਨ ਦੇ ਖਿਲਾਫ ਨਹੀਂ ਹਾਂ। ਮੈਂ ਵੀ ਸਾਰੇ ਮੁਲਕਾਂ ਦੇ ਵਿਚ ਘੁੰਮ ਕੇ ਆਇਆ ਹਾਂ, ਉਥੇ ਕੋਈ ਸਿੱਖ ਨਹੀਂ, ਹਿੰਦੂ ਨਹੀਂ, ਮੁਸਲਮਾਨ ਨਹੀਂ, ਅਤੇ ਕੋਈ ਇਸਾਈ ਨਹੀਂ, ਉਥੇ ਸਾਰੇ ਇਕ ਹਨ । ਇਸ ਕਰਕੇ ਤੁਸੀਂ ਸੰਮੇਲਨ ਨੂੰ ਇਕ ਮਹੀਨੇ ਲਈ ਪਿਛੇ ਪਾ ਦਿਓ ਔਰ ਸਾਰੇ ਧਰਮਾਂ ਦੇ ਲੋਕਾਂ ਨੂੰ ਬੁਲਾਓ। ਲੇਖਕਾਂ ਨੂੰ, ਸਾਇੰਟਿਸਟਸ ਨੂੰ, ਡਾਕਟਰਾਂ ਨੂੰ ਅਤੇ ਡਰਾਮੇਟਿਸਟਸ ਨੂੰ ਭਾਵ ਸਾਰਿਆਂ ਨੂੰ ਬੁਲਾ ਕੇ ਸੰਮੇਲਨ ਵਿਚ ਸ਼ਾਮਲ ਕਰੋ। ਪਰ ਇਹ ਅਕਾਲੀ ਕਾਨਫਰੰਸ ਨੂੰ ਜੋ ਲੁਧਿਆਣਾ ਹੋ ਰਹੀ ਹੈ ਉਸ ਨੂੰ ਇਸ ਨਾਲ ਇਸ ਤਰ੍ਹਾਂ ਜੋੜ ਕੇ ਪੰਜ ਲੱਖ ਰੁਪਿਆ ਛੱਕਣਾ ਚਾਹੁੰਦੇ ਹਨ।

ਹਾਊਸਿੰਗ ਅਤੇ ਅਰਬਨ ਡਿਵੈਲਪਮੈਂਟ ਲਈ ਤੁਸੀਂ ਰੁਪਿਆ ਰੱਖਿਆ ਹੈ, ਇਹ ਬੜੀ ਅੱਛੀ ਬਾਤ ਹੈ। ਤੁਸੀਂ ਪੈਸਾ ਅਰਬਨ ਡਿਵੈਲਪਮੈਂਟ ਲਈ ਦਿੱਲੀ ਤੋਂ ਲਿਆ ਹੈ। ਕੀ ਇਸ ਤਰ੍ਹਾਂ ਅਰਬਨ ਡਿਵੈਲਪਮੈਂਟ ਹੋ ਜਾਵੇਗੀ ? ਡਿਪਟੀ ਸਪੀਕਰ ਸਾਹਿਬ, ਮੈਂ ਮਹਿਸੂਸ ਕਰਦਾ ਹਾਂ ਕਿ ਅਰਬਨ ਡਿਵੈਲਪਮੈਂਟ ਜਿਹੜੀ ਹੈ, ਉਹ ਅਫਸਰ ਹੀ ਇਕੱਲੇ ਨਹੀਂ ਕਰ ਸਕਦੇ। ।

ਡਿਪਟੀ ਸਪੀਕਰ ਸਾਹਿਬ, ਕਾਰਪੋਰੇਸ਼ਨਾਂ ਦੀਆਂ ਇਲੈਕਸ਼ਨਾਂ ਹੋਣੀਆਂ ਚਾਹੀਦੀਆਂ ਹਨ। ਮਿਉਂਸੀਪਲ ਕਮੇਟੀਆਂ ਦੀਆਂ ਇਲੈਕਸ਼ਨਾਂ ਹੋਣੀਆਂ ਚਾਹੀਦੀਆਂ ਹਨ। ਬਾਦਲ ਸਾਹਿਬ, ਵੀ ਇਥੇ ਬੈਠ ਕੇ ਕਹਿੰਦੇ ਹੁੰਦੇ ਸਨ ਕਿ ਇਹ ਇਲੈਕਸ਼ਨਾਂ ਹੋਣੀਆਂ ਚਾਹੀਦੀਆਂ ਹਨ। ਡਾਕਟਰ ਬਲਦੇਵ ਪ੍ਰਕਾਸ਼ ਜੋ ਹੁਣ ਐਮ. ਪੀ. ਹਨ, ਉਨ੍ਹਾਂ ਨੇ ਉਦੋਂ ਮਿਉਂਸਪਲ ਕਮੇਟੀਆਂ ਦੀਆਂ 85 ਪਹਿਲਾਂ ਇਲੈਕਸ਼ਨਾਂ ਕਰਾਈਆਂ ਅਤੇ 10 ਦੀਆਂ ਫਿਰ ਕਰਾਈਆਂ ਸਨ। ਸਾਡੇ ਖਜ਼ਾਨਾ ਮੰਤਰੀ ਨੇ ਇਥੇ ਹਾਊਸ ਦੇ ਵਿਚ ਬਿਆਨ ਦਿਤਾ ਕਿ ਛੇ ਮਹੀਨਿਆਂ ਦੇ ਅੰਦਰ ਅੰਦਰ ਮਿਉਂਸਪਲ ਕਮੇਟੀਆਂ ਦੀਆਂ ਚੋਣਾਂ ਕਰਵਾ ਦੇਵਾਂਗੇ ਪਰ ਫਿਰ ਐਕਸਟੈਨਸ਼ਨ ਲਈ ਗਈ ਅਤੇ ਹੁਣ ਬਿਲ ਆ ਰਿਹਾ ਹੈ ਜਿਸ ਵਿਚ ਇਹ ਹੋਰ ਐਕਸਟੈਨਸ਼ਨ ਲੈ ਰਹੇ ਹਨ। ਤੁਸੀਂ (ਸਰਕਰੀ ਬੈਂਚਾਂ ਵੱਲ ਇਸ਼ਾਰਾ ਕਰਦੇ ਹੋਏ) ਡਰਦੇ ਕਿਉਂ ਹੋ ? ਪੰਚਾਇਤਾਂ ਦੀਆਂ ਇਲੈਕਸ਼ਨਾਂ ਕਰਾਈਆਂ, ਬੜੀ ਚੰਗੀ ਗੱਲ ਹੈ। ਕਿਉਂ ਜ਼ਿਦ ਕਰਦੇ ਹੋ ਕਿ ਕੌਣ ਜਿੱਤਿਆ ਕੌਣ ਹਾਰਿਆ ਹੈ ? (ਸ਼ੇਮ, ਸ਼ੇਮ) ਮੈਂ ਡਿਪਟੀ ਸਪੀਕਰ ਸਾਹਿਬ, ਕਹਿਣਾ ਚਾਹੁੰਦਾ ਹਾਂ ਕਿ ਬਾਦਲ ਸਾਹਿਬ ਅਗੇ ਹੱਥ ਨਾ ਜੋੜੋ। ਹੁਣ ਇਥੇ ਬਾਦਲ ਸਾਹਿਬ ਨੂੰ ਚਾਹੀਦਾ ਹੈ ਕਿ ਉਹ ਸਰਦਾਰ ਬਲਵੰਤ ਸਿੰਘ, ਐਫ.ਐਮ. ਸਾਹਿਬ ਨੂੰ ਕਹਿਣ ਕਿ ਇਕ ਮਹੀਨੇ ਦੇ ਅੰਦਰ ਅੰਦਰ ਇਲੈਕਸ਼ਨ ਕਰਵਾ ਦਿਓ। ਬਸ ਡਿਪਟੀ ਸਪੀਕਰ ਸਾਹਿਬ, ਮੈਂ ਇਤਨਾ ਕਹਿੰਦਾ ਹੋਇਆ ਆਪ ਜੀ ਦਾ ਸ਼ੁਕਰੀਆ ਅਦਾ ਕਰਦਾ ਹਾਂ ।

**ਵਿੱਤ ਮੰਤਰੀ** (ਸਰਦਾਰ ਬਲਵੰਤ ਸਿੰਘ): ਡਿਪਟੀ ਸਪੀਕਰ ਸਾਹਿਬ, ਸਪਲੀਮੈਂਟਰੀ ਐਸਟੀਮੇਟਸ ਤੇ ਹੋਈ ਬਹਿਸ, ਮੈਂ ਬੜੇ ਧਿਆਨ ਨਾਲ ਸੁਣੀ ਹੈ। ਮੈਨੂੰ ਇਸ ਗੱਲ ਦਾ ਬੜਾ ਹੀ ਅਫਸੋਸ ਹੈ ਕਿ ਇਕਨਾਮਿਕ ਇਸ਼ੂ ਨੂੰ ਸਾਹਮਣੇ ਨਹੀਂ ਰਖਿਆ ਗਿਆ ਬਲ ਕਿ ਡਿਸਕਸ਼ਨ ਪੰਜਾਬ ਦੇ ਲਾਅ ਐਂਡ ਆਰਡਰ ਦੀ ਪੋਜ਼ੀਸ਼ਨ ਬਾਰੇ ਹੁੰਦੀ ਰਹੀ ਹੈ। ਸ਼ਰਮਾ ਜੀ ਨੇ ਜ਼ਰੂਰ ਇਸ ਇਸ਼ੂ ਨੂੰ ਲਿਆ ਹੈ ਪਰ ਬਾਕੀ ਮੈਂਬਰਾਂ ਨੇ ਇਕਨਾਮਿਕ ਇਸ਼ੂ ਨੂੰ ਰੇਜ਼ ਕੀਤਾ ਹੀ ਨਹੀਂ । ਨਿਰੰਕਾਰੀਆਂ ਦਾ ਬੜਾ ਹੀ ਜ਼ਿਕਰ ਆਇਆ ਹੈ ਅਤੇ ਇਹ ਬਹੁਤ ਅਫਸੋਸਨਾਕ ਹਾਦਸਾ ਹੋਇਆ ਹੈ। ਜਿਹੜੇ ਸਾਡੇ ਸਾਹਮਣੇ (ਆਪੋਜ਼ੀਸ਼ਨ ਵੱਲ ਇਸ਼ਾਰਾ ਕਰਕੇ) ਸਾਥੀ ਬੈਠੇ ਹਨ ਜੇਕਰ ਉਹ ਇਧਰ ਬੈਠੇ ਹੁੰਦੇ ਤਾਂ ਸਾਰੇ ਪੰਜਾਬ ਨੂੰ ਅੱਗ ਲਗ ਸਕਦੀ ਸੀ ਲੇਕਿਨ ਮੈਂ ਬਾਦਲ ਸਾਹਿਬ ਦੀ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਪੰਜਾਬ ਦੇ ਵਿਚ ਅਮਨ ਕਾਇਮ ਰਖਿਆ। ਇਹ ਸਾਰਾ ਕਰੈਡਿਟ ਜਨਤਾ ਸਰਕਾਰ ਨੂੰ ਜਾਂਦਾ ਹੈ। ਜਦੋਂ ਕਿ ਪੰਜਾਬ ਦੇ ਵਿਚ ਇਤਨੇ ਆਦਮੀ ਸ਼ਹੀਦ ਹੋ ਗਏ ਫਿਰ ਵੀ ਪੰਜਾਬ ਦੇ ਲੋਕ ਪੀਸ-ਫੁਲ

Original with;
Punjab Vidhan Sabha
Digitized by;
Panjab Digital Library

ਰਹੇ ਹਨ । ਮੈਂ ਇਮੈਜਨਰੀ ਗੱਲ ਨਹੀਂ ਕਰਦਾ ਬਲਕਿ ਠੋਸ ਗੱਲ ਕਰਦਾ ਹਾਂ। (ਥੰਪਿੰਗ) (ਆਪੋਜ਼ੀਸ਼ਨ ਪਾਰਟੀ ਦੇ ਮੈਂਬਰ ਸਾਹਿਬਾਨ ਵੱਲੋਂ ਵਿਘਨ )

**Mr. Deputy Speaker** : No interruption please.

**ਵਿੱਤ ਮੰਤਰੀ** : ਡਿਪਟੀ ਸਪੀਕਰ ਸਾਹਿਬ, ਮੈਂ ਐਸੀ ਕੋਈ ਗੱਲ ਨਹੀਂ ਕਹੀ ਇਥੇ ਲਾਅ ਐਂਡ ਆਰਡਰ ਬਾਰੇ ਇਮੈਜਨਰੀ ਗੱਲਾਂ ਕਹੀਆਂ ਗਈਆਂ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਇਥੇ ਠੋਸ ਫਿਗਰਜ਼ ਰੱਖਣਾ ਚਾਹੁੰਦਾ ਹਾਂ। ਮੈਂ ਜ਼ਿਆਦਾ ਡੀਟੇਲ ਵਿਚ ਨਹੀਂ ਜਾਣਾ ਚਾਹੁੰਦਾ। ਡਿਪਟੀ ਸਪੀਕਰ ਸਾਹਿਬ, ਆਪੋਜ਼ੀਸ਼ਨ ਦੇ ਲੀਡਰ ਨੂੰ ਇਸ ਹਿਸਾਬ ਨਾਲ ਸੋਚਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਸਿਰਫ ਮੁਖਾਲਫਤ ਹੀ ਨਹੀਂ ਕਰਨੀ ਚਾਹੀਦੀ ਬਲਕਿ ਕਨਸਟ੍ਰਕਟਿਵ ਸੁਜੈਸ਼ਨਜ਼ ਵੀ ਦੇਣੀਆਂ ਚਾਹੀਦੀਆਂ ਹਨ । ਲਾਅ ਐਂਡ ਆਰਡਰ ਦੇ ਬਾਰੇ ਤੁਸੀਂ (ਆਪੋਜ਼ੀਸ਼ਨ ਵੱਲ ਇਸ਼ਾਰਾ ਕਰਕੇ) ਕਹਿੰਦੇ ਹੋ। ਮੈਂ ਤੁਹਾਡੇ ਸਾਹਮਣੇ ਇਸ ਸਾਲ ਦੀਆਂ ਫਿਗਰਜ਼ ਅਤੇ ਪਿਛਲੇ ਸਾਲਾਂ ਦੀਆਂ ਫਿਗਰਜ਼ ਰੱਖਦਾ ਹਾਂ ਅਤੇ ਤੁਸੀਂ ਕੰਮਪੇਅਰ ਕਰ ਲੈਣਾ। ਇਥੇ ਡਿਪਟੀ ਸਪੀਕਰ ਸਾਹਿਬ, ਇਮੈਜਨਰੀ ਗਲਾਂ ਕੀਤੀਆਂ ਗਈਆਂ ਹਨ। ਸਾਡੇ ਲਈ, ਅਮੀਰ ਆਦਮੀ ਲਈ ਅਤੇ ਗਰੀਬ ਆਦਮੀ ਲਈ ਇਕੋ ਹੀ ਕਾਨੂੰਨ ਹੈ ਅਤੇ ਅਸੀਂ ਸਭ ਨੂੰ ਬਰਾਬਰ ਸਮਝਦੇ ਹਾਂ । (ਤਾੜੀਆਂ ) ਡਿਪਟੀ ਸਪੀਕਰ ਸਾਹਿਬ, 1974 ਵਿਚ ਮਰਡਰਜ਼ 380 ਹੋਏ। 1975 ਵਿਚ ਮਰਡਰਜ਼ 357 ਹੋਏ ਅਤੇ 1976 ਵਿਚ ਮਰਡਰਜ਼ 320 ਹੋਏ ਲੇਕਿਨ ਇਸ ਸਾਲ ਮਰਡਰਜ਼ 309 ਹੋਏ ਹਨ। ਇਸ ਦਾ ਮਤਲਬ ਡਿਪਟੀ ਸਪੀਕਰ ਸਾਹਿਬ, ਇਹ ਹੋਇਆ ਕਿ (ਆਪੋਜ਼ੀਸ਼ਨ ਵੱਲ ਇਸ਼ਾਰਾ ਕਰਕੇ) ਇਨ੍ਹਾਂ ਦੇ ਰਾਜ ਵਿਚ ਜ਼ਿਆਦਾ ਮਰਡਰਜ਼ ਹੋਏ ਹਨ ਅਤੇ ਹੁਣ ਬਾਦਲ ਸਾਹਿਬ ਦੀ ਸਰਕਾਰ ਵੇਲੇ ਘੱਟ ਹੋਏ ਹਨ।

**ਸਾਥੀ ਰੂਪ ਲਾਲ** : ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਇਨਫਰਮੇਸ਼ਨ (ਵਿਘਨ)

**ਸ੍ਰੀ ਡਿਪਟੀ ਸਪੀਕਰ**: ਪੁਆਇੰਟ ਆਫ ਇਨਫਰਮੇਸ਼ਨ ਵਾਸਤੇ ਟਾਈਮ ਬਾਅਦ ਵਿਚ ਦੇਵਾਂਗੇ। Please take your seat.

**ਵਿੱਤ ਮੰਤਰੀ** : ਡਿਪਟੀ ਸਪੀਕਰ ਸਾਹਿਬ, ਇਸੇ ਤਰ੍ਹਾਂ ਹੀ ਕਿਡਨੈਪਿੰਗ ਦੇ ਅੰਕੜੇ ਵੇਖਣ ਤੋਂ ਪਤਾ ਲਗਦਾ ਹੈ ਕਿ ਕਿਸ ਦੇ ਜ਼ਮਾਨੇ ਵਿਚ ਕਿਡਨੈਪਿੰਗ ਦੇ ਕੇਸਿਜ਼ ਜ਼ਿਆਦਾ ਹੋਏ ਹਨ। 1977 ਦੇ ਵਿਚ ਕਿਡਨੈਪਿੰਗ ਦੇ ਕੇਸਿਜ਼ 242 ਹੋਏ ਅਤੇ ਹੁਣ 1978 ਦੇ ਵਿਚ ਕਿਡਨੈਪਿੰਗ ਦੇ ਕੇਸਿਜ਼ 217 ਹੋਏ ਹਨ। ਡਿਪਟੀ ਸਪੀਕਰ ਸਾਹਿਬ, ਤੁਸੀਂ ਆਪ ਹੀ ਦੇਖ ਲਓ , ਕਿ ਕਿਸ ਦੇ ਜ਼ਮਾਨੇ ਵਿਚ ਇਹ ਕੇਸਿਜ਼ ਜ਼ਿਆਦਾ ਹੋਏ ਹਨ। ਤੁਸੀਂ ਇਸੇ ਤਰ੍ਹਾਂ ਹੀ ਡਿਪਟੀ ਸਪੀਕਰ ਸਾਹਿਬ, ਤੁਸੀਂ ਰੌਬਰੀ ਦੇ ਕੇਸਿਜ਼ ਵੇਖ ਲਓ। 1974 ਵਿਚ ਰੌਬਰੀ ਦੇ 28 ਕੇਸਿਜ਼ ਹੋਏ 1977 ਵਿਚ ਰੌਬਰੀ ਦੇ 39 ਕੇਸਿਜ਼ ਹੋਏ ਅਤੇ ਹੁਣ 1978 ਵਿਚ ਰੌਬਰੀ ਦੇ ਕੇਸਿਜ਼ ਸਿਰਫ 14 ਹੋਏ ਹਨ। ਹੁਣ ਤੁਸੀਂ ਆਪ ਹੀ ਵੇਖ ਲਓ ਕਿ ਲਾਅ ਐਂਡ ਆਰਡਰ ਕਿਹੜੇ ਜ਼ਮਾਨੇ ਦੇ ਵਿਚ ਚੰਗਾ ਹੈ ਅਤੇ ਕਿਹੜੇ ਜ਼ਮਾਨੇ ਦੇ ਵਿਚ ਮਾੜਾ ਹੈ ? ਡਿਪਟੀ ਸਪੀਕਰ ਸਾਹਿਬ, ਹੁਣ ਤੁਸੀਂ ਬਰਗਲਰੀ ਦੇ ਕੇਸਿਜ਼ ਵੇਖ ਲਓ । 1977 ਵਿਚ ਜਦੋਂ ਕਾਂਗਰਸ ਦਾ ਰਾਜ ਸੀ ਤਾਂ 1018 ਬਰਗਲਰੀ ਦੇ ਕੇਸਿਜ਼ ਹੋਏ ਪਰ ਹੁਣ 1978 ਵਿਚ 924 ਬਰਗਲਰੀ ਦੇ ਕੇਸਿਜ਼ ਹੋਏ ਹਨ। ਇਸੇ ਤਰ੍ਹਾਂ ਹੀ , ਡਿਪਟੀ ਸਪੀਕਰ ਸਾਹਿਬ, ਥੈਫਟ ਦੇ ਕੇਸਿਜ਼ 1974 ਵਿਚ 1639 ਹੋਏ ਹਨ, 1975 ਵਿਚ 1611 ਹੋਏ ਹਨ, 1977 ਵਿਚ 1556 ਹੋਏ ਹਨ ਪਰ ਹੁਣ 1978 ਵਿਚ 1583 ਥੈਫਟ ਕੇਸਿਜ਼ ਹੋਏ ਹਨ। ਰਾਇਟਿੰਗ ਦੇ ਕੇਸਿਜ਼ ਬਾਰੇ, ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ 1974 ਵਿਚ ਰਾਇਟਿੰਗ ਦੇ ਕੇਸਿਜ਼ 30 ਹੋਏ ਹਨ,

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

1975 ਵਿਚ 22 ਹੋਏ ਹਨ ਅਤੇ ਹੁਣ 1978 ਵਿਚ ਰਾਇਟਿੰਗ ਦੇ ਕੇਸਿਜ਼ ਸਿਰਫ 9 ਹੋਏ ਹਨ। (ਥੰਪਿੰਗ) ਕਿਸ ਜ਼ਮਾਨੇ ਦੇ ਵਿਚ ਇਹ ਕੇਸਿਜ਼ ਜ਼ਿਆਦਾ ਹੋਏ ਹਨ। ਮੈਂ ਸਾਹਮਣੇ ਬੈਠੇ ਭਰਾਵਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ... ... ...

**Sardar Dalip Singh Pandhi :** On a point of information, Sir.

**Mr. Deputy Speaker :** Please take your seat. (*Interruption*)

**Sardar Gurdarshan Singh ;** The hon. Minister is mis-quoting the facts. It is only September. He is quoting figures upto 1978. He is misleading the House.

**ਵਿੱਤ ਮੰਤਰੀ** : ਲਾਅ ਐਂਡ ਆਰਡਰ ਦੀ ਤਸਵੀਰ ਜੋ ਇਨ੍ਹਾਂ ਨੇ ਸਾਡੇ ਸਾਹਮਣੇ ਰਖੀ ਹੈ, ਮੈਂ ਸਮਝਦਾ ਹਾਂ ਕਿ ਇਹ ਮੈਂਬਰ ਸਾਹਿਬਾਨ ਨੇ ਬਗੈਰ ਸੋਚੇ ਸਮਝੇ, ਸਿਰਫ ਇਮੈਜਨਰੀ ਪਿਕਚਰ ਹੀ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਲਾਅ ਐਂਡ ਆਰਡਰ ਦੀ ਜੋ ਪੁਜ਼ੀਸ਼ਨ ਇਸ ਵੇਲੇ ਹੈ ਅਜਿਹੀ ਪੁਜ਼ੀਸ਼ਨ ਪਿਛਲੇ ਪੰਜਾਂ ਸਾਲਾਂ ਵਿਚ ਕਦੇ ਵੀ ਨਹੀਂ ਰਹੀ ਸੀ। (ਸਰਦਾਰ ਗੁਰਦਰਸ਼ਨ ਸਿੰਘ ਵੱਲੋਂ ਵਿਘਨ) ਇਲੈਕਸ਼ਨਾਂ ਕਰਾਈਆਂ ਹਨ। 80 ਪ੍ਰਤੀਸ਼ਤ ਉਮੀਦਵਾਰ ਅਕਾਲੀ ਪਾਰਟੀ ਔਰ ਜਨਤਾ ਪਾਰਟੀ ਦੇ ਇਲੈਕਟ ਹੋਏ ਹਨ ਔਰ ਬਾਕੀ ਦੇ 20 ਫੀਸਦੀ ਤੁਸੀਂ (ਆਪੋਜ਼ੀਸ਼ਨ ਵਲ ਇਸ਼ਾਰਾ) ਆਏ ਹੋ।

ਇਸੇ ਤਰ੍ਹਾਂ ਹੀ ਗੁਰਦੇਵ ਸਿੰਘ ਕਮਿਸ਼ਨ ਦਾ ਜ਼ਿਕਰ ਕੀਤਾ ਗਿਆ ਹੈ। ਇਹ ਅਥਾਰਿਟੀ ਜੋ ਕਾਇਮ ਕੀਤੀ ਗਈ ਹੈ, ਇਸ ਬਾਰੇ ਮੈਂ ਅਰਜ਼ ਕਰਦਾ ਹਾਂ ਕਿ ਸ਼ਾਹ ਕਮਿਸ਼ਨ ਨੂੰ ਜੋ ਸਾਰੇ ਹਿੰਦੁਸਤਾਨ ਦੇ ਲੋਕਾਂ ਨੇ ਜੋ ਐਮਰਜੈਂਸੀ ਦੇ ਵੇਲੇ ਅਤਿਆਚਾਰ ਹੋਏ ਸੀ, ਉਨ੍ਹਾਂ ਅਤਿਆਚਾਰਾਂ ਬਾਰੇ ਮੈਂ ਹੁਣ ਜ਼ਿਕਰ ਨਹੀਂ ਕਰਨਾ ਚਾਹੁੰਦਾ ਕਿਉਂਕਿ ਜੋ ਸੁਣੋਗੇ ਤਾਂ ਰੌਂਗਟੇ ਖੜੇ ਹੋ ਜਾਣਗੇ, ਅਸੀਂ ਉਸ ਵੇਲੇ ਜੋ ਜੇਲ੍ਹਾਂ ਅੰਦਰ ਸੀ ਉਹ ਹਾਲੇ ਸੌਖੇ ਸੀ ਪਰ ਜੋ ਲੋਕ ਜੇਲ੍ਹਾਂ ਤੋਂ ਬਾਹਰ ਰਹਿ ਗਏ ਸਨ ਉਹ ਸਾਡੇ ਨਾਲੋਂ ਵੀ ਜ਼ਿਆਦਾ ਔਖੇ ਸਨ। ਜੋ ਸ਼ਿਕਾਇਤਾਂ ਅਤਿਆਚਾਰਾਂ ਬਾਰੇ ਸ਼ਾਹ ਕਮਿਸ਼ਨ ਨੂੰ ਕੀਤੀਆਂ ਗਈਆਂ ਕੁਝ ਤਾਂ ਸ਼ਾਹ ਕਮਿਸ਼ਨ ਨੇ ਆਪ ਡੀਲ ਕੀਤੀਆਂ ਔਰ ਕੁਝ ਸ਼ਾਹ ਕਮਿਸ਼ਨ ਨੇ ਰਿਸਪੈਕਟਿਵ ਸਟੇਟ ਗੌਰਮਿੰਟਸ ਨੂੰ ਭੇਜ ਦਿੱਤੀਆਂ ਕਿ ਕੋਈ ਅਥਾਰਟੀ ਕੰਸਟੀਚਿਊਟ ਕਰਕੇ ਉਸ ਨੂੰ ਉਹ ਸ਼ਿਕਾਇਤਾਂ ਡੀਲ ਕਰਨ ਵਾਸਤੇ ਦਿਓ। ਲੋਕਾਂ ਨੂੰ ਇਨਸਾਫ ਦੇਣ ਵਾਸਤੇ, ਐਮਰਜੈਂਸੀ ਦੇ ਦੌਰਾਨ ਹੋਏ ਅਤਿਆਚਾਰਾਂ ਨੂੰ ਦੂਰ ਕਰਾਉਣ ਵਾਸਤੇ ਇਹ ਗੁਰਦੇਵ ਸਿੰਘ ਅਥਾਰਟੀ ਕਾਇਮ ਕੀਤੀ ਗਈ। ਜਿਨ੍ਹਾਂ ਨਾਲ ਇਨਜਸਟਿਸ ਪਹਿਲਾਂ ਹੋਇਆ ਹੈ, ਉਹ ਕੇਸਿਜ਼ ਇਸ ਅਥਾਰਿਟੀ ਕੋਲ ਆਉਣੇ ਹਨ।

ਲੀਡਰ ਆਫ ਦੀ ਆਪੋਜ਼ੀਸ਼ਨ ਨੇ ਵਿਰਦੀ ਬਾਰੇ ਜ਼ਿਕਰ ਕੀਤਾ ਹੈ। ਇਨ੍ਹਾਂ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਸ੍ਰੀ ਵਿਰਦੀ ਪਹਿਲੇ ਮੁੱਖ ਮੰਤਰੀ ਦੇ ਸਨ-ਇਨ-ਲਾਅ ਸਨ। ਉਨ੍ਹਾਂ ਨੇ ਇੰਜਨੀ-ਰਿੰਗ ਦੀ ਡਿਗਰੀ ਹਾਸਿਲ ਕੀਤੀ ਹੋਈ ਸੀ ਔਰ ਉਨ੍ਹਾਂ ਨੂੰ ਸੀਵਰੇਜ ਬੋਰਡ ਵਿਚ ਬਤੌਰ ਟੈਕਨੀਕਲ ਮੈਂਬਰ ਦੇ ਲਗਾ ਦਿੱਤਾ ਗਿਆ ਸੀ। ਉਨ੍ਹਾਂ ਦੇ ਖ਼ਿਲਾਫ਼ ਇਹ ਇਲਜ਼ਾਮ ਸੀ ਕਿ 20,20 ਸਾਲ ਦੀ ਸਰਵਿਸ ਵਾਲੇ ਡਿਗਰੀ ਹੋਲਡਰਜ਼ ਇੰਜਨੀਅਰਜ਼ ਨੂੰ ਇਗਨੋਰ ਕਰਕੇ ਸ੍ਰੀ ਵਿਰਦੀ ਨੂੰ ਲਗਾ ਦਿੱਤਾ ਗਿਆ ਸੀ। ਜੇ ਕਿਤੇ ਸ੍ਰੀ ਵਿਰਦੀ ਪੀ. ਡਬਲਿਊ. ਡੀ. ਇਲੈਕਟਰੀਸਟੀ ਬੋਰਡ ਵਿਚ ਜਾਂ ਕਿਸੇ

Original with;
Punjab Vidhan Sabha
Digitized by;
Panjab Digital Library

ਹੋਰ ਅਦਾਰੇ ਵਿਚ ਲਗਦੇ ਤਾਂ ਉਹ ਐਸ.ਡੀ.ਓ. ਤੋਂ ਵੱਧ ਕਿਸੇ ਪੁਜ਼ੀਸ਼ਨ ਵਿਚ ਨਹੀਂ ਲਗ ਸਕਦੇ ਸਨ। ਪੰਜ ਸਾਲਾਂ ਦੀ ਡਿਗਰੀ ਵਾਲਾ ਪਹਿਲਾਂ ਐਸ.ਡੀ.ਓ ਲਗਦਾ ਹੈ, ਫਿਰ ਐਕਸੀਅਨ ਲਗਦਾ ਹੈ।

**Shri Hans Raj Sharma :** On a point of information, Sir, I think he will agree (pointing towards the Finance Minister). He will have a little rest.

**Mr. Deputy Speaker :** I am sorry, I can't allow you. Please take your seat.

**ਵਿੱਤ ਮੰਤਰੀ** : ਮੈਂ ਬੋਰਡ ਦੀ ਮੀਟਿੰਗ ਅਟੈਂਡ ਕਰਨ ਗਿਆ ਸੀ। ਉਥੇ ਚੀਫ ਇੰਜੀਨੀਅਰ ਅਤੇ ਹੋਰ ਸਾਰੇ ਕਹਿੰਦੇ ਸੀ ਕਿ ਜੇ ਵਿਰਦੀ ਨੇ ਬੈਠਣਾ ਹੈ ਤਾਂ ਅਸੀਂ ਬੈਠਣ ਨੂੰ ਤਿਆਰ ਨਹੀਂ ਹਾਂ। ਮੈਂ ਹੋਰ ਇਸ ਬਾਰੇ ਇਥੇ ਦੱਸਣਾ ਨਹੀਂ ਚਾਹੁੰਦਾ ਹਾਂ। ਸ਼ਰਮਾ ਸਾਹਿਬ ਉਸ ਵੇਲੇ ਮਜਬੂਰ ਸਨ ਕਿਉਂਕਿ ਜੇ.ਸੀ. ਐਮ. ਸਾਹਿਬ ਚਾਹੁੰਦੇ ਹੋਣ ਤਾਂ ਮਨਿਸਟਰ ਵਾਸਤੇ ਔਖਾ ਹੋ ਜਾਂਦਾ ਹੈ।

**Shri Hans Raj Sharma :** It is a *sub-judice* case. It is before the enquiry authority. He cannot pass a judgement. The report is already awaited.

**ਵਿੱਤ ਮੰਤਰੀ** : ਇਸ ਤੋਂ ਅੱਗੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਫਲੱਡ ਰਿਲੀਫ ਦੇ ਬਾਰੇ ਅਨ-ਪ੍ਰੈਸੀਡੈਂਟ ਸਕੇਲ ਤੇ ਰਿਲੀਫ ਦਿੱਤੀ ਜਾ ਰਹੀ ਹੈ। ਅੱਜ ਤਕ ਹਿੰਦੁਸਤਾਨ ਆਜ਼ਾਦ ਹੋਣ ਤੋਂ ਬਾਅਦ ਪਿਛਲੇ 30 ਸਾਲਾਂ ਵਿਚ ਐਨੀ ਰਿਲੀਫ ਕਦੇ ਨਹੀਂ ਦਿੱਤੀ ਗਈ। ਇਹ ਹੁਣ ਰਿਲੀਫ, ਇਸ ਕਰਕੇ ਦਿੱਤੀ ਜਾ ਰਹੀ ਹੈ ਕਿਉਂਕਿ ਮੌਜੂਦਾ ਸਰਕਾਰ ਲੋਕਾਂ ਦੀਆਂ ਤਕਲੀਫਾਂ ਨੂੰ ਦੂਰ ਕਰਨ ਵਾਸਤੇ ਜ਼ਿਆਦਾ ਰਿਸਪੌਂਸਿਵ ਹੈ। ਅੱਜ ਤਕ ਫਲੱਡਾਂ ਵਿਚ ਫਸਲਾਂ ਤਬਾਹ ਹੋਣ ਤੇ ਕਦੇ ਕੰਪਨਸੇਸ਼ਨ ਨਹੀਂ ਦਿੱਤਾ ਗਿਆ। ਸਾਰੀਆਂ ਫਸਲਾਂ ਤਬਾਹ ਹੋ ਜਾਂਦੀਆਂ ਰਹੀਆਂ ਹਨ। ਮੇਰਾ ਹਲਕਾ ਸੁਲਤਾਨਪੁਰ ਜ਼ਿਲ੍ਹਾ ਕਪੂਰਥਲਾ ਬੇਟ ਦਾ ਇਲਾਕਾ ਹੈ। ਉਥੇ ਹਰ ਸਾਲ ਫਸਲਾਂ ਤਬਾਹ ਹੁੰਦੀਆਂ ਰਹੀਆਂ ਹਨ। ਪਰ ਫਸਲਾਂ ਵਾਸਤੇ ਜਾਂ ਬੀਜ ਵਾਸਤੇ ਕੋਈ ਮੱਦਦ ਨਹੀਂ ਮਿਲੀ। ਜੇ ਕੋਠਾ ਡਿਗ ਜਾਵੇ ਤਾਂ 100 ਰੁਪਿਆ ਮਿਲਦਾ ਸੀ। ਡੰਗਰਾਂ ਵਾਸਤੇ ਵੀ ਥੋੜ੍ਹਾ ਬਹੁਤ ਮਿਲ ਜਾਂਦਾ ਸੀ। ਪਰ ਮੌਜੂਦਾ ਸਰਕਾਰ ਜਿਹੜੀ ਹੈ ਉਹ ਮੁਬਾਰਕਬਾਦ ਦੀ ਮੁਸਤਹਿੱਕ ਹੈ ਔਰ ਮੈਂ ਐਕਸਪੈਕਟ ਕਰਦਾ ਸੀ ਕਿ ਆਪੋਜ਼ੀਸ਼ਨ ਵਾਲੇ ਵੀ ਇਸ ਗਲ ਲਈ ਮੁਬਾਰਕਬਾਦ ਦੇਣਗੇ ਕਿ ਜਿੰਨੀ ਰਿਲੀਫ ਪਹਿਲਾਂ ਮਕਾਨ ਢਹਿਣ ਤੇ ਮਿਲਦੀ ਸੀ ਉਹ ਹੁਣ ਇਸ ਵਾਰੀ ਪਹਿਲਾਂ ਨਾਲੋਂ 100 % ਵਧਾ ਦਿੱਤੀ ਹੈ। ਜੇ ਪਹਿਲਾਂ ਕੱਚੇ ਕੋਠੇ ਡਿਗਣ ਤੇ 400 ਰੁਪਏ ਮਿਲਦੇ ਸਨ ਤਾਂ ਹੁਣ ਇਹ ਰਕਮ ਵਧਾ ਕੇ 800 ਰੁਪਏ ਕਰ ਦਿੱਤੀ ਹੈ। ਇਸੇ ਤਰ੍ਹਾਂ ਹੀ ਪੱਕੇ ਮਕਾਨਾਂ ਲਈ 800 ਰੁਪਏ ਤੋਂ ਵਧਾ ਕੇ 1600 ਰੁਪਏ ਕਰ ਦਿਤੇ ਗਏ ਹਨ। ਫਸਲਾਂ ਤਬਾਹ ਹੋਣ ਤੇ ਅੱਜ ਤਕ ਕਦੇ ਕੋਈ ਰਿਲੀਫ ਨਹੀਂ ਦਿਤਾ ਜਾਂਦਾ ਸੀ। ਜੇ ਕਰ ਸਾਰੀ ਫਸਲ ਤਬਾਹ ਹੋ ਜਾਵੇ ਤਾਂ 300 ਰੁਪਏ ਰਖੇ ਹਨ। ਘੱਟ ਫਸਲ ਤਬਾਹ ਹੋਵੇ ਤਾਂ ਹੋਰ ਕੁਝ ਰਖਿਆ ਗਿਆ ਹੈ। ਫਲੱਡ ਰਿਲੀਫ ਦੇ ਸਿਲਸਿਲੇ ਵਿਚ ਸੋਸ਼ਲਿਸਟਿਕ ਪਾਲਿਸੀ ਅਡਾਪਟ ਕੀਤੀ ਗਈ ਹੈ। ਇਹ ਫੈਸਲਾ ਕੀਤਾ ਗਿਆ ਹੈ ਕਿ ਵੱਡੇ ਜ਼ਿਮੀਂਦਾਰਾਂ ਲਈ ਇਸ ਸਬੰਧ ਵਿਚ ਕੋਈ ਮੱਦਦ ਨਹੀਂ ਦਿਤੀ ਜਾਣੀ ਹੈ। 7 ਏਕੜ ਤਕ ਜਿਸ ਕੋਲ ਜ਼ਮੀਨ ਹੈ ਉਸ ਦੀ ਮੱਦਦ ਕਰਨ ਦਾ ਫੈਸਲਾ ਕੀਤਾ ਹੈ। ਇਸੇ ਤਰ੍ਹਾਂ ਹੀ ਪਲੈਨ ਦਾ ਜ਼ਿਕਰ ਕੀਤਾ ਗਿਆ ਹੈ। ਮੈਂ ਬੜੇ ਗੌਰਵ ਨਾਲ ਕਹਿ ਸਕਦਾ ਹਾਂ ਕਿ . . . (ਵਿਘਨ)

Original with;
Punjab Vidhan Sabha
Digitized by;
Panjab Digital Library

**ਮਾਸਟਰ ਬਾਬੂ ਸਿੰਘ** : ਕੱਲ ਸੀ. ਐਮ. ਸਾਹਿਬ ਨੇ ਕਿਹਾ ਸੀ ਕਿ ਸਾਰਿਆਂ ਨੂੰ ਕੰਪੈਨਸੇਟ ਕਰਾਂਗੇ ਪਰ ਅੱਜ ਇਹ ਕਹਿੰਦੇ ਹਨ ਕਿ ਸਿਰਫ 7 ਏਕੜ ਵਾਲਿਆਂ ਦੀ ਹੀ ਮਦਦ ਕਰਾਂਗੇ (ਵਿਘਨ)।

**ਵਿੱਤ ਮੰਤਰੀ** : 7 ਏਕੜ ਤਕ ਮਦਦ ਕਰਾਂਗੇ (ਵਿਘਨ) ਮੇਰੇ ਮਿੱਤਰ ਸ਼ਰਮਾ ਜੀ ਜਿਹੜੇ ਕਿ ਇਕ ਇਕਾਨੋਮਿਸਟ ਹਨ, ਮੈਨੂੰ ਉਮੀਦ ਸੀ ਕਿ ਉਹ ਪਲੈਨ ਬਾਰੇ ਕੋਈ ਚੰਗੀ ਗਲ ਕਰਨਗੇ ਪਰ ਉਨ੍ਹਾਂ ਨੇ ਇਸ ਚੀਜ਼ ਦਾ ਬਹੁਤ ਜ਼ਿਆਦਾ ਜ਼ਿਕਰ ਸ਼ੋ ਕੀਤਾ ਹੈ। ਜੋ ਸਟੇਟ ਦੇ ਫਾਇਨਾਂਸਿਜ਼ ਹਨ, ਜਿਹੜੇ ਰਿਸੋਰਸਿਜ਼ ਦਾ ਜ਼ਿਕਰ ਕੀਤਾ ਹੈ, ਜਿਸ ਢੰਗ ਨਾਲ ਫਲੱਡ ਰਿਲੀਫ ਤੇ ਖਰਚਾ ਹੋ ਰਿਹਾ ਹੈ, ਉਨ੍ਹਾਂ ਦਾ ਖਿਆਲ ਹੈ ਕਿ 15 ਜਾਂ 16 ਕਰੋੜ ਰੁਪਏ ਦਾ ਖਰਚਾ ਹੋਵੇਗਾ। ਜਦੋਂ ਲੋਕ ਮੁਸੀਬਤ ਵਿਚ ਹੋਣ ਉਦੋਂ ਮੈਂ ਸਮਝਦਾ ਹਾਂ ਕਿ ਜਿੰਨਾ ਵੀ ਖਰਚ ਸਰਕਾਰ ਵੱਲੋਂ ਵੱਧ ਤੋਂ ਵੱਧ ਹੋ ਸਕੇ ਸਾਨੂੰ ਕਰਨਾ ਚਾਹੀਦਾ ਹੈ ਔਰ ਉਸ ਵਿਚ ਕੋਈ ਫਰਕ ਨਹੀਂ ਪੈਣਾ ਚਾਹੀਦਾ। ਅਸੀਂ ਆਪਣੀ ਸਟੇਟ ਦੇ ਲੋਕਾਂ ਦੀ ਹੈਲਪ ਕਰ ਰਹੇ ਹਾਂ।

ਪਲੈਨ ਵਾਸਤੇ 600 ਕਰੋੜ ਰੁਪਏ ਦੀ ਸੈਂਟ੍ਰਲ ਅਸਿਸਟੈਂਸ ਰਖੀ ਹੈ। ਅਗੇ ਕਦੇ ਐਨੀ ਰਕਮ ਨਹੀਂ ਰਖੀ ਗਈ। ਇਹ ਦਸ ਸਾਲਾਂ ਦਾ ਪਲੈਨ ਬਣਾ ਰਹੇ ਹਾਂ। ਜਿਸ ਪਲੈਨ ਦਾ ਇਹ ਨਕਸ਼ਾ ਬਣ ਰਿਹਾ ਹੈ, ਇਸ ਦੇ ਕੰਪਲੀਟ ਹੋਣ ਨਾਲ ਜੀਅ ਪ੍ਰਤੀ ਆਮਦਨੀ ਦੁੱਗਣੀ ਹੋ ਜਾਏਗੀ। 10 ਸਾਲਾਂ ਬਾਅਦ ਜੀਅ ਪ੍ਰਤੀ ਆਮਦਨੀ 3,000 ਰੁਪਏ ਸਾਲ ਦੀ ਹੋ ਜਾਏਗੀ। ਇਸ ਵੇਲੇ 25 ਫੀ ਸਦੀ ਅਜਿਹੇ ਲੋਕ ਹਨ ਜੋ ਕਿ ਬੀਲੋਅ ਪਾਵਰਟੀ ਲਾਈਨ ਹਨ। ਦਸ ਸਾਲਾਂ ਬਾਅਦ ਤੁਹਾਨੂੰ ਸੁਣ ਕੇ ਇਹ ਖੁਸ਼ੀ ਹੋਵੇਗੀ ਕਿ ਕੋਈ ਵਿਅੱਕਤੀ ਵੀ ਬੀਲੋਅ ਪਾਵਰਟੀ ਲਾਈਨ ਨਹੀਂ ਰਹੇਗਾ। (ਵਿਘਨ) ਇਹ ਜੋ ਪਹਿਲੀ ਸਰਕਾਰ ਸੀ ਉਹ ਲੋਕਾਂ ਨੂੰ ਝਗੜਿਆਂ ਵਿਚ ਹੀ ਪਾਈ ਰੱਖਣਾ ਚਾਹੁੰਦੀ ਸੀ ਅਤੇ ਅੱਗੇ ਨਹੀਂ ਲਿਜਾਉਣਾ ਚਾਹੁੰਦੀ ਸੀ। ਇਸੇ ਤਰ੍ਹਾਂ ਹੀ ਸਾਡੀ ਯੋਜਨਾ ਹੈ ਕਿ ਦਸ ਸਾਲਾਂ ਬਾਅਦ ਪੰਜਾਬ ਵਿਚ ਫੁੱਲ ਐਂਪਲਾਇਮੈਂਟ ਹੋਵੇ (ਵਿਘਨ)

**ਸ੍ਰੀ ਡਿਪਟੀ ਸਪੀਕਰ** : ਮੈਂ ਸਾਰੇ ਮਾਨਯੋਗ ਮੈਂਬਰਾਂ ਅੱਗੇ ਪ੍ਰਾਰਥਨਾ ਕਰਾਂਗਾ ਕਿ ਬੜੀ ਸ਼ਾਂਤੀ ਨਾਲ ਇਨ੍ਹਾਂ ਦੀ ਗੱਲ ਸੁਣੋ ਔਰ ਸਾਨੂੰ ਸ਼ੋਰ ਸ਼ਰਾਬਾ ਨਹੀਂ ਕਰਨਾ ਚਾਹੀਦਾ।

**ਸਰਦਾਰ ਰਣਜੀਤ ਸਿੰਘ** : ** ** **

**Mr. Deputy Speaker** : This is no point of order.

**ਵਿੱਤ ਮੰਤਰੀ** : ਇਥੇ ਵੀ ਕਿਹਾ ਗਿਆ ਕਿ ਚੀਫ਼ ਮਨਿਸਟਰ ਸਾਹਿਬ ਦੇ ਰਿਲੀਫ ਫੰਡ ਲਈ ਪੈਸਾ ਇਕੱਠਾ ਨਹੀਂ ਕੀਤਾ ਗਿਆ। ਡਿਪਟੀ ਸਪੀਕਰ ਸਾਹਿਬ, ਸਾਡੀ ਸਰਕਾਰ ਦਾ ਫੈਸਲਾ ਹੈ ਕਿ ਰੈਡਕਰਾਸ ਨੇ ਪੈਸਾ ਨਹੀਂ ਇਕੱਠਾ ਕਰਨਾ। ਇਸੇ ਤਰ੍ਹਾਂ ਹੀ ਸਮਾਲ ਸੇਵਿੰਗਜ਼ ਰਾਹੀਂ ਉਗਰਾਹੀ ਨਹੀਂ ਕਰਨੀ। ਇਸ ਕਿਸਮ ਦੀਆਂ ਉਗਰਾਹੀਆਂ ਬੰਦ ਕਰ ਦਿਤੀਆਂ ਹਨ। ਇਹ ਉਗਰਾਹੀਆਂ ਕਿਉਂ ਬੰਦ ਕੀਤੀਆਂ ਗਈਆਂ ਹਨ ? ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਅਗੇ ਵੀ ਚੀਫ਼ ਮਨਿਸਟਰ ਸਾਹਿਬ ਨੇ ਇਸ ਸਦਨ ਵਿਚ ਵਿਸ਼ਵਾਸ ਦਿਵਾਇਆ ਸੀ ਕਿ ਇਹ ਜਿਹੜਾ ਰੈਡਕਰਾਸ ਰਾਹੀਂ ਪੈਸਾ ਇਕਠਾ ਕੀਤਾ ਜਾਂਦਾ ਹੈ ਜਾਂ ਸਮਾਲ ਸੇਵਿੰਗ ਰਾਹੀਂ ਉਗਰਾਹੀ ਕੀਤੀ ਜਾਂਦੀ ਹੈ ਇਹ ਸਭ ਕੁਰੱਪਸ਼ਨ ਦੇ ਅੱਡੇ ਸਨ। ਇਸ ਵਾਸਤੇ ਅਸੀਂ ਫੈਸਲਾ ਕੀਤਾ ਕਿ ਹੇਠਲੀ ਪੱਧਰ ਤੇ ਇਹ ਜਿਹੜੀ ਰੈਡ ਕਰਾਸ ਅਤੇ ਸਮਾਲ ਸੇਵਿੰਗਜ਼ ਰਾਹੀਂ ਕੁਰੱਪਸ਼ਨ ਹੁੰਦੀ ਹੈ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਉਸ ਨੂੰ ਰੋਕਿਆ ਜਾਵੇ ਅਤੇ ਉਸੇ ਵਾਸਤੇ ਇਹ ਉਗਰਾਹੀ ਬੰਦ ਕੀਤੀ ਗਈ ਹੈ । ਪਹਿਲੇ ਇਹ ਹੁੰਦਾ ਸੀ ਕਿ ਜੇ ਕੁਸ਼ਤੀਆਂ ਕਰਾਉਣੀਆਂ ਹੁੰਦੀਆਂ ਸਨ ਤਾਂ ਰੈਡ ਕਰਾਸ ਰਾਹੀਂ ਪੈਸਾ ਇਕੱਠਾ ਕੀਤਾ ਜਾਂਦਾ ਸੀ। ਤੁਹਾਨੂੰ ਪਤਾ ਹੋਣਾ ਹੈ ਕਿ ਪਿਛਲੀ ਸਰਕਾਰ ਵੇਲੇ 2 ਕਰੋੜ ਰੁਪਿਆ ਚੀਫ਼ ਮਨਿਸਟਰ ਸਾਹਿਬ ਦੇ ਫੰਡ ਲਈ ਇਕੱਠਾ ਕੀਤਾ ਗਿਆ। ਇਸ ਬਾਰੇ ਸਾਰਿਆਂ ਨੂੰ ਪਤਾ ਹੈ ਕਿ ਉਹ ਪੈਸਾ ਕਿਸ ਤਰ੍ਹਾਂ ਇਕੱਠਾ ਕੀਤਾ ਗਿਆ ਅਤੇ ਕਿਸ ਕਿਸਮ ਦੇ ਅਫ਼ਸਰਾਂ ਦੇ ਰਾਹੀਂ ਇਕੱਠਾ ਕੀਤਾ ਗਿਆ । ਸਾਡਾ ਫੈਸਲਾ ਇਹ ਹੈ ਕਿ ਅਸੀਂ ਇਹ ਜਿਹੜੇ ਕੁਰੱਪਸ਼ਨ ਦੇ ਅੱਡੇ ਹਨ ਇਹ ਪੱਕੇ ਤੌਰ ਤੇ ਬੰਦ ਕਰਨੇ ਹਨ ਅਤੇ ਇਸੇ ਵਾਸਤੇ ਅਸੀਂ ਕੋਈ ਚੀਫ਼ ਮਨਿਸਟਰ ਸਾਹਿਬ ਦਾ ਫੰਡ ਅਤੇ ਸਮਾਲ ਸੇਵਿੰਗਜ਼ ਫੰਡ ਇਕੱਠਾ ਨਹੀਂ ਕੀਤਾ । (ਤਾੜੀਆਂ)।

ਡਿਪਟੀ ਸਪੀਕਰ ਸਾਹਿਬ, ਮੈਂ ਬਹੁਤ ਕੁਝ ਨਹੀਂ ਕਹਿਣਾ ਚਾਹੁੰਦਾ ਪਰ ਇਕ ਦੋ ਗੱਲਾਂ ਦਾ ਜ਼ਿਕਰ ਜ਼ਰੂਰ ਕਰਨਾ ਚਾਹੁੰਦਾ ਹਾਂ । ਇਕ ਸੱਜਣ ਨੇ ਕਿਹਾ ਕਿ ਇੰਡਸਟਰੀਅਲ ਪਾਲਸੀ ਦੀ ਕੋਈ ਡਾਇਰੈਕਸ਼ਨ ਨਹੀਂ ਹੈ । ਮੈਂ ਇਸ ਸਬੰਧ ਵਿਚ ਕਹਿਣਾ ਚਾਹੁੰਦਾ ਹਾਂ ਕਿ ਅੱਗੇ ਬਿਲਕੁਲ ਡਾਇਰੈਕਸ਼ਨ ਨਹੀਂ ਸੀ। ਪਿਛਲੇ 30 ਸਾਲਾਂ ਵਿਚ ਇਨ੍ਹਾਂ ਨੇ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਕੋਈ ਇਸ ਪਾਸੇ ਡਾਇਰੈਕਸ਼ਨ ਨਹੀਂ ਦਿੱਤੀ ਅਤੇ ਇਹੀ ਵਜ੍ਹਾ ਹੈ ਕਿ ਪਿਛਲੇ 30 ਸਾਲਾਂ ਵਿਚ ਪੰਜਾਬ ਦੀ ਇੰਡਸਟਰੀ ਡਿਵੈਲਪਮੈਂਟ ਨਹੀਂ ਹੋਈ । ਡਿਪਟੀ ਸਪੀਕਰ ਸਾਹਿਬ, ਮੈਨੂੰ ਇਹ ਦੱਸ ਕੇ ਬੜਾ ਦੁੱਖ ਹੁੰਦਾ ਹੈ ਕਿ ਬੜਾ ਪ੍ਰਾਪੇਗੰਡਾ ਕੀਤਾ ਜਾਂਦਾ ਰਿਹਾ ਕਿ ਲੁਧਿਆਣਾ ਵਿਚ ਅਸੀਂ ਇਹ ਕਰ ਦਿੱਤਾ , ਉਹ ਕਰ ਦਿੱਤਾ , ਅੰਮ੍ਰਿਤਸਰ ਨੂੰ ਮਾਨਚੈਸਟਰ ਬਣਾ ਦਿੱਤਾ, ਬਟਾਲਾ ਨੂੰ ਕੁੱਝ ਹੋਰ ਬਣਾ ਦਿੱਤਾ ਅਤੇ ਫਗਵਾੜੇ ਨੂੰ ਕੋਈ ਹੋਰ ਹੀ ਨਾਮ ਦਿੱਤਾ ਗਿਆ । ਡਿਪਟੀ ਸਪੀਕਰ ਸਾਹਿਬ, ਪੰਜਾਬ ਦੀ ਇੰਡਸਟਰੀ ਦੀ ਮੈਂ ਤੁਹਾਨੂੰ ਪੁਜ਼ੀਸ਼ਨ ਦੱਸਦਾ ਹਾਂ ਕਿ ਪੰਜਾਬ ਦੀ ਟੋਟਲ ਇਨਕਮ ਵਿਚ 12 ਪ੍ਰਤੀਸ਼ਤ ਇਨਕਮ ਇੰਡਸਟਰੀ ਤੋਂ ਹੈ ਜਦ ਕਿ ਮਹਾਰਾਸ਼ਟਰਾ ਵਿਚ 32 ਹੈ ਅਤੇ ਤਾਮਿਲ-ਨਾਡੂ ਵਿਚ 28 ਪ੍ਰਤੀਸ਼ਤ ਹੈ । ਪੰਜਾਬ ਵਿਚ ਇਕ ਲੱਖ ਲੋਕਾਂ ਮਗਰ 800 ਆਦਮੀ ਇੰਡਸਟਰੀ ਵਿਚ ਕੰਮ ਕਰਦੇ ਹਨ ਜਦ ਕਿ ਮਹਾਰਾਸ਼ਟਰ ਵਿਚ 5,000 ਕਰਦੇ ਹਨ। ਡਿਪਟੀ ਸਪੀਕਰ ਸਾਹਿਬ ਇਹ ਪਿਛਲੇ 30 ਸਾਲਾਂ ਦੇ ਸਮੇਂ ਪੰਜਾਬ ਦੀ ਇੰਡਸਟਰੀ ਦੀ ਤਸਵੀਰ ਰਹੀ ਹੈ। ਇਨ੍ਹਾਂ ਨੇ ਇੰਡਸਟਰੀ ਨੂੰ ਕੋਈ ਡਾਇਰੈਕਸ਼ਨ ਨਹੀਂ ਦਿੱਤੀ ਪਰ ਇਸ ਸਰਕਾਰ ਨੇ ਇੰਡਸਟਰੀ ਨੂੰ ਡਾਇ-ਰੈਕਸ਼ਨ ਦਿੱਤੀ ਹੈ। ਜਿਹੜੇ ਬਾਰਡਰ ਦੇ ਡਿਸਟ੍ਰਿਕਟ ਹਨ ਅਤੇ ਬੈਕਵਰਡ ਡਿਸਟ੍ਰਿਕਟਸ ਹਨ, ਜਿਸ ਤਰ੍ਹਾਂ ਅੰਮ੍ਰਿਤਸਰ, ਗੁਰਦਾਸਪੁਰ ਅਤੇ ਫਿਰੋਜ਼ਪੁਰ, ਉਥੇ ਜੇਕਰ ਕੋਈ ਸੱਜਣ ਇੰਡਸਟਰੀ ਲਾਵੇ ਤਾਂ ਅਸੀਂ 15 ਪ੍ਰਤੀਸ਼ਤ ਸਬਸੇਡਾਈਜ਼ ਕਰਾਂਗੇ। ਇਹ ਨਵੀਂ ਪਾਲਸੀ ਦਾ ਹਿੱਸਾ ਹੈ ਕਿ ਉਥੇ ਵਾਸਤੇ ਕੰਸੈਸ਼ਨਜ਼ ਦਿਤੀਆਂ ਹਨ। ਬਾਕੀ ਡਿਸਟ੍ਰਿਕਟਸ ਵਿਚ ਵੀ ਨਵੀਂ ਪਾਲਿਸੀ ਦੇ ਤਹਿਤ ਇਲੈਕਟ੍ਰਿਸਿਟੀ ਡਿਊਟੀ ਵਿਚ ਕੰਸੈਸ਼ਨ ਦਿਤੀ ਹੈ, ਸੇਲਜ਼ ਟੈਕਸ ਅਤੇ ਹੋਰ ਵੀ ਕਈ ਕਿਸਮ ਦੇ ਕੰਸੈਸ਼ਨਜ਼ ਦਿਤੇ ਹਨ । ਸਾਡੇ ਪੰਜਾਬ ਵਿਚ ਦੋ ਸ਼ੂਗਰ ਇੰਡਸਟਰੀਆਂ ਲੱਗ ਰਹੀਆਂ ਹਨ। ਇਕ ਸ਼ੂਗਰ ਇੰਡਸਟਰੀ ਸੰਗਰੂਰ ਵਿਚ ਅਤੇ ਦੂਸਰੀ ਫਿਰੋਜ਼ਪੁਰ ਜ਼ਿਲ੍ਹੇ ਵਿਚ ਲੱਗ ਰਹੀ ਹੈ। ਸਾਡਾ ਇੰਡਸਟਰੀ ਨੂੰ ਪੰਜਾਬ ਵਿਚ ਡਿਵੈਲਪ ਕਰਨ ਵੱਲ ਪੂਰਾ ਧਿਆਨ ਹੈ। ਨਵੀਂ ਪਾਲਿਸੀ ਦੇ ਤਹਿਤ ਅਸੀਂ ਸੂਬੇ ਵਿਚ ਇੰਡਸਟਰੀ ਨੂੰ ਤਕੜਾ ਕਰਨਾ ਹੈ ਅਤੇ ਇੰਪਲਾਇਮੈਂਟ ਜੈਨਰੇਟ ਕਰਨੀ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਜ਼ਿਆਦਾ ਕੁੱਝ ਨਾ ਕਹਿੰਦਾ ਹੋਇਆ ਤੁਹਾਡੇ ਰਾਹੀਂ ਸਾਰੇ ਸਦਨ ਦੇ ਮੈਂਬਰ ਸਾਹਿਬਾਨ ਦਾ ਸ਼ੁਕਰੀਆ ਅਦਾ ਕਰਦਾ ਹਾਂ।

**ਮਾਸਟਰ ਬਾਬੂ ਸਿੰਘ:** ਪੁਆਇੰਟ ਆਫ ਇਨਫਰਮੇਸ਼ਨ, ਸਰ। ਡਿਪਟੀ ਸਪੀਕਰ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਕੋਲੋਂ ਪੁੱਛਣਾ ਚਾਹੁੰਦਾ ਹਾਂ ਜਿਵੇਂ ਮੈਂ ਪਹਿਲਾਂ ਕਿਹਾ ਸੀ ਕੀ

Original with;
Punjab Vidhan Sabha
Digitized by;
Panjab Digital Library

[ਮਾਸਟਰ ਬਾਬੂ ਸਿੰਘ]

ਸਰਕਾਰ ਨੇ ਕੋਈ ਟਰਾਂਸਪੋਰਟ ਪਾਲਿਸੀ ਔਰ ਇੰਡਸਟਰੀਅਲ ਪਾਲਿਸੀ ਬਣਾਈ ਹੈ ? ਜਿਸ ਤਰ੍ਹਾਂ ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਅਸੀਂ ਇੰਡਸਟਰੀਅਲ ਪਾਲਿਸੀ ਬਣਾਈ ਹੈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਕੋਈ ਪਾਲਿਸੀ ਬਣਾਈ ਹੈ ਤਾਂ ਉਹ ਹਾਊਸ ਵਿਚ ਪੇਸ਼ ਕਿਉਂ ਨਹੀਂ ਕੀਤੀ ਗਈ। ਟਰਾਂਸਪੋਰਟ ਪਾਲਿਸੀ ਦੇ ਬਾਰੇ ਤਾਂ ਉਹ ਚੁੱਪ ਹਨ ਪਰ ਇੰਡਸਟਰੀਅਲ ਪਾਲਿਸੀ ਬਾਰੇ ਉਨ੍ਹਾਂ ਨੇ ਕਿਹਾ ਹੈ ਕਿ ਅਸੀਂ ਇਸ ਨੂੰ ਡਾਇਰੈਕਸ਼ਨ ਦੇ ਰਹੇ ਹਾਂ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਟਰਾਂਸਪੋਰਟ ਪਾਲਿਸੀ ਦੇ ਬਾਰੇ ਉਦੋਂ ਐਲਾਨ ਕਰਨਗੇ ਜਦੋਂ ਇਹ ਗੌਰਮਿੰਟ ਖ਼ਤਮ ਹੋ ਜਾਵੇਗੀ ?

**ਮਾਸਟਰ ਚੰਦ ਸਿੰਘ** : ਪੁਆਇੰਟ ਆਫ ਇਨਫਰਮੇਸ਼ਨ, ਸਰ। ਡਿਪਟੀ ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਿਸਾਨਾਂ ਨੂੰ ਸਰਕਾਰ ਨੇ ਕਈ ਸਹੂਲਤਾਂ ਦਿਤੀਆਂ ਹਨ ਜਿਸ ਨੂੰ ਅਸੀਂ ਵੈਲਕਮ ਕਰਦੇ ਹਾਂ ਪਰ ਇਕ ਗਲ ਦੀ ਇਨਫਰਮੇਸ਼ਨ ਲੈਣਾ ਚਾਹੁੰਦਾ ਹਾਂ ਕਿ ਜਿਹੜੇ ਛੋਟੇ ਕਿਸਾਨ ਹਨ ਅਤੇ ਉਨ੍ਹਾਂ ਦੀਆਂ ਜਿਹੜੀਆਂ ਮਾਰਜਨਲ ਫਾਰਮਰਜ਼ ਏਜੰਸੀਆਂ ਹਨ, ਜਿਸ ਤਰ੍ਹਾਂ ਸੰਗਰੂਰ ਜ਼ਿਲ੍ਹੇ ਵਿਚ ਹਨ, ਉਨ੍ਹਾਂ ਨੂੰ ਲੋਨ ਲੈਣ ਵਾਸਤੇ ਫਾਰਮ ਦੇਣ ਵੇਲੇ ਉਥੇ ਦੇ ਅਧਿਕਾਰੀ ਉਨ੍ਹਾਂ ਨੂੰ ਬੜਾ ਹੈਰਾਨ ਕਰਦੇ ਹਨ। ਜਦ ਉਹ ਮੱਝਾਂ ਆਦਿ ਖਰੀਦਣ ਲਈ ਕਰਜ਼ਾ ਲੈਂਦੇ ਹਨ ਤਾਂ ਉਨ੍ਹਾਂ ਕੋਲੋਂ ਬਹੁਤ ਸਾਰਾ ਪੈਸਾ ਲਿਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਪੈਸੇ ਥੋੜ੍ਹੇ ਦਿੱਤੇ ਜਾਂਦੇ ਹਨ। ਇਸ ਤਰ੍ਹਾਂ ਉਥੇ ਦੇ ਅਧਿਕਾਰੀ ਆਪਣੀਆਂ ਜੇਬਾਂ ਭਰਦੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਬਾਰੇ ਸਰਕਾਰ ਕੀ ਕਰ ਰਹੀ ਹੈ ?

**ਸਾਥੀ ਰੂਪ ਲਾਲ** : ਪੁਆਇੰਟ ਆਫ ਇਨਫਰਮੇਸ਼ਨ, ਸਰ। ਪਿਛਲੀ ਸਰਕਾਰ ਦੇ ਸਮੇਂ ਚੀਫ ਮਨਿਸਟਰ ਦੇ ਘਰ ਇਕ ਸਿਕਿਉਰਟੀ ਦਾ ਸਿਪਾਹੀ ਮਾਰ ਦਿੱਤਾ ਗਿਆ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਕਤਲਾਂ ਦੇ ਅੰਕੜੇ ਦਿੱਤੇ ਹਨ ਕੀ ਉਨ੍ਹਾਂ ਵਿਚ ਇਹ ਵੀ ਦਰਜ ਹੈ ਜਾਂ ਨਹੀਂ ? ਦੂਸਰਾ ਇਹ ਕਿ ਇਸ ਬਾਰੇ ਸਾਡੀ ਸਰਕਾਰ ਨੇ ਕੀ ਕਾਰਵਾਈ ਕੀਤੀ ਹੈ ?

**ਸਰਦਾਰ ਬੇਅੰਤ ਸਿੰਘ**: ਪੁਆਇੰਟ ਆਫ ਇਨਫਰਮੇਸ਼ਨ, ਸਰ। ਐਫ.ਐਮ. ਸਾਹਿਬ ਨੇ ਕਿਹਾ ਹੈ ਕਿ ਅਸੀਂ ਕੋਈ ਫੰਡ ਇਕੱਠਾ ਨਹੀਂ ਕਰਦੇ। ਡਿਪਟੀ ਸਪੀਕਰ ਸਾਹਿਬ, ਮੈਂ ਸਬੂਤ ਦੇ ਸਕਦਾ ਹਾਂ ਕਿ ਲੁਧਿਆਣਾ ਜ਼ਿਲ੍ਹੇ ਵਿਚ ਜਦੋਂ ਲਾਈਸੈਂਸ ਬਣਾਏ ਜਾਂਦੇ ਹਨ ਤਾਂ 1500 ਰੁਪਿਆ ਪਿਸਤੌਲ ਦਾ ਲਾਇਸੈਂਸ ਬਣਾਉਣ ਵੇਲੇ ਲਿਆ ਜਾਂਦਾ ਹੈ। ਇਸੇ ਤਰ੍ਹਾਂ ਹੀ ਬੰਦੂਕ ਦਾ ਲਾਈਸੈਂਸ ਬਣਾਉਣ ਵੇਲੇ ਪੈਸੇ ਲਏ ਜਾਂਦੇ ਹਨ। ਇਕ ਪਾਸੇ ਤਾਂ ਉਹ ਕਹਿੰਦੇ ਹਨ ਕਿ ਅਸੀਂ ਕੋਈ ਉਗਰਾਹੀ ਨਹੀਂ ਕਰਦੇ ਪਰ ਦੂਸਰੇ ਪਾਸੇ ਪੈਸੇ ਇਕੱਠੇ ਕੀਤੇ ਜਾਂਦੇ ਹਨ, ਇਸ ਲਈ ਕੀ ਵਜ਼ੀਰ ਸਾਹਿਬ ਇਸ ਬਾਰੇ ਦੱਸਣਗੇ ?

**ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ** : ਪੁਆਇੰਟ ਆਫ ਇਨਫਰਮੇਸ਼ਨ, ਸਰ। ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਇਨਫਰਮੇਸ਼ਨ ਇਹ ਹੈ ਕਿ ਡਿਮਾਂਡ ਨੰ. 5 ਦੇ ਵਿਚ 4 ਜ਼ਿਲ੍ਹਿਆਂ ਬਾਰੇ ਦੱਸਿਆ ਗਿਆ ਪਰ ਫਿਰੋਜ਼ਪੁਰ ਦਾ ਨਾਮ ਨਹੀਂ ਆਇਆ ਜਦ ਕਿ ਫਿਰੋਜ਼ਪੁਰ ਵਿਚ ਫਲੱਡ ਬਹੁਤ ਆਏ ਹਨ ਅਤੇ ਲੋਕਾਂ ਦਾ ਨੁਕਸਾਨ ਹੋਇਆ ਹੈ। ਬਠਿੰਡਾ ਅਤੇ ਫਰੀਦਕੋਟ ਦਾ ਸਾਰਾ ਪਾਣੀ ਉਥੇ ਆ ਜਾਂਦਾ ਹੈ ਜਿਸ ਕਾਰਨ ਬਹੁਤ ਨੁਕਸਾਨ ਹੁੰਦਾ ਹੈ। ਉਥੇ ਦੇ ਲੋਕਾਂ ਨੂੰ ਜੰਗਾਂ ਵਿਚ ਵੀ ਨੁਕਸਾਨ ਉਠਾਉਣਾ ਪੈਂਦਾ ਹੈ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਫਿਰੋਜ਼ਪੁਰ ਦਾ ਨਾਮ ਕਿਉਂ ਨਹੀਂ ਆਇਆ ਅਤੇ ਉਸ ਨੂੰ ਕਿਉਂ ਇਗਨੋਰ ਕੀਤਾ ਗਿਆ ਹੈ ਅਤੇ ਉਥੋਂ ਵਾਸਤੇ ਪੈਸਾ ਕਿਉਂ ਨਹੀਂ ਰਖਿਆ ਗਿਆ ?

Original with;
Punjab Vidhan Sabha
Digitized by;
Panjab Digital Library

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਬੋਲਣ ਲਈ ਖੜੇ ਸਨ)

**ਸ੍ਰੀ ਡਿਪਟੀ ਸਪੀਕਰ** : ਤੁਸੀਂ ਸਾਰੇ ਬੈਠ ਜਾਓ, ਬਹੁਤ ਸਮਾਂ ਹੋ ਗਿਆ ਹੈ।

**ਸਰਦਾਰ ਗੁਰਦਰਸ਼ਨ ਸਿੰਘ** : ਡਿਪਟੀ ਸਪੀਕਰ ਸਾਹਿਬ, ਰੂਲਜ਼ ਦੇ ਮੁਤਾਬਿਕ ਅਸੀਂ ਇਨਫਰਮੇਸ਼ਨ ਲੈ ਸਕਦੇ ਹਾਂ।

**ਸ੍ਰੀ ਡਿਪਟੀ ਸਪੀਕਰ** : ਨਹੀਂ ਜੀ, ਬਹੁਤ ਸਮਾਂ ਹੋ ਗਿਆ ਹੈ।

**ਡਾਕਟਰ ਕੇਵਲ ਕ੍ਰਿਸ਼ਨ** : ਅਸੀਂ ਇਨਫਰਮੇਸ਼ਨ ਲੈਣੀ ਹੈ। ਤੁਸੀ ਸਾਨੂੰ ਟਾਈਮ ਨਹੀਂ ਦਿੰਦੇ।

**ਸ੍ਰੀ ਡਿਪਟੀ ਸਪੀਕਰ** : ਨਹੀਂ ਜੀ, ਤੁਸੀਂ ਤਾਂ ਚੰਗੀ ਤਰ੍ਹਾਂ ਰੂਲਜ਼ ਨੂੰ ਜਾਣਦੇ ਹੋ।

**ਸਰਦਾਰ ਗੁਰਦਰਸ਼ਨ ਸਿੰਘ** : ਕੱਲ ਸੀ. ਐਮ. ਸਾਹਿਬ ਨੇ ਕਿਹਾ ਸੀ ਕਿ ਸਾਰੇ ਜ਼ਿਮੀਦਾਰਾਂ ਨੂੰ ਰਾਹਤ ਦੇਣੀ ਹੈ ਪਰ ਐਫ. ਐਮ. ਸਾਹਿਬ ਨੇ ਕਿਹਾ ਕਿ 7 ਏਕੜ ਤੱਕ ਦੇਣੀ ਹੈ, ਇਸ ਬਾਰੇ ਉਹ ਕਲੀਅਰ ਕਰ ਦੇਣ।

**ਸਰਦਾਰ ਕਿਰਪਾਲ ਸਿੰਘ** : ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ, ਸਰ।

**ਸ੍ਰੀ ਡਿਪਟੀ ਸਪੀਕਰ** : ਮੈਂ ਤੁਹਾਨੂੰ ਫਿਰ ਅੱਪਰਚੂਨਿਟੀ ਦਿਆਂਗਾ।

**ਸਰਦਾਰ ਗੁਰਦਰਸ਼ਨ ਸਿੰਘ** : ਸੀ. ਐਮ. ਸਾਹਿਬ ਨੇ ਕਿਹਾ ਸੀ ਕਿ ਅਸੀਂ ਸਾਰੇ ਜ਼ਿਮੀਂਦਾਰਾਂ ਨੂੰ ਰਾਹਤ ਦੇਣੀ ਹੈ ਪਰ ਐਫ.ਐਮ. ਸਾਹਿਬ ਨੇ ਕਿਹਾ ਹੈ ਕਿ 7 ਏਕੜ ਤੱਕ ਦੇਣੀ ਹੈ, ਇਸ ਬਾਰੇ ਇਹ ਕਲੀਅਰ ਕਰਨ।

**Mr. Deputy Speaker** : I am sorry.

**ਡਾਕਟਰ ਕੇਵਲ ਕ੍ਰਿਸ਼ਨ** : ਲਾਅ ਐਂਡ ਆਰਡਰ ਦੇ ਬਾਰੇ ਗੱਲ ਕੀਤੀ ਗਈ ਕਿ ਲਾਅ ਐਂਡ ਆਰਡਰ ਦੀ ਹਾਲਤ ਬਹੁਤ ਅੱਛੀ ਹੈ।

**ਸ੍ਰੀ ਡਿਪਟੀ ਸਪੀਕਰ** : ਨਹੀਂ ਜੀ। ਇਹ ਕੋਈ ਕੁਐਸ਼ਚਨ ਆਵਰ ਨਹੀਂ ਹੈ।

**ਡਾਕਟਰ ਕੇਵਲ ਕ੍ਰਿਸ਼ਨ** : ਅਜੇ ਟਾਈਮ ਬਹੁਤ ਪਿਆ ਹੈ। ਡੇਢ ਵਜੇ ਹਾਊਸ ਐਡਜਰਨ ਹੋਣਾ ਹੈ। ਮੈਨੂੰ ਇਕ ਇਨਫਰਮੇਸ਼ਨ ਲੈ ਲੈਣ ਦਿਓ।

**Mr. Deputy Speaker** : I am sorry. ਕਮ-ਅਜ਼-ਕਮ ਤੁਹਾਨੂੰ ਤਾਂ ਇਸ ਤਰ੍ਹਾਂ ਨਹੀਂ ਖੜੇ ਹੋਣਾ ਚਾਹੀਦਾ।

**ਡਾਕਟਰ ਕੇਵਲ ਕ੍ਰਿਸ਼ਨ** : ਮੈਂ ਲਾਅ ਐਂਡ ਆਰਡਰ ਦੇ ਬਾਰੇ ਇਨਫਰਮੇਸ਼ਨ ਲੈਣੀ ਚਾਹੁੰਦਾ ਹਾਂ। ਇਹ ਤਾਂ ਕਹਿੰਦੇ ਹਨ ਕਿ ਲਾਅ ਐਂਡ ਆਰਡਰ ਦੀ ਹਾਲਤ ਬਹੁਤ ਅੱਛੀ ਹੈ ਪਰ ਡਿਪਟੀ ਸਪੀਕਰ ਸਾਹਿਬ, 13 ਅਪ੍ਰੈਲ, ਨੂੰ ਕੁੱਝ ਬੰਦੇ ਮਰ ਗਏ। (ਵਿਘਨ)।

**Mr. Deputy Speaker** : I am sorry. Please take your seat.

**ਵਿੱਤ ਮੰਤਰੀ** : ਮਾਸਟਰ ਬਾਬੂ ਸਿੰਘ ਨੇ ਟਰਾਂਸਪੋਰਟ ਦੀ ਪਾਲਸੀ ਬਾਰੇ ਅਤੇ ਇੰਡਸਟਰੀਅਲ ਪਾਲਿਸੀ ਦੇ ਬਾਰੇ ਜ਼ਿਕਰ ਕੀਤਾ ਹੈ। ਮੈਨੂੰ ਬੜਾ ਅਫ਼ਸੋਸ ਹੈ ਕਿ ਉਹ ਸ਼ਾਇਦ ਸਦਨ ਦੀ ਕਾਰਵਾਈ ਨੂੰ ਸੁਣਦੇ ਨਹੀਂ ਹਨ। ਇੰਡਸਟਰੀਅਲ ਪਾਲਿਸੀ ਦੇ ਬਾਰੇ ਪਿਛਲੇ ਸੈਸ਼ਨ ਵਿਚ ਟੰਡਨ ਸਾਹਿਬ ਨੇ ਇਸ ਹਾਊਸ ਵਿਚ ਅਨਾਊਂਸ ਕੀਤਾ ਸੀ। ਮੈਂ ਹੈਰਾਨ ਹਾਂ ਕਿ ਇਨ੍ਹਾਂ ਦੇ ਨੋਟਿਸ ਵਿਚ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਇਹ ਚੀਜ਼ ਕਿਉਂ ਨਹੀਂ ਆਈ ? ਜਿਥੋਂ ਤੱਕ ਟ੍ਰਾਂਸਪੋਰਟ ਦੀ ਪਾਲਿਸੀ ਦਾ ਤੁਅੱਲਕ ਹੈ ਉਹ ਅਸੀਂ ਬਣਾ ਕੇ ਸੈਂਟਰਲ ਗੌਰਮਿੰਟ ਨੂੰ ਭੇਜੀ ਹੈ। ਉਨ੍ਹਾਂ ਦੀ ਮਨਜ਼ੂਰੀ ਦੀ ਲੋੜ ਹੈ। ਇਹੀ ਵਜ੍ਹਾ ਹੈ ਕਿ ਅਸੀਂ ਇਸ ਗੱਲ ਤੇ ਜ਼ੋਰ ਦਿੰਦੇ ਹਾਂ ਕਿ ਸੂਬਿਆਂ ਨੂੰ ਵੱਧ ਤਾਕਤਾਂ ਦਿੱਤੀਆਂ ਜਾਣ ਤਾਂਕਿ ਸਾਨੂੰ ਅਜਿਹੀਆਂ ਪਾਲਿਸੀਆਂ ਉਥੇ ਨਾ ਭੇਜਣੀਆਂ ਪੈਣ ਅਤੇ ਇਸ ਵਿਚ ਢਿੱਲ ਨਾ ਹੋ ਜਾਵੇ।

ਇਕ ਦੋਸਤ ਨੇ ਮਾਰਜਨਲ ਫਾਰਮਰਜ਼ ਦਾ ਜ਼ਿਕਰ ਕੀਤਾ ਹੈ। ਮੈਂ ਇਸ ਬਾਰੇ ਕਹਾਂਗਾ ਕਿ ਉਹ ਕੋਈ ਸਪੈਸਿਫਿਕ ਐਗਜ਼ੈਂਪਲ ਦੇਣ ਉਸ ਜ਼ਿਲ੍ਹੇ ਦੀ, ਉਸ ਦੇ ਮੁਤਾਬਿਕ ਅਸੀਂ ਦੇਖ ਲਵਾਂਗੇ।

**ਮਾਸਟਰ ਚੰਦ ਸਿੰਘ :** ਸੰਗਰੂਰ ਜ਼ਿਲ੍ਹੇ ਦਾ ਜ਼ਿਕਰ ਕੀਤਾ ਸੀ।

**ਵਿੱਤਮੰਤਰੀ** . ਉਸ ਬਾਰੇ ਦੇਖ ਲਵਾਂਗੇ। ਸਾਥੀ ਰੂਪ ਲਾਲ ਨੇ ਇਕ ਐਸੇ ਮਾਮਲੇ ਦਾ ਜ਼ਿਕਰ ਕੀਤਾ ਜੋ ਕਿ ਯੂਨੀਅਨ ਟੈਰੇਟਰੀ ਨਾਲ ਸਬੰਧਤ ਹੈ। ਉਨ੍ਹਾਂ ਨੇ ਕਿਹਾ ਕਿ ਸੀ. ਐਮ. ਦੇ ਘਰ ਸਿਪਾਹੀ ਨੂੰ ਮਾਰ ਦਿਤਾ ਗਿਆ। ਇਹ ਮਾਮਲਾ ਯੂਨੀਅਨ ਟੈਰੇਟਰੀ ਨਾਲ ਸਬੰਧਤ ਹੈ। ਫਲੱਡ ਦੇ ਬਾਰੇ ਕਿਹਾ ਗਿਆ ਕਿ ਸਾਰਿਆਂ ਨੂੰ ਰਿਲੀਫ ਨਹੀਂ ਮਿਲੀ। ਅੱਪ ਟੂ 7 ਏਕੜ ਫੈਸਲਾ ਕੀਤਾ ਹੈ ਅਤੇ ਇਸ ਬਾਰੇ ਮੈਂ ਪਹਿਲਾਂ ਹੀ ਦੱਸਿਆ ਹੈ।

**ਸਰਦਾਰ ਕਿਰਪਾਲ ਸਿੰਘ :** ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ, ਸਰ। (ਵਿਘਨ)।

**ਵਿੱਤ ਮੰਤਰੀ :** ਜਿਥੇ ਜਿਥੇ ਪੰਜਾਬ ਵਿਚ ਹੜ੍ਹ ਅਇਆ ਹੈ, ਜਿਥੇ ਜਿਥੇ ਨੁਕਸਾਨ ਹੋਇਆ ਹੈ, ਪੰਜਾਬ ਦੇ 12 ਜ਼ਿਲ੍ਹਿਆਂ ਵਿਚ ਹਰ ਥਾਂ ਤੇ ਰਿਲੀਫ ਮਿਲੇਗਾ।

**ਸਰਦਾਰ ਬੇਅੰਤ ਸਿੰਘ :** ਡਿਪਟੀ ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਕਿਉਂ ਨਹੀਂ ਦਿਤਾ ਗਿਆ ? (ਵਿਘਨ) ਮੇਰੇ ਸਵਾਲ ਦਾ ਜਵਾਬ ਨਹੀਂ ਆਇਆ ਜੀ। (ਵਿਘਨ)

**ਸਰਦਾਰ ਕਿਰਪਾਲ ਸਿੰਘ :** ਤੁਸੀਂ ਮੈਨੂੰ ਇਜਾਜ਼ਤ ਦਿਤੀ ਹੈ ਜੀ।

**ਸ੍ਰੀ ਡਿਪਟੀ ਸਪੀਕਰ :** ਸਰਦਾਰ ਬੇਅੰਤ ਸਿੰਘ ਜੀ, ਤੁਹਾਡੇ ਸਵਾਲ ਦਾ ਜਵਾਬ ਉਨ੍ਹਾਂ ਨੇ ਦੇ ਦਿਤਾ ਹੈ। Please take your seat.

**ਸਰਦਾਰ ਬੇਅੰਤ ਸਿੰਘ :** ਇਹ ਤਾਂ ਬੜਾ ਭਾਰੀ ਧੱਕਾ ਹੋਇਆ ਹੈ। ਮੈਨੂੰ ਜਵਾਬ ਦਿਵਾਓ ਜੀ। ਜੇ ਤੁਸੀਂ ਮੇਰੇ ਸਵਾਲ ਦਾ ਜਵਾਬ ਨਹੀਂ ਦੁਆਂਦੇ ਤਾਂ ਮੈਂ ਐਜ਼ ਏ ਪ੍ਰੋਟੈਸਟ ਵਾਕ ਆਊਟ ਕਰਦਾ ਹਾਂ।

**(ਇਸ ਵਕਤ ਮਾਨਯੋਗ ਮੈਂਬਰ ਸਰਦਾਰ ਬੇਅੰਤ ਸਿੰਘ ਜੀ ਆਪਣੀ ਸੀਟ ਤੋਂ ਉਠ ਕੇ ਜਾ ਰਹੇ ਸਨ ਪਰ ਮਾਨਯੋਗ ਲੀਡਰ ਆਫ ਦੀ ਆਪੋਜ਼ੀਸ਼ਨ ਉਨ੍ਹਾਂ ਨੂੰ ਵਾਪਸ ਆਪਣੀ ਸੀਟ ਤੇ ਲੈ ਆਏ)**

## PERSONAL EXPLANATION BY SARDAR KIRPAL SINGH

**ਸਰਦਾਰ ਕਿਰਪਾਲ ਸਿੰਘ :** ਡਿਪਟੀ ਸਪੀਕਰ ਸਾਹਿਬ, ਮੇਰੀ ਪ੍ਰਸਨਲ ਐਕਸਪਲੇਨੇਸ਼ਨ ਇਹ ਹੈ ਕਿ ਰੈਡ ਕਰਾਸ ਦੀ ਡੀਮਾਂਡ ਤੇ ਗਲ ਕਰਦਿਆਂ ਸ਼ਰਮਾ ਜੀ ਨੇ ਕਿਹਾ ਸੀ ਕਿ ਰੈਡ ਕਰਾਸ ਵਿਚੋਂ ਪੈਸਾ ਜੋ ਅਫ਼ਸਰਾਂ ਨੂੰ ਰਿਲੀਫ ਵਾਸਤੇ ਇਸਤੇਮਾਲ ਕਰਨਾ ਚਾਹੀਦਾ ਸੀ। ਉਹ ਇਸਤੇਮਾਲ ਕੀਤਾ ਗਿਆ ਹੈ ਕਾਰਾਂ ਦਿਵਾਉਣ ਲਈ ਜਾਂ ਥੈਲੀਆਂ ਵਾਸਤੇ ਇਸਤੇਮਾਲ ਕੀਤਾ ਗਿਆ ਹੈ। ਕਾਰ ਮੈਨੂੰ ਵੀ ਮਿਲੀ ਹੈ, ਥੈਲੀ ਵੀ ਭੇਟ ਕੀਤੀ ਗਈ ਹੈ । ਮੈਂ ਸ਼ਰਮਾ ਜੀ ਨੂੰ ਹੀ ਜੱਜ ਮੰਨ ਲੈਂਦਾ ਹਾਂ । ਇਹ

Original with;
Punjab Vidhan Sabha
Digitized by;
Panjab Digital Library

ਸਾਬਤ ਕਰ ਦੇਣ ਕਿ ਅੰਮ੍ਰਿਤਸਰ ਵਿਚ ਇਕ ਰੁਪਿਆ ਵੀ, ਲੱਖਾਂ ਰੁਪਏ ਨਹੀਂ ਸਿਰਫ ਇਕ ਰੁਪਿਆ ਵੀ ਕਿਸੇ ਅਫਸਰ ਦੇ ਰਾਹੀਂ ਜਾਂ ਕਿਸੇ ਪ੍ਰੋਫੈਸਰ ਜਾਂ ਕਿਸੇ ਤਰ੍ਹਾਂ ਵੀ ਲਿਆ ਹੈ। (ਥੰਪਿੰਗ) (ਵਿਘਨ)

**ਸਰਦਾਰ ਗੁਰਦਰਸ਼ਨ ਸਿੰਘ** : ਸਰਦਾਰ ਕਿਰਪਾਲ ਸਿੰਘ ਦਾ ਤਾਂ ਨਾਮ ਹੀ ਕਿਸੇ ਨੇ ਨਹੀਂ ਲਿਆ। ਇਨ੍ਹਾਂ ਦੀ ਤਾਂ ਕੋਈ ਗਲ ਨਹੀਂ ਹੋਈ। ਪਰਸਨਲ ਐਕਸਪਲੇਨੇਸ਼ਨ ਇਨ੍ਹਾਂ ਦੀ ਕਿਸ ਤਰ੍ਹਾਂ ਬਣ ਗਈ ? ਚੋਰ ਦੀ ਦਾੜ੍ਹੀ ਵਿਚ ਤਿਣਕਾ। (ਵਿਘਨ)

---

## DISCUSSION AND VOTING OF THE DEMANDS FOR SUPPLEMENTRY GRANTS (*Resumption*)

**Chaudhri Bal Ram :** Mr. Deputy Speaker, Sardar Beant Singh has a specific question and he wants an answer of that question. You have said that the Finance Minister has already answered that question, but actually reply of that question has not yet come.

**Mr. Deputy Speaker :** You will agree with me that this is not a question hour. It is upto the Minister to give a reply.

(*Interruption and Noise in the House*)

### Demand No. 1

**Mr. Deputy Speaker :** Question is—

That a supplementary sum not exceeding Rs. 3,00,000 be granted to the Governor to defray the charges that will come in course of payment for the year ending 31st March, 1979, in respect of State Legislature.

*The motion was carried.*

### Demand No. 5

**Mr. Deputy Speaker :** Question is—

That a supplementary sum not exceeding Rs. 1,50,00,000 be granted to the Governor to defray the charges that will come in course of payment for the year ending 31st March, 1979 in respect of Revenue.

*The motion was carried.*

### Demand No. 6

**Mr. Deputy Speaker :** Question is—

That a supplementary sum not exceeding Rs. 4,50,000 be granted to the Governor to defray the charges that will come in course of payment for the year ending 31st March, 1979 in respect of Excise and Taxation.

*The motion was carried*

### Demand No. 13

**Mr. Deputy Speaker :** Question is—

That a supplementary sum not exceeding Rs. 8.16,000 be granted to the Governor to defray the charges that will come in course of payment for the year ending 31st March, 1979, in respect of Miscellaneous Services.

*The motion was carried.*

Original with;
Punjab Vidhan Sabha
Digitized by;
Panjab Digital Library

**Demand No. 17**

**Mr. Deputy Speaker :** Question is—

That a supplementary sum not exceeding Rs. 1,30,00,000 be granted to the Governor to defray the charges that will come in course of payment for the year ending 3st March, 1979 in respect of Medical and Public Health.

*The motion was carried.*

**Demand No. 18**

**Mr. Deputy Speaker :** Question is—

That a supplementary sum not exceeding Rs. 40,54,000 be granted to the Governor to defray the charges that will come in course of payment for the year ending 31st March, 1979 in respect of Housing and Urban Development.—

*The motion was carried.*

**Demand No. 19**

**Mr. Deputy Speaker :** Question is—

That a supplementary sum not exceeding Rs. 5,00,000 be granted to the Governor to defray the charges that will come in course of payment for the year ending 31st March, 1979 in respect of Information and Publicity.

*The motion was carried.*

**Demand No. 31**

**Mr. Deputy Speaker :** Question is—

That a supplementary sum not exceedng Rs. 1,50,000 be granted to the Governor to defray the charges that will come in course of payment for the year ending 31st March, 1979 in respect of Forest.

*The motion was carried.*

**Demand No. 32**

**Mr. Deputy Speaker :** Question is—

That a supplementary sum not exceeding Rs. 45,00,000 be granted to the Governor to defray the charges that will come in course of payent for the year ending 31st1 March, 1979 in respect of Community Development

*The motion was carried.*

**Demand No. 33**

**Mr. Deputy Speaker :** Question is—

That a supplementary sum not exceeding Rs. 5,00,000 be granted to the Governor to defray the charges that will come in course of payment for the year ending 31st March, 1979 in respect of Industries

*The motion was carried.*

Original with;
Punjab Vidhan Sabha
Digitized by;
Panjab Digital Library

**Demand No. 39**

**Mr. Deputy Speaker :** Question is—

That a supplementary sum not exceeding Rs 27,25,000 be granted to the Governor to defray the charges that will come in course of payment for the year ending 31s March 1979 in respect of Buildings.

*The motion was carried.*

**Demand No. 40**

**Mr. Deputy Speaker :** Question is—

That a supplementary sum not exceeding Rs. 3,00,000 be granted to the Governor to defray the charges that will come in course of payment for the year ending 31st March, 1979 in respect of Loans and Advances by the State Government.

*The motion was carried.*

**Mr. Deputy Speaker :** The House stands adjourned till 9.00 A.M. on Wednesday, the 13th September, 1978.

*(The Sabha then *adjourned till* 9.00 *A.M. on Wednesday, the* 13*th September*, 1978)

*12.46 p.m.

---

34347 PVS—Govt. Press, (U.T,) Chd.

Originally with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

© 1979

Published under the authority of Punjab Vidhan Sabha Secretariat and Printed by the Controller, Government Press, Chandigarh.

Original with;
Punjab Vidhan Sabha
Digitized by;
Panjab Digital Library

S.P.
33

# Punjab Vidhan Sabha Debates

*13th September, 1978*

(*Forenoon Sitting*)

Vol. III—No. 7

## OFFICIAL REPORT

CONTENTS

*Wednesday, the 13th September*, 1978

(*Forenoon Sitting*)

| | | Page |
|---|---|---|
| Starred Questions and Answers | .. | (7)1 |
| Supplementaries on Starred Question No. 700 | .. | (7)2 |
| Starred Questions and Answers (*Resumption*) | .. | (7)5 |
| Written Answers to Starred Questions Laid on the Table of the House under Rule 38 | .. | (7)25 |
| Unstarred Questions and Answers | .. | (7)36 |
| Points of Order re-Adjournment Motion | .. | (7)46 |
| Statement by the Chief Minister | .. | (7)47 |

Punjab Vidhan Sabha Secretariat, Chandigarh.

**Price : Rs 32.50**

Original with:
Punjab Vidhan Sabha
Digitized by:
Panjab Digital Library

Walk-out .. (7)51

Call Attention Notices under Rule 66 .. (7)52

First Report of the Business Advisory Committee .. (7)58

Legislative Business ..

Bill

The Punjab Appropriation (No. 4)—, 1978 .. (7)59

Squatting by Shri Chaman Lal (7)76

Bill

The Punjab Appropriation (No. 4)—, 1978 (*Resumption of discussion*) .. (7)77

Personal Explanation by Sardar Beant Singh .. (7)81

Bill

The Punjab Appropriation (No. 4)—, 1978 (*Resumption of discussion*) .. (7)83

Personal Explanation by Sardar Gurdarshan Singh .. (7)89

Bill ..

The Punjab Appropriation (No. 4)—, 1978 (*Resumption of discussion*) .. (7)90

Appendix .. (i)


Original with;
Punjab Vidhan Sabha
Digitized by;
Panjab Digital Library

# ERRATA
to
# PUNJAB VIDHAN SABHA DEBATES

DATED 13TH SEPTEMBER, 1978
(FORENOON SITTING)

VOL. III- No. 7

| Read | For | Page | Line |
|---|---|---|---|
| ਪ੍ਰੈਸ | ਪ੍ਰੈਸ | (7)4 | 4 |
| ਇਰੈਡੀਕੇਸ਼ਨ | ਇਰੈਡੀਏਸ਼ਨ | (7)14 | 14th from below |
| ਆਰੰਭੀ ਗਈ | ਆਰੰਭੀ | (7)31 | 3rd line in column 5. |
| Sardar Gurdarshan Singh | Sardar Gurdarhan Singh | (7)52 | 1 |
| ਕਾਮਰੇਡ ਦਰਸ਼ਨ ਸਿੰਘ ਕਨੇਡੀਅਨ | ਕਾਮਰੇਡ ਦਰਸ਼ਨ ਸਿੰਘ ਘਨੇਡੀਅਨ | (7)56 | 4 |
| Question is | Questions is | (7) 58 | 4th from below. |
| सरदार गुरदर्शन सिंह | सरदार गरदर्शन सिंह | (7)83 | 3 |
| ਗਿਆਨੀ ਕੁੰਦਨ ਸਿੰਘ ਪਤੰਗ | ਗਿਆਨੀ ਕੰਦਨ ਸਿੰਘ ਪਤੰਗ | (7)93 | 2 |

Original with;
Punjab Vidhan Sabha
Digitized by;
Panjab Digital Library

Orig
Pun
Dig
Pan

## PUNJAB VIDHAN SABHA

*Wednesday, the 13th September, 1978*
*(Forenoon Sitting)*

*The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Sardar Ravi Inder Singh) in the Chair*

---

## STARRED QUESTIONS AND ANSWERS

ਨਿਸ਼ਾਨ ਵਾਲਾ ਪ੍ਰਸ਼ਨ ਨੰ : **767**

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ।)

**ਸ਼੍ਰੀ ਸਪੀਕਰ**: ਅਗਲਾ ਸਵਾਲ ਸਰਦਾਰ ਗੁਰਦਿਆਲ ਸਿੰਘ ਜੀ।

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਕੱਲ੍ਹ ਵਾਲਾ ਸਵਾਲ ਟੇਕ ਅੱਪ ਕਰਨਾ ਸੀ ਜੀ।

**ਸ਼੍ਰੀ ਸਪੀਕਰ**: ਉਹ ਵੀ ਕਰ ਲਵਾਂਗੇ। ਮੈਂ ਸਰਦਾਰ ਗੁਰਦਿਆਲ ਸਿੰਘ ਜੀ ਨੂੰ ਕਾਲ ਅਪਾਨ ਕਰ ਚੁੱਕਾ ਹਾਂ।

---

### Demarcation of Plots in the new mandi Sunam

***775 Sardar Gurdial Singh** : Will the Minister for Revenue be pleased to state the reasons for cancellation of the notification for the demarcation of plots in the new Sunam Mandi (district Sangrur) under construction and the reasons for which a fresh notification in this regard has not been issued ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** (ਮੁੱਖ ਮੰਤਰੀ): ਨਵੀਂ ਮੰਡੀ ਸੁਨਾਮ ਵਿਖੇ ਪਲਾਟਾਂ ਦੀ ਨਿਸ਼ਾਂਨਦੇਹੀ ਲਈ ਕੋਈ ਨੋਟੀਫੀਕੇਸ਼ਨ ਸਰਕਾਰ ਵਲੋਂ ਜਾਰੀ ਨਹੀਂ ਕਰਵਾਇਆ ਗਿਆ। ਇਸ ਲਈ ਨੋਟੀਫੀਕੇਸ਼ਨ ਦੇ ਰੱਦ ਹੋਣ ਅਤੇ ਨਵੇਂ ਨੋਟੀਫੀਕੇਸ਼ਨ ਜਾਰੀ ਕਰਨ ਦਾ ਕੋਈ ਸਵਾਲ ਪੈਦਾ ਨਹੀਂ ਹੁੰਦਾ। ਅਜਿਹੇ ਨੋਟੀਫੀਕੇਸ਼ਨ ਜਾਰੀ ਕਰਨ ਦੀ ਕਾਨੂੰਨੀ ਤੌਰ ਤੇ ਕੋਈ ਲੋੜ ਨਹੀਂ ਹੈ।

**ਸਰਦਾਰ ਗੁਰਦਿਆਲ ਸਿੰਘ**: ਸਪੀਕਰ ਸਾਹਿਬ, ਇਹ ਪਲਾਟਾਂ ਦਾ ਨੋਟੀਫੀਕੇਸ਼ਨ ਪਤਾ ਨਹੀਂ ਕਿਸ ਤਰ੍ਹਾਂ ਹੋ ਗਿਆ, ਮੈਂ ਤਾਂ ਪੁੱਛਿਆ ਸੀ ਕਿ ਸੁਨਾਮ ਮੰਡੀ ਵਿਚ ਜ਼ਮੀਨ ਐਕੁਆਇਰ ਹੋਈ। ਸਰਕਾਰ ਨੇ ਲੱਖਾਂ ਰੁਪਏ ਖਰਚ ਕੀਤੇ ਔਰ ਪਲਾਟਾਂ ਦੀ ਨੀਲਾਮੀ ਵੀ ਹੋ ਗਈ। ਉਥੇ ਕੁਝ ਆਦਮੀ ਅਨ-ਆਥੋਰਾਈਜ਼ਡ ਬੈਠੇ ਸਨ ਉਸ ਜ਼ਮੀਨ ਤੇ, ਉਨ੍ਹਾਂ ਨੇ ਰਿੱਟ ਕਰ ਦਿਤੀ ਔਰ ਉਹ ਰਿੱਟ ਸਰਕਾਰ ਦੇ ਖਿਲਾਫ ਗਈ ਕਿਉਂਕਿ ਜਨਰਲ ਐਡਵੋਕੇਟ ਦੇ ਆਦਮੀ ਪੈਰਵੀ ਲਈ ਕੋਰਟ ਵਿਚ ਪੇਸ਼ ਨਹੀਂ ਹੋਏ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਐਡਵੋਕੇਟ ਜਨਰਲ ਦੇ ਅਮਲੇ ਤੋਂ ਇਹ ਪੜਤਾਲ ਕੀਤੀ ਜਾਏਗੀ ਅਤੇ ਜਿਸ ਦਾ ਕਸੂਰ ਹੋਇਆ ਕੀ ਉਸਨੂੰ ਸਜ਼ਾ ਦਿੱਤੀ ਜਾਵੇਗੀ ?

*Original with;*
Punjab Vidhan Sabha
*Digitized by;*
Panjab Digital Library

**ਮੁੱਖ ਮੰਤਰੀ :** ਸਪੀਕਰ ਸਾਹਿਬ, ਇਹ ਜੋ ਰਿੱਟ ਕੀਤੀ ਗਈ ਸੀ ਸਰਕਾਰ ਦੇ ਨੋਟੀ-ਫਿਕੇਸ਼ਨ ਦੇ ਖ਼ਿਲਾਫ਼ ਉਹ ਰਿੱਟ ਸਰਕਾਰ ਦੇ ਖ਼ਿਲਾਫ਼ ਹੋ ਗਈ ਸੀ । ਹੁਣ ਸਰਕਾਰ ਨੇ ਫਿਰ ਐਲ. ਪੀ. ਆਰ. ਕਰ ਦਿੱਤੀ ਹੈ ਔਰ ਸਟੇ ਆਰਡਰ ਲੈ ਲਿਆ ਹੈ ।

**ਸਰਦਾਰ ਗੁਰਦਿਆਲ ਸਿੰਘ :** ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸੁਨਾਮ ਮੰਡੀ ਵਿਚ 11 ਲੱਖ ਰੁਪਏ ਦਾ ਅਰਥ ਵਰਕ ਹੋਇਆ ਹੈ ਔਰ ਉਸ ਵਿਚ ਜੋ ਟੈਂਡਰ ਆਏ, ਮਾਰਕਿਟ ਕਮੇਟੀ ਨੇ 14 ਰੁਪਏ ਤੇ ਕਰਵਾਇਆ ਆਪਣੇ ਹਿੱਸੇ ਵਿਚ। ਪਰ ਜਦੋਂ ਸਰਕਾਰੀ ਤੌਰ ਤੇ ਅਰਥ ਵਰਕ ਲਈ ਟੈਂਡਰ ਆਏ ਤਾਂ ਉਸ ਵੇਲੇ 14 ਰੁਪਏ ਵਾਲਾ ਰੱਦ ਕਰ ਦਿੱਤਾ ਅਤੇ 79 ਰੁਪਏ ਵਾਲਾ ਟੈਂਡਰ ਮਨਜ਼ੂਰ ਕਰਵਾ ਲਿਆ ਗਿਆ। ਇਸ ਦੀਆਂ ਲਿਖਤੀ ਤੌਰ ਤੇ ਮੁੱਖ ਮੰਤਰੀ ਜੀ ਨੂੰ ਸ਼ਿਕਾਇਤਾਂ ਆਈਆਂ। ਦੱਸਿਆ ਜਾਂਦਾ ਹੈ ਕਿ ਉਸ ਵਿਚ ਕਿਸੇ ਐਮ. ਐਲ. ਏ. ਦਾ ਹੱਥ ਹੈ। ਕੀ ਇਸ ਚੀਜ਼ ਦੀ ਇਨਕੁਆਇਰੀ ਹੋਈ ਅਤੇ ਜੋ ਉਸ ਦੇ ਨਤੀਜੇ ਨਿਕਲੇ ਕੀ ਉਹ ਸਦਨ ਦੀ ਮੇਜ਼ ਤੇ ਰੱਖਣਗੇ ?

**ਮੁੱਖ ਮੰਤਰੀ :** ਇਸ ਲਈ ਸੈਪਰੇਟ ਨੋਟਿਸ ਦੇ ਦੇਣ, ਪਤਾ ਨਹੀਂ ਕਿਸ ਕਿਸਮ ਦੀ ਇਨਕੁਆਇਰੀ ਹੋਈ, ਇਹ ਇਸ ਵੇਲੇ ਮੇਰੇ ਨੋਟਿਸ ਵਿਚ ਨਹੀਂ ।

## SUPPLEMENTARIES ON STARRED QUESTION NO. 700* APPEARING IN THE LIST OF STARRED QUESTIONS FOR 12TH SEPTEMBER, 1978.

**ਸ੍ਰੀ ਸਪੀਕਰ :** ਹੁਣ ਸਟਾਰਡ ਕੁਐਸਚਨ ਨੰ : 700 ਤੇ ਸਪਲੀਮੈਂਟਰੀਜ਼ ਹੋਣਗੀਆਂ।

**ਸਰਦਾਰ ਦਲੀਪ ਸਿੰਘ ਪਾਂਧੀ :** ਕੀ ਮੰਤਰੀ ਸਾਹਿਬ ਕਿਰਪਾ ਕਰਕੇ ਦੱਸਣਗੇ ਕਿ ਕਿਨ੍ਹਾਂ ਕਿਨ੍ਹਾਂ 5 ਬੰਦਿਆਂ ਨੇ ਮੈਮੋਰੰਡਮ ਦਿੱਤਾ ਅਤੇ ਕੀ ਉਹ ਕਿਸੇ ਐਸੋਸੀਏਸ਼ਨ ਵੱਲੋਂ ਤਾਂ ਨਹੀਂ ਸੀ, ਕੀ ਉਨ੍ਹਾਂ ਦਾ ਸਬੰਧ ਸੀ. ਪੀ. ਆਈ. ਨਾਲ ਹੈ ? ਕੀ ਇਹ ਸੱਚ ਹੈ ਕਿ ਉਨ੍ਹਾਂ ਪ੍ਰੈਸ ਵਾਲਿਆਂ ਨੇ ਪਬਲਿਕ ਰਿਲੇਸ਼ਨਜ਼ ਡਿਪਾਰਟਮੈਂਟ ਵਾਲਿਆਂ ਤੋਂ ਸ਼ਰਾਬ ਮੰਗੀ, ਕਿਉਂਕਿ ਪਿਛਲੀ ਸਰਕਾਰ ਦੀ ਜੋ ਪ੍ਰੈਕਟਿਸ ਰਹੀ ਹੈ ਇਨ੍ਹਾਂ ਨੂੰ ਸ਼ਰਾਬ ਪਿਲਾ ਕੇ ਉਲਟ ਪੁਲਟ ਖਬਰਾਂ ਛਪਵਾ ਲੈਂਦੇ ਸਨ ਅਤੇ ਅਫਸਰਾਂ ਨੇ ਉਨ੍ਹਾਂ ਦੀ ਇਹ ਮੰਗ ਮਨਜ਼ੂਰ ਨਾ ਕੀਤੀ, ਅਤੇ ਕੀ ਕੋਈ ਪ੍ਰਾਈਮੈਰਿਲੀ ਇਨ-ਕੁਆਇਰੀ ਹੋਈ; ਇਨ੍ਹਾਂ ਗੱਲਾਂ ਬਾਰੇ ਦੱਸਿਆ ਜਾਵੇ, ਕਿਉਂਕਿ ਇਸ ਵਿਚ ਸਰਕਾਰ ਬਦਨਾਮ ਹੋਈ ਹੈ ?

**ਵਿਕਾਸ ਮੰਤਰੀ** (ਸਰਦਾਰ ਆਤਮਾ ਸਿੰਘ) : ਸਪੀਕਰ ਸਾਹਿਬ, ਜਿੱਥੋਂ ਤੱਕ ਸ਼ਰਾਬ ਮੰਗਣ ਦਾ ਜਾਂ ਦੇਣ ਦਾ ਸੁਆਲ ਹੈ, ਇਨਕੁਆਇਰੀ ਚੱਲ ਰਹੀ ਹੈ ਉਸ ਤੋਂ ਬਾਅਦ ਪਤਾ ਲੱਗ ਸਕਦਾ ਹੈ, ਇਹ ਨਹੀਂ ਦੱਸਿਆ ਗਿਆ ਕਿ ਕਿਸ ਪਾਰਟੀ ਦੇ ਨਾਲ ਸਬੰਧ ਹੈ, ਬਹਿਰਹਾਲ ਜਿਨ੍ਹਾਂ 5 ਸੱਜਣਾਂ ਦੇ ਮੈਮੋਰੰਡਮ ਤੇ ਨਾਂ ਹਨ ਉਨ੍ਹਾਂ ਦੇ ਨਾਂ ਇਹ ਹਨ : ਸ੍ਰੀ ਐਸ. ਐਸ. ਬੈਨੀਆਲ, ਹਿੰਦੁਸਤਾਨ ਟਾਈਮਜ਼ ਕਾਰਸਪੌਂਡੈਂਟ, ਸ੍ਰੀ ਗੋਬਿੰਦ ਠਕੁਰਾਲ, ਕਾਰਸਪੌਂਡੈਂਟ, ਇੰਡੀਅਨ ਐਕਸਪ੍ਰੈਸ, ਸ੍ਰੀ ਐਸ. ਸੌਕੀਨ, ਸਟਾਫ ਕਾਰਸਪੌਂਡੈਂਟ ਪੈਟਰੀਆਟ, ਸ੍ਰੀ ਆਰ. ਐਲ. ਸੇਠ, ਕਾਰਸਪੌਂਡੈਂਟ, ਨਵ ਭਾਰਤ ਟਾਈਮਜ਼ ਅਤੇ ਸ੍ਰੀ ਐਸ. ਖੋਸਲਾ, ਕਾਰਸਪੌਂਡੈਂਟ, ਇਕਨਾਮਿਕ ਟਾਈਮਜ਼/ਬਲਿਟਜ਼। ਇਹ ਜੋ ਮੈਮੋਰੰਡਮ ਆਇਆ ਕਿਸੇ ਐਸੋਸੀਏਸ਼ਨ ਵਲੋਂ ਨਹੀਂ ਬਲਕਿ ਇਨ੍ਹਾਂ 5 ਸੱਜਣਾਂ ਵਲੋਂ ਆਇਆ ਹੈ ।

---

*For Starred Quesion No. 700 and reply thereto, please see Debate dated 12th September, 1978.

Original with;
Punjab Vidhan Sabha
Digitized by;
Panjab Digital Library

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਦੋਨੋਂ ਮਹਾਂ ਪੁਰਸ਼ ਹਨ ਸ੍ਰੀ ਗਿੱਲ ਅਤੇ ਸ੍ਰੀ ਭਾਟੀਆ, ਜਿਹੜੇ ਪ੍ਰੈਸ ਪਾਰਟੀ ਨੂੰ ਲੈ ਕੇ ਗਏ, ਉਹ ਆਪਣੀਆਂ ਧਰਮ-ਪਤਨੀਆਂ ਨੂੰ ਵੀ ਨਾਲ ਲੈ ਕੇ ਗਏ ਅਤੇ ਬਾਅਦ ਵਿਚ ਵਾਪਸ ਘਰ ਛੱਡਣ ਲਈ ਸਪੈਸ਼ਲ ਜੀਪਾਂ ਗਈਆਂ। ਮੈਂ ਪੁੱਛਦਾ ਹਾਂ ਆਇਆ ਇਹ ਗੱਲ ਦਰੁਸਤ ਹੈ ?

**ਮੰਤਰੀ** : ਸਪੀਕਰ ਸਾਹਿਬ, ਇਸ ਬਾਰੇ ਮੇਰੇ ਪਾਸ ਇਤਲਾਹ ਨਹੀਂ, ਇਹ ਨੋਟਿਸ ਦੇ ਦੇਣ ਮੈਂ ਪਤਾ ਕਰਕੇ ਦੱਸ ਦਿਆਂਗਾ।

**ਸਰਦਾਰ ਗੁਰਦਰਸ਼ਨ ਸਿੰਘ** : ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਦੱਸਿਆ ਹੈ ਕਿ 726 ਰੁਪਏ ਖਰਚ ਆਏ। ਮੈਂ ਪੁੱਛਦਾ ਹਾਂ ਕਿ ਕੀ ਉਸ ਦਾ ਬਰੇਕ ਅੱਪ ਦੇਣਗੇ ?

**ਮੰਤਰੀ** : ਇਸ ਬਾਰੇ ਨੋਟਿਸ ਦੇ ਦੇਣ, ਮੈਂ ਦੱਸ ਦਿਆਂਗਾ।

**ਕਾਮਰੇਡ ਸੱਤ ਪਾਲ ਡਾਂਗ** : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਇਹ ਜਿਹੜਾ ਮੈਮੋਰੰਡਮ ਹੈ ਇਹ ਕਿਸੇ ਇੰਡੀਵਿਜੁਅੱਲ ਵਲੋਂ ਨਹੀਂ ਬਲਕਿ ਚੰਡੀਗੜ੍ਹ ਪ੍ਰੈਸ ਐਸੋਸੀਏਸ਼ਨ ਵਲੋਂ ਹੈ ? ਕੀ ਮਨਿਸਟਰ ਸਾਹਿਬ ਇਹ ਵੀ ਦੱਸਣਗੇ ਕਿ ਕੀ ਇਹ ਹਕੀਕਤ ਹੈ ਕਿ ਇਹ ਜਿਹੜੇ ਅਫ਼ਸਰ ਸਾਹਿਬਾਨ ਇਨ੍ਹਾਂ ਨੂੰ ਲੈ ਕੇ ਗਏ ਉਹ ਆਪ ਉਥੇ ਏਅਰ ਕੰਡੀਸ਼ਨ ਕਮਰਿਆਂ ਵਿਚ ਠਹਿਰੇ ਅਤੇ ਉਨ੍ਹਾਂ ਨੂੰ ਮਾੜੀ ਥਾਂ ਤੇ ਠਹਿਰਾਇਆ ? ਨਾਲ ਹੀ ਐਮਰਜੈਂਸੀ ਦੇ ਦੌਰਾਨ ਇਨ੍ਹਾਂ ਅਫ਼ਸਰਾਂ ਨੇ ਸਿਰਫ ਮੈਂਬਰਾਂ ਨਾਲ ਹੀ ਧੱਕਾ ਨਹੀਂ ਸੀ ਕੀਤਾ ਬਲਕਿ ਇਹ ਜਿਹੜੇ ਪ੍ਰੈਸ ਕਾਰਸਪੌਂਡੈਂਟ ਸਨ ਉਨ੍ਹਾਂ ਨੂੰ ਵੀ ਹੈਰਾਸ ਕਰਨ ਦੀ ਕੋਸ਼ਿਸ਼ ਕੀਤੀ ਅਤੇ ਉਥੋਂ ਹਟਾਉਣ ਦੀ ਕੋਸ਼ਿਸ਼ ਕੀਤੀ। ਬਾਅਦ ਵਿਚ ਇਨਕੁਆਇਰੀ ਦੇ ਆਰਡਰ ਹੋਏ ਅਤੇ ਇਨਕੁਆਇਰੀ ਉਨ੍ਹਾਂ ਦੇ ਖ਼ਿਲਾਫ਼ ਨਹੀਂ ਗਈ ਇਨ੍ਹਾਂ ਦੇ ਜਿਹੜੇ ਗਲਤ ਆਰਡਰ ਹੋਏ ਸਨ, ਉਹ ਕੈਂਸਲ ਹੋਏ।

**ਮੰਤਰੀ** : ਸਪੀਕਰ ਸਾਹਿਬ, ਜਿਹੜੀ ਮੇਰੇ ਕੋਲ ਕਾਪੀ ਹੈ, ਜਿਸ ਵਿਚ ਉਨ੍ਹਾਂ ਦੇ ਨਾਂ ਦਰਜ ਹਨ ਉਸ ਵਿਚ ਪ੍ਰੈਸ ਐਸੋਸੀਏਸ਼ਨ ਦਾ ਜ਼ਿਕਰ ਨਹੀਂ ਕੀਤਾ ਗਿਆ, ਕੇਵਲ ਇੰਡੀਵਿਜੁਅਲ 5 ਸਾਈਨ ਕੀਤੇ ਗਏ ਹਨ। ਦੂਸਰੀ ਜਿਹੜੀ ਐਮਰਜੈਂਸੀ ਵਾਲੀ ਗਲਤੀ ਵਾਲੀ ਗੱਲ ਹੈ ਉਹ ਡਾਂਗ ਸਾਹਿਬ ਹੋਰਾਂ ਨੇ ਕੀਤੀ ਹੈ, ਔਰ ਪੁੱਛਦੇ ਮੇਰੇ ਕੋਲੋਂ ਹਨ। ਜਿਥੋਂ ਤਕ ਰਿਹਾਇਸ਼ ਦਾ ਤੁਅੱਲਕ ਹੈ, ਜਿਹੜਾ ਹੋਸਟਲ ਲਿਆ ਸੀ ਉਸ ਵਿਚ 5 ਕਮਰੇ ਸਨ, ਜਿਨ੍ਹਾਂ ਵਿਚੋਂ 4 ਪ੍ਰੈਸ ਵਾਲਿਆਂ ਨੂੰ ਦਿਤੇ ਗਏ ਅਤੇ ਇਕ ਡੀ.ਪੀ. ਆਰ. ਓ. ਕੋਲ ਸੀ ਅਤੇ ਜਿਹੜੇ ਬਾਕੀ ਅਫਸਰ ਸਨ, ਉਹ ਕਿਸੇ ਹੋਰ ਅਫ਼ਸਰਾਂ ਕੋਲ ਜਾਂ ਕੇ ਠਹਿਰੇ ਸਨ।

**ਸਾਥੀ ਰੂਪ ਲਾਲ** : ਕੀ ਵਜ਼ੀਰ ਸਾਹਿਬ ਇਹ ਦੱਸਣਗੇ ਕਿ ਇਹ ਜਿਹੜੇ ਅਫ਼ਸਰ ਹਨ ਇਹ ਉਹ ਹਨ ਜਿਹੜੇ ਕਾਂਗਰਸ ਰਾਜ ਵਿਚ ਜਲੰਧਰ ਔਰ ਚੰਡੀਗੜ੍ਹ ਵਿਚ ਐਮਰਜੈਂਸੀ ਦੇ ਦੌਰਾਨ ਖਬਰਾਂ ਦੀ ਪੜਤਾਲ ਕਰਦੇ ਰਹੇ ਔਰ ਵਿੰਗੇ ਟੇਢੇ ਸੁਆਲ ਕਰਕੇ ਖਬਰਾਂ ਖਰਾਬ ਕਰਦੇ ਰਹੇ ਅਤੇ ਇਨ੍ਹਾਂ ਨੂੰ 10 ਮਹੀਨਿਆਂ ਵਿਚ 3 ਇੰਕਰੀਮੈਂਟਸ ਕਾਂਗਰਸ ਸਰਕਾਰ ਨੇ ਦਿੱਤੀਆਂ ਸਨ ?

**ਮੰਤਰੀ** : ਇਸ ਵਿਚ ਇਹ ਨਹੀਂ ਪੁੱਛਿਆ ਗਿਆ ਸੀ।

Original with;
Punjab Vidhan Sabha
Digitized by;
Panjab Digital Library

**ਸਰਦਾਰ ਕਿਰਪਾਲ ਸਿੰਘ :** ਸਪੀਕਰ ਸਾਹਿਬ, ਇਹ ਤਾਂ ਇਨ੍ਹਾਂ ਨੇ ਦੱਸ ਹੀ ਦਿੱਤਾ ਹੈ ਕਿ ਉਹ ਮੈਮੋਰੰਡਮ ਪ੍ਰੈਸ ਐਸੋਸੀਏਸ਼ਨ ਵੱਲੋਂ ਨਹੀਂ ਸੀ, ਪਰ ਮੈਂ ਇਨ੍ਹਾਂ ਕੋਲੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਜਵਾਬ ਇਨ੍ਹਾਂ ਨੂੰ ਦਿੱਤਾ ਗਿਆ ਹੈ ਕੀ ਉਹ ਹਾਊਸ ਦੀ ਮੇਜ਼ ਤੇ ਰਖਣ ਲਈ ਤਿਆਰ ਹਨ ? ਨੰਬਰ ਦੋ ਮੈਂ ਪ੍ਰੈਸ ਦੇ ਨੁਮਾਇੰਦਿਆਂ ਦੀ ਇਜ਼ਤ ਕਰਦਾ ਹਾਂ, ਪਰ ਉਨ੍ਹਾਂ ਵਿਚੋਂ ਜੇ ਕਿਸੇ ਨੇ ਮੌਕੇ ਤੇ ਸ਼ਰਾਬ ਮੰਗੀ, ਤਾਂ ਉਨ੍ਹਾਂ ਵਿਚੋਂ ਕਿਸ ਨੇ ਮੰਗੀ........

"ਆਏ ਕੁਛ ਅਬਰ ਕੁਛ ਸ਼ਰਾਬ ਆਏ,
ਇਸ ਕੇ ਬਾਅਦ ਆਏ ਜੋ ਅਜ਼ਾਬ ਆਏ"

ਹੁਣ ਜ਼ਮਾਨਾ ਬਦਲ ਗਿਆ ਹੈ ਔਰ ਇਹ ਜਿਹੜੇ ਮਨਿਸਟਰ ਸਾਹਿਬ ਹਨ ਇਹ ਸ਼ਰਾਬ ਦੇ ਖ਼ਿਲਾਫ਼ ਹਨ। (ਵਿਘਨ) ਸੁਆਲ ਤਾਂ ਮੈਂ ਪਹਿਲੋਂ ਕਰ ਦਿੱਤਾ ਹੈ ਕਿ ਇਨ੍ਹਾਂ ਨੇ ਜਿਹੜਾ ਮੈਮੋਰੰਡਮ ਦਾ ਜਵਾਬ ਦਿੱਤਾ ਹੈ ਕੀ ਉਹ ਹਾਊਸ ਦੀ ਮੇਜ਼ ਤੇ ਰੱਖਣਗੇ ?

**ਮੰਤਰੀ :** ਸਪੀਕਰ ਸਾਹਿਬ, ਡੀ. ਸੀ. ਗੁਰਦਾਸਪੁਰ ਇਸ ਮਾਮਲੇ ਦੀ ਇਨਕੁਆਇਰੀ ਕਰ ਰਿਹਾ ਹੈ ਜੇ ਇਨਕੁਆਇਰੀ ਆ ਗਈ ਔਰ ਜੇ ਤੁਸੀਂ ਅਲਾਓ ਕਰੋਗੇ ਤਾਂ ਹਾਊਸ ਦੀ ਮੇਜ਼ ਤੇ ਵੀ ਰੱਖ ਦਿਆਂਗੇ।

**ਸ੍ਰੀ ਸਪੀਕਰ :** ਜੇ ਤੁਸੀਂ ਰਿਕੁਐਸਟ ਕੀਤੀ ਤਾਂ ਅਲਾਓ ਕਰ ਦਿੱਤਾ ਜਾਏਗਾ।

**ਪ੍ਰਿੰਸੀਪਲ ਓਮ ਪ੍ਰਕਾਸ਼ ਬੱਗਾ :** ਕੀ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਇਹ ਜਿਹੜੇ ਦੋਨੋ ਅਫਸਰ ਹਨ, ਸ੍ਰੀ ਗਿੱਲ ਅਤੇ ਸ੍ਰੀ ਭਾਟੀਆ, ਜਿਨ੍ਹਾਂ ਦੇ ਖ਼ਿਲਾਫ਼ ਇਹ ਸ਼ਿਕਾਇਤ ਆਈ ਹੈ, ਇਨ੍ਹਾਂ ਨੇ 19 ਮਹੀਨੇ ਐਮਰਜੈਂਸੀ ਦੇ ਦੌਰਾਨ ਅਖਬਾਰਾਂ ਦੀਆਂ ਖਬਰਾਂ ਨਾਮਨਜ਼ੂਰ ਕੀਤੀਆਂ ਅਤੇ ਅਖਬਾਰਾਂ ਵਾਲਿਆਂ ਨੂੰ ਇਸ ਤਰ੍ਹਾਂ ਤੰਗ ਕੀਤਾ;

'ਨਾ ਤੜਪਨੇ ਕੀ ਇਜਾਜ਼ਤ ਹੈ ਨਾ ਫਰੀਆਦ ਕੀ ਹੈ
ਘੁਟ ਕੇ ਮਰ ਜਾਊਂ ਯਹ ਮਰਜ਼ੀ ਮੇਰੀ ਸੱਈਆਦ ਕੀ ਹੈ।'

ਔਰ ਇਨ੍ਹਾਂ ਲੋਕਾਂ ਨੇ ਉਸ ਵੇਲੇ ਆਪਣਾ ਬੋਲ ਬਾਲਾ ਕੀਤਾ ਅਤੇ ਉਸ ਦੇ ਇਵਜ਼ਾਨੇ ਦੇ ਤੌਰ ਤੇ ਇਨ੍ਹਾਂ ਦੀਆਂ ਤਰੱਕੀਆਂ ਹੋਈਆਂ ਅਤੇ ਇਨ੍ਹਾਂ ਦੇ ਖ਼ਿਲਾਫ਼ ਕੋਈ ਕਾਰਵਾਈ ਨਹੀਂ ਹੋਈ। ਕੀ ਵਜ਼ੀਰ ਸਾਹਿਬ ਹੁਣ ਇਨ੍ਹਾਂ ਦੇ ਖ਼ਿਲਾਫ਼ ਕੋਈ ਇਨਕੁਆਇਰੀ ਕਰਾਉਣਗੇ ਅਤੇ ਉਨ੍ਹਾਂ ਨੂੰ ਹਟਾਉਣ ਦੀ ਕਿਰਪਾਲਤਾ ਕਰਨਗੇ ?

**ਮੰਤਰੀ :** ਸਪੀਕਰ ਸਾਹਿਬ, ਇਸ ਸਵਾਲ ਵਿਚੋਂ ਤਾਂ ਇਹ ਸਪਲੀਮੈਂਟਰੀ ਪੈਦਾ ਨਹੀਂ ਹੁੰਦਾ। ਅਗਰ ਕੋਈ ਇਹ ਸਪੈਸੇਫਿਕ ਐਲੀਗੇਸ਼ਨਜ਼ ਲਿਖ ਕੇ ਦੇਣ ਤਾਂ ਮੈਂ ਇਨਕੁਆਇਰੀ ਕਰਾ ਲਵਾਂਗਾ।

**ਚੌਧਰੀ ਬਲਰਾਮ ਜਾਖੜ :** ਸਪੀਕਰ ਸਾਹਿਬ, ਦੋ ਮਾਨਯੋਗ ਮੈਂਬਰਾਂ ਨੇ ਇਥੇ ਇਹ ਸਵਾਲ ਕੀਤਾ ਹੈ। ਮਨਿਸਟਰ ਸਾਹਿਬ ਦੇ ਜਵਾਬ ਦੇ ਮੁਤਾਬਿਕ ਜਿਹੜੇ ਸ਼ਿਕਾਇਤ ਕਰਨ ਵਾਲੇ ਹਨ, ਉਨ੍ਹਾਂ ਨੂੰ ਹੀ ਮੁਲਜ਼ਮਾਂ ਦੇ ਕਟਹਿਰੇ ਵਿਚ ਖੜ੍ਹਾ ਕਰ ਦਿਤਾ ਹੈ। ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਸ਼ਰਾਬ ਮੰਗੀ ਗਈ ਜਾਂ ਸ਼ਰਾਬ ਪਿਲਾਈ ਗਈ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਇਹ ਚੀਜ਼ ਤਾਂ ਮੈਂ ਇਨਕੁਆਇਰੀ ਹੋਣ ਤੋਂ ਬਾਅਦ ਹੀ ਦੱਸ ਸਕਾਂਗਾ ।

**ਸ੍ਰੀ ਸਪੀਕਰ :** ਮੇਰਾ ਖਿਆਲ ਹੈ ਕਿ ਇਸ ਸਵਾਲ ਤੇ ਬਹੁਤ ਸਪਲੀਮੈਂਟਰੀਜ਼ ਹੋ ਗਏ ਹਨ। ਮੈਂ ਇਹ ਗੁਜ਼ਾਰਿਸ਼ ਕਰਦਾ ਹਾਂ, ਭਾਵੇਂ ਅਮੂਮਨ ਚੇਅਰ ਨਹੀਂ ਕਰਦੀ, ਕਿ ਮਹਿਮਾਨ-ਨਿਵਾਜ਼ੀ ਇਹ ਡਿਮਾਂਡ ਕਰਦੀ ਹੈ ਕਿ ਮਹਿਮਾਨ ਨੂੰ ਬਿਹਤਰ ਥਾਂ ਦੇਣੀ ਚਾਹੀਦੀ ਹੈ । ਆਪ ਭਾਵੇਂ ਐਥੇ ਹੋ ਜਾਓ। ਇਸ ਲਈ, ਇਹ ਕੰਪਲੇਂਟ ਜਿਹੜੀ ਆਈ ਹੈ ਕਿ ਚੰਗੀ ਜਗ੍ਹਾ ਆਪ ਲੈ ਲਈ ਅਤੇ ਉਨ੍ਹਾਂ ਨੂੰ ਮਾੜੀ ਜਗ੍ਹਾ ਦਿੱਤੀ, ਇਹ ਕੋਈ ਚੰਗੀ ਗੱਲ ਨਹੀਂ ।

**ਮੰਤਰੀ :** ਸਪੀਕਰ ਸਾਹਿਬ, ਇਸ ਚੀਜ਼ ਦੀ ਇਨਕੁਆਇਰੀ ਕੀਤੀ ਜਾ ਰਹੀ ਹੈ । ਮੈਂ ਕਲ੍ਹ ਵੀ ਇਸ ਚੀਜ਼ ਦਾ ਯਕੀਨ ਦਿਵਾਇਆ ਸੀ। ਅਸੀਂ ਸ਼ਰਾਬ ਕਿਸੇ ਨੂੰ ਨਹੀਂ ਪਿਲਾਉਣੀ। ਰੋਟੀ ਖਿਲਾਵਾਂਗੇ, ਦੁੱਧ ਪਿਲਾਵਾਂਗੇ, ਜੂਸ ਪਿਲਾਵਾਂਗੇ । ਪਰ ਸ਼ਰਾਬ ਨਹੀਂ ਅਸੀਂ ਪਿਲਾਉਣੀ ਮੈਂ ਬੇਨਤੀ ਕੀਤੀ ਹੈ ਕਿ ਸਾਡੇ ਮਨ ਵਿਚ ਪ੍ਰੈਸ ਦਾ ਬੜਾ ਭਾਰੀ ਸਤਿਕਾਰ ਹੈ । ਜਿੱਥੇ ਵੀ ਕੋਈ ਪ੍ਰੈਸ ਪਾਰਟੀ ਜਾਂਦੀ ਹੈ, ਕੋਸ਼ਿਸ਼ ਹੁੰਦੀ ਹੈ ਕਿ ਕੋਈ ਐਸੀ ਘਟਨਾ ਨਾ ਹੋਵੇ।

## STARRED QUESTIONS AND ANSWERS (*Resumption*)

### ਤਕਨੀਕੀ ਅਧਿਆਪਕਾਂ ਤੋਂ 1.5 ਲੱਖ ਰੁਪਏ ਦੀ ਵਸੂਲੀ

*780. **ਚੌਧਰੀ ਕਾਂਸੀ ਰਾਮ :** ਕੀ ਲੋਕ ਕਾਰਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਕਤਰ, ਪੰਜਾਬ ਸਰਕਾਰ, ਪੀ. ਡਬਲਿਯੂ. ਡੀ. (ਭਵਨ ਅਤੇ ਸੜਕਾਂ)/ ਤਕਨੀਕੀ ਵਿਦਿਆ ਵਿਭਾਗ ਨੇ ਡਾਇਰੈਕਟਰ ਤਕਨੀਕੀ ਵਿਦਿਆ ਨੂੰ 1.5 ਲੱਖ ਰੁਪਏ, ਜਿਨ੍ਹਾਂ ਦੀ 1975 ਵਿਚ ਕੁਝ ਤਕਨੀਕੀ ਅਧਿਆਪਕਾਂ ਨੂੰ ਗਲਤੀ ਨਾਲ ਅਦਾਇਗੀ ਕੀਤੀ ਗਈ ਸੀ, ਦੀ ਵਸੂਲੀ ਇਕ ਪੱਤਰ ਨੰ: 4471, ਮਿਤੀ 21 ਫਰਵਰੀ, 1978 ਲਿਖਿਆ, ਜੇਕਰ ਅਜਿਹਾ ਹੋਵੇ ਤਾਂ ਅੱਜ ਤਕ ਕਿੰਨੀ ਰਕਮ ਵਸੂਲ ਕੀਤੀ ਗਈ ਹੈ ਅਤੇ ਜੇਕਰ ਕੋਈ ਵਸੂਲੀ ਕੀਤੀ ਨਹੀਂ ਗਈ ਤਾਂ ਇਸਦੇ ਕੀ ਕਾਰਨ ਹਨ ?

**ਸਰਦਾਰ ਰਣਧੀਰ ਸਿੰਘ ਚੀਮਾ :** ਹਾਂ ਜੀ।

ਅਜੇ ਤਕ ਕੋਈ ਵਸੂਲੀ ਨਹੀਂ ਹੋਈ। ਵਸੂਲਣਯੋਗ ਰਕਮ ਨਿਸ਼ਚਿਤ ਨਹੀਂ ਕੀਤੀ ਗਈ। ਅਧਿਆਪਕਾਂ ਦੀ ਪ੍ਰਤੀ ਬੇਨਤੀ ਤੇ ਹੁਣ ਕੇਸ ਤੇ ਮੁੜ ਵਿਚਾਰ ਕੀਤਾ ਜਾ ਰਿਹਾ ਹੈ।

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਕੀ ਮਨਿਸਟਰ ਸਾਹਿਬ ਇਹ ਦਸਣਗੇ ਕਿ 1975 ਵਿਚ ਇਨ੍ਹਾਂ ਨੇ ਕਾਫੀ ਵਡੀ ਗਿਣਤੀ ਵਿਚ ਲੈਕਚਰਾਰਜ਼ ਟਰੇਨਿੰਗ ਵਾਸਤੇ ਚੰਡੀਗੜ੍ਹ ਭੇਜੇ। ਇਹ ਆਰਡਰ ਕੀਤੇ ਗਏ ਸਨ ਕਿ ਉਹ ਡਿਊਟੀ ਤੇ ਟਰੀਟ ਹੋਣਗੇ। ਹਾਫ.ਪੇ ਦੇ ਹਿਸਾਬ ਨਾਲ ਟਰੇਨਿੰਗ ਤੋਂ ਬਾਅਦ ਉਨ੍ਹਾਂ ਨੂੰ ਪੇਮੈਂਟ ਹੋ ਗਈ। ਇਨ੍ਹਾਂ ਵਿਚੋਂ ਦੋਵਾਂ ਨੂੰ ਪੇਮੈਂਟ ਨਹੀਂ ਹੋਈ। ਜਦੋਂ ਉਨ੍ਹਾਂ ਨੇ ਪੇਮੈਂਟ ਮੰਗੀ ਤਾਂ ਮਹਿਕਮੇ ਵਾਲੇ ਕਹਿਣ ਲਗੇ ਕਿ ਪਹਿਲਿਆਂ ਨੂੰ ਵੀ ਗਲਤੀ ਨਾਲ ਪੇਮੈਂਟ ਹੋ ਗਈ ਹੈ। ਅਸੀਂ ਤੁਹਾਨੂੰ ਕੀ ਪੈਸੇ ਦੇਣੇ ਹਨ ਅਸੀਂ ਤਾਂ ਉਨ੍ਹਾਂ ਕੋਲੋਂ ਵੀ ਰਿਕਵਰੀ ਕਰਾਂਗੇ। ਮੈਂ ਮਨਿਸਟਰ ਸਾਹਿਬ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਗੱਲ ਦੀ ਰੋਸ਼ਨੀ ਵਿਚ ਕਿ ਸਰਕਾਰ ਦੇ ਆਪਣੇ ਹੁਕਮ ਨਾਲ ਉਨ੍ਹਾਂ ਨੂੰ ਟਰੇਨਿੰਗ ਵਾਸਤੇ ਘੱਲਿਆ ਗਿਆ, ਉਦੋਂ ਉਹ ਡਿਊਟੀ ਤੇ ਟਰੀਟ ਹੋਏ, ਦੋ ਬੰਦਿਆਂ ਨੂੰ ਛਡ ਕੇ ਬਾਕੀਆਂ ਨੂੰ ਹਾਫ਼ ਪੇ ਦੇ ਹਿਸਾਬ ਨਾਲ ਪੇਮੈਂਟ ਵੀ ਹੋ ਗਈ। ਹੁਣ ਉਨ੍ਹਾਂ ਦੀ ਰਿਕਵਰੀ ਕਰਨ ਦੀ ਇਹ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਸੋਚ ਰਹੇ ਹਨ। ਜਿਹੜੇ ਦੋ ਰਹਿੰਦੇ ਹਨ ਉਨ੍ਹਾਂ ਨੂੰ ਪੇਮੈਂਟ ਕਰ ਦੇਣ ਤਾਂ ਕਿ ਝਗੜਾ ਹੀ ਖਤਮ ਹੋ ਜਾਵੇ, ਕੋਈ ਇਰੇਗੂਲੈਰਿਟੀ ਹੈ ਤਾਂ ਵੀ ਕੀ ਉਸਨੂੰ ਖਤਮ ਕਰਨ ਦੀ ਕੋਸ਼ਿਸ਼ ਕਰਨਗੇ ?

**ਮੰਤਰੀ** : ਇਹ ਪਿਛਲੇ ਸਾਲ ਦਾ ਕੇਸ ਹੈ। ਇਸ ਤੇ ਮੁੜ ਵਿਚਾਰ ਕੀਤਾ ਜਾ ਰਿਹਾ ਹੈ। ਐਸ. ਈ. ਨੇ ਵੈਸੇ ਇਨ੍ਹਾਂ ਦੇ ਕੇਸ ਨੂੰ ਰਿਕਮੈਂਡ ਕੀਤਾ ਹੈ।

**ਚੌਧਰੀ ਕਾਂਸ਼ੀ ਰਾਮ** : ਸਪੀਕਰ ਸਾਹਿਬ, ਇਹ ਮਾਜਰਾ ਤਾਂ ਪੁਰਾਣਾ ਹੈ। ਗੱਲ ਦਰਅਸਲ ਇਹ ਹੈ ਕਿ ਦੋ ਟੀਚਰਜ਼ ਨੂੰ ਇਸ ਸਰਕਾਰ ਨੇ ਪੇਮੈਂਟ ਨਹੀਂ ਕੀਤੀ। ਉਨ੍ਹਾਂ ਕੋਲੋਂ ਬਿਲ ਵੀ ਲਏ ਗਏ। ਉਨ੍ਹਾਂ ਨੂੰ ਇਹ ਕਿਹਾ ਗਿਆ ਕਿ ਤੁਸੀਂ ਇਸਦੀ ਫਰੈਸ਼ ਅਪਰੂਵਲ ਲੈ ਕੇ ਆਓ। ਇਨ੍ਹਾਂ ਦੇ ਡਿਪਾਟਮੈਂਟ ਨੇ ਉਨ੍ਹਾਂ ਦੇ ਨਾਲ ਦੇ ਦੂਸਰਿਆਂ ਨੂੰ ਤਾਂ ਪੇਮੈਂਟ ਕਰ ਦਿਤੀ। ਜਦੋਂ ਉਨ੍ਹਾਂ ਨੇ ਇਸ ਕਿਸਮ ਦੀ ਇਕ ਫਰੈਸ਼ ਚਿਠੀ ਦਿਤੀ ਤਾਂ ਵੀ ਇਨਕਾਰ ਕਰ ਦਿਤਾ, ਹੁਣ ਪੈਸੇ ਉਨ੍ਹਾਂ ਦੋਨਾਂ ਨੂੰ ਤਾਂ ਦੇਣੇ ਇਕ ਪਾਸੇ ਰਹੇ, ਇਹ ਤਾਂ ਦੂਸਰਿਆਂ ਦੀ ਰਿਕਵਰੀ ਕਰਨ ਵਲ ਤੁਰ ਪਏ ਹਨ। ਅਗਰ ਇਹ ਸਮਝਦੇ ਹਨ ਕਿ ਕੋਈ ਅਨਡਿਊ ਪੇਮੈਂਟ ਹੋਈ ਹੈ, ਤਾਂ ਜਿਨ੍ਹਾਂ ਨੇ ਇਹ ਕੀਤੀ ਹੈ, ਕੀ ਉਨ੍ਹਾਂ ਦੇ ਖਿਲਾਫ ਜ਼ਿੰਮੇਵਾਰੀ ਫਿਕਸ ਕਰਨ ਲਈ ਤਿਆਰ ਹਨ ਅਤੇ ਜਿਨ੍ਹਾਂ ਨੂੰ ਪੇਮੈਂਟ ਨਹੀਂ ਹੋਈ ਅਤੇ ਅਨਡਿਊ ਹੈਰਾਸਮੈਂਟ ਹੋਈ ਹੈ, ਇਸ ਦੇ ਲਈ ਵੀ ਜਿਹੜੇ ਜ਼ਿੰਮੇਵਾਰ ਹਨ ਕੀ ਉਨ੍ਹਾਂ ਦੀ ਵੀ ਜ਼ਿੰਮੇਵਾਰੀ ਫਿਕਸ ਕਰਨ ਲਈ ਇਹ ਤਿਆਰ ਹਨ ?

**ਮੰਤਰੀ** : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਦਸਿਆ ਹੈ ਕਿ ਇਨ੍ਹਾਂ ਦੇ ਵੇਲੇ ਦਾ ਸਵਾਲ ਹੈ। ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਟੀ. ਟੀ. ਇੰਸਟੀਚਿਊਟ, ਚੰਡੀਗੜ੍ਹ ਵਿਚ, ਜਿਹੜੀ ਕਿ ਨੀਦਰਲੈਂਡ ਅਤੇ ਗੌਰਮਿੰਟ ਆਫ ਇੰਡੀਆ ਦੀ ਕੋਲੈਬੋਰੇਸ਼ਨ ਨਾਲ ਚੱਲ ਰਹੀ ਹੈ, 1970 ਤੋਂ ਪਹਿਲਾਂ ਦਾ ਸਰਕਾਰ ਦਾ ਇਹ ਫੈਸਲਾ ਸੀ ਕਿ ਉਨ੍ਹਾਂ ਨੂੰ 50% ਪੇ ਜਾਂ ਫਿਰ ਸਟਾਈਪੈਂਡ ਦਿੱਤਾ ਜਾਵੇਗਾ। 250 ਰੁਪਏ ਡਿਪਲੋਮੇ ਵਾਲੇ ਨੂੰ ਅਤੇ 400 ਰੁਪਏ ਡਿਗਰੀ ਵਾਲੇ ਨੂੰ ਦਿੱਤੇ ਜਾਂਦੇ ਸਨ। 1970 ਤੋਂ ਬਾਅਦ ਇਹ ਫੈਸਲਾ ਹੋਇਆ ਕਿ ਉਨ੍ਹਾਂ ਨੂੰ ਆਨ ਡਿਊਟੀ ਟਰੀਟ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਫੁੱਲ ਪੇ ਦਿਤੀ ਜਾਵੇ। ਜਾਂ ਫਿਰ 150 ਰੁਪਏ ਸਟਾਈਪੈਂਡ ਦਿਤਾ ਜਾਵੇ ਜਾਂ ਜਿਹੜਾ ਟੀ. ਏ./ਡੀ. ਏ. ਮਿਲ ਸਕਦਾ ਹੈ, ਜਿਹੜਾ ਵੀ ਦੋਨਾਂ ਵਿਚੋਂ ਘਟ ਹੋਵੇ ਉਹ ਟਰੇਨੀਜ਼ ਲੈ ਲੈਣ। ਇਸਦੇ ਬਾਅਦ ਕੁਝ ਰਕਮਾਂ ਘੱਟ ਵੱਧ ਚਲੀਆਂ ਗਈਆਂ। ਉਸਦੇ ਆਧਾਰ ਤੇ ਕੁਝ ਸੱਜਣਾਂ ਨੂੰ ਦੁਬਾਰਾ ਮੂਵ ਕੀਤਾ ਸੀ ਕਿ ਸਾਡੇ ਕੋਲੋਂ ਵੱਧ ਪੈਸੇ ਕੱਟੇ ਗਏ ਹਨ। ਹੁਣ ਡਾਇਰੈਕਟਰ ਸਾਹਿਬ ਨੇ ਰਿਕਮੈਂਡ ਕੀਤਾ ਹੈ ਕਿ ਜਿਨ੍ਹਾਂ ਕੋਲ ਵੱਧ ਪੈਸੇ ਗਏ ਹਨ ਜਾਂ ਘੱਟ ਗਏ ਹਨ ਜੇ ਉਨ੍ਹਾਂ ਨੂੰ ਆਨ ਡਿਊਟੀ ਟਰੀਟ ਕੀਤਾ ਗਿਆ ਹੈ ਤਾਂ ਉਸਦੇ ਮੁਤਾਬਿਕ ਫੈਸਲਾ ਕੀਤਾ ਜਾਵੇ। ਮਹਿਕਮੇ ਨੇ ਇਹ ਕੇਸ ਰਿਕੁਮੈਂਡ ਕਰਕੇ ਫਾਇਨਾਂਸ ਡਿਪਾਰਟਮੈਂਟ ਨੂੰ ਭੇਜ ਦਿੱਤਾ ਹੈ। ਜੋ ਵੀ ਉਨ੍ਹਾਂ ਦੀ ਰਾਏ ਹੋਵੇਗੀ, ਉਸੇ ਹਿਸਾਬ ਨਾਲ ਕੀਤਾ ਜਾਵੇਗਾ।

**Chaudhri Kanshi Ram** : Sir, the question is very clear. The recoverable amount is much more than one lakh. They are still ascertaining the recoverable amount. I have got facts and figures with me. They could not calculate the amount even after 15 days' notice by your goodself. They are not coming to the point. Fix them up. I seek your protection. He should assure the House.

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਇਨ੍ਹਾਂ ਦੋਨਾਂ ਬੰਦਿਆਂ ਨੂੰ ਪੇਮੈਂਟ ਨਹੀਂ ਮਿਲੀ। ਉਨ੍ਹਾਂ ਨੂੰ ਪੇਮੈਂਟ ਦਿਓ। ਇਹ ਐਵੇਂ ਬਿਨਾ ਮਤਲਬ ਦੀਆਂ ਗੱਲਾਂ ਕਰਦੇ ਹਨ।

**ਸ਼੍ਰੀ ਸਪੀਕਰ :** ਮਨਿਸਟਰ ਸਾਹਿਬ, ਜੇ ਤੁਹਾਡੇ ਕੋਲ ਫੈਕਟਸ ਨਹੀਂ ਹਨ ਤਾਂ ਇਹ ਦੇ ਦੇਣਗੇ।

**ਮੰਤਰੀ :** ਸਪੀਕਰ ਸਾਹਿਬ, ਮੈਂ ਤਾਂ ਡਿਟੇਲ ਵਿੱਚ ਜਵਾਬ ਦਿਤਾ ਹੈ। ਇਨ੍ਹਾਂ ਦੀ ਤਸੱਲੀ ਹੋ ਜਾਣੀ ਚਾਹੀਦੀ ਹੈ।

**ਸਰਦਾਰ ਦਲੀਪ ਸਿੰਘ ਪਾਂਧੀ :** ਸਪੀਕਰ ਸਾਹਿਬ, ਇਹ ਜਿਹੜਾ 1975 ਦਾ ਕੇਸ ਹੈ, ਉਦੋਂ ਐਮਰਜੈਂਸੀ ਜੋਰਾਂ ਤੇ ਸੀ। ਕੁਝ ਅਫਸਰਾਂ ਨੇ ਇਨ੍ਹਾਂ ਦੇ ਕਹੇ ਤੇ ਇਨ੍ਹਾਂ ਦੇ ਹੁਕਮ ਨਾਲ ਗਲਤੀ ਕੀਤੀ ਹੈ। ਇਸ ਮਾਮਲੇ ਦੀ ਕੀ ਮਨਿਸਟਰ ਸਾਹਿਬ ਪੜਤਾਲ ਕਰਨਗੇ। ਇਸ ਵਿਚ 1.5 ਲੱਖ ਰੁਪਿਆ ਇਨਵਾਲਵਡ ਹੈ। ਇਹ ਇਨ੍ਹਾਂ ਦੀ ਮੇਹਰਬਾਨੀ ਹੈ ਕਿ ਇਨ੍ਹਾਂ ਨੇ ਹੁਣ 1978 ਵਿੱਚ ਇਹ ਮਾਮਲਾ ਟੇਕ-ਅੱਪ ਕੀਤਾ ਹੈ। ਜਿਸ ਵੀ ਐਕਸ ਵਜ਼ੀਰ ਨੇ ਅਫਸਰਾਂ ਤੇ ਰੋਅਬ ਪਾ ਕੇ ਪੇਮੈਂਟ ਕਰਵਾਈ, ਕੀ ਉਸਦੀ ਪੜਤਾਲ ਕਰਕੇ ਦੱਸਣਗੇ?

**ਮੰਤਰੀ :** ਸਪੀਕਰ ਸਾਹਿਬ, ਪੜਤਾਲ ਕਰਨ ਦਾ ਕੋਈ ਸਵਾਲ ਨਹੀਂ। ਸਰਕਾਰ ਦੇ ਫੈਸਲੇ ਮੁਤਾਬਿਕ ਹੀ ਇਹ ਹੋਇਆ ਹੈ।

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਫੈਕਟਸ ਬੜੇ ਸਿੰਪਲ ਹਨ। ਬਹੁਤ ਸਾਰੇ ਇਨ੍ਹਾਂ ਦੇ ਲੈਕਚਰਾਰ ਟਰੇਨਿੰਗ ਲਈ ਇਥੇ ਆਏ। ਸੱਭ ਨੂੰ ਇਕ ਕਿਸਮ ਦੀ ਪੇਮੈਂਟ ਇੱਕੋ ਵਾਰੀ ਹੋ ਗਈ। ਦੋਵਾਂ ਦੇ ਕੇਸ ਵਿਚ ਅਫਸਰਾਂ ਨੇ ਅੜਚਨ ਪਾ ਦਿੱਤੀ। ਉਹ ਕਹਿੰਦੇ ਹਨ ਕਿ ਇਸ ਦੇ ਵਿਚ ਗੌਰਮਿੰਟ ਦੀ ਸੈਂਕਸ਼ਨ ਨਹੀਂ। ਹੁਣ ਇਹ ਪਾਂਧੀ ਸਾਹਿਬ ਵਰਗੇ ਦੇ ਕਹਿਣ ਤੇ ਉਲਟ ਪਾਸੇ ਨੂੰ ਤੁਰ ਪਏ ਹਨ। ਜਿਹੜੇ ਦੋ ਰਹਿੰਦੇ ਹਨ, ਉਨ੍ਹਾਂ ਨੂੰ ਪੇਮੈਂਟ ਕਰ ਦੇਣ। ਝਗੜਾ ਤਾਂ ਸਾਰਾ ਇਹੀ ਹੈ।

**ਮੰਤਰੀ :** ਸਪੀਕਰ ਸਾਹਿਬ, ਡਾਂਗ ਸਾਹਿਬ ਬੜੇ ਸੀਨੀਅਰ ਮੈਂਬਰ ਹਨ। ਇਨ੍ਹਾਂ ਦੀ ਮੇਰੇ ਜਵਾਬ ਨਾਲ ਤਸੱਲੀ ਹੋ ਜਾਣੀ ਚਾਹੀਦੀ ਸੀ।

**ਸ਼੍ਰੀ ਸਪੀਕਰ :** ਇਨ੍ਹਾਂ ਦੀ ਤਸੱਲੀ ਤਾਂ ਹੋ ਗਈ ਸੀ। ਇਹ ਤਾਂ ਤੁਹਾਡੀ ਮਾਰਫਤ ਸਮਝਾਉਣਾ ਚਾਹੁੰਦੇ ਹਨ।

---

ਬੀ. ਏ., ਬੀ. ਐਡ ਦੀਆਂ ਅਸਾਮੀਆਂ ਲਈ ਇਸ਼ਤਿਹਾਰ

*466. **ਸ਼੍ਰੀ ਰਮੇਸ਼ ਚੰਦਰ :** ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ 1975 ਵਿਚ ਵਿਦਿਆ ਵਿਭਾਗ ਨੇ ਬੀ. ਏ. ਬੀ. ਐਡ ਅਧਿਆਪਕਾਂ ਦੀਆਂ ਅਸਾਮੀਆਂ ਲਈ ਇਸ਼ਤਿਹਾਰ ਦਿੱਤਾ ਸੀ ਅਤੇ ਉਸ ਸਬੰਧ ਵਿੱਚ ਇੰਟਰਵਿਊ ਵਿਭਾਗੀ ਚੋਣ ਕਮੇਟੀ ਦੁਆਰਾ ਲਈ ਗਈ ਸੀ;

(ਅ) ਕੀ ਵਿਭਾਗੀ ਕਮੇਟੀ ਦੁਆਰਾ ਚੁਣੇ ਗਏ ਉਮੀਦਵਾਰਾਂ ਦੀ ਵੇਟਿੰਗ ਲਿਸਟ ਤੇ ਉਮੀਦਵਾਰਾਂ ਦੀ ਸੂਚੀ ਬਣਾਈ ਗਈ ਸੀ;

Original with;
Punjab Vidhan Sabha
Digitized by;
Panjab Digital Library

[ਸ੍ਰੀ ਰਮੇਸ਼ ਚੰਦਰ]

(ੲ) ਕੀ ਚੁਣੇ ਗਏ ਉਮੀਦਵਾਰਾਂ ਨੂੰ ਭਵਿਖ ਵਿੱਚ ਕਾਡਰ ਵਿਚ ਖਾਲੀ ਆਸਾਮੀਆਂ ਤੇ ਲਗਾਉਣ ਲਈ ਕੋਈ ਅਧਿਸੂਚਨਾ ਜਾਰੀ ਕੀਤੀ ਗਈ ਸੀ;

(ਸ) ਕੀ ਇਹ ਵੀ ਠੀਕ ਹੈ ਕਿ ਉਕਤ ਭਾਗ (ਅ) ਵਿੱਚ ਦੱਸੇ ਚੁਣੇ ਗਏ ਉਮੀਦ-ਵਾਰਾਂ ਦੀ ਥਾਂ ਤੇ ਤਦ-ਅਰਥ ਆਧਾਰ ਤੇ ਨਿਯੁਕਤੀਆਂ ਕਰਨ ਲਈ ਵਿਭਾਗ ਨੇ ਖੇਤਰੀ ਅਫਸਰਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਸਨ;

(ਹ) ਉਕਤ ਭਾਗ (ਅ) ਵਿੱਚ ਚੁਣੇ ਹੋਏ ਉਮੀਦਵਾਰਾਂ ਦੀ ਸੂਚੀ ਵਿਚੋਂ ਕਿੰਨੀਆਂ ਆਸਾਮੀਆਂ ਭਰੀਆਂ ਗਈਆਂ ਅਤੇ ਭਾਗ (ੲ) ਵਿੱਚ ਦੱਸੇ ਅਨੁਸਾਰ ਤਦ-ਅਰਥ-ਆਧਾਰ ਤੇ ਕਿੰਨੀਆਂ ਆਸਾਮੀਆਂ ਭਰੀਆਂ ਗਈਆਂ ?

**ਸਰਦਾਰ ਸੁਖਜਿੰਦਰ ਸਿੰਘ ਖੈਰਾ** : (ੳ) ਨਹੀਂ ਜੀ।

(ਅ ਤੋਂ ਹ) ਸਵਾਲ ਹੀ ਪੈਦਾ ਨਹੀ ਹੁੰਦਾ।

ਸਪੀਕਰ ਸਾਹਿਬ, ਟੈਕਨੀਕਲੀ ਇਹ ਜਿਹੜਾ ਜਵਾਬ ਮੈਂ ਦਿੱਤਾ ਹੈ, ਇਹ ਠੀਕ ਹੈ। ਦਰਅਸਲ ਜਿਹੜੀ ਇਨਫਰਮੇਸ਼ਨ ਇਨ੍ਹਾਂ ਨੇ ਮੰਗੀ ਹੈ, ਇਹ 1974 ਦੇ ਬਾਰੇ ਹੈ ਜਦੋਂ ਕਿ ਸਵਾਲ ਵਿੱਚ ਇਨ੍ਹਾਂ ਨੇ 1975 ਲਿਖਿਆ ਹੈ। ਇਸ ਲਈ ਜੇ ਇਹ ਕਹਿਣ ਤਾਂ ਮੈਂ ਇਸ ਦਾ ਜਵਾਬ ਜੋ ਬਣਦਾ ਹੈ, ਦੇ ਦੇਵਾਂਗਾ।

**ਸ੍ਰੀ ਰਮੇਸ਼ ਚੰਦਰ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਇਹ ਕਿਹਾ ਹੈ ਕਿ 1975 ਦੀ ਬਜਾਏ ਇਹ 1974 ਦੀ ਇਨਫਰਮੇਸ਼ਨ ਹੈ। ਉਸ ਦਾ ਜਵਾਬ ਇਨ੍ਹਾਂ ਕੋਲ ਹੈ। ਇਸ ਕਰਕੇ ਇਹ ਪੜ੍ਹ ਕੇ ਸੁਣਾ ਦੇਣ।

**ਸ੍ਰੀ ਸਪੀਕਰ**: ਤੁਸੀਂ ਸਵਾਲ ਕਰ ਕੇ ਇਹ ਪੁੱਛ ਲਓ।

**ਸ੍ਰੀ ਰਮੇਸ਼ ਚੰਦਰ** : ਸਪੀਕਰ ਸਾਹਿਬ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੋਈ ਸਿਲੈਕਟਿਡ ਉਮੀਦਵਾਰਾਂ ਦੀ ਬੀ. ਐਡ. ਦੀਆਂ ਐਪੁਆਇੰਟਮੈਂਟਸ ਕਰਨ ਲਈ ਲਿਸਟ ਡਿਪਾਰਟਮੈਂਟ ਕੋਲ ਹੈ ਅਤੇ ਕੀ ਇਸ ਦੇ ਇਲਾਵਾ ਕੋਈ ਐਡਹਾਕ ਐਪੁਆਇੰਟਮੈਂਟਸ ਵੀ ਕੀਤੀਆਂ ਗਈਆਂ ਹਨ। ਕੀ ਉਹ ਐਡਹਾਕ ਐਪੁਆਇੰਟਮੈਂਟਸ ਸਿਲੈਕਟਿਡ ਕੈਂਡੀਡੇਟਸ ਦੀ ਲਿਸਟ ਨੂੰ ਇਗਨੋਰ ਕਰ ਕੇ ਕੀਤੀਆਂ ਗਈਆਂ ਹਨ ?

ਕਿੰਨੇ ਸਿਲੈਕਟਿਡ ਕੈਂਡੀਡੇਟਸ ਦੀ ਲਿਸਟ ਵਿਚੋਂ ਅਪੁਆਇੰਟ ਕੀਤੇ ਗਏ ਹਨ ? ਸੰਨ 1974 ਤੋਂ ਲੈ ਕੇ ਹੁਣ ਤਕ ਔਰ ਕਿਤਨੇ ਐਡਹਾਕ ਲੇਵਲ ਤੇ ਐਪੁਆਇੰਟ ਕੀਤੇ ਗਏ ਹਨ ?

**ਮੰਤਰੀ** : ਸਪੀਕਰ ਸਾਹਿਬ, ਅਰਜ਼ ਇਹ ਹੈ ਕਿ ਸੰਨ 1974 ਦੇ ਵਿਚ ਐਜੂਕੇਸ਼ਨ ਡਿਪਾਰਟਮੈਂਟ ਨੇ ਆਪਣੀ ਰਿਕਰੂਟਮੈਂਟ ਕਮੇਟੀ ਨੂੰ ਕਿਹਾ ਕਿ 1,797 ਪੋਸਟਾਂ ਵਾਸਤੇ ਬੀ. ਏ., ਬੀ. ਐਡ. ਮਿਸਟਰੈਸਿਜ਼ ਔਰ ਮਾਸਟਰਜ਼ ਸਿਲੈਕਟ ਕਰਕੇ ਭੇਜੇ। ਉਸ ਨੇ 1,725 ਮਿਸਟਰਸਿਜ਼ ਔਰ 1,923 ਮਾਸਟਰਜ਼ ਸਿਲੈਕਟ ਕਰਕੇ ਉਨ੍ਹਾਂ ਦੀ ਲਿਸਟ ਭੇਜ ਦਿੱਤੀ। ਇਹ ਚੀਜ਼ ਨਾ ਐਜੂਕੇਸ਼ਨ ਡਿਪਾਰਟਮੈਂਟ ਨੇ ਨੋਟੀਫਾਈ ਕੀਤੀ ਔਰ ਨਾ ਹੀ ਡਿਪਾਰਟਮੈਂਟਲ ਕਮੇਟੀ ਨੇ ਕੀਤੀ। ਉਸ ਲਿਸਟ ਵਿਚੋਂ 1913 ਕੈਂਡੀਡੇਟਸ ਨੂੰ

Original with;
Punjab Vidhan Sabha
Digitized by;
Panjab Digital Library

ਜੋ ਉਸ ਉਮਰ ਵਿਚ ਆਉਂਦੇ ਸਨ, ਉਨ੍ਹਾਂ ਨੂੰ ਐਪੁਆਇੰਟਮੈਂਟ ਦਿੱਤੀ ਹੈ। ਬਾਕੀ ਜਿਹੜੀ ਐਡਹਾਕ ਜਾਂ ਹੋਰ ਛੋਟੀ ਡਿਊਰੇਸ਼ਨ ਵਾਲੀ ਐਪੁਆਇੰਟਮੈਂਟ ਹੁੰਦੀ ਹੈ ਉਸ ਵਾਸਤੇ ਆਮ ਤੌਰ ਤੇ ਦੂਰ ਵਾਲੇ ਕੈਂਡੀਡੇਟ ਆਉਂਦੇ ਨਹੀਂ ਹਨ।

**ਸਰਦਾਰ ਦਲੀਪ ਸਿੰਘ ਪਾਂਧੀ :** ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਵਜ਼ੀਰ ਸਾਹਿਬ ਇਹ ਇਨਸਟਰਕਸ਼ਨਜ਼ ਦੇਣ ਨੂੰ ਤਿਆਰ ਹਨ ਕਿ ਜਿਹੜੀਆਂ ਐਡਹਾਕ ਐਪੁਆਇੰਟਮੈਂਟਸ ਹੁੰਦੀਆਂ ਹਨ ਉਨ੍ਹਾਂ ਦੇ ਵਾਸਤੇ ਕਿਉਂਕਿ ਦੂਰ ਦੇ ਇਲਾਕੇ ਤੋਂ ਕੈਂਡੀਡੇਟਸ ਆਉਂਦੇ ਨਹੀਂ ਹਨ, ਇਸ ਲਈ ਉਹ ਨੇੜੇ ਦੇ ਜਿਹੜੇ ਕੈਂਡੀਡੇਟਸ ਹੋਣ ਉਨ੍ਹਾਂ ਵਿਚੋਂ ਰਖਿਆ ਕਰਨ। ਉਨ੍ਹਾਂ ਨੂੰ ਹੀ ਐਡ ਹਾਕ ਐਪੁਆਇੰਟਮੈਂਟਸ ਆਫਰ ਕੀਤੀ ਜਾਵੇ। ਜੇਕਰ ਕੋਈ ਨਾ ਮਿਲੇ ਤਾਂ ਬਾਹਰੋਂ ਲੈ ਲਏ ਜਾਣ ?

**ਮੰਤਰੀ :** ਸਪੀਕਰ ਸਾਹਿਬ, ਹੁਣ ਤਾਂ ਵੈਸੇ ਵੀ ਐਡਹਾਕ ਐਪੁਆਇੰਟਮੈਂਟਸ ਬਦ ਹਨ ਔਰ ਫਿਰ ਡਿਊਰੇਸ਼ਨ ਵੀ ਛੋਟੀ ਹੀ ਹੁੰਦੀ ਹੈ।

**ਸ੍ਰੀ ਰਮੇਸ਼ ਚੰਦਰ :** ਸਪੀਕਰ ਸਾਹਿਬ, ਇਨ੍ਹਾਂ ਨੇ ਦੱਸਿਆ ਹੈ ਕਿ ਜਿਹੜੀ ਲਿਸਟ ਹੈ ਉਸ ਵਿਚੋਂ 1913 ਨੂੰ ਐਪੁਆਇੰਟ ਕੀਤਾ ਹੈ। ਕੀ ਵਜ਼ੀਰ ਸਾਹਿਬ ਇਹ ਦੱਸਣਗੇ ਕਿ ਸਿਲੈਕਟ ਲਿਸਟ ਤੋਂ ਇਲਾਵਾ ਬਾਹਰੋਂ ਕਿਤਨੇ ਟੀਚਰ ਐਪੁਆਇੰਟ ਕੀਤੇ ਗਏ ਹਨ ?

**ਮੰਤਰੀ :** ਇਸ ਵਾਸਤੇ ਸੈਪੇਰੇਟ ਨੋਟਿਸ ਚਾਹੀਦਾ ਹੈ ਜੀ। ਤਾਂ ਹੀ ਇਹ ਇਨਫਰਮੇਸ਼ਨ ਮਿਲ ਸਕਦੀ ਹੈ। ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਦੱਸਿਆ ਹੈ ਕਿ ਜਿਹੜੀ ਅਸੀਂ ਐਡਹਾਕ ਐਪੁਆਇੰਟਮੈਂਟ ਕਰ ਲੈਂਦੇ ਹਾਂ ਉਨ੍ਹਾਂ ਦੇ ਆਮ ਤੌਰ ਤੇ ਕੈਂਡੀਡੇਟ ਦੂਰ ਵਾਲੇ ਆਉਂਦੇ ਨਹੀਂ ਹਨ।

**ਮਾਸਟਰ ਚੰਦ ਸਿੰਘ :** ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਐਡਹਾਕ ਐਪੁਆਇੰਟਮੈਂਟ ਬੰਦ ਕਰ ਦਿਤੀ ਹੈ, ਕਈ ਸਕੂਲ ਅੱਪ ਗਰੇਡ ਹੋਏ ਹਨ ਔਰ ਸਕੂਲਾਂ ਵਿਚ ਪੋਸਟਾਂ ਖਾਲੀ ਪਈਆਂ ਹਨ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਪੋਸਟਾਂ ਨੂੰ ਭਰਨ ਵਾਸਤੇ ਸਰਕਾਰ ਕੀ ਪ੍ਰਬੰਧ ਕਰੇਗੀ ?

(ਇਸ ਸਮੇਂ ਵਿਦਿਆ ਮੰਤਰੀ ਉਤਰ ਦੇਣ ਲਈ ਖੜੇ ਹੋਏ।)

**ਸ੍ਰੀ ਸਪੀਕਰ :** ਤੁਸੀਂ ਬੈਠੋ ਵਜ਼ੀਰ ਸਾਹਿਬ। ਤੁਸੀਂ ਜਵਾਬ ਦੇ ਦਿਤਾ ਹੈ।

**ਵੈਦ ਕਰਤਾਰ ਸਿੰਘ :** ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਇਨ੍ਹਾਂ ਨੇ 1913 ਆਦਮੀ ਰੱਖੇ ਹਨ ਕੀ ਉਨ੍ਹਾਂ ਵਿਚ ਸ਼ੈਡਿਊਲਡ ਕਾਸਟਸ ਤੇ ਬੈਕਵਰਡ ਕਲਾਸਿਜ਼ ਨੂੰ ਪੂਰੀ ਨੁਮਾਇੰਦਗੀ ਦਿੱਤੀ ਗਈ ਹੈ ਜਾਂ ਉਨ੍ਹਾਂ ਨੂੰ ਨਜ਼ਰ ਅੰਦਾਜ਼ ਕੀਤਾ ਗਿਆ ਹੈ ?

**ਮੰਤਰੀ :** ਸਪੀਕਰ ਸਾਹਿਬ, ਸਾਡੇ ਪਾਸ ਮੁਕੱਰਾ ਉਮਰ ਵਾਲੇ ਸ਼ੈਡਊਲਡ ਕਾਸਟ ਕੈਂਡੀਡੇਟਸ ਅਵੇਲੇਬਲ ਨਹੀਂ ਸਨ, ਇਸ ਵਾਸਤੇ 500 ਆਦਮੀਆਂ ਦੀ ਸਪੈਸ਼ਲ ਕਲਾਸ ਖੋਲ੍ਹਣ ਦਾ ਇੰਤਜ਼ਾਮ ਕੀਤਾ ਸੀ। 337 ਕੈਂਡੀਡੇਟਸ ਅਪੀਅਰ ਹੋਏ ਸਨ ਔਰ ਉਨ੍ਹਾਂ ਵਿਚੋਂ 229 ਆਦਮੀ ਜਿਨ੍ਹਾਂ ਨੇ ਕਾਮਯਾਬੀ ਹਾਸਲ ਕੀਤੀ ਸੀ, ਉਨ੍ਹਾਂ ਨੂੰ ਲਗਾ ਦਿੱਤਾ ਗਿਆ ਹੈ। ਬਾਕੀ ਪੋਸਟਾਂ ਵਾਸਤੇ, ਸਪੀਕਰ ਸਾਹਿਬ, ਸਾਡੀ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਆਦਮੀ ਅਵੇਲੇਬਲ ਨਹੀਂ ਹੋਏ। ਮੈਂ ਇਹ ਗੱਲ ਫਿਰ ਕਹਿੰਦਾ ਹਾਂ ਕਿ ਜੇਕਰ ਕਿਸੇ ਮਾਨਯੋਗ ਮੈਂਬਰ ਨੂੰ ਪਤਾ ਹੋਵੇ ਕਿ ਕੋਈ ਸ਼ੈਡਿਊਲਡ ਕਾਸਟ ਆਦਮੀ ਇਸ ਪਾਸੇ ਆਉਣਾ ਚਾਹੁੰਦਾ ਹੈ ਤਾਂ ਸਾਨੂੰ ਦੱਸੋ।

Original with;
Punjab Vidhan Sabha
Digitized by;
Panjab Digital Library

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਸਿਖਿਆ ਮੰਤਰੀ ਜੀ ਨੇ ਦੱਸਿਆ ਹੈ ਕਿ ਸਰਕਾਰ ਨੇ ਫੈਸਲਾ ਕੀਤਾ ਸੀ ਕਿ ਸ਼ੈਡਿਊਲਡ ਕਾਸਟਸ ਦੇ ਜੇ. ਬੀ. ਟੀ. ਐਂਰ ਬੀ. ਐਡ. ਅਧਿਆਪਕ ਨਹੀਂ ਹਨ, ਇਸ ਲਈ ਉਨ੍ਹਾਂ ਲਈ ਸਪੈਸ਼ਲ ਕਲਾਸਾਂ ਖੋਲ੍ਹਣ ਦਾ ਸਰਕਾਰ ਨੇ ਫੈਸਲਾ ਕੀਤਾ ਸੀ। 250 ਬੀ. ਐਡ. ਐਂਰ 500 ਜੇ. ਬੀ. ਟੀ. ਦੇ ਉਮੀਦਵਾਰਾਂ ਨਾਲ ਘਾਟ ਪੂਰੀ ਨਹੀਂ ਹੋ ਸਕਦੀ। ਇਸ ਲਈ ਇਸ ਘਾਟ ਨੂੰ ਪੂਰਾ ਕਰਨ ਲਈ ਕੀ ਵਜ਼ੀਰ ਸਾਹਿਬ ਉਨ੍ਹਾਂ ਵਾਸਤੇ ਦੁਬਾਰਾ ਕਲਾਸਾਂ ਸ਼ੁਰੂ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਇਸ ਬਾਰੇ ਆਫ ਹੈਂਡ ਤਾਂ ਕੁਝ ਨਹੀਂ ਕਹਿ ਸਕਦਾ। ਅਸੀਂ ਨਹੀਂ ਚਾਹੁੰਦੇ ਕਿ ਜੇ. ਬੀ. ਟੀ. ਵਾਸਤੇ ਜਾਂ ਬੀ. ਐਡ. ਵਾਸਤੇ ਸ਼ੈਡਿਊਲਡ ਕਾਸਟਸ ਲਈ ਅਲਹਿਦਾ ਕਲਾਸਾਂ ਲਗਾਈਆਂ ਜਾਣ ਕਿਉਂਕਿ ਇਸ ਤਰ੍ਹਾਂ ਨਾਲ ਜ਼ਾਤੀ ਭੇਦ ਭਾਵ ਵਧ ਜਾਂਦੇ ਹਨ। ਜਿਹੜੀਆਂ ਅੱਗੇ ਕਲਾਸਾਂ ਚਲ ਰਹੀਆਂ ਹਨ ਉਨ੍ਹਾਂ ਵਿਚ ਹੀ ਅਸੀਂ ਚਾਹੁੰਦੇ ਹਾਂ ਕਿ ਸੀਟਾਂ ਸ਼ੈਡਿਊਲਡ ਕਾਸਟਸ ਵਾਸਤੇ ਵਧਾ ਦਿਤੀਆਂ ਜਾਣ ਤਾਂ ਕਿ ਪਾਪੂਲੇਸ਼ਨ ਦੇ ਹਿਸਾਬ ਨਾਲ ਉਨ੍ਹਾਂ ਦੇ ਆਦਮੀ ਅਗੇ ਆ ਸਕਣ।

**ਸ਼੍ਰੀ ਅ. ਵਿਸ਼ਵਨਾਥਨ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਗੌਰਮਿੰਟ ਨੇ ਕੋਈ ਰਿਵਾਈਜ਼ਡ ਆਰਡਰਜ਼ ਕੀਤੇ ਹਨ ਕਿ ਐਡਹਾਕ ਐਪੁਆਇੰਟਮੈਂਟਾਂ ਜਿਹੜੀਆਂ ਹਨ, ਉਨ੍ਹਾਂ ਦਾ ਮੈਕਸੀਮੱਮ ਪੀਰੀਅਡ ਇਤਨਾ ਹੋਵੇਗਾ ?

**ਮੰਤਰੀ** : ਸਪੀਕਰ ਸਾਹਿਬ, ਮੈਂ ਇਸ ਸਵਾਲ ਦਾ ਜਵਾਬ ਇਸ ਸਮੇਂ ਨਹੀਂ ਦੇ ਸਕਦਾ।

**ਸ਼੍ਰੀ ਖੁਸ਼ਹਾਲ ਬਹਿਲ** : ਸਪੀਕਰ ਸਾਹਿਬ, ਕੀ ਵਜ਼ੀਰ ਸਾਹਿਬ ਇਸ ਗਲ ਦੀ ਐਸ਼ੋਰੈਂਸ ਦੇਣਗੇ ਕਿ ਜਿਤਨੀਆਂ ਐਡਹਾਕ ਐਪੁਆਇੰਟਮੈਂਟਸ ਕੀਤੀਆਂ ਹੋਈਆਂ ਹਨ ਜਾਂ ਜਿਹੜੀਆਂ ਜਗ੍ਹਾ ਖਾਲੀ ਪਈਆਂ ਹਨ, ਉਨ੍ਹਾਂ ਉਤੇ ਜਿਹੜੀ ਸਿਲੈਕਟ ਲਿਸਟ ਕੈਂਡੀਡੇਟਸ ਦੀ ਇਨ੍ਹਾਂ ਪਾਸ ਪਈ ਹੈ ਉਸ ਵਿਚੋਂ ਹੀ ਕੈਂਡੀਡੇਟਸ ਨੂੰ ਲਗਾਉਣਗੇ, ਐਂਰ ਜਦ ਤਕ ਉਹ ਲਿਸਟ ਖ਼ਤਮ ਨਹੀਂ ਹੁੰਦੀ, ਬਾਹਰੋਂ ਕੋਈ ਐਪੁਆ-ਇੰਟਮੈਂਟ ਨਹੀਂ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਅਸੀਂ ਡਿਪਾਰਟਮੈਂਟਲ ਕਮੇਟੀ ਨੂੰ ਸਿਰਫ 1797 ਆਦਮੀਆਂ ਵਾਸਤੇ ਕਿਹਾ ਸੀ। ਪਰ ਉਨ੍ਹਾਂ ਨੇ ਕੋਈ 3,500 ਦੀ ਲਿਸਟ ਭੇਜ ਦਿੱਤੀ ਹੈ। ਵੈਸੇ ਕੋਈ ਲਿਸਟ ਵੀ ਇਕ ਸਾਲ ਤੋਂ ਵੱਧ ਵੈਲਿਡ ਨਹੀਂ ਰਹਿੰਦੀ ਲੇਕਿਨ ਫਿਰ ਵੀ ਅਸੀਂ ਵਿਚਾਰ ਕਰ ਰਹੇ ਹਾਂ ਕਿ ਇਸ ਦੀ ਵੈਲਿਡਿਟੀ ਜਿਹੜੀ ਹੈ ਕੁਝ ਹੋਰ ਪੀਰੀਅਡ ਵਾਸਤੇ ਵਧਾਈਏ ਜਾਂ ਨਾ ਵਧਾਈਏ।

---

**ਗੌਰਮਿੰਟ ਕਾਲਜ, ਮੁਕਤਸਰ ਦੇ ਪ੍ਰਿੰਸੀਪਲ ਦੁਆਰਾ ਕੀਤੀਆਂ ਗਈਆਂ ਵਸੂਲੀਆਂ**

*535. **ਮਾਸਟਰ ਚੰਦ ਸਿੰਘ** : ਕੀ ਵਿਦਿਆ ਮੰਤਰੀ ਕਿਰਪਾ ਕਰ ਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਗੌਰਮਿੰਟ ਕਾਲਜ, ਮੁਕਤਸਰ ਦੇ ਪ੍ਰਿੰਸੀਪਲ ਨੇ ਸਾਲ 1968 ਦੇ ਦੌਰਾਨ 200 ਰੁਪਏ ਪ੍ਰਤੀ ਵਿਦਿਆਰਥੀ ਦੇ ਹਿਸਾਬ ਨਾਲ ਵਿਦਿਆਰਥੀਆਂ ਪਾਸੋਂ ਵਸੂਲੀਆਂ ਕੀਤੀਆਂ ਸਨ ; ਜੇਕਰ ਅਜਿਹਾ ਹੋਵੇ ਤਾਂ ਉਪਰੋਕਤ ਵਸੂਲੀ ਕਿਸ ਮੰਤਵ ਲਈ ਕੀਤੀ ਗਈ ਸੀ ਅਤੇ ਇਹ ਕਿਸ ਢੰਗ ਨਾਲ ਖਰਚ ਕੀਤੀ ਗਈ ਸੀ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁਖਜਿੰਦਰ ਸਿੰਘ ਖੇਰਾ :** ਸਪੀਕਰ ਸਾਹਿਬ, ਇਹ ਮੈਟਰ ਸੰਨ 1968 ਨੂੰ ਰਿਲੇਟ ਕਰਦਾ ਹੈ ਔਰ ਪਹਿਲਾਂ ਵੀ ਹਾਊਸ ਵਿਚ ਇਸ ਤਰ੍ਹਾਂ ਦਾ ਹੀ ਸਵਾਲ ਸੀ; ਉਸ ਦਾ ਜਵਾਬ ਦਿਤਾ ਗਿਆ ਹੈ । ਜੇਕਰ ਕਹੋ ਤਾਂ ਮੈਂ ਜਵਾਬ ਪੜ੍ਹ ਦਿੰਦਾ ਹਾਂ। ਵੈਸੇ ਇਸ ਦਾ ਜਵਾਬ ਸੰਨ 1973 ਵਿਚ ਦਿਤਾ ਗਿਆ ਹੈ । (ਵਿਘਨ)

**ਸ੍ਰੀ ਸਪੀਕਰ :** ਮੈਂਬਰਜ਼ ਨਵੇਂ ਹਨ, ਇਸ ਲਈ, ਤੁਸੀਂ ਜਵਾਬ ਪੜ੍ਹ ਹੀ ਦਿਓ ਤਾਂ ਠੀਕ ਹੈ।

**ਇਕ ਆਵਾਜ਼ :** ਕੀ ਮਨਿਸਟਰ ਸਾਹਿਬ ਪੁਰਾਣੇ ਹਨ । (ਹਾਸਾ)

**ਮੰਤਰੀ :** ਠੀਕ ਹੈ ਜੀ, ਮੈਂ ਜਵਾਬ ਦੇ ਦਿੰਦਾ ਹਾਂ ।

"ਹਾਂ ਜੀ। ਇਹ ਰਕਮ ਪ੍ਰੀ-ਯੂਨੀਵਰਸਿਟੀ ਵਿਚ ਫੇਲ੍ਹ ਹੋਏ ਅਤੇ ਤੀਜੀ ਡਵੀਜ਼ਨ ਦਸਵੀਂ ਪਾਸ ਵਿਦਿਆਰਥੀਆਂ ਲਈ ਅੱਲਗ ਪ੍ਰੀ-ਯੂਨੀਵਰਸਿਟੀ ਕਲਾਸ ਸ਼ੁਰੂ ਕਰਨ ਲਈ ਇਕੱਠੀ ਕੀਤੀ ਗਈ ਸੀ । ਇਕਠੀ ਕੀਤੀ ਰਕਮ ਵਿਦਆਰਥੀਆਂ ਦੀ ਪੜ੍ਹਾਈ ਲਈ ਵਾਧੂ ਰੱਖੇ ਸਟਾਫ ਨੂੰ ਤਨਖਾਹ ਦੇਣ, ਸਟਾਫ ਨੂੰ ਵਾਧੂ ਕੰਮ ਕਰਨ ਲਈ ਭੱਤਾ ਦੇਣ, ਫਰਨੀਚਰ ਅਤੇ ਪੱਖੇ ਆਦਿ ਖਰੀਦਣ ਵਾਸਤੇ ਖਰਚ ਕੀਤੀ ਗਈ ਸੀ। "

**ਮਾਸਟਰ ਚੰਦ ਸਿੰਘ :** ਸਪੀਕਰ ਸਾਹਿਬ, ਇਹ ਰਕਮ ਜਿਹੜੀ ਕਿ ਮੈਟ੍ਰਿਕ ਪਾਸ ਤੇ ਪ੍ਰੈਪ ਦੇ ਵਿਦਿਆਰਥੀਆਂ ਨੂੰ ਟਿਊਸ਼ਨ ਫੀਸਾਂ ਦੇ ਤੌਰ ਤੇ 200 ਰੁਪਏ ਪ੍ਰਤੀ ਵਿਦਿਆਰਥੀ, ਪ੍ਰਤੀ ਮਹੀਨਾ ਦੇਣੀ ਪਈ, ਉਨ੍ਹਾਂ ਤੋਂ ਇਲਾਵਾ ਬੀ. ਐਸ. ਸੀ. ਦੇ ਵਿਦਿਆਰਥੀਆਂ ਤੋਂ ਵੀ 200 ਰੁਪਏ ਦੇ ਹਿਸਾਬ ਕੁਲੈਕਸ਼ਨ ਕੀਤੀ ਗਈ । ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਇਸ ਤਰ੍ਹਾਂ ਭਾਰੀ ਰਕਮ ਦੀ ਕੁਲੈਕਸ਼ਨ ਕੀਤੀ ਗਈ ਆਇਆ ਉਹ ਸਰਕਾਰ ਦੀ ਮਨਜ਼ੂਰੀ ਨਾਲ ਕੀਤੀ ਗਈ ਸੀ ਜਾਂ ਬਿਨਾਂ ਮਨਜ਼ੂਰੀ ਦੇ ਕੀਤੀ ਗਈ ? ਜੇਕਰ ਮਨਜ਼ੂਰੀ ਨਹੀਂ ਲਈ ਗਈ ਤਾਂ ਜਿਨ੍ਹਾਂ ਕਰਮਚਾਰੀਆਂ ਨੇ ਇਹ ਗਲਤੀ ਕੀਤੀ ਹੈ, ਉਨ੍ਹਾਂ ਦੀਆਂ ਗਲਤੀਆਂ ਨੂੰ ਨੰਗਾ ਕਰ ਕੇ ਉਨ੍ਹਾਂ ਨੂੰ ਸਜ਼ਾਵਾਂ ਦਿਓਗੇ ?

**ਮੰਤਰੀ :** ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਸੰਨ 1968 ਵਿਚ ਗੌਰਮਿੰਟ ਕਾਲਜ ਮੁਕਤਸਰ ਵਿਚ ਜਿਤਨੇ ਵਿਦਿਆਰਥੀ ਦਾਖਲ ਹੋਣਾ ਚਾਹੁੰਦੇ ਸਨ, ਉਹ ਨਹੀਂ ਸਨ ਹੋ ਸਕੇ ਕਿਉਂਕਿ ਕਾਲਜ ਪਾਸ ਹੋਰ ਵਾਧੂ ਸਟਾਫ, ਬੈਂਚਾਂ ਵਗੈਰਾ ਦਾ ਪ੍ਰਬੰਧ ਨਹੀਂ ਸੀ। ਫਿਰ ਉਥੇ ਦੇ ਲੋਕਾਂ ਨੇ, ਮਿਊਂਸਪਲ ਕਮਿਸ਼ਨਰਜ਼ ਨੇ, ਪ੍ਰੈਜ਼ੀਡੈਂਟ ਮਿਊਂਸਪਲ ਕਮੇਟੀ ਨੇ, ਅਤੇ ਹੋਰ ਪਤਵੰਤੇ ਸੱਜਣਾਂ ਨੇ ਐਸ. ਡੀ. ਐਮ. ਨੂੰ ਆਪਣੇ ਲੈਵਲ ਤੇ ਅਪ੍ਰੋਚ ਕੀਤਾ ਕਿ ਸਾਡੇ ਬੱਚੇ ਦਾਖਲ ਹੋਣੇ ਚਾਹੀਦੇ ਹਨ। ਉਨ੍ਹਾਂ ਨੂੰ ਪ੍ਰਿੰਸੀਪਲ ਵਲੋਂ ਇਹ ਦੱਸਿਆ ਗਿਆ ਕਿ ਨਾ ਸਰਕਾਰ ਨੇ ਸਟਾਫ ਦਿੱਤਾ ਹੈ, ਨਾ ਹੀ ਇਤਨੀ ਬਿਲਡਿੰਗ ਕਪੈਸਿਟੀ ਹੈ ਨਾ ਹੀ ਇਤਨੇ ਫੰਡਜ਼ ਹਨ। ਇਸ ਉਪਰ ਉਪ-ਮੰਡਲ ਅਫਸਰ ਦੇ ਮਿਊਂਸਪਲ ਕਮਿਸ਼ਨਰਜ਼ ਦੇ, ਮਿਊਂਸਪਲ ਪ੍ਰਧਾਨ ਦੇ ਤੇ ਹੋਰ ਸ਼ਹਿਰ ਦੇ ਪਤਵੰਤੇ ਆਦਮੀਆਂ ਦੇ ਇਹ ਕਹਿਣ ਤੇ ਕਿ ਜੇਕਰ ਇਹ ਸਾਰਾ ਇੰਤਜ਼ਾਮ ਕਰ ਦੇਣ ਤਾਂ ਬੱਚਿਆਂ ਨੂੰ ਦਾਖਲ ਕਰ ਲੈਣਾ ਚਾਹੀਦਾ ਹੈ। ਇਸ ਤਰ੍ਹਾਂ ਪਤਵੰਤੇ ਸੱਜਣਾ ਦੇ ਕਹਿਣ ਤੇ ਪ੍ਰਿੰਸੀਪਲ ਨੇ ਦਾਖਲ ਕਰ ਲਿਆ। ਡਿਪਾਰਟਮੈਂਟ ਨੂੰ ਪ੍ਰਿੰਸੀਪਲ ਨੇ ਇਸ ਪ੍ਰਬੰਧ ਲਈ ਮਨਜ਼ੂਰੀ ਦੇਣ ਲਈ ਲਿਖਿਆ ਪ੍ਰੰਤੂ ਮਹਿਕਮੇਂ ਵਲੋਂ ਕੋਈ ਜਵਾਬ ਨਾਂ ਦਿਤਾ ਗਿਆ। ਸਪੀਕਰ ਸਾਹਿਬ, ਜੋ ਐਕਸਟਰਾ ਪੇਮੈਂਟ ਕੀਤੀ ਹੈ, ਮੈਂ ਵੀ ਕਹਿੰਦਾ ਹਾਂ ਕਿ ਠੀਕ ਨਹੀਂ ਹੈ, ਔਰ ਸਾਰੇ ਜ਼ਿਮੇਵਾਰ

Original with;
Punjab Vidhan Sabha
Digitized by;
Panjab Digital Library

[ਵਿਦਿਆ ਮੰਤਰੀ]

ਸਟਾਫ ਨੂੰ ਵਾਰਨਿੰਗ ਵਗੈਰਾ ਦੇ ਦਿਤੀਆਂ ਹਨ, ਫਿਰ 10/15 ਸਾਲ ਪੁਰਾਣੀ ਗੱਲ ਹੈ, ਮੈਂ ਸਮਝਦਾ ਹਾਂ ਕਿ ਇਸ ਵੇਲੇ ਦੱਬੇ ਮੁਰਦੇ ਕਬਰਾਂ ਵਿਚੋਂ ਕੱਢਣੇ ਵਾਜਿਬ ਨਹੀਂ ਹਨ। (ਹਾਸਾ)

**ਮਾਸਟਰ ਚੰਦ ਸਿੰਘ:** ਪਰ ਜਿਹੜੇ ਮੁਰਦੇ ਪਹਿਲਾਂ ਹੀ ਕਬਰਾਂ ਵਿਚੋਂ ਬਾਹਰ ਆ ਗਏ ਹੋਣ ?

**ਮੰਤਰੀ:** ਜਿਹੜੇ ਆ ਗਏ, ਉਹ ਆ ਗਏ, ਹੋਰ ਨਹੀਂ ਲਿਆਉਣੇ ਚਾਹੀਦੇ ।

**ਮਾਸਟਰ ਚੰਦ ਸਿੰਘ:** ਸਪੀਕਰ ਸਾਹਿਬ, ਬਿਲਡਿੰਗ ਲਈ ਜਾਂ ਹੋਰ ਕੰਮਾਂ ਲਈ ਜਿਸ ਤਰ੍ਹਾਂ ਫਰਨੀਚਰ ਹੈ ਉਨ੍ਹਾਂ ਵਾਸਤੇ ਜਿਹੜੇ ਪੈਸੇ ਇਕੱਠੇ ਕੀਤੇ ਸਨ ਉਸ ਵਿਚ ਘਪਲਾ ਹੋਇਆ ਹੈ । ਬਿਲਡਿੰਗ ਵਿਚ ਪ੍ਰਿੰਸੀਪਲ ਆਪਣੀਆਂ ਗਾਈਆਂ ਬਨ੍ਹਦਾ ਹੁੰਦਾ ਸੀ ਔਰ ਉਸ ਬਿਲਡਿੰਗ ਦਾ ਪੰਜ ਸੌ ਰੁਪਏ ਕਿਰਾਇਆ ਦਿਤਾ ਜਾਂਦਾ ਸੀ। ਉਸ ਬਿਲ ਡਿੰਗ ਨੂੰ ਪ੍ਰਿੰਸੀਪਲ ਨੇ ਆਪਣੇ ਨਿੱਜੀ ਮਨੋਰਥ ਲਈ ਵਰਤਿਆ ਹੈ। ਕੀ ਵਜ਼ੀਰ ਸਾਹਿਬ, ਇਸ ਗੱਲ ਦੀ ਪੜਤਾਲ ਕਰਨਗੇ ਕਿ ਕੀ ਇਸ ਕੰਮ ਲਈ ਪ੍ਰਿੰਸੀਪਲ ਨੇ ਸਰਕਾਰ ਪਾਸੋਂ ਮਨਜ਼ੂਰੀ ਲਈ ਸੀ ਜਾਂ ਨਹੀਂ ?

**ਮੰਤਰੀ:** ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਜੇਕਰ ਕੋਈ ਵੀ ਅਫਸਰ ਚੰਗਾ ਕੰਮ ਕਰਦਾ ਹੈ ਤਾਂ ਉਸ ਨੂੰ ਡਿਸਕਰੇਜ ਨਹੀਂ ਕਰਨਾ ਚਾਹੀਦਾ। ਜੇਕਰ ਐਸ. ਡੀ. ਓ. ਨੇ ਪ੍ਰੈਜ਼ੀਡੈਂਟ ਨੇ, ਮਿਉਂਸਪਲ ਕਮਿਸ਼ਨਰਜ਼ ਨੇ ਤੇ ਹੋਰ ਲੋਕਾਂ ਨੇ ਪ੍ਰਿੰਸੀਪਲ ਨੂੰ ਕਿਹਾ ਔਰ ਉਸ ਨੇ ਉਨ੍ਹਾਂ ਦੀ ਗੱਲ ਮੰਨ ਲਈ ਹੈ ਤਾਂ ਉਸ ਵਿਚ ਕੋਈ ਐਸੀ ਗੱਲ ਨਹੀਂ ਹੈ। ਜੇਕਰ ਉਹ ਨਾ ਮੰਨਦਾ ਤਾਂ ਵੀ ਉਸ ਨੂੰ ਉਨ੍ਹਾਂ ਲੋਕਾਂ ਨੇ ਸਜ਼ਾ ਦਿਵਾ ਦੇਣੀ ਸੀ। ਫਿਰ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਜਿਸ ਕਿਸਮ ਦੀ ਇਹ ਪੜਤਾਲ ਕਰਾਉਣ ਵਾਸਤੇ ਕਹਿੰਦੇ ਹਨ ਉਸ ਦੇ ਜੋ ਰਿਜ਼ਲਟਸ ਨਿਕਲਣੇ ਹਨ ਉਹ ਲੇਬਰ ਨਾਲ ਕਮੈਨਸੋਰੇਟ ਨਹੀਂ ਕਰਦੇ ।

---

### ਸਿਵਲ ਹਸਪਤਾਲ, ਸੁਨਾਮ ਵਿਚ ਪਾਣੀ ਦਾ ਚੁਬੱਚਾ ਬਣਾਉਣਾ

*774. **ਸਰਦਾਰ ਗੁਰਦਿਆਲ ਸਿੰਘ:** ਕੀ ਭਲਾਈ ਮੰਤਰੀ ਕਿਰਪਾ ਕਰ ਕੇ ਦੱਸਣਗੇ ਕਿ :—

(ੳ) ਕੀ ਇਹ ਠੀਕ ਹੈ ਕਿ ਸਿਵਲ ਹਸਪਤਾਲ, ਸੁਨਾਮ ਜ਼ਿਲ੍ਹਾ ਸੰਗਰੂਰ ਵਿਚ ਬਣਏ ਗਏ ਪਾਣੀ ਦੇ ਨਵੇਂ ਚੁਬੱਚੇ ਨੇ ਕੰਮ ਕਰਨਾ ਬੰਦ ਕਰ ਦਿਤਾ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਨੇ ਇਸ ਦੇ ਬਣਾਏ ਜਾਣ ਤੋਂ ਬਾਅਦ ਕਿੰਨਾ ਚਿਰ ਕੰਮ ਕੀਤਾ ਅਤੇ ਕਿਸ ਤਰੀਕ ਨੂੰ ਕੰਮ ਕਰਨਾਂ ਬੰਦ ਕਰ ਦਿਤਾ ਹੈ ;

(ਅ) ਕਿਸ ਤਰੀਕ ਤਕ ਉਕਤ ਪਾਣੀ ਦਾ ਚੁਬਚਾ ਦੁਬਾਰਾ ਕੰਮ ਕਰਨਾਂ ਸ਼ੁਰੂ ਕਰ ਦੇਵੇਗਾ ?

**ਸਰਦਾਰਨੀ ਸਤਵੰਤ ਕੌਰ ਸੰਧੂ:** (ੳ) ਨਹੀਂ; ਇਹ ਠੀਕ ਨਹੀਂ ਹੈ। ਸਿਵਲ ਹਸਪਤਾਲ ਸੁਨਾਮ ਜ਼ਿਲ੍ਹਾ ਸੰਗਰੂਰ ਵਿਚ ਬਣੇ ਜਲ ਭੰਡਾਰ ਨੇ ਕਦੀ ਵੀ ਕੰਮ ਕਰਨਾਂ ਬੰਦ ਨਹੀਂ ਕੀਤਾ। ਇਹ ਸਾਲ 1970-71 ਵਿਚ ਚਾਲੂ ਕੀਤਾ ਗਿਆ ਸੀ ਅਤੇ ਉਦੋਂ ਤੋਂ ਹੀ ਕੰਮ ਕਰ ਰਿਹਾ ਹੈ;

(ਅ) ਇਸ ਦਾ ਸੁਆਲ ਹੀ ਨਹੀਂ ਉਠਦਾ।

**ਸਰਦਾਰ ਗੁਰਦਿਆਲ ਸਿੰਘ:** ਸਪੀਕਰ ਸਾਹਿਬ, ਇਹ ਮਨਿਸਟਰ ਸਾਹਿਬਾ ਨੇ ਠੀਕ ਹੀ ਕਿਹਾ ਹੈ ਕਿ ਇਹ ਕੰਮ 3-4 ਸਾਲ ਪਹਿਲੇ 1970-71 ਵਿਚ ਸ਼ੁਰੂ ਹੋਇਆ ਸੀ । ਪਰ 2 ਸਾਲ ਕੰਮ ਕਰਨ

Original with;
Punjab Vidhan Sabha
Digitized by;
Panjab Digital Library

ਤੋਂ ਬਾਅਦ ਇਹ ਲਗਾਤਾਰ ਬੰਦ ਰਿਹਾ ਹੈ। ਇਸ ਬਾਰੇ ਮੈਂ ਕੋਆਰਡੀਨੇਸ਼ਨ ਕਮੇਟੀ ਮੀਟਿੰਗ ਵਿਚ ਕਹਿੰਦਾ ਰਿਹਾ ਹਾਂ

**ਸ੍ਰੀ ਸਪੀਕਰ :** ਤੁਸੀਂ ਸਵਾਲ ਕਰੋ ।

ਸਰਦਾਰ ਗੁਰਦਿਆਲ ਸਿੰਘ : ਮੈਂ ਬੀਬੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਇਹ ਜਿਹੜੀ ਗਲਤ ਇਤਲਾਹ ਦਿੱਤੀ ਗਈ ਹੈ ਕਿ ਕੰਮ ਹੁੰਦਾ ਰਿਹਾ ਹੈ, ਕੀ ਇਹ ਇਸ ਦੀ ਇਨਕੁਆਇਰੀ ਕਰਵਾਉਣਗੇ ?

**ਸ੍ਰੀ ਸਪੀਕਰ :** ਹਾਂ ਜੀ, ਬੀਬੀ ਜੀ, ਇਹ ਪੁੱਛਦੇ ਹਨ ਕਿ ਉਥੇ ਕੰਮ ਠੀਕ ਨਹੀਂ ਚਲਿਆ, ਕੀ ਉਸ ਦੀ ਇਨਕੁਆਇਰੀ ਕਰਵਾਉਗੇ ?

**ਮੰਤਰੀ :** ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਸਵਾਲ ਕੀਤਾ ਸੀ ਉਸ ਦਾ ਜਵਾਬ ਤਾਂ ਠੀਕ ਦਿਤਾ ਗਿਆ ਹੈ। ਬਾਕੀ ਉਥੋਂ ਦਾ ਜਿਹੜਾ ਪੰਪਿੰਗ ਸੈਟ ਸੀ ਉਸ ਵਿਚ ਕੁਝ ਸਮੇਂ ਲਈ ਡਿਫੈਕਟ ਹੋ ਗਿਆ ਸੀ ਜਿਸ ਕਰ ਕੇ ਪਾਣੀ ਦੀ ਸਪਲਾਈ ਬੰਦ ਰਹੀ। ਪਰ ਉਸ ਦੌਰਾਨ ਵੀ ਮਿਉਂਸਪਲ ਕਮੇਟੀ ਤੋਂ ਪਾਣੀ ਲੈ ਕੇ ਸਪਲਾਈ ਜਾਰੀ ਰਖੀ ਸੀ।

**ਸਰਦਾਰ ਦਲੀਪ ਸਿੰਘ ਪਾਂਧੀ :** ਸਪੀਕਰ ਸਾਹਿਬ, ਸਵਾਲ ਦਾ ਜਵਾਬ ਕੰਟਰਾਡਿਕਟ ਹੋ ਗਿਆ ਹੈ। ਸਵਾਲ ਇਹ ਸੀ ਕਿ ਪਾਣੀ ਦਾ ਟੈਂਕ ਜਿਹੜਾ ਨਵਾਂ ਬਣਿਆ ਸੀ.........

**ਸ੍ਰੀ ਸਪੀਕਰ :** ਜਵਾਬ ਤਾਂ ਠੀਕ ਸੀ, ਲੇਕਿਨ ਸਪਲੀਮੈਂਟਰੀ ਕੰਟਰਾਡਿਕਟ ਕਰ ਗਈ।

**ਸਰਦਾਰ ਦਲੀਪ ਸਿੰਘ ਪਾਂਧੀ :** ਨਹੀਂ ਜੀ, ਇਸ ਮਾਮਲੇ ਵਿਚ ਇਨ੍ਹਾਂ ਦਾ ਕਸੂਰ ਨਹੀਂ। ਜਵਾਬ ਥੱਲੇ ਤੋਂ ਗਲਤ ਆਇਆ ਹੈ ਅਤੇ ਹਾਊਸ ਨੂੰ ਮਿਸ-ਲੀਡ ਕੀਤਾ ਗਿਆ ਹੈ। ਇਸ ਮਾਮਲੇ ਦੀ ਪੜਤਾਲ ਹੋਣੀ ਚਾਹੀਦੀ ਹੈ।

**ਸ੍ਰੀ ਸਪੀਕਰ :** ਬੀਬੀ ਜੀ, ਮੈਂਬਰ ਸਾਹਿਬ ਇਹ ਪੁੱਛਣਾ ਚਾਹੁੰਦੇ ਹਨ ਕਿ ਕੀ ਤੁਸੀਂ ਇਹ ਪੜਤਾਲ ਕਰੋਗੇ ਕਿ ਉਥੇ ਪਾਣੀ ਨਹੀਂ ਚਲ ਰਿਹਾ ?

**ਮੰਤਰੀ :** ਪਾਣੀ ਤਾਂ ਉਥੇ ਪੂਰਾ ਮਿਲ ਰਿਹਾ ਹੈ।

**ਸ੍ਰੀ ਸਪੀਕਰ :** ਉਹ ਪੁੱਛਦੇ ਹਨ ਕਿ ਇਸ ਵੇਲੇ ਪਾਣੀ ਉਥੇ ਨਹੀਂ ਚਲ ਰਿਹਾ ਕੀ ਇਸ ਦੀ ਪੜਤਾਲ ਕਰਵਾ ਲਵੋਗੇ ?

**ਮੰਤਰੀ :** ਹਾਂ ਜੀ, ਕਰਵਾ ਲਵਾਂਗੇ ।

---

## Malaria Cases Reported in various Hospitals at Amritsar

*547. **Shri Harbans Lal Khanna :** Will the Minister for Health and Urban Development be pleased to state the number of Malaria cases reported in various hospitals at Amritsar during the period from 1st April, to-date together with the steps taken to control this disease ?

Original with;
Punjab Vidhan Sabha
Digitized by;
Panjab Digital Library

**Shri Des Raj** : 2,643 (from 1st April, 1978 to 10th July, 1978). Steps taken/being taken are as under :—

1. Active Surveillance
2. Passive Surveillance
3. Setting up of Malaria Clinics in the Health Institutions.

(4) Adoption of Anti-Larval Measures.

**ਸ੍ਰੀ ਹਰਬੰਸ ਲਾਲ ਖੰਨਾ** : ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਦੱਸਿਆ ਹੈ ਕਿ ਪਿਛਲੇ 3 ਮਹੀਨੇ ਵਿਚ 2643 ਕੇਸ ਹੋਏ ਹਨ। ਮੈਂ ਸਮਝਦਾ ਹਾਂ ਕਿ ਇਹ 3 ਮਹੀਨੇ ਦੇ ਮੁਕਾਬਲੇ ਕੇਸ ਬਹੁਤ ਜ਼ਿਆਦਾ ਹੋਏ ਹਨ ਔਰ ਹਾਲੇ ਵੀ ਇਨਕਰੀਜ਼ ਹੋ ਰਹੇ ਹਨ। ਇਹ ਇਕ ਨੈਸ਼ਨਲ ਪਰਾਬਲਮ ਬਣ ਗਈ ਹੈ। ਕੋਈ ਵਕਤ ਸੀ ਕਿ ਸਾਰੇ ਦੇਸ਼ ਵਿਚ ਗੌਰਮਿੰਟ ਆਫ ਇੰਡੀਆ ਨੇ ਇਹ ਕਹਿ ਦਿੱਤਾ ਸੀ ਕਿ there is no malaria case ਲੇਕਿਨ ਹੁਣ ਡੇਬਾਈ ਡੇ ਕੇਸ ਵਧਦੇ ਜਾ ਰਹੇ ਹਨ ਜਿਸ ਕਾਰਣ ਪੇਰੈਂਟਸ ਨੂੰ ਵੀ ਅਤੇ ਉਨ੍ਹਾਂ ਦੇ ਗਾਰਡੀਅਨਜ਼ ਨੂੰ ਵੀ ਕਾਫੀ ਤਕਲੀਫ ਹੋ ਰਹੀ ਹੈ। ਕੀ ਇਸ ਦਾ ਕਾਰਨ ਇਹ ਤਾਂ ਨਹੀਂ ਕਿ ਜਿੰਨੇ ਵੀ ਮਲੇਰੀਆ ਦੇ ਪਰੀਵੈਂਟਿਵ ਮਈਅਰਜ਼ ਸਨ ਉਹ ਸਾਰੇ ਇਨ-ਇਫੈਕਟਿਵ ਹੋ ਗਏ ਹਨ ? ਇਸ ਲਈ ਕੀ ਸਰਕਾਰ ਇਹ ਵਿਸ਼ਵਾਸ ਦਿਵਾਏਗੀ ਕਿ ਜਿਹੜੇ ਕੇਸ ਇਨਕਰੀਜ਼ ਹੋ ਰਹੇ ਹਨ ਉਨ੍ਹਾਂ ਨੂੰ ਰੋਕਣ ਲਈ ਕੋਈ ਇਫੈਕਟਿਵ ਮਈਅਰਜ਼ ਵਰਤੇਗੀ ਤਾਂ ਕਿ ਇਹ ਪਰਾਬਲਮ ਹੱਲ ਹੋ ਸਕੇ ?

**ਮੰਤਰੀ** : ਖੰਨਾ ਸਾਹਿਬ ਨੇ ਜੋ ਇਹ ਠੀਕ ਕਿਹਾ ਹੈ ਕਿ ਇਹ ਇਕ ਨੈਸ਼ਨਲ ਪਰਾਬਲਮ ਬਣ ਗਈ ਹੈ। ਸ਼ੁਰੂ ਵਿਚ ਗੌਰਮਿੰਟ ਆਫ਼ ਇੰਡੀਆ ਨੇ ਇਕ ਮਲੇਰੀਆ ਕੰਟਰੋਲ ਪ੍ਰੋਗਰਾਮ ਬਣਾਇਆ ਸੀ ਉਸ ਦੀ ਸਫਲਤਾ ਵਾਸਤੇ ਕਈ ਕਦਮ ਚੁਕੇ ਗਏ ਅਤੇ ਫਿਰ ਇਸ ਪ੍ਰੋਗਰਾਮ ਨੂੰ ਕਨਵਰਟ ਕਰ ਕੇ ਇਕ ਨੈਸ਼ਨਲ ਮਲੇਰੀਆ ਇਰੈਡੀਏਸ਼ਨ ਪ੍ਰੋਗਰਾਮ ਬਣਾਇਆ ਗਿਆ ਔਰ ਉਸ ਤੋਂ ਬਾਅਦ ਇਕ ਵਕਤ ਐਸਾ ਆਇਆ ਕਿ ਦੇਸ਼ ਵਿਚ ਮਲੇਰੀਆ ਇਰੈਡੀਕੇਟ ਹੋ ਗਿਆ (ਵਿਘਨ) ਲੇਕਿਨ ਮੇਰੇ ਇਹ ਦੋਸਤ ਭੁਲਦੇ ਹਨ ਕਿ 1958 ਵਿਚ ਇਹ ਕਲੇਮ ਕੀਤਾ ਗਿਆ ਸੀ ਕਿ ਕੋਈ ਮਲੇਰੀਆ ਨਹੀਂ ਹੈ ਪਰ ਫਿਰ ਇਨ੍ਹਾਂ ਦੇ ਸਮੇਂ 1962 ਵਿਚ ਹੀ ਮਲੇਰੀਆ ਫੈਲਣਾ ਸ਼ੁਰੂ ਹੋ ਗਿਆ ਸੀ। ਅੱਜ ਗੌਰਮਿੰਟ ਆਫ਼ ਇੰਡੀਆ ਵੀ ਇਸ ਵਾਸਤੇ ਕਾਫੀ ਚਿੰਤਾ ਵਿਚ ਹੈ ਅਤੇ ਪੰਜਾਬ ਗੌਰਮਿੰਟ ਵੀ ਕਾਫੀ ਚਿੰਤਾ ਵਿਚ ਹੈ। ਇਸ ਲਈ ਇਸ ਵਾਸਤੇ ਇਕ ਹਾਈ ਪਾਵਰ ਕਮੇਟੀ ਵੀ ਐਪੁਆਇੰਟ ਕੀਤੀ ਸੀ ਔਰ ਇਸ ਪਰਾਬਲਮ ਤੇ ਕਾਫੀ ਸੋਚ ਵਿਚਾਰ ਹੋਏ ਹਨ ਜੋ ਵੀ ਪਾਸੀਬਲ ਕਦਮ ਹੋ ਸਕਦੇ ਹਨ ਉਹ ਚੁਕੇ ਜਾ ਰਹੇ ਹਨ। ਹੁਣ ਤਕ ਸ਼ਹਿਰਾਂ ਵਿਚ ਸਪਰੇ ਦਾ ਇੰਤਜ਼ਾਮ ਨਹੀਂ ਸੀ ਪਰ ਹੁਣ 4, 5 ਵਡੇ ਸ਼ਹਿਰਾਂ ਵਿਚ ਵੀ ਕਾਰਪੋਰੇਸ਼ਨ ਦੀ ਮਿਲ ਵਰਤਣ ਨਾਲ ਇਹ ਸਪਰੇ ਸ਼ੁਰੂ ਕਰ ਦਿਤਾ ਹੈ।

**ਸ੍ਰੀ ਮਨਮੋਹਨ ਕਾਲੀਆ** : ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੋਈ ਵਕਤ ਆਇਆ ਸੀ ਜਿਸ ਵਕਤ ਮਲੇਰੀਆ ਪੈਰਾਸਾਈਟਸ ਜਿਹੜੇ ਸਨ ਉਹ ਬਿਲਕੁਲ ਖਤਮ ਹੋ ਗਏ ਸਨ ਔਰ ਇਹ ਕਿਹਾ ਗਿਆ ਸੀ ਕਿ ਮੱਛਰ ਰਹੇਗਾ ਪਰ ਮਲੇਰੀਆ ਨਹੀਂ ਰਹੇਗਾ। ਪਰ ਇਹ ਹੁਣ ਫਿਰ ਸ਼ੁਰੂ ਹੋ ਗਿਆ ਹੈ। ਇਹ ਹੀ ਨਹੀਂ ਪਿਛਲੇ ਸਾਲ ਸਾਈਬਰਲ ਮਲੇਰੀਆ, ਜਿਸ ਦਾ ਦਿਮਾਗ਼ ਤੇ ਅਸਰ ਪੈਂਦਾ ਹੈ ਉਹ ਸ਼ੁਰੂ ਹੋ ਗਿਆ ਹੈ ਔਰ ਇਸ ਦੀ ਸਿਦਤ ਆਸਾਮ, ਨੇਫਾ, ਬੰਗਾਲ

Original with; Punjab Vidhan Sabha Digitized by; Panjab Digital Library

ਬਿਹਾਰ ਅਤੇ ਈਸਟਰਨ ਯੂ.ਪੀ. ਵਿਚ ਵੀ ਪਈ ਹੈ। ਇਸ ਲਈ ਕੀ ਵਜ਼ੀਰ ਸਾਹਿਬ ਇਸ ਨੂੰ ਪੰਜਾਬ ਵਿਚੋਂ ਥਰੋ ਆਊਟ ਕਰਨਗੇ ?

**ਮੰਤਰੀ:** ਸਪੀਕਰ ਸਾਹਿਬ, ਜਿਹੜਾ ਸਵਾਲ ਕੀਤਾ ਹੈ ਉਸ ਦਾ ਕਾਰਣ ਇਹ ਹੈ ਕਿ ਇਕ ਦਫਾ ਮਲੇਰੀਆ ਇਰੈਡੀਕੇਟ ਹੋ ਗਿਆ ਸੀ ਔਰ ਇਥੋਂ ਤੱਕ ਹੋ ਗਿਆ ਸੀ ਕਿ ਮਲੇਰੀਆ ਦਾ ਸਟਾਫ ਵੀ ਬਦਲ ਕੇ ਹੋਰ ਪਾਸੇ ਲਾਇਆ ਗਿਆ ਸੀ। ਪਰ ਕਿਉਂਕਿ ਇਸ ਪਾਸੇ ਬਿਲਕੁਲ ਅਣਗਹਿਲੀ ਹੋ ਗਈ ਇਸ ਕਰਕੇ ਇਹ ਦੋਬਾਰਾ ਸ਼ੁਰੂ ਹੋ ਗਿਆ ਹੈ। ਇਹ ਕੁਝ ਧਾਨ ਦੇ ਜ਼ਿਆਦਾ ਪੈਦਾਵਾਰ ਹੋਣ ਕਾਰਣ ਅਤੇ ਵਾਟਰ ਲੌਗਿੰਗ ਹੋਣ ਕਾਰਣ ਵੀ ਮੌਸਕਿਊਟੋਜ਼ ਵਧੇ ਹਨ ਫਿਰ ਜਿਹੜੀ ਸਾਡੀ ਲੇਬਰ ਯੂ.ਪੀ. ਤੋਂ ਆਉਂਦੀ ਹੈ ਉਹ ਵੀ ਇਸ ਦਾ ਕਾਰਣ ਹੋ ਸਕਦੀ ਹੈ। ਪਿਛੇ ਕੁਝ ਇਨਸੈਕਟੀਸਾਈਡਜ਼ ਦੀ ਵੀ ਕਮੀ ਹੋ ਗਈ ਸੀ। ਦੂਸਰਾ ਜਿਹੜੇ ਮੱਛਰ ਹਨ ਉਹ ਵੀ ਹੁਣ ਡੀ. ਡੀ. ਟੀ. ਦੇ ਅਮੀਊਨ ਹੋ ਗਏ ਹਨ। ਇਸ ਲਈ ਅਸੀਂ ਹੁਣ ਵੀ ਕੋਸ਼ਿਸ਼ ਕਰਦੇ ਹਾਂ ਕਿ ਸਪਰੇ ਕਰਨ ਵਾਸਤੇ ਬੀ. ਐਚ. ਸੀ. ਮਿਲ ਜਾਵੇ। ਸਾਡੀ ਕੋਸ਼ਿਸ਼ ਦੇ ਬਾਵਜੂਦ ਹੀ ਬੀ. ਐਚ. ਸੀ. ਸਾਨੂੰ 41 ਬਲਾਕਾਂ ਵਾਸਤੇ ਮਿਲੀ ਹੈ ਔਰ ਬਾਕੀ ਸਾਰੇ ਬਲਾਕਾਂ ਵਿਚ ਡੀ. ਡੀ. ਟੀ. ਸਪਰੇ ਕਰ ਰਹੇ ਹਾਂ। ਬਾਕੀ ਜਿਥੋਂ ਤਕ ਕਾਲੀਆ ਸਾਹਿਬ ਨੇ ਸਾਰੀਬਰਲ ਮਲੇਰੀਆ ਦਾ ਜ਼ਿਕਰ ਕੀਤਾ ਹੈ ਕਿ ਉਹ ਆਸਾਮ, ਬੰਗਾਲ, ਨੇਫਾ ਵਿਚ ਫੈਲਿਆ ਹੈ ਮੈਂ ਇਸ ਦੀ ਬਹਿਸ ਵਿਚ ਨਹੀਂ ਪੈਣਾ ਚਾਹੁੰਦਾ।

**ਸ੍ਰੀ ਸਪੀਕਰ:** ਤੁਸੀਂ ਜਵਾਬ ਨੂੰ ਥੋੜ੍ਹਾ ਬਰੀਫ ਰਖੋ।

**ਸ੍ਰੀ ਅ. ਵਿਸ਼ਵਨਾਥਨ:** ਸਪੀਕਰ ਸਾਹਿਬ ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਅਜ ਕਲ ਪੰਜਾਬ ਦੇ ਬਹੁਤ ਸਾਰੇ ਇਲਾਕਿਆਂ ਵਿਚ ਫਲੱਡ ਆਏ ਹੋਏ ਹਨ ਅਤੇ ਕਾਫੀ ਮਾਤਰਾ ਵਿਚ ਮਲੇਰੀਆ ਫੈਲਿਆ ਹੋਇਆ ਹੈ। ਇਸ ਦੀ ਰੋਕਥਾਮ ਲਈ ਸਰਕਾਰ ਵੱਲੋਂ ਕੀ ਸਟੈਪਸ ਚੁੱਕੇ ਜਾ ਰਹੇ ਹਨ ?

**ਮੰਤਰੀ:** ਸਪੀਕਰ ਸਾਹਿਬ, ਅੱਜ ਕਲ ਦੀ ਹੈਵੀ ਰੇਨਜ਼ ਨੂੰ ਮਦੇ ਨਜ਼ਰ ਰੱਖਦੇ ਹੋਏ ਮੈਂ ਆਪਣੇ ਮਹਿਕਮੇ ਨੂੰ ਹਦਾਇਤਾਂ ਕੀਤੀਆਂ ਹੋਈਆਂ ਹਨ ਕਿ ਜਿਥੇ ਜਿਥੇ ਫਲੱਡ ਦਾ ਪਾਣੀ ਖੜ੍ਹਾ ਹੈ ਉਥੇ ਪਹਿਲੇ ਸਪਰੇ ਕੀਤਾ ਜਾਵੇ ਤਾਂ ਕਿ ਮਲੇਰੀਏ ਦੀ ਰੋਕ ਥਾਮ ਹੋ ਸਕੇ।

**ਸਰਦਾਰ ਗੁਰਦਰਸ਼ਨ ਸਿੰਘ:** ਸਪੀਕਰ ਸਾਹਿਬ, ਮਲੇਰੀਆ ਬਿਮਾਰੀ ਇਤਨੀ ਖਤਰਨਾਕ ਬਣ ਚੁੱਕੀ ਹੈ ਕਿ ਉਸ ਦੀ ਰੋਕਥਾਮ ਇਤਨੀ ਜਲਦੀ ਨਹੀਂ ਹੁੰਦੀ। ਕੀ ਸਰਕਾਰ ਕੋਲ ਇਤਨੇ ਬਜਟ ਵਿਚ ਪੈਸੇ ਹਨ ਜਿਸ ਨਾਲ ਮਲੇਰੀਏ ਦੀ ਰੋਕਥਾਮ ਲਈ ਜਿੰਨੇ ਪੈਸੇ ਦੀ ਜ਼ਰੂਰਤ ਹੈ ਉਸ ਨੂੰ ਮੀਟ ਆਊਟ ਕਰ ਸਕੇ ?

**ਮੰਤਰੀ:** ਸਪੀਕਰ ਸਾਹਿਬ, ਇਸ ਵਕਤ ਤਾਂ ਮੈਨੂੰ ਪਤਾ ਨਹੀਂ ਹੈ, ਪਤਾ ਕਰ ਕੇ ਦੱਸ ਦੇਵਾਂਗੇ। ਇਹ ਵੱਖਰਾ ਨੋਟਿਸ ਦੇ ਦੇਣ ਮੈਂ ਦੱਸ ਦੇਵਾਂਗਾ।

---

**Skin Disease Cases in district Amritsar**

***548. Shri Harbans Lal Khanna :** Will the Minister for Health and Urban Development be pleased to State the total number of skin disease cases which came to the notice of health authorities in district Amritsar during the last six months and the steps being taken to treat and control the disease ?

Original with;
Punjab Vidhan Sabha
Digitized by;
Panjab Digital Library

**Shri Des Raj :** (I) 46,318, during the period from January, 1978 to June, 1978.

(2) Facilities for treatment of skin diseases are available in Amritsar District. Persons suffering from ordinary skin diseases are treated in the out-patient Department of the Hospitals, Primary Health Centres and Dispensaries. Serious complicated cases are attended to in the skin Department of Shri Guru Teg Bahadur Hospital, Amritsar. Health Education is imparted to the community for control/prevention of skin diseases. Special Health Education camps are also arranged for this purpose in the rural areas.

**ਸ਼੍ਰੀ ਹਰਬੰਸ ਲਾਲ ਖੰਨਾ :** ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਤੁਹਾਡੇ ਰਾਹੀਂ ਪੁਛਣਾ ਚਾਹੁੰਦਾ ਹਾਂ ਕਿ ਜਵਾਬ ਵਿਚ ਕਿਹਾ ਗਿਆ ਹੈ ਕਿ ਪਿਛਲੇ 6 ਮਹੀਨਿਆਂ ਵਿਚ 46,318 ਕੇਸਿਜ਼ ਚਮੜੀ ਰੋਗ ਦੇ ਆਏ ਸਨ। ਇਸ ਦਾ ਮਤਲਬ ਹੈ ਕਿ ਕਰੀਬ 8 ਹਜ਼ਾਰ ਕੇਸਿਜ਼ ਇਕ ਮਹੀਨੇ ਵਿਚ ਆਏ। ਇਸ ਲਈ ਮੈਂ ਸਮਝਦਾ ਹਾਂ ਕਿ ਬਹੁਤ ਸਾਰੇ ਚਮੜੀ ਰੋਗ ਦੇ ਕੇਸਿਜ਼ ਵੱਧ ਰਹੇ ਹਨ। ਇਸ ਕੰਮ ਲਈ ਲੱਖਾਂ ਨਹੀਂ ਬਲ ਕਿ ਕਰੋੜਾਂ ਰੁਪਏ ਖਰਚ ਹੋਣਗੇ। ਇਹ ਜਿਹੜਾ ਚਮੜੀ ਦਾ ਰੋਗ ਵੱਧ ਰਿਹਾ ਹੈ ਆਇਆ ਸਰਕਾਰ ਇਸ ਦੀ ਰੋਕ ਥਾਮ ਵਾਸਤੇ ਕੋਈ ਪ੍ਰਬੰਧ ਕਰ ਰਹੀ ਹੈ ਕਿਉਂਕਿ ਸ਼ਹਿਰਾਂ ਵਿਚ ਪਤਾ ਨਹੀਂ ਕਿਤਨੇ ਕੇਸਿਜ਼ ਚਮੜੀ ਦੇ ਵੱਧ ਰਹੇ ਹਨ ?

**ਮੰਤਰੀ :** ਸਪੀਕਰ ਸਾਹਿਬ, ਇਤਨਾ ਪਤਾ ਨਹੀਂ ਕਰ ਸਕੇ ਕਿ ਕਿਤਨੇ ਸੀਰੀਅਸ ਕੇਸਿਜ਼ ਹਨ ਅਤੇ ਕਿਤਨੇ ਆਰਡੀਨਰੀ ਕੇਸਿਜ਼ ਹਨ। ਇਹ ਲੈਕ ਆਫ ਪਰਸਨਲ ਹਾਈਜਿਨ ਅਤੇ ਬਹੁਤ ਸਾਰੇ ਕੇਸਿਜ਼ ਇਨਫੈਕਸ਼ਨ ਆਫ ਸਕਿਨ ਕਰਕੇ ਹੁੰਦੇ ਹਨ ਜਿਸ ਤਰ੍ਹਾਂ ਇਕ ਨੇ ਦੂਜੇ ਦਾ ਤੌਲੀਆ ਇਸਤੇਮਾਲ ਕਰ ਲਿਆ ਜਾਂ ਸਾਬਣ ਇਸਤੇਮਾਲ ਕਰ ਲਿਆ ਹੋਵੇ। ਇਹ ਇਕ ਦੂਜੇ ਦੇ ਕਪੜੇ ਇਸਤੇਮਾਲ ਕਰਨ ਕਰਕੇ ਵੀ ਹੋ ਜਾਂਦੇ ਹਨ। ਇਹ ਚਮੜੀ ਰੋਗ ਬਹੁਤ ਤੇਜ਼ੀ ਦੇ ਨਾਲ ਵੱਧਦਾ ਹੈ ਇਸ ਦੀ ਰੋਕ ਥਾਮ ਲਈ ਸਭ ਤੋਂ ਵੱਡੀ ਗੱਲ ਲੋਕਾਂ ਨੂੰ ਇਸ ਬਾਰੇ ਐਜੂਕੇਸ਼ਨ ਦੇਣਾ ਹੈ। Personal hygiene and environmental hygiene ਦੀ ਬਹੁਤ ਜ਼ਿਆਦਾ ਜ਼ਰੂਰਤ ਹੈ। ਮੈਂ ਪਹਿਲਾਂ ਵੀ ਅਰਜ਼ ਕੀਤੀ ਹੈ ਕਿ ਇਸ ਦੀ ਰੋਕਥਾਮ ਲਈ ਲੋਕਾਂ ਨੂੰ ਐਜੂਕੇਸ਼ਨ ਦੇਣ ਲਈ ਕੈਂਪਸ ਲਗਾਏ ਜਾ ਰਹੇ ਹਨ ਇਕ ਮਹੀਨੇ ਦੇ ਵਿਚ ਵਿਚ ਤਾਕਿ ਸਾਰੀ ਕਿਸਮ ਦੀ ਜਾਣਕਾਰੀ ਦਿਤੀ ਜਾ ਸਕੇ। ਇਸ ਰੋਗ ਦੇ ਇਲਾਜ ਲਈ ਪੰਜਾਬ ਵਿਚ 118 ਸੈਂਟਰ ਹਨ।

**ਚੌਧਰੀ ਬਲਰਾਮ ਜਾਖੜ :** ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ allopathy is much lesser useful than homoeopathy rather it is a suppressive sort of treatment. Whether he has made any particular probe into the allopathy as compared to homoeopathy and whether the latter is useful or not ?

**Minister :** We will consider it.

---

Original with;
Punjab Vidhan Sabha
Digitized by;
Panjab Digital Library

**Setting-up of Cotton Corporation**

***717. Doctor Kewal Krishan :** Will the Minister for Agriculture and Forests be pleased to state: —

(a) whether it is a fact that the Government propose to set-up its own Cotton Corporation to stabilise the cotton prices ;

(b) if the reply to part (a) be in the affirmative; the steps so far taken by the Government in this direction and the amount of money proposed to be earmarked for this purpose ?

**ਸਰਦਾਰ ਬਲਵਿੰਦਰ ਸਿੰਘ ਭੂੰਦੜ :** (ੳ) ਇਹ ਮਾਮਲਾ ਸਰਗਰਮੀ ਨਾਲ ਵਿਚਾਰ ਅਧੀਨ ਹੈ।

(ਅ) ਜਦੋਂ ਅੰਤਮ ਫੈਸਲਾ ਹੋ ਜਾਵੇਗਾ ਤਾਂ ਇਸ ਮੰਤਵ ਲਈ ਲੋੜੀਂਦੀ ਰਕਮ ਮਿਥੀ ਜਾਵੇਗੀ ।

**ਡਾਕਟਰ ਕੇਵਲ ਕ੍ਰਿਸ਼ਨ :** ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਇਹ ਮਾਮਲਾ ਵਿਚਾਰ ਅਧੀਨ ਹੈ ਪਰ ਸਾਲ 1977-78 ਵੀ ਗੁਜ਼ਰ ਗਿਆ ਅਤੇ ਇਸ ਸਾਲ ਦੇ ਵੀ 6 ਮਹੀਨੇ ਗੁਜ਼ਰ ਗਏ ਹਨ ਹਾਲੇ ਤਕ ਇਸ ਕੰਮ ਲਈ ਕੋਈ ਰਕਮ ਨਿਸਚਿਤ ਨਹੀਂ ਕੀਤੀ ਗਈ ਔਰ ਜ਼ਿਮੀਂਦਾਰ, ਕਿਸਾਨਾਂ ਨੂੰ ਲੁੱਟ ਰਹੇ ਹਨ ਜਦ ਕਿ ਇਨ੍ਹਾਂ ਦੀ ਸਰਕਾਰ ਨੇ ਕਾਟਨ ਕਾਰਪੋਰੇਸ਼ਨ ਬਣਾਉਣ ਦਾ ਵਾਅਦਾ ਕੀਤਾ ਹੋਇਆ ਹੈ। ਕੀ ਇਹ ਕਾਟਨ ਕਾਰਪੋਰੇਸ਼ਨ ਇਸ ਸਾਲ ਵਿਚ ਬਣ ਜਾਵੇਗੀ ?

**ਮੰਤਰੀ .** ਸਪੀਕਰ ਸਾਹਿਬ, ਕਈ ਵਾਰ ਇਸ ਬਾਰੇ ਚੀਫ ਮਨਿਸਟਰ ਸਾਹਿਬ ਦੀ ਪ੍ਰਧਾਨਗੀ ਹੇਠ ਮੀਟਿੰਗਾਂ ਹੋ ਚੁੱਕੀਆਂ ਹਨ ਬਾਕੀ ਹਾਲੇ ਆਰਜ਼ੀ ਫੈਸਲਾ ਹੋਣ ਵਾਲਾ ਹੈ। ਅਸੀਂ ਛੇਤੀ ਤੋਂ ਛੇਤੀ ਬਣਾ ਦੇਵਾਂਗੇ ।

**ਸਰਦਾਰ ਉਮਰਾਓ ਸਿੰਘ :** ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਚੀਫ ਮਨਿਸਟਰ ਸਾਹਿਬ ਨੇ ਇਸ ਬਾਰੇ ਪਹਿਲੇ ਹੀ ਐਲਾਨ ਕੀਤਾ ਹੋਇਆ ਹੈ ਕਿ ਕਾਟਨ ਕਾਰਪੋਰੇਸ਼ਨ ਬਣਾਵਾਂਗੇ ਫਿਰ ਦੇਰੀ ਕਿਸ ਗੱਲ ਦੀ ਹੈ ?

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਨੇ ਖੁਦ ਹੀ ਕਿਹਾ ਹੈ ਕਿ ਸਰਕਾਰ ਕਹਿੰਦੀ ਹੈ ਕਿ ਬਣਾਵਾਂਗੇ ਔਰ ਮੈਂ ਵੀ ਕਹਿ ਰਿਹਾ ਹਾਂ ਕਿ ਜਲਦੀ ਤੋਂ ਜਲਦੀ ਬਣਾ ਦੇਵਾਂਗੇ ।

**ਚੌਧਰੀ ਬਲਰਾਮ ਜਾਖੜ :** ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੂੰ ਪਤਾ ਹੈ ਕਿ ਅਕਤੂਬਰ ਦੇ ਮਹੀਨੇ ਕਪਾਹ ਆਉਣੀ ਸ਼ੁਰੂ ਹੋ ਜਾਂਦੀ ਹੈ ਪਰ ਸਰਕਾਰ ਵੱਲੋਂ ਹਾਲੇ ਤੱਕ ਕਪਾਹ ਦਾ ਕੋਈ ਬੰਦੋਬਸਤ ਨਹੀਂ ਕੀਤਾ ਗਿਆ ਔਰ ਜ਼ਿਮੀਂਦਾਰ ਛੋਟੇ ਕਿਸਾਨਾਂ ਨੂੰ ਲੁੱਟ ਰਹੇ ਹਨ। ਵਜ਼ੀਰ ਸਾਹਿਬ ਹੁਣ ਦੀ ਪੁਜ਼ੀਸ਼ਨ ਕੀ ਹੈ ਦੱਸ ਦੇਣ ?

**ਮੰਤਰੀ :** ਸਪੀਕਰ ਸਾਹਿਬ, ਜੇਕਰ ਤੁਹਾਡੀ ਇਜਾਜ਼ਤ ਹੋਵੇ ਤਾਂ ਮੈਂ ਖੁਲ੍ਹ ਕੇ ਸਾਰਾ ਜਵਾਬ ਦੇ ਦੇਵਾਂ ।

**ਸ੍ਰੀ ਸਪੀਕਰ :** ਭੂੰਦੜ ਸਾਹਿਬ, ਜਵਾਬ ਛੋਟਾ ਹੋਣਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

**ਮੰਤਰੀ**: ਠੀਕ ਹੈ ਜੀ। ਸਪੀਕਰ ਸਾਹਿਬ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਕਿਸਾਨਾਂ ਦੀ ਬੜੀ ਦਰਦ ਭਰੀ ਆਵਾਜ਼ ਕੱਢੀ ਹੈ। ਮੈਂ ਕਰਿੰਦਾ ਹਾਂ ਕਿ ਸ਼ੁਕਰ ਹੈ ਇਨ੍ਹਾਂ ਨੂੰ 30 ਸਾਲਾਂ ਤੋਂ ਬਾਅਦ ਕਿਸਾਨਾਂ ਦੇ ਨਾਲ ਹਮਦਰਦੀ ਕਰਨੀ ਤਾਂ ਆ ਗਈ ਹੈ। ਛੇਤੀ ਤੋਂ ਛੇਤੀ ਕਾਟਨ ਕਾਰਪੋਰੇਸ਼ਨ ਬਣਾ ਰਹੇ ਹਾਂ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ**: ਸਪੀਕਰ ਸਾਹਿਬ, ਅਕਾਲੀ ਦਲ ਇਸ ਗੱਲ ਲਈ ਵਚਨਬੱਧ ਹੈ ਕਿ ਕਿਸਾਨਾਂ ਦੀ ਲੁੱਟ ਖਸੁੱਟ ਘੱਟ ਹੋਵੇ। ਬਾਕੀ ਕਾਂਗਰਸ ਦੇ ਰਾਜ ਵਿਚ ਬਾਦਲ ਸਾਹਿਬ ਨੇ ਦਿੱਲੀ ਵਿਚ ਇਕ ਜਲੂਸ ਕੱਢਿਆ ਸੀ ਕਿ ਕਿਸਾਨਾਂ ਨੂੰ 700 ਰੁਪਏ ਦੇ ਹਿਸਾਬ ਨਾਲ ਕਪਾਹ ਦਾ ਮੁੱਲ ਦਿੱਤਾ ਜਾਣਾ ਚਾਹੀਦਾ ਹੈ ਤਾਂ ਕਿਸਾਨਾਂ ਦੀ ਲੁੱਟ ਖਸੁੱਟ ਬੰਦ ਹੋ ਸਕਦੀ ਹੈ। ਪਰ ਹੁਣ ਪਹਿਲਾਂ ਸਾਲ ਵੀ ਲੰਘ ਗਿਆ ਹੈ ਅਤੇ ਦੂਜਾ ਸਾਲ ਵੀ ਲੰਘ ਜਾਣਾ ਹੈ ਕਾਟਨ ਕਾਰ-ਪੋਰੇਸ਼ਨ ਹਾਲੇ ਤਕ ਨਹੀਂ ਬਣੀ। ਕੀ ਮਨਿਸਟਰ ਸਾਹਿਬ ਕੋਈ ਨਿਸਚਿਤ ਟਾਈਮ ਬਾਰੇ ਐਲਾਨ ਕਰਨ ਲਈ ਤਿਆਰ ਹਨ?

**ਮੰਤਰੀ**: ਸਪੀਕਰ ਸਾਹਿਬ, ਅਸੀਂ ਪੂਰੀ ਕੋਸ਼ਿਸ਼ ਕਰਾਂਗੇ ਕਿ ਕਿਸਾਨਾਂ ਨੂੰ ਲਾਹੇਵੰਦ ਭਾਅ ਮਿਲ ਸਕਣ। ਕਾਟਨ ਕਾਰਪੋਰੇਸ਼ਨ ਆਫ ਇੰਡੀਆ ਪਹਿਲਾਂ ਬਫਰ ਸਟਾਕ ਕਰਦੀ ਸੀ। ਇਨ੍ਹਾਂ ਦੇ ਕਾਂਗਰਸੀ ਰਾਜ ਵਿਚ 1976 ਵਿਚ 80 ਕਰੋੜ ਰੁਪਏ ਦੀ ਸਬਸਿਡੀ ਮਿੱਲ ਮਾਲਕਾਂ ਨੂੰ ਦਿੱਤੀ ਸੀ। ਇਹ ਹਿੰਦੁਸਤਾਨ ਦੇ ਇਤਿਹਾਸ ਵਿਚ ਪਹਿਲੀ ਮਿਸਾਲ ਸੀ, ਪਰ ਅਸੀਂ ਇਸ ਤਰ੍ਹਾਂ ਨਹੀਂ ਹੋਣ ਦਿਤਾ। ਅਸੀਂ ਪੰਜਾਬ ਵਿਚ ਬਹੁਤ ਜਲਦੀ ਕਾਟਨ ਕਾਰਪੋਰੇਸ਼ਨ ਬਣਾ ਦੇਵਾਂਗੇ।

**ਚੌਧਰੀ ਕਾਂਸ਼ੀ ਰਾਮ**: ਸਪੀਕਰ ਸਾਹਿਬ, ਮੈਂ ਬਿਲਕੁਲ ਰੇਲੇਵੇਂਟ ਸਵਾਲ ਕਰਾਂਗਾ। ਫਰੀਦ-ਕੋਟ ਵਿਚ ਜਦੋਂ ਪਾਰਲੀਮੈਂਟ ਦੀ ਇਲੈਕਸ਼ਨ ਸੀ ਤਾਂ ਬਾਦਲ ਜੀ ਕਹਿੰਦੇ ਸਨ ਕਿ 800 ਰੁਪਏ ਪ੍ਰਤੀ ਕੁਇੰਟਲ ਕਾਟਨ ਵੇਚੀ ਜਾਵੇਗੀ ਲੇਕਿਨ, ਸਪੀਕਰ ਸਾਹਿਬ, ਉਥੇ 250 ਰੁਪਏ ਕਾਟਨ ਵਿਕੀ ਹੈ, ਉਹ ਵੀ ਤਿੰਨ ਮਹੀਨੇ ਉਧਾਰ ਵਿਕੀ ਹੈ, ਪੇਮੈਂਟ ਨਹੀਂ ਹੋਈ। ਇਹ ਸਰਕਾਰ ਜਿਹੜੀ ਆਪਣੇ ਆਪ ਨੂੰ ਕਿਸਾਨਾਂ ਦੇ ਹਮਾਇਤੀ ਅਖਵਾਉਂਦੀ ਹੈ ਅਤੇ ਸਰ ਛੋਟੂ ਰਾਮ ਆਪਣੇ ਆਪ ਨੂੰ ਸਮਝਦੇ ਹਨ ......(ਵਿਘਨ)

(ਕੋਈ ਉੱਤਰ ਨਹੀਂ ਆਇਆ)

---

ਰਾਜ ਵਿਚ ਪੰਚਾਇਤ ਚੋਣਾਂ ਦੇ ਦੌਰਾਨ ਰਜਿਸਟਰਡ ਕੀਤੇ ਗਏ ਕੇਸ

*768. **ਸਰਦਾਰ ਉਮਰਾਓ ਸਿੰਘ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਰਾਜ ਵਿਚ ਹਾਲ ਹੀ ਵਿਚ ਹੋਈਆਂ ਪੰਚਾਇਤ ਚੋਣਾਂ ਦੇ ਦੌਰਾਨ ਹੋਈਆਂ ਘਟਨਾਵਾਂ ਸਬੰਧੀ ਕੁੱਲ ਕਿੰਨੇ ਕੇਸ ਰਜਿਸਟਰਡ ਕੀਤੇ ਗਏ;

(ਅ) ਇਹ ਘਟਨਾਵਾਂ ਕਿਸ ਤਰ੍ਹਾਂ ਦੀਆਂ ਸਨ;

(ੲ) ਉਨ੍ਹਾਂ ਵਿਅਕਤੀਆਂ ਦੇ ਵੇਰਵੇ ਕੀ ਹਨ ਜੋ ਉਕਤ ਚੋਣਾਂ ਦੇ ਦੌਰਾਨ ਅਜਿਹੀਆਂ ਘਟਨਾਵਾਂ ਵਿਚ ਮਰੇ ਜਾਂ ਜ਼ਖਮੀ ਹੋਏ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ**: (ੳ) 52 ਕੇਸ।

(ਅ) ਕਤਲ—6, ਕਤਲ ਦਾ ਯਤਨ—10, ਡੰਡਨਯੋਗ ਮਨੁੱਖ ਘਾਤ—2, ਸੱਟਾਂ—17, ਨੋਮੀਨੇਸ਼ਨ ਪੇਪਰਾਂ ਦੀਆਂ ਚੋਰੀਆਂ ਆਦਿ—3, ਸਰਕਾਰੀ ਕਰਮਚਾਰੀਆਂ ਤੇ ਹਮਲਾ ਤੇ ਸਰਕਾਰੀ

Original with;
Punjab Vidhan Sabha
Digitized by;
Panjab Digital Library

ਕੰਮ ਵਿੱਚ ਰੁਕਾਵਟ ਆਦਿ—5, ਸਰਕਾਰੀ ਕ੍ਰਮਚਾਰੀਆਂ ਵਲੋਂ ਗਲਤ ਰਿਕਾਰਡ ਤਿਆਰ ਕਰਨਾ—1, ਜਾਹਲੀ ਵੋਟਾਂ ਪਾਉਣ ਸਬੰਧੀ—6, ਰੀਪਰੈਜ਼ੈਨਟੇਸ਼ਨ ਆਫ਼ ਪੀਪਲਜ਼ ਐਕਟ—1, ਅਤੇ ਫੁਟਕਲ (ਅ/ਧ 336 ਹ : ਦ :)—1

(ੲ) ਪੰਚਾਇਤ ਚੋਣਾਂ ਦੇ ਦੌਰਾਨ ਘਟਨਾਵਾਂ ਵਿਚ ਮਰੇ ਤੇ ਜ਼ਖਮੀ ਵਿਅਕਤੀਆਂ ਦੇ ਨਾਵਾਂ ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖ ਦਿਤਾ ਹੈ ।

ਪੰਚਾਇਤ ਚੋਣਾਂ ਦੇ ਦੌਰਾਨ ਘਟਨਾਵਾਂ ਵਿਚ ਮਰੇ ਤੇ ਜ਼ਖਮੀ ਵਿਅਕਤੀਆਂ ਦੇ ਨਾਵਾਂ ਦਾ ਵੇਰਵਾ ਇਸ ਪਰਕਾਰ ਹੈ :—

**ਮਰੇ ਵਿਅਕਤੀਆਂ ਦੇ ਨਾਂ—**

(1) ਗੋਬਿੰਦਰ ਸਿੰਘ ਪੁੱਤਰ ਦਲੀਪ ਸਿੰਘ, ਵਾਸੀ ਖੁੱਡੀ ਕਲਾਂ, ਥਾਣਾ ਬਰਨਾਲਾ, ਜ਼ਿਲ੍ਹਾ ਸੰਗਰੂਰ ।
(2) ਭਜਨ ਸਿੰਘ ਪੁੱਤਰ ਬੱਗਾ ਸਿੰਘ, ਥਾਣਾ ਸੁਲਤਾਨਪੁਰ, ਜ਼ਿਲ੍ਹਾ ਕਪੂਰਥਲਾ ।
(3) ਮੁਹਿੰਦਰ ਸਿੰਘ ਪੁੱਤਰ ਨਿਰੰਜਨ ਸਿੰਘ, ਵਾਸੀ ਖਟਰਾਂ, ਥਾਣਾ ਸਮਰਾਲਾ, ਲੁਧਿਆਣਾ ।
(4) ਬਲਵੀਰ ਸਿੰਘ ਥਾਣਾ ਜੰਡਿਆਲਾ, ਜ਼ਿਲ੍ਹਾ ਅੰਮ੍ਰਿਤਸਰ ।
(5) ਹਰੀ ਸਿੰਘ ਥਾਣਾ ਜੰਡਿਆਲਾ, ਜ਼ਿਲ੍ਹਾ ਅੰਮ੍ਰਿਤਸਰ ।
(6) ਦਿਆਲ ਸਿੰਘ ਪੁੱਤਰ ਫੌਜਾ ਸਿੰਘ, ਵਾਸੀ ਅਲੇਵਾਲ, ਥਾਣਾ ਸਦਰ ਫਿਰੋਜ਼ਪੁਰ ।
(7) ਕਰਮ ਸਿੰਘ ਪੁੱਤਰ ਬਸੰਤ ਸਿੰਘ, ਵਾਸੀ ਦਾਉਂ ਖੁਰਦ, ਥਾਣਾ ਸਦਰ ਪਟਿਆਲਾ ।
(8) ਕਰਜ ਸਿੰਘ ਪੁੱਤਰ ਦਾਰਾ ਸਿੰਘ, ਵਾਸੀ, ਕਮਾਲ ਬੰਦਲਾ, ਥਾਣਾ ਮੱਲਾਂ ਵਾਲਾ ਜ਼ਿਲ੍ਹਾ ਫਿਰੋਜ਼ਪੁਰ ।

ਜ਼ਖਮੀ ਹੋਏ ਵਿਅਕਤੀਆਂ ਦੇ ਨਾਂ—

(1) ਹਰੀ ਸਿੰਘ ਪੁੱਤਰ ਬਖਤਾਵਰ ਸਿੰਘ, ਵਾਸੀ ਚਣੇ ਸੇਖੋਂ, ਥਾਣਾ ਸੰਗਰੂਰ ।
(2) ਬਲਵੀਰ ਸਿੰਘ ਪੁੱਤਰ ਬੂਟਾ ਸਿੰਘ, ਵਾਸੀ ਨੰਦ ਗੜ੍ਹ, ਥਾਣਾ ਸਦਰ ਮੁਕਤਸਰ, ਜ਼ਿਲ੍ਹਾ ਫਰੀਦਕੋਟ ।
(3) ਉਜਾਗਰ ਸਿੰਘ, ਪ੍ਰੀਜ਼ਾਈਡਿੰਗ ਅਫਸਰ, ਥਾਣਾ ਸਦਰ ਮਲੋਟ, ਜ਼ਿਲ੍ਹਾ ਫਰੀਦਕੋਟ ।
(4) ਹਰਫੂਲ ਸਿੰਘ, ਥਾਣਾ ਜੈਤੋਂ, ਪਿੰਡ ਭਗਤੂਆਣਾ, ਜ਼ਿਲ੍ਹਾ ਫਰੀਦਕੋਟ ।
(5) ਦਰਸ਼ਣ ਸਿੰਘ, ਥਾਣਾ ਜੈਤੋਂ, ਪਿੰਡ ਭਗਤੂਆਣਾ, ਜ਼ਿਲ੍ਹਾ ਫਰੀਦਕੋਟ ।
(6) ਜੰਗ ਸਿੰਘ, ਥਾਣਾ ਜੈਤੋਂ, ਪਿੰਡ ਭਗਤੂਆਣਾ, ਜ਼ਿਲ੍ਹਾ ਫਰੀਦਕੋਟ ।
(7) ਕੌਰ ਸਿੰਘ, ਥਾਣਾ ਜੈਤੋਂ, ਪਿੰਡ ਭਗਤੂਆਣਾ, ਜ਼ਿਲ੍ਹਾ ਫਰੀਦਕੋਟ ।
(8) ਜੀਤ ਸਿੰਘ, ਥਾਣਾ ਜੈਤੋਂ, ਪਿੰਡ ਭਗਤੂਆਣਾ, ਜ਼ਿਲ੍ਹਾ ਫਰੀਦਕੋਟ ।
(9) ਕਾਲਾ ਸਿੰਘ, ਥਾਣਾ ਜੈਤੋਂ ਪਿੰਡ ਭਗਤੂਆਣਾ, ਜ਼ਿਲ੍ਹਾ ਫਰੀਦਕੋਟ ।
(10) ਚਰਨ ਸਿੰਘ ਪੁੱਤਰ ਅਰਜਨ ਸਿੰਘ, ਥਾਣਾ ਸੁਲਤਾਨ ਪੁਰ, ਜ਼ਿਲ੍ਹਾ ਕਪੂਰਥਲਾ ।
(11) ਤਾਰਾ ਸਿੰਘ ਪੁੱਤਰ ਮੋਹਣ ਸਿੰਘ, ਥਾਣਾ ਸੁਲਤਾਨਪੁਰ, ਜ਼ਿਲ੍ਹਾ ਕਪੂਰਥਲਾ ।
(12) ਜੀਤ ਸਿੰਘ ਪੁੱਤਰ ਅਤਰ ਸਿੰਘ, ਥਾਣਾ ਸੁਲਤਾਨ ਪੁਰ, ਜ਼ਿਲ੍ਹਾ ਕਪੂਰਥਲਾ ।
(13) ਮੋਤਾ ਸਿੰਘ ਪੁੱਤਰ ਅਤਰ ਸਿੰਘ, ਥਾਣਾ ਸੁਲਤਾਨਪੁਰ, ਜ਼ਿਲ੍ਹਾ ਕਪੂਰਥਲਾ ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

(14) ਕੇਵਲ ਸਿੰਘ ਪੁੱਤਰ ਭਜਨ ਸਿੰਘ, ਥਾਣਾ ਸੁਲਤਾਨ ਪੁਰ, ਜ਼ਿਲ੍ਹਾ ਕਪੂਰਥਲਾ।

(15) ਸ਼ੰਕਰ ਸਿੰਘ ਪੁੱਤਰ ਭਾਨ ਸਿੰਘ, ਥਾਣਾ ਸੁਲਤਾਨਪੁਰ, ਜ਼ਿਲ੍ਹਾ ਕਪੂਰਥਲਾ।

(16) ਸ੍ਰੀਮਤੀ ਗੁਰਾਂਦੇਵੀ ਪਤਨੀ ਬਹਾਦਰ ਸਿੰਘ, ਥਾਣਾ ਭੁਲੱਥ, ਜ਼ਿਲ੍ਹਾ ਕਪੂਰਥਲਾ।

(17) ਉਜਾਗਰ ਸਿੰਘ ਪੁੱਤਰ ਕਰਤਾਰ ਸਿੰਘ, ਵਾਸੀ ਥਾਣਾ ਸਮਰਾਲਾ, ਜ਼ਿਲ੍ਹਾ ਲੁਧਿਆਣਾ।

(18) ਉਜਲ ਸਿੰਘ ਪੁੱਤਰ ਕਰਤਾਰ ਸਿੰਘ,ਵਾਸੀ ਮੋਹਨਪੁਰਾ, ਥਾਣਾ ਸਰਹਾਲੀ, ਅੰਮ੍ਰਿਤਸਰ

(19) ਅਜੀਤ ਸਿੰਘ ਪੁੱਤਰ ਤਾਰਾ ਸਿੰਘ, ਵਾਸੀ ਭਠਲ ਭਾਈ ਕੇ, ਥਾਣਾ ਸਰਹਾਲੀ, ਜ਼ਿਲ੍ਹਾ ਅੰਮ੍ਰਿਤਸਰ।

(20) ਪਰਗਟ ਸਿੰਘ ਪੁੱਤਰ ਮਹਿੰਦਰ ਸਿੰਘ, ਵਾਸੀ ਸੁਰ ਸਿੰਘ, ਥਾਣਾ ਭਿਖੀਵਿੰਡ, ਜ਼ਿਲ੍ਹਾ ਅੰਮ੍ਰਿਤਸਰ।

(21) ਮਹਿੰਦਰ ਸਿੰਘ ਪੁੱਤਰ ਇੰਦਰ ਸਿੰਘ, ਵਾਸੀ ਠੱਠੀ, ਥਾਣਾ ਝਬਾਲ, ਜ਼ਿਲ੍ਹਾ ਅੰਮ੍ਰਿਤਸਰ।

(22) ਚੇਲਾ ਸਿੰਘ ਪੁੱਤਰ ਕੁੰਦਨ ਸਿੰਘ, ਵਾਸੀ ਕਮਲਾ ਮਿਧੂ, ਥਾਣਾ ਮੱਲਾਂ ਵਾਲਾ, ਜ਼ਿਲ੍ਹਾ ਫਿਰੋਜ਼ਪੁਰ।

(23) ਸੋਹਲ ਸਿੰਘ ਪੁੱਤਰ ਤੇਜਾ ਸਿੰਘ, ਵਾਸੀ ਕਮਲਾ ਮਿਧੂ, ਥਾਣਾ ਮੱਲਾਂ ਵਾਲਾ, ਜ਼ਿਲ੍ਹਾ ਫਿਰੋਜ਼ਪੁਰ।

(24) ਜਗਤਾਰ ਸਿੰਘ ਪੁੱਤਰ ਸੋਹਨ ਸਿੰਘ, ਵਾਸੀ ਬੁਗਾਕੇ, ਥਾਣਾ ਮੱਲਾਂ ਵਾਲਾ, ਜ਼ਿਲ੍ਹਾ ਫਿਰੋਜ਼ਪੁਰ।

(25) ਅਛਰ ਸਿੰਘ ਪੁੱਤਰ ਪਰਤਾਪ ਸਿੰਘ, ਵਾਸੀ ਰਕਨਾ ਸ਼ਾਹ ਵਾਲਾ, ਥਾਣਾ ਮੱਲਾਂ ਵਾਲਾ ਜ਼ਿਲ੍ਹਾ ਫਿਰੋਜ਼ਪੁਰ।

(26) ਜਰਨੈਲ ਸਿੰਘ ਵਾਸੀ ਕਮਾਲ ਬੋਡਲਾ, ਥਾਣਾ ਮੱਲਾਂ ਵਾਲਾ, ਜ਼ਿਲ੍ਹਾ ਫਿਰੋਜ਼ਪੁਰ।

(27) ਤਾਰਾ ਸਿੰਘ ਪੁੱਤਰ ਆਸਾ ਸਿੰਘ, ਮਨੂ ਚਾਹਲ, ਥਾਣਾ ਮੱਲਾਂ ਵਾਲਾ, ਜ਼ਿਲ੍ਹਾ ਫਿਰੋਜ਼-ਪੁਰ।

(28) ਪਾਲਾ ਸਿੰਘ ਪੁੱਤਰ ਵਸਣ ਸਿੰਘ, ਵਾਸੀ ਬਾਜੇਕੇ, ਥਾਣਾ ਜੀਰਾ, ਜ਼ਿਲ੍ਹਾ ਫਿਰੋਜ਼ਪੁਰ

(29) ਜਸ ਰਾਮ ਪੁੱਤਰ ਰੇਤੀ ਰਾਮ, ਵਾਸੀ ਮੁਰਾਦ ਵਾਲਾ, ਥਾਣਾ ਖੂਈਆਂ ਸਰਵਰ, ਜ਼ਿਲ੍ਹਾ ਫਿਰੋਜ਼ਪੁਰ।

(30) ਰਣਧੀਰ ਸਿੰਘ ਪੁੱਤਰ ਹਮੀਰ ਸਿੰਘ, ਵਾਸੀ ਚਕ ਮੁਕੰਦ ਸਿੰਘ ਵਾਲਾ, ਥਾਣਾ ਗੁਰੂ ਹਰ ਸਹਾਏ।

(31) ਗੁਰਦਿਆਲ ਸਿੰਘ ਪੁੱਤਰ ਸੁੰਦਰ ਸਿੰਘ, ਵਾਸੀ ਮਰਦਾਨ ਹੇੜੀ, ਥਾਣਾ ਸਦਰ ਪਟਿਆਲਾ।

(32) ਗੁਰਦੇਵ ਸਿੰਘ ਪੁੱਤਰ ਜੁਗਿੰਦਰ ਸਿੰਘ, ਵਾਸੀ ਮਰਦਾਨ ਹੇੜੀ, ਥਾਣਾ ਸਦਰ ਪਟਿਆਲਾ।

(33) ਰਫੀਕ ਮਸੀਹ ਪੁੱਤਰ ਬੂਟਾ ਮਸੀਹ, ਵਾਸੀ ਅਲੀ ਵਾਲ, ਥਾਣਾ ਸਦਰ ਬਟਾਲਾ (ਗੁਰਦਾਸਪੁਰ)

(34) ਹਰਨਾਮ ਸਿੰਘ ਪੁੱਤਰ ਕੇਸਰ ਸਿੰਘ, ਵਾਸੀ ਧੀਰੋਵਾਲ, ਥਾਣਾ ਸ੍ਰੀ ਹਰਗੋਬਿੰਦਪੁਰ (ਗੁਰਦਾਸਪੁਰ)

Original with;
Punjab Vidhan Sabha
Digitized by;
Panjab Digital Library

(35) ਦੇਸਾ ਸਿੰਘ ਪੁੱਤਰ ਗੁਰਦਿਆਲ ਸਿੰਘ, ਵਾਸੀ ਸੈਰੋਵਾਲ, ਥਾਣਾ ਸ੍ਰੀ ਹਰਗੋਬਿੰਦਪੁਰ (ਗੁਰਦਾਸਪੁਰ)

(36) ਬੂੜ ਸਿੰਘ ਵਾਸੀ ਸੈਰੋਵਾਲ, ਥਾਣਾ ਸ੍ਰੀ ਹਰਗੋਬਿੰਦਪੁਰ (ਗੁਰਦਾਸਪੁਰ)

(37) ਕਰਨੈਲ ਸਿੰਘ, ਵਾਸੀ ਸੈਰੋਵਾਲ, ਥਾਣਾ ਸ੍ਰੀ ਹਰਗੋਬਿੰਦਪੁਰ (ਗੁਰਦਾਸਪੁਰ)

(38) ਪਰੀਤਮ ਸਿੰਘ ਪੁੱਤਰ ਨਾਮਾ, ਵਾਸੀ ਧਨਦੇਹੀ, ਥਾਧਾ ਸ੍ਰੀ ਹਰ ਗੋਬਿੰਦ ਪੁਰ (ਗੁਰਦਾਸ-ਪੁਰ)

(39) ਜੀਤ ਸਿੰਘ ਪੁੱਤਰ ਨਾਮਾ, ਵਾਸੀ ਧਨਦੇਹੀ, ਥਾਣਾ ਸ੍ਰੀ ਹਰਗੋਬਿੰਦਪੁਰ (ਗੁਰਦਾਸਪੁਰ)

(40) ਭੀਰਾ ਪੁੱਤਰ ਨਾਮਾ, ਵਾਸੀ ਧਨਦੇਹੀ; ਥਾਣਾ ਸ੍ਰੀ ਹਰਗੋਬਿੰਦ ਪੁਰ (ਗੁਰਦਾਸ ਪੁਰ)

(41) ਸਾਧੂ ਸਿੰਘ ਪੁੱਤਰ ਗੰਡਾ ਸਿੰਘ, ਵਾਸੀ ਲੇਹਰੀ ਵੀਰਾਂ, ਥਾਣਾ ਸਦਰ ਗੁਰ ਦਾਸਪੁਰ

(42) ਸਾਧੂ ਸਿੰਘ ਪੁੱਤਰ ਸੁੰਦਰ ਸਿੰਘ, ਵਾਸੀ ਲੰਗਰਵਾਲ, ਥਾਨਾ ਫਤੇਹਗੜ੍ਹ ਚੂੜੀਆਂ (ਜ਼ਿਲ੍ਹਾ ਗੁਰਦਾਸਪੁਰ)

(43) ਹਜਾਰਾ ਸਿੰਘ ਪੁੱਤਰ ਬੂਟਾ ਸਿੰਘ, ਵਾਸੀ ਲੰਗਰਵਾਲ, ਥਾਣਾ ਫਤੇਹਗੜ੍ਹ ਚੂੜੀਆਂ (ਜ਼ਿਲ੍ਹਾ ਗੁਰਦਾਸਪੁਰ)

(44) ਜੁਗਿੰਦਰ ਸਿੰਘ ਪੁੱਤਰ ਹਜਾਰਾ ਸਿੰਘ, ਵਾਸੀ ਲੰਗਰਵਾਲ, ਥਾਣਾ ਫਤੇਹਗੜ੍ਹ ਚੂੜੀਆਂ (ਜ਼ਿਲ੍ਹਾ ਗੁਰਦਾਸਪੁਰ)

(45) ਬਲਜੀਤ ਸਿੰਘ ਪੁੱਤਰ ਜਗਤ ਸਿੰਘ, ਵਾਸੀ ਲੰਗਰ ਵਾਲ, ਥਾਣਾ ਫਤੇਹਗੜ੍ਹ ਚੂੜੀਆਂ (ਜ਼ਿਲ੍ਹਾ ਗੁਰਦਾਸਪੁਰ)

(46) ਬਲਵਿੰਦਰ ਸਿੰਘ ਪੁੱਤਰ ਸਾਧੂ ਸਿੰਘ, ਵਾਸੀ ਲੰਗਰਵਾਲ, ਥਾਣਾ ਫਤੇਹ ਗੜ੍ਹ ਚੂੜੀਆਂ (ਜ਼ਿਲ੍ਹਾ ਗੁਰਦਾਸਪੁਰ)

(47) ਜਗਤ ਸਿੰਘ ਪੁੱਤਰ ਸੁੰਦਰ ਸਿੰਘ, ਵਾਸੀ ਲੰਗਰਵਾਲ, ਥਾਣਾ ਫਤੇਹਗੜ੍ਹ ਚੂੜੀਆਂ (ਜ਼ਿਲ੍ਹਾ ਗੁਰਦਾਸਪੁਰ)

(48) ਮੱਖਣ ਸਿੰਘ ਪੁੱਤਰ ਹਰਨਾਮ ਸਿੰਘ, ਵਾਸੀ ਰੱਤਾ, ਥਾਣਾ ਫਤੇਹਗੜ੍ਹ ਚੂੜੀਆਂ (ਜ਼ਿਲ੍ਹਾ ਗੁਰਦਾਸਪੁਰ)

(49) ਵੀਰਾ ਸਿੰਘ ਪੁੱਤਰ ਵੀਰ ਸਿੰਘ, ਵਾਸੀ ਰੱਤਾ, ਥਾਣਾ ਫਤੇਹਗੜ੍ਹ ਚੂੜੀਆਂ (ਜ਼ਿਲ੍ਹਾ ਗੁਰਦਾਸਪੁਰ)

(50) ਸ਼ਿਵ ਸਿੰਘ, ਵਾਸੀ ਰੱਤਾ, ਥਾਣਾ ਫਤੇਹਗੜ੍ਹ ਚੂੜੀਆਂ (ਜ਼ਿਲ੍ਹਾ ਗੁਰਦਾਸਪੁਰ)

(51) ਜਾਗੀਰ ਸਿੰਘ ਪੁੱਤਰ ਫੇਰਾ ਸਿੰਘ, ਵਾਸੀ ਰੱਤਾ ਥਾਣਾ ਫਤੇਹਗੜ੍ਹ ਚੂੜੀਆਂ (ਜ਼ਿਲ੍ਹਾ ਗਰਦਾਸਪੁਰ)

(52) ਤਰਸੇਮ ਸਿੰਘ ਪੁੱਤਰ ਪਰੀਤਮ ਸਿੰਘ, ਵਾਸੀ ਰੱਤਾ ਥਾਣਾ ਫਤੇਹਗੜ੍ਹ ਚੂੜੀਆਂ (ਜ਼ਿਲ੍ਹਾ ਗੁਰਦਾਸਪੁਰ)

(53) ਜੁਗਿੰਦਰ ਸਿੰਘ ਪੁੱਤਰ ਭਗਤ ਸਿੰਘ, ਵਾਸੀ ਰੱਤਾ, ਥਾਣਾ ਫਤੇਹਗੜ੍ਹ ਚੂੜੀਆਂ (ਜ਼ਿਲ੍ਹਾ ਗੁਰਦਾਸਪੁਰ)

(54) ਫੌਜਾ ਸਿੰਘ ਪੁੱਤਰ ਮੰਗਲ ਸਿੰਘ, ਵਾਸੀ ਰੱਤਾ, ਥਾਣਾ ਫਤੇਹਗੜ੍ਹ ਚੂੜੀਆਂ (ਜ਼ਿਲ੍ਹਾ ਗੁਰਦਾਸਪੁਰ)

(55) ਅਜੀਤ ਸਿੰਘ ਪੁੱਤਰ ਮਾਨ ਸਿੰਘ, ਵਾਸੀ ਰੱਤਾ, ਥਾਣਾ ਫਤੇਹਗੜ੍ਹ ਚੂੜੀਆਂ, (ਜ਼ਿਲ੍ਹਾ) ਗੁਰਦਾਸਪੁਰ)

(56) ਮਹਿੰਦਰ ਸਿੰਘ ਵਾਸੀ ਸਰਗੋਧੀ, ਥਾਣਾ ਗੁਰਾਇਆ, ਜ਼ਿਲ੍ਹਾ ਜਲੰਧਰ ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

(57) ਨੇਹਰੂ ਸਿੰਘ ਪੁੱਤਰ ਬਾਰਾ ਸਿੰਘ, ਵਾਸੀ ਟਿੱਬੀ ਹਰੀ ਸਿੰਘ ਵਾਲਾ, ਜ਼ਿਲ੍ਹਾ ਬਠਿੰਡਾ

(58) ਪੋਰ ਸਿੰਘ ਪੁੱਤਰ ਜਵਾਹਰ ਸਿੰਘ, ਵਾਸੀ ਟਿੱਬੀ ਹਰੀ ਸਿੰਘ ਵਾਲਾ, ਜ਼ਿਲ੍ਹਾ ਬਠਿੰਡਾ।

(59) ਸੁਖਦੇਵ ਸਿੰਘ ਪੁੱਤਰ ਚੰਨਣ ਸਿੰਘ, ਵਾਸੀ ਟਿੱਬੀ ਹਰੀ ਸਿੰਘ ਵਾਲਾ, ਜ਼ਿਲ੍ਹਾ ਬਠਿੰਡਾ।

(60) ਸੰਤਾ ਸਿੰਘ ਪੁੱਤਰ ਵੀਰ ਸਿੰਘ, ਵਾਸੀ ਟਿੱਬੀ ਹਰੀ ਸਿੰਘ ਵਾਲਾ, ਜ਼ਿਲ੍ਹਾ ਬਠਿੰਡਾ।

(61) ਗੁਰਦੇਵ ਸਿੰਘ ਪੁੱਤਰ ਵੀਰ ਸਿੰਘ, ਵਾਸੀ ਟਿੱਬੀ ਹਰੀ ਸਿੰਘ ਵਾਲਾ, ਜ਼ਿਲ੍ਹਾ ਬਠਿੰਡਾ।

(62) ਬੱਗਾ ਸਿੰਘ ਪੁੱਤਰ ਸੰਤਾ ਸਿੰਘ, ਵਾਸੀ ਟਿੱਬੀ ਹਰੀ ਸਿੰਘ ਵਾਲਾ, ਜ਼ਿਲ੍ਹਾ ਬਠਿੰਡਾ।

(63) ਹਰੀ ਸਿੰਘ ਪੁੱਤਰ ਭਾਗ ਸਿੰਘ, ਵਾਸੀ ਟਿੱਬੀ ਹਰੀ ਸਿੰਘ ਵਾਲਾ, ਜ਼ਿਲ੍ਹਾ ਬਠਿੰਡਾ।

**ਸਰਦਾਰ ਉਮਰਾਓ ਸਿੰਘ**: ਸਪੀਕਰ ਸਾਹਿਬ, ਸੀ ਐਮ. ਸਾਹਿਬ ਨੇ ਦੱਸਿਆ ਹੈ ਕਿ 8 ਆਦਮੀ ਮਰੇ ਅਤੇ 63 ਜ਼ਖਮੀ ਹੋਏ ਹਨ। ਇਸ ਲਈ ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਸੀ. ਐਮ. ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਧੜੇਬਾਜ਼ੀ ਜ਼ਿਆਦਾ ਨਹੀਂ ਹੋਈ ? ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਮੌਜੂਦਾ ਸਿਸਟਮ ਵਿਚ ਧੜੇਬਾਜ਼ੀ ਜ਼ਿਆਦਾ ਵਧੀ ਹੈ ਅਤੇ ਇਹ ਸਿਸਟਮ ਠੀਕ ਨਹੀਂ ਹੈ?

**ਮੁੱਖ ਮੰਤਰੀ**: ਸਪੀਕਰ ਸਾਹਿਬ, ਇਹ ਪੰਚਾਇਤਾਂ ਦੀਆਂ ਇਲੈਕਸ਼ਨਾਂ ਸਾਰੀ ਸਟੇਟ ਵਿਚ ਹੋਈਆਂ ਹਨ। ਐਡੀਆਂ ਵੱਡੀਆਂ ਇਲੈਕਸ਼ਨਾਂ ਵਿਚ ਇਤਨੀਆਂ ਘਟਨਾਵਾਂ ਹੋ ਹੀ ਜਾਂਦੀਆਂ ਹਨ। ਬਾਕੀ ਇਲੈਕਸ਼ਨਾਂ ਬੜੀਆਂ ਪੀਸ-ਫੁੱਲ ਹੋਈਆਂ ਹਨ ਅਤੇ ਲੋਕਾਂ ਦਾ ਇਸ ਤੇ ਬੜਾ ਵਿਸ਼ਵਾਸ ਹੈ।

**ਸ੍ਰੀ ਖੁਸ਼ਹਾਲ ਬਹਿਲ**: ਸਪੀਕਰ ਸਾਹਿਬ, ਪਾਰਲੀਮੈਂਟ ਦੇ ਪੰਜਾਬ ਵਿਚ ਇਲੈਕਸ਼ਨ ਹੋਏ ਹਨ ਅਤੇ ਉਸ ਤੋਂ ਬਾਦ ਅਸੈਂਬਲੀ ਦੇ ਪੰਜਾਬ ਵਿਚ ਇਲੈਕਸ਼ਨ ਹੋਏ ਹਨ। ਇਹ 1952 ਤੋਂ ਲੈ ਕੇ ਹੁਣ ਤੱਕ ਹੁੰਦੇ ਆ ਰਹੇ ਹਨ ਪਰ ਇਤਨੀਆਂ ਘਟਨਾਵਾਂ ਨਹੀਂ ਹੋਈਆਂ। ਇਹ ਅਨਪਰੇਸੀਡੈਂਟਿਡ ਘਟਨਾਵਾਂ ਹੋਈਆਂ ਹਨ। 8 ਆਦਮੀ ਮਰ ਗਏ ਅਤੇ 63 ਜ਼ਖਮੀ ਹੋ ਗਏ। ਕੀ ਮੁੱਖ ਮੰਤਰੀ ਸਾਹਿਬ ਅਜਿਹੇ ਸਟੈਪਸ ਚੁੱਕਣਗੇ ਜਿਸ ਨਾਲ ਕਿ ਫੈਕਸ਼ਨੇਲਿਜ਼ਮ ਦਾ ਐਟਮਾਸਫੀਅਰ ਖਤਮ ਕੀਤਾ ਜਾਏ ?

**ਮੁੱਖ ਮੰਤਰੀ**: ਸਪੀਕਰ ਸਾਹਿਬ, ਪਾਰਲੀਮੈਂਟ ਦੇ ਇਲੈਕਸ਼ਨ ਵੀ ਹੁੰਦੇ ਹਨ ਅਤੇ ਅਸੈਂਬਲੀ ਦੇ ਇਲੈਕਸ਼ਨ ਵੀ ਹੁੰਦੇ ਹਨ ਪਰ ਪੰਚਾਇਤਾਂ ਦੀਆਂ ਇਲੈਕਸ਼ਨਾਂ ਦਾ ਪਾਰਲੀਮੈਂਟ ਅਤੇ ਅਸੈਂਬਲੀ ਦੀਆਂ ਇਲੈਕਸ਼ਨਾਂ ਨਾਲੋਂ ਬੜਾ ਹੀ ਫਰਕ ਹੈ। ਪੰਚਾਇਤਾਂ ਦੀਆਂ ਇਲੈਕਸ਼ਨਾਂ ਵਿਚ ਮੈਨ ਟੂ ਮੈਨ ਫਾਈਟ ਹੁੰਦੀ ਹੈ। ਇਸ ਲਈ ਇਹ ਜਿਹੜੀਆਂ ਫਿਗਰਜ਼ ਹਨ, ਇਹ ਕੋਈ ਜ਼ਿਆਦਾ ਨਹੀਂ ਹਨ।

**ਚੌਧਰੀ ਬਲਰਾਮ ਜਾਖੜ**: ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਸੀ. ਐਮ. ਸਾਹਿਬ ਤੋਂ ਐਸ਼ੋਰੈਂਸ ਚਾਹੁੰਦਾ ਹਾਂ ਕਿ ਪੰਚਾਇਤਾਂ ਦੀਆਂ ਇਲੈਕਸ਼ਨਾਂ ਵਿਚ ਜਿਹੜੇ ਝਗੜੇ ਹੋਏ ਹਨ ਅਤੇ ਕੇਸ ਰਜਿਸਟਰ ਹੋਏ ਹਨ ਪਰ ਕੁਝ ਇਹੋ ਜਿਹੇ ਮਸਲੇ ਹਨ ਜਿਸ ਤਰ੍ਹਾਂ ਕਿ ਵੋਟਾਂ ਦੇ ਰਿਜ਼ਲਟਸ ਚੇਂਜ ਕੀਤੇ ਗਏ ਅਤੇ ਜਾਲ੍ਹੀ ਵੋਟਾਂ ਭੁਗਤਾਈਆਂ ਗਈਆਂ ਹਨ। ਇਸ ਬਾਰੇ ਸੀ. ਐਮ. ਸਾਹਿਬ ਯਕੀਨ ਦਿਵਾਉਣਗੇ ਕਿ ਕਦੋਂ ਤਕ ਇਨ੍ਹਾਂ ਦਾ ਨਿਪਟਾਰਾ ਕਰ ਦੇਣਗੇ ?

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਸਪੀਕਰ ਸਾਹਿਬ, ਜਿਹੜੀਆਂ ਅਫਸਰਾਂ ਦੇ ਵਿਰੁੱਧ ਸ਼ਿਕਾਇਤਾਂ ਹਨ ਉਸ ਬਾਰੇ ਡਿਵੈਲਪਮੈਂਟ ਮਨਿਸਟਰ ਸਾਹਿਬ ਨੇ ਇਸ ਹਾਊਸ ਵਿਚ ਪਹਿਲਾਂ ਹੀ ਕਹਿ ਦਿੱਤਾ ਹੈ ਕਿ ਉਨ੍ਹਾਂ ਦਾ ਨਿਪਟਾਰਾ ਛੇਤੀ ਹੀ ਕੀਤਾ ਜਾਵੇਗਾ।

---

**Bringing Dragline Machine at Budhoo Baskat in Dasuya Sub-Division of Hoshiarpur**

*693. **Doctor Kewal Krishan :** Will the Chief Minister be pleased to state:—

(a) whether it is a fact that a dragline machine for digging out the new drains and clearing the old was brought on 28th May, 1978 at Budhoo Baskat in Dasuya Sub-Division of Hoshiarpur District and it was sent back to Patiala District the next day without doing any work ; if so, the reasons therefor and the expenditure incurred on its movement from and to Patiala ;

(b) the name and designation of the officer responsible for the wasteful expenditure and the action if any taken against him?

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** (ੳ) (i) ਹਾਂ ਜੀ ਪ੍ਰੰਤੂ ਜਿਸ ਮਿਤੀ ਤੇ ਮਸ਼ੀਨ ਨੂੰ ਬਦਲਿਆ ਸੀ ਇਹ 28-5-78 ਦੀ ਬਜਾਏ 28-3-78 ਸੀ।

(ii) ਕਿਉਂਕਿ ਇਸ ਦੀ ਬਹੁਤ ਜ਼ਰੂਰੀ ਭਿਵਾਨੀ ਭਿੱਖੀ ਖਟੜਾ ਡਰੇਨ ਦੀ ਸਫਾਈ ਲਈ ਜ਼ਰੂਰਤ ਸੀ ।

(iii) 400.00 ਰੁਪਏ ਖਰਚਾ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ।

**ਡਾਕਟਰ ਕੇਵਲ ਕ੍ਰਿਸ਼ਨ :** ਸਪੀਕਰ ਸਾਹਿਬ, ਸੀ. ਐਮ. ਸਾਹਿਬ ਨੇ ਦੱਸਿਆ ਹੈ ਕਿ 28 ਮਾਰਚ, 1978 ਨੂੰ ਦਸੂਆ ਤੋਂ ਡਰੈਗ ਲਾਈਨ ਬਦਲੀ ਸੀ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ. ਐਮ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਰੀ ਰਾਤ ਡਰੈਗ ਲਾਈਨ ਉਥੇ ਰਹੀ ਪਰ ਨੈਕਸਟ ਮੋਰਨਿੰਗ ਵਾਪਿਸ ਮੰਗਾ ਲਈ ਗਈ ਕਿ ਬਹੁਤ ਜ਼ਰੂਰੀ ਕੰਮ ਹੈ। ਮੈਂ ਸੀ. ਐਮ. ਸਾਹਿਬ ਤੋਂ ਜਾਣਨਾ ਚਾਹਾਂਗਾ ਕਿ ਦਸੂਆ ਨੂੰ ਗੈਰ ਜ਼ਰੂਰੀ ਸਮਝਿਆ ਜਿਸ ਕੰਮ ਵਾਸਤੇ ਡਰੈਗ ਲਾਈਨ ਗਈ ਸੀ, ਉਹ ਕੰਮ ਵੀ ਨਹੀਂ ਕੀਤਾ ਗਿਆ । ਦੂਸਰੀ ਗੱਲ ਜਿਹੜੀ ਨੁਕਸਾਨ ਬਾਰੇ ਕਹੀ ਹੈ, ਕੀ ਉਸ ਬਾਰੇ ਕਿਸੇ ਦੀ ਰਿਸਪਾਂਸੀਬਿਲਟੀ ਫਿਕਸ ਕਰਨਗੇ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਜਿਹੜੀ ਡਰੈਗ ਲਾਈਨ ਜਲੰਧਰ ਤੋਂ ਦਸੂਆ ਟਰਾਲੀ ਵਿਚ ਭੇਜੀ ਗਈ ਸੀ, ਉਹ ਲੁਧਿਆਣਾ ਜਿਲ੍ਹੇ ਵਿਚ ਭੇਜੀ ਦਿੱਤੀ ਗਈ ਸੀ ਕਿਉਂਕਿ ਲੁਧਿਆਣੇ ਜ਼ਿਲ੍ਹੇ ਵਿਚ ਮੈਂ ਆਪ ਦੇਖਿਆ ਹੈ ਕਿ ਉਥੇ ਸੇਮ ਨਾਲ ਬੁਰਾ ਹਾਲ ਸੀ ਅਤੇ ਆਬਾਦੀ ਖਤਮ ਹੋ ਰਹੀ ਸੀ । ਸਪੀਕਰ ਸਾਹਿਬ, ਦਸੂਆ ਦੇ ਹੋਰ ਡਰੈਗ ਲਾਈਨਾਂ ਭੇਜ ਦਿਤੀਆਂ ਗਈਆਂ ਸਨ ਅਤੇ ਕੰਮ ਮੁਕੰਮਲ ਕਰਵਾ ਲਿਆ ਹੈ। ਬਾਕੀ ਜਿਹੜਾ ਖਰਚਾ ਹੋਇਆ ਹੈ, ਉਹ ਸਿਰਫ 400 ਰੁਪਏ ਹੋਇਆ ਹੈ।

---

Original with;
Punjab Vidhan Sabha
Digitized by;
Panjab Digital Library

**Purchase of Land on Kurali Road for setting up an Industrial Focal Point near Ropar**

***526. Shri Romesh Chander** : Will the Minister for Industries be pleased to state:—

(a) whether a plot of land measuring 50 acres was purchased on Kurali Road in 1975 for setting up an Industrial focal point near Ropar; if so, the total amount paid for the land;

(b) whether the possession of the land was taken, if so, when ;

(c) the progress of the focal point and the number of industries establisshed there ?

**Shri Balramji Dass Tandon :** (a) Yes please. 52.44 acres of land was acquired and Rs. 12,51,711.55 paisa were paid as its compensation.

(b) Yes please. On 21st June, 1976.

(c) Punjab State Small Industries Corporation is taking necessary steps to develop this Focal Point. So far no industrial unit has been set up there.

**ਸ਼੍ਰੀ ਰਮੇਸ਼ ਚੰਦਰ** : ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਨੂੰ ਪਤਾ ਹੈ ਕਿ ਕਾਂਗਰਸ ਦੇ ਰਾਜ ਵਿਚ ਬਹੁਤ ਵੱਡਾ ਸਕੈਂਡਲ ਹੋਇਆ ਹੈ। ਇਹ ਕਾਂਗਰਸੀ ਆਦਮੀ ਨੂੰ ਫਾਇਦਾ ਪਹੁੰਚਾਉਣ ਵਾਸਤੇ ਕੀਤਾ ਗਿਆ ਸੀ। ਕੀ ਉਸਦੀ ਇਨਕੁਆਇਰੀ ਕਰਵਾਉਣਗੇ ?

**ਮੰਤਰੀ** : ਤੁਸੀਂ ਇਨਫਰਮੇਸ਼ਨ ਦੇ ਦਿਓ, ਜ਼ਰੂਰ ਇਨਕੁਆਇਰੀ ਕਰਵਾਵਾਂਗੇ।

**ਸ਼੍ਰੀ ਰਮੇਸ਼ ਚੰਦਰ** : ਸਪੀਕਰ ਸਾਹਿਬ, ਮੈਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਹੁਣ ਨਵੀਂ ਸਰਕਾਰ ਬਣੀ ਨੂੰ ਕਾਫੀ ਅਰਸਾ ਹੋ ਚੁੱਕਾ ਹੈ ਪਰ ਫੋਕਲ ਪੁਆਇੰਟਸ ਦੀ ਡਿਵੈਲਪਮੈਂਟ ਕਰਨ ਲਈ ਕੋਈ ਸਟੇਪਸ ਨਹੀਂ ਲਏ ਗਏ, ਜਿਸ ਕਰਕੇ ਇੰਡਸਟਰੀ ਆਪਣੇ ਯੂਨਿਟ ਸੈਟ-ਅੱਪ ਨਹੀਂ ਕਰ ਸਕੀ। ਕੀ ਉਸਦੇ ਵਾਸਤੇ ਕੋਈ ਰਿਸਪਾਂਸੀਬਿਲਟੀ ਫਿਕਸ ਕਰਨਗੇ ?

**ਮੰਤਰੀ** : ਅਸੀਂ, ਸਪੀਕਰ ਸਾਹਿਬ, ਫੋਕਲ ਪੁਆਇੰਟਸ ਡਿਵੈਲਪ ਕਰਨ ਵਾਸਤੇ ਸਮਾਲ ਸਕੇਲ ਇੰਡਸਟਰੀਜ਼ ਕਾਰਪੋਰੇਸ਼ਨ ਨੂੰ ਕੰਮ ਦਿੱਤਾ ਹੈ। ਉਨ੍ਹਾਂ ਨੇ ਲੋਕਾਂ ਕੋਲੋਂ ਐਪਲੀਕੇਸ਼ਨਜ਼ ਮੰਗਵਾਈਆਂ ਹਨ ਜੋ ਕਿ ਮਿਤੀ 3 ਅਗਸਤ, 1978 ਤਕ ਮੰਗੀਆਂ ਗਈਆਂ ਹਨ। ਉਸ ਤੋਂ ਬਾਅਦ ਪਤਾ ਲੱਗੇਗਾ ਕਿ ਲੋਕਾਂ ਦਾ ਕਿਤਨਾ ਇੰਟਰੈਸਟ ਹੈ। ਉਸ ਮੁਤਾਬਿਕ ਅਗਲੀ ਕਾਰਵਾਈ ਕੀਤੀ ਜਾਵੇਗੀ।

**ਸ਼੍ਰੀ ਮਨਮੋਹਨ ਕਾਲੀਆ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਫੋਕਲ ਪੁਆਇੰਟਸ ਇੰਡਸਟਰੀਅਲ ਐਸਟੇਟ ਅੰਦਰ ਹਨ ਉਸ ਪਰਪਜ਼ ਵਾਸਤੇ ਹੀ ਡਿਵੈਲਪਮੈਂਟ ਹੋਣੀ ਚਾਹੀਦੀ ਹੈ ਜਿਸ ਵਾਸਤੇ ਕਿ ਪਲਾਟ ਖਰੀਦਿਆ ਗਿਆ ਹੋਵੇ। ਜਿਸ ਤਰੀਕੇ ਨਾਲ, ਸਪੀਕਰ ਸਾਹਿਬ, ਸਾਡੇ ਜਲੰਧਰ ਜ਼ਿਲ੍ਹੇ ਵਿਚ ਪਲਾਟ ਖਰੀਦੇ ਗਏ ਹਨ ਉਹ ਉਸੇ ਪਰਪਜ਼ ਵਾਸਤੇ ਹੀ ਵਰਤੇ ਜਾਂਣੇ ਚਾਹੀਦੇ ਹਨ ਜਿਸ ਪਰਪਜ਼ ਵਾਸਤੇ ਖਰੀਦੇ ਗਏ ਸਨ। ਕੀ ਮੰਤਰੀ ਜੀ ਇਸ ਚੀਜ਼ ਦਾ ਖਿਆਲ ਰੱਖਣਗੇ ?

Original with;
Punjab Vidhan Sabha
Digitized by;
Panjab Digital Library

ਮੰਤਰੀ: ਸਪੀਕਰ ਸਾਹਿਬ, ਇਹ ਕੇਸ ਟੂ ਕੇਸ ਐਗਜ਼ਾਮਿਨ ਕਰਕੇ ਉਸ ਦੇ ਮੁਤਾਬਿਕ ਫੈਸਲਾ ਕੀਤਾ ਜਾਵੇਗਾ।

**Mr. Speaker** : Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

**Starred Question No. 769***

(Extension has been asked for in respect of Starred Question No. 769)

**Elections to the Panchayat Samitis and Zila Parishads**

*770. **Sardar Beant Singh,** : Will the Minister for Development be pleased to state whether the Government propose to hold the elections to the Panchayat Samitis and Zila Parishads ; if so, when ?

**ਸਰਦਾਰ ਆਤਮਾ ਸਿੰਘ** : ਅਜੇ ਇਸ ਸਬੰਧ ਵਿਚ ਕੋਈ ਨਿਰਣਾ ਨਹੀਂ ਕੀਤਾ ਗਿਆ।

**ਇੰਪਰੂਵਮੈਂਟ ਟਰਸਟ, ਪਠਾਨਕੋਟ ਦੁਆਰਾ ਗੰਦੀਆਂ ਬਸਤੀਆਂ ਦੇ ਸੁਧਾਰ ਲਈ 140 ਮਕਾਨਾਂ ਦੀ ਉਸਾਰੀ।**

*592. **ਸ੍ਰੀ ਓਮ ਪ੍ਰਕਾਸ਼ ਭਾਰਦਵਾਜ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਕੀ ਇੰਪਰੂਵਮੈਂਟ ਟਰਸਟ, ਪਠਾਨਕੋਟ ਨੇ 1970 ਤੋਂ 1977 ਤੱਕ ਦੇ ਸਮੇਂ ਦੇ ਦੌਰਾਨ ਰਾਮ ਲੀਲਾ ਗਰਾਊਂਡ ਪਠਾਨਕੋਟ ਦੇ ਸਾਹਮਣੇ ਗੰਦੀਆਂ ਬਸਤੀਆਂ ਦੇ ਸੁਧਾਰ ਲਈ 140 ਮਕਾਨ ਬਣਾਏ ;

(ਅ) ਮਕਾਨ ਅਲਾਟ ਨਾ ਕਰਨ ਕਾਰਣ ਸਰਕਾਰ ਨੂੰ ਕਿੰਨਾ ਨੁਕਸਾਨ ਹੋਇਆ ਹੈ ਅਤੇ ਇਸ ਦੇ ਕੀ ਕਾਰਣ ਹਨ ?

**ਸਰਦਾਰ ਬਲਵੰਤ ਸਿੰਘ**: (ੳ) ਹਾਂ ਜੀ। 1970 ਤੋਂ 1977 ਤੱਕ ਕੇਵਲ 43 ਮਕਾਨ ਬਣਾਏ ਗਏ।

(ਅ) ਸਰਕਾਰ ਨੂੰ ਕੋਈ ਨੁਕਸਾਨ ਨਹੀਂ ਹੋਇਆ।

**ਰਾਜ ਵਿਚ ਸਰਕਾਰੀ ਕਾਲਜਾਂ ਵਿਚ ਤਦ-ਅਰਥ ਆਧਾਰ ਤੇ ਕੰਮ ਕਰ ਰਹੇ ਲੈਕਚਰਾਰਾਂ ਦੇ ਗਰੇਡਾਂ ਵਿਚ ਸੋਧ ਕਾਰਣ ਬਕਾਇਆ।**

*537. **ਮਾਸਟਰ ਚੰਦ ਸਿੰਘ**: ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਦੇ ਸਰਕਾਰੀ ਕਾਲਜਾਂ ਵਿਚ ਤਦ-ਅਰਥ ਆਧਾਰ ਤੇ ਕੰਮ ਕਰ ਰਹੇ ਲੈਕਚਰਾਰਾਂ ਨੂੰ ਪਹਿਲੀ ਜਨਵਰੀ,

*For Starred Question No, 769 and reply thereto, please see Appendix to this Debate.

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]

1973 ਤੋਂ ਪਹਿਲੀ ਅਪ੍ਰੈਲ, 1975 ਦੇ ਦੌਰਾਨ ਗਰੇਡਾਂ ਵਿਚ ਸੋਧ ਕਰਨ ਅਤੇ ਯੂ.ਜੀ.ਸੀ. ਗਰੇਡ ਨੂੰ ਲਾਗੂ ਕਰਨ ਨਾਲ ਬਕਾਇਆਂ ਦੀ ਕਿੰਨੀ ਰਕਮ ਦੇਣੀ ਬਣਦੀ ਹੈ ?

**ਸਰਦਾਰ ਸੁਖਜਿੰਦਰ ਸਿੰਘ ਖੈਰਾ** : ਕੋਈ ਨਹੀਂ ਜੀ।

------

## ਪਿੰਡ ਰਾਜੋਕੇ ਅਤੇ ਸਭਰਾ, ਤਹਿਸੀਲ ਪੱਟੀ ਦੇ ਜ਼ਮੀਨ ਮਾਲਕਾਂ ਦੁਆਰਾ ਚੱਕਬੰਦੀ ਦੇ ਦੌਰਾਨ ਰਾਖਵੀਂ ਰੱਖੀ ਵਾਹੀ ਯੋਗ ਜ਼ਮੀਨ।

*805. **ਸਰਦਾਰ ਕਿਰਪਾਲ ਸਿੰਘ** : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਸਰਕਾਰ ਇਸ ਤੱਥ ਤੋਂ ਜਾਣੂ ਹੈ ਕਿ ਪਿੰਡ ਰਾਜੋਕੇ ਅਤੇ ਸਭਰਾ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਦੇ ਜ਼ਮੀਨ ਮਾਲਕਾਂ ਨੇ ਆਪਣੇ ਆਪਣੇ ਪਿੰਡਾਂ ਦੇ ਸਰਕਾਰੀ ਹਾਈ ਸਕੂਲਾਂ ਦੇ ਵਿਕਾਸ ਤੇ ਖਰਚੇ ਨੂੰ ਪੂਰਾ ਕਰਨ ਲਈ ਚੱਕਬੰਦੀ ਦੇ ਦੌਰਾਨ ਕੁਝ ਜ਼ਮੀਨ ਰਾਖਵੀਂ ਰਖਵਾਈ ਸੀ ;

(ਅ) ਕੀ ਸਿੱਖਿਆ ਵਿਭਾਗ ਨੇ ਉਕਤ ਜ਼ਮੀਨ ਦਾ ਕਬਜ਼ਾ ਲੈ ਕੇ ਉਸ ਤੋਂ ਸਕੂਲਾਂ ਲਈ ਲਾਭ ਪ੍ਰਾਪਤ ਕਰਨ ਲਈ ਕੋਈ ਕਾਰਵਾਈ ਕੀਤੀ ਹੈ, ਜੇਕਰ ਅਜਿਹਾ ਹੋਵੇ ਤਾਂ ਉਸ ਦੇ ਕੀ ਸਿੱਟੇ ਨਿਕਲੇ ; ਜੇਕਰ ਨਹੀਂ, ਤਾਂ ਉਸ ਦੇ ਕੀ ਕਾਰਨ ਹਨ ;

(ੲ) ਉਪਰੋਕਤ ਭਾਗ (ੳ) ਵਿੱਚ ਦੱਸੀ ਗਈ ਜ਼ਮੀਨ ਇਸ ਸਮੇਂ ਕਿਸ ਵਿਅੱਕਤੀ ਦੇ ਕਬਜ਼ੇ ਵਿਚ ਹੈ ਅਤੇ ਸਰਕਾਰ ਦੁਆਰਾ ਕਬਜ਼ਾ ਛੁਡਾਉਣ ਲਈ ਕੀ ਕਾਰਵਾਈ ਕੀਤੀ ਗਈ ਜਾਂ ਕਰਨ ਦੀ ਤਜਵੀਜ਼ ਹੈ ?

**ਸਰਦਾਰ ਸੁਖਜਿੰਦਰ ਸਿੰਘ ਖੈਰਾ** : (ੳ) ਹਾਂ ਜੀ ।

(ਅ) ਹਰ ਕੇਸ ਵਿੱਚ ਸਕੂਲ ਅਧਿਆਪਕਾਂ ਵਲੋਂ ਲਗ ਭਗ 15 ਏਕੜ ਜ਼ਮੀਨ ਦਾ ਕਬਜ਼ਾ ਲੈ ਲਿਆ ਗਿਆ ਹੈ।

(ੲ) ਡਿਪਟੀ ਕਮਿਸ਼ਨਰ ਅਤੇ ਡਾਇਰੈਕਟਰ, ਪੰਚਾਇਤ ਵਿਭਾਗ ਨੂੰ ਬੇਨਤੀ ਕੀਤੀ ਗਈ ਹੈ ਕਿ ਜ਼ਮੀਨ ਸਿੱਖਿਆ ਵਿਭਾਗ ਦੇ ਨਾਂ ਇੰਤਕਾਲ ਕਰਵਾ ਦੇਣ। ਲਗ ਭਗ 5 ਏਕੜ ਜ਼ਮੀਨ ਦਾ ਇੰਤਕਾਲ ਹੋ ਚੁੱਕਾ ਹੈ ਬਾਕੀ ਦੀ ਜ਼ਮੀਨ ਗਰਾਮ ਪੰਚਾਇਤਾਂ ਕੋਲ ਹੈ ।

------

## ਰਾਜ ਵਿੱਚ ਹਸਪਤਾਲਾ ਅਤੇ ਪ੍ਰਾਇਮਰੀ ਸਿਹਤ ਕੇਂਦਰਾਂ ਵਿਚ ਡਾਕਟਰ ਲਗਾਉਣਾ

*664. **ਚੌਧਰੀ ਬਲਰਾਮ ਜਾਖੜ** : ਕੀ ਸਿਹਤ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਇਹ ਠੀਕ ਹੈ ਕਿ ਰਾਜ ਦੇ ਹਸਪਤਾਲਾਂ ਅਤੇ ਪ੍ਰਾਇਮਰੀ ਸਿਹਤ ਕੇਂਦਰਾਂ ਵਿਚ ਮਨਜ਼ੂਰ ਕੀਤੀ ਹੋਈ ਗਿਣਤੀ ਵਿਚ ਡਾਕਟਰ ਨਹੀਂ ਲਗਾਏ ਗਏ ਹਨ ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਾਰਨ ਕੀ ਹਨ ;

Original with;
Punjab Vidhan Sabha
Digitized by;
Panjab Digital Library

(ਅ) ਕੀ ਇਹ ਠੀਕ ਹੈ ਕਿ ਕੁਝ ਡਿਸਪੈਂਸਰੀਆਂ ਅਤੇ ਪ੍ਰਾਇਮਰੀ ਸਿਹਤ ਕੇਂਦਰ ਇਸ ਸਮੇਂ ਡਾਕਟਰਾਂ ਜਾਂ ਵੈਦਾਂ ਤੋਂ ਬਿਨਾਂ ਹਨ ; ਜੇਕਰ ਅਜਿਹਾ ਹੋਵੇ, ਤਾਂ ਜ਼ਿਲ੍ਹਾ-ਵਾਰ ਉਨ੍ਹਾਂ ਦੀ ਗਿਣਤੀ ਕਿੰਨੀ ਕਿੰਨੀ ਹੈ ?

**ਸ਼੍ਰੀ ਦੇਸ ਰਾਜ** : (ੳ) ਹਾਂ ਜੀ। ਕੁਝ ਡਿਸਪੈਂਸਰੀਆਂ ਅਤੇ ਹਸਪਤਾਲਾਂ ਵਿੱਚ ਮਨਜ਼ੂਰ ਕੀਤੇ ਨਾਰਮ ਅਨੁਸਾਰ ਡਾਕਟਰ ਨਹੀਂ ਲਗਾਏ ਗਏ ਹਨ, ਕਿਉਂਕਿ ਬਹੁਤ ਸਾਰੇ ਡਾਕਟਰ ਜਿਨ੍ਹਾਂ ਨੂੰ 1976-77 ਅਤੇ 1977-78 ਦੌਰਾਨ ਨਿਯੁਕਤੀ ਦੀ ਪੇਸ਼ਕਸ਼ ਕੀਤੀ ਗਈ ਸੀ, ਹਾਜ਼ਰ ਨਹੀਂ ਹੋਏ, ਅਤੇ ਕੁੱਝ ਡਾਕਟਰਾਂ ਨੇ ਅਸਤੀਫਾ ਦੇ ਦਿਤਾ ਹੈ ਜਾਂ ਡਿਊਟੀ ਤੋਂ ਗੈਰ ਹਾਜ਼ਰ ਹਨ।

(ਅ) ਹਾਂ ਜੀ। ਲੋੜੀਂਦੀ ਸੂਚਨਾਂ ਦਰਸਾਉਂਦੀ ਹੋਈ ਵਿਵਰਣ ਸਦਨ ਦੇ ਮੇਜ਼ ਤੇ ਰੱਖੀ ਜਾਂਦੀ ਹੈ।

ਮਿਤੀ 31 ਅਗਸਤ, 1978 ਨੂੰ ਡਾਕਟਰਾਂ ਤੋਂ ਬਿਨਾ ਪ੍ਰਾਇਮਰੀ ਹੈਲਥ ਸੈਂਟਰਾਂ ਅਤੇ ਐਲੋਪੈਥਿਕ ਡਿਸਪੈਂਸਰੀਆਂ, ਵੈਦਾਂ ਤੋਂ ਬਿਨਾਂ ਆਯੁਰਵੈਦਿਕ ਡਿਸਪੈਂਸਰੀਆਂ ਅਤੇ ਹਕੀਮਾਂ ਤੋਂ ਬਿਨਾਂ ਯੂਨਾਨੀ ਡਿਸਪੈਂਸਰੀਆਂ ਦਰਸਾਉਂਦੀ ਹੋਈ ਵਿਵਰਣ ।

| ਲੜੀ ਨੰ: | ਜ਼ਿਲ੍ਹਾ | ਡਾਕਟਰਾਂ ਤੋਂ ਬਿਨਾਂ ਪ੍ਰਾਇਮਰੀ ਹੈਲਥ ਸੈਂਟਰਾਂ ਅਤੇ ਐਲੋਪੈਥਿਕ ਡਿਸਪੈਂਸਰੀਆਂ ਦੀ ਗਿਣਤੀ | ਵੈਦਾਂ ਤੋਂ ਬਿਨਾਂ ਆਯੁਰ-ਵੈਦਿਕ ਡਿਸਪੈਂਸਰੀਆਂ ਦੀ ਗਿਣਤੀ | ਹਕੀਮਾਂ ਤੋਂ ਬਿਨਾ ਯੂਨਾਨੀ ਡਿਸਪੈਂਸਰੀਆਂ ਦੀ ਗਿਣਤੀ | ਕੁਲ |
|---|---|---|---|---|---|
| 1 | 2 | 3 | 4 | 5 | 6 |
| 1. | ਅੰਮ੍ਰਿਤਸਰ | 21 | 1 | 3 | 25 |
| 2. | ਬਠਿੰਡਾ | 7 | .. | 1 | 8 |
| 3. | ਫਿਰੋਜ਼ਪੁਰ | 5 | 1 | 1 | 7 |
| 4. | ਫਰੀਦਕੋਟ | 5 | 1 | .. | 6 |
| 5. | ਗੁਰਦਾਸਪੁਰ | 33 | 1 | 1 | 35 |
| 6. | ਹੁਸ਼ਿਆਰਪੁਰ | 18 | 1 | .. | 19 |
| 7. | ਜਲੰਧਰ | 29 | 1 | .. | 30 |
| 8. | ਕਪੂਰਥਲਾ | 15 | .. | .. | 15 |

Original with;
Punjab Vidhan Sabha
Digitized by;
Panjab Digital Library

[ਸਿਹਤ ਮੰਤਰੀ]

| 1 | 2 | 3 | 4 | 5 | 6 |
|---|---|---|---|---|---|
| 9. | ਲੁਧਿਆਣਾ | 11 | .. | .. | 11 |
| 10. | ਪਟਿਆਲਾ | 9 | .. | .. | 9 |
| 11. | ਰੋਪੜ | 8 | .. | .. | 8 |
| 12. | ਸੰਗਰੂਰ | 8 | .. | .. | 8 |
| | ਕੁੱਲ ਜੋੜ .. | 169 | 6 | 6 | 181 |

**Recruitment of Class IV Employees for the Rural Dispensaries in the State**

*665. **Chaudhri Bal Ram Jakhar** : Will the Minister for Health and Urban Development be pleased to state :—

(a) whether any recruitment of class IV employees for the rural dispensaries sanctioned during the year 1977-78 was made in the State at district level ; if so, when these posts were sanctioned and when the process of recruitment was initiated in each district ;

(b) whether it is a fact that recruitment was made over and above the sanctioned strength ; if so, the names of the districts where that was done ;

(c) whether it is a fact that the process of recruitment was started much before the posts and dispensaries were sanctioned ; if so, in what districts and why ;

(d) whether the Government has ordered any enquiry into the matter, if so, with what result ?

**ਸ੍ਰੀ ਦੇਸ ਰਾਜ** : (ੳ) ਹਾਂ ਜੀ, ਆਸਾਮੀਆਂ ਮਿਤੀ 29 ਸਤੰਬਰ, 1977 ਮਨਜ਼ੂਰ ਹੋਈਆਂ, ਇਨ੍ਹਾਂ ਨੂੰ ਭਰਨ ਦਾ ਕੰਮ ਜ਼ਿਲ੍ਹਾ ਸਿਵਲ ਸਰਜਨਾਂ ਨੇ ਮਨਜ਼ੂਰੀ ਮਿਲਣ ਤੋਂ ਬਾਅਦ ਸ਼ੁਰੂ ਕਰ ਦਿੱਤਾ ।

(ਅ) ਨਹੀਂ ਜੀ ।

(ੲ) ਨਹੀਂ ਜੀ । ਸਵਾਲ ਪੈਦਾ ਨਹੀਂ ਹੁੰਦਾ ।

(ਸ) ਸਵਾਲ ਪੈਦਾ ਨਹੀਂ ਹੁੰਦਾ ।

Original with;
Punjab Vidhan Sabha
Digitized by;
Panjab Digital Library

**Sarpanches of Panchayat Samiti Bhikhi Wind, district Amritsar who kept Panchayat Funds in excess of the prescribed limit.**

*804. **Sardar Kirpal Singh** : Will the Minister for Development be pleased to :—

(a) lay on the Table of the House a list of Sarpanches of Gram Panchayats within the jurisdiction of Panchayat Samiti Bhikhiwind, District Amritsar, who keep the Panchayati Funds in excess of the prescribed limit in their hands from 1st July, 1972 to 31st July, 1978 ;

(b) state the amount kept by each of the Sarpanches mentioned in part (a) above alongwith the purpose for the same ;

(c) state whether the Block Development and Panchayat Officer, Bhikhiwind issued any orders to the above-mentioned sarpanches to deposit the excess amount in the Panchayat Funds ; if so, when ;

(d) state the action taken against those sarpanches who did not deposit any amount despite the orders mentioned in part (c) above ; if no action was taken, the reasons therefor ;

(e) state the amount of penal interest recoverable from the said Sarpanches upto 15th August, 1978 stating whether the same has been recovered so far ;

(f) state the dates on which the above-mentioned sarpanches cleared the accounts of their respective Panchayat Funds to get clearance certificates from the Block Development and Panchayat Officer for contesting the Panchayat Elections held in 1978 ?

**ਸਰਦਾਰ ਆਤਮਾ ਸਿੰਘ** : (ੳ) (ਅ) (ੲ) (ਸ) (ਹ) ਤੇ (ਕ) ਭਿਖੀ ਵਿੰਡ ਪੰਚਾਇਤ ਸੰਮਿਤੀ ਦੇ ਅਧਿਕਾਰ ਖੇਤਰ ਵਿੱਚ ਉਨ੍ਹਾਂ ਸਰਪੰਚਾਂ ਦੀ ਸੂਚੀ, ਜਿਨ੍ਹਾਂ ਨੇ ਮਿਥੀ ਹੱਦ ਤੋਂ ਵੱਧ ਪੰਚਾਇਤ ਫੰਡ ਆਪਣੇ ਹੱਥ ਵਿਚ ਰਖਿਆ, ਪੰਚਾਇਤ ਫੰਡ ਦੇ ਵੇਰਵੇ ਅਤੇ ਵਸੂਲੀ ਸਬੰਧੀ ਕੀਤੀ ਕਾਰਵਾਈ ਦੀ ਸੂਚਨਾ ਸਹਿਤ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

Original with;
Punjab Vidhan Sabha
Digitized by;
Panjab Digital Library

ਭਿਖੀ ਵਿੰਡ ਪੰਚਾਇਤ ਸੰਮਤੀ ਦੇ ਅਧਿਕਾਰ ਖੇਤਰ ਵਿੱਚ ਉਹਨਾਂ ਸਰਪੰਚਾਂ ਦੀ ਸੂਚੀ ਜਿਹਨਾਂ ਨੇ ਮਿਤੀ 1 ਜੁਲਾਈ, 1972 ਤੋਂ 31 ਜੁਲਾਈ, 1978 ਤੱਕ ਨਿਯਮਾਂ ਦੀ ਉਲੰਘਣਾ ਕਰਕੇ ਮਿਥੀ ਹੱਦ ਤੋਂ ਵੱਧ ਪੰਚਾਇਤੀ ਫੰਡ ਆਪਣੇ ਹੱਥ ਵਿਚ ਰਖਿਆ, ਪੰਚਾਇਤ ਫੰਡ ਦੇ ਵੇਰਵੇ ਦੇ ਅਤੇ ਵਸੂਲੀ ਸਬੰਧੀ ਕੀਤੀ ਕਾਰਵਾਈ ਦਾ ਵੇਰਵਾ

| ਲੜੀ ਨੰ: | ਸਰਪੰਚ ਗਰਾਮ ਪੰਚਾਇਤ | ਮਿਥੀ ਹੱਦ ਤੋਂ ਵੱਧ ਜਿੰਨੀ ਰਕਮ ਹੱਥ ਵਿਚ ਰੱਖੀ | | ਡੀ. ਡੀ. ਪੀ. ਓ. ਦੇ ਹੁਕਮ ਦਾ ਨੰ: ਤੇ ਮਿਤੀ ਜਿਸ ਰਾਹੀਂ ਉਹਨਾਂ ਸਰਪੰਚਾਂ ਨੂੰ ਵਾਧੂ ਰਕਮ ਜਮ੍ਹਾਂ ਕਰਾਉਣ ਦੇ ਆਦੇਸ਼ ਦਿੱਤੇ | ਜਿਨ੍ਹਾਂ ਸਰਪੰਚਾਂ ਨੇ ਕਾਲਮ 3 ਵਿਚ ਦਰਸਾਈਆਂ ਵਾਧੂ ਰਕਮਾਂ ਜਮ੍ਹਾਂ ਨਹੀਂ ਕਰਵਾਈਆਂ ਉਹਨਾਂ ਵਿਰੁੱਧ ਕੀਤੀ ਕਾਰਵਾਈ ਦਾ ਵੇਰਵਾ | 15 ਅਗਸਤ, 1978 ਤੱਕ ਵਸੂਲਣ ਯੋਗ ਫੰਡ ਵਿਆਜ ਦੀ ਰਕਮ | ਸਰਪੰਚ ਨੇ ਚੋਣਾਂ ਲੜਨ ਲਈ ਕਲੀਅੈਂਰਸ ਸਰਟੀਫੀਕੇਟ ਲੈਣ ਲਈ ਲੇਖੇ ਦਾ ਹਿਸਾਬ ਜਿਸ ਮਿਤੀ ਨੂੰ ਦਿੱਤਾ |
|---|---|---|---|---|---|---|---|
| 1 | 2 | 3 | | 4 | 5 | 6 | 7 |
| | | ਮਹੀਨਾ | ਰਕਮ | | | ਰੁਪਏ | |
| 1. | ਮਰਗਿੰਦਪੁਰ .. | ਅਪਰੈਲ, 1975<br>ਮਈ, 1975<br>ਜੂਨ, 1975<br>ਜੁਲਾਈ, 1975 | 4,120<br>4,120<br>4,120<br>4,120 | ਹੁਕਮ ਪੱਤਰ ਨੰ: 307, ਮਿਤੀ 12 ਫਰਵਰੀ, 1976 ਤੇ ਪੱਤਰ ਨੰ: 207, | ਰਕਮਾਂ ਦੀ ਵਸੂਲੀ ਲਈ ਪੰਜਾਬ ਗਰਾਮ ਪੰਚਾਇਤ ਐਕਟ, 1952 ਦੀ ਧਾਰਾ | 2,676 | ਸਰਪੰਚ ਨੇ ਲੇਖਿਆਂ ਦਾ ਹਿਸਾਬ ਕਿਤਾਬ ਨਹੀਂ ਦਿੱਤਾ ਇਸ ਲਈ ਕਲੀਅਰੇਂਸ |

Original with;
Punjab Vidhan Sabha
Digitized by;
Panjab Digital Library

| | | | | |
|---|---|---|---|---|
| ਅਗਸਤ, 1975 | 4,120 | ਮਿਤੀ 24 ਫਰਵਰੀ, 1978 | 105 ਅਧੀਨ ਕਾਰ-ਵਾਈ 2 ਮਈ, 1978 ਨੂੰ ਆਰੰਭੀ। | ਸਰਟੀਫੀਕੇਟ ਜਾਰੀ ਨਹੀਂ ਕੀਤਾ ਗਿਆ ਅਤੇ ਵਸੂਲੀ ਸਬੰਧੀ ਕਾਰਵਾਈ ਚਾਲੂ ਹੈ। |
| ਸਤੰਬਰ, 1975 | 15,885 | | | |
| ਅਕਤੂਬਰ, 1975 | 14,295 | | | |
| ਨਵੰਬਰ, 1975 | 14,215 | | | |
| ਦਸੰਬਰ, 1975 | 9,505 | | | |
| ਜਨਵਰੀ, 1976 | 9,463 | | | |
| ਫਰਵਰੀ, 1976 | 9,463 | | | |
| ਮਾਰਚ, 1976 | 9,328 | | | |
| ਅਪਰੈਲ, 1976 | 9,810 | | | |
| ਮਈ, 1976 | 15,734 | | | |
| ਜੂਨ, 1976 | 15,742 | | | |
| ਜੁਲਾਈ, 1976 | 8,311 | | | |
| ਅਗਸਤ, 1976 | 8,311 | | | |
| ਸਤੰਬਰ, 1976 | 8,311 | | | |
| ਅਕਤੂਬਰ, 1976 | 8,311 | | | |
| ਨਵੰਬਰ, 1976 | 3,711 | | | |
| ਦਸੰਬਰ, 1976 | 3,711 | | | |
| ਜਨਵਰੀ, 1977 | 3,631 | | | |
| ਫਰਵਰੀ, 1977 | 3,631 | | | |
| ਮਾਰਚ, 1977 | 3,631 | | | |
| ਅਪਰੈਲ, 1977 | 3,631 | | | |
| ਮਈ, 1977 | 3,631 | | | |

Original with;
Punjab Vidhan Sabha
Digitized by;
Panjab Digital Library

[ਵਿਕਾਸ ਮੰਤਰੀ]

| 1 | 2 | 3 | | 4 | 5 | 6 | 7 |
|---|---|---|---|---|---|---|---|
| | | ਮਹੀਨਾ | ਰਕਮ | | | ਰੁਪਏ | |
| | | ਜੂਨ, 1977 | 5,836 | | | | |
| | | ਜੁਲਾਈ, 1977 | 3,830 | | | | |
| | | ਅਗਸਤ, 1977 | 3,203 | | | | |
| | | ਸਤੰਬਰ, 1977 | 2,695 | | | | |
| | | ਅਕਤੂਬਰ, 1977 | 2,695 | | | | |
| | | ਨਵੰਬਰ, 1977 | 2,185 | | | | |
| | | ਦਸੰਬਰ, 1977 | 2,185 | | | | |
| 2. | ਮਾੜੀ ਉਧੋਕੇ .. | ਜਨਵਰੀ, 1975 | 6,953 | ਹੁਕਮ ਪੱਤਰ ਨੰ: 1571, ਮਿਤੀ 22 ਜੁਲਾਈ, 1976, ਪੱਤਰ ਨੰ: 2188, ਮਿਤੀ 24 ਸਤੰਬਰ, 1976 ਅਤੇ ਪੱਤਰ ਨੰ: 2325, ਮਿਤੀ 30 ਸਤੰਬਰ, 1976 ਰਾਹੀਂ ਜਾਰੀ ਕੀਤੇ ਗਏ । | ਰਕਮਾਂ ਦੀ ਵਸੂਲੀ ਲਈ ਪੰਜਾਬ ਗਰਾਮ ਪੰਚਾਇਤ ਐਕਟ, 1952 ਦੀ ਧਾਰਾ 105 ਅਧੀਨ ਕਾਰ-ਵਾਈ 24 ਫਰਵਰੀ, 1978 ਨੂੰ ਅਰੰਭੀ ਗਈ । | 2,451.60 | ਸਰਪੰਚ ਨੇ ਲੇਖਿਆਂ ਦਾ ਹਿਸਾਬ ਕਿਤਾਬ ਨਹੀਂ ਦਿੱਤਾ ਇਸ ਲਈ ਕਲੀਅਰੈਂਸ ਸਰਟੀਫੀਕੇਟ ਜਾਰੀ ਨਹੀਂ ਕੀਤਾ ਗਿਆ ਅਤੇ ਵਸੂਲੀ ਸਬੰਧੀ ਕਾਰਵਾਈ ਚਾਲੂ ਹੈ। |
| | | ਫਰਵਰੀ, 1975 | 6,953 | | | | |
| | | ਮਾਰਚ, 1975 | 6,453 | | | | |
| | | ਅਪਰੈਲ, 1975 | 8,175 | | | | |
| | | ਮਈ, 1975 | 9,485 | | | | |
| | | ਜੂਨ, 1975 | 13,234 | | | | |
| | | ਜੁਲਾਈ, 1975 | 13,234 | | | | |
| | | ਅਗਸਤ, 1975 | 13,234 | | | | |
| | | ਸਤੰਬਰ, 1975 | 11,738 | | | | |
| | | ਅਕਤੂਬਰ, 1975 | 12,921 | | | | |

Original with; Punjab Vidhan Sabha Digitized by; Panjab Digital Library

| | | | | | | |
|---|---|---|---|---|---|---|
| | ਨਵੰਬਰ, 1975 | 11,671 | | | | |
| | ਦਸੰਬਰ, 1975 | 11,683 | | | | |
| | ਜਨਵਰੀ, 1976 | 10,334 | | | | |
| | ਫਰਵਰੀ, 1976 | 9,933 | | | | |
| | ਮਾਰਚ, 1976 | 9,279 | | | | |
| | ਅਪਰੈਲ, 1976 | 9,282 | | | | |
| | ਮਈ, 1976 | 9,282 | | | | |
| | ਜੂਨ, 1976 | 9,282 | | | | |
| | ਜੁਲਾਈ, 1976 | 4,785 | | | | |
| | ਅਗਸਤ, 1976 | 4,776 | | | | |
| | ਸਤੰਬਰ, 1976 | 3,585 | | | | |
| 3. ਭੈਣੀ ਗੁਰਮੁਖ ਸਿੰਘ | ਅਗਸਤ, 1972 | 9,204 | ਹੁਕਮ ਪੱਤਰ ਨੰ: | ਰਕਮਾਂ ਦੀ ਵਸੂਲੀ | 4,656 | ਸਰਪੰਚ ਵੱਲ ਬਣਦੀ |
| | ਸਤੰਬਰ, 1972 | 9,204 | 5893, ਮਿਤੀ 23 | ਲਈ ਪੰਜਾਬ ਗਰਾਮ | | ਸਾਰੀ ਰਕਮ 28 |
| | ਅਕਤੂਬਰ, 1972 | 9,204 | ਦਸੰਬਰ, 1975 | ਪੰਚਾਇਤ, ਐਕਟ 1952 | | ਫਰਵਰੀ, 1977 ਨੂੰ |
| | ਨਵੰਬਰ, 1972 | 9,204 | ਰਾਹੀਂ ਜਾਰੀ ਕੀਤੇ | ਦੀ ਧਾਰਾ 105 ਅਧੀਨ | | ਵਸੂਲ ਕਰ |
| | ਦਸੰਬਰ, 1972 | 9,204 | ਗਏ। | ਕਾਰਵਾਈ 10 | | ਲਈ ਗਈ ਸੀ |
| | ਜਨਵਰੀ, 1973 | 9,204 | | ਨਵੰਬਰ, 1976 ਨੂੰ | | ਅਤੇ ਸਰਪੰਚ ਨੇ |
| | ਫਰਵਰੀ, 1973 | 9,204 | | ਆਰੰਭੀ ਗਈ । | | ਲੇਖੇ ਦਾ ਹਿਸਾਬ |
| | ਮਾਰਚ, 1973 | 9,204 | | | | ਕਿਤਾਬ ਵੀ ਮਿਤੀ |
| | ਅਪਰੈਲ, 1973 | 9,214 | | | | 18 ਅਗਸਤ, 1978 |
| | ਮਈ, 1973 | 9,205 | | | | ਨੂੰ ਚੁੱਕਾ ਦਿੱਤਾ ਸੀ। |

Original with;
Punjab Vidhan Sabha
Digitized by;
Panjab Digital Library

[ਵਿਕਾਸ ਮੰਤਰੀ]

| 1 | 2 | 3 | 4 | 5 | 6 | 7 |
|---|---|---|---|---|---|---|
| | | ਮਹੀਨਾਂ | ਰਕਮ | | ਰੁਪਏ | ਇਸ ਲਈ ਉਸਨੂੰ ਕਲੀਅਰੇਂਸ ਸਰ-ਟੀਫੀਕੇਟ ਬੀ. ਡੀ. ਪੀ. ਓ. ਭਿਖੀਵਿੰਡ ਵਲੋਂ ਮਿਤੀ 19 ਅਗਸਤ, 1978 ਨੂੰ ਜਾਰੀ ਕਰ ਦਿੱਤਾ ਗਿਆ । |
| | | ਜੂਨ, 1973 | 11,415 | | | |
| | | ਜੁਲਾਈ, 1973 | 11,415 | | | |
| | | ਅਗਸਤ, 1973 | 7,728 | | | |
| | | ਸਤੰਬਰ, 1973 | 7,647 | | | |
| | | ਅਕਤੂਬਰ, 1973 | 7,597 | | | |
| | | ਨਵੰਬਰ, 1973 | 6,592 | | | |
| | | ਦਸੰਬਰ, 1973 | 5,624 | | | |
| | | ਜਨਵਰੀ, 1974 | 7,107 | | | |
| | | ਫਰਵਰੀ, 1974 | 7,105 | | | |
| | | ਮਾਰਚ, 1974 | 7,105 | | | |
| | | ਅਪਰੈਲ, 1974 | 7,105 | | | |
| | | ਮਈ, 1974 | 8,776 | | | |
| | | ਜੂਨ, 1974 | 8,776 | | | |
| | | ਜੁਲਾਈ, 1974 | 8,776 | | | |
| | | ਅਗਸਤ, 1974 | 6,181 | | | |
| | | ਸਤੰਬਰ, 1974 | 3,889 | | | |
| | | ਅਕਤੂਬਰ, 1974 | 3,825 | | | |

Original with;
Punjab Vidhan Sabha
Digitized by;
Panjab Digital Library

| | |
|---|---|
| ਨਵੰਬਰ, 1974 | 3,920 |
| ਦਸੰਬਰ, 1974 | 3,833 |
| ਜਨਵਰੀ, 1975 | 3,305 |
| ਫਰਵਰੀ, 1975 | 3,305 |
| ਮਾਰਚ, 1975 | 5,085 |
| ਅਪਰੈਲ, 1975 | 4,822 |
| ਮਈ, 1975 | 13,157 |
| ਜੂਨ, 1975 | 14,526 |
| ਜੁਲਾਈ, 1975 | 14,526 |
| ਅਗਸਤ, 1975 | 9,491 |
| ਸਤੰਬਰ, 1975 | 9,491 |
| ਅਕਤੂਬਰ, 1975 | 9,183 |
| ਨਵੰਬਰ, 1975 | 9,183 |
| ਦਸੰਬਰ, 1975 | 8,387 |
| ਜਨਵਰੀ, 1976 | 8,387 |
| ਫਰਵਰੀ, 1976 | 8,387 |
| ਮਾਰਚ, 1976 | 3,456 |
| ਅਪਰੈਲ, 1976 | 3,455 |
| ਮਈ, 1976 | 3,456 |

Original with;
Punjab Vidhan Sabha
Digitized by;
Panjab Digital Library

## UNSTARRED QUESTIONS AND ANSWERS

### Financial Assistance to the Families of Government Employees who die in Harness.

**189. Comrade Satya Pal Dang:** Will the Chief Minister be pleased to state :—

(a) the amount of financial assistance given to the family of a Government employee who dies in harness ;

(b) the number of families which were given the said assistance since the decision was taken together with the total amount of the assitance so given ;

(c) whether the Government has also considered the question of giving the same assistance to the employees working in Municipal Committees and Semi-Government Corporations ?

**Sardar Parkash Singh Badal**: (a) The family of a deceased Government employee gets ex-gratia grant equivalent to ten times the emoluments which he was receiving immediately before his death subject to a minimum of Rs. 5,000 and a maximum of Rs. 15,000 . The term emoluments for this purpose shall mean the pay as defined in rule 2.44 of Punjab C.S. R. Volume I, Part I and will include dearness pay also.

(b) The requisite information so far received from different Departments/offices is enclosed .

(c) Government has issued instructions to all the Municipal Committees in the State to give similar assistance to their employees. As regards Government Corporations , no instructions in this respect have been issued by the Government. However, some of the Corporations, on their own, are giving similar assistance to their employees.

| Serial No. | Name of Department/Directorate/Office | No. of families who get *ex-gratia* grant | Total amount granted |
|---|---|---|---|
| | | | Rs |
| 1. | Office of the Administrator General and Official Trustee .. | .. | .. |
| 2. | Department of Personnel .. | 6 | 76,600 |
| 3. | Directorate of Tourism, Cultural Affairs, Archaeology and Museums .. | 3 | 15,000 |
| 4. | Directorate of Languages, Punjnb .. | 4 | 23,200 |

Original with;
Punjab Vidhan Sabha
Digitized by;
Panjab Digital Library

| Serial No. | Name of Department/Directorate/Office | No. of families who get *ex-gratia* grant | Total amount granted |
|---|---|---|---|
| | | | Rs. |
| 5. | Planning Department .. | 1 | 10,700 |
| 6. | Finance Department (Treasury and Accounts) .. | 22 | 1,31,100 |
| 7. | Directorate of Prosecution and Litigation .. | 4 | 29,400 |
| 8. | Directorate of Land Records .. | 2 | 10,000 |
| 9. | Office of the Deputy Commissioner, Amritsar .. | 31 | 1,55,000 |
| 10. | Directorate of State Lotteries .. | .. | .. |
| 11. | Office of the Chief Auditor, Cooperative Societies, Punjab .. | 12 | 60,000 |
| 12. | Office of the Milk Commissioner .. | 1 | 5,000 |
| 13. | Punjab Vidhan Sabha .. | 8 | 50,000 |
| 14. | Office of the Advisor, Civil Aviation .. | .. | .. |
| 15. | Directorate of Animal Husbandry .. | 23 | 1,20,150 |
| 16. | Directorate of Staff Inspection Units .. | .. | .. |
| 17. | Office of the Economic and Statistical Advisor .. | 4 | 40,800 |
| 18. | Office of the Legal Remembrancer .. | .. | .. |
| 19. | Directorate of Technical Education .. | 4 | 20,000 |
| 20. | Office of the Inspector-General of Police, Punjab (Traffic) .. | .. | .. |
| 21. | Directorate of Housing and Urban Development | 5 | 25,000 |
| 22. | Directorate of Youth Services .. | .. | .. |
| 23. | Office of the Advocate-General .. | .. | .. |
| 24. | Secretariat Establishment .. | 35 | 3,23,850 |
| 25. | Department of Defence Services Welfare .. | .. | .. |
| 26. | Office of the District and Sessions Judge, Patiala .. | 7 | 35,000 |
| 27. | Office of the Deputy Commissioner, Sangrur .. | 12 | 60,000 |
| 28. | Office of the Secretary, Zila Sainik Board, Kapurthala | .. | .. |
| 29. | Office of the Secretary, Zila Sainik Board, Gurdaspur | .. | .. |
| 30. | Office of the Deputy Commissioner, Faridkot .. | 16 | 80,000 |
| 31. | Office of the President, Zila Sainik Board, Ludhiana | .. | .. |
| 32. | Directorate of Social Welfare .. | 5 | 26,500 |
| 33. | Office of the Commissioner, Jullundur .. | 1 | 5,700 |

Original with;
Punjab Vidhan Sabha
Digitized by;
Panjab Digital Library

[Chief Minister]

| Serial No | Name of Department/Directorate/Office | No of families who get *ex-gratia* grant | Total amount granted |
|---|---|---|---|
| 34. | Directorate of Local Government .. | .. | .. |
| 35. | Office of the Financial Commissioner, Punjab .. | 11 | 63,900 |
| 36. | Office of the Commandant-General, Punjab, Home Guards .. | 11 | 60,400 |
| 37. | Office of the Labour Commissioner, Punjab .. | 2 | 10,000 |
| 38. | Office of the Chief Architect, Punjab .. | 4 | 42,150 |
| 39. | Office of the Excise and Taxation Commissioner .. | 45 | 2,44,850 |
| 40. | Department of Public Works .. | 5 | 32,400 |
| 41. | Office of the Chief Conservator of Soils, Punjab.. | 4 | 32,400 |
| 42. | Directorate of Technical Education .. | 4 | 30,000 |
| 43. | Directorate of Public Instruction (Colleges) .. | 13 | 1,18,313 |
| 44. | Directorate of Food and Supplies .. | 22 | 1,22,790 |
| 45. | Office of the District and Sessions Judge, Rupnagar | 3 | 15,000 |
| 46. | Office of the Deputy Commissioner and President *Zila* Sainik Board, Amritsar .. | 1 | 5,000 |
| 47. | Office of the Deputy Comissioner, Ferozepur .. | 25 | 1,25,000 |
| 48. | Office of the Deputy Commissioner, Kapurthala | 7 | 39,200 |
| 49. | Office of the Deputy Commissioner, Ludhiana | 11 | 55,000 |
| 50. | Office of the Deputy Commissioner, Patiala .. | 22 | 1,10,000 |
| 51. | Office of the Deputy Commissioner and President, *Zila* Sainik Board, Bhatinda .. | .. | .. |
| 52. | Office of the Secretary to Governor, Punjab .. | 3 | 15,000 |
| 53. | Department of Information and Public Relations | 15 | 91,000 |
| 54. | Directorate of Agriculture, Punjab .. | 34 | 1,78,200 |
| 55. | Office of the Inspector-General of Police, Punjab | 641 | 32,46,000 |
| 56. | Office of the Deputy Commissioner, Ropar | 8 | 40,000 |
| 57. | Office of the District and Sessions Judge,.. Amritsar. | 8 | 40,000 |
| 58. | Office of the Deputy Commissioner, Jullundur. | 6 | 30,000 |
| 59. | Office of the Deputy Commissioner and President, Zila Sainik Board, Sangrur .. | 1 | 5,000 |
| 60. | Punjab Agriculture University, Ludhiana .. | 45 | 2,45,000 |

Original with;
Punjab Vidhan Sabha
Digitized by;
Panjab Digital Library

| Serial No. | Name of Department/Directorate/Office | No. of families who get *ex-gratia* grant | Total amount granted |
|---|---|---|---|
| | | | Rs |
| 61. | Directorate of Research and Medical Education .. | 69 | 3,64,456·50 |
| 62. | Punjab Public Service Commission .. | 1 | 5,000 |
| 63. | Directorate of Colonization, Punjab .. | .. | .. |
| 64. | Office of the District and Sessions Judge, Bhatinda | 2 | 10,000 |
| 65. | Office of the Commissioner, Ferozepur .. | .. | .. |
| 66. | Office of the District and Sessions Judge, Kapurthala | 2 | 10,000 |
| 67. | Office of the Deputy Commissioner, Kapurthala | 2 | 10,000 |
| 68. | Office of the Chief Engineer, Irrigation Works .. | 364 | 19,51,350 |
| 69. | Office of the Inspector-General of Prisons, Punjab | 29 | 1,50,450 |
| 70. | Directorate of Social Welfare, Punjab .. | 4 | 20,000 |
| 71. | Office of the Deputy Commissioner, Patiala | 3 | 15,000 |
| 72. | Office of the Deputy Commissioner and President, Zila Sainik Board, Jullundur .. | .. | .. |
| 73. | Office of the Deputy Commissioner, Gurdaspur .. | 10 | 50,000 |
| 74. | Office of the Chief Electoral Officer, Punjab .. | 5 | 25,000 |
| 75. | Office of the State Transport Commissioner, Punjab | 5 | 39,400 |
| 76. | Office of the Deputy Commissioner and President, Zila Sainik Board, Faridkot .. | .. | .. |
| 77. | Directorate of Archives .. | 2 | 10,000 |
| 78. | Office of the District and Sessions Judge, Gurdaspur | 2 | 10,000 |
| 79. | Office of the Deputy Commissioner, Hoshiarpur | 19 | 95,000 |
| 80. | Office of the District and Sessions Judge, Hoshiarpur | 7 | 35,000 |
| 81. | Directorate of Consolidation .. | 18 | 91,150 |
| 82. | Office of the Deputy Commissioner, Jullundur .. | 14 | 70,000 |
| 83. | Directorate of Fisheries .. | 3 | 15,000 |
| 84. | Office of the Deputy Secretary, Rehabilitation, Jullundur .. | 10 | 51,250 |
| 85. | Directorate of Employment .. | 14 | 74,250 |
| 86. | Office of the Chief Conservator of Forests .. | 21 | 1,11,000 |
| 87. | Department of Housing and Urban Development | 10 | 76,400 |
| 88. | Office of the Chief Engineer, Punjab, P.W.D., B. & R Branch .. | 121 | 6,14,100 |
| 89. | Directorate of Agriculture, Punjab .. | 54 | 2,76,200 |

Original with;
Punjab Vidhan Sabha
Digitized by;
Panjab Digital Library

**Reduction of amount of security and initial charges for domestic connections for Scheduled Castes**

192. **Comrade Satya Pal Dang**: Will the Chief Minister be pleased to state :—

(a) the date from which the orders/instructions of the Government to the Punjab State Electricity Board to reduce the amount of security and the initial charges for domestic connections in the case of Scheduled Castes began to be implemented ;

(b) the number of domestic connections given to the Scheduled Castes, district-wise from the date referred to in para (a) above ;

(c) the number of applications from the Scheduled Castes for such connections which are pending at present ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ) 8 ਦਸੰਬਰ, 1977 ਤੋਂ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਖਪਤਕਾਰਾਂ ਦੀ ਸਕਿਉਰਿਟੀ ਦੀ ਰਕਮ ਘਟਾ ਦਿੱਤੀ ਅਤੇ ਉਹਨਾਂ ਨੂੰ ਇਹ ਓਪਸ਼ਨ ਦੇ ਦਿਤੀ ਹੈ ਕਿ ਉਹ ਸਰਵਿਸ ਲਾਈਨ ਚਾਰਜਿਜ਼ ਦੀ ਬਜਾਏ ਮਾਹਵਾਰੀ ਸਰਵਿਸ ਕਰਾਇਆ ਦੇ ਸਕਦੇ ਹਨ।

(ਅ) 8 ਦਸੰਬਰ, 1977 ਤੋਂ ਜੋ ਅਨੁਸੂਚਿਤ ਜਾਤੀਆਂ ਨੂੰ ਘਰੇਲੂ ਕੁਨੈਕਸ਼ਨ ਦਿੱਤੇ ਗਏ ਹਨ ਉਹਨਾਂ ਦਾ ਜ਼ਿਲ੍ਹੇਵਾਰ ਵੇਰਵਾ ਹੇਠਾਂ ਦਿੱਤਾ ਜਾਂਦਾ ਹੈ :

| ਲੜੀ ਨੰ: | ਜ਼ਿਲ੍ਹੇ ਦਾ ਨਾਂ | | ਘਰੇਲ ਕੁਨੈਕਸ਼ਨਾਂ ਦਾ ਵੇਰਵਾ |
|---|---|---|---|
| 1 | 2 | | 3 |
| 1. | ਜਲੰਧਰ | .. | 2,183 |
| 2. | ਹੁਸ਼ਿਆਰਪੁਰ | .. | 730 |
| 3. | ਅੰਮ੍ਰਿਤਸਰ | .. | 537 |
| 4. | ਬਠਿੰਡਾ | .. | 148 |
| 5. | ਫਰੀਦਕੋਟ | .. | 1,038 |
| 6. | ਫਿਰੋਜ਼ਪੁਰ | .. | 202 |
| 7. | ਗੁਰਦਾਸਪੁਰ | .. | 332 |
| 8. | ਲੁਧਿਆਣਾ | .. | 1,701 |
| 9. | ਪਟਿਆਲਾ | .. | 705 |
| 10. | ਰੋਪੜ | .. | 285 |
| 11. | ਸੰਗਰੂਰ | .. | 940 |
| 12. | ਕਪੂਰਥਲਾ | .. | 752 |
| | ਕੁੱਲ ਜੋੜ | .. | 9,553 |

Original with;
Punjab Vidhan Sabha
Digitized by;
Panjab Digital Library

(ੲ) ਅਨੁਸੂਚਿਤ ਜਾਤੀਆਂ ਵਲੋਂ ਕੁਨੈਕਸ਼ਨਾਂ ਲਈ ਲੰਬਿਤ ਅਰਜ਼ੀਆਂ ਦਾ ਵੇਰਵਾ ਹੇਠਾਂ ਦਿਤਾ ਜਾਂਦਾ ਹੈ :—

| ਲੜੀ ਨੰ: | ਜ਼ਿਲ੍ਹੇ ਦਾ ਨਾਂ | ਲੰਬਿਤ ਅਰਜ਼ੀਆਂ ਦਾ ਵੇਰਵਾ |
|---|---|---|
| 1 | 2 | 3 |
| 1. | ਜਲੰਧਰ | 10,252 |
| 2. | ਹੁਸ਼ਿਆਰਪੁਰ | 2,868 |
| 3. | ਅੰਮ੍ਰਿਤਸਰ | 4,479 |
| 4. | ਬਠਿੰਡਾ | 918 |
| 5. | ਫਰੀਦਕੋਟ | 2,686 |
| 6. | ਫਿਰੋਜ਼ਪੁਰ | 832 |
| 7. | ਗੁਰਦਾਸਪੁਰ | 1,462 |
| 8. | ਲੁਧਿਆਣਾ | 5,521 |
| 9. | ਪਟਿਆਲਾ | 2,073 |
| 10. | ਰੋਪੜ | 669 |
| 11. | ਸੰਗਰੂਰ | 2,258 |
| 12. | ਕਪੂਰਥਲਾ | 1,786 |
| | ਕੁੱਲ ਜੋੜ | 35,804 |

ਰਾਜ ਦੇ ਪਿੰਡਾਂ ਵਿਚ ਵਰਕਰ ਅਲਾਟੀਆਂ ਲਈ ਬਣਾਏ ਗਏ ਮਕਾਨ

193. **ਕਾਮਰੇਡ ਸੱਤ ਪਾਲ ਡਾਂਗ** : ਕੀ ਲੋਕ ਕਾਰਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਹਾਊਸਫੈਡ ਸੋਸਾਇਟੀਆਂ ਦੀ ਏਜੰਸੀ ਦੁਆਰਾ ਪਿੰਡਾਂ ਵਿਚ ਮੁਫਤ ਘਰਾਂ ਦੀਆਂ ਥਾਵਾਂ ਦੇ ਵਰਕਰ ਅਲਾਟੀਆਂ ਲਈ ਕਿੰਨੇ ਮਕਾਨ ਬਣਾਏ ਗਏ ਅਤੇ ਪਿਛਲੇ ਚਾਰ ਸਾਲਾਂ ਦੇ ਦੌਰਾਨ ਕਿਨ੍ਹਾਂ ਤੇ ਕਿੰਨਾ ਖਰਚ ਕੀਤਾ ਗਿਆ ;

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

(ਅ) ਕੀ ਇਹ ਠੀਕ ਹੈ ਕਿ ਅਲਾਟੀਆਂ ਲਈ ਮੁਫਤ ਘਰਾਂ ਦੀਆਂ ਥਾਵਾਂ ਤੇ ਮਕਾਨ ਬਣਾਉਣ ਦਾ ਕੰਮ ਹੁਣ ਹਾਊਸਿੰਗ ਅਤੇ ਸ਼ਹਿਰੀ ਵਿਕਾਸ ਬੋਰਡ ਨੂੰ ਸੌਂਪ ਦਿਤਾ ਗਿਆ ਹੈ ; ਜੇਕਰ ਅਜਿਹਾ ਹੋਵੇ ਤਾਂ ਇਸ ਮਕਸਦ ਲਈ ਹਾਊਸਫੈਡ ਨੇ ਕਿਨ੍ਹਾਂ ਸ਼ਰਤਾਂ ਤੇ ਵਿੱਤੀ ਸਹਾਇਤਾ ਦਿੱਤੀ ਅਤੇ ਹਾਊਸਿੰਗ ਬੋਰਡ ਕਿੰਨ੍ਹਾਂ ਸ਼ਰਤਾਂ ਤੇ ਵਿੱਤੀ ਸਹਾਇਤਾ ਦੇ ਰਿਹਾ ਹੈ ;

(ੲ) ਕੀ ਇਹ ਗਲ ਸਰਕਾਰ ਦੇ ਧਿਆਨ ਵਿਚ ਲਿਆਂਦੀ ਗਈ ਹੈ ਕਿ ਦੋਨਾਂ ਵਿਚ ਫਰਕ ਨੇ ਹਾਊਸਫੈਡ ਸਹਾਇਤਾ ਦੇ ਲਾਭਪਾਤਰਾਂ ਵਿਚਕਾਰ ਨਿਰਾਸਤਾ ਪੈਦਾ ਕੀਤੀ ਹੈ ;

(ਸ) ਕੀ ਹਾਊਸਫੈਡ ਨੇ ਸਰਕਾਰ ਨੂੰ ਇਹ ਫਰਕ ਖ਼ਤਮ ਕਰਨ ਲਈ ਸਿਫਾਰਸ਼ ਕੀਤੀ ਹੈ। ਜੇਕਰ ਅਜਿਹਾ ਹੋਵੇ, ਤਾਂ ਇਸ ਮਾਮਲੇ ਤੇ ਕੀ ਕਾਰਵਾਈ ਕੀਤੀ ਗਈ ਜਾਂ ਕਰਨ ਦਾ ਵਿਚਾਰ ਹੈ ?

**ਸਰਦਾਰ ਰਣਧੀਰ ਸਿੰਘ ਚੀਮਾ**: (ੳ) (1) ਬਣਾਏ ਗਏ ਮਕਾਨਾਂ ਦੀ ਗਿਣਤੀ (1977-78 ਤਕ) .. 1,272.

(2) ਉਸਾਰੀ ਅਧੀਨ 2,480 ਮਕਾਨਾਂ ਦੇ ਖਰਚ ਸਮੇਤ ਕੁਲ ਖਰਚ ਹੋਈ ਰਕਮ .. 95 ਲੱਖ ਰੁਪਏ

(ਅ) ਕੇਵਲ ਹਰੀਜਨਾਂ, ਜਿਹੜੇ ਕਿ ਪੇਂਡੂ ਇਲਾਕੇ ਦੇ ਅਣਸਿਖਅਤ ਮਜ਼ਦੂਰਾਂ, ਜਿਨ੍ਹਾਂ ਨੂੰ ਮੁਫਤ ਪਲਾਟ ਦਿਤੇ ਗਏ ਹਨ, ਦਾ 80 ਫੀ ਸਦੀ ਹਨ, ਦੇ ਮਕਾਨਾਂ ਦੀ ਉਸਾਰੀ ਦਾ ਕੰਮ ਪੰਜਾਬ ਹਾਊਸਿੰਗ ਵਿਕਾਸ ਬੋਰਡ ਨੂੰ ਸੌਂਪਿਆ ਗਿਆ ਹੈ । ਹਾਊਸਫੈਡ ਅਤੇ ਪੰਜਾਬ ਹਾਊਸਿੰਗ ਵਿਕਾਸ ਬੋਰਡ ਵਲੋਂ ਦਿੱਤੀ ਜਾਣ ਵਾਲੀ ਮਾਲੀ ਸਹਾਇਤਾ ਦੀਆਂ ਸ਼ਰਤਾਂ ਇਸ ਪ੍ਰਕਾਰ ਹਨ :—

(1) **ਹਾਊਸਫੈਡ** : ਮਕਾਨ ਉਸਾਰੀ ਤੇ ਆਉਣ ਵਾਲਾ ਖਰਚ 5 000 ਰੁਪਏ ਹੈ ਜਿਸ ਵਿਚੋਂ 4 000 ਰੁਪਏ ਦਾ ਕਰਜ਼ਾ 4 ਫੀ ਸਦੀ ਵਿਆਜ ਤੇ ਦਿੱਤਾ ਜਾਂਦਾ ਹੈ ਜਿਹੜਾ ਕਿ 40 ਛਿਮਾਹੀ ਕਿਸ਼ਤਾਂ ਵਿਚ ਵਸੂਲਣ ਯੋਗ ਹੁੰਦਾ ਹੈ । ਬਾਕੀ ਦਾ 1,000 ਰੁਪਿਆ ਲਾਭ ਪਾਤਰ ਨੇ ਆਪਣੇ ਪਾਸੋਂ ਦੇਣਾ ਹੁੰਦਾ ਹੈ ਜਿਸ ਵਿਚੋਂ 300 ਰੁਪਏ ਨਕਦੀ ਦੇ ਰੂਪ ਵਿਚ ਅਤੇ 700 ਰੁਪਏ ਰਜ਼ਾਮੰਦੀ ਸਹਿਤ ਮਜ਼ਦੂਰੀ ਦੀ ਸ਼ਕਲ ਵਿਚ ।

(2) **ਪੰਜਾਬ ਹਾਊਸਿੰਗ ਵਿਕਾਸ ਬੋਰਡ**— ਉਸਾਰੇ ਜਾਣ ਵਾਲੇ ਹਰ ਇਕ ਮਕਾਨ ਦੀ ਲਾਗਤ 4,000 ਰੁਪਏ ਹੈ ਜਿਸ ਵਿਚੋਂ 75 ਫੀ ਸਦੀ ਲਾਭ ਪਾਤਰ ਨੂੰ ਸਬਸਿਡੀ ਦੇ ਤੌਰ ਤੇ ਅਤੇ ਬਾਕੀ ਦੀ 25 ਫੀ ਸਦੀ ਵਸੂਲੇ ਜਾਣ ਵਾਲੇ ਕਰਜ਼ ਦੇ ਤੌਰ ਤੇ ਦਿਤਾ ਜਾਵੇਗਾ । ਕਰਜ਼ਾ ਮਾਹਵਾਰੀ ਕਿਸ਼ਤਾਂ, ਜਿਹੜੀ ਕਿ ਲਗ ਭਗ 10 ਰੁਪਏ ਹੋਵੇਗੀ, ਵਿਚੋਂ 10 ਸਾਲਾਂ ਵਿਚ ਵਸੂਲ ਕੀਤਾ ਜਾਵੇਗਾ।

Original with;
Punjab Vidhan Sabha
Digitized by;
Panjab Digital Library

(ੲ) ਹਾਂ ਜੀ। ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਨੇ ਇਹ ਗੱਲ ਸਰਕਾਰ, ਸਹਿਕਾਰੀ ਵਿਭਾਗ, ਦੇ ਧਿਆਨ ਵਿਚ ਲਿਆਂਦੀ ਸੀ।

(ਸ) ਹਾਂ ਜੀ। ਇਸ ਸਬੰਧੀ ਹਾਊਸਫੈਡ ਨੇ ਰਜਿਸਟਰਾਰ, ਸਹਿਕਾਰੀ ਸਭਾਵਾਂ, ਨੂੰ ਸਿਫਾਰਸ਼ ਕੀਤੀ ਸੀ ਜਿਸ ਨੇ ਅਗੋਂ ਇਹ ਮਾਮਲਾ ਸਰਕਾਰ, ਸਹਿਕਾਰਤਾ ਵਿਭਾਗ, ਨਾਲ ਉਠਾਇਆ ਸੀ ਅਤੇ ਤਜਵੀਜ਼ ਕੀਤਾ ਸੀ ਕਿ ਕੋਈ ਨਿਰਣਾ ਲੈਣ ਲਈ ਹਾਊਸਫੈਡ, ਸਹਿਕਾਰਤਾ ਵਿਭਾਗ ਅਤੇ ਮਕਾਨ ਉਸਾਰੀ ਵਿਭਾਗ ਦੇ ਪ੍ਰਤਿਨਿਧਾਂ ਦੀ ਮੀਟਿੰਗ ਬੁਲਾਈ ਜਾਵੇ।

**Financial Assistance given to the families of the employees of the Pepsu Road Transport Corporation died in service.**

**194. Comrade Satya Pal Dang :** Will the Minister of State for Transport, Tourism and Sports be pleased to state:—

(a) whether the Pepsu Road Transport Corporation renders financial assistance to the families of its employees who die in service if so, the number of those who have so far been benefited and the quantum of relief extended during the years 1975-76, 1976-77, 1977-78 and 1978-79 ;

(b) whether the said corporation gives any financial assistance to the families of its employees who die in accident while on duty ;

(c) The number and the names of employees who died in accident, while on duty and the financial assistance afforded to their families, if any, during the said period ?

**ਸਰਦਾਰ ਸੁਖਦੇਵ ਸਿੰਘ ਢੀਂਡਸਾ :** (ੳ) ਨਹੀਂ ਜੀ। ਸਵਾਲ ਪੈਦਾ ਨਹੀਂ ਹੁੰਦਾ।

(ਅ) ਹਾਂ ਜੀ।

(ੲ) ਡਿਊਟੀ ਦੌਰਾਨ ਹਾਦਸਿਆਂ ਵਿੱਚ ਮਰੇ ਕਾਮਿਆਂ ਦਾ ਵਿਸਥਾਰ ਅਤੇ ਉਨ੍ਹਾਂ ਨੂੰ ਦਿੱਤੀ ਗਈ ਮਾਲੀ ਸਹਾਇਤਾ ਨੱਥੀ ਸੂਚੀ ਵਿੱਚ ਵੇਖੀ ਜਾ ਸਕਦੀ ਹੈ।

ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਵਲੋਂ ਡਿਊਟੀ ਨਿਭਾਉਂਦੇ ਹੋਏ ਹਾਦਸਿਆਂ ਦੌਰਾਨ ਮਰਨ ਵਾਲੇ ਕਾਮਿਆਂ ਨੂੰ ਦਿੱਤੀ ਗਈ ਮਾਲੀ ਸਹਾਇਤਾ ਦਾ ਵਿਸਥਾਰ।

| ਕ੍ਰਮ ਨੰ: | ਕਾਮੇ ਦਾ ਨਾਂ | | ਮਰਨ ਵਾਲੇ ਦੇ ਪਰੀਵਾਰ ਨੂੰ ਦਿੱਤੀ ਗਈ ਮਾਲੀ ਸਹਾਇਤਾ ਦੀ ਮਿਕਦਾਰ ਜੇਕਰ ਕੋਈ ਹੈ ਤਾਂ। |
|---|---|---|---|
| 1 | 2 | | 3 |
| | ਸਰਵਸ਼੍ਰੀ— | | |
| 1. | ਭਗਵਾਨ ਸਿੰਘ ਡਰਾਈਵਰ ਨੰ: ਐਸ-86 | 1975-76 | 19,000 |
| 2. | ਪ੍ਰੀਤਮ ਸਿੰਘ ਡਰਾਈਵਰ ਨੰ: 383 | 1976-77 | ਕੇਸ ਅਜੇ ਪੜਤਾਲ ਅਧੀਨ ਹੈ। |

Original with;
Punjab Vidhan Sabha
Digitized by;
Panjab Digital Library

[ ਆਵਾਜਾਈ ਅਤੇ ਖੇਡਾਂ ਦੇ ਰਾਜ ਮੰਤਰੀ]

| 1 | 2 | 3 |
|---|---|---|
| ਸਰਵਸ੍ਰੀ | | |
| 3. ਮੱਘਰ ਸਿੰਘ ਡਰਾਈਵਰ ਨੰ: ਐਸ-60 | 1977-78 | 21,000 |
| 4. ਸ਼ਮਸ਼ੇਰ ਸਿੰਘ ਡਰਾਈਵਰ ਨੰ: 582 | 1977-78 | 21,000 |
| 5. ਧਰਮ ਪਾਲ ਸਿੰਘ ਕੰਡਕਟਰ ਨੰ: ਕੇ-172 | 1977-78 | 2,000 ਇਸ ਸਬੰਧ ਵਿੱਚ ਦੇਣ ਲਈ ਮੰਨਜ਼ੂਰ ਹੋ ਚੁਕਾ ਹੈ ਪਰ ਮਰਨ ਵਾਲੇ ਦੀ ਮੌਤ ਦਾ ਸਰਟੀਫਿਕੇਟ ਨਾ ਹੋਣ ਦੀ ਸੂਰਤ ਵਿੱਚ ਅਜੇ ਤੱਕ ਇਸ ਦੀ ਅਦਾਇਗੀ ਨਹੀਂ ਹੋਈ । |
| 6 ਸੁਰਜੀਤ ਸਿੰਘ ਡਰਾਈਵਰ ਨੰ: 379 | 1977-78 | ਉਹੀ |

**Deaths of persons in the police custody in the C. I. A. Staff/ Interrogation Staff of Amritsar Police**

·213. **Comrade Baldev Singh Loomba** : Will the Chief Minister be pleased to state:—

(a) whether some persons died/were killed from 23-7-78 to 25-8-78 in the C. I. A. Staff Police Station/Interrogation Police Station Centre, Amritsar ; if so, the names and addresses of the deceased ;

(b) whether the said persons were called for to the said Police Stations ; if so, for what purpose and for how long ;

(c) whether any case was registered and the accused arrested ; if so, the provisions of the Cr. P. C. under which the cases were registered ;

(d) whether the dead bodies were handed over to the parents/guardians of the deceased ; if so, when and if not the reasons therefor ;

(e) the result of the Postmortem ;

(f) whether any enquiry has been held into the case of the said deaths, if so, with what results and if not the reasons therefor ;

(g) the latest position of each of the case referred to in part (c) above ?

Original with; Punjab Vidhan Sabha Digitized by; Panjab Digital Library

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਹਾਂ ਜੀ। ਕੇਵਲ ਇੱਕ ਵਿਅੱਕਤੀ ਜਿਸ ਦਾ ਨਾਮ ਜੋਗਿੰਦਰ ਸਿੰਘ ਪੁਤਰ ਬੂਟਾ ਸਿੰਘ ਮਜ਼ਬੀ ਵਾਸੀ ਪਿੰਡ ਛਹੂਰਾ ਦਾ ਰਹਿਣ ਵਾਲਾ ਸੀ ਮਿੱਤੀ 6 ਅਗਸਤ, 1978 ਨੂੰ ਸੀ. ਆਈ. ਏ. ਸਟਾਫ ਅੰਮ੍ਰਿਤਸਰ ਵਿਚ ਪੁਲਿਸ ਹਿਰਾਸਤ ਵਿੱਚ ਮਰ ਗਿਆ ਸੀ ।

(ਅ) ਹਾਂ ਜੀ। ਭਾਗ (ੳ) ਵਿੱਚ ਦੱਸੇ ਵਿਅੱਕਤੀ ਨੂੰ ਵਰਜਿਤ ਵਸਤੂਆਂ ਦੀ ਸਮੱਗ- ਲਿੰਗ ਬਾਰੇ ਸੂਚਨਾਂ ਲੈਣ ਲਈ ਸੀ.ਆਈ.ਏ. ਸਟਾਫ ਵਿੱਚ ਲੈ ਜਾਇਆ ਗਿਆ ਸੀ।

(ੲ) ਹਾਂ ਜੀ । ਇਸ ਸਬੰਧ ਵਿਚ ਮੁ: ਨੰ: 232, ਮਿੱਤੀ 13 ਅਗਸਤ, 1978 ਅ/ਧ 364/365/302/201/34 ਹਿੰਦ ਦੰਡਾਵਲੀ ਥਾਣਾ ਬੀ ਡਿਵੀਜ਼ਨ ਅੰਮ੍ਰਿਤਸਰ ਵਿਖੇ ਦਰਜ ਕੀਤਾ ਗਿਆ।

(ਸ) ਨਹੀਂ ਜੀ। ਮ੍ਰਿਤਕ ਦੀ ਲਾਸ਼ ਅਜੇ ਤੱਕ ਬ੍ਰਾਮਦ ਨਹੀਂ ਹੋ ਸਕੀ ਹੈ ।

(ਹ) ਨਹੀਂ ਜੀ ਕਿਉਂਕਿ ਅਜੇ ਤੱਕ ਮ੍ਰਿਤਕ ਦੀ ਲਾਸ਼ ਨਹੀਂ ਮਿਲੀ ਹੈ।

(ਕ) ਪੁਲਿਸ ਨੇ ਤਫਤੀਸ਼ ਸ਼ੁਰੂ ਕਰ ਦਿੱਤੀ ਹੈ ਅਤੇ ਇਸ ਮੁਕੱਦਮੇਂ ਦੀ ਤਫਤੀਸ਼ ਪੁਲਿਸ ਕਪਤਾਨ ਅੰਮ੍ਰਿਤਸਰ ਕਰ ਰਹੇ ਹਨ।

(ਖ) ਭਾਗ (ੲ) ਵਿੱਚ ਦੱਸਿਆ ਕੇਸ ਅਜੇ ਤੱਕ ਤਫਤੀਸ਼ ਅਧੀਨ ਹੈ। ਇਸ ਮੁਕੱਦਮੇਂ ਵਿੱਚ ਚਾਰੇ ਦੋਸ਼ੀ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ ਅਤੇ ਉਹ ਮਿਤੀ 14 ਸਤਬਰ, 1978, ਤੱਕ ਜੁਡੀਸ਼ਲ ਰਿਮਾਂਡ ਅਧੀਨ ਹਨ ।

**Unstarred Question No. 214***

**(Extension has been asked for in respect of Unstarred Question No. 214)**

**ਪੰਜਾਬ ਭੂਮੀ ਸੁਧਾਰ ਐਕਟ, 1972 ਨੂੰ ਲਾਗੂ ਕਰਨ ਕਾਰਨ ਪਿੰਡ ਕੁਲਾਹ ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਵਿਚ ਐਲਾਨ ਕੀਤੀ ਗਈ ਵਾਧੂ ਜ਼ਮੀਨ ਦੇ ਵੇਰਵੇ ।**

215. **ਕਾਮਰੇਡ ਬਲਦੇਵ ਸਿੰਘ ਲੂੰਬਾ** : ਕੀ ਮਾਲ ਮੰਤਰੀ ਕਿਰਪਾ ਕਰ ਕੇ ਦੱਸਣਗੇ ਕਿ:—

(ੳ) ਪੰਜਾਬ ਭੂਮੀ ਸੁਧਾਰ ਐਕਟ, 1972 ਨੂੰ ਲਾਗੂ ਕਰਨ ਕਾਰਨ ਪਿੰਡ ਕੁਲਾਹ, ਤਹਿ- ਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਵਿਚ ਵਾਧੂ ਜ਼ਮੀਨ ਦੇ ਤੌਰ ਤੇ ਐਲਾਨ ਕੀਤਾ ਗਿਆ ਰਕਬਾ ਕਿੰਨਾ ਹੈ ਅਤੇ ਹਰ ਇਕ ਜ਼ਮੀਨ ਮਾਲਕ ਦੀ ਵਾਧੂ ਜ਼ਮੀਨ ਦਾ ਖਸਰਾ ਨੰ: ਕੀ ਕੀ ਹੈ ;

(ਅ) ਉਕਤ ਪਿੰਡ ਵਿਚ ਅਜਿਹੇ ਭੂਮੀ ਮਾਲਕਾਂ ਦੀ ਗਿਣਤੀ ਅਤੇ ਨਾਂ ਕੀ ਕੀ ਹਨ, ਜਿਨ੍ਹਾਂ ਦੀ ਜ਼ਮੀਨ ਵਾਧੂ ਐਲਾਨ ਕੀਤੀ ਗਈ ;

*For Unstarred Question No. 214 and reply thereto, please see Appendix to this Debate.

Original with;
Punjab Vidhan Sabha
Digitized by;
Panjab Digital Library

[ਕਾਮਰੇਡ ਬਲਦੇਵ ਸਿੰਘ ਲੂੰਬਾ]

(ੲ) ਉਕਤ ਪਿੰਡ ਦੇ ਉਨ੍ਹਾਂ ਭੂਮੀ-ਹੀਣ ਕਿਸਾਨਾਂ ਦੀ ਗਿਣਤੀ ਅਤੇ ਨਾਂ ਕੀ ਕੀ ਹਨ ਜਿਨ੍ਹਾਂ ਨੂੰ ਹੁਣ ਤੱਕ ਉਕਤ ਵਾਧੂ ਅਲਾਟ ਕੀਤੀ ਗਈ ਹੈ ਅਤੇ ਹਰ ਇਕ ਕੇਸ ਵਿਚ ਖਸਰਾ ਨੰਬਰ ਕੀ ਕੀ ਹੈ ;

(ਸ) ਉਪਰੋਕਤ ਵਰਣਿਤ ਵਾਧੂ ਜ਼ਮੀਨ ਨਾਲ ਸਬੰਧਤ ਉਕਤ ਐਕਟ ਅਧੀਨ ਦਾਇਰ ਕੀਤੇ ਗਏ ਕਿਤਨੇ ਕੇਸ ਅਜੇ ਵੀ ਫੈਸਲੇ ਲਈ ਪੈਂਡਿੰਗ ਪਏ ਹਨ ਅਤੇ ਉਸ ਅਧਿਕਾਰੀ/ਅਧਿਕਾਰੀਆਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਪਾਸ ਇਹ ਕੇਸ ਪੈਂਡਿੰਗ ਪਏ ਹਨ ?

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ :** (ੳ) ਨਿੱਲ

(ਅ) ਨਿੱਲ

(ੲ) ਨਿੱਲ

(ਸ) ਨਿੱਲ ।

---

**Unstarred Question No. †216**

(Extension has been asked for in respect of Unstarred Question No. 216)

---

## POINTS OF ORDER *re.* ADJOURNMENT MOTION

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** ** ** **

**ਸ੍ਰੀ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਜਿਹੜੀ ਐਡਜਰਨਮੈਂਟ ਮੋਸ਼ਨ ਤੁਸੀਂ ਭੇਜੀ ਸੀ ਉਸ ਤੇ ਤਾਰੀਖ 13 ਲਿਖੀ ਹੋਈ ਹੈ। Today is the 13th. No lathi charge took place today. Kindly have a look at your notice. You may come to my Chamber.

**ਸਰਦਾਰ ਉਮਰਾਓ ਸਿੰਘ :** ਅਖਬਾਰ ਵਿਚ ਇਸ ਬਾਰੇ ਅੱਜ ਲਿਖਿਆ ਹੈ ...(ਵਿਘਨ)

**ਸ੍ਰੀ ਸਪੀਕਰ :** ਗਲਤੀ ਉਨ੍ਹਾਂ ਦੀ ਹੈ (ਵਿਘਨ)

---

**Expunged as ordered by the Chair.

†For Unstarred Question No. 216 and reply thereto, please see Appendix to this Debate.

Original with; Punjab Vidhan Sabha Digitized by; Panjab Digital Library

**ਕਾਮਰੇਡ ਸੱਤ ਪਾਲ ਡਾਂਗ** : ** ** **

**ਸ੍ਰੀ ਸਪੀਕਰ** : ਇਹ ਪ੍ਰੋਸੀਡਿੰਗਜ਼ ਦਾ ਭਾਗ ਨਾ ਬਣੇ।

**ਚੌਧਰੀ ਬਲਰਾਮ ਜਾਖੜ** : ਮੈਂ ਇੱਕ ਐਡਜਰਨਮੈਂਟ ਮੋਸ਼ਨ 12 ਸਤੰਬਰ, 1978 ਨੂੰ ਲਿਖ ਕੇ ਦਿੱਤੀ ਸੀ...(ਵਿਘਨ)

**ਸ੍ਰੀ ਸਪੀਕਰ** : ਤੁਸੀਂ ਅੱਜ ਸਵੇਰੇ 9-00 ਵਜੇ ਤੋਂ ਬਾਅਦ ਭੇਜੀ ਹੈ। ਰੂਲਜ਼ ਬਾਰੇ ਤੁਹਾਨੂੰ ਪਤਾ ਹੈ। (ਵਿਘਨ) ਤੁਸੀਂ ਆ ਜਾਣਾ ਇਸ ਬਾਰੇ ਡਿਸਕਸ ਕਰ ਲਵਾਂਗੇ। (**ਕਾਮਰੇਡ ਸੱਤ ਪਾਲ ਡਾਂਗ** ਵਲੋਂ ਵਿਘਨ)

**ਮਾਸਟਰ ਚੰਦ ਸਿੰਘ** : ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਉਮਰਾਓ ਸਿੰਘ** : ਤੁਸੀਂ ਕਿਹਾ ਹੈ ਕਿ ਇਹ ਪੁਆਇੰਟ ਆਫ ਆਰਡਰ ਨਹੀਂ ਹੈ। ਪਰ ਇਹ ਪੰਜਾਬ ਦਾ ਐਸਾ ਮਸਲਾ ਹੈ ਜਿਥੇ ਕਿ ਲੇਡੀਜ਼ ਉਤੇ ਲਾਠੀ ਚਾਰਜ ਹੋਇਆ। ਅਗਰ ਸਹੀ ਗੱਲ ਹੈ ਤਾਂ ਉਧਰ ਬੈਠੇ ਸੱਜਣ ਔਰ ਇਧਰ ਬੈਠੇ ਸੱਜਣ . . .(ਵਿਘਨ)

**ਸ੍ਰੀ ਸਪੀਕਰ** : ਤੁਹਾਡੇ ਕੋਲ ਕਾਫੀ ਟਾਈਮ ਹੋਵੇਗਾ ਤਾਕਿ ਤੁਸੀਂ ਇਸ ਮਸਲੇ ਤੇ ਰੋਸ਼ਨੀ ਪਾ ਸਕੋ ...(ਵਿਘਨ)

**ਕਾਮਰੇਡ ਸੱਤ ਪਾਲ ਡਾਂਗ** : ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਇਨ੍ਹਾਂ ਦੇ ਸੈਂਟੀਮੈਂਟਸ ਨੂੰ ਮੈਂ ਐਪ੍ਰੀਸ਼ੀਏਟ ਕਰਦਾ ਹਾਂ। ਸਰਦਾਰ ਪ੍ਰਕਾਸ਼ ਸਿੰਘ ਜੀ ਇਸ ਬਾਰੇ ਆਪਣੀ ਸਟੇਟਮੈਂਟ ਦੇ ਦੇਣ।

---

## STATEMENT BY THE CHIEF MINISTER *re.* MURDER OF SHRI ASA RAM

**ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ)**: ਮੈਂ ਹੁਣੇ ਹੀ ਸਟੇਟਮੈਂਟ ਦੇ ਦਿੰਦਾ ਹਾਂ ਜੀ।

ਜ਼ਮੀਨ ਦਾ ਇਕ ਟੁਕੜਾ ਅੰਬੇਦਕਰ ਨਗਰ, ਜਲੰਧਰ ਵਾਕਿਆ ਹੈ ਜਿਹੜਾ ਕਿ 85 ਫੁਟ ×12-15 ਫੁਟ ਹੈ। ਅਸਲ ਵਿਚ ਕੇਂਦਰੀ ਸਰਕਾਰ ਦੀ ਮਲਕੀਅਤ ਹੈ ਅਤੇ ਮਾਲ ਵਿਭਾਗ ਦੇ ਰਿਕਾਰਡ ਅਨੁਸਾਰ ਸ੍ਰੀ ਢੇਰੂ ਰਾਮ ਦੋਸ਼ੀ ਉਪਰੋਕਤ ਮੁਕੱਦਮਾ ਇਸ ਦਾ ਪਿਛਲੇ ਲਗ ਭੱਗ 20 ਸਾਲ ਦੇ ਸਮੇਂ ਤੋਂ ਕਾਸ਼ਤਕਾਰ ਚਲਦਾ ਆ ਰਿਹਾ ਹੈ। ਇਹ ਜ਼ਮੀਨ ਇਸ ਸਮੇਂ ਕਾਸ਼ਤ ਨਹੀਂ ਕੀਤੀ ਜਾ ਰਹੀ ਅਤੇ ਸ੍ਰੀ ਬਿਸ਼ਨ ਦਾਸ ਅਤੇ ਸਰਦਾਰੀ ਲਾਲ ਦੇ ਰਿਹਾਇਸ਼ੀ ਮਕਾਨਾਂ ਨੂੰ ਰਸਤੇ ਵਜੋਂ ਵਰਤੀ ਜਾ ਰਹੀ ਹੈ। ਸ੍ਰੀਮਤੀ ਬੀ. ਆਰ, ਘਈ ਦੇ ਰਿਹਾਇਸ਼ੀ ਮਕਾਨ ਦੀ ਇਕ ਬਾਰੀ ਵੀ ਇਸ ਜ਼ਮੀਨ ਵਲ ਖੁੱਲ੍ਹਦੀ ਹੈ। ਇਸ ਜ਼ਮੀਨ ਦੇ ਦੋ ਪਾਸੇ ਗਲੀਆਂ ਲਗਦੀਆਂ ਹਨ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਸ੍ਰੀ ਆਸਾ ਰਾਮ ਅਤੇ ਉਸ ਦੇ ਸਮਰੱਥਕ ਇਸ ਜ਼ਮੀਨ ਨੂੰ ਆਮ ਰਸਤੇ ਵਜੋਂ ਵਰਤਣਾਂ ਚਾਹੁੰਦੇ ਸਨ ਜਦੋਂ ਕਿ ਢੇਰੂ ਰਾਮ ਨੇ ਕਸਟੋਡੀਅਨ ਇਵੈਕਿਊ ਪ੍ਰਾਪਰਟੀ ਨੂੰ ਦਰਖਾਸਤ ਦਿੱਤੀ ਹੋਈ ਹੈ ਕਿ ਇਸ ਜ਼ਮੀਨ ਦੀ ਮਲਕੀਅਤ ਉਸ ਦੇ ਨਾਮ ਕਰ ਦਿੱਤੀ ਜਾਵੇ।

ਮਿਤੀ 9 ਸਤੰਬਰ, 1978 ਨੂੰ ਲਗ ਭਗ 9.00 ਵਜੇ ਸਵੇਰੇ ਢੇਰੂ ਰਾਮ ਨੇ ਪਹਿਲਾਂ ਇਕੱਤਰ ਕੀਤੀਆਂ ਹੋਈਆਂ ਇਟਾਂ ਨਾਲ 4/5 ਮਿਸਤਰੀ ਅਤੇ ਮਜ਼ਦੂਰ ਲਾਕੇ ਜ਼ਮੀਨ ਦੇ ਅਗੇ ਅਤੇ ਪਿਛੇ ਕੰਧ ਕਰਨੀ ਚਾਲੂ ਕਰ ਦਿੱਤੀ। ਆਸਾ ਰਾਮ ਜੋ ਕਤਲ ਹੋ ਗਿਆ ਹੈ, ਸ੍ਰੀਮਤੀ ਬੀ. ਆਰ. ਘਈ ਦੇ ਕਹਿਣ ਉਤੇ ਉਸ ਇਲਾਕੇ ਦੇ ਕੁਝ ਹੋਰ ਰਹਿਣ ਵਾਲਿਆਂ ਨੂੰ ਨਾਲ ਲੈਕੇ ਮੌਕੇ ਤੇ ਪੁਜਾ ਅਤੇ ਢੇਰੂ ਰਾਮ ਨੂੰ ਕੰਧ ਉਸਾਰਨ ਤੋਂ ਮਨ੍ਹਾ ਕੀਤਾ ਪਰ ਢੇਰੂ ਰਾਮ ਨੇ ਆਪਣਾ ਹੱਕ ਜਤਾਉਂਦੇ ਹੋਏ ਉਸ ਦੀ ਗਲ ਸਵੀਕਾਰ ਨਾ ਕੀਤੀ। ਆਸਾ ਰਾਮ ਉਸ ਥਾਂ ਤੋਂ ਚਲਾ ਗਿਆ ਅਤੇ ਇਸ ਦੌਰਾਨ ਪੁਲਿਸ ਥਾਣਾ ਵਿਚ ਟੈਲੀਫੋਨ ਰਾਹੀਂ ਇਹ ਸੂਚਨਾਂ ਪ੍ਰਾਪਤ ਹੋਈ ਕਿ ਅੰਬੇਦਕਰ ਨਗਰ ਵਿਚ ਝਗੜਾ ਹੈ। ਇਸ ਸੂਚਨਾਂ ਦੇ ਪ੍ਰਾਪਤ ਹੋਣ ਉਪਰੰਤ ਸਹਾਇਕ ਮੁਨਸ਼ੀ ਚੈਨ ਸਿੰਘ ਨੇ ਸਿਪਾਹੀ ਜੀਤ ਰਾਮ ਨੂੰ ਇਹ ਇਤਲਾਹ ਮੁੱਖ ਅਫਸਰ ਥਾਣਾ ਐਸ. ਆਈ ਗਿਆਨ ਸਿੰਘ ਨੂੰ ਦੇਣ ਲਈ ਤੁਰੰਤ ਬਸਤੀ ਦਾਨਸ਼ਮੰਦਾਂ ਭੇਜ ਦਿਤਾ ਜਿਥੇ ਕਿ ਐਸ. ਆਈ. ਇਕ ਹੋਰ ਝਗੜੇ ਸਬੰਧੀ ਗਿਆ ਹੋਇਆ ਸੀ।

ਆਸਾ ਰਾਮ ਨੇ ਆਪਣੇ ਸਮਰਥਕ ਇਕੱਠੇ ਕੀਤੇ ਅਤੇ ਲਗਭੱਗ 10.00 ਵਜੇ, ਯਾਨੀ ਕਿ ਪਹਿਲੀ ਘਟਨਾ ਵਾਪਰਨ ਤੋਂ 15 ਮਿੰਟ ਪਿਛੋਂ ਮੌਕੇ ਤੇ ਪੁਜ ਗਿਆ। ਆਸਾ ਰਾਮ ਨੇ ਢੇਰੂ ਰਾਮ ਅਤੇ ਉਸ ਦੇ ਸਾਥੀਆਂ ਨੂੰ ਕੰਧ ਉਸਾਰਨ ਤੋਂ ਮਨ੍ਹਾ ਕੀਤਾ ਜਿਸ ਤੇ ਝਗੜਾ ਹੋ ਗਿਆ ਅਤੇ ਆਸਾ ਰਾਮ ਨੂੰ ਸੱਟਾਂ ਲਗੀਆਂ। ਉਸ ਨੂੰ ਸਿਵਲ ਹਸਪਤਾਲ ਪਹੁੰਚਾਇਆ ਗਿਆ ਅਤੇ ਆਖਿਰ ਉਹ ਦਿਨ ਦੇ 12.30 ਵਜੇ ਮਰ ਗਿਆ।

ਇਥੇ ਇਹ ਵਰਨਣ ਯੋਗ ਹੈ ਕਿ ਥਾਣੇ ਤੋਂ ਵਕੂਏ ਵਾਲੀ ਥਾਂ ਲਗ ਭਗ 6 ਫਰਲਾਂਗ ਦੀ ਦੂਰੀ ਤੇ ਹੈ। ਸਿਪਾਹੀ ਜੀਤ ਰਾਮ ਮੁੱਖ ਅਫਸਰ, ਥਾਣਾ ਨੂੰ ਨਾ ਮਿਲ ਸਕਿਆ ਕਿਉਂ ਜੋ ਮੁੱਖ ਅਫਸਰ ਦੂਸਰੇ ਰਸਤੇ ਰਾਹੀਂ ਥਾਣੇ ਪੁਜ ਗਿਆ ਅਤੇ ਸਹਾਇਕ ਮੁਨਸ਼ੀ ਦੇ ਸੂਚਿਤ ਕਰਨ ਤੇ ਅੰਬੇਦਕਰ ਨਗਰ ਵਕੂਏ ਵਾਲੀ ਥਾਂ ਤੇ ਇਹ ਘਟਨਾ ਦੇ ਤੁਰੰਤ ਬਾਦ ਪੁਜ ਗਿਆ। ਇਸ ਤੋਂ ਇਹ ਸਪਸ਼ਟ ਹੈ ਕਿ ਸੂਚਨਾਂ ਪ੍ਰਾਪਤ ਹੋਣ ਤੇ ਪੁਲਿਸ ਵਲੋਂ ਮੌਕੇ ਤੇ ਪੁਜਣ ਵਿਚ ਕਿਸੇ ਕਿਸਮ ਦੀ ਢਿਲ ਜਾਂ ਅਣਗਹਿਲੀ ਨਹੀਂ ਹੋਈ। ਇਹ ਮੁਕਦਮਾ ਸ੍ਰੀ ਗੁਲਜ਼ਾਰੀ ਲਾਲ ਮੌਕੇ ਦੇ ਗਵਾਹ ਦੇ ਬਿਆਨ ਤੇ 10 ਵਜ ਕੇ 50 ਮਿੰਟ ਤੇ ਸਵੇਰੇ ਦਰਜ ਕੀਤਾ ਗਿਆ। ਇਸ ਤੋਂ ਪਹਿਲਾਂ ਡਾਕਟਰ ਸਾਹਿਬ ਨੇ ਇਹ ਤਸਦੀਕ ਕਰ ਦਿਤਾ ਸੀ ਕਿ ਆਸਾ ਰਾਮ ਬਿਆਨ ਦੇਣ ਦੇ ਕਾਬਲ ਨਹੀਂ ਹੈ। ਪਹਿਲਾਂ ਜਦੋਂ ਕਿ ਆਸਾ ਰਾਮ ਜਿਉਂਦਾ ਸੀ ਤਾਂ ਮੁਕੱਦਮਾ ਅ/ਧ 307/148/149 ਆਈ. ਪੀ. ਸੀ ਦਰਜ ਕੀਤਾ ਸੀ ਅਤੇ ਉਸ ਦੀ ਮੌਤ ਉਪਰੰਤ ਇਸ ਮੁਕੱਦਮੇ ਨੂੰ ਅ/ਧ 302 ਆਈ. ਪੀ. ਸੀ. ਆਦਿ ਵਿਚ ਬਦਲ ਦਿਤਾ ਗਿਆ। 5 ਦੋਸ਼ੀਆਂ ਵਿਚੋਂ 3 ਦੋਸ਼ੀ, ਢੇਰੂ ਰਾਮ ਅੰਮ੍ਰਿਤ ਲਾਲ ਅਤੇ ਕ੍ਰਿਸ਼ਨ ਲਾਲ ਅਗਲੀ ਸਵੇਰ ਗਿਰਫਤਾਰ ਕਰ ਲਿਤੇ ਸਨ ਅਤੇ ਬਾਕੀ 2 ਦੋਸ਼ੀ ਪਰਸ਼ੋਤਮ ਲਾਲ ਅਤੇ ਮਨੋਹਰ ਲਾਲ ਜੰਮੂ ਵਲ ਫਰਾਰ ਹੋ ਗਏ ਸਨ ਜੋ ਉਨ੍ਹਾਂ ਦੀ ਗਰਿਫਤਾਰੀ ਵਾਸਤੇ ਪੁਲਿਸ ਪਾਰਟੀ ਘੱਲ ਦਿਤੀ ਗਈ ਸੀ। ਇਥੇ ਇਹ ਵੀ ਦਸਣਾ ਉਚਿਤ ਹੈ ਕਿ ਕਤਲ ਹੋਣ ਤੋਂ ਉਪਰੰਤ ਸਿਵਲ ਹਸਪਤਾਲ ਵਿਚ ਉਘੇ ਕਾਂਗਰਸੀ ਨੇਤਾਵਾਂ ਦੀ ਅਗਵਾਈ ਹੇਠ ਇਕ ਭਾਰੀ ਹਜੂਮ ਇਕੱਠਾ ਹੋ ਗਿਆ ਅਤੇ ਉਨ੍ਹਾਂ ਨੇ ਸ਼ੋਰ ਸ਼ਰਾਬਾ ਕੀਤਾ। ਇਸ ਦੇ ਮਗਰੋਂ ਇਸ ਸਾਰੇ ਹਜੂਮ ਨੇ ਆਸਾ ਰਾਮ ਦੀ ਲਾਸ਼ ਦਾ ਜਲੂਸ ਸ਼ਹਿਰ ਵਿਚ ਕਢਿਆ ਅਤੇ ਰਸਤੇ ਵਿਚ ਮਾਨ ਐਂਡ ਮਾਨ ਦੇ ਦਫਤਰ ਤੇ ਇੱਟਾਂ ਵੱਟੇ ਮਾਰਕੇ ਸੰਪਤੀ ਨੂੰ ਨਸ਼ਟ ਕੀਤਾ। ਇਸ ਹਜੂਮ ਵਿਚੋਂ ਕੁਝ ਵਿਅਕਤੀਆਂ

Original with;
Punjab Vidhan Sabha
Digitized by;
Panjab Digital Library

ਨੇ ਇਕ ਮਿਥੇ ਪਰੋਗਰਾਮ ਅਨੁਸਾਰ ਸ੍ਰੀ ਮਨਮੋਹਨ ਕਾਲੀਆ, ਐਮ. ਐਲ. ਏ., ਦੇ ਘਰ ਅਗੇ ਪੁਜ ਕੇ ਅੰਧਾ ਧੁੰਧ ਇਟਾਂ ਪਥਰ ਵਰਸਾਏ ਅਤੇ ਸੰਪਤੀ ਨੂੰ ਨਸ਼ਟ ਕੀਤਾ। ਖੁਸ਼ਕਿਸਮਤੀ ਦੀ ਗਲ ਹੈ ਕਿ ਕਿਸੇ ਵਿਅਕਤੀ ਨੂੰ ਕੋਈ ਜਿਸਮਾਨੀ ਸੱਟ ਨਹੀਂ ਲਗੀ। ਆਸਾ ਰਾਮ ਦੇ ਸਮੱਰਥਕ ਕਾਂਗਰਸ ਵਰਕਰਾਂ ਨੇ ਸ੍ਰੀ ਜਗਦੀਸ਼ ਨਾਰਾਇਣ, ਸਾਬਕਾ ਮਿਊਂਸਪਲ ਕਮਿਸ਼ਨਰ, ਦੇ ਘਰ ਵੀ ਪਥਰਾਓ ਕੀਤਾ ਅਤੇ ਉਸ ਦੀ ਫੈਕਟਰੀ ਨੂੰ ਅੱਗ ਲਗਾ ਦਿਤੀ ਜਿਸ ਦੇ ਫਲਸਰੂਪ ਖੇਡਾਂ ਦਾ ਸਮਾਨ ਅਤੇ ਹੋਰ ਸੰਪਤੀ ਨਸ਼ਟ ਹੋ ਗਈ।

ਉਪਰੋਕਤ ਮਾਮਲਿਆਂ ਬਾਰੇ ਵੱਖਰੇ ਵੱਖਰੇ 2 ਮੁਕਦਮੇ ਦਰਜ ਕੀਤੇ ਗਏ ਹਨ ਅਤੇ ਉਨ੍ਹਾਂ ਦੀ ਤਫਤੀਸ਼ ਜਾਰੀ ਹੈ।

**ਸ੍ਰੀ ਮਨਮੋਹਨ ਕਾਲੀਆ** : ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ, ਸਰ। ਮੈਂ ਪਰਸਨਲ ਐਕਸਪਲੇਨੇਸ਼ਨ ਦੇਣੀ ਚਾਹੁੰਦਾ ਹਾਂ। (ਵਿਘਨ)

**ਸਰਦਾਰ ਉਮਰਾਓ ਸਿੰਘ** : ਉਨ੍ਹਾਂ ਦੇ ਖਿਲਾਫ ਤਾਂ ਕੋਈ ਗੱਲ ਨਹੀਂ ਕਹੀ ਗਈ ਤਾਂ ਫਿਰ ਉਹ ਕਿਸ ਚੀਜ਼ ਦੀ ਪਰਸਨਲ ਐਕਸਪਲੇਨੇਸ਼ਨ ਦੇਣਗੇ?

**ਸ੍ਰੀ ਸਪੀਕਰ** : ਮੈਂ ਰੂਲ 56 ਦੇ ਤਹਿਤ ਉਨ੍ਹਾਂ ਨੂੰ ਪਰਮਿਟ ਕੀਤਾ ਹੈ।

**ਸਰਦਾਰ ਉਮਰਾਓ ਸਿੰਘ**: ਪਰ ਉਨ੍ਹਾਂ ਦੇ ਖਿਲਾਫ ਤਾਂ ਕੋਈ ਗੱਲ ਹੀ ਨਹੀਂ ਕਹੀ ਗਈ।

**ਸ੍ਰੀ ਸਪੀਕਰ** : ਉਨ੍ਹਾਂ ਦਾ ਰੈਫਰੈਂਸ ਆਇਆ ਹੈ। (ਵਿਘਨ)

**ਸ੍ਰੀ ਮਨਮੋਹਨ ਕਾਲੀਆ** : ** ** **

(ਇਸ ਸਮੇਂ ਅਪੋਜ਼ੀਸ਼ਨ ਪਾਰਟੀ ਦੇ ਬਹੁਤ ਸਾਰੇ ਮੈਂਬਰ ਸਾਹਿਬਾਨ ਖੜ੍ਹੇ ਹੋ ਕੇ ਬੋਲ ਰਹੇ ਸਨ ਪਰ ਹਾਊਸ ਵਿਚ ਇਤਨਾ ਸ਼ੋਰ ਸੀ ਕਿ ਕੁਝ ਸੁਣਾਈ ਨਹੀਂ ਸੀ ਦੇ ਰਿਹਾ।)

**ਸਰਦਾਰ ਉਮਰਾਓ ਸਿੰਘ** : ਸਪੀਕਰ ਸਾਹਿਬ, ਕਾਲੀਆ ਜੀ ਦੇ ਖਿਲਾਫ ਤਾਂ ਕੋਈ ਗੱਲ ਨਹੀਂ ਕਹੀ ਗਈ। ਉਹ ਕਿਸ ਚੀਜ਼ ਦੀ ਐਕਸਪਲੇਨੇਸ਼ਨ ਦੇ ਰਹੇ ਹਨ। (ਵਿਘਨ)

**ਸ੍ਰੀ ਸਪੀਕਰ** : ਉਨ੍ਹਾਂ ਦਾ ਰੈਫਰੈਂਸ ਆਇਆ ਹੈ।

**ਸਰਦਾਰ ਉਮਰਾਓ ਸਿੰਘ** : ਸਪੀਕਰ ਸਾਹਿਬ, ਤੁਸੀਂ ਸਾਨੂੰ ਤਾਂ ਪਰਮਿਟ ਨਹੀਂ ਕਰਦੇ। (ਵਿਘਨ) (ਇਸ ਸਮੇਂ ਅਪੋਜ਼ੀਸ਼ਨ ਪਾਰਟੀ ਦੇ ਬਹੁਤ ਸਾਰੇ ਮਾਨਯੋਗ ਮੈਂਬਰ ਬੋਲਣ ਲਈ ਖੜੇ ਸਨ)

**ਸ੍ਰੀ ਸਪੀਕਰ**: ਮੈਂ ਕਾਲੀਆ ਜੀ ਨੂੰ ਰੂਲ 56 ਦੇ ਤਹਿਤ ਪਰਮਿਟ ਕੀਤਾ ਹੈ। (ਵਿਘਨ) (ਸ਼ੋਰ) ਕਿਸੇ ਵੀ ਮਨਿਸਟਰ ਦੀ ਸਟੇਟਮੈਂਟ ਦੇ ਉਤੇ ਅਗਰ ਕੋਈ ਗੱਲ ਕਰਨਾ ਚਾਹੁੰਦਾ ਹੈ, ਡਿਸਕੱਸ਼ਨ ਕਰਨਾ ਚਾਹੁੰਦਾ ਹੈ ਜਾਂ ਸਵਾਲ ਕਰਨਾ ਚਾਹੁੰਦਾ ਹੈ (ਵਿਘਨ) ਤੁਸੀਂ ਪਹਿਲਾਂ ਸੁਣ ਤਾਂ ਲਵੋ। (ਵਿਘਨ) ਜੇ ਤੁਸੀਂ ਕਿਸੇ ਹੋਰ ਕਿਸਮ ਨਾਲ ਇਸ ਗੱਲ ਨੂੰ ਛੇੜਨਾ ਚਾਹੁੰਦੇ ਹੋ ਤਾਂ ਰੂਲਜ਼ ਪ੍ਰੋਵਾਈਡ ਕਰਦੇ ਹਨ। ਹੋਰ ਕਈ ਤਰੀਕੇ ਹਨ। ਤੁਸੀਂ ਚੈਂਬਰ ਵਿਚ ਆ ਜਾਣਾ, ਮੈਂ ਤੁਹਾਨੂੰ ਦੱਸ ਦਿਆਂਗਾ। I will explain you (ਵਿਘਨ) (ਸ਼ੋਰ) ਲੇਕਿਨ ਇਸ ਸਟੇਟਮੈਂਟ ਦੇ ਉਤੇ ਰੂਲ 56 ਪਰਮਿਟ ਨਹੀਂ ਕਰਦਾ ਕਿ ਇਸ ਉਤੇ ਕੋਈ ਡਿਸਕੱਸ਼ਨ ਜਾਂ ਕੋਈ ਕੁਐਸ਼ਚਨ ਹੋ ਸਕੇ। ਇਸ ਰੂਲ ਦੇ ਤਹਿਤ ਇਸ ਸਟੇਟਮੈਂਟ ਉਤੇ ਡਿਸਕੱਸ਼ਨ ਨਹੀਂ ਹੋ ਸਕਦੀ ਅਤੇ ਨਾ ਕੋਈ ਕੁਐਸਚਨ ਹੋ ਸਕਦਾ ਹੈ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਉਮਰਾਓ ਸਿੰਘ :** ਪੁਆਇੰਟ ਆਫ ਇਨਫਰਮੇਸ਼ਨ ਤਾਂ ਅਲਾਓ ਹੋ ਸਕਦਾ ਹੈ? (ਵਿਘਨ) we want more information.

**ਕਾਮਰੇਡ ਸੱਤ ਪਾਲ ਡਾਂਗ:** ਅਸੀਂ ਇਨਫਰਮੇਸ਼ਨ ਲੈਣਾ ਚਾਹੁੰਦੇ ਹਾਂ। ਸਾਨੂੰ ਟਾਈਮ ਦਿਓ ਜੀ। (ਵਿਘਨ)

**ਸ੍ਰੀ ਸਪੀਕਰ:** ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਹੋਣੀ ਹੈ, ਤੁਸੀਂ ਉਥੇ ਆ ਜਾਣਾ। (ਵਿਘਨ) ਇਹ ਬਿਹਤਰ ਹੋਵੇਗਾ ਕਿ ਤੁਸੀਂ ਮੇਰੇ ਚੈਂਬਰ ਵਿਚ ਆ ਜਾਣਾ, ਅਸੀਂ ਇਸ ਨੂੰ ਡਿਸਕੱਸ ਕਰ ਲਵਾਂਗੇ।

**ਸਰਦਾਰ ਉਮਰਾਓ ਸਿੰਘ:** ਇਹ ਮਾਮਲਾ ਬੜਾ ਡੈਲੀਕੇਟ ਹੈ। ਅਸੀਂ ਜੁਡੀਸ਼ਲ ਇਨਕੁਆਇਰੀ ਵਾਸਤੇ ਕਿਹਾ ਸੀ ਪਰ ਉਨ੍ਹਾਂ ਨੇ ਨਾ ਕਿਹਾ ਹੈ ਕਿ ਜੁਡੀਸ਼ਲ ਇਨਕੁਆਇਰੀ ਕਰਨੀ ਹੈ ਅਤੇ ਨਾ ਕਿਹਾ ਹੈ ਕਿ ਨਹੀਂ ਕਰਨੀ। ਇਸ ਬਾਰੇ ਕੋਈ ਜ਼ਿਕਰ ਨਹੀਂ ਕੀਤਾ।

**ਸ੍ਰੀ ਮਨਮੋਹਨ ਕਾਲੀਆ :** ** ** **

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਉਠਕੇ ਬੋਲ ਰਹੇ ਸਨ ਪਰ ਹਾਊਸ ਵਿਚ ਇਤਨਾ ਸ਼ੋਰ ਸੀ ਕਿ ਕੁਝ ਸੁਣਾਈ ਨਹੀਂ ਦਿੱਤਾ। )

**ਚੌਧਰੀ ਬਲਰਾਮ ਜਾਖੜ:** ਸਪੀਕਰ ਸਾਹਿਬ, ਤੁਸੀਂ ਕਿਸ ਰੂਲ ਦੇ ਤਹਿਤ ਉਨ੍ਹਾਂ ਨੂੰ ਪਰਮਿਟ ਕੀਤਾ ਹੈ?

**ਸ੍ਰੀ ਸਪੀਕਰ:** ਮੈਂ ਉਨ੍ਹਾਂ ਨੂੰ ਰੂਲ 56 ਦੇ ਅਧੀਨ ਆਗਿਆ ਦਿੱਤੀ ਹੈ।

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਬੋਲ ਰਹੇ ਸਨ ਅਤੇ ਹਾਊਸ ਵਿਚ ਬੜਾ ਸ਼ੋਰ ਸੀ ਅਤੇ ਸਾਫ ਸੁਣਾਈ ਨਹੀਂ ਸੀ ਦੇ ਰਿਹਾ। )

ਅੱਜ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਮੀਟਿੰਗ ਹੋਣੀ ਹੈ ਉਥੇ ਡਿਸਕੱਸ ਕਰ ਲਵਾਂਗੇ। ਉਥੇ ਤੁਹਾਡੀ ਤਸੱਲੀ ਕਰਵਾਵਾਂਗੇ ਪਰ ਜੇ ਤਸੱਲੀ ਨਾ ਹੋਈ ਤਾਂ ਫਿਰ ਤੁਸੀਂ ਗੱਲ ਕਰ ਲੈਣਾ। (ਵਿਘਨ) (ਸ਼ੋਰ)

**ਸਰਦਾਰ ਦਰਸ਼ਨ ਸਿੰਘ ਕੇ. ਪੀ.:** ਸਪੀਕਰ ਸਾਹਿਬ, ਸਾਨੂੰ ਟਾਈਮ ਨਹੀਂ ਦਿੱਤਾ ਜਾ ਰਿਹਾ।

**ਸਰਦਾਰ ਉਮਰਾਓ ਸਿੰਘ:** ਕਾਲੀਆ ਜੀ ਨੇ ਮੇਰੇ ਬਾਰੇ ਕਿਹਾ ਹੈ, ਮੈਂ ਪਰਸਨਲ ਐਕਸਪਲੇਨੇਸ਼ਨ ਦੇਣੀ ਚਾਹੁੰਦਾ ਹਾਂ।

(ਇਸ ਸਮੇਂ ਹਾਊਸ ਵਿਚ ਬਹੁਤ ਸ਼ੋਰ ਸੀ ਅਤੇ ਕੁਝ ਸੁਣਾਈ ਨਹੀਂ ਸੀ ਦੇ ਰਿਹਾ ** **)

**Mr. Speaker :** Whatever has been said by anybody without the permission of the Chair, should not form part of the proceeding.I have not begun to hear Mr. Kalia. It is not on record. It is expunged.

**ਸਰਦਾਰ ਸਰੂਪ ਸਿੰਘ:** ਇਨ੍ਹਾਂ ਨੂੰ ਇਹ ਕੀ ਹੋ ਗਿਆ ਹੈ, ਇਹ ਕਿਹੋ ਜਿਹੀਆਂ ਗੱਲਾਂ ਕਰਦੇ ਹਨ? (ਵਿਘਨ) (ਸ਼ੋਰ)

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਉਮਰਾਓ ਸਿੰਘ: ਇਹ †† †† ਹੈ । (ਵਿਘਨ) (ਸ਼ੋਰ) ਜੱਥੇਦਾਰਾਂ ਕੋਲੋਂ †† †† ††) ਸਾਡੇ ਨਾਲ ਗੱਲਾਂ ਕਰਦਾ ਹੈ। (ਵਿਘਨ ) (ਸ਼ੋਰ)

ਸ੍ਰੀ ਹਰਬੰਸ ਲਾਲ ਖੰਨਾ: 1976 ਵਿਚ ਕੀ ਹੋਇਆ ਸੀ, ਜਦੋਂ ਉਮਰਾਓ ਸਿੰਘ ਜੀ ਯੂ. ਕੇ. ਗਏ ਸੀ ਤਾਂ ਉਦੋਂ ਕੀ ਹੋਇਆ ਸੀ ?

(ਇਸ ਸਮੇਂ ਹਾਊਸ ਵਿਚ ਬੜਾ ਸ਼ੋਰ ਸੀ)

ਸਰਦਾਰ ਦਰਸ਼ਨ ਸਿੰਘ ਕੇ. ਪੀ: ਅੱਜ ਹਰੀਜਨਾਂ ਉਤੇ ਅਤਿਆਚਾਰ ਹੋ ਰਹੇ ਹਨ। (ਵਿਘਨ)

ਸਰਦਾਰ ਉਮਰਾਓ ਸਿੰਘ: ਸਪੀਕਰ ਸਾਹਿਬ, ਤੁਸੀਂ ਸਾਡੀ ਗੱਲ ਨਹੀਂ ਸੁਣਦੇ। (ਵਿਘਨ) (ਸ਼ੋਰ)

## WALK-OUT

**Chaudhri BalRam Jakhar** : Since the facts have been concealed and we are not allowed to have our say, as a protest we stage a walk out.

(At this stage Members of the Congress (I), C. P. I. and Congress, present in the House, staged a walk-out shouting slogans ** **)

**Mr. Speaker** : No slogans are to be recorded. Whatever the Members have said without permission of the Chair, will not be recorded. Even Mr. Kalia's statement will not be recorded until I allow him. (Noise and uproar in the House)

Now I allow Mr. Kalia to give his personal explanation only for two minutes.

ਸ੍ਰੀ ਮਨਮੋਹਨ ਕਾਲੀਆ; ** ** **

ਸਰਦਾਰ ਉਮਰਾਓ ਸਿੰਘ : ਇਹ ਕਿਸ ਕਿਸਮ ਦੀ ਐਕਸਪਲੇਨੇਸ਼ਨ ਹੈ ? (ਵਿਘਨ) (ਸ਼ੋਰ) Is it personal explanation ? ਇਹ ਕਿਸ ਰੂਲ ਦੇ ਥੱਲੇ ਇਸ ਕਿਸਮ ਦੀਆਂ ਗੱਲਾਂ ਕਰ ਰਹੇ ਹਨ ? (ਵਿਘਨ) (ਸ਼ੋਰ)

ਸ੍ਰੀ ਮਨਮੋਹਨ ਕਾਲੀਆ: ** **

**Sardar Umrao Singh** : This is no personal explanation ਉਨ੍ਹਾਂ ਦੇ ਖਿਲਾਫ ਕੋਈ ਐਲੀਗੇਸ਼ਨ ਨਹੀਂ ਲੱਗਾ।

ਸ੍ਰੀ ਸਪੀਕਰ: ਮੈਂ ਉਨ੍ਹਾਂ ਨੂੰ ਅਲਾਓ ਕੀਤਾ ਹੈ ।

ਸ੍ਰੀ ਮਨਮੋਹਨ ਕਾਲੀਆ : *** *** ***

**Mr. Speaker** : This should not form part of the proceedings.

---

††Expunged under orders of the Speaker.

**Not recorded/expunged as ordered by the Chair.

Original with;
Punjab Vidhan Sabha
Digitized by;
Panjab Digital Library

**Sardar Gurdarhan Singh** : He has made a counter allegation.

**Mr. Speaker** : I have expunged the whole speech of Shri Manmohan Kalia.

(At this stage Shri Manmohan Kalia and some Members from the Opposition were speaking and nothing was audible* **)

**Voices** : Shame, Shame, from the Opposition.

The entire statement of Shri Manmohan Kalia is ex-punged. (Interruptions and Noise in the House). No note should be taken.

**Sardar Gurdarhan Singh** : ** ** **

**Mr. Speaker** : This should not form part of the proceedings. Whatever the hon. Members are saying without the permission of the Chair, should not be recorded.

**Sardar Beant Singh** : Point of order, Sir.

**Mr. Speaker**: Nothing has been recorded. Sardar Beant Singh, please take your seat.

## CALL ATTENTION NOTICES UNDER RULE 66

(ਕ੍ਰਮ ਨੰ: 18)

**ਸਰਦਾਰ ਕਿਰਪਾਲ ਸਿਘ**: ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਅੰਮ੍ਰਿਤਸਰ ਦੇ ਟੈਕਸਟਾਈਲ ਅਤੇ ਇੰਜੀਨੀਅਰਿੰਗ ਉਦਯੋਗ ਖਾਸ ਕਰਕੇ ਤੇ ਬਾਕੀ ਇੰਡਸਟਰੀ ਆਮ ਕਰਕੇ ਮਾਲਕ ਮਜ਼ਦੂਰ ਝਗੜੇ ਦੇ ਸ਼ਿਕਾਰ ਹੋ ਚੁੱਕੇ ਹਨ। ਮਾਲਕ ਫਰਿਆਦੀ ਹਨ ਕਿ ਘੇਰਾਓ ਅਤੇ ਸੁਸਤ ਪ੍ਰੋਡੱਕਸ਼ਨ ਨੇ ਇਜ਼ਤ ਤੇ ਕਾਰੋਬਾਰ ਤਬਾਹ ਕਰ ਦਿੱਤਾ ਹੈ। ਪ੍ਰੋਡੱਕਸ਼ਨ ਵੀ 20-25 ਪ੍ਰਸੈਂਟ ਰਹਿ ਗਈ ਹੈ। ਮਜ਼ਦੂਰ ਜੀਵਨ ਦੀਆਂ ਜ਼ਰੂਰੀ ਲੋੜਾਂ ਅਤੇ ਮਜਬੂਰੀਆਂ ਦਾ ਇਲਾਜ ਘੱਟ-ਤੋਂ-ਘੱਟ 15 ਤੋਂ 25 ਪ੍ਰਸੈਂਟ ਮਜ਼ਦੂਰੀ ਤੇ ਤਨਖਾਹ ਵਧਾਉਣ ਵਿਚ ਬਿਆਨ ਕਰਦੇ ਹਨ। ਸਰਕਾਰ ਦੀ ਗੈਰ-ਜਾਨਬਦਾਰੀ ਤੇ ਖਾਮੋਸ਼ੀ ਕਾਰਨ ਮਾਲਕ ਮਜ਼ਦੂਰ ਤੁਅੱਲਕਾਤ ਖਤਰਨਾਕ ਹਦ ਤੱਕ ਖਰਾਬ ਹੋ ਚੁੱਕੇ ਹਨ। ਸਰਕਾਰ ਸੱਨਅਤੀ ਅਮਨ, ਪੈਦਾਵਾਰ ਦੀਆਂ ਕੌਮੀ ਜ਼ਰੂਰਤਾਂ ਅਤੇ ਮਜ਼ਦੂਰਾਂ ਦੀਆਂ ਹਕੀਕੀ ਲੋੜਾਂ ਪੂਰੀਆਂ ਕਰਨ ਯੋਗ ਮਜ਼ਦੂਰੀ ਸਬੰਧੀ ਜੋ ਨੀਤੀ ਅਪਣਾ ਰਹੀ ਹੈ ਉਸ ਤੋਂ ਜਾਣਕਾਰੀ ਦੇਵੇ। ਸੱਨਅਤੀ ਝਗੜਿਆਂ ਦੇ ਹੱਲ ਲਈ ਪੁਰਾਣੀ ਬੇਕਾਰ ਨੀਤੀ ਦੀ ਥਾਂ, ਜੇਕਰ ਕੋਈ ਨਵੀਂ ਨੀਤੀ ਵਿਚਾਰ ਅਧੀਨ ਹੋਵੇ, ਤਾਂ ਸਪੱਸ਼ਟ ਕਰੇ।

**ਸਾਥੀ ਧਰਮ ਪਾਲ ਸੱਭਰਵਾਲ (ਕਿਰਤ ਅਤੇ ਰੁਜ਼ਗਾਰ ਦੇ ਰਾਜ ਮੰਤਰੀ)**: ਸਪੀਕਰ ਸਾਹਿਬ, ਪਿਛਲੇ ਕੁਝ ਮਹੀਨਿਆਂ ਦੇ ਦੌਰਾਨ ਅੰਮ੍ਰਿਤਸਰ, ਵੇਰਕਾ, ਛੇਹਰਟਾ ਤੇ ਖਾਸਾ ਦੀਆਂ ਫੈਕਟਰੀਆਂ ਵਿਚ ਕੰਮ ਕਰ ਰਹੇ ਕਿਰਤੀਆਂ ਤੇ ਮਾਲਕਾਂ ਵਿੱਚ ਸਨਅਤੀ ਬੇਚੈਨੀ ਪਾਈ ਗਈ ਜਿਸ ਦੇ ਸਿੱਟੇ ਵੱਜੋਂ ਪ੍ਰਬੰਧਕਾਂ ਤੇ ਕਿਰਤੀਆਂ ਵਿਚਕਾਰ ਸਨਅਤੀ ਸਬੰਧ ਵਿਗੜ ਗਏ। ਕੁਝ ਇਕ ਕੇਸਾਂ ਵਿੱਚ ਕਿਰਤੀਆਂ ਨੇ ਕੰਮ ਬੰਦ ਕਰ ਦਿਤਾ ਅਤੇ ਕਈ ਥਾਵਾਂ ਤੇ ਉਤਪਾਦਨ ਵਿੱਚ ਧੀਮਾਂ ਕੰਮ ਕਰਨਾ ਸ਼ੁਰੂ ਕਰ ਦਿਤਾ ਤਾਂ ਜੋ

**Expunged/Not recorded as ordered by the Chair.

Original with;
Punjab Vidhan Sabha
Digitized by;
Panjab Digital Library

ਮਾਲਕਾਂ ਤੇ ਕਿਰਤੀਆਂ ਦੀਆਂ ਮੰਗਾਂ ਪੂਰੀਆਂ ਕਰਨ ਲਈ ਦਬਾਅ ਪਾਇਆ ਜਾ ਸਕੇ। ਇਨ੍ਹਾਂ ਸਨਅਤੀ ਅਦਾਰਿਆਂ ਵਿੱਚ ਇਕ ਅਦਾਰਾ ਇੰਜਨੀਅਰਿੰਗ ਨਾਲ ਸਬੰਧ ਰਖਦਾ ਸੀ ਤੇ ਇਕ ਹੋਰ ਅਦਾਰਾ ਡਿਸਟਿੱਲਰੀ ਜਿਸ ਦਾ ਨਾਂ ਮੈਸ: ਭਗਤ ਇੰਡਸਟਰੀਅਲ ਕਾਰਪੋਰੇਸ਼ਨ ਖਾਸਾ ਹੈ ਸਬੰਧ ਰਖਦਾ ਸੀ ਤੇ ਬਾਕੀ ਦੇ ਸਾਰੇ ਅਦਾਰੇ ਟੈਕਸਟਾਈਲਜ਼ ਉਤਪਾਦਨ ਨਾਲ ਸਬੰਧ ਰਖਦੇ ਸਨ। ਟੈਕਸਟਾਈਲ ਉਤਪਾਦਨ ਦੇ 5 ਜਾਂ 6 ਕਾਰਖਾਨੇ ਜਿਨ੍ਹਾਂ ਵਿੱਚ 100 ਤੋਂ ਵੱਧ ਕਿਰਤੀ ਕੰਮ ਕਰਦੇ ਹਨ ਥੋੜੇ ਜਿਹੇ ਅਸਰ ਅੰਦਾਜ਼ ਹੋਏ। ਬਾਕੀ ਦੇ ਸਾਰੇ ਅਦਾਰੇ ਅਜਿਹੇ ਹਨ ਜਿਨ੍ਹਾਂ ਵਿੱਚ 10 ਜਾਂ 10 ਤੋਂ ਘੱਟ ਕਿਰਤੀ ਕੰਮ ਕਰਦੇ ਹਨ।

ਸਨਅਤੀ ਬੇਚੈਨੀ ਦਾ ਮੁੱਖ ਕਾਰਨ ਕੁਝ ਵੱਧੀਆਂ ਹੋਈਆਂ ਕੀਮਤਾਂ ਦਾ ਮੁਕਾਬਲਾ ਕਰਨ ਲਈ ਤਨਖਾਹਾਂ ਵਿੱਚ ਵਾਧੇ ਦੀ ਮੰਗ ਸੀ। ਇਸ ਤੋਂ ਅੱਡ ਟਰੇਡ ਯੂਨੀਅਨਜ਼ ਦੇ ਆਪਸੀ ਝਗੜੇ ਅਤੇ ਪੰਜਾਬ ਮਜ਼ਦੂਰ ਦਲ ਹੇਠ ਨਵੀਆਂ ਬਣਾਈਆਂ ਗਈਆਂ ਜੱਥੇਬੰਦੀਆਂ ਅੰਮ੍ਰਿਤਸਰ ਵਿੱਖੇ ਇਸ ਸਨਅਤੀ ਬੇਚੈਨੀ ਦਾ ਕਾਰਨ ਹਨ। ਸਨਅਤੀ ਮਜ਼ਦੂਰ ਯੂਨੀਅਨ ਜਿਸ ਦਾ ਇਲਹਾਕ ਸੀ. ਆਈ. ਟੀ. ਯੂ. ਨਾਲ ਹੈ ਨੇ ਮਈ, ਜੂਨ, 1978 ਵਿੱਚ ਇਕ ਆਮ ਐਲਾਨ ਕਰਦਿਆਂ ਟੈਕਸਟਾਈਲ ਇੰਡਸਟਰੀ ਵਿੱਚ 40 ਪ੍ਰਤੀਸ਼ਤ ਤਨਖਾਹ ਵਿੱਚ ਵਾਧੇ ਦੀ ਮੰਗ ਕੀਤੀ ਅਤੇ ਮਜ਼ਦੂਰ ਏਕਤਾ ਯੂਨੀਅਨ ਜਿਸ ਦਾ ਇਲਹਾਕ ਏਟਕ ਨਾਲ ਹੈ ਨੇ ਕੁਝ ਟੈਕਸਟਾਈਲ ਫੈਕਟਰੀਆਂ ਵਿੱਚ ਤਨਖਾਹ ਵਿੱਚ ਵਾਧੇ ਤੇ ਬੋਨਸ ਦੀ ਅਦਾਇਗੀ ਦੀ ਮੰਗ ਕੀਤੀ। ਖਾਸਾ ਡਿਸਟਿਲਰੀ ਯਾਨੀ ਕਿ ਮੈਸ: ਭਗਤ ਇੰਡਸਟਰੀਅਲ ਕਾਰਪੋਰੇਸ਼ਨ ਖਾਸਾ ਅੰਮ੍ਰਿਤਸਰ ਵਿੱਚ ਪੰਜਾਬ ਮਜ਼ਦੂਰ ਦੱਲ ਜਿਸ ਦਾ ਇਲਹਾਕ ਅਕਾਲੀ ਦੱਲ ਨਾਲ ਹੈ ਨੇ ਮਿਤੀ 26 ਜੁਲਾਈ, 1978 ਤੋਂ 7 ਅਗਸਤ 1978 ਤੇ ਮਿਤੀ 11 ਅਗਸਤ, 1978 ਤੋਂ 19 ਅਗਸਤ, 1978 ਤੱਕ ਹੜਤਾਲ ਕੀਤੀ।

ਬਹੁਤ ਸਾਰੀਆਂ ਟੈਕਸਟਾਈਲ ਇੰਡਸਟਰੀ ਦੇ ਪ੍ਰਬੰਧਕਾਂ ਨੇ ਕਿਰਤੀਆਂ ਨਾਲ ਆਪਸੀ ਗਲਬਾਤ ਰਾਹੀਂ ਕਿਰਤੀਆਂ ਦੀ ਤਨਖਾਹਾਂ ਵਿਚ ਵਾਧਾ ਕਰ ਦਿਤਾ ਅਤੇ ਕੁਝ ਇਕ ਫੈਕਟਰੀਆਂ ਜਿਵੇਂ ਕਿ ਮੈਸ: ਐਸਮਾਂ ਟੈਕਸਟਾਈਲ ਮਿਲਜ਼, ਮੈਸ: ਪੰਜਾਬ ਵੂਲਨ ਮਿਲਜ਼, ਲਾਲ ਵੂਲਨ ਮਿਲਜ਼ ਤੇ ਹੋਰ ਛੋਟੇ ਛੋਟੇ ਅਦਾਰਿਆਂ ਵਿਚ ਕਿਰਤੀਆਂ ਨੇ ਕੁਝ ਦਿਨਾਂ ਤੋਂ ਹੜਤਾਲ ਕੀਤੀ ਹੋਈ ਸੀ, ਸਰਕਾਰ ਦੀ ਮਸ਼ੀਨਰੀ ਦੇ ਦਖ਼ਲ ਅੰਦਾਜ਼ੀ ਨਾਲ ਮਾਮਲਾ ਨਿਪਟ ਗਿਆ ਹੈ।

ਇਹ ਗੱਲ ਠੀਕ ਨਹੀ ਹੈ ਕਿ ਕਿਰਤ ਵਿਭਾਗ ਨੇ ਕੋਈ ਉਤਸ਼ਾਹ ਜਨਕ ਕਦਮ ਨਹੀਂ ਚੁਕਿਆ ਤੇ ਚੁੱਪ ਚਾਪ ਤਮਾਸ਼ਾ ਵੇਖਦਾ ਰਿਹਾ। ਕਿਰਤ ਵਿਭਾਗ ਨੇ ਬੜੀ ਹੁਸ਼ਿਆਰੀ ਨਾਲ ਸਨਅਤੀ ਝਗੜੇ ਵਿਚ ਦਖ਼ਲ ਅੰਦਾਜ਼ੀ ਕਰਨ ਪਿਛੋਂ ਤਕਰੀਬਨ ਸਾਰੇ ਝਗੜੇ ਨਿਪਟਾ ਦਿਤੇ। ਮੈਸ: ਭਗਤ ਇਨਡਸਟਰੀਅਲ ਕਾਰਪੋਰੇਸ਼ਨ, ਖਾਸਾ, ਐਸਮਾਂ ਟੈਕਸਟਾਈਲ ਪ੍ਰਾ: ਲਿਮ: ਅੰਮ੍ਰਿਤਸਰ, ਪੰਜਾਬ ਵੂਲਨ ਮਿਲਜ਼ ਅਤੇ ਮੈਸ: ਸਵਦੇਸ਼ੀ ਵੂਲਨ ਮਿਲਜ਼ ਅੰਮ੍ਰਿਤਸਰ ਦੇ ਮਾਲਕਾਂ ਅਤੇ ਕਿਰਤੀਆਂ ਵਿਚਕਾਰ ਝਗੜੇ ਨੂੰ ਕਿਰਤ ਵਿਭਾਗ ਦੇ ਅਫਸਰਾਂ ਦੀ ਸਹਾਇਤਾ ਨਾਲ ਨਿਪਟਾਇਆ ਗਿਆ। ਲਗਭਗ ਸਾਰੇ ਕਿਰਤੀਆਂ ਨੂੰ ਤਦ ਅਰਥ ਆਧਾਰ ਤੇ 10 ਤੋਂ 30 ਰੁਪਏ ਪ੍ਰਤੀ ਮਹੀਨਾ ਪ੍ਰਤੀ ਵਰਕਰ ਦੇ ਹਿਸਾਬ ਨਾਲ ਤਨਖਾਹ ਵਿੱਚ ਵਾਧਾ ਕੀਤਾ ਗਿਆ।

ਉਪਰੋਕਤ ਦੱਸੀ ਸਥਿਤੀ ਤੋਂ ਇਹ ਸਪੱਸ਼ਟ ਹੈ ਕਿ ਝਗੜੇ ਦਾ ਮੁੱਖ ਕਾਰਨ ਤਨਖਾਹਾਂ ਵਿੱਚ ਵਾਧੇ ਦੀ ਮੰਗ ਸੀ। ਟੈਕਸਟਾਈਲ ਇੰਡਸਟਰੀ, ਮਿਨੀਮੱਮ ਵੇਜਿਜ਼ ਐਕਟ ਦੇ ਸ਼ਡੂਲਜ਼ ਵਿਚ ਸ਼ਾਮਲ ਹੈ ਤੇ ਰਾਜ ਸਰਕਾਰ ਨੇ ਮਿਨੀਮੱਮ ਵੇਜਿਜ਼ ਹੇਠ ਆਉਂਦੀਆਂ ਸਾਰੀਆਂ ਸ਼੍ਰੇਣੀਆਂ ਤੇ ਕੁਝ ਨਵੇਂ ਅਦਾਰਿਆਂ ਦੇ ਵਿਚ ਕਿਰਤੀਆਂ ਦੀ ਘੱਟੋ ਘੱਟ ਉਜਰਤਾਂ ਨੀਯਤ ਕਰਨ ਦਾ ਫੈਸਲਾ ਕੀਤਾ। 21 ਅਨੁਸੂਚਿਤ ਅਦਾਰਿਆਂ ਵਿਚੋਂ ਘੱਟੋ ਘੱਟ ਉਜਰਤਾਂ ਨੀਯਤ ਕਰਨ ਲਈ ਇਕ ਮਾਲਕਾਂ ਤੇ ਕਿਰਤੀਆਂ ਦੇ ਪ੍ਰਤੀਨਿਧਾਂ ਦੀ ਕਮੇਟੀ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਕਿਰਤ ਅਤੇ ਰੁਜ਼ਗਾਰ]

ਬਣਾਈ ਗਈ। ਇਨ੍ਹਾਂ ਕਮੇਟੀਆਂ ਵੱਲੋਂ ਦਿਤੀਆਂ ਗਈਆਂ ਰਿਪੋਟਾਂ ਸਰਕਾਰ ਨੂੰ ਪੁੱਜ ਗਈਆਂ ਹਨ ਤੇ ਕਿਰਤੀਆਂ ਦੀਆਂ ਉਜਰਤਾਂ ਵਿਚ ਵਾਧਾ ਕਰਨ ਦੀ ਮੰਗ ਕਾਫੀ ਹੱਦ ਤੱਕ ਪੂਰੀ ਹੋ ਜਾਣ ਦੀ ਸੰਭਾਵਨਾ ਹੈ। ਇਸ ਦੇ ਨਾਲ ਇਸ ਸਨਅਤ ਵਿਚ ਪੂਰੀ ਤਰ੍ਹਾਂ ਅਮਨ ਹੋ ਜਾਵੇਗਾ।

**ਸਰਦਾਰ ਕਿਰਪਾਲ ਸਿੰਘ** : ਸਪੀਕਰ ਸਾਹਿਬ, ਮੇਰਾ ਸਪਲੀਮੈਂਟਰੀ ਇਹ ਹੈ ਕਿ ਥੋੜ੍ਹੇ ਅਦਾਰਿਆਂ ਦਾ ਜਿਨ੍ਹਾਂ ਦਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਉਨ੍ਹਾਂ ਨੂੰ ਮੈਂ ਛੱਡ ਦਿੰਦਾ ਹਾਂ ਪਰ ਬਹੁਤ ਸਾਰੇ ਬਾਕੀ ਹਨ ਜਿਨ੍ਹਾਂ ਵਿਚ ਮਜ਼ਦੂਰਾਂ ਦੀਆਂ ਡਿਮਾਂਡਜ਼ ਹਾਲੇ ਤਕ ਪੂਰੀਆਂ ਨਹੀਂ ਕੀਤੀਆਂ ਗਈਆਂ। ਦੂਸਰਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਵਜ੍ਹਾ ਹੈ ਕਿ ਅੰਮ੍ਰਿਤਸਰ ਵਿਚ ਅਜੇ ਤਕ ਇੰਡਸਟਰੀਅਲ ਟ੍ਰਿਬਿਊਨਲ ਮੁਕਰੱਰ ਨਹੀਂ ਕੀਤਾ ਗਿਆ। ਮੈਂ ਇਹ ਗਲ ਕਰ ਰਿਹਾਂ ਹਾਂ ਕਿ ਮਜ਼ਦੂਰਾਂ ਦੇ ਹੱਕਾਂ ਦੀ ਰਾਖੀ ਕੀਤੀ ਜਾਏ ਅਤੇ ਇਹ ਮੌਕਾ ਨਾ ਦਿਤਾ ਜਾਏ ਕਿ ਤਜਾਵਜ਼ ਕਰਕੇ ਆਪਣੀਆਂ ਹੱਦਾਂ ਪਾਰ ਕਰਨ। ਉਨ੍ਹਾਂ ਨੂੰ ਉਨ੍ਹਾਂ ਦੇ ਹਕ ਮਿਲਣ ਅਤੇ ਉਹ ਐਜੀਟੇਸ਼ਨ ਵੱਲ ਨਾ ਵਧਣ ਅਤੇ ਜਿਹੜੀ ਮਸ਼ੀਨਰੀ ਮੈਂ ਆਪਣੀ ਕਾਲ ਅਟੈਨਸ਼ਨ ਮੋਸ਼ਨ ਵਿਚ ਮੰਗੀ ਸੀ ਉਸ ਦੇ ਕਾਇਮ ਕਰਨ ਬਾਰੇ ਵਿਚ ਇਨ੍ਹਾਂ ਦਾ ਕੀ ਵਿਚਾਰ ਹੈ ?

**ਰਾਜ ਮੰਤਰੀ**: ਸਪੀਕਰ ਸਾਹਿਬ, ਮੈਂ ਹਾਊਸ ਦੀ ਜਾਣਕਾਰੀ ਲਈ ਇਹ ਦੱਸਣਾ ਵੀ ਠੀਕ ਸਮਝਦਾ ਹਾਂ ਕਿ ਬਾਕੀ ਦੀਆਂ ਨਾਲ ਲਗਦੀਆਂ ਸਟੇਟਾਂ ਨਾਲੋਂ ਪੰਜਾਬ ਸਟੇਟ ਵਿਚ ਉਦਯੋਗਕ ਸੰਤੁਸ਼ਟਤਾ ਹੈ। ਇਸ ਦੇ ਨਾਲ ਹੀ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਇਸ ਦਾ ਕਾਰਨ ਇਹ ਹੈ ਕਿ ਬਾਕੀ ਸਟੇਟਾਂ ਨਾਲੋਂ ਪੰਜਾਬ ਦੇ ਵਿਚ ਅਕਾਲੀ ਜਨਤਾ ਸਰਕਾਰ ਦੀਆਂ ਜੋ ਨੀਤੀਆਂ ਹਨ ਉਹ ਮਜ਼ਦੂਰਾਂ ਅਤੇ ਕਾਮਿਆਂ ਦੀਆਂ ਪੱਖੀ ਨੀਤੀਆਂ ਹਨ, ਜਿਥੋਂ ਤਕ ਇਨ੍ਹਾਂ ਨੇ ਘੱਟੋ ਘੱਟ ਉਜਰਤਾਂ ਦੀ ਗਲ ਕੀਤੀ ਹੈ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੀਆਂ ਕਮੇਟੀਆਂ ਬਣਾਈਆਂ ਗਈਆਂ ਸਨ ਉਨ੍ਹਾਂ ਦੀ ਰਿਪੋਰਟ ਪਹੁੰਚ ਗਈ ਹੈ ਅਤੇ ਬਾਕੀ ਮਜ਼ਦੂਰਾਂ ਦੇ ਪ੍ਰਤੀਨਿਧਾਂ ਵੱਲੋਂ ਇਕ ਮੈਮੋਰੈਂਡਮ ਮਿਲਿਆ ਸੀ। ਇਸੇ ਮਹੀਨੇ ਦੀ 15 ਤਾਰੀਖ ਲਈ, ਉਨ੍ਹਾਂ ਨੂੰ ਨਿਮਨਤ੍ਰਣ ਦਿੱਤਾ ਗਿਆ ਹੈ ਕਿ ਉਹ ਮੇਰੇ ਨਾਲ ਆ ਕੇ ਗਲ ਬਾਤ ਕਰਨ ਉਨ੍ਹਾਂ ਦੀ ਗਲ ਬਾਤ ਤੋਂ ਬਾਦ ਇਹ ਘੱਟੋ ਘੱਟ ਉਜਰਤਾਂ ਨਿਸਚਿਤ ਕਰ ਦਿੱਤੀਆਂ ਜਾਣਗੀਆਂ। ਜਿਥੋਂ ਤਕ ਲੇਬਰ ਕੋਰਟ ਦੀ ਗਲ ਕੀਤੀ ਗਈ ਹੈ, ਉਹ ਮੈਂ ਦੱਸ ਦਿੰਦਾ ਹਾਂ ਕਿ ਸ੍ਰੀ ਐਚ. ਸੀ. ਮੋਦੀ, ਚੀਫ ਜੁਡੀਸ਼ਅੱਲ ਮੈਜਿਸਟਰੇਟ ਕਪੂਰਥਲਾ ਦੀ ਨਿਯੁਕਤੀ ਵਾਸਤੇ ਸਰਕਾਰ ਨੇ ਪ੍ਰਵਾਨਗੀ ਦੇ ਦਿੱਤੀ ਹੈ।

(Serial No. 55)

**Comrade Satya Pal Dang,**
**Comrade Darshan Singh Canadian** : I beg to draw the attention of the Government towards a matter of urgent public importance namely, land of a number of villages or major parts thereof in block Verka District Amritsar has been acquired by the Military. These villages include Kathanian, Hamidpura, Khumania, etc. In case of some villages the entire population including harijans and other agricultural labourers will be uprooted. The landless will be rendered homeless and will also become unemployed. They will get no compensation either Hamidpura block Verka Tehsil and District Amritsar is one such village in which the entire population will be rooted. As yet the Punjab Government have not framed any scheme to re-settle such people and to provide employment to them.

There is all around serious discontentment. In view of the obvious and urgent importance of the matter, the Government may please be asked to make a statement in the House.

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** (ਸਰਦਾਰ ਪ੍ਰਕਾਸ਼ ਸਿੰਘ ਬਾਦਲ): ਸਪੀਕਰ ਸਾਹਿਬ, ਮਿਤੀ 4 ਮਾਰਚ, 1977 ਨੂੰ, ਰਾਜ ਸਰਕਾਰ ਨੇ ਅੰਮ੍ਰਿਤਸਰ ਵਿਖੇ ਮੌਜੂਦਾ ਛਾਉਣੀ ਦੇ ਵਿਸਥਾਰ ਲਈ 3512.33 ਏਕੜ ਭੋਂ ਪ੍ਰਾਪਤ ਕਰਨ ਲਈ ਪਰਵਾਨਗੀ ਦਿੱਤੀ ਸੀ। ਸੱਤ ਪਿੰਡਾਂ ਵਿੱਚੋਂ ਜਿਥੇ ਕਿ ਡਿਫੈਂਸ ਮੰਤਵ ਲਈ ਭੋਂ ਪ੍ਰਾਪਤ ਕੀਤੀ ਜਾਣੀ ਸੀ, ਹੇਠ ਲਿਖੇ ਪਿੰਡਾਂ ਸਬੰਧੀ ਕੇਂਦਰੀ ਸਰਕਾਰ ਲਈ, ਰਾਜ ਸਰਕਾਰ ਵੱਲੋਂ ਭੋਂ ਪ੍ਰਾਪਤੀ ਐਕਟ, 1894 ਦੀ ਧਾਰਾ 4 ਅਤੇ 6 ਅਧੀਨ, ਨੋਟੀਫਿਕੇਸ਼ਨ ਜਾਰੀ ਕੀਤੇ ਗਏ ਸਨ :

1. ਕਾਲਾ ਘਾਨੂਪੁਰ
2. ਗੁਮਣ-ਪੁਰਾ
3. ਖੁਰਮਾਨੀਆਂ
4. ਹਮੀਦਪੁਰਾ

ਵਿਸ਼ੇਸ਼ ਭੋਂ ਪ੍ਰਾਪਤੀ ਕੁਲੈਕਟਰ, ਅੰਮ੍ਰਿਤਸਰ ਵੱਲੋਂ ਇਨ੍ਹਾਂ ਪਿੰਡਾਂ ਲਈ ਅਵਾਰਡ ਪਹਿਲਾਂ ਹੀ ਸੁਣਾਏ ਜਾ ਚੁਕੇ ਹਨ, ਅਤੇ ਪ੍ਰਭਾਵਿਤ ਲੋਕ/ਲੋਕਾਂ ਨੂੰ ਮੁਆਵਜ਼ਾ ਦਿੱਤਾ ਜਾ ਰਿਹਾ ਹੈ।

ਬਾਕੀ ਦੇ ਤਿੰਨ ਪਿੰਡਾਂ, ਗੋਨਸਾਬਾਦ, ਕਠਾਨਿਆ ਅਤੇ ਵਡਾਲਾ ਭਿਟੇਵੱਡ ਆਦਿ ਲਈ ਧਾਰਾ 4 ਅਧੀਨ ਨੋਟੀਫਿਕੇਸ਼ਨ ਜਾਰੀ ਕੀਤੇ ਜਾ ਚੁਕੇ ਹਨ ਅਤੇ ਕੇਸ ਤੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ ।

ਪਿੰਡ ਹਮੀਦਪੁਰਾ ਦੀ ਅਬਾਦੀਦੇਹ ਨੂੰ ਸੁਰੱਖਿਆ ਕਾਰਨਾਂ ਕਰਕੇ, ਐਕਵੀਜ਼ੀਸ਼ਨ ਤੋਂ ਨਹੀਂ ਛੱਡਿਆ ਜਾ ਸਕਿਆ। ਫਿਰ ਵੀ ਭੂਮੀਹੀਨਾਂ ਅਤੇ ਹਰੀਜਨਾਂ ਨੂੰ ਉਨ੍ਹਾਂ ਦੀਆਂ ਐਕੁਆਇਰ ਕੀਤੀਆਂ ਜਾ ਰਹੀਆਂ ਝੌਂਪੜੀਆਂ ਆਦਿ (ਹਟਸ ਅਤੇ ਕਾਟੇਜਿਜ਼) ਦਾ ਮੁਆਵਜ਼ਾ ਮਿਲੇਗਾ। ਭੋਂ ਪ੍ਰਾਪਤੀ ਐਕਟ 1894 ਵਿਚ ਅਜਿਹੀ ਕੋਈ ਧਾਰਾ ਨਹੀਂ ਜਿਸ ਅਧੀਨ ਉਨ੍ਹਾਂ ਨੂੰ ਆਲਟਰਨੇਟ ਮਕਾਨ ਜਾਂ ਰੋਜ਼ਗਾਰ ਦਿੱਤਾ ਜਾ ਸਕੇ। ਭੂਮੀ ਹੀਨ ਹਰੀਜਨ ਅਉਸਟੀਜ਼ ਅਤੇ ਸ਼ਡਿਊਲਡ ਕਾਸਟ ਸਹੂਲਤਾਂ ਪ੍ਰਾਪਤ ਕਰ ਸਕਦੇ ਹਨ, ਅਤੇ ਸਮਾਜ ਭਲਾਈ ਵਿਭਾਗ ਵਲੋਂ ਸਮਾਜ ਦੇ ਦਲਿਤ ਅਤੇ ਕਮਜ਼ੋਰ ਵਰਗਾਂ ਦੀ ਦਸ਼ਾ ਸੁਧਾਰਨ ਲਈ ਚਲਾਈਆਂ ਗਈਆਂ ਸਮਾਜ ਭਲਾਈ ਸਕੀਮਾਂ ਦਾ ਲਾਭ ਵੀ ਲੈ ਸਕਦੇ ਹਨ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮੇਰਾ ਸਪਲੀਮੈਂਟਰੀ ਕੁਐਸਚਨ ਇਹ ਹੈ ਕਿ ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਕਿਸੇ ਪਿੰਡ ਨੂੰ ਛੋਟ ਨਹੀਂ ਦਿੱਤੀ ਗਈ । ਮੈਂ ਕਹਿੰਦਾ ਹਾਂ ਕਿ ਜਿਹੜੇ ਹਰੀਜਨ ਤੇ ਦੂਜੇ ਦਸਤਕਾਰ ਵਗੈਰਾ ਬੇਜ਼ਮੀਨੇ ਲੋਕ ਹਨ ਉਨ੍ਹਾਂ ਨੂੰ ਉਨ੍ਹਾਂ ਦੇ ਮਕਾਨਾਂ ਦਾ ਮੁਆਵਜ਼ਾ ਦਿਤਾ ਜਾਏਗਾ। ਸਪੀਕਰ ਸਾਹਿਬ, ਮਕਾਨਾਂ ਦੇ ਮੁਆਵਜ਼ੇ ਨਾਲ ਕੀ ਬਣੇਗਾ ਉਨ੍ਹਾਂ ਨੂੰ ਕੋਈ ਇੰਪਲਾਇਮੈਂਟ ਨਹੀਂ ਮਿਲਣੀ ਜਿਹੜੇ ਪੈਸੇ ਉਨ੍ਹਾਂ ਨੂੰ ਮਿਲਣੇ ਹਨ ਉਨ੍ਹਾਂ ਨਾਲ ਉਹ ਪਲਾਟ ਲੈ ਕੇ ਕੋਠੇ ਨਹੀਂ ਬਣਾ ਸਕਣਗੇ। ਇਨ੍ਹਾਂ ਨੇ ਕਿਹਾ ਹੈ ਕਿ ਕਾਨੂੰਨ ਵਿਚ ਰੋਜ਼ਗਾਰ ਦੇਣ ਲਈ ਕੋਈ ਪ੍ਰੋਵੀਜ਼ਨ ਨਹੀਂ ਅਤੇ ਇਨ੍ਹਾਂ ਨੇ ਕਿਹਾ ਹੈ ਕਿ ਸ਼ਡਿਊਲਡ ਕਾਸ਼ਟਸ ਕਾਰਪੋਰੇਸ਼ਨ ਤੋਂ ਮਦਦ ਲੈ ਲੈਣ । ਮੈਂ ਕਹਿੰਦਾ ਹਾਂ ਕਿ ਲੋਨ ਵਾਸਤੇ ਅਰਜ਼ੀ ਦਿਉ ਤਾਂ ਦੋ ਸਾਲ ਵਾਰੀ ਨਹੀਂ ਆਉਂਦੀ। ਗੌਰਮਿੰਟ ਆਫ ਇੰਡੀਆ ਦੀ ਫੌਜ ਨੇ ਇਹ ਪਿੰਡ ਇਸ ਢੰਗ ਨਾਲ ਲਏ ਹਨ ਕਿ ਸਾਰੀ ਦੀ ਸਾਰੀ ਜ਼ੀਮਨ ਲਈ ਹੈ । ਜਿਹੜੇ ਬੇਜ਼ਮੀਨੇ, ਬੇ ਘਰੇ ਹਨ ਉਨ੍ਹਾਂ ਲਈ ਪੰਜਾਬ ਸਰਕਾਰ ਰੋਜ਼ਗਾਰ ਦੇਣ ਲਈ ਕੋਈ ਨਵੀਂ ਸਕੀਮ ਬਣਾਏਗੀ ? ਸਪੀਕਰ ਸਾਹਿਬ ਥੋੜ੍ਹੀ ਬਹੁਤ ਜ਼ਮੀਨ ਆ ਜਾਂਦੀ ਉਹ ਦੂਜੀ ਗਲ ਹੈ ਹੁਣ ਤਾਂ ਟੋਟਲ ਪਿੰਡ ਲੈ ਲਏ ਹਨ। ਕੀ ਇਹ ਕੋਈ ਸਕੀਮ ਉਨ੍ਹਾਂ ਲੋਕਾਂ ਲਈ ਬਣਾਉਣ ਤੇ ਵਿਚਾਰ ਕਰਨਗੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਉਨ੍ਹਾਂ ਆਊ ਸਟੀਜ਼ ਨੂੰ ਤਰਜੀਹ ਦਿਤੀ ਜਾਏਗੀ, ਜਿਹੜੀਆਂ ਸਕੀਮਾਂ ਸਰਕਾਰ ਕੋਲ ਹਨ ਅਤੇ ਨਾਲ ਹੀ ਮਕਾਨ ਬਣਾਉਣ ਵਾਸਤੇ ਵੀ ਉਨ੍ਹਾਂ ਨੂੰ ਪ੍ਰਾਇਰਟੀ ਦਿਤੀ ਜਾਏਗੀ।

Original with;
Punjab Vidhan Sabha
Digitized by;
Panjab Digital Library

(ਕ੍ਰਮ ਨੰ: 56)

(1) ਸਰਦਾਰ ਸਰਵਣ ਸਿੰਘ
(2) ਕਾਮਰੇਡ ਸਰਵਣ ਸਿੰਘ ਚੀਮਾ
(3) ਕਾਮਰੇਡ ਦਰਸ਼ਨ ਸਿੰਘ ਬਨੇਡੀਅਨ
(4) ਕਾਮਰੇਡ ਹਰਬੰਸ ਸਿੰਘ ਬੀਕਾ

ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਇਲਾਕਾ ਫਿਲੌਰ, ਜ਼ਿਲ੍ਹਾ ਜਲੰਧਰ ਦੇ ਆਲੂ ਬੀਜਣ ਵਾਲੇ ਕਿਸਾਨਾਂ ਨੇ ਦਾਦਾ ਕੋਲਡ ਸਟੋਰੇਜ ਫਿਲੌਰ ਤੇ ਹੋਰ ਕੋਲਡ ਸਟੋਰਾਂ ਵਿਚ ਬੀਜ ਵਾਸਤੇ ਆਲੂ ਭਰੇ ਸਨ ਇਸ ਕੋਲਡ ਸਟੋਰਜ ਦੀ ਸਮਰੱਥਾ 8000 ਬੋਰੀ ਸੀ ਪਰ 12,000 ਬੋਰੀ ਭਰੀ ਗਈ ਜਿਸ ਕਾਰਨ ਹਜ਼ਾਰਾਂ ਹੀ ਮਣ ਆਲੂ ਖਰਾਬ ਹੋ ਗਏ । ਇਹ ਸਟੋਰ ਵਾਲਿਆਂ ਦੀ ਬਦਇੰਤਜ਼ਾਮੀ, ਨਿਕੰਮੀ ਮਸ਼ੀਨਰੀ ਤੇ ਸਮਰੱਥਾ ਤੋਂ ਵੱਧ ਆਲੂ ਭਰਨ ਕਾਰਨ ਹੋਈ ਹੈ। ਸੋ ਇਸ ਤਰ੍ਹਾਂ ਕਿਸਾਨਾਂ ਦਾ ਲੱਖਾਂ ਰੁਪਏ ਦਾ ਨੁਕਸਾਨ ਹੋਇਆ। ਸੋ ਕਿਸਾਨ ਮਜ਼ਬੂਰ ਹੋ ਕੇ 4 ਸਤੰਬਰ, 1978 ਤੋਂ ਵਿਧਾਨ ਸਭਾ ਅੱਗੇ ਧਰਨੇ ਤੇ ਹਨ। ਹੋ ਸਕਦਾ ਹੈ ਕਿ ਇਹ ਕਿਸਾਨਾਂ ਦਾ ਧਰਨਾ ਕੋਈ ਹੋਰ ਐਜੀਟੇਸ਼ਨ ਦਾਰੂਪ ਦੇ ਦੇਵੇ। ਇਹ ਬਹੁਤ ਅਹਿਮ ਮਸਲਾ ਹੈ। ਸੋ ਸਰਕਾਰ ਨੂੰ ਚਾਹੀਦਾ ਹੈ ਕਿ ਖਰਾਬ ਹੋਏ ਆਲੂਆਂ ਦਾ ਮੁਆਵਜ਼ਾ ਦੇਣ ਲਈ ਸਦਨ ਵਿਚ ਬਿਆਨ ਦੇਵੇ ਤਾਂ ਜੋ ਕੋਈ ਐਜੀਟੇਸ਼ਨ ਨਾ ਭੜਕ ਪਵੇ।

**ਖੇਤੀ ਬਾੜੀ ਮੰਤਰੀ** (ਸਰਦਾਰ ਬਲਵਿੰਦਰ ਸਿੰਘ ਭੂੰਦੜ): ਇਸ ਮਾਮਲੇ ਬਾਰੇ ਮੁੱਖ ਖੇਤੀਬਾੜੀ ਅਫ਼ਸਰ, ਜਲੰਧਰ ਰਾਹੀਂ ਇਨਕੁਆਇਰੀ ਕਰਵਾਉਣ ਤੇ ਪੱਤਾ ਲੱਗਿਆ ਹੈ ਕਿ ਸਬੰਧਤ ਕੋਲਡ ਸਟੋਰ ਦੀ ਗੈਸ ਵਾਲੀ ਪਾਈਪ ਫਟ ਗਈ ਸੀ ਜਿਸ ਦੀ ਮੁਰੰਮਤ ਕਰਵਾਉਣ ਨੂੰ 7 ਤੋਂ 10 ਦਿਨ ਲੱਗ ਗਏ ਸਨ। ਇਸ ਸਮੇਂ ਵਿੱਚ ਕੋਲਡ ਸਟੋਰ ਦਾ ਤਾਪਮਾਨ ਸਥਿਰ ਨਹੀਂ ਰਖਿਆ ਜਾ ਸਕਿਆ ਜਿਸ ਕਾਰਨ ਬੋਰੀਆਂ ਵਿੱਚ ਪਏ ਆਲੂ ਪੁੰਗਰ ਆਏ ਸਨ । ਕੋਲਡ ਸਟੋਰ ਦੀ ਕਪੈਸਟੀ 10,000 ਬੋਰੀਆਂ ਦੀ ਹੈ ਇਸ ਵਿਚ ਉਸ ਵੇਲੇ 8,259 ਆਲੂਆਂ ਦੀਆਂ ਬੋਰੀਆਂ, ਰਾਸ਼ਨ ਅਤੇ ਬੀਜ ਦੀਆਂ ਸਟੋਰ ਕੀਤੀਆਂ ਹੋਈਆਂ ਸਨ ਜਿਸ ਤੋਂ ਸਿੱਧ ਹੁੰਦਾ ਹੈ ਕਿ ਕੋਲਡ ਸਟੋਰ ਵਿਚ ਬੋਰੀਆਂ ਕਪੈਸਿਟੀ ਤੋਂ ਵੱਧ ਨਹੀਂ ਸੀ ਰਖੀਆਂ ਹੋਈਆਂ। ਪੁੰਗਰ ਜਾਣ ਕਾਰਨ ਆਲੂ ਬੀਜ ਦੇ ਤੌਰ ਤੇ ਨਿਕੰਮੇ ਹੋ ਗਏ ਸਨ ਪਰ ਉਸ ਸਮੇਂ ਮਾਰਕਿਟ ਵਿਚ ਵੇਚ ਕੇ ਉਨ੍ਹਾਂ ਦੇ ਕੁੱਝ ਪੈਸੇ ਵੱਟੇ ਜਾ ਸਕਦੇ ਸਨ। ਬਹੁੱਤ ਸਾਰੇ ਕਿਸਾਨ ਆਪਣੇ ਆਲੂ ਕੋਲਡ ਸਟੋਰ ਵਿਚੋਂ ਕੱਢ ਕੇ ਲੈ ਗਏ । ਇਕੱਲੇ ਇਕੱਲੇ ਕਿਸਾਨ ਦਾ ਕਿੰਨਾ ਕਿੰਨਾ ਨੁਕਸਾਨ ਹੋਇਆ ਹੈ, ਉਸ ਦਾ ਸਹੀ ਅਨੁਮਾਨ ਨਹੀਂ ਲਾਇਆ ਜਾ ਸਕਦਾ। ਇਸ ਤੋਂ ਛੁੱਟ ਪਿਛਲੇ ਸਾਲ ਐਮਰਜੈਂਸੀ ਸਮਾਪਤ ਹੋ ਜਾਣ ਦੇ ਛੇ ਮਹੀਨੇ ਪਿਛੋਂ, ਕੋਲਡ ਸਟੋਰ ਆਰਡਰ 1975 ਖਤਮ ਹੋ ਗਿਆ, ਜਿਸ ਕਰਕੇ ਸਰਕਾਰ ਕੋਲ ਮੁਆਵਜ਼ਾ ਦਿਵਾਉਣ ਦਾ ਅਖਤਿਆਰ ਨਹੀਂ ਰਿਹਾ। ਮੁੜ ਨਵਾਂ ਕੋਲਡ ਸਟੋਰ ਆਰਡਰ ਜਾਰੀ ਕਰਨ ਸਬੰਧੀ ਵਿਚਾਰ ਕੀਤਾ ਜਾ ਰਿਹਾ ਹੈ।

**ਸਰਦਾਰ ਸਰਵਣ ਸਿੰਘ**: ਸਪੀਕਰ ਸਾਹਿਬ, ਇਸ ਸਾਲ ਕੁੱਝ ਕੋਲਡ ਸਟੋਰਾਂ ਵਿਚ ਆਲੂ ਖਰਾਬ ਹੋਏ ਹਨ। ਇਸੇ ਤਰ੍ਹਾਂ ਫਗਵਾੜੇ ਅਤੇ ਨਵਾਂ ਸ਼ਹਿਰ ਵਿੱਚ ਵੀ ਹੋਇਆ ਹੈ। ਇਸ ਦੇ ਵਿਚ ਕਿਸਾਨਾਂ ਦਾ ਕੋਈ ਕਸੂਰ ਨਹੀਂ । ਅਸੀਂ ਬਾਦਲ ਸਾਹਿਬ ਨੂੰ ਵੀ ਇਸ ਮਸਲੇ ਬਾਰੇ ਮਿਲੇ ਸੀ। ਉਨ੍ਹਾਂ ਨੇ ਸਾਨੂੰ ਯਕੀਨ ਦਿਵਾਇਆ ਸੀ ਲੇਕਿਨ ਸਰਕਾਰ ਪਾਸ ਕੋਈ ਐਸਾ ਐਕਟ ਨਹੀਂ ਕਿ ਕਿਸਾਨਾਂ ਨੂੰ ਮੁਆਵਜ਼ਾ ਦਿੱਤਾ ਜਾ ਸਕੇ। ਮੈਂ ਇਹ ਬੇਨਤੀ ਕਰਾਂਗਾ ਕਿ ਵਜ਼ੀਰ ਸਾਹਿਬ ਇਹ ਦੱਸਣ ਕਿ ਅੱਗੇ ਵਾਸਤੇ ਕਿਸਾਨਾਂ ਦੇ ਆਲੂ ਖਰਾਬ ਨਾ ਹੋਣ, ਇਸ ਲਈ ਕੋਈ ਕੋਲਡ ਸਟੋਰਾਂ ਦਾ ਇਨਸ਼ੋਰੈਂਸ ਕਰਵਾਉਣ ਵਾਸਤੇ ਜਾਂ ਮੁਆਵਜ਼ਾ ਦਿਵਾਉਣ ਵਾਸਤੇ ਕੋਈ ਐਕਟ ਬਣਾ ਰਹੇ ਹਨ ?

ਮੰਤਰੀ : ਸਪੀਕਰ ਸਾਹਿਬ, ਅਸੀਂ ਬਹੁਤ ਹੀ ਜਲਦੀ ਕੋਸ਼ਿਸ਼ ਕਰ ਰਹੇ ਹਾਂ ਕਿ ਘੱਟ ਤੋਂ ਘੱਟ ਸਮੇਂ ਵਿੱਚ ਇਸ ਤਰ੍ਹਾਂ ਦਾ ਬਿੱਲ ਲਿਆਂਦਾ ਜਾ ਸਕੇ ਇਸ ਬਾਰੇ ਮੈਂ ਵਿਚਾਰ ਕਰ ਰਿਹਾ ਹਾਂ। ਇਸ ਬਿਲ

Original with;
Punjab Vidhan Sabha
Digitized by;
Panjab Digital Library

ਵਿੱਚ ਸਾਰੀਆਂ ਚੀਜ਼ਾਂ ਸ਼ਾਮਲ ਹੋਣਗੀਆਂ । ਜੋ ਇਨ੍ਹਾਂ ਕੋਲਡ ਸਟੋਰਾਂ ਦੀ ਇਨਸ਼ੋਰੈਂਸ ਦਾ ਮਸਲਾ ਹੈ, ਉਹ ਵੀ ਸ਼ਾਮਲ ਕੀਤਾ ਜਾਵੇਗਾ ਤਾਂ ਕਿ ਕਿਸੇ ਵੀ ਢੰਗ ਨਾਲ ਮਾਲਕਾਂ ਦੀ ਗਲਤੀ ਨਾਲ ਕਿਸਾਨਾਂ ਦਾ ਨੁਕਸਾਨ ਨਾ ਹੋਵੇ ਅਤੇ ਉਸ ਤੋਂ ਕਿਸਾਨਾਂ ਨੂੰ ਮੁਆਵਜ਼ਾ ਦਿਵਾਉਣ ਵਾਸਤੇ ਵੀ ਸਾਰਾ ਇੰਤਜ਼ਾਮ ਕੀਤਾ ਜਾਵੇਗਾ । ਜਿਹੜਾ ਇਹ ਪਿੱਛੇ ਇਨਸੀਡੈਂਟ ਹੋਇਆ ਹੈ, ਇਸ ਦੀ ਰਿਪੋਰਟ ਚੀਫ ਐਗਰੀਕਲਚਰਲ ਅਫਸਰ ਤੋਂ ਮੰਗਵਾਈ ਸੀ। ਕੁੱਝ ਕੋਲਡ ਸਟੋਰਾਂ ਦੀ ਤਾਂ ਇਨਸ਼ੋਰੈਂਸ ਹੋਈ ਹੋਈ ਹੈ, ਉਨ੍ਹਾਂ ਨੂੰ ਤਾਂ ਕੋਰਟਾਂ ਵਿੱਚ ਜਾ ਕੇ ਮੁਆਵਜ਼ਾ ਮਿਲ ਜਾਵੇਗਾ। ਬਾਕੀ ਜਿਥੇ ਇਨਸ਼ੋਰੈਂਸ ਨਹੀਂ ਹੋਈ ਹੋਈ, ਉਥੇ ਵੀ ਕੋਸ਼ਿਸ਼ ਕਰ ਰਹੇ ਹਾਂ ਕਿ ਮਿਉਚਲ ਅੰਡਰਸਟੈਂਡਿੰਗ ਕਰਕੇ ਕਿਸੇ ਢੰਗ ਨਾਲ ਉਨ੍ਹਾਂ ਕਿਸਾਨਾਂ ਨੂੰ ਸੈਟਿਸਫਾਈ ਕੀਤਾ ਜਾ ਸਕੇ ਅਤੇ ਉਨ੍ਹਾਂ ਦਾ ਜੋ ਨੁਕਸਾਨ ਹੋਇਆ ਹੈ ਉਸ ਦਾ ਮੁਆਵਜ਼ਾ ਦਿਵਾਇਆ ਜਾ ਸਕੇ। ਇਸ ਦੀ ਕੋਸ਼ਿਸ਼ ਪੂਰੀ ਅਸੀਂ ਕਰ ਰਹੇ ਹਾਂ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ :** ਸਪੀਕਰ ਸਾਹਿਬ, ਇਸ ਸਾਲ 4, 5 ਕੋਲਡ ਸਟੋਰਜ਼ ਵਿਚ ਬਹੁੱਤ ਤਬਾਹੀ ਹੋਈ , ਹਜ਼ਾਰਾਂ ਕਿਸਾਨਾਂ ਦਾ ਕਹਿਰ ਦਾ ਨੁਕਸਾਨ ਹੋਇਆ ਹੈ। ਇਹ ਗੱਲ ਕਹਿਣੀ ਕਿ ਨਾਲੀ ਫੱਟ ਗਈ, ਠੀਕ ਨਹੀਂ। ਸਾਡੀ ਇਨਫਰਮੇਸ਼ਨ ਇਹ ਹੈ ਕਿ ਕੋਲਡ ਸਟੋਰ ਓਵਰ-ਲੋਡ ਕੀਤੇ ਗਏ ਸਨ। ਇਸ ਕਰਕੇ ਇਹ ਚੀਜ਼ ਹੋਈ। ਇਹ ਕੋਲਡ ਸਟੋਰ ਵਾਲੇ ਆਪਣੀ ਮਨਮਾਨੀ ਕਰਦੇ ਹਨ ਅਤੇ 8 ਤੋਂ ਲੈ ਕੇ 16 ਰੁਪਏ ਤਕ ਪਰ ਬੋਰੀ ਚਾਰਜ ਕਰਦੇ ਹਨ । ਐਨੀ ਲੁੱਟ ਖਸੁੱਟ ਹੋਈ ਹੈ। ਮੈਂ ਆਪ ਜੀ ਦੀ ਰਾਹੀਂ ਮਨਿਸਟਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੋਈ ਤਰੀਕਾ ਐਸਾ ਨਹੀਂ ਜਿਸ ਨਾਲ ਇਹ ਪੀਨੇਲਾਈਜ਼ ਕੀਤੇ ਜਾਣ ? ਅੱਗੇ ਨੂੰ ਰੇਟਸ ਵੀ ਠੀਕ ਫਿਕਸ ਕੀਤੇ ਜਾਣ । ਕਿਸਾਨ ਦਾ ਬੜਾ ਨੁਕਸਾਨ ਹੋਇਆ ਹੈ।

**ਸ੍ਰੀ ਸਪੀਕਰ :** ਮਨਿਸਟਰ ਸਾਹਿਬ, ਇਹ ਕਹਿੰਦੇ ਹਨ ਕਿ ਜੇ ਓਵਰ-ਲੋਡਿੰਗ ਸਾਬਤ ਹੋ ਜਾਵੇ ਤਾਂ ਫਿਰ ਤੁਸੀਂ ਕੀ ਐਕਸ਼ਨ ਲਓਗੇ ?

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ:** ਸਪੀਕਰ ਸਾਹਿਬ, ਇਹ ਜਿਹੜੇ ਕੋਲਡ ਸਟੋਰਾਂ ਵਾਲੇ ਪ੍ਰੋਫੀਟੀਅਰਜ਼ ਹਨ ਇਨ੍ਹਾਂ ਦੇ ਖਿਲਾਫ ਕੋਈ ਐਕਸ਼ਨ ਹੋਣਾ ਚਾਹੀਦਾ ਹੈ। ਇਸ ਲਈ ਮੈਂ ਬੇਨਤੀ। ਕਰਦਾ ਹਾਂ ਕਿ ਇਨ੍ਹਾਂ ਕੋਲਡ ਸਟੋਰਾਂ ਵਾਲਿਆਂ ਤੇ ਹਰਜਾਨਾ ਪਾਉਣ ਦਾ ਸਿਲਸਿਲਾ ਕੀਤਾ ਜਾਵੇ, ਅੱਗੇ ਨੂੰ ਰੇਟਸ ਕੰਟਰੋਲ ਕੀਤੇ ਜਾਣ ਅਤੇ ਇਨਸ਼ੋਰੈਂਸ ਦਾ ਕੋਈ ਇੰਤਜ਼ਾਮ ਕੀਤਾ ਜਾਵੇ ?

ਮੰਤਰੀ : ਸਪੀਕਰ ਸਾਹਿਬ, ਜੋ ਇਨਫਰਮੇਸ਼ਨ ਮੇਰੇ ਕੋਲ ਆਈ ਹੈ, ਮੈਂ ਉਹ ਦੱਸ ਦਿਤੀ ਹੈ। ਉਸ ਕੋਲਡ ਸਟੋਰ ਦੀ 10,000 ਬੋਰੀਆਂ ਦੀ ਕਪੈਸਿਟੀ ਹੈ। ਕੋਲਡ ਸਟੋਰਾਂ ਦੀ ਇਨ-ਸ਼ੋਰੈਂਸ ਕਰਾਉਣ ਬਾਰੇ ਪਹਿਲਾ ਜਿਹੜਾ ਐਕਟ ਸੀ ਉਹ ਆਪਣੇ ਆਪ ਐਮਰਜੈਂਸੀ ਦੇ 6 ਮਹੀਨੇ ਬਾਅਦ ਮਨਸੂਖ ਹੋ ਗਿਆ ਅਤੇ ਉਹ ਰਹਿ ਨਹੀਂ ਸਕਦਾ ਸੀ । ਨਵਾਂ ਐਕਟ ਅਸੀਂ ਬਣਾ ਰਹੇ ਹਾਂ । ਇਹ ਵੀ ਕੋਸ਼ਿਸ਼ ਕਰਾਂਗੇ ਕਿ ਰੇਟ ਹਾਈ ਚਾਰਜ ਨਾ ਕੀਤੇ ਜਾਣ। ਬਾਕੀ ਅੱਜ ਤੋਂ ਦੋ ਸਾਲ ਪਹਿਲਾਂ ਦੀ ਗੱਲ ਹੈ ਕਿ ਬਹੁੱਤ ਰੇਟ ਹਾਈ ਸਨ। ਉਸ ਵੇਲੇ 24, 24 ਰੁਪਏ ਇਕ ਬੋਰੀ ਦੇ ਚਾਰਜ ਕੀਤੇ ਜਾਂਦੇ ਸਨ। ਮੇਰੇ ਕੋਲ ਇਸ ਦਾ ਸਬੂਤ ਹੈ । ਅਸੀਂ ਵੀ ਕੋਸ਼ਿਸ਼ ਕਰਾਂਗੇ ਕਿ ਇਸ ਐਕਟ ਵਿੱਚ ਇਸ ਦਾ ਪ੍ਰੋਵੀਜ਼ਨ ਕੀਤਾ ਜਾਵੇ ਤਾਂ ਕਿ ਹਾਈ ਰੇਟ ਕਿਸਾਨਾਂ ਤੋਂ ਨਾ ਲਏ ਜਾ ਸਕਣ ਅਤੇ ਕਿਸਾਨਾਂ ਦੀ ਮੌਤ ਨਾ ਹੋਵੇ। ਇਹ ਵੀ ਪ੍ਰੋਵੀਜ਼ਨ ਕਰਾਂਗੇ ਕਿ ਇਨਸ਼ੋਰੈਂਸ ਤੋਂ ਬਿਨਾਂ ਕੋਈ ਕੋਲਡ ਸਟੋਰ ਚਲ ਹੀ ਨਾ ਸਕੇ। ਇਹ ਸਾਰੀਆਂ ਚੀਜ਼ਾਂ ਅਸੀਂ ਬਿਲ ਵਿੱਚ ਪਾਵਾਂਗੇ ਤਾਂ ਕਿ ਕਿਸਾਨ ਦਾ ਰੱਤੀ ਭਰ-ਵੀ ਨੁਕਸਾਨ ਨਾ ਹੋਵੇ ।

Original with;
Punjab Vidhan Sabha
Digitized by;
Panjab Digital Library

## FIRST REPORT OF THE BUSINESS ADVISORY COMMITTEE

**Mr. Speaker** : I have to present to the House the First Report of the Business Advisory Committee.

I feel that the Report should be taken as read.

Is it the pleasure of the House that the First Report be taken as read ?

(Voices : Yes, yes).

After some discussion, it was decided that the following business be transacted at the undermentioned sittings of the Vidhan Sabha :—

| | |
|---|---|
| Wednesday, the 13th September, 1978 (Morning sitting 9.00 A.M. to 1.30 P.M.) | The Punjab Appropriation Bill in respect of Supplementary Estimates (First Instalment) 1978-79 |
| Wednesday, the 13th September, 1978 (Afternoon sitting 2.30 P.M. to 7.00 P.M.) | (1) Resumption of consideration of the Punjab Appropriation Bill in respect of Supplementary Estimates (First Instalment) 1978-79<br>(2) The Punjab Bhudan Yagna (Amendment) Bill, 1978 (Resumption)<br>(3) The Punjab State Legislature (Protection of Publication) Bill, 1978<br>(4) The Indian Stamp (Punjab Amendment) Bill, 1978 |
| Thursday, the 14th September, 1978 (Morning sitting 9.00 A.M. to 1.30 P.M.) | Non-Official Business |
| Thursday, the 14th September, 1978 (Afternoon sitting 2.30 P.M. to 7.00 P.M.) | Legislative Business |
| Friday, the 15th September, 1978 (9.00 A.M. to 1.30 P.M.) | Legislative Business |

The Committee further decided that the House will also meet on Saturday, the 16th September, 1978 from 9.00 A.M. to 1.30 P.M.

If any rule/rules of the Rules of Procedure and Conduct of Business in the Punjab Vidhan Sabha (Punjab Legislative Assembly) is/are inconsistent with the above recommendations, that rule/those rules will stand suspended to that extent.

**Industries Minister (Shri Balramji Dass Tandon)** : Sir, I beg to move—

That this House agrees with the recommendations contained in the First Report of the Business Advisory Committee.

**Mr. Speaker** : Motion moved—

That this House agrees with the recommendations contained in the First Report of the Business Advisory Committee.

**Mr. Speaker** : Questions is—

That this House agrees with the recommendations contained in the First Report of the Business Advisory Committee.

*The motion was carried.*

Original with;
Punjab Vidhan Sabha
Digitized by;
Panjab Digital Library

## LEGISLATIVE BUSINESS

## THE PUNJAB APPROPRIATION (NO. 4) BILL, 1978

**Finance Minister (Sardar Balwant Singh)** : Sir, I beg to introduce the Punjab Appropriation (No. 4) Bill.

Sir, I beg to move—

That the Punjab Appropriation (No. 4) Bill be taken into consideration at once.

**Mr. Speaker** : Motion moved —

That the Punjab Appropriation (No. 4) Bill be taken into consideration at once.

**ਕਾਮਰੇਡ ਸੱਤ ਪਾਲ ਡਾਂਗ** (ਅੰਮ੍ਰਿਤਸਰ ਪੱਛਮ) : ਸਪੀਕਰ ਸਾਹਿਬ, ਜਿਹੜਾ ਐਪਰੋਪ੍ਰੀਏਸ਼ਨ ਬਿਲ ਮਨਿਸਟਰ ਸਾਹਿਬ ਨੇ ਪੇਸ਼ ਕੀਤਾ ਹੈ ਅਤੇ ਪਾਸ ਕਰਾਉਣਾ ਚਾਹੁੰਦੇ ਹਨ, ਇਸ ਦੇ ਵਿਚ ਤਿੰਨ ਲੱਖ ਤੋਂ ਵੱਧ ਰੁਪਿਆ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਵਾਸਤੇ ਮੰਗਿਆ ਗਿਆ ਹੈ ਕਿ ਉਹ ਕੁਝ ਹੋਰ ਚੀਜ਼ਾਂ ਲੈਣ ਅਤੇ ਹੋਰ ਸੈਂਟਰ ਬਣਨਗੇ। ਜੋ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਦੀ ਹਾਲਤ ਹੈ, ਉਸ ਨੂੰ ਵੇਖ ਕੇ ਇਸ ਤਰ੍ਹਾਂ ਲਗਦਾ ਹੈ ਕਿ ਇਹ 3 ਲੱਖ ਰੁਪਏ ਵੀ ਡਰੇਨ ਵਿੱਚ ਰੋੜ੍ਹਨ ਵਾਲੀ ਗੱਲ ਹੈ। ਇਸ ਕਾਰਪੋਰੇਸ਼ਨ ਦੀ ਹਾਲਤ ਨੂੰ ਵੇਖ ਕੇ ਸੈਂਟਰਲ ਗੌਰਮਿੰਟ ਨੇ ਜਿਹੜਾ ਸ਼ਾਰਟ ਟਰਮ ਲੋਨ ਤਿੰਨ ਕਰੋੜ ਰੁਪਏ ਦਾ ਦੇਣਾ ਸੀ, ਉਸ ਨੂੰ ਵਿਦਡਰਾ ਕਰ ਲਿਆ ਹੈ। ਪੰਜਾਬ ਐਗਰੀਕਲਚਰਲ ਮਾਰਕੀਟਿੰਗ ਬੋਰਡ ਨੇ ਇਸ ਕਾਰਪੋਰੇਸ਼ਨ ਨੂੰ ਐਗਰੀਕਲਚਰਲ ਇੰਪਲੀਮੈਂਟਸ ਬਣਾਉਣ ਵਾਸਤੇ ਇਕ ਕਰੋੜ ਰੁਪਏ ਦੇ ਆਰਡਰ ਦਿੱਤੇ ਸਨ।

10.48 ਸਵੇਰੇ (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਉਹ ਆਰਡਰ ਬੋਰਡ ਨੇ ਵਾਪਸ ਲੈ ਲਏ ਹਨ। ਐਨੀ ਨਕਾਰਾ ਹਾਲਤ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਦੀ ਹੈ। ਪੰਜਾਬ ਲੈਂਡ ਮਾਰਟਗੇਜ ਬੈਂਕ ਨੇ ਜਿਹੜੀਆਂ ਫੇਸਿਲਟੀਜ਼ ਇਸ ਕਾਰਪੋਰੇਸ਼ਨ ਨੂੰ ਦਿੱਤੀਆਂ ਸਨ ਉਹ ਵੀ ਵਾਪਸ ਲੈ ਲਈਆਂ ਹਨ। ਇਸ ਵੇਲੇ ਇਹ ਕਾਰਪੋਰੇਸ਼ਨ ਤਿੰਨ ਕਰੋੜ ਰੁਪਏ ਦੇ ਮਾਈਨਸ ਬੈਲੰਸ ਤੇ ਹੈ। ਇਸ ਲਈ ਇਸ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਨੂੰ ਹੋਰ ਪੈਸਾ ਦੇਣਾ ਨਾਲੀ ਵਿਚ ਰੋੜ੍ਹਨ ਦੇ ਬਰਾਬਰ ਹੈ। ਇਸ ਦੇ ਅਜਿਹੇ ਹਾਲਾਤ ਕਿਉਂ ਹੋਏ? ਇਸ ਲਈ ਕੋਈ ਬਹੁਤ ਤਾਲਾਸ਼ ਕਰਨ ਦੀ ਲੋੜ ਨਹੀਂ। ਸਪੱਸ਼ਟ ਨਜ਼ਰ ਆਉਂਦਾ ਹੈ ਕਿ ਇਹ ਕਾਰਪੋਰੇਸ਼ਨ ਕਿਸਾਨਾਂ ਦੀ ਸੇਵਾ ਲਈ ਬਣਾਈ ਗਈ ਸੀ ਪਰ ਇਸ ਨੂੰ ਹੁਕਮ ਹੋ ਗਿਆ ਕਿ ਇਸ ਨੇ ਵੱਡੇ ਵੱਡੇ ਲੈਂਡਲਾਰਡਾਂ ਦੀ ਸੇਵਾ ਕਰਨੀ ਹੈ। ਜਿਹੜੇ ਇਨ੍ਹਾਂ ਦੇ ਕੋਲ ਇੰਪੋਰਟਿਡ ਟਰੈਕਟਰ ਸਨ, 65, 70 ਹਜ਼ਾਰ ਰੁਪਏ ਦੇ ਰੂਸੀ ਟਰੈਕਟਰ ਉਹ ਇਸ ਕਾਰਪੋਰੇਸ਼ਨ ਨੇ ਪ੍ਰਾਈਵੇਟ ਲੋਕਾਂ ਨੂੰ 18, 22-22 ਹਜ਼ਾਰ ਰੁਪਏ ਦੇ ਵਿੱਚ ਵੇਚ ਦਿੱਤੇ ਅਤੇ ਅੱਗੋ ਉਨ੍ਹਾਂ ਲੋਕਾਂ ਨੇ 52, 52 ਹਜ਼ਾਰ ਦੇ ਵੇਚੇ ਹਨ। ਡਿਪਟੀ ਸਪੀਕਰ ਸਾਹਿਬ, 30-30 ਹਜ਼ਾਰ ਰੁਪਏ ਉਨ੍ਹਾਂ ਨੇ ਨਫਾ ਉਠਾਇਆ ਹੈ। ਜਿਹੜੀ ਇਸ ਕਾਰਪੋਰੇਸ਼ਨ ਨੇ ਇਨ੍ਹਾਂ ਟਰੈਕਟਰਾਂ ਦੇ ਰਾਹੀਂ ਛੋਟੇ ਕਿਸਾਨਾਂ ਦੀ ਸੇਵਾ ਕਰਨੀ ਸੀ, ਉਹ ਖ਼ਤਮ ਹੋ ਗਈ। ਇਹ ਟਰੈਕਟਰ ਹੁਣ ਵੱਡੇ ਵੱਡੇ ਲੋਕਾਂ ਕੋਲ ਚਲੇ ਜਾਣਗੇ ਅਤੇ ਉਹ ਆਪ ਵਰਤਣ ਤੋਂ ਇਲਾਵਾ ਕਰਾਏ ਤੇ ਦੇ ਕੇ ਲੋਕਾਂ ਦੀ ਛਿੱਲ ਲਾਹੁਣਗੇ। ਕੱਲ ਨੂੰ ਡਿਪਟੀ ਸਪੀਕਰ ਸਾਹਿਬ, ਇਹੀ ਹਾਲ ਕੰਬਾਈਨਾਂ ਦਾ ਹੋਵੇਗਾ, ਇਸ ਪਾਸੇ ਵੱਲ ਇਹ ਕਾਰਪੋਰੇਸ਼ਨ ਜਾ ਰਹੀ ਹੈ। ਸਰਕਾਰ ਹਮੇਸ਼ਾਂ ਇਥੇ ਕਹਿੰਦੀ ਹੈ ਕਿ ਕਰਮਚਾਰੀ ਅਤੇ ਉਨ੍ਹਾਂ ਦੀਆਂ ਯੂਨੀਅਨਾਂ ਨੂੰ ਸਰਕਾਰ ਨਾਲ ਮਿਲਵਰਤਣ ਕਰਨਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਅਗਰ ਕੋਈ ਵੱਡਾ ਅਫ਼ਸਰ ਗਲਤ ਕੰਮ ਕਰਦਾ ਹੈ, ਕਾਰਪੋਰੇਸ਼ਨ ਵਿੱਚ ਕੁਰੱਪਸ਼ਨ ਹੁੰਦੀ ਹੈ ਤਾਂ ਮਨਿਸਟਰ ਸਾਹਿਬ ਕਹਿੰਦੇ ਹਨ ਕਿ ਇਹ ਮੇਰੇ ਨੋਟਿਸ ਵਿੱਚ ਲਿਆਂਦਾ ਜਾਵੇ। ਕਰਮਚਾਰੀਆਂ ਨੇ ਸਰਕਾਰ ਦੇ ਨੋਟਿਸ ਵਿਚ ਲਿਆਉਣ ਦਾ ਯਤਨ ਕੀਤਾ, ਮੈਮੋਰੰਡਮ ਦਿੱਤਾ, ਆਵਾਜ਼ ਚੁੱਕੀ ਅਤੇ ਮਜਬੂਰ ਹੋ ਕੇ ਉਨ੍ਹਾਂ ਨੂੰ ਹੜਤਾਲ ਕਰਨੀ ਪਈ । ਐਗਰੀਕਲਚਰ ਮਨਿਸਟਰ ਸਾਹਿਬ ਨੇ ਦਖਲ ਦਿੱਤਾ ਅਤੇ ਦਖਲ ਦੇ ਕੇ ਫੈਸਲਾ ਕਰਾ ਦਿਤਾ । ਉਨ੍ਹਾਂ ਦੀ ਇਕ ਮੰਗ ਦੇ ਉਤੇ ਵੀ, ਡਿਪਟੀ ਸਪੀਕਰ ਸਾਹਿਬ, ਅਮਲ ਨਹੀਂ ਹੋਇਆ। ਉਨ੍ਹਾਂ ਦਾ ਜਨਰਲ ਸੈਕਟਰੀ ਡਿਸ ਮਿਸ ਹੋਇਆ ਸੀ ਉਸ ਦੇ ਬਾਰੇ ਮਨਿਸਟਰ ਸਾਹਿਬ ਨੂੰ ਜਦੋਂ ਲੀਡਰ ਮਿਲੇ ਤਾਂ ਉਨ੍ਹਾਂ ਨੇ ਕਿਹਾ ਕਿ ਮੈਂ ਕਾਗਜ਼ ਵੇਖ ਲਵਾਂਗਾ, ਅਗਰ ਉਹ ਗਲਤ ਡਿਸ ਮਿਸ ਹੋਇਆ ਤਾਂ ਉਸ ਨੂੰ ਬਹਾਲ ਕਰ ਦਿਆਂਗੇ ਅਗਰ ਸਹੀ ਹੋਇਆ ਹੋਇਆ ਤਾਂ ਬਹਾਲ ਨਹੀਂ ਕਰਾਂਗੇ ਪਰ ਉਸ ਤੋਂ ਪਿਛੋਂ ਕੁੱਛ ਨਹੀਂ ਹੋਇਆ । ਫਿਰ ਮੁਲਾਜ਼ਮਾਂ ਦੀ ਛਾਂਟੀ ਕੀਤੀ ਗਈ, ਯੂਨੀਅਨ ਨੇ ਕਿਹਾ ਕਿ ਛਾਂਟੀ ਕੀਤੇ ਮੁਲਾਜ਼ਮ ਵਾਪਸ ਲਵੋ ਤਾਂ ਵਜ਼ੀਰ ਸਾਹਿਬ ਕਹਿੰਦੇ ਹਨ ਕਿ ਛਾਂਟੇ ਮੁਲਾਜ਼ਮ ਵਾਪਸ ਲਵਾਂਗੇ ਪਰ ਉਸ ਉਪਰ ਵੀ ਅਮਲ ਨਹੀਂ ਹੋਇਆ ਔਰ ਹੁਣ ਫਿਰ ਛਾਂਟੀ ਹੋਣ ਲਗੀ ਹੈ ।

ਡਿਪਟੀ ਸਪੀਕਰ ਸਾਹਿਬ, ਮਨਿਸਟਰ ਸਾਹਿਬ, ਨੇ ਫੈਸਲਾ ਕੀਤਾ ਕਿ ਜਿਨ੍ਹਾਂ ਮੁਲਾਜ਼ਮਾਂ ਨੂੰ ਸਸਪੈਂਡ ਕੀਤਾ ਗਿਆ ਹੈ ਉਨ੍ਹਾਂ ਦੇ ਸੱਸਪੈਨਸ਼ਨ ਆਰਡਰ ਵਾਪਸ ਹੋ ਜਾਣਗੇ ਪਰ ਉਹ ਵੀ ਮੈਨੇ-ਜਿੰਗ ਡਾਇਰੈਕਟਰ ਨੇ ਵਾਪਸ ਨਹੀਂ ਲਏ। ਇਸ ਤਰ੍ਹਾਂ ਹੀ ਟਰਾਂਸਫਰਾਂ ਗਲਤ ਕੀਤੀਆਂ ਗਈਆਂ, ਉਨ੍ਹਾਂ ਵਿਚ ਲੜਕੀਆਂ ਦੀ ਵੀ ਟਰਾਂਸਫਰਜ਼ ਕੀਤੀਆਂ ਗਈਆਂ, ਜਦੋਂ ਇਸ ਬਾਰੇ ਵਜ਼ੀਰ ਸਾਹਿਬ ਨੂੰ ਦੱਸਿਆ ਗਿਆ ਤਾਂ ਕਹਿਣ ਲੱਗੇ ਟਰਾਸਫਰ ਆਰਡਰ ਕੈਂਸਲ ਹੋ ਜਾਣਗੇ ਪਰ ਉਹ ਵੀ ਕੈਂਸਲ ਨਹੀਂ ਹੋਏ। ਡਿਪਟੀ ਸਪੀਕਰ ਸਾਹਿਬ, ਇਥੇ ਹੀ ਬੱਸ ਨਹੀਂ ਜਦੋਂ ਮੁਲਾਜ਼ਮਾਂ ਨਾਲ ਸਮਝੌਤਾ ਕਰਵਾਇਆ ਗਿਆ ਤਾਂ ਉਸ ਤੋਂ ਬਾਅਦ ਦੋ ਮੁਲਾਜ਼ਮ ਡਿਸਮਿੱਸ ਕੀਤੇ ਗਏ। ਤਿੰਨ ਨੂੰ ਚਾਰਜਸ਼ੀਟ ਕੀਤਾ ਗਿਆ। ਵੀਹਵੀਂ ਸਦੀ ਵਿਚ ਡਿਪਟੀ ਸਪੀਕਰ ਸਾਹਿਬ, ਜੇ ਕਰ ਇਹ ਕਿਹਾ ਜਾਵੇ ਮੁਲਾਜ਼ਮਾਂ ਨੂੰ ਕਿ ਤੁਸੀਂ ਐਗਰੀਕਲਚਰ ਮਨਿਸਟਰ ਸਾਹਿਬ ਨੂੰ ਕਿਉਂ ਮਿਲੇ ਤਾਂ ਕੰਮ ਕਿਸ ਤਰ੍ਹਾਂ ਚਲ ਸਕਦਾ ਹੈ। ਡਿਪਟੀ ਸਪੀਕਰ ਸਾਹਿਬ, ਹੋਰ ਮਜ਼ੇ ਦੀ ਗੱਲ ਸੁਣ ਲਓ । ਜਦੋਂ ਯੂਨੀਅਨ ਦੇ ਆਦਮੀ ਗਏ ਤੇ ਮਨਿਸਟਰ ਸਾਹਿਬ ਨੂੰ ਕਿਹਾ ਕਿ ਸਾਨੂੰ ਇਸ ਗੱਲ ਦੀ ਸਜ਼ਾ ਮਿਲੀ ਹੈ, ਸਾਡੀ ਟਰਾਂਸਫਰ ਜਾਂ ਸਾਨੂੰ ਚਾਰਜਸ਼ੀਟ ਇਸ ਗੱਲ ਤੇ ਹੋਈ ਹੈ ਕਿ ਅਸੀਂ ਤੁਹਾਨੂੰ ਕਿਉਂ ਮਿਲੇ ਹਾਂ ਤਾਂ ਵਜ਼ੀਰ ਸਾਹਿਬ ਕਹਿਣ ਲੱਗੇ ਕਿ ਇਹ ਆਰਡਰ ਕੈਂਸਲ ਹੋ ਜਾਣਗੇ। ਉਨ੍ਹਾਂ ਨੇ ਮੈਨੇਜਿੰਗ ਡਾਇਰੈਕਟਰ ਨੂੰ ਕਿਹਾ ਕਿ ਇਸ ਤਰ੍ਹਾਂ ਨਹੀਂ ਸੀ ਹੋਣਾ ਚਾਹੀਦਾ। ਇਹ ਆਰਡਰ ਕੈਂਸਲ ਕਰੋ ਤਾਂ ਮੈਨੇਜਿੰਗ ਡਾਇਰੈਕਟਰ ਸਾਹਿਬ ਕਹਿਣ ਲੱਗੇ ਕਿ ਜੇਕਰ ਤੁਸੀਂ ਇਸ ਤਰ੍ਹਾਂ ਦੇ ਫੈਸਲੇ ਕਰਨੇ ਹਨ ਤਾਂ ਮੈਂ ਛੁੱਟੀ ਚਲਾ ਜਾਂਦਾ ਹਾਂ। ਇਸ ਤਰ੍ਹਾਂ ਦੀ ਹਾਲਤ ਮਨਿਸਟਰ ਸਾਹਿਬ ਦੀ ਹੋਈ ਹੋਈ ਹੈ। ਔਰ ਹੁਣ ਦਸ ਦਿਨਾਂ ਤੋਂ ਉਨ੍ਹਾਂ ਮੁਲਾਜ਼ਮਾਂ ਨੇ ਸੀ. ਐਮ. ਸਾਹਿਬ ਦੀ ਕੋਠੀ ਦੇ ਸਾਹਮਣੇ ਮਰਨਵਰਤ ਰੱਖਿਆ ਹੋਇਆ ਹੈ। ਐਮ. ਡੀ. ਸਾਹਿਬ ਵੀ ਹਵੀਂ ਸਦੀ ਵਿਚ ਅਠਾਰਵੀਂ ਸਦੀ ਵਾਲੇ ਪ੍ਰਾਈਵੇਟ ਮਾਲਕਾਂ ਦੇ ਨਾਲ ਚਲਣਾ ਚਾਹੁੰਦੇ ਹਨ। ਮੈਂ ਕਹਿੰਦਾ ਹਾਂ ਕਿ ਕਿਉਂ ਨਹੀਂ ਐਮ. ਡੀ. ਨੂੰ ਹਟਾਉਂਦੇ। ਡਿਪਟੀ ਸਪੀਕਰ ਸਾਹਿਬ, ਮਨਿਸਟਰ ਸਾਹਿਬ ਦੀ ਕੀ ਇਜ਼ਤ ਰਹਿ ਗਈ। ਜੇਕਰ ਪੈਸੇ ਇਨ੍ਹਾਂ ਨੂੰ ਹੋਰ ਦੇਣੇ ਹਨ ਤਾਂ ਫੌਰੀ ਤੌਰ ਤੇ ਇਨ੍ਹਾਂ ਗੱਲਾਂ ਦਾ ਫੈਸਲਾ ਹੋਣਾ ਚਾਹੀਦਾ ਹੈ। ਉਥੋਂ ਐਮ. ਡੀ. ਨੂੰ ਹਟਾ ਕੇ ਕਿਸੇ ਦਫਤਰ ਵਿਚ ਲਗਾ ਦੇਣਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

ਡਿਪਟੀ ਸਪੀਕਰ ਸਾਹਿਬ, ਇਸ ਤੋਂ ਇਲਾਵਾ ਸਮਾਲ ਇੰਡਸਟਰੀਜ਼ ਲਈ ਪੈਸਾ ਮੰਗਿਆ ਗਿਆ ਹੈ ਕਿ ਬੈਂਕਾਂ ਕੋਲੋਂ ਕਰਜ਼ਾ ਲੈ ਕੇ ਦਿੱਤਾ ਜਾਵੇ, ਸੂਦ ਸਰਕਾਰ ਨੇ ਦੇਣਾ ਹੈ। ਪੰਜ ਲੱਖ ਰੁਪਿਆ ਮੰਗਿਆ ਗਿਆ ਹੈ ਪਰ, ਡਿਪਟੀ ਸਪੀਕਰ ਸਾਹਿਬ, ਸਰਕਾਰ ਨੂੰ ਇਸ ਪਾਸੇ ਵਲ ਧਿਆਨ ਦੇਣਾ ਚਾਹੀਦਾ ਹੈ ਕਿ ਸਮਾਲ ਸਕੇਲ ਇੰਡਸਟਰੀਜ਼ ਵਿਚ ਹੋ ਕੀ ਰਿਹਾ ਹੈ । ਇਕ ਅਨਸਟਾਰਡ ਸਵਾਲ ਨੰ: 169 ਦਾ ਜਵਾਬ ਸਰਕਾਰ ਵਲੋਂ ਦਿੱਤਾ ਗਿਆ ਸੀ। ਸੰਨ 1963, 1964 ਔਰ 1967 ਦੀਆਂ ਸਕੀਮਾਂ ਬਣੀਆਂ ਸਨ ਕੁਝ ਇੰਡਸਟਰੀ ਲਗਾਉਣ ਵਾਸਤੇ ਪਰ ਹੁਣ, ਡਿਪਟੀ ਸਪੀਕਰ ਸਾਹਿਬ, ਧਿਆਨ ਦੇਣ ਦੀ ਗੱਲ ਹੈ ਕਿ ਸੰਨ 1963 ਤੋਂ ਅੱਜ ਸੰਨ 1978 ਆ ਗਿਆ ਹੈ ਔਰ ਉਹ ਸ਼ੈਡ ਖਾਲੀ ਪਏ ਹਨ। ਇਸ ਤਰ੍ਹਾਂ ਕੀ ਛੋਟੀ ਇੰਡਸਟਰੀ ਚੱਲ ਸਕਦੀ ਹੈ ? ਇਸ ਵਿਚ ਵੀ ਐਗਰੋ-ਇੰਡਸਟਰੀਜ਼ ਵਾਲਾ ਕੰਮ ਚਲ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਛੋਟੀ ਇੰਡਸਟਰੀ ਦਾ ਇਕ ਅਦਾਰਾ ਖਾਦੀ ਬੋਰਡ ਹੈ। ਉਥੇ ਦਾ ਜਿਹੜਾ ਸੈਕਟਰੀ ਹੈ ਉਸ ਦੇ ਖਿਲਾਫ ਸਭ ਨੂੰ ਪਤਾ ਹੈ ਕਿ ਇਲਜ਼ਾਮ ਲੱਗੇ ਸਨ। ਵਜ਼ੀਰ ਸਾਹਿਬ ਕਹਿੰਦੇ ਹਨ ਕਿ ਇਨਕੁਆਇਰੀ ਹੋ ਰਹੀ ਹੈ। ਪਰ ਉਸਦਾ ਕੁਝ ਪਤਾ ਨਹੀਂ ਲੱਗ ਰਿਹਾ। ਤਦ 29 ਮੁਲਾਜ਼ਮਾਂ ਨੂੰ ਦੋ ਮਹੀਨੇ ਦੀ ਤਨਖਾਹ ਨਹੀਂ ਮਿਲੀ। ਉਹ ਇਸ ਕਰਕੇ ਨਹੀਂ ਦਿੱਤੀ ਜਾ ਰਹੀ ਕਿ ਮੁਲਾਜ਼ਮ ਚੀਫ਼ ਮਨਿਸਟਰ ਸਾਹਿਬ ਨੂੰ ਕਿਉਂ ਮਿਲੇ ਔਰ ਉਨ੍ਹਾਂ ਨੇ ਚੀਫ ਮਨਿਸਟਰ ਸਾਹਿਬ ਨੂੰ ਇਹ ਗੱਲ ਕਿਉਂ ਕਹੀ ਕਿ ਖਾਦੀ ਬੋਰਡ ਵਿਚ ਗੜਬੜ ਹੋ ਰਹੀ ਹੈ। ਦੋ ਆਦਮੀਆਂ ਨੂੰ ਸੱਸਪੈਂਡ ਕੀਤਾ ਗਿਆ ਪਰ ਉਨ੍ਹਾਂ ਨੂੰ ਕੋਈ ਸੱਸਪੈਨਸ਼ਨ ਅਲਾਊਂਸ ਜਾਂ ਸਬਸਿਸਟੈਂਸ ਅਲਾਊਂਸ ਨਹੀਂ ਦਿੱਤਾ ਗਿਆ। ਚਾਰ ਆਦਮੀ ਟਰਾਂਸਫਰ ਕੀਤੇ ਗਏ ਇਨਕੁਆਇਰੀ ਤੋਂ ਬਾਅਦ ਔਰ ਫਿਰ ਇਨਕੁਆਇਰੀ ਬੈਠਣ ਤੋਂ ਬਾਅਦ ਤਿੰਨ ਮੁਲਾਜ਼ਮਾਂ ਦੀਆਂ ਸੇਵਾਵਾਂ ਟਰਮੀਨੇਟ ਕੀਤੀਆਂ ਗਈਆਂ ਔਰ ਫਿਰ ਕਹਿੰਦੇ ਹਨ ਕਿ ਸੈਕਟਰੀ ਦੇ ਰਹਿਣ ਨਾਲ ਇਨਕੁਆਇਰੀ ਵਿਚ ਇੰਟਰਫੀਰੈਂਸ ਨਹੀਂ ਹੋ ਰਹੀ, ਮੈਂ ਕਹਿੰਦਾ ਹਾਂ ਕਿ ਕਿਸ ਤਰ੍ਹਾਂ ਨਹੀਂ ਹੋ ਰਹੀ ? ਫਿਰ ਚੀਫ਼ ਮਨਿਸਟਰ ਸਾਹਿਬ ਕਹਿੰਦੇ ਹਨ ਕਿ ਸੈਕਟਰੀ ਨੂੰ ਹਟਾਉਣ ਦੀ ਲੋੜ ਨਹੀ ਹੈ। ਡਿਪਟੀ ਸਪੀਕਰ ਸਾਹਿਬ, ਉਥੇ ਤਾਂ ਸੱਸਪੈਨਸ਼ਨਾਂ ਇਸ ਗੱਲ ਤੇ ਹੋ ਰਹੀਆਂ ਹਨ ਕਿ ਤੁਸੀਂ ਚੀਫ਼ ਮਨਿਸਟਰ ਸਾਹਿਬ ਨੂੰ ਕਿਉਂ ਮਿਲੇ ਹੋ, ਔਰ ਇਹ ਕਹਿੰਦੇ ਹਨ ਕਿ ਸੈਕਟਰੀ ਨੂੰ ਹਟਾਉਣ ਦੀ ਲੋੜ ਨਹੀਂ ਹੈ। ਜੇਕਰ ਇਨ੍ਹਾਂ ਨੇ ਇਸ ਤਰ੍ਹਾਂ ਹੀ ਪੈਸੇ ਨੂੰ ਜ਼ਾਇਆ ਕਰਨਾ ਹੈ ਤਾਂ ਕੋਈ ਗੱਲ ਨਹੀਂ ਬਣਦੀ ।

ਫਿਰ, ਡਿਪਟੀ ਸਪੀਕਰ ਸਾਹਿਬ, ਇਥੇ ਜਨਰਲ ਐਡਮਨਿਸਟਰੇਸ਼ਨ ਦੇ ਬਾਰੇ ਪੈਸੇ ਦੀ ਮੰਗ, ਕੀਤੀ ਗਈ ਹੈ। ਇਸ ਬਾਰੇ ਵੀ ਨਓ ਸੁਣ ਲਓ ਕਿ ਸਰਕਾਰ ਕੀ ਕਰ ਰਹੀ ਹੈ? ਐਮਰਜੈਂਸੀ ਐਕਸੈੱਸਿਜ਼ ਦੇ ਲਈ ਜਿਹੜੀ ਅਥਾਰਟੀ ਬੈਠੀ ਹੈ, ਉਸ ਦੇ ਵਾਸਤੇ ਪੈਸਾ ਮੰਗਿਆ ਹੈ । ਡਿਪਟੀ ਸਪੀਕਰ ਸਾਹਿਬ, ਇਹ ਗੱਲ ਕਹੀ ਗਈ ਕਿ ਸਟਾਫ ਪਹਿਲਾਂ ਨਹੀਂ ਪ੍ਰੋਵਾਈਡ ਕੀਤਾ ਗਿਆ, ਪਰ ਕਿਉਂ ਨਹੀਂ ਪਹਿਲਾਂ ਪ੍ਰੋਵਾਈਡ ਹੋ ਸਕਿਆ ? ਸਰਦਾਰ ਗੁਰਦੇਵ ਸਿੰਘ ਨੂੰ ਅਥਾਰਟੀ ਬਣਾ ਕੇ ਉਸ ਨੂੰ ਸਟਾਫ ਨਹੀਂ ਦਿੱਤਾ ਗਿਆ ਔਰ ਹੁਣ ਸਟਾਫ ਦਿੱਤਾ ਜਾਵੇਗਾ । ਤੁਸੀਂ ਵੇਖ ਲਵੋ ਕਈਆਂ ਸੂਬਿਆਂ ਨੇ ਪੁਲਿਸ ਅਫਸਰਾਂ ਨੂੰ, ਜਿਨ੍ਹਾਂ ਨੇ ਉਸ ਵੇਲੇ ਲੋਕਾਂ ਨਾਲ ਜ਼ਿਆਦਤੀਆਂ ਕੀਤੀਆਂ ਸਨ, ਸਜ਼ਾਵਾਂ ਵੀ ਦੇ ਦਿੱਤੀਆਂ ਹਨ ਪਰ ਇਨ੍ਹਾਂ ਨੇ ਪਹਿਲਾਂ ਤਾਂ ਦਸ ਮਹੀਨੇ ਉਸ ਅਥਾਰਿਟੀ ਨੂੰ ਸਟਾਫ ਹੀ ਨਹੀਂ ਦਿੱਤਾ ਔਰ ਹੁਣ ਕਹਿ ਰਹੇ ਹਨ ਕਿ ਅਸੀਂ ਐਫੋਰਡ ਨਹੀਂ ਕਰ ਸਕਦੇ। ਗਲ ਅਸਲ ਕੀ ਹੈ ? ਡਿਪਟੀ ਸਪੀਕਰ ਸਾਹਿਬ, ਅਸਲ ਗਲ ਇਹ ਹੈ ਕਿ ਇਹ ਦਿਲੋਂ ਕੁਰਪਸ਼ਨ ਰੋਕਣਾ ਨਹੀਂ ਚਾਹੁੰਦੇ, ਕੁਰੱਪਸ਼ਨ ਰੋਕਣ ਦੀ ਇਨ੍ਹਾਂ ਦੀ ਨੀਅਤ ਨਹੀਂ ਹੈ । ਜੇਕਰ ਇਨ੍ਹਾਂ ਦੀ ਕੁਰੱਪਸ਼ਨ ਨੂੰ ਰੋਕਣ ਦੀ ਨੀਅਤ ਹੋਵੇ ਤਾਂ ਇਹ ਇਸ ਤਰ੍ਹਾਂ ਨਾ ਕਰਨ। ਇਨ੍ਹਾਂ ਨੂੰ ਮੈਂ ਤਾਂ ਕਹਿੰਦਾ ਹਾਂ ਕਿ ਜੋ ਐਮਰਜੈਂਸੀ ਐਕਸੈੱਸਿਜ਼ ਦੇ ਬਾਰੇ ਜੋ ਇਨਕੁਆਇਰੀ ਵਗੈਰਾ ਹੈ ਉਸ ਦੇ ਨੰਬਰ ਉਤਨੇ ਨਹੀਂ ਮਿਲਣਗੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਜਿਤਨੇਂ ਕਿ, ਜੋ ਕੁਝ ਅੱਜ ਹੋ ਰਿਹਾ ਹੈ, ਜੋ ਅੱਜ ਕੁਰੱਪਸ਼ਨ ਹੋ ਰਹੀ ਹੈ, ਉਸ ਨੂੰ ਰੋਕਣ ਦੇ ਮਿਲਣਗੇ। ਇਹ ਕਿਉਂ ਨਹੀਂ ਇਕ ਪੱਕਾ ਹੀ ਕਮਿਸ਼ਨ ਬਣਾ ਦਿੰਦੇ। ਜਿਸ ਕਿਸੇ ਨੂੰ ਕਿਸੇ ਐਮ. ਐਲ. ਏ. ਦੇ ਖਿਲਾਫ਼, ਕਿਸੇ ਅਫਸਰ ਦੇ ਖਿਲਾਫ ਕੋਈ ਸ਼ਿਕਾਇਤ ਹੋਏ, ਕੋਈ ਇਲਜ਼ਾਮ ਹੋਵੇ ਤਾਂ ਉਹ ਉਥੇ ਉਸ ਨੂੰ ਲੈ ਜਾ ਸਕੇ। ਜਦੋਂ ਇਨ੍ਹਾਂ ਨੂੰ ਇਹ ਗੱਲ ਕਰੋ ਤਾਂ ਇਹ, ਡਿਪਟੀ ਸਪੀਕਰ ਸਾਹਿਬ, ਕਹਿੰਦੇ ਹਨ ਕਿ ਸੈਂਟਰ ਵਲੋਂ ਕਲੀਅਰੈਂਸ ਨਹੀਂ ਮਿਲੀ। ਮੈਂ ਕਹਿੰਦਾ ਹਾਂ ਕਿ ਅਗਰ ਕੇਰਲਾ ਦੀ ਸਰਕਾਰ ਇਹ ਬਿੱਲ ਪੇਸ਼ ਕਰ ਸਕਦੀ ਹੈ ਤਾਂ ਇਹ ਕਿਉਂ ਨਹੀਂ ਕਰ ਸਕਦੇ ? ਸੈਂਟਰ-ਸਟੇਟਸ ਰਿਲੇਸ਼ਨ ਦੇ ਵਿਚ ਦਿੱਲੀ ਦੀ ਸਰਕਾਰ ਕਲੀਅਰੈਂਸ ਨਾ ਦੇਵੇ ਤਾਂ ਫਿਰ ਕੇਰਲਾ ਦੀ ਸਰਕਾਰ ਨੇ ਕਿਸ ਤਰ੍ਹਾਂ ਬਿੱਲ ਪੇਸ਼ ਕਰ ਦਿੱਤਾ ਹੈ, ਔਰ ਪੰਜਾਬ ਸਰਕਾਰ ਕਿਉਂ ਨਹੀਂ ਕਰ ਸਕਦੀ। ਅਸਲ ਵਿਚ, ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਜਨਤਾ ਨਾਲ ਵਾਇਦਾ ਤਾਂ ਜ਼ਰੂਰ ਕੀਤਾ ਹੋਇਆ ਹੈ ਪਰ ਉਸ ਤੇ ਅਮਲ ਨਹੀਂ ਕਰਨਾ ਚਾਹੁੰਦੇ। ਅਮਲ ਕਿਉਂ ਨਹੀਂ ਕਰਦੇ? ਡਿਪਟੀ ਸਪੀਕਰ ਸਾਹਿਬ, ਮੈਂ ਕੁਝ ਸੱਜਣਾ ਦੀ ਗੱਲ ਕਰਦਾ ਹਾਂ। ਇਕ ਚੀਫ ਇੰਜਨੀਅਰ ਸੀ, ਉਨ੍ਹਾਂ ਤੇ ਬੜੇ ਇਲਜ਼ਾਮ ਲੱਗੇ ਸਨ, ਸ੍ਰੀ ਕੈਲਾਸ਼ ਚੰਦ ਦੀ ਗੱਲ ਹੈ । ਇਨ੍ਹਾਂ ਨੇ ਕਿਹਾ ਕਿ ਅਸੀਂ ਕੇਸ ਫੂਲ ਪਰੂਫ ਬਣਾ ਦਿੱਤਾ ਹੈ ਪਰ ਹੁਣ ਹਾਈਕੋਰਟ ਨੇ ਇਨ੍ਹਾਂ ਦੀ ਐਫ. ਆਈ. ਆਰ. ਵੀ ਕੁਐਸ਼ ਕਰ ਦਿੱਤੀ ਹੈ। ਫੂਲ ਪਰੂਫ ਕੇਸ ਬਣਾ ਕੇ ਵਿਜੀਲੈਂਸ ਮਹਿਕਮੇਂ ਨੇ ਇਨ੍ਹਾਂ ਪਾਸ ਭੇਜਿਆ ਪਰ ਇਨ੍ਹਾਂ ਨੇ ਉਨ੍ਹਾਂ ਨੂੰ ਚਲਾਨ ਪੇਸ਼ ਕਰਨ ਦੀ ਇਜਾਜ਼ਤ ਹੀ ਨਹੀਂ ਦਿੱਤੀ। ਹੁਣ ਹਾਈਕੋਰਟ ਨੇ ਕਹਿ ਦਿੱਤਾ ਹੈ ਕਿ 19 ਮਹੀਨੇ ਹੋ ਗਏ ਹਨ ਨਾ ਚਲਾਨ ਪੇਸ਼ ਕਰਦੇ ਹੋ, ਨਾ ਕੋਈ ਹੋਰ ਗੱਲ ਕਰਦੇ ਹੋ, ਇਸ ਲਈ ਹਾਈ-ਕੋਰਟ ਕਹਿੰਦੀ ਹੈ ਕਿ ਮੈਂ ਤੁਹਾਡੇ ਸਾਰੇ ਚਲਾਨ ਔਰ ਐਫ. ਆਈ. ਆਰ. ਰੱਦ ਕਰਦੀ ਹਾਂ। ਡਿਪਟੀ ਸਪੀਕਰ ਸਾਹਿਬ, ਕੀ ਇਸ ਗੱਲ ਨਾਲ ਲੋਕਾਂ ਨੂੰ ਸ਼ੱਕ ਨਹੀਂ ਪੈਂਦਾ ਹੋਵੇਗਾ ਕਿ ਦਰਅਸਲ ਇਹ ਸ੍ਰੀ ਕੈਲਾਸ਼ ਨੂੰ ਬਚਾਉਣ ਲਈ ਸਾਰਾ ਕੁਝ ਇਸ ਤਰ੍ਹਾਂ ਕਰ ਰਹੇ ਹਨ। ਉਸ ਨੂੰ ਬਚਾਉਣ ਲਈ ਵਿਜੀਲੈਂਸ ਨੂੰ ਚਲਾਨ ਪੇਸ਼ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ।

ਇਕ ਗੱਲ, ਡਿਪਟੀ ਸਪੀਕਰ ਸਾਹਿਬ, ਮੈਂ ਹੋਰ ਦੱਸਦਾ ਹਾਂ। ਸਰਦਾਰ ਦਰਸ਼ਨ ਸਿੰਘ ਇਕ ਕਲਰਕ ਹੈ, ਉਹ 23 ਮਈ, 1965 ਨੂੰ ਸੱਸਪੈਂਡ ਕੀਤਾ ਗਿਆ ਕਿਉਂਕਿ ਉਸ ਨੇ ਚਾਰ ਲੱਖ ਰੁਪਿਆ ਗਬਨ ਕਰ ਲਿਆ ਹੈ। ਉਸ ਵਿਚੋਂ ਕੋਈ 98 ਹਜ਼ਾਰ ਰੁਪਿਆ ਤਾਂ ਉਸ ਵਲ ਸਾਬਤ ਹੋ ਗਿਆ। ਚਾਰਜਸ਼ੀਟ ਕੀਤਾ ਗਿਆ। ਫਿਰ ਉਸ ਦਾ ਹੈਡਕੁਆਰਟਰ ਬਦਲ ਕੇ ਗੁਰਦਾਸਪੁਰ ਕਰ ਦਿੱਤਾ ਗਿਆ। ਸਾਰੀਆਂ ਫਾਰਮੈਲਿ-ਟੀਜ਼ ਕੰਪਲੀਟ ਕਰਕੇ ਸੰਨ 1967 ਵਿਚ ਉਸ ਨੂੰ ਡਿਸਮਿੱਸ ਕਰ ਦਿੱਤਾ ਗਿਆ। ਹੁਣ ਗਿਆਰਾਂ ਸਾਲ ਹੋ ਗਏ ਹਨ ਕਈ ਦਫਾ ਟਰੇਡ ਯੂਨੀਅਨ ਨੇ ਵੀ ਇਹ ਆਵਾਜ਼ ਉਠਾਈ ਹੈ ਕਿ ਰੁਪਏ ਉਸ ਪਾਸੋਂ ਲਵੋ, ਪਰ ਡਿਪਟੀ ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ ਕਿ ਦਸ ਪੰਦਰਾਂ ਦਿਨ ਪਹਿਲਾਂ ਬਾਦਲ ਸਾਹਿਬ ਦੀ ਸਰਕਾਰ ਨੇ ਕਿਹਾ ਹੈ ਕਿ ਉਸ ਨੂੰ ਸੱਸਪੈਂਡ ਕੀਤਾ ਗਿਆ ਸੀ ਔਰ ਹੁਣ ਉਸ ਨੂੰ ਬਹਾਲ ਕਰ ਦਿਓ। ਉਸ ਦੇ ਪੈਸੇ ਦੇ ਦਿਓ ਜਿਹੜੇ ਕਿ ਬਣਦੇ ਹਨ। ਜਿਹੜੇ ਚਾਰ ਲੱਖ ਰੁਪਏ ਖਾਧੇ ਸਨ ਉਨ੍ਹਾਂ ਬਾਰੇ ਤਾਂ ਪਤਾ ਨਹੀਂ ਕਿ ਕੀਤਾ ਔਰ ਕੀਤਾ ਕੀ ਕਿ ਉਸ ਨੂੰ ਹੋਰ ਪੈਸੇ ਦਿੱਤੇ ਗਏ। ਪੈਸੇ ਦੇਣ ਲੱਗਿਆਂ ਗੁਰਦਾਸਪੁਰ ਤੋਂ ਪੈਸੇ ਨਹੀਂ ਦਿੱਤੇ ਗਏ ਕਿਉਂਕਿ ਉਥੇ ਪੋਸਟ ਖਾਲੀ ਪਈ ਸੀ, ਦੇ ਨਹੀਂ ਸਨ ਸਕਦੇ। ਗੌਰਮਿੰਟ ਪਾਸੋਂ ਸੈਂਕਸ਼ਨ ਨਹੀਂ ਲਈ ਗਈ ਪਿਛਲੇ ਪੈਸੇ ਲੈਣ ਲਈ ਕਿਉਂਕਿ ਉਸ ਦੇ ਵਾਸਤੇ ਏ. ਜੀ. ਦੀ ਸੈਂਕਸ਼ਨ ਚਾਹੀਦੀ ਸੀ ਔਰ ਕੀਤਾ ਕੀ ਕਿ ਕੋਈ 44 ਹਜ਼ਾਰ ਰੁਪਿਆ ਛੇ ਸਾਲਾਂ ਦਾ ਦੋ ਥਾਵਾਂ ਦੇ ਵਿਚ ਪੇਮੈਂਟ ਕਰ ਦਿੱਤੀ ਹੈ ਔਰ 30 ਹਜ਼ਾਰ ਰੁਪਿਆ ਛੇ ਸਾਲਾਂ ਦਾ ਹੋਰ ਡਾਇਰੈਕਟਰ ਸਾਹਿਬ ਦੀ ਸੈਂਕਸ਼ਨ ਵਾਸਤੇ ਕੇਸ ਚਲਾ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਮੇਰੇ ਪਾਸ ਇਸ ਦੀ ਫੋਟੋ ਸਟੇਟ ਕਾਪੀ ਹੈ, ਇਹ ਵੇਖ ਲਓ। ਹੁਣ ਆਰਡਰ ਹੋ ਗਏ ਹਨ ਕਿ

Original with;
Punjab Vidhan Sabha
Digitized by;
Panjab Digital Library

ਉਸ ਨੂੰ ਰੀਇਨਸਟੇਟ ਕਰ ਦਿਓ। ਡਿਪਟੀ ਸਪੀਕਰ ਸਾਹਿਬ, ਮੈਂ ਇਲਜ਼ਾਮ ਲਾਉਂਦਾ ਹਾਂ ਕਿ ਇਸ ਕੇਸ ਵਿਚ ਰੂਲਿੰਗ ਪਾਰਟੀ ਦੇ ਇਕ ਐਮ. ਐਲ. ਏ. ਨੇ ਅਫ਼ਸਰਾਂ ਤੇ ਦਬਾਓ ਪਾਕੇ ਇਹ ਕੰਮ ਕਰਵਾਇਆ ਹੈ। ਉਸ ਨੇ ਇਸ ਵਾਸਤੇ ਇਕ ਲੱਖ ਰੁਪਿਆ ਲਿਆ ਹੈ ਔਰ ਉਸ ਵਿਚ ਉਸ ਦਾ ਚੌਥਾ ਹਿੱਸਾ ਉਸ ਆਦਮੀ ਨੇ ਕਿਸੇ ਹੋਰ ਨੂੰ ਦਿੱਤਾ ਹੈ ਇਹ ਕੰਮ ਕਰਵਾਉਣ ਲਈ। (ਸ਼ੇਮ, ਸ਼ੇਮ ਦੀਆਂ ਆਵਾਜ਼ਾਂ)।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੱਲ ਹੋਰ ਵੀ ਦੱਸਣੀ ਚਾਹੁੰਦਾ ਹਾਂ ਜੇ ਕੁਰੱਪਸ਼ਨ ਦੂਰ ਕਰਨੀ ਹੈ ਤਾਂ ਇਹ ਇਸ ਤਰ੍ਹਾਂ ਨਹੀਂ ਹੋਣੀ। ਇਸ ਨੂੰ ਮਜ਼ਬੂਤੀ ਨਾਲ ਦੂਰ ਕਰਨਾ ਪੈਣਾ ਹੈ। ਮੈਂ ਇਕ ਕੁਰੱਪਸ਼ਨ ਦੀ ਹੋਰ ਮਿਸਾਲ ਦਿੰਦਾ ਹਾਂ। ਹਿੰਦੁਸਤਾਨ ਸਟੀਲ ਲਿਮਟਿਡ, ਗੋਬਿੰਦਗੜ੍ਹ ਵਿਚੋਂ ਸਟੀਲ ਬਾਹਰ ਵੰਡਿਆ ਜਾਂਦਾ ਸੀ ਔਰ ਇਸ ਦਾ ਕਾਂਟਰੈਕਟ ਕੀਤਾ ਜਾਂਦਾ ਸੀ। ਪਹਿਲੇ ਇਹ ਇਕ ਪ੍ਰਾਈਵੇਟ ਆਦਮੀ ਨੂੰ ਕਾਂਟਰੈਕਟ 19 ਰੁਪਏ ਵਿੱਚ ਦਿੱਤਾ ਹੋਇਆ ਸੀ। ਪਰ ਬਾਅਦ ਵਿਚ ਇਹ ਕਾਂਟਰੈਕਟ 20 ਰੁਪਏ ਦੇ ਹਿਸਾਬ ਨਾਲ ਸਮਾਲ ਸਕੇਲ ਇੰਡਸਟਰੀਜ਼ ਕਾਰਪੋਰੇਸ਼ਨ ਦੇ ਇਕ ਆਦਮੀ ਨੂੰ ਦਿੱਤਾ ਗਿਆ। ਇਸ ਉਤੇ ਉਥੋਂ ਦੀ ਲੇਬਰਰਜ਼ ਨੇ ਕਾਫੀ ਨੁਕਤਾਚੀਨੀ ਵੀ ਕੀਤੀ। ਇਸ ਤੇ ਉਹ ਕਾਂਟਰੈਕਟ 13 ਰੁਪਏ ਲੇਬਰ ਦੇ ਹਿਸਾਬ ਨਾਲ ਕਿਸੇ ਹੋਰ ਨੂੰ ਦਿੱਤਾ ਗਿਆ ਅਤੇ ਜਿਸ ਨੂੰ ਇਹ ਠੇਕਾ ਦਿੱਤਾ ਗਿਆ ਉਹ ਇਹ ਕੰਮ ਕਰਵਾਉਣ ਲਈ ਆਪਣੀ ਲੇਬਰਰ ਨੂੰ 9 ਰੁਪਏ ਦਿੰਦਾ ਹੈ। ਇਸ ਤੇ ਉਥੋਂ ਦੇ ਲੇਬਰਰਜ਼ ਨੇ ਕਾਫੀ ਸ਼ੋਰ ਮਚਾਇਆ, ਕਾਫੀ ਨੁਕਤਾਚੀਨੀ ਕੀਤੀ ਤਾਂ ਉਸ ਮਿਲ ਦੇ ਮਨੇਜਿੰਗ ਡਾਇਰੈਕਟਰ ਨੂੰ ਪੁਛਿਆ ਗਿਆ ਉਸ ਨੇ ਜਵਾਬ ਵਿਚ ਕਿਹਾ ਕਿ ਕਿਉਂਕਿ ਇਹ ਕੰਮ ਟੈਂਪਰੇਰੀ ਸੀ ਇਸ ਲਈ ਇਹ ਕੰਮ ਠੇਕੇ ਤੇ ਦਿੱਤਾ ਗਿਆ ਸੀ। ਇਸ ਤਰ੍ਹਾਂ ਨਾਲ ਲੱਖਾਂ ਰੁਪਏ ਉਹ ਆਦਮੀ ਖਾ ਗਿਆ। ਡਿਪਟੀ ਸਪੀਕਰ ਸਾਹਿਬ, ਗੋਬਿੰਦਗੜ੍ਹ ਦਾ ਬੱਚਾ ਬੱਚਾ ਕਹਿੰਦਾ ਹੈ ਕਿ ਇਸ ਕੇਸ ਵਿਚ ਰੂਲਿੰਗ ਪਾਰਟੀ ਦੇ ਬੰਦਿਆਂ ਦਾ ਕੁਝ ਹਿੱਸਾ ਹੈ (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਡਿਪਟੀ ਸਪੀਕਰ ਸਾਹਿਬ, ਇਹ ਜਨਰਲ ਐਡਮਨਿਸਟ੍ਰੇਸ਼ਨ ਦਾ ਹਾਲ ਹੈ। ਇਸ ਵਿਚੋਂ ਕੁਰੱਪਸ਼ਨ ਕਿਸ ਤਰ੍ਹਾਂ ਦੂਰ ਹੋ ਸਕਦੀ ਹੈ? ਮੈਂ ਇਸ ਤਰ੍ਹਾਂ ਦੀਆਂ ਕਈ ਮਿਸਾਲਾਂ ਦੇ ਸਕਦਾ ਹਾਂ। ਮੈਂ ਕੁਰੱਪਸ਼ਨ ਦੀ ਇਕ ਹੋਰ ਵੀ ਮਿਸਾਲ ਦਿੰਦਾ ਹਾਂ। ਧਾਰੀਵਾਲ ਵਿਚ ਇਕ ਮਿਲ ਹੈ, ਉਥੋਂ ਦੇ ਲੇਬਰਰਜ਼ ਨੂੰ ਜਿਹੜਾ ਅਵਾਰਡ ਮਿਲਣਾ ਸੀ ਉਹ ਨਹੀਂ ਦਿੱਤਾ ਗਿਆ। ਉਨ੍ਹਾਂ ਨੇ ਮੰਗ ਕੀਤੀ ਪਰ ਉਨ੍ਹਾਂ ਦੀ ਮੰਗ ਨਹੀਂ ਮੰਨੀ ਗਈ। ਸੁਪ੍ਰੀਮ ਕੋਰਟ ਵਿਚ ਅਪੀਲ ਕੀਤੀ ਗਈ।

**ਸਰਦਾਰ ਸਰਵਣ ਸਿੰਘ :** ** ** **

**Mr. Deputy Speaker** : This is no point of order.

**ਕਾਮਰੇਡ ਸੱਤ ਪਾਲ ਡਾਂਗ:** ਡਿਪਟੀ ਸਪੀਕਰ ਸਾਹਿਬ, ਇਹ ਅਵਾਰਡ ਜੋ ਵਰਕਰਜ਼ ਨੂੰ ਮਿਲਣ ਸੀ ਉਹ ਨਹੀਂ ਦਿੱਤਾ ਗਿਆ। ਕੇਸ ਸੁਪਰੀਮ ਕੋਰਟ ਵਿਚ ਗਿਆ। ਪਰ, ਡਿਪਟੀ ਸਪੀਕਰ ਸਾਹਿਬ, ਮੈਂ ਇਲਜ਼ਾਮ ਲਾਉਂਦਾ ਹਾਂ ਕਿ ਜਿਹੜਾ ਉਥੇ ਸਰਕਾਰੀ ਵਕੀਲ ਸੀ ਜਿਸ ਨੇ ਵਰਕਰਜ਼ ਦੇ ਹੱਕ ਵਿਚ ਬਿਆਨ ਦੇਣਾ ਸੀ, ਉਸ ਨੇ ਉਥੇ ਇਨਬਿਨ ਉਹੀ ਬੋਲੀ ਉਥੇ ਬੋਲੀ ਜੋ ਬੀ. ਐਸ. ਸੀ. ਦਾ ਮਾਲਕ ਬੋਲੀ ਬੋਲਦਾ ਹੈ। ਇਹ ਹਾਲ ਹੈ ਇਨ੍ਹਾਂ ਦਾ, ਫਿਰ ਤੁਸੀਂ ਦਸੋ ਕਿ ਇਹ ਕੁਰੱਪਸ਼ਨ ਕਿਸ ਤਰ੍ਹਾਂ ਖਤਮ ਹੋਵੇਗੀ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਡਿਪਟੀ ਸਪੀਕਰ ਸਾਹਿਬ, ਇਸੇ ਤਰ੍ਹਾਂ ਹੀ ਗੋਬਿੰਦਗੜ੍ਹ ਦੇ ਕਾਰਖਾਨੇ ਦੇ ਮਜ਼ਦੂਰਾਂ ਨੇ ਕੁਝ ਮੰਗਾਂ ਮੰਗੀਆਂ, ਇਸ ਤੇ ਮਾਲਕਾਂ ਨੇ ਉਨ੍ਹਾਂ ਦੀਆਂ ਮੰਗਾਂ ਨਾ ਮੰਨ ਕੇ ਉਥੇ ਤਾਲਾਬੰਦੀ ਕਰ ਦਿੱਤੀ ਅਤੇ ਹੋਰ ਕਈ ਤਰ੍ਹਾਂ ਨਾਲ ਉਨ੍ਹਾਂ ਨੂੰ ਤੰਗ ਕੀਤਾ ਗਿਆ। ਜਿਹੜੀਆਂ ਉਨ੍ਹਾਂ ਦੀਆਂ ਮੰਗਾਂ ਸਨ ਉਸ ਵਾਸਤੇ ਡਿਪਟੀ ਸਪੀਕਰ ਸਾਹਿਬ, ਉਥੋਂ ਦੀ ਮਿਲ ਮਾਲਕਾਂ ਦੀ ਐਸੋਸੀਏਸ਼ਨ ਕਹਿੰਦੀ ਹੈ ਕਿ ਵਰਕਰਜ਼ ਦੀ ਮੰਗ ਜਾਇਜ਼ ਹੈ ਔਰ ਇਹ ਫੈਸਲਾ ਵੀ ਕੀਤਾ ਗਿਆ ਕਿ ਉਨ੍ਹਾਂ ਦੀਆਂ ਮੰਗਾਂ ਮੰਨੀਆਂ ਜਾਣ। ਪਰ ਡਿਪਟੀ ਸਪੀਕਰ ਸਾਹਿਬ, ਕੀ ਹੁੰਦਾ ਹੈ, ਇਥੋਂ ਇਕ ਆਈ. ਜੀ. ਸਾਹਿਬ ਦਾ ਟੈਲੀਫੂਨ ਚਲਾ ਜਾਂਦਾ ਹੈ ਕਿ ਵਰਕਰਜ਼ ਨੂੰ ਹੈਰਾਸ ਕੀਤਾ ਜਾਵੇ ਤਾਂ ਕਿ ਉਹ ਆਪਣੀਆਂ ਮੰਗਾਂ ਵਾਪਿਸ ਲੈ ਲੈਣ। ਡਿਪਟੀ ਸਪੀਕਰ ਸਾਹਿਬ, ਮੈਂ ਇਲਜ਼ਾਮ ਲਾਉਂਦਾ ਹਾਂ ਕਿ ਇਸ ਵਿਚ ਰੂਲਿੰਗ ਪਾਰਟੀ ਦੇ ਬੰਦਿਆਂ ਦਾ ਹੱਥ ਹੈ। ਉਨ੍ਹਾਂ ਨੇ ਇਹ ਕੰਮ ਨਹੀਂ ਹੋਣ ਦਿੱਤਾ। ਹੁਣ ਤੁਸੀਂ ਦੱਸੋ ਕਿ ਉਨ੍ਹਾਂ ਮਜ਼ਦੂਰਾਂ ਨਾਲ ਕੀ ਇਨਸਾਫ਼ ਹੋਵੇਗਾ। ਡਿਪਟੀ ਸਪੀਕਰ ਸਾਹਿਬ, ਜੋ ਐਡਮਨਿਸਟ੍ਰੇਸ਼ਨ ਚਲ ਰਹੀ ਹੈ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਉਸ ਵਿਚ ਸਰਕਾਰ ਵੇਖੇ ਕਿ ਕਿੰਨੇ ਕੁ ਵਡੇ ਅਫ਼ਸਰਾਂ ਨੇ ਚੰਡੀਗੜ੍ਹ ਅਤੇ ਮੋਹਾਲੀ ਵਿਖੇ ਆਪਣੀਆਂ ਕੋਠੀਆਂ ਬਣਾਕੇ ਜਾਇਜ਼ ਕਰਾਏ ਨਾਲੋਂ 3, 4 ਗੁਣਾ ਵੱਧ ਕਰਾਏ ਤੇ ਸਰਕਾਰ ਨੂੰ ਦਿੱਤੀਆਂ ਹੋਈਆਂ ਹਨ। ਜਿਥੇ ਇਹ ਹਾਲ ਐਡਮਨਿਸਟ੍ਰੇਸ਼ਨ ਦਾ ਹੋਵੇ, ਉਥੇ ਐਡਮਨਿਸਟ੍ਰੇਸ਼ਨ ਕਿਸ ਤਰ੍ਹਾਂ ਚਲ ਸਕਦੀ ਹੈ ਅਤੇ ਨਾ ਹੀ ਇਥੋਂ ਕੁਰੱਪਸ਼ਨ ਦੂਰ ਹੋ ਸਕਦੀ ਹੈ।

ਡਿਪਟੀ ਸਪੀਕਰ ਸਾਹਿਬ, ਇਕ ਗੱਲ ਮੈਂ ਹੋਰ ਦੱਸਦਾ ਹਾਂ। ਕੁਝ ਲੈਂਡ ਲਾਰਡਜ਼ ਨੇ ਲੈਂਡ ਸੀਲਿੰਗ ਐਕਟ, 1973 ਦੇ ਅਨੁਸਾਰ ਜਿਹੜੀ ਉਨ੍ਹਾਂ ਦੀ ਸਰਪਲੱਸ ਜ਼ਮੀਨ ਸੀ ਉਸ ਤੇ ਆਪਣੇ ਬੇਨਾਮੀ ਟੇਨੈਂਟ ਵਿਖਾ ਕੇ ਉਹ ਜ਼ਮੀਨ ਆਪਣੇ ਕੋਲ ਰਖੀ ਹੋਈ ਹੈ। ਕਿਉਂਕਿ ਇਸ ਐਕਟ ਦੇ ਵਿਚ ਹਾਈਕੋਰਟ ਨੇ ਇਹ ਆਰਡਰ ਕੀਤੇ ਸਨ ਕਿ ਜਿਹੜੀ ਵੀ ਲੈਂਡਲਾਰਡ ਦੇ ਨਾਲ ਲਗਦੀ ਸਰਪਲਸ ਜ਼ਮੀਨ ਹੈ ਜੇ ਉਥੇ ਕੋਈ ਟੇਨੈਂਟਸ ਬੈਠੇ ਹਨ ਤਾਂ ਉਹ ਜ਼ਮੀਨ ਉਸ ਲੈਂਡਲਾਰਡ ਦੀ ਮੰਨੀ ਜਾਵੇਗੀ। ਇਸ ਤੇ ਕਈ ਲੈਂਡਲਾਰਡ ਨੇ ਬੇਨਾਮੀ ਟੇਨੈਂਟ ਸ਼ੋ ਕਰਕੇ ਉਹ ਸਰਪਲੱਸ ਜ਼ਮੀਨਾਂ ਆਪਣੇ ਕੋਲ ਰਖੀਆਂ ਹੋਈਆਂ ਹਨ। ਸਰਕਾਰ ਦੀਆਂ ਹਦਾਇਤਾਂ ਇਹ ਸਨ ਕਿ ਉਹ ਜ਼ਮੀਨ ਲੈਂਡ ਲਾਰਡਜ਼ ਦੀ ਨਹੀਂ ਮੰਨੀ ਜਾਵੇਗੀ। ਜਦੋਂ ਹਾਈ ਕੋਰਟ ਨੇ ਇਹ ਆਰਡਰ ਕੀਤੇ ਤਾਂ ਸਰਕਾਰ ਨੇ ਆਪਣੇ ਐਲ. ਆਰ. ਨੂੰ ਪੁਛਿਆ। ਐਲ. ਆਰ ਨੇ ਕਿਹਾ ਕਿ ਇਹ ਨਜਾਇਜ਼ ਗਲ ਹੈ ਇਸ ਤੇ ਅਪੀਲ ਹੋ ਸਕਦੀ ਹੈ। ਇਹ ਸਾਡਾ ਮਜ਼ਬੂਤ ਕੇਸ ਹੈ। ਇਸ ਤੋਂ ਬਾਅਦ ਸਰਕਾਰ ਨੇ ਹਿੰਦੁਸਤਾਨ ਦੇ ਅਟਾਰਨੀ ਜਨਰਲ ਨੂੰ ਪੁਛਿਆ, ਉਸ ਨੇ ਇਹ ਕਿਹਾ ਕਿ ਇਹ ਜਾਇਜ਼ ਕੇਸ ਹੈ ਔਰ ਇਸ ਤੇ ਅਪੀਲ ਕਰਨੀ ਚਾਹੀਦੀ ਹੈ। ਜਦੋਂ ਸਰਕਾਰ ਅਪੀਲ ਕਰਨ ਲਗੀ ਤਾਂ ਲੈਂਡ ਲਾਰਡਜ਼ ਦੀ ਲਾਬੀ ਇਤਨੀ ਹਾਵੀ ਹੈ ਕਿ ਉਸ ਨੇ ਹਾਲੇ ਤਕ ਇਹ ਅਪੀਲ ਨਹੀਂ ਹੋਣ ਦਿੱਤੀ ਅਤੇ ਹੁਣ ਇਹ ਫੈਸਲਾ ਕਰਵਾ ਲਿਆ ਹੈ ਕਿ ਅਪੀਲ ਨਹੀਂ ਕੀਤੀ ਜਾਵੇਗੀ। ਡਿਪਟੀ ਸਪੀਕਰ ਸਾਹਿਬ, ਇਹ ਹਾਲ ਹੈ ਜਨਰਲ ਐਡਮਨਿਸਟ੍ਰੇਸ਼ਨ ਦਾ। ਲੈਂਡਲਾਰਡਜ਼ ਲਾਬੀ ਇਸ ਨੂੰ ਨਹੀਂ ਚਲਣ ਦਿੰਦੀ।

ਡਿਪਟੀ ਸਪੀਕਰ ਸਾਹਿਬ, ਜਨਰਲ ਐਡਮਨਿਸਟ੍ਰੇਸ਼ਨ ਦਾ ਕੀ ਹਾਲ ਹੈ, ਹੁਣ ਮੈਂ ਇਹ ਵੀ ਦੱਸਦਾ ਹਾਂ ..

**ਸਰਦਾਰ ਸਰਵਣ ਸਿੰਘ :** ** ** **

**Mr. Deputy Speaker :** This is no point of order.

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤ ਪਾਲ ਡਾਂਗ:** ਡਿਪਟੀ ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ ਕੁਰੱਪਸ਼ਨ ਦਾ ਕੀ ਹਾਲ ਹੈ, ਪੰਜਾਬ ਫੂਡ ਕਾਰਪੋਰੇਸ਼ਨ ਵਿਚ ਬਹੁਤ ਭਾਰੀ ਕੁਰੱਪਸ਼ਨ ਹੈ। ਮੈਂ ਇਸ ਬਾਰੇ ਲਿਖ ਕੇ ਵੀ ਦਿੱਤਾ ਹੈ। ਇਸੇ ਤਰ੍ਹਾਂ ਹੀ ਡਿਪਟੀ ਸਪੀਕਰ ਸਾਹਿਬ, ਮੈਂ ਡੇਅਰੀ ਡਿਵੈਲਪਮੈਂਟ ਦੇ ਬਾਰੇ ਦੱਸਾਂ ਕਿ ਉਨ੍ਹਾਂ ਨੇ 8, 8 ਹਜ਼ਾਰ ਰੁਪਏ ਦੀ ਗਊ 2, 2 ਹਜ਼ਾਰ ਰੁਪਏ ਵਿਚ ਵੇਚੀ। ਇਸ ਬਾਰੇ ਚੀਫ਼ ਮਨਿਸਟਰ ਸਾਹਿਬ ਨੇ ਹੁਕਮ ਕੀਤਾ ਕਿ ਇਹ ਗਊਆਂ ਨਹੀਂ ਵੇਚਣੀਆਂ, ਪਰ ਉਹ ਚਿੱਠੀ ਪਾੜ ਦਿੱਤੀ ਗਈ ਅਤੇ ਉਹ 12 ਗਊਆਂ ਚੇਅਰਮੈਨ ਨੇ ਆਪਣੇ ਫਾਰਮ ਵਿਚ ਰੱਖ ਲਈਆਂ। ਇਹ ਹਾਲ ਹੈ ਕੁਰੱਪਸ਼ਨ ਦਾ।

ਡਿਪਟੀ ਸਪੀਕਰ ਸਾਹਿਬ, ਜਨਰਲ ਐਡਮਨਿਸਟ੍ਰੇਸ਼ਨ ਦਾ ਕੀ ਹਾਲ ਹੈ ? 25 ਜੁਲਾਈ, 1978 ਦੀ ਅਖ਼ਬਾਰ ਵਿਚ ਇਕ ਖਬਰ ਛੱਪੀ ਹੈ ਪਰ ਉਸ ਨੂੰ ਇਨ੍ਹਾਂ ਨੇ ਕੰਟਰਾਡਿਕਟ ਨਹੀਂ ਕੀਤਾ। ਉਹ ਮੈਂ ਦੱਸਦਾ ਹਾਂ :

> One of the members, Mr. Rup Lal Sathi, who is also General Secretary of the State Janata Party, felt so strong about the corruption and the alleged protection to the corrupt by those in authority that he called for the setting-up of a commission of inquiry. He volunteered to file affidavit before such a commission. Mr. Sathi said he was prepared to make specific allegations against the present Ministers too. Mr Sathi saw support from a number of his colleagues including Mr. Om Parkash Bagga, Mr. Hukam Chand, Dr. Sadhu Ram, Mr. Sarup Singh, Mr. Ramesh Chander and Mr. Gardhara Singh.

ਡਿਪਟੀ ਸਪੀਕਰ ਸਾਹਿਬ, ਇਹ ਖਬਰ ਕਿਸੇ ਨੇ ਕੰਟਰਾਡਿਕਟ ਨਹੀਂ ਕੀਤੀ। ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਕੇਸ ਦੱਸਦਾ ਹਾਂ। ਪੰਜਾਬ ਵਿਚ ਸ੍ਰੀ ਚੰਦਰ ਸ਼ੇਖਰ, ਜਨਤਾ ਪਾਰਟੀ ਦੇ ਪ੍ਰਧਾਨ ਆਏ। ਅੰਮ੍ਰਿਤਸਰ ਰੂਰਲ ਜਨਤਾ ਪਾਰਟੀ ਦੇ ਲੀਡਰ ਸਰਦਾਰ ਮੱਖਣ ਸਿੰਘ ਨੇ ਉਨ੍ਹਾਂ ਨੂੰ ਇਕ ਮੈਮੋਰੈਂਡਮ ਦਿੱਤਾ, ਉਸ ਦਾ ਜਿਸਟ ਕੀ ਸੀ, ਇਹ 9 ਅਗਸਤ 1978 ਦੀ ਟ੍ਰਿਬਿਊਨ ਵਿਚ ਛਪਿਆ ਹੈ. . . .

> Mr. Makhan Singh Tarsikka alleged that a public sector factory, Punjab Breweries, having assets of Rs 5 crores has been sold to a private firm of Bangalore for Rs 60 lakh without the formal sanction of the State Cabinet and without calling for tenders. He further alleged that Amritsar district had surpassed the level in gold and opium smuggling reached during the Indira Gandhi regime. Known smugglers were now often seen in the company of Ministers.

ਡਿਪਟੀ ਸਪੀਕਰ ਸਾਹਿਬ, ਮੇਰੇ ਦੋਸਤ ਰਮੇਸ਼ ਜੀ ਇਥੇ ਬੈਠੇ ਹਨ, ਇਨ੍ਹਾਂ ਦੀ ਅਖ਼ਬਾਰ ਦੱਸਦੀ ਹੈ ਕਿ ਪੰਜਾਬ ਵਿਚ ਇਮਾਨਦਾਰੀ ਦਾ ਕੀ ਹਾਲ ਹੈ। ਇਨ੍ਹਾਂ ਦੀ ਅਖਬਾਰ ਲਿਖਦੀ ਹੈ ਕਿ ਬਾਦਲ ਸਾਹਿਬ ਨੇ ਇਕ ਡੀ.ਆਈ.ਜੀ. ਨੂੰ 5000 ਰੁਪਿਆ ਦਿੱਤਾ। ਜੇ ਮੈਂ ਇਸ ਤਰ੍ਹਾਂ ਦੀਆਂ ਖਬਰਾਂ ਪੜ੍ਹ ਕੇ ਸੁਣਾਵਾਂ ਤਾਂ ਸਮਾਂ ਕਾਫੀ ਲਗੇਗਾ, ਇਸ ਅਖ਼ਬਾਰ ਵਿਚ ਇਹ ਵੀ ਲਿਖਿਆ ਹੈ ਕਿ 19 ਲੱਖ 62 ਹਜ਼ਾਰ ਰੁਪਏ ਦੀ ਕੀਮਤ ਦੀ ਜਿਹੜੀ ਜ਼ਮੀਨ ਹੈ ਉਹ ਹੜੱਪ ਕੀਤੀ ਗਈ ਹੈ। ਇਹ ਖਬਰ 'ਹਿੰਦ ਸਮਾਚਾਰ' ਵਿਚ ਛੱਪੀ ਹੈ। ਸਰਦਾਰ ਜਸਬੀਰ ਸਿੰਘ ਡਿਸੀਡੈਂਟ ਗਰੁੱਪ ਦੇ ਨਾਲ ਸਬੰਧ ਰੱਖਦੇ ਹਨ ਅਤੇ ਉਹ ਸਰਦਾਰ ਗੁਰਨਾਮ ਸਿੰਘ ਦੇ ਲੜਕੇ ਹਨ। ਉਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਵਿਚ ਬਹੁਤ ਕੁਰੱਪਸ਼ਨ ਫੈਲ ਰਹੀ ਹੈ। ਮੈਂ ਸਾਰੀਆਂ ਅਖਬਾਰਾਂ ਪੜ੍ਹ ਕੇ ਨਹੀਂ ਸੁਣਾ ਸਕਦਾ। ਮੇਰੇ ਕੋਲ 11 ਅਗਸਤ ਦੀ ਅਖਬਾਰ ਦੇ ਵਿਚ ਤਾਲੀਮ ਦੇ ਬਾਰੇ ਵੀ ਆਇਆ ਹੈ। ਜਨਰਲ ਐਡਮਨਿਸਟ੍ਰੇਸ਼ਨ ਦਾ ਇਸ ਵੇਲੇ ਕੀ ਹਾਲ ਹੈ ? ਮੈਨੂੰ ਦੱਸਦੇ ਹੋਏ ਖੁਦ ਸ਼ਰਮ ਮਹਿਸੂਸ ਹੋ ਰਹੀ ਹੈ। ਡਿਪਟੀ ਸਪੀਕਰ ਸਾਹਿਬ, ਅਸੀਂ ਉਦੋਂ ਵੀ ਇਲਜ਼ਾਮ ਲਗਾਉਂਦੇ ਸੀ ਜਦੋਂ ਅਕਾਲੀ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਪਾਰਟੀ ਪਾਵਰ ਦੇ ਵਿਚ ਨਹੀਂ ਸੀ। ਅਸੀਂ ਇਨ੍ਹਾਂ ਦਾ ਸਾਥ ਦਿੰਦੇ ਸੀ। ਇਕ ਗੱਲ ਹੋਰ ਦੱਸਦਾ ਹਾਂ ਕਿ ਅੰਮ੍ਰਿਤਸਰ ਦੇ ਵਿਚ ਡੀ. ਈ. ਓ. ਵੱਲੋਂ ਇਕ ਸਰਕੂਲਰ ਇਸ਼ੂ ਕੀਤਾ ਗਿਆ ਸਕੂਲਾਂ ਦੇ ਵਿਚ ਬੱਚਿਆਂ ਨੂੰ ਕਿ ਅਕਾਲੀ-ਜਨਤਾ ਪਾਰਟੀ ਦੀ ਸਰਕਾਰ ਦੀ ਇਕ ਸਾਲ ਦੇ ਕਾਰਨਾਮੇ ਬਾਰੇ ਪ੍ਰਚਾਰ ਕੀਤਾ ਜਾਵੇ। ਕੀ ਇਹ ਮਿਸਯੂਜ਼ ਆਫ ਪਾਵਰ ਨਹੀਂ ਹੈ, ਜਿਸ ਦੀ ਇਹ ਵਿਰੋਧਤਾ ਕਰਦੇ ਆਏ ਹਨ ਪਰ ਖੁਦ ਇਹ ਕੰਮ ਕਰਵਾ ਰਹੇ ਹਨ? ਹੁਣ ਹਾਊਸ ਖੁਦ ਹੀ ਅੰਦਾਜ਼ਾ ਲਗਾ ਸਕਦਾ ਹੈ ਕਿ ਲਾਅ ਐਂਡ ਆਰਡਰ ਦਾ ਕੀ ਹਾਲ ਹੈ। ਮੇਰੇ ਕੋਲ ਤਾਂ ਕਈ ਮਿਸਾਲਾਂ ਹਨ, ਜਿਹੜੀਆਂ ਮੈਂ ਇਸ ਹਾਊਸ ਦੇ ਵਿਚ ਦੇ ਸਕਦਾ ਹਾਂ। 'ਟ੍ਰਿਬਿਊਨ' ਇਕ ਐਸਾ ਅਖਬਾਰ ਹੈ ਜਿਹੜਾ ਜਨਤਾ ਪਾਰਟੀ ਦਾ ਬੜਾ ਵੱਡਾ ਸਪੋਰਟਰ ਰਿਹਾ ਹੈ। ਉਹ ਕੀ ਲਿਖ ਰਿਹਾ ਹੈ ਇਨ੍ਹਾਂ ਦੇ ਬਾਰੇ ਕਿ ਕਿਸ ਤਰੀਕੇ ਦੇ ਨਾਲ ਕਰਾਈਮਜ਼ ਵੱਧ ਰਹੇ ਹਨ ਅਤੇ ਸਾਰੇ ਹਿੰਦੁਸਤਾਨ ਦੇ ਵਿਚ ਪੰਜਾਬ ਵਿਚ ਕਰਾਈਮ ਸਾਰਿਆਂ ਨਾਲੋਂ ਜ਼ਿਆਦਾ ਹਨ। ਡਿਪਟੀ ਸਪੀਕਰ ਸਾਹਿਬ, ਇਹ ਧਿਆਨ ਦੇ ਨਾਲ ਸਰਕਾਰ ਨੋਟ ਕਰ ਲਵੇ ਅਤੇ 31 ਅਗਸਤ, 1978 ਦੀ 'ਟ੍ਰਿਬਿਊਨ' ਵਿਚ ਲਿਖਿਆ ਹੈ :

> "But although Delhi gets a lot of attention because of its status as the seat of the Central Government and a local press, the situation is not vastly different in Bombay, Kanpur, Patna, Ludhiana, Amritsar or Jullundur. A new fearlessness has become over the lawless population of the country. It is not the sudden emergence of a desperate spirit nor is every crime related to economic reasons. Crime is now more frequent and often more dastardly, because of a decreased fear of punishment either because of political interference at the stage of investigation of because those entrusted with the enforcement of law and order are a demoralised and dispirited lot of men.

**ਸ੍ਰੀ ਡਿਪਟੀ ਸਪੀਕਰ** : ਡਾਂਗ ਸਾਹਿਬ, ਤੁਸੀਂ ਕਿੰਨਾ ਵਕਤ ਹੋਰ ਲਵੋਗੇ ?

**ਕਾਮਰੇਡ ਸੱਤ ਪਾਲ ਡਾਂਗ**: ਮੈਂ 15 ਮਿੰਟ ਹੋਰ ਲਵਾਂਗਾ ਜੀ।

**ਸ੍ਰੀ ਡਿਪਟੀ ਸਪੀਕਰ**: ਡਾਂਗ ਸਾਹਿਬ, ਤੁਸੀਂ 10 ਮਿੰਟ ਦੇ ਵਿਚ ਹੀ ਖਤਮ ਕਰ ਦੇਵੋ ਕਿਉਂਕਿ ਟਾਈਮ ਬਹੁਤ ਘੱਟ ਹੈ।

**ਕਾਮਰੇਡ ਸੱਤ ਪਾਲ ਡਾਂਗ** : ਡਿਪਟੀ ਸਪੀਕਰ ਸਾਹਿਬ, ਮੈਂ ਕੋਸ਼ਿਸ਼ ਕਰਾਂਗਾ ਕਿ ਜਲਦੀ ਤੋਂ ਜਲਦੀ ਖਤਮ ਕਰ ਦੇਵਾਂ। ਇਸ ਸਮੇਂ ਲਾਅ ਐਂਡ ਆਰਡਰ ਦੀ ਕੀ ਪੁਜ਼ੀਸ਼ਨ ਹੈ, ਇਸ ਬਾਰੇ 25 ਜੁਲਾਈ 1978 ਦੇ ਇੰਡੀਅਨ ਐਕਸਪ੍ਰੈਸ ਦੇ ਵਿਚ ਸਰਦਾਰ ਸਰੂਪ ਸਿੰਘ ਨੇ ਇਸ ਤਰ੍ਹਾਂ ਕਿਹਾ ਹੈ :

> "Mr. Sarup Singh (Jullundur) referred to upward trend in crime, and mentioned some of the gruesome murders in Jullundur and Hoshiarpur Districts to illustrate his point. He said one of the Ministers had allegedly attempted to cases under investigations, and as the police officer expressed his inability to interfere, the Minister went wild and asked the officer to withdraw from the room."

ਡਿਪਟੀ ਸਪੀਕਰ ਸਾਹਿਬ, ਕ੍ਰਿਮੀਨਲ ਕੇਸਿਜ਼ ਦੇ ਵਿਚ ਕਿਸ ਤਰ੍ਹਾਂ ਮਨਿਸਟਰ ਦਖਲ ਦਿੰਦੇ ਹਨ। ਐਸ. ਪੀ. ਨੇ ਕਿਹਾ ਕਿ ਮੈਂ ਕ੍ਰਿਮੀਨਲ ਕੇਸ ਦੇ ਵਿਚ ਦਖਲ ਨਹੀਂ ਦੇਣਾ ਤਦ ਮਨਿਸਟਰ ਨੇ ਉਸ ਨੂੰ ਕਿਹਾ ਕਿ ਤੂੰ ਕਮਰੇ ਦੇ ਵਿੱਚੋਂ ਬਾਹਰ ਨਿਕਲ ਜਾ। ਇਹ ਲਾਅ ਐਂਡ ਆਰਡਰ ਅਤੇ

Original with;
Punjab Vidhan Sabha
Digitized by;
Panjab Digital Library

ਜਨਰਲ ਐਡਮਨਿਸਟਰੇਸ਼ਨ ਦਾ ਹਾਲ ਹੈ। 25 ਜੁਲਾਈ, 1978 ਦੇ ਇੰਡੀਅਨ ਐਕਸਪਰੇਸ ਵਿਚ ਲਾਅ ਐਂਡ ਆਰਡਰ ਦੇ ਬਾਰੇ ਦੱਸਿਆ ਹੈ ਕਿ ਇਸ ਦੀ ਕੀ ਪੁਜ਼ੀਸ਼ਨ ਹੈ। ਕਰਾਈਮ ਕਿਸ ਤਰ੍ਹਾਂ ਵੱਧ ਰਹੇ ਹਨ। ਕਿਸ ਤਰ੍ਹਾਂ ਅੰਮ੍ਰਿਤਸਰ, ਜਲੰਧਰ ਅਤੇ ਹੁਸ਼ਿਆਰਪੁਰ ਦੇ ਵਿਚ ਦਿਨ ਦਿਹਾੜੇ ਕਰਾਈਮਜ਼ ਹੋ ਰਹੇ ਹਨ ਅਤੇ ਨਜਾਇਜ਼ ਕਿਸਮ ਦੀ ਪੁਲਿਟੀਕਲ ਇੰਟਰਫੀਅਰੈਂਸ ਹੋ ਰਹੀ ਹੈ। ਫਰੀਦਕੋਟ ਦੇ ਵਿਚ ਇਕ ਔਰਤ ਨੂੰ ਰੇਪ ਕੀਤਾ ਗਿਆ ਪਰ ਕੋਈ ਕੇਸ ਦਰਜ ਨਹੀਂ ਕੀਤਾ ਗਿਆ ਔਰ ਨਾ ਹੀ ਕਿਸੇ ਦੀ ਗ੍ਰਿਫਤਾਰੀ ਕੀਤੀ ਗਈ। ਇਸ ਗੱਲ ਨੂੰ 4 ਮਹੀਨੇ ਗੁਜ਼ਰ ਗਏ, ਫਿਰ ਜਦੋਂ ਅਸੀਂ ਐਫੀਡੇਵਿਟ ਦਿਤੇ ਅਤੇ ਇਸ ਹਾਊਮ ਦੇ ਵਿਚ ਰੌਲਾ ਪਾਇਆ ਤਾਂ ਜਾ ਕੇ 4 ਮਹੀਨਿਆਂ ਤੋਂ ਬਾਅਦ ਉਹ ਆਦਮੀ ਫੜੇ ਗਏ। ਇਹ ਲਾਅ ਐਂਡ ਆਰਡਰ ਦਾ ਪੰਜਾਬ ਵਿਚ ਹਾਲ ਹੈ। 1977 ਵਿਚ ਜਦੋਂ ਕਾਂਗਰਸ ਦੀ ਮਨਿਸਟਰੀ ਸੀ ਤਾਂ ਇਕ ਟੀਚਰ ਦਾ ਕਤਲ ਕੀਤਾ ਗਿਆ ਸੀ। ਸੀ.ਆਈ. ਡੀ. ਵੱਲੋਂ ਮੁਲਜ਼ਮਾਂ ਦੇ ਫਰਜ਼ੀ ਨਾਂ ਦਿਤੇ ਗਏ, ਪਰ ਫਿਰ ਬਾਦਲ ਸਾਹਿਬ ਨੇ ਦੁਬਾਰਾ ਇਨਕੁਆਇਰੀ ਕਰਵਾਈ। ਉਹੀ ਮੁਲਜ਼ਮ ਐਸ.ਪੀ. ਵੱਲੋਂ ਦੱਸੇ ਗਏ ਜਿਹੜੇ ਪਹਿਲਾਂ ਦਸੇ ਗਏ ਸਨ। ਪਤਾ ਕਰਨ ਤੋਂ ਬਾਅਦ ਪਤਾ ਲਗਾ ਕਿ ਪੁਲਿਸ ਨੂੰ ਚੜ੍ਹਾਵਾ ਚੜਾ ਦਿੱਤਾ ਗਿਆ ਸੀ। ਡਿਪਟੀ ਸਪੀਕਰ ਸਾਹਿਬ, ਰਾਇਕੋਟ ਦੇ ਵਿਚ ਇਕ ਪੁਲਿਸ ਅਫ਼ਸਰ ਨੇ ਆਪਣੀ ਪਤਨੀ ਦਾ ਕਤਲ ਕਰ ਦਿੱਤਾ ਔਰ ਉਸ ਦਾ ਪੋਸਟਮਾਰਟਮ ਨਹੀਂ ਹੋਣ ਦਿੱਤਾ ਔਰ ਉਹ ਥਾਣੇਦਾਰ ਹਾਲੇ ਵੀ ਉਸੇ ਥਾਣੇ ਦੇ ਵਿਚ ਕੰਮ ਕਰ ਰਿਹਾ ਹੈ। ਮੇਰੇ ਕੋਲ ਅਨੇਕਾਂ ਮਿਸਾਲਾਂ ਹਨ ਕਿ ਲਾਅ ਐਂਡ ਆਰਡਰ ਦੀ ਹਾਲਤ ਕਿੰਨੀ ਪਤਲੀ ਹੋ ਚੁਕੀ ਹੈ। ਇਕ ਸਾਲ ਹੋਇਆ ਤਰਨ ਤਾਰਨ ਦੇ ਵਿਚ 5 ਸਾਲ ਦੇ ਬੱਚੇ ਦੀ ਕੁਰਬਾਨੀ ਕਰਕੇ ਖਤਮ ਕਰ ਦਿਤਾ ਗਿਆ, ਇਹ ਤਰਨ ਤਾਰਨ ਦੀ ਬੰਦ ਗਲੀ ਦਾ ਵਾਕਿਆ ਹੈ। ਇਸ ਬਾਰੇ ਸੀ. ਆਈ.ਡੀ. ਦੀ ਇਨਕੁਆਇਰੀ ਹੋਈ ਪਰ ਕੋਈ ਬੰਦਾ ਗਿਰਫਤਾਰ ਨਹੀਂ ਕੀਤਾ ਗਿਆ ਅਤੇ ਨਾ ਹੀ ਹਾਲੇ ਤਕ ਕੋਈ ਫੜਿਆ ਗਿਆ ਹੈ। ਜਿਨ੍ਹਾਂ ਦੇ ਘਰੋਂ ਲਾਸ਼ ਨਿਕਲੀ ਹੈ, ਮੁਹੱਲੇ ਵਾਲੇ ਕਹਿੰਦੇ ਹਨ ਕਿ ਕਤਲ ਇਨ੍ਹਾਂ ਨੇ ਕੀਤਾ ਹੈ ਪਰ ਸਰਕਾਰ ਹੱਥ ਪਾਉਣ ਨੂੰ ਤਿਆਰ ਨਹੀਂ ਹੈ। ਜਿਹੜੇ ਚੰਗੇ ਅਫਸਰ ਪੁਲਿਸ ਦੇ ਹਨ ਉਨ੍ਹਾਂ ਨੂੰ ਹੱਲਾਸ਼ੇਰੀ ਦੇਣੀ ਚਾਹੀਦੀ ਹੈ, ਜਿਹੜੇ ਮਾੜੇ ਅਫਸਰ ਹਨ ਉਨ੍ਹਾਂ ਨੂੰ ਦਬਾਉਣਾ ਚਾਹੀਦਾ ਹੈ। ਪਰ ਸਾਡੀ ਸਰਕਾਰ ਕੀ ਕਰ ਰਹੀ ਹੈ ਜਿਸ ਦਾ ਨਤੀਜਾ ਪੰਜਾਬ ਦੇ ਵਿਚ ਲਾਅ ਐਂਡ ਆਰਡਰ ਅਤੇ ਜਨਰਲ ਐਡਮਿਨਿਸ-ਟਰੇਸ਼ਨ ਤੋਂ ਸਹੀ ਪਿਕਚਰ ਨਜ਼ਰ ਆ ਸਕਦੀ ਹੈ। ਜੇਕਰ ਸ੍ਰੀ ਦੇਸਾਈ, ਪ੍ਰਧਾਨ ਮੰਤਰੀ ਹੋ ਕੇ ਅਪੋਜ਼ੀਸ਼ਨ ਨੂੰ ਕਾਂਫੀਡੈਂਸ ਦੇ ਵਿਚ ਲਾਅ ਐਂਡ ਆਰਡਰ ਦੇ ਮਸਲੇ ਤੇ ਲੈ ਸਕਦਾ ਹੈ, ਫਿਰ ਬਾਦਲ ਸਾਹਿਬ ਨੂੰ ਕੀ ਇਤਰਾਜ਼ ਹੈ? ਇਨ੍ਹਾਂ ਨੂੰ ਪੰਜਾਬ ਦੇ ਵਿਚ ਅਪੋਜ਼ੀਸ਼ਨ ਪਾਰਟੀਆਂ ਨੂੰ ਕਾਂਫੀਡੈਂਸ ਦੇ ਵਿਚ ਲੈਣਾ ਚਾਹੀਦਾ ਹੈ। ਇਸ ਮਸਲੇ ਨੂੰ ਹੱਲ ਕਰਨ ਲਈ ਇਕ ਸਟੇਟ ਦੀ ਕਮੇਟੀ ਬਣਾ ਦੇਣੀ ਚਾਹੀਦੀ ਹੈ ਜਿਸ ਦੇ ਵਿਚ ਸਾਰੀਆਂ ਪਾਰਟੀਆਂ ਦੇ ਮੈਂਬਰ ਹੋਣ ਔਰ ਉਥੇ ਅਜਿਹਾ ਮਸਲਾ ਡਿਸਕਸ ਹੋ ਸਕੇ ਕਿ ਕਿਸ ਕਿਸ ਨੇ ਕ੍ਰਿਮੀਨਲ ਦੀ ਮਦਦ ਕੀਤੀ ਹੈ। ਪਬਲਿਕ ਲੀਡਰਾਂ ਨੂੰ ਕ੍ਰਿਮੀਨਲ ਦੀ ਮਦਦ ਨਹੀਂ ਕਰਨੀ ਚਾਹੀਦੀ ਬਲਕਿ ਕ੍ਰਿਮੀਨਲ ਨੂੰ ਦਬਾਉਣ ਦੇ ਯਤਨ ਕਰਨੇ ਚਾਹੀਦੇ ਹਨ। ਜੇਕਰ ਤੁਸੀਂ ਇਸ ਤਰ੍ਹਾਂ ਅਪੋਜ਼ੀਸ਼ਨ ਨੂੰ ਕਾਂਫੀਡੈਂਸ ਵਿਚ ਨਾ ਲਿਆ ਤਾਂ ਫਿਰ ਲਾਅ ਐਂਡ ਆਰਡਰ ਦੀ ਹਾਲਤ ਠੀਕ ਨਹੀਂ ਹੋ ਸਕਦੀ।

ਡਿਪਟੀ ਸਪੀਕਰ ਸਾਹਿਬ, ਐਕਸਾਈਜ਼ ਐਂਡ ਟੈਕਸੇਸ਼ਨ ਲਈ 4.50 ਲੱਖ ਰੁਪਿਆ ਮੰਗਿਆ ਜਾ ਰਿਹਾ ਹੈ ਕਿ ਸਾਡੀ ਡਿਸਟਿਲਰੀ ਦੇ ਵਿਚ ਹੜਤਾਲ ਹੋ ਗਈ ਸੀ ਜਿਸ ਕਰਕੇ ਸਾਨੂੰ ਹਰਿਆਣੇ ਦੀ ਡਿਸਟਿਲਰੀ ਤੋਂ ਸ਼ਰਾਬ ਖਰੀਦਣੀ ਪਈ ਅਤੇ ਇੰਪੋਰਟ ਫੀਸ ਦੇਣੀ ਪਈ। ਇਹ ਹੜਤਾਲ ਕਿਉਂ ਹੋਈ ਇਨ੍ਹਾਂ ਦੀ ਲੇਬਰ ਪਾਲਿਸੀ ਗਲਤ ਹੈ। ਅੰਮ੍ਰਿਤਸਰ ਦੇ ਵਿਚ ਇਕ ਕਾਰਖਾਨਾ ਹੈ ਉਥੇ ਕੋਹਨੂਰ ਪੇਂਟ ਤਿਆਰ ਕੀਤਾ ਜਾਂਦਾ ਹੈ। ਉਸ ਦੇ ਮਜ਼ਦੂਰ ਘੱਟ ਸਨ ਜਦੋਂ ਹੜਤਾਲ ਹੋਈ ਪਰ 200 ਦੇ ਕਰੀਬ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਪੁਲਿਸ ਘੋੜਸਵਾਰ ਗਸ਼ਤ ਲਗਾ ਰਹੀ ਸੀ ਔਰ ਮਜ਼ਦੂਰਾਂ ਨੂੰ ਦਬਾਉਣ ਲਈ ਖੜੀ ਕੀਤੀ ਗਈ। ਇਹ ਹੜਤਾਲ ਖੁਦ ਅਕਾਲੀ ਜਨਤਾ ਪਾਰਟੀ ਨੇ ਕਰਵਾਈ। ਮਜ਼ਦੂਰਾਂ ਦੇ ਖਿਲਾਫ ਵਿਦਿਆਰਥੀਆਂ ਦੇ ਖਿਲਾਫ ਪੁਲਿਸ ਨੂੰ ਇਸਤੇਮਾਲ ਕੀਤਾ ਜਾਂਦਾ ਹੈ। ਇਨ੍ਹਾਂ ਦੀ ਪਾਲਿਸੀ ਹੀ ਗਲਤ ਹੈ। ਇੰਜੀਨੀਅਰਿੰਗ ਕਾਲਜ ਦੇ ਵਿਦਿਆਰਥੀ ਪਿਛਲੇ 15 ਦਿਨਾਂ ਤੋਂ ਹੜਤਾਲ ਤੇ ਹਨ। ਜਿਹੜਾ ਫੈਸਲਾ ਹੋਇਆ ਸੀ ਉਸ ਨੂੰ ਇੰਪਲੀਮੈਂਟ ਨਹੀਂ ਕੀਤਾ ਜਾ ਰਿਹਾ। ਫਿਰ ਡਿਪਟੀ ਸਪੀਕਰ ਸਾਹਿਬ, ਸਰਕਾਰ ਮਿਊਂਸਪਲ ਕਮੇਟੀ ਦੀਆਂ ਚੋਣਾਂ ਨਹੀਂ ਕਰਵਾ ਰਹੀ। ਮੈਂ ਆਪਣੇ ਇਕ ਸੱਜਣ ਵੀਰ ਨੂੰ ਕਿਹਾ ਕਿ ਸਰਕਾਰ ਮਿਊਂਸਪਲ ਕਮੇਟੀ ਦੀਆਂ ਇਲੈਕਸ਼ਨਾਂ ਕਿਉਂ ਨਹੀਂ ਕਰਵਾ ਰਹੀ, ਉਹ ਕਹਿਣ ਲੱਗਾ ਕਿ ਡਾਂਗ ਸਾਹਿਬ, ਜੇ ਕਰ ਤੁਸੀਂ ਮੈਨੂੰ ਕੋਟ ਨਾ ਕਰੋ ਤਾਂ ਮੈਂ ਤੁਹਾਨੂੰ ਅਸਲੀਅਤ ਦੱਸ ਸਕਦਾ ਹਾਂ ਕਿ ਸਾਡੇ ਜਨਸੰਘੀ ਭਰਾ ਕਹਿੰਦੇ ਹਨ ਕਿ ਅਸੀਂ ਮਿਊਂਸਪਲ ਕਮੇਟੀ ਦੀਆਂ ਚੋਣਾਂ ਦੇ ਵਿਚ ਹਾਰ ਜਾਂਵਾਂਗੇ। ਇਸ ਲਈ, ਚੋਣਾਂ ਲੇਟ ਕੀਤੀਆਂ ਜਾ ਰਹੀਆਂ ਹਨ। ਮੈਂ ਇਨ੍ਹਾਂ ਨੂੰ ਪੁੱਛਦਾ ਹਾਂ ਕਿ ਡੈਮੋਕਰੇਸੀ ਦੀ ਆਵਾਜ਼ ਨੂੰ ਬੁਲੰਦ ਕਰਨ ਵਾਲੇ ਕਿੱਥੇ ਨੱਸ ਗਏ ਹਨ, ਇਨ੍ਹਾਂ ਦੀ ਡੈਮੋਕਰੇਸੀ ਹੁਣ ਕਿੱਥੇ ਗਈ ਹੈ। ਡਿਪਟੀ ਸਪੀਕਰ ਸਾਹਿਬ, ਰੈਡ ਕਰਾਸ ਦੇ ਲਈ 30 ਲੱਖ ਰੁਪਿਆ ਮੰਗਿਆ ਜਾ ਰਿਹਾ ਹੈ। ਮੈਨੂੰ ਖੁਸ਼ੀ ਹੈ ਕਿ ਹੁਣ ਅਫਸਰ ਰੈਡ ਕਰਾਸ ਲਈ ਪੈਸੇ ਇਕੱਠੇ ਨਹੀਂ ਕਰਨਗੇ ਬਲਕਿ ਸਰਕਾਰ ਖੁਦ ਆਪਣੇ ਕੋਲੋਂ ਦੇਵੇਗੀ, ਫੰਡਜ਼ ਦਿਉ ਸਾਨੂੰ ਇਸ ਦੇ ਵਿਚ ਕੋਈ ਇਤਰਾਜ਼ ਨਹੀਂ ਹੈ ਪਰ ਇਕ ਗੱਲ ਜ਼ਰੂਰ ਇਥੇ ਕਹਿ ਦੇਣਾ ਚਾਹੁੰਦਾ ਹਾਂ ਕਿ ਰੈਡ ਕਰਾਸ ਦੇ ਲਈ ਪੈਸੇ ਇਕੱਠੇ ਕਰਨ ਲਈ ਰੈਡ ਕਰਾਸ ਦੇ ਮੇਲੇ ਲਗਾਏ ਜਾਂਦੇ ਹਨ, ਪਰ ਉਨ੍ਹਾਂ ਮੇਲਿਆਂ ਦੇ ਵਿਚ ਕੀ ਹੁੰਦਾ ਹੈ, ਜੂਆ ਖੇਡਿਆ ਜਾਂਦਾ ਹੈ, ਨੰਗੇ ਡਾਂਸ ਕੀਤੇ ਜਾਂਦੇ ਹਨ ਅਤੇ ਹੋਰ ਕਈ ਐਸੀਆਂ ਗੱਲਾਂ ਹਨ ਜਿਨ੍ਹਾਂ ਦਾ ਜ਼ਿਕਰ ਨਹੀਂ ਕੀਤਾ ਜਾ ਸਕਦਾ ਅਤੇ ਇਸ ਦੇ ਨਾਲ ਹੀ ਮੈਨੂੰ ਇਕ ਸ਼ਿਕਾਇਤ ਖੰਨੇ ਅਤੇ ਇਕ ਸ਼ਿਕਾਇਤ ਬਠਿੰਡੇ ਤੋਂ ਮਿਲੀ ਸੀ ਕਿ ਇਕ ਆਦਮੀ ਰੈਡ ਕਰਾਸ ਮੇਲੇ ਦੇ ਵਿਚ ਜੂਏ ਵਿਚ ਕਾਫੀ ਰੁਪਿਆ ਹਾਰ ਗਿਆ। ਉਸ ਆਦਮੀ ਦਾ ਹਾਰਟ ਫੇਲ੍ਹ ਹੋ ਗਿਆ ਅਤੇ ਮਰ ਗਿਆ।

ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਕਿਹਾ ਸੀ ਕਿ ਅਸੀਂ ਪੜ੍ਹੇ ਲਿਖੇ ਬੇਰੋਜ਼ਗਾਰਾਂ ਨੂੰ ਭੱਤਾ ਦੇਵਾਂਗੇ ਪਰ ਇਨ੍ਹਾਂ ਨੇ ਸ਼ਰਤ ਲਗਾ ਦਿੱਤੀ ਕਿ 5 ਸਾਲ ਤਕ ਨਾਂ ਰੋਜ਼ਗਾਰ ਦਫਤਰਾਂ ਦੇ ਵਿਚ ਦਰਜ ਹੋਵੇ, ਜਦ ਕਿ ਕੇਰਾਲਾ ਦੇ ਵਿਚ 2 ਸਾਲ ਦੀ ਸ਼ਰਤ ਸੀ। ਇਨ੍ਹਾਂ ਨੇ ਹਾਲੇ ਤਕ ਕਿਸੇ ਨੂੰ ਇਕ ਪੈਸਾ ਤਕ ਨਹੀਂ ਦਿੱਤਾ ਹੈ।

ਡਿਪਟੀ ਸਪੀਕਰ ਸਾਹਿਬ, ਰੈਸਟ ਹਾਊਸਿਜ਼ ਦੇ ਲਈ 10 ਲੱਖ ਰੁਪਿਆ ਮੰਗਿਆ ਜਾ ਰਿਹਾ ਹੈ ਜਦ ਕਿ ਸਾਡੇ ਪਹਿਲਾਂ ਹੀ ਰੈਸਟ ਹਾਊਸਿਜ਼ ਕਾਫੀ ਹਨ। ਕੀ ਇਹ ਰੈਸਟ ਹਾਊਸਿਜ਼ ਮਨਿਸਟਰਾਂ ਦੀ ਗਿਣਤੀ ਨੂੰ ਵੇਖਦੇ ਹੋਏ ਬਣਾਏ ਜਾ ਰਹੇ ਹਨ। ਇਨ੍ਹਾਂ ਰੈਸਟ ਹਾਊਸਿਜ਼ ਦੇ ਬਗੈਰ ਸਾਡਾ ਗੁਜ਼ਾਰਾ ਹੋ ਸਕਦਾ ਸੀ।

ਡੇਢ ਕਰੋੜ ਰੁਪਿਆ ਫਲੱਡਜ਼ ਲਈ ਮੰਗਿਆ ਗਿਆ ਹੈ। ਐਸਟੀਮੇਟ ਕਮੇਟੀ ਨੇ ਸਰਬ-ਸੰਮਤੀ ਨਾਲ ਸਿਫਾਰਿਸ਼ ਕੀਤੀ ਹੈ ਕਿ ਡੇਢ ਕਰੋੜ ਰੁਪਿਆ ਬਹੁਤ ਥੋੜ੍ਹਾ ਹੈ। ਮੈਂ ਮੰਨਦਾ ਹਾਂ ਕਿ ਡੇਢ ਕਰੋੜ ਰੁਪਏ ਨਾਲ ਕੁੱਝ ਨਹੀਂ ਬਣਨਾ ਔਰ ਇਹ ਜ਼ਿਆਦਾ ਹੋਣਾ ਚਾਹੀਦਾ ਹੈ। ਜੋ ਵੀ ਬਾਦਲ ਸਾਹਿਬ ਦੀ ਸਰਕਾਰ ਰਿਲੀਫ ਲਈ ਕਹਿਣ, ਉਹ ਜ਼ਰੂਰ ਦੇਣਾ ਚਾਹੀਦਾ ਹੈ। ਜਿਸ ਤਰ੍ਹਾਂ ਕਿ ਪਿੱਛੇ ਬਾਦਲ

Original with;
Punjab Vidhan Sabha
Digitized by;
Panjab Digital Library

ਸਾਹਿਬ ਨੇ ਕਿਹਾ ਕਿ 400 ਰੁਪਏ ਦੀ ਬਜਾਏ ਹੁਣ 800 ਰੁਪਿਆ ਦਿੱਤਾ ਜਾਵੇਗਾ। ਬਾਦਲ ਸਾਹਿਬ, ਨੇ ਖੁਦ ਇਲਾਨ ਕੀਤਾ ਸੀ ਪਰ, ਡਿਪਟੀ ਸਪੀਕਰ ਸਾਹਿਬ, ਦਿਤਾ ਗਿਆ 400 ਰੁਪਿਆ। ਗਰੀਬ ਕਿਸਾਨ ਦੀਆਂ ਫਸਲਾਂ ਤਬਾਹ ਹੋ ਗਈਆਂ ਹਨ, ਭਾਵੇਂ ਗਿਆਨੀ ਅਰਜਣ ਸਿੰਘ ਲਿੱਟ ਅਤੇ ਕੈਪਟਨ ਰਤਨ ਸਿੰਘ ਵਰਗਿਆਂ ਨੂੰ ਕੁੱਝ ਨਾ ਦਿਉ, ਪਰ ਜਿਹੜੇ ਗਰੀਬ ਹਨ, ਉਨ੍ਹਾਂ ਨੂੰ, ਜਿਨ੍ਹਾਂ ਕੋਲ ਇਕ ਏਕੜ, ਦੋ ਏਕੜ, ਤਿੰਨ ਏਕੜ, ਚਾਰ ਏਕੜ, ਪੰਜ ਏਕੜ, ਛੇ ਏਕੜ ਹੈ, ਉਨ੍ਹਾਂ ਗਰੀਬ ਕਿਸਾਨਾਂ ਨੂੰ ਮੁਆਵਜ਼ਾ ਜ਼ਰੂਰ ਦਿਉ। ਵੱਡਿਆਂ ਨੂੰ ਭਾਵੇਂ ਕੁੱਝ ਵੀ ਨਾ ਦਿਉ।

**ਸ੍ਰੀ ਡਿਪਟੀ ਸਪੀਕਰ :** ਹੁਣ ਤੁਸੀਂ ਖਤਮ ਕਰੋ।

**ਕਾਮਰੇਡ ਸੱਤ ਪਾਲ ਡਾਂਗ :** ਡਿਪਟੀ ਸਪੀਕਰ ਸਾਹਿਬ, ਮੈਂ ਖਤਮ ਹੀ ਕਰਦਾ ਹਾਂ। ਇਨ੍ਹਾਂ ਨੇ ਵਾਅਦਾ ਕੀਤਾ ਸੀ ਕਿ ਕਰਾਪ ਇਨਸ਼ੋਰੇਂਸ ਸਕੀਮ ਲਾਗੂ ਕਰਾਂਗੇ ਪਰ ਕੁੱਝ ਨਹੀਂ ਕੀਤਾ ਗਿਆ। ਬਹੁਤ ਸਾਰੇ ਇਲਜ਼ਾਮ ਲਗਾਏ ਗਏ ਹਨ। ਬਾਦਲ ਸਾਹਿਬ ਨੇ ਕਿਹਾ ਕਿ ਸੀ.ਪੀ. ਆਈ. ਵਾਲੇ ਸਤਿਆਗ੍ਰਹਿ ਕਰੀ ਜਾਂਦੇ ਹਨ ਪਰ, ਡਿਪਟੀ ਸਪੀਕਰ ਸਾਹਿਬ, ਸਤਿਆਗ੍ਰਹਿ ਬਾਰੇ ਪਹਿਲਾਂ ਫੈਸਲਾ ਕੀਤਾ ਗਿਆ ਸੀ। ਜਿੱਥੇ ਬਹੁਤ ਫਲੱਡਜ਼ ਆਏ ਹਨ ਭਾਵੇਂ ਉਹ ਲੁਧਿਆਣਾ ਜ਼ਿਲ੍ਹਾ ਹੈ ਜਾਂ ਕੋਈ ਹੋਰ ਜ਼ਿਲ੍ਹਾ ਹੈ ਉਥੇ ਸਤਿਆਗ੍ਰਹਿ ਸਸਪੈਂਡ ਕੀਤਾ ਗਿਆ ਹੈ। ਦਿੱਲੀ ਵਿਚ ਕਮਿਉਨਿਸਟ ਪਾਰਟੀ ਨੇ ਫੌਜੀ ਜਵਾਨਾਂ ਦੇ ਰਿਲੀਫ ਕੈਂਪ ਵਿਚੋਂ ਦਵਾਈਆਂ ਦਿੱਤੀਆਂ ਹਨ। ਦਵਾਈਆਂ ਨਹੀਂ ਮਿਲ ਰਹੀਆਂ ਪਰ ਸਾਡੇ ਆਦਮੀ ਫੌਜੀ ਜਵਾਨਾਂ ਦੇ ਰਿਲੀਫ ਕੈਂਪਾਂ ਵਿਚੋਂ ਦਵਾਈਆਂ ਲੈ ਕੇ ਜਾਂਦੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਮੰਨਦਾ ਹਾਂ ਕਿ ਫਲੱਡਜ਼ ਬਹੁਤ ਆਏ ਹਨ। (ਵਿਘਨ) ਕਾਟਨ ਕਾਰਪੋਰੇਸ਼ਨ ਬਣਾਈ ਜਾਏ। ਮਜ਼ਦੂਰਾਂ ਨੂੰ ਤਨਖਾਹ ਘੱਟੋ ਘੱਟ 300, ਰੁਪਿਆ ਮਹੀਨਾ ਦਿੱਤੀ ਜਾਏ।

**Mr. Deputy Speaker :** Please wind up.

**ਕਾਮਰੇਡ ਸੱਤ ਪਾਲ ਡਾਂਗ :** ਡਿਪਟੀ ਸਪੀਕਰ ਸਾਹਿਬ, ਮੈਂ ਸਿਰਫ ਦੋ ਗੱਲਾਂ ਹੀ ਕਹਿਣੀਆਂ ਹਨ। ਇਨਫਰਮੇਸ਼ਨ ਐਂਡ ਪਬਲੀਸਿਟੀ ਲਈ ਪੈਸੇ ਮੰਗੇ ਹਨ। ਪੰਜਾਬ ਵਿਚ ਸੈਮੀਨਾਰ ਹੋਣਾ ਚਾਹੀਦਾ ਹੈ। ਇਸ ਦੀ ਸਾਨੂੰ ਖੁਸ਼ੀ ਹੈ ਕਿ ਪੰਜਾਬ ਵਿਚ ਸੈਮੀਨਾਰ ਹੋਵੇ। ਜਿਹੜੇ ਬਾਹਰ ਪੰਜਾਬੀ ਹਨ, ਉਨ੍ਹਾਂ ਲੋਕਾਂ ਲਈ ਕੀਤਾ ਜਾਏ, ਇਸ ਦੀ ਵੀ ਸਾਨੂੰ ਖੁਸੀ ਹੈ। ਉਨ੍ਹਾਂ ਦੀਆਂ ਤਕਲੀਫਾਂ ਨੂੰ ਦੇਖਿਆ ਜਾਏ। ਲੇਕਿਨ ਮੈਂ ਬਾਦਲ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਾਡੇ ਪਬਲਿਕ ਰਿਲੇਸ਼ਨਜ਼ ਡੀਪਾਰਟਮੈਂਟ ਵਿਚ ਜੰਮੂ ਐਂਡ ਕਸ਼ਮੀਰ ਬਾਰੇ ਛਪਦਾ ਹੈ। ਇਸ ਨਾਲ ਸਾਡੇ ਦੂਜੀਆਂ ਸਟੇਟਾਂ ਦੇ ਨਾਲ ਰਿਲੇਸ਼ਨ ਖਰਾਬ ਹੋਣਗੇ। ਜੇ ਕਰ ਜੰਮੂ ਐਂਡ ਕਸ਼ਮੀਰ ਵਿਚ ਸਿੱਖਾਂ ਨੂੰ ਕੋਈ ਪਰਾਬਲਮ ਹੈ ਤਾਂ ਉਹ ਬਾਦਲ ਸਾਹਿਬ ਨੂੰ ਮੈਮੋਰੇਂਡਮ ਦੇਣ ਅਤੇ ਬਾਦਲ ਸਾਹਿਬ ਉਨ੍ਹਾਂ ਦਾ ਮੈਮੋਰੇਂਡਮ ਲੈ ਕੇ ਸ਼ੇਖ ਅਬਦੁੱਲਾ ਨਾਲ ਗੱਲ ਕਰਨ ਅਤੇ ਉਨ੍ਹਾਂ ਨੂੰ ਕਹਿਣ ਤਾਂ ਇਹ ਠੀਕ ਹੋਵੇਗਾ।

20,000 ਰੁਪਿਆ ਮੁਸਲਿਮ ਮੁਸਾਫਰਖਾਨੇ ਵਾਸਤੇ ਦਿੱਤਾ ਗਿਆ ਹੈ। ਸਾਡੇ ਦੇਸ਼ ਵਿਚ ਮੁਸਲਮਾਨ ਬਹੁਤ ਜ਼ਿਆਦਾ ਗਿਣਤੀ ਵਿਚ ਨਹੀਂ ਹਨ। ਪੰਜਾਬ ਵਿਚ ਮੁਸਲਮਾਨਾਂ ਦੀ ਜ਼ਿਆਦਾ ਗਿਣਤੀ ਮਾਲੇਰਕੋਟਲਾ ਵਿਚ ਹੀ ਹੈ। ਡਿਪਟੀ ਸਪੀਕਰ ਸਾਹਿਬ, ਇਥੇ ਅਕਾਲੀ-ਜਨਤਾ ਪਾਰਟੀ ਦਾ ਰਾਜ ਹੈ ਅਤੇ ਮੈਂ ਮੰਨਦਾ ਹਾਂ ਕਿ ਪੰਜਾਬ ਦੇ ਵਿਚ ਇਤਨੀ ਗੜਬੜ ਨਹੀਂ ਜਿਤਨੀ ਕਿ ਦੂਜਿਆਂ ਸੂਬਿਆਂ ਵਿਚ ਹੈ। ਜੇਕਰ ਇਥੇ ਵੀ ਜਨਤਾ ਪਾਰਟੀ ਦਾ ਰਾਜ ਹੁੰਦਾ ਤਾਂ ਇਥੇ ਵੀ ਉਹੀ ਹਾਲਤ ਹੋਣੀ ਸੀ, ਜੋ ਦੂਜਿਆਂ ਸੂਬਿਆਂ ਦੇ ਵਿਚ ਹੋ ਰਹੀ ਹੈ।

**ਵਿੱਤ ਮੰਤਰੀ :** ਆਂਧਰਾ ਦੀ ਵੀ ਹਾਲਤ ਦੱਸ ਦਿਉ।

Original with;
Punjab Vidhan Sabha
Digitized by;
Panjab Digital Library

**Mr. Deputy Speaker :** No Interruption please. ਡਾਂਗ ਸਾਹਿਬ, ਹੁਣ ਤੁਸੀਂ ਵਾਈਂਡ ਅੱਪ ਕਰੋ।

**ਕਾਮਰੇਡ ਸੱਤ ਪਾਲ ਡਾਂਗ :** ਡਿਪਟੀ ਸਪੀਕਰ ਸਾਹਿਬ, ਮੈਂ ਆਂਧਰਾ ਬਾਰੇ ਵੀ ਇਕ ਗੱਲ ਦੱਸਦਾ ਹਾਂ ਕਿ ਇਕ ਕਪਲ ਨੂੰ ਫੜਿਆ ਗਿਆ। ਦੋਨਾਂ ਨੂੰ ਜ਼ਬਰਦਸਤੀ ਫੜ ਕੇ ਲੈ ਗਏ। ਉਥੇ ਗੋਲੀ ਚਲਾਈ ਅਤੇ ਰੇਪ ਕੀਤਾ (ਵਿਘਨ) ਅਸੀਂ ਤਾਂ, ਡਿਪਟੀ ਸਪੀਕਰ ਸਾਹਿਬ, ਕਹਿੰਦੇ ਹਾਂ ਕਿ ਨਾ ਕਾਂਗਰਸ ਚੰਗੀ ਹੈ, ਨਾ ਜਨਤਾ ਪਾਰਟੀ ਚੰਗੀ ਹੈ ਔਰ ਨਵੀਂ ਲੈਫਟ ਡੈਮੋਕਰੇਟਿਕ ਫਰੰਟ ਬਣੇ। ਤੁਸੀਂ ਸਾਰੀ ਤਾਕਤ ਆਪਣੇ ਹੱਥ ਵਿੱਚ ਲਵੋ।

**Mr. Deputy Speaker :** Please wind up.

**ਕਾਮਰੇਡ ਸੱਤ ਪਾਲ ਡਾਂਗ :** ਡਿਪਟੀ ਸਪੀਕਰ ਸਾਹਿਬ, ਅਸੀਂ ਸਾਰੇ ਇਕੱਠੇ ਹੋਣ ਦੀ ਕੋਸ਼ਿਸ਼ ਕਰ ਰਹੇ ਹਾਂ (ਵਿਘਨ) ਇਹ ਜਿਹੜੀਆਂ ਸਪਲੀਮੈਂਟਰੀ ਡਿਮਾਂਡਜ਼ ਆਈਆਂ ਹਨ, ਮੈਂ ਉਨ੍ਹਾਂ ਦੀ ਮੁਖ਼ਾਲਫਤ ਕਰਦਾ ਹਾਂ (ਵਿਘਨ) (ਸ਼ੋਰ)

(ਇਸ ਵੇਲੇ ਬਹੁਤ ਸਾਰੇ ਮੈਂਬਰ ਸਾਹਿਬਾਨ ਬੈਠੇ ਬੈਠੇ ਬੋਲ ਰਹੇ ਸਨ ** **)

**ਸ੍ਰੀ ਡਿਪਟੀ ਸਪੀਕਰ :** ਜੋ ਕੁਝ ਮੈਂਬਰ ਸਾਹਿਬਾਨ ਬੈਠੇ ਬੈਠੇ ਬੋਲ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ।

**ਸਰਦਾਰ ਚਰਨਜੀਤ ਸਿੰਘ** (ਦਾਖਾ, ਐਸ.ਸੀ.) : ਮੈਂ ਸਭ ਤੋਂ ਪਹਿਲਾਂ, ਡਿਪਟੀ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ। ਮੈਂ ਐਪਰੋਪਰੀਏਸ਼ਨ ਬਿੱਲ ਦੇ ਹੱਕ ਵਿਚ ਬੋਲ ਰਿਹਾ ਹਾਂ। ਮੈਂ ਆਪਣੀ ਸਰਕਾਰ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ ਕਿ ਸਾਡੀ ਸਰਕਾਰ ਨੇ ਲੋਕਾਂ ਦੀ ਭਲਾਈ ਲਈ ਪੈਸਾ ਮੰਗਿਆ ਹੈ। ਸਹੀ ਮਾਅਨਿਆਂ ਵਿਚ ਇਹ ਲੋਕਾਂ ਦੀ ਭਲਾਈ ਲਈ ਪੈਸਾ ਮੰਗਿਆ ਗਿਆ ਹੈ। ਇਸ ਲਈ, ਮੈਂ ਸਭ ਤੋਂ ਪਹਿਲਾਂ ਐਗਰੀਕਲਚਰ ਦੇ ਮਸਲੇ ਵੱਲ ਆਉਂਦਾ ਹਾਂ। ਮਹਾਤਮਾ ਗਾਂਧੀ ਜੀ ਨੇ ਇੱਕ ਗੱਲ ਕਹੀ ਸੀ ਕਿ 80% ਆਬਾਦੀ ਪਿੰਡਾਂ ਦੇ ਵਿਚ ਵਸਦੀ ਹੈ ਜਿਹੜੀ ਕਿ ਐਗਰੀਕਲਚਰ ਤੇ ਡੀਪੈਂਡ ਕਰਦੀ ਹੈ। ਇਸ ਲਈ ਦੇਸ਼ ਦਾ ਆਰਥਿਕ ਢਾਂਚਾ ਉਸ ਤੇ ਬੇਸਡ ਹੈ। ਸਾਡਾ ਐਗਰੀਕਲਚਰ ਦੇ ਉਪਰ ਹੀ ਦਾਰੋਮਦਾਰ ਹੈ। ਬਾਦਲ ਸਾਹਿਬ ਦੀ ਇਕ ਅਜਿਹੀ ਸਰਕਾਰ ਆਈ ਹੈ ਜਿਸ ਨੇ ਐਗਰੀਕਲਚਰ ਅਤੇ ਪਿੰਡਾਂ ਵਿਚ ਵੱਸਣ ਵਾਲੇ ਲੋਕਾਂ ਦੀ ਬਿਹਤਰੀ ਲਈ ਕੰਮ ਕੀਤੇ ਹਨ। ਸਭ ਤੋਂ ਪਹਿਲਾਂ ਬਾਦਲ ਸਾਹਿਬ ਨੇ ਐਗਰੀਕਲਚਰ ਵਾਲੇ ਕੰਮ ਲੋਕਾਂ ਲਈ ਕੀਤੇ ਅਤੇ ਉਹੀ ਕੰਮ ਕੀਤੇ ਹਨ ਜੋ ਕਿ ਸ਼ਹਿਰਾਂ ਵਿਚ ਵਸਣ ਵਾਲੇ ਲੋਕਾਂ ਲਈ ਹਨ। ਵਰਲਡ ਬੈਂਕ ਕੋਲੋਂ 67 ਕਰੋੜ ਰੁਪਿਆ ਲੈ ਕੇ ਲੋਕਾਂ ਦੀ ਹਾਲਤ ਨੂੰ ਬਿਹਤਰ ਕਰਨ ਲਈ ਉਪਰਾਲੇ ਕੀਤੇ ਗਏ। ਪੰਜਾਬ ਦੇ ਲੋਕਾਂ ਲਈ ਜੋ ਪਿੰਡਾਂ ਦੇ ਵਿਚ ਵਸਦੇ ਹਨ, ਉਨ੍ਹਾਂ ਦੀ ਹਾਲਤ ਨੂੰ ਬੇਹਤਰ ਬਣਾਉਣ ਲਈ ਕੰਮ ਕੀਤੇ ਗਏ ਹਨ। ਇਸ ਲਈ, ਇਕ ਸਕੀਮ ਬਣਾਈ ਹੈ ਜਿਸ ਤੇ 300 ਕਰੋੜ ਰੁਪਿਆ ਖਰਚ ਕੀਤਾ ਜਾਣਾ ਹੈ। ਇਹ ਜਿਹੜੀ ਫੋਕਲ ਪੁਆਇੰਟ ਦੀ ਸਕੀਮ ਹੈ ਇਹ ਇੰਡੀਆਂ ਦੀ ਹਿਸਟਰੀ ਵਿਚ ਲੈਂਡ ਮਾਰਕ ਹੋਵੇਗੀ। ਇਸ ਲਈ ਜਿਥੇ ਫੋਕਲ ਪੁਆਇੰਟ ਹੋਵੇਗਾ, ਉਥੇ ਇਕ ਮੰਡੀ ਹੋਵੇਗੀ, ਇਕ ਥਾਨਾ ਹੋਵੇਗਾ, ਇਕ ਹਸਪਤਾਲ, ਇਕ ਸਕੂਲ ਹੋਵੇਗਾ ਅਤੇ ਹਰ ਸਹੂਲਤਾਂ, ਜੋ ਕਿ ਸ਼ਹਿਰਾਂ ਵਿਚ ਮਿਲਦੀਆਂ ਹਨ ਉਹ ਪਿੰਡਾਂ ਦੇ ਵਿਚ ਹੋਣਗੀਆਂ। ਮੈਂ ਸਾਹਮਣੇ ਬੈਠੇ ਕਾਂਗਰਸੀ ਭਰਾਵਾਂ ਨੂੰ ਵੀ ਕੁੱਝ ਕਹਿਣਾ ਚਾਹੁੰਦਾ ਹਾਂ। ਉਨ੍ਹਾਂ ਦੀ 30 ਸਾਲ ਹਕੂਮਤ ਰਹੀ। ਉਹ ਕਹਿੰਦੇ ਹਨ ਕਿ ਅਸੀਂ ਜ਼ਿਮੀਂਦਾਰਾਂ ਲਈ ਬਹੁਤ ਕੁਝ ਕੀਤਾ ਹੈ ਅਤੇ ਐਗਰੀਕਲਚਰ ਲਈ ਬਹੁਤ ਕੁੱਝ ਕੀਤਾ ਹੈ ਪਰ ਮੈਂ ਦੱਸਦਾ ਹਾਂ ਕਿ

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਦੀ ਸਰਕਾਰ ਨੇ 30 ਸਾਲਾਂ ਵਿਚ 1537 ਕਿਲੋਮੀਟਰ ਖਾਲੇ ਪੱਕੇ ਕੀਤੇ। ਇਕ ਗੱਲ ਹੋਰ ਕਹੀ ਕਿ 30 ਸਾਲਾਂ ਦੇ ਵਿਚ ਨਹਿਰਾਂ ਪੱਕੀਆਂ ਕਰਾਈਆਂ ਹਨ। ਮੈਂ ਕਹਿੰਦਾ ਹਾਂ ਕਿ ਕਾਂਗਰਸ ਦੇ ਰਾਜ ਵਿਚ ਇਕ ਸਾਲ ਵਿਚ 16 ਕਿਲੋਮੀਟਰ ਨਹਿਰ ਪੱਕੀ ਕੀਤੀ ਗਈ ਹੈ। ਲੇਕਿਨ ਦੂਜੇ ਪਾਸੇ ਬਾਦਲ ਸਰਕਾਰ ਨੇ ਐਗਰੀਕਲਚਰ ਦੇ ਲੋਕਾਂ ਲਈ ਜੋ ਕੰਮ ਕੀਤਾ ਹੈ, ਉਹ ਤੁਹਾਡੇ ਸਾਹਮਣੇ ਹੈ। ਪਿਛਲੇ ਦੋ ਸਾਲਾਂ ਦੇ ਵਿਚ 6000 ਕਿਲੋਮੀਟਰ ਖਾਲ ਪੱਕੇ ਕਰਨ ਦਾ ਫੈਸਲਾ ਕੀਤਾ ਹੈ। ਇਥੇ ਮੈਂ ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ। ਜੋ ਮੈਂ ਸਮਝਦਾ ਹਾਂ ਕਿ ਅੱਗੇ ਪੰਜਾਬ ਵਿਚ ਨਹਿਰਾਂ ਤੇ ਕੱਟਸ ਹੁੰਦੇ ਸਨ ਔਰ ਖਾਲਾਂ ਉਤੇ ਕੱਟਸ ਹੁੰਦੇ ਸਨ, ਜਿਸ ਕਾਰਣ 25% ਤੋਂ ਵੱਧ ਇਕ ਇੱਕ ਏਕੜ ਸਿੰਜਿਆ ਜਾਂਦਾ ਸੀ ਇਨ੍ਹਾਂ ਖਾਲਾਂ ਪੱਕੀਆਂ ਹੋਣ ਨਾਲ ਹੁਣ 25% ਹੋਰ ਵੱਧ ਏਰੀਆ ਸਿੰਜਿਆ ਜਾਏਗਾ।

17 ਲੱਖ ਏਕੜ ਅਜਿਹੀ ਭੋਂ ਸੀ ਜੋ ਕਿ ਕੱਲਰ ਵਾਲੀ ਭੋਂ ਸੀ। ਇਨ੍ਹਾਂ ਦੀ ਪਹਿਲਾਂ ਜੋ ਸਰਕਾਰ ਰਹੀ ਹੈ, ਉਸ ਨੇ 17 ਲੱਖ ਏਕੜ ਜ਼ਮੀਨ ਨੂੰ ਕੱਲਰ ਵਾਲੀ ਜ਼ਮੀਨ ਬਣਾਇਆ ਹੈ। ਪਰ ਹੁਣ ਦੀ ਬਾਦਲ ਸਾਹਿਬ ਦੀ ਸਰਕਾਰ ਨੇ ਪਿੰਡਾਂ ਦੀ ਬਿਹਤਰੀ ਲਈ ਪਿਛਲੇ ਸਾਲ 33 ਹਜ਼ਾਰ ਏਕੜ ਜ਼ਮੀਨ ਨੂੰ ਵਾਹੀਯੋਗ ਬਣਾਇਆ ਹੈ। ਇਸ ਸਾਲ 2 ਲੱਖ ਏਕੜ ਜ਼ਮੀਨ ਨੂੰ ਹੋਰ ਕੱਲਰ ਵਾਲੀ ਜ਼ਮੀਨ ਨਹੀਂ ਰਹਿਣ ਦੇਣਾ ਹੈ।

ਇਸ ਸਰਕਾਰ ਨੇ ਪਿੰਡਾਂ ਵਿਚ ਰਹਿਣ ਵਾਲੇ ਜ਼ਿਮੀਂਦਾਰਾਂ ਲਈ ਜਾਂ ਕਿਸਾਨਾਂ ਲਈ ਜੋ ਸਹੂਲਤਾਂ ਦਿੱਤੀਆਂ ਹਨ, ਉਨ੍ਹਾਂ ਬਾਰੇ ਵੀ ਮੈਂ ਦੱਸਣਾ ਚਾਹੁੰਦਾ ਹਾਂ। ਪਹਿਲਾਂ ਜੋ ਪਿੰਡਾਂ ਵਿਚ ਇਨ੍ਹਾਂ ਲੋਕਾਂ ਨੂੰ ਕਰਜ਼ਾ ਮਿਲਦਾ ਸੀ, ਉਸ ਉਤੇ ਸਾਢੇ ਬਾਰਾਂ ਪਰਸੈਂਟ ਸੂਦ ਲਾਇਆ ਜਾਂਦਾ ਸੀ। ਬਾਦਲ ਸਰਕਾਰ ਨੇ ਉਨ੍ਹਾਂ ਲੋਕਾਂ ਦੀ ਬਿਹਤਰੀ ਵਾਸਤੇ ਇਹ ਸੂਦ ਦੀ ਸ਼ਰ੍ਹਾ ਨੂੰ ਘਟਾ ਕੇ 2% ਕਰ ਦਿੱਤਾ ਹੈ। ਇਸ ਨਾਲ 3 ਕਰੋੜ ਰੁਪਏ ਦਾ ਪੰਜਾਬ ਦੇ ਕਿਸਾਨ ਨੂੰ ਫਾਇਦਾ ਹੋਇਆ ਹੈ। ਇਥੇ ਹੀ ਬੱਸ ਨਹੀਂ ਪਿਛਲੀ ਸਰਕਾਰ ਵੇਲੇ ਜੋ ਗਰੀਬ ਕਿਸਾਨ ਨੂੰ ਬਿਜਲੀ ਮਿਲਦੀ ਸੀ ਉਸ ਦਾ ਰੇਟ 19 ਰੁਪਏ ਫੀ ਹਾਰਸ ਪਾਵਰ ਸੀ ਔਰ ਹੁਣ ਦੀ ਬਾਦਲ ਸਰਕਾਰ ਨੇ ਇਸ ਰੇਟ ਨੂੰ ਘਟਾ ਕੇ 13 ਰੁਪਏ ਫੀ ਹਾਰਸ ਪਾਵਰ ਕਰਨ ਦਾ ਫੈਸਲਾ ਕੀਤਾ ਹੈ। ਇਸ ਤਰ੍ਹਾਂ ਕਰਨ ਨਾਲ ਜ਼ਿਮੀਂਦਾਰਾਂ ਨੂੰ ਔਰ ਕਿਸਾਨਾਂ ਨੂੰ 5 ਕਰੋੜ ਰੁਪਏ ਦੀ ਰਾਹਤ ਮਿਲੀ ਹੈ। (ਥੰਪਿੰਗ)

ਪਿਛਲੀ ਸਰਕਾਰ ਵੇਲੇ, ਸੰਨ 1969 ਵੇਲੇ ਜੋ ਫਰਟੇਲਾਈਜ਼ਰ ਦੀਆਂ ਕੀਮਤਾਂ ਸਨ, ਉਸ ਨਾਲੋਂ ਹੁਣ ਦੀ ਸਰਕਾਰ ਨੇ ਫਰਟੇਲਾਈਜ਼ਰ ਦੀਆਂ ਕੀਮਤਾਂ ਘਟਾਈਆਂ ਹਨ ਔਰ ਕਿਸਾਨਾਂ ਨੂੰ ਇਸ ਤਰ੍ਹਾਂ ਕਰਨ ਨਾਲ ਰਾਹਤ ਮਿਲੀ ਹੈ। ਮੈਂ ਸਮਝਦਾ ਹਾਂ ਕਿ ਇਸ ਨਾਲ 3 ਕਰੋੜ ਰੁਪਏ ਦੀ ਜ਼ਿਮੀਂਦਾਰਾਂ ਨੂੰ ਰਾਹਤ ਮਿਲੀ ਹੈ। (ਵਿਘਨ)

**Sardar Beant Singh**: Point of order, Sir. (*Interruption*)

**ਸ਼੍ਰੀ ਡਿਪਟੀ ਸਪੀਕਰ** : ਮੈਂ ਮਾਨਯੋਗ ਮੈਂਬਰਾਂ ਅੱਗੇ ਰਿਕੁਐਸਟ ਕਰਾਂਗਾ ਕਿ ਖਾਹਮਖਾਹ ਇੰਟਰ-ਫੀਅਰ ਨਾ ਕਰਿਆ ਕਰਨ। ਮੈਂਬਰ ਸਾਹਿਬ ਬੜੇ ਧਿਆਨ ਨਾਲ ਬੋਲ ਰਹੇ ਹਨ, ਉਨ੍ਹਾਂ ਦੇ ਵਿਚਾਰ ਸੁਣਨੇ ਚਾਹੀਦੇ ਹਨ।

**ਸਰਦਾਰ ਚਰਨਜੀਤ ਸਿੰਘ** : ਜੋ ਪੰਜਾਬ ਦੇ ਲੋਕਾਂ ਨੂੰ ਜੋ ਇਸ ਸਰਕਾਰ ਨੇ ਰਾਹਤ ਦਿੱਤੀ ਹੈ, ਫਰਟੇਲਾਈਜ਼ਰ ਦੀਆਂ ਕੀਮਤਾਂ ਨੂੰ ਘੱਟ ਕਰਨ ਵਿਚ, ਬਿਜਲੀ ਦੇ ਰੇਟ ਘੱਟ ਕਰਨ ਵਿਚ ਜਾਂ ਹੋਰ ਕਿਸੇ ਤਰੀਕਿਆਂ ਨਾਲ ਜਿਵੇਂ ਕਿ ਨਹਿਰਾਂ ਜਾਂ ਖਾਲਾਂ ਪੱਕੀਆਂ ਕਰਕੇ ਰਾਹਤ ਦਿੱਤੀ ਹੈ, ਜੋ ਇਸ

Original with;
Punjab Vidhan Sabha
Digitized by;
Panjab Digital Library

[ਸਰਦਾਰ ਚਰਨਜੀਤ ਸਿੰਘ]

ਦਾ ਅੰਦਾਜ਼ਾ ਲਗਾਇਆ ਜਾਏ ਕਿ ਟੋਟਲ ਕਿੰਨੀ ਰਾਹਤ ਦਿੱਤੀ ਗਈ ਹੈ ਤਾਂ ਪਤਾ ਲਗਦਾ ਹੈ ਕਿ ਪੰਜਾਬ ਸਰਕਾਰ ਨੇ 153 ਕਰੋੜ 50 ਲੱਖ ਦੀ ਰਾਹਤ ਆਪਣੇ ਜ਼ਿਮੀਦਾਰਾਂ ਨੂੰ ਔਰ ਆਪਣੇ ਕਿਸਾਨਾਂ ਨੂੰ ਦਿੱਤੀ ਹੈ । ਇਸ ਲਈ ਇਹ ਹੁਣ ਦੀ ਸਰਕਾਰ ਵਧਾਈ ਦੀ ਪਾਤਰ ਹੈ। ਇਹ ਰਿਕਾਰਡ ਹੈ ਔਰ ਪਹਿਲਾਂ ਕਿਸੇ ਸਰਕਾਰ ਨੇ ਵੀ ਐਨੀ ਰਾਹਤ ਨਹੀਂ ਦਿੱਤੀ ਹੈ। (ਵਿਘਨ)

ਬੋਨਸ ਇਨ੍ਹਾਂ ਦੇ ਵੇਲੇ ਬੰਦ ਕੀਤਾ ਗਿਆ ਸੀ ਪਰ ਹੁਣ ਦੀ ਸਰਕਾਰ ਨੇ 8.33% ਬੋਨਸ ਦੇਣ ਦਾ ਇਲਾਨ ਹੀ ਨਹੀਂ ਕੀਤਾ ਬਲਕਿ ਦਿੱਤਾ ਵੀ ਹੈ (ਵਿਘਨ)।

ਪਹਿਲੀ ਸਰਕਾਰ ਜ਼ਿਮੀਂਦਾਰਾਂ ਦੀ, ਕਿਸਾਨਾਂ ਦੀ ਕਿੰਨੀ ਹਮਦਰਦ ਸੀ, ਉਸ ਬਾਰੇ ਮੈਂ ਇਕ ਮਿਸਾਲ ਦੇਣੀ ਚਾਹੁੰਦਾ ਹਾਂ। 1974-75 ਤੋਂ ਲੈ ਕੇ 1978 ਤੱਕ ਜਿਹੜਾ ਪਲੈਨ ਆਊਟ ਲੇਅ ਕੀਤਾ ਸੀ, ਇਨ੍ਹਾਂ ਨੇ ਜ਼ਿਮੀਂਦਾਰਾਂ ਦੀ, ਕਿਸਾਨਾਂ ਦੀ ਬੇਹਤਰੀ ਲਈ ਉਸ ਉਤੇ 30 ਕਰੋੜ ਰੁਪਏ ਖਰਚ ਕਰਨੇ ਸੀ। ਔਰ ਹੁਣ ਦੀ ਬਾਦਲ ਸਰਕਾਰ ਨੇ ਜ਼ਿਮੀਂਦਾਰਾਂ ਨੂੰ, ਕਿਸਾਨਾਂ ਨੂੰ ਰਾਹਤ ਦੇਣ ਲਈ ਜੋ ਪਲੈਨ ਆਊਟ ਲੇਅ ਕੀਤਾ ਹੈ ਉਸ ਲਈ 100 ਕਰੋੜ ਰੁਪਏ ਰਖੇ ਹਨ। ਇਸ ਲਈ ਮੈਂ ਕਹਿ ਸਕਦਾ ਹਾਂ ਕਿ ਜੋ ਅੱਜ ਦੀ ਸਰਕਾਰ ਹੈ ਦੇਸ਼ ਵਿਚ ਐਗਰੀਕਲਚਰਲ ਨੂੰ ਬੜ੍ਹਾਵਾ ਦੇਣ ਲਈ ਔਰ ਜੋ ਪਿੰਡਾਂ ਵਿੱਚ ਵੱਸਣ ਵਾਲੇ ਹਨ, ਉਨ੍ਹਾਂ ਲੋਕਾਂ ਨੂੰ ਸਹੂਲਤਾਂ ਦੇਣ ਲਈ, ਹੈ। ਜੋ ਇਸ ਸਰਕਾਰ ਨੇ ਸਹੂਲਤਾਂ ਦਿੱਤੀਆਂ ਹਨ ਪਹਿਲੋਂ ਕਿਸੇ ਸਰਕਾਰ ਨੇ ਨਹੀਂ ਦਿੱਤੀਆਂ (ਵਿਘਨ) ।

**ਚੌਧਰੀ ਸੁੰਦਰ ਸਿੰਘ :** ** ** **

**ਸ੍ਰੀ ਡਿਪਟੀ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਚਰਨਜੀਤ ਸਿੰਘ :** ਮੈਂ ਇਸ ਸਬੰਧ ਵਿਚ ਐਨੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਨੇ ਕਦੇ ਵੀ ਪਟਵਾਰੀ ਤੋਂ ਲੈ ਕੇ ਕਾਨੂੰਨਗੋ, ਤਹਿਸੀਲਦਾਰ ਜਾਂ ਰੈਵੇਨਿਊ ਦਾ ਕੋਈ ਵੀ ਅਫਸਰ ਹੈ, ਇਨ੍ਹਾਂ ਵਿਚੋਂ ਕੁਰੱਪਸ਼ਨ ਨੂੰ ਖਤਮ ਕਰਨ ਦਾ ਕੋਈ ਉਪਰਾਲਾ ਨਹੀਂ ਕੀਤਾ। ਉਮਰਾਨੰਗਲ ਜੀ ਐਸੇ ਮਨਿਸਟਰ ਹਨ ਜਿਨ੍ਹਾਂ ਨੇ ਉਨ੍ਹਾਂ ਕਰਮਚਾਰੀਆਂ ਦੀਆਂ ਕੁਰੱਪਸ਼ਨ ਵਾਲੀਆਂ ਨੀਤੀਆਂ ਜਾਂ ਉਨ੍ਹਾਂ ਦੇ ਮਨ ਵਿਚ ਜਿਸ ਕਿਸਮ ਦੀ ਲਾਲਸਾ ਸੀ, ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਮੰਨ ਕੇ ਕੁਝ ਇਨ੍ਹਾਂ ਨੂੰ ਦੇਣ ਲਈ ਵੀ ਫੈਸਲੇ ਕੀਤੇ ਹਨ। ਇਥੇ ਹੀ ਬਸ ਨਹੀਂ, ਪਿੰਡਾਂ ਵਿਚ ਵਸਣ ਵਾਲੇ ਲੋਕਾਂ ਦੇ ਮਸਲੇ ਜੋ ਸਾਲਾਂ ਬੱਧੀ ਚਲਦੇ ਆ ਰਹੇ ਸਨ, ਉਨ੍ਹਾਂ ਵਾਸਤੇ ਵੀ ਕਿਹਾ ਹੈ ਕਿ ਉਨ੍ਹਾਂ ਦੇ ਫੈਸਲੇ ਤਿੰਨ ਮਹੀਨਿਆਂ ਵਿਚ ਕਰ ਦੇਣੇ ਚਾਹੀਦੇ ਹਨ। ਡਿਸਪਿਊਟਿਡ ਮੀਊਟੇਸ਼ਨਾਂ ਲਈ 6 ਮਹੀਨਿਆਂ ਵਿਚ ਫੈਸਲੇ ਕਰਨ ਬਾਰੇ ਕਿਹਾ ਹੈ। ਮਿਤੀ 11 ਜਨਵਰੀ, 1978 ਤੋਂ ਲੈਕੇ ਮਿਤੀ 31 ਜਨਵਰੀ, 1978 ਤੱਕ 55,079 ਮੀਊਟੇਸ਼ਨਜ਼ ਪੈਂਡਿੰਗ ਸਨ। ਇਨ੍ਹਾਂ ਵਿਚੋਂ 43,953 ਮੀਊਟੇਸ਼ਨਜ਼ ਦਾ ਨਿਪਟਾਰਾ ਕੀਤਾ ਗਿਆ ਹੈ। ਪਟਵਾਰੀ ਤੋਂ ਲੈ ਕੇ ਤਹਿਸੀਲਦਾਰ ਤਕ ਇਨ੍ਹਾਂ ਵਿਚ ਜੋ ਕੁਰੱਪਸ਼ਨ ਪਹਿਲਾਂ ਚਲ ਰਹੀ ਸੀ, ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਸੋਚਣ ਦਾ ਉਪਰਾਲਾ ਕੀਤਾ ਹੈ। ਇਨ੍ਹਾਂ ਨੇ ਫੈਸਲਾ ਕੀਤਾ ਹੈ ਕਿ ਐਮਰਜੈਂਸੀ ਦੇ ਦੌਰਾਨ ਜਿਹੜੇ ਪਟਵਾਰੀ ਮਿਤੀ 25 ਜੂਨ, 1975 ਤੋਂ 19 ਜੂਨ, 1977 ਤਕ ਮੁਅੱਤਲ ਜਾਂ ਡਿਸਮਿਸ ਕੀਤੇ ਗਏ ਹਨ, ਉਨ੍ਹਾਂ ਸਾਰੇ ਪਟਵਾਰੀਆਂ ਨੂੰ ਰੀਇਨਸਟੇਟ ਕੀਤਾ ਗਿਆ ਹੈ। ਪਟਵਾਰੀ ਤੋਂ ਕਾਨੂੰਗੋ ਬਣਨ ਲਈ ਪਹਿਲਾਂ ਇਸ ਪ੍ਰੋਮੋਸ਼ਨ ਲਈ 65 ਪ੍ਰਤੀਸ਼ਤ ਕੋਟਾ ਰੱਖਿਆ ਗਿਆ ਸੀ। ਪਰ ਹੁਣ ਇਸ ਸਰਕਾਰ ਨੇ ਇਸ ਕੋਟੇ ਨੂੰ ਵਧਾ ਕੇ 65 ਪ੍ਰਤੀਸ਼ਤ ਤੋਂ 85 ਪ੍ਰਤੀਸ਼ਤ ਕਰ ਦਿੱਤਾ ਹੈ ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਇਥੇ ਹੀ ਬੱਸ ਨਹੀਂ ਪਹਿਲਾਂ ਇਨ੍ਹਾਂ ਦੀ ਸਰਕਾਰ ਦੇ ਵੇਲੇ ਇੱਕ ਪਟਵਾਰੀ ਨੂੰ ਆਪਣੇ ਡਿਸਟ੍ਰਿਕਟ ਹੈਡਕੁਆਰਟਰ ਵਿਚ ਮਹੀਨੇ ਵਿਚ ਚਾਰ ਜਾਂ ਪੰਜ ਵਾਰੀ ਮੀਟਿੰਗਜ਼ ਅਟੈਂਡ ਕਰਨ ਲਈ ਜਾਣਾ ਪੈਂਦਾ ਸੀ। ਪਰ ਹੁਣ ਦੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਜਿਹੜਾ ਪਟਵਾਰੀ ਤਹਿਸੀਲ ਹੈਡਕੁਆਰਟਰ ਤੇ ਆਏਗਾ ਉਹ ਮਹੀਨੇ ਵਿਚ ਸਿਰਫ ਇੱਕ ਵਾਰੀ ਹੀ ਆਏਗਾ। ਅੱਗੇ ਜਦੋਂ ਪਟਵਾਰੀ ਮੀਟਿੰਗ ਅਟੈਂਡ ਕਰਨ ਲਈ ਜਾਂਦੇ ਸਨ ਤਾਂ ਉਨ੍ਹਾਂ ਨੂੰ ਕੋਈ ਟੀ.ਏ., ਡੀ. ਏ. ਨਹੀਂ ਮਿਲਦਾ ਸੀ। ਪਰ ਹੁਣ ਉਨ੍ਹਾਂ ਨੂੰ ਟੀ. ਏ. ਡੀ. ਏ. ਵੀ ਮਿਲੇਗਾ ਤਾਂਕਿ ਉਨ੍ਹਾਂ ਦੇ ਦਿਲ ਵਿਚ ਇਹ ਨਾ ਆ ਜਾਵੇ ਕਿ ਕਿਸੇ ਹੋਰ ਬੰਦੇ ਤੋਂ ਪੈਸੇ ਲੈਣੇ ਹਨ। ਇਨ੍ਹਾਂ ਦੀ ਮਾਨਸਿਕ ਸਥਿਤੀ ਨੂੰ ਬੜ੍ਹਾਵਾ ਦੇਣ ਲਈ ਇਹ ਟੀ. ਏ., ਡੀ. ਏ. ਦੇਣ ਦਾ ਫੈਸਲਾ ਕੀਤਾ ਹੈ।

**ਸ੍ਰੀ ਡਿਪਟੀ ਸਪੀਕਰ** : ਵਾਈਂਡ ਅੱਪ ਕਰਨ ਦੀ ਕੋਸ਼ਿਸ਼ ਕਰੋ।

**ਸਰਦਾਰ ਚਰਨਜੀਤ ਸਿੰਘ** : ਇਸ ਲਈ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਸਰਕਾਰ ਨੇ ਕਈ ਉਪਰਾਲੇ ਕੀਤੇ ਹਨ ਜਿਸ ਨਾਲ ਕਿ ਲੋਕਾਂ ਨੂੰ ਰਾਹਤ ਮਿਲ ਸਕੇ। ਇਹ ਭਰਾ (ਕਾਂਗਰਸ ਬੈਂਚਾਂ ਵੱਲ ਇਸ਼ਾਰਾ ਕਰਦੇ ਹੋਏ) ਜਦੋਂ ਪਿੱਛੇ ਜਿਹੇ ਮਲੇਰਕੋਟਲੇ ਵਿਚ ਸੈਸ਼ਨ ਹੋਇਆ। ਉਸ ਵੇਲੇ ਦੇ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਜੀ ਵੀ ਉਸ ਸਮੇਂ ਉਥੇ ਆਏ ਸਨ। ਉਸ ਵੇਲੇ ਦੇ ਮੁੱਖ ਮੰਤਰੀ ਨੇ ਉਸ ਵੇਲੇ ਕਿਹਾ ਸੀ ਕਿ ਅੱਜ ਉਹ ਦਿਨ ਹੈ ਜਦੋਂ ਕਿ ਅਸੀਂ ਪੰਜਾਬ ਦੇ ਸਾਰੇ ਪਿੰਡਾਂ ਨੂੰ ਇਲੈਕਟ੍ਰੀਫਾਈ ਕਰ ਦਿੱਤਾ ਹੈ। ਇਹ ਨਹੀਂ ਸੋਚਿਆ ਗਿਆ ਕਿ ਹਰੀਜਨਾਂ ਦੇ ਘਰਾਂ ਵਿਚ ਤਾਂ ਅਜੇ ਤੱਕ ਵੀ ਅਨ੍ਹੇਰਾ ਹੈ। ਉਨ੍ਹਾਂ ਦੇ ਬੱਚੇ ਦੀਵੇ ਦੀ ਲਾਈਟ ਵਿਚ ਪੜ੍ਹਦੇ ਹਨ ਔਰ ਉਨ੍ਹਾਂ ਦੀਆਂ ਅੱਖਾਂ ਖਰਾਬ ਹੋ ਸਕਦੀਆਂ ਹਨ। ਉਦੋਂ ਪਿਛਲੀ ਸਰਕਾਰ ਨੇ ਇਸ ਗੱਲ ਬਾਰੇ ਨਹੀਂ ਸੋਚਿਆ ਸੀ ਪਰ ਹੁਣ ਦੀ ਸਰਕਾਰ ਨੇ ਹਰੀਜਨਾਂ ਦੇ ਘਰਾਂ ਵਿਚ ਬਿਜਲੀ ਪਹੁੰਚਾਉਣ ਲਈ ਜੋ ਮੀਟਰ ਦੀ ਪਹਿਲਾਂ 20 ਰੁਪਏ ਸਿਕਿਉਰਟੀ ਹੁੰਦੀ ਸੀ, ਉਹ ਹੁਣ ਘਟਾ ਕੇ 2 ਰੁਪਏ ਮੀਟਰ ਦੀ ਸਿਕਿਉਰਟੀ ਕਰ ਦਿੱਤੀ ਹੈ।

ਇੱਕ ਗੱਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ ਮਟੌਰ ਸੈਸ਼ਨ ਵਿਚ ਬਹੁਤ ਕੁਝ ਹੋਇਆ। ਇਸ ਬਾਰੇ ਇਨਕੁਆਇਰੀਆਂ ਵੀ ਚਲ ਰਹੀਆਂ ਹਨ ਲੇਕਿਨ ਇਸ ਦੇ ਨਾਲ ਹੀ ਮੈਂ ਕਹਿੰਦਾ ਹਾਂ ਕਿ ਮੈਂ ਸਰਦਾਰ ਆਤਮਾ ਸਿੰਘ ਦੀ ਦਾਦ ਦਿੰਦਾ ਹਾਂ। ਸਰਦਾਰ ਆਤਮਾ ਸਿੰਘ ਨੇ ਇਕ ਗੱਲ ਕਹੀ ਕਿ ਪਬਲਿਕ ਰਿਲੇਸ਼ਨਜ਼ ਡਿਪਾਰਟਮੈਂਟ ਡਰਾਮਿਆਂ ਦਾ ਮਹਿਕਮਾ ਨਹੀਂ, ਇਹ ਲਾਵਾਰਸਾਂ ਦਾ ਮਹਿਕਮਾ ਨਹੀਂ, ਸਗੋਂ ਇਹ ਵੀ ਇਕ ਅਜਿਹਾ ਮਹਿਕਮਾ ਹੈ ਜਿਹੜਾ ਪੰਜਾਬ ਦੇ ਹਿੱਤਾਂ ਲਈ ਅਤੇ ਪੰਜਾਬ ਦੇ ਲੋਕਾਂ ਦੇ ਵੱਧਣ ਫੁੱਲਣ ਵਿਚ ਹਿੱਸਾ ਪਾ ਸਕਦਾ ਹੈ। ਲੇਕਿਨ ਇਨ੍ਹਾਂ (ਆਪੋਜ਼ੀਸ਼ਨ ਵੱਲ ਇਸ਼ਾਰਾ) ਭਰਾਵਾਂ ਨੇ ਪਬਲਿਕ ਰਿਲੇਸ਼ਨ ਡਿਪਾਰਟਮੈਂਟ ਦਾ ਕੀ ਹਾਲ ਕਰ ਦਿੱਤਾ ਸੀ। ਮਟੌਰ ਸੈਸ਼ਨ ਹੋਇਆ। ਇਨ੍ਹਾਂ ਨੇ ਪਬਲਿਕ ਰਿਲੇਸ਼ਨ ਡਿਪਾਰਟਮੈਂਟ ਦੀ ਕਲਚਰਲ ਪ੍ਰੋਗਰਾਮ ਵਾਸਤੇ ਇਕ ਪਾਰਟੀ ਬਣਾਈ। ਮੈਨੂੰ ਬੜੀ ਹੈਰਾਨੀ ਹੈ ਅਤੇ ਇਹ ਕਹਿਣ ਵਿਚ ਬੜੀ ਸ਼ਰਮ ਮਹਿਸੂਸ ਹੁੰਦੀ ਹੈ ਕਿ ਇਨ੍ਹਾਂ ਨੇ ਕਲਚਰਲ ਪ੍ਰੋਗਰਾਮ ਪਾਰਟੀ ਬਣਾਈ ਅਤੇ ਉਸ ਪਾਰਟੀ ਉਪਰ 5 ਲੱਖ ਰੁਪਿਆ ਖਰਚ ਕੀਤਾ। ਉਸ ਪਾਰਟੀ ਨੂੰ ਇਹ 30 ਹਜ਼ਾਰ ਰੁਪਿਆ ਮਹੀਨਾ ਤਨਖਾਹ ਦਿੰਦੇ ਸੀ। 25 ਹਜ਼ਾਰ ਉਸ ਉਪਰ ਹੋਰ ਖਰਚਾ ਕੀਤਾ ਜਾਂਦਾ ਸੀ। (ਵਿਘਨ) ਜਿਸ ਦਾ ਨਤੀਜਾ ਇਹ ਹੋਇਆ ਕਿ ਉਸ ਉਪਰ ਹਰ ਸਾਲ 6 ਲੱਖ ਰੁਪਿਆ ਖਰਚ ਕੀਤਾ ਜਾਂਦਾ ਸੀ। ਇਹ ਆਪਣੇ ਪਿਛਲੇ 30 ਸਾਲ ਦੇ ਰਾਜ ਵਿਚ ਅਜਿਹੀਆਂ ਗੱਲਾਂ ਕਰਦੇ ਰਹੇ ਹਨ। (ਵਿਘਨ) ਚਾਹੀਦਾ ਤਾਂ ਇਹ ਸੀ ਕਿ ਮਟੌਰ ਸੈਸ਼ਨ ਤੋਂ ਬਾਅਦ ਉਸ ਪਾਰਟੀ ਨੂੰ ਤੋੜ ਦਿੰਦੇ ਜਾਂ ਉਸ ਤੋਂ ਕੋਈ ਹੋਰ ਕੰਮ ਲਿਆ ਜਾਂਦਾ ਪਰ ਇਨ੍ਹਾਂ ਨੇ ਉਸ ਪਾਰਟੀ ਨੂੰ ਪਬਲਿਕ ਰਿਲੇਸ਼ਨ ਦੇ ਜ਼ਿੰਮੇ ਮੜ੍ਹ ਦਿੱਤਾ। ਨਤੀਜਾ ਇਹ ਹੋਇਆ ਕਿ 6 ਲੱਖ ਰੁਪਿਆ ਉਸ ਉਤੇ ਖਰਚ ਕਰਕੇ ਸਰਕਾਰੀ ਖਜ਼ਾਨੇ ਤੇ ਵਾਧੂ ਬੋਝ ਪਾਇਆ। ਹੁਣ ਇਸ ਸਰਕਾਰ ਨੇ ਉਸ ਨੂੰ ਤੋੜ ਕੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਚਰਨਜੀਤ ਸਿੰਘ]

ਇਕ ਅੱਛਾ ਕੰਮ ਕੀਤਾ ਹੈ, ਇਸ ਲਈ ਇਹ ਸਰਕਾਰ ਵਧਾਈ ਦੀ ਪਾਤਰ ਹੈ। ਅੱਜ ਲੋਕਾਂ ਨੂੰ ਅਜਿਹੇ ਡਰਾਮਿਆਂ ਦੀ ਲੋੜ ਨਹੀਂ ਹੈ, ਸਗੋਂ ਚੰਗੇ ਇਖਲਾਕ ਵਾਲੇ ਡਰਾਮੇ ਦਿਖਾਉਣ ਦੀ ਲੋੜ ਹੈ ਅਤੇ ਚੰਗੇ ਇਨਸਾਨ ਪੈਦਾ ਕਰਨ ਦੀ ਲੋੜ ਹੈ। ਇਸ ਦੇ ਨਾਲ ਹੀ ਮੈਂ ਇਹ ਵੀ ਦੱਸ ਦੇਣਾ ਚਾਹੁੰਦਾ ਹਾਂ ਕਿ ਪਹਿਲੇ ਕਿਤਾਬਾਂ ਵਿਚ ਕੀ ਹੁੰਦਾ ਸੀ? ਪਬਲਿਕ ਰਿਲੇਸ਼ਨ ਡਿਪਾਰਟਮੈਂਟ ਵਿਚ ਕੀ ਹੁੰਦਾ ਸੀ? ਇਸ਼ਕ ਦੇ ਬਾਰੇ ਦੱਸਿਆ ਜਾਂਦਾ ਸੀ। ਅੱਜ ਸਾਨੂੰ ਇਨ੍ਹਾਂ ਗੱਲਾਂ ਦੀ ਲੋੜ ਨਹੀਂ ਹੈ। ਅੱਜ ਸਾਨੂੰ ਇਸ ਗੱਲ ਦੀ ਲੋੜ ਨਹੀਂ ਕਿ ਸੱਸੀ-ਪੁੰਨੂੰ ਰੇਗਿਸਤਾਨ ਵਿਚ ਦਮ ਤੋੜ ਗਏ ਅਤੇ ਅਜਿਹੀਆਂ ਗੱਲਾਂ ਲੋਕਾਂ ਨੂੰ ਦਿਖਾਉਣ ਵਾਸਤੇ 6 ਲੱਖ ਰੁਪਿਆ ਰੱਖਿਆ ਜਾਵੇ। ਸਾਨੂੰ ਅਜਿਹੀਆਂ ਗੱਲਾਂ ਦੀ ਲੋੜ ਨਹੀਂ। ਸਾਨੂੰ ਇਸ ਪਾਸੇ ਜਾਣ ਦੀ ਲੋੜ ਨਹੀਂ ਕਿ ਮਿਰਜ਼ਾ ਸਾਹਿਬਾਂ ਮਗਰ ਭੱਜਦਾ ਫਿਰੇ ਅਤੇ ਉਸ ਦੇ ਭਰਾ ਉਸ ਦਾ ਕਤਲ ਕਰ ਦੇਣ। ਸਾਨੂੰ ਅੱਜ ਇਹ ਚੀਜ਼ਾਂ ਦਿਖਾਉਣ ਦੀ ਲੋੜ ਨਹੀਂ ਹੈ ਸਗੋਂ ਸਾਨੂੰ ਅੱਜ ਦੇਸ਼ ਦੇ ਵਫ਼ਾਦਾਰ ਬਣਨਾ ਚਾਹੀਦਾ ਹੈ।

**ਸ੍ਰੀ ਮਨਮੋਹਨ ਕਾਲੀਆ** : ** ** **

**Mr. Deputy Speaker** : This is no point of order .

**ਸਰਦਾਰ ਚਰਨਜੀਤ ਸਿੰਘ** : ਅੱਜ ਲੋੜ ਇਸ ਗੱਲ ਦੀ ਨਹੀਂ ਕਿ ਸੋਹਣੀ ਮਹੀਂਵਾਲ ਨੂੰ ਝਨਾਂ ਪਾਰ ਕਰਕੇ ਮਿਲਣ ਜਾਵੇ ਅਤੇ ਰਸਤੇ ਵਿਚ ਡੁਬ ਕੇ ਮਰ ਜਾਵੇ। ਅੱਜ ਸਾਨੂੰ ਲੋੜ ਹੈ ਕਿ ਦਰਿਆ ਨੂੰ ਨੱਥ ਕਿਸ ਤਰ੍ਹਾਂ ਪਾਈ ਜਾਵੇ। ਅੱਜ ਸਾਨੂੰ ਲੋੜ ਹੈ ਦਰਿਆਵਾਂ ਉਪਰ ਪੁਲ ਬਣਾਉਣ ਦੀ। ਅੱਜ ਵੀਰ ਹਕੀਕਤ ਦੀ ਸਿਖਿਆ ਦੀ ਲੋੜ ਹੈ। ਮਹਾਰਾਣਾ ਪ੍ਰਤਾਪ ਵਰਗੇ ਯੋਧਿਆਂ ਦੀਆਂ ਜੀਵਨੀਆਂ ਤੋਂ ਜਾਣੂ ਹੋਣ ਦੀ ਲੋੜ ਹੈ। ਗੁਰੂ ਨਾਨਕ ਦੇਵ ਅਤੇ ਫਰੀਦ ਜੀ ਦੀ ਸਿੱਖਿਆ ਉਪਰ ਚੱਲਣ ਦੀ ਲੋੜ ਹੈ। ਗੁਰੂ ਜੀ ਨੇ ਫੁਰਮਾਇਆ ਸੀ ਕਿ :

ਸਭੇ ਸਾਂਝੀਵਾਲ ਸਦਾਇਨ, ਕੋਈ ਨਾ ਦਿਸੈ ਬਾਹਿਰਾ ਜੀਉ।

ਮੇਰੇ ਕਹਿਣ ਤੋਂ ਭਾਵ ਹੈ ਕਿ ਇਸ ਕਿਸਮ ਦੇ ਡਰਾਮੇ ਦਿਖਾਉਣ ਦੀ ਲੋੜ ਹੈ। ਵੀਰ ਹਕੀਕਤ ਅਤੇ ਮਹਾਰਾਣਾ ਪ੍ਰਤਾਪ ਵਰਗਿਆਂ ਦੇ ਡਰਾਮੇ ਦਿਖਾਉਣੇ ਚਾਹੀਦੇ ਹਨ। ਅੱਜ ਧਾਰਮਿਕ ਡਰਾਮੇ ਦਿਖਾਉਣੇ ਚਾਹੀਦੇ ਹਨ। ਜਿਨ੍ਹਾਂ ਨਾਲ ਲੋਕਾਂ ਦਾ ਇਖਲਾਕ ਉੱਚਾ ਹੋਵੇ।

**Mr. Deputy Speaker** : Please wind up now.

**ਸਰਦਾਰ ਚਰਨਜੀਤ ਸਿੰਘ** : ਮੈਂ ਪੰਜ ਮਿੰਟ ਲਵਾਂਗਾ ਜੀ। ਹੁਣ ਮੈਂ ਹਰੀਜਨਾਂ ਦੇ ਮਸਲੇ ਉਪਰ ਬੋਲਣਾ ਚਾਹੁੰਦਾ ਹਾਂ। ਪਹਿਲੀ ਗੱਲ ਤਾਂ ਇਸ ਬਾਰੇ ਇਹ ਹੈ ਕਿ ਹਰੀਜਨਾਂ ਦੇ ਮਸਲੇ ਬਾਰੇ ਜਿਹੜੀ ਪਹਿਲੀ ਸਰਕਾਰ ਸੀ ਉਸ ਨੇ ਸਿਰਫ ਨਾਹਰਾ ਹੀ ਉਨ੍ਹਾਂ ਲਈ ਮਾਰਿਆ ਪਰ ਕੀਤਾ ਕੁਝ ਨਹੀਂ। ਪਰ ਇਹ ਜਿਹੜੀ ਹੁਣ ਦੀ ਸਾਡੀ ਸਰਕਾਰ ਹੈ ਇਸ ਨੇ ਉਨ੍ਹਾਂ ਵਾਂਗਰ ਫੋਕਾ ਨਾਹਰਾ ਨਹੀਂ ਮਾਰਿਆ, ਉਨ੍ਹਾਂ ਵਾਂਗ ਲਾਰਾ ਨਹੀਂ ਲਾਇਆ। ਜਦ ਪਹਿਲੇ ਧਰਮਸ਼ਾਲਾ ਲਈ 7 ਹਜ਼ਾਰ ਰੁਪਿਆ ਮਿਲਦਾ ਸੀ, ਉਹ ਸਾਡੀ ਸਰਕਾਰ ਨੇ 10 ਹਜ਼ਾਰ ਰੁਪਿਆ ਕੀਤਾ ਹੈ। ਲੇਕਿਨ ਫਿਰ ਵੀ ਮੈਂ ਸਮਝਦਾ ਹਾਂ ਕਿ ਜੋ ਕੁਝ ਹਰੀਜਨਾਂ ਲਈ ਕਰਨਾ ਚਾਹੀਦਾ ਸੀ, ਜੋ ਕੰਮ ਉਨ੍ਹਾਂ ਲਈ ਕਰਨਾ ਚਾਹੀਦਾ ਸੀ, ਉਹ ਅਸੀਂ ਕਰ ਨਹੀਂ ਸਕੇ। ਮਿਸਾਲ ਦੇ ਤੌਰ ਤੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਕਾਂਗਰਸ ਵਾਲੇ ਹਰੀਜਨਾਂ ਨਾਲ 30 ਸਾਲ ਲਾਰੇ ਹੀ ਲਾਉਂਦੇ ਰਹੇ ਹਨ। ਉਨ੍ਹਾਂ ਨਾਲ ਲਾਰਾ ਇਹ ਲਾਇਆ ਜਾਂਦਾ ਸੀ ਕਿ ਫਲਾਣੇ ਸਿੰਘ ਦੀ ਜ਼ਮੀਨ ਤੈਨੂੰ ਦੇ ਦੇਵਾਂਗੇ, ਇਸ ਲਈ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਤੂੰ ਸਾਨੂੰ ਵੋਟ ਦੇ ਦੇ। ਇਲੈਕਸ਼ਨਾਂ ਦੇ ਦਿਨਾਂ ਵਿਚ ਇਹ ਮਸਲਾ ਸਾਡੇ ਸਾਹਮਣੇ ਆਉਂਦਾ ਸੀ। ਮੈਂ ਬੇਨਤੀ ਕਰਾਂਗਾ ਕਿ..

**ਡਾਕਟਰ ਦੇਵ ਰਾਜ ਨਸਰਾਲਾ:** ** ** **

**Mr. Deputy Speaker :** This is no point of order.

**ਡਾਕਟਰ ਦੇਵ ਰਾਜ ਨਸਰਾਲਾ :** ** ** **

**Mr. Deputy Speaker :** This is no point of order

11.48 ਸਵੇਰੇ (ਇਸ ਸਮੇਂ ਹਾਜੀ ਅਨਵਰ ਅਹਿਮਦ ਖਾਨ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

**ਸਰਦਾਰ ਬੇਅੰਤ ਸਿੰਘ :** ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਤੁਸੀਂ ਹੁਣੇ ਹੀ ਕੁਰਸੀ ਤੇ ਬੈਠੇ ਹੋ, ਤੁਸੀਂ ਰਿਕਾਰਡ ਦੇਖ ਲਵੋ, ਮਾਨਯੋਗ ਮੈਂਬਰ ਨੇ ਮਹਾਤਮਾ ਗਾਂਧੀ ਦੇ ਖਿਲਾਫ ਬਹੁਤ ਕੁੱਝ ਕਿਹਾ ਹੈ।

**ਕਾਮਰੇਡ ਦਰਸ਼ਨ ਸਿੰਘ ਝਬਾਲ:** ਉਨ੍ਹਾਂ ਨੇ ਇੰਦਰਾ ਗਾਂਧੀ ਦੇ ਖਿਲਾਫ ਕਿਹਾ ਹੈ।

**ਸਰਦਾਰ ਬੇਅੰਤ ਸਿੰਘ :** ਮੈਂ ਪੁਆਇੰਟ ਆਫ ਆਰਡਰ ਤੇ ਖੜਾ ਹਾਂ ਜੀ।

**ਸਾਥੀ ਰੂਪ ਲਾਲ :** ਉਨ੍ਹਾਂ ਨੇ ਇੰਦਰਾ ਗਾਂਧੀ ਨੂੰ ਕਿਹਾ ਹੈ। ਸ਼ਾਇਦ ਉਨ੍ਹਾਂ ਦੀ ਜ਼ਬਾਨ ਖੋਤਾ ਖਾ ਗਈ ਹੋਵੇ। (ਹਾਸਾ)

**ਕਾਮਰੇਡ ਸੰਪੂਰਣ ਸਿੰਘ ਧੌਲਾ:** ਉਨ੍ਹਾਂ ਨੇ ਇੰਦਰਾ ਗਾਂਧੀ ਨੂੰ ਕਿਹਾ ਹੈ।

**ਡਾਕਟਰ ਦੇਵ ਰਾਜ ਨਸਰਾਲਾ:** ਮੈਂ ਇੰਦਰਾ ਗਾਂਧੀ ਨੂੰ ਕਿਹਾ ਹੈ ।

(ਇਸ ਸਮੇਂ ਡਾਕਟਰ ਦੇਵ ਰਾਜ ਨਸਰਾਲਾ ਨੇ ਕੁਝ ਕਾਗਜ਼ ਸਦਨ ਵਿਚ ਸੁੱਟੇ)

**ਸਰਦਾਰ ਬੇਅੰਤ ਸਿੰਘ :** ** ** **

**Mr. Chairman:** This is no point of order. ਸਰਦਾਰ ਚਰਨਜੀਤ ਸਿੰਘ ਜੀ, ਤੁਸੀਂ ਬੋਲੋ।

**ਸਰਦਾਰ ਬੇਅੰਤ ਸਿੰਘ :** ਤੁਸੀਂ ਕਿਹਾ ਹੈ ਕਿ this is no point of order. (interruption) ਤੁਸੀਂ ਉਨ੍ਹਾਂ ਨੂੰ ਕਹੋ ਕਿ ਉਹ ਇਹ ਲਫਜ਼ ਵਾਪਸ ਲੈ ਲੈਣ। (ਵਿਘਨ)

**ਸਾਥੀ ਰੂਪ ਲਾਲ :** ਉਹ ਆਨਰੇਬਲ ਮੈਂਬਰ ਮੇਰੇ ਨਜ਼ਦੀਕ ਬੈਠੇ ਹਨ, ਉਨ੍ਹਾਂ ਨੇ ਇੰਦਰਾ ਗਾਂਧੀ ਬਾਰੇ ਕਿਹਾ ਹੈ। ਹੋ ਸਕਦਾ ਹੈ ਕਿ ਗਲਤੀ ਨਾਲ ਮਹਾਤਮਾ ਗਾਂਧੀ ਦਾ ਨਾਮ ਰਿਕਾਰਡ ਹੋ ਗਿਆ ਹੋਵੇ, ਪਰ ਉਨ੍ਹਾਂ ਨੇ ਇੰਦਰਾ ਗਾਂਧੀ ਕਿਹਾ ਹੈ। ਅਸੀਂ ਮਹਾਤਮਾ ਗਾਂਧੀ ਦਾ ਪੂਰਾ ਇਹਤਰਾਮ ਕਰਦੇ ਹਾਂ। ਜਿਥੋਂ ਤੱਕ ਇੰਦਰਾ ਗਾਂਧੀ ਦਾ ਤੁਅੱਲਕ ਹੈ, ਉਹ ਜ਼ਾਲਮ ਔਰਤ ਹੈ ਅਤੇ ਉਸ ਦੀ ਫੋਟੋ ਨਹੀਂ ਲਗਾਉਣੀ ਚਾਹੀਦੀ। ਉਨ੍ਹਾਂ ਦੇ ਜਜ਼ਬਾਤ ਦੀ ਕਦਰ ਕਰਨੀ ਚਾਹੀਦੀ ਹੈ ।

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਬੋਲਣ ਲਈ ਖੜੇ ਸਨ)।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**Sardar Gurdarshan Singh**: Mr. Chairman, on a point of order.

**ਸਰਦਾਰ ਚਰਨਜੀਤ ਸਿੰਘ**: ਤੋਂ ਮੈਂ ਇਹ ਬੇਨਤੀ ਕਰ ਰਿਹਾ ਸੀ ਕਿ ਸਾਡੀ ਸਰਕਾਰ ਨੇ ਹਰੀਜਨਾਂ ਨੂੰ....... (ਵਿਘਨ)

**ਸਰਦਾਰ ਗੁਰਦਰਸ਼ਨ ਸਿੰਘ**: ਚੇਅਰਮੈਨ ਸਾਹਿਬ, ਤੁਸੀਂ ਸਾਡਾ ਪੁਆਇੰਟ ਆਫ ਆਰਡਰ ਸੁਣ ਤਾਂ ਲਓ, ਸੁਣ ਕੇ ਤੁਸੀਂ ਰੂਲ ਆਊਟ ਕਰ ਸਕਦੇ ਹੋ। (ਵਿਘਨ) ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਆਨਰੇਬਲ ਮੈਂਬਰ ਉਠ ਕੇ ਕਲੈਰੀਫਾਈ ਕਰ ਦੇਣ। ਜੋ ਹਾਉਸ ਦੀਆਂ ਪ੍ਰੋਸੀਡਿੰਗਜ਼ ਵਿਚ ਰਿਕਾਰਡ ਹੋਇਆ ਹੈ ਉਹ ਮਹਾਤਮਾਂ ਗਾਂਧੀ ਦਾ ਨਾਮ ਹੋਇਆ ਹੈ। ਆਨਰੇਬਲ ਮੈਂਬਰ ਸਾਹਿਬ ਉਠ ਕੇ ਕਹਿ ਦੇਣ ਕਿ ਮਹਾਤਮਾਂ ਗਾਂਧੀ ਦਾ ਨਾਮ ਨਹੀਂ ਕਿਹਾ। (ਕਾਮਰੇਡ ਦਰਸ਼ਨ ਸਿੰਘ ਝਬਾਲ ਜੀ ਵੱਲੋਂ ਵਿਘਨ) ਉਸ ਦੇ ਬੀਹਾਫ ਤੇ ਝਬਾਲ ਸਾਹਿਬ ਤੁਸੀਂ ਨਹੀਂ ਕਹਿ ਸਕਦੇ।

**ਸ੍ਰੀ ਸਭਾਪਤੀ**: ਸਰਦਾਰ ਗੁਰਦਰਸ਼ਨ ਸਿੰਘ ਜੀ, ਸਾਥੀ ਰੂਪ ਲਾਲ ਜੀ ਨੇ ਕਲੈਰੀਫਾਈ ਕਰ ਦਿੱਤਾ ਹੈ।

**ਸਰਦਾਰ ਗੁਰਦਰਸ਼ਨ ਸਿੰਘ**: ਸਾਥੀ ਰੂਪ ਲਾਲ ਕੌਣ ਹੁੰਦਾ ਹੈ, ਆਨਰੇਬਲ ਮੈਂਬਰ ਆਪ ਉਠ ਕੇ ਕਲੀਅਰ ਕਰਨ। ਕੀ ਉਸ ਦਾ ਪੇਟ ਇਤਨਾ ਵੱਡਾ ਹੈ ਮੋਟਾ ਹੈ ਕਿ ਉਹ ਉਠਕੇ ਬੋਲ ਨਹੀਂ ਸਕਦਾ। (ਵਿਘਨ) ਪ੍ਰੋਸੀਡਿੰਗਜ਼ ਕਢਵਾ ਕੇ ਦੇਖ ਲਓ ਜੀ। (ਵਿਘਨ) (ਇਸ ਵਕਤ ਕਈ ਮਾਨਯੋਗ ਮੈਂਬਰ ਬੋਲਣ ਲਈ ਖੜੇ ਸਨ)

**ਸਰਦਾਰ ਚਰਨਜੀਤ ਸਿੰਘ**: ਤੋਂ, ਚੇਅਰਮੈਨ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਸਾਡੀ ਸਰਕਾਰ ਨੇ ਹਰੀਜਨਾਂ ਨੂੰ ਪਲਾਟ ਦੇਣ ਦਾ ਉਪਰਾਲਾ ਕੀਤਾ ਹੈ, ਸਾਡੀ ਸਰਕਾਰ ਨੇ ਹਰੀਜਨਾਂ ਨੂੰ ਹੋਰ ਬਹੁਤ ਸਾਰੀਆਂ ਸਹੂਲਤਾਂ ਦੇਣ ਦਾ ਉਪਰਾਲਾ ਕੀਤਾ ਹੈ ਲੇਕਿਨ ਜਿੰਨਾਂ ਕੁੱਝ ਉਨ੍ਹਾਂ ਵਾਸਤੇ ਕਰਨਾ ਚਾਹੀਦਾ ਸੀ, ਉਹ ਨਹੀਂ ਹੋ ਸਕਿਆ। (ਵਿਘਨ)

(ਇਸ ਵਕਤ ਕਈ ਮੈਂਬਰ ਸਾਹਿਬਾਨ ਪੁਆਇੰਟ ਆਫ ਆਰਡਰ ਰੇਜ਼ ਕਰਨ ਲਈ ਖੜੇ ਸਨ)

## SQUATTING BY SHRI CHAMAN LAL

**ਸ੍ਰੀ ਚਮਨ ਲਾਲ**: ਇਹ ਲਫ਼ਜ਼ ਆਪਣੇ ਵਾਪਸ ਲੈਣ ਜੀ। ਅਗਰ ਇਹ ਲਫ਼ਜ਼ ਵਾਪਿਸ ਨਹੀਂ ਲੈਂਦੇ ਤਾਂ ਮੈਂ ਇਥੇ ਧਰਨਾ ਦੇਵਾਂਗਾ।

(ਇਸ ਵਕਤ ਮਾਨਯੋਗ ਮੈਂਬਰ ਸ੍ਰੀ ਚਮਨ ਲਾਲ ਸਦਨ ਦੀ ਮੇਜ਼ ਦੇ ਨਜ਼ਦੀਕ ਫਲੋਰ ਤੇ ਬੈਠ ਗਏ)

**ਸਰਦਾਰ ਗੁਰਦਰਸ਼ਨ ਸਿੰਘ**: ਸਾਥੀ ਕੌਣ ਹੁੰਦਾ ਹੈ ਕਹਿਣ ਵਾਲਾ, ਉਹ ਉਠ ਕੇ ਆਪ ਕਹੇ? (ਵਿਘਨ)

**ਸ੍ਰੀ ਸਭਾਪਤੀ**: ਜਿਹੜਾ ਅਨਪਾਰਲੀਮੈਂਟਰੀ ਲਫ਼ਜ਼ ਹੈ, ਉਹ ਐਕਸਪੰਜ ਹੋ ਜਾਵੇਗਾ; ਤੁਸੀਂ ਬੈਠੋ। (ਵਿਘਨ) ਇਸ ਵੇਲੇ ਕਈ ਮੈਂਬਰ ਸਾਹਿਬਾਨ ਬੋਲਣ ਲਈ ਖੜੇ ਸਨ)

Original with;
Punjab Vidhan Sabha
Digitized by;
Panjab Digital Library

**ਸ੍ਰੀ ਮਨਮੋਹਨ ਕਾਲੀਆ** : ਚੇਅਰਮੈਨ ਸਾਹਿਬ, ਜਿੱਥੋਂ ਤੱਕ ਮਹਾਤਮਾਂ ਗਾਂਧੀ ਜੀ ਦੀ ਇੱਜ਼ਤ ਦਾ ਸਵਾਲ ਹੈ, ਸਾਡੀ ਇਸ ਹਾਊਸ ਦੇ ਪਾਰਟੀ ਲੀਡਰ, ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਕਈ ਦਫਾ ਕਹਿ ਚੁੱਕੇ ਹਨ ਕਿ ਮੇਰੀ ਗੌਰਮਿੰਟ, ਮੇਰੀ ਪਾਰਟੀ ਮਹਾਤਮਾ ਗਾਂਧੀ ਜੀ ਦਾ ਪੂਰਾ ਇਹਤਰਾਮ ਕਰਦੀ ਹੈ। ਇਸ ਕਰਕੇ ਬਾਰ ਬਾਰ ਮਹਾਤਮਾਂ ਗਾਂਧੀ ਜੀ ਦਾ ਨਾਮ ਲੈ ਕੇ ਗਾਂਧੀ ਜੀ ਦੀ ਤੌਹੀਨ ਕਰਨ ਦੇ ਬਰਾਬਰ ਹੈ। ਮੈਂ ਕੇਵਲ ਇਹ ਦੱਸਣਾ ਚਾਹੁੰਦਾ ਹਾਂ ਕਿ ਜੋ ਲਫ਼ਜ਼ ਆਇਆ ਸੀ ਉਹ ਇੰਦਰਾਂ ਗਾਂਧੀ ਦੇ ਬਾਰੇ ਆਇਆ ਸੀ ਔਰ ਅਸੀਂ ਇੰਦਰਾਂ ਗਾਂਧੀ ਦੀ ਤਸਵੀਰ ਹਰ ਦੀਵਾਰ ਤੋਂ, ਹਰ ਹਿੰਦੁਸਤਾਨ ਦੇ ਕੋਨੇ ਤੋਂ ਹਟਾਉਣੀ ਹੈ (ਥੰਪਿੰਗ) (ਵਿਘਨ)

**ਸਰਦਾਰ ਗੁਰਦਰਸ਼ਨ ਸਿੰਘ** : ਤੁਸੀਂ ਹਾਊਸ ਦੀਆਂ ਪ੍ਰੋਸੀਡਿੰਗਜ਼ ਕਢਵਾ ਕੇ ਦੇਖ ਲਓ।

**ਸ੍ਰੀ ਸਭਾਪਤੀ** : ਸਰਦਾਰ ਚਰਨਜੀਤ ਸਿੰਘ ਜੀ ਨੂੰ ਬੋਲਣ ਦਿਓ ।

**ਆਪੋਜ਼ੀਸ਼ਨ ਪਾਰਟੀ ਵੱਲੋਂ ਆਵਾਜ਼ਾਂ** : ਨਹੀਂ ਜੀ, ਨਹੀਂ ਜੀ।

**ਚੌਧਰੀ ਸੁੰਦਰ ਸਿੰਘ** : ਆਨ ਏ ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ..... (ਸਾਥੀ ਰੂਪ ਲਾਲ ਵੱਲੋਂ ਵਿਘਨ) ਬਹਿ ਜਾ, ਦਫਾ ਹੋ ਜਾ (ਵਿਘਨ) ਅਸੀਂ ਮਹਾਤਮਾਂ ਗਾਂਧੀ ਜੀ ਦੀ ਪੈਦਾਇਸ਼ ਹਾਂ । ਮਹਾਤਮਾਂ ਗਾਂਧੀ ਜੀ ਦੀ ਜੋ ਇਥੇ ਬੇਇਜ਼ਤੀ ਹੋਈ ਹੈ, ਉਹ ਅਸੀਂ ਸਾਰੇ ਮੁਰਾਰ ਜੀ ਡਿਸਾਈ ਨੂੰ ਕਹਾਂਗੇ ਕਿ ਇਹ ਕਿਸ ਕਿਸਮ ਦੇ ਆਦਮੀ ਹਨ, ਤੁਸੀਂ ਅਸੈਂਬਲੀ ਡਿਜ਼ਾਲਵ ਕਰੋ ਅਤੇ ਉਨ੍ਹਾਂ ਨੇ ਮਿਟ ਵਿਚ ਕਰ ਦੇਣੀ ਹੈ। (ਸਾਥੀ ਰੂਪ ਲਾਲ ਜੀ ਵੱਲੋਂ ਵਿਘਨ)

**ਸਰਦਾਰ ਗੁਰਦਰਸ਼ਨ ਸਿੰਘ** : ਚੇਅਰਮੈਨ ਸਾਹਿਬ, ਦੋ ਹੀ ਤਰੀਕੇ ਹਨ। ਜਾਂ ਤਾਂ ਤੁਸੀਂ ਹਾਊਸ ਦੀਆਂ ਪ੍ਰੋਸੀਡਿੰਗਜ਼ ਕਢਵਾ ਕੇ ਦੇਖ ਲਉ ਕਿ ਮਹਾਤਮਾਂ ਗਾਂਧੀ ਜੀ ਦਾ ਲਫਜ਼ ਇਸਤੇਮਾਲ ਕੀਤਾ ਗਿਆ ਹੈ ਜਾਂ ਨਹੀਂ ਔਰ ਫਿਰ ਉਸ ਤੇ ਤੁਸੀਂ ਆਪਣੀ ਰੂਲਿੰਗ ਦੇਣਾ ਤੇ ਜਾਂ ਆਨਰੇਬਲ ਮੈਂਬਰ ਉਠ ਕੇ ਆਪ ਕਹਿ ਦੇਣ ਕਿ ਮਹਾਤਮਾਂ ਗਾਂਧੀ ਨਹੀਂ ਇੰਦਰਾ ਗਾਂਧੀ ਬਾਰੇ ਕਿਹਾ ਹੈ ਅਤੇ ਮੈਂ ਗਲਤੀ ਨਾਲ ਕਿਹਾ ਹੈ। (ਵਿਘਨ) ਤੁਸੀਂ ਹਾਊਸ ਦੀਆਂ ਪ੍ਰੋਸੀਡਿੰਗਜ਼ ਕਢਵਾ ਕੇ ਦੇਖ ਲਉ। (ਵਿਘਨ)

**ਸ੍ਰੀ ਸਭਾਪਤੀ** : ਸਰਦਾਰ ਗੁਰਦਰਸ਼ਨ ਸਿੰਘ ਜੀ, ਰਿਕਾਰਡ ਐਗਜ਼ਾਮਿਨ ਕੀਤਾ ਜਾਵੇਗਾ। Sardar Charanjit Singh Ji, please wind up.

---

## THE PUNJAB APPROPRIATION (No. 4) BILL, 1978 (*Resumption of discussion*)

**ਸਰਦਾਰ ਚਰਨਜੀਤ ਸਿੰਘ** : ਇਸ ਲਈ, ਮੈਂ ਸਮਝਦਾ ਹਾਂ ਕਿ ਸਾਡੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਹਰ ਇਕ ਹਰੀਜਨ ਨੂੰ 50 ਗਜ਼ ਦਾ ਪਲਾਟ ਮਕਾਨ ਬਣਾਉਣ ਵਾਸਤੇ ਦੇਣਾ ਹੈ। 50 ਗਜ਼ ਦੇ ਪਲਾਟ ਵਿਚ ਜਦੋਂ ਮਕਾਨ ਬਣੇਗਾ .... (ਵਿਘਨ)

(ਇਸ ਵਕਤ ਮਾਨਯੋਗ ਮੈਂਬਰਜ਼ ਚੌਧਰੀ ਸੁੰਦਰ ਸਿੰਘ ਅਤੇ ਸਰਦਾਰ ਬੇਅੰਤ ਸਿੰਘ ਸ੍ਰੀ ਚਮਨ ਲਾਲ ਨੂੰ ਉਠਾ ਕੇ ਆਪਣੀ ਸੀਟ ਤੇ ਲੈ ਗਏ । )

Original with;
Punjab Vidhan Sabha
Digitized by;
Panjab Digital Library

[ਸਰਦਾਰ ਚਰਨਜੀਤ ਸਿੰਘ]

ਤੁਸੀਂ ਵੇਖੋ, ਚੇਅਰਮੈਨ ਸਾਹਿਬ, ਮੇਰੇ ਸਾਥੀ ਵੀਰ ਹਰੀਜਨਾਂ ਨਾਲ ਕਿੰਨੀ ਹਮਦਰਦੀ ਰਖਦੇ ਹਨ। ਮੈਂ ਹਰੀਜਨਾਂ ਦੀਆਂ ਸਮੱਸਿਆਵਾਂ ਦੀ ਗੱਲ ਕਰਦਾ ਹਾਂ ਔਰ ਇਹ ਮੇਰੇ ਖਿਆਲ ਸੁਣਨਾ ਨਹੀਂ ਚਾਹੁੰਦੇ। (ਵਿਘਨ) ਤੋਂ, ਚੇਅਰਮੈਨ ਸਾਹਿਬ, ਮੈਂ ਕਹਿ ਰਿਹਾ ਸੀ ਕਿ 50 ਗਜ਼ ਦਾ ਪਲਾਟ ਹਰੀਜਨਾਂ ਨੂੰ ਦਿੱਤੇ ਜਾਣ ਦਾ ਫੈਸਲਾ ਸਰਕਾਰ ਨੇ ਕੀਤਾ ਹੈ। 50 ਗਜ਼ ਦੇ ਪਲਾਟ ਵਿਚ ਜਦੋਂ ਉਸ ਦਾ ਮਕਾਨ ਬਣੇਗਾ ਤਾਂ ਉਸ ਮਕਾਨ ਵਿਚ ਉਹ ਆਪ ਰਹੇਗਾ, ਉਸ ਦੀ ਬੀਵੀ ਵੀ ਨਾਲ ਰਹੇਗੀ ਅਤੇ ਉਸ ਦੇ ਬੱਚੇ ਜੋ ਹੋਣਗੇ, ਉਹ ਵੀ ਉਸੇ ਮਕਾਨ ਵਿਚ ਰਹਿਣਗੇ ਅਤੇ ਫਿਰ ਉਸ ਦੇ ਕੋਲ ਕੋਈ ਡੰਗਰ ਵਗੈਰਾ ਵੀ ਹੋਵੇਗਾ ਉਹ ਉਸੇ 50 ਗਜ਼ ਦੇ ਮਕਾਨ ਵਿਚ ਹੀ ਰਖੇਗਾ। ਮੈਂ ਸਮਝਦਾ ਹਾਂ ਕਿ 50 ਗਜ਼ ਦੇ ਮਕਾਨ ਵਿਚ ਉਸ ਦੀ ਜ਼ਿੰਦਗੀ ਅਤੇ ਡੰਗਰ ਦੀ ਜ਼ਿੰਦਗੀ ਵਿਚ ਕੋਈ ਫਰਕ ਨਹੀਂ ਹੋਵੇਗਾ। ਇਸ ਲਈ ਮੇਰੀ ਬੇਨਤੀ ਹੈ ਕਿ 50 ਗਜ਼ ਦਾ ਪਲਾਟ ਉਨ੍ਹਾਂ ਦੇ ਵਾਸਤੇ ਥੋੜਾ ਹੈ। ਉਸ ਵਿਚਾਰੇ ਨੂੰ ਇਨਸਾਨਾਂ ਵਾਂਗ ਰਹਿਣ ਲਈ ਹੱਕ ਮਿਲਣੇ ਚਾਹੀਦੇ ਹਨ। ਮੇਰੀ ਸਰਕਾਰ ਅਗੇ ਨਿਮਰਤਾ ਸਹਿਤ ਬੇਨਤੀ ਹੈ ਕਿ ਉਸ ਨੂੰ ਘੱਟੋ ਘੱਟ 150 ਗਜ਼ ਦਾ ਪਲਾਟ ਦੇਣਾ ਚਾਹੀਦਾ ਹੈ।

ਦੂਸਰੀ ਗੱਲ ਜਿਹੜੀ ਮੈਂ ਕਰਨੀ ਚਾਹੁੰਦਾ ਹਾਂ ਉਹ ਇਹ ਹੈ ਕਿ ਜਿਵੇਂ ਇਨ੍ਹਾਂ ਨੇ ਇਨ੍ਹਾਂ ਨੂੰ ਵੱਖਰੇ ਪਲਾਟ ਦੇਣ ਦਾ ਤਹੱਈਆ ਕੀਤਾ ਹੈ, ਕਾਲੋਨੀਜ਼ ਬਣਾਉਣੀਆਂ ਹਨ, ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੂੰ ਉਥੇ ਪਲਾਟ ਦਿੱਤੇ ਜਾਣ ਜਿਥੇ ਚੰਗੀਆਂ ਆਬਾਦੀਆਂ ਹਨ ਤਾਂਕਿ ਉਨ੍ਹਾਂ ਦੇ ਬੱਚੇ ਪੜ੍ਹ ਲਿਖ ਜਾਣ।

ਅਗਲੀ ਚੀਜ਼ ਲੈਂਡ ਰਿਫਾਰਮਜ਼ ਐਕਟ ਬਾਰੇ ਹੈ। ਮੈਂ ਕਹਿੰਦਾ ਹਾਂ ਕਿ ਉਹ ਐਕਟ ਅਲਮਾਰੀਆਂ ਵਿਚ ਰੱਖਣ ਵਾਸਤੇ ਨਹੀਂ, ਅਲਮਾਰੀਆਂ ਤਾਂ ਵਕੀਲਾਂ ਕੋਲ ਬਹੁਤ ਹਨ ਜੋ ਜ਼ਮੀਨਾਂ ਦਾ ਮਸਲਾ ਹੈ, ਇਸ ਨੂੰ ਛੇਤੀ ਤੋਂ ਛੇਤੀ ਨਿਪਟਾ ਦੇਣਾ ਚਾਹੀਦਾ ਹੈ। ਪਿਛਲੀ ਸਰਕਾਰ ਨੇ ਫੈਸਲਾ ਕੀਤਾ ਸੀ ਅਤੇ ਇਕ ਤਾਰੀਖ ਮੁਕੱਰਰ ਕਰ ਦਿਤੀ ਸੀ ਕਿ ਜਿਹੜਾ ਇਸ ਤਾਰੀਖ ਤੋਂ ਬਾਅਦ ਕਬਜ਼ਾ ਕਰੇਗਾ, ਉਹ ਨਾਜਾਇਜ਼ ਕਬਜ਼ਾ ਸਮਝਿਆ ਜਾਏਗਾ ਅਤੇ ਉਸ ਦੇ ਕੋਲੋਂ ਜ਼ਮੀਨ ਲੈ ਕੇ ਹਰੀਜਨਾਂ ਅਤੇ ਲੈਂਡ ਲੈਸ ਕਾਸ਼ਤਕਾਰਾਂ ਨੂੰ ਦਿੱਤੀ ਜਾਏਗੀ। ਮੈਂ ਕਹਿੰਦਾ ਹਾਂ ਕਿ ਜੇ ਕਰ ਇਹ ਕਿਹਾ ਜਾਵੇ ਕਿ ਜਿਸ ਪਾਸ ਅੱਜ ਕਬਜ਼ਾ ਹੈ ਉਹ ਠੀਕ ਹੈ ਅਤੇ ਉਸ ਦੇ ਬਾਅਦ ਦਾ ਜਿਹੜਾ ਹੋਵੇਗਾ ਉਹ ਨਾਜਾਇਜ਼ ਹੋਵੇਗਾ, ਇਸ ਮੁਤਾਬਕ ਤਾਂ ਮੈਂ ਦਾਵੇ ਨਾਲ ਕਹਿ ਸਕਦਾ ਹਾਂ ਕਿ ਇਕ ਇੰਚ ਵੀ ਜ਼ਮੀਨ ਹਰੀਜਨਾਂ ਤੇ ਲੈਂਡ ਲੇਸ ਕਾਸ਼ਤਕਾਰਾਂ ਲਈ ਨਹੀਂ ਮਿਲ ਸਕਦੀ। ਮੈਂ ਕਹਿੰਦਾ ਹਾਂ ਕਿ ਜ਼ਮੀਨਾਂ ਲੈ ਕੇ ਹਰੀਜਨਾਂ ਨੂੰ ਦੇਣੀਆਂ ਪੈਣਗੀਆਂ ਤਾਂ ਜਾ ਕੇ ਜ਼ਮੀਨਾਂ ਦਾ ਮਸਲਾ ਹੱਲ ਹੋਵੇਗਾ।

ਇਸ ਤੋਂ ਅੱਗੇ, ਚੇਅਰਮੈਨ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕੁਝ ਬੱਚੇ ਈਵਨਿੰਗ ਕਲਾਸਿਜ਼ ਵਿਚ ਪੜ੍ਹਦੇ ਹਨ। ਉਨ੍ਹਾਂ ਬਾਰੇ ਹਾਲਤ ਕੀ ਹੈ ? ਉਹ ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਨੇ ਐਮਰਜੰਸੀ ਦੇ ਦੌਰਾਨ, ਜਿਹੜੇ ਇਹ ਮੇਰੇ ਵੀਰ ਹਰੀਜਨਾਂ ਦੀ ਹਮਦਰਦੀ ਵੱਜੋਂ ਢੰਡੋਰਾ ਪਿਟਦੇ ਹਨ, ਚਿੱਠੀ ਜਾਰੀ ਕੀਤੀ ਕਿ ਇਹ ਜਿਹੜੇ ਈਵਨਿੰਗ ਕਾਲਜ ਵਿਚ ਹਰੀਜਨ ਬੱਚੇ ਪੜ੍ਹਦੇ ਹਨ, ਉਨ੍ਹਾਂ ਵੀਰਾਂ ਨੂੰ ਜਿਹੜੇ ਪੰਜਾਬ ਗੌਰਮਿੰਟ ਦੇ ਐਂਪਲਾਈ ਨਹੀਂ ਹਨ ਉਨ੍ਹਾਂ ਨੂੰ ਵਜ਼ੀਫਾ ਨਹੀਂ ਦਿਆਂਗੇ ਉਹ ਭਾਵੇਂ ਸੈਂਟਰਲ ਗੌਰਮਿਟ ਦਾ ਇੰਪਲਾਈ ਹੈ, ਭਾਵੇਂ ਕਾਰਪੋਰੇਸ਼ਨ ਦਾ ਹੈ ਅਤੇ ਭਾਵੇਂ ਕਿਸੇ ਪ੍ਰਾਈਵੇਟ ਫ਼ਰਮ ਵਿੱਚ ਕੰਮ ਕਰਦਾ ਹੈ ਅਤੇ ਉਹ 100 ਰੁਪਏ ਲੈ ਕੇ ਅਤੇ ਆਪਣੀ ਜ਼ਿੰਦਗੀ ਨੂੰ ਉੱਚਾ ਕਰਨਾ ਚਾਹੁੰਦਾ ਹੈ, ਉਸ ਨੂੰ ਵਜ਼ੀਫਾ ਨਹੀਂ ਮਿਲਣਾ। ਮੈਂ ਬੇਨਤੀ ਕਰਦਾ ਹਾਂ ਕਿ ਪੰਜਾਬ ਦੇ ਬੱਚਿਆਂ

Original with;
Punjab Vidhan Sabha
Digitized by;
Panjab Digital Library

ਨੂੰ ਪੰਜਾਬ ਵਿਚ ਕੰਮ ਕਰਨ ਵਾਲੇ ਸਾਰਿਆਂ ਨੂੰ ਵਜ਼ੀਫਾ ਦਿਤਾ ਜਾਏ, ਫੀਸਾਂ ਮਾਫ ਕੀਤੀਆਂ ਜਾਣ, ਜਿਸ ਤਰ੍ਹਾਂ ਪੰਜਾਬ ਵਾਲਿਆਂ ਨੂੰ ਮਿਲਦੇ ਹਨ, ਇਸ ਤਰੀਕੇ ਨਾਲ ਉਨ੍ਹਾਂ ਨੂੰ ਮਿਲਣੇ ਚਾਹੀਦੇ ਹਨ।

ਇਕ ਬੇਨਤੀ ਮੈਂ ਇਹ ਕਰਨੀ ਚਾਹੁੰਦਾ ਹਾਂ ਅਤੇ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਥੇ ਪੰਜਾਬ ਵਿਚ ਪਿਛਲੀ ਸਰਕਾਰ ਦੇ ਲੋਕਾਂ ਦੀ ਸ਼ਹਿ ਤੇ ਇਕ ਨਾਨ-ਸ਼ਡਿਊਲਡ ਕਾਸਟਸ ਇੰਪ-ਲਾਈਜ਼ ਫੈਡਰੇਸ਼ਨ ਬਣੀ ਸੀ। ਔਰ ਪਿਛਲੀ ਸਰਕਾਰ ਦੇ ਆਗੂ ਉਨ੍ਹਾਂ ਨੂੰ ਮੁਖਾਤਬ ਕਰਦੇ ਰਹੇ। ਉਸ ਵੇਲੇ ਦੇ ਕਾਂਗਰਸ ਦੇ ਪ੍ਰਧਾਨ ਸਰਦਾਰ ਨਿਰੰਜਨ ਸਿੰਘ ਤਾਲਿਬ ਅਤੇ ਉਸ ਵੇਲੇ ਦੇ ਡਿਪਟੀ ਸਪੀਕਰ ਉਨ੍ਹਾਂ ਦੀ ਪਿੱਠ ਤੇ ਸਨ। ਉਸ ਦਾ ਰਿਜ਼ਲਟ ਇਹ ਨਿਕਲਿਆ ਕਿ ਉਨ੍ਹਾਂ ਦਾ ਬੋਇਆ ਹੋਇਆ ਬੀਜ ਸਾਡੇ ਸਾਹਮਣੇ ਹੈ। ਅੱਜ ਸਾਡੇ ਸ਼ਡਿਊਲਡ ਕਾਸਟਸ ਭਰਾ ਮਾਯੂਸੀ ਵਿਚ ਬੈਠੇ ਹਨ। ਕਾਂਸਟੀ-ਚਿਊਸ਼ਨ ਵਿਚ ਉਨ੍ਹਾਂ ਨੂੰ ਨੌਕਰੀਆਂ ਅਤੇ ਅੱਪਗਰੇਡੇਸ਼ਨ ਸਹੂਲਤਾਂ ਮਿਲੀਆਂ ਹਨ, ਪਰ ਕੁੱਝ ਲੋਕ ਅੜਚਨਾਂ ਪਾ ਰਹੇ ਹਨ। ਮੈਂ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੂੰ ਇਸ ਬਾਰੇ ਗੌਰ ਕਰਨਾ ਚਾਹੀਦਾ ਹੈ ਕਿ ਕਾਂਸਟੀਚਿਊਸ਼ਨਲ ਹੱਕ ਮਿਲੇ ਹੋਣ ਔਰ ਦੂਜੇ ਪਾਸੇ ਸਾਡੇ ਐਮਪਲਾਈ ਸਾਡੇ ਵੀਰ ਸਾਡੇ ਸਾਹਮਣੇ ਕੋਈ ਅੜਚਣਾਂ ਪੈਦਾ ਕਰਨ ਤਾਂ ਸਾਨੂੰ ਉਨ੍ਹਾਂ ਨੂੰ ਰਾਹੇ, ਰਸਤੇ ਤੇ ਲਿਆਉਣਾ ਚਾਹੀਦਾ ਹੈ। ਹਰੀਜਨਾਂ ਔਰ ਨਾਨ-ਹਰੀਜਨਾਂ ਵਾਲੀ ਗੱਲ ਇਕ ਵੱਡੀ ਫੁੱਟ ਦਾ ਕਾਰਣ ਬਣ ਸਕਦੀ ਹੈ। ਮੈਂ ਕਹਿੰਦਾ ਹਾਂ ਕਿ ਹਰੀਜਨ ਵਰਗ ਲਈ ਕੰਮ ਕਰਨ ਦੀ ਲੋੜ ਹੈ, ਇਸ ਵਰਗ ਵਿਚ ਕੰਮ ਕੀਤਾ ਜਾਏ ਤਾ ਕਿ ਹਰੀਜਨ ਵੀ ਹਿੰਦੁਸਤਾਨ ਦੇ ਚੰਗੇ ਸ਼ਹਿਰੀ ਬਣ ਕੇ ਚੰਗੀ ਜ਼ਿੰਦਗੀ ਬਸਰ ਕਰ ਸਕਣ। ਇਤਨਾ ਕਹਿੰਦਾ ਹੋਇਆ ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ।

**ਸ੍ਰੀ ਸਭਾਪਤੀ** : ਸਰਦਾਰ ਗੁਰਦੇਵ ਸਿੰਘ ਬਾਦਲ ਜੀ ਤੁਸੀਂ ਬੋਲੋ। (ਵਿਘਨ)

(ਇਸ ਸਮੇਂ ਸਰਦਾਰ ਗੁਰਦੇਵ ਸਿੰਘ ਬਾਦਲ ਬੋਲਣ ਲਈ ਖੜੇ ਹੋਏ ਪਰ ਕਾਂਗਰਸ ਬੈਂਚਾਂ ਤੋਂ ਕਈ ਮਾਨਯੋਗ ਮੈਂਬਰ ਸਾਹਿਬ ਇਕੱਠੇ ਬੋਲਣ ਲਗ ਪਏ ਅਤੇ ਹਾਊਸ ਵਿਚ ਬਹੁਤ ਸ਼ੋਰ ਮਚ ਗਿਆ।)

**ਸਰਦਾਰ ਬੇਅੰਤ ਸਿੰਘ** : ਇਹ ਕੀ *****। ਉਹ ਉਠਿਆ ਹੀ ਨਹੀਂ ਅਜੇ .... (ਵਿਘਨ)

**ਸ੍ਰੀ ਸਭਾਪਤੀ** : ਇਹ ਜਿਹੜਾ ਲਫਜ਼ **** ਹੈ, ਇਹ ਰਿਕਾਰਡ ਨਾ ਕੀਤਾ ਜਾਵੇ (ਵਿਘਨ) (ਸ਼ੋਰ) ਇਹ ਕਿਉਂਕਿ ਬੜਾ ਖੂਬਸੂਰਤ ਹਾਊਸ ਹੈ, ਇਥੇ ਖੂਬਸੂਰਤ ਗੱਲਾਂ ਹੋਣੀਆਂ ਚਾਹੀਦੀਆਂ ਹਨ। (ਵਿਘਨ) (ਸ਼ੋਰ)

**ਵਿਕਾਸ ਮੰਤਰੀ** : ਇਹ ਲਫਜ਼ ਵਿਦਡਰਾਅ ਕਰਾਏ ਜਾਣ। (ਵਿਘਨ) (ਸ਼ੋਰ)

(ਇਸ ਸਮੇਂ ਕਈ ਮਾਨਯੋਗ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਹਾਊਸ ਵਿਚ ਕਾਫੀ ਸ਼ੋਰ ਸੀ)

**ਸਰਦਾਰ ਕਿਰਪਾਲ ਸਿੰਘ** : ਚੇਅਰਮੈਨ ਸਾਹਿਬ, ਇਥੇ ਹਾਊਸ ਵਿਚ ਕਿਸ ਗੱਲੋਂ ਰੌਲਾ ਪਿਆ, ਉਸ ਦੇ ਵਿਚ ਮੈਂ ਜ਼ਿਆਦਾ ਨਹੀਂ ਜਾਣਾ ਚਾਹੁੰਦਾ। ਪਰ ਸਰਦਾਰ ਬੇਅੰਤ ਸਿੰਘ ਨੇ ਇਥੇ ਹਾਊਸ ਵਿਚ ਬੜੀ ਬਦਜ਼ਬਾਨੀ ਕੀਤੀ ਹੈ ਅਤੇ ਚੇਅਰ ਤੇ ਐਸਪਰਸ਼ਨ ਕੀਤੀ ਹੈ (ਵਿਘਨ) (ਸ਼ੋਰ) ਇਹ ਸਾਰੇ ਹਾਊਸ ਦੇ ਵਿਕਾਰ ਦਾ ਸੁਆਲ ਹੈ, ਚੇਅਰ ਦੀ ਇੱਜ਼ਤ ਦਾ ਸੁਆਲ ਹੈ। ਮੈਂ ਇਸ ਬਾਰੇ ਰੇਜ਼ੋਲਿਊਸ਼ਨ ਪੇਸ਼ ਕਰਦਾ ਹਾਂ। (ਵਿਘਨ) (ਸ਼ੋਰ) ਚੇਅਰਮੈਨ ਸਾਹਿਬ, ਮੈਂ ਇਕ ਡੈਫੀਨੇਟ ਪਰਪੋਜ਼ਲ

*Not recorded as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ]

ਦਿੰਦਾ ਹਾਂ ਕਿ ਇਨ੍ਹਾਂ ਨੇ ਜੋ ਇਲਫਾਜ਼ ਚੇਅਰ ਵਾਸਤੇ ਇਸਤੇਮਾਲ ਕੀਤੇ ਹਨ (ਵਿਘਨ) (ਸ਼ੋਰ) ਆਪਣੀ ਜਮਾਤ ਵਿਚ ਇਨ੍ਹਾਂ ਦੀ (ਬਦਜ਼ਬਾਨੀ) ਚਲਦੀ ਹੋਵੇਗੀ, ਪਰ ਇਥੇ ਸਾਰੇ ਹਾਊਸ ਦੀ ਇੱਜ਼ਤ ਦਾ ਤਕਾਜ਼ਾ ਹੈ। ਮੈਂ ਚਾਹੁੰਦਾ ਹਾਂ ਕਿ ਸਾਰਾ ਹਾਊਸ ਉਨ੍ਹਾਂ ਦੇ ਇਲਫਾਜ਼ ਨੂੰ ਕੰਡੈਮ ਕਰੇ (ਵਿਘਨ) (ਸ਼ੋਰ)

**ਸ੍ਰੀ ਸਭਾਪਤੀ**: ਇਹ ਉੱਚਾ ਹਾਊਸ ਹੈ ਅਤੇ ਤੁਸੀਂ ਹਾਊਸ ਦੇ ਮੈਂਬਰ ਹੋ। ਇਸ ਖੂਬ-ਸੂਰਤ ਹਾਊਸ ਵਿਚ ਖੂਬਸੂਰਤ ਗੱਲਾਂ ਹੋਣੀਆਂ ਚਾਹੀਦੀਆਂ ਹਨ, ਗਲਤ ਗੱਲਾਂ ਨਹੀਂ ਹੋਣੀਆਂ ਚਾਹੀਦੀਆਂ। ਉਹ ਲਫ਼ਜ਼ ਐਕਸਪੰਜ ਕਰ ਦਿੱਤੇ ਜਾਣ। (ਵਿਘਨ)

(ਇਸ ਸਮੇਂ ਮਾਨਯੋਗ ਮੈਂਬਰਜ਼ ਸਰਦਾਰ ਗੁਰਦਰਸ਼ਨ ਸਿੰਘ, ਸਰਦਾਰ ਦਰਸ਼ਨ ਸਿੰਘ ਕੇ.ਪੀ., ਸਰਦਾਰ ਬੇਅੰਤ ਸਿੰਘ, ਸ੍ਰੀ ਚਮਨ ਲਾਲ, ਸਰਦਾਰ ਦਲੀਪ ਸਿੰਘ ਪਾਂਧੀ ਅਤੇ ਕੁਝ ਹੋਰ ਵੀ ਮਾਨਯੋਗ ਮੈਂਬਰਜ਼ ਆਪਣੀਆਂ ਸੀਟਾਂ ਤੇ ਖੜੇ ਕੁਝ ਬੋਲ ਰਹੇ ਸਨ ਅਤੇ ਸਦਨ ਵਿਚ ਬਹੁਤ ਜ਼ਿਆਦਾ ਸ਼ੋਰ ਸੀ।)

**ਸਰਦਾਰ ਕਿਰਪਾਲ ਸਿੰਘ**: ਚੇਅਰਮੈਨ ਸਾਹਿਬ, ਇਸ ਹਾਊਸ ਦੇ ਵਿਕਾਰ ਦਾ ਤਕਾਜ਼ਾ ਹੈ। (ਵਿਘਨ) ਇਨ੍ਹਾਂ ਨੇ ਚੇਅਰ ਨੂੰ ਐਡਰੈਸ ਕਰਕੇ******** ਕਿਹਾ ਹੈ, ਇਹ ਬਦ ਇਖਲਾਕ ਔਰ ਬਦਜ਼ਬਾਨ ਹੈ। ਮੈਂ ਇਸ ਦੇ ਖਿਲਾਫ ਰੈਜ਼ੋਲਿਊਸ਼ਨ ਪੇਸ਼ ਕਰਦਾ ਹਾਂ। (ਵਿਘਨ) (ਸ਼ੋਰ)

**ਸ੍ਰੀ ਮਨਮੋਹਨ ਕਾਲੀਆ**: ਚੇਅਰਮੈਨ ਸਾਹਿਬ, ਮੇਰੀ ਪਰਪੋਜ਼ਲ ਇਹ ਹੈ ਕਿ ਇਹ ਮੈਂਬਰ ਸਾਹਿਬ ਅਨਕੰਡੀਸ਼ਨਲ ਮੁਆਫੀ ਮੰਗ ਲੈਣ ਤਾਂ ਮਾਮਲਾ ਹੱਸ਼ ਅੱਪ ਹੋ ਸਕਦਾ ਹੈ (ਵਿਘਨ)

(ਇਸ ਸਮੇਂ ਕਈ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜੇ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ।)

**ਸਰਦਾਰ ਬੇਅੰਤ ਸਿੰਘ**: ਚੇਅਰਮੈਨ ਸਾਹਿਬ, ਮੈਂ ਪਰਸਨਲ ਐਕਸਪੇਨੇਸ਼ਨ ਦੇਣਾ ਚਾਹੁੰਦਾ ਹਾਂ। (ਵਿਘਨ) (ਸ਼ੋਰ)

**Sardar Shashpal Singh**: Mr. Chairman, on a point of order. (*Noises*)

**ਸ੍ਰੀ ਸਭਾਪਤੀ**: ਸਰਦਾਰ ਸ਼ਸ਼ਪਾਲ ਸਿੰਘ ਜੀ, ਤੁਹਾਡਾ ਪੁਆਇੰਟ ਆਫ ਆਰਡਰ ਕੀ ਹੈ?

**ਸਰਦਾਰ ਬੇਅੰਤ ਸਿੰਘ**: ਚੇਅਰਮੈਨ ਸਾਹਿਬ, ਪਹਿਲਾਂ ਮੈਨੂੰ ਸੁਣ ਲਵੋ। (ਵਿਘਨ)

**ਸਰਦਾਰ ਸ਼ਸ਼ਪਾਲ ਸਿੰਘ**: ਚੇਅਰਮੈਨ ਸਾਹਿਬ, ਇਸ ਹਾਊਸ ਵਿਚ ਇਕ ਬਹੁਤ ਮਾੜੀ ਗੱਲ ਹੋਈ ਹੈ ਕਿ ਸਰਦਾਰ ਬੇਅੰਤ ਸਿੰਘ ਵਰਗੇ ਸਿਆਣੇ ਅਤੇ ਪੁਰਾਣੇ ਪਾਰਲੀਮੈਂਟੇਰੀਅਨ ਹਨ ਉਨ੍ਹਾਂ ਕੋਲੋਂ ਇਕ ਗਲਤੀ ਹੋ ਗਈ ਹੈ ਅਤੇ ਜੋ ਸ਼ਬਦ ਉਨ੍ਹਾਂ ਨੇ ਆਖੇ ਹਨ ਉਹ ਚੰਗੇ ਸ਼ਬਦ ਨਹੀਂ। ਮੈਂ ਉਨ੍ਹਾਂ ਨੂੰ ਬੇਨਤੀ ਕਰਦਾ ਹਾਂ (ਵਿਘਨ) ਔਰ ਮੈਂ ਸਿਰਫ ਇਹ ਕਹਿੰਦਾ ਹਾਂ ਕਿ ਗਲਤੀ ਹਰ ਕੋਲੋਂ ਹੋ ਸਕਦੀ ਹੈ he should withdraw it. ਇੰਨੀ ਗੱਲ ਕਹਿ ਦੇਣ ਕਿ ਇਹ ਲਫ਼ਜ਼ ਮਾੜੇ ਸੀ ਮੈਂ ਵਿਦਡਰਾ ਕਰਦਾ ਹਾਂ। (ਵਿਘਨ)

Original with;
Punjab Vidhan Sabha
Digitized by;
Panjab Digital Library

**ਸਰਦਾਰ ਦਲੀਪ ਸਿੰਘ ਪਾਂਧੀ** : ਇਸ ਨੂੰ ਹਾਊਸ ਤੋਂ ਬਾਹਰ ਕਢਣਾ ਚਾਹੀਦਾ ਹੈ (ਵਿਘਨ) ਇਸ ਬਾਰੇ ਸਰਦਾਰ ਕਿਰਪਾਲ ਸਿੰਘ ਨੇ ਮੋਸ਼ਨ ਵੀ ਦਿੱਤੀ ਹੈ। (ਵਿਘਨ)

(ਇਸ ਸਮੇਂ ਕਈ ਮਾਨਯੋਗ ਮੈਂਬਰਜ਼ ਆਪਣੀਆਂ ਸੀਟਾਂ ਤੇ ਖੜੇ ਬੋਲ ਰਹੇ ਸਨ ਅਤੇ ਹਾਊਸ ਵਿਚ ਬਹੁਤ ਜ਼ਿਆਦਾ ਸ਼ੋਰ ਸੀ।)

**ਵੈਦ ਕਰਤਾਰ ਸਿੰਘ** : ਚੇਅਰਮੈਨ ਸਾਹਿਬ, ਆਨ ਏ ਪੁਆਇੰਟ ਆਫ ਆਰਡਰ (ਵਿਘਨ)

**ਸਰਦਾਰ ਬੇਅੰਤ ਸਿੰਘ** : ਚੇਅਰਮੈਨ ਸਾਹਿਬ, ਮੈਂ ਪਰਸਨਲ ਐਕਸਪਲੇਨੇਸ਼ਨ ਤੇ ਗੱਲ ਕਰਨੀ ਚਾਹੁੰਦਾ ਹਾਂ (ਵਿਘਨ) (ਸ਼ੋਰ)

**ਵੈਦ ਕਰਤਾਰ ਸਿੰਘ** : ਚੇਅਰਮੈਨ ਸਾਹਿਬ, ਆਨ ਏ ਪੁਅਇੰਟ ਆਫ ਆਰਡਰ (ਵਿਘਨ)

**ਸ਼੍ਰੀ ਸਭਾਪਤੀ** : ਵੈਦ ਜੀ, ਪਰਸਨਲ ਐਕਸਪਲੇਨੇਸ਼ਨ ਤੇ ਪੁਆਇੰਟ ਆਫ ਆਰਡਰ ਨਹੀਂ ਹੋ ਸਕਦਾ (ਵਿਘਨ)

## PERSONAL EXPLANATION BY SARDAR BEANT SINGH

**ਸਰਦਾਰ ਬੇਅੰਤ ਸਿੰਘ** : ਚੇਅਰਮੈਨ ਸਾਹਿਬ, ਮੈਂ ਆਪਣੀ ਪੋਜ਼ੀਸ਼ਨ ਐਕਸਪਲੇਨ ਕਰਨਾ ਚਾਹੁੰਦਾ ਹਾਂ। ਇਹ ਹਾਊਸ ਬੜਾ ਐਜੀਟੇਟਿਡ ਸੀ ਔਰ ਇਥੇ ਮਹਾਤਮਾਂ ਗਾਂਧੀ ਜੀ ਬਾਰੇ ਕੁਝ ਮਾੜੇ ਸ਼ਬਦ ਕਹੇ ਜਾ ਚੁੱਕੇ ਸਨ। ਅਸੀਂ ਸਮਝਦੇ ਸੀ ਕਿ ਇਹ ਵਾਤਾਵਰਣ ਠੀਕ ਨਹੀਂ। ਮੈਂ ਤੁਹਾਡੇ ਮੁਤਅੱਲਕ ਬਿਲਕੁਲ ਕੋਈ ਗੱਲ ਨਹੀਂ ਕਹੀ। ਮੈਂ ਤਾਂ ਉਸ ਪ੍ਰੋਸੀਜ਼ਰ ਬਾਰੇ ਕਿਹਾ ਸੀ ਜਿਹੜਾ ਕਿ ਚਾਲੂ ਹੋਇਆ ਹੈ। ਮੈਂ ਤੁਹਾਡੇ ਬਾਰੇ ਕੋਈ ਮਾੜੇ ਲਫਜ਼ ਨਹੀਂ ਕਹੇ। (ਵਿਘਨ) ਮੇਰੀ ਤਵੱਜੋ ਇਸ ਗਲ ਤੇ ਸੀ ਕਿ ਜਿਹੜੇ ਲਫਜ਼ ਦੇਵ ਰਾਜ ਜੀ ਨੇ ਮਹਾਤਮਾ ਗਾਂਧੀ ਬਾਰੇ ਕਹੇ ਸਨ ਉਹ ਵਾਪਸ ਹੋਣੇ ਚਾਹੀਦੇ ਹਨ। (ਵਿਘਨ) ਚੇਅਰਮੈਨ ਸਾਹਿਬ ਮੈਂ ਤੁਹਾਡੇ ਤੇ ਕੋਈ ਐਸਪਰਸ਼ਨ ਨਹੀਂ ਕੀਤੀ। ਮੈਂ ਤਾਂ ਬਾਰ ਬਾਰ ਇਹੀ ਕਿਹਾ ਸੀ ਕਿ ਮਹਾਤਮਾਂ ਗਾਂਧੀ ਬਾਰੇ ਜਿਹੜੀ ਗੱਲ ਕਹੀ ਗਈ ਸੀ ਉਹ ਵਿਦਡਰਾ ਕੀਤੀ ਜਾਵੇ। ਮੈਂ ਪਿਛਲੇ 12 ਸਾਲਾਂ ਤੋਂ ਇਸ ਹਾਊਸ ਦਾ ਮੈਂਬਰ ਹਾਂ। ਮੈਂ ਕਦੇ ਇਸ ਚੇਅਰ ਤੇ ਐਸਪਰਸ਼ਨ ਨਹੀਂ ਕੀਤੀ, ਨਾ ਮੈਂ ਕਦੇ ਕਰਨ ਲਈ ਤਿਆਰ ਹਾਂ।

**ਸ਼੍ਰੀ ਸਭਾਪਤੀ** : ਇਹੋ ਜਿਹੇ ਲਫਜ਼ ਇਸਤੇਮਾਲ ਨਹੀਂ ਕਰਨੇ ਚਾਹੀਦੇ। ਇਹ ਤਾਂ ਐਕਸਪੰਜ ਕਰ ਦਿੱਤੇ ਗਏ ਹਨ। (ਵਿਘਨ)

**ਸਰਦਾਰ ਕਿਰਪਾਲ ਸਿੰਘ** : ** ** **

**ਸ਼੍ਰੀ ਸਭਾਪਤੀ** : ਇਹ ਜੋ ਕੁਝ ਬਗੈਰ ਪਰਮਿਸ਼ਨ ਦੇ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ।

(ਇਸ ਸਮੇਂ ਮਾਨਯੋਗ ਮੈਂਬਰਜ਼ ਸਰਦਾਰ ਗੁਰਦਰਸ਼ਨ ਸਿੰਘ ਅਤੇ ਮਾਸਟਰ ਬਾਬੂ ਸਿੰਘ ਪੁਆਇੰਟ ਆਫ ਆਰਡਰ ਰੇਜ਼ ਕਰਨ ਲਈ ਮੰਗ ਕਰ ਰਹੇ ਸਨ ਪਰ ਸ਼੍ਰੀ ਸਭਾਪਤੀ ਨੇ ਸਰਦਾਰ ਗੁਰਦੇਵ ਸਿੰਘ ਬਾਦਲ ਨੂੰ ਬੋਲਣ ਲਈ ਕਾਲ ਅਪਾਨ ਕੀਤਾ)

**Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਰਦਰਸ਼ਨ ਸਿੰਘ :** ਚੇਅਰਮੈਨ ਸਾਹਿਬ, ਰੂਲਜ਼ ਦੀ ਉਲੰਘਣਾ ਹੋ ਰਹੀ ਹੈ। ਤੁਸੀਂ ਰੂਲਜ਼ ਦੀ ਉਲੰਘਣਾ ਕਰ ਰਹੇ ਹੋ। ਮੇਰਾ ਪੁਆਇੰਟ ਆਫ ਆਰਡਰ ਹੈ, ਚੇਅਰਮੈਨ ਸਾਹਿਬ, ਕਿ ਤੁਸੀਂ ਰੂਲਜ਼ ਦੀ ਉਲੰਘਣਾ ਕਰ ਰਹੇ ਹੋ।

**ਸਰਦਾਰ ਕਿਰਪਾਲ ਸਿੰਘ :** ਚੇਅਰਮੈਨ ਸਾਹਿਬ, ਮੇਰਾ ਰੈਜ਼ੋਲਿਊਸ਼ਨ ਹੈ ... (ਸ਼੍ਰੀ ਚਮਨ ਲਾਲ ਵੱਲੋਂ ਵਿਘਨ)

**ਸ਼੍ਰੀ ਸਭਾਪਤੀ :** ਤੁਸੀਂ ਰੈਗੂਲਰ ਮੋਸ਼ਨ ਲਿਆਓ।

**ਸਰਦਾਰ ਕਿਰਪਾਲ ਸਿੰਘ :** ਇਹ ਹਾਊਸ ਵਿਚ ਹੀ ਮੈਟਰ ਅਕਰ ਹੋਇਆ ਹੈ। ਸਰਦਾਰ ਬੇਅੰਤ ਸਿੰਘ ਨੇ ਐਕਸਪਲੇਨੇਸ਼ਨ ਵਿਚ ਕਿਹਾ ਹੈ ਕਿ ਮੈਂ ਚੇਅਰ ਨੂੰ ** ਨਹੀਂ ਪਿਹਾ, ਮੈਂ ਤਾਂ ਇਸ ਹਾਊਸ ਦੀ ਕਾਰਵਾਈ ਨੂੰ **** ਕਿਹਾ ਹੈ। ਮੇਰੀ ਜੇਨੂਅਨ ਪ੍ਰਪੋਜ਼ਲ ਹੈ ਅਤੇ ਇਸ ਹਾਊਸ ਦੀ ਫੀਲਿੰਗ ਹੈ ਕਿ ਇਹੋ ਜਿਹੀ ਗੱਲ ਕਰਨ ਲਈ ਇਸ ਮੈਂਬਰ ਨੂੰ ਕੰਡਮ ਕੀਤਾ ਜਾਵੇ। ਇਸ ਰੈਜ਼ੋਲਿਊਸ਼ਨ ਦੀ ਤਾਈਦ ਵੀ ਹੋ ਗਈ ਹੈ।

**ਸ਼੍ਰੀ ਸਭਾਪਤੀ :** ਤੁਸੀਂ ਇਸ ਦੇ ਲਈ ਰੈਗੂਲਰ ਮੋਸ਼ਨ ਲਿਆਓ। ਲਿਖ ਕੇ ਦੇ ਦਿਓ।

**Shri Manmohan Kalia:** With your permission and with the permission of the House, I beg to move—

That unless Sardar Beant Singh apologises for having said the word ** ** he should be asked to leave the House.

**ਸ਼੍ਰੀ ਸਭਾਪਤੀ :** ਤੁਸੀਂ ਲਿਖ ਕੇ ਭੇਜ ਦਿਓ। ਬਾਦਲ ਸਾਹਿਬ, ਤੁਸੀਂ ਬੋਲਣਾ ਹੈ ਜਾਂ ਕਿਸੀ ਹੋਰ ਮੈਂਬਰ ਨੂੰ ਟਾਈਮ ਦੇਈਏ।

(ਇਸ ਸਮੇਂ ਮਾਨਯੋਗ ਮੈਂਬਰਜ਼ ਮਾਸਟਰ ਬਾਬੂ ਸਿੰਘ ਅਤੇ ਸ਼੍ਰੀ ਅ. ਵਿਸ਼ਵਨਾਥਨ ਪੁਆਇੰਟ ਆਫ ਆਰਡਰ ਰੇਜ਼ ਕਰਨ ਲਈ ਮੰਗ ਕਰ ਰਹੇ ਸਨ ਪਰ ਸ਼੍ਰੀ ਸਭਾਪਤੀ ਨੇ ਸ਼੍ਰੀ. ਅ. ਵਿਸ਼ਵਨਾਥਨ ਨੂੰ ਪੁਆਇੰਟ ਆਫ ਆਰਡਰ ਰੇਜ਼ ਕਰਨ ਲਈ ਅਲਾਓ ਕੀਤਾ)।

**श्री अ. बिश्वनाथन :** मेरा प्वायंट आफ आर्डर यह है कि एक आनरेबल मैम्बर ने यह माना है कि उसने सारे हाऊस की कारवाई को *** कहा है । इस तरह उन्होंने अपनी कालचर और ऐजूकेशन का सबूत दिया है । यह रिमार्कस तो expunge हो गए हैं ।

Those remarks have been expunged. How long he can continue like this ? Instead of expunging remarks, he should be expelled.

**ਸ਼੍ਰੀ ਸਭਾਪਤੀ :** ਬਾਦਲ ਸਹਿਬ, ਤੁਸੀਂ ਬੋਲਣ ਦੇ ਮੂਡ ਵਿਚ ਨਹੀਂ ਹੋ। ਤੁਸੀਂ ਬੋਲਣਾ ਹੈ ਤਾਂ ਠੀਕ ਹੈ ਨਹੀਂ ਤਾਂ ਕਿਸੇ ਹੋਰ ਨੂੰ ਟਾਈਮ ਦੇਈਏ। (ਵਿਘਨ)

**ਸਰਦਾਰ ਗੁਰਦੇਵ ਸਿੰਘ ਬਾਦਲ :** ਚੇਅਰਮੈਨ ਸਾਹਿਬ, ਤੁਸੀਂ ਪਹਿਲਾਂ ਇਨ੍ਹਾਂ ਨੂੰ ਚੁੱਪ ਕਰਾਓ। (ਵਿਘਨ)

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**श्री ग्र. विश्वनाथन :** चेयरमैन साहिब, यहां पर गड़बड़ करके यह साबित कर रहे हैं कि लोकतन्त्र असफल है और यहां पर emergency लगनी चाहिए (विघ्न)

**सरदार गुरदर्शन सिंह :** ग्राप जनता पार्टी वाले तो बिके हुए हैं आप क्या कहेंगे ।

**श्री ग्र. विश्वनाथन ;** चेयरमैन साहिब, 29 जून को मैंने सबसे पहले सत्याग्रह किया था । यह युथ कांग्रेस के ** ** यहां बातें कर रहे है । ग्राज यह सारे हाऊस की कारवाई को **** कहते हैं । यह ** ** (विघ्न) संजय गांधी की जुती उठाने वाले, इनकी जुबान उसके सामने बन्द रही ।

**ਸ੍ਰੀ ਸਭਾਪਤੀ :** ਇਹ ਖੂਬਸੂਰਤ ਹਾਊਸ ਹੈ । ਇਥੇ ਖੂਬਸੂਰਤ ਗੱਲ ਹੀ ਹੋਣੀ ਚਾਹੀਦੀ ਹੈ । ਸਰਦਾਰ ਗੁਰਦੇਵ ਸਿੰਘ ਬਾਦਲ ਜੀ, ਤੁਸੀਂ ਬੋਲੋ ।

---

## THE PUNJAB APPROPRIATION (No. 4) BILL, 1978
*(Resumption of discussion)*

**ਸਰਦਾਰ ਗੁਰਦੇਵ ਸਿੰਘ ਬਾਦਲ** (ਪੰਜਗਰਾਈਂ, ਐਸ.ਸੀ) : ਚੇਅਰਮੈਨ ਸਾਹਿਬ, ਅੱਜ ਦਾ ਪੰਜਾਬ ਬੜਾ ਖੁਸ਼ਕਿਸਮਤ ਹੈ ਜਿਨ੍ਹਾਂ ਨੂੰ ਬਾਦਲ ਸਾਹਿਬ ਵਰਗਾ, ਨੇਕ, ਸਿਆਣਾ ਤੇ ਅਕਲਮੰਦ ਮੁੱਖ ਮੰਤਰੀ ਮਿਲਿਆ ਹੈ। ਚੇਅਰਮੈਨ ਸਾਹਿਬ, ਮੇਰਾ ਮਾਈਕ ਬੰਦ ਹੋ ਗਿਆ ਹੈ।

**ਸ੍ਰੀ ਸਭਾਪਤੀ :** ਤੁਸੀਂ ਦੂਜੀ ਸੀਟ ਤੋਂ ਬੋਲ ਲਓ।

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਗੁਰਦੇਵ ਸਿੰਘ ਬਾਦਲ ਵਿਦਿਆ ਮੰਤਰੀ ਦੀ ਸੀਟ ਤੇ ਆ ਕੇ ਬੋਲਣ ਲੱਗ ਪਏ)

**ਸਰਦਾਰ ਗੁਰਦੇਵ ਸਿੰਘ ਬਾਦਲ :** ਚੇਅਰਮੈਨ ਸਾਹਿਬ, ਇਹ ਵੀ ਬੰਦ ਹੈ ।

**ਸਰਦਾਰ ਗੁਰਦਰਸ਼ਨ ਸਿੰਘ :** ਚੇਅਰਮੈਨ ਸਾਹਿਬ, ਇਹ ਬਾਦਲ ਸਾਹਿਬ ਜਿਥੇ ਵੀ ਜਾਂਦੇ ਹਨ, ਉਹੀ ਮਾਈਕ ਬੰਦ ਹੋ ਜਾਂਦਾ ਹੈ। ਇਹ ਵੀ ਬਾਦਲ ਹਨ। ਇਹ ਚੀਫ ਮਨਿਸਟਰ ਦੀ ਸੀਟ ਤੇ ਆ ਕੇ ਬੋਲ ਲੈਣ। ਦੇਖੋ ਉਥੇ ਮਾਈਕ ਬੰਦ ਹੁੰਦਾ ਹੈ ਜਾਂ ਨਹੀਂ।

**ਸਰਦਾਰ ਗੁਰਦੇਵ ਸਿੰਘ ਬਾਦਲ :** ਬਾਦਲ ਸਾਹਿਬ ਦੇ ਵਿਸ਼ਾਲ ਹਿਰਦੇ ਵਿਚ ਦੇਸ਼ ਲਈ ਪਿਆਰ, ਆਜ਼ਾਦੀ ਲਈ ਤੜੱਪ, ਗੁਲਾਮੀ ਲਈ ਨਫਰਤ, ਦੁਖੀਆਂ ਲਈ ਦਰਦ, ਆਦਾਰਸ਼-ਪ੍ਰਾਪਤੀ ਲਈ ਉਮੀਦ, ਉਤਸ਼ਾਹ, ਵਿਰੋਧੀਆਂ ਲਈ ਇਨਸਾਫ, ਭੁਲਣ ਵਾਲੇ ਲਈ ਖਿਮਾਂ, ਸ਼ਰਣ ਪਿਆਂ ਦੀ ਲਾਜ, ਫਰਜ਼ ਦੀ ਪਹਿਚਾਣ, ਵਿਦਿਆ ਤੇ ਹੁਨਰ ਲਈ ਕਦਰ ਹੈ। ਇਨ੍ਹਾਂ ਨੂੰ ਹਿੰਦੂ ਭਰਾ ਵੀ ਮੰਨ ਨਾਲ ਕਹਿੰਦੇ ਹਨ ਕਿ ਇਹ ਸਾਡਾ ਚੀਫ ਮਨਿਸਟਰ ਹੈ। ਹਰੀਜਨ ਭਰਾ ਵੀ ਅੱਜ ਸੁੱਖ ਦੀ ਨੀਂਦ ਸੌਂਦੇ ਹਨ। (ਵਿਘਨ) ਚੇਅਰਮੈਨ ਸਾਹਿਬ, ਸਾਨੂੰ ਇਥੇ ਲੱਖ ਲੱਖ ਵੋਟਾਂ ਨਾਲ ਚੁਣ ਕੇ ਲੋਕਾਂ ਨੇ ਨੁਮਾਂਇੰਦਗੀ ਲਈ ਭੇਜਿਆ ਹੈ, ਇਸ ਲਈ ਇਥੇ ਇਸ ਤਰ੍ਹਾਂ ਦੀ ਖਿਚੜੀ ਰਿਜਣੀ ਠੀਕ ਨਹੀਂ । ਅੱਜ ਜੋ ਬਿਲ ਪੇਸ਼ ਹੋਇਆ ਹੈ, ਇਸ ਵਿੱਚ ਪੰਜਾਬ ਦੀ ਬੇਹਤਰੀ ਲਈ, ਪੰਜਾਬ ਦੀ ਖੁਸ਼ਹਾਲੀ ਲਈ ਬਹੁਤ ਕੁੱਝ ਹੈ। ।ਜਵੇਂ ਮੇਰੇ ਤੋਂ ਪਹਿਲਾਂ ਬੋਲਣ ਵਾਲੇ ਸਰਦਾਰ ਚਰਨਜੀਤ ਸਿੰਘ ਨੇ ਦੱਸਿਆ ਹੈ, ਮੈਂ ਵੀ

---

***Expunged under orders of the Speaker.

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਦੇਵ ਸਿੰਘ ਬਾਦਲ]

ਸਾਰੇ ਮੈਂਬਰਾਂ ਨੂੰ ਅਪੀਲ ਕਰਾਂਗਾ ਕਿਉਂਕਿ ਉਹ ਵੀ ਇਕ ਪੱਛੜੀਆਂ ਸ਼੍ਰੇਣੀਆਂ ਨਾਲ ਅਤੇ ਹਰੀਜਨ ਘਰਾਣੇ ਨਾਲ ਸਬੰਧ ਰਖਦੇ ਹਨ, ਉਨ੍ਹਾਂ ਦੀ ਸਪੀਚ ਵਿੱਚ ਰੌਲਾ ਪਾਇਆ, ਉਸ ਤਰ੍ਹਾਂ ਨਾ ਕੀਤਾ ਜਾਵੇ। ਜੇ ਇਸ ਤਰ੍ਹਾਂ ਇਹ ਨਹੀਂ ਕਰਦੇ ਤਾਂ ਅਸੀਂ ਸਮਝਾਂਗੇ ਕਿ ਸਾਡੇ ਨਾਲ ਦਿਲੋਂ ਤੁਹਾਡਾ ਕੋਈ ਹਿੱਤ ਨਹੀਂ, ਐਵੇਂ ਹੀ ਲਫਾਫੇ ਹੋਣਗੇ। ਇਸ ਲਈ ਇਹ ਸੱਜਣ (ਵਿਰੋਧੀ ਧਿਰ ਵੱਲ ਇਸ਼ਾਰਾ) ਕਿਰਪਾ ਕਰਕੇ ਆਪਸ ਵਿਚ ਤੂੰ ਤੂੰ, ਮੈਂ ਮੈਂ, ਕਰਨ ਦੀ ਖੇਚਲ ਨਾ ਕਰਨ।

ਸੋ, ਚੇਅਰਮੈਨ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਜੋ ਅੱਜ ਖਰਚ ਹੋਇਆ ਹੈ ਖਾਲਿਆਂ ਤੇ ਜਾਂ ਬਿਜਲੀ ਦੇ ਰੇਟ ਘਟਾਉਣ ਬਾਰੇ ਜੋ ਸਰਕਾਰ ਨੇ ਫੈਸਲਾ ਕੀਤਾ ਹੈ ਜਾਂ ਜਿਸ ਤਰ੍ਹਾਂ ਇਸ ਅਕਾਲੀ ਜਨਤਾ ਸਰਕਾਰ ਨੇ ਪੰਜਾਬ ਦੀ ਡਿਵੈਲਪਮੈਂਟ ਕੀਤੀ ਹੈ ਉਸ ਨੂੰ ਨਜ਼ਰ ਅੰਦਾਜ ਨਹੀਂ ਕੀਤਾ ਜਾ ਸਕਦਾ। ਇਸ ਲਈ ਅੱਜ ਪਿੰਡਾਂ ਵਿਚ ਜੋ ਪਿਛਲੀ ਸਰਕਾਰ ਦੀਆਂ ਘਾਟਾਂ ਹਨ, ਉਨ੍ਹਾਂ ਉਤੇ ਖਰਚ ਕੀਤਾ ਜਾ ਰਿਹਾ ਹੈ। ਚੇਅਰਮੈਨ ਸਾਹਿਬ, ਸਾਡੇ ਵਿਚੋਂ ਬਹੁਤ ਸਾਰੇ ਸੱਜਣਾਂ ਨੇ ਹਰੀਜਨਾਂ ਦਾ ਨਾਮ ਲਿਆ ਔਰ ਹਰੀਜਨਾਂ ਦੇ ਨਾਮ ਉਤੇ ਬੜਾ ਢੰਡੋਰਾ ਪਿੱਟਿਆ ਸੀ। ਚੇਅਰਮੈਨ ਸਾਹਿਬ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਮੇਰੀ ਅਤੇ ਕੁਝ ਹੋਰ ਸੱਜਣਾਂ ਦੀ ਇਕ ਕਮੇਟੀ ਬਣਾਈ ਹੈ। ਉਸ ਕਮੇਟੀ ਦਾ ਮੈਨੂੰ ਚੇਅਰਮੈਨ ਬਣਾਇਆ ਗਿਆ ਹੈ। ਅਸੀਂ ਸਾਰੇ ਪੰਜਾਬ ਦੇ ਵਿਚ ਟਾਵੀਆਂ ਟਾਵੀਆਂ ਥਾਵਾਂ ਤੇ ਜਾ ਕੇ ਵੇਖਿਆ ਹੈ, ਅਸੀਂ ਹਰੀਜਨਾਂ ਦੀ ਹਾਲਤ ਵੇਖੀ ਹੈ, ਮੁਹੱਲਿਆਂ ਵਿਚ ਜਾ ਕੇ ਵੇਖਿਆ ਹੈ। ਚੇਅਰਮੈਨ ਸਾਹਿਬ, ਜਦੋਂ ਅਸੀਂ ਸਾਰੀ ਗੱਲ ਵੇਖੀ ਤਾਂ ਮਨ ਦੁਖੀ ਹੋਇਆ ਕਿ ਨਾਮ ਹਰੀਜਨਾਂ ਦਾ ਤੇ ਲੁੱਟ ਮਾਰ ਕਿਸੇ ਹੋਰ ਪਾਸੇ ਕੀਤੀ ਗਈ ਹੈ। ਜਿਵੇਂ ਸਰਦਾਰ ਆਤਮਾ ਸਿੰਘ ਜੀ ਨੇ ਇਕੱਲੇ ਹੀ ਇਕ ਨਵਾਂ ਪ੍ਰੋਗਰਾਮ ਮੁੱਖ ਮੰਤਰੀ ਜੀ ਤੇ ਕੈਬਨਿਟ ਨਾਲ ਸਲਾਹ ਕਰਕੇ ਲਿਆਂਦਾ ਹੈ ਉਸ ਦੇ ਲਈ ਮੈਂ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ। ਇਨ੍ਹਾਂ ਨੇ ਫੈਸਲਾ ਕਰਵਾਇਆ ਕਿ ਸਾਰੇ ਪੰਜਾਬ ਦੇ ਵਿਚ ਸਰਪੰਚ ਦੀ ਸਿੱਧੀ ਚੋਣ ਹੋਣੀ ਚਾਹੀਦੀ ਹੈ। ਬਹੁਤ ਸਾਰੇ ਸਜਣਾਂ ਨੇ ਇਸ ਫੈਸਲੇ ਦੇ ਖਿਲਾਫ ਧਰਨੇ ਮਾਰੇ ਅਤੇ ਜਲੂਸ ਕੱਢੇ। ਪਰ ਚੇਅਰਮੈਨ ਸਾਹਿਬ, ਆਪ ਅੱਗੇ ਲੱਗ ਕੇ ਨਹੀਂ ਕੱਢੇ, ਆਪ ਅੱਗੇ ਲੱਗ ਕੇ ਕੋਈ ਧਰਨਾ ਨਹੀਂ ਮਾਰਿਆ, ਕੋਈ ਝੰਡਾ ਨਹੀਂ ਚੱਕਿਆ। ਚੇਅਰਮੈਨ ਸਹਿਬ, ਜਦੋਂ ਮੁਹੰਮਦ ਗੌਰੀ ਨੇ ਇਥੇ ਹਮਲਾ ਕੀਤਾ ਤਾਂ ਜਿਹੜੇ ਡਰਪੋਕ ਸਨ, ਬੁਜ਼ਦਿਲ ਸਨ ਉਨ੍ਹਾਂ ਨੇ ਆਪ ਸਿੱਧੇ ਹੋ ਕੇ ਮੁਕਾਬਲਾ ਨਹੀਂ ਕੀਤਾ ਤਾਂ ਕੀਤਾ ਕੀ ? ਜਿਸ ਰਸਤੇ ਉਹ ਆ ਰਿਹਾ ਸੀ ਉਸ ਦੇ ਰਾਹ ਵਿਚ ਗਊਆਂ ਦੇ ਵੱਗ ਬੰਨ੍ਹ ਦਿੱਤੇ। ਔਰ ਇਨ੍ਹਾਂ ਨੇ ਕੀ ਕੀਤਾ ਜ਼ਨਾਨੀਆਂ ਨੂੰ ਅੱਗੇ ਕਰ ਦਿੱਤਾ। ਆਪ ਇਨ੍ਹਾਂ ਨੇ ਕੋਈ ਨਾਹਰਾ ਨਹੀਂ ਲਗਾਇਆ, ਕੋਈ ਧਰਨਾ ਨਹੀਂ ਮਾਰਿਆ, ਕੋਈ ਜਲੂਸ ਨਹੀਂ ਕੱਢਿਆ ਔਰ ਮੁਹੰਮਦ ਗੌਰੀ ਦੇ ਵੇਲੇ ਵਾਂਗ ਔਰਤਾਂ ਨੂੰ ਅੱਗੇ ਕਰ ਦਿੱਤਾ। ਜੇਕਰ ਇਹ ਆਪ ਅੱਗੇ ਹੁੰਦੇ ਤਾਂ ਪਤਾ ਲੱਗਦਾ ਕਿ ਕਿਸ ਤਰ੍ਹਾਂ ਜਲੂਸ ਕੱਢੇ ਜਾਂਦੇ ਹਨ (ਥੰਪਿੰਗ) ਇਹ ਇਨ੍ਹਾਂ ਦੀ ਬੁਜ਼ਦਿਲੀ ਦਾ ਸਬੂਤ ਸੀ। ਇਹ ਬੁਜ਼ਦਿਲਾਂ ਤੇ ਡਰਪੋਕਾਂ ਦਾ ਕੰਮ ਹੈ। ਇਸ ਲਈ ਮੈਂ ਅਰਜ਼ ਕਰ ਰਿਹਾ ਸੀ ਕਿ ਨਾਮ ਹਰੀਜਨਾਂ ਦਾ ਲਿਆ ਗਿਆ ਹੈ ਕਿ ਹਰੀਜਨਾਂ ਨੂੰ ਪੰਜਾਬ ਵਿਚ ਨੁਮਾਇੰਦਗੀ ਨਹੀਂ ਮਿਲਣੀ, ਕੋਈ ਹਰੀਜਨ ਸਰਪੰਚ ਨਹੀਂ ਬਣ ਸਕਦਾ, ਪਰ ਮੈਂ ਸਰਦਾਰ ਆਤਮਾ ਸਿੰਘ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਦੇ ਉਦਮ ਨਾਲ ਅੱਜ 1121 ਸਰਪੰਚ ਬਣੇ ਹਨ। ਚੇਅਰਮੈਨ ਸਾਹਿਬ, ਅਸਲ ਵਿਚ ਇਨ੍ਹਾਂ ਲੋਕਾਂ (ਵਿਰੋਧੀ ਬੈਂਚਾਂ ਵਲ ਇਸ਼ਾਰਾ) ਨੂੰ ਹਰੀਜਨਾਂ ਨਾਲ ਹਮਦਰਦੀ ਨਹੀਂ ਸੀ। ਇਹ ਇਸ ਗੱਲ ਤੋਂ ਡਰਦੇ ਸਨ ਕਿ ਪੰਜਾਬ ਦੀ ਸਰਕਾਰ ਦੀ ਹਮਦਰਦੀ ਜਿਹੜੀ ਹੈ ਇਸ ਤਰ੍ਹਾਂ ਨਾਲ ਹਰੀਜਨਾਂ ਦੇ ਹੱਕ ਵਿਚ ਹੁੰਦੀ ਜਾ ਰਹੀ ਹੈ, ਇਨ੍ਹਾਂ ਨੂੰ ਡਰ ਪੈ ਗਿਆ ਕਿ ਨਾ-ਜਾਣੀਏ ਕੋਈ ਹਰੀਜਨ ਸਰਪੰਚ ਬਣ ਜਾਵੇ, ਇਸ ਲਈ ਹਰੀਜਨਾਂ ਦੀ ਆੜ ਦੇ ਵਿਚ ਇਨ੍ਹਾਂ ਨੇ ਇਹ ਕੁਝ ਕੀਤਾ ਹੈ। ਮੈਂ ਸਰਕਾਰ ਦਾ ਧੰਨਵਾਦ ਕਰਦਾ ਹਾਂ ਕਿ ਇਸ ਵੇਲੇ 1,121 ਸਰਪੰਚ ਸਾਡੇ ਬਣੇ, ਹਨ।

Original with;
Punjab Vidhan Sabha
Digitized by;
Panjab Digital Library

ਦੁੱਖ ਇਨ੍ਹਾਂ ਨੂੰ, ਚੇਅਰਮੈਨ ਸਾਹਿਬ, ਇਹ ਹੈ ਕਿ ਉਹ ਹਰੀਜਨ ਸਰਪੰਚ ਹੁਣ ਕਿਧਰੇ ਜਦੋਂ ਕਿਤੇ ਕੋਈ ਅਫਸਰ ਪਿੰਡ ਵਿਚ ਜਾਵੇਗਾ ਤਾਂ ਕੁਰਸੀ ਤੇ ਨਾ ਬੈਠ ਜਾਵੇ। ਇਨ੍ਹਾਂ ਨੂੰ ਦੁੱਖ ਇਸ ਗੱਲ ਦਾ ਹੈ ਕਿ ਸਾਡੇ ਸਰਪੰਚ ਨੂੰ ਕਿਧਰੇ ਖੁਰਲੀ ਤੇ ਬੈਠਣ ਦੀ ਆਦਤ ਹੱਟ ਕੇ ਕੁਰਸੀ ਤੇ ਬੈਠਣ ਦੀ ਆਦਤ ਨਾ ਪੈ ਜਾਵੇ। ਇਨ੍ਹਾਂ ਨੂੰ ਦੁੱਖ ਇਸ ਗੱਲ ਦਾ ਹੈ ਕਿ ਹੁਣ ਹਰੀਜਨਾਂ ਨੇ ਇਨ੍ਹਾਂ ਦੇ ਧੱਕੇ ਨਹੀਂ ਚੜ੍ਹਨਾ। ਉਹ ਹੁਣ ਸੋਚਣਗੇ ਕਿ ਸਾਨੂੰ ਕੁਰਸੀ ਅਕਾਲੀ ਸਰਕਾਰ ਨੇ ਦਿੱਤੀ ਹੈ।

ਚੇਅਰਮੈਨ ਸਾਹਿਬ, ਹੁਣ ਮੈਂ ਜੋ ਪੰਜਾਬ ਵਿਚ ਤਬਾਹੀ ਆਈ ਹੈ, ਉਸ ਵਲ ਆਉਂਦਾ ਹਾਂ। ਅਸਲ ਵਿਚ ਇਹ ਕੋਈ ਫਲੱਡ ਜਾਂ ਹੜ੍ਹ ਨਹੀਂ ਸਨ, ਇਹ ਤਾਂ ਇਕ ਪਰਲੋ ਆਈ ਸੀ। ਪੰਜਾਬੀ ਦੇ ਪ੍ਰਸਿੱਧ ਕਵੀ ਵਾਰਸ਼ ਸ਼ਾਹ ਨੇ ਕਿਹਾ ਹੈ :

"ਨਾ ਲਗਦੇ ਬੰਦ ਜ਼ਬਾਨ ਨੂੰ, ਤੇ ਲਗਦੇ ਨਹੀਂ ਦਰਿਆਵਾਂ ਨੂੰ ਬੰਦ ਹੀਰੇ"

ਇਹ ਗੱਲ ਮੈਂ ਪੜ੍ਹੀ ਤੇ ਮੈਨੂੰ ਮੌਕਾ ਮਿਲਿਆ ਫਿਲੌਰ ਵਾਲੇ ਬੰਨ੍ਹ ਵਲ ਜਾਣ ਦਾ। ਫਿਲੌਰ ਵਾਲੇ ਬੰਨ੍ਹ ਉਤੇ ਅਸੀਂ ਗਏ ਤਾਂ ਉਹ ਵੱਡਾ ਬੰਨ੍ਹ ਵੇਖ ਕੇ ਮੈਂ ਕਿਹਾ ਕਿ ਨਹੀਂ ਵਾਰਸ ਸ਼ਾਹ ਝੂਠਾ ਹੈ। ਉਸ ਨੇ ਕਿਹਾ ਹੈ ਕਿ ਲੋਕਾਂ ਦੀ ਜ਼ਬਾਨ ਬੰਦ ਨਹੀਂ ਹੋ ਸਕਦੀ ਔਰ ਨਾ ਹੀ ਦਰਿਆਵਾਂ ਨੂੰ ਬੰਨ੍ਹ ਲਗ ਸਕਦੇ ਹਨ। ਪਰ ਇਥੇ ਤਾਂ ਬੰਨ੍ਹ ਲੱਗੇ ਹੋਏ ਹਨ। ਪਰ, ਚੇਅਰਮੈਨ ਸਾਹਿਬ, ਜਦੋਂ ਅਸੀਂ ਵੇਖਿਆ ਤਾਂ ਕੀ ਪਤਾ ਲੱਗਿਆ ਕਿ ਇਕ ਬਹੁਤ ਵੱਡਾ ਕਾਂਗਰਸੀ, ਇਕ ਬਹੁਤ ਵੱਡਾ ਲੀਡਰ, ਜੋ ਪਾਰਲੀਮੈਂਟ ਦਾ ਮੈਂਬਰ ਰਿਹਾ ਹੋਵੇ ਔਰ ਇਸ ਹਾਊਸ ਦਾ ਵੀ ਮੈਂਬਰ ਰਿਹਾ ਹੋਵੇ, ਕੈਪਟਨ ਰਤਨ ਸਿੰਘ ਵਰਗੇ ਨੇ ਦਰਿਆ ਦੇ ਕਿਨਾਰੇ ਤੇ ਬੰਨ੍ਹ ਲਗਾ ਦਿੱਤਾ ਔਰ ਸੈਂਕੜੇ ਏਕੜ ਜ਼ਮੀਨ ਆਪਣੇ ਕਬਜ਼ੇ ਕਰ ਲਈ ਹੋਵੇ, ਤਾਂ ਫਿਰ ਉਥੇ ਜਨਤਾ ਦਾ ਕੀ ਬਣੇਗਾ ?

**ਡਾਕਟਰ ਕੇਵਲ ਕ੍ਰਿਸ਼ਨ** : ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਥੇ ਕੈਪਟਨ ਰਤਨ ਸਿੰਘ ਜੀ ਦਾ ਨਾਮ ਲਿਆ ਗਿਆ ਹੈ। ਕੋਈ ਵੀ ਵਿਅਕਤੀ ਚਾਹੇ ਕਿਸੇ ਵੀ ਪਾਰਟੀ ਨਾਲ ਸਬੰਧ ਰੱਖਦਾ ਹੋਵੇ ਜੋ ਹਾਊਸ ਵਿਚ ਹਾਜ਼ਰ ਨਾ ਹੋਵੇ ਉਸ ਦਾ ਹਾਊਸ ਵਿਚ ਨਾਮ ਨਹੀਂ ਲਿਆ ਜਾ ਸਕਦਾ। ਰੂਲਜ਼ ਪਰਮਿਟ ਨਹੀਂ ਕਰਦੇ ਕਿ ਕਿਸ ਤਰ੍ਹਾਂ ਉਨ੍ਹਾਂ ਦਾ ਨਾਮ ਲੈ ਕੇ ਗੱਲਾਂ ਕਹੀਆਂ ਜਾਣ। ਇਸ ਲਈ, ਉਨ੍ਹਾਂ ਦਾ ਨਾਮ ਐਕਸਪੰਜ ਕਰਾਉਣਾ ਚਾਹੀਦਾ ਹੈ।

**ਸ੍ਰੀ ਸਭਾਪਤੀ** : ਨਹੀਂ ਜੀ, ਕੋਈ ਐਸੀ ਗਲ ਨਹੀਂ ਹੈ ਜਿਹੜੀ ਕਿ ਉਨ੍ਹਾਂ ਦੀ ਸ਼ਾਨ ਦੇ ਖਿਲਾਫ ਕਹੀ ਹੋਵੇ।

**ਸਰਦਾਰ ਗੁਰਦੇਵ ਸਿੰਘ ਬਾਦਲ** : ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਤੁਸੀਂ ਜਾ ਕੇ ਮੌਕਾ ਵੇਖੋ ਤਾਂ ਤੁਹਾਨੂੰ ਪਤਾ ਲਗੇਗਾ ਕਿ ਉਨ੍ਹਾਂ ਲੋਕਾਂ ਨੇ ਕਿਸ ਤਰ੍ਹਾਂ ਦਰਿਆ ਦੇ ਕੰਢੇ ਤੇ ਬੰਨ੍ਹ ਬਣਾ ਕੇ ਦਰਿਆ ਨੂੰ ਤੰਗ ਕਰ ਦਿਤਾ ਸੀ ਔਰ ਜਿਸ ਕਰ ਕੇ ਬੰਨ੍ਹ ਟੁੱਟ ਗਿਆ ਔਰ ਉਨ੍ਹਾਂ ਦੀ ਵਜ੍ਹਾ ਕਰ ਕੇ ਲੱਖਾਂ ਏਕੜ ਜ਼ਮੀਨ ਤੇ ਲੱਖਾਂ ਲੋਕ ਪਾਣੀ ਵਿਚ ਰੁੜ੍ਹ ਗਏ ਔਰ ਸ਼ਤੀਰੀਆਂ ਦਾ ਸਹਾਰਾ ਲੈ ਕੇ ਆਪਣੇ ਆਪ ਨੂੰ ਬਚਾਉਂਦੇ ਰਹੇ ਤੇ ਮਾਲ ਡੰਗਰ ਨੂੰ ਬਚਾਉਂਦੇ ਰਹੇ। ਇਸ ਲਈ, ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਨੇ ਲੋਕਾਂ ਦੀਆਂ ਜਾਨਾਂ ਨਾਲ ਖੇਡਿਆ ਹੈ, ਸਜ਼ਾ ਦੇਣੀ ਚਾਹੀਦੀ ਹੈ। ਮੈਂ ਕਹਾਂਗਾ ਕਿ ਤੁਸੀਂ ਜ਼ਿਆਦਾ ਦੂਰ ਨਾ ਜਾਉ ਇਨ੍ਹਾਂ ਦੀ ਬਣਾਈ ਹੋਈ ਹਰਚੰਦ ਸਿੰਘ ਕਮੇਟੀ ਨੂੰ ਕੋਈ ਰੋਕ ਨਹੀਂ ਸਕਦਾ। ਉਸ ਦੀ ਰਿਪੋਰਟ ਤੁਹਾਡੇ ਪਾਸ ਹੈ। ਉਸ ਤੋਂ ਸਾਫ ਪਤਾ ਲਗਦਾ ਹੈ ਕਿ ਉਨ੍ਹਾਂ ਕਾਂਗਰਸੀਆਂ ਨੇ ਕਿਸ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਦੇਵ ਸਿੰਘ ਬਾਦਲ]

ਤਰ੍ਹਾਂ ਨਾਲ ਹਰੀਜਨਾਂ ਦੇ ਨਾਂ ਤੇ ਹਜ਼ਾਰਾਂ ਏਕੜ ਜ਼ਮੀਨ ਰੱਖੀ ਹੋਈ ਹੈ। ਮੈਂ ਸਰਦਾਰ ਉਮਰਾਨੰਗਲ ਜੀ ਨੂੰ ਬੇਨਤੀ ਕਰਾਂਗਾ ਕਿ ਤੁਹਾਨੂੰ ਲੋਕ ਤਕੜਾ ਇਨਸਾਨ ਕਹਿੰਦੇ ਹਨ ਦਰਿੜ ਇਨਸਾਨ ਕਹਿੰਦੇ ਹਨ ਪਰ ਤੁਸੀਂ ਇਸ ਮਾਮਲੇ ਵਿਚ ਸੋਚ ਰਹੇ ਹੋ। ਇਸ ਤੇ ਸੋਚਣ ਦੀ ਲੋੜ ਨਹੀਂ ਹੈ। ਕੋਈ ਸ਼ਹਾਦਤ ਦੀ ਲੋੜ ਨਹੀਂ ਹੈ, ਗਵਾਹ ਪੈਦਾ ਕਰਨ ਦੀ ਲੋੜ ਨਹੀਂ ਹੈ। ਤੁਸੀਂ ਉਸ ਰਿਪੋਰਟ ਤੇ ਹੀ ਇਨ੍ਹਾਂ ਦਾ ਕੀਰਤਨ ਸੋਹਲਾ ਪੜ੍ਹ ਦਿਓ ਔਰ ਇਨ੍ਹਾਂ ਨੂੰ ਇਸ ਤਰ੍ਹਾਂ ਟੰਗ ਦਿਓ ਜਿਸ ਤਰ੍ਹਾਂ ਕਿਕਰ ਤੇ ਤੋਰੀ ਲਟਕਦੀ ਹੈ। (ਹਾਸਾ) ਤਾਂ ਕਿ ਇਨ੍ਹਾਂ ਨੂੰ ਪਤਾ ਲਗ ਜਾਵੇ। (ਥੰਪਿੰਗ) ਮੈਂ ਅਪੀਲ ਕਰਾਂਗਾ ਕਿ ਇਨ੍ਹਾਂ ਤੇ ਤੁਰਤ ਐਕਸ਼ਨ ਲੈ ਕੇ ਉਹ ਜ਼ਮੀਨ ਜਿਹੜੀ ਹੈ, ਉਸ ਨੂੰ ਹਰੀਜਨਾਂ ਵਿਚ ਵੰਡ ਦਿਓ।

ਮੈਂ, ਚੇਅਰਮੈਨ ਸਾਹਿਬ, ਮਾਲ ਮੰਤਰੀ ਸਾਹਿਬ ਨੂੰ ਹੋਰ ਬੇਨਤੀ ਕਰਾਂਗਾ ਕਿ ਜੋ ਮੇਰੇ ਤੋਂ ਪਹਿਲਾਂ ਬੋਲਣ ਵਾਲੇ ਸੱਜਣ ਸਨ ਸਰਦਾਰ ਚਰਨਜੀਤ ਸਿੰਘ ਜੀ, ਉਨ੍ਹਾਂ ਨੇ ਜੋ ਇਸ ਵੇਲੇ ਅਕਾਲੀ ਸਰਕਾਰ ਦੀਆਂ ਪ੍ਰਾਪਤੀਆਂ ਹਨ, ਸੱਭ ਸੁਣਾ ਦਿੱਤੀਆਂ ਹਨ। ਮੈਂ ਉਨ੍ਹਾਂ ਪ੍ਰਾਪਤੀਆਂ ਬਾਰੇ ਦੁਬਾਰਾ ਨਹੀਂ ਕਹਿੰਦਾ। ਮੈਂ, ਸਰਕਾਰ ਨੂੰ ਇਹ ਗੱਲ ਕਹਾਂਗਾ ਕਿ ਤੁਸੀਂ ਉਹ ਕੰਮ ਕਰੋ ਜਿਸ ਨਾਲ ਤੁਹਾਡੀ ਧੰਨ ਧੰਨ ਹੋ ਜਾਵੇ। ਸਰਕਾਰ ਨੇ ਬਹੁਤ ਕਦਮ ਪੁੱਟੇ ਹਨ। ਹਰੀਜਨਾਂ ਦੀ ਬਿਹਤਰੀ ਵਾਸਤੇ ਸਰਕਾਰ ਨੇ ਇਹ ਕਰ ਦਿਤਾ ਹੈ ਕਿ ਜੇਕਰ ਕਿਸੇ ਨੇ 5 ਹਜ਼ਾਰ ਕਰਜ਼ਾ ਲੈਣਾ ਹੋਵੇ ਤਾਂ ਪਹਿਲਾਂ ਇਹ ਸੀ ਕਿ ਉਹ ਦਸ ਹਜ਼ਾਰ ਦੀ ਜ਼ਾਮਨੀ ਦੇਵੇ, ਪਰ ਹੁਣ ਕਰ ਦਿਤਾ ਹੈ ਕਿ ਪੰਜ ਹਜ਼ਾਰ ਦੀ ਹੀ ਜ਼ਾਮਨੀ ਦੇ ਦੇਵੇ। ਪੰਜਾਬ ਸਰਕਾਰ ਨੇ ਇਸ ਪਾਸੇ ਬੜੀ ਸਿਆਣਪ ਨਾਲ ਸੋਚਿਆ ਹੈ। ਹੁਣ ਇਹ ਕਰ ਦਿੱਤਾ ਹੈ ਕਿ ਪੰਜ ਹਜ਼ਾਰ ਦੇ ਕਰਜ਼ੇ ਲਈ ਪੰਜ ਹਜ਼ਾਰ ਦੀ ਜ਼ਾਮਨੀ ਹੀ ਕਾਫੀ ਹੈ, ਕਿਉਂਕਿ ਦਸ ਹਜ਼ਾਰ ਦੀ ਜ਼ਾਮਨੀ ਉਹ ਵਿਚਾਰਾ ਗਰੀਬ ਦੇ ਨਹੀਂ ਸੀ ਸਕਦਾ। ਪਹਿਲਾਂ ਤਾਂ ਚੇਅਰਮੈਨ ਸਾਹਿਬ, ਕਾਂਗਰਸੀਆਂ ਨੇ ਇਸ ਹਰੀਜਨ ਕਾਰਪੋਰੇਸ਼ਨ ਨੂੰ ਲੁਟ ਕੇ ਖਾ ਲਿਆ ਹੈ। ਮੈਂ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਇਹ ਉਨ੍ਹਾਂ ਲੋਕਾਂ ਦੀ ਲਿਸਟ ਕਢਾਉਣ ਔਰ ਇਸ ਨੂੰ ਛਾਇਆ ਕਰਨ, ਜਿਨ੍ਹਾਂ ਹਰੀਜਨਾਂ ਨੂੰ ਕਾਰਪੋਰੇਸ਼ਨ ਨੇ ਇਨ੍ਹਾਂ ਦੇ (ਵਿਰੋਧੀ ਧਿਰ ਵਲ ਇਸ਼ਾਰਾ) ਰਾਜ ਵਿਚ ਕਰਜ਼ੇ ਦਿਤੇ। ਫਿਰ ਪਤਾ ਲਗ ਜਾਵੇਗਾ ਕਿ ਕਿਸ ਤਰ੍ਹਾਂ ਵੱਡੇ ਵੱਡੇ ਲੋਕ ਇਸ ਨੂੰ ਲੁੱਟ ਕੇ ਖਾ ਗਏ ਹਨ। (ਘੰਟੀ)

ਚੇਅਰਮੈਨ ਸਾਹਿਬ, ਹੁਣ ਸਾਡੀ ਸਰਕਾਰ ਨੇ ਹਰੀਜਨਾਂ ਦੀ ਹਮਦਰਦੀ ਲਈ ਕੀ ਕੀ ਕਦਮ ਉਠਾਏ ਹਨ, ਕੀ ਕੀ ਰਿਆਇਤਾਂ ਦਿੱਤੀਆਂ ਹਨ, ਉਹ ਵੀ ਮੈਂ ਦਸਦਾ ਹਾਂ। ਜੇਕਰ ਕਿਸੇ ਨੇ ਜ਼ਮੀਨ ਖਰੀਦਣੀ ਹੋਵੇ ਤਾਂ ਉਸ ਨੂੰ 35 ਹਜ਼ਾਰ ਸਾਡੀ ਸਰਕਾਰ ਦੇਵੇਗੀ। ਜੇਕਰ ਫੈਕਟਰੀ ਲਗਾਉਣੀ ਹੋਵੇ ਤਾਂ ਵੀ 35 ਹਜ਼ਾਰ ਰੁਪਏ ਕਰਜ਼ਾ ਦੇਵੇਗੀ, ਜੇਕਰ ਟਰੈਕਟਰ ਲੈਣਾ ਹੋਵੇ ਤਾਂ 30 ਹਜ਼ਾਰ ਕਰਜ਼ਾ ਦੇਵੇਗੀ, ਜੇਕਰ ਠੇਕੇਦਾਰੀ ਕਰਨੀ ਹੋਵੇ ਤਾਂ 25 ਹਜ਼ਾਰ, ਜੇਕਰ ਕਿਸੇ ਨੇ ਛੋਟਾ ਕਾਰਖਾਨਾ ਲਗਾਉਣਾ ਹੋਵੇ ਤਾਂ 30 ਹਜ਼ਾਰ, ਜੇਕਰ ਹਰੀਜਨ ਨੇ ਮਕਾਨ ਬਣਾਉਣਾ ਹੋਵੇ ਤਾਂ 35 ਹਜ਼ਾਰ, ਜੇਕਰ ਮਕਾਨ ਖਰੀਦਣਾ ਹੋਵੇ ਤਾਂ 15 ਹਜ਼ਾਰ ਔਰ ਜੇਕਰ ਛੋਟਾ ਕਾਰਖਾਨਾ ਲਗਾਉਣਾ ਹੋਵੇ ਤਾਂ 35 ਹਜ਼ਾਰ ਕਰਜ਼ਾ ਮਿਲੇਗਾ। ਜੇ ਕਿਸੇ ਨੇ ਪਾਰਕ ਬਣਾਉਣਾ ਹੋਵੇ ਤਾਂ ਉਸ ਵਾਸਤੇ 7 ਹਜ਼ਾਰ ਰੁਪਿਆ ਸਰਕਾਰ ਦੇਵੇਗੀ। ਜੇ ਕਿਸੇ ਨੇ ਗੋਦਾਮ ਬਣਾਉਣਾ ਹੋਵੇ ਤਾਂ ਸਾਡੀ ਸਰਕਾਰ 35 ਹਜ਼ਾਰ ਰੁਪਿਆ ਕਰਜ਼ਾ ਦੇਵੇਗੀ। ਜੇ ਕਿਸੇ ਹਰੀਜਨ ਨੇ ਕੋਈ ਮੁਰਗੀ ਖਾਨਾ ਖੋਲ੍ਹਣਾ ਹੋਵੇ ਤਾਂ ਸਰਕਾਰ ਉਸ ਨੂੰ 10 ਹਜ਼ਾਰ ਰੁਪਏ ਦੇਵੇਗੀ। ਜੇ ਕਿਸੇ ਹਰੀਜਨ ਨੇ ਪਲਾਟ ਖਰੀਦਣਾ ਹੋਵੇ ਤਾਂ ਸਾਡੀ ਸਰਕਾਰ ਉਸ ਨੂੰ 5 ਹਜ਼ਾਰ ਰੁਪਏ ਦੇਵੇਗੀ। ਜੇ ਕਿਸੇ ਨੇ ਸਾਈਕਲਾਂ ਦਾ ਕਾਰਖਾਨਾ ਲਾਉਣਾ ਹੋਵੇ ਜਾਂ ਕੋਈ ਹੋਰ ਕਾਰਖਾਨਾ ਲਾਉਣਾ ਹੋਵੇ ਤਾਂ ਸਾਡੀ ਸਰਕਾਰ ਉਸ ਨੂੰ 10 ਹਜ਼ਾਰ ਰੁਪਏ

Original with;
Punjab Vidhan Sabha
Digitized by;
Panjab Digital Library

ਦੇਵੇਗੀ (ਵਿਘਨ) । ਚੇਅਰਮੈਨ ਸਾਹਿਬ, ਇਸ ਵੇਲੇ ਇਹ ਵਿਚਾਰੇ ਮੇਰੀ ਗੱਲ ਸੁਣਨ ਨੂੰ ਵੀ ਤਿਆਰ ਨਹੀਂ ਕਿਉਂਕਿ ਇਹ ਗੱਲਾਂ ਸੁਣ ਕੇ ਇਨ੍ਹਾਂ ਦੇ ਢਿੱਡ ਵਿਚ ਪੀੜ ਪੈਂਦੀ ਹੈ ।

12.32 ਬਾਅਦ ਦੁਪਹਿਰ (ਇਸ ਵੇਲੇ ਸਰਦਾਰ ਮਨਮੋਹਨ ਸਿੰਘ ਬਰਾੜ, ਮੈਂਬਰ, ਪੈਨਲ ਆਫ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਚੇਅਰਮੈਨ ਸਾਹਿਬ, ਮੈਂ ਤੁਹਾਨੂੰ ਇਕ ਦਿਨ ਦੀ ਗੱਲ ਸੁਣਾਉਂਦਾ ਹਾਂ । ਅਸੀਂ ਇਕ ਦਿਨ ਬੈਠੇ ਸੀ ਤਾਂ ਉਸ ਦਿਨ ਬੜੀ ਗਰਮੀ ਪੈ ਰਹੀ ਸੀ । ਮੇਰੇ ਕੁਝ ਦੋਸਤ ਕਹਿਣ ਲਗੇ ਕਿ ਬਹੁਤ ਗਰਮੀ ਪੈ ਰਹੀ ਹੈ । ਐਨੀ ਗਰਮੀ ਤਾਂ ਪਿਛਲੇ 50 ਸਾਲਾਂ ਵਿਚ ਨਹੀਂ ਪਈ । ਉਨ੍ਹਾਂ ਵਿਚੋਂ ਇਕ ਨੇ ਮੈਨੂੰ-ਪੁੱਛਿਆ ਕਿ ਇਹ ਗਰਮੀ ਕਿਉਂ ਪੈ ਰਹੀ ਹੈ ਤਾਂ ਮੈਂ ਕਿਹਾ ਕਿ ਕਾਂਗ੍ਰਸੀਆਂ ਦੇ ਹਉਕਿਆਂ ਦੀ ਗਰਮੀ ਪੈ ਰਹੀ ਹੈ । ਉਹ ਕਹਿੰਦੇ ਹਨ ਹਾਏ ਵਜ਼ੀਰੀ, ਹਾਏ ਚੀਫ਼ ਮਨਿਸਟਰੀ । (ਹਾਸਾ) (ਵਿਘਨ)

**ਸਰਦਾਰ ਗੁਰਦਰਸ਼ਨ ਸਿੰਘ** : ਤੇ ਜਿਨ੍ਹਾਂ ਨੂੰ ਮਨਿਸਟਰੀ ਨਹੀਂ ਮਿਲੀ, ਉਨ੍ਹਾਂ ਦੇ ਹਉਕਿਆਂ ਨਾਲ ਹੜ੍ਹ ਆ ਗਏ ਹਨ .... (ਵਿਘਨ)

**Mr. Chairman :** No interruption please.

**ਸਰਦਾਰ ਗੁਰਦੇਵ ਸਿੰਘ ਬਾਦਲ** : ਚੇਅਰਮੈਨ ਸਾਹਿਬ, ਮੈਂ ਦੱਸ ਰਿਹਾ ਸੀ ਕਿ ਜੇ ਕਿਸੇ ਨੇ ਟਿਊਬ-ਵੈਲ ਲਾਉਣਾ ਹੋਵੇ ਤਾਂ ਉਸ ਵਾਸਤੇ 10 ਹਜ਼ਾਰ ਰੁਪਿਆ ਦਿਤਾ ਜਾਵੇਗਾ । ਜੇ ਕਿਸੇ ਨੇ ਬਲਦ ਖਰੀ-ਦਣਾ ਹੋਵੇ ਜਾਂ ਕੋਈ ਹੋਰ ਕਾਰੋਬਾਰ ਕਰਨਾ ਹੋਵੇ ਤਾਂ (ਵਿਘਨ) ਚੇਅਰਮੈਨ ਸਾਹਿਬ, ਇਨ੍ਹਾਂ ਚਿੱਟੀਆਂ ਪੱਗਾਂ ਵਾਲਿਆਂ ਨੇ ਤਾਂ ਸਿਵਾਏ ਹਰੀਜਨਾਂ ਨੂੰ ਲੜਾਉਣ ਦੇ ਹੋਰ ਕੋਈ ਕੰਮ ਨਹੀਂ ਕੀਤਾ । ਇਹ ਕਹਿੰਦੇ ਹੁੰਦੇ ਸਨ ਕਿ ਓਏ ਨੱਥਾ ਸਿੰਘ ਜੇ ਤੂੰ ਵੋਟ ਸਾਨੂੰ ਪਾਵੇਂਗਾ ਤਾਂ ਤੇਰਾ ਇਹ ਕੰਮ ਕਰ ਦੇਵਾਂਗੇ ਅਤੇ ਉਸ ਦਾ ਨਹੀਂ ਹੋਣ ਦਿਆਂਗੇ । ਕਿਉਂਕਿ ਇਹ ਆਪ ਕੁਰੱਪਟ ਸਨ, ਇਸ ਕਰ ਕੇ ਇਨ੍ਹਾਂ ਨੇ ਕੋਈ ਚੰਗਾ ਕੰਮ ਹੋਣ ਨਹੀਂ ਦਿੱਤਾ । ਅੱਜ ਇਹ ਇਸ ਸਰਕਾਰ ਦੀਆਂ ਗੱਲਾਂ ਸੁਣ ਵੀ ਨਹੀਂ ਸਕਦੇ ।

ਚੇਅਰਮੈਨ ਸਾਹਿਬ, ਮੈਂ ਕਹਿ ਰਿਹਾ ਸੀ ਕਿ ਜੇ ਕਿਸੇ ਨੇ ਚਮੜੇ ਦਾ ਕੰਮ ਕਰਨਾ ਹੋਵੇ ਤਾਂ ਉਸ ਵਾਸਤੇ ਇਹ ਸਰਕਾਰ 15 ਹਜ਼ਾਰ ਰੁਪਏ ਦੇਵੇਗੀ ਔਰ ਜੇ ਕਿਸੇ ਨੇ ਸਪੇਅਰ ਪਾਰਟਸ ਦਾ ਕੰਮ ਕਰਨਾ ਹੋਵੇ ਤਾਂ ਉਸ ਵਾਸਤੇ 25 ਹਜ਼ਾਰ ਰੁਪਿਆ ਦੇਵੇਗੀ । ਜਿਹੜਾ ਹਰੀਜਨ ਰੱਥ ਖੱਡੀ ਲਾਏਗਾ ਉਸ ਨੂੰ 25 ਹਜ਼ਾਰ ਰੁਪਿਆ ਮਿਲੇਗਾ । ਜੇ ਕਿਸੇ ਨੇ ਸਾਬਣ ਦਾ ਕੰਮ ਕਰਨਾ ਹੋਵੇ ਤਾਂ ਉਸ ਨੂੰ 7 ਹਜ਼ਾਰ ਰੁਪਿਆ ਇਹ ਸਰਕਾਰ ਦੇਵੇਗੀ । ਇਸੇ ਤਰ੍ਹਾਂ ਹੋਰ ਵੀ ਬਹੁਤ ਸਾਰੇ ਕੰਮਾਂ ਵਾਸਤੇ ਸਰਕਾਰ ਨੇ ਕਈ ਕਈ ਹਜ਼ਾਰ ਰੁਪਿਆ ਹਰੀਜਨਾਂ ਨੂੰ ਦੇਣ ਦਾ ਫੈਸਲਾ ਕੀਤਾ ਹੈ ਜਿਸ ਨਾਲ ਹਰੀਜਨਾਂ ਦਾ ਭਲਾ ਹੋਵੇਗਾ ।

ਚੇਅਰਮੈਨ ਸਾਹਿਬ, ਅਸੀਂ ਕਮੇਟੀ ਦੇ ਨਾਲ ਜਲੰਧਰ ਦੇ ਨੇੜੇ ਜਾ ਕੇ ਆਏ ਹਾਂ .........

**ਚੌਧਰੀ ਬਲਰਾਮ ਜਾਖੜ** : ਚੇਅਰਮੈਨ ਸਾਹਿਬ, ਕੀ ਵਿੱਤ ਮੰਤਰੀ ਸਾਹਿਬ ਨੇ ਖਜ਼ਾਨੇ ਦੀ ਚਾਬੀ ਬਾਦਲ ਸਾਹਿਬ ਨੂੰ ਦੇ ਦਿੱਤੀ ਹੈ ?

**ਸਰਦਾਰ ਗੁਰਦੇਵ ਸਿੰਘ ਬਾਦਲ** : ਚੇਅਰਮੈਨ ਸਾਹਿਬ, ਇਹ ਕਹਿੰਦੇ ਹਨ ਕਿ ਹਰੀਜਨਾਂ ਲਈ ਇਹ ਕਿਉਂ ਹੋ ਰਿਹਾ ਹੈ, ਸਾਡੀ ਗੱਲ ਕਿਉਂ ਨਹੀ ਕਰਦੇ ? ਇਹ ਨਹੀਂ ਚਾਹੁੰਦੇ ਕਿ ਹਰੀਜਨਾਂ ਵਾਸਤੇ ਕੁਝ ਹੋਵੇ । ਇਹ ਕਹਿੰਦੇ ਹਨ ਕਿ ਸਾਡੀ ਹੀ ਆਮਦਨ ਵਧੇ । ਇਨ੍ਹਾਂ ਦੀ ਆਪਣੀ ਆਮਦਨ ਐਨੀ ਹੈ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਦੇਵ ਸਿੰਘ ਬਾਦਲ]

ਜਿੰਨੀ ਕਿ ਇਕ ਜ਼ਿਮੀਦਾਰ ਦੀ ਸਾਰੀ ਆਮਦਨ ਹੁੰਦੀ ਹੈ। ਉਸ ਨਾਲੋਂ ਵੱਧ ਤਾਂ ਇਨ੍ਹਾਂ ਨੂੰ ਆਪਣੇ ਅੰਗੂਰਾਂ ਦੀ ਆਮਦਨ ਹੋ ਜਾਂਦੀ ਹੈ। ਚੇਅਰਮੈਨ ਸਾਹਿਬ, ਮੈਂ ਜਲੰਧਰ ਦੇ ਨੇੜੇ ਦੇ ਪਿੰਡਾਂ ਵਿਚ ਗਿਆ ਸੀ। ਉਥੇ ਸਾਡੀ ਕਮੇਟੀ ਗਈ ਸੀ ਅਤੇ ਅਸੀਂ ਉਥੇ ਹਰਜਿਨਾਂ ਦੀਆਂ ਬਸਤੀਆਂ ਵੇਖੀਆਂ। ਤੁਸੀਂ ਸੁਣ ਕੇ ਹੈਰਾਨ ਹੋਵੋਗੇ ਕਿ ਉਥੇ ਇਨ੍ਹਾਂ ਨੇ ਕੀ ਕੀਤਾ ਸੀ। ਇਹ ਕਹਿੰਦੇ ਹਨ ਕਿ ਹਰੀਜਨਾਂ ਨੂੰ ਪਲਾਟ ਦਿਤੇ ਹਨ। ਅਸੀਂ ਵੇਖਿਆ ਕਿ ਉਨ੍ਹਾਂ ਨੂੰ ਪਲਾਟ ਇਹੋ ਜਿਹੇ ਛੱਪੜਾਂ ਵਿਚ ਦਿੱਤੇ ਹਨ ਜੇਕਰ ਸਾਰੇ ਪਿੰਡ ਦੇ ਟਰੈਕਟਰ ਅਤੇ ਆਦਮੀ ਉਸ ਛੱਪੜ ਵਿਚ ਮਿੱਟੀ ਪਾਉਣ ਲਗ ਜਾਣ ਤਾਂ 5 ਸਾਲ ਉਹ ਛੱਪੜ ਨਹੀਂ ਭਰਿਆ ਜਾ ਸਕਦਾ।

**ਸਰਦਾਰ ਦਰਸ਼ਨ ਸਿੰਘ ਕੇ. ਪੀ.** : ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜਿਹੜੀਆਂ ਬਾਦਲ ਸਾਹਿਬ ਗੱਲਾਂ ਕਰ ਰਹੇ ਹਨ, ਉਹ ਠੀਕ ਨਹੀਂ। ਮੇਰੇ ਹਲਕੇ ਲਾਂਬੜਾ ਵਿਚ ਜਿਹੜੇ ਪਲਾਟ ਦਿੱਤੇ ਗਏ ਸਨ, ਉਥੇ ਬਹੁਤ ਵਧੀਆ ਕਾਲੋਨੀਜ਼ ਬਣੀਆਂ ਹਨ, ਪੱਕੇ ਮਕਾਨ ਬਣੇ ਹਨ। ਇਹ ਜਿਹੜਾ ਕਹਿ ਰਹੇ ਹਨ, ਕੋਈ ਇਕ ਅੱਧਾ ਕੇਸ ਹੋ ਸਕਦਾ ਹੈ ਪਰ ਐਸੀ ਕੋਈ ਗੱਲ ਨਹੀਂ।

**ਸਰਦਾਰ ਦਲੀਪ ਸਿੰਘ ਪਾਂਧੀ** : ਚੇਅਰਮੈਨ ਸਾਹਿਬ, ਹਰੀਜਨਾਂ ਨੂੰ ਤਾਂ ਇਨ੍ਹਾਂ ਨੇ ਜਿਹੜੇ ਪਲਾਟ ਦਿੱਤੇ ਹਨ ਉਹ ਟੋਇਆਂ ਵਿਚ ਦਿੱਤੇ ਹਨ ਔਰ ਨਾਨ-ਸ਼ਡਿਊਲਡ ਕਾਸਟਸ ਨੂੰ ਚੰਗੇ ਪਲਾਟ ਦਿੱਤੇ ਹੋਣੇ ਹਨ।

**ਸਰਦਾਰ ਗੁਰਦੇਵ ਸਿੰਘ ਬਾਦਲ** : ਚੇਅਰਮੈਨ ਸਾਹਿਬ, ਕੇ. ਪੀ. ਸਾਹਿਬ ਤਾਂ ਹਰੀਜਨਾਂ ਦੇ ਸ਼ਿੰਗਾਰ ਹੁੰਦੇ ਸਨ, ਪਰ ਇਹ ਪਤਾ ਨਹੀਂ ਕਿਸ ਤਰ੍ਹਾਂ ਬਦਲ ਗਏ ਹਨ। ਪਤਾ ਨਹੀਂ, ਇਹ ਹਰੀਜਨਾਂ ਕੋਲੋਂ ਕਿਸ ਤਰ੍ਹਾਂ ਵੋਟਾਂ ਲੈ ਕੇ ਆਏ ਹਨ। ਇਨ੍ਹਾਂ ਨੇ ਪਿੰਡ ਲਾਂਬੜਾ ਦਾ ਜ਼ਿਕਰ ਕੀਤਾ ਹੈ। ਮੈਂ ਇਸ ਦਾ ਹੁਣੇ ਜ਼ਿਕਰ ਨਹੀਂ ਸੀ ਕਰਨਾ ਚਾਹੁੰਦਾ। ਪਰ ਹੁਣ ਮੈਂ ਦਸ ਦਿੰਦਾ ਹਾਂ ਕਿ ਉਥੇ ਜਿਹੜੀ ਜ਼ਮੀਨ ਸਵਰਨ ਜਾਤੀਆਂ ਨੂੰ ਦਿੱਤੀ ਗਈ ਉਹ ਉਨ੍ਹਾਂ ਨੇ ਆਪਣੇ ਪੋਤਿਆਂ, ਦੋਹਤਿਆਂ ਅਤੇ ਹੋਰ ਰਿਸ਼ਤੇਦਾਰਾਂ ਦੇ ਨਾਂ ਤੇ ਲੈ ਕੇ ਸਾਰੀ ਜ਼ਮੀਨ ਤੇ ਕਬਜ਼ਾ ਕਰ ਲਿਆ। ਹਰੀਜਨਾਂ ਨੂੰ ਜ਼ਮੀਨ ਨਹੀਂ ਮਿਲ ਸਕੀ। ਇਹ ਹਾਲ ਹੈ ਲਾਂਬੜਾ ਪਿੰਡ ਦਾ ਜਿਸ ਦਾ ਅੱਜ ਇਹ ਜ਼ਿਕਰ ਕਰਦੇ ਹਨ।

ਚੇਅਰਮੈਨ ਸਾਹਿਬ, ਮੈਂ ਕਮੇਟੀ ਦੇ ਨਾਲ ਹਰੀਜਨਾਂ ਦੀਆਂ ਬਸਤੀਆਂ ਵੇਖਣ ਗਿਆ ਸੀ, ਮੇਰੇ ਨਾਲ ਡਾਕਟਰ ਭਗਤ ਸਿੰਘ ਵੀ ਸਨ। ਅਸੀਂ ਇਕ ਬਸਤੀ ਸੇਖੋਂ ਚੈਕ ਕੀਤੀ। ਉਸ ਹਰੀਜਨ ਬਸਤੀ ਵਾਸਤੇ ਪਿਛਲੀ ਸਰਕਾਰ ਨੇ 5 ਲੱਖ ਰੁਪਿਆ ਰੱਖਿਆ ਸੀ ਅਤੇ ਕਿਹਾ ਸੀ ਕਿ ਇਹ ਬਸਤੀ ਇਸ ਤਰ੍ਹਾਂ ਬਣਾ ਦੇਵਾਂਗੇ ਕਿ ਕਿਤੇ ਕੋਈ ਚਿੱਕੜ ਨਹੀਂ ਹੋਵੇਗਾ, ਲੋਕਾਂ ਨੂੰ ਚਿੱਕੜ ਵਿਚ ਨਾ ਤੁਰਨਾ ਪਵੇ। ਪਰ ਉਥੇ ਜਾ ਕੇ ਵੇਖਣ ਤੇ ਪਤਾ ਲਗਾ ਕਿ ਉਹ ਜਿਹੜਾ 5 ਲੱਖ ਰੁਪਿਆ ਸੀ, ਉਹ ਉਨ੍ਹਾਂ ਹਰੀਜਨਾਂ ਦੀ ਬਸਤੀ ਤੇ ਨਹੀਂ ਲਾਇਆ ਬਲਕਿ ਹੋਰ ਪਾਸੇ ਹੀ ਲਾ ਦਿਤਾ ਹੈ। ਇਸੇ ਤਰ੍ਹਾਂ ਹੋਰ ਵੀ ਕਈ ਬਸ-ਤੀਆਂ ਵੇਖੀਆਂ, ਉਨ੍ਹਾਂ ਵਾਸਤੇ ਜਿਹੜਾ ਪੈਸਾ ਰਖਿਆ ਗਿਆ ਸੀ ਉਹ ਪੈਸਾ ਉਥੇ ਨਹੀਂ ਲਾਇਆ ਗਿਆ। ਬਲਕਿ ਹੋਰ ਪਾਸੇ ਸਵਰਨ ਜਾਤੀਆਂ ਤੇ ਲਾ ਦਿੱਤਾ ਗਿਆ ਹੈ। ਇਹ ਮੇਰੇ ਕੋਲ ਬਹੁਤ ਵੱਡੀ ਲਿਸਟ ਹੈ। ਜੇ ਮੈਂ ਪੜ੍ਹਨ ਲਗਾਂ ਤਾਂ ਸਮਾਂ ਬਹੁਤ ਲਗੇਗਾ। ਇਸ ਕਰਕੇ ਮੈਂ ਕਹਿੰਦਾ ਹਾਂ ਕਿ ਸਾਡੀ ਸਰਕਾਰ ਜੋ ਹੁਣ ਖਰਚ ਕਰ ਰਹੀ ਹੈ ਇਹ ਕੋਈ ਮਟੌਰ ਜਿਹੇ ਸੈਸ਼ਨ ਤੇ ਖਰਚ ਨਹੀਂ ਕਰ ਰਹੀ ਹੈ ਜਿਸ ਤਰ੍ਹਾਂ ਇਹ ਕਰਦੇ ਰਹੇ ਹਨ। ਮੈਨੂੰ ਯਾਦ ਹੈ ਕਿ ਜਦੋਂ ਮਟੌਰ ਸੈਸ਼ਨ ਹੋਣਾ ਸੀ ਤਾਂ ਸਾਰਾ ਬੰਦੋਬਸਤ ਕੀਤਾ ਗਿਆ ਅਤੇ ਇੰਤਜ਼ਾਮ ਹੋਣ ਤੋਂ ਬਾਅਦ ਜ਼ੈਲ ਸਿੰਘ ਨੇ ਆਪਣੇ ਸਾਥੀ ਗੁਰਦਰਸ਼ਨ ਸਿੰਘ ਨੂੰ ਬੁਲਾਇਆ ਅਤੇ ਕਹਿਣ ਲਗਾ ਕਿ ਇਹ ਇੰਤਜ਼ਾਮ ਕੀਤਾ ਗਿਆ ਹੈ ਲੀਡਰਾਂ ਵਾਸਤੇ, ਹੁਣ ਦਸੋ ਇਸ ਵਿਚ ਕੋਈ ਕਮੀ ਤਾਂ

Original with;
Punjab Vidhan Sabha
Digitized by;
Panjab Digital Library

ਨਹੀਂ ਰਹਿ ਕਈ। ਕੀ ਸਭ ਕੁਝ ਠੀਕ ਬਣ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਬਾਕੀ ਤਾਂ ਸਭ ਠੀਕ ਹੈ ਪਰ ਸੰਜੇ ਗਾਂਧੀ ਵਾਸਤੇ ਕੋਈ ਕਮਰਾ ਨਹੀਂ ਬਣਾਇਆ ਗਿਆ। ਬੱਸ ਜੀ ਫਿਰ ਕੀ ਹੋਇਆ, ਚੇਅਰਮੈਨ ਸਾਹਿਬ, ਤੁਸੀਂ ਸੁਣ ਕੇ ਹੈਰਾਨ ਹੋਵੋਗੇ ਕਿ ਇਕ ਦਿਨ ਦੇ ਵਿੱਚ ਹੀ ਉਸ ਦਾ ਕਮਰਾ ਤਿਆਰ ਕਰ ਦਿੱਤਾ ਜਿਸ ਤੇ 75 ਹਜ਼ਾਰ ਰੁਪਿਆ ਲਾਇਆ ਗਿਆ। ਉਸ ਦੀਆਂ ਕੰਧਾਂ ਸੁਕਾਉਣ ਵਾਸਤੇ ਹੀਟਰ ਲਾਏ ਗਏ ਤਾਂ ਕਿ ਇਹ ਪਤਾ ਨਾ ਲਗੇ ਕਿ ਇਹ ਕਮਰਾ ਨਵਾਂ ਬਣਿਆ ਹੈ। ਮੇਰੇ ਕਹਿਣ ਤੋਂ ਭਾਵ ਇਹ ਹੈ ਕਿ ਇਹ ਸਰਕਾਰ ਕੋਈ ਮਟੌਰ ਸੈਸ਼ਨ ਵਰਗਾ ਖਰਚ ਨਹੀਂ ਕਰ ਰਹੀ ਹੈ। ਕੋਈ ਇੰਦਰਾ ਗਾਂਧੀ ਅਤੇ ਸੰਜੇ ਗਾਂਧੀ ਤੇ ਖਰਚ ਨਹੀਂ ਕਰ ਰਹੀ ਹੈ। ਸਾਡੇ ਖਜ਼ਾਨਾ ਮੰਤਰੀ ਸਰਦਾਰ ਬਲਵੰਤ ਸਿੰਘ ਬਹੁਤ ਸਿਆਣੇ ਹਨ, ਉਨ੍ਹਾਂ ਨੇ ਪੰਜਾਬ ਦੀ ਬਿਹਤਰੀ ਵਾਸਤੇ, ਪੰਜਾਬ ਦੀ ਖੁਸ਼ਹਾਲੀ ਵਾਸਤੇ, ਬੜੀ ਸਿਆਣਪ ਨਾਲ, ਬੜਾ ਉਦਮ ਕਰ ਕੇ ਇਹ ਪੈਸਾ ਪੰਜਾਬ ਦੀ ਭਲਾਈ ਵਾਸਤੇ ਰਖਿਆ ਹੈ।

ਪੰਜਾਬ ਵਿਚ ਕਿਸਾਨ ਨੇ ਪਾਣੀ ਲਈ ਦਰਖਾਸਤਾਂ ਦਿੱਤੀਆਂ ਅਤੇ ਥੋੜ੍ਹੇ ਸਮੇਂ ਵਿਚ ਨਿਪਟਾ ਦਿੱਤੀਆਂ ਗਈਆਂ। ਥੋੜ੍ਹੇ ਸਮੇਂ ਨੂੰ ਵਕਤ ਆਏਗਾ ਕਿ ਪੰਜਾਬ ਦੇ ਵਿਚ ਜ਼ਿਮੀਂਦਾਰਾਂ ਨੂੰ ਕਿਸਾਨਾਂ ਨੂੰ, ਪਾਣੀ ਦੀ ਘਾਟ ਮਹਿਸੂਸ ਨਹੀਂ ਹੋਵੇਗੀ ਔਰ ਮੋਘੇ ਲਗਵਾਉਣ ਦੀ ਲੋੜ ਮਹਿਸੂਸ ਨਹੀਂ ਹੋਵੇਗੀ ਅਤੇ ਨਾ ਹੀ ਕੋਈ ਕਹੇਗਾ ਕਿ ਸਾਡੇ ਖੇਤਾਂ ਨੂੰ ਪਾਣੀ ਨਹੀਂ ਲਗਦਾ। ਹਰ ਇਕ ਪਿੰਡ ਵਾਲੇ ਨੂੰ ਜਿੱਥੇ ਉਹ ਰਹਿੰਦਾ ਹੈ ਪਾਣੀ ਮਿਲੇਗਾ। ਇਨ੍ਹਾਂ ਹਾਲਾਤ ਦੇ ਵਿਚ ਕਿਸਾਨਾਂ ਨੂੰ ਸਰਦਾਰ ਬਲਵੰਤ ਸਿੰਘ ਨੂੰ ਕਹਿਣਾ ਪਵੇਗਾ ਕਿ ਸਾਡੇ ਮੋਘੇ ਕੁਝ ਦਿਨਾਂ ਲਈ ਬੰਦ ਕਰ ਦਿਉ ਤਾਕਿ ਅਸੀਂ ਆਪਣੀਆਂ ਜ਼ਮੀਨਾਂ ਠੀਕ ਕਰ ਸਕੀਏ। (ਵਿਘਨ) ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਹੜ੍ਹਾਂ ਦੀ ਬੜੀ ਯਾਦ ਆਉਂਦੀ ਹੈ। ਇਹ ਹੜ੍ਹ ਵੀ ਤਾਂ ਪੰਜਾਬ ਵਿਚ ਲਗਾਤਾਰ ਕਾਂਗਰਸ ਰਾਜ ਦੀ ਨਿਸ਼ਾਨੀ ਕਰਕੇ ਔਰ ਇਨ੍ਹਾਂ ਵਲ ਧਿਆਨ ਨਾ ਦੇਣ ਕਰ ਕੇ ਆਏ ਜਿਸ ਦੀ ਬਦਨਾਮੀ ਇਹ ਸਾਨੂੰ ਦੇਣਾ ਚਾਹੁੰਦੇ ਹਨ। ਕਾਂਗਰਸ ਰਾਜ ਨੇ ਇਸ ਮਾਮਲੇ ਵਿਚ ਅਣਗਹਿਲੀ ਕੀਤੀ। ਭਾਖੜਾ ਡੈਮ ਬਣਾਇਆ ਗਿਆ। ਉਸ ਦਾ ਸਾਰਾ ਪ੍ਰਬੰਧ ਸੈਂਟਰ ਦੀ ਸਰਕਾਰ ਦੇ ਹਵਾਲੇ ਕਰ ਦਿੱਤਾ। ਡੈਮ ਉਤੇ ਕੰਟਰੋਲ ਸੈਂਟਰਲ ਗੌਰਮਿੰਟ ਦਾ ਹੈ। ਇਨ੍ਹਾਂ ਦੇ ਪੁਰਾਣੇ ਅਫ਼ਸਰ ਲਗੇ ਹੋਏ ਹਨ। ਪਹਿਲੇ ਹੜ੍ਹ ਅੰਮ੍ਰਿਤਸਰ, ਗੁਰ-ਦਾਸਪੁਰ, ਸੰਗਰੂਰ, ਫਰੀਦਕੋਟ ਵਰਗੇ ਸ਼ਹਿਰਾਂ ਦੇ ਵਿਚ ਆਉਂਦੇ ਸਨ, ਇਸ ਦੇ ਉਤੇ ਲੱਖਾਂ ਰੁਪਏ ਨਹੀਂ ਸਗੋਂ ਕਰੋੜਾਂ ਰੁਪਏ ਖਰਚ ਕੀਤੇ ਗਏ। ਪੰਜਾਬ ਦੇ ਵਿਚ ਹੜ੍ਹ ਆ ਨਹੀਂ ਸਕਦੇ ਸਨ ਜੇਕਰ ਇਸ ਉਤੇ ਸਾਰਾ ਪੈਸਾ ਖਰਚ ਹੋਇਆ ਹੁੰਦਾ ਪਰ ਕਾਂਗਰਸੀ ਭਰਾ ਤਾਂ ਇਸ ਦੇ ਵਿਚੋਂ ਅਫ਼ਸਰਾਂ ਨਾਲ ਮਿਲ ਕੇ ਪੈਸੇ ਕਮਾ-ਉਂਦੇ ਰਹੇ। (ਘੰਟੀ) ਸਾਰੇ ਪੈਸੇ ਕਾਂਗਰਸੀ ਭਰਾ ਖਾ ਗਏ ਪਰ ਪਾਣੀ ਨਹੀਂ ਦਿੱਤਾ। ਹੜ੍ਹਾਂ ਦੇ ਵਾਸਤੇ ਨਾ ਇਨ੍ਹਾਂ ਨੇ ਕੋਈ ਕੰਮ ਕੀਤਾ। ਪਿਛਲੀ ਸਰਕਾਰ ਦੀ ਲਿਸਟ ਕਢ ਲਵੋ ਔਰ ਦੇਖੋ ਕਿ ਕਿਹੜੇ ਕਿਹੜੇ ਅਫ਼ਸਰਾਂ ਦਾ ਇਸ ਦੇ ਵਿਚ ਹੱਥ ਸੀ ਅਤੇ ਕਿਹੜੇ ਕਿਹੜੇ ਮਨਿਸਟਰਾਂ ਦਾ ਹੱਥ ਰਿਹਾ ਹੈ। ਮੇਰੀ ਇਹ ਪੰਜਾਬ ਸਰਕਾਰ ਦਿਨ ਰਾਤ ਮਿਹਨਤ ਕਰ ਰਹੀ ਹੈ ਤਾਕਿ ਪੰਜਾਬ ਦੀ ਡਿਵੈਲਪਮੈਂਟ ਹੋ ਸਕੇ। ਮੈਂ ਆਪਣੀ ਸਰ-ਕਾਰ ਨੂੰ ਇਸ ਗੱਲ ਲਈ ਵਧਾਈ ਦਿੰਦਾ ਹਾਂ ਕਿ ਉਹ ਪੰਜਾਬ ਨੂੰ ਇਕ ਖੂਬਸੂਰਤ ਅਤੇ ਖੁਸ਼ਹਾਲ ਸੂਬਾ ਬਣਾਉਣ ਦੇ ਯਤਨ ਕਰ ਰਹੀ ਹੈ। (ਤਾੜੀਆਂ)

---

## PERSONAL EXPLANATION BY SARDAR GURDARSHAN SINGH

**ਸਰਦਾਰ ਗੁਰਦਰਸ਼ਨ ਸਿੰਘ** : ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ, ਸਰ। ਚੇਅਰਮੈਨ ਸਾਹਿਬ, ਆਨਰੇਬਲ ਮੈਂਬਰ ਸਰਦਾਰ ਗੁਰਦੇਵ ਸਿੰਘ ਬਾਦਲ ਨੇ ਮੇਰਾ ਨਾਂ ਲੈ ਕੇ ਮਟੌਰ ਸੈਸ਼ਨ ਸਬੰਧੀ ਗੱਲ ਕੀਤੀ ਹੈ। ਇਹ ਬਿਲਕੁਲ ਗਲਤ ਬਿਆਨੀ ਕਰ ਰਹੇ ਹਨ ? ਮੈਂਬਰ ਸਾਹਿਬ ਖੁਲ ਦਿਲਾ ਨਹੀਂ ਹੈ। ਅਤੇ ਇਸ ਦਾ ਦਿਮਾਗ਼ ਕਾਇਮ ਨਹੀਂ ਹੈ। ਕਮਿਸ਼ਨ ਬੈਠਾ ਹੋਇਆ ਹੈ ਉਥੇ ਜਾ ਕੇ ਕਹਿ ਲੈਣ। ਲੇਕਿਨ ਗ਼ਲਤ ਬਿਆਨੀ ਇਨ੍ਹਾਂ ਨੂੰ ਨਹੀਂ ਕਰਨੀ ਚਾਹੀਦੀ ਸੀ।

---

Original with;
Punjab Vidhan Sabha
Digitized by;
Panjab Digital Library

## THE PUNJAB APPROPRIATION (No. 4) BILL, 1978

(*Resumption of discussion*)

**ਡਾਕਟਰ ਕੇਵਲ ਕ੍ਰਿਸ਼ਨ (ਮੁਕੇਰੀਆਂ)** : ਸਨਮਾਨਯੋਗ ਚੇਅਰਮੈਨ ਸਾਹਿਬ, ਮੈਂ ਤੁਹਾਡਾ ਬੜਾ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਵਕਤ ਦਿੱਤਾ ਹੈ । ਇਹ ਸਪਲੀਮੈਂਟਰੀ ਡੀਮਾਂਡਜ਼ 4 ਕਰੋੜ 84 ਲੱਖ 4 ਹਜ਼ਾਰ ਰੁਪਏ ਦੀਆਂ ਪੇਸ਼ ਕੀਤੀਆਂ ਗਈਆਂ ਹਨ । ਆਪੋਜ਼ੀਸ਼ਨ ਦੀ ਤਰਫੋਂ ਅਸੀਂ ਇਸ ਦੀ ਨੁਕਤਾਚੀਨੀ ਕਰਾਂਗੇ ਕਿਉਂਕਿ ਡੈਮੋਕਰੇਟਿਕ ਢਾਂਚੇ ਵਿਚ ਇਹ ਜ਼ਰੂਰੀ ਹੈ ਕਿ ਆਪੋਜ਼ੀਸ਼ਨ ਜੋ ਕੁਝ ਕਹੇ ਰੂਲਿੰਗ ਪਾਰਟੀ ਵਾਲੇ ਬੜੇ ਆਰਾਮ ਦੇ ਨਾਲ ਅਤੇ ਗੌਰ ਦੇ ਨਾਲ ਸੁਣਨ ਔਰ ਜਿਥੇ ਜ਼ਰੂਰੀ ਹੈ ਉਥੇ ਉਸ ਤੇ ਅਮਲ ਕਰਨ ਅਤੇ ਪ੍ਰਬੰਧ ਕਰਨ । ਮੈਨੂੰ ਬੜੀ ਖੁਸ਼ੀ ਹੈ ਕਿ ਸਪੀਕਰ ਅਤੇ ਡਿਪਟੀ ਸਪੀਕਰ ਦੇ ਵਾਸਤੇ ਇਨ੍ਹਾਂ ਨੇ ਰਕਮਾਂ ਵਧਾ ਦਿੱਤੀਆਂ ਹਨ। ਪਹਿਲੇ ਪੰਜਾਬ ਦੇ ਵਿਚ ਸਪੀਕਰ ਅਤੇ ਡਿਪਟੀ ਸਪੀਕਰ ਦੇ ਲਈ ਕੋਈ ਡਿਸਕ੍ਰੀਸ਼ਨਰੀ ਗ੍ਰਾਂਟ ਨਹੀਂ ਦਿੱਤੀ ਜਾਂਦੀ ਸੀ ਪਰ ਇਹ ਪਿਛਲੀ ਕਾਂਗਰਸ ਸਰਕਾਰ ਨੇ, ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੇ ਮੂਵ ਕੀਤਾ ਕਿ ਜਦੋਂ ਸਪੀਕਰ ਦਾ ਸਟੇਟਸ ਕੇਬਨਿਟ ਦਾ ਅਤੇ ਡਿਪਟੀ ਸਪੀਕਰ ਦਾ ਸਟੇਟ ਮਨਿਸਟਰ ਦਾ ਹੈ ਤਾਂ ਫਿਰ ਇਨ੍ਹਾਂ ਨੂੰ ਵੀ ਡਿਸਕ੍ਰੀਸ਼ਨਰੀ ਗ੍ਰਾਂਟ ਮਿਲਣੀ ਚਾਹੀਦੀ ਹੈ। ਬੇਸ਼ਕ ਉਸ ਸਮੇਂ ਫੰਡਜ਼ ਥੋੜ੍ਹੇ ਸਨ ਔਰ ਫੰਡਜ਼ ਨੂੰ ਮੱਦੇਨਜ਼ਰ ਰਖਦੇ ਹੋਏ ਕੁਝ ਡਿਸਕ੍ਰੀਸ਼ਨਰੀ ਗ੍ਰਾਂਟਾਂ ਦਿੱਤੀਆਂ ਗਈਆਂ ਸਨ। ਮੈਂਨੂੰ ਖੁਸ਼ੀ ਹੈ ਕਿ ਸਰਕਾਰ ਨੇ ਹੁਣ ਉਹ ਗ੍ਰਾਂਟ ਜਿਹੜੀ ਘੱਟ ਸੀ ਪੂਰੀ ਕਰ ਦਿੱਤੀ ਹੈ। ਡਿਸਕ੍ਰੀਸ਼ਨਰੀ ਗ੍ਰਾਂਟ ਦੇ ਬਾਰੇ ਮੈਂ ਬਹੁਤੀਆਂ ਗਲਾਂ ਨਹੀਂ ਕਰਾਂਗਾ। ਪਰ ਕੇਵਲ ਇਕ ਗਲ ਜ਼ਰੂਰ ਕਰਾਂਗਾ ਕਿ ਡਿਸਕ੍ਰੀਸ਼ਨਰੀ ਗ੍ਰਾਂਟ ਡਿਵੈਲਪਮੈਂਟ ਦੇ ਪਰਪੱਜ਼ ਲਈ ਹੁੰਦੀ ਹੈ ਅਤੇ ਸੂਬੇ ਦੀ ਭਲਾਈ ਲਈ ਅਤੇ ਭਲੇ ਕੰਮ ਲਈ ਯੂਜ਼ ਕੀਤੀ ਜਾਂਦੀ ਹੈ ।ਪੰਜਾਬ ਦੀ ਬਿਹਤਰੀ ਲਈ ਇਹ ਫੰਡਜ਼ ਖਰਚ ਕੀਤੇ ਜਾਣੇ ਚਾਹੀਦੇ ਹਨ । ਇਸ ਦੇ ਸਬੰਧ ਵਿਚ ਬੜੇ ਜ਼ੋਰ ਦੇ ਨਾਲ ਕਹਾਂਗਾ ਕਿ ਸਾਡੇ ਮਨਿਸਟਰਾਂ ਨੂੰ ਇਸ ਫੰਡਜ਼ ਨੂੰ ਮਿਸਯੂਜ਼ ਨਹੀਂ ਕਰਨਾ ਚਾਹੀਦਾ। ਮੈਂ ਮਿਸਯੂਜ਼ ਦੇ ਬਾਰੇ ਦੱਸਦਾ ਹਾਂ ਕਿ ਇਸ ਫੰਡ ਨੂੰ ਦੇਣ ਲਈ ਕੁਝ ਰੂਲਜ਼ ਬਣਾਏ ਗਏ ਹਨ। ਅਤੇ ਡਾਇਰੈਕਸ਼ਨਜ਼ ਦਿਤੀਆਂ ਗਈਆਂ ਹਨ। ਉਸ ਦੇ ਮੁਤਾਬਕ ਹੀ ਦਿਤੀ ਜਾਣੀ ਚਾਹੀਦੀ ਹੈ। ਇਹ ਗ੍ਰਾਂਟ ਉਸ ਨੂੰ ਦਿੱਤੀ ਜਾਂਦੀ ਹੈ ਜੇ ਕੋਈ ਸੰਸਥਾ ਰਜਿਸਟਰਡ ਹੋਵੇ, ਏਡਿਡ ਹੋਵੇ, ਮਨਜ਼ੂਰ ਸ਼ੁਦਾ ਹੋਵੇ, ਬਾਕੀਆਂ ਨੂੰ ਨਹੀਂ ਦਿੱਤੀ ਜਾਂਦੀ । ਮੈਂ ਇਕ ਮਿਸਾਲ ਜ਼ਰੂਰ ਦੇਵਾਂਗਾ ਕਿ ਮੁਕੇਰੀਆਂ ਦੇ ਵਿਚ ਇਕ ਸਕੂਲ ਦੀ ਬਿਲਡਿੰਗ ਸੈਂਕਸ਼ਨ ਨਹੀਂ ਹੋਈ ਸੀ, ਜਿਸ ਦੇ ਲਈ ਗੌਰਮਿੰਟ ਨੇ ਜਗ੍ਹਾ ਤਕ ਨਹੀਂ ਦਿੱਤੀ ਸੀ ਔਰ ਰਜਿਸਟਰਡ ਸਕੂਲ ਵੀ ਨਹੀਂ ਸੀ, ਪਰ ਮਨਿਸਟਰ ਸਾਹਿਬ ਨੇ ਉਸ ਸਕੂਲ ਨੂੰ 15 ਹਜ਼ਾਰ ਰੁਪਏ ਦੀ ਗ੍ਰਾਂਟ ਦੇ ਦਿੱਤੀ। ਮੈਂ ਬੇਨਤੀ ਕੀਤੀ ਕਿ ਬਿਲ ਡਿੰਗ ਸੈਂਕਸ਼ਨ ਨਹੀਂ ਹੋਈ ਮਾਮਲਾ ਡਿਸਪਿਊਟਿਡ ਹੈ, ਇਸ ਕਰਕੇ ਤੁਸੀਂ ਨੀਂਹ ਪੱਥਰ ਨਾ ਰਖੋ ਲੇਕਿਨ ਉਨ੍ਹਾਂ ਨੇ ਮੇਰੀ ਇਕ ਗੱਲ ਵੀ ਨਾ ਮੰਨੀ। ਇਸ ਲਈ, ਮੈਂ ਕਹਿੰਦਾ ਹਾਂ ਕਿ ਅਣਗਹਿਲੀ ਦੇ ਨਾਲ ਗ੍ਰਾਂਟ ਨਹੀਂ ਦਿੱਤੀ ਜਾਣੀ ਚਾਹੀਦੀ। ਇਹ ਫੰਡ ਭਲਾਈ ਦੇ ਕੰਮਾਂ ਲਈ ਇਸਤੇਮਾਲ ਹੋਣਾ ਚਾਹੀਦਾ ਹੈ।

ਦੂਸਰੀ ਗੱਲ ਫਲਡ ਰੀਲੀਫ ਦੇ ਬਾਰੇ ਕਰਨੀ ਚਾਹੁੰਦਾ ਹਾਂ। ਇਸ ਵੇਲੇ ਇਸ ਫਲਡ ਲਈ 1 ਕਰੋੜ 75 ਲੱਖ ਰੁਪਿਆ ਮੰਗਿਆ ਗਿਆ ਹੈ। ਮੈਂ ਸਮਝਦਾ ਹਾਂ ਕਿ ਇਹ ਬਹੁਤ ਥੋੜ੍ਹਾ ਹੈ ਕਿਉਂਕਿ ਪੰਜਾਬ ਦੀ ਜਨਤਾ ਦਾ ਫਲਡ ਦੇ ਨਾਲ ਨੁਕਸਾਨ ਤਕਰੀਬਨ 60 ਕਰੋੜ ਰੁਪਏ ਦਾ ਹੋਇਆ ਹੋਣਾ ਹੈ। ਫਲਡ ਦੇ ਸਬੰਧ ਵਿਚ ਇਸ ਹਾਊਸ ਦੇ ਵਿਚ ਸਾਰੇ ਮੈਂਬਰ ਸਾਹਿਬਾਨ ਨੇ ਆਪਣੇ ਆਪਣੇ ਵਿਚਾਰ ਪ੍ਰਗਟ ਕੀਤੇ ਸਨ ਅਤੇ ਚੀਫ ਮਨਿਸਟਰ ਸਾਹਿਬ ਨੇ ਵੀ ਕਾਫੀ ਕੁਝ ਇਸ ਸਬੰਧ ਵਿਚ ਕਿਹਾ ਸੀ। ਇਸ ਲਈ ਮੈਂ ਬਹੁਤੀ ਡੀਟੇਲ ਵਿਚ ਨਹੀਂ ਜਾਣਾ ਚਾਹੁੰਦਾ। ਇਹ ਠੀਕ ਹੈ ਕਿ ਹੜ੍ਹ ਆਉਣਾ ਇਕ ਕੁਦਰਤੀ ਆਫਤ ਹੈ ਲੇਕਿਨ ਇਸ ਦੇ ਵਿਚ ਸਾਡੇ ਅਫਸਰਾਂ ਨੇ ਅਤੇ ਡਿਪਾਰਟਮੈਂਟ ਨੇ ਬੜੀ

Original with;
Punjab Vidhan Sabha
Digitized by;
Panjab Digital Library

ਅਣਗਹਿਲੀ ਤੋਂ ਕੰਮ ਲਿਆ ਹੈ । ਟਾਈਮ ਸਿਰ ਸਾਰਾ ਪ੍ਰਬੰਧ ਨਹੀਂ ਕੀਤਾ ਗਿਆ ਜਦ ਕਿ ਹੋ ਸਕਦਾ ਸੀ। ਜਿਸ ਦੀ ਵਜ੍ਹਾ ਕਰਕੇ ਪੰਜਾਬ ਦੇ ਵਿਚ ਬਹੁਤ ਜ਼ਿਆਦਾ ਨੁਕਸਾਨ ਹੋਇਆ । ਸਾਡੇ ਆਨਰੇਬਲ ਮੈਂਬਰ ਸ੍ਰੀ ਕਟਾਰੀਆ ਜੀ ਨੇ ਦੱਸਿਆ ਸੀ ਕਿ ਉਨ੍ਹਾਂ ਨੇ ਗਰੀਵੇਂਸਿਜ਼ ਕਮੇਟੀ ਦੇ ਵਿਚ ਇਕ ਮਹੀਨਾ ਪਹਿਲਾਂ ਬੜੇ ਜ਼ੋਰ ਦੇ ਨਾਲ ਕਿਹਾ ਸੀ ਕਿ ਸਾਈਫਨ ਸਾਫ ਕਰ ਲਵੋ ਨਹੀਂ ਤਾਂ ਪਾਣੀ ਉਸ ਦੇ ਵਿਚ ਰੁਕ ਜਾਣਾ ਹੈ ਔਰ ਪਾਣੀ ਦੇ ਨਾਲ ਬਹੁਤ ਸਾਰੇ ਪਿੰਡਾਂ ਨੂੰ ਤਬਾਹੀ ਦਾ ਸਾਹਮਣਾ ਕਰਨਾ ਪਵੇਗਾ। ਬਾਵਜੂਦ ਉਨ੍ਹਾਂ ਦੀ ਵਾਰਨਿੰਗ ਦੇ ਡਿਪਾਰਟਮੈਂਟ ਨੇ ਕੋਈ ਉਚੇਚੇ ਕਦਮ ਨਹੀਂ ਚੁਕੇ ਔਰ ਡਰੇਨੇਜ ਡਿਪਾਰਟਮੈਂਟ ਨੇ ਕੋਈ ਧਿਆਨ ਨਹੀਂ ਦਿੱਤਾ, ਜਿਸ ਦੇ ਨਾਲ 150 ਪਿੰਡ ਫਲਡ ਨਾਲ ਭਰ ਗਏ। ਇਸ ਲਈ, ਮੈਂ ਕਹਿੰਦਾ ਹਾਂ ਕਿ ਫਲਡ ਕੰਟਰੋਲ ਕਮੇਟੀਆਂ ਨੂੰ ਮੌਕੇ ਸਿਰ ਕਦਮ ਉਠਾਉਣੇ ਚਾਹੀਦੇ ਹਨ। ਮੈਨੂੰ ਪਤਾ ਹੈ ਕਿ ਡਿਸ-ਟ੍ਰਿਕਟ ਫਲੱਡ ਕੰਟਰੋਲ ਕਮੇਟੀ ਨੇ 17 ਮਈ ਨੂੰ ਇਨਸਪੈਕਸ਼ਨ ਕੀਤੀ ਸੀ, ਪਰ ਬਾਰਸ਼ਾਂ ਜੂਨ ਦੇ ਮਹੀਨੇ ਵਿਚ ਹੋਈਆਂ । ਫਲੱਡ ਕੰਟਰੋਲ ਕਮੇਟੀ ਮੌਕੇ ਸਿਰ ਕੰਮ ਅਤੇ ਪ੍ਰਬੰਧ ਕਰਵਾਉਣਾ ਚਾਹੁੰਦੀ ਸੀ। (ਵਿਘਨ) ਫਿਰ ਇਹ ਕਹਿੰਦੇ ਹਨ ਕਿ ਪਿਛਲੇ 30 ਸਾਲਾਂ ਦੇ ਵਿਚ ਕਾਂਗਰਸ ਨੇ ਕੁਝ ਨਹੀਂ ਕੀਤਾ ਜਿਸ ਕਰਕੇ ਫਲੱਡ ਬਹੁਤ ਜ਼ਿਆਦਾ ਆਏ ਹਨ। ਮੈਂ ਕਹਿ ਸਕਦਾ ਹਾਂ ਕਿ ਦੀਵਾਰਾਂ ਤੇ ਲਿਖੀਆਂ ਹੋਈਆਂ ਗੱਲਾਂ ਅਤੇ ਇਤਿਹਾਸ ਦੇ ਪੰਨਿਆਂ ਤੇ ਲਿਖੀਆਂ ਹੋਈਆਂ ਗੱਲਾਂ ਕਿਸੇ ਤੋਂ ਲੁਕੀਆਂ ਹੋਈਆਂ ਨਹੀਂ । ਫਲੱਡ ਰੋਕਣ ਲਈ 2–3 ਉਪਾਅ ਕੀਤੇ ਜਾ ਸਕਦੇ ਹਨ। ਸੱਭ ਤੋਂ ਵੱਡਾ ਤਰੀਕਾ ਇਹ ਹੈ ਕਿ ਦਰਿਆਵਾਂ ਤੇ ਡੈਮ ਬਣਾ ਦਿੱਤੇ ਜਾਣ ਔਰ ਡੈਮ ਬਣਾ ਕੇ ਪਾਣੀ ਨੂੰ ਸਟੋਰ ਕੀਤਾ ਜਾਵੇ। ਬਿਜਲੀ ਅਤੇ ਪਾਣੀ ਪੰਜਾਬ ਦੀ ਬਿਹਤਰੀ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ। ਸਾਨੂੰ ਖੁਸ਼ੀ ਹੈ ਕਿ ਪੰਜਾਬ ਦੇ ਵਿਚ ਤਿੰਨ ਦਰਿਆ ਬਿਆਸ, ਸਤਲੁਜ ਅਤੇ ਰਾਵੀ ਹਨ। ਪੰਜਾਬ ਦੇ ਵਿਚ ਕਾਂਗਰਸ ਸਰਕਾਰ ਨੇ ਦੋ ਦਰਿਆਵਾਂ ਸਤਲੁਜ ਅਤੇ ਬਿਆਸ ਤੇ ਡੈਮ ਬਣਾਏ ਔਰ ਡੈਮ ਤੇ ਅਰਬਾਂ ਰੁਪਏ ਖਰਚ ਕੀਤੇ। ਜੇਕਰ ਅੱਜ ਸਤਲੁਜ ਤੇ ਡੈਮ ਨਾ ਬਣਿਆ ਹੁੰਦਾ ਤਾਂ ਇਸ ਦੀ 7.5 ਲੱਖ ਕਿਊਸਿਕਸ ਦੀ ਸਮਰਥਾ ਦਾ ਪਾਣੀ ਪੰਜਾਬ ਨੂੰ ਬਰਬਾਦ ਕਰ ਦਿੰਦਾ। ਬਿਆਸ ਤੇ ਪੌਂਗ ਡੈਮ ਬਣਾਇਆ ਗਿਆ ਉਥੇ 4 ਲੱਖ ਕਿਊਸਿਕਸ ਪਾਣੀ ਹੈ। ਇਸ ਤਰੀਕੇ ਨਾਲ ਹੁਸ਼ਿਆਰਪੁਰ ਅਤੇ ਗੁਰਦਾਸਪੁਰ ਅਤੇ ਹੋਰ ਇਲਾਕੇ ਨੂੰ ਤਬਾਹੀ ਤੋਂ ਬਚਾਇਆ ਹੈ। ਇਰੀ-ਗੇਸ਼ਨ ਦੇ ਸਾਧਨ ਮੁਹਈਆ ਕੀਤੇ ਹਨ ਅਤੇ ਪੰਜਾਬ ਦੀ ਖੁਸ਼ਹਾਲੀ ਵੱਲ ਸਹੀ ਕਦਮ ਸਾਬਤ ਹੋਇਆ ਹੈ। ਇਸੇ ਤਰ੍ਹਾਂ ਥੀਨ ਡੈਮ ਵੀ ਬਣਾਇਆ ਜਾਣਾ ਚਾਹੀਦਾ ਹੈ। ਮੈਂ ਇਕ ਗਲ, ਚੇਅਰਮੈਨ ਸਾਹਿਬ, ਬੜੇ ਜ਼ੋਰ ਨਾਲ ਕਹਾਂਗਾ ਕਿ ਰਾਵੀ ਤੇ ਜਿਹੜਾ ਥੀਨ ਡੈਮ ਬਣਾਉਣਾ ਹੈ ਇਸ ਬਾਰੇ ਸਰਕਾਰ ਨੇ ਫੈਸਲਾ ਕੀਤਾ ਹੈ। ਪੰਜਾਬ ਸਰਕਾਰ ਨੇ ਪਿਛਲੇ ਸਾਲ ਕਰੋੜਾਂ ਰੁਪਏ ਖਰਚ ਕੀਤੇ ਪਰ ਸੈਂਟਰਲ ਗੌਰਮਿੰਟ ਦੀ ਬਗੈਰ ਮਨਜ਼ੂਰੀ ਦੇ ਖਰਚ ਕੀਤੇ ਗਏ ਹਨ। ਚੇਅਰਮੈਨ ਸਾਹਿਬ, ਸੈਂਟਰ ਤੋਂ ਮਨਜ਼ੂਰੀ ਨਹੀਂ ਹੋਈ ਲੇਕਿਨ ਪੰਜਾਬ ਸਰਕਾਰ ਨੇ ਮੁਨਾਸਿਬ ਸਮਝਿਆ ਕਿ ਥੀਨ ਡੈਮ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇ ਔਰ ਕਰ ਦਿੱਤਾ ਗਿਆ ।

(ਇਸ ਸਮੇਂ ਸ੍ਰੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

12.52 ਬਾਅਦ ਦੁਪਹਿਰ

ਲੇਕਿਨ, ਸਪੀਕਰ ਸਾਹਿਬ, ਅਫਸੋਸ ਹੈ ਕਿ ਜਦੋਂ ਅਕਾਲੀ ਜਨਤਾ ਸਰਕਾਰ ਬਣੀ ਤਾਂ ਬੜੇ ਜ਼ੋਰ ਨਾਲ ਕਿਹਾ ਕਿ ਅਸੀਂ ਸਭ ਤੋਂ ਪਹਿਲੀ ਗੱਲ ਥੀਨ ਡੈਮ ਦੀ ਕਲੀਅਰੈਂਸ ਦੀ ਕੀਤੀ ਹੈ। ਇਸ ਬਾਰੇ ਮਨਜ਼ੂਰੀ ਵੀ ਮਿਲ ਗਈ ਹੈ। ਸਿਰਫ ਚਾਹ ਦੀ ਅੱਧੀ ਪਿਆਲੀ ਪੀਂਦੇ ਹੀ ਫੈਸਲਾ ਕਰ ਲਿਆ ਕਿ ਜਿਹੜਾ ਮਸਲਾ ਕਾਫੀ ਦੇਰ ਤੋਂ ਲਟਕ ਰਿਹਾ ਸੀ। ਇਹ ਕਿਹਾ ਗਿਆ ਕਿ ਥੀਨ ਡੈਮ ਦੀ ਕਲੀਅਰੈਂਸ ਮਿਲ ਗਈ ਹੈ। ਸਪੀਕਰ ਸਾਹਿਬ, ਮੈਨੂੰ ਦੁੱਖ ਹੁੰਦਾ ਹੈ ਕਿ ਹੁਣ ਤਕ 14 ਮਹੀਨਿਆਂ ਦਾ ਸਮਾਂ ਗੁਜ਼ਰ ਚੁੱਕਾ ਹੈ, ਲੇਕਿਨ ਮੈਂ ਦਾਅਵੇ ਦੇ ਨਾਲ ਕਹਿੰਦਾ ਹਾਂ ਅਤੇ ਵਾਜਬ ਤੌਰ ਤੇ ਕਹਿੰਦਾ ਹਾਂ ਕਿ ਥੀਨ ਡੈਮ ਦੀ ਟੈਕਨੀਕਲ ਕਲੀਅਰੈਂਸ ਅਜੇ ਤਕ ਨਹੀਂ ਮਿਲੀ। ਅੱਜ ਇਨ੍ਹਾਂ ਦੇ

Original with;
Punjab Vidhan Sabha
Digitized by;
Panjab Digital Library

[ਡਾਕਟਰ ਕੇਵਲ ਕ੍ਰਿਸ਼ਨ]

ਸਾਰੇ ਦਾਅਵੇ ਮਿੱਟੀ ਵਿਚ ਮਿਲ ਗਏ ਹਨ। ਅਜੇ ਤਕ ਥੀਨ ਡੈਮ ਦੀ ਗੱਲ ਲਟਕ ਰਹੀ ਹੈ। ਇਸ ਲਈ ਇਸ ਮਾਮਲੇ ਨੂੰ ਹੋਰ ਜ਼ਿਆਦਾ ਲਟਕਾਉਣਾ ਨਹੀਂ ਚਾਹੀਦਾ ਅਤੇ ਜਲਦੀ ਇਸ ਮਸਲੇ ਨੂੰ ਸੁਲਝਾਉਣਾ ਚਾਹੀਦਾ ਹੈ। ਸਪੀਕਰ ਸਾਹਿਬ, ਧਾਰਕਲਾਂ ਵਿਚ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਸੀ. ਐਮ. ਨੇ ਤਕਰੀਰ ਕਰਦਿਆਂ ਕਿਹਾ ਸੀ ਕਿ ਦੋ ਮਹੀਨਿਆਂ ਦੇ ਅੰਦਰ ਅੰਦਰ ਅਸੀਂ ਰਾਸ਼ਟਰਪਤੀ ਨੂੰ ਜਾਂ ਪ੍ਰਧਾਨ ਮੰਤਰੀ ਸ੍ਰੀ ਮੁਰਾਰ ਜੀ ਡਿਸਾਈ ਨੂੰ ਇਥੇ ਥੀਨ ਡੈਮ ਦਾ ਨੀਂਹ ਪੱਥਰ ਰੱਖਣ ਲਈ ਬੁਲਾਵਾਂਗੇ। ਸਪੀਕਰ ਸਾਹਿਬ, ਇਹ 8 ਜੂਨ ਦੀ ਗੱਲ ਹੈ। ਹੁਣ ਜੂਨ, ਜੁਲਾਈ, ਅਗਸਤ ਬੀਤ ਗਿਆ ਹੈ ਅਤੇ ਸਤੰਬਰ ਸ਼ੁਰੂ ਹੈ, ਲੇਕਿਨ ਇਹ ਗੱਲ ਪੂਰੀ ਨਹੀਂ ਹੋਈ। ਥੀਨ ਡੈਮ ਬਣਨ ਨਾਲ ਪੰਜਾਬ ਦੇ ਵਿਚ ਬਹੁਤ ਫਾਇਦਾ ਪਹੁੰਚੇ-ਗਾ ਅਤੇ, ਸਪੀਕਰ ਸਾਹਿਬ, ਜਿਹੜਾ ਰਿਲੀਫ ਪੰਜਾਬ ਦੇ ਗਰੀਬ ਕਿਸਾਨਾਂ ਅਤੇ ਹੋਰ ਲੋਕਾਂ ਨੂੰ ਦੇਣਾ ਚਾਹੀਦਾ ਹੈ ਉਸ ਵਿਚ ਦੇਰੀ ਹੋ ਰਹੀ ਹੈ। ਪੰਜਾਬ ਦੇ ਵਿਚ ਜਿਨ੍ਹਾਂ ਲੋਕਾਂ ਤੇ ਫਲਡ ਦਾ ਅਸਰ ਪਿਆ ਹੈ ਉਹ ਰੁੱਲ ਰਹੇ ਹਨ। ਸਪੀਕਰ ਸਾਹਿਬ, ਉਨ੍ਹਾਂ ਨੂੰ ਜਲਦੀ ਤੋਂ ਜਲਦੀ ਰਿਲੀਫ ਮਿਲਣਾ ਚਾਹੀਦਾ ਹੈ।

ਡਿਪਟੀ ਕਮਿਸ਼ਨਰ, ਜਲੰਧਰ ਨੇ ਕਿਹਾ ਕਿ ਦੋ ਕਰੋੜ ਰੁਪਏ ਦਾ ਨੁਕਸਾਨ ਹੋ ਗਿਆ ਹੈ ਪਰ ਸਿਰਫ 9 ਲੱਖ ਰੁਪਿਆ ਰਿਲੀਫ ਦਾ ਮਿਲਿਆ ਹੈ। ਜੇਕਰ ਦੇਰੀ ਨਾਲ ਰਿਲੀਫ ਦਿੱਤਾ ਜਾਵੇਗਾ ਤਾਂ ਉਸ ਦਾ ਕੋਈ ਫਾਇਦਾ ਨਹੀਂ। ਇਸ ਲਈ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਰਿਲੀਫ ਦੇਣਾ ਚਾਹੀਦਾ ਹੈ।

ਸਪੀਕਰ ਸਾਹਿਬ, ਐਕਸਾਈਜ਼ ਐਂਡ ਟੈਕਸੇਸ਼ਨ ਦੀ ਡਿਮਾਂਡ ਦੇ ਥੱਲੇ 4,50,000 ਰੁਪਿਆ ਮੰਗਿਆ ਗਿਆ ਹੈ। ਇਨ੍ਹਾਂ ਨੇ ਇਹ ਰੁਪਿਆ ਹਰਿਆਣੇ ਨੂੰ ਦੇਣਾ ਹੈ। ਉਥੇ ਸ਼ਰਾਬ ਠੇਕੇਦਾਰਾਂ ਨੂੰ ਦੇਣ ਲਈ ਖਰੀਦ ਕੀਤੀ ਗਈ ਹੈ। ਸਪੀਕਰ ਸਾਹਿਬ, ਇੱਕ ਪਾਸੇ ਇਹ ਗੱਲ ਪਰੋਹਿਬਸ਼ਨ ਦੀ ਕਰਦੇ ਹਨ ਅਤੇ ਦੂਜੇ ਪਾਸੇ ਠੇਕੇਦਾਰਾਂ ਨੂੰ ਦੇਣ ਲਈ ਸ਼ਰਾਬ ਖਰੀਦਦੇ ਹਨ ਅਤੇ ਠੇਕੇਦਾਰਾਂ ਨੂੰ ਸਪਲਾਈ ਕਰਦੇ ਹਨ। ਠੇਕੇਦਾਰਾਂ ਤੋਂ ਰੈਵੇਨਿਊ ਘੱਟ ਲੈ ਲੈਂਦੇ ਅਤੇ ਸ਼ਰਾਬ ਘੱਟ ਖਰੀਦਦੇ ਤਾਂ ਲੋਕ ਘੱਟ ਸ਼ਰਾਬ ਪੀਂਦੇ। ਇਸ ਲਈ ਮੈਂ ਸਰਕਾਰ ਤੇ ਇਲਜ਼ਾਮ ਲਗਾਉਂਦਾ ਹਾਂ ਕਿ ਪਰੋਹਿਬਸ਼ਨ ਬਾਰੇ ਇਨ੍ਹਾਂ ਦੇ ਮਨ ਵਿਚ ਠੀਕ ਇਰਾਦਾ ਨਹੀਂ ਹੈ। ਕਈ ਦਫਾ ਇਲਾਨ ਹੋਇਆ ਹੈ ਕਿ ਨਸ਼ਾਬੰਦੀ ਕਰਨੀ ਹੈ ਮੈਂ ਕਹਿੰਦਾ ਹਾਂ ਕਿ ਇਹ ਤੁਸੀਂ ਪਹਿਲਾਂ ਘਰ ਤੋਂ ਸ਼ੁਰੂ ਕਰੋ। ਮੈਂ ਸਰਦਾਰ ਆਤਮਾ ਸਿੰਘ ਜੀ ਦੀ ਇਜ਼ਤ ਕਰਦਾ ਹਾਂ, ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਉਨ੍ਹਾਂ ਕੋਲੋਂ ਪੁੱਛਣਾ ਚਾਹਾਂਗਾ ਕਿ ਤੁਸੀਂ ਕਸਮ ਚੁਕਾਈ ਹੈ ਕਿ ਆਪਾਂ ਸ਼ਰਾਬ ਨਹੀਂ ਪੀਣੀ, ਫਰਾਖ ਦਿਲੀ ਦਿਖਾਈ ਹੈ। ਅਕਾਲੀ ਅਤੇ ਜਨਤਾ ਪਾਰਟੀ ਨੇ ਇਕਠੇ ਹੋ ਕੇ ਪਰੋ-ਹਿਬਸ਼ਨ ਬਾਰੇ ਕੁਝ ਫੈਸਲਾ ਕੀਤਾ ਹੈ ਪਰ ਅਜੇ ਤਕ ਉਸ ਤੇ ਅਮਲ ਕੁਝ ਵੀ ਨਹੀਂ ਹੋਇਆ ਹੈ। ਇਸ ਤੇ ਅਮਲ ਹੋਣਾ ਚਾਹੀਦਾ ਹੈ। ਲੇਕਿਨ ਮੈਂ ਸਮਝਦਾ ਹਾਂ ਕਿ ਐਮ. ਐਲ. ਏ. ਹੋਸਟਲ ਵਿਚ ਵੀ ਸ਼ਾਇਦ ਐਮ. ਐਲ. ਏਜ਼ ਤਾਂ ਸ਼ਰਾਬ ਨਾ ਪੀਂਦੇ ਹੋਣ ਲੇਕਿਨ ਬਾਕੀ ਲੋਕ ਉਥੇ ਸ਼ਰਾਬ ਪੀਂਦੇ ਹਨ (ਵਿਘਨ) ਪਰੋਹਿਬਸ਼ਨ ਵਾਲੇ ਪਾਸੇ ਇਨ੍ਹਾਂ ਨੂੰ ਮਜ਼ਾਕ ਨਹੀਂ ਕਰਨਾ ਚਾਹੀਦਾ। ਸਪੀਕਰ ਸਾਹਿਬ, ਪਰੋਹਿਬਸ਼ਨ ਦੇ ਜਿਹੜੇ ਨਾਗੇ ਕੀਤੇ ਹਨ ਉਸ ਬਾਰੇ ਮੈਂ ਦਾਅਵੇ ਦੇ ਨਾਲ ਕਹਿ ਸਕਦਾ ਹਾਂ ਕਿ ਰੋਜ਼ ਨਾਲੋਂ ਜ਼ਿਆਦਾ ਸ਼ਰਾਬ ਉਸ ਦਿਨ ਵਿਕਦੀ ਹੈ ਔਰ ਮੈਂ ਆਪਣੀ ਅੱਖੀਂ ਦੇਖਿਆ ਹੈ ਕਿ ਠੇਕੇਦਾਰ ਉਨ੍ਹਾਂ ਦਿਨਾਂ ਵਿਚ ਆਮ ਦਿਨਾਂ ਨਾਲੋਂ ਜ਼ਿਆਦਾ ਸੇਲ ਕਰਦੇ ਹਨ।

**ਸ੍ਰੀ ਸਪੀਕਰ** : ਵਾਈਂਡ ਅੱਪ ਕਰੋ। ਮੈਂ ਚਾਹੁੰਦਾ ਹਾਂ ਕਿ ਤੁਹਾਡੀ ਪਾਰਟੀ ਦੇ ਕਿਸੇ ਹੋਰ ਬੰਦੇ ਨੂੰ ਵੀ ਟਾਈਮ ਦਿੱਤਾ ਜਾਵੇ।

***ਡਾਕਟਰ ਕੇਵਲ ਕ੍ਰਿਸ਼ਨ*** : ਸਪੀਕਰ ਸਾਹਿਬ, 10 ਮਿੰਟ ਵਿਚ ਹੀ ਖਤਮ ਕਰ ਦਿੰਦਾ ਹਾਂ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਡਾਕਟਰ ਸਾਹਿਬ, ਫਿਰ ਮੈਂ ਤੁਹਾਡੇ ਬਾਕੀ ਬੰਦਿਆਂ ਨੂੰ ਟਾਈਮ ਘੱਟ ਦੇਵਾਂਗਾ।

**ਗਿਆਨੀ ਕੁੰਦਨ ਸਿੰਘ ਪਤੰਗ** : ਆਨ ਏ ਪੁਆਇੰਟ ਆਫ ਆਰਡਰ, ਸਰ।

**ਸ੍ਰੀ ਸਪੀਕਰ** : ਗਿਆਨੀ ਕੁੰਦਨ ਸਿੰਘ ਪਤੰਗ ਜੀ, ਤੁਸੀਂ ਇਥੇ ਦੂਸਰੀ ਸੀਟ ਤੇ ਬੈਠ ਕੇ ਪੁਆਇੰਟ ਆਫ ਆਰਡਰ ਰੇਜ਼ ਨਹੀਂ ਕਰ ਸਕਦੇ। ਤੁਸੀਂ ਆਪਣੀ ਸੀਟ ਤੇ ਜਾਉ।

**ਸਾਥੀ ਰੂਪ ਲਾਲ** : ਸਪੀਕਰ ਸਾਹਿਬ, ਮੈਂ ਤਾਂ ਆਪਣੀ ਸੀਟ ਤੇ ਬੈਠਾ ਹਾਂ ਅਤੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਿਹਾ ਹਾਂ। ਤੁਸੀਂ ਮੈਨੂੰ ਤਾਂ ਇਜਾਜ਼ਤ ਦਿਉ।

**ਸ੍ਰੀ ਸਪੀਕਰ** : ਤੁਹਾਡਾ ਸਾਥੀ ਜੀ, ਪੁਆਇੰਟ ਆਫ ਆਰਡਰ ਕੀ ਹੈ ?

ਸਾਥੀ ਰੂਪ **ਲਾਲ** : ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਡਾਕਟਰ ਕੇਵਲ ਕ੍ਰਿਸ਼ਨ** : ਸਪੀਕਰ ਸਾਹਿਬ, ਹੁਣ ਮੈਂ ਡਿਮਾਂਡ ਨੰ : 13 ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਇਸ ਵਿਚ 8,28,000 ਰੁਪਿਆ ਮੰਗਿਆ ਹੈ। (ਟਰੇਜ਼ਰੀ ਬੈਂਚਾਂ ਵੱਲ ਇਸ਼ਾਰਾ ਕਰਦੇ ਹੋਏ), ਤੁਹਾਡੀ ਹਕੂਮਤ ਹੈ, ਜੋ ਮਰਜ਼ੀ ਕਰ ਸਕਦੇ ਹੋ ਔਰ ਕਾਨੂੰਨ ਵੀ ਤੁਹਾਨੂੰ ਇਜਾਜਤ ਦਿੰਦਾ ਹੈ ਲੇਕਿਨ ਮੈਂ ਇੱਕ ਗੱਲ ਜ਼ਰੂਰ ਕਹਾਂਗਾ ਕਿ ਜੇਕਰ ਐਮਰਜੈਂਸੀ ਦੇ ਵਿਚ ਜ਼ਿਆਦਤੀ ਹੋਈ ਹੈ ਤਾਂ ਉਸ ਦੀ ਇਨਕੁਆਇਰੀ ਜ਼ਰੂਰ ਹੋਣੀ ਚਾਹੀਦੀ ਹੈ। ਮੈਂ, ਸਪੀਕਰ ਸਾਹਿਬ, ਇਸ ਹਾਊਸ ਵਿਚ ਕਹਾਂਗਾ ਕਿ ਜੋ ਹਾਲਾਤ ਐਮਰਜੈਂਸੀ ਦੇ ਵਿਚ ਹੋਏ ਉਸ ਤੋਂ ਵੱਧ ਹਾਲਾਤ ਹੁਣ ਹੋ ਰਹੇ ਹਨ। ਮਿਸਾਲ ਦੇ ਤੌਰ ਤੇ ਮੈਂ ਦੱਸਣਾ ਚਾਹੁੰਦਾ ਹਾਂ ਕਿ 13 ਅਪਰੈਲ ਨੂੰ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਵਿਚ ਕਲੈਸ਼ ਨਾਲ 19 ਮੌਤਾਂ ਹੋਈਆਂ ਔਰ, ਸਪੀਕਰ ਸਾਹਿਬ, ਇਹ ਬਦਕਿਸਮਤੀ ਹੈ ਕਿ ਪੰਜਾਬ ਵਿਚ ਇਹ ਸੰਗੀਨ ਵਾਕਿਆ, ਜੋ ਕਿ ਅੰਮ੍ਰਿਤਸਰ ਵਿਚ ਹੋਇਆ, ਇਹ ਨਹੀਂ ਹੋਣਾ ਚਾਹੀਦਾ ਸੀ। ਇਹ ਬੜੀ ਅਫ਼ਸੋਸਨਾਕ ਗੱਲ ਹੈ। ਮੈਂ ਜਾਣਨਾ ਚਾਹੁੰਦਾ ਹਾਂ ਕਿ ਕੀ ਇਸ ਲਈ ਦੋਸ਼ੀ ਉਹ ਪਬਲਿਕ ਹੈ ਅਤੇ ਉਸ ਵਿਚ ਕੀ ਸਰਕਾਰ ਦਾ ਕੋਈ ਦੋਸ਼ ਨਹੀਂ ਹੈ ? ਉਸ ਦਿਨ ਮੌਕੇ ਤੇ ਇਕ ਵਜ਼ੀਰ ਮੌਜੂਦ ਸੀ। ਉਸ ਵਜ਼ੀਰ ਦੀ ਲਾਪਰਵਾਹੀ ਨਾਲ, ਉਸ ਦੀ ਨੈਗਲੀਜੈਂਸ ਨਾਲ ਕੀਮਤੀ ਜਾਨਾਂ ਪੰਜਾਬ ਦੀਆਂ ਜ਼ਾਇਆ ਹੋਈਆਂ। ਜੇਕਰ ਜ਼ਰਾ ਵੀ ਸੂਝ ਬੂਝ ਨਾਲ ਕੰਮ ਲੈਂਦੇ ਤਾਂ ਉਸ ਕਲੈਸ਼ ਨੂੰ ਰੋਕਿਆ ਜਾ ਸਕਦਾ ਸੀ। ਪਰ ਅਫ਼ਸੋਸ ਦੀ ਗੱਲ ਹੈ ਕਿ ਜਲ੍ਹਿਆਂ ਵਾਲਾ ਬਾਗ ਦੇ ਬਾਅਦ ਜਿਹੜਾ ਕਿ ਅੰਗਰੇਜ਼ ਦੇ ਜ਼ਮਾਨੇ ਵਿਚ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਵਿਚ ਵਾਕਿਆ ਹੋਇਆ ਸੀ, ਉਸਤੋਂ ਬਾਅਦ ਹੁਣ ਅਕਾਲੀ-ਜਨਤਾ ਪਾਰਟੀਆਂ ਦੀ ਸਰਕਾਰ ਵੇਲੇ ਵਸਾਖੀ ਵਾਲੇ ਹੀ ਦਿਨ 19 ਮੌਤਾਂ ਹੋਈਆਂ ਹਨ। ਇਹ ਦੂਸਰਾ ਕਲੰਕ ਪੰਜਾਬ ਦੇ ਮੱਥੇ ਤੇ ਲਗਦਾ ਹੈ। ਇਸ ਲਈ ਜੁਡੀਸ਼ੀਅਲ ਇਨਕੁਆਇਰੀ ਦੀ ਮੰਗ ਇਨ੍ਹਾਂ ਦੀ ਅਕਾਲੀ ਪਾਰਟੀ ਨੇ ਕੀਤੀ। ਜੁਡੀਸ਼ੀਅਲ ਇਨਕੁਆਇਰੀ ਦੀ ਮੰਗ ਜਨਤਾ ਪਾਰਟੀ ਨੇ ਕੀਤੀ। ਜੁਡੀਸ਼ੀਅਲ ਇਨਕੁਆਇਰੀ ਦੀ ਮੰਗ ਕਾਂਗਰਸ ਪਾਰਟੀ ਨੇ ਕੀਤੀ। ਪਰ, ਸਪੀਕਰ ਸਾਹਿਬ, ਮੈਨੂੰ ਅਫ਼ਸੋਸ ਹੈ ਕਿ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਜੁੱਤੀ ਦੀ ਠੋਕਰ ਨਾਲ ਠੁਕਰਾਈਆਂ ਔਰ ਕਿਹਾ ਗਿਆ ਕਿ ਜੁਡੀਸ਼ੀਅਲ ਇਨਕੁਆਇਰੀ ਦੀ ਲੋੜ ਨਹੀਂ ਹੈ। 19 ਮੌਤਾਂ ਹੋ ਜਾਣ ਔਰ ਸਾਰੀਆਂ ਪਾਰਟੀਆਂ ਹੀ ਮੰਗ ਕਰਨ ਕਿ ਉਸ ਦੀ ਜੁਡੀਸ਼ੀਅਲ ਇਨਕੁਆਇਰੀ ਹੋਣੀ

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਡਾਕਟਰ ਕੇਵਲ ਕ੍ਰਿਸ਼ਨ]

ਚਾਹੀਦੀ ਹੈ। ਉਹ ਚੀਜ਼ ਕੀਤੀ ਨਾ ਜਾਵੇ। ਮੈਂ ਸਮਝਦਾ ਹਾਂ ਕਿ ਇਸ ਦੇ ਪਿੱਛੇ ਇੱਕ ਗੱਲ ਸੀ। ਉਹ ਇਹ ਕਿ ਜਿਹੜਾ ਵਜ਼ੀਰ ਉਸ ਦਿਨ ਉਥੇ ਮੌਜੂਦ ਸੀ ਜਿਨ੍ਹਾਂ ਨੇ ਪ੍ਰੋਵੋਕ ਕੀਤਾ ਸ਼ਾਇਦ ਉਨ੍ਹਾਂ ਨੂੰ ਵੀ ਕਟਹਿਰੇ ਵਿਚ ਖੜ੍ਹੇ ਹੋ ਕੇ ਜੁਡੀਸ਼ੀਅਲ ਇਨਕੁਆਇਰੀ ਵਿਚ ਮੰਨਣਾ ਪੈਂਦਾ। ਉਸ ਸਾਰੇ ਮਹੌਲ ਨੂੰ ਰੋਕਣ ਵਾਸਤੇ ਹੀ ਸ਼ਾਇਦ ਜੁਡੀਸ਼ੀਅਲ ਇਨਕੁਆਇਰੀ ਨਹੀਂ ਕਰਾਈ ਗਈ।

**ਸਰਦਾਰ ਮਨਮੋਹਨ ਸਿੰਘ ਬਰਾੜ** : ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਡਾਕਟਰ ਕੇਵਲ ਕ੍ਰਿਸ਼ਨ** : ਇਹ ਅੰਮ੍ਰਿਤਸਰ ਵਾਲਾ ਕੇਸ ਹੋਣ ਦੇ ਬਾਅਦ ਮੈਂ ਕਹਿੰਦਾ ਹਾਂ ਕਿ ਐਮਰਜੈਂਸੀ ਬੜੀ ਮਾੜੀ ਹੈ। ਠੀਕ ਹੈ ਐਮਰਜੈਂਸੀ ਵਿਚ ਕੁਝ ਜ਼ਿਆਦਤੀਆਂ ਹੋਈਆਂ ਪਰ ਅੱਜ ਨਿਰੰਕਾਰੀਆਂ ਤੋਂ ਪੁੱਛੋ ਕਿ ਐਮਰਜੈਂਸੀ ਨਾਲੋਂ ਹੁਣ ਕੀ ਘਟ ਹੋ ਰਿਹਾ ਹੈ ? ਲਾਲਾ ਜਗਤ ਨਾਰਾਇਣ ਨੇ ਆਪਣੇ ਆਰਟੀਕਲ ਵਿਚ ਲਿਖਿਆ ਹੈ, ਜਿਨ੍ਹਾਂ ਨੂੰ ਕਿ ਸਾਡੇ ਮੁੱਖ ਮੰਤਰੀ ਜੀ ਪੰਜਾਬ ਦੇ ਮਹਾਤਮਾ ਗਾਂਧੀ ਕਹਿੰਦੇ ਹਨ; ਉਨ੍ਹਾਂ ਨੇ ਆਪਣੇ ਆਰਟੀਕਲ ਵਿਚ ਲਿਖਿਆ ਹੈ:

"ਕਿਆ ਅਕਲੀਤੋਂ ਪਰ ਐਮਰਜੈਂਸੀ ਲਾਗੂ ਨਹੀਂ ਹੈ" ? ਕਿਆ ਵੋਹ ਅਪਨੇ ਆਪ ਕੋ ਗੈਰ ਮਹਿਫੂਜ਼ ਨਹੀਂ ਸਮਝਤੇ ?"

ਉਨ੍ਹਾਂ ਨੇ 20 ਅਗਸਤ ਦੇ ਅੰਮ੍ਰਿਤਸਰ ਦੇ ਵਾਕਿਆ ਬਾਰੇ ਜ਼ਿਕਰ ਕੀਤਾ ਹੈ। ਉਨ੍ਹਾਂ ਨੇ ਲਿਖਿਆ ਹੈ ਕਿ ਉਸ ਵੇਲੇ ਐਸ. ਐਸ. ਪੀ. ਉਥੇ ਮੌਜੂਦ ਸੀ, ਡਿਪਟੀ ਕਮਿਸ਼ਨਰ ਮੌਕੇ ਤੇ ਉਥੇ ਮੌਜੂਦ ਸੀ ਜਦੋਂ ਕਿ ਸੰਤ ਭਿੰਡਰਾਂ ਵਾਲੇ ਸਾਹਿਬ ਨੇ ਨਿਰੰਕਾਰੀ ਭਵਨ ਦੀਆਂ ਚਾਬੀਆਂ ਲੈ ਕੇ ਤਲਾਸ਼ੀ ਕੀਤੀ। ਮੈਂ ਪੁੱਛਦਾ ਹਾਂ ਕਿ ਉਸ ਵੇਲੇ ਪੁਲਿਸ ਕਿੱਥੇ ਸੀ ? ਉਸ ਵੇਲੇ ਸਰਕਾਰ ਕਿਥੇ ਸੀ ? ਜਿਸ ਵੇਲੇ ਕਿ ਸੰਤ ਭਿੰਡਰਾਂ ਵਾਲੇ ਨਿਰੰਕਾਰੀ ਭਵਨ ਦੀ ਤਲਾਸ਼ੀ ਲੈ ਰਹੇ ਸਨ। (ਵਿਘਨ) ਅਸੀਂ ਇਹ ਮਹਿਸੂਸ ਕਰ ਰਹੇ ਹਾਂ ਕਿ ਅੱਜ ਐਮਰਜੈਂਸੀ ਨਾਲੋਂ ਜ਼ਿਆਦਾ ਜ਼ਿਆਦਤੀਆਂ ਹੋ ਰਹੀਆਂ ਹਨ। ਜਲੰਧਰ ਵਿਚ ਆਸਾ ਰਾਮ ਜੋ ਕਿ ਉਸ ਜ਼ਿਲ੍ਹੇ ਦਾ ਕਾਂਗਰਸ ਆਈ ਦਾ ਵਾਈਸ-ਪ੍ਰੈਜ਼ੀਡੈਂਟ ਸੀ ਉਸ ਦਾ ਕਤਲ ਕਰ ਦਿੱਤਾ ਗਿਆ। ਇਹ ਤਾਂ ਉਹ ਗਲ ਹੋਈ ਕਿ—

"ਹਮ ਆਹ ਭੀ ਭਰਤੇ ਹੈਂ ਤੋ ਹੋ ਜਾਤੇ ਹੈਂ ਬਦਨਾਮ,
ਵੋਹ ਕਤਲ ਭੀ ਕਰਤੇ ਹੈਂ ਤੋ ਚਰਚਾ ਨਹੀਂ ਹੋਤਾ"

ਇਥੇ ਸੀ. ਐਮ. ਸਾਹਿਬ ਨੇ ਸਟੇਟਮੈਂਟ ਦਿੱਤੀ ਪਰ ਉਸ ਨਾਲ ਕਿਸੇ ਦੀ ਤਸੱਲੀ ਨਹੀਂ ਹੋਈ। ਪੰਜਾਬ ਦੇ ਪਿੰਡ ਪਿੰਡ ਵਿਚ ਸ਼ਹਿਰ ਸ਼ਹਿਰ ਵਿਚ ਕਈ ਕਤਲ ਹੋਏ ਹਨ ਪਰ ਉਹ ਛੁਪਾਏ ਜਾ ਰਹੇ ਹਨ। ਮੁਕੇਰੀਆਂ ਵਿਚ ਤਿੰਨ ਚੋਰੀਆਂ ਹੋਈਆਂ। ਸੀ. ਐਮ. ਸਾਹਿਬ ਕਹਿੰਦੇ ਹਨ ਕਿ ਅਗਰ ਕੋਈ ਥਾਣੇਦਾਰ ਐਫ. ਆਈ. ਆਰ. ਦਰਜ ਨਾ ਕਰੇ ਤਾਂ ਉਸ ਨੂੰ ਡਿਸਮਿਸ ਕਰ ਦਿੱਤਾ ਜਾਏਗਾ। ਇਸ ਸਬੰਧ ਵਿਚ ਮੈਂ ਇਕ ਮਿਸਾਲ ਦੇਣਾ ਚਾਹੁੰਦਾ ਹਾਂ। ਉਸ ਬਾਰੇ ਰਿਪੋਰਟ ਕੀਤੀ ਗਈ। ਐਸ. ਐਚ. ਓ. ਸਾਹਿਬ ਨੇ ਕਿਹਾ ਕਿ ਤੁਹਾਡੀ ਗਲ ਠੀਕ ਹੈ, ਚੋਰੀਆਂ ਹੋਈਆਂ ਹਨ। ਉਸਦੀ ਐਫ. ਆਈ. ਆਰ. ਦਰਜ ਹੋ ਗਈ ਹੈ। ਕਿਉਂਕਿ ਪਹਿਲਾਂ ਉਨ੍ਹਾਂ ਚੋਰੀਆਂ ਬਾਰੇ ਐਫ. ਆਈ.

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਆਰ ਦਰਜ ਨਹੀਂ ਕੀਤੀਆਂ ਗਈਆਂ ਸਨ। ਇਸ ਲਈ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਬੰਧਤ ਥਾਣੇਦਾਰ ਨੂੰ ਡਿਸਮਿਸ ਕੀਤਾ ਗਿਆ ਹੈ? ਪੰਜਾਬ ਵਿਚ ਹਰੀਜਨਾਂ ਤੇ ਬਹੁਤ ਜ਼ੁਲਮ ਹੋ ਰਹੇ ਹਨ। ਆਸਾ ਰਾਮ ਵੀ ਹਰੀਜਨ ਸੀ। ਪੰਚਾਇਤ ਇਲੈਕਸ਼ਨ ਵਿਚ ਜੋ ਕਿ ਇਨਡਾਇਰੈਕਟ ਤਰੀਕੇ ਨਾਲ ਕਰਾਏ ਗਏ ਹਨ ਉਨ੍ਹਾਂ ਵਿਚ ਹਰੀਜਨਾਂ ਨਾਲ ਬਹੁਤ ਧੱਕੇ ਹੋਏ ਹਨ।

**ਵੈਦ ਕਰਤਾਰ ਸਿੰਘ :** ** ** **

**ਸ਼੍ਰੀ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਅੱਧੇ ਮਿੰਟ ਵਿਚ ਤੁਸੀਂ ਡਾਕਟਰ ਸਾਹਿਬ ਵਾਈਂਡ ਅੱਪ ਕਰੋ I would not allow you any more time.

**Dr. Kewal Krishan :** I have to say some important things.

**Mr. Speaker:** If you take the time of your party then I have no objection.

**ਡਾਕਟਰ ਕੇਵਲ ਕ੍ਰਿਸ਼ਨ :** ਐਮਰਜੈਂਸੀ ਦਾ ਜ਼ਿਕਰ ਆਉਂਦਾ ਹੈ ਤਾਂ ਕਿਹਾ ਜਾਂਦਾ ਹੈ ਕਿ ਤੁਰਕਮਾਨ ਗੇਟ ਵਿਚ ਜ਼ਿਆਦਤੀ ਕੀਤੀ ਗਈ ਸੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਕਈ ਤੁਰਕਮਾਨ ਗੇਟ ਬਣ ਗਏ ਹਨ। ਜਲੰਧਰ ਵਿਚ ਸੰਤੋਖਪੁਰਾ ਵਿਚ ਤਿੰਨ ਦੁਕਾਨਾਂ ਢਾਹ ਦਿਤੀਆਂ ਗਈਆਂ। ਇਸੇ ਤਰ੍ਹਾਂ ਹੀ ਗੜ੍ਹਸ਼ੰਕਰ ਵਿਚ ਵੀ ਦੁਕਾਨਾਂ ਢਾਹ ਦਿੱਤੀਆਂ ਗਈਆਂ। ਇਹ ਸਾਰਾ ਕੁਝ ਜੋ ਹੋ ਰਿਹਾ ਹੈ ਕੀ ਇਹ ਐਮਰਜੈਂਸੀ ਤੋਂ ਘੱਟ ਗਲ ਹੋ ਰਹੀ ਹੈ। ਕੁਰੱਪਸ਼ਨ ਲਈ ਕਮਿਸ਼ਨ ਬਣਾਇਆ ਗਿਆ ਹੈ। ਲਾਲਾ ਜਗਤ ਨਰਾਇਣ, ਜਿਨ੍ਹਾਂ ਨੂੰ ਸੀ. ਐਮ. ਸਾਹਿਬ ਪੰਜਾਬ ਦੇ ਮਹਾਤਮਾ ਗਾਂਧੀ ਕਹਿੰਦੇ ਹਨ (ਵਿਘਨ) ਉਹ ਆਪਣੇ ਆਰਟੀਕਲ ਵਿਚ ਲਿਖਦੇ ਹਨ। (ਵਿਘਨ) ਉਨ੍ਹਾਂ ਨੇ ਮਿਤੀ 27 ਜੁਲਾਈ, 1978 ਨੂੰ ਆਪਣੇ ਆਰਟੀਕਲ ਵਿਚ ਲਿਖਿਆ ਹੈ। ਜੇ ਉਨ੍ਹਾਂ ਦੀ ਗਲ ਗਲਤ ਹੁੰਦੀ ਤਾਂ ਇਨ੍ਹਾਂ ਨੂੰ ਤਰਦੀਦ ਕਰਨੀ ਚਾਹੀਦੀ ਸੀ। ਉਨ੍ਹਾਂ ਨੇ ਆਪਣੇ ਆਰਟੀਕਲ ਵਿਚ ਲਿਖਿਆ ਹੈ :

"ਕਿਆ ਪੰਜਾਬ ਮੇਂ ਕੁਰੱਪਸ਼ਨ ਖਤਮ ਹੋਗੀ?"

ਉਨ੍ਹਾਂ ਨੇ ਇਲਜ਼ਾਮ ਲਗਾਇਆ ਕਿ ਇੱਕ ਵਜ਼ੀਰ ਨੇ ਇੱਕ ਬੜੇ ਅਫ਼ਸਰ ਨੂੰ, ਐਸ. ਐਸ. ਪੀ. ਨੂੰ ਸਦਿਆ ਔਰ ਉਸ ਨੂੰ ਬਹੁਤ ਸਾਰੇ ਅਫਸਰਾਂ ਵਿਚ ਕਿਹਾ ਕਿ ਫਲਾਣੇ ਆਦਮੀ ਨੂੰ ਇਹ ਮੁਕੱਦਮੇ ਵਿਚੋਂ ਕਢਣ, ਫੌਰਨ ਕੱਢਣ। ਉਨ੍ਹਾਂ ਨੇ ਕਿਹਾ ਕਿ ਮੇਰੀ ਬੇ-ਬਸੀ ਹੈ ਔਰ ਸ਼ਾਇਦ ਮੈਂ ਨਾ ਕਢ ਸਕਾਂ। ਇਸ ਤੇ ਉਨ੍ਹਾਂ ਨੇ ਕਿਹਾ ਤੂੰ ਫੌਰਨ ਇਥੋਂ ਨਿਕਲ ਜਾ। ਉਸ ਦੀ ਬੇਇਜ਼ਤੀ ਕਰਕੇ ਉਸਨੂੰ ਉਥੋਂ ਕਢ ਦਿੱਤਾ ਗਿਆ। ਲਾਲਾ ਜਗਤ ਨਰਾਇਣ ਜੀ ਉਸ ਬਾਰੇ ਆਪਣੇ ਆਰਟੀਕਲ ਰਾਹੀਂ ਪੁੱਛਦੇ ਹਨ ਕਿ ਕੀ ਵਾਕਿਆ ਹੀ ਠੀਕ ਹੈ ਉਹ ਗਲ? (ਵਿਘਨ) ਇਹ ਅਖਬਾਰ ਦੀ ਗੱਲ ਹੈ ਜੇ ਕਿਸੇ ਨੂੰ ਸ਼ੱਕ ਹੈ ਤਾਂ ਉਹ ਲਾਲਾ ਜੀ ਨੂੰ ਪੁੱਛਣ। ਉਹ ਆਪਣੇ ਆਰਟੀਕਲ ਵਿਚ ਲਿਖਦੇ ਹਨ ਕਿ ਇੱਕ ਵਜ਼ੀਰ ਦੇ ਖੂਹ ਦੇ ਲਾਗਿਉਂ ਸਮਗਲ ਹੋਈਆਂ ਚੀਜ਼ਾਂ ਨਿਕਲੀਆਂ ਕਾਫੀ ਮਿਕਦਾਰ ਵਿਚ। ਉਸ ਵਜ਼ੀਰ ਦੇ ਖਿਲਾਫ ਕੋਈ ਐਕਸ਼ਨ ਨਹੀਂ ਲਿਆ ਗਿਆ। ਜਲੰਧਰ ਵਿਚ ਤਿੰਨ ਦੁਕਾਨਾਂ ਢਾਈਆਂ ਗਈਆਂ। ਉਹ ਇਕ ਵਜ਼ੀਰ ਸਾਹਿਬ ਦੀ ਸਿਸਟਰ ਸੀ ਕਿਉਂਕਿ ਉਨ੍ਹਾਂ ਦੁਕਾਨਾਂ ਵਿੱਚੋਂ ਬੇਦਖਲੀ

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਡਾਕਟਰ ਕੇਵਲ ਕ੍ਰਿਸ਼ਨ]

ਨਹੀਂ ਸੀ ਹੁੰਦੀ ਇਸ ਲਈ ਉਹ ਢਾਹ ਦਿੱਤੀਆਂ ਗਈਆਂ ਬਗੈਰ ਕਿਸੇ ਕਾਰਣ ਤੋਂ। ਕੀ ਇਹ ਜ਼ਿਆਦਤੀਆਂ ਐਮਰਜੈਂਸੀ ਵੇਲੇ ਹੋਈਆਂ ਜ਼ਿਆਦਤੀਆਂ ਨਾਲੋਂ ਘੱਟ ਹਨ ? ਅੰਮ੍ਰਿਤਸਰ ਵਿਚ ਰਾਮਾਨੰਦ ਬਾਗ ਵਿਚ 31 ਜੁਲਾਈ ਨੂੰ ਕਤਲ ਹੋਇਆ। ਕਿੰਨੇ ਹੀ ਹਰੀਜਨਾਂ ਦਾ ਕਤਲ ਹੋਇਆ ਹੈ। ਇਸ ਵੇਲੇ ਐਮਰਜੈਂਸੀ ਨਾਲੋਂ ਜ਼ਿਆਦਾ ਹਾਲਾਤ ਖਰਾਬ ਹਨ। ਕਾਂਗਰਸ (ਆਈ) ਔਰ ਅਕਲੀਅਤਾਂ ਤੇ ਜ਼ੁਲਮ ਹੋ ਰਹੇ ਹਨ। (ਵਿਘਨ) ਸੋਢਲ ਮੰਦਰ ਦਾ ਝਗੜਾ ਸੁਲਝਾਇਆ ਗਿਆ ਹੈ, ਠੀਕ ਗਲ ਹੈ। (ਵਿਘਨ) ਕੀਰਤਪੁਰ ਲਾਗੇ ਮੰਦਰ ਤੇ ਕਬਜ਼ਾ ਹੋਇਆ। ਇਸ ਕਿਸਮ ਦੇ ਜਿਹੜੇ ਵਾਕਿਆਤ ਅੱਜ ਪੰਜਾਬ ਵਿਚ ਹੋ ਰਹੇ ਹਨ ਉਹ ਇਸ ਕਰਕੇ ਹੋ ਰਹੇ ਹਨ ਕਿ ਸਾਡੀ ਜਿਹੜੀ ਮੇਨ ਪਾਰਟੀ, ਜਿਹੜੀ ਰਾਜ ਕਰ ਰਹੀ ਪਾਰਟੀ ਹੈ, ਉਹ ਧਰਮ ਅਤੇ ਸਿਆਸਤ ਦੇ ਆਧਾਰ ਤੇ ਚਲ ਰਹੀ ਹੈ ਔਰ ਜਨਤਾ ਪਾਰਟੀ ਵਾਲੇ ਰੋਂਦੇ ਕਲਪਦੇ ਹਨ। ਜਨਤਾ ਪਾਰਟੀ ਦੇ ਜਨਰਲ ਸੈਕਟਰੀ ਲਾਲ ਚੰਦ ਸੱਭਰਵਾਲ ਨੇ ਜਲੰਧਰ ਵਿਚ ਪ੍ਰੈਸ ਕਾਨਫਰੰਸ ਕੀਤੀ। ਉਨ੍ਹਾਂ ਨੇ ਬੜੇ ਜ਼ੋਰ ਨਾਲ ਕਿਹਾ ਕਿ ਪੰਜਾਬ ਵਿਚ ਲਾਅ ਐਂਡ ਆਰਡਰ ਦੀ ਹਾਲਤ ਬੜੀ ਧਮਾਕਾ ਖੇਜ਼ ਹੈ। ਬੜੀ ਖਰਾਬ ਹੈ। ਯੁਵਾ ਜਨਤਾ ਨੇ ਥਾਂ ਥਾਂ ਮੋਰਚਾ ਲਾਇਆ। ਅੱਜ ਪਬਲਿਕ ਇਨ੍ਹਾਂ ਦੇ ਖਿਲਾਫ ਉਠ ਖੜ੍ਹੀ ਹੈ। (ਵਿਘਨ) ਡੈਮੋਕਰੇਸੀ ਦੇ ਸੈਟ ਅੱਪ ਨੂੰ ਖਰਾਬ ਕੀਤਾ ਜਾ ਰਿਹਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਮਿਊਂਸਪਲ ਕਮੇਟੀ ਦੀਆਂ ਇਲੈਕਸ਼ਨਾਂ ਕਿਉਂ ਨਹੀਂ ਹੋ ਰਹੀਆਂ ? ਇਹ ਤਾਂ ਜਨਤਾ ਪਾਰਟੀ ਦੇ ਕੰਧਿਆਂ ਤੇ ਹਨ। (ਵਿਘਨ) ਇਸ ਤੋਂ ਅੱਗੇ ਮੈਂ ਕਹਾਂਗਾ ਕਿ 5 ਲੱਖ ਰੁਪਿਆ ਪੰਜਾਬੀ ਸੰਮੇਲਨ ਵਾਸਤੇ ਖਰਚ ਕੀਤਾ ਜਾ ਰਿਹਾ ਹੈ। ਇਸ ਬਾਰੇ ਸ਼ਾਇਦ ਬਾਦਲ ਸਾਹਿਬ ਨੇ ਕਿਹਾ ਸੀ ਕਿ ਉਹ ਪੋਸਟਪੋਨ ਹੋ ਰਿਹਾ ਹੈ। ਪਰ ਮੈਂ ਕਹਾਂਗਾ ਕਿ ਜੇ ਪੰਜਾਬੀ ਸੰਮੇਲਨ ਲਈ ਇਹ ਸਹੀ ਇਰਾਦੇ ਨਾਲ ਕਰ ਰਹੇ ਹਨ, ਸਾਫ ਮਨ ਨਾਲ ਕਰ ਰਹੇ ਹਨ ਅਤੇ ਉਸ ਪਾਸੇ ਪੈਸਾ ਖਰਚ ਕਰ ਰਹੇ ਹਨ ਤਾਂ ਫਿਰ ਤਾਂ ਕਰਨਾ ਚਾਹੀਦਾ ਹੈ। ਪਰ ਹਾਲਤ ਕੀ ਹੈ ? ਪੰਜਾਬ ਜਿਸ ਨੂੰ ਪੰਜ ਦਰਿਆਵਾਂ ਦਾ ਪੰਜਾਬ ਜਾਂ ਸੂਬਾ ਕਿਹਾ ਜਾਂਦਾ ਸੀ ਉਸ ਪੰਜਾਬ ਦੇ ਟੋਟੇ ਹੋ ਗਏ ਹਨ। ਬਦਕਿਸਮਤੀ ਦੀ ਗੱਲ ਇਹ ਹੈ ਕਿ ਕੁਝ ਫਿਰਕਾਪ੍ਰਸਤ ਅਤੇ ਕੁਝ ਅਜਿਹੀਆਂ ਜਥੇਬੰਦੀਆਂ ਦਾ ਆਪਸ ਵਿਚ ਝਗੜਾ ਸੀ, ਲੋਕਾਂ ਨਾਲ ਵਿਤਕਰਾ ਸੀ ਜਿਸ ਕਾਰਨ ਹਿੰਦੁਸਤਾਨ ਦੇ ਟੋਟੇ ਹੋਏ ਅਤੇ ਇਸੇ ਤਰ੍ਹਾਂ ਪੰਜਾਬ ਇਕ ਛੋਟਾ ਪੰਜਾਬ ਬਣਿਆ। ਅੱਜ ਉਹ ਛੋਟੇ ਪੰਜਾਬ ਬਾਰੇ ਇਨ੍ਹਾਂ ਸਾਥੀਆਂ ਨੂੰ ਫਿਕਰ ਹੋਣ ਲੱਗਾ ਹੈ। ਅੱਜ ਇਹ ਕਹਿੰਦੇ ਹਨ ਕਿ ਪੰਜਾਬੀ ਸਪੀਕਿੰਗ ਏਰੀਆਜ਼ ਪੰਜਾਬ ਵਿਚ ਸ਼ਾਮਿਲ ਹੋਣੇ ਚਾਹੀਦੇ ਹਨ। ਅਗਰ ਇਸ ਬਾਰੇ ਇਨ੍ਹਾਂ ਦਾ ਮਨ ਸਾਫ ਹੈ ਫਿਰ ਤਾਂ ਇਹ ਗੱਲ ਠੀਕ ਹੈ ਫਿਰ ਤਾਂ ਇਹ ਮੁਬਾਰਿਕਬਾਦ ਦੇ ਮੁਸਤਹਿਕ ਹਨ ਅਤੇ ਅਸੀਂ ਇਸ ਬਾਰੇ ਇਨ੍ਹਾਂ ਨੂੰ ਸਹਿਯੋਗ ਦਿੱਤਾ ਹੈ। ਹਿਮਾਚਲ ਪ੍ਰਦੇਸ਼ ਦੀ ਅਸੈਂਬਲੀ ਵਿਚ ਇਸ ਬਾਰੇ ਝਗੜਾ ਹੋਇਆ ਹੈ। ਉਨ੍ਹਾਂ ਨੇ ਵੀ ਇਸ ਬਾਰੇ ਗੱਲ ਕੀਤੀ ਹੈ। ਪਰ ਇਨ੍ਹਾਂ ਸਾਡੇ ਸਾਥੀਆਂ ਦੇ ਮਨ ਵਿਚ ਇਹ ਹੋਵੇ ਕਿ ਫਾਜ਼ਿਲਕਾ ਅਤੇ ਅਬੋਹਰ ਦੇ ਇਲਾਕੇ ਨਿਕਲ ਜਾਣ ਅਤੇ ਚੰਡੀਗੜ੍ਹ ਮਿਲ ਜਾਵੇ ਤਾਂ ਫਿਰ ਇਹ ਗਲ ਠੀਕ ਨਹੀਂ ਹੈ। ਅਗਰ ਇਨ੍ਹਾਂ ਦੀ ਇਹ ਮੰਗ ਹੈ ਕਿ ਚੰਡੀਗੜ੍ਹ ਮਿਲ ਜਾਵੇ ਅਤੇ ਪੰਜਾਬੀ ਬੋਲਦੇ ਇਲਾਕੇ ਮਿਲ ਜਾਣ ਫਿਰ ਤਾਂ ਠੀਕ ਹੈ। ਕਾਂਗੜੇ ਵਿਚ ਪੰਜਾਬੀ ਬੋਲੀ ਜਾਂਦੀ ਹੈ। ਹਰਿਆਣੇ ਵਿਚ ਪੰਜਾਬੀ ਬੋਲਦੇ ਸਨ। ਜਨਤਾ ਪਾਰਟੀ ਵਾਲੇ, ਜਿਹੜੇ ਪਹਿਲੇ ਜਨਸੰਘੀ ਹੁੰਦੇ ਸਨ, ਉਹ ਮਹਾਂ ਪੰਜਾਬ ਦਾ ਨਾਹਰਾ ਲਾਉਂਦੇ ਹੁੰਦੇ ਸੀ। ਅੱਜ ਉਨ੍ਹਾਂ ਨੂੰ ਇਸ ਗੱਲ ਤੇ ਜ਼ੋਰ ਦੇਣਾ ਚਾਹੀਦਾ ਹੈ ਕਿ ਵੱਡਾ ਪੰਜਾਬ ਬਣਾਉਣਾ ਚਾਹੀਦਾ ਹੈ।

ਸਪੀਕਰ ਸਾਹਿਬ, 45 ਲੱਖ ਰੁਪਿਆ ਲਿੰਕ ਰੋਡਜ਼ ਵਾਸਤੇ ਇਨ੍ਹਾਂ ਨੇ ਮੰਗਿਆ ਹੈ। ਲਿੰਕ ਰੋਡਜ਼ ਬਾਰੇ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਛੇਵੀਂ ਪਲਾਨ ਵਿਚ ਕੁਝ ਰੁਪਿਆ ਹੋਰ ਮਿਲੇਗਾ। ਇਹ

Original with;
Punjab Vidhan Sabha
Digitized by;
Panjab Digital Library

ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ 31 ਮਾਰਚ, 1979 ਤੱਕ ਸਾਰੀਆਂ ਸੜਕਾਂ ਬਣਾ ਦਿਆਂਗੇ ਇਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਨਹੀਂ ਹੋ ਸਕੇਗਾ। ਕਿਉਂਕਿ ਜਿਹੜੇ ਪਹਾੜੀ ਇਲਾਕੇ ਹਨ ਜਾਂ ਕੰਡੀ ਦੇ ਇਲਾਕੇ ਹਨ ਉਥੇ ਮਿੱਟੀ ਪਾਉਣ ਦੀ ਸ਼ਰਤ ਫਿਰ ਲਗਾਈ ਗਈ ਹੈ ਅਤੇ ਉਨ੍ਹਾਂ ਨੂੰ ਕਿਹਾ ਗਿਆ ਹੈ ਕਿ 10% ਮਿੱਟੀ ਪਾਉਗੇ ਤਾਂ ਸੜਕ ਬਣੇਗੀ।

**Mr. Speaker** : Please wind up now. ਤੁਹਾਡਾ ਟਾਈਮ ਖਤਮ ਹੋ ਗਿਆ ਹੈ।

**ਡਾਕਟਰ ਕੇਵਲ ਕ੍ਰਿਸ਼ਨ** : ਸਮਾਲ ਸਕੇਲ ਇੰਡਸਟਰੀ ਵਾਸਤੇ ਇਨ੍ਹਾਂ ਨੇ ਰੁਪਿਆ ਮੰਗਿਆ ਹੈ.......

**ਸ੍ਰੀ ਸਪੀਕਰ** : ਤੁਸੀਂ ਹੁਣ ਬੈਠੋ ਜੀ। ਤੁਹਾਡਾ ਟਾਈਮ ਖਤਮ ਹੋ ਗਿਆ ਹੈ।

(ਇਸ ਸਮੇਂ ਸ੍ਰੀ ਸਪੀਕਰ ਨੇ ਮਾਨਯੋਗ ਮੈਂਬਰ ਸਰਦਾਰ ਕਿਰਪਾਲ ਸਿੰਘ ਨੂੰ ਕਾਲ ਅਪਾਨ ਕੀਤਾ)

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਮੈਂ ਬੋਲਣਾ ਹੈ, ਮੈਨੂੰ ਟਾਈਮ ਦਿਓ।

**ਸ੍ਰੀ ਸਪੀਕਰ** : ਦੁਪਹਿਰ ਤੋਂ ਬਾਅਦ ਵੀ ਡਿਸਕੱਸ਼ਨ ਹੈ, ਤੁਹਾਨੂੰ ਟਾਇਮ ਮਿਲੇਗਾ, ਇਸ ਲਈ ਤੁਸੀਂ ਬੈਠ ।

**ਮਾਸਟਰ ਚੰਦ ਸਿੰਘ** : ਹੁਣ ਟਾਈਮ ਮਿਲਣਾ ਚਾਹੀਦਾ ਹੈ।

**ਸ੍ਰੀ ਸਪੀਕਰ** : ਟਾਈਮ ਉਸ ਨੂੰ ਮਿਲਦਾ ਹੈ who catches eye of the Speaker ਪਰ ਤੁਸੀਂ ਆਈ ਕੈਚ ਨਹੀਂ ਕੀਤੀ । You will get time.

**ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦੱਖਣ)** : ਅੱਜ ਐਪਰੋਪਰੀਏਸ਼ਨ ਬਿੱਲ ਉਤੇ ਜਿਹੜੀ ਬਹਿਸ ਹੋ ਰਹੀ ਹੈ, ਮੈਂ ਉਸ ਨੂੰ ਬੜੇ ਗੌਰ ਨਾਲ ਸੁਣਿਆ ਹੈ। ਇਸ ਦੇ ਵਿਚ ਇਕ 12 ਹਜ਼ਾਰ ਰੁਪਏ ਦੀ ਆਈਟਮ ਹੈ ਜਨਰਲ ਐਡਮਨਿਸਟਰੇਸ਼ਨ ਵਾਸਤੇ। ਇਸ ਆਈਟਮ ਦੇ ਉਤੇ ਬੋਲਦੇ ਹੋਏ ਆਪੋਜ਼ੀਸ਼ਨ ਦੇ ਦੋਸਤਾਂ ਨੇ ਕਾਫੀ ਟਾਈਮ ਲੈ ਲਿਆ ਹੈ। ਇਸ ਦੇ ਵਿਚ ਨਿਰੰਕਾਰੀਆਂ ਦਾ ਮਸਲਾ, ਸੋਡਲ ਮੰਦਰ ਦਾ ਮਸਲਾ ਲਾਅ ਐਂਡ ਆਰਡਰ ਦੀ ਪੁਜ਼ੀਸ਼ਨ ਔਰ ਕਈ ਐਸੀਆਂ ਗੱਲਾਂ ਹਨ ਜਿਨ੍ਹਾਂ ਦੇ ਬਾਰੇ ਮੈਂ ਕਹਿ ਸਕਦਾ ਹਾਂ:

ਮੁਬਾਦ ਜਿਸਕਾ ਜ਼ਿਕਰ ਤੱਕ ਨਾ ਥਾ ਫਸਾਨੇ ਮੇਂ,
ਵੁਹੀ ਬਾਤ ਉਨਕੋ ਬਹੁਤ ਨਾਗਵਾਰ ਗੁਜ਼ਰੀ।

ਇਥੇ ਬਾਰ ਬਾਰ ਮਹਾਤਮਾਂ ਗਾਂਧੀ ਦਾ ਜ਼ਿਕਰ ਆਇਆ। ਮੈਂ ਇਹ ਗੱਲ ਕਹਾਂਗਾ ਕਿ ਮਹਾਤਮਾਂ ਗਾਂਧੀ ਜੀ ਦਾ ਕਤਲ ਕਿਹੜੇ ਰਾਜ ਵਿਚ ਹੋਇਆ ਸੀ ? (ਵਿਘਨ) ਅੰਮ੍ਰਿਤਸਰ ਵਿਚ ਮਹਾਤਮਾਂ ਗਾਂਧੀ ਜੀ ਦੇ ਬੁੱਤ ਦਾ ਸਿਰ ਕੱਟ ਦਿੱਤਾ ਗਿਆ ਸੀ। ਉਦੋਂ ਕਿਸ ਦਾ ਰਾਜ ਸੀ ? ਉਦੋਂ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਸੀ ਅਤੇ ਚੌਧਰੀ ਬਲਰਾਮ ਜੀ ਉਦੋਂ ਡਿਪਟੀ ਮਨਿਸਟਰ ਸਨ। ਉਦੋਂ ਦਿੱਲੀ ਵਿਚ ਕਿਸ ਦਾ ਰਾਜ ਸੀ ? ਇਨ੍ਹਾਂ ਕਾਂਗਰਸੀਆਂ ਦਾ ਰਾਜ ਸੀ। ਉਦੋਂ ਨਾ ਜਲੂਸ ਨਿਕਲੇ ਨਾ ਜਲਸੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ]

ਹੋਏ (ਵਿਘਨ) ਮੈਂ ਕਹਿ ਸਕਦਾ ਹਾਂ ਕਿ ਹਿੰਦੁਸਤਾਨ ਵਿਚ ਜਿੰਨੇ ਇਹੋ ਜਿਹੇ ਮਸਲੇ ਪੈਦਾ ਹੋਏ ਉਹ ਇਨ੍ਹਾਂ ਦੇ ਰਾਜ ਵਿਚ ਹੋਏ। (ਵਿਘਨ) ਫਿਰ ਭਾਸ਼ਾਈ ਝਗੜੇ ਪੈਦਾ ਹੋਏ, ਦਰਿਆਈ ਝਗੜੇ ਪੈਦਾ ਹੋਏ। ਮਹਾਰਾਸ਼ਟਰ ਵਿਚ, ਗੁਜਰਾਤ ਵਿਚ, ਮੈਸੂਰ, ਮਦਰਾਸ ਅਤੇ ਬੰਗਾਲ ਵਿਚ ਝਗੜੇ ਪੈਦਾ ਹੋਏ। ਬਰਹਮ ਪੁੱਤਰ ਅਤੇ ਗੰਗਾ ਦਾ ਝਗੜਾ ਹੋਇਆ। (ਵਿਘਨ) ਇਹ ਸਾਰੀ ਜ਼ਿੰਮੇਵਾਰੀ ਇਨ੍ਹਾਂ ਦੇ ਸਿਰ ਹੈ। ਇਹ ਜਿਹੜੇ ਮਹਾਤਮਾਂ ਗਾਂਧੀ ਦੀਆਂ ਗੱਲਾਂ ਕਰਦੇ ਹਨ ਇਹ ਉਦੋਂ ਕਿਥੇ ਗਏ ਸਨ ? ਇਸ ਬਾਰੇ ਮੈਂ ਕਹਿ ਸਕਦਾ ਹਾਂ :

ਜਹਾਂ ਵੋਹ ਲੇ ਕੇ ਜਾਨਾ ਚਾਹਤਾ ਥਾ
ਵਹਾਂ ਸਿਦਕੋ ਸਫਾ ਮਿਹਰੋ ਵਫਾ ਕੇ ਫੂਲ ਖਿਲਤੇ ਹੈਂ।

ਪਰ ਅੱਜ ਇਹ ਕਿਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ। ਇਨ੍ਹਾਂ ਨੇ ਕੋਈ ਕਿਸੇ ਤੇ ਰਹਿਮ ਨਹੀਂ ਕੀਤਾ, ਕਿਸੇ ਤੇ ਮਿਹਰ ਨਾ ਕੀਤੀ। (ਵਿਘਨ) ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ 30 ਸਾਲਾਂ ਦੇ ਰਾਜ ਵਿਚ ਕੀ ਕਰਦੇ ਰਹੇ ਹਨ ? ਅੱਜ ਇਹ ਸਾਡੇ ਤੇ ਇਤਰਾਜ਼ ਕਰਦੇ ਹਨ। ਇਨ੍ਹਾਂ ਦੀ ਪੁਕਾਰ ਨਜਾਇਜ਼ ਨਹੀਂ, ਕਿਉਂਕਿ ਹਿੰਦੁਸਤਾਨ ਵਿਚ ਜਿੰਨੇ ਵੀ ਭਾਸ਼ਾਈ ਝਗੜੇ ਹੋਏ ਹਨ ਜਾਂ ਦਰਿਆਈ ਝਗੜੇ ਹੋਏ ਹਨ। ਉਹ ਸਾਰੇ ਇਨ੍ਹਾਂ ਦੇ ਰਾਜ ਵਿਚ ਹੋਏ ਹਨ। ਕਾਂਗਰਸੀ ਸਟੇਟ ਦਾ ਕਾਂਗਰਸੀ ਸਟੇਟ ਨਾਲ ਝਗੜਾ ਹੋਇਆ। ਇਸ ਤਰ੍ਹਾਂ ਇਨ੍ਹਾਂ ਦੇ 30 ਸਾਲਾਂ ਦੇ ਰਾਜ ਵਿਚ ਝਗੜੇ ਹੋਏ, ਫਿਰਕੇਦਾਰਾਨਾ ਝਗੜੇ ਹੋਏ। ਇਤਨੇ ਝਗੜੇ ਤਾਂ ਅੰਗਰੇਜ਼ਾਂ ਦੇ ਸਮੇਂ ਵਿਚ ਵੀ ਨਹੀਂ ਸੀ ਹੋਏ। ਹੁਣ ਇਹ ਕਹਿੰਦੇ ਹਨ ਕਿ ਪਹਿਲੇ ਪੰਜ ਦਰਿਆ ਸਨ ਪਰ ਹੁਣ 2 ਰਹਿ ਗਏ ਹਨ। ਇਸ ਦੇ ਜ਼ਿੰਮੇਵਾਰ ਵੀ ਕਾਂਗਰਸ ਵਾਲੇ ਹਨ। ਇਹ ਹਕੂਮਤ ਛੇਤੀ ਸੰਭਾਲਣਾ ਚਾਹੁੰਦੇ ਸਨ। (ਵਿਘਨ) ਜਦੋਂ ਬਾਊਂਡਰੀ ਕਮਿਸ਼ਨ ਬੈਠਾ ਤਾਂ ਮਿਸਟਰ ਜਿਨਾਹ ਮੌਲਾਨਾ ਆਜ਼ਾਦ ਨਾਲ ਗੱਲ ਬਾਤ ਕਰਨ ਲਈ ਤਿਆਰ ਨਹੀਂ ਸੀ। ਇਸੇ ਤਰ੍ਹਾਂ ਹੀ ਇਹ ਵੀ ਗੱਲ ਬਾਤ ਕਰਨ ਲਈ ਤਿਆਰ ਨਹੀਂ ਸੀ ਇਸ ਤੇ ਅੰਗਰੇਜ਼ ਸਮਝ ਗਿਆ ਕਿ ਇਹ ਛੇਤੀ ਗਦੀਆਂ ਸੰਭਾਲਣਾ ਚਾਹੁੰਦੇ ਹਨ। (ਵਿਘਨ) ਇਹ ਜਿਹੜਾ ਕਹਿੰਦੇ ਹਨ ਕਿ ਪੰਜ ਦਰਿਆਵਾਂ ਦੀ ਬਜਾਏ ਦੋ ਦਰਿਆ ਰਹਿ ਗਏ ਹਨ, ਇਹ ਇਨ੍ਹਾਂ ਦਾ ਹੀ ਕਸੂਰ ਹੈ। ਇਹ ਸਾਰਾ ਕੁੱਝ ਇਨ੍ਹਾਂ ਦੀ ਵਜ੍ਹਾ ਕਾਰਨ ਹੀ ਹੋਇਆ ਹੈ। ਇਨ੍ਹਾਂ ਨੇ ਸਾਰੇ ਦੇਸ਼ ਨੂੰ ਲੜਾਕੇ ਮਾਰ ਦਿੱਤਾ ਹੈ। ਮਹਾਤਮਾ ਗਾਂਧੀ ਦੇ ਬੁੱਤ ਦੇ ਮੂੰਹ ਤੇ ਕਾਲਖ ਲਗਾਈ ਗਈ ਸੀ ਉਸਦਾ ਫਾਇਦਾ ਕਿਹੜੀ ਸਿਆਸੀ ਪਾਰਟੀ ਲੈਣਾ ਚਾਹੁੰਦੀ ਸੀ। (ਵਿਘਨ) ਤੁਸੀਂ ਇਸ ਚੀਜ਼ ਦੇ ਖਿਲਾਫ ਨਹੀਂ ਬੋਲੇ। ਤੁਸੀਂ ਚੁੱਪ ਕਰਕੇ ਬਠੇ ਰਹੇ। ਦੋਸ਼ੀਆਂ ਦੇ ਖਿਲਾਫ ਕੋਈ ਐਕਸ਼ਨ ਨਹੀਂ ਹੋਇਆ। ਜਦੋਂ ਮਹਾਤਮਾਂ ਗਾਂਧੀ ਦੇ ਬੁੱਤ ਦਾ ਮੂੰਹ ਕੱਟ ਦਿਤਾ ਗਿਆ ਸੀ ਤਾਂ ਉਦੋਂ ਮੈਂ ਅੰਮ੍ਰਿਤਸਰ ਮਿਊਂਸਪਲ ਕਮੇਟੀ ਦਾ ਪ੍ਰਧਾਨ ਸੀ ਅਸੀਂ ਬੁੱਤ ਦਾ ਨਵਾਂ ਸਿਰ ਲਾਇਆ ਸੀ। ਅਸੀਂ ਮਹਾਤਮਾਂ ਗਾਂਧੀ ਦਾ ਸਤਿਕਾਰ ਕਰਦੇ ਹਾਂ। ਇਹ ਐਕਸਪਲਾਇਟੇਸ਼ਨ ਕਰਦੇ ਹਨ। ਮੈਂ ਕਹਿੰਦਾ ਹਾਂ ਕਿ ਨਕਲ ਵਾਸਤੇ ਕੁਝ ਅਕਲ ਦੀ ਵੀ ਲੋੜ ਹੁੰਦੀ ਹੈ। ਇਨ੍ਹਾਂ ਨੇ ਇਸ ਗੱਲ ਦਾ ਬੜਾ ਰੌਲਾ ਪਾਇਆ ਕਿ ਅੰਮ੍ਰਿਤਸਰ ਦੀ ਪੁਲਿਸ ਅਤੇ ਐਡਮਿਨਸਟਰੇਸ਼ਨ ਨੇ ਕਮਜ਼ੋਰੀ ਵਿਖਾਈ ਹੈ। ਇਹ ਕਹਿੰਦੇ ਹਨ ਕਿ ਸੰਤ ਜਰਨੈਲ ਸਿੰਘ ਨੂੰ ਨਿਰੰਕਾਰੀ ਭਵਨ ਦੀਆਂ ਚਾਬੀਆਂ ਦੇ ਕੇ, ਖੋਲ੍ਹਕੇ ਜਦ ਦਿਖਾਇਆ ਗਿਆ ਸੀ ਤਾਂ ਉਸ ਦਿਨ ਪੁਲਿਸ ਕਿਥੇ ਸੀ ? ਇਸ ਦਾ ਦੂਜਾ ਆਲਟਰਨੇਟਿਵ ਇਹ ਸੀ, ਜੋ ਇਹ ਚਾਹੁੰਦੇ ਸੀ, ਕਿ ਇਕ ਹੋਰ ਗੋਲੀ ਚਲਦੀ ਅਤੇ 10-20 ਬੰਦੇ ਹੋਰ ਮਰਦੇ। ਅਫਸਰਾਂ ਨੇ ਆਪਣੀ ਸਿਆਣਪ ਨਾਲ ਉਥੇ ਕੋਈ ਹਾਦਸਾ ਨਹੀਂ ਹੋਣ ਦਿੱਤਾ, ਇਨ੍ਹਾਂ ਨੂੰ ਇਸ ਗਲ ਦੀ ਤਕਲੀਫ ਹੋਈ ਹੈ। ਇਹ ਚਾਹੁੰਦੇ ਸਨ ਕਿ ਉਥੇ ਕੋਈ ਹੋਰ ਹਾਦਸਾ ਹੋ ਜਾਂਦਾ ਤਾਂ ਚੰਗਾ ਸੀ। ਬਹੁਤ ਸਾਰੇ ਲੋਕ ਜਦੋਂ ਪਿੰਡ ਨੂੰ ਅੱਗ ਲੱਗ

Original with;
Punjab Vidhan Sabha
Digitized by;
Panjab Digital Library

ਜਾਏ ਤਾਂ ਰੂੜੀ ਤੇ ਚੜ੍ਹ ਕੇ ਤਮਾਸ਼ਾ ਦੇਖਣ ਵਾਲੇ ਹੁੰਦੇ ਹਨ। ਇਹ ਤਮਾਸ਼ਾ ਦੇਖਣ ਵਾਲਿਆਂ ਵਿਚੋਂ ਹਨ। ਇਹ ਸੋਚਦੇ ਰਹੇ ਕਿ ਅੱਗ ਕਿਉਂ ਨਹੀਂ ਲਗੀ। ਅੱਗ ਉਥੇ ਨਹੀਂ ਲਗੀ ਤਾਂ ਇਨ੍ਹਾਂ ਦੇ (ਆਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਸੀਨਿਆਂ ਤੇ ਲਗ ਗਈ। ਇਹ ਕਹਿੰਦੇ ਸਨ ਕਿ ਅੱਗ ਲਗਣੀ ਚਾਹੀਦੀ ਹੈ ਤਾਂ ਕਿ ਅਸੀਂ ਪ੍ਰਾਪੇਗੰਡਾ ਕਰਦੇ, ਇਸ ਗੱਲ ਨੂੰ ਉਛਾਲਦੇ ਅਤੇ ਇਨ੍ਹਾਂ ਦੇ ਸਮੱਰਥਕ ਅਖ਼ਬਾਰ ਵਿੱਚ ਕੁਝ ਗਲਾਂ ਲਿਖਦੇ। (ਵਿਘਨ) ਇਹ ਇਨ੍ਹਾਂ ਦੀ ਦੂਜੀ ਸ਼ਿਕੱਸ਼ਤ ਹੋਈ ਹੈ ਕਿ ਇਨ੍ਹਾਂ ਦਾ ਪ੍ਰਾਪੇਗੰਡਾ ਨਹੀਂ ਹੋਇਆ। ਇਹ ਕਹਿੰਦੇ ਹਨ ਕਿ ਥਾਂ ਥਾਂ ਨਿਹੰਗਾਂ ਦੇ ਝੰਡੇ ਲਗ ਗਏ। ਜਦੋਂ ਕਿਹਾ ਗਿਆ ਕਿ ਇਕ ਸਾਂਝੀ ਕਮੇਟੀ ਨੂੰ ਕੋਈ ਨਿਹੰਗ ਦਾ ਝੰਡਾ ਦਿਖਾ ਦਿਓ ਤਾਂ ਫਿਰ ਚੁੱਪ ਕਰ ਗਏ। ਨਿਹੰਗ ਕਿਹੜੇ ਸਨ ? ਨਿਹੰਗ ਉਹ ਜਿਹੜੇ ਇਨ੍ਹਾਂ ਦੇ ਸਮੱਰਥਕ ਸਨ। ਨਿਹੰਗ ਮੁਖ਼ਤਲਿਫ ਖਿਆਲਾਤਾਂ ਦੇ ਲੋਕ ਵੀ ਹੋ ਸਕਦੇ ਹਨ ਔਰ ਇਨ੍ਹਾਂ ਦੇ (ਆਪੋਜ਼ੀਸ਼ਨ ਵਲ ਇਸ਼ਾਰਾ) ਸਾਥੀ ਵੀ ਹੋ ਸਕਦੇ ਹਨ ਔਰ ਇਹ ਇਨ੍ਹਾਂ ਦੇ ਸਾਥੀ ਰਹੇ ਹਨ।

ਸਪੀਕਰ ਸਾਹਿਬ, ਐਪਰੋਪ੍ਰੀਏਸ਼ਨ ਬਿੱਲ ਤੇ ਬੋਲਦੇ ਹੋਏ ਕੁਝ ਦੋਸਤਾਂ ਨੇ ਤਾਰੀਫ ਕੀਤੀ ਹੈ ਔਰ ਉਹ ਵੀ ਬੜੇ ਮਜ਼ਬੂਰ ਹੋ ਕੇ ਇਨ੍ਹਾਂ ਨੇ ਤਾਰੀਫ ਕੀਤੀ ਹੈ। ਇਨ੍ਹਾਂ ਦੇ ਮੂੰਹੋ ਕੋਈ ਤਾਰੀਫ ਦੀ ਗੱਲ ਨਿਕਲਣੀ ਵੈਸੇ ਔਖੀ ਹੈ। ਇਸ ਸਰਕਾਰ ਨੇ ਜੋ ਇਤਨੇ ਅੱਛੇ ਕੰਮ ਕੀਤੇ ਹਨ ਉਨ੍ਹਾਂ ਨੂੰ ਦੇਖ ਕੇ ਮਜ਼ਬੂਰਨ ਇਨ੍ਹਾਂ ਨੂੰ ਤਾਰੀਫ ਕਰਨੀ ਪਈ। ਇਨ੍ਹਾਂ ਨੇ ਆਪਣੇ ਦੌਰ ਵਿਚ ਤਾਂ ਪੰਜਾਬ ਦੇ ਲੋਕਾਂ ਦੇ ਭਲੇ ਦਾ ਕੋਈ ਕੰਮ ਨਹੀਂ ਕੀਤਾ ਅਤੇ ਸਵਾਏ ਇਨ੍ਹਾਂ ਗਲਾਂ ਦੇ ਹੋਰ ਕੁਝ ਨਹੀਂ ਕੀਤਾ ਕਿ ਜੇ ਕੋਈ ਨੌਜਵਾਨ ਮਰ ਗਿਆ ਤਾਂ ਕਹਿ ਦਿਤਾ ਸਿਨਮੇ ਨੈਸ਼ਨੇਲਾਈਜ਼ ਕਰਾਂਗੇ ਪਰ ਪੈਸੇ ਲੈ ਕੇ ਸਿਨਮੇ ਨੈਸ਼ਨ-ਲਾਈਜ਼ ਕਰਨ ਦੀ ਗਲ ਬੰਦ ਕਰ ਦਿਤੀ। ਫਿਰ ਕਿਹਾ ਕਿ ਫਲਾਣੀ ਚੀਜ਼ ਨੈਸ਼ਨੇਲਾਈਜ਼ ਕਰਾਂਗੇ ਅਤੇ ਪੈਸੇ ਲੈ ਕੇ ਉਹ ਗਲ ਵੀ ਬੰਦ ਕਰ ਦਿਤੀ। ਅੱਜ ਇਹ ਰੈਡ ਕਰਾਸ ਦੇ ਮੁਤੱਲਕ ਗੱਲਾਂ ਕਰਦੇ ਹਨ। ਅੱਜ ਇਹ ਦੋਸਤ ਰੈਡ ਕਰਾਸ ਦੇ ਮੁਤਲਿਕ ਕਹਿੰਦੇ ਹਨ ਕਿ ਇਹ ਕਿਉਂ ਨਹੀਂ ਅਫ਼ਸਰਾਂ ਤੋਂ ਇਕੱਠਾ ਕਰਵਾਇਆ ਜਾਂਦਾ ਕਿਤਨੇ ਅਫ਼ਸਰ ਹਨ ਜਿਹੜੇ ਬੇਈਮਾਨੀ ਕਰਕੇ ਇਨ੍ਹਾਂ ਵਾਸਤੇ ਪੈਸਾ ਇਕੱਠਾ ਕਰਦੇ ਰਹੇ। ਅਸੀਂ ਉਨ੍ਹਾਂ ਲੋਕਾਂ ਤੋਂ ਪੰਜਾਬ ਦੇ ਲੋਕਾਂ ਦੀ ਜਾਨ ਛੁੜਾਈ ਹੈ। ਇਸ ਗੱਲ ਦਾ ਇਨ੍ਹਾਂ ਨੂੰ ਫਖਰ ਮਹਿਸੂਸ ਕਰਨਾ ਚਾਹੀਦਾ ਸੀ ਪਰ ਇਸ ਤੇ ਵੀ ਇਨਾਂ ਨੂੰ ਇਤਰਾਜ਼ ਹੈ, ਇਸ ਗਲ ਤੇ ਵੀ ਇਹ ਇਤਰਾਜ਼ ਕਰਦੇ ਹਨ।

ਮੈਂ, ਸਪੀਕਰ ਸਾਹਿਬ, ਹਾਊਸ ਦਾ ਜ਼ਿਆਦਾ ਸਮਾਂ ਨਾ ਲੈਂਦਾਂ ਹੋਇਆ ਇਤਨੀ ਗਲ ਕਹਿਣਾ ਚਾਹੁੰਦਾ ਹਾਂ ਕਿ ਜਿੱਥੋਂ ਤਕ ਫਲੱਡ ਦਾ ਤੁਅੱਲਕ ਹੈ ਐਸਟੀਮੇਟ ਕਮੇਟੀ ਨੇ ਰਿਕਮੈਂਡ ਕੀਤਾ ਹੈ। ਮੈਂ ਉਸ ਕਮੇਟੀ ਦਾ ਚੇਅਰਮੈਨ ਹਾਂ ਅਤੇ ਮੈਂ ਉਸ ਦੀ ਰਿਪੋਰਟ ਇਥੇ ਪੇਸ਼ ਕਰ ਗਿਆ ਹਾਂ। ਮੈਂ ਇਹ ਲਿਖ ਕੇ ਵੀ ਭੇਜਿਆ ਹੈ ਕਿ ਫਲੱਡ ਵਾਸਤੇ ਹੋਰ ਰੁਪਿਆ ਚਾਹੀਦਾ ਹੈ। ਇਸ ਰੁਪਏ ਦੇ ਨਾਲ ਪ੍ਰਾਬਲਮ ਹੱਲ ਨਹੀਂ ਹੋਣੀ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿੰਨੀਆਂ ਕੰਸਟ੍ਰਕਟਿਵ ਸੁਜੈਸ਼ਨਜ਼ ਇਨ੍ਹਾਂ ਦੋਸਤਾਂ ਨੇ ਭੁੱਲ ਭੁਲੇਖੇ ਦਿਤੀਆਂ ਹਨ ਭਾਵੇਂ ਆਪਣੀ ਫਿਤਰਤ ਦੇ ਮੁਤਾਬਿਕ ਨਹੀਂ ਦਿਤੀਆਂ, ਉਨ੍ਹਾਂ ਤੇ ਵੀ ਅਮਲ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਅਫਸਰਾਂ ਨੇ ਕੋਈ ਗਲਤੀ ਕੀਤੀ ਹੈ ਉਨਾਂ ਨੂੰ ਸਜ਼ਾ ਵੀ ਜ਼ਰੂਰ ਮਿਲਣੀ ਚਾਹੀਦੀ ਹੈ। ਕਿਧਰੇ ਸਾਈਫਨ ਸਾਫ ਨਹੀਂ ਕੀਤਾ ਗਿਆ ਜਾਂ ਫਲੱਡ ਆਇਆ ਹੈ ਡਰੇਨਜ ਡਿਪਾਰਟਮੈਂਟ ਦੀ ਕੁਤਾਹੀ ਨਾਲ ਤਾਂ ਇਸ ਗਲ ਦੀ ਇਨਕੁਆਇਰੀ ਕੀਤੀ ਜਾਣੀ ਚਾਹੀਦੀ ਹੈ। ਮੈਨੂੰ ਇਸ ਗੱਲ ਤੇ ਵੀ ਇਤਰਾਜ਼ ਨਹੀਂ ਹੋਵੇਗਾ ਕਿ ਪਿਛਲੇ 15-20 ਸਾਲਾਂ ਵਿਚ ਡਰੇਨੇਜ ਡੀਪਾਰਟ-ਮੈਂਟ ਦੇ ਅਫ਼ਸਰਾਂ ਨੇ ਜੋ ਕੁੱਝ ਕੀਤਾ ਹੈ ਉਸ ਦੀ ਵੀ ਇਨਕੁਆਇਰੀ ਕੀਤੀ ਜਾਵੇ ਕਿ ਪੰਜਾਬ ਨੂੰ

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ]

ਉਹ ਕਿੰਨਾ ਲੁੱਟ ਕੇ ਖਾ ਗਏ ਹਨ ਅਤੇ ਉਸ ਲੁੱਟ ਵਿਚੋਂ ਇਨ੍ਹਾਂ ਭੱਦਰਪੁਰਸ਼ਾਂ (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਨੂੰ ਕਿੰਨਾ ਹਿੱਸਾ ਗਿਆ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਹਕੂਮਤ ਨੂੰ ਕਦੇ ਇਨਕੁਆਇਰੀ ਵਾਸਤੇ ਪ੍ਰਹੇਜ਼ ਨਹੀਂ ਕਰਨਾ ਚਾਹੀਦਾ । ਅਗਰ ਸਾਈਫਨ ਦੇ ਬੰਦ ਹੋਣ ਕਰਕੇ ਜਾਂ ਕਿਸੇ ਹੋਰ ਅਣਗਹਿਲੀ ਕਰਕੇ ਕੋਈ ਫਲੱਡ ਆਇਆ ਹੈ ਤਾਂ ਉਸ ਦੀ ਸਜ਼ਾ ਉਨ੍ਹਾਂ ਲੋਕਾਂ ਨੂੰ ਜ਼ਰੂਰ ਮਿਲਣੀ ਚਾਹੀਦੀ ਹੈ। ਮੈਂ ਇਤਨੀ ਗਲ ਵੀ ਜ਼ਰੂਰ ਕਹਿ ਸਕਦਾ ਹਾਂ ਕਿ ਸਰਕਾਰ ਵੱਲੋਂ ਜੋ ਪ੍ਰਬੰਧ ਕੀਤਾ ਗਿਆ ਹੈ, ਸਰਕਾਰ ਵੱਲੋਂ ਜੋ ਰਿਲੀਫ ਲੋਕਾਂ ਨੂੰ ਦਿਤੀ ਗਈ ਹੈ ਉਹ ਪ੍ਰਸ਼ੰਸਾ ਯੋਗ ਹੈ। ਇਹ (ਆਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਪ੍ਰਸ਼ੰਸਾ ਕਰਨ ਲਗਿਆਂ ਬਹੁਤ ਕੰਜੂਸੀ ਕਰਦੇ ਹਨ, ਇਨ੍ਹਾਂ ਨੇ ਇਸ ਸਰਕਾਰ ਦੀ ਇਸ ਕੰਮ ਵਾਸਤੇ ਪ੍ਰਸ਼ੰਸਾ ਨਹੀਂ ਕੀਤੀ । ਮੈਂ ਇਹ ਵੀ ਕਹਾਂਗਾ ਕਿ ਅਗਰ ਜ਼ਰੂਰਤ ਪਈ ਅਤੇ ਲੋੜ ਹੋਵੇ ਤਾਂ ਮੁੜ ਕੇ ਦੂਸਰੀਆਂ ਡੀਮਾਂਡਜ਼ ਸਪਲੀਮੈਂਟਰੀ ਦੀਆਂ ਆਉਣ ਤਾਂ ਉਸਦੇ ਵਿਚ ਫਲੱਡ ਵਾਸਤੇ ਰਿਲੀਫ ਦੇਣ ਲਈ ਹੋਰ ਰੁਪਿਆ ਦੇਣਾ ਚਾਹੀਦਾ ਹੈ।

ਇਥੇ, ਸਪੀਕਰ ਸਾਹਿਬ, ਲਾਅ ਐਂਡ ਆਰਡਰ ਦੀ ਸਿਚੂਏਸ਼ਨ ਦੇ ਅੰਕੜੇ ਦੱਸਦਿਆਂ ਹੋਰ ਗੱਲਾਂ ਵਿਚ ਚਲੇ ਗਏ । ਬੜੀਆਂ ਅਜੀਬ ਅਜੀਬ ਗਲਾਂ ਇਥੇ ਕੀਤੀਆਂ ਗਈਆਂ। ਇਹ ਗੱਲਾਂ ਕਰਦੇ ਕਰਦੇ ਭੁੱਲ ਹੀ ਗਏ ਕਿ ਕੀ ਗੱਲ ਕਰਨੀ ਹੈ। (ਵਿਘਨ) ਡਾਕਟਰ ਕੇਵਲ ਕ੍ਰਿਸ਼ਨ ਜੀ ਨੇ ਕਤਲਾਂ ਦੀਆਂ ਰਿਪੋਰਟਾਂ ਬਾਰੇ ਜ਼ਿਕਰ ਕੀਤਾ। ਉਨ੍ਹਾਂ ਨੇ ਕਿਹਾ ਕਿ ਕਤਲਾਂ ਦੀਆਂ ਰਿਪੋਰਟਾਂ ਲਿਖੀਆਂ ਨਹੀਂ ਜਾਂਦੀਆਂ ਪਰ ਨਾਲ ਹੀ ਰੈਫਰੈਂਸ ਦਿਤਾ ਕਿ ਚੋਰੀ ਦੀਆਂ ਨਹੀਂ ਲਿਖੀਆਂ ਜਾਂਦੀਆਂ । (ਵਿਘਨ)

'ਜੋ ਬਾਤ ਕੀ ਖੁਦਾ ਕੀ ਕਸਮ ਲਾ ਜਵਾਬ ਕੀ'

ਮੈਂ ਇਨ੍ਹਾਂ ਦੀ ਅਕਲ ਤੇ ਮਾਤਮ ਹੀ ਕਰ ਸਕਦਾ ਹਾਂ, ਹੋਰ ਕੁਝ ਨਹੀਂ ਕਰ ਸਕਦਾ।

1.26 ਬਾਅਦ ਦੁਪਹਿਰ | (ਇਸ ਸਮੇਂ ਸਰਦਾਰ ਗੁਰਦਰਸ਼ਨ ਸਿੰਘ, ਮੈਂਬਰ, ਪੈਨਲ ਆਫ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਚੇਅਰਮੈਨ ਸਾਹਿਬ, ਜਿਹੜੀ ਵੀ ਇਸ ਹਾਊਸ ਵਿਚ ਐਪਰੋਪ੍ਰੀਏਸ਼ਨ ਬਿਲ ਤੇ ਹੁਣ ਤਕ ਬਹਿਸ ਹੋਈ ਹੈ ਉਸ ਬਹਿਸ ਦੇ ਦੌਰਾਨ ਕੁਝ ਬੋਗਸ ਕਹਾਣੀਆਂ ਦੱਸੀਆਂ ਗਈਆਂ ਹਨ, ਕੁਝ ਫਰਜ਼ੀ ਬਾਤਾਂ ਕੀਤੀਆਂ ਗਈਆਂ ਹਨ । ਇਥੇ ਕਿਹਾ ਗਿਆ ਕਿ ਇਹ ਐਡਮਨਿਸਟਰੇਸ਼ਨ ਦਾ ਢਾਂਚਾ ਠੀਕ ਨਹੀਂ, ਜਨਤਾ ਪਾਰਟੀ ਦੇ ਫਲਾਣੇ ਬੰਦੇ ਨੇ, ਅਕਾਲੀ ਪਾਰਟੀ ਦੇ ਫਲਾਣੇ ਬੰਦੇ ਨੇ ਫਲਾਣਾ ਬਿਆਨ ਦਿਤਾ ਹੈ । ਅਸੀਂ ਤੁਹਾਨੂੰ ਵੀ ਬੋਲਣ ਦੀ ਆਗਿਆ ਦਿਤੀ ਹੈ। ਕੋਈ ਆਦਮੀ ਬਿਨਾਂ ਲਿਹਾਜ਼ ਆਪਣੇ ਵਜ਼ੀਰ ਨੂੰ, ਆਪਣੀ ਸਰਕਾਰ ਨੂੰ ਲੋਕਾਂ ਵਿਚ ਕਿਸੇ ਤਰ੍ਹਾਂ ਹੋਈ ਗਲਤੀ ਨੂੰ ਰੋਸ਼ਤਾਸ਼ ਕਰਦਾ ਹੈ। ਸਿਰਫ ਲੈਂਗੂਏਜ ਦਾ ਸਵਾਲ ਹੈ, ਇਹ ਨਹੀਂ ਕਿ ਸਾਰੇ ਹਾਊਸ ਦੀ ਕਾਰਵਾਈ ਨੂੰ ਕਿਹਾ ਜਾਵੇ ਕਿ ਬੋਗਸ ਹੋ ਰਹੀ ਹੈ, ਬਕਵਾਸ ਹੋ ਰਹੀ ਹੈ। ਇਤਨੀ ਫਿਲਥੀ ਲੈਂਗੂਏਜ, ਇਤਨੀ ਘਟੀਆਂ ਲੈਂਗੂਏਜ ਵਰਤਣੀ ਨਾ-ਮੁਨਾਸਿਬ ਹੈ । (ਸਰਦਾਰ ਬੇਅੰਤ ਸਿੰਘ ਵੱਲੋਂ ਵਿਘਨ) ਇਸ ਦੇ ਮੁਤੱਲਕ

Original with;
Punjab Vidhan Sabha
Digitized by;
Panjab Digital Library

ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਆਪਣੀ ਜ਼ਬਾਨ ਨੂੰ ਕੰਟਰੋਲ ਕਰਨਾ ਚਾਹੀਦਾ ਹੈ। ਇਥੇ ਅਸੀਂ ਪੰਜਾਬ ਦੀ ਜਨਤਾ ਨੂੰ ਸਾਰੇ ਰਿਪ੍ਰਜ਼ੈਂਟ ਕਰਦੇ ਹਾਂ, ਜਦੋਂ ਇਥੇ ਇਹੋ ਜਿਹੀਆਂ ਗੱਲਾਂ ਹੁੰਦੀਆਂ ਹਨ ਤਾਂ ਸਾਡਾ ਤਮਾਸ਼ਾ ਇਥੇ ਬੈਠੇ ਲੋਕ ਦੇਖਦੇ ਹਨ। (ਵਿਘਨ) ਮੇਰੀ ਕੋਈ ਗੱਲ ਕਾਬਲੇ ਇਤਰਾਜ਼ ਹੈ ਤਾਂ ਮੈਨੂੰ ਫੌਰਨ ਕਹਿ ਸਕਦੇ ਹੋ, ਮੈਂ ਸੁਣਨ ਵਾਸਤੇ ਤਿਆਰ ਹਾਂ। ਡੈਮੋਕਰੇਸੀ ਦਾ ਨਾਮ ਹੀ ਸੁਣਨਾ ਔਰ ਸੁਣਾਨਾ ਹੈ। ਜੇ ਇਹ ਦੋ ਗਲਾਂ ਨਿਕਲ ਜਾਣ ਤਾਂ ਅਸੀਂ ਕਿਸ ਕਿਸਮ ਦੀ ਜਮਹੂਰੀਅਤ ਬਣਾ ਸਕਾਂਗੇ, ਉਹ ਤੁਹਾਡੇ ਸਾਹਮਣੇ ਰਹੀ ਹੈ। ਚੇਅਰਮੈਨ ਸਾਹਿਬ, ਐਪਰੋਪ੍ਰੀਏਸ਼ਨ ਬਿਲ ਦੇ ਮੁਤਲੱਕ ਮੇਰੇ ਦੋਸਤਾਂ, ਬਾਦਲ ਸਾਹਿਬ ਨੇ ਅਤੇ ਸਰਦਾਰ ਚਰਨਜੀਤ ਸਿੰਘ ਹੋਰਾਂ ਨੇ ਬੜੀ ਖ਼ੂਬਸੂਰਤੀ ਨਾਲ ਬਿਆਨ ਕੀਤਾ ਹੈ ਔਰ ਖਾਸ ਤੌਰ ਤੇ ਸ਼ਡਿਊਲਡ ਕਾਸਟਸ ਭਰਾਵਾਂ ਦੇ ਮਸਲਿਆਂ ਤੇ ਰੋਸ਼ਨੀ ਪਾਈ ਹੈ। ਗੌਰਮਿੰਟ ਦਾ ਟਰੈਂਡ ਪਛੜੀਆਂ ਸ਼੍ਰੇਣੀਆਂ ਦੇ ਲੋਕਾਂ ਵਾਸਤੇ, ਹੇਠਲੇ ਵਰਗ ਵਾਸਤੇ ਜੋ ਹੈ ਉਹ ਉਨ੍ਹਾਂ ਨੇ ਦੱਸਿਆ ਹੈ। (ਘੰਟੀ) (ਵਿਘਨ)

**ਸ਼੍ਰੀ ਸਭਾਪਤੀ**: ਸਰਦਾਰ ਕਿਰਪਾਲ ਸਿੰਘ ਜੀ, ਵਾਈਂਡ ਅੱਪ ਕਰੋ।

**ਸਰਦਾਰ ਕਿਰਪਾਲ ਸਿੰਘ**: ਉਸ ਨੂੰ ਤੁਰਕਮਾਨ ਗੇਟ ਨਾਲ ਮੁਸ਼ਾਬਤ ਦੇਣੀ ਜਾਂ ਇਹ ਕਹਿਣਾ ਕਿ ਐਮਰਜੈਂਸੀ ਤੋਂ ਵੱਧ ਵਧੀਕੀਆਂ ਹੋ ਰਹੀਆਂ ਹਨ। (ਵਿਘਨ) ਮਿਸਾਲ ਵੇਲੇ ਤਾਂ ਜਾਂ ਹਜੂਜ ਦਾ ਨਾਮ ਲਿਆ ਜਾਂਦਾ ਸੀ, ਮਜੂਜ ਦਾ ਨਾਮ ਲਿਆ ਜਾਂਦਾ ਸੀ ਜਾਂ ਫਿਰ ਨਾਦਰ ਤੇ ਚੰਗੇਜ਼ ਦਾ ਨਾਮ ਲਿਆ ਜਾਂਦਾ ਸੀ। ਅੱਜ ਮਿਸਾਲ ਦਿੱਤੀ ਜਾ ਰਹੀ ਹੈ। ਤੁਰਕਮਾਨ ਗੇਟ ਅਤੇ ਐਮਰਜੰਸੀ ਦੀ। (ਘੰਟੀ) (ਵਿਘਨ) ਅੰਤ ਵਿਚ ਮੈਂ ਇਹ ਕਹਾਂਗਾ ਕਿ ਐਪਰੋਪ੍ਰੀਏਸ਼ਨ ਬਿਲ ਜਿਹੜਾ ਕਿ ਪੰਜਾਬ ਦੇ ਇੰਟਰੱਸਟ ਵਿਚ ਹੈ ਅਤੇ ਜਿਸ ਦੇ ਨਾਲ ਪੰਜਾਬ ਦੇ ਲੋਕਾਂ ਦਾ ਭਲਾ ਹੋਣਾ ਹੈ, ਜਿਸ ਦੇ ਨਾਲ ਪੰਜਾਬ ਦਾ ਭਲਾ ਹੋਵੇਗਾ, ਉਹ ਜਿਸ ਗੁੱਡ ਫੇਥ ਵਿਚ ਪੇਸ਼ ਕੀਤਾ ਗਿਆ ਹੈ ਉਸੇ ਗੁੱਡ ਫੇਥ ਵਿਚ ਪਾਸ ਕੀਤਾ ਜਾਵੇ।

**ਸਰਦਾਰ ਉਮਰਾਓ ਸਿੰਘ** (ਨਕੋਦਰ): ਚੇਅਰਮੈਨ ਸਾਹਿਬ, ਇਸ ਹਾਊਸ ਵਿਚ ਜੋ ਸਪਲੀਮੈਂਟਰੀ ਐਸਟੀਮੇਟਸ ਲਈ ਡੀਮਾਂਡਜ਼ ਰਖੀਆਂ ਗਈਆਂ ਹਨ ਮੈਂ ਇਨ੍ਹਾਂ ਦਾ ਥੋੜਾ ਥੋੜਾ, ਜ਼ਿਕਰ ਕਰਕੇ ਕੁਝ ਗੱਲਾਂ ਲਾਅ ਐਂਡ ਆਰਡਰ ਦੇ ਮੁਤੱਲਕ ਕਰਨਾ ਚਾਹੁੰਦਾ ਹਾਂ। ਪਹਿਲੀ ਗਲ ਮੈਂ ਰਿਲੀਫ ਦੇ ਮੁਤੱਲਕ ਕਰਨਾ ਚਾਹੁੰਦਾ ਹਾਂ ਕਿ ਇਥੇ ਬੜੇ ਜ਼ੋਰ ਦੇ ਨਾਲ ਮੁੱਖ ਮੰਤਰੀ ਸਾਹਿਬ ਵੱਲੋਂ ਅਤੇ ਕੁਝ ਹੋਰ ਸਾਥੀਆਂ ਵੱਲੋਂ ਕਿਹਾ ਗਿਆ ਕਿ ਜਿੰਨਾ ਰਿਲੀਫ ਅਸੀਂ ਇਸ ਸਾਲ ਦੇ ਰਹੇ ਹਾਂ ਕਦੇ ਵੀ ਕਿਸੇ ਸਰਕਾਰ ਨੇ ਨਹੀਂ ਦਿਤਾ। ਬਲਕਿ ਇਥੇ ਇਹ ਵੀ ਕਿਹਾ ਗਿਆ ਹੈ ਕਿ ਇਹ ਰਿਲੀਫ ਦੁੱਗਣਾ ਦਿਤਾ ਗਿਆ ਹੈ। ਜਿੱਥੋਂ ਤੱਕ, ਚੇਅਰਮੈਨ ਸਾਹਿਬ, ਮਕਾਨਾਂ ਦਾ ਤੁਅੱਲਕ ਹੈ ਮੈਂ ਉਸ ਦਿਨ ਵੀ ਸਦਨ ਵਿਚ ਕਿਹਾ ਸੀ ਜਦੋਂ 7 ਤਾਰੀਖ ਨੂੰ ਇਸ ਸਦਨ ਵਿਚ ਇਕ ਸਵਾਲ ਦਾ ਜਵਾਬ ਦਿਤਾ ਗਿਆ ਸੀ। ਫਾਈਨਾਂਸ ਮਨਿਸਟਰ ਸਾਹਿਬ ਇਸ ਗਲ ਨੂੰ ਨੋਟ ਕਰਨ ਕਿ ਇਕ ਕੁਐਸਚਨ ਨੰਬਰ 695 ਹੈ ਅਤੇ ਉਸਦਾ ਜਵਾਬ 7 ਤਾਰੀਖ ਨੂੰ ਦਿੱਤਾ ਹੈ। (ਇਕ ਆਵਾਜ਼: ਅੱਜ 13 ਤਾਰੀਖ ਹੈ) ਇਹ ਸਰਦਾਰ ਗੁਰਧਾਰਾ ਸਿੰਘ ਜੀ ਦਾ ਸਵਾਲ ਸੀ, ਉਸ ਵਿਚ ਲਿਖਿਆ ਹੈ ਕਿ 1975-76 ਵਿਚ ਸਿਰਫ ਫਿਰੋਜ਼ਪੁਰ ਵਿਚ, 21 ਲੱਖ ਰੁਪਿਆ, 1976-77 ਵਿਚ 1 ਕਰੋੜ 25 ਲੱਖ ਰੁਪਿਆ ਦਿੱਤਾ ਗਿਆ ਹੈ। (ਡਾਕਟਰ ਸਾਧੂ ਰਾਮ ਵੱਲੋਂ ਵਿਘਨ) ਤੇਰਾ ਪਿਓ ਬੈਠਾ ਹੈ ਜੋ ਮਰਜ਼ੀ ਕਢਵਾ ਲੈ। (ਵਿਘਨ), ਫਿਰ, ਚੇਅਰਮੈਨ ਸਾਹਿਬ, ਪੱਕੇ ਮਕਾਨਾਂ ਵਾਸਤੇ 2 ਹਜ਼ਾਰ ਰੁਪਏ ਜੋ ਪੂਰੀ ਮੁਰੰਮਤ ਦੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਉਮਰਾਓ ਸਿੰਘ]

ਲੋੜ ਹੈ, ਜੇ ਥੋੜ੍ਹੀ ਮੁਰੰਮਤ ਦੀ ਲੋੜ ਹੈ ਤਾਂ 1 ਹਜ਼ਾਰ ਰੁਪਏ । ਇਸ ਤਰ੍ਹਾਂ ਹੀ ਕੱਚੇ ਮਕਾਨਾਂ ਵਾਸਤੇ 500 ਰੁਪਏ ਪੂਰੇ ਵਾਸਤੇ ਅਤੇ ਦੂਸਰੇ ਵਾਸਤੇ 250 ਰੁਪਏ ....

**Mr. Chairman** : The House stands adjourned till 2.30 P. M. today.

*The Sabha then *adjourned till* 2.30 *P.M. today, the 13th September, 1978*).

*1-30 P.M.

Original with;
Punjab Vidhan Sabha
Digitized by;
Panjab Digital Library

## APPENDIX

To

**Punjab Vidhan Sabha Debate**

*Dated the 13th September,* 1978 *(Morning Sitting)*

STARRED QUESTION AND ANSWER

**Refusal of Clearance Certificates to the former Sarpanches and Panches**

***769. Sardar Beant Singh :** Will the Minister for Development be pleased to state the number of former Sarpanches and Panches in the State, district-wise, who were refused the clearance certificates by the Block Development and Panchayat Officers together with the grounds of refusal ?

**ਸਰਦਾਰ ਆਤਮਾ ਸਿੰਘ :** ਸੂਚਨਾ ਹੇਠ ਲਿਖੇ ਅਨੁਸਾਰ ਹੈ ਜੀ:—

| ਲੜੀ ਨੰ: | ਜ਼ਿਲ੍ਹਾ | ਪੰਚਾਂ/ਸਰਪੰਚਾਂ ਦੀ ਗਿਣਤੀ ਜਿਨ੍ਹਾਂ ਨੂੰ ਕਲੀਅਰੇਂਸ ਸਰਟੀ-ਫਿਕੇਟ ਦੇਣ ਤੋਂ ਨਾਂਹ ਕੀਤੀ ਗਈ । | ਕਲੀਅਰੇਂਸ ਸਰਟੀਫਿਕੇਟ ਨਾ ਦੇਣ ਦੇ ਕਾਰਨ । |
|---|---|---|---|
| 1. | ਸੰਗਰੂਰ | 8 | ਪੰਚਾਇਤ ਦਾ ਚਾਰਜ ਨਹੀਂ ਦਿੱਤਾ । ਪੰਚਾਇਤ ਫੰਡ ਅਤੇ ਲੀਜ਼ ਦਾ ਪੈਸਾ ਵੀ ਨਹੀਂ ਦਿੱਤਾ । ਪੰਚਾਇਤ ਜਮੀਨ ਤੇ ਨਜਾਇਜ਼ ਕਬਜ਼ਾ ਹੈ । |
| 2. | ਹੁਸ਼ਿਆਰਪੁਰ | 2 | ਪੰਚਾਇਤ ਦਾ ਚਾਰਜ ਨਹੀਂ ਦਿੱਤਾ । |
| 3. | ਫਿਰੋਜ਼ਪੁਰ | 13 | ਕੇਸ਼ ਹੱਥ ਵਿਚ ਹੋਣ ਕਰਕੇ ਅਤੇ ਇਕ ਕੇਸ ਵਿਚ ਪੰਚਾਇਤ ਦੀ 92 ਕਨਾਲ ਸ਼ਾਮਲਾਤ ਜਮੀਨ ਤੇ ਨਜਾਇਜ਼ ਕਬਜ਼ਾ । |
| 4. | ਅੰਮ੍ਰਿਤਸਰ | 11 | ਪੰਚਾਇਤ ਦਾ ਚਾਰਜ ਨਹੀਂ ਦਿੱਤਾ । |
| 5. | ਫਰੀਦਕੋਟ | 5 | ਉਕਤ |
| 6. | ਗੁਰਦਾਸਪੁਰ | 2 | ਉਕਤ |
| 7. | ਰੂਪਨਗਰ | 31 | ਪੰਚਾਇਤ ਰਿਕਾਰਡ ਅਤੇ ਕੈਸ਼ ਦਾ ਚਾਰਜ ਨਾ ਦੇਣ ਕਾਰਨ । |
| 8. | ਪਟਿਆਲਾ | 10 | ਰਿਕਾਰਡ ਦਾ ਚਾਰਜ ਨਾ ਦੇਣ ਕਾਰਨ । |
| 9. | ਬਠਿੰਡਾ | 31 | ਉਕਤ |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਜ਼ਿਲ੍ਹਾ | | ਪੰਚਾਂ/ਸਰਪੰਚਾਂ ਦੀ ਗਿਣਤੀ ਜਿਨ੍ਹਾਂ ਨੂੰ ਕਲੀਅਰੈਂਸ ਸਰਟੀ-ਫਿਕੇਟ ਦੇਣ ਤੋਂ ਨਾਂਹ ਕੀਤੀ ਗਈ। | ਕਲੀਅਰੈਂਸ ਸਰਟੀਫਿਕੇਟ ਨਾ ਦੇਣ ਦੇ ਕਾਰਨ। |
|---|---|---|---|---|
| 10. | ਜਲੰਧਰ | .. | 19 | ਪੰਚਾਇਤ ਦਾ ਮੁਕੰਮਲ ਚਾਰਜ ਨਾ ਦੇਣ ਕਾਰਨ |
| 11. | ਲੁਧਿਆਣਾ | .. | 24 | ਉਕਤ |
| 12. | ਕਪੂਰਥਲਾ | .. | 4 | ਉਕਤ |
| | ਜੋੜ | .. | 160 | |

## UNSTARRED QUESTIONS AND ANSWERS

**ਪੰਜਾਬ ਭੂਮੀ ਸੁਧਾਰ ਐਕਟ, 1972 ਦੇ ਲਾਗੂ ਹੋਣ ਦੇ ਬਾਅਦ ਜ਼ਮੀਨ ਕਬਜ਼ੇ ਵਿਚ ਰੱਖਣ ਵਾਲੇ ਪਿੰਡ ਕੁਲਾਹ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਦੇ ਜ਼ਮੀਨ ਮਾਲਕ।**

214. **ਕਾਮਰੇਡ ਬਲਦੇਵ ਸਿੰਘ ਲੁੰਬਾ:** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿੰਡ ਕੁਲਾਹ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਦੇ ਅਜਿਹੇ ਭੂਮੀ ਮਾਲਕਾਂ ਦੀ ਗਿਣਤੀ ਅਤੇ ਨਾਂ ਦੱਸਣਗੇ ਜਿਨ੍ਹਾਂ ਪਾਸ ਪੰਜਾਬ ਭੂਮੀ ਸੁਧਾਰ ਐਕਟ, 1972 ਦੇ ਲਾਗੂ ਹੋਣ ਤੋ ਬਾਅਦ:

(1) $2\frac{1}{2}$ ਸਟੈਂਡਰਡ ਏਕੜ

(2) $2\frac{1}{2}$ ਸਟੈਂਡਰਡ ਏਕੜ ਤੋਂ ਵੱਧ ਪਰ 5 ਸਟੈਂਡਰਡ ਏਕੜ ਤੋਂ ਘੱਟ;

(3) 5 ਸਟੈਂਡਰਡ ਏਕੜ ਪਰ 10 ਸਟੈਂਡਰਡ ਏਕੜ ਤੋਂ ਘੱਟ;

(4) 10 ਸਟੈਂਡਰਡ ਏਕੜ ਪਰ 15 ਸਟੈਂਡਰਡ ਏਕੜ ਤੋਂ ਘੱਟ; ਅਤੇ

(5) 15 ਸਟੈਂਡਰਡ ਏਕੜ ਪਰ 17 ਸਟੈਂਡਰਡ ਏਕੜ ਤੋਂ ਘੱਟ;

ਜ਼ਮੀਨ ਹੈ?

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ:** ਸਟੇਟਮੈਂਟ ਨਾਲ ਨੱਥੀ ਕੀਤੀ ਜਾਂਦੀ ਹੈ।

Original with;
Punjab Vidhan Sabha
Digitized by;
Panjab Digital Library

## ਭੋਂ ਮਾਲਕਾਂ ਦੀ ਸੂਚੀ

(1) ਜਿਨ੍ਹਾਂ ਕੋਲ ਪਿੰਡ ਕੂਲਾਂ ਤਹਿਸੀਲ ਪੱਟੀ ਵਿਚ $2\frac{1}{2}$ ਸਟੈਂਡਰਡ ਏਕੜ ਤਕ ਜ਼ਮੀਨ ਹੈ:

| ਕ੍ਰਮ ਨੰ: | ਭੋਂ ਮਾਲਕ ਦਾ ਨਾਂ |
|---|---|
| 1-3. | ਪਿਆਰਾ ਸਿੰਘ, ਸਰਦਾਰਾ ਸਿੰਘ, ਮੁਖਤਾਰ ਸਿੰਘ ਪੁੱਤਰਾਨ ਗੁਰਦਿਆਲ ਸਿੰਘ ; |
| 4. | ਹਰਪਾਲ ਕੌਰ ਪਤਨੀ ਸੁਖਦਿਆਲ ਸਿੰਘ ; |
| 5. | ਗੁਰਦਿਆਲ ਸਿੰਘ ਪੁੱਤਰ ਅਨੋਖ ਸਿੰਘ ; |
| 6. | ਭਗਵੰਤ ਸਿੰਘ ਪੁੱਤਰ ਕਰਤਾਰ ਸਿੰਘ ; |
| 7. | ਸੁਰਜੀਤ ਸਿੰਘ ਪੁੱਤਰ ਕਰਤਾਰ ਸਿੰਘ; |
| 8. | ਹਜ਼ਾਰਾ ਸਿੰਘ ਪੁੱਤਰ ਭਗਵਾਨ ਸਿੰਘ ; |
| 9. | ਸ਼ਾਮ ਸਿੰਘ ਪੁੱਤਰ ਭਗਵਾਨ ਸਿੰਘ ; |
| 10. | ਅਨੋਖ ਸਿੰਘ ਪੁੱਤਰ ਮਾਲਾ ਸਿੰਘ ; |
| 11. | ਬਲਬੀਰ ਸਿੰਘ ਪੁੱਤਰ ਮਹਿੰਦਰ ਸਿੰਘ ; |
| 12. | ਜਸਵਿੰਦਰ ਸਿੰਘ ਪੁੱਤਰ ਨਿਸ਼ਾਨ ਸਿੰਘ ; |
| 13. | ਮੋਹਿੰਦਰ ਸਿੰਘ ਪੁੱਤਰ ਨਾਜ਼ਰ ਸਿੰਘ ; |
| 14. | ਚਰਨ ਕੌਰ ਪਤਨੀ ਨਿਸ਼ਾਨ ਸਿੰਘ ; |
| 15. | ਸੂਰਤ ਸਿੰਘ ਪੁੱਤਰ ਗੰਡਾ ਸਿੰਘ ; |
| 16-17. | ਮੇਜਰ ਸਿੰਘ ਪੁੱਤਰ ਗੰਡਾ ਸਿੰਘ ; |
| 18. | ਦਵਿੰਦਰ ਸਿੰਘ ਪੁੱਤਰ ਗੰਡਾ ਸਿੰਘ ; |
| 19. | ਕੁਲਵਿੰਦਰ ਸਿੰਘ ਪੁੱਤਰ ਗੰਡਾ ਸਿੰਘ ; |
| 20. | ਹਰਬੰਸ ਲਾਲ ਪੁੱਤਰ ਹੇਮ ਰਾਜ ; |
| 21. | ਬੇਲੀ ਰਾਮ ਪੁੱਤਰ ਆਤਮਾ ਰਾਮ ; |
| 22. | ਦੁਰਗਾ ਦਾਸ ਪੁੱਤਰ ਆਤਮਾ ਰਾਮ ; |
| 23. | ਸੁਰਜੀਤ ਕੌਰ ਪੁੱਤਰੀ ਰਾਮ ਸਿੰਘ ; |
| 24. | ਕੁੰਦਨ ਲਾਲ ਪੁੱਤਰ ਮੋਹਨ ਲਾਲ ; |
| 25. | ਮਨੋਹਰ ਲਾਲ ਪੁੱਤਰ ਮੋਹਨ ਲਾਲ ; |
| 26. | ਹਰਬੰਸ ਲਾਲ ਪੁੱਤਰ ਮੋਹਨ ਲਾਲ ; |
| 27. | ਗੁਰਦਿਆਲ ਸਿੰਘ ਪੁੱਤਰ ਕਰਤਾਰ ਸਿੰਘ ; |
| 28. | ਮੋਹਨ ਸਿੰਘ ਪੁੱਤਰ ਕਰਤਾਰ ਸਿੰਘ ; |
| 29. | ਦੇਵਾ ਸਿੰਘ ਪੁੱਤਰ ਕਰਤਾਰ ਸਿੰਘ ; |
| 30. | ਗੁਰੋ ਪੁੱਤਰੀ ਕਰਤਾਰ ਸਿੰਘ ; |

Original with;
Punjab Vidhan Sabha
Digitized by;
Panjab Digital Library

| ਕ੍ਰਮ ਨੰ: | ਭੋਂ ਮਾਲਕ ਦਾ ਨਾਂ |
|---|---|
| 31. | ਫੀਨੋ ਪੁੱਤਰੀ ਕਰਤਾਰ ਸਿੰਘ ; |
| 32. | ਜਗਤਾਰ ਸਿੰਘ ਪੁੱਤਰ ਦਾਰਾ ਸਿੰਘ ; |
| 33. | ਲਖਬੀਰ ਸਿੰਘ ਪੁੱਤਰ ਦਾਰਾ ਸਿੰਘ ; |
| 34. | ਰਸਚਨ ਸਿੰਘ ਪੁੱਤਰ ਦਾਰਾ ਸਿੰਘ ; |
| 35. | ਬੀਰੋ ਪੁੱਤਰੀ ਹਰਬੰਸ ਸਿੰਘ ; |
| 36. | ਪਾਲ ਸਿੰਘ ਪੁੱਤਰ ਬਿਸ਼ਨ ਸਿੰਘ ; |
| 37. | ਸਵਰਨ ਸਿੰਘ ਪੁੱਤਰ ਮਚਾਨ ਸਿੰਘ ; |
| 38. | ਵੱਸਨ ਸਿੰਘ ਪੁੱਤਰ ਬਚਿੰਤ ਸਿੰਘ ; |
| 39. | ਬਹਾਲ ਸਿੰਘ ਪੁੱਤਰ ਬਚਿੰਤ ਸਿੰਘ ; |
| 40. | ਚੇਰ ਸਿੰਘ ਪੁੱਤਰ ਜਮਾ ਸਿੰਘ ; |
| 41. | ਸੁਖਦੇਵ ਸਿੰਘ ਪੁੱਤਰ ਜੱਸਾ ਸਿੰਘ ; |
| 42. | ਸੁਰਜੀਤ ਸਿੰਘ ਪੁੱਤਰ ਜੱਸਾ ਸਿੰਘ ; |
| 43. | ਬਲਕਾਰ ਸਿੰਘ ਪੁੱਤਰ ਦਿਆਲ ਸਿੰਘ ; |
| 44. | ਦਰਸ਼ਨ ਸਿੰਘ ਪੁੱਤਰ ਸੁਲਤਾਨ ਸਿੰਘ ; |
| 45. | ਸੱਤਪਾਲ, ਪੁੱਤਰ ਗਿਆਨ ਚੰਦ ; |
| 46. | ਭਗਤ ਰਾਮ ਪੁੱਤਰ ਗਿਆਨ ਚੰਦ ; |
| 47. | ਚਰਨ ਦਾਸ ਪੁੱਤਰ ਲਾਲ ਚੰਦ ; |
| 48. | ਹਰਚਰਨ ਸਿੰਘ ਪੁੱਤਰ ਹਾਮ ਸਿੰਘ ; |
| 49. | ਮੋਹਿੰਦਰ ਸਿੰਘ ਪੁੱਤਰ ਰਾਮ ਸਿੰਘ ; |
| 50. | ਸੁਰਜੀਤ ਸਿੰਘ ਪੁੱਤਰ ਸੰਤਾ ਸਿੰਘ ; |
| 51. | ਵਰਯਾਮ ਸਿੰਘ ਪੁੱਤਰ ਸੰਤਾ ਸਿੰਘ ; |
| 52. | ਸ਼ਿਵ ਦੇਵ ਕੌਰ ਪੁੱਤਰੀ ਗਿਆਨ ਸਿੰਘ ; |
| 53. | ਕੀਰਤਪਾਲ ਸਿੰਘ ਪੁੱਤਰ ਰਨਜੀਤ ਸਿੰਘ ; |
| 54. | ਮਨਜੀਤ ਕੌਰ ਵਿਧਵਾ ਕੁਲਵੰਤ ਸਿੰਘ ; |
| 55. | ਕੁਲਵੰਤ ਸਿੰਘ ਪੁੱਤਰ ਬੂਟਾ ਸਿੰਘ ; |
| 56. | ਮੋਹਿੰਦਰ ਸਿੰਘ ਪੁੱਤਰ ਬੂਟਾ ਸਿੰਘ ; |
| 57. | ਸ਼ਾਲਗ ਰਾਮ ਪੁੱਤਰ ਦੂਨੀ ਚੰਦ ; |
| 58. | ਮੋਹਨ ਲਾਲ ਪੁੱਤਰ ਦੂਨੀ ਚੰਦ ; |
| 59. | ਰਾਮ ਪਿਆਰੀ ਪਤਨੀ ਦੂਰਗਾ ਦਾਸ ; |
| 60. | ਪਰਕਾਸ਼ੋ ਪੁੱਤਰੀ ਮੂਲ ਰਾਜ ; |
| 61. | ਦੌਲਤ ਰਾਮ ਪੁੱਤਰ ਮਿਲਖੀ ਰਾਮ ; |
| 62. | ਨਰੰਜਨ ਦਾਸ ਪੁੱਤਰ ਮਿਲਖੀ ਰਾਮ ; |

Original with;
Punjab Vidhan Sabha
Digitized by;
Panjab Digital Library

| ਕ੍ਰਮ ਨੰ: | ਭੋਂ ਮਾਲਕ ਦਾ ਨਾਂ |
|---|---|

63. ਜਮਨਾ ਦੇਵੀ ਪੁੱਤਰੀ ਮਿਲਖੀ ਰਾਮ ;
64. ਮਾਯਾ ਦੇਵੀ ਪੁੱਤਰੀ ਮਿਲਖੀ ਰਾਮ ;
65. ਜਗਦੀਸ਼ ਮਿਤਲ ਪੁੱਤਰ ਸੰਤ ਰਾਮ ;
66. ਰਾਮ ਪਰਕਾਸ਼ ਪੁੱਤਰ ਸੰਤ ਰਾਮ ;

(2) ਭੋਂ ਮਾਲਕ ਜਿਨ੍ਹਾਂ ਕੋਲ ਪਿੰਡ ਕੁਲਾਂ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਵਿਚ $2\frac{1}{2}$ ਸਟੈਂਡਰਡ ਏਕੜ ਤੋਂ ਜ਼ਿਆਦਾ ਅਤੇ 5 ਸਟੈਂਡਰਡ ਏਕੜ ਤੋਂ ਘੱਟ ਜ਼ਮੀਨ ਹੈ:

1. ਖਜ਼ਾਨ ਸਿੰਘ ਪੁੱਤਰ ਮੁਨਸ਼ੀ ਰਾਮ ;
2. ਸਰਦੂਲ ਸਿੰਘ ਪੁੱਤਰ ਕੁੰਦਨ ਸਿੰਘ ;
3. ਹਰਚਰਨ ਸਿੰਘ ਪੁੱਤਰ ਕਰਤਾਰ ਸਿੰਘ ;
4. ਹਰਪਾਲ ਸਿੰਘ ਪੁੱਤਰ ਕਰਤਾਰ ਸਿੰਘ ;
5. ਰਾਜਿੰਦਰ ਪਾਲ ਸਿੰਘ ਪੁੱਤਰ ਦੇਵਾ ਸਿੰਘ ;
6. ਜਸਵੀਰ ਕੌਰ ਵਿਧਵਾ ਕੇਹਰ ਸਿੰਘ ;
7. ਹਰਜੀਂਦਰ ਸਿੰਘ ਪੁੱਤਰ ਨਿਸ਼ਾਨ ਸਿੰਘ ;
8. ਹਜ਼ੂਰਾ ਸਿੰਘ ਪੁੱਤਰ ਦੇਵਾ ਸਿੰਘ ;
9. ਜੰਗ ਸਿੰਘ ਪੁੱਤਰ ਸ਼ਾਮ ਸਿੰਘ ;
10. ਬਹਲੀ ਰਾਮ ਪੁੱਤਰ ਰਾਮ ਕਿਸ਼ਨ ;
11. ਗਿਆਨ ਚੰਦ ਪੁੱਤਰ ਰਾਮ ਕ੍ਰਿਸ਼ਨ ;
12. ਦਿਆਲ ਪੁੱਤਰ ਅਨੋਖ ਸਿੰਘ ;
13. ਜੋਗਿੰਦਰ ਸਿੰਘ ਪੁੱਤਰ ਠਾਕੁਰ ਸਿੰਘ ;
14. ਵਰਯਾਮ ਸਿੰਘ ਪੁੱਤਰ ਸੁਲਤਾਨ ਸਿੰਘ ;
15. ਤੇਜਾ ਸਿੰਘ ਪੁੱਤਰ ਮੋਹਨ ਸਿੰਘ ;
16. ਕੁੰਦਨ ਸਿੰਘ ਪੁੱਤਰ ਨਿਹਾਲ ਸਿੰਘ ;

(3) ਭੋਂ ਮਾਲਕ ਜਿਨ੍ਹਾਂ ਕੋਲ ਪਿੰਡ ਕੁਲਾਂ, ਤਹਿਸੀਲ ਪੱਟੀ ਵਿਚ 5 ਸਟੈਂਡਰਡ ਏਕੜ ਤੋਂ ਵੱਧ ਅਤੇ 10 ਸਟੈਂਡਰਡ ਏਕੜ ਤੋਂ ਘੱਟ ਜ਼ਮੀਨ ਹੈ :

1. ਗੁਰਮੁੱਖ ਸਿੰਘ ਪੁੱਤਰ ਕੁੰਦਨ ਸਿੰਘ ;
2. ਹਰਦਿਆਲ ਸਿੰਘ ਪੁੱਤਰ ਕਰਤਾਰ ਸਿੰਘ ;
3. ਹਰਜਪ ਸਿੰਘ ਪੁੱਤਰ ਕਰਤਾਰ ਸਿੰਘ ;
4. ਹਰਬੰਸ ਲਾਲ ਪੁੱਤਰ ਦੁਰਗਾ ਦੇਵੀ ;
5. ਜੋਗਿੰਦਰ ਸਿੰਘ ਪੁੱਤਰ ਰੂੜ ਸਿੰਘ ;

Original with;
Punjab Vidhan Sabha
Digitized by;
Panjab Digital Library

6. ਸੇਵਾ ਰਾਮ ਪੁੱਤਰ ਸੰਤ ਰਾਮ ;
7. ਅਮਰ ਸਿੰਘ ਪੁੱਤਰ ਰਤਨ ਸਿੰਘ ;
8. ਗਿਆਨ ਚੰਦ ਪੁੱਤਰ ਜੈਯ ਚੰਦ ;
9. ਮੇਹਲ ਸਿੰਘ ਪੁੱਤਰ ਸੁਰਜਨ ਸਿੰਘ ;
10. ਕਸ਼ਮੀਰ ਸਿੰਘ ਪੁੱਤਰ ਮੇਹਲ ਸਿੰਘ ;
11. ਦਲਬੀਰ ਸਿੰਘ ਪੁੱਤਰ ਮੇਹਲ ਸਿੰਘ ;
12. ਅਵਤਾਰ ਸਿੰਘ ਪੁੱਤਰ ਮੇਹਲ ਸਿੰਘ;
13. ਅਨੂਪ ਸਿੰਘ ਪੁੱਤਰ ਮੰਗਲ ਸਿੰਘ ;
14. ਭਗਵਾਨ ਸਿੰਘ ਪੁੱਤਰ ਕ੍ਰਿਸ਼ਨ ਸਿੰਘ ;
15. ਦਲੀਪ ਸਿੰਘ ਪੁੱਤਰ ਕਿਸ਼ਨ ਸਿੰਘ ;
16. ਆਤਮਾ ਸਿੰਘ ਪੁੱਤਰ ਕਿਸ਼ਨ ਸਿੰਘ ;
17. ਹਰਜਿੰਦਰ ਸਿੰਘ ਪੁੱਤਰ ਕਿਸ਼ਨ ਸਿੰਘ ;
18. ਸੰਤ ਰਾਮ ਪੁੱਤਰ ਜੈਯ ਚੰਦ ;
19. ਦੁਰਗਾ ਦੇਵੀ ਵਿਧਵਾ ਹੇਮ ਰਾਜ ;
20. ਪਰਕਾਸ਼ ਕੌਰ ਪੁੱਤਰੀ ਗਿਆਨ ਚੰਦ ;
21. ਦੀਵਾਨ ਚੰਦ ਪੁੱਤਰ ਜੈਯ ਚੰਦ ;
22. ਤੀਰਥ ਰਾਮ ਪੁੱਤਰ ਜਵਾਹਰ ਲਾਲ ;

(4) ਜਿਨ੍ਹਾਂ ਕੋਲ ਪਿੰਡ ਕੁਲਾਂ, ਤੀਹਸੀਲ ਪੱਟੀ ਵਿੱਚ 10 ਸਟੈਂਡਰਡ ਏਕੜ ਤੋਂ ਜ਼ਿਆਦਾ ਅਤੇ 15 ਸਟੈਂਡਰਡ ਏਕੜ ਤੋਂ ਘੱਟ ਜ਼ਮੀਨ ਹੈ :

1. ਗੁਲਜ਼ਾਰ ਸਿੰਘ ਪੁੱਤਰ ਦੇਵਾ ਸਿੰਘ ;
2. ਦਿਲਬਾਗ ਸਿੰਘ ਪੁੱਤਰ ਦੇਵਾ ਸਿੰਘ ;
3. ਬਲਵੰਤ ਕੌਰ ਵਿਧਵਾ ਬਲਵੰਤ ਸਿੰਘ ;
4. ਸੁਖਦਿਆਲ ਸਿੰਘ ਪੁੱਤਰ ਬਲਵੰਤ ਸਿੰਘ ;
5. ਸਮਪੂਰਨ ਸਿੰਘ ਪੁੱਤਰ ਬਲਵੰਤ ਸਿੰਘ ;
6. ਪਰੀਤਮ ਕੌਰ ਪੁੱਤਰੀ ਰਾਜਿੰਦਰ ਸਿੰਘ ;
7. ਅਮਰਜੀਤ ਸਿੰਘ ਪੁੱਤਰ ਰਣਜੀਤ ਸਿੰਘ ;

(5) ਭੋਂ ਮਾਲਕ ਜਿਨ੍ਹਾਂ ਕੋਲ ਪਿੰਡ ਕੁਲਾਂ, ਤਹਿਸੀਲ ਪੱਟੀ ਵਿੱਚ 15 ਸਟੈਂਡਰਡ ਏਕੜ ਤੋਂ ਜ਼ਿਆਦਾ ਅਤੇ 17 ਸਟੈਂਡਰਡ ਏਕੜ ਤੋਂ ਘੱਟ ਜ਼ਮੀਨ ਹੈ :

1. ਮਨਜੀਤ ਕੌਰ ਵਿਧਵਾ ਕੁਲਵੰਤ ਸਿੰਘ ;
2. ਬਾਹਲੀ ਰਾਮ ਪੁੱਤਰ ਜੈਯ ਚੰਦ ।

---

Original with;
Punjab Vidhan Sabha
Digitized by;
Panjab Digital Library

## ਪਿੰਡ ਕੁਲਾਹ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਦੀ ਵਾਧੂ ਜ਼ਮੀਨ ਦੇ ਸਬੰਧ ਵਿੱਚ ਅਪੀਲਾਂ ਦੇ ਕੇਸਾਂ ਦਾ ਨਿਪਟਾਰਾ।

216. **ਕਾਮਰੇਡ ਬਲਦੇਵ ਸਿੰਘ ਲੂੰਬਾ** : ਕੀ ਮਾਲ ਮੰਤਰੀ ਪਿੰਡ ਕੁਲਾਹ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਦੀ ਵਾਧੂ ਜ਼ਮੀਨ ਦੇ ਸਬੰਧ ਵਿਚ ਅਪੀਲਾਂ ਦੇ ਕੇਸਾਂ ਵਿਚੋਂ ਉਨ੍ਹਾਂ ਕੇਸਾਂ ਦੀ ਗਿਣਤੀ ਦੱਸਣਗੇ ਜੋ 1 ਜੁਲਾਈ, 1977 ਤੋਂ 31 ਅਗੱਸਤ, 1978 (ਹੁਣ ਤਕ) ਦੇ ਦੌਰਾਨ ਐਸ. ਡੀ. ਐਮ. ਪੱਟੀ, ਐਸ. ਡੀ. ਓ. (ਸਿਵਲ) ਪੱਟੀ, ਡੀ. ਸੀ. ਅੰਮ੍ਰਿਤਸਰ, ਜ਼ਲੰਧਰ ਡਿਵੀਜਨ ਦੇ ਕਮਿਸ਼ਨਰ ਅਤੇ ਵਿੱਤ ਕਮਿਸ਼ਨਰ, ਮਾਲ ਪੰਜਾਬ ਦੁਆਰਾ ਨਿਪਟਾਏ/ਸੈਟਲ ਕੀਤੇ ਗਏ ਅਤੇ ਉਨ੍ਹਾਂ ਕੇਸਾਂ ਵਿਚ ਅਪੀਲਕਾਰਾਂ/ਉਤਰਦਾਤਾਵਾਂ ਦੇ ਨਾਂ ਕੀ ਕੀ ਹਨ ?

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ** : ਪਿੰਡ ਕੁਲਾਹ, ਤਹਿਸੀਲ ਪੱਟੀ ਦੀ ਵਾਧੂ ਜ਼ਮੀਨ ਦੇ ਸਬੰਧ ਵਿਚ ਮਿਤੀ 1 ਜੁਲਾਈ, 1977 ਤੋਂ 31 ਅਗੱਸਤ, 1978 ਤਕ (ਹੁਣ ਤਕ) ਉਪ ਮੰਡਲ ਅਫਸਰ (ਸ) (ਐਸ. ਡੀ. ਐਮ.) ਪੱਟੀ, ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਅਤੇ ਕਮਿਸ਼ਨਰ ਜਲੰਧਰ ਮੰਡਲ ਵਲੋਂ ਕਿਸੇ ਆਬੀਲ ਕੇਸ ਦਾ ਫੈਸਲਾ ਨਹੀਂ ਕੀਤਾ ਗਿਆ ਸੀ। ਵਿੱਤ ਕਮਿਸ਼ਨਰ ਮਾਲ ਜ਼ੀ ਵਲੋਂ ਹੇਠ ਲਿਖੇ ਤਿੰਨ ਕੇਸਾਂ ਦਾ ਫੈਸਲਾ ਕੀਤਾ ਗਿਆ ਹੈ :—

| | | |
|---|---|---|
| (1) | ਆਰ. ਓ. ਆਰ. ਨੰ. 306—1975-76 | ਸੁਰਜੀਤ ਸਿੰਘ ਪੁੱਤਰ ਟਹਿਲ ਸਿੰਘ ਬਨਾਮ<br>1. ਪੰਜਾਬ ਸਰਕਾਰ<br>2. ਪ੍ਰੀਤਮ ਕੌਰ ਪਤਨੀ ਸ. ਰਜਿੰਦਰ ਸਿੰਘ<br>3. ਜੁਗਿੰਦਰ ਸਿੰਘ ਪੁੱਤਰ ਅਵਤਾਰ ਸਿੰਘ<br>4. ਸੁਰਿੰਦਰਜੀਤ ਕੌਰ ਪਤਨੀ ਪ੍ਰਿਤਪਾਲ ਸਿੰਘ<br>5. ਬਹਾਲੀ ਰਾਮ ਪੁੱਤਰ ਜੈ ਚੰਦ<br>6. ਅਰੂੜ ਸਿੰਘ ਪੁੱਤਰ ਤੇਜ ਸਿੰਘ |
| (2) | ਆਰ. ਓ. ਆਰ. ਨੰ. 307 ਸਾਲ 1975-76 | ਸਰਜੀਤ ਸਿੰਘ ਪੁੱਤਰ ਟੈਹਲ ਸਿੰਘ<br>ਬਨਾਮ<br>1. ਪੰਜਾਬ ਸਰਕਾਰ<br>2. ਪ੍ਰੀਤਮ ਕੌਰ ਪਤਨੀ ਰਾਜਿੰਦਰ ਸਿੰਘ<br>3. ਜੁਗਿੰਦਰ ਸਿੰਘ ਪੁੱਤਰ ਅਵਤਾਰ ਸਿੰਘ<br>4. ਸੁਰਿੰਦਰਜੀਤ ਕੌਰ ਪਤਨੀ ਪ੍ਰਿਤਪਾਲ ਸਿੰਘ<br>5. ਬਹਾਲੀ ਰਾਮ ਪੁੱਤਰ ਜੈ ਚੰਦ<br>6. ਹਰਬੰਸ ਸਿੰਘ ਪੁੱਤਰ ਸੂਰ ਸਿੰਘ |
| (3) | ਆਰ. ਓ. ਆਰ. ਨੰ. 308 ਸਾਲ 1975-76 | 1. ਸੁਰਜੀਤ ਸਿੰਘ ਪੁੱਤਰ ਟੈਹਲ ਸਿੰਘ<br>2. ਅੰਗਰੇਜ ਸਿੰਘ ਪੁੱਤਰ (ਦਸਿਆ ਨਹੀਂ)<br>ਬਨਾਮ<br>1. ਪੰਜਾਬ ਸਰਕਾਰ<br>2. ਪ੍ਰੀਤਮ ਕੌਰ ਪਤਨੀ ਰਾਜਿੰਦਰ ਸਿੰਘ<br>3. ਜੁਗਿੰਦਰ ਸਿੰਘ ਪੁੱਤਰ ਅਵਤਾਰ ਸਿੰਘ<br>4. ਸੁਰਿੰਦਰਜੀਤ ਕੌਰ ਪਤਨੀ ਕਿਰਪਾਲ ਸਿੰਘ<br>5. ਬਹਾਲੀ ਰਾਮ ਪੁੱਤਰ ਜੈ ਚੰਦ |

34676/PVS—Govt. Press, Chd.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

© 1979

Published under the authority of the Punjab Vidhan Sabha Secretariat and printed by the Controller, Government Press, Chandigarh.

Original with;
Punjab Vidhan Sabha
Digitized by;
Panjab Digital Library

# Punjab Vidhan Sabha Debates

*13th September, 1978*
(*Afternoon Sitting*)

**Vol. III—No. 8**

**OFFICIAL REPORT**

CONTENTS

*Wednesday, the 13th September,* 1978


| (*Afternoon Sitting*) | | Page |
|---|---|---|
| Starred Questions and Answers | .. | (8)1 |
| Written Answers to Starred Questions Laid on the Table of the House under Rule 38 | .. | (8)45 |
| Unstarred Questions and Answers | .. | (8)47 |
| Observations by the Speaker | .. | (8)52 |
| Call Attention Notices under Rule 66 | .. | (8)52 |
| Second Report of the Business Advisory Committee | .. | (8)57 |
| LEGISLATIVE BUSINESS— | | |
| **Bill(s)**— | | |
| The Punjab Appropriation (No. 4)—, 1978 (*Resumption of consideration*) | .. | (8)58 |
| Walk-out | .. | (8)75 |
| **Bill (s)**— | | |
| The Punjab Appropriation (No. 4)—,1978 (*Resumption of consideration*) | .. | (8)75 |



**Punjab Vidhan Sabha Secretariat, Chandigarh.**

Price : Rs. 89.00



Original with;
Punjab Vidhan Sabha
Digitized by;
Panjab Digital Library

Page

The Punjab State Legislature (Protection of Publication) —, 1978 .. (8)93

Personal Explanation by Sardar Kirpal Singh .. (8)95

**Bill (s)—**

The Punjab State Legislature (Protection of Publication)——, 1978 (*Resumption of Consideration*) .. (8)95

The Punjab Bhudan Yagna (Amendment)——, 1978 (*Resumption of Consideration*) .. (8)107

Extension of time of the Sitting .. (8)107

**(Bill (s)—**

The Punjab Bhudan Yagna (Amendment) ——, 1978 (*Resumption of Consideration*) (8)107

Resolution under Article 213(2) (a) disapproving the Indian Stamp (Punjab Amendment) Ordinance, 1978 (Punjab Ordinance No. 3 of 1978)

AND

The Indian Stamp (Punjab Amendment)——, 1978 .. (8)113

Extension of time of the Sitting .. (8)115

**Bill (s)—**

Resolution under Article 213 (2) (a) disapproving the Indian Stamp (Punjab Amendment) Ordinance, 1978 (Punjab Ordinance No. 3 of 1978)

AND

The Indian Stamp (Punjab Amendment)——, 1978 (*Resumption of Consideration*) .. (8)115

Walk-out (s) .. (8)117

**Bill(s)**

The Indian Stamp (Punjab Amendment)——, 1978 (*Resumption of Consideration*) .. (8)117

Appendix .. (i)

Original with;
Punjab Vidhan Sabha
Digitized by;
Panjab Digital Library

## PUNJAB VIDHAN SABHA

**Wednesday, the 13th September, 1978**

**(Afternoon Sitting)**

*The Vidhan Sabha met in the Punjab Vidhan Sabha Hall, Vidhan Bhavan, Chandigarh, at 2.30 p.m. of the Clock. Mr. Speaker (Sardar Ravi Inder Singh) in the Chair.*

---

STARRED QUESTIONS AND ANSWERS

**ਇਸ ਵਕਤ ਖਰੜ ਲਗੇ ਤਹਿਸੀਲਦਾਰ, ਪਟਿਆਲਾ ਵਿਰੁੱਧ ਦੋਸ਼**

*685. **ਸਰਦਾਰ ਦਲੀਪ ਸਿੰਘ ਪਾਂਧੀ** : ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਉਨ੍ਹਾਂ ਨੇ ਪਟਿਆਲਾ ਵਿਖੇ ਪਿਛਲੇ ਸਾਲ ਸਾਰੇ ਰਾਜ ਦੇ ਪਟਵਾਰੀਆਂ ਦੀ ਕਾਨਫਰੰਸ ਨੂੰ ਸੰਬੋਧਤ ਕੀਤਾ ਸੀ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿੱਚ ਹੋਵੇ ਤਾਂ ਕੀ ਇਹ ਠੀਕ ਹੈ ਕਿ ਇਸ ਵਕਤ ਖਰੜ ਲਗੇ ਪਟਿਆਲਾ ਤਹਿਸੀਲ ਦੇ ਸਾਬਕਾ ਤਹਿਸੀਲਦਾਰ ਵਿਰੁੱਧ ਕੁਝ ਵਿਅਕਤੀਆਂ ਦੁਆਰਾ ਕੁਝ ਦੋਸ਼ ਲਗਾਏ ਗਏ ਸਨ, ਜੇਕਰ ਅਜਿਹਾ ਹੋਵੇ ਤਾਂ ਦੋਸ਼ਾਂ ਅਤੇ ਉਕਤ ਤਹਿਸੀਲਦਾਰ ਵਿਰੁੱਧ ਕੀਤੀ ਗਈ ਵਿਭਾਗੀ ਕਾਰ-ਵਾਈ ਦਾ ਵੇਰਵਾ ਕੀ ਹੈ ?

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ** : (ੳ) ਹਾਂ ਜੀ।

(ਅ) ਹਾਂ ਜੀ। ਸਰਦਾਰ ਮੁਨਸ਼ੀ ਸਿੰਘ ਪੁੱਤਰ ਸ੍ਰੀ ਬੁਧ ਦਾਸ (ਸਵਰਗਵਾਸੀ) ਮੋਹਤਮਿਮ ਗੁਰਦੁਆਰਾ ਸ੍ਰੀ ਗੁਰੂ ਗਰੰਥ ਸਾਹਿਬ ਸੁਨਾਮ ਪੱਤੀ, ਪਟਿਆਲਾ ਮੇਰੇ ਸਾਹਮਣੇ ਪੇਸ਼ ਹੋਇਆ ਅਤੇ ਉਸ ਨੇ ਸਰਦਾਰ ਦਲਜੀਤ ਸਿੰਘ ਬਾਹੀਆ, ਉਸ ਸਮੇਂ ਦੇ ਤਹਿਸੀਲਦਾਰ ਪਟਿਆਲਾ ਵਿਰੁੱਧ ਹੇਠ ਲਿਖੇ ਦੋਸ਼ ਲਗਾਏ ਸਨ ਕਿ.--

(1) ਸਰਦਾਰ ਦਲਜੀਤ ਸਿੰਘ ਬਾਹੀਆ, ਤਹਿਸੀਲਦਾਰ ਨੇ ਜ਼ਮੀਨ ਦੀ ਮਲਕੀਅਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰਾਹੀਂ ਸਰਵ ਸ੍ਰੀ ਬੁੱਧ ਦਾਸ ਬਾਰੂ ਉਰਫ ਸਰੂਪ ਸਿੰਘ ਅਤੇ ਮੁਨਸ਼ੀ ਸਿੰਘ ਮੁਹਤਮਿਮਾਨ ਤੋਂ ਰਾਜ ਸਰਕਾਰ ਦੇ ਨਾਮ ਬਦਲਣ ਦਾ ਇੰਤ-ਕਾਲ ਨੰ: 6989 ਮਨਜ਼ੂਰ ਕੀਤਾ। ਮਾਲ ਦੇ ਕਾਗਜ਼ਾਂ ਵਿਚ ਸਰਦਾਰ ਮੁਨਸ਼ੀ ਸਿੰਘ ਨੂੰ ਮਰਿਆ ਹੋਇਆ ਵਿਖਾਇਆ ਗਿਆ ਜਦੋਂ ਕਿ ਉਹ ਹਾਲੀਂ ਵੀ ਜ਼ਿੰਦਾ ਹੈ।

(2) ਸਰਦਾਰ ਦਲਜੀਤ ਸਿੰਘ ਬਾਹੀਆ ਨੇ ਆਪਣੇ ਅਤੇ ਹੋਰ ਅਫਸਰਾਂ ਲਈ ਸਰਦਾਰ ਮੁਨਸ਼ੀ ਸਿੰਘ ਪਾਸੋਂ 2 ਬਿਘੇ ਜ਼ਮੀਨ ਮੰਗੀ।

Original with;
Punjab Vidhan Sabha
Digitized by;
Panjab Digital Library

[ਮਾਲ ਮੰਤਰੀ]

(3) ਮਾਲ ਵਿਭਾਗ ਦੇ ਕਰਮਚਾਰੀ ਪਵਿੱਤਰ ਗੁਰੂ ਗ੍ਰੰਥ ਸਾਹਿਬ ਦੀ ਬੀੜ, ਲੰਗਰ ਦੇ ਭਾਂਡੇ ਅਤੇ ਗੁਰਦੁਆਰੇ ਦੀਆਂ ਦਰੀਆਂ ਨੂੰ ਸਰਦਾਰ ਮੁਨਸ਼ੀ ਸਿੰਘ ਮੋਹਤਮਿਮ ਸਮੇਤ ਚੁੱਕ ਕੇ ਲੈ ਗਏ।

ਸਰਦਾਰ ਦਲਜੀਤ ਸਿੰਘ ਖਾਹੀਆ, ਤਹਿਸੀਲਦਾਰ ਅਤੇ ਸਬੰਧਤ ਪਟਵਾਰੀ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਉਨ੍ਹਾਂ ਵਿਰੁੱਧ ਵਿਭਾਗੀ ਕਾਰਵਾਈ ਕੀਤੀ ਜਾ ਰਹੀ ਹੈ।

**ਸਰਦਾਰ ਦਲੀਪ ਸਿੰਘ ਪਾਂਧੀ**: ਸਪੀਕਰ ਸਾਹਿਬ ਵਜ਼ੀਰ ਸਾਹਿਬ ਨੇ ਬੜੇ ਵੇਰਵੇ ਸਹਿਤ ਇਹ ਚੀਜ਼ ਦੱਸੀ ਹੈ। ਇਹ ਐਮਰਜੈਂਸੀ ਦੇ ਦਿਨਾਂ ਦੀ ਗੱਲ ਹੈ ਜਦੋਂ ਕਾਂਗਰਸ ਅਤੇ ਕਮਿਊਨਿਸਟਾਂ ਦਾ ਬੜਾ ਜ਼ੋਰ ਸੀ। ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਇਹ ਸਾਬਤ ਹੋ ਗਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਚੁੱਕ ਲਈ ਗਈ, ਇੱਕ ਜੀਉਂਦੇ ਬੰਦੇ ਨੂੰ ਵੀ ਨਾਲ ਲੈ ਕੇ ਚਲੇ ਗਏ, ਤਾਂ ਉਸ ਤਹਿਸੀਲਦਾਰ ਨੂੰ ਮੁਅੱਤਲ ਕਰ ਦਿੱਤਾ ਹੈ, ਕੀ ਇਸ ਸਾਰੇ ਮਾਮਲੇ ਦੀ ਪੜਤਾਲ ਕਰਕੇ ਆਪਣੇ ਐਲ. ਆਰ. ਨੂੰ ਕਨਸੱਲਟ ਕਰਕੇ ਇਨ੍ਹਾਂ ਦੋਸ਼ੀਆਂ ਦੇ ਵਿਰੁੱਧ ਕੇਸ ਰਜਿਸਟਰ ਕਰਨਗੇ ਤਾਂ ਕਿ ਅਾਇੰਦਾ ਕੋਈ ਵੀ ਮਾਲ ਵਿਭਾਗ ਦਾ ਕਰਮਚਾਰੀ ਐਸੀ ਹੇਰਾ ਫੇਰੀ ਕਰਨ ਦਾ ਹੌਸਲਾ ਹੀ ਨਾ ਕਰ ਸਕੇ? ਇਸ ਬਾਰੇ ਵਜ਼ੀਰ ਸਾਹਿਬ ਦੱਸਣਗੇ?

**ਮੰਤਰੀ**: ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਇਨ੍ਹਾਂ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਇਹ ਮਹਿਕਮਾ ਜੋ ਕਾਰਵਾਈ ਕਰ ਰਿਹਾ ਹੈ ਇਨ੍ਹਾਂ ਅਫਸਰਾਂ ਦੇ ਖਿਲਾਫ, ਉਸ ਦੀ ਰਿਪੋਰਟ ਆਉਣ ਤੋਂ ਬਾਅਦ ਉਨ੍ਹਾਂ ਦੇ ਖਿਲਾਫ਼ ਸਖ਼ਤ ਐਕਸ਼ਨ ਲਵਾਂਗੇ ਅਤੇ ਐਸਾ ਐਕਸ਼ਨ ਲਵਾਂਗੇ ਕਿ ਦੁਬਾਰਾ ਕਿਸੇ ਨਾਲ ਮਾਲ ਦੇ ਕਰਮਚਾਰੀ ਦਾ ਐਸਾ ਕਰਨ ਦਾ ਹੀਆ ਹੀ ਨਾ ਹੋਵੇ।

**ਸਰਦਾਰ ਦਲੀਪ ਸਿੰਘ ਪਾਂਧੀ**: ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਆਪ ਮੰਨੇ ਹਨ ਕਿ ਇਹ ਚੀਜ਼ ਸਾਬਤ ਹੋ ਗਈ ਹੈ ਕਿ ਮਾਲ ਦੇ ਮਹਿਕਮੇ ਦੇ ਕਾਗਜ਼ਾਂ ਵਿੱਚ ਮਨਸ਼ਾ ਸਿੰਘ ਨੂੰ ਮਰਿਆ ਹੋਇਆ ਦਿਖਾਇਆ ਗਿਆ ਜਦੋਂ ਕਿ ਉਹ ਹਾਲੇ ਵੀ ਜੀਉਂਦਾ ਹੈ। ਮਾਲ ਵਿਭਾਗ ਦੇ ਕਰਮਚਾਰੀਆਂ ਨੇ ਪਵਿੱਤਰ ਗੁਰੂ ਗ੍ਰੰਥ ਸਾਹਿਬ ਦੀ ਬੀੜ, ਲੰਗਰ ਦੇ ਭਾਂਡੇ ਅਤੇ ਗੁਰਦੁਆਰੇ ਦੀਆਂ ਦਰੀਆਂ ਨੂੰ ਸਮੇਤ ਮਨਸ਼ਾ ਸਿੰਘ ਦੇ ਚੁੱਕ ਕੇ ਲੈ ਗਏ। ਕੀ ਉਹ ਇਨ੍ਹਾਂ ਬੰਦਿਆਂ ਦੇ ਵਿਰੁੱਧ ਫੌਜਦਾਰੀ ਮੁਕੱਦਮਾ ਦਰਜ ਕਰਾਉਣਗੇ। ਇਸ ਕੇਸ ਵਿੱਚ ਤਾਂ ਸਾਰੇ ਜ਼ਿਲ੍ਹੇ ਦੀ ਐਡਮਨਿਸਟਰੇਸ਼ਨ ਇਨਵਾਲਵਡ ਹੈ। ਇਹ ਗੱਲ ਸਾਬਤ ਹੋ ਗਈ ਹੈ। ਕੀ ਇਹ ਮੁਕੱਦਮਾ ਦਰਜ ਕਰਾਉਣਗੇ?

**ਮੰਤਰੀ**: ਰਿਪੋਰਟ ਆਉਣ ਤੋਂ ਬਾਅਦ ਐਸਾ ਕੀਤਾ ਜਾਵੇਗਾ।

**ਸਰਦਾਰ ਕਿਰਪਾਲ ਸਿੰਘ**: ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਆਮ ਤੌਰ ਤੇ ਪਟ-ਵਾਰੀਆਂ ਦੀਆਂ ਕਾਨਫਰੰਸਾਂ ਕੀਤੀਆਂ ਹਨ। ਇੱਕ ਐਸੀ ਮੀਟਿੰਗ ਵਿਚੋਂ ਇਹ ਸ਼ਿਕਾਇਤ ਮਿਲੀ ਹੈ ਜਿਸ ਦਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ। ਕੀ ਇਹੋ ਜਿਹੀਆਂ ਕਿਸੇ ਹੋਰ ਮੀਟਿੰਗ ਵਿੱਚ ਅਫ਼ਸਰਾਂ ਦੇ ਖ਼ਿਲਾਫ਼ ਇਨ੍ਹਾਂ ਨੂੰ ਸ਼ਿਕਾਇਤਾਂ ਮਿਲੀਆਂ ਹਨ।

**ਮੰਤਰੀ**: ਕਾਂਗਰਸ ਰਾਜ ਦੀਆਂ ਪਿਛਲੇ 30 ਸਾਲਾਂ ਦੀਆਂ ਅਨੇਕਾਂ ਐਸੀਆਂ ਸ਼ਿਕਾਇਤਾਂ ਮੈਨੂੰ ਮਿਲੀਆਂ ਹਨ। ਮੈਂ ਉਨ੍ਹਾਂ ਦੀ ਪੜਤਾਲ ਵੀ ਕੀਤੀ ਹੈ। 12, 14-14 ਸਾਲਾਂ ਦੇ ਇੰਤਕਾਲ

Original with;
Punjab Vidhan Sabha
Digitized by;
Panjab Digital Library

ਗਲਤ ਹੋਏ ਹੋਏ ਹਨ। ਮਾਲਕੀ ਕਿਸੇ ਦੀ, ਕਿਸੇ ਹੋਰ ਦੇ ਨਾਂ ਕਰ ਦਿੱਤੀ ਹੈ। ਮੈਂ ਐਸੇ ਕੇਸਿਜ਼ ਠੀਕ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ।

**ਮਾਸਟਰ ਬਾਬੂ ਸਿੰਘ :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇਸੇ ਤਰ੍ਹਾਂ ਦਾ ਕੇਸ ਲਾਲ ਵਿੱਚ ਹੋਇਆ ਹੈ। ਉਥੇ ਹਰੀਜਨ ਦੀ 3, ਪੌਣੇ ਤਿੰਨ ਕਿਲੇ ਜ਼ਮੀਨ ਸਾਡੇ ਸਾਬਕਾ ਐਮ. ਐਲ.. ਏ. ਦੇ ਚਾਚੇ ਨੇ ਉਸ ਬੰਦੇ ਦੇ ਨਾਂ, ਜਿਹੜਾ ਕਿ 1947 ਤੋਂ ਪਹਿਲਾਂ ਦਾ ਮਰਿਆ ਹੋਇਆ ਹੈ, ਰਜਿਸਟਰੀ ਕਰਵਾ ਲਈ, ਕੀ ਉਸ ਨੂੰ ਵੀ ਇਸੇ ਤਰ੍ਹਾਂ ਦੀ ਸਜ਼ਾ ਦੇਣਗੇ ?

**ਮੰਤਰੀ :** ਮੈਨੂੰ ਇਹ ਲਿਖ ਕੇ ਭੇਜ ਦੇਣ। ਇਸ ਤੋਂ ਵੀ ਸਖ਼ਤ ਐਕਸ਼ਨ ਲਵਾਂਗੇ, ਜੇ ਸਾਬਤ ਹੋਇਆ।

**ਸ੍ਰੀ ਸਪੀਕਰ :** ਚੌਧਰੀ ਸੁੰਦਰ ਸਿੰਘ ਜੀ, ਤੁਸੀਂ ਆਪਣਾ ਸਵਾਲ ਛੋਟਾ ਜਿਹਾ ਕਰਨਾ।

**ਚੌਧਰੀ ਸੁੰਦਰ ਸਿੰਘ :** ਸਪੀਕਰ ਸਾਹਿਬ, ਮੈਂ ਛੋਟਾ ਜਿਹਾ ਹੀ ਸਵਾਲ ਕਰਨਾ ਹੈ, ਮੈਂ ਤਾਂ ਲੰਮਾ ਕਰਦਾ ਹੀ ਨਹੀਂ। ਇਹ ਵਜ਼ੀਰ ਸਾਹਿਬ ਵੈਸੇ ਬਹੁਤ ਸ਼ਾਨਦਾਰ ਹਨ। ਇਨ੍ਹਾਂ ਨੇ ਦਸਿਆ ਹੈ ਕਿ 30 ਸਾਲ ਦੇ ਕੁਰੱਪਸ਼ਨ ਦੇ ਕੇਸ ਇਨ੍ਹਾਂ ਨੂੰ ਮਿਲੇ ਹਨ, ਇਰਰੈਗੂਲੈਰਿਟੀਜ਼ ਹੋਈਆਂ ਹਨ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਆਪਣੇ ਧਰਮ ਨਾਲ ਦੱਸਣ ਕਿ ਕੀ ਪਿਛਲੇ 14 ਮਹੀਨਿਆਂ ਵਿੱਚ ਕੀ ਕੋਈ ਇਰਰੈਗੂਲੈਰਿਟੀ ਦੀ ਸ਼ਿਕਾਇਤ ਆਈ ਹੈ ਤਾਂ ਕੀ ਉਸ ਦੀ ਪੜਤਾਲ ਕਰਨ ਦੀ ਹਿੰਮਤ ਇਨ੍ਹਾਂ ਦੀ ਹੋਈ ਹੈ।

**ਮੰਤਰੀ :** ਚੌਧਰੀ ਸਾਹਿਬ ਮੇਰੇ ਨੋਟਿਸ ਵਿੱਚ ਲਿਆਉਣ, ਸਭ ਕੁਝ ਕਰਾਂਗੇ।

---

**Assessment of the price of Evacuee Houses in the State**

*777. **Sardar Gurdial Singh :** Will the Minister for Revenue be pleased to state whether the assessment of price of evacuee houses in the cities of the State has been increased ten times; if so, the reasons therefor ?

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ :** ਨਹੀਂ ਜੀ। ਸ਼ਹਿਰੀ ਨਿਕਾਸੀ ਮਕਾਨਾਂ ਦੀ ਕੀਮਤ ਕਿਸੇ ਵੀ ਕੇਸ ਵਿਚ 10 ਗੁਣਾਂ ਨਹੀਂ ਵਧਾਈ ਜਾਂਦੀ। ਕੀਮਤਾਂ ਦੀ ਨਿਯੁਕਤੀ ਦੇ ਸਬੰਧ ਵਿਚ ਭਾਰਤ ਸਰਕਾਰ ਵਲੋਂ ਅਪਣਾਈ ਨੀਤੀ ਨੂੰ ਪ੍ਰਦੇਸ਼ ਸਰਕਾਰ ਨੇ ਲਾਗੂ ਕੀਤਾ ਹੈ, ਜਿਸ ਦੇ ਅਨੁਸਾਰ ਕੇਵਲ ਤਹਿ ਜ਼ਮੀਨ ਦੀ ਕੀਮਤ ਵਿਚ ਪਹਿਲਾਂ ਲੱਗੀ ਹੋਈ ਕੀਮਤ ਦੀ ਮਿਤੀ ਤੋਂ 10 ਪ੍ਰਤੀਸ਼ਤ ਪ੍ਰਤੀ ਸਾਲ ਦੀ ਦਰ ਨਾਲ ਵਾਧਾ ਕੀਤਾ ਜਾਂਦਾ ਹੈ ਅਤੇ ਮਲਵੇ ਦੀ ਕੀਮਤ ਵਿਚ ਕੋਈ ਤਬਦੀਲੀ ਨਹੀਂ ਕੀਤੀ ਜਾਂਦੀ।

**ਸਰਦਾਰ ਗੁਰਦਿਆਲ ਸਿੰਘ :** ਸਪੀਕਰ ਸਾਹਿਬ, ਸੰਗਰੂਰ ਜ਼ਿਲ੍ਹੇ ਵਿੱਚ ਇਵੈਕਿਊ ਪ੍ਰਾਪਰਟੀ 1969 ਵਿੱਚ ਕੁਝ ਨਿਲਾਮ ਹੋਈ ਸੀ। ਉਸ ਵੇਲੇ ਤਿੰਨ ਪਲਾਟ 772--772 ਰੁਪਏ ਦੇ ਨਿਲਾਮ ਹੋਏ ਅਤੇ ਹੁਣ ਇਨ੍ਹਾਂ ਦੀ ਕੀਮਤ 10, 10 ਹਜ਼ਾਰ ਰੁਪਏ ਅਸੈੱਸ ਕੀਤੀ ਹੈ। ਇਨ੍ਹਾਂ ਗਰੀਬ ਆਦ-ਮੀਆਂ ਨੇ ਥੋੜ੍ਹਾ ਥੋੜ੍ਹਾ ਪੈਸਾ ਲਾ ਕੇ ਇੱਕ ਦੋ ਕਮਰੇ ਬਣਾਏ ਹਨ। ਕੀ ਵਜ਼ੀਰ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਜਿਹੜੇ ਪਲਾਟ ਦੀ ਕੀਮਤ 772 ਰੁਪਏ ਸੀ ਕੀ ਅੱਜ ਉਸ ਦੀ 10 ਹਜ਼ਾਰ ਰੁਪਏ ਕੀਮਤ ਵਾਜਬ ਹੈ ?

**ਮੰਤਰੀ :** ਮੇਰੇ ਨੋਟਿਸ ਵਿੱਚ ਕੋਈ ਐਸੀ ਗੱਲ ਨਹੀਂ। ਇਹ ਨੋਟਿਸ ਦੇ ਦੇਣ।

**ਸ੍ਰੀ ਹਰਬੰਸ ਲਾਲ ਖੰਨਾ :** ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹਾਂਗਾ ਕਿ ਅੰਮ੍ਰਿਤਸਰ ਵਿੱਚ ਕਰੀਮਪੁਰੇ, ਫੈਜ਼ਪੁਰੇ ਅਤੇ ਮਕਬੂਲਪੁਰੇ ਵਿੱਚ ਗਰੀਬ ਹਰੀਜਨਾਂ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਹਰਬੰਸ ਲਾਲ ਖੰਨਾ]

ਦੀਆਂ ਆਬਾਦੀਆਂ ਹਨ ਅਤੇ ਹੋਰ ਪੱਛੜੇ ਹੋਏ ਲੋਕ ਰਹਿੰਦੇ ਹਨ। ਉਹ ਨਿਕਾਸੀ ਮਕਾਨਾਂ ਵਿੱਚ ਬੈਠੇ ਹੋਏ ਹਨ। ਪਿਛਲੇ ਦਿਨਾਂ ਵਿੱਚ 50 ਰੁਪਏ ਜਾਂ 100 ਰੁਪਏ ਵਿੱਚ ਉਨ੍ਹਾਂ ਮਕਾਨਾਂ ਦੀਆਂ ਰਜਿਸਟਰੀਆਂ ਉਨ੍ਹਾਂ ਦੇ ਨਾਵਾਂ ਤੇ ਹੋ ਗਈਆਂ ਹਨ। ਲੇਕਿਨ ਹੁਣ ਇਨ੍ਹਾਂ ਦੇ ਡਿਪਾਰਟਮੈਂਟ ਵਲੋਂ ਉਨ੍ਹਾਂ ਨੂੰ ਨੋਟਿਸ ਚਲੇ ਗਏ ਹਨ ਕਿ 50 ਰੁਪਏ square yard ਦੇ ਆਧਾਰ ਤੇ ਪੈਸੇ ਦੇਣ। ਜਿਸ ਵੇਲੇ ਬਾਦਲ ਸਾਹਿਬ ਅੰਮ੍ਰਿਤਸਰ ਗਏ ਸਨ ਤਾਂ ਉਨ੍ਹਾਂ ਨੇ ਇਹ ਵਿਸ਼ਵਾਸ ਦਿਵਾਇਆ ਸੀ ਕਿ ਇਨ੍ਹਾਂ ਹਰੀਜਨਾਂ ਅਤੇ ਪਛੜਿਆਂ ਹੋਇਆਂ ਲੋਕਾਂ ਨੂੰ ਸਸਤੇ ਭਾਅ ਤੇ 50 ਜਾਂ 100 ਰੁਪਏ ਦੇ ਹਿਸਾਬ ਨਾਲ ਮਕਾਨ ਦੇਵਾਂਗੇ। ਕੀ ਮੰਤਰੀ ਸਾਹਿਬ ਹੁਣ ਇਹ ਵਿਸ਼ਵਾਸ ਦਿਵਾਉਣਗੇ ਕਿ ਉਨਾਂ ਦੇ ਨਾਲ ਬਿਲਕੁਲ ਉਸੇ ਤਰ੍ਹਾਂ ਡੀਲਿੰਗ ਕੀਤੀ ਜਾਵੇਗੀ ਅਤੇ ਉਨ੍ਹਾਂ ਮਕਾਨਾਂ ਦੀਆਂ ਕੀਮਤਾਂ ਥੋੜ੍ਹੀਆਂ ਲਈਆਂ ਜਾਣਗੀਆਂ ਅਤੇ ਜਿਹੜੇ ਨੋਟਿਸ ਉਨ੍ਹਾਂ ਨੂੰ ਦਿੱਤੇ ਗਏ ਹਨ ਉਹ ਵਾਪਸ ਲੈਣਗੇ ?

**ਮੰਤਰੀ** : ਦਰ ਅਸਲ ਗੱਲ ਇਹ ਹੈ ਕਿ ਨਿਕਾਸੀ ਮਕਾਨਾਂ ਅਤੇ ਜ਼ਮੀਨ ਬਾਰੇ ਸਰਕਾਰ ਨੇ ਪਾਲਿਸੀ ਨਹੀਂ ਅਜੇ ਬਣਾਈ। ਇਹ ਜ਼ੇਰੇ-ਗੌਰ ਹੈ। ਇਸ ਦੀ ਕੀਮਤ ਕੀ ਹੋਵੇ, ਮਾਰਕਿਟ ਪ੍ਰਾਈਸ ਹੋਵੇ ਜਾਂ ਰਿਜ਼ਰਵ ਪ੍ਰਾਈਸ ਹੋਵੇ, ਇਹ ਪਾਲਿਸੀ ਬਣਨ ਤੋਂ ਬਾਅਦ ਇਸ ਦਾ ਫੈਸਲਾ ਹੋਵੇਗਾ। ਲੇਕਿਨ ਜਿਹੜੇ ਲੋਕ ਉਥੇ ਬੈਠੇ ਹੋਏ ਹਨ ਉਨ੍ਹਾਂ ਨਾਲ ਸਰਕਾਰ ਨੂੰ ਪੂਰੀ ਹਮਦਰਦੀ ਹੈ।

**ਸਰਦਾਰ ਦਰਸ਼ਨ ਸਿੰਘ ਕੇ.ਪੀ.** : ਸਪੀਕਰ ਸਾਹਿਬ ਮੈਂ ਆਪ ਜੀ ਦੇ ਰਾਹੀਂ ਮਾਲ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਰੇ ਸ਼ਹਿਰਾਂ ਵਿੱਚ ਮਿਊਂਸਪਲ ਏਰੀਆਜ਼ ਵਧਾ ਦਿੱਤੇ ਗਏ ਹਨ। ਕਈ ਪੇਂਡੂ ਇਲਾਕੇ ਮਿਊਂਸਪਲ ਹਦੂਦ ਵਿੱਚ ਆ ਗਏ ਹਨ। ਪਿਛੇ ਸਰਕਾਰ ਨੇ ਪੇਂਡੂ ਨਿਕਾਸੀ ਮਕਾਨਾਂ ਦੀ ਕੀਮਤ 10 ਰੁਪਏ ਰਖੀ ਸੀ ਅਤੇ ਸ਼ਹਿਰਾਂ ਦੀ 50 ਜਾਂ 100 ਰੁਪਏ ਰਖੀ ਸੀ। ਕੀ ਮਾਲ ਮੰਤਰੀ ਉਸੇ ਪੁਰਾਣੀ ਰਵਾਇਤ ਨੂੰ ਕਾਇਮ ਰਖਣਗੇ ?

**ਮੰਤਰੀ** : ਮੈਂ ਇਸ ਦਾ ਜਵਾਬ ਦੇ ਚੁੱਕਾ ਹਾਂ। ਸਰਕਾਰ ਪਾਲਿਸੀ ਬਣਾ ਰਹੀ ਹੈ। ਇਹ ਵਿਚਾਰ ਗੋਚਰੇ ਹੈ। ਫਾਈਨਲ ਫੈਸਲਾ ਪਾਲਿਸੀ ਬਣਨ ਤੋਂ ਬਾਅਦ ਹੋਵੇਗਾ।

**ਚੌਧਰੀ ਬਲਰਾਮ ਜਖੜ** : ਕੀ ਮੰਤਰੀ ਸਾਹਿਬ ਦੱਸਣ ਦੀ ਕਿਰਪਾ ਕਰਨਗੇ ਕਿ ਜਿਹੜੇ ਲੋਕ ਇਹ ਦੋਨੋਂ ਕਿਸਮ ਦੀ ਪ੍ਰਾਪਰਟੀ ਤੇ ਬੈਠੇ ਹਨ ਉਨ੍ਹਾਂ ਦੇ ਸਿਰ ਤੇ ਇੱਕ ਤਲਵਾਰ ਲਟਕ ਰਹੀ ਹੈ। ਉਨ੍ਹਾਂ ਤੋਂ ਅੱਜ ਦੀ ਕੀਮਤ ਲਈ ਜਾ ਰਹੀ ਹੈ ਜਦੋਂ ਕਿ ਉਹ 30 ਸਾਲ ਤੋਂ ਉਥੇ ਬੈਠੇ ਹਨ। ਕੀ ਵਜ਼ੀਰ ਸਾਹਿਬ ਵਿਸ਼ਵਾਸ ਦਿਲਾਉਣਗੇ ਕਿ ਉਨ੍ਹਾਂ ਦੀ ਮੁਸੀਬਤ ਨੂੰ ਹੋਰ ਨਾ ਵਧਾ ਕੇ ਇਸ ਚੀਜ਼ ਨੂੰ ਰੈਗੂਲਰਾਈਜ਼ ਕਰਨਗੇ ਅਤੇ ਉਸ ਵੇਲੇ ਦੀ ਕੀਮਤ ਹੀ ਉਨ੍ਹਾਂ ਤੋਂ ਲੈਣਗੇ ?

**ਮੰਤਰੀ** : ਇਸ ਦਾ ਜਵਾਬ ਤਾਂ ਮੈਂ ਦੇ ਚੁੱਕਾ ਹਾਂ।

**ਸਰਦਾਰ ਕਿਰਪਾਲ ਸਿੰਘ** : ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਨੇ ਅੰਮ੍ਰਿਤਸਰ ਵਿੱਚ ਰਿਆਇਤੀ ਕੀਮਤਾਂ ਤੇ ਦੇਣ ਦਾ ਐਲਾਨ ਕੀਤਾ ਸੀ। ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਦਸ ਗੁਣਾ ਕੀਮਤਾਂ ਨਹੀਂ ਵਧਾਈਆਂ। ਪਰ ਇਹ ਵੇਖੋ ਕਿ ਪੈਕੇਜ ਡੀਲ ਵਿਚ ਜਦੋਂ ਦੀ ਪ੍ਰਾਪਰਟੀ ਮਿਲੀ ਹੈ ਉਸ ਵੇਲੇ ਤੋਂ ਜਿਸ ਤਰ੍ਹਾਂ ਨਾਲ ਇਹ ਕੀਮਤ 10% ਵਧਾਈ ਜਾਂਦੇ ਹਨ ਉਹ ਤਾਂ ਦਸ ਗੁਣਾ ਤੋਂ ਵੀ ਜ਼ਿਆਦਾ ਹੋ ਗਈ ਹੈ। ਫਰਜ਼ ਕਰੋ ਕਿ ਦਸ ਰੁਪਏ ਹਨ ਉਨ੍ਹਾਂ ਉਤੇ 25% ਵਾਧਾ ਹੋ ਕੇ ਉਹ ਸਾਢੇ 12 ਹੋ ਗਏ, ਫਿਰ ਸਾਢੇ ਬਾਰਾਂ ਤੇ 25% ਹੋ ਕੇ 15 ਹੋ ਗਏ, ਔਰ ਪੰਦਰਾਂ ਤੋਂ ਸਾਢੇ ਸਤਾਰਾਂ ਹੋ ਗਏ। ਮੇਰਾ ਮਤਲਬ ਹੈ ਕਿ ਇਸ ਤਰ੍ਹਾਂ 10% ਵਾਧੇ

Original with;
Punjab Vidhan Sabha
Digitized by;
Panjab Digital Library

ਨਾਲ 10 ਗੁਣਾਂ ਤੋਂ ਵੀ ਜ਼ਿਆਦਾ ਕੀਮਤ ਵੱਧ ਚੁੱਕੀ ਹੈ। ਜਦੋਂ ਸੀ. ਐਮ. ਸਾਹਿਬ ਨੇ ਐਲਾਨ ਕੀਤਾ ਸੀ ਤਾਂ ਉਹ ਉਦੋਂ ਮੁਫਤ ਵੀ ਦੇਣ ਨੂੰ ਤਿਆਰ ਸਨ। ਸਪੀਕਰ ਸਾਹਿਬ, ਉਨ੍ਹਾਂ ਅਨਾਊਂਸਮੈਂਟ ਕੀਤੀ ਸੀ ਕਿ ਕੀਮਤ ਵਿਚ ਕੋਈ ਵਾਧਾ ਨਹੀਂ ਕੀਤਾ ਜਾਵੇਗਾ। ਇਸ ਲਈ ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਉਸ ਅਨਾਊਂਸਮੈਂਟ ਦੇ ਮੱਦੇ-ਨਜ਼ਰ ਕੀ ਫੈਸਲਾ ਕੀਤਾ ਹੈ ?

**ਮੰਤਰੀ**: ਸਪੀਕਰ ਸਾਹਿਬ, ਸਰਕਾਰ ਨੇ ਅਜੇ ਫੈਸਲਾ ਕਰਨਾ ਹੈ ਕਿ ਕਿਸ ਆਧਾਰ ਤੇ ਜ਼ਮੀਨ ਦੇਣੀ ਹੈ। ਇਸ ਲਈ, ਮੈਂ ਇਨ੍ਹਾਂ ਨੂੰ ਕਹਾਂਗਾ ਕਿ ਸਰਦਾਰ ਸਾਹਿਬ ਇਸ ਮਾਮਲੇ ਤੇ ਵਿਚਾਰ ਹੋ ਰਿਹਾ ਹੈ, ਫਿਕਰ ਕਰਨ ਦੀ ਲੋੜ ਨਹੀਂ ਹੈ।

---

**ਫਗਵਾੜਾ-ਹੁਸ਼ਿਆਰਪੁਰ ਸੜਕ ਤੇ ਪਿੰਡ ਰਾਵਲਪਿੰਡੀ ਦੇ ਨੇੜੇ ਪੁੱਲ ਤੇ ਕੀਤਾ ਗਿਆ ਖਰਚ**

*748 **ਡਾਕਟਰ ਸਾਧੂ ਰਾਮ**: ਕੀ ਲੋਕ ਕਾਰਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਫਗ-ਵਾੜਾ ਚੋਣ ਹਲਕੇ ਵਿਚ ਪਿੰਡ ਰਾਵਲ ਪਿੰਡੀ ਦੇ ਨੇੜੇ ਫਗਵਾੜਾ--ਹੁਸ਼ਿਆਰਪੁਰ ਸੜਕ ਤੇ ਰਾਉਲ ਬੇਈਂ ਉਤੇ 1970 ਤੋਂ ਉਸਾਰੀ ਅਧੀਨ ਪੁੱਲ ਤੇ ਹੁਣ ਤੱਕ ਕੁਲ ਕਿੰਨਾ ਖਰਚ ਕੀਤਾ ਜਾ ਚੁੱਕਾ ਹੈ, ਅਤੇ ਹੋਰ ਕਿੰਨਾ ਖਰਚ ਆਉਣ ਦੀ ਸੰਭਾਵਨਾ ਹੈ ਅਤੇ ਇਸ ਦੇ ਕਦੋਂ ਤੱਕ ਮੁਕੰਮਲ ਹੋ ਜਾਣ ਦੀ ਉਮੀਦ ਹੈ ?

**ਸਰਦਾਰ ਰਣਧੀਰ ਸਿੰਘ ਚੀਮਾ**: ਇਸ ਪੁੱਲ ਤੇ 7/78 ਤੱਕ 11.25 ਲੱਖ ਰੁਪਏ ਖਰਚ ਹੋ ਚੁੱਕੇ ਹਨ ਅਤੇ ਇਸ ਨੂੰ ਮੁਕੰਮਲ ਕਰਨ ਲਈ 3.44 ਲੱਖ ਰੁਪਏ ਹੋਰ ਖਰਚ ਹੋਣ ਦੀ ਸੰਭਾਵਨਾ ਹੈ। ਇਸ ਪੁੱਲ ਦੀ 31 ਮਾਰਚ, 1979 ਤੱਕ ਮੁਕੰਮਲ ਹੋਣ ਦੀ ਆਸ ਹੈ।

**ਡਾਕਟਰ ਸਾਧੂ ਰਾਮ**; ਸਪੀਕਰ ਸਾਹਿਬ, ਇਹ ਪੁਲ ਜਦੋਂ ਪਹਿਲਾਂ ਬਾਦਲ ਸਾਹਿਬ ਦੀ ਸਰਕਾਰ ਸੀ ਉਸ ਵੇਲੇ ਦਾ ਮਨਜ਼ੂਰ ਹੋਇਆ ਹੋਇਆ ਹੈ। ਉਸ ਤੋਂ ਪਿਛੋਂ ਕਾਂਗਰਸ ਸਰਕਾਰ ਵੀ ਆਈ ਔਰ ਪੰਜਾਂ ਸਾਲਾਂ ਬਾਅਦ ਉਹ ਵੀ ਤੁਰ ਗਈ ਪਰ ਉਹ ਪੁਲ ਉਥੇ ਦਾ ਉਥੇ ਹੀ ਪਿਆ ਹੈ। ਹਰ ਸਾਲ ਉਥੇ ਦਸ ਪੰਦਰਾਂ ਮੌਤਾਂ ਹੋ ਜਾਂਦੀਆਂ ਹਨ। ਕੀ ਵਜ਼ੀਰ ਸਾਹਿਬ, ਕਿਰਪਾ ਕਰਕੇ ਦੱਸਣਗੇ ਕਿ ਉਸ ਪੁਲ ਨੂੰ ਕੰਪਲੀਟ ਕਰਨ ਵਿਚ ਹੋਰ ਕਿਤਨਾ ਟਾਈਮ ਲੱਗੇਗਾ ?

**ਸਰਦਾਰ ਉਮਰਾਓ ਸਿੰਘ**: ਇਹ ਤਾਂ ਹੁਣ ਤੁਹਾਡੇ ਮਰਨ ਤੋਂ ਬਾਅਦ ਹੀ ਬਣੇਗਾ। (ਹਾਸਾ)

**ਮੰਤਰੀ**: ਸਪੀਕਰ ਸਾਹਿਬ, ਇਨ੍ਹਾਂ ਦੀ ਗੱਲ ਤਾਂ ਠੀਕ ਹੈ। ਸੰਨ 1971 ਵਿਚ ਟੈਂਡਰ ਕਾਲ ਕੀਤੇ ਗਏ ਸਨ ਲੇਕਿਨ ਕੰਮ ਅਲਾਟ 6 ਮਾਰਚ, 1974 ਨੂੰ ਹੋਇਆ ਸੀ। ਫਿਰ ਖੂਹੀਆਂ ਗਾਲਣ ਵੇਲੇ ਪਾੜੇ ਤੇ ਸਖ਼ਤ ਰੇਤਾ ਹੇਠਾਂ ਆ ਗਈ ਜਿਸ ਕਰਕੇ ਕੰਮ ਰੁਕ ਗਿਆ ਔਰ ਸੀਮਿੰਟ ਦੀ ਕਮੀਂ ਕਰਕੇ ਵੀ ਕੰਮ ਰੋਕਣਾ ਪਿਆ। ਹੁਣ ਮੈਂ ਮਾਨਯੋਗ ਮੈਂਬਰ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਇਹ ਪੁਲ ਆਉਣ ਵਾਲੀ 31 ਮਾਰਚ, ਤਕ ਬਣਾ ਦਿੱਤਾ ਜਾਵੇਗਾ।

**ਡਾਕਟਰ ਸਾਧੂ ਰਾਮ**: ਸਪੀਕਰ ਸਾਹਿਬ, ਦੋ ਸਾਲ ਖੂਹੀਆਂ ਗਾਲੀਆਂ ਨੂੰ ਹੋ ਗਏ ਹਨ। ਉਥੇ ਕੋਈ ਕੰਟਰੈਕਟਰ ਨਹੀਂ ਹੈ, ਕੋਈ ਇਨ੍ਹਾਂ ਦੇ ਮਹਿਕਮੇਂ ਦਾ ਆਦਮੀ ਨਹੀਂ ਹੈ। ਇਕ ਐਸ. ਡੀ. ਓ. ਤੋਂ ਸਿਵਾਏ ਕੋਈ ਨਹੀਂ ਹੈ। ਇਸ ਲਈ ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ

Original with;
Punjab Vidhan Sabha
Digitized by;
Panjab Digital Library

[ਡਾਕਟਰ ਸਾਧੂ ਰਾਮ]

ਉਥੇ ਖੂਹੀਆਂ ਗਾਲਣ ਲਈ ਕਿਹੜਾ ਸਟਾਫ ਆਵੇਗਾ ? ਇਹ ਤਾਂ ਨਹੀਂ ਕਿ ਜਿਸ ਤਰ੍ਹਾਂ ਸਰਦਾਰ ਉਮਰਾਓ ਸਿੰਘ ਜੀ ਕਹਿੰਦੇ ਹਨ ਕਿ ਮੇਰੇ ਮਰਨ ਤੋਂ ਬਾਅਦ ਹੀ ਇਹ ਪੁਲ ਬਣੇਗਾ ?

**ਮੰਤਰੀ :** ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਐਸ਼ੋਰੇਂਸ ਦੇ ਦਿੱਤੀ ਹੈ ਕਿ 31 ਮਾਰਚ, 1979 ਤਕ ਬਣ ਜਾਵੇਗਾ, ਚਾਹੇ ਅਸੀਂ ਕਿਤਿਉਂ ਵੀ ਸਟਾਫ ਲਿਆਈਏ।

**ਸਰਦਾਰ ਦਲੀਪ ਸਿੰਘ ਪਾਂਧੀ :** ਸਪੀਕਰ ਸਾਹਿਬ, ਉਥੇ ਪਾਣੀ ਬਹੁਤ ਹੁੰਦਾ ਹੈ, ਵਈਂ ਪਾਰ ਕਰਨੀ ਪੈਂਦੀ ਹੈ। ਅਖ਼ਬਾਰਾਂ ਵਿਚ ਵੀ ਆਇਆ ਸੀ ਕਿ ਉਥੇ ਹਰ ਸਾਲ ਬੰਦੇ ਮਰਦੇ ਹਨ। ਇਸ ਲਈ ਉਥੇ ਵਜ਼ੀਰ ਸਾਹਿਬ ਨੂੰ ਸਪੈਸ਼ਲ ਸਟਾਫ ਲਗਾਉਣਾ ਪਵੇਗਾ। ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਇਸ ਤਰ੍ਹਾਂ ਦਾ ਪ੍ਰਬੰਧ ਕਰਨਗੇ ਤਾਂਕਿ ਕੰਮ ਛੇਤੀ ਖ਼ਤਮ ਹੋ ਜਾਵੇ ?

**ਮੰਤਰੀ :** ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਮੰਨ ਬੈਠਾਂ ਹਾਂ, ਇਹ ਤਾਂ ਹੁਣ ਐਵੇਂ ਹੀ ਜ਼ਿਦ ਕਰਦੇ ਹਨ।

**ਚੌਧਰੀ ਸੁੰਦਰ ਸਿੰਘ :** ** ** **

**Mr. Speaker :** Please expunge these remarks.

**ਵਿਰੋਧੀ ਧਿਰ ਵਲੋਂ ਆਵਾਜ਼ਾਂ :** ਨਹੀਂ ਜੀ, ਇਹ ਪੰਜਾਬੀ ਮੁਹਾਵਰਾ ਹੈ।

**ਸ੍ਰੀ ਸਪੀਕਰ :** ਜੋ ਸ਼ਬਦ ਗਲਤ ਕਹੇ ਹਨ, ਉਹ ਐਕਸਪੰਜ ਕਰ ਦਿੰਦੇ ਹਾਂ।

**ਸਰਦਾਰ ਸਰੂਪ ਸਿੰਘ :** ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਪੁਲ ਦਾ ਸੰਨ 1970 ਵਿਚ ਕਿਤਨਾ ਐਸਟੀਮੇਟ ਸੀ ਔਰ ਹੁਣ ਕਿਤਨਾਂ ਹੋ ਗਿਆ ਹੈ ਕਿਤਨੇ ਪੈਸੇ ਵਾਧੂ ਖਰਚ ਆਉਣਗੇ ? ਔਰ ਜਿਹੜੇ ਇਸ ਚੀਜ਼ ਦੇ ਜ਼ਿੰਮੇਵਾਰ ਹਨ ਉਨ੍ਹਾਂ ਦੇ ਖ਼ਿਲਾਫ਼ ਕੀ ਐਕਸ਼ਨ ਲੈਣ ਨੂੰ ਤਿਆਰ ਹਨ ?

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਦਾ ਸਵਾਲ ਤਾਂ ਠੀਕ ਹੈ। ਇਸ ਪੁਲ ਦਾ ਪਹਿਲਾ ਅਨੁਮਾਨ ਸੀ 8.35 ਲੱਖ ਰੁਪਏ ਔਰ ਹੁਣ 14.69 ਲੱਖ ਰੁਪਏ ਹੋ ਗਿਆ ਹੈ। ਇਤਨੀ ਰਕਮ ਵਧ ਗਈ ਹੈ। ਫਿਰ ਵੀ ਮੈਂ ਇਸ ਦੇ ਬਾਰੇ ਪੜਤਾਲ ਕਰਵਾ ਲਵਾਂਗਾ।

**ਸਰਦਾਰ ਸਰੂਪ ਸਿੰਘ :** ਸਪੀਕਰ ਸਾਹਿਬ, ਇਨ੍ਹਾਂ ਨੇ ਦੱਸਿਆ ਨਹੀਂ ਹੈ ਕਿ ਜ਼ਿੰਮੇਵਾਰ ਆਦਮੀਆਂ ਦੇ ਖਿਲਾਫ ਕੀ ਕੋਈ ਐਕਸ਼ਨ ਲੈਣਗੇ ?

**ਸ੍ਰੀ ਸਪੀਕਰ :** ਚੀਮਾ ਸਾਹਿਬ, ਇਹ ਐਕਸ਼ਨ ਦੀ ਗੱਲ ਕਰਦੇ ਹਨ। ਇਹ ਕਹਿੰਦੇ ਹਨ ਕਿ ਆਇਆ ਤੁਸੀਂ ਜਿਹੜੇ ਇਸ ਵਾਧੂ ਰਕਮ ਦੇ ਜ਼ਿੰਮੇਵਾਰ ਹਨ, ਉਨ੍ਹਾਂ ਦੇ ਖਿਲਾਫ ਕੋਈ ਐਕਸ਼ਨ ਲਵੋਗੇ।

**ਮੰਤਰੀ :** ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਕਹਿ ਦਿੱਤਾ ਹੈ ਕਿ ਪੜਤਾਲ ਕਰਵਾ ਲਵਾਂਗਾ ਔਰ ਜਿਹੜੇ ਜ਼ਿੰਮੇਵਾਰ ਹੋਣਗੇ ਉਨ੍ਹਾਂ ਦੇ ਖ਼ਿਲਾਫ਼ ਐਕਸ਼ਨ ਲੈ ਲਵਾਂਗਾ। ਪਰ ਜੇਕਰ ਇਹ ਹੀ ਜ਼ਿੰਮੇਵਾਰ ਹੋਣਗੇ ਤਾਂ ਫਿਰ ਕੀ ਕਰਾਂਗੇ। (ਹਾਸਾ)

---

**Expunged as order by the Chair

Original with;
Punjab Vidhan Sabha
Digitized by;
Panjab Digital Library

**ਸ੍ਰੀ ਹਰਬੰਸ ਲਾਲ ਘੰਨਾ** : ਸਪੀਕਰ ਸਾਹਿਬ, ਅੰਮ੍ਰਿਤਸਰ-ਜੰਮੂ ਕਸ਼ਮੀਰ ਨੈਸ਼ਨਲ ਹਾਈ ਵੇਅ ਤੇ ਟਰੈਫਿਕ ਬਹੁਤ ਜ਼ਿਆਦਾ ਹੋ ਗਈ ਹੈ। ਉਥੇ ਇਕ 'ਗਗਨ' ਸਿਨਮਾ ਹੈ। ਉਥੇ ਟਰੈਫਿਕ ਬਹੁਤ ਜ਼ਿਆਦਾ ਹੋਣ ਕਰਕੇ ਬਹੁਤ ਸਾਰੇ ਐਕਸੀਡੈਂਟ ਹੁੰਦੇ ਹਨ। ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਥੇ ਜਿਹੜਾ ਪੁਲ ਹੈ ਉਸ ਨੂੰ ਚੌੜਾ ਕਰਨ ਵਾਸਤੇ ਕੀ ਇਹ ਭਰੋਸਾ ਦੇਣਗੇ ਕਿ ਜਲਦੀ ਤੋਂ ਜਲਦੀ ਉਸ ਪੁੱਲ ਨੂੰ ਚੌੜਾ ਕੀਤਾ ਜਾਵੇਗਾ ਤਾਕਿ ਐਕਸੀਡੈਂਟਸ ਰੁਕ ਸਕਣ ?

**ਮੰਤਰੀ** : ਸਪੀਕਰ ਸਾਹਿਬ, ਇਸ ਸਪਲੀਮੈਂਟਰੀ ਦਾ ਸਵਾਲ ਨਾਲ ਸਬੰਧ ਨਹੀਂ ਹੈ। ਲੇਕਿਨ ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਇਹ ਮੈਨੂੰ ਲਿਖ ਕੇ ਦੇ ਦੇਣ।

**ਸਰਦਾਰ ਗੁਰਦੇਵ ਸਿੰਘ ਸ਼ਾਂਤ** : ਸਪੀਕਰ ਸਾਹਿਬ, ਇਸ ਤਰ੍ਹਾਂ ਹੀ ਚੰਦਭਾਨ ਡਰੇਨ ਹੈ ਉਸ ਉਪਰ ਪੁਲ ਬਣਾਉਣ ਵਾਸਤੇ ਸਰਕਾਰ ਵਲੋਂ ਐਸਟੀਮੇਟ ਬਣਾਇਆ ਗਿਆ ਪਰ ਕਾਫੀ ਦੇਰ ਹੋ ਗਈ ਹੈ ਉਥੇ ਕੰਮ ਸ਼ੁਰੂ ਨਹੀਂ ਹੋਇਆ। ਕੀ ਵਜ਼ੀਰ ਸਾਹਿਬ ਉਥੇ ਕੰਮ ਕਰਵਾਉਣ ਦਾ ਇਰਾਦਾ ਰੱਖਦੇ ਹਨ ?

**ਮੰਤਰੀ** : ਸਪੀਕਰ ਸਾਹਿਬ, ਇਸ ਦਾ ਸਵਾਲ ਨਾਲ ਸਬੰਧ ਨਹੀਂ ਹੈ। ਇਹ ਜਾਂ ਤਾਂ ਮੈਨੂੰ ਆਪ ਮਿਲ ਲੈਣ, ਨਹੀਂ ਤਾਂ ਇਸ ਬਾਰੇ ਲਿਖ ਕੇ ਦੇ ਦੇਣ।

**ਚੌਧਰੀ ਕਾਂਸ਼ੀ ਰਾਮ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਛੇ ਲੱਖ ਰੁਪਏ ਦੇ ਕਰੀਬ ਅਮਾਊਂਟ ਐਸਟੀਮੇਟ ਦਾ ਐਨਹਾਂਸ ਹੋ ਚੁਕਿਆ ਹੈ। ਕੀ ਜਿਹੜੇ ਪਹਿਲੇ ਠੇਕੇਦਾਰ ਨੂੰ ਕੰਮ ਅਲਾਟ ਕੀਤਾ ਗਿਆ ਸੀ, ਉਸ ਦੀ ਵੀ ਮਾੜੀ ਮੋਟੀ ਜ਼ਿਮੇਵਾਰੀ ਪੁਲ ਬਣਾਉਣ ਦੀ ਬਣਦੀ ਸੀ ਜਾਂ ਨਹੀਂ ? ਜੇਕਰ ਬਣਦੀ ਸੀ ਤਾਂ ਕੀ ਕੋਈ ਉਸ ਦੇ ਖਿਲਾਫ ਵੀ ਐਕਸ਼ਨ ਲਿਆ ਗਿਆ ਹੈ ਜਾਂ ਨਹੀਂ ?

**ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਜਵਾਬ ਦੇ ਬੈਠਾਂ ਹਾਂ। ਹੋ ਸਕਦਾ ਹੈ ਕਿ ਇਹ ਹੀ ਜ਼ਿਮੇਵਾਰ ਹੋਣ। ਹੋ ਸਕਦਾ ਹੈ ਕਿ ਇਨ੍ਹਾਂ ਨੇ ਠੇਕੇਦਾਰ ਨੂੰ ਕੰਮ ਕਰਨ ਵਾਸਤੇ ਪੈਸੇ ਨਾ ਦਿੱਤੇ ਹੋਣ।

**ਸ੍ਰੀ ਸਪੀਕਰ** : ਨਹੀਂ ਜੀ, ਇਹ ਕਹਿੰਦੇ ਹਨ ਕਿ ਪੜਤਾਲ ਕਰਕੇ ਜਿਹੜੇ ਜ਼ਿੰਮੇਵਾਰ ਹੋਣ ਆਇਆ ਤੁਸੀਂ ਕੋਈ ਉਨ੍ਹਾਂ ਦੇ ਖ਼ਿਲਾਫ਼ ਐਕਸ਼ਨ ਲਵੋਗੇ ?

**Chaudhri Kanshi Ram** : I seek your protection, Sir. ਵੇਖੋ, ਸਰ, ਸਰਕਾਰ ਵਲੋਂ ਟੈਂਡਰ ਤੇ ਕੰਮ ਅਲਾਟ ਹੋਇਆ ਹੈ। ਕੋਈ ਗਰੰਟੀ ਵਗੈਰਾ ਲਈ ਹੋਵੇਗੀ, ਗਰੰਟੀ ਦੀਆਂ ਸ਼ਰਤਾਂ ਹੋਣਗੀਆਂ ਔਰ ਉਹ ਸ਼ਰਤਾਂ ਪਹਿਲਾਂ ਹੁੰਦੀਆਂ ਹਨ ਜੇਕਰ ਹਾਊਸ ਵਿਚ ਇਸ ਤਰ੍ਹਾਂ ਦਾ ਹੀ ਜਵਾਬ ਦੇਣਾ ਹੈ, ਇਹ ਠੀਕ ਨਹੀਂ ਹੈ। He should not beat about the bush.

**ਸ੍ਰੀ ਸਪੀਕਰ** : ਚੌਧਰੀ ਸਾਹਿਬ, ਤੁਸੀਂ ਬੈਠੋ ਮੈਂ ਗੱਲ ਕਰਦਾ ਹਾਂ। ਚੀਮਾ ਸਾਹਿਬ, ਇਹ ਜਾਣਨਾ ਚਾਹੁੰਦੇ ਹਨ ਕਿ ਜਿਸ ਠੇਕੇਦਾਰ ਨੂੰ ਠੇਕਾ ਦਿੱਤਾ ਸੀ, ਉਸ ਤੋਂ ਕੋਈ ਸਿਕਿਉਰਿਟੀ ਜਾਂ ਗਰੰਟੀ ਵਗੈਰਾ ਲਈ ਹੋਵੇਗੀ ਜਾਂ ਨਹੀਂ ਸੀ ਲਈ, ਇਸ ਬਾਰੇ ਪਤਾ ਹੈ ਤਾਂ ਦੱਸ ਦਿਓ।

Original with;
Punjab Vidhan Sabha
Digitized by;
Panjab Digital Library

**ਮੰਤਰੀ** : ਇਹ ਜੀ ਸੰਨ 1973 ਦੀ ਗੱਲ ਹੈ, ਇਨ੍ਹਾਂ ਦੀ ਸਰਕਾਰ ਵੇਲੇ ਦਾ ਕੇਸ ਹੈ, ਮੈਂ ਪੜਤਾਲ ਕਰਵਾ ਲਵਾਂਗਾ।

---

**ਕਪੂਰਥਲਾ ਸ਼ਹਿਰ ਦੇ ਜਲੌਖਾਨਾ ਵਰਗੀਆਂ ਸਾਬਕਾ ਰਿਆਸਤੀ ਇਮਾਰਤਾਂ ਦਾ ਕਬਜ਼ਾ**

*747. **ਡਾਕਟਰ ਸਾਧੂ ਰਾਮ** : ਕੀ ਲੋਕ ਕਾਰਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਉਨ੍ਹਾਂ ਵਿਅੱਕਤੀਆਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਕੋਲ ਕਪੂਰਥਲਾ ਸ਼ਹਿਰ ਦੇ ਜਲੌਖਾਨਾ ਵਰਗੀਆਂ ਸਾਬਕਾ ਰਿਆਸਤੀ ਇਮਾਰਤਾਂ ਦਾ ਕਬਜ਼ਾ ਹੈ ਅਤੇ ਇਨ੍ਹਾਂ ਇਮਾਰਤਾਂ ਦੇ ਪ੍ਰਬੰਧ ਲਈ ਜ਼ਿੰਮੇਵਾਰ ਵਿਅੱਕਤੀਆਂ ਦੇ ਨਾਂ ਕੀ ਕੀ ਹਨ ?

**ਸਰਦਾਰ ਰਣਧੀਰ ਸਿੰਘ ਚੀਮਾ** : ਸਵਾਲ ਦਾ ਉੱਤਰ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ।

ਰਿਆਸਤਾਂ ਦੀਆਂ ਪ੍ਰਿੰਸਲੀ ਇਮਾਰਤਾਂ ਦੀ ਸਥਿਤੀ ਨਿਮਨ ਲਿਖਤ ਅਨੁਸਾਰ ਹੈ:--

| ਲੜੀ ਨੰ: | ਰਾਜਸੀ ਭਵਨ ਦਾ ਨਾਮ | ਕਾਰਜਕਾਰ ਵਿਅਕਤੀ ਦਾ ਨਾਮ | ਉਸ ਵਿਅਕਤੀ ਦਾ ਨਾਮ ਜੋ ਇਨ੍ਹਾਂ ਭਵਨਾਂ ਦੇ ਪ੍ਰਬੰਧਕ ਹਨ |
|---|---|---|---|
| | **(ੳ) ਕਪੂਰਥਲਾ ਸਟੇਟ** | | |
| 1. | ਸੈਨਿਕ ਸਕੂਲ ਕਪੂਰਥਲਾ (ਮਹਾਰਾਜਾ ਮਹਿਲ) ਜਿਸ ਦਾ ਨਾਮ ਜਗਤਜੀਤ ਮਹਿਲ ਹੈ। | ਸੈਨਿਕ ਸਕੂਲ | ਪ੍ਰਿੰਸੀਪਲ, ਸੈਨਿਕ ਸਕੂਲ, ਕਪੂਰਥਲਾ। |
| 2. | ਯੋਰਪੀਅਨ ਗੈਸਟ ਹਾਊਸ, ਕਪੂਰਥਲਾ | ਸਿਵਲ ਵਿਸ਼ਰਾਮ-ਘਰ, ਕਪੂਰਥਲਾ | ਡਿਪਟੀ ਕਮਿਸ਼ਨਰ, ਕਪੂਰਥਲਾ। |
| 3. | ਜ਼ਿਲ੍ਹਾ ਕਚਿਹਰੀਆਂ ਭਵਨ | ਜ਼ਿਲ੍ਹਾ ਕਚਿਹਰੀਆਂ, ਡਿਪਟੀ ਕਮਿਸ਼ਨਰ, ਉਪ-ਮੰਡਲ ਅਫਸਰ (ਨ), ਸਹਾਇਕ ਡਿਪਟੀ ਕਮਿਸ਼ਨਰ ਕਪੂਰ-ਥਲਾ, ਜ਼ਿਲ੍ਹਾ ਟਰਾਂਸਪੋਰਟ ਅਫ਼ਸਰ, ਜ਼ਿਲ੍ਹਾ ਸ਼ਿਕਾਇਤ ਅਫ਼ਸਰ, ਜ਼ਿਲ੍ਹਾ ਸੈਸ਼ਨ ਜੱਜ, ਜ਼ਿਲ੍ਹਾ ਅਟਾਰਨੀ ਸੀਨੀਅਰ ਸੱਬ-ਜੱਜ, ਸੀ.ਜੇ.ਐਮ., ਦੋ ਏ.ਡੀ.ਏ., ਪੁਲਿਸ | ਲੋਕ ਨਿਰਮਾਣ ਭਵਨ ਤੇ ਮਾਰਗ ਸ਼ਾਖਾ। |

Original with;
Punjab Vidhan Sabha
Digitized by;
Panjab Digital Library

| ਲੜੀ ਨੰ। | ਰਾਜਸੀ ਭਵਨ ਦਾ ਨਾਮ | | ਕਾਰਜਕਾਰ ਵਿਅਕਤੀ ਦਾ ਨਾਮ | ਉਸ ਵਿਅਕਤੀ ਦਾ ਨਾਮ ਜੋ ਇਨ੍ਹਾਂ ਭਵਨਾਂ ਦੇ ਪ੍ਰਬੰਧਕ ਹਨ |
|---|---|---|---|---|
| | | | ਕਪਤਾਨ, ਡਿਪਟੀ ਪੁਲਿਸ ਕਪਤਾਨ, ਜ਼ਿਲ੍ਹਾ ਸੇਵਿੰਗ ਅਫ਼ਸਰ ਸਮੇਤ ਸਟਾਫ, ਡਾਇਰੈਕਟਰ ਆਡਿਟ ਐਂਡ ਅਕਾਊਂਟਸ ਸਮੇਤ ਸਟਾਫ । | |
| 4. | ਅਜ਼ੀਜ ਮੰਜ਼ਿਲ | .. | ਡਿਪਟੀ ਕਮਿਸ਼ਨਰ ਨਿਵਾਸ ਅਸਥਾਨ। | ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਸ਼ਾਖਾ । |
| 5. | ਜਗਤਜੀਤ ਕਲੱਬ | .. | ਜਗਤਜੀਤ ਕਲੱਬ | ਉਪਰੋਕਤ |
| 6. | ਕਮਰਾ ਬਿਲਡਿੰਗ | .. | ਸਿਵਲ ਸਰਜਨ ਨਿਵਾਸ ਅਸਥਾਨ | ਉਪਰੋਕਤ |
| 7. | ਮੋਰਿਸ਼ ਮਸੀਤ | .. | ਮੁੱਲਾਂ (ਮੁਸਲਮਾਨਾਂ ਦਾ ਪੂਜਨ ਅਸਥਾਨ ) | ਡਿਪਟੀ ਕਮਿਸ਼ਨਰ, ਕਪੂਰਥਲਾ। |
| 8. | ਪੰਜ ਮੰਦਰ | .. | ਪੰਜ ਮੰਦਰ | ਉਪਰੋਕਤ |
| 9. | ਏਲੀ ਐਸ ਮਹਿਲ | .. | ਮਿੰਟ-ਗੁਮਰੀ ਗੁਰੂ ਨਾਨਕ ਸਿਖਿਆ ਕਾਲਜ | ਪ੍ਰਿੰਸੀਪਲ, ਮਿੰਟ ਗੁੰਮਰੀ ਗੁਰੂ ਨਾਨਕ ਕਾਲਜ |
| 10. | ਵਿਲਾ ਨਾ ਵਿਸੀਟਾਂ | .. | ਅਲਾਹਾਬਾਦ ਬੈਂਕ ਵਿਲਾ ਕੋਠੀ ਜਿਸ ਦੀ ਮਲਕੀਅਤ ਮਹਾਰਾਜਾ ਦੇ ਲੜਕੇ ਕਰਨਲ ਸੁਖਜੀਤ ਸਿੰਘ ਪਾਸ ਹੈ। | ਮਹਾਰਾਜਾ ਦੇ ਪੁੱਤਰ |
| 11. | ਜਲੋਖਾਨਾ ਭਵਨ | .. | ਜ਼ਿਲ੍ਹਾ ਸਿਖਿਆ ਅਫਸਰ, ਜ਼ਿਲ੍ਹਾ ਖਜ਼ਾਨਾ ਅਫਸਰ, ਮੈਡੀਕਲ ਡਿਸਪੈਂਸਰੀ, ਉਪ-ਜ਼ਿਲ੍ਹਾ ਸਿੱਖਿਆ ਅਫ਼ਸਰ ਦਾ ਦਫਤਰ | ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਇਹ ਭਵਨ ਇਸ ਵਿਭਾਗ ਵਲੋਂ ਵਰਤੋਂ ਦੇ ਨਾਕਾਬਲ ਕਰਾਰ ਕੀਤਾ ਜਾ ਚੁੱਕਾ ਹੈ। |

Original with;
Punjab Vidhan Sabha
Digitized by;
Panjab Digital Library

[ਲੋਕ ਕਾਰਜ ਮੰਤਰੀ]

| ਲੜੀ ਨੰ: | ਰਾਜਸੀ ਭਵਨ ਦਾ ਨਾਮ | ਕਾਰਜਕਾਰ ਵਿਅਕਤੀ ਦਾ ਨਾਮ | ਉਸ ਵਿਅਕਤੀ ਦਾ ਨਾਮ ਜੋ ਇਨ੍ਹਾਂ ਭਵਨਾਂ ਦੇ ਪ੍ਰਬੰਧਕ ਹਨ |
|---|---|---|---|
| 12. | ਨਿਹਾਲ ਮਹਿਲ .. | ਵਰਤੋਂ ਦੇ ਯੋਗ ਨਹੀਂ ਹੈ | ਲੋਕ ਨਿਰਮਾਣ ਵਿਭਾਗ (ਭਵਨ ਤੇ ਮਾਰਗ ਸ਼ਾਖਾ)। ਇਹ ਭਵਨ ਬਹੁਤ ਪੁਰਾਣਾ ਭਵਨ ਹੈ । ਇਹ ਵਰਤੋਂ ਦੇ ਯੋਗ ਨਹੀਂ ਹੈ ਅਤੇ ਪਹਿਲਾਂ ਹੀ ਅਣ-ਸੁਰੱਖਿਅਤ ਘੋਸ਼ਿਤ ਕੀਤਾ ਗਿਆ ਹੈ । ਇਸ ਨੂੰ ਢਾਉਣ ਸਬੰਧੀ ਅਨੁਮਾਨ ਬਣਾਇਆ ਜਾ ਰਿਹਾ ਹੈ। |
| 13. | ਕਪੂਰਥਲਾ ਹਾਊਸ, ਨਵੀਂ ਦਿੱਲੀ | ਸਰਕੱਟ ਹਾਊਸ | ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਸ਼ਾਖਾ। |
| | **(2) ਪਟਿਆਲਾ ਸਟੇਟ** | | |
| 1. | ਕਿਲ੍ਹਾ ਪਟਿਆਲਾ .. | ਇਹ ਭਵਨ ਵੱਖ ਵੱਖ ਦਫ਼ਤਰਾਂ ਦੇ ਤੌਰ ਤੇ ਵਰਤਿਆ ਜਾ ਰਿਹਾ ਹੈ ਜਿਸ ਵਿੱਚ ਡਾਇਰੈਕਟਰ, ਭਾਸ਼ਾ ਵਿਭਾਗ, ਖਜ਼ਾਨਾ ਦਫ਼ਤਰ, ਪਟਿਆਲਾ ਅਤੇ ਜ਼ਿਲ੍ਹਾ ਸਿਖਿਆ ਦਫ਼ਤਰ, ਇੰਡਸਟਰੀਜ਼ ਵਿਭਾਗ, ਪੰਜਾਬ ਸਕੂਲ ਟੈਕਸਟ ਬੁਕ ਡਿਪੂ ਅਤੇ ਦਰਬਾਰ ਹਾਲ ਜੋ ਮਿਊਜ਼ੀਅਮ ਦੇ ਤੌਰ ਤੇ ਵਰਤਿਆ ਜਾ ਰਿਹਾ ਹੈ। | ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਸ਼ਾਖਾ। |
| | **(3) ਨਾਭਾ ਸਟੇਟ** | | |
| 1. | ਨਾਭਾ ਹਾਊਸ ਰਾਜਪੁਰ ਰੋਡ, ਡੇਹਰਾਦੂਨ | ਇਸ ਤੇ ਇਸ ਸਮੇਂ ਲੇਟ ਮਹਾਰਾਨੀ ਸਰੋਜਨੀ ਦੇਵੀ ਆਫ ਨਾਭਾ ਅਤੇ ਤਿਬਤੀ ਰਿਫੂਜੀਆਂ ਦਾ ਕਬਜ਼ਾ ਹੈ। | ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਸ਼ਾਖਾ। |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਰਾਜਸੀ ਭਵਨ ਦਾ ਨਾਮ | ਕਾਰਜਕਾਰ ਵਿਅਕਤੀ ਦਾ ਨਾਮ | ਉਸ ਵਿਅਕਤੀ ਦਾ ਨਾਮ ਜੋ ਇਨ੍ਹਾਂ ਭਵਨਾਂ ਦੇ ਪ੍ਰਬੰਧਕ ਹਨ |
|---|---|---|---|
| 2. | ਫੋਰਟ ਨਾਭਾ | .. ਇਸ ਵਿਚ ਪੰਜਾਬ ਸਰਕਾਰ ਦੇ ਦਫ਼ਤਰ ਹਨ ਜਿਵੇਂ ਕਿ ਪੋਸਟ ਆਫਿਸ, ਟੀ.ਓ. ਆਫਿਸ, ਪੀ. ਡਬਲਯੂ. ਡੀ. ਆਫਿਸ, ਤਹਿਸੀਲਦਾਰ ਅਤੇ ਸਬ-ਜੱਜ, ਐਸ. ਡੀ. ਐਮ. ਕੋਰਟ, ਡੀ. ਐਸ. ਪੀ. ਆਫਿਸ, ਚੀਫ ਐਗਰੀਕਲ-ਚਰ ਐਂਡ ਹੋਰਟੀਕਲਚਰ ਆਫਿਸ, ਇਸ ਤੋਂ ਇਲਾਵਾ ਇਸ ਦੇ ਕੁਝ ਕਮਰੇ ਕੁਝ ਆਦਮੀਆਂ ਨੇ ਕਬਜ਼ੇ ਵਿੱਚ ਲਏ ਹੋਏ ਹਨ, ਜਿਨ੍ਹਾਂ ਦੀ ਲਿਸਟ ਅਨੁਲਗ I ਤੇ ਨਾਲ ਨੱਥੀ ਕੀਤੀ ਜਾਂਦੀ ਹੈ। | ਲੋਕ ਨਿਰਮਾਣ ਵਿਭਾਗ ਭਵਨ ਤੇ ਮਾਰਗ ਸ਼ਾਖਾਂ |
| 4. | **ਸੰਗਰੂਰ ਸਟੇਟ** | | |
| 1. | ਬਿਲਡਿੰਗ ਆਊਟ-ਸਾਈਡ ਪਟਿਆਲਾ ਗੇਟ, ਸੰਗਰੂਰ | ਉਨ੍ਹਾਂ ਮਨੁੱਖਾਂ ਦੀ ਲਿਸਟ ਨਾਲ ਅਨੁਲਗ II ਤੇ ਨੱਥੀ ਕੀਤੀ ਜਾਂਦੀ ਹੈ। | ਉਪਰੋਕਤ |
| 2. | ਜੀਂਦ ਹਾਊਸ, ਨਵੀਂ ਦਿੱਲੀ, ਜਿਸ ਦਾ ਹੁਣ ਨਾਂ ਪੰਜਾਬ ਹਾਊਸ ਹੈ | ਸਰਕਟ ਹਾਊਸ | ਉਪਰੋਕਤ |

## ਅਨੁਲੱਗ I

**ਉਨ੍ਹਾਂ ਵਿਅਕਤੀਆਂ ਦੀ ਲਿਸਟ ਜੋ ਨਾਭਾ ਵਿਖੇ ਪ੍ਰਿਂਸਲੀ ਬਿਲਡਿੰਗ ਵਿਚ ਕਾਬਜ਼ ਹਨ।**

**ਜ਼ਿਲ੍ਹਾ ਨਾਭਾ**

1. ਤਹਿਸੀਲਦਾਰ ਰੇਜ਼ੀਡੈਂਸ
2. ਸਰਦਾਰ ਲੱਖਾ ਸਿੰਘ, ਰੀਡਰ, ਡੀ.ਐਸ.ਪੀ.

Original with;
Punjab Vidhan Sabha
Digitized by;
Panjab Digital Library

[ਲੋਕ ਕਾਰਜ ਮੰਤਰੀ]

3. ਸ੍ਰੀ ਬੁੱਧ ਰਾਮ, ਸੇਵਾਦਾਰ।
4. ਸ੍ਰੀ ਸੁਰਿੰਦਰ ਸਿੰਘ।
5. ਸ੍ਰੀ ਮਾਨ ਸਿੰਘ, ਡਰਾਈਵਰ, ਐਸ.ਡੀ.ਐਮ.।
6. ਟੀ.ਓ. (ਚਾਰ ਕਮਰੇ)।
7. ਹੈਡ ਕਨਸਟੇਬਲ ਵਲੋਂ ਕਬਜ਼ਾ ਦਿੱਤਾ ਹੋਇਆ ਕੁਆਟਰ ਖਾਲੀ ਪਿਆ ਹੈ।
8. ਸਰਦਾਰ ਬਖਸ਼ੀਸ਼ ਸਿੰਘ, ਕੰਸਟੇਬਲ, ਸੀ.ਆਈ.ਡੀ.।
9. ਟੌਪ ਫਲੋਰ ਜੋ ਪੁਲਿਸ ਗਾਰਡ ਦੇ ਕਬਜ਼ੇ ਵਿਚ ਹੈ।
10. ਸ੍ਰੀ ਹਜ਼ਾਰਾ ਸਿੰਘ, ਨਾਇਬ, ਕੋਰਟ।

**ਅਸਟੇਟ ਬਿਲਡਿੰਗ**

11. ਸ੍ਰੀ ਚਰਨਜੀਤ ਸਿੰਘ, ਏ.ਐਸ.ਆਈ.
12. ਸ੍ਰੀ ਖੁਸ਼ੀ ਰਾਮ, ਏ.ਐਸ.ਆਈ.
13. ਸ੍ਰੀ ਦੀਪ ਚੰਦ, ਹਵਾਲਦਾਰ।
14. ਦੋ ਬੈਰਕਾਂ ਪੁਲਿਸ ਦੇ ਸਿਪਾਹੀਆਂ ਨੇ ਕਬਜ਼ੇ ਵਿਚ ਕੀਤੀਆਂ ਹੋਈਆਂ ਹਨ।
15. ਸਰਦਾਰ ਬਲਵੀਰ ਸਿੰਘ, ਕੰਸਟੇਬਲ।
16. ਸ੍ਰੀ ਪਰਮਜੀਤ ਸਿੰਘ, ਕੰਸਟੇਬਲ।
17. ਸਰਦਾਰ ਪ੍ਰੀਤਮ ਸਿੰਘ, ਕੰਸਟੇਬਲ।
18. ਸ੍ਰੀ ਪ੍ਰਿਥੀ ਸਿੰਘ, ਕੰਸਟੇਬਲ।
19. ਸ੍ਰੀ ਕਰਤਾਰ ਸਿੰਘ, ਕੰਸਟੇਬਲ।
20. ਸ੍ਰੀ ਓਮ ਪ੍ਰਕਾਸ਼, ਡਰਾਈਵਰ।
21. ਸ੍ਰੀ ਗੁਰਬਚਨ ਸਿੰਘ, ਹੈਡਕਲਰਕ।
22. ਸ੍ਰੀ ਸ਼ਾਮ ਲਾਲ, ਕਨਸਟੇਬਲ।
23. ਸ੍ਰੀ ਰਾਮ ਸਰੂਪ, ਡਰਾਈਵਰ, ਡੀ.ਐਸ.ਪੀ.।

**ਪੱਕਾ ਬਾਗ**

1. ਸਰਦਾਰ ਪ੍ਰੇਮ ਸਿੰਘ, ਪ੍ਰਿੰਸੀਪਲ।
2. ਸ੍ਰੀ ਗੁਰਦੇਵ ਸਿੰਘ, ਚੌਕੀਦਾਰ।
3. ਸ੍ਰੀ ਭਾਰਤ, ਚੌਕੀਦਾਰ।
4. ਹੋਸਟਲ ਰਿਪੁਦਮਨ ਕਾਲਜ।
5. ਰੈਜ਼ੀਡੈਂਸ, ਹੋਸਟਲ ਸੁਪਰਡੰਟ, ਰਿਪੁਦਮਨ ਕਾਲਜ।
6. ਸ੍ਰੀ ਜੋਗਿੰਦਰ ਸਿੰਘ, ਚੌਕੀਦਾਰ, ਐਨ. ਸੀ. ਸੀ.।
7. ਜੇ. ਬੀ. ਟੀ. ਕਾਲਜ ਹੋਸਟਲ।
8. ਰੈਜ਼ੀਡੈਂਸ਼ਲ ਹੋਸਟਲ, ਜੇ.ਬੀ.ਟੀ. ਕਾਲਜ ਸੁਪਰਡੰਟ।
9. ਰੈਜ਼ੀਡੈਂਸ, ਬ੍ਰਿਜ ਸ਼ਰਮਾ, ਚੌਕੀਦਾਰ (ਪੁਰਾਣੀ ਵਾਟਰ ਵਰਕਸ ਦੀ ਇਮਾਰਤ)।
10. ਸ੍ਰੀ ਬੱਗਾ ਸਿੰਘ, .. 1. ਸ੍ਰੀ ਸ਼ਰਨ ਸਿੰਘ, ਪੀਅਨ, ਭਾਸ਼ਾ ਵਿਭਾਗ।

Original with;
Punjab Vidhan Sabha
Digitized by;
Panjab Digital Library

2. ਸ੍ਰੀ ਲਾਲ ਸਿੰਘ, ਪੀਅਨ, ਸਟੇਟ ਬੈਂਕ, ਰਾਮਪੁਰਾ ਫੂਲ ।
3. ਸ੍ਰੀ ਦਲੀਪ ਸਿੰਘ, ਹੋਰਲਿਕਸ ਮਿਲਕ ਫੈਕਟਰੀ ।
4. ਅਜਮੇਰ ਸਿੰਘ, ਪਬਲਿਕ ਸਕੂਲ, ਨਾਭਾ ।

11. ਸ੍ਰੀ ਹਰਦੇਵ ਸਿੰਘ ਪੁੱਤਰ ਸ੍ਰੀ ਕਿਸ਼ਨ ਸਿੰਘ, ਪੰਚਾਇਤ ਸੈਕਟਰੀ, ਸਮਾਨਾ ।

ਅਨੁਲੱਗ ਨੰ: II

ਬਿਲਡਿੰਗ ਆਊਟ ਸਾਈਡ ਪਟਿਆਲਾ ਗੇਟ, ਸੰਗਰੂਰ, ਵਿੱਚ ਅਣ-ਅਧਕਾਰਿਤ ਆਕੂਪੈਂਟਸ ਦੀ ਸੂਚੀ

| ਲੜੀ ਨੰ: | ਨੰਬਰ ਆਫ ਕੁਆਟਰ ਆਕੂਪਾਈਡ | ਨੇਮ ਆਫ ਆਕੂਪੈਂਟਸ |
|---|---|---|
| 1. | 3 | ਸ੍ਰੀ ਰੋਸ਼ਨ ਲਾਲ ਪੁੱਤਰ ਸ੍ਰੀ ਫੱਤੂ ਰਾਮ ਗੁਸਾਈਂ ਅਤੇ ਸ੍ਰੀ ਫੱਤੂ ਰਾਮ ਗੁਸਾਈਂ । |
| 2. | 4 | ਸ੍ਰੀ ਰਾਮ ਚੰਦ ਪੁੱਤਰ ਸ੍ਰੀ ਫੱਤੂ ਰਾਮ ਗੁਸਾਈਂ । |
| 3. | 5 | (1) ਸ੍ਰੀ ਨੌਤਨ ਦਾਸ ਪੁੱਤਰ ਸ੍ਰੀ ਕੇਵਲ ਰਾਮ । |
| | | (2) ਸ੍ਰੀ ਰੋਸ਼ਨ ਲਾਲ ਪੁੱਤਰ ਸ੍ਰੀ ਨੌਤਨ ਦਾਸ । |
| 4. | 10 | (1) ਸ੍ਰੀ ਨਰਜੰਨ ਦਾਸ ਪੁੱਤਰ ਸ੍ਰੀ ਕੱਦੂ ਰਾਮ । |
| | | (2) ਸ੍ਰੀ ਕੱਦੂ ਰਾਮ । |
| | 12 | (3) ਸ੍ਰੀ ਵੇਦ ਪ੍ਰਕਾਸ਼ ਪੁੱਤਰ ਸ੍ਰੀ ਕੱਦੂ ਰਾਮ । |
| 5. | 13 | (1) ਸ੍ਰੀ ਰੌਸ਼ਨ ਲਾਲ ਪੁੱਤਰ ਸ੍ਰੀ ਮੇਲਾ ਰਾਮ । |
| | 14 | (2) ਸ੍ਰੀ ਚਾਨਣ ਰਾਮ, ਪੁੱਤਰ ਸ੍ਰੀ ਮੇਲਾ ਰਾਮ । |
| 6. | 15 | ਸ੍ਰੀ ਮਨਹੋਰ ਲਾਲ ਪੁੱਤਰ ਸ੍ਰੀ ਟੋਕਨ ਰਾਮ । |
| 7. | 19 | ਸ੍ਰੀ ਮੂਲ ਚੰਦ, ਪੁੱਤਰ ਸ੍ਰੀ ਮੰਗੂ ਰਾਮ । |
| 8. | 21 | ਸ੍ਰੀ ਗਾਂਧੀ ਰਾਮ ਪੁੱਤਰ ਸ੍ਰੀ ਲੀਲਾ ਰਾਮ । |
| 9. | 22 | ਸ੍ਰੀ ਈਸ਼ਰ ਚੰਦ ਪੁੱਤਰ ਸ੍ਰੀ ਮੇਲੂ ਰਾਮ । |
| 10. | 30 | ਸ੍ਰੀ ਮੇਲੂ ਰਾਮ । |
| 11. | 31 | ਸ੍ਰੀ ਕਰਮ ਚੰਦ । |
| 12. | 32 | ਸ੍ਰੀ ਮਤੀ ਹਿੰਮਤੀ ਦੇਵੀ ਪਤਨੀ ਲੇਟ ਸ੍ਰੀ ਰਾਮ ਚੰਦ । |
| 13. | 33 | ਸ੍ਰੀ ਪ੍ਰੇਮ ਚੰਦ ਪੁੱਤਰ ਸ੍ਰੀਮਤੀ ਹਿੰਮਤੀ ਦੇਵੀ । |

Original with;
Punjab Vidhan Sabha
Digitized by;
Panjab Digital Library

**ਫਰਵਰੀ/ਮਾਰਚ 1976 ਵਿਚ ਹੋਏ ਮਿਡਲ ਸ਼੍ਰੇਣੀ ਦੀ ਪ੍ਰੀਖਿਆ ਦਾ ਨਤੀਜਾ।**

*505. **ਕਾਮਰੇਡ ਸੱਤ ਪਾਲ ਡਾਂਗ** : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :--

(ੳ) ਕੀ ਅਠਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਨੂੰ ਕੁਝ ਮੈਰਿਟ ਵਜ਼ੀਫੇ ਦੇਣ ਸਬੰਧੀ ਨਿਰਣਾ ਕਰਨ ਲਈ ਫਰਵਰੀ/ਮਾਰਚ, 1976 ਵਿਚ ਡੀ.ਪੀ.ਆਈ. ਜਾਂ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਕੋਈ ਪ੍ਰੀਖਿਆ ਲਈ ਗਈ ? ਜੇਕਰ ਅਜਿਹਾ ਹੋਵੇ ਤਾਂ ਦਿੱਤੇ ਜਾਣ ਵਾਲੇ ਵਜ਼ੀਫਿਆਂ ਦੀ ਗਿਣਤੀ ਕਿੰਨੀ ਸੀ ;

(ਅ) ਪ੍ਰੀਖਿਆ ਦਾ ਨਤੀਜਾ ਕਿਸ ਮਿਤੀ ਨੂੰ ਕੱਢਿਆ ਗਿਆ ਅਤੇ ਕੀ ਵਜ਼ੀਫੇ ਅਸਲ ਵਿੱਚ ਦਿੱਤੇ ਗਏ ਹਨ ;

(ੲ) ਕੀ ਉਪਰੋਕਤ ਪ੍ਰੀਖਿਆ ਦਾ ਨਤੀਜਾ ਅਜੇ ਤੱਕ ਨਹੀਂ ਕੱਢਿਆ ਗਿਆ ; ਜੇਕਰ ਅਜਿਹਾ ਹੋਵੇ ਤਾਂ ਉਸ ਦੇ ਕਾਰਨ ਕੀ ਹਨ ?

**ਸਰਦਾਰ ਸੁਖਜਿੰਦਰ ਸਿੰਘ ਖੈਰਾ** : (ੳ) ਹਾਂ ਜੀ, ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਵਜ਼ੀਫਿਆਂ ਦੀ ਗਿਣਤੀ 2,780 ਸੀ ।

(ਅ) 17 ਮਈ, 1976 ਨੂੰ ਕੇਵਲ 1,607 ਵਜ਼ੀਫੇ ਅਵਾਰਡ ਕੀਤੇ ਗਏ ਹਨ।

(ੲ) ਸੁਆਲ ਹੀ ਪੈਦਾ ਨਹੀਂ ਹੁੰਦਾ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ 2,780 ਵਜ਼ੀਫੇ ਦੇਣੇ ਸਨ ਪਰ ਉਨ੍ਹਾਂ ਵਿਚੋਂ ਕੋਈ 1607 ਨੂੰ ਵਜ਼ੀਫੇ ਦਿਤੇ ਹਨ ਔਰ 1,173 ਵਜ਼ੀਫੇ ਰਹਿ ਗਏ ਹਨ । ਇਹ ਜਿਹੜਾ ਬਜਟ ਵਿਚ ਵਜ਼ੀਫਿਆਂ ਲਈ ਪੈਸੇ ਦਾ ਪਰੋਵੀਜ਼ਨ ਕੀਤਾ ਸੀ, ਮੈਂ ਇਹ ਪੁਛਦਾ ਹਾਂ ਕਿ ਇਹ ਪੈਸਾ ਕਿਥੇ ਗਿਆ ਹੈ ?

**ਮੰਤਰੀ** : ਸਪੀਕਰ ਸਾਹਿਬ, ਵਜ਼ੀਫੇ ਵਾਸਤੇ 2,780 ਲੜਕਿਆਂ ਨੇ ਕੁਆਲੀਫਾਈ ਕੀਤਾ ਸੀ। ਪਰ ਜਿਸ ਵੇਲੇ ਉਨ੍ਹਾਂ ਨੂੰ ਵਜ਼ੀਫੇ ਦੇਣੇ ਸਨ ਤਾਂ ਉਨ੍ਹਾਂ ਦੇ ਪੇਰੇਂਟਸ ਦੀ ਆਮਦਨੀ ਦੇ ਮੁਤਾਬਿਕ 1,607 ਐਸੇ ਲੜਕੇ ਸਨ ਜਿਨ੍ਹਾਂ ਦੀ ਵਜ਼ੀਫੇ ਵਾਸਤੇ ਇਲਿਜੀਬਿਲਟੀ ਬਣਦੀ ਸੀ।

**ਡਾਕਟਰ ਕੇਵਲ ਕ੍ਰਿਸ਼ਨ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਕਹਿੰਦੇ ਹਨ ਕਿ ਜਿਨ੍ਹਾਂ ਦੀ ਇਲਿਜੀਬਿਲਟੀ ਬਣਦੀ ਸੀ ਉਨ੍ਹਾਂ ਨੂੰ ਵਜ਼ੀਫੇ ਦਿਤੇ ਗਏ ਹਨ । ਮੈਂ ਇਹ ਪੁਛਦਾ ਹਾਂ ਕਿ ਵਜ਼ੀਫੇ ਤਾਂ ਉਨ੍ਹਾਂ ਦੀ ਕਾਬਲੀਅਤ ਦੇ ਮੁਤਾਬਿਕ ਦਿਤੇ ਜਾਂਦੇ ਹਨ, ਕੀ ਇਸ ਲਈ ਇਹ ਨਹੀਂ ਹੋ ਸਕਦਾ ਕਿ ਜਿਹੜਾ ਮੈਰਿਟ ਤੇ ਆਵੇ ਉਸ ਨੂੰ ਵਜ਼ੀਫਾ ਦਿਤਾ ਜਾਵੇ ਚਾਹੇ ਕੋਈ ਗਰੀਬ ਹੋਵੇ ਜਾਂ ਅਮੀਰ ਹੋਵੇ ?

**ਮੰਤਰੀ** : ਇਹ ਤਾਂ ਗਰੀਬਾਂ ਨੂੰ ਹੀ ਮਿਲਣਾ ਹੈ । ਹਾਲੇ ਸਾਡੇ ਕੋਲ ਇਤਨੇ ਫੰਡ ਨਹੀਂ ਕਿ ਅਸੀਂ ਸਾਰਿਆਂ ਨੂੰ ਦੇ ਸਕੀਏ । ਪਰ ਇਹ ਪਰੈਕਟਿਸ ਤਾਂ ਬਹੁਤ ਦੇਰ ਤੋਂ ਚਲੀ ਆ ਰਹੀ ਹੈ । ਫਿਰ ਵੀ ਜਿਸ ਵੇਲੇ ਮਾਲੀ ਹਾਲਤ ਚੰਗੀ ਹੋਈ, ਖਿਆਲ ਕਰ ਲਵਾਂਗੇ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਇਨ੍ਹਾਂ ਨੇ ਦੱਸਿਆ ਹੈ ਕਿ ਪੰਜਾਬ ਸਕੂਲ ਸਿਖਿਆ ਬੋਰਡ ਵਿਚ ਵਜ਼ੀਫਿਆਂ ਦੀ ਗਿਣਤੀ 2,780 ਹੈ, ਉਨ੍ਹਾਂ ਵਿਚੋਂ ਜਿਨ੍ਹਾਂ ਨੂੰ ਵਜ਼ੀਫੇ ਦਿਤੇ ਗਏ ਉਨ੍ਹਾਂ

Original with;
Punjab Vidhan Sabha
Digitized by;
Panjab Digital Library

ਦੀ ਗਿਣਤੀ 1,607 ਹੈ। ਮੈਂ ਇਹ ਪੁਛਦਾ ਹਾਂ ਕਿ ਜਿਹੜਾ ਬਾਕੀ ਪੈਸਾ ਵਜ਼ੀਫਿਆਂ ਦਾ ਬਚ ਗਿਆ ਉਹ ਕਿਥੇ ਗਿਆ ਹੈ ?

**ਮੰਤਰੀ :** ਇਸ ਵਾਸਤੇ ਇਹ ਸੈਪਰੇਟ ਨੋਟਿਸ ਦੇ ਦੇਣ।

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਸਾਰਾ ਝਗੜਾ ਹੀ ਇਹ ਹੈ ਕਿ ਸਕਾਲਰਸ਼ਿਪ ਵੰਡੇ ਨਹੀਂ ਅਤੇ ਉਹ ਪੈਸਾ ਅਫਸਰ ਖਾ ਗਏ।

**Mr. Speaker :** It is absolutely correct that it is not covered and a separate notice is required.

**Sri A. Vishwanathan :** Mr. Speaker, will the Education Minister be pleased to inform the House whether there is any difference between the scholarship and the stipend ?

**ਮੰਤਰੀ :** ਸਪੀਕਰ ਸਾਹਿਬ, ਕਈ ਸਕੀਮਾਂ ਸਾਡੇ ਪਾਸ ਹਨ, ਜਿਸ ਵਿਚ ਦੋਨੋਂ ਕੈਟੇਗਰੀਜ਼ ਕਵਰ ਹੋ ਜਾਂਦੀਆਂ ਹਨ। ਇਸ ਲਈ ਇਨ੍ਹਾਂ ਸਕੀਮਾਂ ਦੇ ਆਧਾਰ ਤੇ ਮਾਂ ਬਾਪ ਦੀ ਆਮਦਨ ਦਾ ਵੀ ਖਿਆਲ ਰਖਿਆ ਜਾਂਦਾ ਹੈ, ਮੈਰਿਟ ਵੀ ਵੇਖੀ ਜਾਂਦੀ ਹੈ ਅਤੇ ਲੜਕੀਆਂ ਦਾ ਵੀ ਖਿਆਲ ਰਖਿਆ ਜਾਂਦਾ ਹੈ।

**ਸ੍ਰੀ ਓਮ ਪ੍ਰਕਾਸ਼ ਗੁਪਤਾ :** ਸਪੀਕਰ ਸਾਹਿਬ, ਇਨ੍ਹਾਂ ਨੇ ਆਮਦਨੀ ਦਾ ਜ਼ਿਕਰ ਕੀਤਾ ਹੈ, ਮੈਂ ਇਹ ਪੁਛਦਾ ਹਾਂ ਕਿ ਸਰਕਾਰ ਨੇ ਜਿਸ ਤਰ੍ਹਾਂ ਇਨਕਮ ਟੈਕਸ ਦੀ ਲਿਮਿਟ 12 ਹਜ਼ਾਰ ਰੁਪਏ ਤਕ ਕਰ ਦਿਤੀ ਹੈ ਕੀ ਇਸੇ ਤਰ੍ਹਾਂ ਪੇਰੈਂਟਸ ਦੀ ਇਨਕਮ ਦਾ ਜਿਹੜਾ ਕੁਇੰਟਮ ਫਿਕਸ ਕੀਤਾ ਹੈ, ਕੀ ਇਸ ਨੂੰ ਇਨਕਰੀਜ਼ ਕਰਨਗੇ ?

**Minister :** It is a good suggestion for action.

---

**Non-Payment of Old Age Pension**

***498. Comrade Satya Pal Dang :** Will the Minister for Welfare be pleased to state:—

(a) whether any of the persons to whom Old Age Pensions were sanctioned have not been paid the pension for the period from 1st January, 1976 to 31st March, 1977 ; if so, the district-wise number of such persons ;

(b) the reasons for the non-payment of the said pension and the time by which it is likely to be paid ?

**ਸਰਦਾਰਨੀ ਸਤਵੰਤ ਕੌਰ ਸੰਧੂ :** (ੲ) ਜੀ ਹਾਂ। ਜ਼ਿਲ੍ਹੇ-ਵਾਰ ਵੇਰਵਾ ਇਸ ਪ੍ਰਕਾਰ ਹੈ :—

| | | | |
|---|---|---|---|
| 1. | ਅੰਮ੍ਰਿਤਸਰ | .. | 9 |
| 2. | ਸੰਗਰੂਰ | .. | 4 |
| 3. | ਫਰੀਦਕੋਟ | .. | 3 |
| 4. | ਬਠਿੰਡਾ | .. | 3 |
| 5. | ਹੁਸ਼ਿਆਰਪੁਰ | .. | 1 |
| 6. | ਫਿਰੋਜ਼ਪੁਰ | .. | 3 |
| 7. | ਗੁਰਦਾਸਪੁਰ | .. | 8 |

Original with;
Punjab Vidhan Sabha
Digitized by;
Panjab Digital Library

[ਭਲਾਈ ਮੰਤਰੀ]

| | | |
|---|---|---|
| 8. | ਕਪੂਰਲਾ | .. 4 |
| 9. | ਜਲੰਧਰ | .. 12 |
| 10. | ਲੁਧਿਆਣਾ | .. 9 |
| 11. | ਰੋਪੜ | .. 4 |
| 12. | ਪਟਿਆਲਾ | .. 4 |

(ਬੀ) ਪੈਨਸ਼ਨਾਂ ਨਾ ਭੇਜਣ ਦਾ ਕਾਰਨ ਹੇਠ ਦਿੱਤਾ ਜਾਂਦਾ ਹੈ:—

(i) ਪੈਨਸ਼ਨਰ/ਡਾਕ ਘਰ ਵਿਭਾਗ ਵਲੋਂ ਪਹਿਲਾਂ ਭੇਜੀ ਤਿਮਾਹੀ ਦੀ ਪੈਨਸ਼ਨ ਦੀ ਰਸੀਦ/ ਪੈਨਸ਼ਨ ਦੀ ਵਸੂਲੀ ਦਾ ਸਰਟੀਫਿਕੇਟ ਨਾ ਮਿਲਣ ਕਾਰਨ।

(ii) ਉਨ੍ਹਾਂ ਪੈਨਸ਼ਨਰਾਂ ਪਾਸੋਂ ਲਿਖਤੀ ਬੇਨਤੀ ਨਾ ਮਿਲਣ ਕਾਰਨ, ਜਿਨ੍ਹਾਂ ਦੇ ਮਨੀ-ਆਰਡਰ ਡਾਕਖਾਨੇ ਵਲਿਆਂ ਪਾਸੋਂ ਬਿਨਾਂ ਅਦਾਇਗੀ ਤੋਂ ਵਾਪਸ ਆ ਗਏ ਹਨ।

ਪੈਨਸ਼ਨਰਾਂ ਨੂੰ ਪੈਨਸ਼ਨ ਉਦੋਂ ਹੀ ਭੇਜ ਦਿਤੀ ਜਾਵੇਗੀ ਜਿਉਂ ਹੀ ਇਨ੍ਹਾਂ ਪਾਸੋਂ ਨਿਯਮਾਂ ਅਨੁ-ਸਾਰ ਰਸੀਦਾਂ/ਅਦਾਇਗੀ ਸਰਟੀਫਿਕੇਟ, ਪੈਨਸ਼ਨਰਾਂ ਪਾਸੋਂ ਜਾਂ ਡਾਕਖਾਨੇ ਵਾਲਿਆਂ ਪਾਸੋਂ, ਪ੍ਰਾਪਤ ਹੋ ਜਾਣਗੇ। ਜਿਨ੍ਹਾਂ ਪੈਨਸ਼ਨਰਾਂ ਦੇ ਮਨੀ-ਆਰਡਰ ਵਾਪਸ ਆ ਗਏ ਹਨ, ਉਨ੍ਹਾਂ ਪਾਸੋਂ ਲਿਖਤੀ ਬੇਨਤੀ ਮਿਲਣ ਤੇ ਪੈਨਸ਼ਨ ਭੇਜ ਦਿੱਤੀ ਜਾਵੇਗੀ।

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਮਨਿਸਟਰ ਸਾਹਿਬਾ ਨੇ ਜਿਹੜੀਆਂ ਫਿਗਰਜ਼ ਦਿਤੀਆਂ ਹਨ ਉਸ ਵਿਚ ਦਸਿਆ ਹੈ ਕਿ ਕਈ ਮਨੀ ਆਰਡਰਜ਼ ਵਾਪਿਸ ਆ ਗਏ ਹਨ। ਮੈਂ ਮਨਿਸ-ਟਰ ਸਾਹਿਬਾ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਹਕੀਕਤ ਨਹੀਂ ਕਿ ਬਹੁਤ ਸਾਰੇ ਓਲਡ ਆਦ-ਮੀਆਂ ਅਤੇ ਔਰਤਾਂ ਨੂੰ ਜਿਨ੍ਹਾਂ ਦੀਆਂ ਪੈਨਸ਼ਨਾਂ ਸੈਂਕਸ਼ਨ ਹੋਈਆਂ ਸਨ, ਉਨ੍ਹਾਂ ਨੂੰ ਪੈਸੇ ਇਸ ਕਰਕੇ ਨਹੀਂ ਮਿਲ ਸਕੇ ਕਿਉਂਕਿ ਮਹਿਕਮੇਂ ਕੋਲ ਪੈਸੇ ਖਤਮ ਹੋ ਗਏ ਸਨ ?

**ਮੰਤਰੀ :** ਸਪੀਕਰ ਸਾਹਿਬ, ਇਹ ਤਾਂ ਬਹੁਤ ਦੇਰ ਪਹਿਲੇ ਦੀ ਗੱਲ ਹੈ। ਹੁਣ ਤਾਂ ਸਿਰਫ ਉਨ੍ਹਾਂ ਨੂੰ ਪੈਨਸ਼ਨਾਂ ਨਹੀਂ ਪਹੁੰਚ ਰਹੀਆਂ ਜਿਨ੍ਹਾਂ ਦੀਆਂ ਰਸੀਦਾਂ ਨਹੀਂ ਆਈਆਂ।

**ਡਾਕਟਰ ਸਾਧੂ ਰਾਮ :** ਮੈਂ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਮਨੀਆਰਡਰ ਕੀਤੇ ਜਾਂਦੇ ਹਨ ਉਸ ਵਾਸਤੇ ਡਾਕ ਖਾਨੇ ਵਾਲੇ ਓਵਰ ਟਾਈਮ ਲੈਂਦੇ ਹਨ। ਇਸ ਲਈ, ਕੀ ਇਹ ਠੀਕ ਨਹੀਂ ਕਿ ਜਿਨ੍ਹਾਂ ਨੂੰ ਪੈਨਸ਼ਨਾਂ ਦੇਣੀਆਂ ਹਨ, ਉਨ੍ਹਾਂ ਨੂੰ ਬੈਂਕ ਦੇ ਰਾਹੀਂ ਜਾਂ ਕਿਸੇ ਹੋਰ ਤਰੀਕੇ ਦੇ ਨਾਲ ਜਿਸ ਨਾਲ ਉਨ੍ਹਾਂ ਦਾ ਗਰੰਟੀ ਕਾਰਡ ਬਣ ਜਾਵੇ, ਉਹ ਵਿਖਾ ਕੇ ਉਹ ਆਪਣੀ ਪੈਨਸ਼ਨ ਆਪਣੇ ਸ਼ਹਿਰ ਵਿਚ ਹੀ ਲੈਣ ?

**ਮੰਤਰੀ :** ਇਸ ਸੁਝਾਉ ਤੇ ਵਿਚਾਰ ਕਰ ਲਿਆ ਜਾਵੇਗਾ।

**ਸਰਦਾਰ ਦਲੀਪ ਸਿੰਘ ਪਾਂਧੀ :** ਸਪੀਕਰ ਸਾਹਿਬ, ਕੀ ਵਜ਼ੀਰ ਸਾਹਿਬਾ ਦੇ ਇਹ ਨੋਟਿਸ ਵਿਚ ਹੈ ਕਿ ਜਦੋਂ ਮਾਰਚ, 1977 ਵਿਚ ਪਾਰਲੀਮੈਂਟ ਦੀਆਂ ਇਲੈਕਸ਼ਨਜ਼ ਹੋ ਰਹੀਆਂ ਸਨ ਤਾਂ ਉਸ ਵੇਲੇ ਵਜ਼ੀਰਾਂ ਨੇ ਅਤੇ ਕਈ ਅਫਸਰਾਂ ਨੇ ਮੌਕੇ ਤੇ ਜਾ ਕੇ ਆਪਣੇ ਰਿਸ਼ਤੇਦਾਰਾਂ ਦੀਆਂ ਅਤੇ ਕਈ ਹੋਰਨਾਂ ਦੀਆਂ

Original with;
Punjab Vidhan Sabha
Digitized by;
Panjab Digital Library

ਵੀ ਪੈਨਸ਼ਨਾਂ ਸੈਂਕਸ਼ਨ ਕੀਤੀਆਂ, ਜਿਹੜੇ ਕਿ ਇਸ ਦੇ ਹਕਦਾਰ ਨਹੀਂ ਸਨ। ਕੀ ਵਜ਼ੀਰ ਸਾਹਿਬਾ ਇਸ ਦੀ ਪੜਤਾਲ ਕਰਾਉਣਗੇ ਅਤੇ ਜਿਹੜੇ ਨਜਾਇਜ਼ ਪੈਨਸ਼ਨਾਂ ਲੈ ਰਹੇ ਹਨ ਉਨ੍ਹਾਂ ਦੀ ਪੈਨਸ਼ਨ ਕੈਂਸਲ ਕੀਤੀ ਜਾਵੇਗੀ ?

**ਮੰਤਰੀ :** ਸਪੀਕਰ ਸਾਹਿਬ, ਜਿਸ ਵੇਲੇ ਪੈਨਸ਼ਨ ਸੈਂਕਸ਼ਨ ਹੁੰਦੀ ਹੈ ਤਾਂ ਇਕ ਫਾਰਮ ਭਰਿਆ ਜਾਂਦਾ ਹੈ, ਉਸ ਤੇ ਐਮ. ਐਲ. ਏ. ਵੀ ਤਸਦੀਕ ਕਰਦਾ ਹੈ, ਐਸ. ਡੀ. ਐਮ. ਵੀ ਤਸਦੀਕ ਕਰਦਾ ਹੈ। ਇਸ ਤਰ੍ਹਾਂ ਕੋਈ 3, 4 ਅਥਾਰਿਟੀਜ਼ ਤੋਂ ਹੋ ਕੇ ਉਹ ਫਾਰਮ ਮਹਿਕਮੇਂ ਕੋਲ ਆਉਂਦਾ ਹੈ। ਇਸ ਲਈ ਸਾਡੇ ਕੋਲ ਹੁਣ ਤਕ ਕੋਈ ਅਜਿਹੀ ਸ਼ਿਕਾਇਤ ਨਹੀਂ ਆਈ ਜਿਸ ਤੇ ਕਿਸੇ ਨੂੰ ਗਲਤ ਪੈਨਸ਼ਨ ਸੈਂਕਸ਼ਨ ਕੀਤੀ ਗਈ ਹੋਵੇ। ਜੇ ਮੈਂਬਰ ਸਾਹਿਬ ਨੂੰ ਕੋਈ ਪਤਾ ਹੈ ਤਾਂ ਉਹ ਲਿਖਤੀ ਰੂਪ ਵਿਚ ਦੇ ਦੇਣ ਉਸ ਤੇ ਐਕਸ਼ਨ ਲੈ ਲਵਾਂਗੇ।

**ਸ਼੍ਰੀ ਖੁਸ਼ਹਾਲ ਬਹਿਲ :** ਸਪੀਕਰ ਸਾਹਿਬ, ਇਹ ਤਾਂ ਹਕੀਕਤ ਹੈ ਕਿ ਹਜ਼ਾਰਾਂ ਦੀ ਗਿਣਤੀ ਵਿਚ ਕੇਸ ਪੈਂਡਿੰਗ ਪਏ ਹਨ। ਪੈਨਸ਼ਨ ਸੈਂਕਸ਼ਨ ਹੋ ਗਈ ਹੈ ਪਰ ਉਨ੍ਹਾਂ ਨੂੰ ਪੈਸੇ ਨਹੀਂ ਮਿਲ ਰਹੇ। ਮੈਂ ਆਪਣੇ ਜ਼ਿਲ੍ਹੇ ਵਿਚੋਂ 60 ਕੇਸ ਇਨ੍ਹਾਂ ਨੂੰ ਰੈਫਰ ਕਰ ਕੇ ਭੇਜੇ ਹਨ ਪਰ ਹਾਲੇ ਤਕ ਉਨ੍ਹਾਂ ਨੂੰ ਪੈਨਸ਼ਨ ਨਹੀਂ ਮਿਲ ਰਹੀ। ਕੀ ਵਜ਼ੀਰ ਸਾਹਿਬਾ ਇਹ ਵਿਸ਼ਵਾਸ ਦਿਵਾਉਣਗੇ ਕਿ ਉਨ੍ਹਾਂ ਨੂੰ ਪੈਨਸ਼ਨਾਂ ਛੇਤੀ ਭੇਜ ਦੇਣਗੇ ?

**Mr. Speaker :** She has already answered this question.

**Shri Khushhal Behl :** Let her give some time limit.

**ਮੰਤਰੀ :** ਛੇਤੀ ਤੋਂ ਛੇਤੀ ਭੇਜ ਦੇਵਾਂਗੇ।

**ਮਾਸਟਰ ਬਾਬੂ ਸਿੰਘ :** ਕੀ ਮਨਿਸਟਰ ਸਾਹਿਬਾ ਇਹ ਦੱਸਣ ਦੀ ਕ੍ਰਿਪਾ ਕਰਨਗੇ ਕਿ ਜਿਹੜਾ ਫਾਰਮ ਭਰਿਆ ਜਾਂਦਾ ਹੈ ਉਸ ਤੇ ਤਹਿਸੀਲਦਾਰ ਦੇ ਦਸਤਖਤ ਹੁੰਦੇ ਹਨ, ਐਮ. ਐਲ. ਏ. ਦੇ ਵੀ ਦਸਖਤ ਹੁੰਦੇ ਹਨ। ਪਰ ਕਈ ਵਾਰ ਕੀ ਹੁੰਦਾ ਹੈ ਕਿ ਤਹਿਸੀਲਦਾਰ ਉਥੇ ਨਹੀਂ ਹੁੰਦਾ ਕਿਤੇ ਬਾਹਰ ਗਿਆ ਹੁੰਦਾ ਹੈ ਤਾਂ ਨਾਇਬ ਤਹਿਸੀਲਦਾਰ ਉਸ ਤੇ ਦਸਖਤ ਏਜ਼ ਏ ਤਹਿਸੀਲਦਾਰ ਕਰ ਦਿੰਦਾ ਹੈ, ਪਰ ਇਹੋ ਜਿਹੇ ਫਾਰਮ ਮਹਿਕਮੇਂ ਵਾਲੇ ਵਾਪਸ ਭੇਜ ਦਿੰਦੇ ਹਨ। ਕੀ ਵਜ਼ੀਰ ਸਾਹਿਬਾ ਇਸ ਤੇ ਵਿਚਾਰ ਕਰਨਗੇ ਜਾਂ ਤਰਮੀਮ ਕਰਨਗੇ ਜਿਸ ਨਾਲ ਕਿ ਉਹ ਫਾਰਮ ਵਾਪਿਸ ਨਾ ਜਾਵੇ ?

**ਮੰਤਰੀ :** ਵਿਚਾਰ ਕਰ ਲਿਆ ਜਾਵੇਗਾ।

**श्री ग्र. विश्वनाथन :** स्पीकर साहिब, जिन के पास पैनशन नहीं जाती वह बड़े गरीब और अनपढ़ होते हैं। वह किसी से चिट्ठी लिखवा कर महकमे को भेजते हैं। परन्तु यहां से उन्हें कोई जवाब नहीं जाता। क्या मिनिस्टर साहिबा हर M.L.A. को उस के इलाके के लोगों की लिस्ट जिन्हें पैनशन मिलती है, सप्लाई करेंगे ताकि हम गरीबों की मदद कर सकें ?

**ਮੰਤਰੀ :** ਲਿਸਟ ਸਪਲਾਈ ਕਰ ਦੇਵਾਂਗੇ।

**ਸਰਦਾਰ ਦਰਸ਼ਨ ਸਿੰਘ ਕੇ. ਪੀ. :** ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬਾ ਕੋਲੋਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਬਹੁਤ ਸਾਰੀਆਂ ਅਰਜ਼ੀਆਂ ਦੇ ਵਿਚ ਟੈਕਨੀਕਲ ਨੁਕਸ ਕਰ ਕੇ ਪੈਨਸ਼ਨ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਰਸ਼ਨ ਸਿੰਘ ਕੇ. ਪੀ.]

ਨਹੀਂ ਦਿੱਤੀਆਂ ਜਾਂਦੀਆਂ। ਜਦ ਅਰਜ਼ੀ ਦਰਜ ਹੋ ਜਾਂਦੀ ਹੈ, ਕੀ ਮਨਿਸਟਰ ਸਾਹਿਬਾ ਉਨ੍ਹਾਂ ਪੈਨਸ਼ਨਰਾਂ ਨੂੰ ਉਸੇ ਤਾਰੀਖ ਤੋਂ ਦੇਣ ਲਈ ਤਿਆਰ ਹਨ, ਕਿਉਂਕਿ ਬਹੁਤ ਸਾਰਾ ਸਮਾਂ ਟੈਕਨੀਕਲ ਨੁਕਸਾਂ ਨੂੰ ਦੂਰ ਕਰਨ ਵਿਚ ਲਗ ਜਾਂਦਾ ਹੈ?

**ਮੰਤਰੀ :** ਸਪੀਕਰ ਸਾਹਿਬ, ਪੈਨਸ਼ਨਾਂ ਦੇਣ ਵਿਚ ਦੇਰੀ ਕਿਸੇ ਕਾਰਣਾਂ ਕਰ ਕੇ ਹੁੰਦੀ ਹੈ। ਜਦੋਂ ਫਾਰਮ ਦੀਆਂ ਸ਼ਰਤਾਂ ਪੂਰੀਆਂ ਹੋ ਜਾਂਦੀਆਂ ਹਨ, ਪੈਨਸ਼ਨ ਦੇ ਦਿੱਤੀ ਜਾਂਦੀ ਹੈ।

**ਕਾਮਰੇਡ ਦਰਸ਼ਨ ਸਿੰਘ ਝਬਾਲ :** ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬਾ ਤੋਂ ਤੁਹਾਡੇ ਰਾਹੀਂ ਪੁਛਣਾ ਚਾਹੁੰਦਾ ਹਾਂ ਕਿ ਬੁਢਾਪਾ ਪੈਨਸ਼ਨ ਦੀਆਂ ਦਰਖਾਸਤਾਂ 3-4 ਸਾਲ ਤਕ ਲਟਕਦੀਆਂ ਰਹਿੰਦੀਆਂ ਹਨ। ਕੀ ਮਨਿਸਟਰ ਸਾਹਿਬਾ ਇਸ ਦੇ ਲਈ ਕੋਈ ਟਾਈਮ ਨਿਸ਼ਚਿਤ ਕਰਨ ਲਈ ਤਿਆਰ ਹਨ ਤਾਕਿ ਜਲਦੀ ਪੈਨਸ਼ਨਾਂ ਮਿਲ ਸਕਣ ?

**ਮੰਤਰੀ :** ਸਪੀਕਰ ਸਾਹਿਬ, ਇਹ ਸਵਾਲ ਵਾਰ ਵਾਰ ਆ ਰਿਹਾ ਹੈ। ਟਾਈਮ ਫਿਕਸ ਤਾਂ ਫਾਰਮ ਕੰਪਲੀਟ ਹੋਣ ਤੋਂ ਬਾਅਦ ਹੀ ਹੋ ਸਕਦਾ ਹੈ। ਦੇਰੀ ਫਾਰਮ ਦੇ ਵਿਚ ਕੁਝ ਨੁਕਸ ਹੋਣ ਕਰਕੇ ਹੁੰਦੀ ਹੈ। ਜਾਂ ਫਾਰਮ ਇਨਕੰਪਲੀਟ ਹੁੰਦੇ ਹਨ।

**ਸਰਦਾਰ ਗੁਰਦੇਵ ਸਿੰਘ ਬਾਦਲ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੀਬੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿੰਨੀਆਂ ਦਰਖਾਸਤਾਂ ਡਿਪਾਰਟਮੈਂਟ ਦੇ ਕੋਲ ਪੈਂਡਿੰਗ ਪਈਆਂ ਹਨ ਉਨ੍ਹਾਂ ਨੂੰ ਕਦੋਂ ਤਕ ਪੈਨਸ਼ਨਾਂ ਮਿਲ ਜਾਣਗੀਆਂ ? ਕੀ ਡਿਪਾਰਟਮੈਂਟ ਦੇ ਕੋਲ ਪੈਸੇ ਹਨ ਉਨ੍ਹਾਂ ਪੈਨਸ਼ਨਰਾਂ ਨੂੰ ਪੈਨਸ਼ਨਾਂ ਦੇਣ ਦੇ ਵਾਸਤੇ ਜਿਨ੍ਹਾਂ ਦੀਆਂ ਪੈਂਡਿੰਗ ਹਨ ?

**ਮੰਤਰੀ :** ਸਪੀਕਰ ਸਾਹਿਬ, ਬਜਟ ਬਾਰੇ ਪਿਛਲੇ ਸੈਸ਼ਨ ਦੇ ਵਿਚ ਕਾਫੀ ਵਿਚਾਰ ਕੀਤਾ ਗਿਆ ਸੀ, ਪੈਸੇ ਦੀ ਕਮੀ ਕਰ ਕੇ ਪੈਨਸ਼ਨਾਂ ਲੇਟ ਗਈਆਂ ਹਨ ਹੁਣ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਜਿੰਨੀਆਂ ਪੈਨਸ਼ਨਾਂ ਪੈਂਡਿੰਗ ਪਈਆਂ ਹਨ, ਉਨ੍ਹਾਂ ਨੂੰ ਜਲਦੀ ਤੋਂ ਜਲਦੀ ਸੈਂਕਸ਼ਨ ਕਰ ਕੇ ਲੋਕਾਂ ਦੀ ਮਦਦ ਕਰ ਸਕੀਏ।

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬਾ ਨੂੰ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਬੁਢਾਪਾ ਪੈਨਸ਼ਨ ਲਈ ਮਰਦਾਂ ਵਾਸਤੇ 65 ਸਾਲ ਅਤੇ ਔਰਤਾਂ ਦੇ ਲਈ 60 ਸਾਲ ਦੀ ਉਮਰ ਰੱਖੀ ਹੋਈ ਹੈ। ਜੇਕਰ ਕੋਈ ਫਿਜ਼ੀਕਲੀ ਹੈਂਡੀਕੈਪ ਹੋਵੇ ਤਾਂ ਉਸ ਨੂੰ 10 ਸਾਲ ਦੀ ਕੰਸੈਸ਼ਨ ਦਿੱਤੀ ਜਾਂਦੀ ਹੈ ਪਰ ਕਈ ਵਾਰ ਉਹ ਉਸ ਦੇ ਵਿਚ ਕਵਰ ਨਹੀਂ ਹੁੰਦੇ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਟੋਟਲੀ ਹੈਂਡੀਕੈਪਡ ਹਨ ਜਾਂ ਇਨਕੈਪੇਬਲ ਹਨ ਉਨ੍ਹਾਂ ਦੇ ਲਈ ਕੋਈ ਵੱਖਰੀ ਸਕੀਮ ਬਣਾ ਦਿਤੀ ਜਾਵੇ। ਜਿਸ ਦੇ ਨਾਲ ਉਨ੍ਹਾਂ ਨੂੰ ਪੈਨਸ਼ਨ ਮਿਲ ਸਕੇ। ਕੀ ਮਨਿਸਟਰ ਸਾਹਿਬਾ ਇਸ ਤੇ ਵਿਚਾਰ ਕਰਨ ਲਈ ਤਿਆਰ ਹਨ ?

**ਮੰਤਰੀ :** ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਜਿਹੜਾ ਸਵਾਲ ਕੀਤਾ ਹੈ ਇਹ ਸਵਾਲ ਅੱਗੇ ਆ ਰਿਹਾ ਹੈ, ਉਸ ਵੇਲੇ ਜਵਾਬ ਦੇ ਦੇਵਾਂਗੀ।

**ਡਾਕਟਰ ਦੇਵ ਰਾਜ ਨਸਰਾਲਾ :** ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬਾ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਪੈਨਸ਼ਨ ਦੀ ਰਕਮ ਦਿੱਤੀ ਜਾਂਦੀ ਹੈ ਇਹ ਬਹੁਤ ਥੋੜ੍ਹੀ ਹੈ ਅਤੇ ਪੈਨਸ਼ਨਰਾਂ

Original with;
Punjab Vidhan Sabha
Digitized by;
Panjab Digital Library

ਦਾ ਇਸ ਦੇ ਨਾਲ ਗੁਜ਼ਾਰਾ ਨਹੀਂ ਹੁੰਦਾ । ਕੀ ਮਨਿਸਟਰ ਸਾਹਿਬ ਇਸ ਨੂੰ ਵਧਾਉਣ ਲਈ ਤਿਆਰ ਹਨ ?

**ਮੰਤਰੀ** : ਇਹ ਵਿਚਾਰ ਅਧੀਨ ਹੈ ।

**Starred Question No. 514***

**Mr. Speaker** : Extension has been asked for in respect of Starred Question No. 514.

ਸਿਹਤ ਵਿਭਾਗ ਵਿੱਚ ਕਲਾਸ I ਅਤੇ ਕਲਾਸ II ਅਫਸਰਾਂ ਦੀਆਂ ਸੇਵਾਵਾਂ ਵਿਚ ਕੀਤਾ ਗਿਆ ਵਾਧਾ/ਪੁਨਰਨਿਯੁਕਤੀ ।

*516. 1. **ਕਾਮਰੇਡ ਦਾਨਾ ਰਾਮ**
2. **ਕਾਮਰੇਡ ਸੱਤ ਪਾਲ ਡਾਂਗ** } ਕੀ ਸਿਹਤ ਅਤੇ ਸ਼ਹਿਰੀ ਵਿਕਾਸ ਮੰਤਰੀ

ਕਿਰਪਾ ਕਰ ਕੇ ਦੱਸਣਗੇ ਕਿ ਸਿਹਤ ਵਿਭਾਗ ਦੇ ਉਨ੍ਹਾਂ ਅਫਸਰਾਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਨੂੰ 1 ਜੁਲਾਈ, 1977 ਤੋਂ 31 ਦਸੰਬਰ, 1977 ਅਤੇ 1 ਨਵੰਬਰ, 1978 ਤੋਂ 1 ਜੂਨ, 1978 ਦੇ ਦੌਰਾਨ, ਵੱਖ ਵੱਖ ਰਿਟਾਇਰ ਹੋਣ ਤੋਂ ਬਾਅਦ ਉਨ੍ਹਾਂ ਦੀਆਂ ਸੇਵਾਵਾਂ ਵਿਚ ਵਾਧਾ ਕੀਤਾ ਗਿਆ/ਪੁਨਰਨਿਯੁਕਤੀ ਕੀਤੀ ਗਈ ਅਤੇ ਹਰ ਇੱਕ ਕੇਸ ਵਿੱਚ :—

(i) ਉਨ੍ਹਾਂ ਦੀ ਰਿਟਾਇਰ ਹੋਣ ਦੀ ਮਿਤੀ ;

(ii) ਪਹਿਲੀ ਵਾਰ ਕਿੰਨੇ ਸਮੇਂ ਲਈ ਸੇਵਾ ਵਿੱਚ ਵਾਧਾ ਕੀਤਾ ਗਿਆ/ਪੁਨਰ-ਨਿਯੁਕਤੀ ਕੀਤੀ ਗਈ ;

(iii) ਦੂਜੀ ਵਾਰ ਕਿੰਨੇ ਸਮੇਂ ਲਈ ਸੇਵਾ ਵਿਚ ਵਾਧਾ ਕੀਤਾ ਗਿਆ/ਪੁਨਰ ਨਿਯੁਕਤੀ ਕੀਤੀ ਗਈ ;

(iv) ਹਰ ਇੱਕ ਦੀ ਸੇਵਾ ਵਿਚ ਵਾਧੇ/ਪੁਨਰ ਨਿਯੁਕਤੀ ਦੇ ਕਾਰਨ ?

**ਸ੍ਰੀ ਦੇਸ ਰਾਜ** : 1 ਜੁਲਾਈ, 1977 ਤੋਂ 31 ਦਸੰਬਰ 1977 ਦੇ ਸਮੇਂ ਵਿੱਚ, ਡਾ: ਮਹਿੰਦਰ ਸਿੰਘ, ਪੀ. ਸੀ. ਐਮ. ਐਸ. ਕਲਾਸ I, ਸਿਵਲ ਸਰਜਨ, ਜਲੰਧਰ ਦੀ ਰਿਟਾਇਰਮੈਂਟ ਤੋਂ ਬਾਦ ਭਾਵ 1 ਦਸੰਬਰ, 1977 ਤੋਂ, ਉਨ੍ਹਾਂ ਦੀ ਸੇਵਾ ਵਿੱਚ ਛੇ ਮਹੀਨੇ ਲਈ ਵਾਧਾ ਕੀਤਾ ਗਿਆ ਸੀ । ਮਿਤੀ 1 ਜੁਲਾਈ, 1977 ਤੋਂ 31 ਦਸੰਬਰ, 1977 ਜਾਂ 1 ਜਨਵਰੀ, 1978 ਤੋਂ 1 ਜੂਨ, 1978 ਦੇ ਸਮੇਂ ਦੇ ਦੌਰਾਨ, ਸਿਹਤ ਅਤੇ ਪਰਵਾਰ ਭਲਾਈ ਵਿਭਾਗ ਦੇ ਕਿਸੇ ਹੋਰ ਕਲਾਸ I ਜਾਂ ਕਲਾਸ II ਅਫਸਰ ਦੀ ਸੇਵਾ ਵਿਚ ਵਾਧਾ/ਪੁਨਰ-ਨਿਯੁਕਤੀ ਨਹੀਂ ਕੀਤੀ ਗਈ ਸੀ ।

ਡਾ: ਮਹਿੰਦਰ ਸਿੰਘ ਦੇ ਕੇਸ ਵਿਚ ਮੰਗੇ ਗਏ ਵੇਰਵੇ ਹੇਠ ਲਿਖੇ ਅਨੁਸਾਰ ਹਨ :—

(i) 30 ਨਵੰਬਰ, 1977 ਬਾਦ ਦੁਪਹਿਰ ।

*For Starred Question No. 514 and reply thereto, please *see* Appendix to this Debate.

Original with;
Punjab Vidhan Sabha
Digitized by;
Panjab Digital Library

[ਸਿਹਤ ਮੰਤਰੀ]

(ii) 6 ਮਹੀਨੇ ਲਈ 1 ਦਸੰਬਰ, 1977 ਤੋਂ 31 ਮਈ, 1978 ਤਕ।

(iii) ਨਿਲ।

(iv) ਲੋਕ ਹਿਤ ।

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਵਾਬ ਵਿਚ ਕਿਹਾ ਹੈ ਕਿ ਰਿਟਾਇਰਮੈਂਟ ਉਮਰ ਹੋ ਜਾਣ ਤੇ ਉਨ੍ਹਾਂ ਨੂੰ ਐਕਸਟੈਨਸ਼ਨ 6 ਮਹੀਨਿਆਂ ਦੀ ਦਿੱਤੀ ਗਈ ਸੀ ਔਰ ਇਹ ਪਬਲਿਕ ਹਿੱਤ ਨੂੰ ਧਿਆਨ ਵਿਚ ਰਖਦੇ ਹੋਏ ਦਿੱਤੀ ਗਈ ਸੀ । ਕੀ ਇਹ ਹਕੀਕਤ ਨਹੀਂ ਕਿ ਗੌਰਮਿੰਟ ਦੀਆਂ ਇਨਸਟਰਕਸ਼ਨਾਂ ਹੋਣ ਦੇ ਬਾਵਜੂਦ ਵੀ ਇਹ ਐਕਸਟੈਨਸ਼ਨ ਕਿਉਂ ਦਿੱਤੀ ਗਈ ? ਜੇਕਰ ਮਾਰਕਿਟ ਦੇ ਵਿਚੋਂ ਬੰਦਾ ਮਿਲ ਸਕਦਾ ਸੀ, ਫਿਰ ਕਿਉਂ ਇਹ ਐਕਸਟੈਨਸ਼ਨ ਦਿੱਤੀ ਗਈ ? ਕੀ ਡਾਕਟਰਾਂ ਦੀ ਘਾਟ ਸੀ ? ਇਹ ਕਿਹੜੇ ਪਬਲਿਕ ਹਿਤ ਵਾਲੀ ਗੱਲ ਸੀ ?

**ਮੰਤਰੀ :** ਸਪੀਕਰ ਸਾਹਿਬ, ਇਹ ਠੀਕ ਹੈ ਕਿ ਡਾਕਟਰਾਂ ਦੀ ਕੋਈ ਘਾਟ ਨਹੀਂ ਸੀ। ਪਰ ਜਿਥੋਂ ਤਕ ਪਬਲਿਕ ਹਿਤ ਦੀ ਗੱਲ ਹੈ ਕਿ ਇਹ ਪਹਿਲਾ ਹਸਪਤਾਲ ਸੀ ਜਿਹੜਾ ਵਜੂਦ ਵਿਚ ਆਇਆ ਸੀ। ਜਿਹੜਾ ਸਿਵਲ ਸਰਜਨ ਦੀ ਪ੍ਰੇਰਨਾ ਕਰ ਕੇ, ਅਣਥਕ ਲਗਨ ਅਤੇ ਸੇਵਾ ਦੇ ਕਾਰਨ ਅਤੇ ਭਾਰੀ ਰਕਮ ਇਕਠੀ ਕਰ ਕੇ 50 ਬੈਡਜ਼ ਦਾ ਹਸਪਤਾਲ ਖੜ੍ਹਾ ਕੀਤਾ ਜਾ ਰਿਹਾ ਸੀ ਅਤੇ ਹਸਪਤਾਲ ਦੇ ਵਿਚ ਇਕੁਇਪਮੈਂਟ ਅਤੇ ਸਟਾਫ ਲਈ ਕੁਆਰਟਰਜ਼ ਆਦਿ ਦੇ ਵਾਸਤੇ ਜਗ੍ਹਾਂ ਹਾਸਲ ਕੀਤੀ ਗਈ ਸੀ । ਹਾਲੇ ਇਹ ਹਸਪਤਾਲ ਮੁਕੰਮਲ ਨਹੀਂ ਹੋਇਆ ਸੀ, ਹਾਲੇ ਸਿਰਫ 25 ਬੈਡਜ਼ ਦਾ ਹਸਪਤਾਲ ਤਿਆਰ ਹੋਇਆ ਸੀ । 29 ਨਵੰਬਰ, 1977 ਨੂੰ ਚੀਫ ਮਨਿਸਟਰ ਸਾਹਿਬ ਇਸ ਹਸਪਤਾਲ ਨੂੰ ਟੇਕ ਓਵਰ ਕਰਨ ਲਈ ਗਏ ਸੀ । ਉਹ ਹਸਪਤਾਲ ਨੂੰ ਦੇਖ ਕੇ ਅਤੇ ਉਸ ਡਾਕਟਰ ਮਹਿੰਦਰ ਸਿੰਘ ਦੀ ਲਗਨ ਨੂੰ ਵੇਖ ਕੇ ਬਹੁਤ ਪ੍ਰਭਾਵਿਤ ਹੋਏ। ਜਿਸ ਦੇ ਨਤੀਜੇ ਵਜੋਂ ਇਹ ਹੋਇਆ ਕਿ ਉਸੇ ਵਕਤ ਉਨ੍ਹਾਂ ਨੇ ਨਵੀਂ ਪਾਲਿਸੀ ਦਾ ਐਲਾਨ ਕੀਤਾ ਕਿ ਇਸ ਕਿਸਮ ਦੇ ਹਸਪਤਾਲ 25 ਬੈਡਜ਼ ਦੇ ਹਰ ਜਗ੍ਹਾ ਬਣਾ ਦਿਤੇ ਜਾਣ। ਪਬਲਿਕ ਵਲੋਂ ਚੀਫ ਮਨਿਸਟਰ ਸਾਹਿਬ ਨੂੰ ਦਰਖਾਸਤ ਕੀਤੀ ਗਈ ਕਿ ਸਾਡਾ ਇਹ ਪ੍ਰੋਜੈਕਟ ਹਾਲੇ ਪੂਰਾ ਨਹੀਂ ਹੋਇਆ, ਅਧੂਰਾ ਹੈ ਇਸ ਲਈ ਜਿਹੜੇ ਡਾਕਟਰ ਮਹਿੰਦਰ ਸਿੰਘ ਰਿਟਾਇਰ ਹੋ ਰਹੇ ਹਨ ਉਨ੍ਹਾਂ ਨੂੰ ਕੁਝ ਹੋਰ ਅਰਸਾ ਦੇ ਦਿਤਾ ਜਾਵੇ ਤਾਕਿ ਸਾਡਾ ਪ੍ਰੋਜੈਕਟ ਪੂਰਾ ਹੋ ਜਾਵੇ। ਬਾਕੀ ਡਾਕਟਰ ਮਹਿੰਦਰ ਸਿੰਘ ਨੇ ਐਕਸਟੈਨਸ਼ਨ ਲਈ ਨਾ ਕੋਈ ਦਰਖਾਸਤ ਦਿੱਤੀ ਸੀ, ਨਾ ਕੋਈ ਬੇਨਤੀ ਕੀਤੀ ਸੀ । ਸਿਰਫ ਪਬਲਿਕ ਹਿੱਤ ਨੂੰ ਧਿਆਨ ਵਿਚ ਰੱਖਦੇ ਹੋਏ ਅਤੇ ਪ੍ਰੋਜੈਕਟ ਪੂਰਾ ਕਰਨ ਤਕ ਇਸ ਸਾਰੀ ਗੱਲ ਨੂੰ ਮੱਦੇਨਜ਼ਰ ਰਖਦੇ ਹੋਏ ਐਕਸਟੈਨਸ਼ਨ ਦਿੱਤੀ ਗਈ ਸੀ।

**ਸ਼੍ਰੀ ਸਪੀਕਰ :** ਆਇਆ ਐਸਾ ਕੋਈ ਸਰਕਾਰੀ ਹੁਕਮ ਹੈ ਜਾਂ ਨਹੀਂ ?

**ਮੰਤਰੀ :** ਸਪੀਕਰ ਸਾਹਿਬ, ਪਬਲਿਕ ਹਿੱਤ ਦੇ ਕੇਸ ਵਿਚ ਐਕਸਟੈਨਸ਼ਨ ਦਿੱਤੀ ਜਾ ਸਕਦੀ ਹੈ।

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ ਜਿਹੜੀਆਂ ਸਰਕਾਰ ਦੀਆਂ ਹਦਾਇਤਾਂ ਹਨ ਕਿ ਪਬਲਿਕ ਹਿੱਤ ਦੇ ਵਿਚ ਐਕਸਟੈਨਸ਼ਨ ਦਿੱਤੀ ਜਾ ਸਕਦੀ ਹੈ ਉਹ ਸਦਨ ਦੀ ਮੇਜ਼ ਤੇ ਰੱਖ ਦੇਣ ।

**ਸ਼੍ਰੀ ਸਪੀਕਰ :** ਡਾਂਗ ਸਾਹਿਬ, ਪ੍ਰੋਵੀਜ਼ੋ ਹੋਣੀ ਹੈ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਪ੍ਰੋਵੀਜ਼ੋ ਵੀ ਨਹੀਂ ਹੈ।

(ਕੋਈ ਉੱਤਰ ਨਹੀਂ ਆਇਆ)

---

**ਖੇਤੀ ਬਾੜੀ ਅਤੇ ਜੰਗਲਾਤ ਮੰਤਰੀ, ਪੰਜਾਬ ਦਾ ਪੰਜਾਬ ਖੇਤੀ ਬਾੜੀ ਯੂਨੀਵਰਸਿਟੀ, ਲੁਧਿਆਣਾ ਦਾ ਦੌਰਾ**

*524. 1. **ਕਾਮਰੇਡ ਦਾਨਾ ਰਾਮ**
2. **ਕਾਮਰੇਡ ਸੱਤ ਪਾਲ ਡਾਂਗ** } ਕੀ ਖੇਤੀ ਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰ ਕੇ ਦੱਸਣਗੇ ਕਿ: —

(ੳ) ਕੀ ਖੇਤੀ ਬਾੜੀ ਅਤੇ ਜੰਗਲਾਤ ਮੰਤਰੀ ਨੇ 27 ਮਈ, 1978 ਨੂੰ ਪੰਜਾਬ ਖੇਤੀ ਬਾੜੀ ਯੂਨੀਵਰਸਿਟੀ, ਲੁਧਿਆਣਾ ਵਿਚ ਵੱਖ ਵੱਖ ਵਿਭਾਗਾਂ ਦੇ ਮੁਖੀਆਂ ਨੂੰ ਬਦਲ ਬਦਲ ਕੇ ਲਗਾਉਣ ਸਬੰਧੀ ਝਗੜੇ ਨੂੰ ਨਿਪਟਾਉਣ ਲਈ ਯੂਨੀਵਰਸਿਟੀ ਦਾ ਦੌਰਾ ਕੀਤਾ ;

(ਅ) ਜੇਕਰ ਅਜਿਹਾ ਹੋਵੇ ਤਾਂ ਦੌਰੇ ਦੇ ਕੀ ਸਿੱਟੇ ਨਿਕਲੇ;

(ੲ) ਕੀ ਉਨ੍ਹਾਂ ਨੇ ਕੋਈ ਰਿਪੋਰਟ ਮੁੱਖ ਮੰਤਰੀ ਨੂੰ ਪੇਸ਼ ਕੀਤੀ ;

(ਸ) ਜੇਕਰ ਅਜਿਹਾ ਹੋਵੇ ਤਾਂ ਕਿਰਪਾ ਕਰ ਕੇ ਉਸ ਦੀ ਇਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ?

**ਸਰਦਾਰ ਬਲਵਿੰਦਰ ਸਿੰਘ ਭੂੰਦੜ** : (ੳ) ਨਹੀਂ ਜੀ।

(ਅ) (ੲ) ਅਤੇ (ਸ) ਸਵਾਲ ਹੀ ਪੈਦਾ ਨਹੀਂ ਹੁੰਦਾ।

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ 27 ਮਈ, 1978 ਨੂੰ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਵਿਚ ਨਹੀਂ ਗਏ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਐਗਰੀਕਲਚਰਲ ਯੂਨੀਵਰਸਿਟੀ ਦੇ ਟੀਚਿੰਗ ਸਟਾਫ ਦੀਆਂ ਮੰਗਾਂ ਸਨ ਕਿ ਜਿਹੜੇ ਡੀਨ ਹਨ, ਉਹ ਰੋਟੇਟ ਕੀਤੇ ਜਾਣ। ਕੁਝ ਸਮੇਂ ਲਈ ਉਥੇ ਧਰਨਾ ਵੀ ਲਾਇਆ ਗਿਆ ਹੈ। ਮਨਿਸਟਰ ਸਾਹਿਬ ਕਿਹੜੀ ਤਾਰੀਖ ਨੂੰ ਐਗਰੀਕਲਚਰਲ ਯੂਨੀਵਰਸਟੀ ਦੇ ਵਿਚ ਗਏ ਸੀ ਅਤੇ ਵਾਈਸ ਚਾਂਸਲਰ ਤੇ ਪਰੈਸ਼ਰ ਪਾਇਆ ਸੀ ਕਿ ਜਿਹੜੇ ਦੋ ਚਾਰ ਬੰਦੇ ਹਨ, ਉਨ੍ਹਾਂ ਦੀ ਗੱਲ ਮੰਨੀ ਜਾਏ ?

**ਮੰਤਰੀ :** ਸਪੀਕਰ ਸਾਹਿਬ, ਮੈਂ ਬਿਲਕੁਲ ਠੀਕ ਕਿਹਾ ਹੈ ਅਤੇ ਦੋਬਾਰਾ ਫਿਰ ਕਹਿਣ ਨੂੰ ਤਿਆਰ ਹਾਂ ਕਿ ਮੈਂ 27 ਮਈ ਨੂੰ ਬਿਲ ਕੁਲ ਨਹੀਂ ਗਿਆ ਅਤੇ ਖਾਅਦ ਵਿਚ ਮੱਤੇ ਵਾੜੇ ਫਾਰਮ ਦੀ ਇਨ-ਕੁਆਇਰੀ ਵਾਸਤੇ ਗਿਆ ਸੀ, ਉਹ ਵੀ 25 ਤਾਰੀਖ ਨੂੰ ਨਹੀਂ ਗਿਆ ਬਲਕਿ 26 ਤਾਰੀਖ ਨੂੰ ਗਿਆ ਸੀ। ਮੈਂ ਵਾਈਸ ਚਾਂਸਲਰ ਤੇ ਕੋਈ ਪਰੈਸ਼ਰ ਵੀ ਨਹੀਂ ਪਾਇਆ। ਪੰਜਾਬ- ਐਗਰੀਕਲਚਰਲ ਯੂਨੀਵਰਸਿਟੀ ਇੱਕ ਅਟਾਨੋਮਸ ਬਾਡੀ ਹੈ ਅਤੇ ਪਰੈਸ਼ਰ ਪਾਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਇਹ ਝਗੜਾ ਚਲਦਾ ਸੀ, ਇਹ ਭਾਵੇਂ ਕਿਸੇ ਵੀ ਇਨਕੁਆਇਰੀ ਲਈ ਗਏ ਹੋਣ ਇਹ ਐਗਰੀ-ਕਲਚਰਲ ਯੂਨੀਵਰਸਿਟੀ, ਲੁਧਿਆਣਾ ਵਿਚ ਗਏ । ਇਨ੍ਹਾਂ ਨੇ ਵਾਈਸ ਚਾਂਸਲਰ ਨੂੰ ਕਿਹਾ ਜਾਂ ਨਹੀਂ ਕਿਹਾ ਇਨ੍ਹਾਂ ਨੇ ਮੰਗਾਂ ਵਿਚ ਰੁਕਾਵਟ ਪਾਈ ਜਾਂ ਨਹੀਂ ਪਾਈ, ਸਪੀਕਰ ਸਾਹਿਬ, ਜੇਕਰ ਮਨਿਸਟਰ ਸਾਹਿਬ ਨੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਕੋਈ ਦਖਲ ਨਹੀਂ ਦਿੱਤਾ ਤਾਂ ਇਹ ਖਬਰ 'ਟ੍ਰਿਬਿਊਨ' ਅਖਬਾਰ ਵਿਚ ਛੱਪੀ ਹੈ ਤਾਂ ਇਨ੍ਹਾਂ ਨੇ ਕੰਟਰਾਡਿਕਟ ਕਿਉਂ ਨਹੀਂ ਕੀਤਾ ?

**ਮੰਤਰੀ :** ਸਪੀਕਰ ਸਾਹਿਬ, ਬਹੁਤ ਸਾਰੀਆਂ ਖਬਰਾਂ ਅਖਬਾਰਾਂ ਵਿਚ ਛਪਦੀਆਂ ਰਹਿੰਦੀਆਂ ਹਨ ਪਰ ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਬਿਲਕੁਲ ਕੈਂਪਸ ਵਿਚ ਨਹੀਂ ਗਿਆ ਅਤੇ ਨਾ ਹੀ ਪਰੇਸ਼ਰ ਪਾਉਣ ਦਾ ਮਤਲਬ ਸੀ, ਨਾ ਵਾਈਸ ਚਾਂਸਲਰ ਨੂੰ ਕੋਈ ਗੱਲ ਕਹੀ ਹੈ। ਜੇਕਰ ਮੈਂਬਰ ਸਾਹਿਬਾਨ ਦੇ ਕੋਲ ਕੋਈ ਸਬੂਤ ਹੈ ਤਾਂ ਉਹ ਦੇ ਦੇਣ ।

**श्री म्र. विश्वनाथन :** स्पीकर साहिब मैं मिनिस्टर साहिब से पूछना चाहता हूं कि democratisation of Universities के तहित Head of Department के Dean रोटेट हो रहे हैं। यह पालिसी मैटर हैं । मिनिस्टर साहिब को Memorandum दिया गया। अखबारों में भी इस का जिक्र आया है । मैंने गवर्नमेंट को कापीज़ भी भेजी हैं । जब अखबारों में उनको इस विषय में वाबस्ता किया गया तो मिनिस्टर साहिब ने contradiction क्यों नहीं दी ?

**ਮੰਤਰੀ:** ਸਪੀਕਰ ਸਾਹਿਬ, ਮੈਂ ਵਾਰ ਵਾਰ ਦੱਸਿਆ ਹੈ ਅਤੇ ਉਹੀ ਗੱਲ ਦੋਬਾਰਾ ਰੀਪੀਟ ਕਰ ਦਿੱਤੀ ਗਈ ਹੈ। ਜਿਹੜਾ ਮੈਮੋਰੰਡਮ ਦਿੱਤਾ ਗਿਆ ਹੈ, ਉਸ ਦੀ ਕਾਪੀ ਮੈਨੂੰ ਵੀ ਮਿਲੀ ਹੈ ਅਤੇ ਚੰਡੀਗੜ੍ਹ ਮੈਨੂੰ ਪ੍ਰੋਫੈਸਰ ਤੋਂ ਲੈ ਕੇ ਉਪਰ ਤੱਕ ਮਿਲਦੇ ਹਨ। ਸਪੀਕਰ ਸਾਹਿਬ, ਜੋ ਵਾਈਸ ਚਾਂਸਲਰ ਨੇ ਫੈਸਲਾ ਕੀਤਾ ਹੈ, ਉਹ ਫੈਸਲਾ ਦੋਨੋਂ ਪਾਰਟੀਆਂ ਨੇ ਐਕਸੈਪਟ ਕੀਤਾ ਅਤੇ ਵੈਲਕਮ ਕੀਤਾ ।

**ਸਰਦਾਰ ਦਲੀਪ ਸਿੰਘ ਪਾਂਧੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਐਗਰੀਕਲਚਰਲ ਯੂਨੀਵਰਸਿਟੀ ਇਕ ਅਟਾਨੋਮਸ ਬਾਡੀ ਹੈ ਅਤੇ ਬੋਰਡ ਆਫ ਡਾਇਰੈਕਟਰ ਵੀ ਵਖਰਾ ਹੈ । ਮੈਂਬਰ ਜਿਹੜੇ ਬਣਾਏ ਗਏ ਹਨ, ਉਹ ਕਾਂਗਰਸੀ ਹਨ ਅਤੇ ਉਨ੍ਹਾਂ ਨੂੰ ਖੇਤੀ ਬਾੜੀ ਬਾਰੇ ਬਿਲਕੁਲ ਪਤਾ ਨਹੀਂ ਹੈ। ਜਨਰਲ ਮੋਹਨ ਸਿੰਘ ਅਤੇ ਸਾਜਿਦਾ ਬੇਗਮ ਐਗਰੀਕਲਚਰਿਸਟ ਨਹੀਂ ਹਨ । ਇਸ ਬਾਰੇ ਮਨਿਸਟਰ ਸਾਹਿਬ ਦੱਸਣ ਕਿ ਕਦੋਂ ਤਕ ਇਸ ਬੋਰਡ ਨੂੰ ਰੀਕਨਟਸੀਚਿਊਟ ਕਰਨਗੇ ?

**ਮੰਤਰੀ :** ਸਪੀਕਰ ਸਾਹਿਬ, ਪਿੱਛੇ ਬਹੁਤ ਜ਼ਿਆਦਾ ਬੇਜ਼ਾਬਤੀਆਂ ਕੀਤੀਆਂ ਗਈਆਂ ਹਨ ਅਤੇ ਹੋਰ ਵੀ ਬਹੁਤ ਕੁਝ ਹੋਇਆ ਹੈ। ਸਾਰੀ ਸਿਚੂਏਸ਼ਨ ਦੇਖ ਕੇ ਅਤੇ ਰੂਲਾਂ ਦੇ ਮੁਤਾਬਿਕ ਦੇਖ ਲਵਾਂਗੇ।

---

**Starred Question No. 790***

**Mr. Speaker :** Extension has been asked for in respect of Starred Question No. 790.

**ਸਰਦਾਰ ਉਮਰਾਓ ਸਿੰਘ :** ਸਪੀਕਰ ਸਾਹਿਬ, ਮੇਰੇ ਸਵਾਲ ਦੀ ਐਕਸਟੈਨਸ਼ਨ ਆਈ ਹੈ ਪਰ ਐਕਸਟੈਨਸ਼ਨ ਵਾਲੀ ਗੱਲ ਕੋਈ ਨਹੀਂ ਹੈ ?

---

*For Starred Question No. 790 and reply thereto, please *see* Debate dated 14th September, 1978 (Forenoon Sitting).

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਮਨਿਸਟਰ ਸਾਹਿਬ ਹਸਪਤਾਲ ਵਿਚ ਬਿਮਾਰ ਹਨ ਅਤੇ ਕੱਲ ਨੂੰ ਆ ਜਾਣਗੇ ਅਤੇ ਕੱਲ ਨੂੰ ਫਿਰ ਟੇਕ ਅੱਪ ਕਰ ਲਵਾਂਗੇ ।

**Promotions of Class I, II and III Officers/Officials in the Directorate of Employment**

***815. Comrade Harbans Singh Bika** : Will the Minister of State for Labour and Employment be pleased to state;—

(a) the category-wise number of Joint Directors, Deputy Directors and Regional Employment Officers working at present both at District level and Headquarters of the Employment Department ;

(b) the category-wise number of officers, out of those mentioned in part (a) above, belonging to Scheduled Castes together with the places of their posting ;

(c) whether the representation of the officers/employees mentioned in part (b) above in each category namely I, II and III is in accordance with the reservation policy ; if not, the steps being taken by the Government to give due representation ?

**Shri Balramji Dass Tandon** (Industries Minister) : (a) The details are as under:—

| Serial No. | Designation of Officer | Numerical Strength | Place of Posting |
|---|---|---|---|
| 1. | Joint Director .. | 1 | Directorate of Employment (Headquarter) |
| 2. | Deputy Director .. | 1 | Ditto |
| 3. | Regional Employment Officer .. | 1 (vacant) | State Employment Exchange S.A.S. Nagar at Chandigarh |
| (b) | Joint Director .. | 1 | Directorate of Employment (Headquarter) |

**ਕਾਮਰੇਡ ਹਰਬੰਸ ਸਿੰਘ ਬੀਕਾ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਾਇੰਟ ਡਾਇਰੈਕਟਰ, ਡਿਪਟੀ ਡਾਇਰੈਕਟਰ, ਪ੍ਰਾਦੇਸ਼ਕ ਰੋਜ਼ਗਾਰ ਅਫਸਰ ਵਖਰੇ ਵਖਰੇ ਕਿਤਨੇ ਹਨ ?

**ਉਦਯੋਗ ਮੰਤਰੀ** : ਸਪੀਕਰ ਸਾਹਿਬ, ਮੈਂ ਦਸਿਆ ਹੈ ਕਿ ਜਾਇੰਟ ਡਾਇਰੈਕਟਰ—1, ਡਿਪਟੀ ਡਾਇ ਰੈਕਟਰ—1 ਅਤੇ ਪ੍ਰਾਦੇਸ਼ਕ ਰੋਜ਼ਗਾਰ ਅਫਸਰ—1 ਹੈ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਦਲੀਪ ਸਿੰਘ ਪਾਂਧੀ :** ਸਪੀਕਰ ਸਾਹਿਬ, ਸਵਾਲ ਦੇ ਪਾਰਟ ਬੀ ਵਿਚ ਪੁੱਛਿਆ ਗਿਆ ਹੈ :

The category-wise number of officers, out of those mentioned in part (a) above, belonging to Scheduled Castes together with the places of their postings ?

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਨੇ ਧਿਆਨ ਨਾਲ ਪੜ੍ਹਿਆ ਨਹੀਂ ਹੈ। ਸਵਾਲ ਦੇ ਪਾਰਟ ਬੀ ਦੇ ਉਤਰ ਵਿਚ ਦੱਸਿਆ ਗਿਆ ਹੈ ਕਿ ਜਾਇੰਟ ਡਾਇਰੈਕਟਰ 1 ਜੋ ਹੈ, ਉਹ ਸ਼ਡਿਊਲਡ ਕਾਸਟ ਨਾਲ ਸਬੰਧ ਰਖਦੇ ਹਨ।

---

**Starred Question No. 812**

**Mr. Speaker :** Reply to Starred Question No. 812 has not been received.

**ਉਦਯੋਗ ਮੰਤਰੀ :** ਸਪੀਕਰ ਸਾਹਿਬ, ਮੇਰੇ ਕੋਲ ਸਵਾਲ ਨੰ: 812 ਦਾ ਜਵਾਬ ਆ ਗਿਆ ਹੈ ਜੇਕਰ ਆ ਗਿਆ ਹੋਵੇ ਤਾਂ ਪੜ੍ਹ ਦਿਆਂ।

**ਸ੍ਰੀ ਸਪੀਕਰ :** ਪਰ ਟੰਡਨ ਸਾਹਿਬ, ਮੇਰੇ ਕੋਲ ਇਸ ਸਵਾਲ ਦਾ ਜਵਾਬ ਨਹੀਂ ਆਇਆ। ਇਸ ਲਈ ਤੁਸੀਂ ਅਗਲੇ ਸਵਾਲ ਦਾ ਜਵਾਬ ਦਿਉ।

---

**Enquiries against the Officers of the Irrigation Department**

***684. Sardar Dalip Singh Pandhi :** Will the Chief Minister be pleased to state the names of officers of Irrigation Department against whom enquiries are being held by the Vigilance Department together with the nature of the charges being enquired into ?

**ਸ੍ਰੀ ਬਲਰਾਮ ਜੀ ਦਾਸ ਟੰਡਨ (ਉਦਯੋਗ ਮੰਤਰੀ) :** ਸਿੰਚਾਈ ਵਿਭਾਗ ਦੇ ਉਨ੍ਹਾਂ ਅਫਸਰਾਂ ਦੇ ਨਾਮ ਜਿਨ੍ਹਾਂ ਵਿਰੁਧ ਚੌਕਸੀ ਵਿਭਾਗ ਦੁਆਰਾ ਪੁੱਛ ਪੜਤਾਲਾਂ ਕੀਤੀਆਂ ਜਾ ਰਹੀਆਂ ਹਨ, ਦੀ ਸੂਚੀ ਨਾਲ ਨੱਥੀ ਹੈ ਜੀ ਅਤੇ ਇਸ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ। ਇਨ੍ਹਾਂ ਵਿਰੁਧ ਆਮ ਤੌਰ ਤੇ ਦੂਸ਼ਣ ਇਹ ਹਨ ਕਿ ਉਹ ਭ੍ਰਿਸ਼ਟਾਚਾਰੀ ਹਨ ਅਤੇ ਉਨ੍ਹਾਂ ਸਰਕਾਰੀ ਪੈਸੇ ਅਤੇ ਸਮਾਨ ਦਾ ਗਬਨ ਕੀਤਾ ਹੈ, ਟੈਂਡਰਾਂ ਰਾਹੀਂ ਸਰਕਾਰੀ ਕੰਮ ਕਰਾਉਣ ਵਿਚ ਹੇਰਾ ਫੇਰੀ ਕੀਤੀ ਹੈ ਅਤੇ ਭ੍ਰਿਸ਼ਟਾਚਾਰ ਰਾਹੀਂ ਕਮਾਏ ਧੰਨ ਨਾਲ ਆਪਣੇ ਜਾਣੂ ਵਸੀਲਿਆਂ ਤੋਂ ਵੱਧ ਦੀ ਜਾਇਦਾਦ ਬਣਾਈ ਹੈ।

Original with;
Punjab Vidhan Sabha
Digitized by;
Panjab Digital Library

ਸਿੰਚਾਈ ਵਿਭਾਗ ਦੇ ਅਫਸਰਾਂ ਵਿਰੁਧ ਇਨਕੁਆਇਰੀਆਂ/ਮੁਕਦਮੇਂ ਜੋ ਵਿਜੀਲੈਂਸ ਬਿਊਰੋ, ਪੰਜਾਬ, ਪਾਸ ਪੜਤਾਲ ਅਧੀਨ ਹਨ।

| ਲੜੀ ਨੰ: | ਦੋਸ਼ੀ ਦਾ ਨਾਮ ਅਤੇ ਅਹੁਦਾ | ਇਨਕੁਆਇਰੀ/ਮੁਕੱਦਮਾ ਨੰ: ਮਿਤੀ, ਥਾਣਾ ਅਤੇ ਜ਼ਿਲ੍ਹਾ | ਸੰਖੇਪ ਦੂਸ਼ਣ ਵੇਰਵਾ |
|---|---|---|---|
| 1 | 2 | 3 | 4 |
| 1. | ਸ੍ਰੀ ਜਤਿੰਦਰ ਮੋਹਣ ਗੁਪਤਾ, ਕਾਰਜਕਾਰੀ ਇੰਜੀਨੀਅਰ | ਇਨਕੁਆਇਰੀ ਨੰ: 14, ਮਿਤੀ 30 ਜੁਲਾਈ, 1976, ਜ਼ਿਲ੍ਹਾ ਸੰਗਰੂਰ | ਭ੍ਰਿਸ਼ਟਾਚਾਰ ਰਾਹੀਂ ਆਮਦਨ ਤੋਂ ਵੱਧ ਜਾਇਦਾਦ/ਸਾਮਾਨ ਇਕਠਾ ਕਰਨ ਬਾਰੇ ਅਤੇ ਸੀਮਿੰਟ ਅਤੇ ਇਟਾਂ ਵਿਚ ਹੇਰਾ ਫੇਰੀ ਕਰਨ ਬਾਰੇ। |
| 2. | ਸ੍ਰੀ ਜੇ. ਐਮ. ਗੁਪਤਾ, ਐਕਸੀਅਨ | ਇਨਕੁਆਇਰੀ ਨੰ: 10, ਮਿਤੀ 18 ਮਾਰਚ, 1977, ਜ਼ਿਲ੍ਹਾ ਪਟਿਆਲਾ | ਪਦਵੀ ਦੀ ਦੁਰਉਪਯੋਗ ਅਤੇ ਭ੍ਰਿਸ਼ਟਾਚਾਰ ਰਾਹੀਂ ਜਾਇਦਾਦ ਬਨਾਉਣ ਬਾਰੇ। |
| 3. | ਸ੍ਰੀ ਐਸ. ਪੀ. ਬੇਕਟਰ, ਐਕਸੀਅਨ | ਇਨਕੁਆਇਰੀ ਨੰ: 24, ਮਿਤੀ 15 ਸਤੰਬਰ, 1977, ਜ਼ਿਲ੍ਹਾ ਪਟਿਆਲਾ | ਟੈਂਡਰਾਂ ਵਿਚ ਹੇਰਾ ਫੇਰੀ ਕਰਨ ਬਾਰੇ। |
| 4. | ਸ੍ਰੀ ਅਮਰਜੀਤ ਸਿੰਘ ਗਿੱਲ, ਐਕਸੀਅਨ | ਇਨਕੁਆਇਰੀ ਨੰ: 12, ਮਿਤੀ 14 ਜੁਲਾਈ, 1977, ਜ਼ਿਲ੍ਹਾ ਸੰਗਰੂਰ | ਭ੍ਰਿਸ਼ਟਾਚਾਰ ਰਾਹੀਂ ਜਾਇਦਾਦ ਬਣਾਉਣ ਅਤੇ ਧੰਨ ਇਕਠਾ ਕਰਨ ਬਾਰੇ ਪਦਵੀ ਦੀ ਕੁਵਰਤੋਂ ਕਰਨ ਬਾਰੇ। |
| 5. | ਸ੍ਰੀ ਨਰਿੰਦਰ ਸਿੰਘ, ਉਪ-ਮੰਡਲ ਅਫਸਰ, ਗੰਡਾ ਖੇੜੀ | ਇਨਕੁਆਇਰੀ ਨੰ: 3, ਮਿਤੀ 13 ਫਰਵਰੀ, 1978, ਜ਼ਿਲ੍ਹਾ ਪਟਿਆਲਾ | ਬੋਗਸ ਬਿਲ ਬਣਾ ਕੇ ਸਰਕਾਰੀ ਪੈਸੇ ਦੇ ਗਬਨ ਬਾਰੇ। |

Original with;
Punjab Vidhan Sabha
Digitized by;
Panjab Digital Library

[ਉਦਯੋਗ ਮੰਤਰੀ]

| 1 | 2 | 3 | 4 |
|---|---|---|---|
| 6. | ਸ੍ਰੀ ਭਗਤ ਸਿੰਘ, ਐਸ. ਈ. | ਇਨਕੁਆਇਰੀ ਨੰ: 6, ਮਿਤੀ 17 ਮਾਰਚ, 1978, ਜ਼ਿਲ੍ਹਾ ਪਟਿਆਲਾ | ਭ੍ਰਿਸ਼ਟਾਚਾਰੀ ਅਤੇ ਲੇਬਰ ਦੇ ਜਾਲ੍ਹੀ ਬਿਲ ਬਣਾ ਕੇ ਸਰਕਾਰੀ ਪੈਸੇ ਦਾ ਗਬਨ ਕੀਤਾ ਹੈ। |
| 7. | ਸ੍ਰੀ ਪੀ. ਐਸ. ਬੇਦੀ, ਐਸ. ਡੀ. ਓ. | ਇਨਕੁਆਇਰੀ ਨੰ: 19, ਮਿਤੀ 1 ਜੂਨ, 1978, ਜ਼ਿਲ੍ਹਾ ਪਟਿਆਲਾ | ਨਦਾਮਪੁਰ ਦਾ ਸੂਆ ਪੱਕਾ ਕਰਨ ਵਿਚ ਹੇਰਾ ਫੇਰੀ ਕੀਤੀ । |
| 8. | ਸ੍ਰੀ ਐਨ. ਐਸ. ਹੂਹਾਨ, ਐਕਸੀਅਨ | ਇਨਕੁਆਇਰੀ ਨੰ: 3, ਮਿਤੀ 29 ਜਨਵਰੀ, 1975, ਜ਼ਿਲ੍ਹਾ ਫਿਰੋਜ਼ਪੁਰ | ਸਰਕਾਰੀ ਫੰਡਾਂ ਦਾ ਗਬਨ |
| 9. | ਸ੍ਰੀ ਤਾਰਾ ਸਿੰਘ, ਐਸ. ਡੀ. ਈ. | ਇਨਕੁਆਇਰੀ ਨੰ: 3, ਮਿਤੀ 29 ਜਨਵਰੀ, 1975, ਜ਼ਿਲ੍ਹਾ ਫਿਰੋਜ਼ਪੁਰ | ਉਕਤ |
| 10. | ਸ੍ਰੀ ਵਲੈਤੀ ਲਾਲ ਧਾਮ, ਕਾਰਜ ਕਾਰੀ ਇੰਜੀਨੀਅਰ, ਪੀ. ਡਬਲਯੂ. ਡੀ. (ਟਿਊਬ ਵੈਲ ਡਵੀਜ਼ਨ) | ਇਨਕੁਆਇਰੀ ਨੰ: 23, ਮਿਤੀ 4 ਅਗਸਤ, 1976, ਜ਼ਿਲ੍ਹਾ ਜਲੰਧਰ | ਸਰਕਾਰੀ ਜੀਪ ਦੀ ਕੁਵਰਤੋਂ ਸਰਕਾਰੀ ਮੁਲਾਜ਼ਮਾਂ ਤੋਂ ਆਪਣਾ ਘਰੇਲੂ ਕੰਮ ਕਰਾਉਣ ਅਤੇ ਜਾਣੂ ਵਸੀਲਿਆਂ ਤੋਂ ਵੱਧ ਜਾਇਦਾਦ/ ਅਤੇ ਕੀਮਤੀ ਸਮਾਨ ਦਾ ਹੋਣਾ । |
| 11. | ਸ੍ਰੀ ਕੇਵਲ ਸਿੰਘ, ਕਾਰਜ ਕਾਰੀ ਇੰਜੀਨੀਅਰ | ਇਨਕੁਆਇਰੀ ਨੰ: 9, ਮਿਤੀ 24 ਫਰਵਰੀ, 1978, ਜ਼ਿਲ੍ਹਾ ਜਲੰਧਰ | ਜਾਣੂ ਵਸੀਲਿਆਂ ਤੋਂ ਵੱਧ ਜਾਇਦਾਦ ਅਤੇ ਕੀਮਤੀ ਸਮਾਨ ਦਾ ਹੋਣਾ ਅਤੇ ਜਲੰਧਰ ਵਿਖੇ ਕਈ ਥਾਵਾਂ ਤੋਂ ਬਿਨਾਂ ਕੰਮ ਕੀਤੇ ਜਾਲ੍ਹੀ ਦਸਤਾਵੇਜ਼ ਤਿਆਰ ਕਰ ਕੇ ਰਕਮ ਹਜ਼ਮ ਕਰਨਾ। |
| 12. | ਸ੍ਰੀ ਗੁਰਪਾਲ ਸਿੰਘ, ਕਾਰਜਕਾਰੀ ਇੰਜੀਨੀਅਰ | ਇਨਕੁਆਇਰੀ ਨੰ: 24, ਮਿਤੀ 10 ਜੁਲਾਈ, 1978, ਜ਼ਿਲ੍ਹਾ ਜਲੰਧਰ | (1) ਰਿਸ਼ਵਤ ਨਾਲ ਕਮਾਏ ਹੋਏ ਧੰਨ ਨਾਲ ਜਵਾਹਰ ਨਗਰ ਜਲੰਧਰ ਵਿਖੇ ਸ਼ਾਨਦਾਰ ਕੋਠੀ ਬਨਾਉਣਾ । |

Original with; Punjab Vidhan Sabha Digitized by; Panjab Digital Library

| | | |
|---|---|---|
| | | (2) ਲੜਕੇ ਅਮਰਜੀਤ ਸਿੰਘ ਦੇ ਨਾਂ ਤੇ ਇੰਡਸਟਰੀਅਲ ਏਰੀਆ ਜਲੰਧਰ ਵਿਖੇ ਬੰਕਾ ਬਣਾਉਣ ਦਾ ਕਾਰਖਾਨਾ ਲਗਾਉਣਾ । (3) ਤਿੰਨ ਲੜਕਿਆਂ ਅਤੇ ਦੋ ਲੜਕੀਆਂ ਦੀਆਂ ਸ਼ਾਦੀਆਂ ਬੜੇ ਸ਼ਹਾਨਾ ਤਰੀਕੇ ਨਾਲ ਕਰਨਾ । |
| 13. ਸ੍ਰੀ ਹਰਬੰਸ ਸਿੰਘ, ਉਪ-ਮੰਡਲ ਅਫਸਰ | ਇਨਕੁਆਇਰੀ ਨੰ: 30, ਮਿਤੀ 10 ਅਗਸਤ, 1978, ਜ਼ਿਲ੍ਹਾ ਜਲੰਧਰ | ਵਿੱਤ ਤੋਂ ਬਾਹਰ ਆਦਰਸ਼ ਨਗਰ ਜਲੰਧਰ ਵਿਖੇ 2 ਲੱਖ ਰੁਪਏ ਦੀ ਕੋਠੀ ਬਣਾਉਣਾ ਅਤੇ ਉਸ ਨੂੰ ਕੀਮਤੀ ਸਮਾਨ ਨਾਲ ਸਜਾਣਾ । |
| 14. ਸ: ਪ੍ਰਿਥੀ ਪਾਲ ਸਿੰਘ, ਐਸ. ਡੀ. ਓ. | ਇਨਕੁਆਇਰੀ ਨੰ: 5, ਮਿਤੀ 13 ਫਰਵਰੀ, 1975, ਚੰਡੀਗੜ੍ਹ | ਘਟੀਆ ਦਰਜੇ ਦੀ ਮਸ਼ੀਨਰੀ ਦੀ ਖਰੀਦ ਕਰ ਕੇ ਆਪ ਨੂੰ ਤੇ ਸਬੰਧਤ ਫਰਮ ਨੂੰ ਫਾਇਦਾ ਪਹੁੰਚਾਇਆ ਤੇ ਪੰਜਾਬ ਟਿਊਬ ਵੈਲ ਕਾਰ-ਪੋਰੇਸ਼ਨ ਨੂੰ ਨੁਕਸਾਨ ਪਹੁੰਚਾਉਣਾ । |
| 15. ਸ੍ਰੀ ਜਗਤਾਰ ਸਿੰਘ, ਸਪੈਸ਼ਲ ਕੁਲੈਕਟਰ | ਇਨਕੁਆਇਰੀ ਨੰ: 34, ਮਿਤੀ 13 ਜਨਵਰੀ, 1977, ਚੰਡੀਗੜ੍ਹ | ਆਰ. ਡੀ. ਨੰ: 10954/ਐਲ. ਪਿੰਡ ਸਮਾਨਾ ਜ਼ਿਲ੍ਹਾ ਬਠਿੰਡਾ ਦੇ ਰਿਕਾਰਡ ਵਿਚ ਭਨ ਤੋੜ ਕਰਨਾ ਅਤੇ ਫੈਸਲਾ ਦੇਣ ਉਪਰੰਤ ਜੁਰਮਾਨੇ ਦੀ ਰਕਮ ਨੂੰ ਘੱਟ ਕਰਨਾ ਅਤੇ ਇਸ ਤਰ੍ਹਾਂ ਦੀ ਪਰੈਕਟਿਸ ਹੋਰ ਕੇਸਾਂ ਵਿਚ ਵੀ ਅਪਨਾਉਣਾ ਜੋ ਮੰਦ ਭਾਵਨਾ ਤੋਂ ਖਾਲ੍ਹੀ ਨਹੀਂ । |
| 16. ਸ੍ਰੀ ਕੈਲਾਸ਼ ਚੰਦ, ਮੁੱਖ ਇੰਜੀਨੀਅਰ | ਇਨਕੁਆਇਰੀ ਨੰ: 16, ਮਿਤੀ 6 ਅਪ੍ਰੈਲ, 1978, ਚੰਡੀਗੜ੍ਹ | (1) 22 ਅਫਸਰਾਂ ਸਿੰਚਾਈ ਵਿਭਾਗ ਨੂੰ ਸਮਾਂ ਪੂਰਵਕ ਸੇਵਾ ਨਿਵਿਰਤ ਕਰਨ ਦੇ ਨੋਟਿਸ ਦਿਤੇ ਗਏ ਸਨ, ਜੋ ਰਿਸ਼ਵਤ ਲੈ ਕੇ ਨੋਟਿਸ ਵਾਪਸ ਲੈ ਲਏ ਅਤੇ ਇਸ ਤਰ੍ਹਾਂ ਲਈ ਗਈ ਰਿਸ਼ਵਤ ਨੂੰ ਉਸ ਵੇਲੇ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਅਤੇ ਸਾਬਕਾ ਮੰਤਰੀ ਸ੍ਰੀ ਜੀ. ਐਸ. ਸੀਬੀਆ ਵਿਚਕਾਰ ਵੰਡ ਦਿੱਤਾ ਗਿਆ । |

Original with;
Punjab Vidhan Sabha
Digitized by;
Panjab Digital Library

[ਉਦਯੋਗ ਮੰਤਰੀ]

| 1 | 2 | 3 | 4 |
|---|---|---|---|
| | | | (2) ਐਸ. ਡੀ. ਓਜ਼ ਦੀਆਂ ਆਸਾਮੀਆਂ ਤੇ ਨਿਯੁਕਤੀ ਤਦ-ਅਰਥ ਦੇ ਤੌਰ ਤੇ ਕਰਨ ਅਤੇ ਪੈਸੇ ਖਾ ਕੇ ਉਨ੍ਹਾਂ ਦੀਆਂ ਸੇਵਾਵਾਂ ਨੂੰ ਬਕਾਇਦਾ ਕੀਤਾ ਜਾਂਦਾ ਹੈ। |
| 17. | ਸ੍ਰੀ ਗੁਰਬਖਸ਼ ਸਿੰਘ, ਐਸ. ਡੀ. ਓ., ਡਰੇਨੇਜ ਡਵੀਜ਼ਨ | ਇਨਕੁਆਇਰੀ ਨੰ: 25, ਮਿਤੀ 10 ਜੂਨ, 1978, ਜ਼ਿਲ੍ਹਾ ਅੰਮ੍ਰਿਤਸਰ | ਜਾਣੂ ਵਸੀਲਿਆਂ ਤੋਂ ਵੱਧ ਜਾਇਦਾਦ ਬਣਾਉਣ ਬਾਰੇ। |
| 18. | ਸ੍ਰੀ ਤਰਲੋਕ ਸਿੰਘ, ਕਾਰਜ ਕਾਰੀ ਇੰਜੀਨੀਅਰ | ਇਨਕੁਆਇਰੀ ਨੰ: 23, ਮਿਤੀ 3 ਸਤੰਬਰ, 1977, ਜ਼ਿਲ੍ਹਾ ਅੰਮ੍ਰਿਤਸਰ | ਰਿਸ਼ਵਤ ਖਾਣ ਬਾਰੇ। |
| 19. | ਸ੍ਰੀ ਐਮ. ਐਲ. ਤਲਵਾੜ, ਈ. ਈ. ਪੀ. ਡਬਲਯੂ. ਡੀ, ਸਿੰਚਾਈ ਵਿਭਾਗ | ਇਨਕੁਆਇਰੀ ਨੰ: 33, ਮਿਤੀ 17 ਨਵੰਬਰ, 1977, ਜ਼ਿਲ੍ਹਾ ਅੰਮ੍ਰਿਤਸਰ | ਭ੍ਰਿਸ਼ਟਾਚਾਰ ਰਾਹੀਂ ਧੰਨ ਇਕੱਠਾ ਕਰਨ ਬਾਰੇ। |
| 20. | ਸ: ਗੁਰਬਖਸ਼ ਸਿੰਘ, ਐਸ. ਡੀ. ਓ., ਡਰੇਨੇਜ ਡਵੀਜ਼ਨ | ਉੱਕਤ | ਉੱਕਤ |
| 21. | ਸ੍ਰੀ ਪੀ. ਗੋਇਲ, ਐਸ. ਡੀ. ਓ., ਖਡੂਰ ਸਾਹਿਬ | ਇਨਕੁਆਇਰੀ ਨੰ: 3, ਮਿਤੀ 13 ਫਰਵਰੀ, 1978, ਜ਼ਿਲ੍ਹਾ ਅੰਮ੍ਰਿਤਸਰ | ਟੈਂਡਰਾਂ ਦੀ ਅਲਾਟਮੈਂਟ ਵਿਚ ਹੇਰਾ ਫੇਰੀ ਬਾਰੇ। |
| 22. | ਸ੍ਰੀ ਚਥਰਥ, ਐਸ. ਡੀ. ਓ. | ਇਨਕੁਆਇਰੀ ਨੰ: 12, ਮਿਤੀ 4 ਮਈ, 1978, ਜ਼ਿਲ੍ਹਾ ਅੰਮ੍ਰਿਤਸਰ | ਭ੍ਰਿਸ਼ਟਾ ਚਾਰ ਰਾਹੀਂ ਜਾਇਦਾਦ ਬਣਾਉਣ ਬਾਰੇ। |

Original with; Punjab Vidhan Sabha Digitized by; Panjab Digital Library

| | | | |
|---|---|---|---|
| 23. | ਸ੍ਰੀ ਮਿਹਾੜਾ, ਐਸ. ਡੀ. ਓ. | ਉੱਕਤ | ਉੱਕਤ |
| 24. | ਸ੍ਰੀ ਗੋਪਾਲ ਸਿੰਘ ਬਰਾੜ, ਐਸ. ਡੀ. ਓ. | ਉੱਕਤ | ਉੱਕਤ |
| 25. | ਸ੍ਰੀ ਗੁਰਦਿਆਲ ਸਿੰਘ, ਐਸ. ਡੀ. ਓ. | ਉੱਕਤ | ਉੱਕਤ |
| 26. | ਸ੍ਰੀ ਗੋਇਲ, ਐਸ. ਡੀ. ਓ. | ਉੱਕਤ | ਉੱਕਤ |
| 27. | ਸ੍ਰੀ ਐਸ. ਐਸ. ਗਿੱਲ, ਐਸ. ਡੀ. ਓ. | ਉੱਕਤ | ਉੱਕਤ |
| 28. | ਸ੍ਰੀ ਬੀ. ਐਸ. ਗਿੱਲ, ਐਸ. ਡੀ. ਓ. | ਇਨਕੁਆਇਰੀ ਨੰ: 17, ਮਿਤੀ 2 ਜੂਨ, 1978, ਜ਼ਿਲ੍ਹਾ ਅੰਮ੍ਰਿਤਸਰ | ਭ੍ਰਿਸ਼ਟਾਚਾਰ ਰਾਹੀਂ ਜਾਇਦਾਦ ਬਣਾਉਣ ਬਾਰੇ। |
| 29. | ਸ੍ਰੀ ਕੇਵਲ ਸਿੰਘ, ਈ. ਈ. | ਇਨਕੁਆਇਰੀ ਨੰ: 18, ਮਿਤੀ 21 ਜੁਲਾਈ, 1978, ਜ਼ਿਲ੍ਹਾ ਅੰਮ੍ਰਿਤਸਰ | ਕੰਟਰੈਕਟ ਵਿਚ ਹੇਰਾ ਫੇਰੀ ਕਰਨ ਬਾਰੇ। |
| 30. | ਸ੍ਰੀ ਗਿਆਨ ਸਿੰਘ, ਐਸ. ਡੀ. ਓ. ਡਰੇਨੇਜ ਡਵੀਜ਼ਨ | ਇਨਕੁਆਇਰੀ ਨੰ: 18, ਮਿਤੀ 21 ਜੁਲਾਈ, 1978, ਜ਼ਿਲ੍ਹਾ ਅੰਮ੍ਰਿਤਸਰ | ਉੱਕਤ |
| 31. | ਸ੍ਰੀ ਸ਼ੋਰੀ ਲਾਲ, ਐਸ. ਡੀ. ਓ. | ਇਨਕੁਆਇਰੀ ਨੰ: 1, ਮਿਤੀ 5 ਜਨਵਰੀ, 1976, ਜ਼ਿਲ੍ਹਾ ਗੁਰਦਾਸਪੁਰ | ਸਰਕਾਰੀ ਧੰਨ ਦੀ ਗਲਤ ਵਰਤੋਂ ਕਰਨਾ ਆਦਿ। |
| 32. | ਸ੍ਰੀ ਵਨਾਇਕ, ਐਕਸੀਅਨ | ਉਕੱਤ | ਉੱਕਤ |
| 33. | ਸ੍ਰੀ ਬਖਸ਼ੀਸ਼ ਸਿੰਘ, ਐਸ. ਡੀ. ਓ., ਮਾਧੋਪੁਰ ਹੈਡ ਵਰਕਸ | ਇਨਕੁਆਇਰੀ ਨੰ: 13, ਮਿਤੀ 13 ਜੁਲਾਈ, 1976, ਜ਼ਿਲ੍ਹਾ ਗੁਰਦਾਸਪੁਰ | (1) ਇੱਕ ਲੱਖ ਰੁਪਏ ਦੀ ਠੇਕੇਦਾਰਾਂ ਨੂੰ ਬੋਗਸ ਪੇਮੇਂਟ ਕਰਨਾ ਅਤੇ ਵਿਚੋਂ ਆਪਣਾ ਹਿੱਸਾ ਲੈਣਾ ਆਦਿ। (2) ਸਰਕਾਰੀ ਕਾਪਰ ਤਾਰ ਵੇਚਣਾ । |

Original with;
Punjab Vidhan Sabha
Digitized by;
Panjab Digital Library

[ਉਦਯੋਗ ਮੰਤਰੀ]

| 1 | 2 | 3 | 4 |
|---|---|---|---|
| 34. | ਸ੍ਰੀ ਆਰ. ਪੀ. ਚੱਤਰਥ, ਐਸ. ਡੀ. ਓ. | ਇਨਕੁਆਇਰੀ ਨੰ: 17, ਮਿਤੀ 17 ਜੂਨ, 1977, ਜ਼ਿਲ੍ਹਾ ਗੁਰਦਾਸ ਪੁਰ | ਠੇਕੇਦਾਰਾਂ ਨਾਲ ਮਿਲੀ-ਭਗਤ ਕਰ ਕੇ ਸਰਕਾਰ ਦੇ ਰੁਪਏ ਦਾ ਮਿਸਯੂਜ਼ ਕਰਨਾ ਆਦਿ। |
| 35. | ਸ੍ਰੀ ਜੀ. ਐਸ. ਰੰਧਾਵਾ, ਐਕਸੀਅਨ | ਉੱਕਤ | ਉੱਕਤ |
| 36. | ਸ੍ਰੀ ਹਰ ਚਰਨ ਸਿੰਘ, ਉਪ-ਮੰਡਲ ਅਫ਼ਸਰ | ਇਨਕੁਆਇਰੀ ਨੰ: 10, ਮਿਤੀ 27 ਜੂਨ, 1978, ਜ਼ਿਲ੍ਹਾ ਗੁਰਦਾਸਪੁਰ | ਜਾਹਲੀ ਵਿਅਕਤੀਆਂ ਦੀਆਂ ਪੇ-ਰੋਲਾਂ ਤਿਆਰ ਕਰਕੇ ਪੈਸਾ ਆਪ ਹੜੱਪ ਕਰਨਾ। |
| 37. | ਸ੍ਰੀ ਏ. ਪੀ. ਘਈ, ਐਸ. ਡੀ. ਈ. | ਇਨਕੁਆਇਰੀ ਨੰ: 12, ਮਿਤੀ 27 ਜੁਲਾਈ, 1978, ਜ਼ਿਲ੍ਹਾ ਗੁਰਦਾਸਪੁਰ | ਠੇਕੇਦਾਰਾਂ ਰਾਹੀਂ ਗਲਤ ਕੰਮ ਕਰਵਾ ਕੇ ਸਰਕਾਰ ਨੂੰ ਨੁਕਸਾਨ ਪਹੁੰਚਾਉਣਾ। |
| 38. | ਸ੍: ਬਲਵੰਤ ਸਿੰਘ, ਉਪਕੁਲੈਕਟਰ | ਇਨਕੁਆਇਰੀ ਨੰ: 9, ਮਿਤੀ 23 ਮਈ, 1977, ਜ਼ਿਲ੍ਹਾ ਬਠਿੰਡਾ | ਮੋਘਿਆਂ ਦੀ ਗਲਤ ਬਾਰੀ ਦੇ ਕੇ ਰੁਪਿਆ ਇਕੱਠਾ ਕਰਨਾ ਆਦਿ। |
| 39. | ਸ੍: ਅਮਰੀਕ ਸਿੰਘ ਗਰੇਵਾਲ, ਕਾਰਜਕਾਰੀ ਇੰਜੀਨੀਅਰ | ਇਨਕੁਆਇਰੀ ਨੰ: 23, ਮਿਤੀ 11 ਅਗਸਤ, 1976 ਜ਼ਿਲ੍ਹਾ ਬਠਿੰਡਾ | |
| 40. | ਸ੍: ਗੁਰਦੇਵ ਸਿੰਘ, ਐਸ. ਡੀ. ਓ. | ਇਨਕੁਆਇਰੀ ਨੰ: 8, ਮਿਤੀ 16 ਮਈ, 1978, ਜ਼ਿਲ੍ਹਾ ਲੁਧਿਆਣਾ | (1) ਨਹਿਰ ਦੀ ਲਾਇਨਿੰਗ ਲਈ ਸੈਂਡ ਸਪਲਾਈ ਕਰਨ ਦਾ ਕੰਮ ਆਰ. ਡੀ. 0 ਤੋਂ 22,000, 35 ਤੋਂ 42,000 ਅਤੇ 82 ਤੋਂ 100000 ਦਾ ਕੰਮ ਤਿੰਨ ਠੇਕੇਦਾਰਾਂ ਨੰ: 40/40 ਹਜ਼ਾਰ ਰੁਪਏ ਦਾ ਕੰਮ ਦਿੱਤਾ ਪਰ ਕੰਮ ਨਹੀਂ ਕੀਤਾ ਤੇ ਪੈਸੇ ਉਕਤ ਅਫ਼ਸਰਾਂ ਨੇ ਵੰਡ ਲਏ। |

Original with;
Punjab Vidhan Sabha
Digitized by;
Panjab Digital Library

| | | |
|---|---|---|
| | | (2) ਆਰ. ਡੀ. 50,000 ਤੋਂ 58,000 ਡਰੇਨ ਦੀ ਮੁਰੰਮਤ ਲਈ ਦੋਨਾਂ ਪਾਸਿਆਂ ਦਾ ਕੰਮ ਠੇਕੇਦਾਰ ਨੂੰ ਦਿੱਤਾ ਪਰ ਕੋਈ ਜੋੜੀ ਨਹੀਂ ਪਾਈ ਤੇ ਨਾ ਹੀ ਸੀਮਿੰਟ ਲਾਇਆ ਹੈ। ਇਸ ਤਰ੍ਹਾਂ ਆਰ. ਡੀ. 59,000 ਤੋਂ 100,000 ਦੀ ਮੁਰੰਮਤ ਦਾ ਕੰਮ ਨਹੀਂ ਕੀਤਾ ਗਿਆ ਇਸੇ ਤਰ੍ਹਾਂ ਕਈ ਹੋਰ ਮੁਰੰਮਤ ਦੇ ਪ੍ਰੰਤੂ ਅਧੂਰੇ ਕੰਮਾਂ ਦੇ ਪੂਰੇ ਪੈਸੇ ਠੇਕੇਦਾਰਾਂ ਨੂੰ ਦਿੱਤੇ ਗਏ। |
| 41. ਸ੍ਰੀ ਗਵਰਧਨ ਦਾਸ ਗੋਇਲ, ਐਸ. ਡੀ. ਓ. | ਇਨਕੁਆਇਰੀ ਨੰ: 4, ਮਿਤੀ 19 ਜਨਵਰੀ, 1978, ਜ਼ਿਲ੍ਹਾ ਫਰੀਦ ਕੋਟ | ਇਸ ਅਫਸਰ ਨੇ ਭ੍ਰਿਸ਼ਟਾਚਾਰ ਕਰ ਕੇ ਧੰਨ ਇੱਕਠਾ ਕੀਤਾ ਹੈ ਅਤੇ ਜਾਇਦਾਦ ਬਣਾਈ ਹੈ। |
| 42. ਸ੍ਰੀ ਕੈਲਾਸ਼ ਚੰਦ, ਮੁੱਖ ਇੰਜੀਨੀਅਰ | ਰੈਗੂਲਰ ਇਨਕੁਆਇਰੀ ਨੰ: 13, ਮਿਤੀ 11 ਮਈ, 1977 ਜ਼ਿਲ੍ਹਾ ਰੂਪ ਨਗਰ | ਪਦਵੀ ਦੀ ਕੁਵਰਤੋਂ ਕਰਨ ਬਾਰੇ। |
| 43. ਸ੍ਰੀ ਬੁਧ ਸਿੰਘ | ਉੱਕਤ | ਉੱਕਤ |
| 44. ਸ੍ਰੀ ਐਸ. ਆਰ. ਬੁਧਵਾਲ, ਐਸ. ਈ. | ਉੱਕਤ | ਉੱਕਤ |
| 45. ਸ੍: ਹਰਬੰਸ ਸਿੰਘ ਸੈਣੀ, ਮੁੱਖ ਇੰਜੀਨੀਅਰ | ਉੱਕਤ | ਉੱਕਤ |
| 46. ਸ੍: ਪ੍ਰੀਤਮ ਸਿੰਘ | ਉੱਕਤ | ਉੱਕਤ |
| 47. ਸ੍: ਜੀ. ਐਸ. ਚੀਨਾ, ਐਸ. ਈ. | ਉੱਕਤ | ਉੱਕਤ |
| 48. ਸ੍: ਐਸ. ਐਸ. ਬੇਦੀ, ਐਕਸੀਅਨ | ਉੱਕਤ | ਉੱਕਤ |

Original with;
Punjab Vidhan Sabha
Digitized by;
Panjab Digital Library

[ਉਦਯੋਗ ਮੰਤਰੀ]

| 1 | 2 | 3 | 4 |
|---|---|---|---|
| 49. | ਸ੍ਰੀ ਅਜੀਤ ਰਾਮ ਸੈਣੀ, ਕਾਰਜ ਕਾਰੀ ਇੰਜੀਨੀਅਰ | ਰੈਗੂਲਰ ਇੰਨ: ਨੰ: 14, ਮਿਤੀ 16 ਮਈ, 1978 ਜ਼ਿਲ੍ਹਾ ਰੂਪਨਗਰ | ਪਦਵੀ ਦੀ ਕੁਵਰਤੋਂ ਕਰਨ ਬਾਰੇ ਅਤੇ ਭ੍ਰਿਸ਼ਟਾ ਚਾਰ ਰਾਹੀਂ ਆਮਦਨ ਦੇ ਵਸੀਲਿਆਂ ਤੋਂ ਵੱਧ ਜਾਇਦਾਦ ਬਣਾਉਣ ਬਾਰੇ। |
| 50. | ਸ੍ਰੀ ਰਤਨ ਸਿੰਘ, ਐਸ. ਡੀ. ਓ. | ਰੈਗੂਲਰ ਇੰਨ: ਨੰ: 25, ਮਿਤੀ 13 ਸਤੰਬਰ, 1976 ਜ਼ਿਲ੍ਹਾ ਹੁਸ਼ਿਆਰਪੁਰ | ਨਜਾਇਜ਼ ਤਰੀਕਿਆਂ ਨਾਲ ਰੁਪਏ ਕਮਾ ਕੇ ਪਟਿਆਲੇ ਵਿਖੇ ਕੋਠੀ ਬਣਾਉਣ ਬਾਰੇ। |
| 51. | ਸ੍ਰੀ ਹਰਦਿਆਲ ਗੁਪਤਾ, ਐਕਸੀਅਨ | ਇਨਕੁਆਇਰੀ ਨੰ: 10, ਮਿਤੀ 31 ਮਈ, 1978 ਜ਼ਿਲ੍ਹਾ ਹੁਸ਼ਿਆਰਪੁਰ | ਵਿੱਤ ਤੋਂ ਵੱਧ ਜਾਇਦਾਦ ਬਣਾਉਣ ਬਾਰੇ । |
| 52. | ਸ੍ਰੀ ਰਜਿੰਦਰ ਕੁਮਾਰ ਮਡੇਰ, ਐਸ. ਡੀ. ਓ. | ਉਕਤ | ਉਕਤ |
| 53. | ਸ੍ਰੀ ਸਰਦੂਲ ਸਿੰਘ ਬੱਲਾ, ਉਪ-ਮੰਡਲ ਅਫ਼ਸਰ | ਬਕਾਇਦਾ ਇੰਨ: ਨੰ: 9, ਮਿਤੀ 14 ਅਗਸਤ, 1978 ਜ਼ਿਲ੍ਹਾ ਕਪੂਰਥਲਾ | ਟਿਊਬਵੈਲਾਂ ਦੀ ਮੁਰੰਮਤ ਵਿੱਚ ਜਾਹਲੀ ਰਿਕਾਰਡ ਤਿਆਰ ਕਰਕੇ ਗਬਨ ਕੀਤਾ। |
| 54. | ਸ੍ਰੀ ਕੈਲਾਸ਼ ਚੰਦ, ਐਸ. ਈ. (ਹਾਲ ਮੁ. ਇੰ: ਮੁਅਤਲੀ ਅਧੀਨ) | ਮੁਕਦਮਾਂ ਨੰ: 258, ਮਿਤੀ 26 ਜਨਵਰੀ, 1978 ਥਾਣਾ ਝਬਾਲ, ਜ਼ਿਲ੍ਹਾ ਅੰਮ੍ਰਿਤਸਰ | ਆਮਦਨ ਤੋਂ ਵੱਧ ਜਾਇਦਾਦ ਬਣਾਉਣ ਬਾਰੇ। |
| 55. | ਸ੍ਰੀ ਵਾਈ. ਐਸ. ਪੁਰੀ, ਐਕਸੀਅਨ | ਮੁਕਦਮਾ ਨੰ: 54, ਮਿਤੀ 18 ਮਾਰਚ, 1978 ਜ਼ਿਲ੍ਹਾ ਅੰਮ੍ਰਿਤਸਰ | ਜੀ. ਆਈ ਤਾਰ ਖਰੀਦਣ ਵਿਚ ਹੇਰਾ ਫੇਰੀ ਬਾਰੇ। |

Original with; Punjab Vidhan Sabha Digitized by; Panjab Digital Library

| | | |
|---|---|---|
| 56. ਸ੍ਰੀ ਬਖਸ਼ੀਸ਼ ਸਿੰਘ ਰੰਧਾਵਾ, ਐਸ. ਡੀ. ਓ. | ਮੁਕਦਮਾ ਨੰ: 54, ਮਿਤੀ 18 ਮਾਰਚ, 1978 ਜ਼ਿਲ੍ਹਾ ਅੰਮ੍ਰਿਤਸਰ | ਜੀ. ਆਈ ਤਾਰ ਖਰੀਦਣ ਵਿਚ ਹੇਰਾ ਫੇਰੀ ਬਾਰੇ |
| 57. ਸ੍ਰੀ ਬਰਿਜਿੰਦਰ ਨਾਥ ਗੁਪਤਾ, ਐਸ. ਈ. | ਮੁਕਦਮਾ ਨੰ: 135, ਮਿਤੀ 8 ਜੁਲਾਈ, 1974 ਜ਼ਿਲ੍ਹਾ ਗੁਰਦਾਸਪੁਰ | 1,500 ਲਕੜੀ ਦੇ ਸਲੀਪਰਾਂ ਦੀ ਖਰੀਦ ਵਿਚ ਹੇਰਾ ਫੇਰੀ ਕਰ ਕੇ ਸਰਕਾਰ ਦਾ 15,000 ਰੁਪਏ ਦਾ ਨੁਕਸਾਨ ਕੀਤਾ । |
| 58. ਸ੍ਰੀ ਰਾਮ ਪ੍ਰਸ਼ਾਦ ਭਾਸਕਰ, ਐਕਸੀਅਨ | ਉਕਤ | ਉਕਤ |
| 59. ਸ੍ਰੀ ਮੋਤੀ ਲਾਲ, ਵਨਾਇਕ, ਐਸ. ਡੀ. ਓ. | ਮੁਕਦਮਾਂ ਨੰ: 135, ਮਿਤੀ 8 ਜੁਲਾਈ, 1974 | 1,500 ਲਕੜੀ ਦੇ ਸਲੀਪਰਾਂ ਦੀ ਖਰੀਦ ਵਿਚ ਹੇਰਾ ਫੇਰੀ ਕਰਕੇ ਸਰਕਾਰ ਦਾ 15,000 ਰੁਪਏ ਦਾ ਨੁਕਸਾਨ ਕੀਤਾ । |
| 60. ਸ੍ਰੀ ਬਰਿਜ ਮੋਹਨ ਜਨੇਜਾ, ਐਸ. ਡੀ. ਓ. | ਉਕਤ | ਉਕਤ |
| 61. ਸ੍ਰੀ ਬੀ. ਐਨ. ਗੁਪਤਾ, ਐਸ. ਈ. | ਮੁਕਦਮਾ ਨੰ: 7, ਮਿਤੀ 3 ਜਨਵਰੀ, 1975, ਥਾਣਾ ਸਦਰ ਪਠਾਨਕੋਟ, ਜ਼ਿਲਾ ਗੁਰਦਾਸਪੁਰ | ਇਸ ਕੇਸ ਵਿਚ 70,000 ਖਾਲੀ ਸੀਮਿੰਟ ਦੀਆਂ ਨਜਾਇਜ਼ ਬੋਰੀਆਂ ਦੇ ਵੇਚਣ ਦੇ ਦੂਸ਼ਣ ਹਨ । |
| 62. ਸ੍ਰੀ ਆਰ. ਪੀ. ਐਸ. ਈ. | ਉਕਤ | ਉਕਤ |
| 63. ਸ੍ਰੀ ਸ਼ੋਰੀ ਲਾਲ ਵਿਨੇਕ, ਐਸ. ਡੀ. ਓ. | ਉਕਤ | ਉਕਤ |
| 64. ਸ੍ਰੀ ਐਲ. ਡੀ. ਸ਼ਰਮਾਂ, ਐਸ. ਡੀ. ਓ. | ਉਕਤ | ਉਕਤ |
| 65. ਸ੍ਰੀ ਸੁਦਰਸ਼ਨ ਸੂਦ, ਐਸ. ਡੀ. ਓ. | ਉਕਤ | ਉਕਤ |
| 66. ਸ੍ਰੀ ਸ਼ੋਰੀ ਲਾਲ ਵਿਨੇਕ, ਐਸ. ਡੀ. ਓ. | ਮੁਕਦਮਾਂ ਨੰ: 41, ਮਿਤੀ 21 ਫਰਵਰੀ, 1977 ਥਾਣਾ ਸਦਰ, ਪਠਾਨਕੋਟ, ਜ਼ਿਲ੍ਹਾ ਗੁਰਦਾਸ-ਪੁਰ | ਨਜਾਇਜ਼ ਵਸੀਲਿਆਂ ਰਾਹੀਂ ਧੰਨ ਇਕਠਾ ਕਰਨਾ। |
| 67. ਸ੍ਰੀ ਸੋਮ ਨਾਥ ਗੋਇਲ, ਐਸ. ਡੀ. ਓ. ਟਿਊਬ ਵੈਲ ਕਾਰਪੋਰੇਸ਼ਨ | ਮੁਕਦਮਾਂ ਨੰ: 157, ਮਿਤੀ 1 ਜੁਲਾਈ, 1977 ਅਧ 5(2) 47, ਪੀ. ਸੀ. ਐਕਟ, ਥਾਣਾ ਕੋਟ-ਕਪੂਰਾ [illegible] | ਇਸ ਐਸ. ਡੀ. ਓ. ਨੇ ਸ੍ਰੀ ਰਮੇਸ਼ ਲਾਲ ਗੁਪਤਾ ਐਸ. ਓ. ਦੇ ਸੀਮਿੰਟ ਕੇਸ ਦੇ ਸਬੰਧ ਵਿਚ 1,000 ਰੁਪਏ ਲਏ ਅਤੇ ਰੰਗੀ ਹੱਥੀਂ ਪਕੜਿਆ ਗਿਆ । |

Original with;
Punjab Vidhan Sabha
Digitized by;
Panjab Digital Library

[ਉਦਯੋਗ ਮੰਤਰੀ]

"ਅੰਤਕਾ ਬੀ"

| ਲੜੀ ਨੰ: | ਦੋਸ਼ੀ ਦਾ ਅਹੁਦਾ | ਇਨਕੁਆਇਰੀ/ਮੁਕਦਮਾਂ ਨੰ: ਮਿਤੀ, ਥਾਣਾ ਅਤੇ ਜ਼ਿਲ੍ਹਾ | ਸੰਖੇਪ ਦੂਸ਼ਣ ਵੇਰਵਾ |
|---|---|---|---|
| 1 | 2 | 3 | 4 |
| 1. | ਐਕਸੀਅਨ | ਇਨਕੁਆਇਰੀ ਨੰ: 6, ਮਿਤੀ 7 ਅਪ੍ਰੈਲ, 1977, ਜ਼ਿਲ੍ਹਾ ਫਿਰੋਜ਼ਪੁਰ | ਜਾਹਲੀ ਕੰਮ ਕਰ ਕੇ ਸਰਕਾਰੀ ਪੈਸੇ ਦਾ ਗਬਨ ਕੀਤਾ। |
| 2. | ਐਸ. ਡੀ. ਓ. | ਉਕਤ | ਉਕਤ |
| 3. | ਅਫਸਰਾਨ ਅਤੇ ਸਟਾਫ ਡਰੇਨੇਜ ਡਵੀਜ਼ਨ, ਜਲੰਧਰ ਅਤੇ ਭੋਂ ਪ੍ਰਾਪਤੀ ਅਫ਼ਸਰ/ਭੋਂ ਪ੍ਰਾਪਤੀ ਕਮਿਸ਼ਨਰ | ਇਨਕੁਆਇਰੀ ਨੰ: 24, ਮਿਤੀ 24 ਅਗਸਤ, 1976, ਜ਼ਿਲ੍ਹਾ ਜਲੰਧਰ | ਭੋਂ ਪ੍ਰਾਪਤੀ ਐਕਟ ਅਧੀਨ ਰੂਲ 6 ਨੋਟੀਫਿਕੇਸ਼ਨ ਦੇਰ ਨਾਲ ਜਾਰੀ ਹੋਣ ਤੇ ਸਰਕਾਰੀ ਖਜ਼ਾਨੇ ਨੂੰ 1,55,651 ਰੁਪਏ ਦਾ ਘਾਟਾ ਹੋਣਾ |
| 4. | ਕਿਸੇ ਖਾਸ ਦੋਸ਼ੀ ਦਾ ਸ਼ਿਕਾਇਤ ਵਿਚ ਨਾਂ ਨਹੀਂ ........ ਬਾਬਤ ਮਹਿਕਮਾਂ ਨਹਿਰ ਵਿਚ ਹੋਏ ਭ੍ਰਿਸ਼ਟਾਚਾਰ ਬਾਰੇ | ਇਨਕੁਆਇਰੀ ਨੰ: 6, ਮਿਤੀ 10 ਫਰਵਰੀ, 1978, ਜ਼ਿਲ੍ਹਾ ਚੰਡੀਗੜ੍ਹ | 77 ਜੂਨੀਅਰ ਸੈਕਸ਼ਨਲ ਅਫ਼ਸਰਾਂ ਨੂੰ ਪੈਸੇ ਖਾ ਕੇ ਤਦ ਅਰਥ ਤੌਰ ਤੇ ਤਰਕੀਯਾਬ ਕਰਨਾ ਅਤੇ ਉਨ੍ਹਾਂ ਨੂੰ ਉਨ੍ਹਾਂ ਦੀਆਂ ਮਨ ਪਸੰਦ ਡਵੀਜ਼ਨਾਂ ਅਲਾਟ ਕਰਨਾ। |
| 5. | ਮੁਰਾਦਪੁਰ ਡਰੇਨੇਜ, ਜ਼ਿਲਾ ਅੰਮ੍ਰਿਤਸਰ ਦੇ ਕਰਮਚਾਰੀ | ਇਨਕੁਆਇਰੀ ਨੰ: 5, ਮਿਤੀ 7 ਸਤੰਬਰ, 1977, ਜ਼ਿਲ੍ਹਾ ਅੰਮ੍ਰਿਤਸਰ | ਟੈਂਡਰ ਦੇਣ ਵਿਚ ਹੇਰਾ ਫੇਰੀ। |
| 6. | ਕਰਮਚਾਰੀਆਂ ਡਰੇਨਿੰਗ ਉਪ ਮੰਡਲ | ਬਕਾਇਦਾ ਇਨਕੁਆਇਰੀ ਨੰ: 4, ਮਿਤੀ 28 ਜੂਨ, 1977, ਜ਼ਿਲ੍ਹਾ ਕਪੂਰਥਲਾ | ਧੁੱਸੀ ਬੰਧ ਉਤੇ ਇਕ ਪੁਰਾਣੇ ਸਪਰ ਦੀ ਮੁਰੰਮਤ ਵਿਚੋਂ ਕਾਫੀ ਰਕਮ ਦਾ ਗਬਨ ਕੀਤਾ ਅਤੇ ਬਾਅਦ ਵਿਚ ਬਿਨਾਂ ਕਿਸੇ ਕੰਮ ਕੀਤੇ ਰਿਕਾਰਡ ਵਿਚ ਦੋ ਵੇਰਾਂ ਮੁਰੰਮਤ ਕਰਨੀ ਦਰਜ ਕਰ ਕੇ ਗਬਨ ਕੀਤਾ। ਇਸੀ ਤਰ੍ਹਾਂ ਮਿਟੀ ਪਾਉਣ ਦੇ ਕੰਮ ਵਿਚ ਹੇਰਾ ਫੇਰੀ ਕਰ ਕੇ ਗਬਨ ਕੀਤਾ। |

Original with; Punjab Vidhan Sabha Digitized by; Panjab Digital Library

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਅਫਸਰਾਂ ਦੇ ਖਿਲਾਫ ਤਰ੍ਹਾਂ ਤਰ੍ਹਾਂ ਦੇ ਇਲਜ਼ਾਮ ਲਗੇ ਹੋਏ ਹਨ। ਸਪੀਕਰ ਸਾਹਿਬ, ਕੋਈ ਇਨਕੁਆਇਰੀ 1975 ਦੀ ਹੈ, ਕੋਈ 1976 ਦੀ ਹੈ, ਕੋਈ 1977 ਦੀ ਹੈ ਅਤੇ ਕੋਈ ਇਨਕੁਆਇਰੀ 1978 ਦੀ ਹੈ। ਇਨਕੁਆਇਰੀ ਨੰ: 16, ਜੋ ਕਿ ਸ੍ਰੀ ਕੈਲਾਸ਼ ਚੰਦ, ਮੁੱਖ ਇੰਜੀਨੀਅਰ ਬਾਰੇ ਹੈ, ਉਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਵਿਭਾਗ ਦੇ 22 ਅਫਸਰਾਂ ਨੂੰ ਸਮਾਂ ਪੂਰਵਕ ਸੇਵਾ ਨਿਵਿਰਤ ਕਰਨ ਦੇ ਨੋਟਿਸ ਦਿਤੇ ਗਏ ਸਨ, ਜੋ ਰਿਸ਼ਵਤ ਲੈ ਕੇ ਨੋਟਿਸ ਵਾਪਸ ਲੈ ਲਏ ਅਤੇ ਇਸ ਤਰ੍ਹਾਂ ਲਈ ਗਈ ਰਿਸ਼ਵਤ ਨੂੰ ਉਸ ਵੇਲੇ ਦੇ ਮੁੱਖ ਮੰਤਰੀ, ਗਿਆਨੀ ਜ਼ੈਲ ਸਿੰਘ ਅਤੇ ਸਾਬਕਾ ਮੰਤਰੀ ਸ੍ਰੀ ਜੀ. ਐਸ. ਸਿਬੀਆ ਵਿਚਕਾਰ ਵੰਡ ਦਿਤਾ ਗਿਆ। ਐਸ. ਡੀ. ਓਜ਼. ਦੀਆਂ ਆਸਾਮੀਆਂ ਤੇ ਨਿਯੁਕਤੀ ਤਦ-ਅਰਥ ਆਧਾਰ ਤੇ ਕੀਤੀ ਜਾਂਦੀ ਹੈ। ਇਸ ਤਰ੍ਹਾਂ ਦੇ, ਸਪੀਕਰ ਸਾਹਿਬ, ਜੇਕਰ ਸੀਅਰੀਅਸ ਇਲਜ਼ਾਮ ਹੋਣ ਅਤੇ ਪੰਜਾਬ ਵਿਚ ਅਫਸਰਾਂ ਨੇ ਧਾਂਦਲੀ ਮਚਾਈ ਹੋਈ ਸੀ ਤਾਂ ਹੁਣ ਇਸ ਦੀ ਕਦੋਂ ਤਕ ਪੜਤਾਲ ਕਰਨਗੇ?

**ਉਦਯੋਗ ਮੰਤਰੀ**: ਸਪੀਕਰ ਸਾਹਿਬ, ਜਿਥੋਂ ਤਕ ਇਸ ਗਲ ਦਾ ਤੁਅਲਕ ਹੈ, ਬੜੀ ਤੀਬਰਤਾ ਨਾਲ ਸਰਕਾਰ ਸਾਰੀ ਗਲ ਦੀ ਪੜਤਾਲ ਕਰ ਰਹੀ ਹੈ ਔਰ ਜਲਦੀ ਤੋਂ ਜਲਦੀ ਨਿਪਟਾਰਾ ਕਰਾਂਗੇ।

------

ਬਲਾਚੌਰ ਤਹਿਸੀਲ ਵਿਚ ਪੇਪਰ ਮਿੱਲ

*732. **ਸ੍ਰੀ ਰਾਮ ਕਿਸ਼ਨ ਕਟਾਰੀਆ**: ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦਸਣਗੇ ਕਿ:--

(ੳ) ਕੀ ਬਲਾਚੌਰ ਤਹਿਸੀਲ ਵਿਚ ਪੇਪਰ ਮਿੱਲ ਲਗਾਉਣ ਲਈ ਸਰਕਾਰ ਦੇ ਵਿਚਾਰ ਅਧੀਨ ਕੋਈ ਤਜ਼ਵੀਜ਼ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿਚ ਹੈ ਤਾਂ ਕੀ ਸਰਕਾਰ ਬਲਾਚੌਰ ਟਾਊਨ ਦੇ ਨੇੜੇ, ਜੇਕਰ ਉਚਿਤ ਭੂਮੀ ਉਚਿਤ ਕੀਮਤ ਤੇ ਦਿਤੀ ਜਾਵੇ, ਤਜਵੀਜ਼ ਕੀਤੀ ਗਈ ਮਿੱਲ ਲਗਾਉਣ ਲਈ ਤਿਆਰ ਹੈ?

**Shri Balram Ji Dass Tandon** : (a) No please.

(b) Since the answer to (a) is no, the question does not arise.

**ਸ੍ਰੀ ਰਾਮ ਕਿਸ਼ਨ ਕਟਾਰੀਆ**: ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਜੇ ਉਸ ਏਰੀਏ ਵਿਚ ਫੈਕਟਰੀ ਲਗਾਉਣ ਦੀ ਲੋੜ ਪਈ ਤਾਂ ਕੀ ਇਹ ਬਲਾਚੌਰ ਦੇ ਨਜ਼ਦੀਕ ਫੈਕਟਰੀ ਲਗਾਉਣ ਦੀ ਕੋਸ਼ਿਸ਼ ਕਰਨਗੇ?

**ਮੰਤਰੀ**: ਇਹ ਆਪਣੇ ਸਵਾਲ ਨੂੰ ਮੁੜ ਕੇ ਵੇਖਣ ਜਿਸ ਦਾ ਜਵਾਬ ਇਨ੍ਹਾਂ ਨੂੰ ਦੇ ਦਿਤਾ ਗਿਆ ਹੈ। ਸਵਾਲ ਇਨ੍ਹਾਂ ਦਾ ਇਹ ਸੀ ਕਿ "ਕੀ ਬਲਾਚੌਰ ਤਹਿਸੀਲ ਵਿਚ ਪੇਪਰ ਮਿੱਲ ਲਗਾਉਣ ਲਈ ਸਰਕਾਰ ਦੇ ਵਿਚਾਰ ਅਧੀਨ ਕੋਈ ਤਜ਼ਵੀਜ਼ ਹੈ?" ਇਸ ਦਾ ਜਵਾਬ ਦਿਤਾ ਗਿਆ ਹੈ "ਨਹੀਂ ਜੀ।" ਬਾਕੀ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਜਿਥੋਂ ਤਕ ਇੰਡਸਟਰੀਜ਼ ਲਗਾਉਣ ਦਾ ਤੁਅੱਲਕ ਹੈ ਉਸ ਵਿਚ ਗੌਰਮਿੰਟ ਦਾ ਛੋਟਾ ਜਿਹਾ ਪਾਰਟ ਹੁੰਦਾ ਹੈ। ਬਾਕੀ ਪ੍ਰਾਈਵੇਟ ਲੋਕ ਲਗਾਉਂਦੇ ਹਨ। ਸਾਰੇ ਸਦਨ ਦੀ ਜਾਣਕਾਰੀ ਵਾਸਤੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਬੜੀ ਵਡੀ ਪੇਪਰ ਮਿਲ ਬਲਾਚੌਰ ਤਹਿਸੀਲ ਵਿਚ ਲਗ ਰਹੀ ਹੈ। ਪਰ ਕਿਉਂਕਿ ਇਨ੍ਹਾਂ ਨੇ ਸਰਕਾਰ ਬਾਰੇ ਪੁਛਿਆ ਸੀ ਇਸ ਲਈ ਜਵਾਬ "ਨੋ ਪਲੀਜ਼" ਵਿਚ ਦਿੱਤਾ ਗਿਆ ਹੈ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਰਾਮ ਕਿਸ਼ਨ ਕਟਾਰੀਆ** : ਸਪੀਕਰ ਸਾਹਿਬ, ਮੇਰਾ ਸਵਾਲ ਤਾਂ ਇਹ ਸੀ ਕਿ ਜੇ ਕੋਈ ਅਜਿਹੀ ਪ੍ਰੋਪੋਜ਼ਲ ਹੋਏਗੀ ਤਾਂ ਉਹ ਗੌਰਮਿੰਟ ਦੀ ਨਜ਼ਰ ਵਿਚ ਜ਼ਰੂਰ ਹੋਏਗੀ। ਕੋਈ ਪ੍ਰਾਈਵੇਟ ਐਂਟਰਪ੍ਰਾਈਜ਼ ਤਾਂ ਉਥੇ ਜਾ ਕੇ ਲਗਾਉਣ ਨਹੀਂ ਲਗੇ। ਮੈਨੂੰ ਪਤਾ ਸੀ ਕਿ ਉਥੇ ਫੈਕਟਰੀ ਲਗ ਰਹੀ ਹੈ। ਉਥੇ ਬੈਕਵਰਡ ਏਰੀਆ ਹੋਣ ਕਰਕੇ ਸਬਸਿਡੀ ਵੀ ਦਿੱਤੀ ਜਾਂਦੀ ਹੈ। ਮੈਂ ਇਹ ਪੱਛਣਾ ਚਾਹੁੰਦਾ ਹਾਂ ਕਿ ਆਇਆ ਬਲਾਚੌਰ ਵਿਖੇ ਕੋਈ ਮਿਲ ਲਗਾਉਣ ਦੀ ਪ੍ਰੋਪੋਜ਼ਲ ਹੈ ? My question was whether there is any proposal of the Government to establish a paper mill in Balachaur ? ਮੇਰਾ ਸਵਾਲ ਇਹ ਹੈ ਕਿ ਬਲਾਚੌਰ ਦਾ ਏਰੀਆ ਬੈਕਵਰਡ ਏਰੀਆ ਹੈ। ਉਥੇ 20 ਫੀਸਦੀ ਸਬਸਿਡੀ ਮਿਲਦੀ ਹੈ । ਅਗਰ ਹਾਲੇ ਵੀ ਕੋਈ ਪੇਪਰ ਮਿਲ ਉਸ ਏਰੀਆ ਵਿਚ ਲਗਾਉਣੀ ਹੈ ਤਾਂ ਉਹ ਬਜਾਏ ਰੋਪੜ ਦੇ ਨੇੜੇ ਲਗਾਉਣ ਦੇ ਕੀ ਬਲਾਚੌਰ ਟਾਊਨ ਵਿਚ ਲਗਾਈ ਜਾਏਗੀ ਤਾ ਕਿ ਬਲਾਚੌਰ ਦੀ ਡੀਵੈਲਪਮੈਂਟ ਹੋ ਸਕੇ ? ਕੀ ਮਨਿਸਟਰ ਸਾਹਿਬ ਕੋਸ਼ਿਸ਼ ਕਰਕੇ ਉਥੇ ਬਲਾਚੌਰ ਵਿਖੇ ਪੇਪਰ ਮਿਲ ਲਗਾਉਣ ਦੀ ਕ੍ਰਿਪਾ ਕਰਨਗੇ ?

**ਮੰਤਰੀ** : ਪ੍ਰਾਈਵੇਟ ਕਿਸੇ ਵੀ ਪਾਰਟੀ ਨੂੰ ਅਸੀਂ ਮਜਬੂਰ ਨਹੀਂ ਕਰ ਸਕਦੇ ਕਿ ਉਹ ਕਿਸੇ ਖਾਸ ਜਗ੍ਹਾ ਤੇ ਫੈਕਟਰੀ ਲਗਾਵੇ। ਸਾਰੇ ਡਿਸਟ੍ਰਿਕਟ ਨੂੰ ਬੈਕਵਰਡ ਡਿਕਲੇਅਰ ਕੀਤਾ ਹੋਇਆ ਹੈ। ਜਿਥੇ ਕੋਈ ਮੁਨਾਸਿਬ ਸਮਝੇ ਉਥੇ ਲਗਾ ਸਕਦਾ ਹੈ। ਇਕ ਪੇਪਰ ਮਿਲ ਪ੍ਰਾਈਵੇਟ ਅਦਾਰੇ ਪਾਸਿਉਂ ਗੜ੍ਹ ਸ਼ੰਕਰ ਵਿਚ ਲਗ ਰਹੀ ਹੈ । ਇਨ੍ਹਾਂ ਨੇ ਸਵਾਲ ਸਾਰੀ ਬਲਾਚੌਰ ਤਹਿਸੀਲ ਦਾ ਪੁਛਿਆ ਹੈ ਔਰ ਉਸ ਦੇ ਮੁਤਾਬਿਕ ਹੀ ਮੈਂ ਜਵਾਬ ਦੇ ਦਿਤਾ ਹੈ।

------

## ਆਦਰਸ਼ ਗਰਾਮ ਸਕੀਮ

*796. **ਸ਼੍ਰੀ ਮਦਨ ਮੋਹਨ ਮਿੱਤਲ** : ਕੀ ਵਿਕਾਸ ਮੰਤਰੀ ਕਿਰਪਾ ਕਰ ਕੇ ਦਸਣਗੇ ਕਿ :—

(ੳ) ਕੀ ਰਾਜ ਵਿਚ ਦਿਹਾਤੀ ਇਲਾਕੇ ਦੇ ਵਿਕਾਸ ਲਈ ਸਾਲ 1969 ਵਿਚ ਆਦਰਸ਼ ਗਰਾਮ ਸਕੀਮ ਚਾਲੂ ਕੀਤੀ ਗਈ ਸੀ ; ਜੇਕਰ ਅਜਿਹੀ ਹੋਵੇ ਤਾਂ ਉਕਤ ਯੋਜਨਾ ਅਧੀਨ ਜ਼ਿਲ੍ਹਾ-ਵਾਰ ਕਿੰਨੇ ਪਿੰਡ ਲਿਆਂਦੇ ਗਏ ;

(ਅ) ਜ਼ਿਲ੍ਹਾ ਵਾਰ ਕਿੰਨੇ ਪਿੰਡਾਂ ਵਿਚ ਉਕਤ ਸਕੀਮ ਪੂਰੀ ਤਰ੍ਹਾਂ ਲਾਗੂ ਕੀਤੀ ਗਈ;

(ੲ) ਉਪਰੋਕਤ ਭਾਗ (ੳ) ਵਿੱਚ ਦੱਸੇ ਗਏ ਜ਼ਿਲ੍ਹਾ-ਵਾਰ ਪਿੰਡਾਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਵਿਚ ਉਕਤ ਸਕੀਮ ਹੁਣ ਤਕ ਪੂਰੀ ਤਰ੍ਹਾਂ ਲਾਗੂ ਨਹੀਂ ਕੀਤੀ ਗਈ ?

**ਸਰਦਾਰ ਆਤਮਾ ਸਿੰਘ** : (ੳ) ਹਾਂ ਜੀ। ਆਦਰਸ਼ ਗਰਾਮ ਸਕੀਮ ਅਧੀਨ ਲਿਆਂਦੇ ਪਿੰਡਾਂ ਦੀ ਗਿਣਤੀ ਦੀ ਜ਼ਿਲ੍ਹਾ-ਵਾਰ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ਅ) ਅਤੇ (ੲ)ਉਕਤ ਸਕੀਮ ਜਿੰਨੇ ਪਿੰਡਾਂ ਵਿਚ ਪੂਰੀ ਤਰ੍ਹਾਂ ਲਾਗੂ ਕੀਤੀ ਗਈ, ਦੀ ਜ਼ਿਲ੍ਹਾ-ਵਾਰ ਸੂਚੀ ਅਤੇ ਜ਼ਿਲ੍ਹਾ-ਵਾਰ ਪਿੰਡਾਂ ਦੇ ਨਾਂ ਦੀ ਸੂਚੀ, ਜਿਨ੍ਹਾਂ ਵਿਚ ਇਹ ਸਕੀਮ ਪੂਰੀ ਤਰ੍ਹਾਂ ਲਾਗੂ ਨਹੀ ਕੀਤੀ ਗਈ, ਸਦਨ ਦੀ ਮੇਜ਼ ਤੇ ਰੱਖੀਆਂ ਜਾਂਦੀਆਂ ਹਨ ।

Original with;
Punjab Vidhan Sabha
Digitized by;
Panjab Digital Library

## ਸੂਚੀ (ੳ)

### ਆਦਰਸ਼ ਗਰਾਮ ਸਕੀਮ ਅਧੀਨ ਲਿਆਂਦੇ ਪਿੰਡਾਂ ਦੀ ਗਿਣਤੀ

| ਲੜੀ ਨੰ: | ਜ਼ਿਲ੍ਹੇ ਦਾ ਨਾਂ | ਮਾਡਲ ਪਿੰਡਾਂ ਦੀ ਗਿਣਤੀ |
|---|---|---|
| 1, | ਅੰਮ੍ਰਿਤਸਰ | .. 112 |
| 2. | ਹੁਸ਼ਿਆਰਪੁਰ | .. 105 |
| 3. | ਗੁਰਦਾਸਪੁਰ | .. 95 |
| 4. | ਰੋਪੜ | .. 50 |
| 5. | ਪਟਿਆਲਾ | .. 70 |
| 6. | ਬਠਿੰਡਾ | .. 66 |
| 7. | ਕਪੂਰਥਲਾ | .. 32 |
| 8. | ਫਿਰੋਜ਼ਪੁਰ | .. 78 |
| 9. | ਫਰੀਦਕੋਟ | .. 88 |
| 10. | ਸੰਗਰੂਰ | .. 73 |
| 11. | ਜਲੰਧਰ | .. 116 |
| 12. | ਲੁਧਿਆਣਾ | .. 91 |

## ਸੂਚੀ (ਅ)

### ਜਿਥੇ ਇਹ ਸਕੀਮ ਪੂਰੀ ਤਰ੍ਹਾਂ ਲਾਗੂ ਹੋਈ ਹੈ, ਉਨ੍ਹਾਂ ਪਿੰਡਾਂ ਦੀ ਜ਼ਿਲ੍ਹਾ-ਵਾਰ ਗਿਣਤੀ

| ਲੜੀ ਨੰ: | ਜ਼ਿਲ੍ਹੇ ਦਾ ਨਾਂ | ਮਾਡਲ ਪਿੰਡਾਂ ਦੀ ਗਿਣਤੀ |
|---|---|---|
| 1. | ਅੰਮ੍ਰਿਤਸਰ | .. 40 |
| 2. | ਹੁਸ਼ਿਆਰਪੁਰ | .. 12 |
| 3. | ਗੁਰਦਾਸਪੁਰ | .. 38 |
| 4. | ਰੋਪੜ | .. 27 |

Original with;
Punjab Vidhan Sabha
Digitized by;
Panjab Digital Library

[ਵਿਕਾਸ ਅਤੇ ਪੰਚਾਇਤ ਮੰਤਰੀ]

| ਲੜੀ ਨੰ: | ਜ਼ਿਲ੍ਹੇ ਦਾ ਨਾਂ | | ਮਾਡਲ ਪਿੰਡਾਂ ਦੀ ਗਿਣਤੀ |
|---|---|---|---|
| 5. | ਪਟਿਆਲਾ | .. | 38 |
| 6. | ਬਠਿੰਡਾ | .. | 63 |
| 7. | ਕਪੂਰਥਲਾ | .. | 13 |
| 8. | ਫਿਰੋਜ਼ਪੁਰ | .. | 50 |
| 9. | ਫਰੀਦਕੋਟ | .. | 65 |
| 10. | ਸੰਗਰੂਰ | .. | 72 |
| 11. | ਜਲੰਧਰ | .. | 112 |
| 12. | ਲੁਧਿਆਣਾ | .. | 91 |

## ਸੂਚੀ (ੲ)

ਜਿਥੇ ਇਹ ਸਕੀਮ ਪੂਰੀ ਤਰ੍ਹਾਂ ਲਾਗੂ ਨਹੀਂ ਹੋਈ ਉਨ੍ਹਾਂ ਪਿੰਡਾਂ ਦੇ ਜ਼ਿਲ੍ਹਾ-ਵਾਰ ਨਾਂ

**ਅੰਮ੍ਰਿਤਸਰ**

1. ਬੁਢਾ ਥਹਿ
2. ਝੀਟਾ ਖੁਰਦ
3. ਵੇਰਕਾ
4. ਕੋਟ ਖਾਲਸਾ
5. ਮਾਲੋ ਨੰਗਲ
6. ਚਕ ਮਿਸਰੀ ਖਾਂ
7. ਪੰਡੋਰੀ ਰਾਮ ਸਿੰਘ
8. ਮੋਹਨਪੁਰ
9. ਤੂਤ
10. ਪੜਵਾਲਾ
11. ਜਲਾਲਪੁਰ
12. ਭਖੜਪੁਰਾ
13. ਲਿਦੜ
14. ਗਾਗਰ ਭਾਨ
15. ਜੇਠੂ ਵਾਲ
16. ਹੀਰ
17. ਥਾੜੇ
18. ਧਾਰੀਵਾਲ
19. ਲਸ਼ਕਰੀ ਨੰਗਲ
20. ਜਸਰੂਰ
21. ਕਸੇਲ
22. ਘਸੀਟ ਪੁਰ
23. ਭਿੰਡੀਆਂ
24. ਬਿਧਵਾਂ
25. ਬਰਾੜ
26. ਕਮਸਕੇ
27. ਭੁਜੀਆਂ
28. ਫਤਿਹਵਾਦ
29. ਪਾਖਰ ਪੁਰਾ
30. ਕੈਰੋਂ
31. ਲਾਲਪੁਰਾ
32. ਰਾਜੋਕੇ
33. ਬਰਨਾਲਾ
34. ਭਾਟੇ ਭੈਣੀ
35. ਬਾਸਰਕੇ
36. ਭਾਗਵਾਂ
37. ਫਤਿਹ ਗੜ੍ਹ ਸੁਕਰ ਚੱਕ
38. ਲੋਹਾਰ ਕਾ ਖੁਰਦ

Original with;
Punjab Vidhan Sabha
Digitized by;
Panjab Digital Library

39. ਚਕ ਸਿੰਕਦਰ
40. ਆਵਾਂ
41. ਕਾਡਗਿਲ
42. ਪੰਡੋਰੀ ਰਹਿਮਾਨ
43. ਹਕਾ
44. ਕਿਰਤੋਵਾਲ
45. ਮੁਗਲਵਾਲ
46. ਬੇਗੋਵਾਲ
47. ਰੂਪੋਵਾਲੀ
48. ਜਲਾਲ ਉਸਮਾਨ
49. ਬਾਲ ਸਰਾਏ
50. ਵਲਾ
51. ਵਿਰਲਾ
52. ਅਜਨਾਲਾ
53. ਬਲੜਵਾਲ
54. ਰਾਜਾ ਸਾਂਸੀ
55. ਹਰਸਾਛੀਨਾ ਉਚਾ ਕਿਲਾ
56. ਸੋਹਲ
57. ਤਖਤ ਉਚੇਕਾ
58. ਭੈਣੀ
59. ਗੋਇੰਦ ਵਾਲ
60. ਬਸਰ ਵਾਲ
61. ਰਾਣੀਆਂ
62. ਮੂਸੇ
63. ਮਰਹਾਣਾ
64. ਚੌਹਲਾ ਸਾਹਿਬ
65. ਨੌਸ਼ਹਿਰਾ ਪੰਨੂਆ
66. ਚੰਦੇੜ
67. ਜੰਡ
68. ਦੁਗਲੀ
69. ਘੜਿਆਲਾ
70. ਪੌਹ ਵਿੰਡ
71. ਨਾਰਲੀ
72. ਮੁਗਾ

---

## ਹੁਸ਼ਿਆਰਪੁਰ

1. ਨੂਰ ਪੁਰ
2. ਮੁਰਾਦਪੁਰ ਨਰਿਆਲ
3. ਪਥਿਆਲ
4. ਕੋਟ ਨੌਧ ਸਿੰਘ
5. ਸਾਹਰੀ
6. ਡੱਫਰ
7. ਅੰਬਾਲਾ ਜਟਾਂ
8. ਮੰਗਲ ਕਲਾਂ
9. ਹਾਜੀਪੁਰ
10. ਅਕਾਲਗੜ੍ਹ
11. ਮਰਾੜਾ ਢਿੰਗਰੀਆਂ
12. ਧਮਾਈ ਕਲਾਂ
13. ਰਖੜਾ ਢਾਬੇ
14. ਬੁਧੂ ਵਰਕਤ
15. ਆਲਮਪੂਰ
16. ਹਮਜਾ
17. ਰਾੜਾ
18. ਬੇਬ ਚੂਹੜ
19. ਹਰਸਾ ਕਲੋਟਾ
20. ਈਹਾਂ
21. ਸੜੋਆ
22. ਚੰਡਿਆਣੀ ਖੁਰਦ
23. ਰਾਮ ਪੁਰ ਬਿਲਰਾਂ
24. ਸਤੌਰ
25. ਬਡਲਾ
26. ਰਾਮਦਾਸ ਪੁਰ
27. ਜਲੋ ਵਾਲ
28. ਜਨੌੜੀ
29. ਮੁਗੋਵਾਲ
30. ਮੋਰਾਂਵਾਲੀ
31. ਰਾਜੂ ਮਾਜਰਾ
32. ਗੌਂ
33. ਦਾਦੇ ਪੁਰ ਗਰਾਉਂ
34. ਪਤੋਵਾਲ
35. ਅਹਾਰ ਹਾਜੀ ਖਾਨ ਪੁਰ
36. ਅਹਿਰਾਨਾ

Original with;
Punjab Vidhan Sabha
Digitized by;
Panjab Digital Library

[ਵਿਕਾਸ ਅਤੇ ਪੰਚਾਇਤ ਮੰਤਰੀ]

37. ਤੂਤ ਕਲਾਂ
38. ਮੇਹਗਰ ਵਾਲ
39. ਲਗਾੜੀ
40. ਮਗੋਵਾਲ
41. ਨੰਗਲ ਖੁਰਦ
42. ਬਹਿਬਲ ਪੁਰ
43. ਢਡਾ ਕਲਾਂ
44. ਪਡਰਾਂ
45. ਹਿਮਤਪੁਰ
46. ਝੰਡੇਰ
47. ਗੰਬੋ ਵਾਲ
48. ਜਲਾਪੁਰ
49. ਬੜਲਾ ਕਲੋਟਾ
50. ਘਗਿਆਲ
51. ਜੰਡਵਾਲ
52. ਟਾਂਡਾ ਰਾਮ ਸਹਾਏ
53. ਨੈਨਵਾਂ
54. ਰੂੜ ਮਾਜਰਾ
55. ਸੂਸ
56. ਢਾਂਡਾ
57. ਖਗੜੀਆਂ
58. ਹੁਸੈਨ ਪੁਰ
59. ਗੌਦ ਪੁਰ
60. ਅਰਗੋਵਾਲ
61. ਪੰਜੌਰਾ
62. ਜਾਡਲੀ
63. ਕੁਲ ਗੜ੍ਹ
64. ਵਿਛੌਰੀ
65. ਸਾਹਿਬਾ
66. ਝੁੰਗੇਰ ਕਲਾਂ
67. ਪੰਡੋਰੀ
68. ਗਿਲਝੀਆਂ
69. ਤਲਵੰਡੀ ਸੁਲੇਮ
70. ਗਿਲਾਂ
71. ਗਾਰਮ
72. ਸਰਹਾਲਾ ਖੁਰਦ
73. ਜੁਗਿਆਲ
74. ਹਰਸਾ ਮੰਸਰ
75. ਬਬੇਵਾਲ
76. ਕੁਨੈਲ
77. ਜਟ ਪੁਰ
78. ਭੁੰਗਾਲਾ
79. ਸਹੰਗੜਾ
80. ਨ.ਬਲਾਚੌਰ
81. ਬੋਦਲ
82. ਕੰਦਾਲਾ ਜਟਾਂ
83. ਕੁਰਾਲਾ
84. ਸ਼ਾਹਬਾਜ਼ ਪੁਰ
85. ਧਾਰੀਵਾਲ
86. ਭੰਬੋੜ
87. ਦੇਹਪੁਰ
88. ਭੰਬੋਤਰ
89. ਨੌਸ਼ਹਿਰਾ
90. ਗੜ੍ਹੀ ਮੰਸੋਵਾਲ
91. ਸੀਣਾ
92. ਮਥਾਲਾ
93. ਅਜੜਾਮ

## ਗੁਰਦਾਸਪੁਰ

1. ਜੰਗਲਾ
2. ਤੁਗਲ ਵਾਲਾ
3. ਨੁਸ਼ਿਹਰਾ ਮਾਝਾ ਸਿੰਘ
4. ਤਲਵੰਡੀ ਝੁੰਗਲ
5. ਨਰੋਟ ਮੇਹਰਾ
6. ਥਰਿਆਲ
7. ਨੈਨ ਕੋਟ
8. ਨਰੋਚੌਵਾਲ
9. ਭੈਣੀ ਮੀਆਂ ਖਾਂ
10. ਕੋਟਲੀ ਹਰਚੰਦਾ

Original with;
Punjab Vidhan Sabha
Digitized by;
Panjab Digital Library

11. ਕਾਹਨੂੰਵਾ
12. ਭੋਰ ਕੇ
13. ਪਾੜਾ
14. ਪਾਸਾਂ ਵਾਲਾ
15. ਬਮਿਆਲ
16. ਮਨੋਹਰਪੁਰ
17. ਰਿਫੀਉਜੀ ਕੈਂਪ ਬਟਾਲਾ
18. ਚਤੌੜ ਗੜ੍ਹ
19. ਵੜੈਚ
20. ਜਫੱਰਵਾਲਾ
21. ਡੱਲਾ
22. ਮਥਲੌਰ
23. ਅਜੀਮਪੁਰ ਖੰਡਵਾਂ
24. ਬਸਰਾਏ
25. ਕੋਟ ਟੌਡਰਮਲ
26. ਬੁੱਟਰ ਕਲਾਂ
27. ਖਾਨ ਮਲੋਕੇ
28. ਭੇਰੀਆਂ ਸੈਣੀਆਂ
29. ਭਟੀਆਂ
30. ਬਰਿਆੜ
31. ਧਾਰੀਵਾਲ ਕਲਾਂ
32. ਕਿਲਾ ਨਾਥ ਸਿੰਘ
33. ਸੁੰਦਰ ਚਕਮਹਿਤਾ
34. ਕੋਹਾਲੀ
35. ਪੇਰੋਵਾਲ
36. ਬਸੰਤ ਕੋਟ
37. ਦਹਗਾਬਾਦ
38. ਥਾਰੇਵਾਲੀ
39. ਗੋਗੋਵਾਲੀ
40. ਪਨਵਾਂ
41. ਪਾਕੀਵਾਂ
42. ਸੁਕਾਲਾ
43. ਭਾਮ
44. ਘੇਟ ਭੋਖਰ
45. ਭੈਣੀ ਪਾਸਵਾਂ
46. ਧਾਪੇ
47. ਸਿਖਾਰ ਮਛਿਆਰ
48. ਊਧੋਵਾਲੀ
49. ਘੁੰਮਾ ਕਲਾਂ
50. ਅਗਵਾਂ
51. ਮੋਖਲ
52. ਮਥਾਲਾ
53. ਭਾਂਬਰੀ
54. ਜਗਵਾਲ ਭੇਟ
55. ਭਰਤ
56. ਕੌਤੇਰਪੁਰ
57. ਬਡਾਲਾ ਗਰੰਥੀਆਂ

### ਰੋਪੜ

1. ਮਹਿਰੋਲੀ
2. ਸੋਤਲ
3. ਪੰਜੌਰੀ
4. ਖੁਲਰ
5. ਬੇਲਾ ਰਾਮਗੜ੍ਹ
6. ਟਿਬਾ ਨੰਗਲ
7. ਨੂਰਪੁਰਬੇਦੀ
8. ਮਲਾ ਪੁਰ
9. ਸੁਖਲ
10. ਭੁਜੇੜੀ ਸਕਰੁਲਾ ਪੁਰ
11. ਚੜ੍ਹੀਆਂ
12. ਕੁਬਾਹੇੜੀ
13. ਕੁਲਗਰਾਂ
14. ਰਤਨ ਗੜ੍ਹ
15. ਬੀਮਾਰਾ
16. ਭਾਲੜੀ
17. ਨਿਕੋਵਾਲ
18. ਆਬਿਆਨਾ
19. ਕਰਤਾਰ ਪੁਰ
20. ਚੁਨੀ ਕਲਾਂ
21. ਚੁਨੀ ਖੁਰਦ
22. ਡੋਡੀਤਰ ਵੇਦੀ
23. ਖੋਖਰਾਂ

Original with;
Punjab Vidhan Sabha
Digitized by;
Panjab Digital Library

[ਵਿਕਾਸ ਅਤੇ ਪੰਚਾਇਤ ਮੰਤਰੀ]

### ਪਟਿਆਲਾ

1. ਮਹਦੀਆਂ
2. ਤਲਾਣੀਆਂ
3. ਸ਼ਾਮ ਪੁਰ
4. ਬਰਾਸ
5. ਲੌਟ
6. ਕਕਰਾਲਾ
7. ਗਲਵਤੀ
8. ਬਿਸ਼ਨ ਗੜ੍ਹ
9. ਦਦੋਆਣਾ
10. ਘੜੂਆਂ
11. ਸਾਦੋ ਮਾਜਰਾ
12. ਲੋਹਾਰੀ ਕਲਾਂ
13. ਰਾਮਗੜ੍ਹ
14. ਢੀਂਗਰੀ
15. ਧਾਰੀ ਵਾਲ
16. ਬਾਬਰ ਪੁਰ
17. ਟੀਵਾਨਾ
18. ਜੁਲਕਾ
19. ਸ਼ਾਮਪੁਰ
20. ਪਾਹਮ
21. ਭਾਰੀ ਬਚਰਹਾਂ
22. ਪਬਰੀ
23. ਸਿਘਾ ਪੁਰ
24. ਖੇਰੀ ਜਟਾਂ
25. ਪੰਜੋਲਾ
26. ਮੈਂਹ
27. ਉਚੀ ਬੁਰਜੀ
28. ਧਮੋੜੀਆਂ
29. ਭੌਗਲਾਂ
30. ਹੈਡਸਰਾਂ
31. ਮੁਕੰਦਪੁਰ
32. ਗੁਰੂਨਾਨਕ ਪੁਰਾ

### ਬਠਿੰਡਾ

1. ਤਲਵੰਡੀ ਸਾਬੋ
2. ਬੁਰਜ ਮਾਨਸਾ
3. ਮਹਿਮਾ ਭਗਵੰਨਾ

### ਕਪੂਰਥਲਾ

1. ਪੰਡੋਰੀ
2. ਮਾਧੋਪੁਰ
3. ਬਸੀ ਧਰਮਕੋਟ
4. ਸਿਧਵਾਂ ਬੋਨਾ
5. ਕਾਲਾ ਸਾਗੀਆਂ
6. ਕਰਨੈਲ ਗੰਜ
7. ਨੰਗਲ ਲਬਾਨਾ
8. ਲਲਤੀਆਂ ਵਾਲਾ
9. ਮਹੇੜੂ
10. ਧਾਲੀ ਵਾਲਾ ਬੇਟ
11. ਚਾਚੋਕੀ
12. ਹਰਦਾਸਪੁਰ
13. ਜਗਪਾਲਪੁਰ
14. ਖੀਰਾਂ ਵਾਲੀ
15. ਸੈਫਾ ਬਾਦ
16. ਖਾਸਾਂ
17. ਕਮਲਪੁਰ
18. ਜਬੋਵਾਲ
19. ਨਡਾਲਾ

### ਫਿਰੋਜ਼ਪੁਰ

1. ਟਾਹਲੀਆਂ ਵਾਲਾ ਜੱਟਾਂ
2. ਕਤਬਪੁਰਾ
3. ਨੂਰਪੁਰ
4. ਮਾਛੀ ਬੁਗੜਾ

Original with;
Punjab Vidhan Sabha
Digitized by;
Panjab Digital Library

5. ਪੱਕਾ ਕਲਵਾਂਲਾ
6. ਨਾਕੇਰੀਆਂ
7. ਸਾਰਿਮਵਲੀ ਬਰਾਰ
8. ਰਾਨੇ
9. ਖੁਰਾਜ
10. ਵਾਰਾਪੇ ਵਿੰਦੀਆਂ
11. ਜੰਗ
12. ਕਿਰਨ ਵਾਲਾ
13. ਭਾਘਾਕੇ ਉਤਰ
14. ਝੋਕ ਟੇਬਲ ਸਿੰਘ ਵਾਲਾ
15. ਪਾਜੋਕੇ
16. ਕੌਰੀਆਂ ਵਾਲਾ
17. ਇਸਲਾਮ ਵਾਲਾ
18. ਧਾਬੋਵਾਲਾ ਕਲਾਂ
19. ਹਿਰਨਵਾਲਾ
20. ਜਵਾਹਰ ਵਾਲਾ
21. ਕਿਰਨ ਪਹਿਲਵਾਲ
22. ਲਾਲੇ
23. ਕਮਲ ਵਾਲਾ
24. ਮੁਰਧਵਾਲਾ ਦਲ ਸਿੰਘ
25. ਜੰਡਵਾਲਾ
26. ਸਬਕੁਦੀਨ
27. ਚੁਗਤੇਵਾਲਾ
28. ਜੋਧਭੈਣੀ ਦਿਖਤੀਫਾਤੀ ਵਾਲਾ

### ਫਰੀਦਕੋਟ

1. ਗੌਰੀ ਸੰਗਰ
2. ਸੋਬਾ
3. ਖਿੜਕੀਆਂ ਵਾਲਾ
4. ਚੱਕ ਗਿਲਜੇਵਾਲਾ
5. ਛਤੀਆਨਾ
6. ਦਿਓ ਖੇੜਾ
7. ਮੋਹੀ ਖੇਰਾ
8. ਪੱਕੀ ਟਿੱਬੀ
9. ਕਰਮ ਪੱਟੀ
10. ਬਾਵਲ ਖੁਰਦ
11. ਖੇੜਾ
12. ਮੇਹਰਾਜਵਾਲਾ
13. ਬਸਤੀ ਸਧਵਾਨ
14. ਲੁਧੇਵਾਲਾ
15. ਸੁਖਨਾ ਅਬਲੂ
16. ਬਾਦੀਆਂ
17. ਅਬਲ ਖੁਰਾਨਾ
18. ਫਤੇਪੁਰ ਮੇਵਾਲਾ
19. ਫਤੂਹੀ ਵਾਲਾ
20. ਮਿੱਢਾ
21. ਚੱਕ ਦੂਹੇਵਾਲਾ
22. ਬਰਗਾਰੀ
23. ਖਾਨੇ ਦੀ ਨਾਬ

### ਸੰਗਰੂਰ

1. ਜਲਾਲਦੀ ਵਾਲ

### ਜਲੰਧਰ

1. ਉਸਮਾਨ ਪੁਰ
2. ਮੂਸਪੁਰ
3. ਸੋਨਾ
4. ਭੀਨ

**ਸ੍ਰੀ ਮਦਨ ਮੋਹਨ ਮਿੱਤਲ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ 1969 ਵਿਚ ਇਹ ਸਕੀਮ ਲਾਗੂ ਹੋਈ ਸੀ, ਇਨ੍ਹਾਂ ਪਿੰਡਾਂ ਵਾਸਤੇ ਮਾਡਲ ਸਕੀਮ ਬਣਾਈ ਗਈ ਸੀ। ਜੋ ਪਿੰਡ ਰੋਪੜ ਵਿਚ (ਅ) ਸਕੀਮ ਵਿਚ ਦਸੇ ਗਏ ਹਨ, ਉਸ ਲਿਸਟ ਅਨੁਸਾਰ 27 ਪਿੰਡ ਹਾਲੇ ਮਾਡਲ ਪਿੰਡ ਬਣਨੇ ਰਹਿੰਦੇ ਹਨ। ਰੂਰਲ ਇੰਟੈਗਰੇਟਿਡ ਡਿਵੈਲਪਮੈਂਟ ਸਕੀਮ ਅਨੁਸਾਰ ਕੀ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਮਦਨ ਮੋਹਨ ਮਿੱਤਲ]

ਇਨ੍ਹਾਂ ਰਹਿੰਦੇ 27 ਪਿੰਡਾਂ ਜੋ ਕਿ ਰੋਪੜ ਜ਼ਿਲ੍ਹੇ ਵਿਚ ਹਨ ਇਨ੍ਹਾਂ ਵਿਚ ਵੀ ਉਸਾਰੀ ਦਾ ਕੋਈ ਕੰਮ ਕੀਤਾ ਜਾਏਗਾ ?

**ਮੰਤਰੀ** : ਇਸ ਸਾਲ 10 ਲੱਖ ਰੁਪਿਆ ਪ੍ਰੋਵਾਈਡ ਕੀਤਾ ਹੈ। ਜਿਉਂ ਜਿਉਂ ਰੁਪਏ ਦਾ ਪ੍ਰਬੰਧ ਹੁੰਦਾ ਜਾਏਗਾ ਤਿਉਂ ਤਿਉਂ ਅਸੀਂ ਪਿੰਡ ਕਵੱਰ ਕਰੀ ਜਾਵਾਂਗੇ।

**ਸਰਦਾਰ ਗੁਰਦਰਸ਼ਨ ਸਿੰਘ** : ਕੀ ਮਨਿਸਟਰ ਸਾਹਿਬ ਕ੍ਰਿਪਾ ਕਰਕੇ ਦੱਸਣ ਦੀ ਖੇਚਲਤਾ ਕਰਨਗੇ ਕਿ ਜੋ ਸਕੀਮ 1969 ਵਿਚ ਸ਼ੁਰੂ ਹੋਈ ਸੀ ਉਹ ਹਾਲੇ ਤਕ ਕੰਪਲੀਟ ਨਹੀਂ ਹੋਈ। ਹੁਣ ਇਹ ਕਹਿਣਗੇ ਕਿ ਕਾਂਗਰਸ ਸਰਕਾਰ ਨੇ ਨਹੀਂ ਕੀਤੀ ; ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਆਇਆ ਇਨ੍ਹਾਂ ਦੀ ਸਰਕਾਰ ਜਾਣ ਤੋਂ ਪਹਿਲਾਂ ਪਹਿਲਾਂ ਇਸ ਸਕੀਮ ਨੂੰ ਕੰਪਲੀਟ ਕਰ ਦੇਵੇਗੀ ?

**ਮੰਤਰੀ** : ਸਪੀਕਰ ਸਾਹਿਬ, ਪਹਿਲਾਂ ਬਾਦਲ ਸਾਹਿਬ ਨੇ ਇਹ ਸਕੀਮ ਚਾਲੂ ਕੀਤੀ। ਉਸ ਤੋਂ ਬਾਅਦ ਰਾਜ ਆ ਗਿਆ ਇਨ੍ਹਾਂ ਦਾ। ਇਨ੍ਹਾਂ ਨੇ ਉਸ ਨੂੰ ਠੱਪ ਕਰ ਦਿੱਤਾ। ਫਿਰ ਬਾਦਲ ਸਾਹਿਬ ਦੀ ਸਰਕਾਰ ਆ ਗਈ ਔਰ ਉਹ ਸਕੀਮ ਫਿਰ ਚਾਲੂ ਹੋ ਗਈ (ਵਿਘਨ) ਇਹ ਸਰਕਾਰ ਤਾਂ ਹਾਲੇ 1982 ਤਕ ਚਲਣੀ ਹੈ।

**ਸ਼੍ਰੀ ਮਦਨ ਮੋਹਨ ਮਿੱਤਲ** : ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ 1969 ਤੋਂ ਲੈ ਕੇ 1971 ਤਕ ਇਹ ਸਕੀਮ ਚਲਦੀ ਰਹੀ। 1971 ਤੋਂ ਬਾਅਦ ਗਿਆਨੀ ਜੀ ਦੀ ਸਰਕਾਰ ਆਈ। 1971 ਤੋਂ ਲੈ ਕੇ 1977 ਤਕ ਇਨ੍ਹਾਂ ਪਿੰਡਾਂ ਵਿਚ ਕੋਈ ਪੈਸਾ ਖਰਚ ਹੋਇਆ ਜਾਂ ਨਹੀਂ ?

**ਮੰਤਰੀ** : 1974-75 ਵਿਚ ਕੋਈ ਰੁਪਿਆ ਪ੍ਰੋਵਾਈਡ ਨਹੀਂ ਕੀਤਾ ਗਿਆ।

**ਸਰਦਾਰ ਬੇਅੰਤ ਸਿੰਘ** : ਕੀ ਮਨਿਸਟਰ ਸਾਹਿਬ ਇਹ ਦੱਸਣ ਦੀ ਕਿਰਪਾਲਤਾ ਕਰਨਗੇ ਕਿ ਮਾਡਲ ਪਿੰਡ ਸਕੀਮ ਤਾਂ ਤਕਰੀਬਨ ਬੰਦ ਹੋ ਗਈ ਹੈ। ਹੁਣ ਇਨ੍ਹਾਂ ਨੇ ਰੂਰਲ ਡਿਵੈਲਪਮੈਂਟ ਸਕੀਮ ਚਲਾਈ ਹੈ। ਪਿਛਲੇ ਸਾਲ ਇਨ੍ਹਾਂ ਨੇ ਪੰਜ ਪੰਜ ਪਿੰਡ ਲਏ ਸੀ। ਉਨ੍ਹਾਂ ਪੰਜ ਪੰਜ ਪਿੰਡਾਂ ਦੀਆਂ ਗਲੀਆਂ ਔਰ ਨਾਲੀਆਂ ਪੱਕੀਆਂ ਕਰਨੀਆਂ ਸਨ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕੀ ਇਨ੍ਹਾਂ ਪਿੰਡਾਂ ਵਿਚ ਕੋਈ ਵੀ ਨਾਲੀ ਜਾਂ ਗਲੀ ਪੱਕੀ ਕੀਤੀ ਗਈ ਹੈ ?

**ਮੰਤਰੀ** : ਸਪੀਕਰ ਸਾਹਿਬ, ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਜਿਹੜੇ ਪਿੰਡ ਪਿਛਲੇ ਸਾਲ ਇਸ ਸਕੀਮ ਅਧੀਨ ਲਏ ਗਏ ਸਨ ਉਨ੍ਹਾਂ ਦੀਆਂ ਗਲੀਆਂ ਇਸ ਸਾਲ ਪੱਕੀਆਂ ਕਰਨੀਆਂ ਹਨ। ਸ਼ਰਤ ਇਹ ਲਗਾਈ ਗਈ ਹੈ ਕਿ ਪਿੰਡ ਦੇ ਲੋਕ ਗਲੀਆਂ ਵਿਚ ਮਿੱਟੀ ਆਪ ਪਾਉਣ ਔਰ ਫਿਰ ਜਿੰਨਾਂ ਉਸ ਤੇ ਖਰਚਾ ਆਉਣਾ ਹੈ ਉਸ ਦਾ ਚੌਥਾ ਹਿੱਸਾ ਉਥੇ ਦੇ ਲੋਕ ਪਾਉਣ ਔਰ ਬਾਕੀ ਦਾ ਖਰਚਾ ਸਰਕਾਰ ਕਰੇਗੀ।

**ਸਰਦਾਰ ਸਰੂਪ ਸਿੰਘ** : ਇਹ ਜਿਹੜੀ 1969 ਵਿਚ ਸਕੀਮ ਸ਼ੁਰੂ ਹੋਈ ਸੀ ਆਦਰਸ਼ ਗਰਾਮ ਸਕੀਮ, ਇਸ ਵਿਚੋਂ ਜਿਹੜੇ ਪਿੰਡ ਰਹਿੰਦੇ ਹਨ ਕਿੰਨੇ ਸਾਲਾਂ ਵਿਚ ਇਨ੍ਹਾਂ ਦਾ ਕੰਮ ਕੰਪਲੀਟ ਹੋ ਜਾਵੇਗਾ ? 1972 ਵਿਚ ਇੱਕ ਜੈਂਤੀ ਵਿਲੇਜ ਸਕੀਮ ਵੀ ਲਿਆਂਦੀ ਗਈ ਸੀ। ਜਿਹੜਾ ਕੰਮ ਇਸ ਸਕੀਮ ਅਨੁਸਾਰ ਅਧੂਰਾ ਰਹਿੰਦਾ ਹੈ, ਉਹ ਵੀ ਕਦੋਂ ਤਕ ਕੰਪਲੀਟ ਕਰ ਦਿੱਤਾ ਜਾਏਗਾ ?

**ਮੰਤਰੀ** : ਇਨ੍ਹਾਂ ਨੇ ਇੱਕ ਵਾਰੀ ਸਾਡੀ ਸਰਕਾਰ ਦੀ ਸਕੀਮ ਬਣਾਈ ਹੋਈ ਪਿਛੇ ਪਾ ਦਿੱਤੀ ਸੀ। ਪਰ ਸਾਡੀ ਸਰਕਾਰ ਦਾ ਤਾਂ ਉਹ ਹਿਸਾਬ ਹੈ ਜਿਵੇਂ ਕਿ "ਗੁਰੂ ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ"। ਸਾਡੀ ਸਰਕਾਰ ਵੇਲੇ ਤਾਂ ਕੋਈ ਵਿਤਕਰਾ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਰਣਜੀਤ ਸਿੰਘ** : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਾਰੇ ਪੰਜਾਬ ਵਿਚ ਇਹੋ ਜਿਹੇ ਪਿੰਡ ਅਧੂਰੇ ਕਿੰਨੇ ਰਹਿੰਦੇ ਹਨ ਅਤੇ ਇਨ੍ਹਾਂ ਤੇ ਕਿੰਨਾ ਖਰਚਾ ਹੋਏਗਾ?

**ਮੰਤਰੀ** : 379 ਪਿੰਡ ਬਾਕੀ ਰਹਿੰਦੇ ਹਨ।

**Mr. Speaker** : Question Hour is over. The remaining questions will be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਗਰਾਮ ਪੰਚਾਇਤ, ਮਰਗਿੰਦ ਪੁਰਾ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਦੇ ਲੇਖਿਆਂ ਦਾ ਆਡਿਟ ਕਰਨਾ

*813. **ਸਰਦਾਰ ਕਿਰਪਾਲ ਸਿੰਘ** : ਕੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਗਰਾਮ ਪੰਚਾਇਤ, ਮਰਗਿੰਦ ਪੁਰਾ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਦੇ 1 ਜੁਲਾਈ, 1972 ਤੋਂ 31 ਨਵੰਬਰ, 1977 ਤੱਕ ਦੇ ਸਮੇਂ ਨਾਲ ਸਬੰਧਤ ਲੇਖਿਆਂ ਦਾ ਆਡਿਟ ਕੀਤਾ ਗਿਆ ਸੀ ; ਜੇਕਰ ਅਜਿਹਾ ਹੋਵੇ ਤਾਂ ਕਦੋਂ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ ;

(ਅ) ਕੀ ਉਕਤ ਪੰਚਾਇਤ ਨੇ 1 ਜੁਲਾਈ, 1972 ਤੋਂ 30 ਜੂਨ, 1978 ਤੱਕ ਦੇ ਸਮੇਂ ਦੇ ਦੌਰਾਨ ਗਰਾਮ ਪੰਚਾਇਤ ਦੀ ਜਨਰਲ ਬਾਡੀ ਦੀ ਕੋਈ ਮੀਟਿੰਗ ਬੁਲਾਈ ਸੀ; ਜੇਕਰ ਅਜਿਹਾ ਹੋਵੇ ਤਾਂ ਕਿਸ ਤਰੀਕ ਨੂੰ ਬੁਲਾਈ ਅਤੇ ਮੀਟਿੰਗ ਵਿਚ ਕਿੰਨੇ ਮੈਂਬਰ ਹਾਜ਼ਰ ਹੋਏ ;

(ੲ) ਕੀ ਉਕਤ ਪੰਚਾਇਤ ਨੇ ਜਨਰਲ ਬਾਡੀ ਦੀਆ ਮੀਟਿੰਗਾਂ ਸਬੰਧੀ ਕਾਨੂੰਨ/ਨਿਯਮਾਂ ਦੀ ਪਾਲਣਾ ਕੀਤੀ ਜੇਕਰ ਨਹੀਂ ਤਾਂ ਗਰਾਮ ਪੰਚਾਇਤ ਦੇ ਵਿਰੁੱਧ ਕੀ ਕਾਰਵਾਈ ਕੀਤੀ ਗਈ ; ਜੇਕਰ ਕੋਈ ਕਾਰਵਾਈ ਨਹੀਂ ਕੀਤੀ ਗਈ ਤਾਂ ਇਸ ਦੇ ਕੀ ਕਾਰਨ ਹਨ ਅਤੇ ਇਸ ਅਣਗਹਿਲੀ ਲਈ ਜ਼ਿੰਮੇਵਾਰ ਅਫ਼ਸਰ ਦਾ ਨਾਂ ਕੀ ਹੈ ਅਤੇ ਉਸ ਵਿਰੁੱਧ ਕੀ ਕਾਰਵਾਈ ਕੀਤੇ ਜਾਣ ਦਾ ਵਿਚਾਰ ਹੈ ?

**ਸਰਦਾਰ ਆਤਮਾ ਸਿੰਘ** : (ੳ) ਨਹੀਂ ਜੀ। ਕਿਉਂ ਜੋ ਪੰਚਾਇਤ ਨੇ ਆਡਿਟ ਪਾਰਟੀ ਨੂੰ ਰਿਕਾਰਡ ਪੇਸ਼ ਨਹੀਂ ਕੀਤਾ। ਐਗਜ਼ਾਮੀਨਰ, ਲੋਕਲ ਫੰਡ ਲੇਖਾ, ਪੰਜਾਬ ਵੱਲੋਂ ਮਿਤੀ 16 ਦਸੰਬਰ, 1974, 4 ਫਰਵਰੀ, 1976, 2 ਅਪ੍ਰੈਲ, 1976 ਅਤੇ 19 ਅਗੱਸਤ 1976 ਨੂੰ ਪੰਚਾਇਤ ਦਾ ਰਿਕਾਰਡ ਪੇਸ਼ ਕਰਾਉਣ ਲਈ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ, ਭਿਖੀਵਿੰਡ ਨੂੰ ਕਿਹਾ ਗਿਆ ਪਰ ਪੰਚਾਇਤ ਨੇ ਫਿਰ ਰਿਕਾਰਡ ਪੇਸ਼ ਨਹੀਂ ਕੀਤਾ।

(ਅ) ਤੇ (ੲ) ਕਿਉਂ ਜੋ ਪੰਚਾਇਤ ਦਾ ਰਿਕਾਰਡ ਸਰਪੰਚ ਵਿਰੁੱਧ ਆਈ. ਪੀ. ਸੀ. ਦੀ ਧਾਰਾ 409 ਅਧੀਨ ਦਾਇਰ ਕੀਤੀ ਐਫ. ਆਈ. ਆਰ ਨੰ. 261, ਮਿਤੀ 15 ਦਸੰਬਰ, 1977 ਦੇ ਸਬੰਧ ਵਿਚ ਹੁਣ ਜਸੂਸ ਸਟਾਫ, ਪੁਲਿਸ ਤਰਨਤਾਰਨ ਦੇ ਪਾਸ ਹੈ ਇਸ ਲਈ ਗਰਾਮ ਪੰਚਾਇਤ ਵੱਲੋਂ ਜਨਰਲ ਬਾਡੀ ਦੀਆਂ ਮੀਟਿੰਗਾਂ ਸਬੰਧੀ ਸੂਚਨਾ ਉਪਲਬੱਧ ਨਹੀਂ ਹੋ ਸਕੀ ਹੈ।

---

Original with;
Punjab Vidhan Sabha
Digitized by;
Panjab Digital Library

## Brick soling of roads in District Ludhiana

*771. **Sardar Beant Singh** : Will the Minister for Public Works be pleased to state whether the brick soling of the following roads in district Ludhiana was done and whether these roads have been consolidated and tarred, if not, the reasons therefor :—

(i) Dhamot Khurd to Ghudani Kalan

(ii) Taunsa Road to Ishanpur near Khanna

(iii) Chamon to Daulatpur

(iv) Malaud to Saharan Majra

**ਸਰਦਾਰ ਰਣਧੀਰ ਸਿੰਘ ਚੀਮਾ** : ਜੀ ਹਾਂ, ਇਨ੍ਹਾਂ ਸੜਕਾਂ ਤੇ ਬਰਿੱਕ ਸੋਲਿੰਗ ਦਾ ਕੰਮ ਹੋ ਚੁੱਕਾ ਹੈ ਪਰ ਕਨਸਾਲੀਡੇਸ਼ਨ ਅਤੇ ਟਾਰਿੰਗ ਦਾ ਕੰਮ ਅਜੇ ਇਸ ਲਈ ਨਹੀਂ ਕੀਤਾ ਜਾ ਸਕਿਆ ਕਿਉਂਕਿ ਨੰ (I ਅਤੇ III) ਵਾਲੀਆਂ ਸੜਕਾਂ ਦੀ ਉਸਾਰੀ ਲਈ ਮੰਡੀ ਬੋਰਡ ਵੱਲੋਂ ਧੰਨ ਪ੍ਰਾਪਤ ਨਹੀਂ ਹੋਇਆ। ਨੰ. (II) ਵਾਲੀ ਸੜਕ ਲਈ ਦੁਬਾਰਾ ਟੈਂਡਰ ਮੰਗੇ ਜਾ ਰਹੇ ਹਨ ਅਤੇ ਨੰ. (IV) ਵਾਲੀ ਸੜਕ ਤੇ ਪੱਥਰ ਦੀ ਸਪਲਾਈ ਦਾ ਕੰਮ ਪ੍ਰਗਤੀ ਅਧੀਨ ਹੈ।

---

## ਸਿਵਲ ਹਸਪਤਾਲ, ਸੰਗਰੂਰ ਦੀ ਇਮਾਰਤ ਨੂੰ ਵਧਾਉਣ ਦਾ ਕੰਮ

*776. **ਸਰਦਾਰ ਗੁਰਦਿਆਲ ਸਿੰਘ** : ਕੀ ਲੋਕ ਕਾਰਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਿਵਲ ਹਸਪਤਾਲ, ਸੰਗਰੂਰ ਦੀ ਇਮਾਰਤ ਵਧਾਉਣ ਦਾ ਕੰਮ ਕਿਸ ਤਰੀਕ ਨੂੰ ਸ਼ੁਰੂ ਕੀਤਾ ਗਿਆ ਅਤੇ ਇਸ ਦੇ ਕਿਸ ਸਮੇਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ਅਤੇ ਕਿੰਨਾਂ ਕਾਰਨਾਂ ਕਰਕੇ ਕੰਮ ਕੁੱਝ ਸਮੇਂ ਲਈ ਰੋਕ ਦਿੱਤਾ ਗਿਆ ਹੈ ?

**ਸਰਦਾਰ ਰਣਧੀਰ ਸਿੰਘ ਚੀਮਾ** : ਸਿਵਲ ਹਸਪਤਾਲ, ਸੰਗਰੂਰ ਦੀ ਇਮਾਰਤ ਨੂੰ ਵਧਾਉਣ ਦਾ ਕੰਮ ਮਿਤੀ 28 ਮਾਰਚ, 1974 ਨੂੰ ਸ਼ੁਰੂ ਕੀਤਾ ਗਿਆ ਸੀ ਅਤੇ ਇਸ ਕੰਮ ਦੇ ਮਿਤੀ 31 ਮਾਰਚ, 1979 ਤਕ ਮੁਕੰਮਲ ਹੋ ਜਾਣ ਦੀ ਆਸ ਹੈ। ਠੇਕੇਦਾਰ ਵੱਲੋਂ ਇਹ ਕੰਮ ਸਮੇਂ ਸਿਰ ਪੂਰਾ ਨਾ ਕਰਨ ਕਾਰਨ ਉਸ ਤੇ 10 ਪ੍ਰਤੀਸ਼ਤ ਪਨੈਲਟੀ ਲਗਾ ਦਿੱਤੀ ਗਈ ਸੀ ਜਿਸ ਵਿਰੁੱਧ ਉਸ ਨੇ ਸੀਨੀਅਰ ਸਬ ਜੱਜ ਸੰਗਰੂਰ ਦੀ ਅਦਾਲਤ ਵਿਚ 9 ਮਈ, 1977 ਨੂੰ ਕੇਸ ਦਰਜ ਕਰਵਾ ਦਿੱਤਾ ਅਤੇ ਅਦਾਲਤ ਨੇ ਆਰਜ਼ੀ ਬੰਦੀ ਦਾ ਹੁਕਮ ਦੇ ਦਿਤਾ ਜਿਹੜਾ ਕਿ ਹਾਈ ਕੋਰਟ ਰਾਹੀਂ 8 ਫਰਵਰੀ, 1978 ਨੂੰ ਵਾਕੇਟ ਕਰਵਾਇਆ ਗਿਆ।

---

## Lift Irrigation Scheme for the Kandi Area in Tehsil Balachaur

*731. **Shri Ram Kishan Kataria** : Will the Chief Minister be pleased to state whether there is any proposal under the consideration of the Government to start a lift Irrigation scheme in the Kandi Area of Balachaur Tehsil, if so, the time by which it is likely to materialise ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਨਹੀਂ ਜੀ ।

---

Original with;
Punjab Vidhan Sabha
Digitized by;
Panjab Digital Library

## STARRED QUESTION NO. 830

**Mr. Speaker**: Extension has been asked for in respect of Starred Question No. 830.

ਅ.ਸ.ਪ. ਨੰ. ਡੀਪੀਜੀ-3-78/ਸ.ਸ਼ਲ/1

ਆਤਮਾ ਸਿੰਘ

ਮੰਤਰੀ,
ਵਿਕਾਸ ਅਤੇ ਲੋਕ ਸੰਪਰਕ ਵਿਭਾਗ, ਪੰਜਾਬ,
ਚੰਡੀਗੜ੍ਹ ।

ਚੰਡੀਗੜ੍ਹ, ਮਿਤੀ 13 ਸਤੰਬਰ, 1978 ।

**ਵਿਸ਼ਾ** : ਸਟਾਰਡ ਵਿਧਾਨ ਸਭਾ ਸਵਾਲ ਨੰ : 830

ਪਿਆਰੇ

ਪੰਜਾਬ ਵਿਧਾਨ ਸਭਾ ਤਾਰਾ ਅੰਕਤ ਸਵਾਲ ਨੰ : 830 ਜੋ ਕਿ ਮਿਤੀ 13 ਸਤੰਬਰ, 1978 ਲਈ ਸਵਾਲਾਂ ਦੀ ਸੂਚੀ ਵਿਚ ਸ: ਕਿਰਪਾਲ ਸਿੰਘ, ਐਮ.ਐਲ.ਏ., ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ । ਲੋੜੀਂਦੀ ਸੂਚਨਾ ਸਬੰਧਤ ਅਧਿਕਾਰੀਆਂ ਪਾਸੋਂ ਇਕੱਤਰ ਕੀਤੀ ਜਾ ਜਾ ਰਹੀ ਹੈ, ਜਿਸ ਦੇ ਪੂਰੇ ਹੋਣ ਵਿਚ ਕੁੱਝ ਸਮਾਂ ਲੱਗਣ ਦੀ ਸੰਭਾਵਨਾ ਹੈ, ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਸਵਾਲ ਦਾ ਜਵਾਬ 15 ਦਿਨਾਂ ਪਿਛੋਂ ਕਿਸੇ ਵੀ ਮਿਤੀ ਲਈ ਸਵਾਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਆਪ ਜੀ ਦਾ ਹਿਤੂ,
(ਸਹੀ) ...,
(ਆਤਮਾ ਸਿੰਘ)

ਸਰਦਾਰ ਰਵੀ ਇੰਦਰ ਸਿੰਘ,
ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

---

## UNSTARRED QUESTIONS AND ANSWERS

### Unstarred Question No. 200

(Extension has been asked for in respect of Unstarred Question No. 200)

"The answer to Assembly Question No. 200 appearing in the list of Unstarred Questions on 13th September, 1978 in the name of Shri Satya Pal Dang, M.L.A., is not ready.

The reply will be submitted as soon as the relevant information has been collected.

(Sd.) ...,
Chief Minister, Punjab.,

The Secretary,
Punjab Vidhan Sabha.

U.O. No.————————, Dated————————

Original with;
Punjab Vidhan Sabha
Digitized by;
Panjab Digital Library

**Sale of Fire Arms from the Fire-Arms Depot**

**201. Comrade Satya Pal Dang :** Will the Chief Minister be pleased to state the names and addresses of those persons, district-wise to whom fire-arms were sold during the year 1977-78 at concessional rates from the Government Fire Arms Depot at Phagwara/Phillaur alongwith the types of fire arms sold, and the prices charged therefor ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : 1977-78 ਦੇ ਸਾਲ ਵਿਚ ਸਟੇਟ ਫਾਇਰ ਆਰਮਜ਼ ਬਿਓਰੋ ਫਿਲੌਰ ਤੋਂ ਵੇਚੇ ਗਏ ਹਥਿਆਰਾਂ ਦੀ ਸੂਚੀ ਇਨ੍ਹਾਂ ਦੀਆਂ ਕੀਮਤਾਂ ਅਤੇ ਉਨ੍ਹਾਂ ਵਿਅਕਤੀਆਂ ਦੇ ਨਾਵਾਂ ਅਤੇ ਪੱਤਿਆਂ ਸਮੇਤ ਜਿਨ੍ਹਾਂ ਨੂੰ ਇਹ ਹਥਿਆਰ ਵੇਚੇ ਗਏ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

**List of Weapons sold during the year 1977-78 (from 1st April, 1977 to 31st March, 1978) from the State Fire Arms Bureau, Phillaur**

| Serial No. | Name and address of allottee | Type of Weapon | Price charged | Quota |
|---|---|---|---|---|
| | | | Rs | |
| 1. | Shri Hakam Singh, Peon, Director, State Transport, Punjab, Chandigarh | Rifle No. 20391 U.S.A. | 200 | Official |
| 2. | Shri Balwant Singh Rawat, Restorer, Financial Commissioner Office, Punjab, Chandigarh | S.B. Gun No. IK 296/99 LP | 100 | Do |
| 3. | Shi Rameshwar Datt Pandey Peon, Punjab Civil Secretariat, Chandigarh | SB Gun No. 701517 USA | 200 | Do |
| 4. | Shri Sadhu Singh, Restorer, Punjab Civil Secretariat Chandigarh | SB Gun No. 19007 Indian | 175 | Do |
| 5. | Shri Sangat Singh, Constable, O/o C.I.D. Punjab, Chandigarh | SB Gun No. 24191 Indian | 200 | Do |
| 6. | Shri R.D. Joshi, IAS, Registrar, Co-operative Societies, Punjab, Chandigarh | DB Gun No. 12916 English | 425 | Do |
| 7. | Shri Mohan Singh, Gunman to ex-Chief Parliamentary Secretary, Punjab, Chandigarh | SB Gun No. 1233/3922A7, Indian | 90 | Do |
| 8. | Shri Bagga Singh, Peon, Punjab Civil Secretariat, Chandigarh | SB Gun No. 3874-66, Indian | 100 | Do |
| 9. | Shri Hans Raj, Peon, Punjab Civil Secretariat, Chandigarh | 22 bore Rifle No. L-15615, English | 250 | Do |
| 10. | Shri Hira Singh, Driver, Punjab Civil Secretariat, Chandigarh | DB Gun No. 3125 IOF | 200 | Do |
| 11. | Shri Nirpinder Singh, Deputy Chief Auditor Co-operative Societies, Punjab, Chandigarh | 25 bore Pistol No. 341200, Belgium | 300 | Do |
| 12. | Shri Pal Singh, Peon, Punjab Civil Secretariat, Chandigarh | SB Gun No. 1305 Indian | 100 | Do |

Original with;
Punjab Vidhan Sabha
Digitized by;
Panjab Digital Library

| Serial No. | Name and address of allottee | Type of Weapon | Price charged | Quota |
|---|---|---|---|---|
| 13. | Shri Harbans Singh, Steno-Typist, Secretariat, Chandigarh | 270 bore Rifle No. 266013, Sweden | 200 | Official |
| 14. | Shri Brijinder Singh, Deputy Secretary to Government, Punjab. Rehabilitation Department, Jullundur | DB Gun No. 4323/P. 1484, Indian | 300 | Do |
| 15. | Shri Swaran Singh, Resaldar, V.P.O. Daroli Kalan, District Jullundur | 250-3000 bore Rifle No. 182222 USA | 75 | Do |
| 16. | Shri J.S. Chahal, I.P.S. Commandant. 54 Bn, B.S.F. Mamdot, Ferozepur | DB Gun No. 2078 USA | 700 | Do |
| 17. | Shri Gurinder Jit Singh, Xen, P.W.D., Public Health Division, Nangal Township | SB Gun No. 717-68, Indian | 250 | Do |

**Grant of exemption to persons who possess excess land under the Urban Land (Ceiling and Regulation) Act, 1976**

**202. Comrade Satya Pal Dang** : Will the Minister for Public Works with reference to the reply to Unstarred Question No. 5 regarding "Grant of exemption to persons who possess excess land under the Urban Land (Ceiling and Regulation) Act, 1976" included in the list of Unstarred Question for the 5th January, 1978, be pleased to state—

(a) the names and addresses of 9 persons referred to in part (b) of the same reply who had been granted exemption ;

(b) whether any more persons have been granted exemption after 31st May, 1978, if so, their names and addresses?

ਸ਼੍ਰੀ ਦੇਸ ਰਾਜ : (ਸਿਹਤ ਅਤੇ ਸ਼ਹਿਰੀ ਵਿਕਾਸ ਮੰਤਰੀ) (ੳ) ਵਿਅਕਤੀਆਂ ਦੇ ਨਾਂ ਅਤੇ ਪਤੇ, ਜਿਨ੍ਹਾਂ ਨੂੰ ਸ਼ਹਿਰੀ ਭੋਂ (ਉਚਤਮ ਸੀਮਾ ਤੇ ਵਿਨਿਯਮਤ) ਐਕਟ, 1976 ਦੇ ਚੈਪਟਰ III ਦੇ ਉਪਬੰਧਾਂ ਤੋਂ ਛੋਟ ਦਿੱਤੀ ਗਈ ਹੈ ਨਿਮਨਲਿਖਤ ਹਨ :–

1. ਮੈਸਰਜ਼ ਆਲ ਇੰਡੀਆ ਵੂਲ ਕੋਂਬਰਜ਼ ਸੋਸਾਇਟੀ ਲਿਮਿਟਡ, ਢੰਡਾਰੀ ਕਲਾਂ, ਲੁਧਿਆਣਾ ਰਾਹੀਂ ਸ਼੍ਰੀ ਨਰਿੰਦਰ ਸਿੰਘ, ਐਡਮਿਨਿਸਟਰੇਟਰ।

2. ਸ਼੍ਰੀ ਕੰਵਲਜੀਤ ਸਿੰਘ, ਸੁਮਨਜੀਤ ਸਿੰਘ, ਰਮਨਜੀਤ ਸਿੰਘ, ਹਰਜੀਤ ਸਿੰਘ ਅਤੇ ਲੈਫਟੀਨੈਂਟ ਕਰਨਲ ਚਰਨਜੀਤ ਸਿੰਘ, ਰਾਹੀਂ ਸ਼੍ਰੀ ਡੀ. ਐਸ. ਗਰੇਵਾਲ, ਆਈ.ਪੀ. ਐਸ., ਜਨਰਲ ਅਟਾਰਨੀ, ਮਕਾਨ ਨੰ : 87, ਸੈਕਟਰ 11, ਚੰਡੀਗੜ੍ਹ।

3. ਮੈਸਰਜ਼ ਮਰਜਾਰਾ ਪਲਾਸਿਟਿਕ ਇੰਡਸਟਰੀਜ਼, 328, ਇੰਡਸਟਰੀਅਲ ਏਰੀਆ-ਏ, ਲੁਧਿਆਣਾ ਰਾਹੀਂ ਸ਼੍ਰੀ ਮੁਕੇਸ਼ ਕੁਮਾਰ ਸਰਜਾਰਾ।

4. ਮੈਸਰਜ਼ ਸੰਦੇਸ਼ ਇੰਜੀਨੀਅਰਜ਼ ਇੰਡੀਆ, 1042, ਸੰਤ ਰੋਡ, ਸਿਵਲ ਲਾਈਨਜ਼, ਲੁਧਿਆਣਾ ਰਾਹੀਂ ਸ਼੍ਰੀ ਰਘਬੀਰ ਸਿੰਘ।

Original with;
Punjab Vidhan Sabha
Digitized by;
Panjab Digital Library

[ਸਿਹਤ ਤੇ ਸ਼ਹਿਰੀ ਵਿਕਾਸ ਮੰਤਰੀ]

5. ਸ੍ਰੀ ਚਮਨ ਲਾਲ, ਪੁੱਤਰ ਰਾਜਾ ਰਾਮ, ਮਕਾਨ ਨੰ: 20 XI-791, ਪਟੇਲ ਨਗਰ, ਸਿਵਲ ਲਾਈਨਜ਼, ਲੁਧਿਆਣਾ ।

6. ਮੈਸਰਜ਼ ਜੋਤੀ ਇੰਡਸਟਰੀਜ਼, 20-ਸੀ, ਫੋਕਲ ਪੁਆਇੰਟ, ਢੰਡਾਰੀ ਕਲਾਂ, ਲੁਧਿਆਣਾ ਰਾਹੀਂ ਸ੍ਰੀ ਜੇ. ਐਲ. ਰਹੇਜਾ ।

7. ਮੈਸਰਜ਼ ਕੂਲਾਰ ਸਾਇਕਲ ਇੰਡਸਟਰੀਜ਼, 24-ਸੀ, ਫੋਕਲ ਪੁਆਇੰਟ, ਢੰਡਾਰੀ ਕਲਾਂ, ਲੁਧਿਆਣਾ ਰਾਹੀਂ ਸ੍ਰੀ ਮੁਖਤਿਆਰ ਸਿੰਘ ।

(ਅ) ਹਾਂ ਜੀ, ਨਿਮਨਲਿਖਤ ਬਿਨਾਕਾਰਾਂ ਨੂੰ ਮਿਤੀ 31 ਮਈ, 1978 ਤੋਂ ਬਾਅਦ ਸ਼ਹਿਰੀ ਭੋਂ (ਉਚਤਮ ਸੀਮਾਂ ਤੇ ਵਿਨਯਮਤ) ਐਕਟ, 1976 ਦੇ ਚੈਪਟਰ III ਦੇ ਉਪਬੰਧਾਂ ਤੋਂ ਛੋਟ ਦਿੱਤੀ ਗਈ ਹੈ:—

1. ਮੈਸਰਜ਼ ਆਰ. ਐਲ. ਸੀਵਿੰਗ ਮਸ਼ੀਨ ਕੰਪਨੀ, ਪਿੰਡੀ ਸਟਰੀਟ, ਲੁਧਿਆਣਾ ਰਾਹੀਂ ਸ੍ਰੀ ਪੂਰਣ ਪ੍ਰਕਾਸ਼ ਅਤੇ ਸ੍ਰੀ ਜੈ ਦਿਆਲ ।

2. ਮੈਸਰਜ਼ ਵਰਸਟਾਈਲ ਏਂਟਰ ਪ੍ਰਾਈਜ਼ੀਜ਼, ਬੀ-1-1274, ਰਾਜਿੰਦਰ ਨਗਰ, ਸਿਵਲ ਲਾਈਨਜ਼ ਲੁਧਿਆਣਾ ਰਾਹੀਂ ਸ੍ਰੀ ਓਮ ਪ੍ਰਕਾਸ਼ ਅਤੇ ਸ੍ਰੀ ਧਰਮਵੀਰ ਸੇਠ ।

---

### Suspension of Allotment of Inferior Evacuee Land

**203. Comrade Satya Pal Dang :** Will the Minister for Revenue be pleased to state whether it is a fact that the allotment of inferior evacuee land with the Revenue Department and acquisition of proprietary rights by old allottees have been suspended through a circular letter dated 11th May, 1978 by Deputy Secretary, Revenue ; if so, the reasons therefor ?

**ਜਥੇਦਾਰ ਜੀਵਨ ਸਿੰਘ ਉਮਰਾਨੰਗਲ** : ਪਹਿਲਾ ਭਾਗ—ਸਰਕਾਰ ਨੇ 11-5-1978 ਨੂੰ ਅਜਿਹੀ ਕੋਈ ਹਦਾਇਤ ਜਾਰੀ ਨਹੀਂ ਕੀਤੀ । ਪਰ ਮਿਤੀ 30-12-1977 ਅਤੇ ਮਿਤੀ 6-1-1978 ਨੂੰ ਘਟੀਆ ਨਿਕਾਸੀ ਭੋਂ ਦੇ ਨਵੇਂ ਪਟੇ ਅਤੇ ਇਸ ਨੂੰ ਵੇਚਣ ਉਤੇ ਕਰਮਵਾਰ ਰੋਕ ਲਗਾ ਦਿੱਤੀ ਗਈ ਸੀ ।

ਦੂਜਾ ਭਾਗ—ਸਰਕਾਰ ਇਸ ਜ਼ਮੀਨ ਦੀ ਅਗੇ ਲਈ ਅਲਾਟਮੈਂਟ ਅਤੇ ਸੇਲ ਦੀ ਨੀਤੀ ਬਾਰੇ ਮੁੜ ਵਿਚਾਰ ਕਰ ਰਹੀ ਹੈ ।

---

### ਪੰਜਾਬ ਭੂਮੀ ਸੁਧਾਰ ਐਕਟ, 1972 ਦੇ ਲਾਗੂ ਹੋਣ ਦੇ ਬਾਅਦ ਪਿੰਡ ਕੁਲਾਹ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਵਿਚ ਐਲਾਨ ਕੀਤੀ ਗਈ ਵਾਧੂ ਜ਼ਮੀਨ ।

217. **ਕਾਮਰੇਡ ਬਲਦੇਵ ਸਿੰਘ ਲੂੰਬਾ** : ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਅਜਿਹੇ ਪਟਵਾਰੀਆਂ, ਕਾਨੂੰਗੋ, ਨਾਇਬ ਤਹਿਸੀਲਦਾਰਾਂ ਅਤੇ ਤਹਿਸੀਲਦਾਰਾਂ ਦੇ ਨਾਂ ਕੀ ਕੀ ਹਨ ਜਿਹੜੇ ਪਿੰਡ ਕੁਲਾਹ, ਤਹਿਸੀਲ ਪੱਟੀ ਜ਼ਿਲ੍ਹਾ ਅੰਮ੍ਰਿਤਸਰ ਦੇ ਇੰਚਾਰਜ ਹਨ/ ਸਨ ਜਿਨ੍ਹਾਂ ਨੇ ਪੰਜਾਬ ਭੂਮੀ ਐਕਟ, 1972 ਦੇ ਲਾਗੂ ਹੋਣ ਤੋਂ ਬਾਅਦ ਉਕਤ ਪਿੰਡ ਦੀ ਵਾਧੂ ਜ਼ਮੀਨ ਦੀਆਂ ਸੂਚੀਆਂ ਤਿਆਰ ਕਰਦੇ ਸਮੇਂ ਸਰਕਾਰ ਨੂੰ ਵਾਧੂ ਜ਼ਮੀਨ ਦੇ ਵੇਰਵੇ ਭੇਜੇ;

Original with;
Punjab Vidhan Sabha
Digitized by;
Panjab Digital Library

(ਅ) ਉਕਤ ਪਿੰਡ ਦੀ ਵਾਧੂ ਜ਼ਮੀਨ ਦੇ ਵੇਰਵੇ ਸਬੰਧਤ ਪਟਵਾਰੀ/ਕਾਨੂੰਗੋ/ਨਾਇਬ ਤਹਿਸੀਲਦਾਰ/ਤਹਿਸੀਲਦਾਰ ਦੁਆਰਾ ਸਰਕਾਰ ਨੂੰ ਕਿਸ ਕਿਸ ਤਰੀਕ ਨੂੰ ਭੇਜੇ ਗਏ ;

(ੲ) ਕੀ ਇਹ ਠੀਕ ਹੈ ਕਿ ਬਾਅਦ ਵਿਚ ਕੁੱਝ ਪਟਵਾਰੀਆਂ/ਕਾਨੂੰਗੋ/ਨਾਇਬ ਤਹਿਸੀਲਦਾਰ ਤਹਿਸੀਲਦਾਰਾਂ ਨੇ ਉਕਤ ਪਿੰਡ ਦੇ ਕੁੱਝ ਭੂਮੀ ਮਾਲਕਾਂ ਦੀ ਵਾਧੂ ਜ਼ਮੀਨ ਦੇ ਕੁੱਝ ਖਸਰਾ ਨੰ: ਬਦਲ ਦਿਤੇ ਸਨ; ਜੇ ਕਰ ਅਜਿਹਾ ਹੋਵੇ ਤਾਂ ਕਦੋਂ ਅਤੇ ਇਸ ਦੇ ਕੀ ਕਾਰਣ ਹਨ ?

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ** : (ੳ) ਪੰਜਾਬ ਭੋਂ ਸੁਧਾਰ ਐਕਟ, 1972 ਅਧੀਨ ਸਰਪਲਸ ਜ਼ਮੀਨ ਕਰਾਰ ਦੇਣ ਬਾਰੇ ਫੈਸਲਾ ਕਰਨ ਦੇ ਅਧਿਕਾਰ ਕੁਲੈਕਟਰਜ਼ ਐਗਰੇਰੀਅਨ ਨੂੰ ਹਨ ਅਤੇ ਵਾਧੂ ਜ਼ਮੀਨ ਦੀਆਂ ਸੂਚੀਆਂ ਤਿਆਰ ਕਰਕੇ ਸਰਕਾਰ ਨੂੰ ਨਹੀਂ ਭੇਜੀਆਂ ਜਾਂਦੀਆਂ ।

(ਅ) ਜਿਵੇਂ ਭਾਗ (ੳ) ਦੇ ਉੱਤਰ ਵਿਚ ਦਸਿਆ ਗਿਆ ਹੈ, ਵਾਧੂ ਜ਼ਮੀਨ ਦੀਆਂ ਸੂਚੀਆਂ ਬਾਰੇ ਵੇਰਵਾ ਸਰਕਾਰ ਨੂੰ ਨਹੀਂ ਭੇਜਿਆ ਜਾਂਦਾ ।

(ੲ) ਨਹੀਂ ਜੀ।

---

**ਪੰਚਾਇਤ ਸਮਿਤੀ ਵਲਟੋਹਾ ਜ਼ਿਲ੍ਹਾ ਅੰਮ੍ਰਿਤਸਰ ਦੇ ਸਰਪੰਚਾਂ ਦੁਆਰਾ ਰੱਖੇ ਗਏ ਫੰਡਾਂ ਦੀ ਰਕਮ**

231. **ਸਰਦਾਰ ਕਿਰਪਾਲ ਸਿੰਘ** : ਕੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਪੰਚਾਇਤ ਸਮਿਤੀ ਵਲਟੋਹਾ, ਜ਼ਿਲਾ ਅੰਮ੍ਰਿਤਸਰ ਦੀਆਂ ਕਿਹੜੀਆਂ ਕਿਹੜੀਆਂ ਪੰਚਾਇਤਾਂ ਦੇ ਸਰਪੰਚਾਂ ਨੇ 1 ਜੁਲਾਈ, 1972 ਤੋਂ 31 ਜੁਲਾਈ, 1978 ਤਕ ਦੇ ਸਮੇਂ ਦੇ ਦੌਰਾਨ ਆਪਣੇ ਪਾਸ ਨਿਯਤ ਹੱਦ ਤੋਂ ਵਾਧੂ ਪੰਚਾਇਤ ਫੰਡ ਰੱਖੇ ਅਤੇ ਉਹਨਾਂ ਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ;

(ਅ) ਹਰ ਇਕ ਸਰਪੰਚ ਦੁਆਰਾ ਕਿੰਨੀ ਰਕਮ ਰੱਖੀ ਗਈ ਅਤੇ ਇਹ ਕਿਸ ਮੰਤਵ ਲਈ ਰੱਖੀ ਗਈ ;

(ੲ) ਕੀ ਸਬੰਧਤ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਨੇ ਉਕਤ ਸਰਪੰਚਾਂ ਨੂੰ ਉਪਰੋਕਤ ਭਾਗ (ਅ) ਵਿੱਚ ਵਰਣਿਤ ਰਕਮ ਪੰਚਾਇਤ ਫੰਡ ਵਿਚ ਜਮਾਂ ਕਰਾਉਣ ਲਈ ਕੋਈ ਹੁਕਮ ਦਿੱਤੇ ਸਨ ; ਜੇਕਰ ਅਜਿਹਾ ਹੋਵੇ ਤਾਂ ਕਿਸ ਕਿਸ ਤਰੀਕ ਨੂੰ;

(ਸ) ਕਿਹੜੀ ਕਿਹੜੀ ਪੰਚਾਇਤ ਦੇ ਸਰਪੰਚ ਨੇ ਉਕਤ ਹੁਕਮਾਂ ਦੀ ਤਾਮੀਲ ਕੀਤੀ ਅਤੇ ਕਿਸ ਕਿਸ ਤਰੀਕ ਨੂੰ ;

(ਹ) ਕੀ ਉਕਤ ਆਦੇਸ਼ਾਂ ਦੀ ਤਾਮੀਲ ਨਾ ਕਰਨ ਵਾਲੇ ਸਰਪੰਚਾਂ ਵਿਰੁੱਧ ਕੋਈ ਅਨੁਸ਼ਾਸ਼ਕੀ ਕਾਰਵਾਈ ਕੀਤੀ ਗਈ ; ਜੇ ਕਰ ਅਜਿਹਾ ਹੋਵੇ ਤਾਂ ਕਿਸ ਕਿਸਮ ਦੀ ਕਾਰਵਾਈ ਕੀਤੀ ਗਈ ਅਤੇ ਕਿਸ ਤਰੀਕ ਨੂੰ ਕੀਤੀ ਗਈ ?

**ਸਰਦਾਰ ਆਤਮਾ ਸਿੰਘ** : ਮੰਗੀ ਗਈ ਸੂਚਨਾ ਬਹੁਤ ਲੰਬੀ ਚੌੜੀ ਹੈ । ਇਸ ਲਈ ਇਹ ਸੂਚਨਾ ਇਕੱਤਰ ਕਰਨ ਉਤੇ ਖਰਚ ਹੋਣ ਵਾਲੇ ਸਮੇਂ ਅਤੇ ਮਿਹਨਤ ਦੇ ਟਾਕਰੇ ਉਤੇ ਪ੍ਰਾਪਤ ਹੋਣ ਵਾਲੇ ਕਿਸੇ ਲਾਭ ਦੀ ਕੋਈ ਵੁਕਤ ਨਹੀਂ ਹੋਵੇਗੀ ।

Original with;
Punjab Vidhan Sabha
Digitized by;
Panjab Digital Library

## OBSERVATIONS BY THE SPEAKER

**Mr. Speaker :** Hon'ble Members will kindly recall that in the morning sitting, today, some supplementary questions were asked on question No. 700 on the subject of visit of a Press Party to the site of Thein Dam. In this connection, I have received a letter from the Chairman, Secretary and members of the Press Gallery Committee wherein they have stated that certain remarks made during the course of supplementaries and answers about Press Correspondents are likely to be mis-construed and mis-interpreted and that due protection should be given to the Press. They have, therefore, requested that the relevant proceedings be reviewed.

I have given careful thought to the whole matter. I must say that it is really unfortunate that some remarks have been made in the House which hurt the feelings of Press Correspondents. It is very essential that there should be harmonious relationship between the members of the House and the Press. The role of the Press cannot be over-emphasised in a democratic set up. It is they who faithfully cover the proceedings and tell the public through the printed word what happens in the House alongwith the responsibility that they have too.

I can, on behalf of myself and the Members of the House, say with confidence that we hold the Press and Press Correspondents in high esteem and no disrespect was meant to them or to their profession. In any case, I am going through the relevant proceedings and will expunge those portions which are unbecoming, unparliamentary and objectionable. This would, therefore, mean that those supplementaries and replies thereto, should not be published unless the Press Correspondents have checked up from the Sabha Secretariat about the expunged portions.

**ਕਾਮਰੇਡ ਸਰਵਣ ਸਿੰਘ ਚੀਮਾ :** ** ** **

**ਸ੍ਰੀ ਸਪੀਕਰ :** ਤੁਸੀਂ ਦਫ਼ਤਰ ਵਿਚ ਆ ਜਾਣਾ, ਅਸੀਂ ਗੱਲ ਕਰ ਲਵਾਂਗੇ।

**ਕਾਮਰੇਡ ਸਰਵਣ ਸਿੰਘ ਚੀਮਾ :** ** ** **

**ਸ੍ਰੀ ਸਪੀਕਰ :** ਤੁਸੀਂ ਚੈਂਬਰ ਵਿਚ ਆ ਜਾਣਾ। I cannot allow. This is no point of order. It is ruled out.

---

## CALL ATTENTION NOTICES UNDER RULE 66

(ਕ੍ਰਮ ਨੰ: 65)

**ਕਾਮਰੇਡ ਦਰਸ਼ਨ ਸਿੰਘ ਝਬਾਲ**
**ਕਾਮਰੇਡ ਦਲੀਪ ਸਿੰਘ ਟਪਿਆਲਾ** } ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਪਿਛਲੇ ਦਿਨਾਂ ਵਿਚ ਅੰਮ੍ਰਿਤਸਰ ਪੁਲਿਸ ਨੇ ਕੁੱਝ ਫ਼ਰਮਾਂ ਜਿਹੜੀਆਂ ਖਾਦ ਦਾ ਬਿਉਪਾਰ ਕਰਦੀਆਂ ਹਨ ਤੇ ਛਾਪੇ ਮਾਰੇ ਤੇ ਇਕ ਬੜਾ ਵੱਡਾ ਖਾਦ ਸਕੈਂਡਲ ਫੜਿਆ। ਇਹ ਗੱਲ ਨੰਗੀ ਹੋ ਗਈ ਕਿ ਖਾਦ ਦੀਆਂ ਬੋਰੀਆਂ ਵਿਚ ਜ਼ਿੰਕ 22% ਤੋਂ ਘਟਾ ਕੇ 3% ਕਰ ਦਿਤੀ ਗਈ ਜਿਸ ਕਾਰਨ ਫਸਲਾਂ ਨੂੰ ਫਾਇਦੇ ਦੀ ਬਜਾਏ ਕਾਫੀ ਨੁਕਸਾਨ

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਪੁੱਜਦਾ ਰਿਹਾ। ਕਿਸਾਨ ਇਸ ਲੁੱਟ ਤੇ ਧੱਕੇਸ਼ਾਹੀ ਦੇ ਖਿਲਾਫ ਰੌਲਾ ਪਾਉਂਦੇ ਰਹੇ ਪਰ ਕਿਸੇ ਨਾ ਸੁਣੀ।

ਇਹ ਗੱਲ ਹੈਰਾਨਕੁਨ ਹੈ ਕਿ ਐਗਰੀਕਲਚਰ ਯੂਨੀਵਰਸਿਟੀ ਲੈਬਾਰੇਟਰੀ ਜ਼ਿੰਕ ਦੀ ਪੂਰੀ ਹੋਣ ਦਾ ਸਰਟੀਫਿਕੇਟ ਦਿੰਦੀ ਰਹੀ ਹੈ। ਇਸ ਸਕੈਂਡਲ ਦੇ ਖਿਲਾਫ ਕਿਸਾਨਾਂ ਵਿਚ ਭਾਰੀ ਰੋਸ ਹੈ ਪਰ ਅਜੇ ਤਕ ਲੈਬਾਰੇਟਰੀ ਟੈਕਨੀਸ਼ਨ ਤੋਂ ਲੈ ਕੇ ਸਬੰਧਤ ਫਰਮਾਂ ਦੇ ਮਾਲਕਾਂ ਦੇ ਖਿਲਾਫ ਕੋਈ ਸਖਤ ਕਾਰਵਾਈ ਨਹੀਂ ਕੀਤੀ ਜਿਸ ਕਰਕੇ ਕਿਸਾਨਾਂ ਤੇ ਪਬਲਿਕ ਵਿਚ ਭਾਰੀ ਗੁੱਸਾ ਹੈ। ਸਬੰਧਤ ਮੰਤਰੀ ਕੀ ਕਦਮ ਚੱਕ ਰਹੇ ਹਨ। ਜਵਾਬ ਦੇਣ ਦੀ ਕਿਰਪਾਲਤਾ ਕਰਨ।

**ਖੇਤੀਬਾੜੀ ਤੇ ਵਣ ਮੰਤਰੀ** (ਸਰਦਾਰ ਬਲਵਿੰਦਰ ਸਿੰਘ ਭੂੰਦੜ): ਜ਼ਿੰਕ ਸਲਫੇਟ ਵਿਚ ਮਿਲਾਵਟ ਤੇ ਕਾਬੂ ਪਾਉਣ ਲਈ ਸਰਕਾਰ ਨੇ ਬੜੇ ਪੱਕੇ ਇੰਤਜ਼ਾਮ ਕੀਤੇ ਹਨ। ਖੇਤੀਬਾੜੀ ਵਿਭਾਗ ਵੱਲੋਂ ਅੰਮ੍ਰਿਤਸਰ ਵਿਖੇ ਖਾਸ ਤੌਰ ਤੇ ਛਾਪੇ ਮਾਰੇ ਗਏ ਹਨ ਤੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਮਿਲਾਵਟ ਦੇ ਚਾਰ ਕੇਸ ਫੜੇ ਗਏ ਹਨ ਤੇ ਇਨ੍ਹਾਂ ਨੂੰ ਟੈਸਟ ਕਰਵਾਉਣ ਉਪਰੰਤ ਜੋ ਰਿਪੋਰਟ ਮਿਲੀ ਹੈ ਉਹ ਇਸ ਪ੍ਰਕਾਰ ਹੈ:-

| ਲੜੀ ਨੰਬਰ | ਜ਼ਿੰਕ ਸਲਫੇਟ ਵਿਚ ਜ਼ਿੰਕ ਦੀ ਸਟੈਂਡਰਡ ਮਾਤਰਾ | ਸੈਂਪਲ ਵਿਚ ਵਿਸ਼ੇਸ਼ ਤੌਰ ਤੇ ਪਾਈ ਜ਼ਿੰਕ ਦੀ ਮਾਤਰਾ |
|---|---|---|
| 1. | 21% | 5% |
| 2. | 21% | 9% |
| 3. | 21% | 19% |
| 4. | 21% | 17.2% |

ਚਾਰੇ ਕਸੂਰਵਾਰਾਂ ਵਿਰੁੱਧ ਕਾਰਵਾਈ ਸ਼ੁਰੂ ਕੀਤੀ ਜਾ ਚੁੱਕੀ ਹੈ ਅਤੇ ਪੁਲਿਸ ਨੂੰ ਕਿਹਾ ਗਿਆ ਹੈ ਕਿ ਉਹ ਇਨ੍ਹਾਂ ਕੇਸਾਂ ਨਾਲ ਤੁਰੰਤ ਨਜਿੱਠਣ।

2. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਲੈਬਾਰੇਟਰੀ ਤੇ ਮਹਿਕਮੇ ਦਾ ਸਿੱਧੇ ਤੌਰ ਤੇ ਕੋਈ ਕੰਟਰੋਲ ਨਹੀਂ ਹੈ। ਇਸ ਲੈਬਾਰੇਟਰੀ ਕੋਲੋਂ ਕਿਸਾਨ ਅਤੇ ਹੋਰ ਦੂਜੇ ਲੋਕ ਆਪ ਜ਼ਿੰਕ ਸਲਫੇਟ ਦੇ ਸੈਂਪਲ ਐਨਾਲਾਈਜ਼ ਕਰਵਾਉਂਦੇ ਹਨ। ਇਥੇ ਇਹ ਵੀ ਦੱਸ ਦੇਣਾ ਜ਼ਰੂਰੀ ਹੋਵੇਗਾ ਕਿ ਇਸ ਲੈਬਾਰੇਟਰੀ ਦੀ ਪੰਜਾਬ ਖੇਤੀ ਬਾੜੀ ਯੂਨੀਵਰਸਿਟੀ ਦੀ ਰਿਪੋਰਟ ਐਡਵਾਈਜ਼ਰੀ ਨੇਚਰ ਦੀ ਹੁੰਦੀ ਹੈ। ਜੋ ਮਹਿਕਮਾ ਸੈਂਪਲ ਭਰਦਾ ਹੈ ਉਨ੍ਹਾਂ ਦੇ ਵਿਸ਼ਲੇਸ਼ਨ (ਐਨਾਲਾਈਜ਼ਜ਼) ਪੰਜਾਬ ਸਰਕਾਰ ਦੀ ਲੈਬਾਰੇਟਰੀ ਤੋਂ ਕਰਵਾਏ ਜਾਂਦੇ ਹਨ ਅਤੇ ਕਸੂਰਵਾਰਾਂ ਵਿਰੁੱਧ ਕੇਸ ਉਨ੍ਹਾਂ ਦੇ ਟੈਸਟ ਰਿਪੋਰਟਾਂ ਦੇ ਆਧਾਰ ਤੇ ਦਰਜ਼ ਕਰਵਾਏ ਜਾਂਦੇ ਹਨ ਅਤੇ ਸਖਤ ਕਾਰਵਾਈ ਕੀਤੀ ਜਾਂਦੀ ਹੈ। ਸਰਕਾਰ ਨੂੰ ਪਹਿਲਾਂ ਇਸ ਸਥਿਤੀ ਦਾ ਪੂਰਾ ਪਤਾ ਹੈ ਅਤੇ ਸਰਕਾਰ ਕਿਸਾਨਾਂ ਨੂੰ ਚੰਗੀ ਕੁਆਲਿਟੀ ਦਾ ਜ਼ਿੰਕ ਸ਼ਲਫੇਟ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਦਰਸ਼ਨ ਸਿੰਘ ਝਬਾਲ:** ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਸਿਲਸਿਲਾ ਕਦੋਂ ਦਾ ਚੱਲਦਾ ਆ ਰਿਹਾ ਹੈ ਜਿਸ ਦਾ ਕਿਸਾਨਾਂ ਨੂੰ ਨੁਕਸਾਨ ਹੁੰਦਾ ਰਿਹਾ ਹੈ। ਦੂਜਾ ਇਹ ਕਿ ਕਿੰਨੇ ਮੁਕੱਦਮੇ ਹੁਣ ਤੱਕ ਚਲੇ ਹਨ?

**ਮੰਤਰੀ:** ਸਪੀਕਰ ਸਾਹਿਬ, ਇਸ ਮਸਲੇ ਤੇ ਜਦੋਂ ਅਸੀਂ ਆਪੋਜ਼ੀਸ਼ਨ ਵਿਚ ਬੈਠਦੇ ਰਹੇ ਹਾਂ ਉਦੋਂ ਵੀ ਕਾਫੀ ਰੌਲਾ ਪਾਉਂਦੇ ਰਹੇ ਸੀ। ਅਸੀਂ ਕੋਈ ਪੰਜ ਸਵਾ ਪੰਜ ਸਾਲ ਆਪੋਜ਼ੀਸ਼ਨ ਵਿਚ ਬੈਠਦੇ ਰਹੇ ਹਾਂ ਤਾਂ ਉਦੋਂ ਅਸੀਂ ਇਸ ਮਸਲੇ ਤੇ ਰੌਲਾ ਪਾਉਂਦੇ ਰਹੇ ਹਾਂ। ਹੁਣ ਜਦੋਂ ਮੈਂ ਮਨਿਸਟਰ ਬਣਿਆਂ ਤਾਂ ਮੈਨੂੰ ਮੈਮੋਰੰਡਮ ਦਿਤਾ ਗਿਆ। ਅਸੀਂ ਪਿਛਲੇ ਸਾਲ ਵੀ ਸੈਂਪਲ ਭਰੇ। ਮੈਨੂੰ ਪਿਛਲੇ ਸਾਲ ਇਸ ਬਾਰੇ ਪੂਰਾ ਗਿਆਨ ਨਹੀਂ ਸੀ ਜਿਸ ਕਰਕੇ ਇਸ ਤਰ੍ਹਾਂ ਦੇ ਘਪਲੇ ਦਾ ਪਤਾ ਨਾ ਲੱਗ ਸਕਿਆ। ਪਰ ਇਸ ਸਾਲ ਸਾਰੇ ਪੰਜਾਬ ਵਿਚ ਇਕ ਦਿਨ ਛਾਪੇ ਮਰਵਾਏ। ਮੈਂ ਇਨ੍ਹਾਂ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ 211 ਸੈਂਪਲ ਭਰੇ ਗਏ 12 ਜ਼ਿਲ੍ਹਿਆਂ ਵਿਚੋਂ ਇਨ੍ਹਾਂ ਵਿਚੋਂ 42 ਸੈਂਪਲ ਫੇਲ੍ਹ ਹੋਏ। ਇਸ ਵਿਚ ਖਾਸ ਕਰਕੇ ਅੰਮ੍ਰਿਤਸਰ ਦਾ ਜ਼ਿਕਰ ਕੀਤਾ ਗਿਆ ਹੈ, ਇਸ ਬਾਰੇ ਮੈਂ ਪਹਿਲਾਂ ਹੀ ਦੱਸਿਆ ਹੈ ਕਿ ਅੰਮ੍ਰਿਤਸਰ ਜ਼ਿਲ੍ਹੇ ਵਿਚ ਮਿਲਾਵਟ ਦੇ ਚਾਰ ਕੇਸ ਫੜੇ ਗਏ ਹਨ। ਇਹ ਜਿਹੜੀਆਂ ਵੱਡੀਆਂ ਫਰਮਾਂ ਸਾਰੇ ਪੰਜਾਬ ਦੀਆਂ ਫਰਮਾਂ ਨੂੰ ਕੰਟਰੋਲ ਕਰਦੀਆਂ ਹਨ ਉਨ੍ਹਾਂ ਤੇ ਛਾਪੇ ਮਾਰੇ ਗਏ ਅਤੇ ਕੇਸ ਰਜਿਸਟਰ ਕਰਵਾਏ ਹਨ। ਬਾਕੀ ਮੈਂ ਇਹ ਕਹਿ ਦੇਣਾ ਚਾਹੁੰਦਾ ਹਾਂ ਕਿ ਜਦੋਂ ਤਕ ਇਹ ਲਾਹਨਤ ਖਤਮ ਨਹੀਂ ਹੋ ਜਾਂਦੀ ਮੈਂ ਆਪਣਾ ਪੂਰਾ ਤਾਣ ਲਾਵਾਂਗਾ, ਪਿੱਛੇ ਨਹੀਂ ਹਟਾਂਗਾ ਅਤੇ ਆਪਣਾ ਵੱਧ ਤੋਂ ਵੱਧ ਜ਼ੋਰ ਲਾਵਾਂਗਾ (ਤਾੜੀਆਂ)

(ਕ੍ਰਮ ਨੰ: 67)

1. **ਕਾਮਰੇਡ ਦਰਸ਼ਨ ਸਿੰਘ ਝਬਾਲ**
2. **ਕਾਮਰੇਡ ਦਲੀਪ ਸਿੰਘ ਟਪਿਆਲਾ**

: ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਪੰਜਾਬ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਟਿਊਬਵੈਲਾਂ ਅਤੇ ਘਰਾਂ ਦੇ ਕੁਨੈਕਸ਼ਨ ਦੀਆਂ ਸਕਿਉਰਟੀਆਂ ਆਦਿ ਜਮ੍ਹਾਂ ਕਰਾਈਆਂ ਹਨ ਸਿਰਫ ਕੁਨੈਕਸ਼ਨ ਮਿਲਣੇ ਬਾਕੀ ਹਨ। ਮਟੀਰੀਅਲ ਨਾ ਹੋਣ ਦਾ ਬਹਾਨਾ ਕਰਕੇ ਲੋਕਾਂ ਦੀ ਇਸ ਭਖਦੀ ਲੋੜ ਨੂੰ ਤੁਰਤ ਪੂਰਾ ਨਹੀਂ ਕੀਤਾ ਜਾ ਰਿਹਾ। ਪੰਜਾਬ ਸਰਕਾਰ ਦੇ ਇਸ ਫੈਸਲੇ ਕਰਕੇ ਕਿ ਸ਼ਡੂਲਡ ਕਾਸਟ ਲੋਕਾਂ ਨੂੰ ਸਕਿਉਰਟੀ ਤੇ ਮੀਟਰ ਲਈ ਮਾਮੂਲੀ ਰਕਮ ਜਮ੍ਹਾਂ ਕਰਾ ਕੇ ਕੁਨੈਕਸ਼ਨ ਲੈ ਸਕਦੇ ਹਨ, ਪਰ ਹਜ਼ਾਰਾਂ ਲੋਕਾਂ ਬਿਜਲੀ ਘਰਾਂ ਵਿਚ ਲਵਾਉਣ ਲਈ ਸਕਿਉਰਟੀਆਂ ਜਮ੍ਹਾਂ ਕਰਾਈਆਂ ਹਨ ਅੱਜ ਤੱਕ ਇਹ ਕਹਿਕੇ ਟਾਲਿਆ ਜਾ ਰਿਹਾ ਹੈ ਕਿ ਮੈਟੀਰੀਅਲ ਨਹੀਂ ਹੈ ਤੇ ਸਰਕਾਰ ਦੀ ਦਿਤੀ ਗਈ ਸਹੂਲਤ ਦਾ ਕੋਈ ਲਾਭ ਨਹੀਂ ਹੋ ਰਿਹਾ। ਮਹਿਕਮਾ ਬਿਜਲੀ ਬੋਰਡ ਦੀ ਇਸ ਲਾਪਰਵਾਹੀ ਕਰਕੇ ਲੋਕਾਂ ਵਿਚ ਸਖਤ ਬੇਚੈਨੀ ਹੈ ਸਬੰਧਤ ਮੰਤਰੀ ਜਵਾਬ ਦੇਣ ਦੀ ਕਿਰਪਾਲਤਾ ਕਰਨ।

**ਉਦਯੋਗ ਮੰਤਰੀ** (ਸ੍ਰੀ ਬਲਰਾਮ ਜੀ ਦਾਸ ਟੰਡਨ): ਪੰਜਾਬ ਰਾਜ ਬਿਜਲੀ ਬੋਰਡ ਨੇ ਸਾਲ 1978-79 ਵਿਚ ਪਲੈਂਡ ਰੀਸੋਰਸਿਜ਼ ਦੇ ਅਧੀਨ ਪੈਸੇ ਦੀ ਵੰਡ ਦੇ ਮੁਤਾਬਿਕ ਕੁਨੈਕਸ਼ਨ ਦੇਣ ਲਈ ਹੇਠ ਲਿਖੇ ਟੀਚੇ ਨਿਸ਼ਚਿਤ ਕੀਤੇ ਹਨ:-

| | | |
|---|---|---|
| (1) ਟਿਊਬਵੈੱਲ ਕੁਨੈਕਸ਼ਨ | .. | 37,500 |
| (2) ਜਨਰਲ ਸਰਵਿਸ ਕੁਨੈਕਸ਼ਨ (ਘਰੇਲੂ ਤੇ ਵਪਾਰਿਕ) | .. | 1,50,000 |

(2) ਇਸ ਮਾਲੀ ਸਾਲ ਵਿਚ ਹੇਠ ਲਿਖੇ ਕੁਨੈਕਸ਼ਨ ਦਿਤੇ ਗਏ ਹਨ:

(ੳ) ਅਗਸਤ, 1978 ਤਕ ਦਿੱਤੇ ਗਏ ਟਿਊਬਵੈੱਲ ਕੁਨੈਕਸ਼ਨ .. 6,365

Original with;
Punjab Vidhan Sabha
Digitized by;
Panjab Digital Library

(ਅ) ਜੁਲਾਈ, 1978 ਤਕ ਦਿੱਤੇ ਗਏ ਜਨਰਲ ਸਰਵਿਸ ਕੁਨੈਕਸ਼ਨ .. 29,782

(3) ਜ਼ਰੂਰੀ ਸਮਾਨ ਦੀ ਘਾਟ ਹੋਣ ਕਰਕੇ ਟਿਊਬਵੈਲਾਂ ਦੇ ਕੁਨੈਕਸ਼ਨ ਦੇਣ ਦੀ ਪ੍ਰਗਤੀ ਕੁੱਝ ਘਟ ਰਹੀ ਹੈ।

(4) ਬੋਰਡ ਨੇ ਜ਼ਰੂਰੀ ਸਮਾਨ ਦੀ ਘਾਟ ਨੂੰ ਪੂਰਾ ਕਰਨ ਵਾਸਤੇ ਹੇਠ ਲਿਖੇ ਯਤਨ ਕੀਤੇ ਹਨ।

(ੳ) ਜਿਹੜੇ ਜ਼ਰੂਰੀ ਸਮਾਨ ਦੀ ਘਾਟ ਸੀ ਉਸ ਦੀ ਪ੍ਰਾਪਤੀ ਲਈ ਸਪੈਸ਼ਲ ਖਰੀਦ ਕਮੇਟੀਆਂ ਬਣਾਈਆਂ ਗਈਆਂ ਹਨ।

(ਅ) ਇਨ੍ਹਾਂ ਟੀਚਿਆਂ ਨੂੰ ਪੂਰਾ ਕਰਨ ਲਈ ਫੀਲਡ ਅਫ਼ਸਰਾਂ ਦੀਆਂ ਸਮਾਨ ਖਰੀਦਣ ਦੀਆਂ ਪਾੱਵਰਾਂ ਵਧਾ ਦਿੱਤੀਆਂ ਗਈਆਂ ਹਨ।

(ੲ) ਐਕਸ ਸਟਾਕ ਤੋਂ ਸਮਾਨ ਖਰੀਦਣ ਲਈ ਟੈਂਡਰ ਮੰਗਵਾਏ ਗਏ ਹਨ।

(5) ਉਪਰੋਕਤ ਯਤਨਾਂ ਦੇ ਨਤੀਜੇ ਵੱਜੋਂ ਹੁਣ ਜ਼ਿਆਦਾ ਸਮਾਨ ਆਉਣਾ ਸ਼ੁਰੂ ਹੋ ਗਿਆ ਹੈ। ਜਿਸ ਕਾਰਨ ਅਗਲੇ ਮਹੀਨਿਆਂ ਵਿਚ ਜ਼ਿਆਦਾ ਤੋਂ ਜ਼ਿਆਦਾ ਕੁਨੈਕਸ਼ਨ ਦੇਣ ਦੀ ਸੰਭਾਵਨਾ ਹੈ ਅਤੇ ਸਾਲ ਦੇ ਮਿਥੇ ਹੋਏ ਟੀਚੇ ਪੂਰਨ ਹੋਣ ਦੀ ਪੂਰੀ ਆਸ ਹੈ।

**ਕਾਮਰੇਡ ਦਰਸ਼ਨ ਸਿੰਘ ਝਬਾਲ** : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਕਿਸਾਨਾਂ ਨੇ ਹਜ਼ਾਰਾਂ ਰੁਪਏ ਪਹਿਲਾਂ ਜਮ੍ਹਾਂ ਕਰਵਾਏ ਹਨ ਪਰ ਅੱਜੇ ਤਕ ਉਨ੍ਹਾਂ ਨੂੰ ਕੁਨੈਕਸ਼ਨ ਨਹੀਂ ਮਿਲੇ ਇਸ ਤਰ੍ਹਾਂ ਕਰੋੜਾਂ ਰੁਪਿਆ ਉਨ੍ਹਾਂ ਦਾ ਜਮ੍ਹਾਂ ਹੈ ਪਰ ਉਨ੍ਹਾਂ ਨੂੰ ਅਜੇ ਤੱਕ ਕੁਨੈਕਸ਼ਨ ਨਹੀਂ ਦਿਤੇ ਗਏ। ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਜਲਦੀ ਦਿਆਂਗੇ ਪਰ ਕੋਈ ਤਾਰੀਖ ਨਿਸ਼ਚਿਤ ਨਹੀਂ ਕੀਤੀ ਗਈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਲਦੀ ਤੋਂ ਕੀ ਭਾਵ ਹੈ ਅਤੇ ਕੀ ਉਨ੍ਹਾਂ ਨੂੰ ਜਲਦੀ ਕੁਨੈਕਸ਼ਨ ਦੇ ਦੇਣਗੇ ? ਦੂਜਾ ਮੈਂ ਪੁੱਛਿਆ ਸੀ ਕਿ ਸ਼ਡਿਊਲਡ ਕਾਸਟਸ ਵਾਸਤੇ ਕੀ ਕੀਤਾ ਹੈ, ਪਰ ਉਨ੍ਹਾਂ ਵਾਸਤੇ ਕੋਈ ਜਵਾਬ ਨਹੀਂ ਉਨ੍ਹਾਂ ਨੇ ਦਿਤਾ। ਉਨ੍ਹਾਂ ਨੂੰ ਕੋਈ ਲਾਭ ਨਹੀਂ ਹੋ ਰਿਹਾ। ਉਹ ਕਹਿੰਦੇ ਹਨ ਕਿ ਤੁਸੀਂ ਮੈਟੀਰੀਅਲ ਲਿਆਓ। ਕੋਈ ਤਾਰ ਦੇ ਦੇਵੇ ਤਾਂ ਲਗਾ ਦਿੰਦੇ ਅਜੇ ਜੇ ਕੋਈ ਤਾਰ ਨਾ ਦੇਵੇ ਤਾਂ ਨਹੀਂ ਲਗਾਉਂਦੇ ਬੜੀ ਅਣਗਹਿਲੀ ਕੀਤੀ ਜਾ ਰਹੀ ਹੈ। ਇਸ ਉਤੇ ਵਜ਼ੀਰ ਸਾਹਿਬ ਕੀ ਐਕਸ਼ਨ ਲੈਣਗੇ ?

**ਮੰਤਰੀ:** ਇਸ ਬਾਰੇ ਮੈਂ ਪਹਿਲਾਂ ਕਿਹਾ ਹੈ ਕਿ ਅਸੀਂ ਜੋ ਸਮਾਂ, ਟੀਚਾ ਰੱਖਿਆ ਸੀ, ਜੋ ਪਲਾਨ ਕੀਤਾ ਸੀ, ਉਸ ਦੇ ਮੁਤਾਬਿਕ ਟਿਊਬਵੈਲ ਕੁਨੈਕਸ਼ਨ ਅਤੇ ਜਨਰਲ ਸਰਵਿਸ ਕੁਨੈਕਸ਼ਨ ਦਿਤੇ ਜਾਣਗੇ। ਜਿਥੋਂ ਤੱਕ ਸ਼ਡਿਊਲਡ ਕਾਸਟਸ ਦੇ ਬਾਰੇ ਕਿਹਾ ਗਿਆ ਹੈ, ਉਸ ਬਾਰੇ ਇਸ ਤਰ੍ਹਾਂ ਹੈ ਕਿ ਉਨ੍ਹਾਂ ਨੂੰ ਸਿਰਫ ਸਿਕਿਉਰਟੀ ਜਮ੍ਹਾਂ ਕਰਾਉਣ ਵਿਚ ਰਿਆਇਤ ਦਿਤੀ ਗਈ ਹੈ। ਸਪੀਕਰ ਸਾਹਿਬ, ਉਹ ਅਸੀਂ ਟੀਚੇ ਪੂਰੇ ਕਰਨੇ ਹਨ। ਪਿਛਲੇ ਇਕ ਵਕਤ ਕਾਫੀ ਮੰਗਾਂ ਸਾਹਮਣੇ ਆ ਗਈਆਂ, ਉਸ ਕਰਕੇ ਹੀ ਪਾਵਰਜ਼ ਜ਼ਿਆਦਾ ਦੇਣ ਦਾ ਅਤੇ ਕਮੇਟੀ ਵਗੈਰਾ ਬਣਾਉਣ ਦਾ ਕੰਮ ਕੀਤਾ ਹੈ। ਇਹ ਸਾਰੇ ਯਤਨ ਉਸ ਕਰਕੇ ਹੀ ਕੀਤੇ ਹਨ। ਜਿਥੋਂ ਤਕ, ਸਪੀਕਰ ਸਾਹਿਬ, ਸ਼ਡਿਊਲਡ ਕਾਸਟਸ ਦਾ ਤੱਲਕ ਹੈ ਉਨ੍ਹਾਂ ਨੂੰ ਸਿਕਿਉਰਟੀ ਕਿਸ ਮਿਕਦਾਰ ਵਿਚ ਦੇਣੀ ਹੈ ਅਤੇ ਕਿਹੜੀ ਦੇਣੀ ਹੈ, ਇਹ ਦੇਖ ਰਹੇ ਹਾਂ। ਬਾਕੀ ਦੀਆਂ ਚੀਜ਼ਾਂ ਉਹੀ ਲਾਗੂ ਹਨ ਜਿਹੜੀਆਂ ਜਨਰਲ ਲੋਕਾਂ ਵਾਸਤੇ ਲਾਗੂ ਹਨ।

Original with;
Punjab Vidhan Sabha
Digitized by;
Panjab Digital Library

(Serial No. 72)

**Chaudhri Bal Ram Jakhar**
**Chaudhri Kanshi Ram** : Sir, I beg to draw the attention of the Government towards a matter of urgent public importance namely, the prevailingunrest in the teachers of the Punjab Education Department over the non-appointment of the staff in the Directorate of Primary Education, which has brought the work to a stand still in the State. This is adversely affecting the education of the children and is, therefore, a fit matter in which the Government should make a statement.

**ਵਿਦਿਆ ਮੰਤਰੀ** (ਸਰਦਾਰ ਸੁਖਜਿੰਦਰ ਸਿੰਘ ਖੈਰਾ) : ਸਪੀਕਰ ਸਾਹਿਬ, ਇਸ ਕਥਨ ਵਿਚ ਕੋਈ ਸਚਾਈ ਨਹੀਂ ਹੈ ਕਿ ਪ੍ਰਾਇਮਰੀ ਸਿਖਿਆ ਦੇ ਡਾਇਰੈਕਟੋਰੇਟ ਨੂੰ ਲੋੜੀਂਦਾ ਅਮਲਾ ਨਹੀਂ ਦਿੱਤਾ ਗਿਆ, ਜਿਸ ਵੱਜੋਂ ਸਿਖਿਆ ਵਿਭਾਗ ਦੇ ਅਧਿਆਪਕਾਂ ਵਿਚ ਬੇਚੈਨੀ ਹੈ ਅਤੇ ਬੱਚਿਆਂ ਦੀ ਸਿਖਿਆ ਦੇ ਕੰਮ ਤੇ ਭੈੜਾ ਅਸਰ ਪੈ ਰਿਹਾ ਹੈ। ਡਾਇਰੈਕਟਰ, ਪ੍ਰਾਇਮਰੀ ਸਿਖਿਆ ਨੂੰ ਲੋੜੀਂਦਾ ਅਮਲਾ ਦਿੱਤਾ ਜਾ ਚੁਕਾ ਹੈ ਅਤੇ ਕੰਮ ਠੀਕ ਚਲ ਰਿਹਾ ਹੈ। ਕੁੱਝ ਸਾਂਝਾ ਕੰਮ ਭਾਵ ਬਜਟ, ਪਲੈਨਿੰਗ, ਪੁਸਤਕਾਂ ਅਤੇ ਸਕੂਲਾਂ ਨੂੰ ਸਹਾਇਤਾ ਦੇਣ ਦਾ ਕੰਮ ਹਾਲੇ ਇਕੱਠਾ ਹੈ ਅਤੇ ਜਿਥੇ ਜ਼ਰੂਰਤ ਹੁੰਦੀ ਹੈ ਡਾਇਰੈਕਟਰ, ਪ੍ਰਇਮਰੀ ਸਿਖਿਆ ਤੋਂ ਆਦੇਸ਼ ਲੈ ਕੇ ਕਾਰਵਾਈ ਕੀਤੀ ਜਾਂਦੀ ਹੈ। ਇਸ ਡਾਇਰੈਕਟੋਰੇਟ ਨੂੰ ਹੋਰ ਅਮਲਾ ਦੇਣ ਬਾਰੇ ਭੀ ਵਿਚਾਰ ਕੀਤੀ ਜਾ ਰਹੀ ਹੈ। ਸਿਖਿਆ ਡਾਇਰੈਕਟੋਰੇਟ ਦਾ ਕੰਮ ਮਿਲਵਰਤਣ ਨਾਲ ਅਤੇ ਠੀਕ ਤਰੀਕੇ ਨਾਲ ਚਲ ਰਿਹਾ ਹੈ।

**ਚੌਧਰੀ ਬਲਰਾਮ ਜਾਖੜ** : ਸਪੀਕਰ ਸਾਹਿਬ, ਜੋ ਐਜੂਕੇਸ਼ਨ ਅਫ਼ਸਰ ਹੇਠਾਂ ਲਗਾਉਣੇ ਸੀ, ਬੀ.ਈ.ਓ. ਵਗੈਰਾ ਉਹ ਪ੍ਰਾਇਮਰੀ ਟੀਚਰਜ਼ ਵਿਚੋਂ ਲਗਾਉਣੇ ਸੀ ਔਰ ਇਸ ਦੇ ਮੁਤੱਲਕ ਕੋਈ ਕੰਮ ਨਹੀਂ ਹੋਇਆ। ਪ੍ਰਾਇਮਰੀ ਟੀਚਰਜ਼ ਨੂੰ ਨਾ ਹੈਡਮਾਸਟਰ ਬਣਾਇਆ ਹੈ ਔਰ ਨਾ ਬੀ.ਈ.ਓ. ਬਣਾਇਆ ਹੈ। ਕੀ ਇਸ ਦੀ ਰੌਸ਼ਨੀ ਵਿਚ ਮਨਿਸਟਰ ਸਾਹਿਬ ਦੱਸਣਗੇ ਕਿ ਕਦੋਂ ਤਕ ਇਹ ਕੰਮ ਮੁਕੰਮਲ ਹੋ ਜਾਵੇਗਾ ਅਤੇ ਇਨ੍ਹਾਂ ਨੂੰ ਪ੍ਰੋਮੋਟ ਕੀਤਾ ਜਾਵੇਗਾ ?

**ਮੰਤਰੀ**: ਸਪੀਕਰ ਸਾਹਿਬ, ਪਿਛਲੇ 30 ਸਾਲਾਂ ਤੋਂ ਇਹ ਮੰਗ ਚਲੀ ਆ ਰਹੀ ਸੀ ਕਿ ਪ੍ਰਇਮਰੀ ਸਕੂਲ ਸਿਖਿਆ ਡਾਇਰੈਕਟੋਰੇਟ ਜੁੱਦਾ ਕੀਤਾ ਜਾਵੇ। ਇਹ ਮਾਮਲਾ ਪਿਛਲੇ 30 ਸਾਲਾਂ ਤੋਂ ਪਹਿਲੀਆਂ ਸਰਕਾਰਾਂ ਲਮਕਾਈ ਤੁਰੀ ਆਉਂਦੀਆਂ ਸਨ ਅਤੇ ਕਿਸੇ ਨੇ ਕੋਈ ਫੈਸਲਾ ਨਹੀਂ ਕੀਤਾ। ਅਸੀਂ ਇਸ ਦਾ ਫੈਸਲਾ ਕਰ ਦਿਤਾ ਹੈ। ਇਹ ਇਕ ਬਹੁੱਤ ਵੱਡੀ ਐਸਟੇਬਲਿਸ਼ਮੈਂਟ ਹੈ ਔਰ ਇਸ ਤੇ ਟਾਈਮ ਤਾਂ ਲਗਣਾ ਹੀ ਹੈ। ਇਹ ਕਿਸੇ ਔਕੜ ਬਾਰੇ ਦੱਸਣ ਕਿ ਫਲਾਣੀ ਫਲਾਣੀ ਥਾਂ ਤੇ ਔਕੜ ਹੈ, ਉਹ ਅਸੀਂ ਦੂਰ ਕਰਾਂਗੇ। ਜ਼ਿਲ੍ਹਾ ਪੱਧਰ ਤੇ ਇਨ੍ਹਾਂ ਦਾ ਸਟਾਫ ਅਲਹਿਦਾ ਹੈ, ਦਫ਼ਤਰ ਅਲਹਿਦਾ ਹੈ। ਡਿਵੀਜ਼ਨ ਪੱਧਰ ਤੇ ਕੋਈ ਇਨਾਂ ਦਾ ਦਫ਼ਤਰ ਨਹੀਂ ਰਖਿਆ। ਬਾਕੀ ਬਲਾਕਾਂ ਦੇ ਦਫ਼ਤਰਾਂ ਵਾਸਤੇ ਰੂਲਜ਼ ਬਣਾਉਣੇ ਜ਼ਰੂਰੀ ਸਨ ਔਰ ਅਸੀਂ ਜਲਦੀ ਇਹ ਰੂਲਜ਼ ਬਣਾ ਰਹੇ ਹਾਂ। ਮੈਂ ਹੁਕਮ ਕਰ ਦਿਤਾ ਹੈ ਕਿ ਸਤੰਬਰ ਦੇ ਆਖਿਰ ਤਕ ਰੂਲਜ਼ ਬਨਣੇ ਚਾਹੀਦੇ ਹਨ।

**Dr. Kewal Krishan** : On a point of Order. At page 2 of Bulletin No. 6 of the Punjab Vidhan Sabha Secretariat, it is written as under :—

"All the Demands Nos. 1, 5, 6, 13, 17, 18, 19, 31, 32, 33, 39 and 40 were put to the vote of the House one by one and carried".

It is wrong. It is mis-represented.

Original with;
Punjab Vidhan Sabha
Digitized by;
Panjab Digital Library

**Mr. Speaker :** This is a matter of procedure, which must not be raised in the House. I will request you to come to my Chamber.

**ਸਰਦਾਰ ਉਮਰਾਓ ਸਿੰਘ :** ਸਪੀਕਰ ਸਾਹਿਬ, ਇਹ ਗੱਲ ਉਸ ਦਿਨ ਵੀ ਹੋਈ ਸੀ ।

**ਸ੍ਰੀ ਸਪੀਕਰ :** ਜੇ ਸਰਦਾਰ ਉਮਰਾਓ ਸਿੰਘ ਜੀ, ਮੁਨਾਸਿਬ ਸਮਝੋ ਤਾਂ ਚੈਂਬਰ ਵਿਚ ਆ ਕੇ ਗਲ ਕਰ ਲਓ (ਵਿਘਨ)

**ਸਰਦਾਰ ਕਿਰਪਾਲ ਸਿੰਘ :** ਸਪੀਕਰ ਸਾਹਿਬ, ਇਸ ਆਨਰੇਬਲ ਹਾਊਸ ਵਿਚ ਕਿਸੇ ਆਨਰੇਬਲ ਮੈਂਬਰ ਨੇ ਚੇਅਰ ਮੁਖਾਤਿਬ ਕਰਦਿਆਂ *** ਦਾ ਲਫ਼ਜ਼ ਵਰਤਿਆ ਸੀ, ਜਦੋਂ ਉਨ੍ਹਾਂ ਨੂੰ ਕਿਹਾ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਮੈਂ ਚੇਅਰ ਨੂੰ ਨਹੀਂ ਕਿਹਾ, ਜੋ ਹਾਊਸ ਵਿਚ ਹੋ ਰਿਹਾ ਹੈ ਮੈਂ ਉਸ ਨੂੰ ** ਕਿਹਾ ਹੈ। ਮੈਂ ਤਜਵੀਜ਼ ਵੀ ਭੇਜੀ ਅਤੇ ਉਹ ਐਕਸੈਪਟ ਹੋ ਗਈ ਸੀ। ਮੈਨੂੰ ਕਿਹਾ ਗਿਆ ਕਿ ਪ੍ਰਾਪਰ ਫਾਰਮ ਵਿਚ ਲਿਖ ਕੇ ਭੇਜਿਆ ਜਾਵੇ। ਮੈਂ ਲਿਖ ਕੇ ਵੀ ਭੇਜ ਦਿਤਾ ਹੈ, ਪਰ ਉਹ ਅਜੇ ਤਕ ਟੇਕ ਅੱਪ ਨਹੀਂ ਹੋਇਆ ।

**Mr. Speaker :** I will see what is to be done at the appropriate time

## SECOND REPORT OF THE BUSINESS ADVISORY COMMITTEE

**Mr. Speaker :** I have to present to the House the Second Report of the Business Advisory Committee. The Report reads as under :—

After some discussion it was decided that the following business be transacted at the under mentioned sittings of the Vidhan Sabha :—

| | |
|---|---|
| Thursday, the 14th September, 1978 (Morning Sitting 9.00 A.M. to 1.30 P.M.) | (i) The Punjab Agricultural Produce Markets (Second Amendment) Bill, 1978 |
| | (ii) The Punjab Water Supply and Sewerage Board (Amendment) Bill, 1978 |
| | (ii) The Punjab Municipal (Amendment) Bill, 1978 |
| | (iv) The Punjab Town Improvement (Amendment) Bill, 1978. |
| | (v) The Punjab Municipal Corporation (Amendment) Bill, 1978. |
| Thursday, the 14th September, 1978 (Afternoon Sitting 2.30 P.M. to 7.00 P.M.) | (i) Discussion on the statement made by the Minister for Finance on 11th September, 1978 in connecion with Sixth Five Year Plan (1978—83). (Two hours). |
| | (ii) The Punjab General Sales Tax, (Second Amendment) Bill, 1978. |
| | (iii) The Punjab Ex-Servicemen Corporation Bill, 1978. |
| | (iv) The Punjab Guru Gobind Singh Medical College, Faridkot (Acquisition) and Miscellaneous Provisions Bill, 1978. |
| | (v) The Motor Vehicles (Punjab Amendment) Bill, 1978. |

**Expunged as ordered by the Chair.

Original with;
Punjab Vidhan Sabha
Digitized by;
Panjab Digital Library

[Mr Speaker]

| | |
|---|---|
| Friday, the 15th September, 1978 (9.00 A.M. to 1.30 P.M.) | (i) The Punjab Agricultural Credit Operations and Miscellaneous Provisions (Banks) Bill, 1978.<br>(ii) The Punjab Requisitioning and Acquisition of Moveable Property, Bill, 1978.<br>(iii) The Punjab Panchayat Samitis and Zila Parishad (Temporary Supersession) Bill, 1978.<br>(iv) Discussion on motion regarding Twenty-Third Report of the Commissioner for Scheduled Castes and Scheduled Tribes for the year 1974-75 which was laid on the Table of the House on the 4th September, 1978. (Two hours). |
| Saturday, the 16th September, 1978 (9.00 A.M. to 1.30 P.M.) | (i) Discussion on motion regarding the Annual Statements of Accounts of the Punjab State Electricity Board for the year 1972-73 to 1975-76, which were laid on the Table of the House on the 8th September, 1978. (Two hours)<br>(ii) The Punjab State Legislature Members (Pension and Medical Facilities Regulation) Amendment Bill, 1978.<br>(iii) The Punjab Legislative Assembly (Allowances of Members,) Amendment Bill, 1978.<br>(iv) The Punjab Legislators (Modifications of Allowances and other Amenities) Bill, 1978. |

It was decided that the business fixed for each day shall be completed before the adjournment of the House on that day.

If any rule/rules of the Rules of Procedure and Conduct of Business in the Punjab Vidhan Sabha (Punjab Legislative Assembly) is/are inconsistent with the above recommendations, that rule/those rules will stand suspended to that extent.

**Industries Minister** (Shri Balramji Dass Tandon) :Sir, I beg to move—

That this House agrees with the recommendations contained in the Second Report of the Business Advisory Committee

**Mr. Speaker** : Motion moved—

That this House agrees with the recommendations contained in the Second Report of the Business Advisory Committee

**Mr. Speaker** : Question is—

That this House agrees with the recommendations contained in the Second Report of the Business Advisory Committee

*The motion was carried*

## *LEGISLATIVE BUSINESS*

## THE PUNJAB APPROPRIATION (NO. 4) BILL, 1978

*(Resumption of Consideration)*

**Mr. Speaker** : Now the House will resume consideration of the motion that the Punjab Appropriation (No. 4) Bill. be taken into consideration at once. Sardar Umrao Singh was on his legs when the House adjourned. He may please resume his speech.

**ਸਰਦਾਰ ਉਮਰਾਓ ਸਿੰਘ (ਨਕੋਦਰ)** : ਸਪੀਕਰ ਸਾਹਿਬ, ਮੈਂ ਜ਼ਿਕਰ ਕਰ ਰਿਹਾ ਸੀ ਕਿ ਫਲੱਡ ਦੇ ਮੁਤੱਅਲਕ ਡੇਢ ਕਰੋੜ ਰੁਪਿਆ ਰੱਖਿਆ ਗਿਆ ਹੈ । ਚੀਫ ਮਨਿਸਟਰ ਸਾਹਿਬ ਨੇ ਕਿਹਾ ਹੈ

Original with;
Punjab Vidhan Sabha
Digitized by;
Panjab Digital Library

ਕਿ ਫਲੱਡ ਵਾਸਤੇ ਜੋ ਸਹਾਇਤਾ ਦੇਣੀ ਹੈ ਉਹ ਦੁਗਣੀ ਕਰ ਦਿਤੀ ਹੈ। ਸਪੀਕਰ ਸਾਹਿਬ, ਮੈਂ ਇਥੇ ਇਕ ਸਵਾਲ ਦੇ ਜਵਾਬ ਵਿਚ ਜੋ ਜੱਥੇਦਾਰ ਜੀਵਨ ਸਿੰਘ ਉਮਰਾਨੰਗਲ ਜੀ ਨੇ 7 ਤਾਰੀਖ ਨੂੰ ਕਿਹਾ ਸੀ ਉਹ ਮੈਂ ਦੱਸਣਾ ਚਾਹੁੰਦਾ ਹਾਂ। ਉਨ੍ਹਾਂ ਨੇ ਆਪਣੇ ਜਵਾਬ ਵਿਚ ਕਿਹਾ ਸੀ ਕਿ 1976-77 ਵਿਚ ਸਿਰਫ ਇਕ ਜ਼ਿਲ੍ਹੇ ਫਿਰੋਜ਼ਪੁਰ ਵਿਚ 1 ਕਰੋੜ ਰੁਪਏ ਦੀ ਸਹਾਇਤਾ ਦਿਤੀ ਗਈ ਹੈ। ਸਾਰਾ ਡੇਢ ਕਰੋੜ ਰੁਪਿਆ ਰਖਿਆ ਗਿਆ ਹੈ ਅਤੇ 1 ਕਰੋੜ ਰੁਪਿਆ ਇਕੱਲੇ ਡਿਸਟ੍ਰਿਕਟ ਨੂੰ ਦਿਤਾ ਗਿਆ ਹੈ ਬਾਕੀ ਦਾ ਰੁਪਿਆ ਇਹ ਕਿਸ ਕਿਸ ਨੂੰ ਦੇਣਗੇ। ਇਸ ਗੱਲ ਦੀ ਇਥੇ, ਸਪੀਕਰ ਸਾਹਿਬ, ਜ਼ਰੂਰ ਗਲਤ ਬਿਆਨੀ ਵੀ ਕੀਤੀ ਗਈ ਹੈ। ਫਾਈਨਾਂਸ ਮਨਿਸਟਰ ਸਾਹਿਬ ਨੇ ਆਪਣੇ ਜਵਾਬ ਵਿਚ ਕਿਹਾ ਹੈ, ਜੇ ਇਨ੍ਹਾਂ ਦੇ ਪਾਸ ਆਪਣਾ ਜਵਾਬ ਲਿਖਿਆ ਹੋਇਆ ਨਹੀਂ ਤਾਂ ਮੈਂ ਇਨ੍ਹਾਂ ਨੂੰ ਇਨ੍ਹਾਂ ਦੇ ਜਵਾਬ ਦੀ ਕਾਪੀ ਦੇ ਸਕਦਾ ਹਾਂ, ਕਿ 2 ਹਜ਼ਾਰ ਰੁਪਿਆ ਪੱਕੇ ਮਕਾਨ ਵਾਸਤੇ ਦਿਤਾ ਗਿਆ ਹੈ ਅਤੇ 300 ਰੁਪਏ ਫੀ ਏਕੜ ਦਿਤਾ ਗਿਆ ਹੈ ਜਿਹੜਾ ਕਿ ਅੱਗੇ ਕਦੇ ਕਿਸੇ ਸਰਕਾਰ ਨੇ ਨਹੀਂ ਦਿਤਾ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਵਿਚ ਜਦੋਂ ਪਿਛੇ ਜਿਹੇ ਗੜ੍ਹਿਆਂ ਨਾਲ ਨੁਕਸਾਨ ਹੋਇਆ ਸੀ-- (ਵਿਘਨ)

**ਵਿੱਤ ਮੰਤਰੀ :** ਮੈਂ ਫਲੱਡ ਦੇ ਨਾਲ ਨੁਕਸਾਨ ਦਾ ਕਿਹਾ ਹੈ, ਤੁਸੀਂ ਫਲੱਡ ਦੇ ਬਾਰੇ ਦੱਸੋ।

**ਸਰਦਾਰ ਉਮਰਾਓ ਸਿੰਘ :** ਫਲੱਡ ਦੇ ਵਾਸਤੇ ਵੀ ਅਸੀਂ ਦਿਤਾ ਹੈ। ਨੁਕਸਾਨ ਤਾਂ ਫਲੱਡ ਨਾਲ ਵੀ ਹੁੰਦਾ ਹੈ ਅਤੇ ਨੁਕਸਾਨ ਗੜ੍ਹਿਆਂ ਨਾਲ ਵੀ ਬਹੁਤ ਹੋਇਆ ਹੈ। ਜਿਨ੍ਹਾਂ ਲੋਕਾਂ ਦਾ ਨੁਕਸਾਨ ਹੋਇਆ ਸੀ ਉਨ੍ਹਾਂ ਨੂੰ 300 ਰੁਪਏ ਫੀ ਏਕੜ ਦੇ ਹਿਸਾਬ ਨਾਲ ਰਿਲੀਫ ਦਿਤਾ ਸੀ ਅਤੇ 7 ਏਕੜ ਦੀ ਕੋਈ ਸ਼ਰਤ ਨਹੀਂ ਸੀ ਲਗਾਈ। ਸਰਦਾਰ ਬਲਵੰਤ ਸਿੰਘ ਨੇ ਤਾਂ 7 ਏਕੜ ਦੀ ਸ਼ਰਤ ਲਗਾ ਦਿਤੀ ਹੈ, ਅਸੀਂ ਕੋਈ ਸ਼ਰਤ ਨਹੀਂ ਸੀ ਲਗਾਈ ਅਤੇ 300 ਰੁਪਏ ਫੀ ਏਕੜ ਦਾ ਰਿਲੀਫ ਦਿਤਾ ਹੈ। ਸਪੀਕਰ ਸਾਹਿਬ, ਜਿਥੋਂ ਤੱਕ ਏਕੜਾਂ ਦੀ ਸੀਲਿੰਗ ਦਾ ਤੱਅਲਕ ਹੈ ਉਸ ਦੇ ਵਿਚ ਮੈਂ ਜ਼ਰੂਰ ਜਾਣਾ ਚਾਹੁੰਦਾ ਹਾਂ। ਇਹ ਪੈਸੇ ਨਾ ਦੇਣ ਦਾ ਇਕ ਬਹਾਨਾ ਹੈ, ਸੋਸ਼ਲਿਜ਼ਮ ਦਾ ਕੋਈ ਬਹਾਨਾ ਨਹੀਂ ਜਿਹੜਾ ਇਹ ਕਲੇਮ ਕਰਦੇ ਹਨ ਕਿ ਅਸੀਂ ਸਹੀ ਸੋਸ਼ਲਿਜ਼ਮ ਲਿਆਉਣਾ ਹੈ। ਵੱਡੇ ਜ਼ਿਮੀਦਾਰ ਜਿਨ੍ਹਾਂ ਦੀ 8--10 ਏਕੜ ਜ਼ਮੀਨ ਹੈ ਉਸ ਦਾ ਨੁਕਸਾਨ ਜ਼ਿਆਦਾ ਹੋਇਆ ਹੈ ਔਰ ਉਸ ਨੂੰ ਜ਼ਿਆਦਾ ਮੁਆਵਜ਼ਾ ਦੇਣਾ ਚਾਹੀਦਾ ਹੈ। ਇਸ ਲਈ ਮੇਰੀ ਗੁਜ਼ਾਰਿਸ਼ ਹੈ ਕਿ ਜਿਹੜੀ ਇਹ ਪਾਬੰਦੀ ਲਗਾਈ ਹੈ, ਇਹ ਪਾਬੰਦੀ ਹਟਾਉਣੀ ਚਾਹੀਦੀ ਹੈ। ਔਰ ਇਹ ਗੱਲ ਵੀ ਗਲਤ ਕਹੀ ਗਈ ਹੈ ਕਿ 300 ਰੁਪਏ ਫੀ ਏਕੜ ਅੱਗੇ ਕਦੇ ਵੀ ਨਹੀਂ ਦਿਤਾ ਗਿਆ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਸਾਡੀ ਸਰਕਾਰ ਵੇਲੇ 300 ਰੁਪਏ ਫੀ ਏਕੜ ਦੇ ਹਿਸਾਬ ਨਾਲ ਰਿਲੀਫ ਦਿਤਾ ਗਿਆ ਹੈ ਔਰ ਇਹ ਰਿਲੀਫ ਫਲੱਡ ਵਾਸਤੇ ਵੀ ਦਿਤਾ ਗਿਆ ਹੈ। ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਪੰਜਾਬ ਦੇ ਕਿਸਾਨਾਂ ਨੂੰ 12 ਕਰੋੜ ਰੁਪਏ ਦਾ ਰਿਲੀਫ ਦਿਤਾ ਹੈ। ਇਹ ਗੱਲ ਰਿਕਾਰਡ ਵਿਚ ਮੌਜੂਦ ਹੈ ਔਰ ਇਹ ਅਗਰ 12 ਕਰੋੜ ਰੁਪਏ ਤੋਂ ਜ਼ਿਆਦਾ ਰਿਲੀਫ ਦੇ ਸਕਣ ਤਾਂ ਅਸੀਂ ਇਨ੍ਹਾਂ ਨੂੰ ਸ਼ਾਬਾਸ਼ ਕਹਾਂਗੇ ਪਰ ਜੇ ਡੇਢ ਕਰੋੜ ਰੁਪਏ ਨਾਲ ਹੀ ਲੋਕਾਂ ਨੂੰ ਟਰਕਾਉਣਾ ਹੈ ਤਾਂ ਫਿਰ ਜਿਸ ਤਰ੍ਹਾਂ ਮੁੱਖ ਮੰਤਰੀ ਜੀ ਨੇ ਆਪ ਕਿਹਾ ਸੀ, ਇਥੇ ਤਾੜੀਆਂ ਵਜਵਾਉਣ ਜਾਂ ਇਥੇ ਵਾਹ ਵਾਹ ਕਰਾਉਣ ਨਾਲੋਂ ਵੱਧ ਹੋਰ ਕੁਝ ਨਹੀਂ। ਇਸ ਦੇ ਵਿਚ ਕੋਈ ਮੱਦਦ ਦੀ ਝਲਕ ਨਜ਼ਰ ਨਹੀਂ ਆਉਂਦੀ ਕਿਉਂਕਿ ਫਲੱਡ ਦੇ ਨਾਲ ਲੋਕਾਂ ਦਾ ਜੋ ਨੁਕਸਾਨ ਹੋਇਆ ਹੈ, ਕਿਸਾਨਾਂ ਦਾ ਜੋ ਨੁਕਸਾਨ ਹੋਇਆ ਹੈ ਉਸ ਦੇ ਲਈ ਕਿਸਾਨਾਂ ਦੀ ਮੱਦਦ ਕਰਨੀ, ਲੋਕਾਂ ਦੀ ਮੱਦਦ ਕਰਨੀ ਬਹੁਤ ਜ਼ਰੂਰੀ ਹੈ ਪਰ ਪੈਸਾ ਬਹੁਤ ਥੋੜਾ ਰੱਖਿਆ ਗਿਆ ਹੈ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੋ ਪਿਛਲੀ ਸਰਕਾਰ ਨੇ ਕੀਤਾ ਹੈ ਉਸ ਦੀ ਪ੍ਰਸ਼ੰਸਾ ਹੋਣੀ ਚਾਹੀਦੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਉਮਰਾਓ ਸਿੰਘ]

ਹੈ ਅਤੇ ਜੇ ਇਹ ਕੋਈ ਅੱਛੀ ਗੱਲ ਕਰਦੇ ਹਨ ਤਾਂ ਅਸੀਂ ਉਸ ਦੀ ਵੀ ਪ੍ਰਸ਼ੰਸਾ ਕਰਾਂਗੇ। ਸਪੀਕਰ ਸਾਹਿਬ, ਅਸੀਂ ਉਸ ਵੇਲੇ ਵੀ ਕਿਹਾ ਸੀ ਕਿ ਇਕੱਲੀ ਇਕੱਲੀ ਮੱਦ ਉਤੇ ਬਹਿਸ ਰੱਖੋ ਤਾਂ ਕਿ ਅਸੀਂ ਇਕੱਲੀ ਇਕੱਲੀ ਮੱਦ ਤੇ ਆਪਣੀ ਰਾਏ ਦੇ ਸਕੀਏ। ਸਪੀਕਰ ਸਾਹਿਬ, ਮੈਂ ਪਰਸੋਂ 11 ਤਾਰੀਖ ਦੀ ਅਖਬਾਰ ਦੇਖੀ ਹੈ ਉਸ ਵਿਚ ਕੁਝ ਐਲੋਕੇਸ਼ਨ ਕੀਤੀ ਗਈ ਹੈ ਉਸ ਦਾ ਜ਼ਿਕਰ ਆਇਆ ਹੈ। ਸੈਂਟਰਲ ਗੌਰਮਿੰਟ ਨੇ ਫਲੱਡ ਵਾਸਤੇ ਐਲੋਕੇਸ਼ਨ ਕੀਤੀ ਹੈ।

ਮੈਂ ਫਾਈਨੈਂਸ ਮਨਿਸਟਰ ਸਾਹਿਬ ਦਾ ਧਿਆਨ ਦਿਲਾਉਣਾ ਚਾਹੁੰਦਾ ਹਾਂ ਕਿ 86.75 ਰੁਪਿਆ ਸੈਂਕਸ਼ਨ ਕੀਤਾ ਗਿਆ ਹੈ।

A sum of Rs 86.75 crore has been sanctioned as advance plan assistance to eight States by the Planning Commission for relief from floods and other natural calamities during 1978-79.

Of this, Rs 36.82 crore has already been released to five States Andhra Pradesh, Bihar, Tamil Nadu and Uttar Pradesh, according to the latest figures available.

Besides, Rs 5 crore have been released for West Bengal although no amount has been allocated to it as the Central fact-finding team is yet to make its report.

ਟੀਮ ਨੇ ਰਿਪੋਰਟ ਨਹੀਂ ਸੀ ਦਿਤੀ ਫਿਰ ਵੀ ਪੈਸੇ ਦਿਤੇ ਗਏ। ਇਥੇ ਤਰ੍ਹਾਂ ਹਰਿਆਣਾ ਔਰ ਮੱਧ ਪ੍ਰਦੇਸ਼ ਨੂੰ ਪੈਸੇ ਦਿਤੇ ਗਏ। ਪੰਜਾਬ ਦੇ ਮੁਤਅੱਲਕ ਕਿਹਾ ਗਿਆ ਹੈ ਕਿ ਟੀਮ ਦੀ ਰਿਪੋਰਟ ਅਜੇ ਨਹੀਂ ਮਿਲੀ। ਇਸ ਤੋਂ ਇਹ ਕਲੀਅਰ ਹੈ ਕਿ ਟੀਮ ਨੇ ਰਿਕਮੈਂਡ ਨਹੀਂ ਕੀਤਾ ਹੋਣਾ। ਲੇਕਿਨ ਇਕ ਇਹ ਗੱਲ ਕਲੀਅਰ ਹੈ ਕਿ ਪਿਛਲੇ ਮਹੀਨੇ ਬਾਕੀ ਦੇਸ਼ ਨਾਲੋਂ ਸਭ ਤੋਂ ਪਹਿਲਾਂ ਇਥੇ ਫਲੱਡ ਆਏ। ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਇਸ ਮਹਿਕਮੇ ਦੇ ਜਿਹੜੇ ਸੈਂਟਰ ਦੇ ਮੰਤਰੀ ਹਨ ਉਹ ਇਸ ਸੂਬੇ ਦੇ ਹਨ। ਪਤਾ ਨਹੀਂ ਪੰਜਾਬ ਦੇ ਬਾਰੇ ਵਿਚ ਟੀਮ ਦੀ ਰਿਪੋਰਟ ਕਦੋਂ ਆਏਗੀ। ਬਾਕੀ ਸਾਰੇ ਸੂਬਿਆਂ ਨੂੰ ਕਿਸੇ ਨੂੰ 6 ਕਰੋੜ ਕਿਸੇ ਨੂੰ 8 ਕਰੋੜ ਰੁਪਏ ਮਿਲ ਗਏ ਹਨ। ਸਾਡੇ ਸੂਬੇ ਨੂੰ ਜਦੋਂ ਲੋੜ ਸੀ, ਸਰਦਾਰ ਆਤਮਾ ਸਿੰਘ ਨੇ ਕਿਹਾ ਹੈ ਕਿ ਤੁਰੰਤ ਦਿਆਂਗੇ, ਕਦੋਂ ਰਿਪੋਰਟ ਆਵੇ ਅਤੇ ਕਦੋਂ ਮਿਲੇ ਅਤੇ ਇਹ ਕਦੋਂ ਅੱਗੋਂ ਲੋਕਾਂ ਨੂੰ ਦੇਣ। ਮੈਂ ਕਹਿੰਦਾ ਹਾਂ ਕਿ ਇਹ ਕਹਿੰਦੇ ਰਹੇ ਹਨ ਕਿ ਕਾਂਗਰਸ ਵੇਲੇ ਸੈਂਟਰ ਦੀ ਸਰਕਾਰ ਵਿਤਕਰਾ ਕਰਦੀ ਰਹੀ ਹੈ, ਮੈਂ ਪੁਛਣਾ ਚਾਹੁੰਦਾ ਹਾਂ ਕਿ ਹੁਣ ਇਹ ਕੀ ਹੋ ਰਿਹਾ ਹੈ, ਇਹ ਸਭ ਤੋਂ ਵੱਡਾ ਵਿਤਕਰਾ ਹੈ ਇਸ ਤੋਂ ਹੋਰ ਕੀ ਸਬੂਤ ਚਾਹੀਦਾ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿੰਨਾਂ ਵੱਧ ਤੋਂ ਵੱਧ ਰਿਲੀਫ ਦੇਣ ਅਸੀਂ ਇਸ ਗੱਲ ਦੀ ਪ੍ਰਸ਼ੰਸਾ ਕਰਾਂਗੇ। ਇਹ ਕਹਿਣਾ ਗਲਤ ਹੈ ਕਿ ਕਾਂਗਰਸ ਸਰਕਾਰ ਨੇ ਕੁਝ ਨਹੀਂ ਕੀਤਾ। ਇਹ ਕਾਂਗਰਸ ਸਰਕਾਰ ਦੀ ਗਲ ਕਰਦੇ ਹਨ ਸਰਦਾਰ ਬਲਵੰਤ ਸਿੰਘ ਨੂੰ ਚਾਹੀਦਾ ਸੀ ਕਿ ਸਾਡੇ ਚੰਗੇ ਕੰਮਾਂ ਦੀ ਪ੍ਰਸੰਸਾ ਕਰਦੇ ਅਸੀਂ ਇਨ੍ਹਾਂ ਦੇ ਕੰਮਾਂ ਦੀ ਪ੍ਰਸ਼ੰਸਾ ਕਰਦੇ (ਵਿਘਨ) ਸਪੀਕਰ ਸਾਹਿਬ, ਇਹ ਫਲੱਡ ਦਾ ਜ਼ਿਕਰ ਕਰਦੇ ਹਨ ਅਸੀਂ ਇਕ ਸਾਲ ਗੜ੍ਹਿਆਂ ਲਈ 7-8 ਕਰੋੜ ਰੁਪਏ ਦਿਤੇ ਅਤੇ ਹੋਰ ਕੰਮਾ ਲਈ ਵੀ ਦਿਤੇ। ਇਸ ਤਰ੍ਹਾਂ ਇਕ ਸਾਲ ਵਿਚ 12 ਕਰੋੜ ਰੁਪਏ ਦਿਤੇ ਹਨ। ਪੰਜਾਬ ਦੀ ਜਿੰਨੀ ਫਾਈਨਾਂਸ਼ਲ ਪੋਜੀਸ਼ਨ ਹੈ ਉਸ ਤੋਂ ਜ਼ਿਆਦਾ ਦਿਤੇ। ਮੈਂ ਕਹਿੰਦਾ ਹਾਂ ਕਿ ਜਦੋਂ ਇਹ 12 ਕਰੋੜ ਰੁਪਏ ਪੂਰੇ ਕਰ ਦੇਣਗੇ ਅਸੀਂ ਇਨ੍ਹਾਂ ਦੀ ਪ੍ਰਸ਼ੰਸਾ ਕਰਾਂਗੇ। ਇਹ ਜਦੋਂ ਕਾਂਗਰਸ ਦੀ ਸਰਕਾਰ ਤੋਂ ਵੱਧ ਦੇਣਗੇ ਅਸੀਂ ਵੇਖ ਲਵਾਂਗੇ।

Original with;
Punjab Vidhan Sabha
Digitized by;
Panjab Digital Library

3.50 ਸ਼ਾਮ (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, ਕੁਝ ਰਕਮ ਰੱਖੀ ਗਈ ਹੈ ਸ਼ਰਾਬ ਦੀ ਖਰੀਦ ਵਾਸਤੇ। ਇਥੇ ਡਾਕਟਰ ਸਾਹਿਬ ਨੇ ਜ਼ਿਕਰ ਕੀਤਾ ਹੈ ਮੈਂ ਨਹੀਂ ਕਰਦਾ। ਸਰਦਾਰ ਆਤਮਾ ਸਿੰਘ ਜੀ ਬੜਾ ਪ੍ਰਚਾਰ ਕਰਦੇ ਹਨ। ਮੈਨੂੰ ਸ਼ੇਅਰ ਯਾਦ ਆ ਗਿਆ ਹੈ:

'ਸ਼ਬ ਕੋ ਪੀ ਸੁਬਹ ਕੇ ਤੋਬਾ ਕਰ ਲੀ,
ਰਿੰਦ ਕੇ ਰਿੰਦ ਰਹੇ, ਹਾਥ ਸੇ ਜੰਨਤ ਭੀ ਨਾ ਗਈ।'

ਕਿਤੇ ਇਹ ਤਾਂ ਨਹੀਂ ਕਿ ਦਿਨੇ ਪ੍ਰਚਾਰ ਕਰੀ ਜਾਓ ਔਰ ਸ਼ਾਮ ਨੂੰ, ਹਨੇਰੇ ਵੇਲੇ ਆਪਣਾ ਕੰਮ ਵੀ ਕਰ ਲਵੋ ਤਾਂ ਕਿ ਕਿਸੇ ਕਿਸਮ ਦੀ ਕੋਈ ਕਮੀ ਨਾ ਰਹੇ। ਮੈਂ ਸਰਦਾਰ ਆਤਮਾ ਸਿੰਘ ਜੀ ਨੂੰ ਕਹਾਂਗਾ ਕਿ ਉਹ ਮੰਤਰੀ ਪ੍ਰਚਾਰ ਹਨ। ਉਨ੍ਹਾਂ ਨੇ ਦਾੜੀ ਜੱਥੇ ਵੀ ਰੱਖਣੇ ਹਨ ਅਤੇ ਹੋਰ ਵੀ ਬਹੁਤ ਕੁਝ ਕਰਨਾ ਹੈ। ਬਾਹਰ ਜਾ ਕੇ ਹੱਥ ਖੜੇ ਕਰਾਉਂਦੇ ਹਨ। ਇਥੇ ਸਦਨ ਵਿਚ ਸਾਰਿਆਂ ਮੈਂਬਰਾਂ ਦੇ ਹੱਥ ਖੜੇ ਕਰਾਉਣ। (ਵਿਘਨ) ਮੈਂ ਕਹਿੰਦਾ ਹਾਂ ਕਿ ਆਪਣੇ ਸਦਨ ਦੇ ਮੈਂਬਰਾਂ ਤੋਂ ਪਹਿਲਾਂ ਆਪਣੇ ਸਾਥੀਆਂ ਤੋਂ ਕਿਸੇ ਮੀਟਿੰਗ ਵਿਚ ਹੱਥ ਖੜੇ ਕਰਵਾ ਲੈਣ। (ਵਿਘਨ)

ਡਿਪਟੀ ਸਪੀਕਰ ਸਾਹਿਬ, ਇਥੇ ਐਮਰਜੈਂਸੀ ਐਕਸੈਸਿਜ਼ ਦੀਆਂ ਗੱਲਾਂ ਹੋਈਆਂ, ਇਥੇ ਕਮਿਸ਼ਨ ਬਣਾਏ.. .. .. .. .. (ਵਿਘਨ)

**ਸਾਥੀ ਰੂਪ ਲਾਲ** : ** ** **

**ਸ੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ।

**ਸਰਦਾਰ ਉਮਰਾਓ ਸਿੰਘ** : ਮੈਂ ਇਕ ਗੱਲ ਵੇਖੀ ਹੈ ਕਿ ਐਮਰਜੈਂਸੀ ਐਕਸੈਸਿਜ਼ ਵਿਚ ਕੁਝ ਪੰਜਾਬ ਗੌਰਮਿੰਟ ਦੇ ਸੀਨੀਅਰ ਐਮਪਲਾਈਜ਼, ਸੀਨੀਅਰ ਅਫਸਰ ਜਿਨ੍ਹਾਂ ਦਾ ਕਾਂਡਕਟ ਹਮੇਸ਼ਾਂ ਐਕਸੀਲੈਂਟ ਰਿਹਾ ਹੈ, ਕੁਝ ਹਾਲਾਤ ਕਰਕੇ ਉਨ੍ਹਾਂ ਨੂੰ ਇਨਕੁਆਰੀਆਂ ਵਿਚ ਐਸੋਸ਼ੀਏਟ ਕੀਤਾ ਹੈ। ਮੈਂ ਕਹਿੰਦਾ ਹਾਂ ਕਿ ਉਹ ਐਸੇ ਅਫਸਰ ਹਨ ਜਿਨ੍ਹਾਂ ਦਾ ਕਾਂਡਕਟ ਸ਼ੁਰੂ ਤੋਂ ਅੱਛਾ ਰਿਹਾ ਹੈ। ਉਨ੍ਹਾਂ ਨੂੰ ਇਸ ਕਿਸਮ ਦੀਆਂ ਇੰਨਕੁਆਇਰੀਆਂ ਵਿਚ ਐਸੋਸ਼ੀਏਟ ਕਰਨਾ ਸਰਵਿਸਿਜ਼ ਨੂੰ ਡੀਮਾਰੇਲਾਈਜ਼ ਕਰਨਾ ਹੈ। ਸਰਵਿਸਿਜ਼ ਜਿਹੜੀ ਸਾਡੀ ਐਡਮਨਿਸਟਰੇਸ਼ਨ ਦੀ ਬੈਕਬੋਨ ਹੈ, ਜਿਸ ਤਰ੍ਹਾਂ ਇਸ ਵਕਤ ਲਾ ਐਂਡ ਆਰਡਰ ਦੀ ਹਾਲਤ ਹੈ, ਉਸੇ ਤਰ੍ਹਾਂ ਪੰਜਾਬ ਵਿਚ ਸਰਵਿਸਿਜ਼ ਦੀ ਹਾਲਤ ਹੋ ਜਾਵੇਗੀ। ਅਗਰ ਕਿਸੇ ਦੇ ਖਿਲਾਫ ਕੋਈ ਇਨਕੁਆਇਰੀ ਕੀਤੀ ਹੈ ਕੋਈ ਪ੍ਰਾਈਮਾਫੇਸਾਈ ਕੇਸ ਬਣਦਾ ਹੈ ਬਣ ਜਾਏ, ਪਰ ਅੱਨ-ਨਸੈਸਰੀ ਕਿਸੇ ਨੂੰ ਹੈਰਾਸ ਕਰੀ ਜਾਣਾ ਇਹ ਵਾਜਬ ਗੱਲ ਨਹੀਂ ਹੈ।

ਇਥੇ ਅਨ-ਇੰਪਲਾਇਮੈਂਟ ਦਾ ਜ਼ਿਕਰ ਕੀਤਾ ਗਿਆ ਕਿ ਅਸੀਂ ਜ਼ਮੀਨਾਂ ਦੇਣੀਆਂ ਹਨ ਔਰ ਜਿਹੜੇ ਪੜ੍ਹੇ ਲਿਖੇ ਨੌਜਵਾਨ ਹਨ ਉਨ੍ਹਾਂ ਨੂੰ ਅਨ-ਇੰਪਲਾਇਮੈਂਟ ਅਲਾਉਂਸ ਦਿਆਂਗੇ। ਇਸ ਬਾਰੇ ਸਰਦਾਰ ਬਲਵੰਤ ਸਿੰਘ ਨੇ ਬੜਾ ਲੈਕਚਰ ਦਿਤਾ ਸੀ ਔਰ ਕਿਹਾ ਸੀ ਕਿ ਹਿੰਦੁਸਤਾਨ ਵਿਚ ਇਹ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਉਮਰਾਓ ਸਿੰਘ]

ਪਹਿਲੀ ਸਟੇਟ ਹੈ ਜਿਹੜੀ ਕਿ ਇਹ ਅਲਾਉਂਸ ਦੇਵੇਗੀ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਪੁਛਣਾ ਚਾਹੁੰਦਾ ਹਾਂ ਕਿ ਅੱਜ ਬਜਟ ਪੇਸ਼ ਹੋਏ ਨੂੰ 6 ਮਹੀਨੇ ਤੋਂ ਵੱਧ ਸਮਾਂ ਹੋ ਗਿਆ ਹੈ । ਇਨ੍ਹਾਂ ਦਿਨਾਂ ਵਿਚ ਕਿੰਨਾ ਅਨ-ਇੰਪਲਾਇਮੈਂਟ ਅਲਾਉਂਸ ਦਿਤਾ । ਜੇ ਨਹੀਂ ਦਿਤਾ ਤਾਂ ਇਤਨੇ ਬੁਲੰਦ ਦਾਅਵੇ ਕਰਨ ਦੀ ਕੀ ਲੋੜ ਸੀ । ਇਹ ਕਹਿਣਾ ਕਿ ਰੂਲ ਨਹੀਂ ਬਣੇ ਜਾਂ ਸਾਡੇ ਕੋਲ ਅੰਕੜੇ ਨਹੀਂ ਆਏ, ਇਹ ਬਹਾਨਾ ਕਰਨ ਵਾਲੀ ਗੱਲ ਹੈ । ਅਜੇ ਤੱਕ ਇਸ ਕੰਮ ਲਈ ਇਕ ਪੈਸਾ ਵੀ ਖਜ਼ਾਨੇ ਵਿਚੋਂ ਡਿਸਬਰਸ ਨਹੀਂ ਕੀਤਾ । ਇਥੇ ਪੰਜਾਬ ਦੇ ਵਿਚ ਸਾਡੇ ਵੱਲੋਂ ਮਿੰਨੀ ਸੈਕਰੀਟੇਰੀਏਟ ਥਲੇ ਬਣੇ, ਕਈ ਜਗ੍ਹਾ ਤਸੀਲਾਂ ਔਰ ਸਬ-ਤਸੀਲਾਂ ਬਣੀਆਂ । ਸਰਦਾਰ ਉਮਰਾਨੰਗਲ ਜੀ ਚਲੇ ਗਏ ਉਹ ਦੱਸਣ ਕਿ ਪੰਜਾਬ ਵਿਚ ਕਿੰਨੀਆਂ ਨਵੀਆਂ ਤਸੀਲਾਂ ਬਣਾਈਆਂ । ਸਰਦਾਰ ਆਤਮਾ ਸਿੰਘ ਜੀ ਨੇ ਰੈਸਟ ਹਾਊਸ ਬਣਾਉਣੇ ਸ਼ੁਰੂ ਕੀਤੇ ਹਨ ਔਰ ਲੱਖਾਂ ਰੁਪਏ ਰੈਸਟ ਹਾਊਸਿਜ਼ ਤੇ ਖਰਚ ਕੀਤੇ ਜਾ ਰਹੇ ਹਨ । ਮੈਂ ਕਹਿੰਦਾ ਹਾਂ ਕਿ ਕੋਈ ਚੰਗੇ ਕੰਮ ਕਰੋ ਇਨ੍ਹਾਂ ਰੈਸਟ ਹਾਊਸਿਜ਼ ਬਣਾਉਣ ਦੀ ਕੀ ਲੋੜ ਹੈ.......(ਵਿਘਨ)

**ਸਰਦਾਰ ਸਰੂਪ ਸਿੰਘ** : ** ** **

**ਸ੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ।

**ਸਾਥੀ ਰੂਪ ਲਾਲ** : ** ** **

**ਸ੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ।

**ਸਰਦਾਰ ਉਮਰਾਓ ਸਿੰਘ** : ਡਿਪਟੀ ਸਪੀਕਰ ਸਾਹਿਬ, ਇਥੇ ਫਿਜ਼ੀਕਲ ਕਾਲਜ ਦਾ ਜ਼ਿਕਰ ਆਇਆ ਮੈਂ ਕਹਿੰਦਾ ਹਾਂ ਕਿ ਇਨ੍ਹਾਂ ਦਾ ਬੜਾ ਚਰਚਾ ਸੀ ਕਿ ਅਸੀਂ ਸਾਰੇ ਪੰਜਾਬ ਵਿਚ ਸ਼ਡਿਊਲਡ ਕਾਸਟ ਪ੍ਰਿੰਸਿਪਲ ਲਗਾਇਆ ਹੈ । ਮੈਂ ਦੱਸਦਾ ਹਾਂ ਕਿ ਬਗੈਰ ਕਿਸੇ ਕਸੂਰ ਦੇ ਉਸ ਨੂੰ ਬਦਲ ਦਿਤਾ ਗਿਆ ਔਰ ਉਥੇ ਬਾਸਕਟਬਾਲ ਦੇ ਕੋਚ ਨੂੰ ਐਜ਼ ਲੈਕਚਰਾਰ ਦੇ ਲਗਾ ਦਿਤਾ ਜਿਸ ਨੂੰ ਇਹ ਪਤਾ ਹੀ ਨਹੀਂ ਕਿ ਫਿਜ਼ੀਕਲ ਐਜੂਕੇਸ਼ਨ ਕੀ ਹੁੰਦੀ ਹੈ । ਇਸ ਤਰੀਕੇ ਨਾਲ ਪੰਜਾਬ ਵਿਚ ਫਿਜ਼ੀਕਲ ਐਜੂਕੇਸ਼ਨ ਦਾ ਕੰਮ ਚੱਲ ਰਿਹਾ ਹੈ ।

ਇਥੇ ਬੜੇ ਕਮਿਸ਼ਨ ਬਣੇ । ਪੇ ਕਮਿਸ਼ਨ ਵੀ ਬਣਿਆ । ਮੈਂ ਕਹਿੰਦਾ ਹਾਂ ਕਿ ਇਸ ਸੈਸ਼ਨ ਵਿਚ ਸਰਦਾਰ ਬਲਵੰਤ ਸਿੰਘ ਵੱਲੋਂ ਨਹੀਂ ਦੱਸਿਆ ਗਿਆ ਕਿ ਉਸ ਕਮਿਸ਼ਨ ਦੀ ਰਿਪੋਰਟ ਕਦੋਂ ਤੱਕ ਆ ਜਾਏਗੀ, ਕਿਉਂਕਿ ਬੜੀ ਬੇਚੈਨੀ ਹੈ ਐਂਪਲਾਈਜ਼ ਵਿਚ । ਮੈਂ ਕਹਿੰਦਾ ਹਾਂ ਕਿ ਕਮਿਸ਼ਨ ਦੀ ਰਿਪੋਰਟ ਐਕਸਪੀਡਾਈਟ ਕਰੋ ਤਾਂ ਕਿ ਜੋ ਕੁਝ ਆਪਣੇ ਇੰਪਲਾਈਜ਼ ਨੂੰ ਦੇਣਾ ਹੈ ਦਿਤਾ ਜਾਏ ।

ਡਿਪਟੀ ਸਪੀਕਰ ਸਾਹਿਬ, ਮੈਂ ਕੁਝ ਗੱਲ ਲਾਅ ਐਂਡ ਆਰਡਰ ਦੇ ਮੁਤੱਅਲਕ ਕਰਨਾ ਚਾਹੁੰਦਾ ਹਾਂ । ਇਥੇ ਕਈ ਸੱਜਣਾ ਨੇ ਕਿਹਾ ਹੈ । ਮੈਂ ਸਮਝਦਾ ਹਾਂ ਕਿ ਪੰਜਾਬ ਦੇ ਵਿਚ ਜੋ ਹਾਲਾਤ ਹਨ ਉਸਦੇ ਮੁਤੱਅਲਕ ਮੈਂ ਇਕ ਸ਼ੇਅਰ ਵਿਚ ਬਿਆਨ ਕਰਨਾ ਚਾਹੁੰਦਾ ਹਾਂ:

"ਨਸ਼ੇ ਮਨ ਜਲ ਰਹੇ ਹੈਂ ਹਰ ਚਮਨ ਸ਼ੋਲਾ ਬਦਾਮਾਂ ਹੈ,
ਯਹ ਕਿਸਨੇ ਬਿਜਲੀਆਂ ਰੱਖਦੀ ਹੈਂ ਹਰ ਬਰਗੇ ਗੁਲਤਾਰ ਮੇਂ ।"

---

**Exupuged as ordered by the Chair.

Original with;
Punjab Vidhan Sabha
Digitized by;
Panjab Digital Library

ਡਿਪਟੀ ਸਪੀਕਰ ਸਾਹਿਬ, ਇਕਬਾਲ ਨੇ ਗੁਰੂ ਨਾਨਕ ਦੇਵ ਜੀ ਬਾਰੇ ਲਿਖਿਆ ਹੈ ਕਿ ਪੰਜਾਬ ਨੇ ਦੁਨੀਆਂ ਨੂੰ ਇੱਕ ਅਮਨ ਦਾ ਪੈਗੰਬਰ ਦਿਤਾ ਹੈ । ਅੱਜ ਜੋ ਪੰਜਾਬ ਵਿਚ ਹਾਲਾਤ ਹਨ ਮੈਂ ਨਹੀਂ ਕਹਿੰਦਾ ਕਿ ਇਸਦੇ ਲਈ ਕਿਸਦੀ ਜ਼ਿੰਮੇਵਾਰੀ ਹੈ । ਮੈਂ ਕਿਸੇ ਨੂੰ ਦੋਸ਼ੀ ਨਹੀਂ ਠਹਿਰਾਂਦਾ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਪੰਜਾਬ ਵਿਚ ਕਮਿਊਨਲ ਟੈਨਸ਼ਨ ਹੈ, ਲਾਅ ਐਂਡ ਆਰਡਰ ਦੀ ਹਾਲਤ ਚੰਗੀ ਨਹੀਂ । ਇਸ ਦਾ ਕਾਰਣ ਕੀ ਹੈ । ਲਾਠੀਆਂ ਨਾਲ ਡਾਂਗ ਹੋਰਾਂ ਦੀ ਪਾਰਟੀ ਦੇ ਵਰਕਰਾਂ, ਲੇਡੀ ਵਰਕਰਾਂ ਦੇ ਸਿਰ ਪਾੜ ਦਿਤੇ । ਲਾਅ ਐਂਡ ਆਰਡਰ ਦੀ ਪੋਜੀਸ਼ਨ ਬਾਰੇ ਇੱਕ ਸੀਨੀਅਰ ਪੁਲਿਸ ਅਫਸਰ ਨੇ ਮੈਨੂੰ ਕਿਹਾ ਕਿ ਇਥੇ ਤਾਂ ਪੁਲਿਸ ਨਿਰੰਕਾਰੀ ਭਵਨਾਂ ਤੇ ਬੈਠੀ ਹੈ, ਕੁਝ ਸੋਵਲ ਮੰਦਰ ਤੇ ਅਤੇ ਬਾਕੀ ਸ਼ਿਵਾਲਿਆਂ ਤੇ ਬੈਠੀ ਹੈ । ਉਨ੍ਹਾਂ ਕੋਲ ਪੁਲਿਸ ਦਾ ਕੋਈ ਸਿਪਾਹੀ ਹੀ ਨਹੀਂ । ਲੋਕਾਂ ਦੀ ਰਾਖੀ ਉਹ ਕੀ ਕਰਨ । ਸਿਵਾਏ ਨਿਰੰਕਾਰੀ ਭਵਨਾਂ ਦੀ ਰਾਖੀ ਕਰਨ ਦੇ ਜਾਂ ਸ਼ਿਵਾਲਿਆਂ ਅਤੇ ਧਾਰਮਿਕ ਅਸਥਾਨਾਂ ਦੀ ਰੱਖਿਆ ਕਰਨ ਦੇ ਹੋਰ ਪੁਲਿਸ ਕੋਲੋਂ ਕੋਈ ਕੰਮ ਨਹੀਂ ਲਿਆ ਜਾ ਰਿਹਾ । ਜਲੰਧਰ ਵਿਚ ਜੋ ਵਾਕਿਆ ਹੋਇਆ ਹੈ, ਉਸ ਬਾਰੇ ਮੁੱਖ ਮੰਤਰੀ ਜੀ ਨੇ ਮੰਨਿਆ ਹੈ ਕਿ ਉਥੇ ਥਾਣੇ ਵਿਚ ਸਿਪਾਹੀ ਨਹੀਂ ਸੀ ਨਾ ਹੀ ਕੋਈ ਜ਼ਿੰਮੇਵਾਰ ਆਦਮੀ ਸੀ । ਜੇ ਕੋਈ ਉਥੇ ਹੁੰਦਾ ਤਾਂ ਸ਼ਾਇਦ ਐਡਾ ਵੱਡਾ ਜ਼ੁਲਮ ਨਾ ਹੁੰਦਾ । ਜਿਹੜਾ ਕੇਸ ਜਲੰਧਰ ਵਿਚ ਹੋਇਆ ਹੈ ਉਸਦੇ ਮੁੱਤਅਲਿਕ ਕੇਸ ਰਜਿਸਟਰ ਹੋ ਗਿਆ ਹੈ । ਇਹ ਮਾਮਲਾ ਹੁਣ ਸਬ-ਜੁਡਿਸ ਹੈ । ਮੈਂ ਇਸਦਾ ਜ਼ਿਕਰ ਨਹੀਂ ਕਰਨਾ ਚਾਹੁੰਦਾ । ਮੈਨੂੰ ਬੜਾ ਅਫਸੋਸ ਹੋਇਆ ਜਦੋਂ ਮੁੱਖ ਮੰਤਰੀ ਜੀ ਨੇ ਦੱਸਿਆ ਕਿ ਇਕ ਇਵੈਕੂਈ ਪ੍ਰਾਪਰਟੀ ਜਿਸ ਉਤੇ ਅਨ-ਆਥੋਰਾਈਜ਼ਡ ਕਨਸਟਕਸ਼ਨ ਸ਼ੁਰੂ ਹੋਈ ਸੀ । ਜਦੋਂ ਝਗੜਾ ਹੋਇਆ ਤਾਂ ਕੀ ਉਹ ਅਨ-ਆਥੋਰਾਈਜ਼ਡ ਕਨਸਟਰੱਕਸ਼ਨ ਦੇ ਮੁਤਅਲਿਕ ਪੁਲਿਸ ਨੇ ਕੇਸ ਦਰਜ ਕੀਤਾ । ਮਰਡਰ ਦਾ ਕੇਸ, ਲੜਾਈ ਦਾ ਕੇਸ ਤਾਂ ਰਜਿਸਟਰ ਹੋਇਆ ਹੈ ਪਰ ਅਨ-ਆਥੋਰਾਈਜ਼ਡ ਟਰੇਸਪਾਸਿੰਗ ਹੋਈ, ਕੀ ਸਰਕਾਰ ਨੇ ਖੁਦ ਮੁਦਈ ਬਣ ਕੇ ਉਹ ਕੇਸ ਰਜਿਸਟਰ ਕੀਤਾ । ਜੇ ਨਹੀਂ ਕੀਤਾ ਤਾਂ ਇਹ ਗੱਲ ਸਾਬਤ ਹੁੰਦੀ ਹੈ ਕਿ ਸਰਕਾਰ ਦੇ ਕੁਝ ਸਾਥੀ ਇਸ ਗੱਲ ਦੀ ਤਹਿ ਵਿਚ ਹਨ, ਇਸ ਗੱਲ ਦੀ ਸ਼ਹਿ ਵਿਚ ਹਨ, ਜਿਹੜਾ ਕਿ ਉਨ੍ਹਾਂ ਦੇ ਕਹਿਣ ਤੇ ਸਰਕਾਰ ਨੇ ਕੇਸ ਰਜਿਸਟਰ ਹੀ ਨਹੀਂ ਕੀਤਾ । ਅਨ-ਆਥੋਰਾਈਜ਼ਡ ਕਨਸਟਰੱਕਸ਼ਨ ਦਾ ਕੇਸ ਰਜਿਸਟਰ ਨਹੀਂ ਹੋਇਆ । ਜੇ ਹੋ ਜਾਂਦਾ ਤਾਂ ਇਸ ਕਿਸਮ ਦਾ ਵਾਕਿਆ ਨਾ ਹੁੰਦਾ । ਇਸੇ ਤਰੀਕੇ ਨਾਲ ਹੋਰ ਵੀ ਐਫ. ਆਈ. ਆਰ. ਦਰਜ ਕਰਨ ਵਿਚ ਡਿਲੇਅ ਹੋਈ ਹੈ । ਇਹ ਵੀ ਮੰਨਿਆ ਗਿਆ ਹੈ । ਕੁਝ ਜੰਨਤਾ ਪਾਰਟੀ ਦੇ ਸਾਥੀ ਹਨ, ਕਾਲੀਆ ਜੀ ਮੇਰੇ ਨਾਲ ਨਾਰਾਜ਼ ਹੋ ਗਏ ਸਨ । ਮੈਂ ਉਨ੍ਹਾਂ ਦਾ ਬੜਾ ਸਿੰਪੈਥਾਈਜ਼ਰ ਹਾਂ । ਅਗਰ ਉਨ੍ਹਾਂ ਦਾ ਨੁਕਸਾਨ ਹੋਇਆ ਹੈ ਤਾਂ ਮੈਨੂੰ ਬੜਾ ਅਫਸੋਸ ਹੈ । ਮੈਂ ਉਸ ਦਿਨ ਜਲੂਸ ਦੇ ਨਾਲ ਨਹੀਂ ਸੀ, ਅਗਰ ਮੈਂ ਹੁੰਦਾ ਤਾਂ ਸ਼ਾਇਦ ਉਨ੍ਹਾਂ ਨੂੰ ਉਧਰ ਜਾਣ ਹੀ ਨਾ ਦਿੰਦਾ । ਜੋ ਨੁਕਸਾਨ ਹੋਇਆ ਹੈ, ਇਸ ਬਾਰੇ ਇਸ ਪਾਸੇ ਦੇ ਮੈਂਬਰਾਂ ਵੱਲੋਂ ਮੰਗ ਕੀਤੀ ਗਈ ਹੈ ਕਿ ਇਸ ਇਨਸੀਡੈਂਟ ਦੀ ਜੁਡੀਸ਼ੀਅਲ ਇਨਕੁਆਇਰੀ ਕਰਵਾਈ ਜਾਏ । ਜੇ ਕਿਸੇ ਨੇ ਗਲਤ ਕੰਮ ਕੀਤਾ ਹੈ, ਉਹ ਸਾਹਮਣੇ ਆ ਜਾਵੇਗਾ । ਸਿਰਫ ਪੁਲਿਸ ਦੀ ਰਿਪੋਰਟ ਤੇ ਕੰਮ ਨਹੀਂ ਹੋ ਸਕਦਾ । ਪੁਲਿਸ ਦੇ ਖਿਲਾਫ ਤਾਂ ਅੱਗੇ ਹੀ ਸ਼ਿਕਾਇਤ ਹੈ ਕਿ ਉਨ੍ਹਾਂ ਨੇ ਵਕਤ ਸਿਰ ਐਕਸ਼ਨ ਨਹੀਂ ਲਿਆ । ਪੁਲਿਸ ਨੇ ਉਨ੍ਹਾਂ ਦੇ ਖਿਲਾਫ ਕੇਸ ਦਰਜ ਨਹੀਂ ਕੀਤਾ । ਐਫ. ਆਈ. ਆਰ. ਲੇਟ ਦਰਜ ਕੀਤੀ । ਇਸ ਕਰਕੇ ਇਸ ਨਾਲ ਲੋਕਾਂ ਦੀ ਤਸੱਲੀ ਨਹੀਂ ਹੋਣੀ । ਜਿੱਥੋਂ ਤੱਕ ਡਿਪਟੀ ਸਪੀਕਰ ਸਾਹਿਬ, ਕਮਿਊਨਲ ਟੈਨਸ਼ਨ ਦਾ ਤੁੱਅਲਕ ਹੈ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਅਸੀਂ ਸਾਰੇ ਰੱਲ ਕੇ ਪੰਜਾਬ ਵਿਚੋਂ ਕਮਿਊਨਲ ਟੈਨਸ਼ਨ ਨੂੰ ਘਟਾਉਣਾ ਚਾਹੁੰਦੇ ਹਾਂ । ਮੈਂ ਆਪਣੇ ਅਤੇ ਆਪਣੇ ਸਾਥੀਆਂ ਵਲੋਂ ਇਸ ਗੱਲ ਲਈ ਚੀਫ ਮਨਿਸਟਰ ਸਾਹਿਬ ਨੂੰ ਆਪਣੀਆਂ ਸਰਵਿਸਿਜ਼ ਅਤੇ ਕੁਆਪਰੇਸ਼ਨ ਦੇਣਾ ਚਾਹੁੰਦੇ ਹਾਂ । ਪਰ ਕੋਈ ਕੁਆਪਰੇਸ਼ਨ ਲਵੇ ਵੀ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਉਮਰਾਓ ਸਿੰਘ]

ਡਾਂਗ ਸਾਹਿਬ ਨੇ ਤਾਂ ਕਿਹਾ ਹੈ ਕਿ ਆਲ ਪਾਰਟੀਜ਼ ਕਾਨਫਰੰਸ ਕਰੋ ਪੰਜਾਬ ਵਿਚੋਂ ਕਮਿਊਨਲ ਟੈਨਸ਼ਨ ਘਟਾਉਣ ਲਈ । ਬਲਕਿ ਉਨ੍ਹਾਂ ਨੇ ਤਾਂ ਆਪ ਇਨੀਸ਼ੀਏਟਿਵ ਲੈਣ ਦਾ ਫੈਸਲਾ ਹੁਣ ਕੀਤਾ ਹੈ । ਅਸੀਂ ਕਮਿਊਨਲ ਟੈਨਸ਼ਨ ਨੂੰ ਪੰਜਾਬ ਵਿਚ ਘਟਾਵਾਂਗੇ । ਡਿਪਟੀ ਸਪੀਕਰ ਸਾਹਿਬ, ਕਮਿਊਨਲ ਟੈਨਸ਼ਨ ਅਸੀਂ ਘਟਾਉਣਾ ਚਾਹੁੰਦੇ ਹਾਂ । ਇਸ ਗਲ ਵਿਚ ਉਨ੍ਹਾਂ ਦੀ ਮਦਦ ਕਰਨਾ ਚਾਹੁੰਦੇ ਹਾਂ। ਪਰ ਇਹ ਗਲ ਘੱਟ ਨਹੀਂ ਸਕਦੀ ਜਿਤਨੀ ਦੇਰ ਪੰਜਾਬ ਵਿਚ ਪੁਲੀਟੀਕਲ ਥਿੰਕਿੰਗ ਕਮਿਊਨਲ ਲਾਈਨ ਤੇ ਹੋਵੇ । ਮੈਂ ਸਰਦਾਰ ਆਤਮਾ ਸਿੰਘ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੇ ਅਸੀਂ ਕਮਿਊਨਲ ਲਾਈਨ ਤੇ ਸੋਚਾਂਗੇ, ਆਰਗੇਨਾਈਜ਼ ਕਰਾਂਗੇ ਤਾਂ ਇਨ੍ਹਾਂ ਨਾਲੋਂ ਵੱਡੇ ਐਕਸਟਰੀਮਿਸਟਾਂ ਨੂੰ ਇਹ ਆਊਟ-ਡੇਟ ਕਰ ਜਾਣਗੇ, ਪਿੱਛੇ ਛੱਡ ਜਾਣਗੇ। ਅੱਜ ਫਿਰਕਾਪ੍ਰਸਤੀ ਦੀ ਗੱਲ ਹੋ ਰਹੀ ਹੈ। ਇਕ ਦੂਜੇ ਨੂੰ ਫਿਰਕਾਪ੍ਰਸਤੀ ਦੀ ਦੌੜ ਵਿਚ ਪਛਾੜਨ ਦੀ ਗੱਲ ਹੋ ਰਹੀ ਹੈ । ਮੈਂ ਪੰਜਾਬ ਦੇ ਅਮਨ ਵਾਸਤੇ, ਪੰਜਾਬ ਦੇ ਲੋਕਾਂ ਦੀ ਖੈਰ ਵਾਸਤੇ ਬੇਨਤੀ ਕਰਾਂਗਾ ਕਿ ਅਸੀਂ ਉਸ ਦੌੜ ਵਿਚੋਂ ਪਿੱਛੇ ਹੱਟ ਜਾਈਏ । ਅਸੀਂ ਇਨ੍ਹਾਂ ਦੇ ਨਾਲ ਜਾਣ ਨੂੰ ਤਿਆਰ ਹਾਂ । ਜਿਹੜੇ ਕਮਿਊਨਲ ਟੈਨਸ਼ਨ ਨੂੰ ਵਧਾ ਰਹੇ ਹਨ ਭਾਵੇਂ ਉਹ ਕੋਈ ਸੰਤ ਹੈ ਜਾਂ ਸਾਧ ਹੈ ਜਾਂ ਕੋਈ ਹੋਰ ਸੱਜਣ ਹੈ, ਜਾਂ ਕਿਸੇ ਪਾਰਟੀ ਨਾਲ ਸਬੰਧ ਰੱਖਦਾ ਹੋਵੇ ।

**ਸਰਦਾਰ ਬਲਦੇਵ ਸਿੰਘ ਮਾਨ** : ** ** **

**ਸ੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । ਸਰਦਾਰ ਉਮਰਾਓ ਸਿੰਘ ਜੀ, ਤੁਸੀਂ ਹੁਣ ਵਾਂਈਂਡ ਅੱਪ ਕਰੋ ।

**ਸਰਦਾਰ ਉਮਰਾਓ ਸਿੰਘ** : ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚ ਮਨਿਸਟਰਜ਼ ਦੇ ਨਾਲ ਸੈਕਟਰੀਜ਼ ਲੱਗੇ ਸਨ । ਜਿਸ ਤਰੀਕੇ ਨਾਲ ਉਨ੍ਹਾਂ ਨੂੰ ਹਟਾਇਆ ਗਿਆ ਅਤੇ ਉਨ੍ਹਾਂ ਦਾ ਕੋਈ ਕਾਡਰ ਵੀ ਨਹੀਂ ਬਣਾਇਆ ਗਿਆ । ਬਗੈਰ ਕਿਸੇ ਦੋਸ਼ ਦੇ ਉਨ੍ਹਾਂ ਨੂੰ ਬਦਲਿਆ ਗਿਆ । ਇੱਕ ਦੋਹਾਂ ਦੇ ਕਸੂਰ ਦੇ ਬਦਲੇ ਸਾਰਿਆਂ ਨੂੰ ਹਟਾਇਆ ਗਿਆ । ਇਹੋ ਜਿਹੀ ਚੀਜ਼ ਕਰਨਾ ਕੋਈ ਸ਼ੋਭਾ ਨਹੀਂ ਦਿੰਦੀ ।

ਡਿਪਟੀ ਸਪੀਕਰ ਸਾਹਿਬ, ਇਥੇ ਕੁਰੱਪਸ਼ਨ ਦੀਆਂ ਬੜੀਆਂ ਗੱਲਾਂ ਹੋਈਆਂ । ਐਗਰੋ-ਇੰਡਸਟਰੀਜ਼ ਕਾਰਪੋਰੇਸ਼ਨ ਅਤੇ ਖਾਦੀ ਬੋਰਡ ਦੀਆਂ ਗੱਲਾਂ ਹੋਈਆਂ । ਮੈਂ ਉਨ੍ਹਾਂ ਦਾ ਜ਼ਿਕਰ ਨਹੀਂ ਕਰਨਾ ਚਾਹੁੰਦਾ । ਅੱਜ ਮੇਰੇ ਵੱਲੋਂ ਡੇਅਰੀ ਡਿਵੈਲਪਮੈਂਟ ਕਾਰਪੋਰੇਸ਼ਨ ਦੇ ਬਾਰੇ ਇਕ ਸਵਾਲ ਦਿੱਤਾ ਗਿਆ ਸੀ । ਇਹ ਚੀਜ਼ ਅਖਬਾਰਾਂ ਵਿਚ ਨਿਕਲੀ ਹੈ । ਇਹ ਚੀਜ਼ ਸਪੱਸ਼ਟ ਹੈ ਕਿ 8,000 ਦੀ ਗਾਂ ਨੂੰ 2,000 ਰੁਪਏ ਵਿਚ ਵੇਚਿਆ ਗਿਆ । ਮੈਨੇਜਿੰਗ ਡਾਇਰੈਕਟਰ ਨੂੰ 7, 8 ਮਹੀਨੇ ਲਗਾਇਆ ਹੀ ਨਹੀਂ ਗਿਆ । ਉਸ ਦੇ ਅਖਤਿਆਰਾਂ, ਜਿਹੜੇ ਕਿ ਕਾਨੂੰਨ ਦੇ ਮੁਤਾਬਿਕ ਵਰਤੇ ਨਹੀਂ ਸਨ ਜਾ ਸਕਦੇ, ਉਹ ਚੇਅਰਮੈਨ ਨੇ ਵਰਤੇ , । ਉਸ ਕਾਰਪੋਰੇਸ਼ਨ ਦੇ ਚੇਅਰਮੈਨ ਦੇ ਤੌਰ ਤੇ, ਉਸਨੂੰ ਕੋਠੀ ਦਾ ਅਲਾਊਂਸ ਮਿਲਦਾ ਰਿਹਾ ਪਰ ਉਹ ਇਸ ਕਾਰਪੋਰੇਸ਼ਨ ਦੇ ਗੈਸਟ ਹਾਊਸ ਵਿਚ ਅਜੇ ਤੱਕ ਬੈਠਾ ਹੈ । ਇਸ ਕਿਸਮ ਦੇ ਹਾਲਾਤ ਜੋ ਸਾਰੀਆਂ ਕਾਰਪੋਰੇਸ਼ਨਾਂ ਵਿਚ ਹਨ, ਅਗਰ ਉਨ੍ਹਾਂ ਨੂੰ ਜਲਦੀ ਠੀਕ ਨਹੀਂ ਕਰਾਂਗੇ ਤਾਂ ਮੈਂ ਸਮਝਦਾ ਹਾਂ ਕਿ ਪੰਜਾਬ ਤਰੱਕੀ ਨਹੀਂ ਕਰ ਸਕਦਾ। ਨਾਭੇ ਦਾ ਇਕ ਕੇਸ ਮੇਰੇ ਨੋਟਿਸ ਵਿਚ ਆਇਆ । ਸਰਦਾਰ ਬਲਵੰਤ ਸਿੰਘ ਦਾ ਮਹਿਕਮਾ ਹੈ ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਉਥੇ ਇਕ ਇਨਸਪੈਕਟਰ ਦੇ ਖਿਲਾਫ ਸ਼ਿਕਾਇਤ ਆਈ ਸੀ ਕਿ ਉਸ ਨੇ ਲੋਕਾਂ ਤੋਂ ਪੈਸੇ ਜ਼ਿਆਦਾ ਲੈ ਲਏ, ਰਸੀਦਾਂ ਵੀ ਜ਼ਿਆਦਾ ਪੈਸਿਆਂ ਦੀਆਂ ਕੱਟ ਦਿੱਤੀਆਂ ਪਰ ਆਪਣੇ ਰਿਕਾਰਡ ਵਿਚ ਥੋੜ੍ਹੇ ਪੈਸੇ ਦਰਜ ਕੀਤੇ । ਹਜ਼ਾਰਾਂ ਰੁਪਏ ਦਾ ਗਬਨ ਲੋਕਲ ਫੰਡ ਅਗਜ਼ਾਮੀਨਰ ਨੇ ਫੜਿਆ ਹੈ । ਉਸਦੀ ਕੰਪਲੇਂਟ ਹੋਈ । ਇਹ ਚੀਜ਼ ਤਹਿ ਹੋਈ ਕਿ ਮੁਕੱਦਮਾ ਦਰਜ ਕੀਤਾ ਜਾਵੇ, ਪਰ ਪੁਲਿਸ ਕੋਲ ਮੁਕੱਦਮਾ ਦਰਜ ਨਹੀਂ ਹੋਇਆ । ਉਸ ਨੂੰ ਸਸਪੈਂਡ ਕਰ ਦਿੱਤਾ ਗਿਆ । ਫਾਈਲ ਚੰਡੀਗੜ੍ਹ ਮੰਗਾ ਲਈ ਗਈ । 6 ਮਹੀਨੇ ਫਾਈਲ ਵਾਪਿਸ ਹੀ ਨਹੀਂ ਭੇਜੀ ਗਈ । ਫਿਰ ਕਹਿ ਦਿੱਤਾ ਕਿ ਮੁਕੱਦਮਾ ਕਾਫੀ ਡਿਲੇ ਹੋ ਗਿਆ ਹੈ, ਇਸ ਲਈ ਇਸ ਨੂੰ ਬਹਾਲ ਕਰੋ । ਹਜ਼ਾਰਾਂ ਰੁਪਏ ਦਾ ਗਬਨ ਹੋਇਆ ਹੈ ਨਾਭਾ ਮਿਉਂਸਪਲ ਕਮੇਟੀ ਵਿਚ । ਸ਼ਾਇਦ ਇਨਸਪੈਕਟਰ ਮਨਿਸਟਰ ਸਾਹਿਬ ਦਾ ਰਿਸ਼ਤੇਦਾਰ ਹੈ । ਇਸ ਲਈ ਗਬਨ ਦਬਾਉਣ ਦਾ ਯਤਨ ਕੀਤਾ ਗਿਆ ਹੈ । ਰੇਵੇਨਿਊ ਡਿਪਾਰਟਮੈਂਟ ਦੀ ਮੈਂ ਇਕ ਗੱਲ ਕਰਨਾ ਚਾਹੁੰਦਾ ਹਾਂ । (ਘੰਟੀ) ਐਲਾਨ ਕਰ ਦਿੱਤਾ ਗਿਆ ਕਿ ਦੋ ਮਹੀਨੇ ਦੇ ਅੰਦਰ ਅੰਦਰ ਸਾਰੀਆਂ ਮਿਊਟੇਸ਼ਨਜ਼ ਮੁਕੰਮਲ ਕਰ ਦਿੱਤੀਆਂ ਜਾਣ । ਇਹ ਨਹੀਂ ਵੇਖਿਆ ਗਿਆ ਕਿ ਮਿਊਟੇਸ਼ਨਜ਼ ਪੈਂਡਿੰਗ ਕਿਤਨੀਆਂ ਹਨ । ਸਟਾਫ ਉਨ੍ਹਾਂ ਨੂੰ ਮੁਕੰਮਲ ਵੀ ਕਰ ਸਕਦਾ ਹੈ ਜਾਂ ਨਹੀਂ । ਹਜ਼ਾਰਾਂ ਮਿਊਟੇਸ਼ਨਜ਼ ਤਹਿਸੀਲਦਾਰਾਂ ਨੇ ਕੈਂਸਲ ਕਰ ਦਿੱਤੀਆਂ । ਇਸ ਕਰਕੇ ਕੀਤੀਆਂ ਕਿਉਂਕਿ ਕਿ ਉਹ ਮੁਕੰਮਲ ਨਹੀਂ ਸਨ ਕਰ ਸਕਦੇ । ਲੋਕਾਂ ਨੂੰ ਦੂਣਾ, ਤੀਣਾ ਨੁਕਸਾਨ ਹੋਇਆ । ਉਨ੍ਹਾਂ ਨੂੰ ਦੁਬਾਰਾ ਪਟਵਾਰੀਆਂ ਕੋਲ ਜਾ ਕੇ ਇੰਦਰਾਜ਼ ਕਰਾਉਣੇ ਪੈਣਗੇ । ਇਸ ਤਰੀਕੇ ਨਾਲ ਕੰਮ ਦੀ ਡਿਸਪੋਜ਼ਲ ਨਹੀਂ ਹੋਣੀ ਕੰਮ ਮੁਕੰਮਲ ਨਹੀਂ ਹੋ ਸਕਦਾ ਸੀ ਇਸ ਲਈ ਇੰਤਕਾਲ ਕਰਨ ਦੀ ਬਜਾਏ ਉਨ੍ਹਾਂ ਨੇ ਕੈਂਸਲ ਕਰ ਦੇਣੇ ਹਨ । ਇਸੇ ਤਰ੍ਹਾਂ ਡਿਪਟੀ ਸਪੀਕਰ ਸਾਹਿਬ, ਹਾਈ ਕੋਰਟ ਦੇ ਕੇਸ ਦਾ ਜ਼ਿਕਰ ਕੀਤਾ ਗਿਆ ਹੈ । ਉਹ ਮੁਜ਼ਾਰੇ ਜਿਨ੍ਹਾਂ ਨੂੰ ਮਾਲਕਾਂ ਨੇ ਆਪ ਬਿਠਾਇਆ ਹੈ, ਐਕਟ ਬਣਨ ਤੋਂ ਬਾਅਦ ਉਹ ਰਿਕਗਨਾਈਜ਼ ਨਹੀਂ ਹੋਣੇ ਚਾਹੀਦੇ, ਉਨ੍ਹਾਂ ਦੀ ਜ਼ਮੀਨ ਪਰਮਿਸੀਬਲ ਨਹੀਂ ਗਿਣੀ ਜਾਣੀ ਚਾਹੀਦੀ । ਜਿਨ੍ਹਾਂ ਵੱਡੇ ਮਾਲਕਾਂ ਨੇ ਮੁਜ਼ਾਰਿਆਂ ਨੂੰ ਆਪ ਬਿਠਾਇਆ ਸੀ, ਉਹ ਮੁਜ਼ਾਰੇ ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰ ਸਨ । ਸਰਕਾਰ ਨੂੰ ਹਾਈਕੋਰਟ ਦੇ ਫੈਸਲੇ ਦੇ ਖਿਲਾਫ ਅਪੀਲ ਕਰਨੀ ਚਾਹੀਦੀ ਸੀ । ਪਰ ਸਰਕਾਰ ਨੇ ਜੋ ਇਹ ਚੀਜ਼ ਨਹੀਂ ਕੀਤੀ, ਮੈਂ ਸਮਝਦਾ ਹਾਂ ਕਿ ਇਹ ਇਕ ਬਹੁਤ ਵੱਡੇ ਵੱਡੇ ਜ਼ਿਮੀਦਾਰਾਂ ਨੂੰ ਬੈਕਡੋਰ ਥਾਣੀਂ ਮੱਦਦ ਕਰਨੀ ਚਾਹੀਦੀ ਹੈ । ਜਿਹੜੇ ਕਿ ਮੁਜ਼ਾਰੇ ਨਹੀਂ ਹਨ, ਉਥੇ ਕਾਸ਼ਤ ਨਹੀਂ ਕਰਦੇ ਔਰ ਜ਼ਮੀਨ ਵਾਹੁੰਦੇ ਨਹੀਂ ਹਨ, ਹਰੀਜਨ ਨਹੀਂ ਹਨ, ਉਨ੍ਹਾਂ ਨੂੰ ਬੇਨੀ-ਫਿੱਟ ਦਿੱਤਾ ਹੈ । ਇਸ ਤੋਂ ਇਨ੍ਹਾਂ ਦੀ ਇਨਟੇਨਸ਼ਨ ਦਾ ਸਾਫ ਪਤਾ ਲਗਦਾ ਹੈ।

**ਸ੍ਰੀ ਡਿਪਟੀ ਸਪੀਕਰ** : ਤੁਸੀਂ ਹੁਣ ਵਾਈਂਡ ਅੱਪ ਕਰੋ ਜੀ ।

**ਸਰਦਾਰ ਉਮਰਾਓ ਸਿੰਘ** : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਜਿੱਥੋਂ ਤੱਕ ਪੰਜਾਬ ਵਿਚ ਕੁਰੱਪਸ਼ਨ ਦਾ ਤੁਅਲਕ ਔਰ ਹੋਰ ਵੀ ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਗੱਲਾਂ ਹਨ ਇਹ ਕੈਂਸਰ ਦੂਰ ਨਹੀਂ ਹੋ ਸਕਦਾ ਜਿਤਨਾ ਚਿਰ ਤੱਕ ਪਰਮਾਨੈਂਟ ਬਾਡੀ ਕੋਈ ਨਾ ਬਣ ਜਾਵੇ, ਕੋਈ ਪਰਮਾਨੈਂਟ ਮਸ਼ੀਨਰੀ ਨਾ ਸੈਟ ਅੱਪ ਹੋ ਜਾਵੇ । ਚੀਫ ਮਨਿਸਟਰ ਸਾਹਿਬ ਨੇ ਪਤਾ ਨਹੀਂ ਕਿਸ ਤਰ੍ਹਾਂ ਉਸ ਵੇਲੇ ਕਹਿ ਦਿੱਤਾ ਕਿ ਅਸੀਂ ਲੋਕਪਾਲ ਬਣਾਵਾਂਗੇ । ਉਨ੍ਹਾਂ ਦੇ ਕਹਿਣ ਤੋਂ ਅਸੀਂ ਸਮਝਦੇ ਸੀ ਕਿ ਸ਼ਾਇਦ ਇਸ ਸੈਸ਼ਨ ਵਿਚ ਕੋਈ ਇਸ ਦੇ ਵਾਸਤੇ ਬਿਲ ਆਵੇਗਾ । ਪਰ ਉਹ ਨਹੀਂ ਆ ਰਿਹਾ । ਇਸ ਵੇਲੇ ਕੀ ਹੋ ਰਿਹਾ ਹੈ ? ਡਿਪਟੀ ਸਪੀਕਰ ਸਾਹਿਬ, ਇਕ ਬਹੁਤ ਵੱਡੀ ਠੱਗੀ ਮੈਂ ਸਮਝਦਾ ਹਾਂ ਕਿ ਲੋਕਾਂ ਦੇ ਨਾਲ, ਲੋਕਾਂ ਦੇ ਪੈਸੇ ਦੇ ਨਾਲ ਹੋਈ ਹੈ । ਪੰਜ ਕਰੋੜ ਰੁਪਏ ਦੀ ਬਰੀਵਰੀ ਸਿਰਫ ਪੰਜ ਲੱਖ ਰੁਪਏ ਨੂੰ ਦਿੱਤੀ ਗਈ ਹੈ । ਔਰ ਉਹ ਵੀ ਪੈਸੇ ਨਕਦ ਨਹੀਂ । ਉਸ ਦੀਆਂ ਵੀ ਕਿਸ਼ਤਾਂ ਕਰ ਦਿੱਤੀਆਂ ਹਨ । ਇਸ ਤੋਂ ਲੋਕ

Original with;
Punjab Vidhan Sabha
Digitized by;
Panjab Digital Library

[ਸਰਦਾਰ ਉਮਰਾਓ ਸਿੰਘ]

ਕੀ ਅੰਦਾਜ਼ਾਂ ਲਗਾਉਣਗੇ। ਮੁਹਾਲੀ ਦੇ ਇਕ ਆਦਮੀ ਨੂੰ ਇਹ ਬੈਨੀਫਿੱਟ ਦਿੱਤਾ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਪੰਜ ਕਰੋੜ ਦਾ ਪਬਲਿਕ ਸੈਕਟਰ ਵਿਚ ਕਾਰਖਾਨਾ ਹੋਵੇ, ਚਾਹੇ ਉਹ ਨਫੇ ਵਿਚ ਜਾਂਦਾ ਹੋਵੇ ਜਾਂ ਘਾਟੇ ਵਿਚ ਉਹ ਇਕ ਜੁਦਾ ਗੱਲ ਹੈ ਪਰ ਉਸ ਨੂੰ ਸਿਰਫ 60 ਲੱਖ ਨੂੰ ਦੇ ਦੇਣਾ, ਇਹ ਕਿੱਥੇ ਦਾ ਇਨਸਾਫ ਹੈ। ਫਿਰ ਕੋਈ ਵੀ ਚੀਜ਼ ਸਰਕਾਰ ਨੇ ਵੇਚਣੀ ਹੋਵੇ ਤਾਂ ਲੋਕਾਂ ਤੋਂ ਟੈਂਡਰ ਲਏ ਜਾਂਦੇ ਹਨ, ਕੋਈ ਠੇਕਾ ਦੇਣਾ ਹੋਵੇ ਤਾਂ ਵੀ ਟੈਂਡਰ ਪਹਿਲਾਂ ਮੰਗਦੇ ਹਨ, ਬਾਕਾਇਦਾ ਅਨਾਊਂਸਮੈਂਟ ਹੁੰਦੀ ਹੈ, ਲੇਕਿਨ ਇਥੇ ਕੁਝ ਨਹੀਂ ਹੋਇਆ। ਇਸ ਨਾਲ ਲੋਕਾਂ ਦੇ ਦਿਲਾਂ ਵਿਚ ਸ਼ੰਕੇ ਪੈਦਾ ਹੋ ਗਏ ਹਨ, ਔਰ ਵਿਚਾਰ ਹਨ ਔਰ ਮੈਂ ਸਮਝਦਾ ਹਾਂ ਕਿ ਇਹ ਸੱਭ ਕੁਝ ਅੰਦਰੋ ਅੰਦਰ ਹੋਇਆ ਹੈ।

ਡਿਪਟੀ ਸਪੀਕਰ ਸਾਹਿਬ, ਜਿਥੋਂ ਤੱਕ ਇਸ ਬਿੱਲ ਦਾ ਤੁਅੱਲਕ ਹੈ, ਸਰਦਾਰ ਆਤਮਾ ਸਿੰਘ ਜੀ ਨੇ ਠੀਕ ਕੀਤਾ ਹੈ ਪਰ ਜਿਹੜਾ ਪੰਚਾਇਤਾਂ ਨੂੰ ਪੈਸਾ ਦੇਣਾ ਹੈ, ਉਹ ਕਿਉਂ ਨਹੀਂ ਵਿਚ ਪਾਇਆ ਗਿਆ। ਪਤਾ ਨਹੀਂ ਇਨ੍ਹਾਂ ਦੀ ਆਪਸ ਵਿਚ ਕਿਉਂ ਨਹੀਂ ਬਣਦੀ। ਕੀ ਤੁਸੀਂ ਕੋਈ ਘਰੋਂ ਦੇਣਾ ਹੈ, ਜਿਹੜਾ ਇਸ ਵਿਚ ਨਹੀਂ ਪਾਇਆ ਗਿਆ, ਕੀ ਕੋਈ ਖਰਾਜ ਦੇ ਤੌਰ ਤੇ ਦੇਣਾ ਹੈ? ਪਰ ਪਤਾ ਨਹੀਂ ਹੈ ਕਿ ਇਨ੍ਹਾਂ ਦੀ ਕਿਉਂ ਨਹੀਂ ਬਣਦੀ। ਐਜੂਕੇਸ਼ਨ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਅਸੀਂ 90 ਪ੍ਰਤੀਸ਼ਤ ਦੇਵਾਂਗੇ ਪਰ ਉਹ ਕਿੱਥੋਂ ਦੇਣਗੇ ਜਦੋਂ ਕਿ ਉਹ ਖਰਚਾ ਹਾਊਸ ਦੇ ਸਾਹਮਣੇ ਨਹੀਂ ਲਿਆਂਦਾ ਗਿਆ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਕਮ-ਅਜ਼-ਕਮ ਤੁਸੀਂ ਬਜਟ ਵਿਚ ਪਾਓ ਤਾਂ ਕਿ ਲੋਕਾਂ ਦੀ ਤਸੱਲੀ ਹੋ ਜਾਵੇ ਇਕੱਲੇ ਬਿਆਨਾਂ ਨਾਲ ਲੋਕਾਂ ਦੀ ਤਸੱਲੀ ਨਹੀਂ ਹੁੰਦੀ।

(ਇਸ ਸਮੇਂ ਕਈ ਮਾਨਯੋਗ ਮੈਂਬਰ ਬੋਲਣ ਲਈ ਖੜ੍ਹੇ ਸਨ)

**ਕਾਮਰੇਡ ਦਰਸ਼ਨ ਸਿੰਘ ਝਬਾਲ** : ਡਿਪਟੀ ਸਪੀਕਰ ਸਾਹਿਬ, ਸਾਨੂੰ ਕੋਈ ਟਾਈਮ ਨਹੀਂ ਮਿਲਿਆ, ਮੈਂ ਬਾਰ ਬਾਰ ਉਠਦਾ ਰਿਹਾ ਹਾਂ।

**ਸ੍ਰੀ ਡਿਪਟੀ ਸਪੀਕਰ** : ਝਬਾਲ ਸਾਹਿਬ, ਤੁਹਾਨੂੰ ਜ਼ਰੂਰ ਟਾਈਮ ਮਿਲੇਗਾ।

**ਸਾਥੀ ਰੂਪ ਲਾਲ** (ਮੋਗਾ) : ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਿੱਲ ਤੇ ਚੰਦ ਇੱਕ ਗੱਲਾਂ ਕਹਾਂਗਾ। ਮੈਂ ਕੋਈ ਅੰਕੜੇ ਬਾਰ ਬਾਰ ਜਿਹੜੇ ਹਾਊਸ ਵਿਚ ਦਿੱਤੇ ਗਏ ਹਨ, ਉਨ੍ਹਾਂ ਬਾਰੇ ਗੱਲਾਂ ਨਹੀਂ ਕਰਨਾ ਚਾਹੁੰਦਾ ਕਿ ਸਰਕਾਰ ਨੇ ਕੀ ਕੀ ਕੀਤਾ ਹੈ, ਜੋ ਸੜਕਾਂ ਸਰਕਾਰ ਨੇ ਬਣਾਈਆਂ ਹਨ, ਖਾਲਿਆਂ ਨੂੰ ਪੱਕਾ ਕੀਤਾ ਹੈ, ਜਿਹੜੀਆਂ ਹੋਰ ਸਕੀਮਾਂ ਬਣਾਈਆਂ ਹਨ ਪੰਜਾਬ ਦੀ ਤਰੱਕੀ ਦੀਆਂ ਉਨ੍ਹਾਂ ਦੀ ਰੈਪੀਟੀਸ਼ਨ ਨਹੀਂ ਕਰਦਾ। ਮੈਂ ਸਿਰਫ ਇਹ ਹੀ ਕਹਿਣਾ ਚਾਹੁੰਦਾ ਹਾਂ ਕਿ ਆਪੋਜੀਸ਼ਨ ਬੈਂਚਿਜ਼ ਵਾਲਿਆਂ ਨੂੰ ਜਮਹੂਰੀਅਤ ਦੇ ਮੁਤਾਬਿਕ ਗੱਲ ਕਰਨੀ ਚਾਹੀਦੀ ਹੈ। ਔਰ ਉਹ ਇਹ ਹੈ ਕਿ ਸਾਨੂੰ ਆਪੋਜੀਸ਼ਨ ਦਾ ਹੈਲਦੀ ਰੋਲ ਅਦਾ ਕਰਨਾ ਚਾਹੀਦਾ ਹੈ। ਪਰ ਇਹ ਚੀਜ਼ ਇਹ ਨਹੀਂ ਕਰ ਸਕਦੇ। ਮੈਂ ਆਪੋਜੀਸ਼ਨ ਦੇ ਲੀਡਰ ਨੂੰ ਬੇਨਤੀ ਕਰਾਂਗਾ ਕਿ ਉਹ ਮੈਨੂੰ ਇਜਾਜ਼ਤ ਦੇਣ, ਮੈਂ ਆਪੋਜੀਸ਼ਨ ਦਾ ਰੋਲ ਅਦਾ ਕਰਕੇ ਇਨ੍ਹਾਂ ਨੂੰ ਦੱਸਾਂਗਾ। (ਹਾਸਾ)......

**ਚੌਧਰੀ ਬਲਰਾਮ ਜਾਖੜ** : ਡਿਪਟੀ ਸਪੀਕਰ ਸਾਹਿਬ, ਸਾਡੇ ਵੱਲ ਇਨ੍ਹਾਂ ਨੂੰ ਡੈਪੂਟੇਸ਼ਨ ਤੇ ਹੀ ਭੇਜ ਦਿਓ ਜੇਕਰ ਇਹ ਵੈਸੇ ਨਹੀਂ ਆਉਣਾ ਚਾਹੁੰਦੇ। (ਹਾਸਾ)

**ਸਾਥੀ ਰੂਪ ਲਾਲ** : ਡਿਪਟੀ ਸਪੀਕਰ ਸਾਹਿਬ, 30 ਸਾਲ ਦੇ ਰਾਜ ਨੇ ਹੋਰ ਗੱਲਾਂ ਤੋਂ ਬਾਵਜੂਦ ਇਕ ਬਹੁਤ ਵੱਡੀ ਘਾਟ ਹਿੰਦੁਸਤਾਨ ਵਿਚ ਇਨ੍ਹਾਂ ਨੇ ਲਿਆਂਦੀ ਹੈ। ਇਖਲਾਕੀ ਪੱਧਰ

Original with;
Punjab Vidhan Sabha
Digitized by;
Panjab Digital Library

ਗਿਰ ਗਿਆ ਹੈ, ਇਖਲਾਕੀ ਦਿਵਾਲਾ ਇਨ੍ਹਾਂ ਨੇ ਕੱਢ ਦਿੱਤਾ ਹੈ । ਔਰ ਹੁਣ ਜੇਕਰ ਸਰਕਾਰ ਕੋਈ ਚੰਗੀ ਗੱਲ ਕਰਦੀ ਹੈ ਤਾਂ ਆਪੋਜੀਸ਼ਨ ਤੇ ਬੈਠੇ ਇਹ ਬੰਦੇ ਹੁਣ ਉਸ ਨੂੰ ਬਰਦਾਸ਼ਤ ਨਹੀਂ ਕਰਦੇ। ..

**ਸ਼੍ਰੀ ਓਮ ਪ੍ਰਕਾਸ਼** ਗੁਪਤਾ : ** ** **

**ਸ਼੍ਰੀ ਡਿਪਟੀ ਸਪੀਕਰ** । ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਸਾਥੀ ਰੂਪ ਲਾਲ** : ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਦੀਆਂ ਤੀਹ ਸਾਲਾਂ ਦੀਆਂ ਗੱਲਾਂ ਵਿਚ ਨਹੀਂ ਜਾਂਦਾ । ਪਰ ਇਨ੍ਹਾਂ ਨੇ ਜੋ 30 ਸਾਲਾਂ ਵਿਚ ਇਖਲਾਕ ਦਾ ਦਿਵਾਲਾ ਕੱਢਿਆ ਹੈ, ਜੋ ਕਸੂਰ ਇਹ ਕਰਦੇ ਰਹੇ ਹਨ, ਉਨ੍ਹਾਂ ਬਾਰੇ ਮੈਂ ਸਿਰਫ ਇਹ ਹੀ ਕਹਿਣਾ ਚਾਹੁੰਦਾ ਹਾਂ ਕਿ ਕਿਸ ਤਰ੍ਹਾਂ ਨਾਲ ਇਨ੍ਹਾਂ ਨੇ ਇਖਲਾਕ ਵਿਚ ਤੀਹ ਸਾਲਾਂ ਵਿਚ ਗਿਰਾਵਟ ਲਿਆਂਦੀ ਹੈ ਜੇਕਰ ਸਾਡੀ ਸਰਕਾਰ ਹੁਣ ਕੋਈ ਚੰਗਾ ਕੰਮ ਕਰਦੀ ਹੈ ਤਾਂ ਇਨ੍ਹਾਂ ਨੂੰ ਉਹ ਵੀ ਚੁਭਦੀ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਜਦੋਂ ਵੀ ਗੱਲ ਕਰਦੇ ਹਨ ਤਾਂ ਲਾਅ ਐਂਡ ਆਰਡਰ ਦੀ ਹੀ ਕਰਦੇ ਹਨ । ਕਦੇ ਨਿਰੰਕਾਰੀਆਂ ਦੀ, ਕਦੇ ਸੋਡਲ ਦੀ ਇਹ ਗੱਲ ਕਰ ਦਿੰਦੇ ਹਨ । ਇਹ ਕਹਿੰਦੇ ਹਨ ਸੋਡਲ ਕੀ ਸੀ ਹੁਣ ਕੀ ਹੋ ਗਿਆ ਹੈ, ਫਿਰ ਕਹਿੰਦੇ ਹਨ ਕਿ ਨਿਰੰਕਾਰੀਆਂ ਦਾ ਝਗੜਾ ਹੈ । ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਆਪਣੇ ਰਾਜ ਵਿਚ ਉਨ੍ਹਾਂ ਨੂੰ ਪਾਲਿਆ ਕਿ ਕਿਸੇ ਵੇਲੇ ਕੰਮ ਆਉਣਗੇ । ਇਨ੍ਹਾਂ ਨੇ ਇਸ ਗੱਲ ਲਈ ਰੱਖਿਆ ਸੀ ਕਿ ਕਦੇ ਕੋਈ ਸ਼ੋਸ਼ਾ ਪੰਜਾਬ ਵਿਚ ਛੱਡਾਂਗੇ । ਜਦੋਂ ਸਾਡੇ ਹੱਥੋਂ ਗੱਦੀ ਖੁਸਣ ਲੱਗੇਗੀ ਤਾਂ ਇਨ੍ਹਾਂ ਨੂੰ ਅੱਗੇ ਕਰ ਦੇਵਾਂਗੇ ਪਰ ਸਾਡੀ ਸਰਕਾਰ ਨੇ ਇਹ ਮਸਲੇ ਤੇ ਜਿਸ ਸਿਆਣਪ ਨਾਲ ਕੰਮ ਕੀਤਾ ਹੈ, ਉਹ ਬੇਮਿਸਾਲ ਹੈ । ਨਹੀਂ ਤਾਂ ਇਨ੍ਹਾਂ ਨੇ ਤਾਂ ਆਪਣੀ ਵੱਲੋਂ ਕਸਰ ਨਹੀਂ ਸੀ ਛੱਡੀ । ਇਨ੍ਹਾਂ ਨੇ ਤਾਂ ਆਪਣੇ ਵਿਰੋਧੀਆਂ ਨੂੰ ਖਤਮ ਕਰਨ ਦਾ ਤਰੀਕਾ ਲੱਭਿਆ ਸੀ । ਇਨ੍ਹਾਂ ਨੇ ਪੰਜਾਬ ਵਿਚ ਬਥੇਰੀ ਅੱਗ ਲਾਉਣ ਦੀ ਕੋਸ਼ਿਸ਼ ਕੀਤੀ । ਮਗਰ ਸਾਡੀਆਂ ਪਾਰਟੀਆਂ ਦੇ ਲੀਡਰਾਂ ਨੇ, ਸਾਰੇ ਅਕਾਲੀ ਦਲ ਦੇ ਪਰਧਾਨ ਤਲਵੰਡੀ ਸਾਹਿਬ ਨੇ ਆਪਣੀ ਸਿਆਣਪ ਨਾਲ ਆਪਣੀ ਸੂਝ ਬੂਝ ਨਾਲ ਇਸ ਮਸਲੇ ਨੂੰ ਹੱਲ ਕਰ ਦਿੱਤਾ । (ਵਿਘਨ) .........

**ਸ਼੍ਰੀ ਡਿਪਟੀ ਸਪੀਕਰ** : ਮੈਂ ਮਾਨਯੋਗ ਮੈਂਬਰਾਂ ਨੂੰ ਬੇਨਤੀ ਕਰਾਂਗਾ ਕਿ ਅਸੀਂ ਮਾਨਯੋਗ ਮੈਂਬਰ ਨੂੰ ਆਪਣੇ ਵਿਚਾਰ ਕਹਿ ਲੈਣ ਦੇਈਏ । ਉਨ੍ਹਾਂ ਨੂੰ ਇੰਟਰੱਪਟ ਨਾ ਕਰੀਏ ।

**ਸਾਥੀ ਰੂਪ ਲਾਲ** : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਜੋ ਜਜ਼ਬਾਤ ਭੜਕਾਏ ਹਨ ਉਨ੍ਹਾਂ ਭੜਕੇ ਹੋਏ ਜਜ਼ਬਾਤਾਂ ਨੂੰ ਅਕਾਲੀ ਦਲ ਦੇ ਪ੍ਰਧਾਨ ਟੌਹੜਾ ਸਾਹਿਬ ਨੇ ਆਪਣੀ ਸਿਆਣਪ ਨਾਲ ਰੋਕ ਲਿਆ । ....

**ਸਰਦਾਰ ਬੇਅੰਤ ਸਿੰਘ** : ** ** **

**ਸ਼੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਸਾਥੀ ਰੂਪ ਲਾਲ** : ਡਿਪਟੀ ਸਪੀਕਰ ਸਾਹਿਬ, ਕਦੇ ਇਹ ਲਾਅ ਐਂਡ ਆਰਡਰ ਦੀ ਗੱਲ ਕਰਦੇ ਹਨ ਔਰ ਕਦੇ ਕਤਲਾਂ ਦੀ ਗੱਲ ਕਰਦੇ ਹਨ । ਮੈਂ ਇਨ੍ਹਾਂ ਨੂੰ ਕਹਾਂਗਾ ਕਿ ਇਹ ਦੱਸਣ ਕਿ ਕਿਤਨੇ ਇਨ੍ਹਾਂ ਨੇ ਕਰਵਾਏ ਹਨ । ਇਨ੍ਹਾਂ ਦੇ ਚੀਫ ਮਨਿਸਟਰ ਦੇ ਘਰ ਵਿਚ ਹੀ ਕਤਲ ਹੋਇਆ । ਉਹ ਦਿਨ ਇਹ ਭੁੱਲ ਗਏ ਹਨ । (ਸ਼ੇਮ ਸ਼ੇਮ ਦੀਆਂ ਆਵਾਜ਼ਾਂ) (ਵਿਘਨ)

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਾਥੀ ਰੂਪ ਲਾਲ]

ਪੰਜ ਦਸ ਦਿਨ ਹੋਏ, ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਇਕ ਨਵਾਂ ਝਗੜਾ ਖੜ੍ਹਾ ਕਰ ਦਿਤਾ । ਇਹ ਕਿਤੇ ਲੋਕਾਂ ਨੂੰ ਮੱਲੋ ਮੱਲੀਂ ਚੱਕੋ ਥੱਲੀ ਕਰਦੇ ਹਨ, ਕਿਸੇ ਨੂੰ ਵਗਾੜਦੇ ਹਨ ਪਰ ਫਿਰ ਕੀ ਹੋਇਆ ? ਲੋਕ ਜਜ਼ਬਾਤ ਵਿਚ ਆ ਗਏ ਔਰ ਝਗੜਾ ਹੋ ਗਿਆ ਐਕਸ-ਚੀਫ ਮਨਿਸਟਰ ਨਾਲ । ਪਰ ਉਨ੍ਹਾਂ ਲੋਕਾਂ ਨੂੰ ਲੱਭਾ ਕੀ ? ** ** ** ** ਉਸ ਦੀ ਕਾਰ ਵਿੱਚੋਂ ਲੱਭੇ । ਇਹੋ ਜਿਹੀਆਂ ਗੱਲਾਂ ਕਰਦੇ ਹਨ । ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦਾ ਕਿਰਦਾਰ ਕੀ ਹੈ ? (ਹਾਸਾ) (ਵਿਘਨ) (ਸ਼ੋਰ)

**ਸਰਦਾਰ ਬੇਅੰਤ ਸਿੰਘ** : ** ** **

**ਸ਼੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਸਰਦਾਰ ਬੇਅੰਤ ਸਿੰਘ** : ਡਿਪਟੀ ਸਪੀਕਰ ਸਾਹਿਬ, ਇਹ ਗੱਲ ਬੜੀ ਮਾੜੀ ਹੈ । ਇਸ ਨੂੰ ਐਕਸਪੰਜ ਕਰਵਾਓ । (ਵਿਘਨ) ਇਹ ਗੱਲ ਠੀਕ ਨਹੀਂ ਹੈ । ......

**ਸ਼੍ਰੀ ਡਿਪਟੀ ਸਪੀਕਰ** : ਨਹੀਂ ਜੀ, ਇਨ੍ਹਾਂ ਨੇ ਨਹੀਂ ਸੁਣਿਆ ।

**ਸਰਦਾਰ ਗੁਰਦਰਸ਼ਨ ਸਿੰਘ** : ਡਿਪਟੀ ਸਪੀਕਰ ਸਾਹਿਬ, ਇਸ ਹਾਊਸ ਦੇ ਡੇਕੋਰਮ ਨੂੰ ਠੀਕ ਰੱਖਣ ਵਾਸਤੇ ਜੋ ਰਿਮਾਰਕਸ ਇਸਤੇਮਾਲ ਕੀਤੇ ਜਾ ਰਹੇ ਹਨ, ਇਹ ਠੀਕ ਨਹੀਂ ਹਨ ਔਰ ਤੁਸੀਂ ਕਹਿੰਦੇ ਹੋ ਕਿ ਅਸੀਂ ਸੁਣੇ ਨਹੀਂ ਹਨ । ਅਗਰ ਅਸੀਂ ਵੀ ਕਹੀਏ ਕਿ ਇਨ੍ਹਾਂ (ਸਰਕਾਰੀ ਬੈਂਚਾਂ ਵੱਲ ਇਸ਼ਾਰਾ) ਦੀਆਂ ਕਾਰਾਂ ਵਿਚ ਲੱਖਾਂ ਰੁਪਿਆ ਹੈ ਤਾਂ ਇਨ੍ਹਾਂ ਤੋਂ ਵੀ ਇਹੋ ਜਿਹੀਆਂ ਚੀਜ਼ਾਂ ਮਿਲਣਗੀਆਂ । ...... (ਵਿਘਨ)

ਜਦੋਂ ਆਨਰੇਬਲ ਮੈਂਬਰ ਨੂੰ ਬੋਲਣ ਦੀ ਤਮੀਜ਼ ਨਹੀਂ, ਉਸ ਨੂੰ ਇਥੇ ਬੋਲਣ ਦਾ ਕੀ ਹੱਕ ਹੈ। ਤੁਸੀਂ ਕਿਉਂ ਉਸ ਨੂੰ ਅਲਾਓ ਕਰਦੇ ਹੋ ?

**ਸ਼੍ਰੀ ਡਿਪਟੀ ਸਪੀਕਰ** : ਮੈਂ ਰਿਕਾਰਡ ਚੈਕ ਕਰ ਲਵਾਂਗਾ ਅਗਰ ਕੋਈ ਐਸੀ ਗੱਲ ਹੋਈ ਤਾਂ ਐਕਸਪੰਜ ਕਰਵਾ ਦੇਵਾਂਗਾ ।

**ਸਰਦਾਰ ਗੁਰਦਰਸ਼ਨ ਸਿੰਘ** : ਜਦੋਂ ਭੁੱਲਰ ਸਾਹਿਬ ਨੇ ਇਸ ਦੇ ਇਥੇ ** ** ਤਾਂ.....

**ਸ਼੍ਰੀ ਡਿਪਟੀ ਸਪੀਕਰ** : ਇਹ ਵਰਡਜ਼ ਐਕਸਪੰਜ ਕਰ ਦਿੱਤੇ ਜਾਣ । (ਵਿਘਨ)

**ਸਾਥੀ ਰੂਪ ਲਾਲ** : ਜਿਹੜੇ ਇਨ੍ਹਾਂ ਨੇ ਰੈਸਟ ਹਾਊਸ ਬਣਾਏ ਹਨ, ਉਨ੍ਹਾਂ ਵਿੱਚੋਂ ਕੋਈ ਐਸਾ ਰੈਸਟ ਹਾਊਸ ਨਹੀਂ ਲੱਭਦਾ ** ** ** ਅਸੀਂ ਤਾਂ ਲੋਕਾਂ ਦੇ ਕੰਮ ਕਰਨ ਲਈ ਰੈਸਟ ਹਾਊਸ ਰੱਖੇ ਹਨ ।........

**ਸ਼੍ਰੀ ਡਿਪਟੀ ਸਪੀਕਰ** : ਮੈਂ ਆਨਰੇਬਲ ਮੈਂਬਰ ਨੂੰ ਕਹਾਂਗਾ ਕਿ ਉਹ ਹਾਊਸ ਦੇ ਡੇਕੋਰਮ ਦਾ ਖਿਆਲ ਰੱਖ ਕੇ ਬੋਲਣ । ਐਸੀ ਕੋਈ ਗੱਲ ਨਾ ਕਰਨ, ਜਿਸ ਨਾਲ ਹਾਊਸ ਦੀ ਤੌਹੀਨ ਹੋਵੇ । ਇਹ ਜਿਹੜੇ ਲਫਜ਼ ਕਹੇ ਹਨ, ਇਹ ਐਕਸਪੰਜ ਕਰ ਦਿੱਤੇ ਜਾਣ ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸਾਥੀ ਰੂਪ ਲਾਲ** : ਡਿਪਟੀ ਸਪੀਕਰ ਸਾਹਿਬ, ਜਿਹੜੇ ਇਨ੍ਹਾਂ ਦੇ ਕਿਰਦਾਰ ਹਨ, ਉਹ ਤਾਂ ਕਹਿਣੇ ਪੈਣੇ ਹਨ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਦਾ ਹਾਂ ਕਿ ਇਨ੍ਹਾਂ ਦੇ ਇਕ ਸਾਥੀ ਨੇ ਮੈਨੂੰ ਦੱਸਿਆ, ਮੈਂ ਉਸ ਦਾ ਨਾਂ ਨਹੀਂ ਲੈਂਦਾ, ਕਿ ਚੀਫ਼ ਮਨਿਸਟਰ ਦੇ ਹੱਰਮ ਵਿਚ 8 ਔਰਤਾਂ ਸ਼ਾਮਲ ਸਨ ।

**ਸਰਦਾਰ ਬੇਅੰਤ ਸਿੰਘ** : ** ** **

**ਸ੍ਰੀ ਡਿਪਟੀ ਸਪੀਕਰ** : ਇਨ੍ਹਾਂ ਨੇ ਕਿਸੇ ਦਾ ਨਾਂ ਨਹੀਂ ਲਿਆ । ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ।

**ਚੌਧਰੀ ਸੁੰਦਰ ਸਿੰਘ** : ** ** ** **

**ਸ੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ।

**ਸਾਥੀ ਰੂਪ ਲਾਲ** : ਡਿਪਟੀ ਸਪੀਕਰ ਸਾਹਿਬ, ਅੱਜ ਜਦੋਂ ਮਹਾਤਮਾ ਗਾਂਧੀ ਦੀ ਗੱਲ ਆਉਂਦੀ ਹੈ ਤਾਂ ਇਹ ਸਿਆਪਾ ਖੜ੍ਹਾ ਕਰ ਦਿੰਦੇ ਹਨ । ਜਿਵੇਂ ਅੱਜ ਸਵੇਰੇ ਖੜ੍ਹਾ ਕੀਤਾ ਸੀ । ਇਥੇ ਨਾਂ ਲਿਆ ਗਿਆ ਇੰਦਰਾ ਦਾ, ਕਹਿੰਦੇ ਹਨ ਮਹਾਤਮਾ ਗਾਂਧੀ ਦਾ ਨਾਂ ਲਿਆ ਹੈ । ਇਹ ਮਹਾਤਮਾ ਗਾਂਧੀ ਦੇ ਨਕਲੀ ਚੇਲੇ ਹਨ, ਅਸਲੀ ਚੇਲੇ ਤਾਂ ਅਸੀਂ ਹਾਂ । ਅਸੀਂ ਉਨ੍ਹਾਂ ਦੀ ਇਜ਼ਤ ਕਰਦੇ ਹਾਂ । ਅਸੀਂ ਉਨ੍ਹਾਂ ਦਾ ਸਹੀ ਫਾਇਦਾ ਉਠਾ ਰਹੇ ਹਾਂ । ਮਗਰ ਇਹ ਮਾਲ ਖਾਣ ਲਈ ਮਹਾਤਮਾ ਗਾਂਧੀ ਦਾ ਨਾਂ ਸ਼ਾਮਲ ਕਰ ਲੈਂਦੇ ਹਨ...... (ਵਿਘਨ)

**Mr. Deputy Speaker** : No interruption please.

**ਸਾਥੀ ਰੂਪ ਲਾਲ** : ਡਿਪਟੀ ਸਪੀਕਰ ਸਾਹਿਬ, ਇਹ ਹਰੀਜਨਾਂ ਦੀਆਂ ਗੱਲਾਂ ਕਰਦੇ ਹਨ ਪਰ ਅੱਜ ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਇਸ ਵੇਲੇ ਜੋ ਸੈਂਟਰ ਵਿਚ ਅਤੇ ਪੰਜਾਬ ਵਿਚ ਜਨਤਾ ਪਾਰਟੀ ਦੀ ਸਰਕਾਰ ਕੰਮ ਕਰ ਰਹੀ ਹੈ, ਜੇ ਇਹ ਇਸੇ ਤਰ੍ਹਾਂ ਚੱਲਦੀ ਰਹੀ ਤਾਂ 10 ਸਾਲ ਵਿਚ 70 ਫ਼ੀ ਸਦੀ ਅਫਸਰ ਹਰੀਜਨ ਹੋਣਗੇ । (ਤਾੜੀਆਂ) ਅਸੀਂ ਇਨ੍ਹਾਂ ਵਾਂਗ ਹਰੀਜਨਾਂ ਦੇ ਹੱਕ ਨਹੀਂ ਖਾ ਰਹੇ । ਕੇ. ਪੀ. ਅਤੇ ਚੌਧਰੀ ਸੁੰਦਰ ਸਿੰਘ ਇਥੇ ਹਰੀਜਨਾਂ ਦਾ ਨਾਂ ਲੈਂਦੇ ਹਨ, ਪਰ ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਇਨ੍ਹਾਂ ਨੇ ਅੱਜ ਤੱਕ ਹਰੀਜਨਾਂ ਦੇ ਪੱਲੇ ਕੁਝ ਨਹੀਂ ਪੈਣ ਦਿੱਤਾ । ਇਕੋ ਹੀ ਖਾਨਦਾਨ ਹਰੀਜਨਾਂ ਦਾ ਤਰੱਕੀ ਲੈਂਦਾ ਗਿਆ ਹੈ । ਉਸੇ ਘਰ ਦਾ ਲੜਕਾ ਆਈ. ਏ. ਐਸ. ਅਤੇ ਹੋਰ ਵੀ ਸਾਰੀਆਂ ਸਹੂਲਤਾਂ ਉਸੇ ਨੂੰ ਹੀ ਮਿਲੀਆਂ ਜਾ ਰਹੀਆਂ ਹਨ । ਪਰ ਜਿਹੜੇ ਮੇਹਨਤੀ ਹਰੀਜਨ ਪਿੰਡਾਂ ਵਿਚ ਵਸਦੇ ਹਨ, ਉਨ੍ਹਾਂ ਦੇ ਪੱਲੇ ਕੁਝ ਨਹੀਂ ਪੈਣ ਦਿੱਤਾ । ਚੌਧਰੀ ਸਾਹਿਬ ਵਰਗੇ ਜਿਹੜੇ 10, 10 ਹਜ਼ਾਰ ਹਰੀਜਨਾਂ ਦੇ ਬਰਾਬਰ ਦਾ ਹੱਕ ਮਾਰ ਕੇ ਬੈਠੇ ਹਨ, ਇਸ ਲਈ, ਮੈਂ ਆਪਣੀ ਸਰਕਾਰ ਨੂੰ ਕਹਾਂਗਾ ਕਿ ਇਹ ਜਿਹੜੇ ਹਰੀਜਨਾਂ ਦਾ ਹੱਕ ਖਾ ਕੇ ਧਨਾਢ ਹੋ ਗਏ ਹਨ, ਇਨ੍ਹਾਂ ਤੇ ਪਾਬੰਦੀਆਂ ਲਾਈਆਂ ਜਾਣ ਔਰ ਗਰੀਬ ਹਰੀਜਨਾਂ ਦੇ ਹੱਕਾਂ ਦੀ ਰਾਖੀ ਕੀਤੀ ਜਾਵੇ । ਇਥੇ ਹਰਚੰਦ ਸਿੰਘ ਕਮੇਟੀ ਦਾ ਬਾਰਬਾਰ ਜ਼ਿਕਰ ਆਉਂਦਾ ਹੈ, ਜਿਸ ਵਿਚ ਵੱਡੇ ਵੱਡੇ ਆਦਮੀਆਂ ਨੇ ਹਰੀਜਨਾਂ ਦੀ ਜ਼ਮੀਨਾਂ ਦਬਾਈਆਂ ਹੋਈਆਂ ਸਨ (ਵਿਘਨ) ਡਿਪਟੀ ਸਪੀਕਰ ਸਾਹਿਬ, ਇਹ ਸ਼ੋਰ ਮਚਾਉਂਦੇ ਹਨ, ਪਰ ਮੈਂ ਤਾਂ ਸਚਾਈ ਦੀ ਗੱਲ ਕਰਦਾ ਹਾਂ, ਮੈਂ ਮੰਨਦਾ ਹਾਂ ਕਿ ਸਾਡੇ ਵਿਚ ਵੀ ਕੁਝ ਕਮੀਆਂ ਹਨ ਪਰ ਉਹ ਦੂਰ ਕੀਤੀਆਂ ਜਾ ਰਹੀਆਂ ਹਨ । ਸਾਡੀ ਸਰਕਾਰ ਬਹੁਤ ਵਧੀਆ ਕੰਮ ਕਰਦੀ ਹੈ । ਬਾਦਲ ਸਾਹਿਬ ਜਿਨ੍ਹਾਂ ਦੇ ਨਾਲ ਮੈਂ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਾਥੀ ਰੂਪ ਲਾਲ]

13 ਮਹੀਨੇ ਜੇਲ੍ਹਾਂ ਵਿਚ ਗੁਜ਼ਾਰੇ ਹਨ, ਮੈਨੂੰ ਉਨ੍ਹਾਂ ਦੀ ਆਦਤ ਦਾ ਚੰਗੀ ਤਰ੍ਹਾਂ ਪਤਾ ਹੈ। ਉਨ੍ਹਾਂ ਨੇ ਜੇਲ੍ਹਾਂ ਵਿਚ ਹੀ ਸਕੀਮਾਂ ਬਣਾਈਆਂ ਸਨ ਅਤੇ ਉਨ੍ਹਾਂ ਸਕੀਮਾਂ ਨੂੰ ਅੱਜ ਇਹ ਲਾਗੂ ਕਰ ਰਹੇ ਹਨ। ਜੇਲ੍ਹ ਸੁਧਾਰ ਕਰਨ ਲਈ ਕਾਫੀ ਕਦਮ ਚੁੱਕ ਰਹੇ ਹਨ ਔਰ ਹੋਰ ਵੀ ਹਰ ਪੱਖ ਤੋਂ ਪੰਜਾਬ ਦੇ ਦੁਖਾਂ ਤੇ ਮਰਹਮ ਪੱਟੀ ਕਰ ਰਹੇ ਹਨ। ਮਗਰ ਮੈਂ ਕਹਿੰਦਾ ਹਾਂ ਕਿ ਹਾਲੇ ਵੀ 2 ਗੱਲਾਂ ਵਿਚ ਕਸਰ ਰਹਿ ਗਈ ਹੈ। ਬਾਦਲ ਸਾਹਿਬ ਦੀ ਸਰਕਾਰ, ਜਿਨ੍ਹਾਂ ਲੋਕਾਂ ਨੇ ਸਰਕਾਰ ਦਾ ਮਾਲ ਹੜੱਪ ਕੀਤਾ ਹੈ, ਉਨ੍ਹਾਂ ਨੂੰ ਸਖਤ ਤੋਂ ਸਖਤ ਸਜ਼ਾ ਦੇਵੇ ਔਰ ਉਨ੍ਹਾਂ ਨੂੰ ਕਮਿਸ਼ਨ ਦੇ ਸਾਹਮਣੇ ਲੇ ਆਵੇ। ਅੱਜ ਇਹ ਕਮਿਸ਼ਨ ਦੇ ਸਾਹਮਣੇ ਜਾਣ ਤੋਂ ਡਰਦੇ ਹਨ ਅਤੇ ਕਹਿੰਦੇ ਹਨ ਕਿ 7 ਲੱਖ ਰੁਪਿਆ ਕਮਿਸ਼ਨ ਤੇ ਖਰਚ ਆ ਰਿਹਾ ਹੈ। ਪਰ ਮੈਂ ਤਾਂ ਬਾਦਲ ਸਾਹਿਬ ਨੂੰ ਕਹਾਂਗਾ ਕਿ ਉਨ੍ਹਾਂ ਆਦਮੀਆਂ ਲਈ ਸਜਾਵਾਂ ਦੇਣ ਲਈ ਸਪੈਸ਼ਲ ਕੋਰਟ ਕਾਇਮ ਕਰੇ ਤਾਂ ਕਿ ਇਨ੍ਹਾਂ ਲੋਕਾਂ ਨੂੰ ਸਜ਼ਾਵਾਂ ਜਲਦੀ ਦਿੱਤੀਆਂ ਜਾ ਸਕਣ। ਇਨ੍ਹਾਂ ਲੋਕਾਂ ਨੇ ਇੰਪਰੂਵਮੈਂਟ ਟਰੱਸਟਾਂ ਦਾ ਰੁਪਿਆ ਖਾਧਾ ਹੈ। ਜੇ ਸਾਡੀ ਸਰਕਾਰ ਇਨ੍ਹਾਂ ਨੂੰ ਸਖਤ ਸਜ਼ਾਵਾਂ ਦਿੰਦੀ ਤਾਂ ਅੱਜ ਇਹ ਜਿਹੜੇ ਕਾਂਗਰਸੀ ** ** **

**ਸ੍ਰੀ ਡਿਪਟੀ ਸਪੀਕਰ** : ਸਾਥੀ ਜੀ, ਵਾਈਂਡ ਅੱਪ ਕਰੋ।

**ਸਰਦਾਰ ਗੁਰਦਰਸ਼ਨ ਸਿੰਘ** : ਡਿਪਟੀ ਸਪੀਕਰ ਸਾਹਿਬ, ਇਹ ਕਹਿੰਦਾ ਹੈ ਕਿ ** ** ਅਸੀਂ ਲੋਕਾਂ ਦੇ ਇਲੈਕਟਿਡ ਨੁਮਾਇੰਦੇ ਹਾਂ। ਇਹ ਚੀਜ਼ ਇਥੇ ਨਹੀਂ ਹੋਣੀ ਚਾਹੀਦੀ।

**ਸ੍ਰੀ ਡਿਪਟੀ ਸਪੀਕਰ** : ਇਹ ਐਕਸਪੰਜ ਕਰ ਦਿੱਤਾ ਜਾਵੇ।

**ਸਾਥੀ ਰੂਪ ਲਾਲ** : ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਦੇ ਗਬਨ ਦੀ ਗੱਲ ਦੱਸਦਾ ਹਾਂ। ਮੇਰੇ ਹਲਕੇ ਵਿਚ ਮਾਰਕਿਟ ਕਮੇਟੀ ਵਿਚ 31 ਲੱਖ ਦਾ ਗਬਨ ਹੋਇਆ ਹੈ, ਇਸ ਤਰ੍ਹਾਂ ਗਬਨ ਕਰਕੇ ਇਨ੍ਹਾਂ ਨੇ ਵੱਡੀਆਂ ਵੱਡੀਆਂ ਕੋਠੀਆਂ ਪਾਈਆਂ ਹਨ। ਡਿਪਟੀ ਸਪੀਕਰ ਸਾਹਿਬ ਇਕ ਪਾਸੇ ਤਾਂ ਰਾਜ ਭਵਨ ਹੈ ਪਰ ਦੂਜੇ ਪਾਸੇ ਜਗਰਾਜ ਭਵਨ ਬਣਾਇਆ ਗਿਆ ਹੈ ਇਨ੍ਹਾਂ ਨੇ ਹੀ 20, 20 ਲੱਖ ਦੀਆਂ ਕੋਠੀਆਂ ਬਣਾਈਆਂ ਹਨ। ਅੱਜ ਇਹ ਇਥੇ ਫਸਾਦ ਕਰਾਉਣ ਦੀਆਂ ਗੱਲਾਂ ਕਰਦੇ ਹਨ ਜਿਹੜੀਆਂ ਕਿ ਇਨ੍ਹਾਂ ਨੂੰ ਨਹੀਂ ਕਰਨੀਆਂ ਚਾਹੀਦੀਆਂ।

ਸਾਡੇ ਬਾਦਲ ਸਾਹਿਬ ਬੜੇ ਸ਼ਰੀਫ ਹਨ ਅਤੇ ਸਾਡੀ ਸਰਕਾਰ ਸ਼ਰੀਫਾਂ ਦੀ ਸਰਕਾਰ ਹੈ। ਇਹ ਠੀਕ ਹੈ ਕਿ ਡੈਮੋਕਰੇਸੀ ਦੇ ਵਿਚ ਨੌਕਰਸ਼ਾਹੀ ਹਾਵੀ ਹੁੰਦੀ ਹੈ। ਬਹੁਤ ਸਾਰੀ ਨੌਕਰਸ਼ਾਹੀ ਕਾਂਗਰਸ ਰਾਜ ਦੀ ਪੈਦਾ ਕੀਤੀ ਹੋਈ ਹੈ, ਜਿਹੜੇ ਇਨ੍ਹਾਂ ਦੇ ਹਾਲੇ ਵੀ ਗੁਣ ਗਾਉਂਦੇ ਹਨ। ਉਹ ਅਫਸਰ ਸਾਨੂੰ ਮੈਲੀ ਅੱਖ ਨਾਲ ਵੇਖਦੇ ਹਨ। ਮੈਂ ਬਾਦਲ ਸਾਹਿਬ ਨੂੰ ਕਿਹਾ ਕਿ ਤੁਹਾਡੀ ਸਰਕਾਰ ਵਰਗੀ ਹੋਰ ਕਿਸੇ ਦੀ ਸਰਕਾਰ ਨਹੀਂ ਹੋ ਸਕਦੀ। ਸਾਡੀ ਸਰਕਾਰ ਦੇ ਵਿਚ ਜਿਹੜਾ ਬੰਦਾ ਕੁਰੱਪਟ ਹੋਵੇਗਾ, ਉਸਨੂੰ ਮੁਆਫ ਨਹੀਂ ਕੀਤਾ ਜਾਵੇਗਾ। ਸਾਡੇ ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਜਨਤਾ ਦੇ ਵਿਚੋਂ ਡਰ ਖਤਮ ਕਰਨਾ ਹੈ ਅਤੇ ਕੁਰੱਪਸ਼ਨ ਨੂੰ ਦੂਰ ਕਰਨਾ ਹੈ। ਅਸੀਂ ਕੁਰੱਪਸ਼ਨ ਨੂੰ ਰਹਿਣ ਨਹੀਂ ਦੇਣਾ।

(ਸਰਦਾਰ ਗੁਰਦਰਸ਼ਨ ਸਿੰਘ ਵੱਲੋਂ ਵਿਘਨ)

**ਸ੍ਰੀ ਡਿਪਟੀ ਸਪੀਕਰ** : ਸਾਥੀ ਜੀ, ਵਾਈਂਡ ਅੱਪ ਕਰੋ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸਾਥੀ ਰੂਪ ਲਾਲ** : ਡਿਪਟੀ ਸਪੀਕਰ ਸਾਹਿਬ, ਮੈਂ ਆਪਣੀ ਸਰਕਾਰ ਨੂੰ ਕਹਾਂਗਾ ਕਿ ਜਿਹੜੇ ਵਜ਼ੀਰ ਦੀ ਕਾਰ ਗੁਜ਼ਾਰੀ ਚੰਗੀ ਨਹੀਂ ਹੈ, ਜਾਂ ਜਿਸਦਾ ਪ੍ਰਬੰਧ ਚੰਗਾ ਨਹੀਂ, ਉਹ ਆਪਣੀ ਕੁਰਸੀ ਆਪਣੇ ਆਪ ਹੀ ਛੱਡ ਜਾਵੇ । ਬਾਕੀ ਅਸੀਂ ਹਰੀਜਨਾਂ ਦੀ ਬੜੀ ਮੱਦਦ ਕੀਤੀ ਹੈ ਅਤੇ ਉਨ੍ਹਾਂ ਨੂੰ ਕਾਫੀ ਸਹੂਲਤਾਂ ਦਿੱਤੀਆਂ ਗਈਆਂ ਹਨ । ਸਾਡੀ ਪਾਰਟੀ ਦੇ ਵਿਚ ਹਰੀਜਨ ਮੈਂਬਰ ਬਹੁਤ ਜ਼ਿਆਦਾ ਹਨ, ਪਰ ਉਨ੍ਹਾਂ ਨੂੰ ਮਨਿਸਟਰੀ ਦੇ ਵਿਚ ਹਿੱਸਾ ਬਹੁਤ ਘੱਟ ਮਿਲਿਆ ਹੈ । ਇਸ ਲਈ ਮੈਂ ਬਾਦਲ ਸਾਹਿਬ ਨੂੰ ਕਹਾਂਗਾ ਕਿ ਮਨਿਸਟਰੀ ਨੂੰ ਰੀਸ਼ਫਲ ਕਰਨ ਵੇਲੇ ਹਰੀਜਨ ਮੈਂਬਰਾਂ ਨੂੰ ਜ਼ਿਆਦਾ ਲਿਆ ਜਾਵੇ ਤਾਂ ਕਿ ਉਨ੍ਹਾਂ ਨੂੰ ਮਨਿਸਟਰੀ ਦੇ ਵਿਚ ਨੁਮਾਇੰਦਗੀ ਮਿਲ ਸਕੇ । ਇਸ ਦੇ ਨਾਲ ਜਿਹੜੇ ਬੰਦੇ ਮਨਿਸਟਰੀ ਦੇ ਵਿਚ ਚੰਗੇ ਨਹੀਂ ਹਨ ਉਨ੍ਹਾਂ ਨੂੰ ਬਾਹਰ ਕੱਢ ਦੇਣਾ ਚਾਹੀਦਾ ਹੈ ਔਰ ਜਿਹੜੇ ਚੰਗੇ ਬੰਦੇ ਹਨ ਉਨ੍ਹਾਂ ਨੂੰ ਲਿਆ ਜਾਣਾ ਚਾਹੀਦਾ ਹੈ । ਇਸ ਦੇ ਨਾਲ ਮਨਿਸਟਰੀ ਠੀਕ ਢੰਗ ਨਾਲ ਕੰਮ ਚਲਾ ਸਕੇਗੀ ।

**ਕਾਮਰੇਡ ਦਰਸ਼ਨ ਸਿੰਘ ਝਬਾਲ** (ਅਟਾਰੀ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਸਪਲੀਮੈਂਟਰੀ ਡਿਮਾਂਡ ਹਾਊਸ ਦੇ ਵਿਚ ਪੇਸ਼ ਹਨ । ਮੈਂ ਦੋਨਾਂ ਪਾਸਿਆਂ ਦੀ ਬਹਿਸ ਸੁਣੀ ਹੈ । ਆਪੋਜ਼ੀਸ਼ਨ ਵੱਲੋਂ ਕਾਂਗਰਸੀ ਭਰਾਵਾਂ ਦੇ ਵਿਚਾਰ ਬੜੇ ਧਿਆਨ ਨਾਲ ਸੁਣੇ ਹਨ ਅਤੇ ਦੂਜੇ ਰੂਲਿੰਗ ਪਾਰਟੀ ਦੇ ਮੈਂਬਰਾਂ ਦੇ ਵਿਚਾਰ ਸੁਣੇ ਹਨ । ਮੇਰਾ ਖਿਆਲ ਹੈ ਕਿ ਇਨ੍ਹਾਂ ਕਾਂਗਰਸੀ ਭਰਾਵਾਂ ਨੂੰ ਆਪਣੇ ਪਿਛਲੇ 30 ਸਾਲਾਂ ਦਾ ਜਿਹੜਾ ਰਾਜ ਰਿਹਾ ਹੈ, ਉਸ ਨੂੰ ਭੁਲ ਨਹੀਂ ਜਾਣਾ ਚਾਹੀਦਾ । ਕੀ ਹੋਰ ਕਿਸੇ ਪਾਰਟੀ ਦਾ ਰਾਜ ਰਿਹਾ ਸੀ ? ਮੈਨੂੰ ਸਮਝ ਨਹੀਂ ਆਉਂਦੀ ਕਿ ਇਹ ਪਿਛਲੇ 30 ਸਾਲਾਂ ਦੇ ਵਿਚ ਕੀ ਕਰਦੇ ਰਹੇ ਹਨ । ਕੀ ਇਨ੍ਹਾਂ ਨੇ ਸਟੇਟ ਦੇ ਵਾਸਤੇ ਕੁਝ ਕੀਤਾ ਇਹ ਇਥੇ ਬੈਠੇ ਹਨ । ਇਸ ਦਾ ਮਤਲਬ ਇਹ ਹੈ ਕਿ ਲੋਕਾਂ ਨੇ ਫੈਸਲਾ ਕੀਤਾ ਕਿ ਪਹਿਲੀ ਪਾਰਟੀ ਦੀ ਸਰਕਾਰ ਲੋਕਾਂ ਦੇ ਮਸਲਿਆਂ ਨੂੰ ਹੱਲ ਨਹੀਂ ਕਰ ਸਕੀ । ਜਿਸ ਤੇ ਜਨਤਾ ਨੇ ਇਨ੍ਹਾਂ ਕਾਂਗਰਸੀ ਭਰਾਵਾਂ ਨੂੰ ਉਧਰ ਬਿਠਾ ਦਿੱਤਾ ਹੈ ਔਰ ਸਾਨੂੰ ਇਧਰ ਬਿਠਾ ਦਿੱਤਾ ਹੈ ਔਰ ਰਾਜ ਭਾਗ ਸੰਭਾਲਿਆ ਹੈ । ਇਨ੍ਹਾਂ ਨੂੰ ਨੁਕਤਾਚੀਨੀ ਵਾਜ਼ਬ ਕਰਨੀ ਚਾਹੀਦੀ ਹੈ । ਬਾਕੀ ਇਨ੍ਹਾਂ ਨੂੰ ਆਪਣੇ ਚੋਣ ਮੈਨੀਫੈਸਟੋ ਦੇ ਮੁਤਾਬਿਕ ਕੰਮ ਕਰਨਾ ਚਾਹੀਦਾ ਹੈ । ਹਰ ਇਕ ਪਾਰਟੀ ਚੋਣਾਂ ਦੇ ਵਿਚ ਕਹਿੰਦੀ ਹੈ ਕਿ ਅਸੀਂ ਸਟੇਟ ਨੂੰ ਤਰੱਕੀ ਵੱਲ ਅਤੇ ਖੁਸ਼ਹਾਲੀ ਵੱਲ ਲੈ ਜਾਵਾਂਗੇ । ਲੇਕਿਨ ਇਹ ਗੱਲ ਜ਼ਰੂਰੀ ਹੈ ਕਿ ਗੱਲਾਂ ਬਾਤਾਂ ਦੇ ਨਾਲ ਤਰੱਕੀ ਨਹੀਂ ਹੋ ਸਕਦੀ । ਕੁਝ ਬੁਨਿਆਦੀ ਕਦਮ ਚੁਕਣੇ ਪੈਣਗੇ । ਇਸ ਸਰਕਾਰ ਨੇ ਵੀ ਕਾਫੀ ਐਲਾਨ ਕੀਤੇ ਸਨ ਅਤੇ ਪਿਛਲੀ ਕਾਂਗਰਸ ਸਰਕਾਰ ਨੇ ਵੀ ਐਲਾਨ ਕੀਤਾ ਸੀ ਕਿ ਅਸੀਂ ਜ਼ਮੀਨਾਂ ਦੇ ਵਿਚ ਸੁਧਾਰ ਲਿਆਵਾਂਗੇ, ਪਰ ਇਹ ਪਿਛਲੇ 30 ਸਾਲਾਂ ਦੇ ਵਿਚ ਕੁਝ ਨਹੀਂ ਕਰ ਸਕੇ । ਫੇਰ 1972 ਦੇ ਵਿਚ ਇਕ ਕਾਨੂੰਨ ਬਣਾਇਆ ਗਿਆ । ਇਸ ਦੇ ਬਾਰੇ ਐਕਸ-ਮਾਲ ਮੰਤਰੀ ਨੂੰ ਕਿਹਾ ਸੀ ਕਿ ਨਾਂ-ਮਾਤਰ ਹੀ ਜ਼ਮੀਨ ਸਰਪਲੱਸ ਨਿਕਲੀ ਹੈ ਅਤੇ ਨਾ-ਮਾਤਰ ਹੀ ਖੇਤ ਮਜ਼ਦੂਰਾਂ ਨੂੰ ਜ਼ਮੀਨ ਸਰਪਲੱਸ ਦਿੱਤੀਆਂ ਗਈਆਂ ਹਨ । ਜਿਹੜਾ 1972 ਦਾ ਜ਼ਮੀਨ ਸੁਧਾਰ ਕਾਨੂੰਨ ਸੀ, ਹਾਈ ਕੋਰਟ ਨੇ ਉਸ ਦੇ ਖਿਲਾਫ ਫੈਸਲਾ ਦੇ ਦਿਤਾ ਪਰ ਸੁਪਰੀਮ ਕੋਰਟ ਦੇ ਵਿਚ ਹਾਲੇ ਤੱਕ ਅਪੀਲ ਨਹੀਂ ਕੀਤੀ ਗਈ । ਇਸ ਸਰਕਾਰ ਦੇ ਵਿਚ ਜਾਗੀਰਦਾਰਾਂ ਦਾ ਰਾਜ ਹੈ, ਜਿਸ ਕਰਕੇ ਹਾਈ ਕੋਰਟ ਦੇ ਫੈਸਲੇ ਦੇ ਖਿਲਾਫ ਸੁਪਰੀਮ ਕੋਰਟ ਦੇ ਵਿਚ ਅਪੀਲ ਕਰ ਦੇਣੀ ਚਾਹੀਦੀ ਸੀ, ਜਿਹੜੀ ਹਾਲੇ ਤੱਕ ਨਹੀਂ ਕੀਤੀ ਗਈ । ਇਹ ਅਪੀਲ ਸੁਪਰੀਮ ਕੋਰਟ ਦੇ ਵਿਚ ਜ਼ਰੂਰ ਕਰਨੀ ਚਾਹੀਦੀ ਹੈ । ਜਾਣ ਬੁਝ ਕੇ ਇਸ ਦੀ ਮਿਆਦ ਵਧਾ ਦਿੱਤੀ ਗਈ ਹੈ । ਇਸ ਦੇ ਨਾਲ ਘਰਾਂ ਦਾ ਜਿਥੋਂ ਤੱਕ ਸਬੰਧ ਹੈ, ਇਹ ਮਸਲਾ ਬੜਾ ਅਹਿਮ ਹੈ । ਮੈਂ ਇਸੇ ਬਰਾਦਰੀ ਦੇ ਨਾਲ ਸਬੰਧ ਰੱਖਦਾ ਹਾਂ । ਕਿਸ ਤਰ੍ਹਾਂ ਇਕ ਘਰ ਦੇ ਵਿਚ 5--5 ਅਤੇ 7--7 ਜੀਅ ਰਹਿੰਦੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਝਬਾਲ]

ਹਨ ਅਤੇ ਉਸੇ ਘਰ ਦੇ ਵਿਚ ਉਸੇ ਥਾਂ ਤੇ ਡੰਗਰ ਬੰਨੇ ਜਾਂਦੇ ਹਨ । ਕਾਂਗਰਸ ਸਰਕਾਰ ਪਿਛਲੇ 30 ਸਾਲਾਂ ਤੋਂ ਲੁੱਟਦੀ ਆ ਰਹੀ ਹੈ । ਅੰਮ੍ਰਿਤਸਰ ਦੇ ਵਿਚ ਸਾਬਕਾ-ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਇਕ ਲੱਖ 75 ਹਜ਼ਾਰ ਬੇਘਰ ਲੋਕਾਂ ਨੂੰ ਮੇਰੀ ਸਰਕਾਰ ਘਰ ਬਣਾ ਕੇ ਦੇਵੇਗੀ । ਪਲਾਟ ਤਾਂ ਦਿਤੇ ਗਏ ਪਰ ਮਕਾਨ ਉਥੇ ਨਹੀਂ ਬਣ ਸਕੇ । ਫਿਰ ਅਕਾਲੀ-ਜਨਤਾ ਸਰਕਾਰ ਨੇ ਕਿਹਾ ਕਿ ਅਸੀਂ ਮਕਾਨ ਬਣਾ ਕੇ ਦੇਵਾਂਗੇ, ਪਰ ਹਾਲੇ ਤੱਕ ਨਹੀਂ ਬਣਾ ਕੇ ਦਿੱਤੇ ਗਏ ਬਲਕਿ ਉਨ੍ਹਾਂ ਨੂੰ ਪਲਾਟ ਛੱਪੜਾਂ ਦੇ ਵਿਚ ਦਿੱਤੇ ਗਏ, ਜਿਥੇ ਮਕਾਨ ਬਣ ਹੀ ਨਹੀਂ ਸਕਦੇ ਅਤੇ ਨੀਵੀਂ ਥਾਂਵਾਂ ਤੇ ਦਿਤੇ ਗਏ, ਪਾਣੀ ਵਾਲੇ ਇਲਾਕੇ ਵਿਚ ਪਲਾਟ ਦਿਤੇ ਗਏ । ਮੇਰੀ ਸਰਕਾਰ ਅੱਗੇ ਬੇਨਤੀ ਹੈ ਕਿ ਉਨ੍ਹਾਂ ਖੇਤ ਮਜ਼ਦੂਰਾਂ ਨੂੰ ਮਕਾਨਾਂ ਵਾਸਤੇ ਜਗ੍ਹਾ ਉਚੀ ਥਾਂ ਤੇ ਦਿੱਤੀ ਜਾਵੇ ।

ਡਿਪਟੀ ਸਪੀਕਰ ਸਾਹਿਬ, ਕੁਰੱਪਸ਼ਨ ਦਾ ਸਵਾਲ ਬੜਾ ਵੱਡਾ ਸਵਾਲ ਹੈ । ਕੁਰੱਪਸ਼ਨ ਨੂੰ ਬਿਆਨਾਂ ਦੇ ਨਾਲ ਖਤਮ ਨਹੀਂ ਕੀਤਾ ਜਾ ਸਕਦਾ । ਕੁਰੱਪਸ਼ਨ ਨੂੰ ਕੁਝ ਚੰਦ ਆਦਮੀ ਨਹੀਂ ਹਟਾ ਸਕਦੇ । ਸਾਡੇ ਮਾਲ ਮੰਤਰੀ ਜੀ ਨੇ ਕਿਹਾ ਸੀ ਕਿਸੇ ਆਪਣੇ ਮਹਿਕਮੇ ਦੇ ਵਿਚ ਕੁਰੱਪਸ਼ਨ ਰਹਿਣ ਨਹੀਂ ਦੇਣੀ । ਕਈ ਜਗ੍ਹਾ ਇਨ੍ਹਾਂ ਨੇ ਤਕਰੀਰਾਂ ਕੀਤੀਆਂ ਇਨ੍ਹਾਂ ਨੇ ਕਿਹਾ ਸੀ ਕਿ ਅੰਮ੍ਰਿਤਸਰ ਵਿਚ ਪਟਵਾਰੀ ਦਰਬਾਰ ਸਾਹਿਬ ਦੇ ਸਰੋਵਰ ਵਿਚ ਇਸ਼ਨਾਨ ਕਰ ਲੈਣ ਅਤੇ ਸਹੁੰ ਚੁਕ ਲੈਣ ਕਿ ਕੁਰੱਪਸ਼ਨ ਨਹੀਂ ਕਰਾਂਗੇ, ਉਨ੍ਹਾਂ ਦੇ ਪਿਛਲੇ ਕੇਸਿਜ਼ ਖਤਮ ਸਮਝੇ ਜਾਣਗੇ । ਪਰ ਗੁਰਦੁਆਰੇ ਦੇ ਵਿਚ ਜੇਬ ਕੱਟੇ ਵੀ ਫਿਰਦੇ ਹਨ ਅਤੇ ਉਹ ਵੀ ਇਸ਼ਨਾਨ ਕਰਦੇ ਹਨ । ਇਸ ਲਈ ਇਸ ਤਰ੍ਹਾਂ ਕੁਰੱਪਸ਼ਨ ਦੂਰ ਨਹੀਂ ਹੋ ਸਕਦੀ ਜਦ ਤੱਕ ਉਨ੍ਹਾਂ ਅਫਸਰਾਂ ਦੇ ਖਿਲਾਫ ਕਾਰਵਾਈ ਨਹੀਂ ਕੀਤੀ ਜਾਂਦੀ ।

**ਮਾਲ ਮੰਤਰੀ** : ** ** **

**ਸ਼੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਕਾਮਰੇਡ ਦਰਸ਼ਨ ਸਿੰਘ ਝਬਾਲ** : ਡਿਪਟੀ ਸਪੀਕਰ ਸਾਹਿਬ, ਕੁਰੱਪਸ਼ਨ ਤਾਂ ਹਰ ਮਹਿਕਮੇ ਵਿਚ ਹੈ, ਲੇਕਿਨ ਸਭ ਤੋਂ ਜ਼ਿਆਦਾ ਕੁਰੱਪਸ਼ਨ ਪੁਲਿਸ ਮਹਿਕਮੇ ਵਿਚ ਹੈ । ਇਹ ਠੀਕ ਹੈ ਕਿ ਕੁਰੱਪਸ਼ਨ ਦੂਜੇ ਮਹਿਕਮਿਆਂ ਵਿਚ ਵੀ ਹੁੰਦੀ ਹੈ, ਪਰ ਪੁਲਿਸ ਵਾਲੇ ਤਾਂ ਕੁਟ ਕੁਟ ਕੇ ਰਿਸ਼ਵਤ ਲੈਂਦੇ ਹਨ । ਪੁਲਿਸ ਵਾਲੇ ਸਮਝਦੇ ਹਨ ਕਿ ਹਰ ਰਾਜ ਵਿਚ ਅਸੀਂ ਹੀ ਅੱਗੇ ਹੁੰਦੇ ਹਾਂ । ਸਾਡੇ ਬਗੈਰ ਕੋਈ ਰਾਜ ਨਹੀਂ ਚਲ ਸਕਦਾ । ਪੁਲਿਸ ਦੀ ਲੋੜ ਹਮੇਸ਼ਾਂ ਰਹਿੰਦੀ ਹੈ, ਇਹ ਤਾਂ, ਡਿਪਟੀ ਸਪੀਕਰ ਸਾਹਿਬ, ਠੀਕ ਹੈ । ਪਰ ਕੁਰੱਪਸ਼ਨ ਲੈਣ ਲਈ ਕਿਸੇ ਨੂੰ ਕੁੱਟਣਾ, ਮਾਰਨਾ ਤਾਂ ਠੀਕ ਨਹੀਂ ਹੈ । ਸੀ. ਐਮ. ਸਾਹਿਬ ਨੇ ਕਿਹਾ ਸੀ ਕਿ ਜਿਹੜੀਆਂ ਔਰਤਾਂ ਹਨ ਉਨ੍ਹਾਂ ਨੂੰ ਥਾਨਿਆਂ ਵਿਚ ਨਹੀਂ ਲਿਜਾਇਆ ਜਾਵੇਗਾ । ਪਰ, ਡਿਪਟੀ ਸਪੀਕਰ ਸਾਹਿਬ, 'ਟ੍ਰਿਬਿਊਨ, ਅਖਬਾਰ ਵਿਚ ਵੀ ਆਇਆ ਹੈ ਕਿ ਅੰਮ੍ਰਿਤਸਰ ਜ਼ਿਲ੍ਹੇ ਵਿਚ ਇੰਬਨ ਪਿੰਡ ਵਿਚ ਪੁਲਿਸ ਨੇ ਛਾਪਾ ਮਾਰਿਆ, ਆਦਮੀ ਤਾਂ ਨਹੀਂ ਮਿਲੇ ਪਰ ਉਨ੍ਹਾਂ ਦੀਆਂ ਔਰਤਾਂ ਨੂੰ ਲਿਜਾ ਕੇ ਦੋ ਤਿੰਨ ਦਿਨ ਥਾਣੇ ਵਿਚ ਰੱਖਿਆ ਗਿਆ । ਉਨ੍ਹਾਂ ਦੀਆਂ ਜਾਇਦਾਦਾਂ ਅਤੇ ਭਾਂਡੇ ਆਦਿ ਬਰਬਾਦ ਕੀਤੇ ਗਏ । ਇਹ ਮਸਲਾ ਮੈਂ ਗਰੀਵੈਂਸਿਜ਼ ਕਮੇਟੀ ਵਿਚ ਵੀ ਰੱਖਿਆ ਸੀ । ਮੈਂ ਹੋਰ ਵੀ ਕਈ ਮਿਸਾਲਾਂ ਦੇ ਸਕਦਾ ਹਾਂ ਜਿਥੇ ਕਿ ਥਾਨਿਆਂ ਵਿਚ ਔਰਤਾਂ ਨੂੰ ਲਿਜਾਇਆ ਗਿਆ ਹੈ । ਵਲਟੋਹਾ ਪਿੰਡ ਵਿਚ ਸਰਦਾਰ ਜੋਗਿੰਦਰ ਸਿੰਘ ਥਾਨੇਦਾਰ ਨੇ ਇਕ ਔਰਤ ਨੂੰ ਥਾਣੇ ਵਿਚ ਲਿਆਂਦਾ ਅਤੇ ਉਸ ਨੂੰ ਕੁੱਟਿਆ ਮਾਰਿਆ ਵੀ ਗਿਆ ਅਤੇ ਡਿਪਟੀ ਸਪੀਕਰ ਸਾਹਿਬ, ਇਥੋਂ ਤੱਕ ਕਿ ਉਸ ਨਾਲ ਜ਼ਬਰ-ਦਸਤੀ ਵੀ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਕੀਤੀ ਗਈ। ਕਈਆਂ ਨੂੰ ਥਾਣਿਆਂ ਵਿਚ ਕੁੱਟ ਕੇ ਮਾਰ ਦਿੱਤਾ ਜਾਂਦਾ ਹੈ। ਪਰ ਬਾਦਲ ਸਾਹਿਬ ਕਹਿੰਦੇ ਹਨ ਕਿ ਔਰਤਾਂ ਨੂੰ ਥਾਣਿਆਂ ਵਿਚ ਨਹੀਂ ਲਿਆਇਆ ਜਾਵੇਗਾ। (ਵਿਘਨ)

**ਪ੍ਰੋਫੈਸਰ ਫ਼ਕੀਰ ਸਿੰਘ** : ** ** **

**ਸ਼੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਕਾਮਰੇਡ ਦਰਸ਼ਨ ਸਿੰਘ ਝਬਾਲ** : ਡਿਪਟੀ ਸਪੀਕਰ ਸਾਹਿਬ, ਪਿੰਡ ਵੈਨੀ ਵਿਚ ਪੁਲਿਸ ਨੇ ਬੰਦਾ ਮਾਰ ਦਿੱਤਾ ਹੈ ਜੋ ਕਿ ਮਜ਼ਬੀ ਸਿੱਖ ਸੀ ਪਰ ਬਾਅਦ ਵਿਚ ਪੁਲਿਸ ਨੇ ਇਕ ਮਨੀਆਰਡਰ ਘਰ ਵਾਲਿਆਂ ਨੂੰ ਭੇਜਿਆ ਕਿ ਆਪਣੀ ਲੋੜ ਪੂਰੀ ਕਰੋ। ਇਸੇ ਤਰ੍ਹਾਂ ਪਿੰਡ ਸੂਰੋ ਵਿਚ ਪੁਲਿਸ ਨੇ ਇਕ ਆਦਮੀ ਨੂੰ ਕੁਟ ਕੇ ਮਾਰ ਦਿੱਤਾ। (ਵਿਘਨ) ਇਹ ਡਿਪਟੀ ਸਪੀਕਰ ਸਾਹਿਬ, 20 ਦਿਨਾਂ ਦੀ ਹੀ ਗੱਲ ਹੈ।

**ਸ਼੍ਰੀ ਡਿਪਟੀ ਸਪੀਕਰ** : ਤੁਸੀਂ ਆਪਣੀ ਗੱਲ ਕਰੋ ਜੀ।

**ਕਾਮਰੇਡ ਦਰਸ਼ਨ ਸਿੰਘ ਝਬਾਲ** : ਡਿਪਟੀ ਸਪੀਕਰ ਸਾਹਿਬ, ਮੇਰੇ ਕਹਿਣ ਦਾ ਮਤਲਬ ਹੈ ਕਿ ਜਦ ਤੱਕ ਪੁਲਿਸ ਦਾ ਰਵੱਈਆ ਠੀਕ ਨਹੀਂ ਕੀਤਾ ਜਾਵੇਗਾ ਉਦੋਂ ਤੱਕ ਇਹ ਮਸਲਾ ਹੱਲ ਨਹੀਂ ਹੋ ਸਕਦਾ। ਇਹ ਬਿਮਾਰੀ ਕਾਂਗਰਸ ਦੇ ਰਾਜ ਵਿਚ ਵੀ ਸੀ।

**ਸਰਦਾਰ ਦਲਬੀਰ ਸਿੰਘ** : ** ** ** **

**ਸ਼੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਕਾਮਰੇਡ ਦਰਸ਼ਨ ਸਿੰਘ ਝਬਾਲ** : ਡਿਪਟੀ ਸਪੀਕਰ ਸਾਹਿਬ, ਮੈਂ ਇੱਕ ਗੱਲ ਮੁਲਾਜ਼ਮਾਂ ਦੇ ਬਾਰੇ ਕਹਿਣੀ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਮੁਲਾਜ਼ਮਾਂ ਦੇ ਬਾਰੇ ਸਰਕਾਰ ਦਾ ਵਤੀਰਾ ਕੁਝ ਸਖਤ ਹੈ ਜਿਹੜਾ ਕਿ ਨਹੀਂ ਹੋਣਾ ਚਾਹੀਦਾ। ਚੋਣਾਂ ਵਿਚ ਵਾਅਦਾ ਕੀਤਾ ਗਿਆ ਸੀ। ਡਿਪਟੀ ਸਪੀਕਰ ਸਾਹਿਬ, 8 ਫਰਵਰੀ ਦੀ ਹੜਤਾਲ ਹੋਈ ਅਤੇ ਉਸ ਬਾਰੇ ਮਾਸਟਰ ਚੰਦ ਸਿੰਘ ਜੀ ਦਾ ਸਵਾਲ ਵੀ ਸੀ ਜਿਸ ਵਿਚ ਕਿਹਾ ਗਿਆ ਸੀ ਕਿ ਜਿਸ ਨੇ ਹੜਤਾਲ ਨਹੀਂ ਕੀਤੀ ਉਸ ਨੂੰ ਸਰਕਾਰ ਨੇ ਗਦਾਰੀ ਅਲਾਉਂਸ ਦਿੱਤਾ ਹੈ ਪਰ ਚੀਫ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਇਹ ਠੀਕ ਹੈ। ਮੈਂ ਡਿਪਟੀ ਸਪੀਕਰ ਸਾਹਿਬ, ਕਹਿੰਦਾ ਹਾਂ ਕਿ ਮੁਲਾਜ਼ਮਾਂ ਨਾਲ ਹਮਦਰਦੀ ਵਾਲਾ ਸਲੂਕ ਵਰਤਣਾ ਚਾਹੀਦਾ ਹੈ। ਰੋਡਵੇਜ਼ ਮੁਲਾਜ਼ਮਾਂ ਨੇ, ਡਿਪਟੀ ਸਪੀਕਰ ਸਾਹਿਬ, ਕੁਝ ਕੁਰੱਪਸ਼ਨ ਦੇ ਕੇਸਿਜ਼ ਦੱਸੇ ਹਨ ਸਗੋਂ ਉਨ੍ਹਾਂ ਨੂੰ ਸ਼ਾਬਾਸ਼ ਦੇਣ ਦੀ ਬਜਾਏ ਦੂਰ ਦੂਰ ਬਦਲ ਦਿੱਤਾ ਗਿਆ। ਇਹ ਠੀਕ ਹੈ ਕਿ ਕੁਝ ਲੋਕ ਮਾੜੇ ਹਨ, ਪਰ ਸਾਰੇ ਨਹੀਂ। ਡਿਪਟੀ ਸਪੀਕਰ ਸਾਹਿਬ, ਮੇਰਾ ਇਲਾਕਾ ਅਟਾਰੀ ਹੈ ਅਤੇ ਹੋਰ ਵੀ ਮੈਂਬਰ ਸਾਡੇ ਨੇੜੇ ਦੇ ਇਲਾਕੇ ਦੇ ਬੈਠੇ ਹੋਣਗੇ। ਡਿਪਟੀ ਸਪੀਕਰ ਸਾਹਿਬ, ਉਥੇ ਖੇਤਾਂ ਵਿਚ ਜਾਣ ਲਈ ਪਰਚੀ ਲੈਣੀ ਪੈਂਦੀ ਹੈ ਅਤੇ ਹੋਰ ਕਈ ਮੁਸ਼ਕਲਾਂ ਹਨ। ਆਮ ਲੋਕਾਂ ਨੂੰ ਤੰਗ ਕੀਤਾ ਜਾਂਦਾ ਹੈ। ਪਹਿਲਾਂ ਫਰੰਟ ਦੀ ਸਰਕਾਰ ਸੀ ਤਾਂ ਉਸ ਵੇਲੇ ਵੀ ਸੀ. ਐਮ. ਸਾਹਿਬ ਨੇ ਇਕ ਕਮੇਟੀ ਬਿਠਾਈ ਸੀ ਅਤੇ ਉਸ ਕਮੇਟੀ ਨੇ ਕੁਝ ਸਿਫਾਰਸ਼ਾਂ ਵੀ ਕੀਤੀਆਂ ਸਨ ਪਰ ਹੁਣ ਸੀ. ਐਮ. ਸਾਹਿਬ ਨੇ ਕਹਿ ਦਿੱਤਾ ਕਿ ਫਿਰੋਜ਼ਪੁਰ, ਅੰਮ੍ਰਿਤਸਰ ਅਤੇ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਝਬਾਲ]

ਗੁਰਦਾਸਪੁਰ ਬੈਕਵਰਡ ਇਲਾਕੇ ਕਰਾਰ ਦਿੱਤੇ ਗਏ ਹਨ । ਡਿਪਟੀ ਸਪੀਕਰ ਸਾਹਿਬ, ਬਾਰਡਰ ਦੇ ਨਾਲ ਹੋਰ ਵੀ ਜਿਹੜੇ ਇਲਾਕੇ ਹਨ, ਉਨ੍ਹਾਂ ਨੂੰ ਹੋਰ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ।

ਡਿਪਟੀ ਸਪੀਕਰ ਸਾਹਿਬ, ਇਥੇ ਹੜ੍ਹਾਂ ਦੇ ਬਾਰੇ ਵੀ ਬੜੀ ਗੱਲ ਹੋਈ ਹੈ । ਇਸ ਵਾਰ ਹੜ੍ਹ ਬਹੁਤ ਆਏ ਹਨ । ਸਾਡੇ ਜ਼ਿਲ੍ਹੇ ਵਿਚ ਵੀ ਬਹੁਤ ਹੜ੍ਹ ਆਏ ਹਨ ਪਰ ਇਥੇ ਜ਼ਿਲਾ ਲੁਧਿਆਣਾ, ਰੋਪੜ, ਜਲੰਧਰ, ਕਪੂਰਥਲਾ ਆਦਿ ਇਹ ਪੰਜ ਜ਼ਿਲੇ ਚੁਣੇ ਗਏ ਹਨ । ਸਾਡੇ ਇਲਾਕੇ ਵਿਚ ਵੀ ਹੜ੍ਹ ਆਏ ਹਨ । 1976 ਵਿਚ ਵੀ ਹੜ੍ਹ ਆਏ ਸਨ । ਹੁਣ ਉਥੇ ਹੜ੍ਹਾਂ ਦੇ ਨਾਲ ਫਸਲਾਂ ਤਬਾਹ ਹੋ ਗਈਆਂ ਹਨ । ਸਾਡਾ ਇਲਾਕਾ ਵੀ ਇਸ ਵਿਚ ਸ਼ਾਮਲ ਕਰਨਾ ਚਾਹੀਦਾ ਹੈ । ਮੇਰੀ ਬੇਨਤੀ ਹੈ ਕਿ ਜਿਹੜਾ ਦਰਿਆਵਾਂ ਨਾਲ ਨੁਕਸਾਨ ਹੋਇਆ ਹੈ, ਉਸ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ।

ਲਾਅ ਐਂਡ ਆਰਡਰ ਬਾਰੇ ਵੀ ਇਥੇ ਬੜੀ ਗੱਲ ਹੋਈ ਹੈ । ਸ਼ਹਿਰੀ ਆਜ਼ਾਦੀ ਦਾ ਅਕਾਲੀ ਪਾਰਟੀ ਨੂੰ ਕਰੈਡਿਟ ਜਾਂਦਾ ਹੈ । ਲੋਕਾਂ ਨੇ ਵੱਧ ਚੜ੍ਹ ਕੇ ਕੁਰਬਾਨੀਆਂ ਕੀਤੀਆਂ ਹਨ । ਜਦੋਂ ਇਹ ਸਰਕਾਰ ਆਪੋਜ਼ੀਸ਼ਨ ਦੇ ਵਿਚ ਸੀ ਤਾਂ ਸ਼ਹਿਰੀ ਆਜ਼ਾਦੀ ਦੀ ਮੰਗ ਕਰਦੇ ਸੀ ਪਰ ਹੁਣ ਜਦੋਂ ਸਰਕਾਰ ਬਣ ਗਈ ਤਾਂ ਹੁਣ ਇਨ੍ਹਾਂ ਨੂੰ ਇਸ ਗੱਲ ਵੱਲ ਧਿਆਨ ਦੇਣਾ ਚਾਹੀਦਾ ਹੈ । ਔਰਤਾਂ ਤੇ ਲਾਠੀ ਚਾਰਜ ਨਹੀਂ ਹੋਣਾ ਚਾਹੀਦਾ । ਉਨ੍ਹਾਂ ਨੂੰ ਥਾਨਿਆਂ ਦੇ ਵਿਚ ਨਹੀਂ ਲਿਜਾਣਾ ਚਾਹੀਦਾ ।

ਮੈਂ ਹੁਣ ਪਿਛਲੀ ਕਾਂਗਰਸ ਦੀ ਸਰਕਾਰ ਦੀ ਗੱਲ ਕਰਦਾ ਹਾਂ । 1972 ਵਿਚ ਚੋਣਾਂ ਹੋਈਆਂ (ਵਿਘਨ) ਡਿਪਟੀ ਸਪੀਕਰ ਸਾਹਿਬ, ਇਥੇ ਪ੍ਰਾਈਵੇਟ ਮੁਲਾਜ਼ਮਾਂ ਨੇ ਆ ਕੇ ਆਪਣੀਆਂ ਮੰਗਾਂ ਵਾਸਤੇ ਮੁਜ਼ਾਹਰਾ ਕੀਤਾ । ਡਿਪਟੀ ਸਪੀਕਰ ਸਾਹਿਬ, ਪੁਲਿਸ ਨੇ ਉਸ ਵੇਲੇ ਲਾਠੀ ਚਾਰਜ ਕੀਤਾ, ਸਿਰ ਪਾੜੇ ਅਤੇ ਚੁੰਨੀਆਂ ਖਿੱਚੀਆਂ ਪਰ ਅੱਜ ਕਾਂਗਰਸੀ ਸ਼ਹਿਰੀ ਆਜ਼ਾਦੀ ਦੀ ਗੱਲ ਕਰਦੇ ਹਨ ।

ਡਿਪਟੀ ਸਪੀਕਰ ਸਾਹਿਬ, ਪ੍ਰਾਈਵੇਟ ਕਾਲਜਾਂ ਦਾ ਸਵਾਲ ਹੈ, ਹੁਣ ਮਨਿਸਟਰ ਸਾਹਿਬ ਨੇ ਯਕੀਨ ਦਿਵਾਇਆ ਹੈ ਕਿ 95 ਪ੍ਰਤੀਸ਼ਤ ਗ੍ਰਾਂਟ ਪ੍ਰਾਈਵੇਟ ਸਕੂਲਾਂ ਅਤੇ ਕਾਲਜਾਂ ਨੂੰ ਦਿੱਤੀ ਜਾਵੇਗੀ । ਮੈਂ ਕਹਿੰਦਾ ਹਾਂ ਕਿ ਕਹਿਣ ਨਾਲ ਗੱਲ ਨਹੀਂ ਬਣਦੀ, ਇਸ ਲਈ ਫੰਡ ਰੱਖਣੇ ਚਾਹੀਦੇ ਹਨ । ਅੰਤ ਵਿਚ, ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਅਸੀਂ ਵੀ ਲੋਕਾਂ ਨਾਲ ਵਾਅਦੇ ਕੀਤੇ ਹਨ ਅਤੇ ਵਚਨ-ਬੱਧ ਹਾਂ। ਮੈਂ ਇਸ ਬਿਲ ਦੀ ਹਿਮਾਇਤ ਕਰਦਾ ਹਾਂ ਅਤੇ ਫਰਜ਼ ਸਮਝਦਾ ਹਾਂ ਕਿ ਸਰਕਾਰ ਨੂੰ ਕੁਝ ਕਹਾਂ । ਇਹ ਵੀ ਠੀਕ ਹੈ ਕਿ ਕੁਝ ਉਪਰਾਲੇ ਕੀਤੇ ਗਏ ਹਨ ।ਪਰ ਜਿਹੜੇ ਮਸਲੇ ਰਹਿੰਦੇ ਹਨ ਉਨ੍ਹਾਂ ਨੂੰ ਹੱਲ ਕਰਨ ਵਾਸਤੇ ਜਿਹੜੇ ਵਾਅਦੇ ਕੀਤੇ ਸਨ ਉਹ ਪੂਰੇ ਕਰਨੇ ਚਾਹੀਦੇ ਹਨ । ਜੇ ਪੂਰੇ ਨਹੀਂ ਕਰਾਂਗੇ ਤਾਂ ਇਨ੍ਹਾਂ ਦਾ ਨੁਕਸਾਨ ਹੋਏਗਾ ਔਰ ਇਹ (ਆਪੋਜ਼ੀਸ਼ਨ ਵੱਲ ਇਸ਼ਾਰਾ ਕਰਦੇ ਹੋਏ) ਲੋਕ ਇਸ ਗੱਲ ਦਾ ਨਾਜਾਇਜ਼ ਫਾਇਦਾ ਉਠਾਉਣਗੇ ।

**ਸ੍ਰੀ ਡਿਪਟੀ ਸਪੀਕਰ** : ਹੁਣ ਐਫ. ਐਮ. ਸਾਹਿਬ ਬੋਲਣਗੇ । (ਵਿਘਨ)

**ਚੌਧਰੀ ਬਲਰਾਮ ਜਾਖੜ** : ਮੈਂ ਇਸ ਤੇ ਬੋਲਣਾ ਚਾਹੁੰਦਾ ਹਾਂ (ਵਿਘਨ)

**ਸਰਦਾਰ ਦਰਸ਼ਨ ਸਿੰਘ ਕੇ. ਪੀ.** : ਅਸੀਂ ਹਾਲੇ ਇਸ ਤੇ ਬੋਲਣਾ ਚਾਹੁੰਦੇ ਹਾਂ (ਵਿਘਨ)

**ਸ੍ਰੀ ਡਿਪਟੀ ਸਪੀਕਰ** : ਸਮੇਂ ਦੀ ਘਾਟ ਕਾਰਨ ਐਫ. ਐਮ. ਸਾਹਿਬ ਬੋਲਣਗੇ ।

Original with;
Punjab Vidhan Sabha
Digitized by;
Panjab Digital Library

## WALK-OUT

**ਚੌਧਰੀ ਬਲਰਾਮ ਜਾਖੜ** : ਕਿਉਂਕਿ ਸਾਨੂੰ ਬੋਲਣ ਲਈ ਟਾਈਮ ਨਹੀਂ ਦਿੱਤਾ ਜਾਂਦਾ ਇਸ ਲਈ ਅਸੀਂ ਵਾਕ ਆਊਟ ਕਰਦੇ ਹਾਂ ।

(ਇਸ ਸਮੇਂ ਸਦਨ ਵਿਚ ਸਾਰੇ ਹਾਜ਼ਰ ਕਾਂਗਰਸ (ਆਈ) ਦੇ ਮੈਂਬਰ ਵਾਕ-ਆਊਟ ਕਰ ਗਏ)

## THE PUNJAB APPROPRIATION (No. 4) BILL, 1978

(*Resumption of Consideration*)

**ਵਿੱਤ ਮੰਤਰੀ (ਸਰਦਾਰ ਬਲਵੰਤ ਸਿੰਘ)** : ਡਿਪਟੀ ਸਪੀਕਰ ਸਾਹਿਬ, ਜਿਹੜੀਆਂ ਗੱਲਾਂ ਇਨ੍ਹਾਂ ਨੇ ਕਹੀਆਂ ਸਨ ਉਨ੍ਹਾਂ ਦਾ ਜਵਾਬ ਜੇ ਇਹ (ਆਪੋਜੀਸ਼ਨ ਦੇ ਸਾਹਮਣੇ ਬੈਂਚਾਂ ਵੱਲ ਇਸ਼ਾਰਾ ਕਰਦੇ ਹੋਏ) ਸੁਣਦੇ ਤਾਂ ਮੈਨੂੰ ਬੜੀ ਖੁਸ਼ੀ ਹੁੰਦੀ । ਮੈਂ ਸਾਰੇ ਆਨਰੇਬਲ ਮੈਂਬਰਜ਼ ਦੇ ਵੱਖੋ ਵੱਖ ਸਵਾਲ ਸੁਣੇ ਹਨ ਔਰ ਇਨ੍ਹਾਂ ਦੇ ਖਿਆਲਾਤ ਨੂੰ ਥੋੜ੍ਹੇ ਜਿਹੇ ਢੰਗ ਨਾਲ ਸਰਟਨ ਹੈਂਡਜ਼ ਥੱਲੇ ਢਾਲ ਲਿਆ ਹੈ । ਪੰਜ ਈਸ਼ੂਜ਼ ਬੜੇ ਜੋਰ ਨਾਲ ਆਏ ਹਨ । ਫਲੱਡਕੰਟਰੋਲ ਦਾ ਮਸਲਾ, ਲੈਂਡ ਰਿਫਾਰਮਜ਼ ਦਾ ਮਸਲਾ, ਲਾਅ ਐਂਡ ਆਰਡਰ ਦੀ ਸਿਚੂਏਸ਼ਨ ਤੇ ਵੀ ਬਹੁਤ ਸਾਰੇ ਸੱਜਣ ਬੋਲੇ ਹਨ, ਕਮਿਊਨਲ ਟੈਨਸ਼ਨ ਬਾਰੇ ਵੀ ਜ਼ਿਕਰ ਆਇਆ ਹੈ । ਥੀਨ ਡੈਮ ਬਾਰੇ ਵੀ ਜ਼ਿਕਰ ਆਇਆ ਹੈ ਔਰ ਹਰੀਜਨਾਂ ਬਾਰੇ ਵੀ ਜ਼ਿਕਰ ਆਇਆ ਹੈ । ਮੈਂ ਇਨ੍ਹਾਂ ਇਸ਼ੂਜ਼ ਨੂੰ ਅੱਡ ਅੱਡ ਡੀਲ ਕਰਾਂਗਾ ।

ਲੈਂਡ ਰਿਫਾਰਮਜ਼ ਬਾਰੇ ਜੋ ਡਾਂਗ ਸਾਹਿਬ ਨੇ ਔਰ ਸਰਦਾਰ ਉਮਰਾਓ ਸਿੰਘ ਨੇ ਗੱਲਾਂ ਕੀਤੀਆਂ ਹਨ । ਮੈਂ ਸਮਝਦਾ ਹਾਂ ਕਿ ਲੈਂਡ ਰਿਫਾਰਮਜ਼ ਬਾਰੇ ਬਿੱਲ 1972 ਵਿਚ ਇਸ ਹਾਊਸ ਵਿਚ ਪੇਸ਼ ਕੀਤਾ ਗਿਆ ਸੀ । 1972 ਦੀਆਂ ਇਲੈਕਸ਼ਨਜ਼ ਵਿਚ ਕਾਂਗਰਸ ਪਾਰਟੀ ਦੇ ਮੈਨੀਫੈਸਟੋ ਵਿਚ ਦੋ ਚੀਜ਼ਾਂ ਲਈ ਵਾਇਦੇ ਕੀਤੇ ਸਨ । ਇਕ ਇਹ ਵਾਅਦਾ ਕੀਤਾ ਸੀ ਕਿ ਉਹ ਲੈਂਡ ਰਿਫਾਰਮਜ਼ ਕਰੇਗੀ—ਐਸੀਆਂ ਲੈਂਡ ਰਿਫਾਰਮਜ਼ ਜੋ ਕਿ ਹੈਵ ਨਾਟਸ ਮਤਲਬ ਟੈਨੈਂਟਸ ਔਰ ਟਿਲਰਜ਼ ਕੋਲ ਲੈਂਡ ਜਾਵੇ । ਦੂਸਰੇ ਅਰਬਨ ਪ੍ਰਾਪਰਟੀ ਉਤੇ ਸੀਲਿੰਗ ਲਾਈ ਜਾਵੇਗੀ । ਇਹ ਬੁਨਿਆਦੀ ਵਾਅਦੇ ਲੋਕਾਂ ਅੱਗੇ ਉਨ੍ਹਾਂ ਨੇ ਰੱਖੇ ਔਰ ਜੋ ਕਾਨੂੰਨ ਬਣਾਏ ਇਨ੍ਹਾਂ ਵਾਅਦਿਆਂ ਨੂੰ ਪੂਰਾ ਕਰਨ ਵਾਸਤੇ ਜੇ ਉਨ੍ਹਾਂ ਨੂੰ ਮੈਂ ਇਹ ਕਹਾਂ ਕਿ ਉਹ ਠੱਗੀ ਦਾ ਕਾਨੂੰਨ ਸੀ ਤਾਂ ਮੈਂ ਕੋਈ ਗਲਤ ਗੱਲ ਨਹੀਂ ਕਰਾਂਗਾ । ਇਸ ਵਿਚ ਐਸਾ ਲੀਕੇਜ ਪੁਆਇੰਟ ਰੱਖਿਆ ਗਿਆ ਕਿ ਉਨ੍ਹਾਂ ਦਾ ਮਕਸਦ ਹੀ ਸਾਰਾ ਫੌਤ ਕਰ ਦਿਤਾ । ਅਰਬਨ ਸੀਲਿੰਗ ਐਕਟ ਨੇ ਪ੍ਰਾਪਰਟੀ ਉਤੇ ਕੋਈ ਹੱਦ ਮੁਕੱਰਰ ਨਹੀਂ ਕੀਤੀ । ਸਿਰਫ ਵੇਕੇਂਟ ਲੈਂਡ ਉਤੇ ਸੀਲਿੰਗ ਲਾਈ । ਲੈਂਡ ਰਿਫਾਰਮਜ਼ ਐਕਟ ਵਿਚ ਮੈਂ ਦੇਖਿਆ, ਉਸ ਜ਼ਮਾਨੇ ਦਾ ਰਿਕਾਰਡ ਵੀ ਮੈਂ ਦੇਖਿਆ ਹੈ । ਉਸ ਵੇਲੇ ਡਿਪਟੀ ਐਲ. ਆਰ. ਪੰਜਾਬ ਨੇ ਔਰ ਐਲ, ਆਰ. ਪੰਜਾਬ ਨੇ ਆਪਣੀ ਰਿਪੋਰਟਾਂ ਵਿਚ ਲਿਖਿਆ ਕਿ ਜਿਹੜੀਆਂ ਸਾਡੀਆਂ ਪ੍ਰੋਵੀਜ਼ਨਜ਼ ਸੈਕਸ਼ਨਜ਼ 4, 5, 6, 7 ਔਰ 11 ਵਿਚ ਹਨ ਉਹ ਕੰਟ੍ਰਾਡਿਕਟਰੀ ਹਨ । ਇਹ ਐਸੀਆਂ ਸੈਕਸ਼ਨਾਂ ਹਨ ਜਿਨ੍ਹਾਂ ਨਾਲ ਸਹੀ ਮਕਸਦ ਪੂਰਾ ਨਹੀਂ ਹੋਣਾ ਹੈ । ਉਨ੍ਹਾਂ ਨਾਲ ਸਰਪਲੱਸ ਲੈਂਡ ਡਿਕਲੇਅਰ ਨਹੀਂ ਹੋ ਸਕਦੀ । ਇਹ ਪ੍ਰੋਵੀਜ਼ਨ ਪ੍ਰੋ-ਲੈਂਡ ਲਾਰਡ ਹਨ । ਉਸ ਸਰਕਾਰ ਨੇ ਇਸ ਐਡਵਾਈਸ ਨੂੰ ਇਗਨੋਰ ਕਰ ਦਿਤਾ ਔਰ ਜੋ ਕਾਨੂੰਨ ਉਸ ਸਰਕਾਰ ਨੇ ਬਣਾਇਆ ਉਸ ਨਾਲ ਸਰਪਲੱਸ ਲੈਂਡ ਡਿਕਲੇਅਰ ਨਹੀਂ ਹੋ ਸਕੀ । ਅੱਜ ਦੇਖਣ ਤੋਂ ਪਤਾ ਲਗਦਾ ਹੈ ਕਿ ਕੋਈ ਸਰਪਲੱਸ ਲੈਂਡ ਡਿਕਲੇਅਰ ਨਹੀਂ ਹੋਈ ਹੈ । ਇਹੋ ਵਜ੍ਹਾ ਹੈ ਕਿ ਇਸ ਕਾਨੂੰਨ ਨੂੰ ਉਦੋਂ ਦੇ ਐਲ. ਆਰ. ਨੇ ਕਿਹਾ ਸੀ ਕਿ ਉਸ ਕਾਨੂੰਨ ਨਾਲ ਮਕਸਦ ਪੂਰਾ ਨਹੀਂ ਹੋ ਸਕਦਾ । ਸੈਕਸ਼ਨ 4 ਜਿਹੜੀ ਹੈ ਉਹ ਕਹਿੰਦੀ ਹੈ ਕਿ ਪਰਮਿਸਿਬਲ ਏਰੀਆ ਕੀ ਹੋਵੇਗਾ ? ਟੈਨੈਂਟਸ ਦਾ ਪਰਮਿਸਿਬਲ ਏਰੀਆ ਔਰ ਲੈਂਡ ਲਾਰਡ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਦਾ ਪਰਮਿਸੀਬਲ ਏਰੀਆ ਇਕੋ ਹੀ ਹੋਵੇਗਾ । ਸੈਕਸ਼ਨ 11 ਕਹਿੰਦਾ ਹੈ ਕਿ ਜਿੰਨੀ ਜ਼ਮੀਨ ਚਾਹੀਦੀ ਹੈ ਸੈਕਸ਼ਨ 4 ਮੁਤਾਬਿਕ ਟੈਨਿਨੈਂਟਸ ਨੂੰ ਬਰਾਨੀ ਜ਼ਮੀਨ 54 ਏਕੜ ਰੱਖ ਸਕਦਾ ਹੈ । ਜਿਸ ਨੂੰ ਪਾਣੀ ਲਗਦਾ ਹੈ ਉਹ 27 ਏਕੜ ਰੱਖ ਸਕਦਾ ਹੈ । ਜਿਸ ਦੀ 100 ਪ੍ਰਤੀਸ਼ਤ ਈਰੀਗੇਸ਼ਨ ਹੁੰਦੀ ਹੈ ਉਹ 18 ਏਕੜ ਰੱਖ ਸਕਦਾ ਹੈ । ਬਹੁਤ ਸਾਰਿਆਂ ਨੇ ਬੋਗਸ ਟੈਨੇਂਟਸ ਰੱਖੇ ਹੋਏ ਹਨ ਔਰ ਸਰਪਲੱਸ ਏਰੀਆ ਡਿਕਲੇਅਰ ਨਹੀਂ ਹੋਣ ਦਿੰਦੇ । ਸੈਕਸ਼ਨ 11 ਅਨੁਸਾਰ ਟੈਨੇਂਟਸ ਨੂੰ ਢਾਈ ਹੈਕਟੇਅਰ ਜ਼ਮੀਨ ਸਰਪਲੱਸ ਲੈਂਡ ਤੋਂ ਅਲਾਟ ਕੀਤੀ ਜਾਏ । ਪਰ ਸਰਪਲੱਸ ਲੈਂਡ ਨਾ ਹੋਣ ਕਰਕੇ ਇਹ ਹੀ ਬੇਸਿਕ ਪਰਾਬਲਮ ਇਸ ਕਾਨੂੰਨ ਵਿਚ ਸੀ । ਉਸ ਨੂੰ ਜਦੋਂ ਹਾਈ ਕੋਰਟ ਵਿਚ ਲਿਜਾਇਆ ਗਿਆ ਤਾਂ ਹਾਈ ਕੋਰਟ ਦੇ ਰਿਵੀਜ਼ਨ ਬੈਂਚ ਨੇ ਸਟ੍ਰਾਈਕ ਡਾਊਨ ਕਰ ਦਿੱਤਾ । ਹੁਣ ਕੁਐਸਚਨ ਇਹ ਹੈ ਕਿ ਅਸੀਂ ਕਿਉਂ ਨਹੀਂ ਅਪੀਲ ਵਾਸਤੇ ਗਏ । ਅਸੀਂ ਆਪਣੇ ਐਲ. ਆਰ. ਨਾਲ ਔਰ ਐਡਵੋਕੇਟ ਜਨਰਲ ਨਾਲ ਇਹ ਮਾਮਲਾ ਡਿਸਕਸ ਕੀਤਾ । ਪ੍ਰਾਸੀਕਿਊਸ਼ਨ ਡਾਇਰੈਕਟਰ ਨਾਲ ਵੀ ਇਹ ਮਾਮਲਾ ਡਿਸਕਸ ਕੀਤਾ । ਅਸੀਂ ਇਸ ਸਬੰਧੀ ਸੁਪਰੀਮ ਕੋਰਟ ਦੇ ਲਾਇਰਜ਼ ਨਾਲ ਵੀ ਡਿਸਕਸ਼ਨ ਕੀਤੀ । ਉਨ੍ਹਾਂ ਨੇ ਕਿਹਾ ਕਿ ਜੇ ਸੁਪ੍ਰੀਮ ਕੋਰਟ ਵਿਚ ਜਾਓਗੇ ਤਾਂ ਕੁਝ ਨਹੀਂ ਬਣਨਾ ਕਿਉਂਕਿ ਇਸ ਕੇਸ ਵਿਚ ਕੁਝ ਨਹੀਂ ਰੱਖਿਆ ਹੈ । ਇਹ ਉਥੇ ਵੀ ਸਟ੍ਰਾਈਕ ਡਾਊਨ ਹੋ ਜਾਏਗਾ । ਅਸੀਂ ਇਹ ਸੋਚਿਆ ਕਿ ਜੇ ਸੁਪ੍ਰੀਮ ਕੋਰਟ ਵਿਚ ਜਾਈਏ ਔਰ ਡੇਢ ਸਾਲ ਉਥੇ ਇਸ ਕੇਸ ਨੂੰ ਲੱਗ ਜਾਏ ਅਤੇ ਬਾਅਦ ਵਿਚ ਫਿਰ ਉਥੇ ਵੀ ਸਟਰਾਈਕ ਡਾਊਨ ਹੋ ਜਾਏ ਤਾਂ ਉਸ ਦਾ ਕੋਈ ਫਾਇਦਾ ਨਹੀਂ ਹੋਏਗਾ । ਇਸ ਲਈ ਗੌਰਮਿੰਟ ਨੇ ਫੈਸਲਾ ਕੀਤਾ ਕਿ ਸੁਪ੍ਰੀਮ ਕੋਰਟ ਵਿਚ ਜਾਣ ਦੀ ਜ਼ਰੂਰਤ ਨਹੀਂ ਹੈ । ਔਰ ਇਸ ਕਾਨੂੰਨ ਨੂੰ ਅਮੈਂਡ ਕੀਤਾ ਜਾਏ । ਅਸੀਂ ਇਸ ਕਾਨੂੰਨ ਨੂੰ ਅਮੈਂਡ ਕਰਾਂਗੇ । ਇਸ ਨੂੰ ਪਰੋ-ਲੈਂਡ ਲਾਰਡ ਨਹੀਂ ਬਣਾਵਾਂਗੇ ਔਰ ਇਸ ਨੂੰ ਪਰੋ-ਟੈਨੇਂਟਸ ਬਣਾਵਾਂਗੇ ਤਾਂ ਕਿ ਉਸ ਨਾਲ ਜ਼ਮੀਨ ਐਕਚੁਅਲ ਟਿੱਲਰ ਨੂੰ ਮਿਲ ਸਕੇ (ਥੰਪਿੰਗ) ।

**ਕਾਮਰੇਡ ਸੱਤ ਪਾਲ ਡਾਂਗ** : ਕਦੋਂ ਤੱਕ ਇਹ ਬਿੱਲ ਤੁਸੀਂ ਲੇ ਆਓਗੇ ?

**ਵਿੱਤ ਮੰਤਰੀ** : ਅਗਲੇ ਸੈਸ਼ਨ ਵਿਚ ਲਿਆਵਾਂਗੇ ।

ਫਲੱਡ ਕੰਟ੍ਰੋਲ ਬਾਰੇ ਕਿਹਾ ਗਿਆ ਹੈ ਔਰ ਸਰਦਾਰ ਉਮਰਾਓ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਵੇਲੇ 86 ਕਰੋੜ ਰੁਪਏ ਦੀ ਐਡਵਾਂਸ ਪਲੈਨ ਅਸਿਸਟੈਂਸ ਦਿੱਤੀ ਗਈ ਸੀ । ਪੰਜਾਬ ਵਿਚ ਹੜ੍ਹ ਆਏ ਇਹ 86 ਕਰੋੜ ਰੁਪਏ ਵਿਚੋਂ ਇਕ ਧੇਲਾ ਵੀ ਪੰਜਾਬ ਨੂੰ ਨਹੀਂ ਦਿੱਤਾ ਗਿਆ । ਇਹ ਐਡਵਾਂਸ ਪਲੈਨ ਅਸਿਸਟੈਂਸ ਅਸੀਂ ਲੈਣਾ ਨਹੀਂ ਚਾਹੁੰਦੇ । ਐਡਵਾਂਸ ਪਲੈਨ ਅਸਿਸਟੈਂਸ ਕੀ ਹੈ ? ਮੈਨੂੰ ਖੁਸ਼ੀ ਹੁੰਦੀ ਸਰਦਾਰ ਉਮਰਾਓ ਸਿੰਘ ਹੋਰੀਂ ਇਥੇ 5 ਸਾਲ ਵਜ਼ੀਰ ਰਹੇ ਹਨ ਐਡਵਾਂਸ ਪਲੈਨ ਅਸਿਸਟੈਂਸ ਦਾ ਮਤਲਬ ਸਮਝ ਲੈਂਦੇ । ਇਹ ਜਿਹੜੀ ਅਸਿਸਟੈਂਸ ਸਾਨੂੰ ਪਲੈਨ ਵਾਸਤੇ ਦਿੰਦੇ ਹਨ ਉਹ ਪਹਿਲਾਂ ਦੇ ਦੇਣ । ਉਹ ਪਲੈਨ ਤੇ ਨਹੀਂ ਖਰਚ ਹੋਣੀ ਔਰ ਉਹ ਹੜ੍ਹਾਂ ਵਾਸਤੇ ਖਰਚ ਹੁੰਦੀ ਹੈ । ਹੁਣ ਅਸੀਂ ਚੀਫ ਮਨਿਸਟਰ ਸਾਹਿਬ, ਟੰਡਨ ਸਾਹਿਬ ਔਰ ਮੈਂ ਵੀ ਸ੍ਰੀ ਮੋਰਾਰਜੀ ਡਿਸਾਈ, ਪ੍ਰਧਾਨ ਮੰਤਰੀ ਜੀ ਨਾਲ ਡਿਸਕਸ਼ਨ ਕਰਕੇ ਆਏ ਹਾਂ । ਬਰਨਾਲਾ ਸਾਹਿਬ ਵੀ ਉਥੇ ਸੀ । ਅਸੀਂ ਕਿਹਾ ਹੈ ਕਿ ਸਾਨੂੰ ਐਡਵਾਂਸ ਪਲੈਨ ਅਸਿਸਟੈਂਸ ਨਹੀਂ ਚਾਹੀਦੀ । ਸਾਨੂੰ ਤਾਂ ਗਰਾਂਟ ਚਾਹੀਦੀ ਹੈ । ਹੜ੍ਹ ਆਏ ਹਨ ਔਰ ਅਸੀਂ ਲੋਕਾਂ ਨੂੰ ਅਸਿਸਟੈਂਸ ਦੇਣੀ ਹੈ । ਸਾਨੂੰ ਐਡਵਾਂਸ ਪਲੈਨ ਅਸਿਸਟੈਂਸ ਨਹੀਂ ਚਾਹੀਦੀ ਹੈ ਔਰ ਸਾਨੂੰ ਗਰਾਂਟ ਚਾਹੀਦੀ ਹੈ । ਬਾਹਰਲੇ ਮੁਲਕਾਂ ਤੋਂ ਪੈਸੇ ਆਉਂਦੇ ਹਨ । ਯੂ. ਕੇ. ਗੌਰਮਿੰਟ ਨੇ ਦਿਲਾਨ ਕੀਤਾ ਸੀ ਕਿ ਢਾਈ ਲੱਖ ਪਾਉਂਡਜ਼

Original with;
Punjab Vidhan Sabha
Digitized by;
Panjab Digital Library

ਦੇਵਾਂਗੇ । ਸੈਂਟ੍ਰਲ ਗੌਰਮਿੰਟ ਨੈਚੁਰਲ ਕਲੇਮਿਟੀਜ਼ ਲਈ ਫੰਡ ਕ੍ਰੀਏਟ ਕਰੇ । ਔਰ ਸਾਨੂੰ ਗ੍ਰਾਂਟ ਦੇ ਤੌਰ ਤੇ ਪੈਸੇ ਦਿੱਤੇ ਜਾਣ ਤਾਂ ਕਿ ਗ੍ਰਾਂਟ ਲੈ ਕੇ ਅਸੀਂ ਅੱਗੇ ਖਰਚ ਕਰ ਸਕੀਏ । ਜੇ ਸੈਂਟ੍ਰਲ ਪਲੈਨ ਅਸਿਸਟੈਂਸ ਫਰਜ਼ ਕਰੋ 30 ਕਰੋੜ ਰੁਪਏ ਬਣਦੀ ਹੈ ਔਰ ਇਸ ਵਿਚੋਂ ਇਹ ਸਾਨੂੰ 10 ਕਰੋੜ ਦੀ ਅਸਿਸਟੈਂਸ ਦੇ ਦਿੰਦੇ ਹਨ ਤਾਂ ਅਗਲੇ ਸਾਲ ਲਈ 20 ਕਰੋੜ ਦੀ ਸੈਂਟ੍ਰਲ ਪਲੈਨ ਅਸਿਸਟੈਂਸ ਰਹਿ ਜਾਏਗੀ । 10 ਕਰੋੜ ਰੁਪਿਆ ਇਸ ਵਿਚੋਂ ਕੱਟ ਦਿੱਤਾ ਜਾਏਗਾ । ਸਰਦਾਰ ਉਮਰਾਓ ਸਿੰਘ ਨੇ ਕਿਹਾ ਕਿ ਅਸੀਂ ਬਹੁਤ ਪੈਸੇ ਦਿੰਦੇ ਹੁੰਦੇ ਸੀ । ਮੈਂ ਸਰਦਾਰ ਉਮਰਾਓ ਸਿੰਘ ਦੇ ਜ਼ਮਾਨੇ ਦਾ ਹਾਲ ਦੱਸਣਾ ਚਾਹੁੰਦਾ ਹਾਂ । ਮਿਤੀ 26 ਜੁਲਾਈ, 1974 ਦੀ ਨੋਟੀਫੀਕੇਸ਼ਨ ਪੰਜਾਬ ਸਰਕਾਰ ਦੀ ਜਿਹੜੀ ਕਿ ਉਸ ਵੇਲੇ ਦੀ ਕਾਂਗਰਸ ਸਰਕਾਰ ਦੀ ਸੀ ਉਸ ਦੇ ਮੁਤਾਬਿਕ ਥੋੜੀ ਜਿਹੀ ਤਬਦੀਲੀ ਆਈ ਔਰ 1976 ਵਿਚ ਉਹ ਵੀ ਮੇਰੇ ਪਾਸ ਹੈ । 1973 ਵਿਚ ਜੇ ਕੋਈ ਪੱਕਾ ਕੋਠਾ ਗਿਰ ਜਾਂਦਾ ਸੀ ਤਾਂ ਉਸ ਨੂੰ ਉਸ ਵੇਲੇ 300 ਰੁਪਏ ਮਿਲਦੇ ਸੀ ਪਰ ਅਸੀਂ ਇਸ ਤੋਂ ਵਧਾ ਕੇ 1600 ਰੁਪਏ ਕਰ ਦਿੱਤੇ ਹਨ । ਇਸੇ ਤਰ੍ਹਾਂ ਹੀ ਜੇਕਰ ਪਹਿਲਾਂ ਕੋਈ ਕੱਚਾ ਕੋਠਾ ਗਿਰ ਜਾਂਦਾ ਸੀ ਤਾਂ ਉਸ ਨੂੰ 200 ਰੁਪਏ ਮਿਲਦੇ ਸਨ । ਇਸ ਰਕਮ ਨੂੰ ਵਧਾ ਕੇ ਅਸੀਂ 800 ਰੁਪਏ ਕਰ ਦਿੱਤੇ ਹਨ ।

1976 ਵਿਚ ਫੈਸਲਾ ਕੀਤਾ ਗਿਆ ਕਿ ਅਗਰ ਪੱਕਾ ਕੋਠਾ ਡਿਗ ਜਾਵੇ ਤਾਂ ਉਸ ਨੂੰ 800 ਰੁਪਿਆ ਦੇਣਾ ਹੈ ਪਰ ਸਾਡਾ ਫੈਸਲਾ ਹੈ ਕਿ 1,600 ਰੁਪਿਆ ਦੇਣਾ ਹੈ । ਕੱਚੇ ਕੋਠੇ ਲਈ 1976 ਵਿਚ ਫੈਸਲਾ ਕੀਤਾ ਗਿਆ ਕਿ 400 ਰੁਪਿਆ ਦੇਣਾ ਹੈ ਪਰ ਸਾਡਾ ਫੈਸਲਾ ਹੈ ਕਿ 800 ਰੁਪਿਆ ਦੇਣਾ ਹੈ । ਇਸ ਤੋਂ ਸਾਡੇ ਤੋਂ ਪਹਿਲਾਂ ਇਨ੍ਹਾਂ ਨੇ ਫੈਸਲਾ ਕੀਤਾ ਸੀ ਕਿ ਜੇ ਕੋਈ ਬਫੈਲੋ ਮਰ ਜਾਵੇ ਤਾਂ ਉਸ ਨੂੰ 450 ਦੇਣਾ ਹੈ ਪਰ ਅਸੀਂ ਫੈਸਲਾ ਕੀਤਾ ਹੈ ਕਿ 650 ਰੁਪਏ ਦੇਣੇ ਹਨ । ਕਾਉ ਵਾਸਤੇ ਇਨ੍ਹਾਂ ਦਾ ਫੈਸਲਾ ਸੀ ਕਿ 225 ਰੁਪਏ ਦੇਣੇ ਹਨ ਪਰ ਅਸੀਂ 400 ਰੁਪਏ ਦੇ ਰਹੇ ਹਾਂ । ਇਸੇ ਤਰ੍ਹਾਂ ਜੇ ਕਿਸੇ ਦੀ ਬੱਕਰੀ ਜਾਂ ਭੇਡ ਮਰ ਜਾਵੇ ਤਾਂ ਉਸ ਦੇ ਵਾਸਤੇ ਇਹ (ਆਪੋਜ਼ੀਸ਼ਨ ਵੱਲ ਇਸ਼ਾਰਾ) 75 ਰੁਪਏ ਦਿੰਦੇ ਸੀ ਪਰ ਅਸੀਂ ਇਹ ਸੌ ਰੁਪਿਆ ਕਰ ਦਿੱਤਾ ਹੈ । ਫਾਡਰ ਦੇ ਵਾਸਤੇ ਇਹ 150 ਰੁਪਏ ਦਿੰਦੇ ਸੀ ਪਰ ਹੁਣ ਅਸੀਂ 240 ਰੁਪਿਆ ਕਰ ਦਿੱਤਾ ਹੈ । ਜੇ ਕਿਸੇ ਆਦਮੀ ਦੀ ਫਲੱਡ ਨਾਲ ਮੌਤ ਹੋ ਜਾਂਦੀ ਸੀ ਤਾਂ ਇਹ ਕਾਂਗਰਸ ਵਾਲੇ 1,500 ਰੁਪਏ ਪਰ ਫੈਮਿਲੀ ਦਿੰਦੇ ਸੀ ਪਰ ਅਸੀਂ 5 ਹਜ਼ਾਰ ਰੁਪਿਆ ਪਰ ਫੈਮਿਲੀ ਰੱਖਿਆ ਹੈ। (ਤਾੜੀਆਂ) ਇਹ ਸਾਡਾ ਫਲੱਡ ਰਿਲੀਫ ਵਾਸਤੇ ਫੈਸਲਾ ਹੈ । ਕੁਝ ਮੇਰੇ ਦੋਸਤਾਂ ਨੇ ਸ਼ੰਕਾ ਜ਼ਾਹਿਰ ਕੀਤਾ ਕਿ ਡੇਢ ਕਰੋੜ ਰੁਪਿਆ ਘੱਟ ਹੋਵੇਗਾ । ਸਾਡੇ ਕੋਲ ਡੇਢ ਕਰੋੜ ਰੁਪਿਆ ਪਹਿਲੇ ਸੀ (ਵਿਘਨ) ਅਸੀਂ ਹਰ ਆਦਮੀ ਦੀ ਪੂਰੀ ਪੂਰੀ ਮੱਦਦ ਕਰਨੀ ਹੈ । ਸਰਦਾਰ ਉਮਰਾਓ ਸਿੰਘ ਨੇ ਕਿਹਾ ਸੀ ਕਿ ਜ਼ਮੀਨ ਦਾ ਪੂਰਾ ਪੂਰਾ ਮੁਆਵਜ਼ਾ ਦੇਣਾ ਚਾਹੀਦਾ ਹੈ । ਮੈਂ ਕਹਿ ਸਕਦਾ ਹਾਂ ਕਿ ਕਾਂਗਰਸ ਦੀ ਕੈਪੀਟਿਲਿਸਟ ਟੈਂਡੈਂਸੀ ਸੀ । ਪਿਛਲੇ ਬਜਟ ਸੈਸ਼ਨ ਵਿਚ ਮੈਂ ਬਜਟ ਤੇ ਹੋਈ ਬਹਿਸ ਦਾ ਜਵਾਬ ਦਿੰਦੇ ਹੋਏ ਸਾਰਾ ਕੁਝ ਦੱਸਿਆ ਸੀ । ਸਰਦਾਰ ਉਮਰਾਓ ਸਿੰਘ ਨੇ ਕਿਹਾ ਸੀ ਕਿ ਹਰ ਆਦਮੀ ਨੂੰ ਜ਼ਮੀਨ ਦਾ ਪੂਰਾ ਪੂਰਾ ਮੁਆਵਜ਼ਾ ਦੇਣਾ ਚਾਹੀਦਾ ਹੈ, ਉਸ ਦੀ ਜ਼ਮੀਨ ਦਾ ਪੂਰਾ ਮੁਆਵਜ਼ਾ ਦੇਣਾ ਚਾਹੀਦਾ ਹੈ ਅਤੇ 7 ਏਕੜ ਤੱਕ ਹੀ ਨਹੀਂ ਦੇਣਾ ਚਾਹੀਦਾ । ਇਸ ਚੀਜ਼ ਵਿਚੋਂ ਇਨ੍ਹਾਂ ਦੀ ਕੈਪੀਟਿਲਿਜਮ ਦਿਸਦੀ ਹੈ ਪਰ ਮੌਜੂਦਾ ਗੌਰਮਿੰਟ ਦੀ ਪਾਲਿਸੀ ਸੋਸ਼ਲਿਸਟਿਕ ਹੈ ਔਰ ਉਸ ਦੇ ਨਿਰਣੇ ਨਾਲ ਹੀ 7 ਏਕੜ ਤੱਕ ਦੇਣਾ ਹੈ । ਇਹ ਸਾਰੀ ਚੀਜ਼ ਜ਼ਾਹਿਰ ਕਰਦੀ ਹੈ ਕਿ ਸਾਡੀ ਡਾਇਰੈਕਸ਼ਨ ਕਿਸ ਪਾਸੇ ਵੱਲ ਹੈ । (ਵਿਘਨ) ਪਿਛਲੇ 30 ਸਾਲਾਂ ਦੇ ਇਨ੍ਹਾਂ ਦੇ ਰਾਜ ਵਿਚ ਅਗਰ ਕਿਸੇ ਦੀ ਕਰਾਪ ਦਾ ਨੁਕਸਾਨ ਹੋ ਜਾਂਦਾ ਸੀ ਔਰ ਭਾਵੇਂ ਸੌ ਫੀ ਸਦੀ ਨੁਕਸਾਨ ਹੋ ਜਾਵੇ ਉਹ ਇਸ ਨੁਕਸਾਨ ਵਾਸਤੇ ਪੈਸੇ ਨਹੀਂ ਸੀ ਦਿੰਦੇ ਪਰ ਅਸੀਂ ਫੈਸਲਾ ਕੀਤਾ ਹੈ ਕਿ ਅਗਰ ਕਿਸੇ ਦੀ ਫਸਲ ਦਾ ਸੌ ਫੀ ਸਦੀ ਨੁਕਸਾਨ ਹੋ ਜਾਵੇ ਤਾਂ ਉਸ ਨੂੰ 300 ਰੁਪਿਆ ਪਰ ਏਕੜ ਦਿੰਦੇ ਹਾਂ ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਅਗਰ 50 ਪ੍ਰਤੀਸ਼ਤ ਤੋਂ 75 ਪ੍ਰਤੀਸ਼ਤ ਨੁਕਸਾਨ ਹੋ ਜਾਵੇ ਤਾਂ 200 ਰੁਪਿਆ ਦਿੰਦੇ ਹਾਂ ਅਤੇ ਜੇ 25 ਪ੍ਰਤੀਸ਼ਤ ਤੋਂ 50 ਪ੍ਰਤੀਸ਼ਤ ਨੁਕਸਾਨ ਹੋ ਜਾਵੇ ਤਾਂ 100 ਰੁਪਿਆ ਦਿੰਦੇ ਹਾਂ ਪਰ ਏਕੜ। ਇਹ ਪਹਿਲੀ ਸਰਕਾਰ ਹੈ ਜਿਸ ਨੇ ਫਲੱਡ ਵਾਸਤੇ ਐਨਾ ਪੈਸਾ ਦਿਤਾ ਹੈ। (ਵਿਘਨ)। ਇਥੇ ਬੜਾ ਰੌਲਾ ਪਾਇਆ ਗਿਆ ਕਿ ਹਰੀਜਨਾਂ ਤੇ ਬੜੇ ਅਤਿਆਚਾਰ ਹੋ ਰਹੇ ਹਨ ਅਤੇ ਉਨ੍ਹਾਂ ਨੂੰ ਆਜ਼ਾਦੀ ਨਹੀਂ। (ਵਿਘਨ) ਕਿਹਾ ਗਿਆ ਕਿ ਹਰੀਜਨਾਂ ਦੀ ਸਿਵਲ ਲਿਬਰਟੀ ਮਾਰ ਦਿਤੀ ਗਈ ਹੈ ਅਤੇ ਉਨ੍ਹਾਂ ਨਾਲ ਡਿਸਕਰਿਮੀਨੇਸ਼ਨ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਘਰੋਂ ਬਾਹਿਰ ਨਹੀਂ ਨਿਕਲਣ ਦਿਤਾ ਜਾਂਦਾ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜੇ ਉਨ੍ਹਾਂ ਨੂੰ ਘਰਾਂ ਤੋਂ ਬਾਹਿਰ ਨਾ ਨਿਕਲਣ ਦਿਤਾ ਜਾਂਦਾ.....

**ਸਰਦਾਰ ਦਰਸ਼ਨ ਸਿੰਘ ਕੇ. ਪੀ.** : ਤੁਸੀਂ ਹਰੀਜਨ ਮੈਂਬਰਾਂ ਨੂੰ ਬੋਲਣ ਦੀ ਆਗਿਆ ਨਹੀਂ ਦਿੰਦੇ। ਤੁਸੀਂ ਜਨ-ਸੰਘੀ ਡਿਪਟੀ ਸਪੀਕਰ ਹੋ, ਇਸ ਕਰਕੇ ਟਾਈਮ ਨਹੀਂ ਦਿੰਦੇ।

**Chaudhri Bal Ram Jakhar** : ** ** **

**Mr. Deputy Speaker** : This is no point of order.

**ਵਿੱਤ ਮੰਤਰੀ** : ਮੈਨੂੰ ਉਨ੍ਹਾਂ ਦੀ ਗੱਲ ਸਮਝ ਨਹੀਂ ਆਈ। (ਵਿਘਨ)

**Mr. Deputy Speaker** : Please carry on.

**ਵਿੱਤ ਮੰਤਰੀ** : ਜੇ ਹਰੀਜਨਾਂ ਨੂੰ ਸਿਵਿਲ ਲਿਬਰਟੀ ਨਾ ਹੁੰਦੀ, ਉਨ੍ਹਾਂ ਨੂੰ ਪੂਰੀ ਆਜ਼ਾਦੀ ਨਾ ਹੁੰਦੀ ਤਾਂ ਹੁਣੇ ਹੁਣੇ ਜਿਹੜੀਆਂ ਪੰਚਾਇਤ ਮਨਿਸਟਰ ਨੇ ਪੰਚਾਇਤਾਂ ਦੀਆਂ ਇਲੈਕਸ਼ਨਾਂ ਕਰਵਾਈਆਂ ਹਨ (ਵਿਘਨ) ਪਹਿਲੀ ਹਕੂਮਤ ਵੇਲੇ ਵੀ ਇਲੈਕਸ਼ਨਾਂ ਹੁੰਦੀਆਂ ਰਹੀਆਂ ਹਨ। (ਵਿਘਨ) ਪਹਿਲੀ ਹਕੂਮਤ ਵੇਲੇ 426 ਹਰੀਜਨ ਸਰਪੰਚ ਬਣੇ ਸਨ ਸਾਰੇ ਪੰਜਾਬ ਵਿਚ ਜਦ ਕਿ ਅੱਜ ਇਸ ਗੌਰਮਿੰਟ ਵੇਲੇ 1121 ਹਰੀਜਨ ਸਰਪੰਚ ਪੰਜਾਬ ਵਿਚ ਬਣੇ ਹਨ। (ਤਾੜੀਆਂ) ਜੇ ਉਨ੍ਹਾਂ ਨੂੰ ਸਿਵਲ ਲਿਬਰਟੀ ਨਾ ਹੁੰਦੀ ਤਾਂ ਉਹ ਸਰਪੰਚ ਕਿਸ ਤਰ੍ਹਾਂ ਬਣ ਸਕਦੇ ਸਨ। (ਤਾੜੀਆਂ)

**ਸਰਦਾਰ ਬੇਅੰਤ ਸਿੰਘ** : ਪੁਆਇੰਟ ਆਫ ਆਰਡਰ, ਸਰ।

**Mr. Deputy Speaker** : No, Sardar Balwant Singh Ji, please carry on

(ਇਸ ਸਮੇਂ ਆਪੋਜ਼ੀਸ਼ਨ ਪਾਰਟੀ ਦੇ ਬਹੁਤ ਸਾਰੇ ਮਾਨਯੋਗ ਮੈਂਬਰ ਖੜੇ ਹੋ ਕੇ ਬੋਲ ਰਹੇ ਸਨ, ਪਰ ਸਦਨ ਵਿਚ ਇਤਨਾ ਸ਼ੋਰ ਸੀ ਕਿ ਕੁਝ ਸੁਣਾਈ ਨਹੀਂ ਸੀ ਦੇ ਰਿਹਾ।** ** **)

ਜੋ ਕੁਝ ਬਗੈਰ ਇਜਾਜ਼ਤ ਦੇ ਕਿਹਾ ਜਾ ਰਿਹਾ ਹੈ, it should not be recorded. ਮੈਂ ਬੇਨਤੀ ਕਰਾਂਗਾ ਕਿ ਸਾਨੂੰ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਨਾ ਚਾਹੀਦਾ ਹੈ। ਜਿਸ ਵੇਲੇ ਮਨਿਸਟਰ ਸਾਹਿਬ ਜਵਾਬ ਦੇ ਰਹੇ ਹੋਣ ਤਾਂ we should keep silent. ਦੂਜੇ ਮੈਂਬਰਜ਼ ਸਾਹਿਬਾਨ ਨੂੰ ਚੁਪ ਰਹਿਣਾ ਚਾਹੀਦਾ ਹੈ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਦਰਸ਼ਨ ਸਿੰਘ ਕੇ. ਪੀ.** : ਤੁਸੀਂ ਮੈਨੂੰ ਟਾਈਮ ਨਹੀਂ ਦਿਤਾ । (ਵਿਘਨ)

**ਵਿੱਤ ਮੰਤਰੀ** : ਮੈਨੂੰ ਪਤਾ ਹੈ ਸੱਚੀ ਗੱਲ ਕੌੜੀ ਲਗਦੀ ਹੁੰਦੀ ਹੈ ਅਤੇ ਸੱਚੀ ਗੱਲ ਨੂੰ ਬਰਦਾਸ਼ਤ ਕਰਨਾ ਬਹੁਤ ਮੁਸ਼ਕਲ ਹੈ । ਮੈਂ ਤਾਂ ਹਾਲਾਂ ਹੋਰ ਸੱਚੀਆਂ ਗੱਲਾਂ ਕਰਨੀਆਂ .ਹਨ ਇਨ੍ਹਾਂ ਨੇ ਉਦੋਂ ਵੀ ਰੌਲਾ ਪਾਉਣਾ ਹੈ । (ਵਿਘਨ) ਡਿਪਟੀ ਸਪੀਕਰ ਸਾਹਿਬ, ਲਾਅ ਐਂਡ ਆਰਡਰ ਦੇ ਬਾਰੇ ਬਹੁਤ ਕੁਝ ਕਿਹਾ ਗਿਆ । ਮੈਂ ਬਹੁਤਾ ਪਿਛੇ ਨਹੀਂ ਜਾਣਾ ਚਾਹੁੰਦਾ । (ਸਰਦਾਰ ਗੁਰਦਰਸ਼ਨ ਸਿੰਘ ਵੱਲੋਂ ਵਿਘਨ) ਪਰ ਮੈਂ ਇਨ੍ਹਾਂ ਨੂੰ (ਸਰਦਾਰ ਗੁਰਦਰਸ਼ਨ ਸਿੰਘ ਵੱਲ ਇਸ਼ਾਰਾ) ਪੁਛਣਾ ਚਾਹੁੰਦਾ ਹਾਂ ਕਿ ਪੰਜ ਸਾਲ ਪਹਿਲੇ ਮੋਗੇ ਵਿਚ ਗੋਲੀ ਚੱਲੀ ਸੀ । (ਵਿਘਨ) ਉਸ ਦਾ ਕੀ ਕੀਤਾ ?

**ਸਰਦਾਰ ਗੁਰਦਰਸ਼ਨ ਸਿੰਘ** : ਡਿਪਟੀ ਸਪੀਕਰ ਸਾਹਿਬ, ਉਹ ਮੇਰੇ ਕੋਲੋਂ ਪੁਛ ਰਹੇ ਹਨ He is asking me. ਤੁਸੀਂ ਰਿਕਾਰਡ ਪੜ੍ਹ ਲਵੋ ।

**ਸ੍ਰੀ ਡਿਪਟੀ ਸਪੀਕਰ** : ਤੁਸੀਂ ਜਿਸ ਤਰੀਕੇ ਨਾਲ ਬੀਹੇਵ ਕਰ ਰਹੇ ਹੋ, That is not the way.

**ਸਰਦਾਰ ਗੁਰਦਰਸ਼ਨ ਸਿੰਘ** : ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਮੈਂ ਉਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ । (ਵਿਘਨ)

ਸ੍ਰੀ **ਡਿਪਟੀ** ਸਪੀਕਰ : ਨਹੀਂ ਜੀ, ਇਹ ਤਰੀਕਾ ਠੀਕ ਨਹੀਂ ਹੈ ।

**ਸਰਦਾਰ ਗੁਰਦਰਸ਼ਨ ਸਿੰਘ** : ਉਹ ਲਫਜ਼ ਵਾਪਿਸ ਲੈਣ ਜਾਂ ਐਕਸਪੰਜ ਕਰਾਓ । (ਵਿਘਨ)

**Mr. Deputy Speaker** : F. M. may please carry on.

**ਵਿੱਤ ਮੰਤਰੀ** : ਮੈਂ ਪਹਿਲਾਂ ਕਿਹਾ ਸੀ ਕਿ ਸੱਚੀ ਗੱਲ ਕੌੜੀ ਹੁੰਦੀ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਪਿਛਲੇ 5 ਸਾਲਾਂ ਦਾ ਰਿਕਾਰਡ ਵੇਖ ਲਵੋ ਕਿਸ ਤਰ੍ਹਾਂ ਲੋਕਾਂ ਨੂੰ ਲਾਈਨਾਂ ਵਿਚ ਖੜੇ ਹੋ ਕੇ ਤੇਲ ਲੈਣਾ ਪੈਂਦਾ ਸੀ । ਜਗਰਾਉਂ ਗੋਲੀ ਚੱਲੀ ਸੀ । ਉਦੋ ਲਾਅ ਐਂਡ ਆਰਡਰ ਦੀ ਹਾਲਤ ਕੀ ਠੀਕ ਸੀ ? ਕਪੂਰਥਲੇ ਗੋਲੀ ਚੱਲੀ ਅਤੇ ਲੋਕ ਮਾਰੇ ਗਏ ਸਨ ਕੀ ਉਦੋਂ ਲਾਅ ਐਂਡ ਆਰਡਰ ਦੀ ਹਾਲਤ ਇਨ੍ਹਾਂ ਨੂੰ ਚੰਗੀ ਲੱਗਦੀ ਸੀ ? ਬਰਨਾਲੇ ਗੋਲੀ ਚੱਲੀ ਸੀ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਦੋਂ ਲਾਅ ਐਂਡ ਆਰਡਰ ਦੀ ਹਾਲਤ ਕਿਸ ਤਰ੍ਹਾਂ ਦੀ ਸੀ ? ਮੈਂ ਬਹੁਤ ਦੂਰ ਨਹੀਂ ਜਾਣਾ ਚਾਹੁੰਦਾ, ਇਨ੍ਹਾਂ ਦੇ ਸਮੇਂ ਦੇ ਰਾਜ ਦੀਆਂ ਕੁਝ ਗੱਲਾਂ ਦੱਸਣਾ ਚਾਹੁੰਦਾ ਹਾਂ । ਆਂਧਰਾ ਵਿਚ ਕੀ ਹੋਇਆ । ਉਥੇ ਕਾਂਗਰਸ (ਆਈ) ਦਾ ਰਾਜ ਹੈ । (ਵਿਘਨ)

(ਇਸ ਸਮੇਂ ਕਾਂਗਰਸ (ਆਈ) ਦੇ ਬਹੁਤ ਸਾਰੇ ਮਾਨਯੋਗ ਮੈਂਬਰਜ਼ ਬੋਲਣ ਲਈ ਖੜੇ ਹੋਏ।)

**ਸਰਦਾਰ ਗੁਰਦਰਸ਼ਨ ਸਿੰਘ** : ਜੇ ਇਸ ਤਰ੍ਹਾਂ ਦੀਆਂ ਗੱਲਾਂ ਕਰਨੀਆਂ ਹਨ ਤਾਂ ਫਿਰ ਅਸੀਂ ਸੁਰੇਸ਼ ਸਕੈਂਡਲ ਦੀ ਵੀ ਗੱਲ ਕਰਾਂਗੇ । Why should he (Finance Minister) provoke us ? Why does he talk about Andhra ?
ਤੁਸੀਂ ਪੰਜਾਬ ਦੀ ਗੱਲ ਕਰੋ ।

**ਵਿੱਤ ਮੰਤਰੀ** : ਮੈਂ ਪੰਜਾਬ ਦੀ ਵੀ ਗੱਲ ਕਰਾਂਗਾ । ਡਿਪਟੀ ਸਪੀਕਰ ਸਾਹਿਬ, ਇਹ ਲਾਅ ਐਂਡ ਆਰਡਰ ਕਿਥੇ ਖਰਾਬ ਹੁੰਦਾ ਹੈ ? ਕਿਹੜੇ ਲੋਕ ਹਨ ਜਿਹੜੇ ਲਾਅ ਐਂਡ ਆਰਡਰ ਨੂੰ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਖਰਾਬ ਕਰਦੇ ਹਨ ? ਕਿਹੜੇ ਲੋਕ ਹਨ ਜਿਹੜੇ ਲੋਕਾਂ ਨੂੰ ਆਪਸ ਵਿਚ ਲੜਾ ਕੇ ਰੱਖਦੇ ਹਨ ਅਤੇ ਕਿਹੜੇ ਲੋਕ ਹਨ ਜਿਹੜੇ ਲੋਕਾਂ ਨੂੰ ਇਕੱਠਾ ਨਹੀਂ ਹੋਣ ਦਿੰਦੇ ? ਜਿਥੇ ਵੀ ਇਨ੍ਹਾਂ ਦਾ ਰਾਜ ਹੋਵੇਗਾ ਉਥੇ ਹੀ ਇਹੀ ਹਾਲਤ ਹੋਵੇਗੀ । (*Interruption & Noise in the House.*) It has been mentioned in the 'Hindustan Times' of 29th August, 1978 that Hyderabad was under curfew. Army was alerted.

(ਇਸ ਵਕਤ ਆਪੋਜ਼ੀਸ਼ਨ ਵਲੋਂ ਕੁਝ ਮਾਨਯੋਗ ਮੈਂਬਰ ਸਾਹਿਬਾਨ ਬੋਲ ਰਹੇ ਸਨ ** ** )

**ਸ਼੍ਰੀ ਡਿਪਟੀ ਸਪੀਕਰ** : ਜੋ ਕੁਝ ਵੀ ਆਨਰੇਬਲ ਮੈਂਬਰਜ਼ ਮੇਰੀ ਇਜਾਜ਼ਤ ਤੋਂ ਬਿਨਾਂ ਬੋਲ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ ।

**Finance Minister** : Sir, I would request the Deputy Speaker to control these people.

**Shri Khushhal Behl** : Point of order, Sir.

**Mr. Deputy Speaker** : It is not a proper way. Please take your seat

**ਚੌਧਰੀ ਬਲ ਰਾਮ ਜਾਖੜ** : ਡਿਪਟੀ ਸਪੀਕਰ ਸਾਹਿਬ, ਸੰਸਾਰ ਵਿਚ ਦੋਨਾਂ ਹੱਥਾਂ ਨਾਲ ਤਾੜੀ ਵੱਜਦੀ ਹੈ । ਤੁਸੀਂ ਸਾਡੇ ਨਾਲ ਜ਼ਿਆਦਤੀ ਕੀਤੀ ਹੈ, ਅਸੀਂ ਕੋ-ਆਪਰੇਟ ਨਹੀਂ ਕਰਾਂਗੇ ।

**ਵਿੱਤ ਮੰਤਰੀ** : ਵਾਕ-ਆਊਟ ਕਰੋ ਫਿਰ ।

**ਸਰਦਾਰ ਦਰਸ਼ਨ ਸਿੰਘ ਕੇ. ਪੀ.** : ਗੱਲ ਬਾਹਰ ਮੈਦਾਨ ਵਿਚ ਕਰੋ, ਜਲਸੇ ਬਾਹਰ ਕਰੋ, ਦੇਖੋ ਲੋਕ ਕੀ ਕਹਿੰਦੇ ਹਨ । (ਵਿਘਨ)

**ਸ਼੍ਰੀ ਡਿਪਟੀ ਸਪੀਕਰ** : ਮੈਂ ਸਤਿਕਾਰ ਯੋਗ ਮੈਂਬਰਾਂ ਅੱਗੇ ਪ੍ਰਾਰਥਨਾ ਕਰਾਂਗਾ ਕਿ ਅਸੀਂ ਸਾਰੇ ਜ਼ਿੰਮੇਵਾਰ ਆਦਮੀ ਹਾਂ, ਔਰ ਅਸੀਂ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਕੇ ਜਿਹੜੀਆਂ ਅੱਛੀਆਂ ਪ੍ਰੰਪਰਾਵਾਂ ਹਨ, ਉਨ੍ਹਾਂ ਨੂੰ ਕਾਇਮ ਰੱਖੀਏ ।

**Shri Khushhal Behl** : Point of order, Sir. It is wrong that you do not allow me to raise a point of order.

**Mr. Deputy Speaker** : It is not the proper way. Please take your seat now.

**Shri Khushhal Behl** : I have a right to raise a point of order.

**Mr. Deputy Speaker** : Sorry, I cannot allow you to raise a point of order. You may raise it after the speech of the Finance Minister.

(*Interruption and Noise*)

**Shri Khushhal Behl** : Please hear me. Then it is for you to decide whether it is a point of order or not.

**Mr. Deputy Speaker** : I am sorry, I connot allow you.

**Dr. Kewal Krishan** : Under what Rule are you not allowing him to raise a point of order?

**ਸ਼੍ਰੀ ਡਿਪਟੀ ਸਪੀਕਰ** : ਡਾਕਟਰ ਸਾਹਿਬ, ਬੈਠੋ । ਜਦੋਂ ਮਨਿਸਟਰ ਸਾਹਿਬ ਜਵਾਬ ਦੇ ਰਹੇ ਹਨ ਤਾਂ ਤੁਹਾਨੂੰ ਇਨਟਰਪਟ ਨਹੀਂ ਕਰਨਾ ਚਾਹੀਦਾ ।

---

**Note recorded as ordered by the Chair.

Original with;
Punjab Vidhan Sabha
Digitized by;
Panjab Digital Library

(ਇਸ ਵਕਤ ਮਾਨਯੋਗ ਮੈਂਬਰ ਸ੍ਰੀ ਖੁਸ਼ਹਾਲ ਬਹਿਲ ਬੋਲਣ ਵਾਸਤੇ ਇਜਾਜ਼ਤ ਮੰਗ ਰਹੇ ਸਨ)

ਮੈਂ ਤੁਹਾਨੂੰ ਟਾਈਮ ਪੁਆਇੰਟ ਆਫ ਇਨਫਰਮੇਸ਼ਨ ਰੇਜ਼ ਕਰਨ ਵਾਸਤੇ ਬਾਅਦ ਵਿਚ ਦੇ ਦੇਵਾਂਗਾ ।

**ਸ੍ਰੀ ਖੁਸ਼ਹਾਲ ਬਹਿਲ** : ਜੋ ਦਸ਼ਨ ਲਗਾਏ ਗਏ ਹਨ, ਉਸ ਦੇ ਵਾਸਤੇ ਹਾਊਸ ਦੀ ਇਕ ਕਮੇਟੀ ਬਣਾ ਲਓ.. .. .. .. .. (ਵਿਘਨ)

**ਵਿੱਤ ਮੰਤਰੀ** : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਸਾਹਮਣੇ "ਨੈਸ਼ਨਲ ਹੈਰਲਡ" ਅਖਬਾਰ ਮਿਤੀ 29 ਅਗਸਤ, 1978 ਪੇਸ਼ ਕਰਨਾ ਚਾਹੁੰਦਾ ਹਾਂ ।

Clashes in Hyderabad Shoot at sight. . . . .

**ਚੌਧਰੀ ਬਲਰਾਮ ਜਾਖੜ** : 14 ਮਹੀਨਿਆਂ ਵਿਚ ਕੀ ਹੋਇਆ, ਉਹ ਵੀ ਦੱਸ ਦਿਓ ।

**ਵਿੱਤ ਮੰਤਰੀ** : ਮੈਂ 14 ਮਹੀਨਿਆਂ ਦਾ ਵੀ ਦੱਸਾਂਗਾ । ( ਮਾਨਯੋਗ ਮੈਂਬਰ ਸਰਦਾਰ ਦਰਸ਼ਨ ਸਿੰਘ ਕੇ. ਪੀ. ਵੱਲੋਂ ਵਿਘਨ)

**ਉਦਯੋਗ ਮੰਤਰੀ** : ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਆਇਆ ਸਾਡੇ ਸਾਹਮਣੇ ਬੈਠੇ ਦੋਸਤ ਹਾਊਸ ਦੀਆਂ ਪ੍ਰੋਸੀਡਿੰਗਜ਼ ਇਥੇ ਠੀਕ ਢੰਗ ਨਾਲ ਚਲਾਉਣਾ ਚਾਹੁੰਦੇ ਹਨ ਜਾਂ ਇਹ ਚਾਹੁੰਦੇ ਹਨ ਕਿ ਬਾਕੀਆਂ ਬਿਲਾਂ ਵਾਸਤੇ ਡੀਲੇ ਕੀਤੀ ਜਾਵੇ ਅਤੇ ਕੋਈ ਕੰਮ ਨਾ ਹੋ ਸਕੇ ? ਅਗਰ ਕੋਈ ਕਮੀ ਪੇਸ਼ੀ ਹੈ ਤਾਂ ਬਾਅਦ ਵਿਚ ਬੈਠ ਕੇ ਡਿਸਕਸ ਕੀਤੀ ਜਾ ਸਕਦੀ ਹੈ ਪਰ ਇਸ ਤਰ੍ਹਾਂ ਤਾਂ ਪ੍ਰਾਪਰ ਨਹੀਂ ਹੋਵੇਗਾ । ਇਹ ਨਹੀਂ ਹੋਣਾ ਚਾਹੀਦਾ ਕਿ ਅਸੀਂ ਹਾਊਸ ਦੀਆਂ ਸਾਰੀਆਂ ਪ੍ਰੋਸੀਡਿੰਗਜ਼ ਹੀ ਖਰਾਬ ਕਰੀ ਜਾਈਏ ।

**ਚੌਧਰੀ ਬਲਰਾਮ ਜਾਖੜ** : ਮੈਂ ਟੰਡਨ ਸਾਹਿਬ ਦੇ ਜਜ਼ਬਾਤ ਦੀ ਕਦਰ ਕਰਦਾ ਹਾਂ ਲੇਕਿਨ ਮੈਂ ਪਹਿਲਾਂ ਵੀ ਕਿਹਾ ਸੀ ਅਤੇ ਹੁਣ ਫਿਰ ਕਹਿਣਾ ਚਾਹੁੰਦਾ ਹਾਂ ਕਿ ਤਾੜੀ ਦੋਨਾਂ ਹੱਥਾਂ ਨਾਲ ਵੱਜਦੀ ਹੈ । ਜੋ ਜ਼ਿਆਦਤੀ ਸਾਡੇ ਨਾਲ ਹੋਈ ਹੈ, ਇਹ ਬਿਲਕੁਲ ਨਾ-ਕਾਬਲੇ ਬਰਦਾਸ਼ਤ ਹੈ । ਜੇ ਸਾਡੇ ਕੋਲੋਂ ਕੋ-ਆਪਰੇਸ਼ਨ ਚਾਹੁੰਦੇ ਹਨ ਤਾਂ ਸਾਨੂੰ ਵੀ ਕੋ-ਆਪਰੇਟ ਕਰਨ (ਵਿਘਨ)

**ਸ੍ਰੀ ਡਿਪਟੀ ਸਪੀਕਰ** : ਜਿਹੜੀ ਜ਼ਿਆਦਤੀ ਵਾਲੀ ਗੱਲ ਕਹੀ ਗਈ ਹੈ, ਇਹ ਗਲਤ ਹੈ । ਜਿਸ ਤਰ੍ਹਾਂ ਤੁਸੀਂ ਇਥੇ ਕਰ ਰਹੇ ਹੋ, ਇਹ ਠੀਕ ਨਹੀਂ ਹੈ. । (ਵਿਘਨ) (ਇਸ ਵਕਤ ਕਈ ਮਾਨਯੋਗ ਮੈਂਬਰ ਸਾਹਿਬਾਨ ਬੈਠੇ ਬੈਠੇ ਬੋਲ ਰਹੇ ਸਨ)

**ਡਾਕਟਰ ਕੇਵਲ ਕ੍ਰਿਸ਼ਨ** : ਜਦੋਂ ਬਿਲ ਪਾਸ ਹੋਣ ਦੀ ਸਟੇਜ ਹੋਵੇ ਉਸ ਵੇਲੇ 5--7 ਮਿੰਟ ਬੋਲਣ ਲਈ ਦੇ ਦੇਣਾ ।

**ਉਦਯੋਗ ਮੰਤਰੀ** : ਤੁਸੀਂ ਬੋਲਣਾ ਚਾਹੁੰਦੇ ਹੋ ? ਠੀਕ ਹੈ ਥਰਡ ਰੀਡਿੰਗ ਵੇਲੇ ਬੋਲ ਲੈਣਾ ਪਰ ਇਹ ਤਰੀਕਾ ਠੀਕ ਨਹੀਂ ਹੈ ।

**ਵਿੱਤ ਮੰਤਰੀ** : ਡਿਪਟੀ ਸਪੀਕਰ ਸਾਹਿਬ, ਮੈਂ ਲਾਅ ਐਂਡ ਆਰਡਰ ਦੀ ਸਿਚੂਏਸ਼ਨ ਦੀ ਗੱਲ ਕਰ ਰਿਹਾ ਸੀ ਕਿਉਂਕਿ ਲਾਅ ਐਂਡ ਆਰਡਰ ਦੀ ਸਿਚੂਏਸ਼ਨ ਦੀ ਗੱਲ ਕਰਨ ਵੇਲੇ ਕੰਮਪੈਰੇਟਿਵ ਸਟੱਡੀ ਕਰਨੀ ਜ਼ਰੂਰੀ ਹੈ ਕਿ ਪੰਜਾਬ ਵਿਚ ਕੀ ਹਾਲਤ ਹੈ ਅਤੇ ਸਾਰੇ ਦੇਸ਼ ਦੇ ਬਾਕੀ ਸੂਬਿਆਂ ਵਿਚ ਕੀ ਹਾਲਤ ਹੈ, ਸਾਰੇ ਦੇਸ਼ ਵਿਚ ਕੀ ਹਾਲਤ ਹੈ । ਜਿੰਨਾ ਚਿਰ ਕੰਮਪੈਰੇਟਿਵ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਸਟੱਡੀ ਨਾ ਕੀਤੀ ਜਾਵੇ ਉਤਨਾ ਚਿਰ ਸਹੀ ਗੱਲ ਸਾਹਮਣੇ ਨਹੀਂ ਆ ਸਕਦੀ । "ਨੈਸ਼ਨਲ ਹੈਰਲਡ" ਅਖਬਾਰ ਦਾ ਮੈਂ ਜ਼ਿਕਰ ਕਰ ਰਿਹਾ ਸੀ ਜਿਸ ਵਿਚ ਉਸ ਨੇ ਲਿਖਿਆ ਹੈ:—

Clashes in Hyderabad, shoot at sight orders in old city area. Army was alerted to stand by and Police was ordered to shoot at sight any person carrying arms in the curfew bound Sabzi Mandi area of the old city.

ਇਹ ਹਾਲਤ ਹੈ ਆਂਧਰਾ ਪ੍ਰਦੇਸ਼ ਦੀ । Shoot at site / ਜੋ ਦਿਖੇ ਉਸ ਨੂੰ ਗੋਲੀ ਮਾਰ ਦਿਓ । (ਵਿਘਨ) ਸਰ, ਇਸ ਤਰ੍ਹਾਂ ਹਿੰਦੁਸਤਾਨ ਟਾਈਮਜ਼ ਵਿਚ ਹੈ । ਮੈਂ ਇਸ ਕਰਕੇ ਡਾਕੂਮੈਂਟਰੀ ਪਰੂਫ ਲੈ ਕੇ ਆਇਆ ਹਾਂ ਤਾਂਕਿ ਹਾਊਸ ਦੇ ਆਨਰੇਬਲ ਮੈਂਬਰਜ਼ ਸਾਹਿਬਾਨ ਹਨ ਉਨ੍ਹਾਂ ਨੂੰ ਕੋਈ ਸ਼ਿਕਾਇਤ ਨਾ ਰਹੇ । (ਵਿਘਨ) ਮੈਂ ਮੋਗੇ ਦਾ ਵੀ ਜ਼ਿਕਰ ਕੀਤਾ ਹੈ, ਜਗਰਾਉਂ ਦਾ ਵੀ ਕੀਤਾ, ਫਲੌਰ ਦਾ ਵੀ ਕੀਤਾ ਹੈ ।(ਵਿਘਨ) ਹਾਂ ਸਰ ਇਸੇ ਤਰ੍ਹਾਂ ਹਿੰਦੁਸਤਾਨ ਟਾਈਮਜ਼ ਵਿਚ ਹੈ ਕਿ "ਮਾਬ ਵਾਇਲੈਂਟ ਇਨ ਹੈਦਰਾਬਾਦ"। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਹਾਲਤ ਹੈ ਉਸ ਸੂਬੇ ਦੀ ਜਿਥੇ ਤੁਹਾਡੀ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਪਾਰਟੀ ਦਾ ਰਾਜ ਹੈ ? ਤੁਸੀਂ ਵੀ ਜ਼ਿੰਮੇਵਾਰ ਹੋ ਕਿਉਂਕਿ ਤੁਸੀਂ ਉਸ ਦਾ ਇਕ ਹਿੱਸਾ ਹੋ, ਆਲ ਇੰਡੀਆ ਪਾਰਟੀ ਹੋ ਅਤੇ ਮੀਟਿੰਗਾਂ ਵਿਚ ਜਾਂਦੇ ਹੋ । ਜੇ ਪੰਜਾਬ ਵਿਚ ਕੋਈ ਗੱਲ ਹੁੰਦੀ ਹੈ ਜਾਂ ਹਰਿਆਣਾ ਵਿਚ ਹੁੰਦੀ ਹੈ ਅਸੀਂ ਆਪਣੀ ਪਾਰਟੀ ਵੱਲੋਂ ਜ਼ਿੰਮੇਵਾਰ ਹਾਂ । ਮੈਂ ਸਮਝਦਾ ਹਾਂ ਕਿ ਅਸੀਂ ਪੁਲੀਟੀਕਲ ਪਾਰਟੀਆਂ ਹਾਂ ਸਾਨੂੰ ਆਪਣੀ ਜ਼ਿੰਮੇਵਾਰੀ ਨੂੰ ਸਮਝਣਾ ਚਾਹੀਦਾ ਹੈ । ਇਸ ਤਰ੍ਹਾਂ ਤਾਮਲ ਨਾਡੂ ਵਿਚ ਹੋਇਆ "ਕਾਸਟ ਹਿੰਦੂਜ਼ ਕਲੈਸ਼ ਵਿਦ ਹਰੀਜ਼ਨਜ਼"। ਹਰੀਜਨਾਂ ਔਰ ਹਿੰਦੂਆਂ ਦੀ ਲੜਾਈ ਹੋਈ । ਦਿਸ ਇਜ਼ ਨੈਸ਼ਨਲ ਹੈਰਲਡ । ਇਹ ਕਾਂਗਰਸ ਪਾਰਟੀ ਦਾ ਅਖਬਾਰ ਹੈ । ਮੈਂ ਕਹਿੰਦਾ ਹਾਂ ਕਿ ਯੂ. ਪੀ. ਵਿਚ ਬੜੇ ਰਾਇਟਸ ਹੋਏ, ਵਾਇਲੈਂਸ ਹੋਏ, ਪਿਛਲੇ ਸਾਲਾਂ ਵਿਚ ਹੈਦਰਾਬਾਦ ਵਿਚ ਹਿੰਦੂ ਮੁਸਲਮਾਨਾਂ ਦੇ ਝਗੜੇ ਹੋਏ, ਮਹਾਰਾਸ਼ਟਰ ਵਿਚ ਵਾਇਲੈਂਸ ਹੋਏ, ਇਸ ਦੇ ਮੁਕਾਬਲੇ ਮੈਂ ਸਮਝਦਾ ਹਾਂ ਕਿ ਪੰਜਾਬ ਵਿਚ ਕੋਈ ਵਾਇਲੈਂਸ ਨਹੀਂ , ਕੋਈ ਗੋਲੀਆਂ ਨਹੀਂ ਚੱਲੀਆਂ, ਕੋਈ ਕਰਫਿਊ ਨਹੀਂ ਲੱਗੇ । ਇਸ ਕਰਕੇ ਮੈਂ ਕਿਹਾ ਸੀ ਕਿ ਇਹ ਇਕ ਗੋਲੀ ਚਲਾਉਣ ਦੀ ਮਿਸਾਲ ਦੇ ਦੇਣ ਪੰਜਾਬ ਵਿਚ ਮੈਂ ਇਸ ਕਰਕੇ ਕਿਹਾ ਸੀ ਕਿ ਕੰਮਪੇਰੇਟਿਵ ਸਟੱਡੀ ਜ਼ਰੂਰੀ ਹੈ । ਮੈਂ ਕਿਹਾ ਸੀ ਕਿ ਇਹ ਇਮੈਜੀ-ਨੇਸ਼ਨ ਵਿਚ ਗੱਲਾਂ ਕਰ ਰਹੇ ਹਨ ।

ਸਰਦਾਰ ਉਮਰਾਓ ਸਿੰਘ ਜੀ ਨੇ ਕਿਹਾ ਕਿ ਹਰੀਜਨਾਂ ਦੀ ਬੁਰੀ ਹਾਲਤ ਹੈ ਪਰ ਕੋਈ ਮਿਸਾਲ ਨਹੀਂ ਦੇ ਸਕੇ । 1121 ਸਰਪੰਚ ਹਰੀਜਨ ਕਿਸ ਤਰ੍ਹਾਂ ਬਣ ਗਏ । ਮੈਂ ਕਹਿੰਦਾ ਹਾਂ ਕਿ ਉਨ੍ਹਾਂ ਦੀ ਹਰ ਇਸ਼ੂ ਤੇ ਮੱਦਦ ਕੀਤੀ ਜਾ ਰਹੀ ਹੈ । ਸਰ, ਅਸੀਂ ਹਰੀਜਨ ਭਰਾਵਾਂ ਦੀ ਕੇਵਲ ਇਕਨਾਮਿਕ ਪਹਿਲੂ ਤੇ ਹੀ ਨਹੀਂ ਬਲਕਿ ਅਕਾਲੀ ਪਾਰਟੀ ਉਹ ਪਾਰਟੀ ਹੈ ਜਿਹੜੀ ਉਨ੍ਹਾਂ ਦੀ ਸਿਵਲ ਲਿਬਰਟੀ ਵਾਸਤੇ ਖੁਲ੍ਹ ਕੇ ਲੜੀ । ਹਰਿਆਣਾ ਵਿਚ ਬੰਸੀ ਲਾਲ ਦਾ ਰਾਜ ਸੀ ਜਿਹੜਾ ਕਿ ਹਲਾਕੂ ਕਹਾਉਂਦਾ ਸੀ ਉਥੇ ਸਿਵਲ ਲਿਬਰਟੀ ਵਾਸਤੇ ਮੋਰਚਾ ਲੱਗਾ ਅਸੀਂ ਉਥੇ ਇਸ ਦੇ ਲਈ ਲੜੇ । ਅਕਾਲੀ ਦਲ ਚਾਹੁੰਦਾ ਹੈ ਕਿ ਹਿੰਦੁਸਤਾਨ ਦੇ ਕਿਸੇ ਸੂਬੇ ਵਿਚ ਭਾਵੇਂ ਬਾਹਰਲੇ ਮੁਲਕਾਂ ਵਿਚ ਜਿਥੇ ਵੀ ਇਸਦਾ ਕੰਟਰੋਲ ਹੈ ਜਥੇਬੰਦੀ ਹੈ ਸਿਵਲ ਲਿਬਰਟੀ ਲਈ ਜਦੋ-ਜਹਿਦ ਕਰੇ । ਇੰਗਲੈਂਡ ਵਿਚ ਤੁਸੀਂ ਵੇਖਿਆ ਹੈ ਕਿ, ਉਥੇ ਅਕਾਲੀ ਦਲ ਦੀ ਜਥੇਬੰਦੀ ਹੈ, ਜਦੋਂ ਅਸੀਂ ਜੇਲ੍ਹਾਂ ਵਿਚ ਸੀ ਜਦੋਂ ਗਰੀਬ ਵਰਗ ਦੇ ਹੱਕ ਕੁਚਲੇ ਜਾ ਰਹੇ ਸੀ, ਕੋਈ ਸਟਰਾਈਕ ਨਹੀਂ ਸੀ ਕਰ ਸਕਦਾ ਆਪਣੇ ਹੱਕ ਨਹੀਂ ਸੀ ਮੰਗ ਸਕਦਾ, ਉਦੋਂ ਉਹ ਹਿੰਦੁਸਤਾਨ ਅੰਬੈਸੀ ਅੱਗੇ ਧਰਨੇ ਦੇ ਰਹੇ ਸੀ। ਅਸੀਂ ਗਰੀਬਾਂ ਦੇ ਰਾਖੇ ਹਾਂ, ਭਾਵੇਂ ਹਰੀਜਨ ਹੋਣ, ਭਾਵੇਂ ਡਾਊਨ ਟਰਾਡਨ। ਤੁਸੀਂ ਪੇਪਰ ਪੜ੍ਹਿਆ ਹੈ

Original with;
Punjab Vidhan Sabha
Digitized by;
Panjab Digital Library

ਅਸੀਂ ਕਿਸ ਕਿਸਮ ਦੀਆਂ ਸਹੂਲਤਾਂ ਹਰੀਜਨਾਂ ਨੂੰ ਦਿਤੀਆਂ ਹਨ । ਇਥੇ ਬਲਰਾਮ ਜੀ ਨੇ ਕਿਹਾ ਹੈ ਕਿ ਕੁੰਜੀਆਂ ਉਨ੍ਹਾਂ ਨੂੰ ਫੜਾ ਦਿਤੀਆਂ (ਵਿਘਨ) ਸਾਡੀ ਕੁਲੈਕਟਿਵ ਰਿਸਪੌਂਸੀਬਿਲਟੀ ਹੈ । ਤੁਸੀਂ ਖਜ਼ਾਨਾ ਖਾਲੀ ਛੱਡ ਗਏ ਇਸ ਦੇ ਬਾਵਜੂਦ ਅਸੀਂ ਪੰਜਾਬ ਵਿਚ ਰੂਰਲ ਇੰਟੈਗਰੇਟਿਡ ਡਿਵੈਲਪਮੈਂਟ ਸਕੀਮ ਲਈ 302 ਕਰੋੜ ਰੁਪਏ ਦਾ ਪਲਾਨ ਬਣਾਇਆ ਹੈ । ਅਸੀਂ ਸੜਕਾਂ ਬਣਾਉਣੀਆਂ ਹਨ ਸਕੂਲ ਖੋਹਲਣੇ ਹਨ, ਹਸਪਤਾਲ ਦੇਣੇ ਹਨ ਅਤੇ ਹਰੀਜਨਾਂ ਦੀਆਂ ਧਰਮਸ਼ਾਲਾਵਾਂ ਵਾਸਤੇ ਇਨ੍ਹਾਂ ਨੇ 7 ਹਜ਼ਾਰ ਰੁਪਏ ਰੱਖੇ ਅਸੀਂ 10 ਹਜ਼ਾਰ ਰੁਪਏ ਕਰ ਦਿਤੇ । ਸਕਾਲਰਸ਼ਿਪ ਵਧਾਏ ਅਤੇ ਹੋਰ ਬੜੀਆਂ ਸਹੂਲਤਾਂ ਦਿਤੀਆਂ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਦੇ ਬਾਵਜੂਦ ਖਜ਼ਾਨਾ ਖਾਲੀ ਸੀ, ਇਸ ਗੱਲ ਦੇ ਬਾਵਜੂਦ ਕਿ ਪੰਜਾਬ ਵਿਚ ਬੈਂਕਰਪਸੀ ਸੀ । ਅਸੀਂ ਪੰਜਾਬ ਦੀ ਅਕਾਨਮੀ ਨੂੰ ਬੜ੍ਹਾਵਾ ਦਿਤਾ, ਲੋਕਾਂ ਨੂੰ ਰਸਤਾ ਦਿਖਾਇਆ । ਪੰਜਾਬ ਦੀ ਸਟੈਗਨੈਂਟ ਅਕਾਨਮੀ ਸੀ ਅਤੇ ਗਰੋਥ 2 ਪ੍ਰਤੀਸ਼ਤ ਸੀ ਜਿਹੜੀ ਕਿ ਅੱਜ 8--9 ਪ੍ਰਤੀਸ਼ਤ ਤੱਕ ਪਹੁੰਚ ਗਈ ਹੈ ।

ਸਰ, ਮੇਰੇ ਦੋਸਤ ਡਾਕਟਰ ਕੇਵਲ ਕ੍ਰਿਸ਼ਨ ਨੇ ਥੀਨ ਡੈਮ ਦਾ ਜ਼ਿਕਰ ਕੀਤਾ । 1960 ਵਿਚ ਇੰਡਸ ਵਾਟਰ ਟਰੀਟੀ ਹੋਈ ਅੱਜ 18 ਸਾਲ ਹੋ ਗਏ ਹਨ ਅਸੀਂ ਟਰੀਟੀ ਕੀਤੀ ਸੀ । ਹਿੰਦੁਸਤਾਨ ਨੇ ਪਾਕਿਸਤਾਨ ਨੂੰ 100 ਕਰੋੜ ਰੁਪਏ ਦਿਤਾ । 10 ਕਰੋੜ ਰੁਪਏ ਹਰ ਸਾਲ ਔਰ 10 ਸਾਲਾਂ ਬਾਦ ਸਾਰਾ ਪਾਣੀ ਮੋੜ ਲੈਣਾ ਸੀ । ਇਹ 70 ਵਿਚ ਕੰਪਲੀਟ ਹੋਣਾ ਚਾਹੀਦਾ ਸੀ ਪਰ ਅਜੇ ਤੱਕ ਕੰਪਲੀਟ ਨਹੀਂ ਹੋ ਸਕਿਆ । ਜੇ 1962-63 ਵਿਚ ਕੰਮ ਸ਼ੁਰੂ ਕੀਤਾ ਜਾਂਦਾ, 7-8 ਸਾਲ ਤਾਂ ਲਗਦੇ ਹੀ ਹਨ, ਤਾਂ ਹੀ ਕੰਪਲੀਟ ਹੋਣਾ ਸੀ । ਪਰ 17 ਸਾਲਾਂ ਤੱਕ ਥੀਨ ਡੈਮ ਦਾ ਝਗੜਾ ਪਿਆ ਰਿਹਾ । ਔਰ ਝਗੜੇ ਵਿਚ ਵੀ ਉਹ ਸੂਬੇ ਜਿਨ੍ਹਾਂ ਵਿਚ ਕਾਂਗਰਸ ਦੀਆਂ ਸਰਕਾਰਾਂ ਸਨ । ਇਸ ਵਿਚ ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ, ਪੰਜਾਬ, ਹਰਿਆਣਾ ਔਰ ਰਾਜਸਥਾਨ ਸਨ । ਇਨ੍ਹਾਂ ਦਾ ਝਗੜਾ ਸੀ ਵਾਟਰ ਸ਼ੇਅਰਿੰਗ ਦਾ । 17 ਸਾਲ ਇਕੋ ਪਾਰਟੀ ਦੀਆਂ ਸਰਕਾਰਾਂ ਹੁੰਦਿਆਂ ਹੋਇਆਂ ਇਕੋ ਸਟਰੌਂਗ ਲੀਡਰਸ਼ਿਪ ਦੇ ਥੱਲੇ ਜਿਸ ਦੀ ਮਰਜ਼ੀ ਬਿਨਾਂ ਕੋਈ ਪੱਤਾ ਤੱਕ ਨਹੀਂ ਹਿਲ ਸਕਦਾ ਸੀ ਇਕ ਡਿਕਟੇਟਰਸ਼ਿਪ ਸੀ ਸੈਂਟਰ ਵਿਚ (ਵਿਘਨ) ਮੈਂ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਵਾਟਰ ਟਰੀਟੀ ਨੂੰ ਅੱਜ 17 ਸਾਲ ਹੋ ਗਏ ਹਨ ਅੱਜ ਵੀ ਪਾਕਿਸਤਾਨ ਨੂੰ ਪਾਣੀ ਜਾ ਰਿਹਾ ਹੈ । ਅੱਜ ਪੰਜਾਬ ਨੂੰ ਪਾਣੀ ਨਹੀਂ ਆ ਰਿਹਾ। ਅੱਜ ਹਿਮਾਚਲ ਪ੍ਰਦੇਸ਼ ਨੇ, ਰਾਜਸਥਾਨ ਨੇ ਅਤੇ ਬਾਕੀਆਂ ਨੇ ਗੱਲ ਬਾਤ ਮੰਨ ਲਈ ਹੈ । (ਵਿਘਨ) ਮੈਂ ਕਹਿੰਦਾ ਹਾਂ ਕਿ ਕਾਂਗਰਸ ਦਾ ਜਿਹੜਾ ਐਟੀਚੂਡ ਸੀ ਉਹ ਕ੍ਰਿਮੀਨਲ ਐਟੀਚੂਡ ਸੀ । ਕਾਂਗਰਸ ਦਾ ਪੰਜਾਬ ਨਾਲ ਕੋਈ ਹਿੱਤ ਨਹੀਂ ਸੀ । ਪਾਕਿਸਤਾਨ ਜਿਹੜਾ ਬਾਹਰਲਾ ਮੁਲਕ ਹੈ ਉਸ ਨੂੰ ਤਾਂ ਫਾਇਦਾ ਦਿਤਾ, ਪਰ ਪੰਜਾਬ ਨੂੰ ਨਹੀਂ । (ਵਿਘਨ) ਅੱਜ ਸਾਨੂੰ ਮੁਬਾਰਕਬਾਦ ਦੇਣ ਅਸੀਂ ਥੀਨ ਡੈਮ ਦਾ ਮਸਲਾ 75 ਪ੍ਰਤੀਸ਼ਤ ਹੱਲ ਕਰ ਲਿਆ ਹੈ । ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ ਅਤੇ ਸਾਡੀ ਇਹ 3 ਸਟੇਟਾਂ 100 ਫੀ ਸਦੀ ਐਗਰੀ ਕਰ ਗਈਆਂ ਹਨ । ਚੌਥਾ ਸੂਬਾ ਰਾਜਸਥਾਨ ਹੈ, ਪਾਣੀ ਦਾ ਝਗੜਾ ਨਿਪਟ ਗਿਆ ਹੈ ਅਤੇ ਇਲੈਕਟ੍ਰੀਸਿਟੀ ਦਾ ਝਗੜਾ ਬਾਕੀ ਹੈ ਜਿਹੜਾ ਅਸੀਂ ਪ੍ਰਾਇਮ ਮਨਿਸਟਰ ਤੇ ਛੱਡਿਆ ਹੋਇਆ ਹੈ ਉਹ ਵੀ ਹੱਲ ਹੋ ਜਾਏਗਾ । ਅਸੀਂ ਥੀਨ ਡੈਮ ਬਣਾਉਣਾ ਸ਼ੁਰੂ ਕਰ ਦਿਤਾ ਹੈ ਔਰ ਇਸ ਬਜਟ ਵਿਚ 10 ਕਰੋੜ ਰੁਪਏ ਰੱਖੇ ਅਤੇ ਅਗਲੇ ਸਾਲ ਹੋਰ ਰੱਖਾਂਗੇ ਜੋ ਮੈਂ ਪਲੈਨ ਦਾ ਪੇਪਰ ਰੱਖਿਆ ਸੀ ਉਸ ਵਿਚ ਵੇਖਿਆ ਹੋਣਾ ਹੈ ਕਿ ਉਸ ਵਿਚ ਕਿੰਨਾਂ ਪੈਸਾ ਰੱਖਿਆ ਹੈ ਅਤੇ ਇਹ ਕੰਮ 5--6 ਸਾਲਾਂ ਵਿਚ ਪੂਰਾ ਹੋ ਜਾਏਗਾ ॥ ਕੰਸਟਰਕਸ਼ਨ ਪੰਜਾਬ ਨੇ ਕਰਨੀ ਹੈ ਇਹ ਵੀ ਸੈਂਟਰ ਤੋਂ ਫੈਸਲਾ ਕਰਵਾ ਲਿਆ ਹੈ । ਬਜਾਏ ਵਧਾਈ ਦੇਣ ਦੇ ਜੋ ਥੀਨ ਡੈਮ ਦੀ ਪੋਜੀਸ਼ਨ ਹੈ ਸਾਡੇ ਸਾਹਮਣੇ ਹੈ ਕ੍ਰਿਟੀਸਾਈਜ਼ ਕਰਨਾ ਠੀਕ ਨਹੀਂ ਸੀ । (ਵਿਘਨ) ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਲੋਕਾਂ ਦਾ ਹਿੱਤ ਅਤੇ ਪੰਜਾਬ ਦੇ ਲੋਕਾਂ ਲਈ ਸਹੂਲਤਾਂ ਸਾਡੀ ਗੌਰਮਿੰਟ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਨੇ ਰੱਖੀਆਂ ਔਰ ਜਿੰਨੀ ਅਚੀਵਮੈਂਟ ਅਸੀਂ ਪਿਛਲੇ 14 ਮਹੀਨਿਆਂ ਵਿਚ ਕੀਤੀ ਹੈ ਉਹ ਇਹ ਆਪਣੇ 30 ਸਾਲ ਵਿਚ ਨਹੀਂ ਕਰ ਸਕੇ ।

ਡਿਪਟੀ ਸਪੀਕਰ ਸਾਹਿਬ, ਅਸੀਂ ਡੀਸੈਂਟਰੇਲਾਈਜੇਸ਼ਨ ਆਫ ਪਾਵਰਜ਼ ਦੇ ਹਾਮੀ ਹਾਂ । ਮੈਂ ਆਪਣੀ ਬਜਟ ਸਪੀਚ ਵਿਚ ਕਿਹਾ ਸੀ ਕਿ ਅਸੀਂ 3 ਤਰ੍ਹਾਂ ਦੀ ਪਾਵਰ ਦੀ ਡੀਸੈਂਟਰੇਲਾਈਜੇਸ਼ਨ ਕਰਨੀ ਚਾਹੁੰਦੇ ਹਾਂ । ਐਡਮਨਿਸਟਰੇਟਿਵ ਪਾਵਰ, ਫਾਈਨਾਂਸ਼ਲ ਪਾਵਰ ਅਤੇ ਤੀਜੀ ਸਟੋਰ ਐਂਡ ਪਰਚੇਜ਼ ਪਾਵਰ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਅਸੀਂ ਇਸ ਸਿਲਸਿਲੇ ਵਿਚ ਕੈਬਨਿਟ ਦੀ ਸਬ-ਕਮੇਟੀ ਬਣਾਈ ਸੀ ਔਰ ਅਸੀਂ ਪਾਵਰਜ਼ ਡੀਸੈਂਟਰੇਲਾਈਜ਼ ਕਰ ਦਿਤੀਆਂ । ਜਿਹੜੀਆਂ ਪਾਵਰਜ਼ ਡਾਇਰੈਕਟੋਰੇਟ ਵਿਚ ਸਨ ਉਹ ਡਿਸਟ੍ਰਿਕਟ ਲੈਵਲ ਤੇ ਦੇ ਦਿਤੀਆਂ, ਜਿਹੜੀਆਂ ਸੈਕਰੀਟੇਰੀਏਟ ਦੀਆਂ ਸਨ ਉਹ ਡਾਇਰੈਕਟੋਰੇਟ ਨੂੰ ਦੇ ਦਿਤੀਆਂ ਔਰ ਜਿਹੜੀ ਮਨਿਸਟਰ ਲੈਵਲ ਤੇ ਸਨ ਬਹੁਤ ਸਾਰੀਆਂ ਸੈਕਰੀਟੇਰੀਏਟ ਨੂੰ ਦੇ ਦਿਤੀਆਂ । ਅਸੀਂ ਬੜੀ ਭਾਰੀ ਡੀਸੈਂਟਰੇਲਾਈਜੇਸ਼ਨ ਕੀਤੀ । 75 ਪ੍ਰਤੀਸ਼ਤ ਸਮਾਂ ਸਾਡਾ ਐਡਮਨਿਸਟਰੇਟਿਵ ਅਫੇਅਰਜ਼ ਤੇ ਲੱਗ ਜਾਂਦਾ ਸੀ । ਜਿਹੜੇ ਡਿਸਟ੍ਰਿਕਟ ਲੈਵਲ ਤੇ ਅਫਸਰ ਹੁੰਦੇ ਸੀ ਉਨ੍ਹਾਂ ਨੂੰ ਕਿਸੇ ਨੂੰ ਸਸਪੈਂਡ ਕਰਨ ਦੀਆਂ ਪਾਵਰਜ਼ ਨਹੀਂ ਸਨ ਜਿਹੜਾ ਡਾਇਰੈਕਟਰ ਸੀ ਉਹ ਚਿੱਠੀ ਲਿਖਦਾ ਸੀ, ਉਹ ਅਸੀਂ ਸਾਰੀਆਂ ਪਾਵਰਜ਼ ਡਿਸਟ੍ਰਿਕਟ ਲੈਵਲ ਤੇ ਦੇ ਦਿਤੀਆਂ । ਜੋ ਸੈਕਟਰੀ ਦੀਆਂ ਪਾਵਰਜ਼ ਸਨ ਉਹ ਡਾਇਰੈਕਟਰ ਕੋਲ ਚਲੀਆਂ ਗਈਆਂ ਅਤੇ ਮਨਿਸਟਰਾਂ ਦੀਆਂ ਮਜਾਰਟੀ ਆਫ ਪਾਵਰਜ਼ ਸੈਕਟਰੀਜ਼ ਕੋਲ ਚਲੀਆਂ ਗਈਆਂ । ਅਸੀਂ ਪਰਚੇਜ਼ ਆਫ ਸਟੋਰਜ਼ ਦੀਆਂ ਪਾਵਰਜ਼ ਵੀ ਡੀਸੈਂਟਰੇਲਾਈਜ਼ ਕਰ ਰਹੇ ਹਾਂ ਤਾਂ ਕਿ ਕੰਮ ਵਿਚ ਤੇਜੀ ਆ ਸਕੇ ਔਰ ਅਸੀਂ ਜ਼ਿਆਦਾ ਕੰਮ ਕਰ ਸਕੀਏ ।

ਡਾਂਗ ਸਾਹਿਬ ਨੇ ਐਗਰੋ ਇੰਡਸਟਰੀਜ਼ ਦਾ ਜ਼ਿਕਰ ਕੀਤਾ ਸੀ । ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਸਹੀ ਹੈ ਕਿ ਐਗਰੋ ਇੰਡਸਟਰੀ ਵਿਚ ਕੁਝ ਟਰੈਕਟਰਜ਼ ਟੈਂਡਰਜ਼ ਸਿਸਟਮ ਜਿਹੜਾ ਕਿ ਪਿਛੇ ਚਲਦਾ ਆਉਂਦਾ ਸੀ ਨਾ ਦਿਤੇ ਗਏ । ਜਦੋਂ ਕੰਪਲੇਂਟਸ ਆਈਆਂ ਸਾਡੇ ਮਨਿਸਟਰ ਸਾਹਿਬ ਨੇ ਇਮੀਜੀਏਟਲੀ ਉਹ ਸਿਸਟਮ ਬੰਦ ਕਰ ਦਿਤਾ ਔਰ ਇਹ ਫੈਸਲਾ ਕੀਤਾ ਕਿ ਇੰਨ ਫਿਊਚਰ ਜਿਹੜੀ ਇਸ ਕਿਸਮ ਦੇ ਟਰੈਕਟਰ ਹਨ ਉਹ ਓਪਨ ਆਕਸ਼ਨ ਰਾਹੀਂ ਦਿਤੇ ਜਾਣਗੇ । ਡਾਂਗ ਸਾਹਿਬ ਨੇ ਸ੍ਰੀ ਭਾਟੀਆ ਦੀ ਗੱਲ ਕੀਤੀ, ਜਿਸਨੇ ਫਰਟੇਲਾਈਜ਼ਰ ਦੀ ਪ੍ਰਾਈਸ ਦੇ ਸਿਲਸਿਲੇ ਵਿਚ ਕੋਈ ਕੁਰੱਪਸ਼ਨ ਕੀਤੀ, ਉਸ ਦੀ ਇਨਕੁਆਇਰੀ ਕੀਤੀ ਔਰ ਉਸ ਬੇਸ ਤੇ ਉਸ ਤੇ ਐਕਸ਼ਨ ਹੋਇਆ । ਹੁਣ ਕਰਮਚਾਰੀਆਂ ਦੀਆਂ ਸਟਰਾਈਕਾਂ ਹੋਈਆਂ ਔਰ ਅਸੀਂ ਉਨ੍ਹਾਂ ਦੀਆਂ ਤਬਦੀਲੀਆਂ ਕਰ ਦਿਤੀਆਂ । ਹੁਣ ਇਹ ਕਹਿੰਦੇ ਹਨ ਕਿ ਇੰਪਲਾਈਜ਼ ਕਹਿੰਦੇ ਹਨ ਕਿ ਇਸ ਨੂੰ ਰੀ-ਇਨਸਟੇਟ ਕਰੋ । ਗੌਰਮਿੰਟ ਦਾ ਇਹ ਸਟੈਂਡ ਹੈ ਕਿ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਦੀ ਬਾਡੀ ਨੇ, ਐਮ. ਡੀ. ਨੇ ਅਤੇ ਚੇਅਰਮੈਨ ਨੇ ਇਹ ਸਟੈਂਡ ਲਿਆ ਹੈ ਕਿ ਕਿਉਂਕਿ ਇਸ ਆਦਮੀ ਨੂੰ ਕੁਰੱਪਸ਼ਨ ਦੇ ਚਾਰਜ ਤੇ ਕੱਢਿਆ ਗਿਆ ਹੈ, ਇਸ ਲਈ ਇਸ ਨੂੰ ਰੀ-ਇਨਸਟੇਟ ਨਹੀਂ ਕੀਤਾ ਜਾ ਸਕਦਾ । ਪਰ ਜਿਥੋਂ ਤੱਕ ਇੰਪਲਾਈਜ਼ ਦੇ ਤਰੱਕੀ ਦੇ ਮਸਲੇ ਹਨ ਗੌਰਮਿੰਟ ਉਸ ਨੂੰ ਕੰਸਿਡਰ ਕਰਨ ਵਾਸਤੇ ਤਿਆਰ ਹੈ ਪ੍ਰੋਵਾਈਡਿਡ ਉਹ ਆਪਣੀ ਸਟਰਾਈਕ ਬੰਦ ਕਰ ਦੇਣ । ਨੈਗੋਸ਼ੀਏਸ਼ਨਜ਼ ਚੱਲ ਰਹੀਆਂ ਹਨ । ਮੈਨੂੰ ਆਸ ਹੈ ਕਿ ਬੜਾ ਅੱਛਾ ਹੱਲ ਇਸ ਦਾ ਨਿਕਲ ਆਵੇਗਾ । ਮੈਂ ਬਹੁਤਾ ਕੁਝ ਨਹੀਂ ਕਹਿਣਾ ਚਾਹੁੰਦਾ । ਮੈਂ ਤਾਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਮੌਜੂਦਾ ਸਰਕਾਰ ਦੀ ਕਾਰਕਰਦਗੀ ਲੋਕਾਂ ਦੇ ਸਾਹਮਣੇ ਹੈ ਅਤੇ ਉਸਦਾ ਇਮਤਿਹਾਨ ਹੋ ਚੁੱਕਾ ਹੈ । ਡਿਪਟੀ ਸਪੀਕਰ ਸਾਹਿਬ, ਫਰੀਦਕੋਟ ਦੀ ਪਾਰਲੀਮੈਂਟਰੀ ਸੀਟ

Original with;
Punjab Vidhan Sabha
Digitized by;
Panjab Digital Library

ਤੋਂ ਬਾਦਲ ਸਾਹਿਬ ਨੇ ਅਸਤੀਫਾ ਦਿਤਾ । ਉਸ ਸੀਟ ਤੇ ਅਲੈਕਸ਼ਨ ਹੋਈ । ਅਸੀਂ ਇਕ ਸਟੂਡੈਂਟ ਲੀਡਰ ਸ਼੍ਰੀ ਰਾਮੂਵਾਲੀਏ ਨੂੰ ਜਿਸਦੀ ਕਿ ਬਾਦਲ ਸਾਹਿਬ ਦੇ ਮੁਕਾਬਲੇ ਵਿਚ ਚੌਥਾ ਹਿੱਸਾ ਵੀ ਪਰਸਨੈਲਟੀ ਨਹੀਂ, ਖੜਾ ਕੀਤਾ । ਬਾਦਲ ਸਾਹਿਬ ਨੇ ਤਾਂ 58 ਪ੍ਰਤੀਸ਼ਤ ਵੋਟਾਂ ਪ੍ਰਾਪਤ ਕੀਤੀਆਂ ਸਨ । ਅਸੀਂ ਤਾਂ ਲੋਕਾਂ ਨੂੰ ਇਹ ਕਿਹਾ ਸੀ ਕਿ ਸਾਡੀ ਸਰਕਾਰ ਨੇ ਜੋ ਕੰਮ ਕੀਤੇ ਹਨ ਉਨ੍ਹਾਂ ਦੇ ਬੇਸਿਜ਼ ਤੇ ਹੀ ਵੋਟਾਂ ਸਾਨੂੰ ਪਾਉਣਾ । ਰਾਮੂਵਾਲੀਏ ਨੇ 65 ਪ੍ਰਤੀਸ਼ਤ ਵੋਟਾਂ ਪ੍ਰਾਪਤ ਕਰਕੇ ਜਿੱਤ ਹਾਸਲ ਕੀਤੀ । ਉਦੋਂ ਦੋਨਾਂ ਕਾਂਗਰਸ ਪਾਰਟੀਆਂ ਵੀ ਇਕੱਠੀਆਂ ਸਨ । ਹੋਰ ਕਈ ਪਾਰਟੀਆਂ ਨੇ ਵੀ ਉਸ ਦੀ ਮੱਦਦ ਕੀਤੀ । ਅਲੈਕਸ਼ਨ ਦਾ ਇਮਤਿਹਾਨ ਹੋਇਆ । ਅਸੀਂ ਉਸ ਵਿਚ ਹੋਰ ਤਕੜੇ ਹੋ ਕੇ ਨਿਕਲੇ ਹਾਂ । ਪੰਜਾਬ ਵਿਚ ਪੰਚਾਇਤਾਂ ਦੀਆਂ ਅਲੈਕਸ਼ਨਾਂ ਹੋਈਆਂ । ਅਸੀਂ ਇਨ੍ਹਾਂ ਅਲੈਕਸ਼ਨਾਂ ਵਿਚ 80 ਪ੍ਰਤੀਸ਼ਤ ਵੋਟਾਂ ਪ੍ਰਾਪਤ ਕੀਤੀਆਂ । ਡਿਪਟੀ ਸਪੀਕਰ ਸਾਹਿਬ, ਜਦੋਂ ਜੇਲ੍ਹਾਂ ਵਿਚੋਂ ਬਾਹਰ ਨਿਕਲੇ ਸੀ ਤਾਂ ਸਾਨੂੰ ਲੋਕਾਂ ਨੇ ਚਾਂਦੀ ਦੇ ਸਿੱਕਿਆਂ ਨਾਲ ਤੋਲਿਆ । ਅੱਜ ਸਾਡੇ ਐਮ. ਐਲ. ਏਜ਼ ਨੂੰ ਲੋਕੀਂ ਕਾਰਾਂ ਦਿੰਦੇ ਹਨ ।

(**ਸਰਦਾਰ ਗੁਰਦਰਸ਼ਨ ਸਿੰਘ (ਬੈਠੇ ਬੈਠੇ)** : ਉਸਦਾ ਹਿਸਾਬ ਦਿਓ, ਕਿਸੇ ਪਾਰਟੀ ਨੂੰ ਦਿਤਾ ਜਾਂ ਨਹੀਂ ?)

ਸਾਨੂੰ ਅਗਲੀਆਂ ਇਲੈਕਸ਼ਨਾਂ ਵਿੱਚ ਲੋਕਾਂ ਨੇ ਸੋਨੇ ਦੇ ਸਿੱਕਿਆਂ ਨਾਲ ਤੋਲਣਾ ਹੈ ਅਤੇ ਇਨ੍ਹਾਂ ਨੂੰ ਰੂੜੀ ਨਾਲ ਵੀ ਕਿਸੇ ਨੇ ਨਹੀਂ ਤੋਲਣਾ ।

**ਡਾਕਟਰ ਕੇਵਲ ਕ੍ਰਿਸ਼ਨ** : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਰੂੜੀ ਨਾਲ ਤੋਲਣ ਦਾ ਸ਼ਬਦ ਕਿਹਾ ਹੈ, ਇਹ ਅਨਪਾਰਲੀਮੈਂਟਰੀ ਹੈ ।

**ਸ਼੍ਰੀ ਡਿਪਟੀ ਸਪੀਕਰ** : ਇਹ ਕੋਈ ਅਨਪਾਰਲੀਮੈਂਟਰੀ ਲਫਜ਼ ਨਹੀਂ ਹੈ । ਸਾਨੂੰ ਰਿਅਲਿਸਟਿਕ ਹੋਣਾ ਚਾਹੀਦਾ ਹੈ ।

**ਡਾਕਟਰ ਕੇਵਲ ਕ੍ਰਿਸ਼ਨ** : ਡਿਪਟੀ ਸਪੀਕਰ ਸਾਹਿਬ, ਅਸੀਂ ਵੀ ਵੋਟਾਂ ਲੈ ਕੇ ਇਥੇ ਆਏ ਹਾਂ । ਅਸੀਂ ਵੀ ਜਿੱਤ ਕੇ ਆਏ ਹਾਂ । ਸਾਡੀ ਇਸ ਤਰ੍ਹਾਂ ਇਨਸੱਲਟ ਕੀਤੀ ਜਾ ਰਹੀ ਹੈ । ਇਹ ਡੈਰੋਗੇਟਰੀ ਰਿਮਾਰਕਸ ਹਨ । ਇਹ ਐਕਸਪੰਜ ਕੀਤੇ ਜਾਣ । ਅਸੀਂ ਕੋਈ ਵੋਟਾਂ ਤੋਂ ਬਗੈਰ ਇਥੇ ਨਹੀਂ ਆਏ ।

**ਸ਼੍ਰੀ ਡਿਪਟੀ ਸਪੀਕਰ** : ਇਹ ਕੋਈ ਇਨਸਲਟ ਨਹੀਂ ਹੈ ।

**ਡਾਕਟਰ ਕੇਵਲ ਕ੍ਰਿਸ਼ਨ** : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਇਸ ਤਰ੍ਹਾਂ ਦਾ ਲਫਜ਼ ਇਸਤੇਮਾਲ ਕਰਨ ਦਾ ਕੀ ਅਧਿਕਾਰ ਹੈ । ਡਿਪਟੀ ਸਪੀਕਰ ਸਾਹਿਬ, ਇਹ ਕੋਈ ਰਿਕਾਰਡ ਹੋਣ ਵਾਲਾ ਲਫਜ਼ ਨਹੀਂ ਹੈ ।

**ਸ਼੍ਰੀ ਡਿਪਟੀ ਸਪੀਕਰ** : ਡਾਕਟਰ ਸਾਹਿਬ, ਇਹ ਕੋਈ ਅਨਪਾਰਲੀਮੈਂਟਰੀ ਲਫਜ਼ ਨਹੀਂ ਹੈ । ਕੋਈ ਐਸਾ ਸ਼ਬਦ ਨਹੀਂ ਹੈ । ਹੁਣ ਇਹ ਗੱਲ ਖਤਮ ਹੋਣੀ ਚਾਹੀਦੀ ਹੈ ।

**ਡਾਕਟਰ ਕੇਵਲ ਕ੍ਰਿਸ਼ਨ** : ਇਹ ਲਫਜ਼ ਡੈਰੋਗੇਟਰੀ ਹੈ ।

**ਸ਼੍ਰੀ ਚਮਨ ਲਾਲ** : ** ** **

**Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਸ਼੍ਰੀ ਡਿਪਟੀ ਸਪੀਕਰ** : ਜੋ ਕੁਝ ਮੇਰੀ ਆਗਿਆ ਤੋਂ ਬਗੈਰ ਕਿਹਾ ਜਾ ਰਿਹਾ ਹੈ, ਰਿਕਾਰਡ ਨਾ ਕੀਤਾ ਜਾਵੇ ।

**ਚੌਧਰੀ ਬਲਰਾਮ ਜਾਖੜ** : ਡਿਪਟੀ ਸਪੀਕਰ ਸਾਹਿਬ, ਤੁਸੀਂ ਸਾਡੇ ਅਧਿਕਾਰਾਂ ਦੇ ਰਾਖੇ ਹੋ ।

**ਸ਼੍ਰੀ ਡਿਪਟੀ ਸਪੀਕਰ** : ਇਹ ਕੋਈ ਅਨਪਾਰਲੀਮੈਂਟਰੀ ਸ਼ਬਦ ਨਹੀਂ ਹੈ ।

**ਡਾਕਟਰ ਕੇਵਲ ਕ੍ਰਿਸ਼ਨ** : ** ** **

**ਸ਼੍ਰੀ ਡਿਪਟੀ ਸਪੀਕਰ** : ਇਹ ਜੋ ਕੁਝ ਮੇਰੀ ਪਰਮਿਸ਼ਨ ਤੋਂ ਬਗੈਰ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ ।

**ਚੌਧਰੀ ਬਲਰਾਮ ਜਾਖੜ** : ਡਿਪਟੀ ਸਪੀਕਰ ਸਾਹਿਬ, ਗੰਦ ਦੇ ਢੇਰ ਨੂੰ ਰੂੜੀ ਕਹਿੰਦੇ ਹਨ । ਇਹ ਸ਼ਬਦ ਐਕਸਪੰਜ ਹੋਣੇ ਚਾਹੀਦੇ ਹਨ ।

**ਸ਼੍ਰੀ ਡਿਪਟੀ ਸਪੀਕਰ** : ਮੈਂ ਮਾਨਯੋਗ ਮੈਂਬਰਾਂ ਨੂੰ ਕਹਾਂਗਾ ਕਿ ਉਹ ਆਪਣੀਆਂ ਸੀਟਾਂ ਤੇ ਬੈਠਣ । ਚੌਧਰੀ ਸਾਹਿਬ, ਕੋਈ ਗਲਤ ਸ਼ਬਦ ਨਹੀਂ ਵਰਤਿਆ ਗਿਆ । ਅਗਰ ਤੁਸੀਂ ਐਵੇਂ ਅਨ-ਨਾਸੈਸਰੀ ਇਰੀਟੇਟ ਹੋਈ ਜਾਓ ਤਾਂ ਇਸਦਾ ਕੋਈ ਇਲਾਜ ਨਹੀਂ ਹੈ ।

**ਸਰਦਾਰ ਗੁਰਦਰਸ਼ਨ ਸਿੰਘ** : ਡਿਪਟੀ ਸਪੀਕਰ ਸਾਹਿਬ, ਜਿਸ ਵੇਲੇ ਸਰਦਾਰ ਬਲਵੰਤ ਸਿੰਘ ਅਤੇ ਸਰਦਾਰ ਆਤਮਾ ਸਿੰਘ 1972 ਦੀਆਂ ਅਲੈਕਸ਼ਨਾਂ ਵਿਚ ਹਾਰੇ ਸਨ, ਕੀ ਇਹ ਰੂੜੀ ਨਾਲ ਤੁਲੇ ਸੀ । ਇਹ ਕੋਈ ਡੈਮੋਕਰੇਟਿਕ ਟਰੈਡੀਸ਼ਨਜ਼ ਹਨ । ਇਹ ਕਿਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ । 1972 ਦੀਆਂ ਇਲੈਕਸ਼ਨਾਂ ਵਿਚ ਕੀ ਹੋਇਆ ਸੀ । ਲੋਕਾਂ ਨੇ ਇਨ੍ਹਾਂ ਨੂੰ ਜੁਤੀਆਂ ਮਾਰੀਆਂ ਸਨ । ਲੋਕਾਂ ਨੇ ਇਨ੍ਹਾਂ ਨੂੰ ਹਰਾਇਆ ਸੀ ।

**ਸ਼੍ਰੀ ਡਿਪਟੀ ਸਪੀਕਰ** : ਸਰਦਾਰ ਗੁਰਦਰਸ਼ਨ ਸਿੰਘ ਜੀ, ਬੈਠੋ ।

**ਵਿੱਤ ਮੰਤਰੀ** : ਡਿਪਟੀ ਸਪੀਕਰ ਸਾਹਿਬ, ਰੂੜੀ ਤਾਂ ਚੰਗੀ ਚੀਜ਼ ਹੁੰਦੀ ਹੈ । ਜੇ ਇਹ ਇਸ ਸ਼ਬਦ ਨੂੰ ਚੰਗਾ ਨਹੀਂ ਸਮਝਦੇ ਤਾਂ ਮੈਂ ਵਾਪਸ ਲੈ ਲੈਂਦਾ ਹਾਂ ।

ਡਿਪਟੀ ਸਪੀਕਰ ਸਾਹਿਬ, ਪੰਜਾਬ ਇਕ ਨਵਾਂ ਮੋੜ ਲੈ ਰਿਹਾ ਹੈ । ਪੰਜਾਬ ਦੀ ਆਰਥਿਕਤਾ ਅੱਗੇ ਵੱਧ ਰਹੀ ਹੈ । ਮੈਨੂੰ ਵਿਸ਼ਵਾਸ ਹੈ ਕਿ ਪੰਜਾਬ ਭਾਰਤ ਦਾ ਹੀ ਨਹੀਂ ਬਲਕਿ ਏਸ਼ੀਆ ਵਿਚ ਸਭ ਤੋਂ ਚੰਗਾ ਸੂਬਾ ਬਣਨਾ ਚਾਹੀਦਾ ਹੈ । ਮੈਂ ਆਪੋਜ਼ੀਸ਼ਨ ਦੇ ਮੈਂਬਰਾਂ ਨੂੰ ਕਹਾਂਗਾ ਕਿ ਜਿਥੋਂ ਤੱਕ ਪੰਜਾਬ ਦੀ ਆਰਥਿਕਤਾ ਦਾ ਤੁਅੱਲਕ ਹੈ, ਪੰਜਾਬ ਨੂੰ ਹੋਰ ਤਕੜਾ ਕਰਨ ਦਾ ਤੁਅੱਲਕ ਹੈ, ਕਮ-ਅਜ਼-ਕਮ ਉਥੇ ਤੱਕ ਤਾਂ ਪੰਜਾਬ ਸਰਕਾਰ ਦੀ ਇਹ ਸਪੋਰਟ ਕਰਨ । ਥੈਂਕ ਯੂ ।

**ਕਾਮਰੇਡ ਸੱਤ ਪਾਲ ਡਾਂਗ** : ਡਿਪਟੀ ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਇਨਫਰਮੇਸ਼ਨ । ਮਨਿਸਟਰ ਸਾਹਿਬ ਨੇ ਖੁਦ ਮੰਨਿਆ ਹੈ ਕਿ ਲੈਂਡ ਸੀਲਿੰਗ ਐਕਟ ਜਿਹੜਾ 1972 ਦਾ ਹੈ, ਉਸਦੇ ਵਿੱਚ ਹਾਈ ਕੋਰਟ ਨੇ ਪੰਜਾਬ ਗੌਰਮਿੰਟ ਦੀਆਂ ਇਨਸਟਰੱਕਸ਼ਨਾਂ ਸੈਟ ਅਸਾਈਡ ਕਰ ਦਿਤੀਆਂ ਹਨ ਅਤੇ ਇਹ ਲੈਂਡਲਾਰਡਾਂ ਨੂੰ ਮੱਦਦ ਦੇਵੇਗਾ । ਇਨ੍ਹਾਂ ਨੇ ਇਹ ਗੱਲ ਵੀ ਨਾਲ ਕਹੀ ਹੈ ਕਿ ਐਕਟ ਵਿਚ ਪ੍ਰੋ-ਲੈਂਡ ਲਾਰਡਾਂ ਦੇ ਲੂਪ ਹੋਲਜ਼ ਹਨ । ਇਹ

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਗੱਲ ਇਨ੍ਹਾਂ ਦੀ ਠੀਕ ਹੈ । ਇਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਅਗਲੇ ਸੈਸ਼ਨ ਵਿਚ ਜਿਹੜਾ ਕਿ ਫਰਵਰੀ, ਮਾਰਚ ਵਿਚ ਹੋਵੇਗਾ, ਉਸਦੇ ਵਿਚ ਇਹ ਬਿਲ ਲਿਆਉਣਗੇ । ਮੈਂ ਇਨ੍ਹਾਂ ਨੂੰ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਮਨਿਸਟਰ ਸਾਹਿਬ ਇਹ ਨਹੀਂ ਸਮਝਦੇ ਕਿ ਜਿਹੜੇ ਬੇਨਾਮੀ ਟੈਨੇਂਟ ਹਨ, ਉਹ ਰੈਗੂਲਰਾਈਜ਼ ਹੋ ਗਏ ਹਨ, ਹਾਈ ਕੋਰਟ ਦੀ ਜੱਜਮੈਂਟ ਨਾਲ, ਉਤਨੀ ਦੇਰ ਤਾਂ ਉਨ੍ਹਾਂ ਨੇ ਉਹ ਸਾਰੀ ਜ਼ਮੀਨ ਡਿਸਪੋਜ਼ ਆਫ ਕਰ ਲੈਣੀ ਹੈ । ਫਿਰ ਕਾਨੂੰਨ ਲਿਆਉਣ ਦਾ ਕੀ ਫਾਇਦਾ ਰਹੇਗਾ । ਜਿਹੜੀ ਗੱਲ ਉਨ੍ਹਾਂ ਨੇ ਕਹੀ ਹੈ ਅਗਰ ਵਾਕਈ ਸਰਕਾਰ ਇਸਨੂੰ ਮੰਨਦੀ ਹੈ ਤਾਂ ਇਸ ਅਸੈਂਬਲੀ ਵਿਚ ਹੀ ਕਿਉਂ ਨਹੀਂ ਬਿਲ ਲਿਆ ਕੇ ਇਸ ਹਾਈ ਕੋਰਟ ਦੀ ਜੱਜਮੈਂਟ ਨੂੰ ਨਲੀਫਾਈ ਕਰਦੀ । ਜਾਂ ਇਹ ਵਾਅਦਾ ਕਰਨ ਕਿ ਇਸ ਸੈਸ਼ਨ ਦੇ ਉਠਣ ਤੋਂ ਬਾਅਦ ਇਹ ਆਰਡੀਨੈਂਸ ਕਰ ਦੇਣਗੇ । ਇਨ੍ਹਾਂ ਨੇ ਕਿਹਾ ਹੈ ਕਿ ਐਲ. ਆਰ. ਐਡਵੋਕੇਟ ਜਨਰਲ ਅਤੇ ਅਟਾਰਨੀ ਜਨਰਲ ਨੇ ਕਿਹਾ ਹੈ ਕਿ ਅਪੀਲ ਨਹੀਂ ਕਰਨੀ ਚਾਹੀਦੀ ਇਸਦਾ ਕੋਈ ਫਾਇਦਾ ਨਹੀਂ ਹੋਵੇਗਾ । ਜਿਹੜੀਆਂ ਇਨ੍ਹਾਂ ਐਲ. ਆਰ. ਐਡਵੋਕੇਟ ਜਨਰਲ ਅਤੇ ਅਟਾਰਨੀ ਜਨਰਲ ਦੀਆਂ ਰਾਵਾਂ ਹਨ, ਕੀ ਇਹ ਸਦਨ ਦੀ ਮੇਜ਼ ਤੇ ਰੱਖਣ ਨੂੰ ਮਨਿਸਟਰ ਸਾਹਿਬ ਤਿਆਰ ਹਨ ?

**ਡਾਕਟਰ ਕੇਵਲ ਕ੍ਰਿਸ਼ਨ** : ਡਿਪਟੀ ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਥੀਨ ਡੈਮ ਦਾ ਜ਼ਿਕਰ ਕੀਤਾ ਹੈ । ਅਸੀ ਖੁਸ਼ ਹਾਂ । ਇਹ ਬਣਨਾ ਚਾਹੀਦਾ ਹੈ । ਦੋ ਡੈਮ, ਭਾਖੜਾ, ਡੈਮ ਅਤੇ ਪੌਂਗ ਡੈਮ ਬਣ ਚੁੱਕੇ ਹਨ । ਥੀਨ ਡੈਮ ਦੇ ਬਾਰੇ ਵਿਚ ਇਨ੍ਹਾਂ ਨੇ ਇਥੇ ਫਿਰ ਦਹੁਰਾਇਆ ਹੈ ਕਿ ਬਾਕੀ ਸਟੇਟਾਂ ਨਾਲ ਐਗਰੀਮੈਂਟ ਹੋ ਚੁੱਕਾ ਹੈ । ਇਸ ਸਾਲ ਵਿਚ 10 ਕਰੋੜ ਰੁਪਿਆ ਖਰਚ ਕੀਤਾ ਜਾ ਰਿਹਾ ਹੈ । ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹਾਂਗਾ ਕਿ ਮੈਂ ਇਕ ਕੁਅੱਸਚਨ ਕੀਤਾ ਸੀ, ਚੀਫ ਮਨਿਸਟਰ ਸਾਹਿਬ ਨੇ ਉਸਦਾ ਜਵਾਬ ਵੀ ਦਿਤਾ ਹੈ । ਉਨ੍ਹਾਂ ਨੇ ਕਿਹਾ ਕਿ ਕਿਸੇ ਸਟੇਟ ਨਾਲ ਕੋਈ ਐਗਰੀਮੈਂਟ ਅਜੇ ਤੱਕ ਫਾਈਨਲ ਸਟੇਜ ਤੇ ਨਹੀਂ ਪਹੁੰਚਿਆ ਅਤੇ ਨਾ ਹੀ ਕੋਈ ਟੈਕਨੀਕਲ ਸੈਂਕਸ਼ਨ ਮਿਲੀ ਹੈ । ਬਲਕਿ ਉਨ੍ਹਾਂ ਨੇ ਇਹ ਦੱਸਿਆ ਹੈ ਕਿ ਇਸ ਸਾਲ ਵਿਚ 335 ਲੱਖ ਰੁਪਏ ਅਸੀਂ ਖਰਚ ਕਰਨੇ ਹਨ । ਕੀ ਮਨਿਸਟਰ ਸਾਹਿਬ ਇਹ ਕਲੈਰੀਫਾਈ ਕਰਨਗੇ ਕਿ ਜਿਹੜਾ ਜਵਾਬ ਚੀਫ ਮਨਿਸਟਰ ਸਾਹਿਬ ਨੇ ਹਾਉਸ ਦੀ ਟੇਬਲ ਤੇ ਲੇ ਕੀਤਾ ਹੈ, ਉਹ ਠੀਕ ਹੈ ਜਾਂ ਜੋ ਕੁਝ ਇਨ੍ਹਾਂ ਨੇ ਕਿਹਾ ਹੈ, ਉਹ ਠੀਕ ਹੈ ?

**चौधरी बलराम जाखड़** : डिप्टी स्पीकर साहिब, मैंने दो सवाल करने हैं।

**श्री डिप्टी स्पीकर** : आप एक ही सवाल में 'ए' और 'बी' करके पूछ लें।

**चौधरी बलराम जाखड़** : डिप्टी स्पीकर साहिब जो थीन डैम की कालौनी के लिए ज़मीन इक्वायर की जा रही है, उस ज़मीन के गरीब मालिकों को यह बहुत थोड़ी कीमत दे रहे हैं। उनको सरकार ठीक कम्पनसेशन दें। उनके घर उजड़ रहे हैं। मैं पिछले दिनों वहां गया था। उन लोगों ने रेप्रेज़ेंट किया था। डिप्टी स्पीकर साहिब, यहां पर मंत्री महोदय ने कहा है कि हम गरीबों और मुज़ारों के बड़े हमदर्द हैं। बड़ी खुशी की बात है। डांग साहिब ने यह सवाल पहले ही उठा दिया है। मैं उसकी ताईद करता हूं। लेकिन भंगर खेड़ा में 42 घर लगातार 60, 70 सालों से काश्त कर रहे हैं, उनको उजाड़ा जा रहा है।

Original with;
Punjab Vidhan Sabha
Digitized by;
Panjab Digital Library

[चौधरी बलराम जाखड़]

जिन का चीफ मिनिस्टर साहिब ने जिक्र किया, पिछले House में और उस से पिछले हाऊस में भी कहा है। लेकिन इन के कान पर जूं नहीं रेंगी। क्या आप तैयार हैं कि सारी पार्टियों की एक कमेटी बनाई जाए। वह उन की inquiry करें और बताएं। क्या आप ऐसा करने को तैयार हैं?

**ਸਰਦਾਰ ਬੇਅੰਤ ਸਿੰਘ** : ਡਿਪਟੀ ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਥੇ ਰੂਰਲ ਇੰਟੈਗਰੇਸ਼ਨ ਦੇ ਪ੍ਰੋਗਰਾਮ ਦੇ ਬਾਰੇ ਇਨ੍ਹਾਂ ਨੇ ਬੜਾ ਜ਼ਿਕਰ ਕੀਤਾ ਹੈ ਔਰ ਇਹ ਗੱਲ ਦੱਸੀ ਹੈ ਕਿ 302 ਕਰੋੜ ਰੁਪਿਆ ਖਰਚ ਕਰਨਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਕ ਸਾਲ ਸਰਕਾਰ ਦਾ ਲੰਘ ਗਿਆ ਹੈ ਔਰ ਦੂਸਰਾ ਚੱਲ ਰਿਹਾ ਹੈ, ਇਨ੍ਹਾਂ ਸਾਲਾਂ ਵਿਚ ਇਹ ਦੱਸਣਗੇ ਕਿ ਵਾਰੇ ਵਾਰੀ ਕਿਤਨਾ ਰੁਪਿਆ ਖਰਚ ਕੀਤਾ ਗਿਆ ਹੈ।

(ਇਸ ਸਮੇਂ ਕਈ ਮਾਨਯੋਗ ਮੈਂਬਰਜ਼ ਬੋਲਣ ਲਈ ਖੜੇ ਹੋਏ)

**ਸ੍ਰੀ ਡਿਪਟੀ ਸਪੀਕਰ** : ਬੱਸ ਜੀ, ਬਹੁਤ ਸਵਾਲ ਹੋ ਗਏ ਹਨ, ਐਫ. ਐਮ. ਸਾਹਿਬ ਤੁਸੀਂ ਜਵਾਬ ਦਿਓ।

**ਵਿੱਤ ਮੰਤਰੀ** : ਡਿਪਟੀ ਸਪੀਕਰ ਸਾਹਿਬ, ਆਨਰੇਬਲ ਮੈਂਬਰਾਂ ਨੇ ਚਾਰ ਕੁਐਸਚਨ ਕੀਤੇ ਹਨ। ਮੈਨੂੰ ਖੁਸ਼ੀ ਹੈ ਕਿ ਇਨ੍ਹਾਂ ਨੇ ਇਹ ਗੱਲ ਤਾਂ ਮੰਨੀ ਹੈ ਕਿ ਲਾਅ ਦੇ ਵਿਚ ਕਾਨਸ਼ੈਂਸੀ ਅਸਲੀ ਫੀਲਿੰਗਜ਼ ਰੱਖੇ ਗਏ ਸਨ, ਇਸ ਕਰਕੇ ਹਾਈਕੋਰਟ ਨੇ ਸਟਰਾਈਕ ਡਾਊਨ ਕਰ ਦਿੱਤਾ ਹੈ, ਐਲ, ਆਰ. ਨੇ ਵੀ ਰਿਪੋਰਟ ਦਿਤੀ ਸੀ ਕਿ ਲਾਅ ਚੇਂਜ਼ ਹੋਣੇ ਚਾਹੀਦੇ ਹਨ ਪਰ ਪਤਾ ਨਹੀਂ ਹੈ ਕਿ ਉਸ ਵੇਲੇ ਗੌਰਮਿੰਟ ਨੇ ਕਿਨਾਂ ਹਾਲਾਤ ਕਰਕੇ ਨਹੀਂ ਕੀਤਾ। ਅਸੀਂ ਬਾਕੀ ਕਾਂਸ਼ੀਅਸ ਹਾਂ ਔਰ ਪ੍ਰੈਜ਼ੇਂਟ ਗੌਰਮਿੰਟ ਇਸ ਗੱਲ ਲਈ ਵਚਨ-ਬੱਧ ਹੈ। ਟੇਨੈਂਟਸ ਦੇ ਹੱਕਾਂ ਦੇ ਵਾਸਤੇ। ਜੇਕਰ ਅਸੀਂ ਜ਼ਰੂਰਤ ਮਹਿਸੂਸ ਕਰਾਂਗੇ ਕੀ ਟੇਨੇਂਟਸ ਦੇ ਹੱਕਾਂ ਨੂੰ ਕੋਈ ਖਤਰਾ ਹੈ ਔਰ ਜੇਕਰ ਅਸੀਂ ਜ਼ਰੂਰਤ ਮਹਿਸੂਸ ਕਰਾਂਗੇ ਤਾਂ ਜ਼ਰੂਰ ਆਰਡੀਨੇਂਸ ਲੇ ਆਵਾਂਗੇ ਤਾਂਕਿ ਹੱਕਾਂ ਦੀ ਰਾਖੀ ਕੀਤੀ ਜਾ ਸਕੇ। ਜੇਕਰ ਜ਼ਰੂਰਤ ਸਮਝਾਂਗੇ ਤਾਂ ਅਸੀਂ ਇਸ ਤੇ ਵਿਚਾਰ ਕਰਾਂਗੇ।

ਲੀਡਰ ਆਫ ਦੀ ਆਪੋਜ਼ੀਸ਼ਨ ਨੇ ਕੰਪੈਨਸੇਸ਼ਨ ਦੀ ਗੱਲ ਰੇਜ਼ ਕੀਤੀ ਹੈ। ਹਰ ਆਦਮੀ ਨੂੰ ਫੁਲ ਕੰਪੈਨਸੇਸ਼ਨ ਦਿਤਾ ਜਾਵੇਗਾ।

**ਇਕ ਆਵਾਜ਼** : ਉਹ ਤਾਂ ਤੀਹ ਹਜ਼ਾਰ ਹੀ ਦਿਤਾ ਹੈ।

**ਵਿੱਤ ਮੰਤਰੀ** : ਜੋ ਕੰਪੈਨਸੇਸ਼ਨ ਦੇ ਰੂਲਜ਼ ਹਨ, ਉਸ ਦੇ ਮੁਤਾਬਕ ਹੀ ਦਿਤਾ ਜਾਂਦਾ ਹੈ। ਪਹਿਲਾਂ ਤਾਂ ਇਹ ਜੋ ਕੰਪੈਨਸੇਸ਼ਨਲ ਅਜ਼ ਹਨ ਉਸ ਦੇ ਵਿਚ ਜੋ ਡਿਕਲੇਅਰ ਕੀਤਾ ਸੀ ਉਸ ਤੋਂ 15 ਪ੍ਰਤੀਸ਼ਤ ਐਕਸਟਰਾਅ ਦਿਤਾ ਜਾਂਦਾ ਸੀ ਔਰ ਅਸੀਂ ਉਹ ਵੀ 30 ਪ੍ਰਤੀਸ਼ਤ ਕਰ ਦਿਤਾ ਹੈ। ਇਹ ਹੀ ਦੋ ਸਵਾਲ ਸਨ ਜੀ।

**ਆਵਾਜ਼ਾਂ** : ਥੀਨ ਡੈਮ ਦੇ ਬਾਰੇ ਵੀ ਦੱਸੋ।

**ਵਿੱਤ ਮੰਤਰੀ** : ਥੀਨ ਡੈਮ ਦੇ ਬਾਰੇ ਮੈਂ ਇਹ ਦੱਸਦਾ ਹਾਂ ਕਿ 75 ਪ੍ਰਤੀਸ਼ਤ ਕਲੀਅਰੇਂਸ ਹੋ ਚੁੱਕੀ ਹੈ।

Original with;
Punjab Vidhan Sabha
Digitized by;
Panjab Digital Library

ਸਰਦਾਰ ਬੇਅੰਤ ਸਿੰਘ : ਡਿਪਟੀ ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ ਜੀ ।

ਸ੍ਰੀ ਡਿਪਟੀ ਸਪੀਕਰ : ਤੁਸੀਂ ਬੈਠ ਜਾਓ ਜੀ, ਉਨ੍ਹਾਂ ਨੇ ਜਵਾਬ ਦੇ ਦਿਤਾ ਹੈ ।

**Mr. Deputy Speaker** : Question is—

That the Punjab Appropriation (No. 4) Bill be taken into consideration at once.

*The motion was carried.*

**Mr. Deputy Speaker** : Now the House will proceed to consider the Bill Clause by Clause.

**Clause 2**

**Mr. Deputy Speaker** : Question is—

That Clause 2 stand part of the Bill.

*The motion was carried.*

**Clause 3**

**Mr. Deputy Speaker** : Question is—

That clause 3 stand part of the Bill.

*The motion was carried.*

**The Schedule**

**Mr. Deputy Speaker** : Question is—

That the Schedule stand part of the Bill.

*The motion was carried.*

**Clause 1**

**Mr. Deputy Speaker** : Question is—

That Clause 1 stand part of the Bill.

*The motion was carried.*

**Title**

**Mr. Deputy Speaker**: Question is—

The Title be the Title of the Bill.

*The motion was carried.*

**Finance Minister** (Sardar Balwant Singh) : Sir, I beg to move—

That the Punjab Appropriation (No. 4) Bill be passed.

Original with;
Punjab Vidhan Sabha
Digitized by;
Panjab Digital Library

**Mr. Deputy Speaker :** Motion moved—

That the Punjab Appropriation (No. 4) Bill be passed.

**ਸਰਦਾਰ ਦਰਸ਼ਨ ਸਿੰਘ ਕੇ. ਪੀ.** : ਡਿਪਟੀ ਸਪੀਕਰ ਸਾਹਿਬ, ਇਸ ਹਾਊਸ ਦੇ ਵਿਚ ਕਾਫੀ ਬਹਿਸ ਹੋਈ ਹੈ । ਦੋ ਤਿੰਨ ਦਿਨਾਂ ਤੋਂ ਮੈਨੂੰ ਮੌਕਾ ਨਹੀਂ ਦਿਤਾ । ਅੱਜ ਜ਼ਬਰਦਸਤੀ ਮੌਕਾ ਲੈ ਲਿਆ ਗਿਆ ਹੈ । ......

**ਸ੍ਰੀ ਡਿਪਟੀ ਸਪੀਕਰ** : ਕੇ. ਪੀ. ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਭਾਂਡੇ ਵਿਚ ਦਰਿਆ ਬੰਦ ਕਰਨ ਵਾਲੀ ਗੱਲ ਕਰਨਾ ।

**ਸਰਦਾਰ ਦਰਸ਼ਨ ਸਿੰਘ ਕੇ. ਪੀ.** (ਜਲੰਧਰ ਦੱਖਣ, ਐਸ. ਸੀ.) : ਠੀਕ ਹੈ ਜੀ, ਮੈਂ ਲਾਅ ਐਂਡ ਆਰਡਰ ਤੇ ਹੀ ਬੋਲਣਾ ਹੈ । ਇਨ੍ਹਾਂ ਨੇ ਹਰੀਜਨਾਂ ਦੀ ਬੇਹਤਰੀ ਦੀਆਂ ਗੱਲਾਂ ਕੀਤੀਆਂ ਹਨ । ਡਿਪਟੀ ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਇਹ ਹੈ ਕਿ ਪਿੱਛੇ ਬਿਲ ਪਾਸ ਕੀਤੇ ਹਨ ਪੰਜਾਬ ਸਰਕਾਰ ਨੇ ਕਿ ਸ਼ਡਿਊਲਡ ਕਾਸਟਸ ਨੂੰ ਇਹ ਸਹੂਲਤਾਂ ਦੇਣੀਆਂ ਹਨ, ਅਨਇੰਪਲਾਇਮੈਂਟ ਅਲਾਊਂਸ ਦੇਣਾ ਹੈ ਔਰ ਬੀ. ਏ., ਮੈਟਰਿਕ ਲੜਕੇ ਸ਼ਡਿਊਲਡ ਕਾਸਟਸ ਜਿਹੜੇ ਪੜ੍ਹੇ ਹੋਏ ਹਨ ਉਨ੍ਹਾਂ ਨੂੰ ਬਾਹਰ ਜਾਣ ਲਈ ਵੀ ਬਿਨਾਂ ਸੂਦ ਕਰਜ਼ਾ ਦੇਣਾ ਹੈ । ਉਹ ਵੀ ਗੱਲਾਂ ਰਹਿ ਗਈਆਂ । ਫਿਰ ਇਹ ਵੀ ਕਿਹਾ ਗਿਆ ਕਿ ਪੰਜ ਕਰੋੜ ਰੁਪਿਆ ਸ਼ਡਿਊਲਡ ਕਾਸਟਸ ਲੈਂਡ ਮਾਰਟਗੇਜ ਕਾਰਪੋਰੇਸ਼ਨ ਦਾ ਦਸ ਕਰੋੜ ਕਰ ਦੇਣਾ ਹੈ, ਉਹ ਗੱਲ ਵੀ ਰਹਿ ਗਈ, ਉਹ ਵੀ ਨਹੀਂ ਕਰ ਸਕੇ । ਹੁਣ ਤੁਸੀਂ ਲਾਅ ਐਂਡ ਆਰਡਰ ਦੀ ਹਾਲਤ ਵੇਖ ਲਵੋ । ਬੂਟਾ ਪਿੰਡ ਦਾ ਮੁੰਡਾ ਕਲਿਆਨਪੁਰ ਪਿੰਡ ਵਿਚ ਆਪਣੇ ਸਹੁਰਿਆਂ ਦੇ ਗਿਆ, ਉਸ ਨੂੰ ਮਾਰਿਆ ਗਿਆ । ਫਿਰ ਹਰੀਜਨਾਂ ਦਾ ਅਲਦਨਪੁਰ ਦਾ ਮੁੰਡਾ ਮਾਰ ਕੇ ਖੂਹ ਵਿਚ ਸੁਟ ਦਿਤਾ ਗਿਆ । ਗੜ੍ਹੇ ਦਾ 9/10 ਸਾਲਾਂ ਦਾ ਮੁੰਡਾ ਖੇਤਾਂ ਵਿਚ ਮਾਰਿਆ ਗਿਆ । ਇਥੇ ਹੀ ਬੱਸ ਨਹੀਂ । ਇਸ ਤਰ੍ਹਾਂ ਹਰੀਜਨਾਂ ਨਾਲ ਅਤਿਆਚਾਰ ਹੋ ਰਿਹਾ ਹੈ । ਆਸਾ ਰਾਮ ਦੀ ਗੱਲ ਦਸਣੀ ਹੈ । ਬਸਤੀ ਸ਼ੇਖਾਂ ਵਿਚ ਕਿਸ ਤਰ੍ਹਾਂ ਹੋਇਆ ਹੈ । ਕਿਸ ਤਰ੍ਹਾਂ ਸਰਕਾਰ ਦੀ ਪਾਰਟੀ ਦੇ ਆਦਮੀਆਂ ਨੇ ਕਾਂਗਰਸ ਆਈ ਦੇ ਲੀਡਰ ਦਾ ਕਤਲ ਕੀਤਾ ਹੈ । ਉਹ ਕਾਂਗਰਸ ਆਈ ਦਾ ਲੀਡਰ ਸੀ। ਜੋ ਕੁਝ ਉਥੇ ਥਾਣੇ ਵਿਚ ਕੀਤਾ ਗਿਆ, ਉਥੇ ਜਨਤਾ ਪਾਰਟੀ ਦੇ ਆਦਮੀ ਸਨ, ਉਥੇ ਕਿਸ ਤਰ੍ਹਾਂ ਜ਼ਬਰਦਸਤੀ ਕਤਲ ਕੀਤਾ ਗਿਆ ।

**ਮਾਸਟਰ ਚੰਦ ਸਿੰਘ :** ** ** **

**ਸ੍ਰੀ ਡਿਪਟੀ ਸਪੀਕਰ** : ਇਹ ਪੁਆਇੰਟ ਆਫ ਆਰਡਰ ਨਹੀਂ ਹੈ ।

**ਮਾਸਟਰ ਚੰਦ ਸਿੰਘ :** ** ** **

---

**Expunged as ordered by the Chair

Original with;
Punjab Vidhan Sabha
Digitized by;
Panjab Digital Library

(**ਵਿਰੋਧੀ ਧਿਰ ਵਲੋਂ ਆਵਾਜ਼ਾਂ** : ਇਹ ਲਾਅ ਐਂਡ ਆਰਡਰ ਹੈ।)

**Mr. Deputy Speaker**: This is no point of order.

**ਸਰਦਾਰ ਦਰਸ਼ਨ ਸਿੰਘ ਕੇ. ਪੀ.**: ਡਿਪਟੀ ਸਪੀਕਰ ਸਾਹਿਬ, ਜੇ ਪੁਲਿਸ ਉਥੇ ਚਲੀ ਜਾਂਦੀ ਤਾਂ ਇਸ ਤਰ੍ਹਾਂ ਦਾ ਵਾਕਿਆ ਨਹੀਂ ਸੀ ਹੋ ਸਕਦਾ। ਡਿਪਟੀ ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ ਇਕ ਜਗਦੀਸ਼ ਨਰਾਇਣ ਜਨਤਾ ਪਾਰਟੀ ਦਾ ਆਦਮੀ ਉਥੇ ਬੈਠਾ ਹੈ ਉਸ ਨੇ ਇਸ ਕੰਮ ਵਿਚ ਰੁਕਾਵਟ ਪਾਈ ਸੀ। ਆਸਾ ਰਾਮ ਦੇ 13 ਕ੍ਰਿਪਾਨਾਂ ਉਸ ਦੀ ਗਰਦਨ ਤੇ ਮਾਰੀਆਂ ਗਈਆਂ ਅਤੇ ਉਥੇ ਇਹ ਕਿਹਾ ਗਿਆ ਕਿ ਜੋ ਕਰਨਾ ਹੈ ਕਰ ਲਓ। ਫਿਰ ਉਸ ਨੂੰ ਹਸਪਤਾਲ ਲੈ ਜਾਇਆ ਗਿਆ ਪਰ ਉਥੇ ਕੁਝ ਸਮੇਂ ਬਾਅਦ ਮਰ ਗਿਆ। ਡਿਪਟੀ ਸਪੀਕਰ ਸਾਹਿਬ, ਇਸ ਸਬੰਧ ਵਿਚ ਪੁਲਿਸ ਵਾਲਿਆਂ ਨੇ ਕੋਈ ਪਰਚਾ ਦਰਜ ਨਹੀਂ ਕੀਤਾ। ਉਹ ਕਹਿਣ ਲੱਗੇ ਕਿ ਡਾਕਟਰ ਦੀ ਰਪੋਟ ਆਉਣ ਦਿਓ ਫਿਰ ਪਰਚਾ ਦਰਜ ਕਰਾਂਗੇ। ਡਿਪਟੀ ਸਪੀਕਰ ਸਾਹਿਬ, ਉਸ ਦੀ ਮੌਤ ਹੋ ਜਾਣ ਨਾਲ ਸਾਰੇ ਜਲੰਧਰ ਦੀਆਂ 12 ਬਸਤੀਆਂ ਉਸੇ ਵੇਲੇ ਬੰਦ ਹੋ ਗਈਆਂ। ਸ਼ਾਮ ਤੱਕ ਇਸੇ ਤਰ੍ਹਾਂ ਦੇ ਹਾਲਾਤ ਰਹੇ ਪਰ ਥਾਣੇ ਵਾਲਿਆਂ ਨੇ ਪਰਚਾ ਦਰਜ ਵੀ ਨਾ ਕੀਤਾ। ਇਥੋਂ ਤੱਕ ਕਿ ਡਾਕਟਰਾਂ ਨੂੰ ਟੈਲੀਫੂਨ ਕਰਕੇ ਰਿਪੋਰਟ ਲੇਟ ਕਰਵਾਈ ਗਈ ਤਾ ਕਿ ਲੀਡਰ ਦਾ ਜਲੂਸ ਨਾ ਨਿਕਲ ਸਕੇ। ਸਾਰੇ ਜਲੰਧਰ ਦੇ ਲੋਕਾਂ ਨੇ ਕਿਹਾ ਕਿ ਆਸ਼ਾ ਰਾਮ ਸ਼ਹੀਦ ਹੋਇਆ ਹੈ (ਘੰਟੀ) ਬਾਅਦ ਵਿਚ ਉਸ ਦਾ ਜਲੂਸ ਕੱਢਿਆ ਗਿਆ। ਉਸ ਵੇਲੇ ਸ਼ਾਇਦ ਥੋੜਾ ਬਹੁਤ ਕਾਲੀਆ ਸਾਹਿਬ ਨੂੰ ਵੀ ਦੁਖ ਹੋਇਆ ਹੈ। ਪਰ ਮੈਂ ਦੱਸਦਾ ਹਾਂ ਕਿ ਸਾਰੇ ਜਲੂਸ ਦੇ ਵਿਚੋਂ ਕੋਈ ਵੀ ਉਨ੍ਹਾਂ ਦੇ ਮਕਾਨ ਤੇ ਨਹੀਂ ਗਿਆ, ਸ਼ਾਇਦ ਪਿਛੋਂ ਵਾਲੇ ਕੁਝ ਆਦਮੀ ਉਥੇ ਚਲੇ ਗਏ ਹੋਣ ਅਤੇ ਕਾਲੀਆ ਸਾਹਿਬ ਦੇ ਘਰ ਨੂੰ ਕੋਈ ਨੁਕਸਾਨ ਹੋਇਆ ਹੋਵੇ। ਡਿਪਟੀ ਸਪੀਕਰ ਸਾਹਿਬ, ਇਹ ਸਿਆਸੀ ਕਤਲ ਕੀਤਾ ਗਿਆ ਸੀ। ਪਰ ਫਿਰ ਵੀ ਅਸੀਂ ਕਾਲੀਆ ਸਾਹਿਬ ਦਾ ਬੜਾ ਖਿਆਲ ਕਰਦੇ ਹਾਂ।

ਡਿਪਟੀ ਸਪੀਕਰ ਸਾਹਿਬ, ਜਿਸ ਵੇਲੇ ਕਤਲ ਦਾ ਸਾਨੂੰ ਪਤਾ ਲੱਗਾ ਤਾਂ ਅਸੀਂ ਐਸ. ਪੀ. ਅਤੇ ਡੀ. ਐਸ. ਪੀ. ਕੋਲ ਗਏ। ਉਥੇ ਰਮੇਸ਼ ਚੰਦਰ ਜੀ ਬੈਠੇ ਸਨ। ਅਸੀਂ ਇਨ੍ਹਾਂ ਨੂੰ ਕਿਹਾ ਕਿ ਐਨਾ ਵੱਡਾ ਹਾਦਸਾ ਹੋਇਆ ਹੈ ਔਰ ਤੁਸੀਂ ਇਥੇ ਇਕੱਲੇ ਆਏ ਹੋ ਆਪਣੇ ਨਾਲ 10, 20 ਬੰਦੇ ਲੈ ਕੇ ਆਏ ਹੁੰਦੇ, ਚਲੋ ਆਓ ਸਾਡੇ ਨਾਲ ਚਲੋ। ਪਰ ਉਹ ਸਾਡੇ ਨਾਲ ਨਹੀਂ ਆਏ। ਪਤਾ ਨਹੀਂ, ਉਨ੍ਹਾਂ ਨੇ ਐਸ. ਐਸ. ਪੀ. ਨੂੰ ਕੀ ਕਿਹਾ ਜਿਸ ਨਾਲ ਹਾਲਾਤ ਨੂੰ ਖੁਰਦ ਬੁਰਦ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਸ ਤਰ੍ਹਾਂ ਦੇ ਹਾਲਾਤ ਪੈਦਾ ਕੀਤੇ ਜਾ ਰਹੇ ਹਨ। ਉਸ ਤੋਂ 2 ਦਿਨ ਪਹਿਲਾਂ ਤਰਸੇਮ ਲਾਲ, ਜਿਹੜਾ ਕਿ ਕਾਰਖਾਨੇ ਦੇ ਲੇਬਰਰਜ਼ ਦਾ ਲੀਡਰ ਸੀ, ਉਸ ਨੂੰ ਸ਼ਰੀਏ ਨਾਲ ਮਾਰਿਆ ਗਿਆ ਔਰ ਇਸ ਤਰ੍ਹਾਂ ਦੇ ਹਾਲਾਤ ਹੁਸ਼ਿਆਰਪੁਰ ਵਿਚ ਵੀ ਪੈਦਾ ਕੀਤੇ ਗਏ।.....

**ਸ੍ਰੀ ਰਮੇਸ਼ ਚੰਦਰ** : ** ** **

**ਸ੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ। ਕੇ. ਪੀ. ਸਾਹਿਬ, ਜਲਦੀ ਵਾਈਂਡ ਅੱਪ ਕਰੋ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਦਰਸ਼ਨ ਸਿੰਘ ਕੇ. ਪੀ.** : ਡਿਪਟੀ ਸਪੀਕਰ ਸਾਹਿਬ, ਜਲੂਸ ਵਾਲੇ ਦਿਨ ਜਿਸ ਦਿਨ ਸੰਸਕਾਰ ਸੀ ਉਥੇ 25 ਹਜ਼ਾਰ ਆਦਮੀ ਸ਼ਾਮਲ ਸਨ.. .. ..

**ਸਰਦਾਰ ਪ੍ਰਕਾਸ਼ ਸਿੰਘ ਮਜੀਠਾ** : ਡਿਪਟੀ ਸਪੀਕਰ ਸਾਹਿਬ, ਜਿਸ ਬਾਰੇ ਇਹ ਗੱਲ ਕਰ ਰਹੇ ਹਨ, ਇਸ ਬਾਰੇ ਸਰਕਾਰ ਦਾ ਜਵਾਬ ਆ ਗਿਆ ਹੈ । ਹੁਣ ਇਹ ਇਸ ਦਾ ਇਥੇ ਕਿਉਂ ਜ਼ਿਕਰ ਕਰ ਰਹੇ ਹਨ । ਇਨ੍ਹਾਂ ਨੂੰ ਰੈਲੇਵੇਂਟ ਹੋਣਾ ਚਾਹੀਦਾ ਹੈ ।

**ਸਰਦਾਰ ਦਰਸ਼ਨ ਸਿੰਘ ਕੇ. ਪੀ.** : ਡਿਪਟੀ ਸਪੀਕਰ ਸਾਹਿਬ, ਇਕ ਗੁਰੂ ਰਵਿਦਾਸ ਟਰੱਸਟ ਬਣਨਾ ਸੀ, ਜਿਸ ਦਾ ਨੀਂਹ ਪੱਥਰ ਰੱਖਣ ਬਾਬੂ ਜਗਜੀਵਨ ਰਾਮ ਆਏ ਸਨ । ਉਥੇ ਚੀਫ ਮਨਿਸਟਰ ਬਾਦਲ ਸਾਹਿਬ ਨੇ ਕਿਹਾ ਸੀ ਕਿ ਅਸੀਂ ਗੁਰੂ ਰਵਿਦਾਸ ਭਵਨ ਵਾਸਤੇ 8 ਲੱਖ ਰੁਪਏ ਦੇਵਾਂਗੇ । ਪਰ ਉਹ ਪੈਸਾ ਅਜੇ ਤੱਕ ਨਹੀਂ ਰੱਖਿਆ ਗਿਆ । ਇਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਪੈਸਾ ਜਲਦੀ ਦਿਤਾ ਜਾਵੇ । (ਘੰਟੀ)

ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੱਲ ਇਥੇ ਵੀ ਦੱਸਦਾ ਹਾਂ ਕਿ ਇਥੇ ਡਿਫੈਂਸ ਮਨਿਸਟਰ ਦੇ ਮੁੰਡੇ ਦੀਆਂ ਫੋਟੋ ਵਿਖਾਈਆਂ ਗਈਆਂ, ਮੈਂ ਪੁਛਦਾ ਹਾਂ ਕਿ ਮੋਰਾਰ ਜੀ ਦੇਸਾਈ ਦੇ ਮੁੰਡੇ ਦੀਆਂ ਫੋਟੋ ਕਿਉਂ ਨਹੀਂ ਵਿਖਾਈਆਂ ਗਈਆਂ ?

**ਸ੍ਰੀ ਡਿਪਟੀ ਸਪੀਕਰ** : ਤੁਸੀਂ ਜਲਦੀ ਵਾਈਂਡ ਅੱਪ ਕਰੋ ।

**ਸਰਦਾਰ ਦਰਸ਼ਨ ਸਿੰਘ ਕੇ. ਪੀ.** : ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੱਲ ਇਹ ਵੀ ਇਨ੍ਹਾਂ ਨੂੰ ਦੱਸਦਾ ਹਾਂ ਕਿ ਨਕੋਦਰ ਵਿਚ ਇਕ ਹਰੀਜਨ ਨੂੰ ਕੁਟਿਆ ਗਿਆ.. ..

**ਮਾਸਟਰ ਬਾਬੂ ਸਿੰਘ** : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਇਸ ਪਾਸੇ ਦਿਵਾਉਂਦਾ ਹਾਂ ਕਿ ਕੀ ਇਸ ਵੇਲੇ ਵਿੱਤ ਮੰਤਰੀ ਕੋਲ ਕੋਈ ਹੋਰ ਮੈਂਬਰਜ਼ ਆ ਕੇ ਖੱਪ ਪਾ ਸਕਦੇ ਹਨ ?

**ਸ੍ਰੀ ਡਿਪਟੀ ਸਪੀਕਰ** : ਮੈਂ ਸਾਰੇ ਮਾਨਯੋਗ ਮੈਂਬਰਜ਼ ਨੂੰ ਬੇਨਤੀ ਕਰਾਂਗਾ ਕਿ please keep quiet.

**ਸਰਦਾਰ ਦਰਸ਼ਨ ਸਿੰਘ ਕੇ. ਪੀ.** : ਡਿਪਟੀ ਸਪੀਕਰ ਸਾਹਿਬ, ਅੰਮ੍ਰਿਤਸਰ ਵਿਚ ਕੀ ਹਾਲ ਹੋਇਆ ਹੈ ? ਅਸੀਂ ਗੁਰੂਆਂ ਦਾ ਸਤਿਕਾਰ ਕਰਦੇ ਹਾਂ । ਉਥੇਂ ਜੋ ਕੁਝ ਵੀ ਹੋਇਆ ਹੈ ਉਸ ਦੀ ਸਾਰੀ ਜ਼ਿੰਮੇਵਾਰੀ ਆਈ. ਏ. ਐਸ. ਅਫਸਰ ਨਿਰੰਜਣ ਸਿੰਘ ਤੇ ਪਾ ਦਿੱਤੀ ਹੈ (ਘੰਟੀ) ਜੇ ਇਹ ਇਸ ਤਰ੍ਹਾਂ ਦੀਆਂ ਗੱਲਾਂ ਕਰਨਗੇ ਤਾਂ ਲੋਕਾਂ ਨੂੰ ਇਨਸਾਫ ਕੀ ਮਿਲੇਗਾ । ਅੱਜ ਇਹ ਨਿਰੰਕਾਰੀਆਂ ਦੇ ਮੰਦਰਾਂ ਤੇ ਪਾਬੰਦੀਆਂ ਲਾਉਂਦੇ ਹਨ । ਕੱਲ੍ਹ ਨੂੰ ਇਹ ਰਾਧਾ ਸਵਾਮੀਆਂ ਤੇ ਪਾਬੰਦੀ ਲਾਉਣਗੇ ** ** ** **

**Mr. Deputy Speaker** : Time is over. ਹੁਣ ਜੋ ਕੁਝ ਮੈਂਬਰ ਸਾਹਿਬ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ ।

**ਵਿੱਤ ਮੰਤਰੀ** : ਡਿਪਟੀ ਸਪੀਕਰ ਸਾਹਿਬ, ਮੈਂ ਕੁਝ ਕਹਿਣਾ ਚਾਹੁੰਦਾ ਹਾਂ ।

**ਸਰਦਾਰ ਗੁਰਦਰਸ਼ਨ ਸਿੰਘ** : ਇਹ ਹੁਣ ਕੁਝ ਨਹੀਂ ਕਹਿ ਸਕਦੇ ਜੀ ।

---

*Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਡਿਪਟੀ ਸਪੀਕਰ** : ਤੁਸੀਂ ਇਸ ਤਰ੍ਹਾਂ ਨਾ ਕਰੋ । ਜੇ ਤੁਸੀਂ ਬੋਲ ਸਕਦੇ ਹੋ ਤਾਂ ਉਹ ਕਿਉਂ ਨਹੀਂ ਬੋਲ ਸਕਦੇ ?

**ਵਿੱਤ ਮੰਤਰੀ** : ਡਿਪਟੀ ਸਪੀਕਰ ਸਾਹਿਬ, ਰਮੇਸ਼ ਜੀ ਨੇ ਜੋ ਕਿਹਾ ਸੀ ਉਹ ਬਿਲਕੁਲ ਠੀਕ ਸੀ ਔਰ ਮੈਂ ਉਸ ਦੇ ਨਾਲ ਸਹਿਮਤ ਹਾਂ । ਮੇਰੇ ਆਨਰੇਬਲ ਦੋਸਤ ਕੇ. ਪੀ. ਸਾਹਿਬ ਨੇ ਜੋ ਗੱਲਾਂ ਕਹੀਆਂ ਹਨ, ਉਹ ਕਿਸੇ ਅਖਬਾਰ ਵਿਚ ਨਹੀਂ ਆਈਆਂ । ਡਿਪਟੀ ਸਪੀਕਰ ਸਾਹਿਬ, ਜਿਹੜੀ ਇਹ ਜਲੂਸ ਦੀ ਗੱਲ ਕਰਦੇ ਹਨ, ਕੀ ਇਸ ਵਾਸਤੇ ਮੈਂ ਇਨ੍ਹਾਂ ਤੋਂ ਇਹ ਪੁਛ ਸਕਦਾ ਹਾਂ ਕਿ ਉਹ ਜਲੂਸ ਸ਼ਹਿਰ ਵਿਚ ਫੇਰਨ ਦੀ ਕੀ ਲੋੜ ਸੀ ? ਉਸ ਜਲੂਸ ਦੀ ਕਾਂਗਰਸ ਦੇ ਲੀਡਰਾਂ ਨੇ ਅਗਵਾਈ ਕੀਤੀ । ਇਹ ਸਿਰਫ ਇਸ ਲਈ ਕੀਤਾ ਗਿਆ ਕਿ ਸ਼ਹਿਰ ਵਿਚ ਬਦਅਮਨੀ ਫੈਲੇ, ਝਗੜਾ ਪੈਦਾ ਕੀਤਾ ਜਾਵੇ । ਇਹ ਜਿਹੜਾ ਕਤਲ ਹੋਇਆ ਹੈ ਇਸ ਦਾ ਸਾਨੂੰ ਅਫਸੋਸ ਹੈ । ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿੰਨੀ ਮਰਜ਼ੀ ਆਏ ਕੋਸ਼ਿਸ਼ ਕਰ ਲੈਣ ਪੰਜਾਬ ਵਿਚ ਲਾਅ ਐਂਡ ਆਰਡਰ ਨੂੰ ਕਾਇਮ ਰੱਖਿਆ ਜਾਵੇਗਾ ।

**Mr. Deputy Speaker** : Question is—

That the Punjab Appropriation (No. 4) Bill be passed.

*The motion was carried.*

## THE PUNJAB STATE LEGISLATURE (PROTECTION OF PUBLICATION) BILL, 1978

**Industries Minister** (Shri Balramji Dass Tandon) : Sir, I beg to move—

That the Punjab State Legislature (Protection of Publication) Bill be taken into consideration at once.

**Mr. Deputy Speaker** : Motion moved—

That the Punjab State Legislature (Protection of Publication) Bill be taken into consideration at once.

**Sardar Dalip Singh Pandhi** (Amloh, S. C.) : I want to speak in support of this Bill.

ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਬੜਾ ਅੱਛਾ ਫੈਸਲਾ ਕੀਤਾ ਹੈ ਕਿ ਇਸ ਬਿਲ ਨੂੰ ਹਾਊਸ ਦੇ ਰਾਹੀਂ ਪਾਸ ਕੀਤਾ ਜਾਵੇ । 1967 ਦੇ ਵਿੱਚ ਸਾਰੇ ਐਡੀਟਰਜ਼ ਦੀ ਆਲ ਇੰਡੀਆ ਕਾਨਫਰੰਸ ਹੈਦਰਾਬਾਦ ਦੇ ਵਿਚ ਹੋਈ ਸੀ ਜਿਸ ਦੇ ਵਿਚ ਫੈਸਲਾ ਕੀਤਾ ਗਿਆ ਸੀ ਕਿ ਪ੍ਰੈਸ ਨੂੰ ਆਜ਼ਾਦੀ ਦਿੱਤੀ ਜਾਵੇ । ਬਾਕੀ ਤੁਹਾਨੂੰ ਵੀ ਪਤਾ ਹੈ ਕਿ ਪ੍ਰੈਸ ਨੂੰ ਕਿਸ ਤਰ੍ਹਾਂ ਕਾਂਗਰਸ ਸਰਕਾਰ ਨੇ ਦਬਾਇਆ ਅਤੇ ਐਮਰਜੇਂਸੀ ਦੇ ਦਿਨਾਂ ਦੇ ਵਿਚ ਪ੍ਰੈਸ ਦੀ ਆਜ਼ਾਦੀ ਨੂੰ ਬਿਲਕੁਲ ਖ਼ਤਮ ਕਰ ਦਿੱਤਾ । ਅਸੀਂ ਪੰਜਾਬ ਦੇ ਵਿਚ ਦੇਖਿਆ ਹੀ ਸ਼ੀ ਕਿਸ ਤਰ੍ਹਾਂ ਆਪੋਜ਼ੀਸ਼ਨ ਦੇ ਲੀਡਰਾਂ ਨੂੰ ਅਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਜੇਲ੍ਹਾਂ ਦੇ ਵਿਚ ਬੰਦ ਕੀਤਾ ਗਿਆ । ਸਾਨੂੰ ਜੇਲ੍ਹਾਂ ਦੇ ਵਿਚ ਬਿਲਕੁਲ ਸਹੀ ਖਬਰ ਨਹੀਂ ਮਿਲਦੀ ਸੀ । ਪ੍ਰੈਸ ਡੈਮੋਕਰੇਸੀ ਦੇ ਵਿਚ ਫੋਰਥ ਸਟੇਟ ਹੁੰਦੀ ਹੈ । ਐਮਰਜੇਂਸੀ ਦੇ ਵਿੱਚ ਕਿਸ ਤਰ੍ਹਾਂ ਪ੍ਰੈਸ ਨੂੰ ਕੁਚਲਿਆ ਗਿਆ ਅਤੇ ਜੇਕਰ ਕਿਸੇ ਵਿਦੇਸ਼ੀ ਏਜੰਸੀ ਨੇ ਜਿਵੇਂ ਬੀ.ਬੀ. ਸੀ ਨੇ ਗੱਲਾਂ ਰੇਡੀਓ ਰਾਹੀਂ ਟੈਲੀਵਿਜ਼ਨ ਦੇ ਰਾਹੀਂ ਦਿੱਤੀਆਂ ਔਰ ਸਹੀ ਖਬਰਾਂ ਨੂੰ ਲੋਕਾਂ ਤਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਤਦ ਸੈਂਟਰ ਦੀ ਸਰਕਾਰ ਨੇ ਉਨ੍ਹਾਂ ਦੇ ਪੱਤਰਕਾਰਾਂ ਨੂੰ ਦੇਸ਼ ਤੋਂ ਬਾਹਰ ਕੱਢ ਦਿੱਤਾ । ਬਾਕੀ ਗਲਤ ਖਬਰਾਂ ਛਾਪਣ ਦੇ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ । ਆਈ.ਪੀ.ਸੀ. ਦੇ ਵਿੱਚ ਪ੍ਰੋਵੀਜ਼ਨ ਸੈਕਸ਼ਨ 499 ਤੋਂ 501 ਦੇ ਰਾਹੀਂ ਅਖਬਾਰ ਵਾਲਿਆਂ ਦੇ ਖਿਲਾਫ ਸ਼ਿਕਾਇਤ ਦਰਜ ਕੀਤੀ ਜਾ ਸਕਦੀ ਹੈ ਅਤੇ ਉਸ ਵਿਅਕਤੀ ਨੂੰ ਕਟਹਿਰੇ ਦੇ

Original with;
Punjab Vidhan Sabha
Digitized by;
Panjab Digital Library

[ ਸਰਦਾਰ ਦਲੀਪ ਸਿੰਘ ਪਾਂਧੀ]

ਵਿੱਚ ਖੜ੍ਹਾ ਕੀਤਾ ਜਾ ਸਕਦਾ ਹੈ ਕਿ ਸਹੀ ਖਬਰ ਕੀ ਹੈ ਅਤੇ ਗਲਤ ਖਬਰ ਕੀ ਹੈ। ਇਸੇ ਤਰ੍ਹਾਂ ਕ੍ਰਿਮੀਨਲ ਪ੍ਰੋਸੀਜ਼ਰ ਕੋਡ ਦੇ ਵਿਚ ਸੈਕਸ਼ਨ 198 ਦੇ ਅਧੀਨ ਕਾਰਵਾਈ ਕੀਤੀ ਜਾ ਸਕਦੀ ਹੈ। ਪ੍ਰੈਸ ਵਾਲੇ ਨੂੰ ਇਹ ਸਾਬਤ ਕਰਨਾ ਪਵੇਗਾ ਕਿ ਕੀ ਸਹੀ ਹੈ ਅਤੇ ਕੀ ਗਲਤ ਹੈ। ਕਿਸ ਤਰ੍ਹਾਂ ਇਸੇ ਹਾਊਸ ਦੇ ਵਿਚ ਪ੍ਰੈਸ ਨੂੰ ਸੈਂਸਰਸ਼ਿਪ ਕੀਤਾ ਗਿਆ ਸਹੀ ਖਬਰਾਂ ਨੂੰ ਬਾਹਰ ਜਾਣ ਨਹੀਂ ਦਿੱਤਾ ਜਾਂਦਾ ਸੀ ਬਲਕਿ ਝੂਠੀਆਂ ਖਬਰਾਂ ਨੂੰ ਲੋਕਾਂ ਤਕ ਪਹੁੰਚਾਇਆ ਜਾਂਦਾ ਸੀ। ਅਸੀਂ ਜੇਲ੍ਹਾਂ ਦੇ ਵਿਚ ਸੁਣਦੇ ਸੀ ਅਤੇ ਅਖ਼ਬਾਰਾਂ ਦੇ ਵਿਚ ਪੜ੍ਹਦੇ ਹੁੰਦੇ ਸੀ ਕਿ ਪੰਜਾਬ ਦੇ ਵਿਚ ਬਿਜਲੀਕਰਣ ਕਰ ਦਿੱਤਾ ਗਿਆ ਹੈ। ਸਾਰੇ ਪਿੰਡਾਂ ਨੂੰ ਸੜਕਾਂ ਦੇ ਨਾਲ ਜੋੜ ਦਿਤਾ ਗਿਆ ਹੈ ਤੇ ਸੜਕਾਂ ਸਾਰੀਆਂ ਬਣਾ ਦਿਤੀਆਂ ਗਈਆਂ ਹਨ। ਸਾਰੇ ਪੰਜਾਬ ਨੂੰ ਮਾਲੋ ਮਾਲ ਕਰ ਦਿਤਾ ਗਿਆ ਹੈ। ਪਰ ਜਦ ਅਸੀਂ ਬਾਹਰ ਆਏ ਤਾਂ ਸਾਨੂੰ ਪਤਾ ਲਗਾ ਕਿ ਹਾਲੇ ਸੜਕਾਂ ਪਿੰਡਾਂ ਦੇ ਨਾਲ ਨਹੀਂ ਜੋੜੀਆਂ ਗਈਆਂ, ਨਾ ਹੀ ਕੁਝ ਕੀਤਾ ਗਿਆ। ਬਲਕਿ ਬਿਜਲੀ ਦਾ ਸੰਕਟ ਹਾਲੇ ਸਾਡੇ ਸਾਹਮਣੇ ਸੀ।

ਪੰਜਾਬ ਦੇ ਖਜਾਨੇ ਨੂੰ ਘਾਟੇ ਵਿਚ ਰਖਿਆ ਅਤੇ ਪੰਜਾਬ ਨੂੰ 97 ਕਰੋੜ ਰੁਪਏ ਦਾ ਘਾਟਾ ਸੀ। ਇੰਗਲੈਂਡ ਅਤੇ ਅਮਰੀਕਾ ਦੇ ਵਿਚ ਬੈਠੇ ਲੋਕੀਂ ਭੁਲੇਖਾ ਖਾ ਸਕਦੇ ਸਨ ਪਰ ਜਿਹੜੇ ਇਥੇ ਬੈਠੇ ਸਨ ਉਹ ਭੁਲੇਖਾ ਨਹੀਂ ਖਾ ਸਕਦੇ। ਸਰਕਾਰ ਉਸ ਵੇਲੇ ਐਮਰਜੈਂਸੀ ਦੇ ਦਿਨਾਂ ਵਿਚ ਰੇਡੀਓ ਅਤੇ ਟੈਲੀਵੀਜ਼ਨ ਤੇ ਕਾਫੀ ਮਾਤਰਾ ਵਿਚ ਪ੍ਰਚਾਰ ਕੀਤਾ ਜਾਂਦਾ ਸੀ। ਜੋ ਗਲਤ ਕੰਮ ਹੋ ਰਹੇ ਸਨ ਉਸ ਦੇ ਬਾਰੇ ਕੋਈ ਖਬਰ ਤਕ ਨਹੀਂ ਦੇ ਸਕਦਾ ਸੀ, ਜੇਕਰ ਕੋਈ ਦੇਣ ਦੀ ਕੋਸ਼ਿਸ਼ ਕਰਦਾ ਸੀ ਤਾਂ ਉਸ ਨੂੰ ਸੈਂਸਰ ਕਰ ਦਿਤਾ ਜਾਂਦਾ ਸੀ। ਜੇ ਕੋਈ ਅਖਬਾਰ ਵਾਲਾ ਮੈਲਿਸ ਦੇ ਨਾਲ ਖਬਰ ਛਾਪੇ ਤਾਂ ਉਸ ਦੇ ਖਿਲਾਫ ਕਾਰਵਾਈ ਕੀਤੀ ਜਾ ਸਕਦੀ ਹੈ। ਮੈਲਿਸ ਦਾ ਮਤਲਬ ਹੈ ਕਿ ਵੈਰ, ਈਰਖਾ, ਦ੍ਵੈਖ, ਮੰਦ-ਇੱਛਾ, ਦੋਖਾ, ਖੁਣਸ, ਖੋਰ, ਚਿੜਾਉਣ ਦੀ ਇੱਛਾ, ਮੰਦ-ਭਾਵਨਾ, ਦੁਸ਼ਟ ਭਾਵ, ਬਦਨੀਤੀ ਹੈ। ਇਸ ਲਈ ਇਸ ਚੀਜ਼ ਨੂੰ ਮੱਦੇਨਜ਼ਰ ਰੱਖਦੇ ਹੋਏ ਕੋਈ ਅਖਬਾਰ ਵਾਲਾ ਗਲਤ ਖਬਰ ਨਾ ਛਾਪਣ ਦੀ ਕੋਸ਼ਿਸ਼ ਕਰੇਗਾ ਤਾਕਿ ਬਦਨਾਮੀ ਪ੍ਰੈਸ ਦੀ ਨਾ ਹੋਵੇ। ਪੰਜਾਬ ਸਰਕਾਰ ਨੇ ਪ੍ਰੈਸ ਨੂੰ ਪੂਰੀ ਆਜ਼ਾਦੀ ਦੇ ਰੱਖੀ ਹੈ ਕਿ ਜੋ ਮਰਜ਼ੀ ਛਾਪੇ ਜੋ ਸਹੀ ਸਮਝੇ ਅਤੇ ਜੋ ਗਲਤ ਸਮਝੇ ਉਸ ਨੂੰ ਛਾਪ ਸਕਦਾ ਹੈ। ਜਦੋਂ 1969 ਦੇ ਵਿਚ ਕਾਂਗਰਸ ਵਿਚ ਰਿਫਟ ਪਈ ਸੀ ਅਤੇ ਐਮਰਜੈਂਸੀ ਦੇ ਦਿਨਾਂ ਵਿਚ ਸਾਰੇ ਹਿੰਦੁਸਤਾਨ ਵਿਚ ਪ੍ਰੈਸ ਤੇ ਸੈਂਸਰ ਲਗਾ ਦਿਤਾ ਗਿਆ ਸੀ ਅਤੇ ਸਿਆਸੀ ਤੌਰ ਤੇ ਸਾਰਿਆਂ ਨੂੰ ਕੁਰੱਪਟ ਬਣਾ ਦਿੱਤਾ ਗਿਆ। (ਵਿਘਨ) ਇਸ ਦੇ ਨਾਲ ਹੀ ਮੈਂ ਅਰਜ਼ ਕਰਦਾ ਹਾਂ ਕਿ ਦਿੱਲੀ ਵਿਚ ਇਕ ਨਾਭਾ ਹਾਊਸ ਹੈ। ਪਿਛਲੀ ਸਰਕਾਰ ਨੇ ਉਥੇ ਪ੍ਰੈਸ ਵਾਲਿਆਂ ਨੂੰ ਜਿਹੜੇ ਸੱਜਣ ਇਨ੍ਹਾਂ ਦੇ ਹੱਕ ਵਿਚ ਖਬਰਾਂ ਲਿਖਦੇ ਸਨ ਜਾਂ ਇਨ੍ਹਾਂ ਦੀ ਪਾਰਟੀ ਦੇ ਨਾਲ ਸਬੰਧ ਰੱਖਦੇ ਸਨ ਇਹ 8-9 ਆਦਮੀ ਉਥੇ ਰਹਿੰਦੇ ਸਨ, ਉਨ੍ਹਾਂ ਦੇ ਵਿਚੋਂ ਇਕ ਆਸਾਮ ਦਾ ਡਾਕਟਰ ਦੇਵ ਵੀ ਉਥੇ ਰਹਿੰਦਾ ਸੀ, ਉਨ੍ਹਾਂ ਨੂੰ ਉਸ ਜਾਇਦਾਦ ਤੇ ਕਬਜ਼ਾ ਕਰਵਾ ਦਿਤਾ। ਇਸ ਤਰੀਕੇ ਦੇ ਨਾਲ ਉਨ੍ਹਾਂ ਪ੍ਰੈਸ ਵਾਲਿਆਂ ਨੂੰ ਇਨ੍ਹਾਂ ਨੇ ਕੁਰੱਪਟ ਕੀਤਾ ਜਾਇਦਾਦ ਦੇ ਕੇ ਅਤੇ ਸ਼ਰਾਬ ਵਗੈਰਾ ਪਿਲਾ ਕੇ ਕੁਰੱਪਟ ਕੀਤਾ। ਇਸੇ ਤਰ੍ਹਾਂ ਹੁਣ ਉਹੀ ਗੱਲਾਂ ਚਲੀਆਂ ਆ ਰਹੀਆਂ ਹਨ।

** **

**ਕਾਮਰੇਡ ਸੱਤ ਪਾਲ ਡਾਂਗ :** ਡਿਪਟੀ ਸਪੀਕਰ ਸਾਹਿਬ, ** ** **

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਜੋ ਵੀ ਡੇਰੋਗੇਟਰੀ ਮੈਟਰ ਸੀ ਉਸ ਨੂੰ ਸਪੀਕਰ ਸਾਹਿਬ ਨੇ ਐਗਜ਼ਾਮਿਨ ਕਰਨਾ ਹੈ, ਆਪਣੀ ਰੂਲਿੰਗ ਦੇਣੀ ਹੈ। ਇਸ ਲਈ ਇਹ ਮੈਟਰ ਇਥੇ ਰੇਜ਼ ਨਹੀਂ ਕੀਤਾ ਜਾ ਸਕਦਾ।

**ਚੌਧਰੀ ਬਲਰਾਮ ਜਾਖੜ** : ਡਿਪਟੀ ਸਪੀਕਰ ਸਾਹਿਬ, ਸਾਡੇ ਆਨਰੇਬਲ ਮੈਂਬਰ ਸਾਹਿਬ ਨੇ ਕਿਹਾ ਸੀ ਜਿਸ ਨੇ ਐਲੀਗੇਸ਼ਨ ਲਗਾਏ ਹਨ ਉਸ ਨੂੰ ਮੁਜਰਮ ਬਣਾ ਕੇ ਖੜਾ ਕੀਤਾ ਜਾਵੇ। ਹਾਲੇ ਇਹ ਮੈਟਰ ਸਪੀਕਰ ਸਾਹਿਬ ਨੇ ਐਗਜ਼ਾਮਿਨ ਕਰਨਾ ਹੈ।

**Shri Khushhal Behl** : These are derogatory remarks against a class. Kindly get these expunged.

**Mr. Deputy Speaker** : These words are expunged.

## PERSONAL EXPLANATION BY SARDAR KIRPAL SINGH

**ਸਰਦਾਰ ਕਿਰਪਾਲ ਸਿੰਘ** : ਆਨ ਏ ਪਰਸਨਲ ਐਕਸਪਲੇਨੇਸ਼ਨ, ਸਰ। ਡਿਪਟੀ ਸਪੀਕਰ ਸਾਹਿਬ, ਚੂੰਕਿ ਮੇਰਾ ਨਾਂ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਲਿਆ ਹੈ ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਕੁਝ ਬੰਦਿਆਂ ਨੇ ਸ਼ਰਾਬ ਮੰਗੀ। ਮੇਰਾ ਸਵਾਲ ਇਹ ਸੀ ਕਿ ਮਨਿਸਟਰ ਸਾਹਿਬ ਦੱਸਣ ਕਿ ਕਿਸ ਕਿਸ ਨੇ ਸ਼ਰਾਬ ਮੰਗੀ ਸੀ ਅਤੇ ਕਿਸ ਕਿਸ ਨੇ ਸ਼ਰਾਬ ਪੀਤੀ ਸੀ। ਲੇਕਿਨ ਇਤਨੀ ਬਾਤ ਨੂੰ ਲੀਡਰ ਆਫ ਦੀ ਆਪੋਜ਼ੀਸ਼ਨ ਗਲਤ ਬਿਆਨੀ ਕਰਨ, ਕੋਈ ਸ਼ੋਭਾ ਵਾਲੀ ਗੱਲ ਨਹੀਂ ਹੈ। ਮੈਂ ਤਾਂ ਆਪਣੀ ਪੁਜ਼ੀਸ਼ਨ ਕਲੀਅਰ ਕਰਨੀ ਚਾਹੁੰਦਾ ਸਾਂ।

**ਚੌਧਰੀ ਬਲਰਾਮ ਜਾਖੜ** : ਜੋ ਕੁਝ ਤੁਸੀਂ ਕਿਹਾ ਸੀ ਉਹੀ ਮੈਂ ਕਿਹਾ ਹੈ।

## THE PUNJAB STATE LEGISLATURE (PROTECTION OF PUBLICATION) BILL, 1978

*(Resumption of Consideration)*

**ਸਰਦਾਰ ਦਲੀਪ ਸਿੰਘ ਪਾਂਧੀ** : ਡਿਪਟੀ ਸਪੀਕਰ ਸਾਹਿਬ, ਮੈਂ ਪ੍ਰੈਸ ਵਾਲਿਆਂ ਦਾ ਬੜਾ ਰੀਗਾਰਡ ਕਰਦਾ ਹਾਂ। ਅੰਮ੍ਰਿਤਸਰ ਦੇ 400 ਸਾਲਾ ਦਿਵਸ ਤੇ ਜੋ ਕੁਝ ਮੈਂ ਆਪਣੀਆਂ ਅੱਖਾਂ ਨਾਲ ਵੇਖਿਆ ਸੀ ਉਸ ਨੂੰ ਮੈਂ ਕਿਸ ਤਰ੍ਹਾਂ ਗਲਤ ਕਹਿ ਸਕਦਾ ਹਾਂ। ਪੰਜਾਬ ਸਰਕਾਰ ਨੇ ਸ਼ਰਾਬ ਸਪਲਾਈ ਕਰਨੀ ਬੰਦ ਕਰ ਦਿੱਤੀ ਹੈ ਔਰ ਪ੍ਰੈਸ ਵਾਲਿਆਂ ਨੂੰ ਪੂਰੀ ਆਜ਼ਾਦੀ ਦੇ ਦਿਤੀ ਹੈ ਜੋ ਮਰਜ਼ੀ ਚਾਹੁੰਣ ਲਿਖਣ ਅਤੇ ਛਾਪਣ। ਜੇਕਰ ਅਖਬਾਰ ਵਾਲੇ ਗਲਤ ਖਬਰ ਛਾਪਦੇ ਹਨ ਤਾਂ ਕਾਨੂੰਨੀ ਕਾਰਵਾਈ ਉਨ੍ਹਾਂ ਦੇ ਖਿਲਾਫ ਹੋ ਸਕਦੀ ਹੈ। ਮਲਾਈਸ ਦੀ ਭਾਵਨਾ ਨਾਲ ਨਹੀਂ ਛਾਪ ਸਕਦੇ ਬਲਕਿ ਗੁਡਫੇਥ ਵਿਚ ਗਲਤ ਖਬਰ ਛਪ ਸਕਦੀ ਹੈ। ਸਾਰੇ ਹਿੰਦੁਸਤਾਨ ਦੇ ਵਿਚ ਪੰਜਾਬ ਇਕ ਪਹਿਲੀ ਸਟੇਟ ਹੈ ਜਿਸ ਨੇ ਪ੍ਰੈਸ ਨੂੰ ਪੂਰੀ ਆਜ਼ਾਦੀ ਦਿਤੀ ਹੋਈ ਹੈ। ਪ੍ਰੈਸ ਨੂੰ ਪੂਰੀ ਆਜ਼ਾਦੀ ਹੈ ਕਿ ਉਹ ਸਰਕਾਰ ਨੂੰ ਕ੍ਰਿਟੀਸਾਈਜ਼ ਵੀ ਕਰ ਸਕਦੀ ਹੈ ਅਤੇ ਸਰਕਾਰ ਦੇ ਹੱਕ ਵਿਚ ਵੀ ਲਿਖ ਸਕਦੀ ਹੈ। ਪਾਰਲੀਮੈਂਟ ਦੇ ਵਿੱਚ ਪਹਿਲਾਂ ਇਹ ਬਿਲ ਪਾਸ ਕੀਤਾ ਗਿਆ ਅਤੇ ਉਸਨੂੰ ਸਾਡੀ ਸਰਕਾਰ ਨੇ ਫਾਲੋ ਕੀਤਾ ਹੈ ਤਾਕਿ ਸਹੀ ਖਬਰਾਂ ਛੱਪ ਸਕਣ। ਇਸ ਬਿਲ ਨੂੰ ਕਾਂਗਰਸ ਸਰਕਾਰ ਪਾਸ ਨਹੀਂ ਕਰ ਸਕੀ ਸੀ ਜਦ ਕਿ ਇਸ ਬਿਲ ਨੂੰ ਸਾਡੀ ਸਰਕਾਰ ਨੇ ਪਾਸ ਕੀਤਾ ਹੈ।

ਡਿਪਟੀ ਸਪੀਕਰ ਸਾਹਿਬ, ਇਸ ਬਾਰੇ ਕਾਂਗਰਸ ਸਰਕਾਰ ਫੈਸਲਾ ਨਾ ਕਰ ਸਕੀ ਔਰ ਮੇਰੀ ਇਹੀ ਗੁਜ਼ਾਰਿਸ਼ ਹੈ ਕਿ ਇਹ ਬਿਲ ਸਰਵ-ਸੰਮਤੀ ਨਾਲ ਪਾਸ ਕਰ ਦੇਣਾ ਚਾਹੀਦਾ ਹੈ

Original with;
Punjab Vidhan Sabha
Digitized by;
Panjab Digital Library

**ਸਰਦਾਰ ਬੇਅੰਤ ਸਿੰਘ** (ਪਾਇਲ) : ਡਿਪਟੀ ਸਪੀਕਰ ਸਾਹਿਬ, ਪੰਜਾਬ ਸਟੇਟ ਲੈਜਿਸਲੇਚਰ (ਪਰੋਟੈਕਸ਼ਨ ਆਫ ਪਬਲੀਕੇਸ਼ਨ) ਬਿਲ ਦੀ ਗੱਲ ਹੈ। ਪ੍ਰੈਸ ਦੇ ਨਾਲ ਅਸੰਬਲੀ ਦਾ ਬੜਾ ਸਬੰਧ ਹੈ। ਮੈਂ ਸਮਝਦਾ ਹਾਂ ਕਿ ਜਦੋਂ ਅਸੀਂ ਚੋਣਾ ਲੜ ਕੇ ਇਥੇ ਆਉਂਦੇ ਹਾਂ ਤਾਂ ਇਥੇ ਆ ਕੇ ਆਪਣੀ ਖੁਲ੍ਹ ਕੇ ਗੱਲ ਕਹਿ ਸਕਦੇ ਹਾਂ। ਮੈਂ ਇਸ ਬਿਲ ਨੂੰ ਵੈਲਕਮ ਕਰਦਾ ਹਾਂ। ਲੇਕਿਨ ਹੁਣ ਜਿਹੜਾ ਪਾਰਲੀਮੈਂਟ ਵਿਚ ਪਰੋਸੀਜਰ ਹੈ, ਉਹ ਪਰੋਸੀਜਰ ਅਡਾਪਟ ਹੋਣਾ ਹੈ। ਮੈਂ ਇੱਕ ਗੱਲ, ਡਿਪਟੀ ਸਪੀਕਰ ਸਾਹਿਬ, ਕਹਿਣਾ ਚਾਹੁੰਦਾ ਹਾਂ ਕਿ ਇਸ ਅਸੰਬਲੀ ਵਿਚ ਮੈਂ ਇਹ ਜ਼ਰੂਰ ਕਹਾਂਗਾ ਕਿ :—

"ਨਾ ਤੜਪਨੇ ਕੀ ਇਜਾਜ਼ਤ ਹੈ ਨਾ ਫਰਿਆਦ ਕੀ ਹੈ,
ਘੁਟ ਕੇ ਮਰ ਜਾਉਂ, ਯੇਹ ਮਰਜ਼ੀ ਮੇਰੇ ਸੱਈਆਦ ਕੀ ਹੈ।"

ਡਿਪਟੀ ਸਪੀਕਰ ਸਾਹਿਬ, ਇਹ ਵਿਤਕਰਾ ਇਸ ਅਸੰਬਲੀ ਵਿਚ ਰਿਹਾ ਹੈ। ਮੈਂ ਅਰਜ਼ ਕਰਾਂਗਾ ਕਿ ਐਡਜਰਨਮੈਂਟ ਮੋਸ਼ਨ, ਜਾਂ ਪ੍ਰਿਵੇਲਿਜ ਮੋਸ਼ਨ ਦੇ ਰਾਹੀਂ ਅਸੀਂ ਆਪਣੇ ਖਿਆਲਾਤ ਇਥੇ ਰਖਦੇ ਹਾਂ ਅਤੇ ਉਹ ਖਿਆਲਾਤ ਲੋਕਾਂ ਕੋਲ ਪ੍ਰੈਸ ਰਾਹੀਂ ਪਹੁੰਚਦੇ ਹਨ। ਪਰ ਮੈਨੂੰ ਬੜਾ ਦੁਖ ਹੋਇਆ ਹੈ ਕਿ ਰੂਲਿੰਗ ਪਾਰਟੀ ਦੇ ਕੁਝ ਮੈਂਬਰ ਸਾਹਿਬਾਨ ਪ੍ਰੈਸ ਨੂੰ ਕੰਡੈਮ ਕਰਦੇ ਹਨ, ਜੇਕਰ ਕੋਈ ਉਹ ਥੋੜ੍ਹਾ ਬਹੁਤ ਐਂਟਰਟੇਨਮੈਂਟ ਕਰ ਵੀ ਲੈਂਦੇ ਹਨ ਤਾਂ ਕੀ ਉਹ ਸ਼ਰਾਬੀ ਜਾਂ ਕਬਾਬੀ ਤਾਂ ਨਹੀਂ ਬਣ ਜਾਂਦੇ। ਇਕ ਮਾਨਯੋਗ ਮੈਂਬਰ ਨੇ ਕਿਹਾ ਹੈ ਪਰ ਮੈਂ ਉਸ ਦਾ ਨਾਮ ਨਹੀਂ ਲੈਣਾ ਚਾਹੁੰਦਾ। ਪ੍ਰੈਸ ਵਾਲਿਆਂ ਨੂੰ ਇਹ ਵੀ ਕਿਹਾ ਗਿਆ ਕਿ ਜੇ ਪ੍ਰੈਸ ਵਾਲੇ ਇਸ ਤਰ੍ਹਾਂ ਕਰਨਗੇ ਤਾਂ ਅਸੀਂ ਉਨ੍ਹਾਂ ਦੇ ਹੱਥ ਵੀ ਕੱਟ ਦਿਆਂਗੇ। ਇਹ ਜਿਹੜੀਆਂ ਇਹੋ ਜਿਹੀਆਂ ਗੱਲਾਂ ਕਰਦੇ ਹਨ ਇਹ ਬੜੀਆਂ ਕੋਝੀਆਂ ਜਿਹੀਆਂ ਹਨ ਅਤੇ ਇਹ ਠੀਕ ਨਹੀਂ ਹਨ।

ਟਾਈਮ ਦੇ ਨਾਲ ਡੈਮੋਕਰੇਸੀ ਦੀਆਂ ਰੂਟਸ ਬੜੀਆਂ ਡੂੰਘੀਆਂ ਹੋ ਰਹੀਆਂ ਹਨ। ਮੈਂ ਅਤੇ ਮੇਰੀ ਪਾਰਟੀ ਚਾਹੁੰਦੀ ਹੈ ਕਿ ਡੈਮੋਕਰੇਸੀ ਦੀਆਂ ਰੂਟਸ ਹੋਰ ਡੂੰਘੀਆਂ ਹੋਣ।

**ਸ੍ਰੀ ਡਿਪਟੀ ਸਪੀਕਰ** : ਤੁਸੀਂ ਇਸ ਬਿੱਲ ਤੇ ਬੋਲੋ।

**ਸਰਦਾਰ ਬੇਅੰਤ ਸਿੰਘ** : ਬੱਸ ਜੀ, ਡਿਪਟੀ ਸਪੀਕਰ ਸਾਹਿਬ, ਇਕ ਗੱਲ ਹੀ ਕਹਿ ਕੇ ਬੰਦ ਕਰਾਂਗਾ। ਸ਼ੇਖ ਅਬਦੁਲਾ ਨੇ ਈਦ ਵਾਲੇ ਦਿਨ ਕਿਹਾ :

Harijans were being killed and burnt alive and inter-caste feuds have become a daily phenomenon. This did not augur well for the nation.

ਸਾਨੂੰ ਇਸ ਢੰਗ ਨਾਲ ਚੱਲਣਾ ਚਾਹੀਦਾ ਹੈ ਕਿ ਸਾਡਾ ਮਾਹੌਲ ਖਰਾਬ ਨਾ ਹੋਵੇ। ਅਜਿਹੀਆਂ ਗੱਲਾਂ ਕਰਨੀਆਂ ਸ਼ੋਭਾ ਨਹੀਂ ਦਿੰਦੀਆਂ। ਇਹ ਬਿਲ ਸਾਨੂੰ ਯੂਨੇਨੀਮਸਲੀ ਪਾਸ ਕਰਨਾ ਚਾਹੀਦਾ ਹੈ।

**ਕਾਮਰੇਡ ਸੱਤਪਾਲ ਡਾਂਗ** (ਅੰਮ੍ਰਿਤਸਰ ਪੱਛਮ) : ਡਿਪਟੀ ਸਪੀਕਰ ਸਾਹਿਬ, ਮੈਂ ......
(ਵਿਘਨ)

**ਸ੍ਰੀ ਰਮੇਸ਼ ਚੰਦਰ** : ਡਿਪਟੀ ਸਪੀਕਰ ਸਾਹਿਬ, ਇਸ ਬਿੱਲ ਉਤੇ ਮੈਨੂੰ ਵੀ ਆਗਿਆ ਮਿਲਣੀ ਚਾਹੀਦੀ ਹੈ, ਕਿਉਂਕਿ ਕਈ ਮੈਂਬਰ ਐਸੇ ਹਨ ਜਿਨ੍ਹਾਂ ਦੇ ਨਾਲ ਇਸ ਬਿੱਲ ਦਾ ਗੂੜ੍ਹਾ ਸਬੰਧ ਹੈ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਇਹ ਜਿਹੜਾ ਬਿੱਲ ਪੇਸ਼ ਹੋਇਆ ਹੈ....

Original with;
Punjab Vidhan Sabha
Digitized by;
Panjab Digital Library

**ਸ੍ਰੀ ਡਿਪਟੀ ਸਪੀਕਰ**: ਮੈਂ ਬੇਨਤੀ ਕਰਾਂਗਾ ਕਿ ਤੁਸੀਂ ਟਾਈਮ ਵਿਚ ਹੀ ਖਤਮ ਕਰ ਦਿਓ।

**ਕਾਮਰੇਡ ਸੱਤਪਾਲ ਡਾਂਗ**: ਡਿਪਟੀ ਸਪੀਕਰ ਸਾਹਿਬ, ਜੇ ਇਹ ਬਿੱਲ ਪਾਸ ਨਹੀਂ ਹੋਣਗੇ ਤਾਂ ਅਸੀਂ 8.00 ਵਜੇ ਤੱਕ ਬੈਠ ਜਾਵਾਂਗੇ। ਪਰ ਜ਼ਰੂਰੀ ਗੱਲ ਤਾਂ ਕਰਨੀ ਹੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਇਸ ਬਿਲ ਨੂੰ ਯੂਨੈਨੀਮਸਲੀ ਪਾਸ ਕਰਨਾ ਚਾਹੀਦਾ ਹੈ। ਇਸ ਬਿੱਲ ਦੇ ਪਿੱਛੇ ਜੋ ਮਹਾਨਤਾ ਹੈ, ਉਸ ਦੇ ਬਾਰੇ ਮੈਂ ਕੁਝ ਗੱਲਾਂ ਦੱਸਣਾ ਚਾਹੁੰਦਾ ਹਾਂ। ਪਾਰਲੀਮੈਂਟ ਦੇ ਅੰਦਰ, ਅਸੰਬਲੀ ਦੇ ਅੰਦਰ ਮੈਂਬਰ ਬੋਲਦੇ ਹਨ ਤਾਂ ਪ੍ਰੈਸ ਦਾ ਫਰਜ਼ ਹੈ ਕਿ ਪ੍ਰੈਸ ਉਸ ਨੂੰ ਫੇਥਫੁਲੀ ਰਿਪੋਰਟ ਕਰੇ। ਪ੍ਰੈਸ ਨੇ ਬਿਗ ਬਿਜ਼ਨੈਸਮੈਨ ਦੀ ਕੁਰੱਪਸ਼ਨ ਨੂੰ ਐਕਸਪੋਜ਼ ਕਰਨ ਵਿੱਚ ਬਹੁਤ ਹੈਲਪ ਕੀਤੀ ਹੈ। ਸਾਡੇ ਦੇਸ਼ ਦੀ ਇਹ ਹਿਸਟਰੀ ਹੈ ਕਿ ਪ੍ਰੈਸ ਪ੍ਰੋਟੈਕਟ ਰਹੀ ਸੀ। ਅਸੰਬਲੀ ਵਿਚ ਇਹ ਬਿੱਲ ਪਹਿਲਾਂ ਨਹੀਂ ਸੀ ਆਇਆ। ਲੋਕ ਸਭਾ ਵਿਚ ਬਿੱਲ ਪਾਸ ਹੋ ਕੇ ਐਕਟ ਬਣ ਗਿਆ। ਉਸ ਪਾਪੂਲਰ ਐਕਟ ਦਾ ਨਾਮ ਫਿਰੋਜ਼ ਗਾਂਧੀ ਐਕਟ ਸੀ। ਇਸ ਨੂੰ ਫਿਰੋਜ਼ ਗਾਂਧੀ ਐਕਟ ਦਾ ਨਾਮ ਇਸ ਕਰਕੇ ਦਿਤਾ ਗਿਆ ਸੀ ਕਿਉਂਕਿ ਉਸ ਬਿੱਲ ਨੂੰ ਉਸ ਨੇ ਇੰਟਰੋਡਿਊਸ ਕੀਤਾ ਸੀ। ਐਮਰਜੰਸੀ ਦੇ ਵਿਚ ਜਦੋਂ ਉਸ ਐਕਟ ਨੂੰ ਮਨਸੂਖ ਕੀਤਾ ਗਿਆ, ਤਾਂ ਇਹ ਬੜਾ ਮਾੜਾ ਕੀਤਾ ਗਿਆ ਸੀ। ਇਹ ਇੰਦਰਾ ਗਾਂਧੀ ਦੀ ਸਰਕਾਰ ਵੇਲੇ ਹੋਇਆ। ਇਸ ਦੀ ਸਾਡੀ ਪਾਰਟੀ ਨੇ ਡਟ ਕੇ ਵਿਰੋਧਤਾ ਕੀਤੀ। ਬਾਅਦ ਵਿਚ ਸੈਂਟਰਲ ਗੌਰਮਿੰਟ ਨੇ ਦੁਬਾਰਾ ਇਨਸ਼ੀ-ਏਟਿਵ ਲੈ ਕੇ ਪ੍ਰੈਸ ਨੂੰ ਫਿਰ ਪ੍ਰੋਟੈਕਸ਼ਨ ਦੇ ਦਿੱਤੀ। ਇਹ ਇਕ ਬੜਾ ਅੱਛਾ ਫੈਸਲਾ ਸੀ। ਜਿਸ ਤਰ੍ਹਾਂ ਇਹ ਪਾਰਲੀਮੈਂਟ ਵਿਚ ਹੋਇਆ ਉਸੇ ਤਰ੍ਹਾਂ ਅਸੰਬਲੀਆਂ ਵਿਚ ਵੀ ਹੋਣਾ ਚਾਹੀਦਾ ਸੀ ਤਾਂ ਕਿ ਅਸੰਬਲੀ ਵਿਚ ਜੋ ਮੈਂਬਰ ਬੋਲਦੇ ਹਨ ਉਹ ਠੀਕ ਤਰ੍ਹਾਂ ਰਿਫਲੈਕਟ ਹੋ ਸਕੇ। ਇਸ ਵਾਸਤੇ ਜ਼ਰੂਰੀ ਸੀ ਕਿ ਪ੍ਰੈਸ ਨੂੰ ਪਰੋਟੈਕਸ਼ਨ ਦਿਤੀ ਜਾਵੇ। ਇਹ ਜਿਹੜਾ ਬਿੱਲ ਲਿਆਂਦਾ ਗਿਆ ਹੈ, ਇਹ ਬੜਾ ਅੱਛਾ ਕਦਮ ਹੈ। ਅਸੀਂ ਇਸ ਨੂੰ ਵੈਲਕਮ ਕਰਦੇ ਹਾਂ ਅਤੇ ਸਾਨੂੰ ਇਸ ਨੂੰ ਯੂਨੈਨੀਮਸਲੀ ਪਾਸ ਕਰ ਦੇਣਾ ਚਾਹੀਦਾ ਹੈ। ਸਾਨੂੰ ਪਹਿਲਾਂ ਹੀ ਬੜਾ ਬਿਟਰ ਐਕਸਪੀਰੀਐਂਸ ਹੈ ਕਿ ਪ੍ਰੈਸ ਨੂੰ ਪਰੋਟੈਕਸ਼ਨ ਨਹੀਂ ਸੀ। ਸੈਂਸਰ ਲੱਗਾ ਹੋਇਆ ਸੀ ਅਤੇ ਉਸ ਪ੍ਰੈਸ ਨੂੰ ਫਰੀਡਮ ਨਹੀਂ ਸੀ। ਇਹ ਬਿੱਲ ਪ੍ਰੈਸ ਦੀ ਫਰੀਡਮ ਲਈ ਇਕ ਚੰਗਾ ਕਦਮ ਹੈ। ਐਮਰਜੰਸੀ ਦੇ ਦੌਰਾਨ ਅਸੰਬਲੀ ਵਿੱਚ ਕੀ ਹੋਇਆ, ਉਸ ਦੇ ਬਾਰੇ ਮੈਂ ਇਕ ਮਿਸਾਲ ਦੇਣਾ ਚਾਹੁੰਦਾ ਹਾਂ। ਅਸੰਬਲੀ ਵਿਚ ਗੁਰੂ ਨਾਨਕ ਯੂਨੀਵਰਸਿਟੀ ਐਕਟ ਦੇ ਵਿਚ ਇਕ ਤਰਮੀਮ ਲਿਆਂਦੀ ਗਈ। ਇਸੇ ਤਰ੍ਹਾਂ ਪੰਜਾਬੀ ਯੂਨੀਵਰਸਿਟੀ ਐਕਟ ਦੇ ਵਿਚ ਵੀ ਤਰਮੀਮ ਲਿਆਂਦੀ ਗਈ। ਗੁਰੂ ਨਾਨਕ ਯੂਨੀਵਰਸਿਟੀ ਵਿਚ ਜਿਹੜੀ ਅਮੈਂਡਮੈਂਟ ਲਿਆਂਦੀ ਗਈ, ਉਸ ਦੇ ਵਿੱਚ ਦੋ ਗੱਲਾਂ ਸਨ। ਇਕ ਤਾਂ ਗੁਰੂ ਨਾਨਕ ਯੂਨੀਵਰਸਿਟੀ ਦਾ ਨਾਮ ਬਦਲਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਰੱਖਣਾ ਸੀ। ਦੂਜੀ ਗੱਲ ਇਹ ਕਿ ਵਾਈਸ-ਚਾਂਸਲਰ ਤੋਂ ਇਲਾਵਾ ਪ੍ਰੋ-ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਵਿਚ ਵੀ ਹੋਵੇਗਾ। ਇਸ ਤੋਂ ਇਲਾਵਾ ਜਿਹੜੀ ਹੋਰ ਇੰਪਾਰਟੈਂਟ ਅਮੈਂਡਮੈਂਟ ਇਨ੍ਹਾਂ ਨੇ ਕੀਤੀ, ਉਹ ਇਹ ਸੀ ਕਿ ਸਟੇਟਸ ਕੋਲੋਂ ਸਾਰੀਆਂ ਪਾਵਰਜ਼ ਖੋਹਕੇ ਵਰਚੁਅਲੀ ਪਾਵਰਜ਼ ਨਾਮੀਨੇਟਿਡ ਸਿੰਡੀਕੇਟ ਨੂੰ ਦਿੱਤੀਆਂ ਜਾਣ। ਉਥੇ ਸੈਂਸਰ ਲੱਗਾ ਹੋਇਆ ਸੀ। ਸੈਂਸਰ ਦਾ ਜਿਹੜਾ ਅਫਸਰ ਇੰਚਾਰਜ ਸੀ ਉਸ ਨੇ ਅਸੰਬਲੀ ਦੀਆਂ ਪ੍ਰੋਸੀਡਿੰਗਜ਼ ਨੂੰ ਵੀ ਅਖਬਾਰਾਂ ਵਿਚ ਨਹੀਂ ਆਉਣ ਦਿੱਤਾ।

ਡਿਪਟੀ ਸਪੀਕਰ ਸਾਹਿਬ, ਮੈਂ ਇਸ ਸਬੰਧੀ ਮਸਲਾ ਉਦੋਂ ਵੀ ਉਠਾਇਆ ਸੀ ਔਰ ਅੱਜ ਵੀ ਰੈਫਰੈਂਸ ਇਸ ਕਰਕੇ ਦੇ ਰਿਹਾ ਹਾਂ ਕਿ ਜਿਥੇ ਮੈਂ ਇਸ ਬਿਲ ਨੂੰ ਵੈਲਕਮ ਕਰਦਾ ਹਾਂ ਉਥੇ ਇਹ ਬੇਨਤੀ ਵੀ ਕਰਾਂਗਾ ਕਿ ਫਰੀਡਮ ਆਫ ਪ੍ਰੈਸ ਪ੍ਰੈਕਟਿਸ ਵਿਚ ਹੋਵੇ। ਜਿਹੜੇ ਅਫਸਰਾਂ ਦਾ ਅੱਗੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਇਹ ਰਿਕਾਰਡ ਹੈ ਜਿੱਥੇ ਇਨ੍ਹਾਂ ਪਰਸਨਲੀ ਕਿਸੇ ਨੇ ਗਲਤ ਕੰਮ ਕੀਤਾ ਹੈ, ਉਸ ਨੂੰ ਸਜ਼ਾ ਦੇਣੀ ਚਾਹੀਦੀ ਹੈ। ਜਿਹੜੇ ਅਫਸਰ ਮਨਿਸਟਰੀ ਤੋਂ ਅੱਗੇ ਵਧ ਵਧ ਕੇ ਇਸ ਕਿਸਮ ਦੀਆਂ ਗੱਲਾਂ ਕਰਦੇ ਸਨ ਉਨ੍ਹਾਂ ਦੀ ਪੁੱਛ-ਗਿੱਛ ਹੋਣੀ ਚਾਹੀਦੀ ਹੈ। ਕਈ ਵਾਰੀ ਫਰੀਡਮ ਆਫ ਪ੍ਰੈਸ ਕਾਗਜ਼ਾਂ ਵਿਚ ਹੀ ਰਹਿ ਜਾਂਦੀ ਹੈ। ਪਿਛੇ ਜਿਹੇ ਪੰਜਾਬ ਦੇ ਜਰਨੈਲਿਸਟ ਨੇ ਪਰੋਟੈਸਟ ਕੀਤਾ ਸੀ ਕਿ ਰੂਲਿੰਗ ਪਾਰਟੀ ਦੇ ਐਮ. ਐਲ. ਏ. ਨੇ ਉਸ ਨੂੰ ਥਰੇਟਨ ਕੀਤਾ ਸੀ ਕਿ ਜੇ ਇਸ ਤਰ੍ਹਾਂ ਦੀਆਂ ਖਬਰਾਂ ਛਾਪਣਗੇ ਤਾਂ ਉਸ ਨਾਲ ਸਖਤੀ ਨਾਲ ਪੇਸ਼ ਆਇਆ ਜਾਏਗਾ ਔਰ ਉਸ ਦੇ ਹੱਥ ਕੱਟ ਦਿੱਤੇ ਜਾਣਗੇ। ਇਸ ਗੱਲ ਦੀ ਵੀ ਗਾਰੰਟੀ ਹੋਣੀ ਚਾਹੀਦੀ ਹੈ ਕਿ ਜਦੋਂ ਕੋਈ ਪ੍ਰੈਸ ਰੂਲਿੰਗ ਪਾਰਟੀ ਦੀ ਵੀ ਭਾਵੇਂ ਕੋਈ ਖਬਰਾਂ ਛਾਪੇ ਤਾਂ ਉਸ ਨੂੰ ਕੋਈ ਥਰੇਟਨ ਨਾ ਕਰ ਸਕੇ। ਫਰੀਡਮ ਆਫ ਪ੍ਰੈਸ ਦੀ ਗਾਰੰਟੀ ਦੋ ਪਾਸਿਆਂ ਤੋਂ ਹੋਣੀ ਚਾਹੀਦੀ ਹੈ; ਇੱਕ ਗੌਰਮਿੰਟ ਦੇ ਪਾਸੇ ਤੋਂ ਹੋਣੀ ਚਾਹੀਦੀ ਹੈ ਉਹ ਇਹ ਕਿ ਗੌਰਮਿੰਟ ਪ੍ਰੈਸ ਨੂੰ ਕਿਸੇ ਕਿਸਮ ਦਾ ਦਬਾ ਨਾ ਪਾਏ। ਅਸੰਬਲੀ ਦੀਆਂ ਪ੍ਰੋਸੀਡਿੰਗਜ਼ ਪ੍ਰੈਸ ਆਜ਼ਾਦੀ ਨਾਲ ਛਾਪ ਸਕੇ। ਅੱਜ ਹਿੰਦੁਸਤਾਨ ਵਿਚ ਫਰੀਡਮ ਆਫ ਪ੍ਰੈਸ ਹੋਰ ਪਾਸਿਉਂ ਕਰਬ ਹੁੰਦੀ ਹੈ ਪ੍ਰੋਪ੍ਰਾਇਟਰਾਂ ਤੋਂ। ਉਹ ਆਪਣੀ ਮਰਜ਼ੀ ਦੇ ਖਿਲਾਫ ਉਨ੍ਹਾਂ ਨੂੰ ਲਿਖਣ ਨਹੀਂ ਦਿੰਦੇ। ਜੇ ਉਹ ਉਨ੍ਹਾਂ ਦੀ ਮਰਜ਼ੀ ਦੇ ਖਿਲਾਫ ਲਿਖਦਾ ਹੈ ਤਾਂ ਉਸ ਨੂੰ ਚੁਕ ਕੇ ਬਾਹਰ ਮਾਰਦੇ ਹਨ। ਪੰਜਾਬ ਸਰਕਾਰ ਇਸ ਪਾਸੇ ਚੰਗਾ ਕਦਮ ਚੁਕੇ ਔਰ ਸੈਂਟਰ ਦੀ ਸਰਕਾਰ ਨੂੰ ਕਹੇ ਕਿ ਪ੍ਰੈਸ ਬਿਰਲੇ ਔਰ ਟਾਟੇ ਦੀ ਮਲਕੀਅਤ ਨਹੀਂ ਹੋਣੀ ਚਾਹੀਦੀ ਹੈ।

ਆਖਰੀ ਗਲ ਕਹਿਣਾ ਚਾਹੁੰਦਾ ਹਾਂ ਕਿ ਸਰਦਾਰ ਖੁਸ਼ਵੰਤ ਸਿੰਘ ਇਲਸਟ੍ਰੇਟਿਡ ਵੀਕਲੀ ਦੇ ਐਡੀਟਰ ਸਨ। ਇਹ ਇੱਕ ਬਿਜ਼ਨੈਸਮੈਨ ਦਾ ਅਖਬਾਰ ਹੈ। ਇਹ ਟਾਈਮਜ਼ ਆਫ ਇੰਡੀਆ ਵਿਚੋਂ ਇੱਕ ਹੈ। ਇਲਸਟ੍ਰੇਟਿਡ ਵੀਕਲੀ ਦੀ ਸਰਕੁਲੇਸ਼ਨ ਬਹੁਤ ਵਧ ਗਈ ਔਰ ਉਨ੍ਹਾਂ ਦੇ ਵੀਉਜ਼ ਚਲਦੇ ਗਏ। ਪਰ ਉਸ ਲਈ ਸਰਦਾਰ ਖੁਸ਼ਵੰਤ ਸਿੰਘ ਨੂੰ ਸੈਕ ਕੀਤਾ ਗਿਆ। ਜਿਸ ਤਾਰੀਖ ਨੂੰ ਉਸ ਨੇ ਜਾਣਾ ਸੀ ਉਸ ਨੂੰ ਬੇਇਜ਼ਤ ਕਰਕੇ ਕੱਢ ਦਿੱਤਾ ਗਿਆ। ਖੁਸ਼ਵੰਤ ਸਿੰਘ ਦੇ ਲੜਕੇ ਨੇ ਫੇਅਰਵੈਲ ਦਾ ਐਡੀਟੋਰੀਅਲ ਲਿਖਿਆ ਸੀ ਕਿ ਖੁਸ਼ਵੰਤ ਸਿੰਘ ਨੂੰ ਇਲਸਟ੍ਰੇਟਿਡ ਵੀਕਲੀ ਦੇ ਐਡੀਟਰਸ਼ਿਪ ਤੋਂ ਹਿੰਦੁਸਤਾਨ ਦੇ ਪ੍ਰਧਾਨ ਮੰਤਰੀ ਦੇ ਇਸ਼ਾਰੇ ਤੇ ਹਟਾਇਆ ਗਿਆ ਹੈ (ਸ਼ੇਮ, ਸ਼ੇਮ) ਇਸ ਬਿਲ ਨੂੰ ਮੈਂ ਵੈਲਕੰਮ ਕਰਦਾ ਹਾਂ, ਸਪੋਰਟ ਕਰਦਾ ਹਾਂ ਔਰ ਨਾਲ ਹੀ ਇਹ ਬੇਨਤੀ ਕਰਦਾ ਹਾਂ ਕਿ ਪ੍ਰੈਸ ਨੂੰ ਰੀਅਲ ਫਰੀਡਮ ਹੋਣੀ ਚਾਹੀਦੀ ਹੈ। ਜਿਹੜੀ ਇਨਵਿਜ਼ੇਬਲ ਸੈਂਸਰਸ਼ਿਪ ਹੁੰਦੀ ਹੈ ਗੌਰਮਿੰਟ ਵਲੋਂ ਅਤੇ ਬਿਜ਼ਨੈਸਮੈਨ ਵਲੋਂ ਉਹ ਬੰਦ ਕਰਨੀ ਚਾਹੀਦੀ ਹੈ।

ਇਨ੍ਹਾਂ ਗੱਲਾਂ ਨਾਲ ਮੈਂ ਇਸ ਬਿਲ ਦੀ ਸਪੋਰਟ ਕਰਦਾ ਹਾਂ।

**ਮਾਸਟਰ ਚੰਦ ਸਿੰਘ** (ਸ਼ੇਰਪੁਰ, ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਿਲ ਦੀ ਸਪੋਰਟ ਕਰਨ ਲਈ ਖੜਾ ਹੋਇਆ ਹਾਂ। (ਵਿਘਨ)

**ਸ੍ਰੀ ਡਿਪਟੀ ਸਪੀਕਰ** : ਮੈਂ ਤੁਹਾਨੂੰ ਬੇਨਤੀ ਕਰਾਂਗਾ ਕਿ ਸਮੇਂ ਦਾ ਧਿਆਨ ਰੱਖਿਆ ਜਾਏ।

**ਮਾਸਟਰ ਚੰਦ ਸਿੰਘ** : ਡਿਪਟੀ ਸਪੀਕਰ ਸਾਹਿਬ, ਇਹ ਬਿਲ ਲਿਆਉਣ ਨਾਲ ਪ੍ਰੈਸ ਦੀ ਆਜ਼ਾਦੀ ਰਿਸਟੋਰ ਹੁੰਦੀ ਹੈ। ਜੇ ਪ੍ਰੈਸ ਨੂੰ ਆਜ਼ਾਦੀ ਹੋਏਗੀ ਤਾਂ ਸਾਰੀਆਂ ਸਟੇਟਸ ਚਾਹੇ ਕੋਈ ਪੰਜਾਬ ਹੋਵੇ, ਚਾਹੇ ਹਰਿਆਣਾ ਹੋਵੇ, ਚਾਹੇ ਹਿਮਾਚਲ ਪ੍ਰਦੇਸ਼ ਹੋਵੇ ਜਾਂ ਯੂ.ਪੀ. ਹੋਵੇ ਤਾਂ ਸਰਕਾਰ ਦੀਆਂ ਮੰਦੀਆਂ ਅਤੇ ਚੰਗੀਆਂ ਪਾਲਿਸੀਆਂ ਲੋਕਾਂ ਦੇ ਸਾਹਮਣੇ ਸਹੀ ਰੂਪ ਵਿਚ ਪੇਸ਼ ਕੀਤੀਆਂ ਜਾ ਸਕਣ-

Original with;
Punjab Vidhan Sabha
Digitized by;
Panjab Digital Library

ਗੀਆਂ। ਪਰ ਡਿਪਟੀ ਸਪੀਕਰ ਸਾਹਿਬ, ਇਸ ਗੱਲ ਨੂੰ ਮੱਦੇ ਨਜ਼ਰ ਰੱਖਦੇ ਹੋਏ ਹਿੰਦੁਸਤਾਨ ਵਿਚ ਪ੍ਰੈਸ ਨੂੰ ਪੂਰੀ ਆਜ਼ਾਦੀ ਦੇਣ ਲਈ ਜਨਤਾ ਪਾਰਟੀ ਨੇ ਆਪਣੇ ਚੋਣ ਮੈਨੀਫੈਸਟੋ ਵਿਚ ਇਹ ਗੱਲ ਰੱਖੀ ਸੀ। ਇਹ ਬਹੁਤ ਚੰਗੀ ਗੱਲ ਕੀਤੀ ਗਈ ਹੈ ਕਿ ਪ੍ਰੈਸ ਨੂੰ ਆਜ਼ਾਦੀ ਦਿੱਤੀ ਜਾ ਰਹੀ ਹੈ (ਥੰਪਿੰਗ)।

ਅੱਜ ਇਸ ਦੇ ਪਿਛੋਕੜ ਵਿਚ ਜਾਣ ਦੀ ਲੋੜ ਹੈ। ਪਿਛਲੇ ਸਮੇਂ ਵਿੱਚ ਐਮਰਜੈਂਸੀ ਦੇ ਦੌਰਾਨ ਜੋ ਸਰਕਾਰ ਦੇ ਮਾੜੇ ਕੰਮ ਹੁੰਦੇ ਸਨ ਉਹ ਅਖਬਾਰਾਂ ਅੰਦਰ ਛਾਪਣ ਨਹੀਂ ਦਿੱਤੇ ਜਾਂਦੇ ਸਨ। 1975 ਤੋਂ ਪਹਿਲਾਂ ਜਦੋਂ ਐਮਰਜੈਂਸੀ ਲਗੀ ਸੀ ਸਾਰੇ ਅਖਬਾਰਾਂ ਵਿਚ ਬੜੇ ਵਡੇ ਵਡੇ ਸਕੈਂਡਲ , ਸਰਕਾਰ ਦੇ ਸਕੈਂਡਲ ਲੋਕਾਂ ਸਾਹਮਣੇ ਰਖੇ ਜਾਂਦੇ ਸਨ। ਪਰ ਜਦੋਂ ਐਮਰਜੈਂਸੀ ਲਗੀ ਤਾਂ ਸਰਕਾਰ ਦੇ ਬੁਰੇ ਕੰਮਾਂ ਨੂੰ ਅਖਬਾਰਾਂ ਵਿਚ ਛਾਪਣ ਨਹੀਂ ਦਿੱਤਾ ਜਾਂਦਾ ਸੀ। ਪਾਰਲੀਮੈਂਟ ਵਿੱਚ, ਅਸੰਬਲੀ ਵਿਚ ਜਦੋਂ ਆਨਰੇਬਲ ਮੈਂਬਰਜ਼ ਆਪਣੀਆਂ ਤਕਰੀਰਾਂ ਕਰਦੇ ਹੋਏ ਸਰਕਾਰ ਦੇ ਸਕੈਂਡਲਾਂ ਨੂੰ ਨੰਗਾ ਕਰਦੇ ਸਨ ਤਾਂ ਉਨ੍ਹਾਂ ਨੂੰ ਅਖਬਾਰਾਂ ਅੰਦਰ ਛਾਪਣ ਨਹੀਂ ਦਿੱਤਾ ਜਾਂਦਾ ਸੀ । ਇਸ ਗਲ ਨਾਲ ਪ੍ਰੈਸ ਦਾ ਗਲਾ ਘੁਟਿਆ ਗਿਆ ਸੀ। ਲੋਕਾਂ ਦੀ ਆਵਾਜ਼ ਅਸੰਬਲੀ ਤੋਂ ਬਾਹਰ ਨਹੀਂ ਸੀ ਜਾਣ ਦਿੱਤੀ ਜਾਂਦੀ। ਇਸ ਕਰਕੇ ਕਿ ਅਸੰਬਲੀ ਵਿਚੋਂ ਕੋਈ ਗਲ ਬਾਹਰ ਨਾ ਜਾਏ ਇਥੇ ਗੈਲਰੀਆਂ ਵਿਚ ਵਿਜ਼ਿਟਰਜ਼ ਨਹੀਂ ਬਿਠਾਏ ਜਾਂਦੇ ਸਨ ਔਰ ਵਿਜ਼ਿਟਰਜ਼ ਗੈਲਰੀਜ਼ ਖਾਲੀ ਹੁੰਦੀਆਂ ਸਨ ।

ਹਿੰਦੁਸਤਾਨ ਵਿਚ ਐਮਰਜੈਂਸੀ ਵਿਚ ਪ੍ਰੈਸ ਦਾ ਬੁਰਾ ਹਾਲ ਸੀ ਔਰ ਅੱਜ ਇਸ ਬਿਲ ਰਾਹੀਂ ਪ੍ਰੈਸ ਨੂੰ ਆਜ਼ਾਦੀ ਮਿਲਣੀ ਹੈ। ਇਸ ਲਈ ਪ੍ਰੈਸ ਨੂੰ ਚਾਹੀਦਾ ਹੈ ਕਿ ਭਾਵੇਂ ਕੋਈ ਵੀ ਪਾਰਟੀ ਹੋਵੇ ਜਿਸ ਪਾਰਟੀ ਦੀਆਂ ਗਲਤ ਪਾਲਿਸੀਆਂ ਹਨ ਉਨ੍ਹਾਂ ਨੂੰ ਸਹੀ ਤਰੀਕੇ ਨਾਲ ਲੋਕਾਂ ਦੇ ਸਾਹਮਣੇ ਲਿਆਂਦਾ ਜਾਏ। ਇਹ ਉਨ੍ਹਾਂ ਦੀ ਪ੍ਰੈਸ ਦੀ ਡਿਊਟੀ ਹੈ। ਅੱਗੇ ਐਮਰਜੈਂਸੀ ਵਿਚ ਜੇ ਕਿਸੇ ਅਖਬਾਰ ਨੇ ਕਾਂਗਰਸ ਸਰਕਾਰ ਦੇ ਖਿਲਾਫ ਕੋਈ ਖਬਰ ਛਾਪਣ ਦੀ ਜੁਰਅਤ ਕੀਤੀ ਤਾਂ ਉਸ ਨੂੰ ਬੰਦ ਕਰ ਦਿੱਤਾ ਗਿਆ ਸੀ। ਉਨ੍ਹਾਂ ਪ੍ਰੈਸਾਂ ਨੂੰ ਜੰਦਰੇ ਮਾਰੇ ਗਏ ਸਨ। ਉਨ੍ਹਾਂ ਨੂੰ ਜੁਰਮਾਨਾ ਕੀਤਾ ਗਿਆ ਸੀ। ਇਸੇ ਤਰ੍ਹਾਂ ਪੰਜਾਬ ਵਿਚ ਜਦੋਂ ਐਮਰਜੈਂਸੀ ਲਗਾਈ ਗਈ ਤਾਂ ਲੋਕ ਲਹਿਰ ਅਖਬਾਰ ਡੇਲੀ ਲੋਕਾਂ ਨੂੰ ਤਕਰੀਬਨ ਹਰ ਖਬਰ ਤੇ ਲੋਕਾਂ ਨੂੰ ਰੋਸ਼ਨੀ ਪਾਉਂਦਾ ਸੀ। ਕਿਉਂਕਿ ਉਸ ਅਖਬਾਰ ਦੀਆਂ ਖਬਰਾਂ ਕੱਟ ਦਿੱਤੀਆਂ ਜਾਂਦੀਆਂ ਸਨ, ਇਸ ਲਈ ਉਸ ਅਖਬਾਰ ਨੂੰ ਹਫਤਾਵਾਰ ਕਰਨਾ ਪਿਆ। ਅੱਜ ਇਹ ਜਿਹੜੀ ਪ੍ਰੈਸ ਨੂੰ ਆਜ਼ਾਦੀ ਹੈ ਇਹ ਜੇਕਰ ਨਹੀਂ ਦਿੰਦੇ ਤਾਂ ਜੋ ਸਰਕਾਰ ਲੋਕਾਂ ਨਾਲ ਵਾਅਦਾ ਕਰਕੇ ਆਈ ਹੈ ਉਹ ਵਾਅਦਾ ਪੂਰਾ ਹੋਇਆ ਨਹੀਂ ਸਮਝਿਆ ਜਾਏਗਾ। ਪਿਛਲੇ ਸਮੇਂ ਵਿਚ ਪ੍ਰੈਸ ਕਾਰਸਪੌਂਡੈਂਟਸ ਨੇ ਰੋਸ ਪ੍ਰਗਟ ਕੀਤਾ ਸੀ ਕਿ ਸੈਂਸਰਸ਼ਿਪ ਜੋ ਲਗ ਜਾਂਦੀ ਹੈ ਉਸ ਨੂੰ ਅਪਰੂਵ ਨਹੀਂ ਕਰਨਾ ਚਾਹੀਦਾ ਹੈ। ਉਸ ਵੇਲੇ ਅਫਸਰ ਆਪਣੀ ਮਨ-ਮਾਨੀ ਕਰਦੇ ਸਨ। ਇਸ ਲਈ ਇਸ ਵਲ ਵੀ ਧਿਆਨ ਦੇਣ ਦੀ ਲੋੜ ਹੈ। ਔਰ ਕਾਰਸਪੌਂਡੈਂਟਸ ਦੀ ਰਾਖੀ ਵੀ ਬਹੁਤ ਜ਼ਰੂਰੀ ਹੈ। ਜੇ ਇਨ੍ਹਾਂ ਕਾਰਸਪੌਂਡੈਂਟਸ ਤੇ ਕਿੱਚੜ ਸਿਟਿਆ ਜਾਏ ਤਾਂ ਇਹ ਲੋਕਾਂ ਸਾਹਮਣੇ ਸਹੀ ਹਾਲਾਤ ਕਿਸ ਤਰ੍ਹਾਂ ਨਾਲ ਰੱਖ ਸਕਣਗੇ। ਇਸ ਲਈ ਇਨ੍ਹਾਂ ਨਾਲ ਵਿਹਾਰ ਠੀਕ ਤਰ੍ਹਾਂ ਨਾਲ ਕਰਨਾ ਚਾਹੀਦਾ ਹੈ ਤਾਂ ਹੀ ਪ੍ਰੈਸ ਦੀ ਆਜ਼ਾਦੀ ਠੀਕ ਰਹਿ ਸਕੇਗੀ ਨਹੀਂ ਤਾਂ ਫਿਰ ਘਪਲੇ ਵਾਲੀ ਗਲ ਹੋਵੇਗੀ। ਮੈਨੂੰ ਪਤਾ ਹੈ ਕਿ ਸਪੀਕਰ ਸਾਹਿਬ ਨੇ ਰੂਲਿੰਗ ਦਿੱਤੀ ਹੈ। ਮੈਂ ਉਸ ਤੇ ਕੋਈ ਟੀਕਾ ਟਿਪਣੀ ਨਹੀਂ ਕਰਨਾ ਚਾਹੁੰਦਾ। ਪਰ ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਥੀਨ ਡੈਮ ਦਾ ਝਗੜਾ ਹੋਇਆ (ਵਿਘਨ) ਇਸ ਬਾਰੇ ਗੁਰਦਾਸਪਰ ਤੋਂ ਖਬਰ ਆਉਣ ਦੀ ਕੋਈ ਲੋੜ ਨਹੀਂ। ਇਸ ਨੂੰ ਕੰਡੈਮ ਕਰਨਾ ਚਾਹੀਦਾ

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]

ਹੈ (ਵਿਘਨ) ਪ੍ਰੈਸ ਨੂੰ ਖੁਲ੍ਹੀ ਆਜ਼ਾਦੀ ਦਿੱਤੀ ਹੈ, ਮੈਂ ਇਸ ਨੂੰ ਵੈਲਕੰਮ ਕਰਦਾ ਹਾਂ। ਅੱਜ ਖੇਤੀ ਬਾੜੀ ਮੰਤਰੀ ਨੇ ਵੀ ਦਸਿਆ ਹੈ ਕਿ ਪਹਿਲਾਂ ਪ੍ਰੈਸ ਦੀ ਆਜ਼ਾਦੀ ਨਾ ਹੋਣ ਕਾਰਣ ਪਹਿਲਾਂ ਜਦੋਂ ਕਾਂਗਰਸ ਸਰਕਾਰ ਸੀ ਉਦੋਂ ਕਪਾਹ, ਨਰਮੇਂ ਦੇ ਭਾਅ ਮਿਥ ਕੇ ਕਿਸਾਨ ਦਾ ਗਲਾ ਘੁਟਿਆ ਗਿਆ। 20 ਕਰੋੜ ਰੁਪਏ ਤੋਂ ਵਧ ਮਿਲ ਮਾਲਕਾਂ ਨੂੰ ਦਿਵਾ ਦਿੱਤਾ ਗਿਆ। ਅਜਿਹੀਆਂ ਗਲਾਂ ਜਿਹੜੀਆਂ ਕਿ ਕਿਸਾਨਾਂ ਦੇ ਹਿੱਤਾਂ ਵਿਚ ਹੁੰਦੀਆਂ ਸਨ ਜਾਂ ਮਜ਼ਦੂਰਾਂ ਦੇ ਹਿੱਤਾਂ ਵਿਚ ਹੁੰਦੀਆਂ ਸਨ ਉਹ ਪ੍ਰੈਸ ਵਿਚ ਨਹੀਂ ਆਉਣ ਦਿੱਤੀਆਂ ਜਾਂਦੀਆਂ ਸਨ। ਉਸ ਵੇਲੇ ਦੀ ਕਾਂਗਰਸ ਸਰਕਾਰ ਨੇ 20 ਕਰੋੜ ਰੁਪਿਆ ਮਿਲ ਮਾਲਕਾਂ ਨੂੰ ਦਿਵਾ ਦਿੱਤਾ ਜਿਹੜਾ ਕਿ ਕਿਸਾਨਾਂ ਨੂੰ ਜਾਣਾ ਚਾਹੀਦਾ ਸੀ। ਪ੍ਰੈਸ ਦੀ ਆਜ਼ਾਦੀ ਇੱਕ ਅਹਿਮ ਗੱਲ ਹੈ। ਇਹ ਹੋਣਾ ਚਾਹੀਦਾ ਹੈ। ਮੈਂ ਆਪਣੀ ਪਾਰਟੀ ਵਲੋਂ ਇਸ ਬਿਲ ਦੀ ਸਪੋਰਟ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਇਸ ਬਿਲ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾਏ।

**ਸ੍ਰੀ ਖੁਸ਼ਹਾਲ ਬਹਿਲ** : ਮੈਂ ਵੀ ਇਸ ਬਿਲ ਤੇ ਬੋਲਣਾ ਚਾਹੁੰਦਾ ਹਾਂ (ਵਿਘਨ)

**ਸ੍ਰੀ ਡਿਪਟੀ ਸਪੀਕਰ** : ਤੁਹਾਨੂੰ ਵੀ ਟਾਈਮ ਦਿਆਂਗੇ। ਪਰ ਹੁਣ ਰਮੇਸ਼ ਚੰਦਰ ਜੀ ਬੋਲਣਗੇ।

**ਸ੍ਰੀ ਰਮੇਸ਼ ਚੰਦਰ** (ਜਲੰਧਰ ਉੱਤਰ) : ਡਿਪਟੀ ਸਪੀਕਰ ਸਾਹਿਬ, ਮੈਂ ਪੰਜਾਬ ਦੀ ਜਨਤਾ ਵਲੋਂ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ ਕਿਉਂਕਿ ਐਸੇ ਕਦਮ ਚੁਕੇ ਜਾ ਰਹੇ ਹਨ ਜਿਸ ਦੀ ਪਹਿਲਾਂ ਸਟੇਟ ਵਿਚ ਕੋਈ ਮਿਸਾਲ ਨਹੀਂ ਮਿਲਦੀ। ਤੁਹਾਨੂੰ ਪਤਾ ਹੈ ਕਿ ਐਮਰਜੈਂਸੀ ਦੇ ਵਿਚ ਪਾਰਲੀਮੈਂਟ ਕੋਲੋਂ ਇਹ ਹੱਕ ਖੋਹ ਲਿਆ ਸੀ ਕਿ ਜਿਹੜੀ ਕੋਈ ਸਰਕਾਰ ਦੇ ਖਿਲਾਫ ਪਾਰਲੀਮੈਂਟ ਅੰਦਰ ਗੱਲ ਕਹੀ ਜਾਵੇ ਉਹ ਪ੍ਰੈਸ ਵਿਚ ਨਾ ਆ ਸਕੇ। ਇਹ ਹੱਕ ਖੋਹਣ ਵਾਲੇ ਕੌਣ ਸਨ ? ਇਹ ਹੱਕ ਖੋਹਣ ਵਾਲੇ ਇਹੀ ਲੋਕ ਸਨ ਜਿਹੜੇ ਅੱਜ ਆਪੋਜ਼ੀਸ਼ਨ ਵਿਚ ਬੈਠੇ ਹਨ। ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਵੀ ਪਤਾ ਹੈ ਕਿ ਤੁਹਾਨੂੰ ਜੇਲ੍ਹ ਵਿਚ ਪਾਉਣ ਵਾਲੇ ਵੀ ਇਹੀ ਲੋਕ ਸਨ (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਇਨ੍ਹਾਂ ਨੇ ਪ੍ਰੈਸ ਦੀ ਜ਼ਬਾਨ ਬੰਦ ਕੀਤੀ ਸੀ। ਅੱਜ ਇਹ ਖੜੇ ਹੋ ਕੇ ਕਹਿੰਦੇ ਹਨ ਕਿ ਸਰਕਾਰ ਨੇ ਅੱਛਾ ਕੀਤਾ ਹੈ ਕਿ ਅਜਿਹਾ ਬਿਲ ਪੇਸ਼ ਕੀਤਾ ਹੈ। ਮੈਂ ਉਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਦੋਂ ਉਹ ਕਿਥੇ ਗਏ ਹੋਏ ਸਨ ਜਦੋਂ ਇੰਦਰਾ ਗਾਂਧੀ ਨੇ ਹੱਕ ਖੋਹ ਲਏ ਸਨ। ਕੋਈ ਵੀ ਆਪਣੀ ਗੱਲ ਨਹੀਂ ਸੀ ਕਹਿ ਸਕਦਾ। ਸਾਰਿਆਂ ਦੀ ਜ਼ਬਾਨ ਬੰਦ ਕਰ ਦਿਤੀ ਗਈ ਸੀ। ਅੱਜ ਡਾਂਗ ਸਾਹਿਬ ਵੀ ਕਹਿੰਦੇ ਹਨ ਕਿ ਬਿੱਲ ਪਾਸ ਕੀਤਾ ਜਾ ਰਿਹਾ ਹੈ, ਬੜਾ ਅੱਛਾ ਕੀਤਾ ਜਾ ਰਿਹਾ ਹੈ। ਇਨ੍ਹਾਂ ਲੋਕਾਂ ਨੇ ਉਦੋਂ ਇੰਦਰਾ ਗਾਂਧੀ ਦੀ ਹਮਾਇਤ ਕੀਤੀ ਸੀ ਜਦ ਕਿ ਅਸੀਂ ਇਨ੍ਹਾਂ ਦੇ ਖਿਲਾਫ ਬੋਲਦੇ ਸੀ। (ਵਿਘਨ) ਕਿਸੇ ਨੇ ਕਿਹਾ ਕਿ ਮੈਂ ਨਹੀਂ ਮੰਨਦਾ। ਉਹ ਕਹਿਣ ਲੱਗਾ ਕਿ ਜੇ ਤੂੰ ਨਹੀਂ ਮੰਨਦਾ ਤਾਂ ਕੀ ਹੋਵੇਗਾ। ਇਸ ਤੇ ਉਹ ਕਹਿਣ ਲੱਗਾ ਕਿ ਉਸੇ ਤਨਖਾਹ ਤੇ ਕੰਮ ਕਰਾਂਗਾ। (ਹਾਸਾ) ਇਹ ਹਾਲ ਇਨ੍ਹਾਂ ਕਮਿਊਨਿਸਟਾਂ ਦਾ ਹੈ। ਇਹ ਉਨ੍ਹਾਂ ਦੀ ਹਮਾਇਤ ਕਰਦੇ ਸਨ। ਇਹ ਡਿਕਟੇਟ-ਰਾਨਾ ਪਾਲਿਸੀ ਦੀ ਹਮਾਇਤ ਕਰਦੇ ਸਨ। ਅੱਜ ਇਹ ਗੈਲਰੀਆਂ ਵਿਚ ਬੈਠੇ ਲੋਕਾਂ ਨੂੰ ਸੁਣਾ ਕੇ ਸੱਚੇ ਹੋ ਰਹੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਵੇਲੇ ਸੈਂਸਰਸ਼ਿਪ ਲੱਗੀ ਹੋਈ ਸੀ ਤਾਂ ਕੀ ਉਦੋਂ ਇਨ੍ਹਾਂ ਨੇ ਪ੍ਰੋਟੈਸਟ ਕੀਤਾ ਸੀ ? (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਇਹ ਬਿਲਕੁਲ ਇਨ੍ਹਾਂ ਦੀ ਦੋਗਲੀ ਪਾਲਿਸੀ ਹੈ। (ਵਿਘਨ) ਜਦ ਇਹ ਲੋਕ ਫਿਰ ਪਾਵਰ ਵਿਚ ਆਉਣਗੇ ਤਾਂ ਫਿਰ ਇਨ੍ਹਾਂ ਨੇ ਪ੍ਰੈਸ ਤੇ ਪਾਬੰਦੀ ਲਗਾਉਣੀ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਇਹ ਜਿਹੜੀ ਅਜ ਪ੍ਰੈਸ ਦੀ ਆਜ਼ਾਦੀ ਬਹਾਲ ਕੀਤੀ ਜਾ

Original with;
Punjab Vidhan Sabha
Digitized by;
Panjab Digital Library

ਰਹੀ ਹੈ, ਅੱਜ ਦਾ ਦਿਨ ਬੜਾ ਸੁਨਹਿਰੀ ਦਿਨ ਹੈ। ਇਸ ਦੀ ਦੂਜੇ ਸੂਬੇ ਵੀ ਨਕਲ ਕਰਨਗੇ। (ਤਾੜੀ-ਆਂ) ਡਿਪਟੀ ਸਪੀਕਰ ਸਾਹਿਬ, ਉਦੋਂ 106 ਅਖਬਾਰਾਂ ਨੂੰ ਬਲੈਕ ਲਿਸਟ ਕੀਤਾ ਗਿਆ। ਇੰਦਰਾ ਗਾਂਧੀ ਦੀ ਸਰਕਾਰ ਨੇ, ਜਿਸ ਦੀ ਕਮਿਉਨਿਸਟ ਹਮਾਇਤ ਕਰਦੇ ਸਨ ਪ੍ਰੈਸ ਦੇ ਹੱਥ ਕੱਟੇ ਸਨ। ਸਾਰੇ ਹਿੰਦੁਸਤਾਨ ਵਿਚ ਸੈਂਸਰਸ਼ਿਪ ਲਗਾਈ ਸੀ। ਅੱਜ ਇਹ ਕਹਿੰਦੇ ਹਨ ਕਿ ਵਰਕਿੰਗ ਕਲਾਸ ਨੂੰ ਆਜ਼ਾਦੀ ਨਹੀਂ ਹੈ।

**ਸਰਦਾਰ ਲਾਲ ਸਿੰਘ** : ** ** **

**Mr. Deputy Speaker :** This is no point of order.

**ਸ੍ਰੀ ਰਮੇਸ਼ ਚੰਦਰ** : ਅੱਜ ਇਹ ਕਹਿੰਦੇ ਹਨ ਕਿ ਵਰਕਿੰਗ ਕਲਾਸ ਨੂੰ ਆਜ਼ਾਦੀ ਨਹੀਂ ਹੈ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਟਰੀਬਿਊਨ ਅਖਬਾਰ ਦੇ ਐਡੀਟਰ ਸ੍ਰੀ ਨਈਅਰ ਨੂੰ ਦਿੱਲੀ ਬੁਲਾ ਕੇ ਧਮਕੀ ਦਿਤੀ ਗਈ ਕਿ ਜੇ ਤੂੰ ਇਹੋ ਜਿਹੇ ਆਰਟੀਕਲ ਲਿਖੇਂਗਾ ਤਾਂ ਤੈਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ। ਇਥੇ ਹੀ ਬੱਸ ਨਹੀਂ ਇੰਡੀਅਨ ਐਕਸ ਪ੍ਰੈਸ ਦੇ ਅਸਿਸਟੈਂਟ ਐਡੀਟਰ ਸ੍ਰੀ ਕੁਲਦੀਪ ਨਈਅਰ ਨੂੰ ਗ੍ਰਿਫਤਾਰ ਕੀਤਾ ਗਿਆ। ਉਸ ਨੇ ਕੋਰਟ ਵਿਚ ਜਾ ਕੇ ਰਿਹਾਈ ਲਈ ਸੀ। ਲਾਲਾ ਜਗਤ ਨਰਾਇਣ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਉਦੋਂ ਇਨ੍ਹਾਂ ਦੀ ਜ਼ਬਾਨ ਕਿਉਂ ਬੰਦ ਸੀ। ਉਦੋਂ ਇਹ ਕਿਉਂ ਨਾ ਬੋਲੇ। ਅੱਜ ਸੱਚੇ ਹੋਣ ਲਈ ਗੈਲਰੀਆਂ ਵਿਚ ਬੈਠੇ ਲੋਕਾਂ ਨੂੰ ਸੁਣਾ ਰਹੇ ਹਨ। ਅੱਜ ਵੀ, ਡਿਪਟੀ ਸਪੀਕਰ ਸਾਹਿਬ, ਇਹ ਲੋਕ ਜਿਹੜੇ ਇੰਦਰਾ ਗਾਂਧੀ ਦੀ ਹਮਾਇਤ ਕਰਦੇ ਸਨ, ਇਨ੍ਹਾਂ ਨੇ 45 ਵੀਂ ਅਮੈਂਡਮੈਂਟ ਦੀ ਮੁਖਾਲਫਿਤ ਕੀਤੀ ਹੈ। ਇਨ੍ਹਾਂ ਨੇ ਰਿਫਰੈਂਡਮ ਕਲਾਸ ਦੀ ਮੁਖਾਲਫਤ ਕੀਤੀ ਹੈ। ਸਾਡੀ ਸਰਕਾਰ ਤਾਂ ਲੋਕਾਂ ਨੂੰ ਹੱਕ ਦੇਣਾ ਚਾਹੁੰਦੀ ਹੈ ਪਰ ਇਹ ਲੋਕ ਇਸ ਦੀ ਵਿਰੋਧਤਾ ਕਰ ਰਹੇ ਹਨ। (ਵਿਘਨ) ਜਦ ਕਦੇ ਇਹ ਲੋਕ ਫਿਰ ਪਾਵਰ ਵਿਚ ਆਉਣਗੇ ਤਾਂ ਇਹ ਫਿਰ ਪ੍ਰੈਸ ਦਾ, ਲੋਕਾਂ ਦਾ ਗਲਾ ਘੁੱਟਣਗੇ। ਇਹ ਲੋਕਾਂ ਨੂੰ ਜੇਲ੍ਹਾਂ ਵਿਚ ਭੇਜਣਗੇ। ਪ੍ਰੈਸ ਨੂੰ ਐਮਰਜੈਂਸੀ ਦੇ ਦੌਰਾਨ ਜੋ ਹੱਥ ਲੱਗੇ ਹਨ ਉਹ ਉਨ੍ਹਾਂ ਨੇ ਬਰਦਾਸ਼ਤ ਕੀਤੇ। (ਵਿਘਨ) ਹੁਣ ਲੋਕ ਇੰਦਰਾ ਗਾਂਧੀ ਦੀ ਡਿਕਟੇਟਰ ਸ਼ਿਪ ਨੂੰ ਬਰਦਾਸ਼ਤ ਨਹੀਂ ਕਰਨਗੇ। (ਤਾੜੀਆਂ)

**Mr. Deputy Speaker :** Please try to wind up.

**ਸ੍ਰੀ ਰਮੇਸ਼ ਚੰਦਰ** : ਪਾਰਲੀਮੈਂਟ ਵਿਚ ਪ੍ਰੈਸ ਤੇ ਪਾਬੰਦੀ ਲੱਗੀ ਹੋਈ ਸੀ। ਕਿਉਂਕਿ ਇੰਦਰਾ ਗਾਂਧੀ ਨਹੀਂ ਸੀ ਚਾਹੁੰਦੀ ਕਿ ਪਾਰਲੀਮੈਂਟ ਦੇ ਵਿਚ ਜਿਹੜੇ ਸਰਕਾਰ ਦੇ ਕਾਲੇ ਕੰਮ ਦੱਸੇ ਜਾਂਦੇ ਹਨ ਉਹ ਪ੍ਰੈਸ ਰਾਹੀਂ ਲੋਕਾਂ ਦੇ ਸਾਹਮਣੇ ਆਉਣ ਅਤੇ ਲੋਕ ਉਨ੍ਹਾਂ ਨੂੰ ਪੜ੍ਹ ਸਕਣ। ਅੱਜ ਸਾਡੀ ਸਰਕਾਰ ਨੇ ਕਾਨੂੰਨ ਬਦਲ ਕੇ ਪ੍ਰੈਸ ਨੂੰ ਆਜ਼ਾਦੀ ਦੇ ਕੇ ਬੜਾ ਸਾਨਦਾਰ ਕੰਮ ਕੀਤਾ ਹੈ। ਇਸ ਅੱਛੇ ਕੰਮ ਲਈ ਪ੍ਰੈਸ ਹਮੇਸ਼ਾ ਯਾਦ ਰਖੇਗਾ। ਮੈਂ ਸਮਝਦਾ ਹਾਂ ਕਿ ਐਨੀ ਪ੍ਰੈਸ ਨੂੰ ਆਜ਼ਾਦੀ ਇਨ੍ਹਾਂ ਨੇ ਪਿਛਲੇ 30 ਸਾਲਾਂ ਦੇ ਰਾਜ ਵਿਚ ਨਹੀਂ ਦਿਤੀ। (ਤਾੜੀਆਂ) ਪ੍ਰੈਸ ਦੀ ਆਜ਼ਾਦੀ ਜਮਹੂਰੀਅਤ ਦੀ ਬਹਾਲੀ ਦਾ ਇਕ ਸ਼ਾਨਦਾਰ ਚਿੰਨ੍ਹ ਹੈ। ਇਹ ਸਰਕਾਰ ਨੇ ਬੜਾ ਸ਼ਲਾਘਾਯੋਗ ਕਦਮ ਚੁਕਿਆ ਹੈ। ਇਸ ਦੇ ਲਈ ਮੈਂ ਸਰਕਾਰ ਨੂੰ ਮੁਬਾਰਕ-ਬਾਦ ਦਿੰਦਾ ਹਾਂ।

**ਸ੍ਰੀ ਖੁਸ਼ਹਾਲ ਬਹਿਲ** (ਗੁਰਦਾਸਪੁਰ) : ਡਿਪਟੀ ਸਪੀਕਰ ਸਾਹਿਬ, ਇਸ ਬਿੱਲ ਨੂੰ ਮੈਂ ਆਪਣੀ ਪਾਰਟੀ ਵੱਲੋਂ ਵੈਲਕਮ ਕਰਦਾ ਹਾਂ। ਜਮਹੂਰੀਅਤ ਵਿਚ ਪ੍ਰੈਸ ਦੀ ਆਜ਼ਾਦੀ ਬੜੀ ਜ਼ਰੂਰੀ ਹੈ। ਇਸ ਲਈ ਪ੍ਰੈਸ ਦੀ ਆਜ਼ਾਦੀ ਲਈ ਇਹ ਜਿਹੜਾ ਬਿੱਲ ਆਇਆ ਹੈ, ਇਸ ਨਾਲ ਪ੍ਰੈਸ ਆਜ਼ਾਦੀ ਨਾਲ ਕੰਮ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸ੍ਰੀ ਖੁਸ਼ਹਾਲ ਬਹਿਲ]

ਕਰੇਗਾ, ਇਹ ਚੰਗੀ ਗੱਲ ਹੈ । ਪਰ ਡਿਪਟੀ ਸਪੀਕਰ ਸਾਹਿਬ, ਇਸ ਦੇ ਵਿਚ ਦੋ ਗੱਲਾਂ ਮੈਂ ਐਸੀਆਂ ਮਹਿਸੂਸ ਕਰਦਾ ਹਾਂ ਜਿਨ੍ਹਾਂ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ । ਇਸ ਬਿਲ ਦੇ ਵਿਚ ਇਕ ਬੜੀ ਵੇਗ ਜਿਹੀ ਗੱਲ ਹੈ । (ਵਿਘਨ) ਮੈਂ ਸਮਝਦਾ ਹਾਂ ਕਿ ਸਰਕਾਰ ਦੇ ਮਨ ਵਿਚ ਕਿਸੇ ਵੇਲੇ ਵੀ ਅਜਿਹੀ ਗੱਲ ਆ ਸਕਦੀ ਹੈ, ਖਾਸ ਕਰ ਕੇ ਜਿਸ ਤਰ੍ਹਾਂ ਪਿਛੇ ਜਿਹੇ ਦਿਨ ਲੰਘੇ ਹਨ । (ਵਿਘਨ) ਪ੍ਰੈਸ ਵਿਚ ਕਟਾਸ਼ ਵੀ ਹੁੰਦੀ ਹੈ, ਪ੍ਰੈਸ ਨੂੰ ਬਰੇਟ ਵੀ ਕੀਤਾ ਜਾਂਦਾ ਹੈ, ਕ੍ਰਿਟੇਸਾਈਜ਼ ਵੀ ਕੀਤਾ ਜਾਂਦਾ ਹੈ, ਮੇਰਾ ਮਤਲਬ ਹੈ ਕਿ ਸਰਕਾਰ ਕਿਸੇ ਵੇਲੇ ਵੀ ਤਾਕਤ ਆਪਣੇ ਹੱਥ ਵਿਚ ਲੈ ਸਕਦੀ ਹੈ ਅਤੇ ਉਹ ਤਾਕਤ ਵਰਤ ਸਕਦੀ ਹੈ। ਇਸ ਲਈ ਇਹ ਟਰਮ ਬੜੀ ਵੇਗ ਹੈ। ਉਸ ਬਾਰੇ ਇਸ ਵਿਚ ਡਿਫਾਈਨ ਕਰਨਾ ਚਾਹੀਦਾ ਹੈ। ਇਨ੍ਹਾਂ ਨੂੰ ਰੂਲ ਬਣਾਉਣ ਲਗਿਆਂ ਇਸ ਗੱਲ ਨੂੰ ਸਾਫ ਕਰਨਾ ਚਾਹੀਦਾ ਹੈ। ਇਹ ਪਬਲਿਕ ਗੁੱਡ ਦੇ ਬਾਰੇ ਤਾਂ ਬਰਾਡਲੀ ਡਿਫਾਈਨ ਕਰ ਸਕਦੇ ਹਨ। ਪ੍ਰੈਸ ਨੇ ਪਬਲਿਕ ਨੂੰ ਰਾਹ ਦੱਸਣਾ ਹੈ, ਪ੍ਰੈਸ ਨੇ ਸਰਕਾਰ ਨੂੰ ਰਾਹ ਦੱਸਣਾ ਹੈ । ਪ੍ਰੈਸ ਨੇ ਬੜਾ ਅਹਿਮ ਰੋਲ ਅਦਾ ਕਰਨਾ ਹੈ । (ਵਿਘਨ) ਇਹ ਟਰਮ ਬੜੀ ਵੇਗ ਜਿਹੀ ਹੈ, ਇਹ ਜ਼ਰੂਰ ਕਲੀਅਰ ਹੋਣੀ ਚਾਹੀਦੀ ਹੈ। ਦੂਜੀ ਗੱਲ ਵਾਤਾਵਰਨ ਦੀ ਹੈ। ਇਸ ਵੇਲੇ ਮੈਂ ਸਮਝਦਾ ਹਾਂ ਕਿ ਦੇਸ਼ ਦੇ ਵਿਚ ਲਹਿਰ ਫਰੀਡਮ ਦੀ ਚੱਲੀ ਹੈ । ਪਰ ਨਾਲ ਦੇ ਨਾਲ ਹੀ ਦੂਸਰੇ ਪਾਸੇ ਵਾਇਲੇਂਸ ਪਾਵਰ ਵੀ ਅੱਗੇ ਆ ਰਹੀ ਹੈ ਜਿਹੜੀ ਕਿ ਪ੍ਰੈਸ ਦੀ ਆਜ਼ਾਦੀ ਨੂੰ ਰੋਕੇਗੀ। ਪ੍ਰੈਸ ਨੇ ਪਬਲਿਕ ਓਪੀਨੀਅਨ ਦੇਣੀ ਹੁੰਦੀ ਹੈ। ਪ੍ਰੈਸ ਆਬਜੈਕਟਿਵ ਵਿਊ ਦਿੰਦੇ ਹਨ ਸਬਜੈਕਟਿਵ ਵਿਊ ਨਹੀਂ ਦਿੰਦੇ। ਜਿੰਨੀ ਦੇਰ ਪ੍ਰੈਸ ਆਬਜੈਕਟਿਵ ਵਿਊ ਦਿੰਦੇ ਰਹਿਣਗੇ, ਜਮਹੂਰੀਅਤ ਚੱਲਦੀ ਰਹੇਗੀ ਅਤੇ ਜਮਹੂਰੀ ਤਾਕਤਾਂ ਅਗੇ ਵਧਣਗੀਆਂ, ਸਮਾਜਵਾਦੀ ਤਾਕਤਾਂ ਅਗੇ ਵਧਣਗੀਆਂ। ਜਿਸ ਵੇਲੇ ਉਨ੍ਹਾਂ ਦੇ ਖਿਲਾਫ ਕੋਈ ਲਹਿਰ ਉਠੀ ਅਤੇ ਹਾਵੀ ਹੋ ਗਈ ਤਾਂ ਪ੍ਰੈਸ ਤੇ ਕਟਾਸ਼ ਹੋਵੇਗੀ ਤਾਂ ਫਿਰ ਇਸ ਤਰ੍ਹਾਂ ਹੋਵੇਗਾ ਜਿਸ ਤਰ੍ਹਾਂ ਬਰਨਾਰਡ ਸ਼ਾ ਨੇ ਕਿਹਾ ਹੈ:

Every fool can rule with a stick.

ਮੈਂ ਕਹਿਣਾ ਚਾਹੁੰਦਾ ਹਾਂ ਕਿ ਮੈਲਾਫਾਈਡ ਇੰਟੈਨਸ਼ਨ ਨਹੀਂ ਹੋਣੀ ਚਾਹੀਦੀ । ਪ੍ਰੈਸ ਨੇ ਪਬਲੀਕੇਸ਼ਨ ਵਿਚ ਆਪਣਾ ਹਿਸਾ ਪਾਉਣਾ ਹੈ । ਪ੍ਰੈਸ ਦੀ ਆਜ਼ਾਦੀ ਜ਼ਰੂਰੀ ਹੈ। ਪ੍ਰੈਸ ਹਿੰਦੁਸਤਾਨ ਦੀ ਜਨਤਾ ਲਈ ਇਕ ਰਾਹ ਹੈ । ਪ੍ਰੈਸ ਦੀ ਆਜ਼ਾਦੀ ਬਹਾਲ ਰਖਣੀ ਜ਼ਰੂਰੀ ਹੈ। ਇਸ ਕਰਕੇ ਵਾਤਾਵਰਨ ਉਸ ਕਿਸਮ ਦਾ ਕਰੀਏਟ ਕਰਨਾ ਚਾਹੀਦਾ ਹੈ। ਇਸ ਲਈ ਜਿਹੜੀ ਵੇਗ ਟਰਮ ਹੈ, ਇਹ ਕਲੀਅਰ ਹੋਣੀ ਚਾਹੀਦੀ ਹੈ ਤਾਂਕਿ ਸਰਕਾਰ ਜਰਨਲਿਟਸਾਂ ਉਪਰ ਆਪਣਾ ਕੋਈ ਐਸਾ ਚੱਕਰ ਨਾ ਚਲਾ ਸਕੇ।

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰਜ਼ ਬੋਲਣ ਲਈ ਖੜੇ ਹੋਏ।)

**ਸ੍ਰੀ ਡਿਪਟੀ ਸਪੀਕਰ** : ਮੈਂ ਸਮਝਦਾ ਹਾਂ ਕਿ ਸਾਰੀਆਂ ਪਾਰਟੀਆਂ ਦਾ ਵਿਊ ਪੁਆਇੰਟ ਆ ਗਿਆ ਹੈ ਅਤੇ ਸਾਰੇ ਹਾਊਸ ਨੇ ਇਸ ਬਿੱਲ ਦਾ ਸਵਾਗਤ ਕੀਤਾ ਹੈ । ਇਸ ਲਈ ਇਸ ਤੇ ਬਹਿਸ ਖਤਮ ਕੀਤੀ ਜਾਣੀ ਚਾਹੀਦੀ ਹੈ । ਸਮੇਂ ਦੀ ਬਹੁਤ ਘਾਟ ਹੈ। ਮੈਂ ਸਮਝਦਾ ਹਾਂ ਕਿ ਜੇ ਕਿਸੇ ਹੋਰ ਮੈਂਬਰ ਨੂੰ ਅਲਾਓ ਕਰਾਂਗਾ ਤਾਂ ਫਿਰ ਹੋਰ ਖੜੇ ਹੋ ਜਾਣਗੇ। ਇਸ ਕਰਕੇ ਮੈਂ ਆਨਰੇਬਲ ਮੈਂਬਰਾਂ ਅਗੇ ਬੇਨਤੀ ਕਰਾਂਗਾ ਕਿ ਉਹ ਹੁਣ ਟੰਡਨ ਸਾਹਿਬ ਨੂੰ ਜਵਾਬ ਦੇ ਲੈਣ ਦੇਣ।

**ਉਦਯੋਗ ਮੰਤਰੀ** (ਸ੍ਰੀ ਬਲਰਾਮਜੀ ਦਾਸ ਟੰਡਨ) : ਡਿਪਟੀ ਸਪੀਕਰ ਸਾਹਿਬ, ਮੈਨੂੰ ਇਹ ਖੁਸ਼ੀ ਹੈ ਕਿ ਹਾਊਸ ਦੇ ਸਾਰੇ ਹਿੱਸਿਆਂ ਨੇ, ਆਪੋਜ਼ੀਸ਼ਨ ਪਾਰਟੀ ਦੇ ਸਾਰੇ ਗਰੁੱਪਸ ਨੇ ਇਹ ਜਿਹੜਾ ਬਿਲ ਅੱਜ ਅਸੀਂ ਵਿਧਾਨ ਸਭਾ ਦੇ ਵਿਚ ਕੰਸਿਡਰ ਕਰ ਰਹੇ ਹਾਂ ਉਸ ਨੂੰ ਤਕਰੀਬਨ ਸਾਰੇ

Original with;
Punjab Vidhan Sabha
Digitized by;
Panjab Digital Library

ਪਾਸਿਉਂ ਵਲੋਂ ਉਸ ਤਰ੍ਹਾਂ ਦੇ ਖਿਆਲਾਤ ਪੇਸ਼ ਕੀਤੇ ਗਏ ਹਨ ਜਿਸ ਦੇ ਨਾਲ ਮੈਂ ਸਮਝਦਾ ਹਾਂ ਕਿ ਇਸ ਨੂੰ ਵੈਲਕਮ ਕੀਤਾ ਗਿਆ ਹੈ। ਜਿਨ੍ਹਾਂ ਜਜ਼ਬਾਤ ਦੇ ਨਾਲ ਸਾਰੇ ਮੈਂਬਰ ਸਾਹਿਬਾਨ ਨੇ ਆਪਣੀਆਂ ਆਪਣੀਆਂ ਰਾਇਆਂ ਦਿੱਤੀਆਂ ਹਨ ਮੈਂ ਇਕ ਗਲ ਪੰਜਾਬ ਸਰਕਾਰ ਦੀ ਤਰਫੋਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਉਸੇ ਭਾਵਨਾਂ ਦੇ ਨਾਲ ਇਹ ਬਿਲ ਵਿਧਾਨ ਸਭਾ ਦੇ ਵਿਚ ਲਿਆਂਦਾ ਹੈ ਔਰ ਮੇਰਾ ਖਿਆਲ ਹੈ ਕਿ ਹਿੰਦੁਸਤਾਨ ਵਿਚ ਇਹ ਪਹਿਲੀ ਵਿਧਾਨ ਸਭਾ ਹੈ (ਥੰਪਿੰਗ) ਜਿਸ ਨੇ ਕਿ ਪ੍ਰੈਸ ਨੂੰ ਪ੍ਰੋਟੈਕਸ਼ਨ ਦਿੱਤੀ ਹੈ। ਪ੍ਰੋਟੈਕਸ਼ਨ ਦਿਤੀ ਹੈ for the publication of proceedings in the Parliament and in the Assembly ਇਹ ਪਹਿਲੀ ਵਿਧਾਨ ਸਭਾ ਹੈ ਜਿਸ ਨੇ ਕਿ ਇਸ ਕਿਸਮ ਦਾ ਬਿਲ ਲਿਆਂਦਾ ਹੈ। ਡਿਪਟੀ ਸਪੀਕਰ ਸਾਹਿਬ, ਇਸ ਬਿਲ ਦਾ ਸਕੋਪ ਤਾਂ ਬੜਾ ਲਿਮਿਟਿਡ ਸੀ ਪਰ ਇਸ ਤੇ ਬੋਲਦਿਆਂ ਬੋਲਦਿਆਂ ਮੈਂਬਰ ਸਾਹਿਬਾਨ ਬੀਯਾਂਡ ਦੀ ਸਕੋਪ ਚਲੇ ਗਏ। ਸਕੋਪ ਤਾਂ ਇਸ ਬਿਲ ਦਾ ਸਿਰਫ਼ ਇਤਨਾ ਸੀ ਕਿ ਵਿਧਾਨ ਸਭਾ ਵਿਚ ਬੋਲਦਿਆਂ ਹੋਇਆਂ ਜਿਹੜੀਆਂ ਆਨਰੇਬਲ ਮੈਂਬਰ ਸਾਹਿਬਾਨ ਨੂੰ ਅਮਿਨਿਟੀਜ਼ ਹਨ ਕਿ ਉਹ ਜੋ ਮਰਜ਼ੀ ਇਥੇ ਤਕਰੀਰ ਕਰਨ, ਉਹ ਵਿਧਾਨ ਸਭਾ ਦੇ ਪ੍ਰਿਸਿੰਕਟਸ ਵਿਚ ਜੋ ਵੀ ਮਰਜ਼ੀ ਕਹੇ, ਜੋ ਵੀ ਲਫਜ਼ ਕਹੇ ਉਸ ਦੇ ਖ਼ਿਲਾਫ਼ ਕੋਈ ਐਕਸ਼ਨ ਨਹੀਂ ਲਿੱਤਾ ਜਾ ਸਕਦਾ। (ਵਿਘਨ) ਸੁਣ ਤਾਂ ਲਓ, ਅੱਧੀ ਗਲ ਸੁਣਨ ਨਾਲ ਹੀ ਇਸ ਤਰ੍ਹਾਂ ਕਹਿ ਰਹੇ ਹੋ, ਪੂਰੀ ਗਲ ਤਾਂ ਸੁਣ ਲਓ। (ਵਿਘਨ) ਅਗਰ ਉਸ ਦੀਆਂ ਪ੍ਰੋਸੀਡਿੰਗਜ਼ ਅਖ਼ਬਾਰ ਵਿਚ ਛੱਪ ਜਾਣ ਔਰ ਉਹ ਅਖ਼ਬਾਰ ਵਿਚ ਜੋ ਛੱਪਦਾ ਹੈ ਉਹ ਡੈਰੋਗੇਟਰੀ ਹੋਵੇ ਤਾਂ ਅਖ਼ਬਾਰ ਤੇ ਵੀ ਐਕਸ਼ਨ ਲਿਆ ਜਾ ਸਕਦਾ ਹੈ। ਅੱਜ ਇਸ ਬਿਲ ਦੇ ਰਾਹੀਂ ਜੋ ਵੀ ਇਥੇ ਮੈਂਬਰ ਸਾਹਿਬਾਨ ਕਹਿੰਦੇ ਹਨ ਉਸ ਦੀ ਅਖ਼ਬਾਰਾਂ ਦੇ ਵਿਚ ਰਿਪੋਰਟਿੰਗ ਹੁੰਦੀ ਹੈ ਜਿਸ ਤਰ੍ਹਾਂ ਮੈਂਬਰ ਸਾਹਿਬਾਨ ਦੇ ਖ਼ਿਲਾਫ਼ ਕੋਈ ਐਕਸ਼ਨ ਨਹੀਂ ਲਿੱਤਾ ਜਾ ਸਕਦਾ, ਕਿਸੇ ਕੋਰਟ ਵਿਚ ਐਕਸ਼ਨ ਨਹੀਂ ਲਿੱਤਾ ਜਾ ਸਕਦਾ ਇਸੇ ਤਰੀਕੇ ਦੇ ਨਾਲ ਇਥੇ ਦੀ ਕਿਸੇ ਵੀ ਤਕਰੀਰ ਦਾ, ਇਥੇ ਦੀ ਕਿਸੇ ਵੀ ਕਾਰਵਾਈ ਦੀ ਰਿਪੋਰਟਿੰਗ ਅਗਰ ਸਹੀ ਢੰਗ ਨਾਲ ਅਖ਼ਬਾਰ ਵਿਚ ਹੋਵੇ ਤਾਂ ਅਖ਼ਬਾਰ ਤੇ ਵੀ ਕਿਸੇ ਤਰ੍ਹਾਂ ਦਾ ਐਕਸ਼ਨ ਨਹੀਂ ਲਿੱਤਾ ਜਾ ਸਕਦਾ। ਇਹ ਇਸ ਬਿਲ ਦਾ ਮਕਸਦ ਹੈ। ਦਰਅੱਸਲ ਇਸ ਬਿਲ ਦੇ ਰਾਹੀਂ ਅਸੀਂ ਇਹ ਕੋਸ਼ਿਸ਼ ਕੀਤੀ ਹੈ ਕਿ ਵਿਧਾਨ ਸਭਾ ਦੇ ਮੈਂਬਰ ਸਾਹਿਬਾਨ ਨੂੰ ਜੋ ਇਥੇ ਆਉਂਦੇ ਹਨ ਉਨ੍ਹਾਂ ਦੇ ਜਜ਼ਬਾਤ ਜਿਹੜੇ ਉਨ੍ਹਾਂ ਦੇ ਅਲੈਕਟਰਜ਼ ਹਨ ਜਾਂ ਬਾਹਰ ਜਨਤਾ ਹੈ ਦੀ ਸਹੀ ਜਾਣਕਾਰੀ ਪ੍ਰਾਪਤ ਕਰ ਸਕਣ। ਜੋ ਮੈਂਬਰਜ਼ ਦੇ ਜਜ਼ਬਾਤ ਹਨ ਉਹ ਅਖ਼ਬਾਰਾਂ ਵਿਚ ਛੱਪਣ ਅਤੇ ਜੋ ਕੁਝ ਵੀ ਉਹ ਬੋਲਣ ਅਖ਼ਬਾਰ ਉਨ੍ਹਾਂ ਨੂੰ ਪੂਰੀ ਆਜ਼ਾਦੀ ਦੇ ਨਾਲ ਰਿਪੋਰਟ ਕਰ ਸਕਣ ਤਾਕਿ ਉਨ੍ਹਾਂ ਦੇ ਜਜ਼ਬਾਤ ਜਨਤਾ ਦੇ ਸਾਹਮਣੇ ਆ ਸਕਣ ਕਿ ਕਿਸ ਤਰੀਕੇ ਦੇ ਨਾਲ ਮੈਂਬਰ ਸਾਹਿਬਾਨ ਆਪਣੇ ਜਜ਼ਬਾਤ ਪ੍ਰੀਜ਼ੈਂਟ ਕਰਦੇ ਹਨ ਅਤੇ ਲੋਕਾਂ ਨੂੰ ਉਨ੍ਹਾਂ ਦੀ ਪੂਰੀ ਜਾਣਕਾਰੀ ਮਿਲ ਸਕੇ। ਡਿਪਟੀ ਸਪੀਕਰ ਸਾਹਿਬ, ਇਤਨਾ ਹੀ ਨਹੀਂ, ਇਸ ਤੋਂ ਇਲਾਵਾ ਬਹੁਤ ਸਾਰੀਆਂ ਗਲਾਂ ਐਮਰਜੈਂਸੀ ਦੇ ਬਾਰੇ ਵਿੱਚ ਹੋਈਆਂ, ਐਮਰਜੈਂਸੀ ਦੇ ਦੌਰਾਨ ਅਖ਼ਬਾਰਾਂ ਵਿਚ ਕੀ ਹੋਇਆ, ਪ੍ਰੈਸਮੈਨ ਨਾਲ ਕੀ ਹੋਇਆ, ਉਹ ਮੈਂ ਦੋਹਰਾਉਣਾ ਨਹੀਂ ਚਾਹੁੰਦਾ। ਕੁਝ ਇਕ ਮੈਂਬਰ ਸਾਹਿਬਾਨ ਨੇ ਇਹ ਗੱਲਾਂ ਕਹੀਆਂ ਹਨ। ਮੈਂ ਉਨ੍ਹਾਂ ਗੱਲਾਂ ਵਿਚ ਸਮਾਂ ਨਹੀਂ ਲੈਣਾ ਚਾਹੁੰਦਾ ਪਰ ਇਕ ਗਲ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਹਰ ਕੀਮਤ ਤੇ, ਹਰ ਲਿਹਾਜ਼ ਨਾਲ ਪੰਜਾਬ ਦੇ ਵਿਚ ਇਸ ਡੈਮੋਕਰੇਟਿਕ ਵੈਲਿਯੂ ਦੀ ਹਿਫ਼ਾਜ਼ਤ ਕਰਨਾ ਚਾਹੁੰਦੀ ਹੈ। (ਥੰਪਿੰਗ) ਪ੍ਰੈਸ ਦੀ ਇਜ਼ਤ ਦੀ ਹਿਫ਼ਾਜ਼ਤ ਕਰਨਾ ਚਾਹੁੰਦੀ ਹੈ। ਮੈਂ ਨਾਲ ਦੀ ਨਾਲ ਇਕ ਗੱਲ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਹਰ ਕੀਮਤ ਤੇ ਪੰਜਾਬ ਵਿਚ ਅਮਨ ਨੂੰ ਕਾਇਮ ਰੱਖਣ ਵਾਸਤੇ ਸਾਰੇ ਸਾਧਨਾਂ ਦਾ ਪ੍ਰਯੋਗ ਕਰਨਾ ਹੈ। ਕਿਸੇ ਵੀ ਕੀਮਤ ਤੇ ਅਸੀਂ ਕੋਈ ਇਜਾਜ਼ਤ

Original with;
Punjab Vidhan Sabha
Digitized by;
Panjab Digital Library

[ਉਦਯੋਗ ਮੰਤਰੀ]

ਨਹੀਂ ਦੇਵਾਂਗੇ ਕਿ ਕੋਈ ਵੀ ਆਦਮੀ ਜਾਂ ਕੋਈ ਸੰਸਥਾ ਪੰਜਾਬ ਵਿਚ ਅਮਨ ਨੂੰ ਖ਼ਰਾਬ ਕਰ ਸਕੇ, ਅਮਨ ਨੂੰ ਭੰਗ ਕਰ ਸਕੇ।

ਡਿਪਟੀ ਸਪੀਕਰ ਸਾਹਿਬ, ਕੁਝ ਗਲਾਂ ਇਥੇ ਮੇਰੇ ਸਾਹਮਣੇ ਬੈਠੇ ਦੋਸਤਾਂ ਨੇ ਬੋਲਦਿਆਂ ਹੋਇਆ ਕਹੀਆਂ। ਕਿਸੇ ਮੈਂਬਰ ਸਾਹਿਬਾਨ ਨੇ ਕਿਹਾ ਕਿ ਇਕ ਲਫਜ਼ ਜਿਹੜਾ ਉਸ ਦੇ ਵਿਚ ਹੈ ਕਿ ਮਲਾਈਸ ਨਾਲ ਰਿਪੋਰਟ ਹੁੰਦੀ ਹੈ ਉਹ ਲਫਜ਼ ਜਿਹੜਾ ਹੈ ਉਸ ਨੂੰ ਮਿਸ-ਕੰਸਟਰੂਡ ਕੀਤਾ ਜਾ ਸਕਦਾ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਮੈਂਬਰਜ਼ ਦੀ ਆਜ਼ਾਦੀ ਹੈ ਇਸ ਦੇ ਵਿਚ ਕੋਈ ਦੋ ਰਾਵਾਂ ਨਹੀਂ, ਕਿੰਨੀ ਵੀ ਕੋਈ ਚੀਜ਼ ਅੱਛੀ ਹੋਵੇ ਉਸ ਦੀ ਐਕਸੈਸ ਮਾੜੀ ਹੁੰਦੀ ਹੈ। ਜਿਸ ਤਰ੍ਹਾਂ ਖੰਡ ਬੜੀ ਅੱਛੀ ਹੈ ਲੇਕਿਨ ਇਹ ਜ਼ਰੂਰਤ ਤੋਂ ਜ਼ਿਆਦਾ ਖ਼ਰਾਬ ਕਰਦੀ ਹੈ। ਘਿਓ ਬੜਾ ਅਛਾ ਹੈ ਪਰ ਜੇ ਜ਼ਰੂਰਤ ਤੋਂ ਜ਼ਿਆਦਾ ਖਾਧਾ ਜਾਵੇ ਤਾਂ ਆਦਮੀ ਵਾਸਤੇ ਕਈ ਤਰ੍ਹਾਂ ਦੀਆਂ ਤਕਲੀਫਾਂ ਪੈਦਾ ਕਰਦਾ ਹੈ। ਜਿਸ ਤਰ੍ਹਾਂ ਫਰਜ਼ ਕੀਤਾ ਅਨਵਰ ਸਾਹਿਬ ਨੇ ਤਕਰੀਰ ਕਰ ਦਿੱਤੀ ਕਿ 'ਜਬ ਤਕ ਮੂੰਹ ਹਾਥ ਨਾ ਧੋ ਲਓ ਕੁਰਾਨ ਨਹੀਂ ਪੜ੍ਹਨਾ ਚਾਹੀਏ'। ਅਨਵਰ ਸਾਹਿਬ ਨੇ ਤਾਂ ਤਕਰੀਰ ਕਰ ਦਿੱਤੀ ਪਰ ਜੇ ਇਹ ਰਿਪੋਰਟ ਇਸ ਤਰ੍ਹਾਂ ਕਰ ਦਿੱਤਾ ਜਾਵੇ ਕਿ ਕੁਰਾਨ ਨਹੀਂ ਪੜ੍ਹਨਾ ਚਾਹੀਏ ਤਾਂ ਇਹ ਛਿੱਤਰ ਖਾਣ ਵਾਲੀ ਗਲ ਹੋਵੇਗੀ। ਅਗਰ ਇਸ ਦੇ ਨਾਲ ਹਾਥ ਮੂੰਹ ਧੋਨੇ ਕੇ ਬਗੈਰ ਨਾ ਛਪੇ ਅਤੇ ਸਿਰਫ ਇਹੀ ਛਾਪ ਦਿੱਤਾ ਜਾਵੇ ਕਿ ਕੁਰਾਨ ਨਹੀਂ ਪੜ੍ਹਨਾ ਚਾਹੀਏ ਤਾਂ ਲੋਕੀ ਰੋੜੇ ਮਾਰਨਗੇ, ਪੱਥਰ ਮਾਰਨਗੇ। (ਵਿਘਨ) ਜਿਥੇ ਗਲ ਆਊਟ ਆਫ਼ ਕੰਟੈਸਟ ਕਰਕੇ ਛਾਪ ਦਿੱਤੀ ਜਾਵੇ ਅਤੇ ਇਹੋ ਜਿਹੀ ਚੀਜ਼ ਲੋਕਾਂ ਵਿਚ ਘਿਰਣਾ ਦਾ ਕਾਰਨ ਬਣੇ ਤਾਂ ਇਹ ਡਿਊ ਟੂ ਮੈਲਾਈਸ ਹੈ। ਸਹੀ ਰਿਪੋਰਟਿੰਗ, ਸਹੀ ਤਰੀਕੇ ਨਾਲ ਜਿਹੜੀ ਹੈ ਉਹ ਸਾਹਮਣੇ ਆਉਣੀ ਚਾਹੀਦੀ ਹੈ। ਇਨ੍ਹਾਂ ਸ਼ਬਦਾਂ ਨਾਲ ਸਾਰੇ ਮੈਂਬਰ ਸਾਹਿਬਾਨ ਦਾ ਮੈਂ ਸ਼ੁਕਰਗੁਜ਼ਾਰ ਹਾਂ ਅਤੇ ਆਸ ਕਰਦਾ ਹਾਂ ਕਿ ਪੰਜਾਬ ਵਿਧਾਨ ਸਭਾ ਵਿਚ ਜਿਸ ਤਰ੍ਹਾਂ ਇਹ ਬਿਲ ਪੇਸ਼ ਕੀਤਾ ਗਿਆ ਹੈ ਉਸ ਦੇ ਆਧਾਰ ਤੇ ਹਿੰਦੁਸਤਾਨ ਦੇ ਬਾਕੀ ਸੂਬਿਆਂ ਦੀਆਂ ਵਿਧਾਨ ਸਭਾਵਾਂ ਵੀ ਇਸੇ ਕਿਸਮ ਦਾ ਬਿਲ ਜਿਹੜਾ ਪ੍ਰੈਸ ਦੀ ਆਜ਼ਾਦੀ ਲਈ ਹੈ ਉਸ ਨੂੰ ਪੂਰੀ ਤਰ੍ਹਾਂ ਕਾਮਯਾਬ ਕਰਨ ਲਈ ਲਿਆਉਣ ਲਈ ਅਗੇ ਆਉਣ-ਗੀਆਂ ਤਾਂਕਿ ਪ੍ਰੈਸ ਨੂੰ ਪੂਰੀ ਆਜ਼ਾਦੀ ਹੋ ਸਕੇ।

**ਸਰਦਾਰ ਕਿਰਪਾਲ ਸਿੰਘ**: ਆਨ ਏ ਪੁਆਇੰਟ ਆਫ਼ ਇਨਫਰਮੇਸ਼ਨ, ਸਰ। ਡਿਪਟੀ ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪਾਰਲੀਮੈਂਟ ਵਿਚ ਇਹ ਕਾਨੂੰਨ ਸੰਜੇ ਗਾਂਧੀ ਨੇ ਪਹਿਲਾਂ ਲਿਆਂਦਾ ਸੀ। (ਆਵਾਜ਼ਾਂ: ਫਿਰੋਜ਼ ਗਾਂਧੀ ਕਹੋ) ਠੀਕ ਹੈ ਜੀ, ਫਿਰੋਜ਼ ਗਾਂਧੀ ਨੇ ਲਿਆਂਦਾ। ਮੈਂ ਭੁੱਲ ਗਿਆ ਸੀ। (ਵਿਘਨ) ਤੁਹਾਡੇ ਵਾਂਗ ਤਾਂ ਨਹੀਂ ਕਿ ਗੁਨਾਹ-ਕਰਕੇ ਵੀ ਨਹੀਂ ਮੰਨਦੇ। ਮੇਰੇ ਮੂੰਹ ਵਿਚੋਂ ਗਲੀਜ਼ ਆਦਮੀ ਦਾ ਨਾਮ ਨਿਕਲ ਗਿਆ ਸੀ ਉਸ ਦੀ ਮੁਆਫੀ ਚਾਹੁੰਦਾ ਹਾਂ। ਇਹ ਕਾਨੂੰਨ ਪਹਿਲਾਂ ਫੀਰੋਜ਼ ਗਾਂਧੀ ਨੇ ਲਿਆਂਦਾ ਸੀ। ਹਿੰਦੁਸਤਾਨ ਵਿਚ ਆਮ ਤੌਰ ਤੇ ਔਰਤਾਂ ਪਤੀ ਬਰਤਾ ਹੁੰਦੀਆਂ ਹਨ ਪਰ ਸਾਡੀ ਪ੍ਰਧਾਨ ਮੰਤਰੀ ਨੇ ਆਪਣੇ ਪਤੀ ਦਾ ਕਾਨੂੰਨ ਤੋੜ ਦਿੱਤਾ ਸੀ। ਸਾਡੇ ਵਿਚੋਂ ਵੀ ਇਹ ਧਿਆਨ ਰਖਿਆ ਜਾਵੇ ਕਿ ਇਸ ਤਰ੍ਹਾਂ ਦਾ ਕੋਈ ਬੰਦਾ ਨਾ ਨਿਕਲ ਆਵੇ।

**Mr. Deputy Speaker** : This is no point of information.

**Mr. Deputy Speaker** : Question is—

That the Punjab State Legislature (Protection of Publication) Bill be taken into consideration at once.

*The motion was carried unanimously.*

Original with;
Punjab Vidhan Sabha
Digitized by;
Panjab Digital Library

**Mr. Deputy Speaker :** Now the House will proceed to consider the Bill Clause by Clause.

**Sub Clause (2) of Clause 1**

**Mr. Deputy Speaker :** Question is—

That Sub-Clause (2) of Clause 1 stand part of the Bill.

*The motion was carried unanimously.*

**Clause 2**

**Mr. Deputy Speaker :** Question is—

That Clause 2 stand part of the Bill.

*The motion was carried.*

**Clause 3**

**ਸਰਦਾਰ ਉਮਰਾਓ ਸਿੰਘ :** ਡਿਪਟੀ ਸਪੀਕਰ ਸਾਹਿਬ, ਮੈਂ ਅਮੈਂਡਮੈਂਟ ਦਾ ਨੋਟਿਸ ਦਿੱਤਾ ਸੀ।

**ਸ੍ਰੀ ਡਿਪਟੀ ਸਪੀਕਰ :** ਤੁਸੀਂ ਵਿਦਡਰਾ ਕਰਨਾ ਚਾਹੁੰਦੇ ਹੋ ?

**ਸਰਦਾਰ ਉਮਰਾਓ ਸਿੰਘ :** ਮੈਂ ਮੂਵ ਹੀ ਨਹੀਂ ਕੀਤਾ ਜੀ।

**Mr. Deputy Speaker :** Question is—

That Clause 3 stand part of the Bill.

*The motion was carried.*

**Clause 4**

**Mr. Deputy Speaker :** There are some notices of amendments to this Clause.

**ਸਰਦਾਰ ਉਮਰਾਓ ਸਿੰਘ (ਨਕੋਦਰ) :** ਸਪੀਕਰ ਸਾਹਿਬ, ਕਲਾਜ਼ ਫੋਰ ਵਿਚ ਦਿੱਤਾ ਹੈ ਕਿ ਉਹ ਖ਼ਬਰਾਂ ਜਿਹੜੀਆਂ ਰੇਡਿਓ ਰਾਹੀਂ ਜਾਂ ਵਾਇਰਲੈਸ ਰਾਹੀਂ ਔਰ ਬਾਈ ਮੀਨਜ਼ ਆਫ਼ ਬਰਾਡ-ਕਾਸਟਿੰਗ ਹਨ ਉਹ ਆ ਸਕਦੀਆਂ ਹਨ ਪਰ ਇਹ ਜਿਹੜਾ ਟੀ.ਵੀ. ਹੈ ਜਿਸ ਨੂੰ ਟੈਲੀਕਾਸਟ ਕਹਿੰਦੇ ਹਨ ਇਹ ਇਸ ਬਿਲ ਦੇ ਦਾਇਰਾ ਹਦੂਦ ਵਿਚ ਨਹੀਂ ਆਉਂਦਾ। ਇਹ ਜਿਹੜਾ ਬਿਲ ਹੈ ਇਹ ਪਾਰਲੀਮੈਂਟ ਪੈਟਰਨ ਤੇ ਬਣਾਇਆ ਸੀ ਔਰ ਪਾਰਲੀਮੈਂਟ ਨੂੰ ਇਹ ਬਿਲ ਪਾਸ ਕੀਤਿਆਂ ਬੜੀ ਦੇਰ ਹੋ ਗਈ ਹੈ ਔਰ ਉਸ ਵੇਲੇ ਟੈਲੀਵੀਜ਼ਨ ਸਿਸਟਮ ਚਾਲੂ ਨਹੀਂ ਸੀ। ਇਸ ਕਰਕੇ ਉਸ ਚੀਜ਼ ਨੂੰ ਕਵਰ ਕਰਨ ਲਈ ਮੈਂ ਅਮੈਂਡਮੈਂਟਸ ਦਿੱਤੀਆਂ ਹਨ ਔਰ ਇਸ ਵਿਚ ਮੇਰਾ ਖਿਆਲ ਹੈ ਕਿ ਮਨਿਸਟਰ ਸਾਹਿਬ ਨੂੰ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ।

Original with;
Punjab Vidhan Sabha
Digitized by;
Panjab Digital Library

[ਸਰਦਾਰ ਉਮਰਾਓ ਸਿੰਘ]

Sir, I beg to move—

(i) That in lines 1-2, between "broadcast" and "by" insert "and telecast".

(ii) That in line 2, between "telegraphy" and "as" insert "and Television".

(iii) That in line 3, between "station" and "situate" insert "and Television station as the case may be".

ਸੋ ਮੈਂ ਜਿਸ ਤਰ੍ਹਾਂ ਅੱਗੇ ਜ਼ਿਕਰ ਕੀਤਾ ਹੈ ਕਿ ਇਹ ਬਿਲ ਬਹੁਤ ਪੁਰਾਣਾ ਹੈ, ਹੁਣ ਟੀ. ਵੀ. ਸਿਸਟਮ ਚਾਲੂ ਹੋ ਗਿਆ ਔਰ ਬਰਾਡਕਾਸਟਿੰਗ ਵਿਚ ਟੀ. ਵੀ. ਨਹੀਂ ਆਉਂਦਾ, ਇਹ ਨਵਾਂ ਸਿਸਟਮ ਹੈ ਇਸ ਨੂੰ ਟੈਲੀਕਾਸਟ ਕਿਹਾ ਜਾਂਦਾ ਹੈ ਇਸ ਨੂੰ ਮੰਨ ਲੈਣਾ ਚਾਹੀਦਾ ਹੈ ।

**ਉਦਯੋਗ ਮੰਤਰੀ** : ਡਿਪਟੀ ਸਪੀਕਰ ਸਾਹਿਬ, ਜਿਹੜੀ ਗੱਲ ਇਨ੍ਹਾਂ ਨੇ ਕਹੀ ਹੈ ਉਸ ਬਾਰੇ ਮੈਂ ਸਿਰਫ ਇੰਨਾਂ ਹੀ ਕਹਿਣਾ ਚਾਹੁੰਦਾ ਹਾਂ ਕਿ ਇਹ ਵਾਇਰਲੈਸ ਐਂਡ ਟੈਲੀਗਰਾਫ ਐਕਟ ਵੇਖ ਲੈਣ ਉਸ ਵਿਚ ਇਕ ਇਕ ਚੀਜ਼ ਦਿਤੀ ਹੋਈ ਹੈ ਔਰ ਇਹ ਸਾਰੀ ਗੱਲ ਕਲੀਅਰ ਹੈ ।

At page 430 it is written—

Telegraphy means any appliance instrument, material or apparatus used or capable of use for transmission or reception by signs, signals, writings, images.

ਇਸ ਦੇ ਵਿਚ ਇਹ ਚੀਜ਼ ਕਵਰ ਹੋ ਜਾਂਦੀ ਹੈ । ਇਟ ਇਜ਼ ਕਵਰਡ ਇਨ ਦੈਟ । ਇਹ ਚੀਜ਼ ਤਾਂ ਆਲਰੈਡੀ ਕਵਰ ਕੀਤੀ ਹੋਈ ਹੈ। ਇਸ ਲਈ ਇਹ ਜਿਹੜੀ ਅਮੈਂਡਮੈਂਟ ਹੈ ਇਹ ਰਿਡੰਡੈਂਟ ਹੈ ।

**Mr. Deputy Speaker** : Do you want to withdraw your amendments ?

**Sardar Umrao Singh** : I do not insist and I withdraw my amendments.

**Mr. Deputy Speaker** : Has the hon. Member leave of the House to withdraw his amendments ?

(*Voices* : *Yes, yes*)

(The amendments were by the leave of the House withdrawn).

**Mr. Deputy Speaker** : Question is—

That Clause 4 stand part of the Bill.

*The motion was carried.*

**Sub-Clause (1) of Clause 1**

**Mr. Deputy Speaker** : Question is—

That Sub-Clause(1) of Clause 1 stand part of the Bill.

*The motion was carried.*

**Title**

**Mr. Deputy Speaker** : Question is—

That Title be the Title of the Bill.

*The motion was carried.*

Original with;
Punjab Vidhan Sabha
Digitized by;
Panjab Digital Library

**Industries Minister (Shri Balramji Dass Tandon) :** Sir, I beg to move—

> That the Punjab State Legislature (Protection of Publication) Bill be passed.

**Mr. Deputy Speaker :** Motion moved—

> That the Punjab State Legislature (Protection of Publication) Bill be passed.

**ਸਰਦਾਰ ਉਮਰਾਓ ਸਿੰਘ :** ਡਿਪਟੀ ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਤੁਹਾਡੇ ਰਾਹੀਂ ਇਹ ਬੇਨਤੀ ਕਰਨੀ ਹੈ ਕਿ ਇਹ ਜਿਹੜਾ ਬਿਲ ਹੈ ਇਹ ਪ੍ਰੈਸ ਵਾਲਿਆਂ ਦਾ ਹੈ। ਸਾਡੀ ਇਥੇ ਪ੍ਰੈਸ ਗੈਲਰੀ ਕਮੇਟੀ ਹੈ। ਅਗਰ ਕੋਈ ਰੂਲ ਬਣਾਉਣ ਤਾਂ ਉਸ ਕਮੇਟੀ ਦੇ ਵਿਉ ਲੈ ਲੈਣੇ ਚਾਹੀਦੇ ਹਨ ਤਾਂ ਕਿ ਜਿਹੜਾ ਬਿਲ ਬਣੇਗਾ ਉਸ ਦੀ ਪ੍ਰਾਪਰ ਯੂਟੇਲਾਈਜ਼ੇਸ਼ਨ ਹੋ ਸਕੇ।

**Mr. Deputy Speaker** Question is—

> That the Punjab State Legislature (Protection of Publication) Bill be passed.

*The motion was carried unanimously.*

## THE PUNJAB BHUDAN YAGNA(AMENDMENT) BILL, 1978
(*Resumption of Consideration*)

**Mr. Deputy Speaker :** Now the House will resume consideration of the motion that the Punjab Bhudan Yagna(Amendment) Bill be taken into consideration at once.

**Chaudhri Sunder Singh :** Sir,.....

## EXTENSION OF TIME OF THE SITTING

**Mr. Deputy Speaker :** I feel that the time of the House should be extended by half-an-hour.

Is it the pleasure of the House that the time be extended by half-an-hour ?

(*Voices : Yes, yes*)

**Mr. Deputy Speaker :** The time of the sitting of the House is extended by half-an-hour i. e. upto 7.00 P.M.

## THE PUNJAB BHUDAN YAGNA (AMENDMENT) BILL, 1978 (*Resumption of Consideration*)

**ਚੌਧਰੀ ਸੁੰਦਰ ਸਿੰਘ** (ਨਰੋਟ ਮਹਿਰਾ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿਲ ਹੈ ਇਹ ਜ਼ਮੀਨਾਂ ਦੇ ਮੁਤਅੱਲਕ ਹੈ। (ਵਿਘਨ) ਜਿਥੋਂ ਤੱਕ ਇਸ ਬਿਲ ਦਾ ਤੁਅੱਲਕ ਹੈ ਇਸ ਬਾਰੇ ਸ਼੍ਰੀ ਵਿਨੋਬਾ ਭਾਵੇ ਜੀ ਨੇ ਮੂਵਮੈਂਟ ਸ਼ੁਰੂ ਕੀਤੀ ਸੀ ਤਾਂ ਕਿ ਬਲੱਡੀ ਰੇਵੋਲਿਊਸ਼ਨ ਨਾ ਆਵੇ ਔਰ ਜਿਨ੍ਹਾਂ ਲੋਕਾਂ ਕੋਲ ਜ਼ਮੀਨ ਨਹੀਂ ਹੈ ਉਨ੍ਹਾਂ ਨੂੰ ਦਿੱਤੀ ਜਾਵੇ। ਸ਼੍ਰੀ ਜੇ ਪ੍ਰਕਾਸ਼ ਨਰਾਇਣ ਜੀ ਉਨ੍ਹਾਂ ਦੇ ਬੜੇ ਚੇਲੇ ਸਨ। ਉਹ

Original with;
Punjab Vidhan Sabha
Digitized by;
Panjab Digital Library

[ਚੌਧਰੀ ਸੁੰਦਰ ਸਿੰਘ]
ਯਤਨ ਕਰਦੇ ਰਹੇ ਕਿ ਜਿਸ ਤਰ੍ਹਾਂ ਵੀ ਹੋ ਸਕੇ ਇਹ ਜ਼ਮੀਨ ਲਈ ਬਲੱਡੀ ਰੇਵੋਲਿਊਸ਼ਨ ਨਾ ਆਵੇ ਔਰ ਜ਼ਮੀਨ ਵੀ ਲੋਕਾਂ ਨੂੰ ਦਿੱਤੀ ਜਾਏ । ਮੈਨੂੰ ਇਸ ਵਿਚ ਬਹੁਤ ਇੰਟਰੈਸਟ ਹੈ । (ਵਿਘਨ)

**ਸ੍ਰੀ ਡਿਪਟੀ ਸਪੀਕਰ** : ਚੌਧਰੀ ਸਾਹਿਬ, ਜ਼ਰਾ ਸ਼ਾਰਟ ਕਰੋ (ਵਿਘਨ)।

**ਚੌਧਰੀ ਸੁੰਦਰ ਸਿੰਘ** : ਡਿਪਟੀ ਸਪੀਕਰ ਸਾਹਿਬ, ਇਹ ਸ਼ਾਰਟ ਵਿਚ ਨਹੀਂ ਹੋਣਾ ਇਹ ਤਾਂ ਲੰਮਾ ਹੋਵੇਗਾ ।

"ਭਲਾ ਕਿਆ ਕਰ ਸਕੇਂਗੇ ਮਰਦੇ ਨਾਤਵਾਂ ਕਾ,
ਪਕੜਤੇ ਹੈਂ ਯਹਾਂ ਬਾਜ਼ੂ ਵਹਾਂ ਸ਼ਾਨੇ ਨਿਕਲਤੇ ਹੈਂ ।"

ਇਹ ਜਿਹੜਾ ਬਿਲ ਹੈ ਮੈਂ ਕੋਸ਼ਿਸ਼ ਕੀਤੀ ਸੀ ਜਦੋਂ ਮੈਂ ਮਨਿਸਟਰ ਸੀ ਅਤੇ ਮੈਂ ਲਾਲਾ ਭੀਮ ਸੈਨ ਸਚੱਰ ਨੂੰ ਕਿਹਾ ਸੀ ਕਿ 300 ਸਟੈਂਡਰਡ ਏਕੜ ਹਰ ਇਕ ਕੋਲ ਹੋਣੀ ਚਾਹੀਦੀ ਹੈ । ਔਰ ਬਾਕੀ ਜਿਹੜੀ ਵੱਧ ਹੈ ਉਹ ਟੈਨੇਂਟਸ ਨੂੰ ਦੇ ਦੇਣੀ ਚਾਹੀਦੀ ਹੈ । ਉਨ੍ਹਾਂ ਨੇ ਕਿਹਾ ਸੀ ਕਿ ਚੌਧਰੀ ਸਾਹਿਬ ਜਿਹੜੇ ਜ਼ਮੀਨ ਲੈਣ ਵਾਲੇ ਹਨ ਉਹ ਕਮਜ਼ੋਰ ਹਨ ਔਰ ਜਿਹੜੇ ਦੇਣ ਵਾਲੇ ਹਨ ਉਹ ਤਗੜੇ ਹਨ । ਮੈਂ ਜ਼ਮੀਨ ਨਹੀਂ ਦੇ ਸਕਦਾ ਬਾਕੀ ਜੋ ਲੈਣਾ ਹੈ ਲੈ ਲੈ । ਕਾਂਗਰਸ ਵਾਲੇ ਦੇਣਾ ਨਹੀਂ ਸੀ ਚਾਹੁੰਦੇ ਔਰ ਆਪੋਜ਼ੀਸ਼ਨ ਸਾਡੇ ਨਾਲੋਂ ਵੀ ਮਾੜੀ ਸੀ, ਬਿਲਕੁਲ ਨਹੀਂ ਸੀ ਦੇਣਾ ਚਾਹੁੰਦੀ । ਡਿਪਟੀ ਸਪੀਕਰ ਸਾਹਿਬ, ਜੇ ਇਹ ਪ੍ਰੋਗਰੈਸਿਵ ਹੁੰਦੇ ਤਾਂ ਗੌਰਮਿੰਟ ਇਨ੍ਹਾਂ ਦੇ ਹੱਥ ਹੁੰਦੀ । 30 ਸਾਲ ਅਸੀਂ ਹਕੂਮਤ ਇਥੇ ਕਰਦੇ ਰਹੇ ਹਾਂ । ਇਹ ਆਪੋਜ਼ੀਸ਼ਨ ਨਿਕੰਮੀ ਰਹੀ ਹੈ । ਹੁਣ ਇਨ੍ਹਾਂ ਨੂੰ ਥੋੜ੍ਹੀ ਦੇਰ ਪਾਵਰ ਮਿਲੀ ਹੈ ।

**ਸ੍ਰੀ ਡਿਪਟੀ ਸਪੀਕਰ** : ਤੁਸੀਂ ਮੇਰੇ ਨਾਲ ਗੱਲ ਕਰੋ ।

**ਚੌਧਰੀ ਸੁੰਦਰ ਸਿੰਘ** : ਡਿਪਟੀ ਸਪੀਕਰ ਸਾਹਿਬ, ਉਮਰਾਨੰਗਲ ਜੀ ਜਿਹੜੇ ਹਨ, ਇਹ ਜ਼ਰੂਰ ਸਾਨੂੰ ਜ਼ਮੀਨ ਦਿਵਾਉਣਗੇ । ਇਹ ਤਾਂ ਕਹਿੰਦਾ ਹੈ ਕਿ ਕੱਟ ਕਿਉਂ ਲੱਗੀ ਹੈ। ਇਹ ਨਹੀਂ ਲੱਗਣੀ ਚਾਹੀਦੀ ਸੀ । ਇਹ ਇਸ ਕੱਟ ਦੇ ਬਰਖਿਲਾਫ ਹੈ । ਜਿਹੜੀ ਸਰਪਲੱਸ ਜ਼ਮੀਨ ਹੈ, ਇਹ ਕਹਿੰਦਾ ਹੈ ਕਿ ਵਾਪਿਸ ਆ ਜਾਵੇ । ਇਸ ਤੋਂ ਇਨ੍ਹਾਂ ਦੀ ਇਨਟੈਨਸ਼ਨ ਸਾਫ ਜ਼ਾਹਿਰ ਹੁੰਦੀ ਹੈ । ਜਿਸਦੇ ਹੱਥ ਜ਼ਮੀਨ ਹੋਵੇ, ਅਤੇ ਉਹੀ ਦੇਣ ਵਾਲਾ ਹੋਵੇ, ਉਸਤੋਂ ਸਾਨੂੰ ਕਿਸ ਤਰ੍ਹਾਂ ਜ਼ਮੀਨ ਮਿਲ ਸਕਦੀ ਹੈ । ਇਸ ਵਾਸਤੇ ਮੈਂ ਸਮਝਦਾ ਹਾਂ ਕਿ ਜਿਥੋਂ ਤਕ ਭੂਦਾਨ ਦਾ ਤੁਅਲੱਕ ਹੈ, ਲੈਂਡ ਰਿਫਾਰਮਜ਼ ਦਾ ਤੁਅੱਲਕ ਹੈ, ਇਹ ਕੋਈ ਨਹੀਂ ਦੇਣੀ । ਇਨ੍ਹਾਂ ਦੇ ਬਾਦਲ ਸਾਹਿਬ ਕੋਲ ਵੀ 7000 ਏਕੜ ਜ਼ਮੀਨ ਹੈ ਅਤੇ ਸਾਡੇ ਚੌਧਰੀ ਕੋਲ ਵੀ 7000 ਏਕੜ ਜ਼ਮੀਨ ਹੈ । ਮੈਂ ਇਨ੍ਹਾਂ ਨੂੰ ਪੁਛਦਾ ਹਾਂ ਕਿ ਅਮੀਰਾਂ ਨੇ ਕੀ ਦੇਣਾ ਹੈ । ਮੈਂ ਕੁਰੱਪਸ਼ਨ ਦੀ ਗੱਲ ਨਹੀਂ ਕਰਦਾ । ਪਹਿਲਾਂ ਵਾਲੇ ਵੀ ਕਾਫੀ ਬਹਾਦਰ ਸਨ ਅਤੇ ਇਹ ਉਨ੍ਹਾਂ ਨਾਲੋਂ ਵੀ ਤਕੜੇ ਹਨ । ਇਨ੍ਹਾਂ ਦਾ ਤਾਂ ਕੋਈ ਰੌਲਾ ਹੀ ਨਹੀਂ ਪੈਂਦਾ । ਚੁਪ ਚਾਪ ਕਰੀ ਜਾਂਦੇ ਹਨ । ਚੰਦ ਆਦਮੀ ਜਿਹੜੇ ਇਨ੍ਹਾਂ ਦੇ ਹਨ ਉਨ੍ਹਾਂ ਦੀ ਮੈਂ ਤਾਰੀਫ ਕਰਦਾ ਹਾਂ । ਬਾਦਲ ਸਾਹਿਬ ਬੜਾ ਸ਼ਰੀਫ ਆਦਮੀ ਹੈ । ਪਰ ਡਿਪਟੀ ਸਪੀਕਰ ਸਾਹਿਬ, ਐਨਾ ਸ਼ਰੀਫ ਵੀ ਨਹੀਂ ਹੋਣਾ ਚਾਹੀਦਾ । ** ** **

---

** Expunged as ordered by the Chair,

Original with;
Punjab Vidhan Sabha
Digitized by;
Panjab Digital Library

**ਸ੍ਰੀ ਡਿਪਟੀ ਸਪੀਕਰ** : ਚੌਧਰੀ ਸਾਹਿਬ ਨੇ ਜਿਹੜੀ ਕੁੜਮਾਈ ਵਾਲੀ ਗੱਲ ਕੀਤੀ ਹੈ, ਉਹ ਐਕਸਪੰਜ ਕੀਤੀ ਜਾਂਦੀ ਹੈ ।

**ਚੌਧਰੀ ਸੁੰਦਰ ਸਿੰਘ** : ਡਿਪਟੀ ਸਪੀਕਰ ਸਾਹਿਬ, ਇਹ ਮੂਵਮੈਂਟ ਅਛੀ ਮੂਵਮੈਂਟ ਸੀ । ਪਰ ਇਹ ਕਿਸ ਦੇ ਹੱਥ ਵਿਚ ਹੈ । ਇਹ ਕਿਸੇ ਚੰਗੇ ਅਤੇ ਪ੍ਰਾਗਰੇਸਿਵ ਆਦਮੀ ਦੇ ਹੱਥ ਦਿਓ। ਸਰਦਾਰ ਭਗਤ ਸਿੰਘ ਦੇ ਹੱਥ ਦੇ ਦਿਓ । ਉਨ੍ਹਾਂ ਤੇ ਸਾਨੂੰ ਇਤਬਾਰ ਹੈ । ਪਰ ਇਨ੍ਹਾਂ ਤੇ ਸਾਨੂੰ ਕੋਈ ਇਤਬਾਰ ਨਹੀਂ । ਮੈਂ ਤਾਂ ਇਹ ਕਹਿੰਦਾ ਹਾਂ ਕਿ ਜਿਸ ਵੇਲੇ ਇਨ੍ਹਾਂ ਦੀ ਆਪੋਜ਼ੀਸ਼ਨ ਸੀ, ਇਹ ਬਹੁਤ ਨਿਕੰਮੀ ਸੀ । ਹੁਣ ਤੱਕ ਕਾਂਗਰਸ ਹਕੂਮਤ ਕਰਦੀ ਰਹੀ ਹੈ । ਉਸ ਦਾ ਅਸਰ ਹੁਣ ਵੀ ਮੈਂ ਦੇਖ ਰਿਹਾ ਹਾਂ । ਸਾਡੇ ਮੈਂਬਰਾਂ ਤੇ ਵੀ ਅਸਰ ਰਿਹਾ ਹੈ । ਗਿਆਨੀ ਜ਼ੈਲ ਸਿੰਘ ਵੀ ਜ਼ਿਮੀਦਾਰਾਂ ਕੋਲੋਂ ਡਰਦਾ ਸੀ । ਕੋਈ ਲੈਂਡ ਰਿਫਾਰਮ ਉਸਨੇ ਨਹੀਂ ਕੀਤਾ । ਡਿਪਟੀ ਸਪੀਕਰ ਸਾਹਿਬ, ਮੇਰਾ ਮੰਨ ਕਹਿੰਦਾ ਹੈ ਕਿ ਇਨ੍ਹਾਂ ਵੱਲ ਵੀ ਸਾਡੇ ਵੱਡੇ ਲੈਂਡਲਾਰਡ ਨਹੀਂ ਹਨ। ਜਿਹੜੇ ਵੱਡੇ ਜ਼ਿਮੀਂਦਾਰ ਹਨ ਉਹ ਇਹ ਬਰਦਾਸ਼ਤ ਨਹੀਂ ਕਰਦੇ । ਇਸ ਵਾਸਤੇ ਜਿਤਨੇ ਗਰੀਬ ਭਾਈ ਹਨ, ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਤੁਹਾਨੂੰ ਕਿਸੇ ਨੇ ਮਨਿਸਟਰ ਨਹੀਂ ਬਣਾਉਣਾ । ਇਸ ਲਈ ਇਕੱਠੇ ਹੋਵੋ, ਸਾਡੇ ਨਾਲ ਮਿਲ ਕੇ ਕੰਮ ਕਰੋ । ਇਹ ਜਿਹੜੇ ਵੱਡੇ ਜ਼ਿਮੀਦਾਰ ਹਨ ਇਨ੍ਹਾਂ ਨੂੰ ਕੱਢੀਏ । ਇਥੇ ਰਾਮ ਰਾਜ ਹੋਵੇ । ਮਹਾਤਮਾ ਗਾਂਧੀ ਦੀ ਸਪਿਰਟ ਇਥੇ ਪ੍ਰੀਵੇਲ ਕਰੇ । ਇਨ੍ਹਾਂ ਸ਼ਬਦਾਂ ਨਾਲ ਮੈਂ ਕਹਾਂਗਾ ਕਿ ਇਹ ਬਿਲ ਵਾਪਸ ਲੈ ਲਿਆ ਜਾਵੇ । ਇਹ ਪਖੰਡ ਨਾ ਕੀਤਾ ਜਾਵੇ ।

**ਸਰਦਾਰ ਸਵਰਣ ਸਿੰਘ** (ਧਾਰੀਵਾਲ) : ਡਿਪਟੀ ਸਪੀਕਰ ਸਾਹਿਬ, ਆਪ ਦੀ ਬਹੁਤ ਮੇਹਰਬਾਨੀ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ । ਡਿਪਟੀ ਸਪੀਕਰ ਸਾਹਿਬ, ਇਹ ਭੂਦਾਨ ਯੋਜਨਾ ਉਸ ਟਾਈਮ ਦੀ ਚੱਲੀ ਹੋਈ ਹੈ ਜਿਸ ਵੇਲੇ ਕਾਂਗਰਸ ਦਾ ਜ਼ੋਰਾਂ ਤੇ ਰਾਜ ਸੀ । ਤਲੰਗਾਨਾ ਦੇ ਇਲਾਕੇ ਵਿਚ ਜਿਹੜਾ ਕਿ ਆਂਧਰਾ ਵਿਚ ਹੈ, ਉਥੇ ਐਨੇ ਅੱਤਿਆਚਾਰ ਹੋ ਰਹੇ ਸਨ । ਗਰੀਬਾਂ ਨੂੰ ਧੱਕੇ ਮਾਰੇ ਜਾਂਦੇ ਸਨ । ਇੱਕ ਆਦਮੀ ਸੀ ਰੈਡੀ, ਉਹ ਆਪਣੀ ਜ਼ਮੀਨ ਵਿਚ ਉਨ੍ਹਾਂ ਨੂੰ ਵੜਨ ਨਹੀਂ ਸੀ ਦੇਂਦਾ । ਉਸ ਵੇਲੇ ਵਿਨੋਬਾ ਭਾਵੇ ਜੀ ਉਥੇ ਗਏ । ਉਨ੍ਹਾਂ ਨੇ ਅਪੀਲ ਕੀਤੀ ਕਿ ਕੋਈ ਗੱਲ ਗਰੀਬਾਂ ਦੀ ਵੀ ਸੁਣੀ ਜਾਵੇ । ਉਸ ਸਮੇਂ ਭੂਦਾਨ ਦੀ ਤਹਿਰੀਕ ਚੱਲੀ ਸੀ । ਇਸਦਾ ਅਸਲੀ ਮਕਸਦ ਇਹ ਸੀ ਕਿ ਲੋਕਾਂ ਨੂੰ ਜੋੜਨਾ ਹੈ, ਲੋਕਾਂ ਦੇ ਮਨਾਂ ਨੂੰ ਇਕ ਦੂਜੇ ਦੇ ਨੇੜੇ ਲਿਆਉਣਾ ਹੈ । ਇਹ ਧਾਰਮਿਕ ਥਿਊਰੀ ਸੀ । ਜਿਸ ਤਰ੍ਹਾਂ ਇਹ ਕਹਿੰਦੇ ਹਨ ਕਿ ਜ਼ਮੀਨ ਦਾ ਕੋਈ ਮਸਲਾ ਨਹੀਂ । ਭੂਦਾਨ ਤਹਿਰੀਕ ਵਿਚ 45 ਲੱਖ ਏਕੜ ਜ਼ਮੀਨ ਸਾਰੇ ਇੰਡੀਆ ਵਿੱਚ ਵਿਨੋਬਾ ਜੀ ਨੇ ਲਈ . ਜਿਥੇ ਵੀ ਉਹ ਜ਼ਮੀਨ ਲੈਣ ਲਈ ਤੁਰੇ, ਉਥੇ ਇਸ ਸਰਕਾਰ ਦੇ ਆਦਮੀ ਜਿਹੜੇ ਅੱਜ ਇਥੇ ਕਹਿੰਦੇ ਹਨ ਕਿ ਵਿਨੋਬਾ ਜੀ ਦੀ ਤਹਿਰੀਕ ਬਹੁਤ ਚੰਗੀ ਸੀ ਉਹ ਚੱਲਣ ਨਹੀਂ ਸਨ ਦਿੰਦੇ ਇਹ ਤਹਿਰੀਕ ਤਾਂ ਬਹੁਤ ਦੇਰ ਤੱਕ ਚਲਦੀ ਰਹੀ ਸੀ । ਉਹ ਪਿੰਡਾਂ ਵਿਚ ਜਾਂਦੇ ਸਨ । ਹਰ ਵਕਤ ਇਨ੍ਹਾਂ ਗਰੀਬਾਂ ਤੇ ਅਮੀਰਾਂ ਨੂੰ ਪ੍ਰੇਰਣਾ ਦਿੰਦੇ ਸਨ ਕਿ ਆਪਾਂ ਇਕੋ ਹੀ ਆਦਮੀ ਹਾਂ ਸਾਡੀ ਇਕੋ ਜਾਤ ਬਿਰਾਦਰੀ ਹੈ। ਇਕੋ ਸਾਡਾ ਮਾਲਕ ਹੈ । ਸਾਡਾ ਮਾਤਾ ਪਿਤਾ ਇਕੋ ਹੈ । ਇਸ ਲਈ ਕਿਸੇ ਨਾਲ ਵਿਤਕਰਾ ਨਹੀਂ ਹੋਣਾ ਚਾਹੀਦਾ । ਜਦੋਂ ਇਹ ਆਪਣਾ ਪ੍ਰੋਗਰਾਮ ਕਿਸੇ ਦੇ ਸਾਹਮਣੇ ਪੇਸ਼ ਕਰਦੇ ਸਨ ਤਾਂ ਇਹ ਮੰਗ ਕਰਦੇ ਸਨ ਕਿ ਜਿਹੜਾ ਆਦਮੀ 50 ਰੁਪਏ ਕਮਾਉਂਦਾ ਹੈ, ਉਹ ਇਕ ਪੈਸਾ ਰੁਪਏ ਪਿੱਛੇ ਕੱਢੇ । ਇਹ 1954 ਦੀ ਗੱਲ ਹੈ । ਜਿਸਦੀ 150 ਰੁਪਏ ਤੱਕ ਆਮਦਨ ਹੈ, ਉਹ ਦੋ ਪੈਸੇ ਰੁਪਏ ਪਿਛੇ ਕੱਢੇ।

Original with;
Punjab Vidhan Sabha
Digitized by;
Panjab Digital Library

[ਸਰਦਾਰ ਸਵਰਣ ਸਿੰਘ]

ਜਿਸਦੀ ਆਮਦਨ 500 ਰੁਪਏ ਤੱਕ ਹੈ, ਉਹ ਆਨਾ ਰੁਪਏ ਪਿਛੇ ਕੱਢੇ। ਉਹ ਇਹ ਵੀ ਕਹਿੰਦੇ ਸਨ ਕਿ ਜਿਸ ਕੋਲ ਜ਼ਮੀਨ ਹੈ ਉਹ ਆਪਣੀ ਮਰਜ਼ੀ ਨਾਲ ਛੇਵਾਂ ਹਿੱਸਾ ਜ਼ਮੀਨ ਦਾ ਇਸ ਤਹਿਰੀਕ ਵਿਚ ਦਾਨ ਕਰੇ। ਉਸ ਵਕਤ ਵੱਡੇ ਵੱਡੇ ਅਮੀਰ ਆਦਮੀ ਜਿਹੜੇ ਸਨ ਉਨ੍ਹਾਂ ਨੂੰ ਇਹ ਗੱਲ ਜਚਦੀ ਨਹੀਂ ਸੀ। ਉਹ ਪੰਜਾਬ ਵਿਚ ਵੀ ਆਏ। ਉਹ ਦੱਸਦੇ ਸਨ ਕਿ ਸਰਵੋਦਿਆ ਸਮਾਜ ਕੀ ਹੈ। ਜੇ ਉਥੇ ਅੱਜ ਰਾਤ ਨੂੰ ਉਹ ਗੀਤਾ ਪੜ੍ਹਦੇ ਸਨ ਤਾਂ ਸਵੇਰ ਨੂੰ ਕੁਰਾਨ ਪੜ੍ਹਦੇ ਸਨ। ਦੂਜੀ ਰਾਤ ਨੂੰ ਜੇ ਵੇਖੋ ਤਾਂ ਉਹ ਗੁਰੂ ਗਰੰਥ ਸਾਹਿਬ ਪੜ੍ਹਦੇ ਸਨ ਅਤੇ ਅਗਲੀ ਸਵੇਰ ਨੂੰ ਉਹ ਅੰਜੀਲ ਪੜ੍ਹਦੇ ਸਨ। ਇਹ ਸਰਵੋਦਿਆ ਮਿਸ਼ਨ ਸੀ।

**ਸ਼੍ਰੀ ਡਿਪਟੀ ਸਪੀਕਰ** : ਵਾਈਂਡ ਅੱਪ ਕਰੋ।

**ਸਰਦਾਰ ਸਵਰਣ ਸਿੰਘ** : ਮੈਂ ਜਨਾਬ, ਪੰਜ ਮਿੰਟ ਲਵਾਂਗਾ।

**ਸ਼੍ਰੀ ਡਿਪਟੀ ਸਪੀਕਰ** : ਤੁਸੀਂ ਇਕ ਦੋ ਮਿੰਟਾਂ ਵਿਚ ਖਤਮ ਕਰੋ।

**ਸਰਦਾਰ ਸਵਰਣ ਸਿੰਘ** : ਇਹ ਬੜੀ ਚੰਗੀ ਪਾਲਿਸੀ ਸੀ। ਉਸ ਚੰਗੇ ਬੰਦੇ ਦਾ ਕਿਸੇ ਨੇ ਨਾ ਨਹੀਂ ਲੈਣਾ ਚਾਹਿਆ। ਜਿਸ ਆਦਮੀ ਨੇ ਸਾਰੇ ਧਰਮਾਂ ਨੂੰ ਮੰਨਿਆ। ਉਸਦਾ ਕੋਈ ਖਿਆਲ ਨਹੀਂ ਕੀਤਾ। ਸਭ ਤੋਂ ਪਹਿਲਾਂ ਵਿਨੋਬਾ ਜੀ ਨੇ ਗਰਿਫਤਾਰੀ ਆਜ਼ਾਦੀ ਲਈ ਦਿਤੀ ਸੀ। ਜਦੋਂ ਸਾਡੇ ਤੇ ਆਜ਼ਾਦੀ ਦਾ ਡੰਡਾ ਖੜਕਦਾ ਸੀ, ਵਿਨੋਬਾ ਜੀ ਨੇ ਆਪਣੀ ਗਿਰਫਤਾਰੀ ਦਿਤੀ। ਉਸ ਆਦਮੀ ਦੀ ਪ੍ਰੈਸ ਤੇ ਇਨ੍ਹਾਂ ਦੀ ਸਰਕਾਰ ਨੇ ਪਾਬੰਦੀ ਲਗਾ ਦਿਤੀ। ਜਦੋਂ ਇਨ੍ਹਾਂ ਦੇ ਰਾਜ ਵਿਚ ਐਮਰਜੈਂਸੀ ਲੱਗੀ ਸੀ ਤਾਂ ਉਨ੍ਹਾਂ ਦੀ ਪ੍ਰੈਸ ਨੂੰ ਬੰਦ ਕਰਕੇ ਰੱਖ ਦਿਤਾ। ਇਸ ਨਾਲ ਸਾਰੇ ਵਰਲਡ ਦਾ ਨੁਕਸਾਨ ਹੋਇਆ। ਉਹ ਸਰਵੋਦਿਆ ਪ੍ਰੈਸ ਚਲਦੀ ਸੀ। ਇਸ ਭਲੇ ਪੁਰਸ਼ ਦੀ ਪ੍ਰੈਸ ਤੇ ਪਾਬੰਦੀ ਲਾ ਕੇ, ਇਨ੍ਹਾਂ ਨੇ ਉਨ੍ਹਾਂ ਨੂੰ ਵੀ ਮੁਆਫ ਨਹੀਂ ਕੀਤਾ। ਇਸੇ ਤਰ੍ਹਾਂ ਸ਼੍ਰੀ ਜੈ ਪ੍ਰਕਾਸ਼ ਨਾਰਾਇਣ ਹਨ ਜਿਨ੍ਹਾਂ ਨੂੰ ਵਰਲਡ ਵਿਚ ਮੰਨਿਆ ਜਾਂਦਾ ਹੈ। ਉਨ੍ਹਾਂ ਦੇ ਗੁਰਦੇ ਕੱਢ ਕੇ ਖਰਾਬ ਕਰ ਦਿਤੇ। ਇਨ੍ਹਾਂ ਨੇ ਭੂਦਾਨ ਤਹਿਰੀਕ ਨੂੰ ਖਤਮ ਕਰ ਦਿਤਾ। ਜਿਸ ਤਰ੍ਹਾਂ ਇਹ ਭੂਦਾਨ ਤਹਿਰੀਕ ਚੱਲੀ ਸੀ, ਵਿਨੋਬਾ ਜੀ ਨੇ ਬੜਾ ਚੰਗਾ ਕੰਮ ਕੀਤਾ ਸੀ। ਮੈਂ ਵੀ ਉਨ੍ਹਾਂ ਦੇ ਨਾਲ ਪਿੰਡਾਂ ਵਿਚ ਘੁੰਮਦਾ ਫਿਰਦਾ ਸੀ। ਮੇਰੇ ਕੋਲ ਇਕ ਰਿਪੋਰਟ ਹੈ। ਇਹ ਸੈਂਟਰ ਤੋਂ ਆਈ ਹੈ।

**ਸ਼੍ਰੀ ਡਿਪਟੀ ਸਪੀਕਰ** : ਤੁਸੀਂ ਹੁਣ ਵਾਈਂਡ ਅੱਪ ਕਰੋ।

**ਸਰਦਾਰ ਸਵਰਣ ਸਿੰਘ** : ਮੇਰੇ ਕੋਲ ਇਹ ਰਿਪੋਰਟ ਹੈ। ਇਸ ਦੇ ਵਿਚ ਦੱਸਿਆ ਹੈ ਕਿ ਉਨ੍ਹਾਂ ਨੇ ਪੈਦਲ ਚੱਲ ਕੇ ਕੰਮ ਕੀਤਾ ਹੈ। 12 ਲੱਖ ਏਕੜ ਜ਼ਮੀਨ ਉਨ੍ਹਾਂ ਨੇ ਵੰਡੀ। ਢਾਈ ਲੱਖ ਲੋਕਾਂ ਨੂੰ ਇਨ੍ਹਾਂ ਨੇ ਪੰਜ ਪੰਜ ਏਕੜ ਜ਼ਮੀਨ ਦੇ ਕੇ ਹਿੰਦੁਸਤਾਨ ਦੇ ਗਰੀਬਾਂ ਨੂੰ ਵਸਾਇਆ। ਜਿਹੜੇ ਵੱਡੇ ਜ਼ਿਮੀਦਾਰ ਸਨ, ਵੱਡੇ ਵੱਡੇ ਅਮੀਰ ਆਦਮੀ ਸਨ ਉਹ ਇਕ ਵਿੱਘਾ ਜਮੀਨ ਵੀ ਨਹੀਂ ਸਨ ਦਿੰਦੇ।

**ਸ਼੍ਰੀ ਡਿਪਟੀ ਸਪੀਕਰ** : ਵਾਈਂਡ ਅੱਪ ਕਰੋ ਜੀ।

**ਸਰਦਾਰ ਸਵਰਣ ਸਿੰਘ**: ਡਿਪਟੀ ਸਪੀਕਰ ਸਾਹਿਬ ਇਸ ਤਹਿਰੀਕ ਦਾ ਮਕਸਦ ਇਹ ਸੀ ਕਿ ਵੱਡੇ ਵੱਡੇ ਜਿਹੜੇ ਜ਼ਿਮੀਂਦਾਰ ਹਨ ਜਿਹੜੇ ਕਿ ਦੁਨੀਆਂ ਤੇ ਮਾਲਕ ਬਣੇ ਹਏ ਹਨ, ਇਹ ਇਸ

Original with;
Punjab Vidhan Sabha
Digitized by;
Panjab Digital Library

ਵਿੱਚ ਹਿਸਾ ਪਾਉਣ । ਪਰ ਇਨ੍ਹਾਂ ਲੋਕਾਂ ਨੇ ਇਸ ਕਰਕੇ ਇਸ ਤਹਿਰੀਕ ਨੂੰ ਖਤਮ ਕਰਵਾਇਆ ਤਾਂ ਕਿ ਇਨ੍ਹਾਂ ਦੀਆਂ ਜ਼ਮੀਨਾਂ ਨਾ ਕਿਤੇ ਇਨ੍ਹਾਂ ਨੂੰ ਦੇਣੀਆਂ ਪੈਣ । ਮੈਂ ਕਹਿੰਦਾ ਹਾਂ ਕਿ ਅੱਜ ਵੀ ਉਹ ਲੋਕ, ਜਿਨ੍ਹਾਂ ਦੇ ਹੱਥ ਵਿਚ ਉਸ ਵੇਲੇ ਸਰਕਾਰ ਸੀ, ਉਨ੍ਹਾਂ ਨੇ ਵਿਨੋਬਾ ਜੀ ਦੀ ਪ੍ਰੈਸ ਨੂੰ ਬੰਦ ਕਰਵਾ ਦਿਤਾ ।

7.10 P.M. *(At this stage, Sardar Man Mohan Singh Brar, a member of panel af Chairman, occupied the Chair)*

ਉਸ ਦੀ ਚਿੱਠੀ ਅਫਸਰਸ਼ਾਹੀ ਲੈ ਕੇ ਬੈਠ ਗਈ। ਇਹ ਪਹਿਲੀ ਗੱਲ ਸੀ । ਅੱਜ ਉਸ ਆਦਮੀ ਦਾ ਇਹ ਕਹਿੰਦੇ ਹਨ ਕਿ ਨਾਮ ਵੀ ਨਾ ਲਿਆ ਜਾਵੇ ਜਿਸ ਨੇ ਕਿ ਸਾਰੀ ਦੁਨੀਆਂ ਨੂੰ ਲੋ ਦਿਤੀ ਹੋਵੇ, ਇਹ ਹੈਰਾਨਗੀ ਦੀ ਗੱਲ ਹੈ । (ਥੰਪਿੰਗ) ਕੋਈ ਚੋਰੀ ਕਰਦਾ ਹੈ, ਕੋਈ ਕਤਲ ਕਰਦਾ ਹੈ, ਕੋਈ ਧੀ ਭੈਣ ਨੂੰ ਛੇੜ ਕੇ ਜੁਤੀਆਂ ਖਾਂਦਾ ਹੈ ਔਰ ਇਹ ਕਹਿੰਦੇ ਹਨ ਕਿ ਇਹ ਹੋ ਗਿਆ, ਉਹ ਹੋ ਗਿਆ (ਸ਼ੇਮ ਸ਼ੇਮ) (ਵਿਘਨ)

**ਸ੍ਰੀ ਸਭਾਪਤੀ:** ਹੁਣ ਤੁਸੀਂ ਸਮਾਪਤ ਕਰ ਦਿਓ । ਕੀ ਹੋਰ ਬੋਲਣਾ ਹੈ ?

**ਸਰਦਾਰ ਸਵਰਣ ਸਿੰਘ** : ਸਮਾਪਤ ਹੀ ਕਰ ਦਿੰਦਾ ਹਾਂ ਜੀ। ਮੈਨੂੰ ਪਤਾ ਹੈ ਕਿ ਇਨ੍ਹਾਂ ਨੇ ਕੀ ਕੀਤਾ ਹੈ । ਮੈਂ ਇੰਡੀਆ ਵਿਚ ਘੁੰਮ ਫਿਰ ਕੇ ਵੇਖਿਆ ਹੈ ਕਿ ਇਨ੍ਹਾਂ ਦੇ ਕੀ ਕਾਰਨਾਮੇਂ ਹਨ, ਕਿਹੜੇ ਬੁਰਾਈ ਦੇ ਕੰਮ ਇਹ ਕਰਦੇ ਸਨ । ਇਹ ਮੈਂ ਆਪ ਵੇਖ ਕੇ ਆਇਆ ਹਾਂ । (ਵਿਘਨ) ਅੱਛਾ ਲਓ ਜੀ ਜੇਕਰ ਮੇਰਾ ਬੋਲਣਾ ਠੀਕ ਨਹੀਂ ਹੈ ਤਾਂ ਮੈਂ ਬੱਸ ਕਰ ਦਿੰਦਾ ਹਾਂ ।

ਇਸ ਦਾ ਮਤਲਬ ਹੈ ਕਿ ਸਾਨੂੰ ਟਾਈਮ ਹੀ ਨਹੀਂ ਦਿਤਾ ਜਾ ਸਕਦਾ । ਚਲੋ ਠੀਕ ਹੈ । (ਹਾਸਾ)

ਵਿਰੋਧੀ ਧਿਰ ਵਲੋਂ ਆਵਾਜ਼ : ਆਪਣੇ ਚੌਧਰੀ ਨੂੰ ਬੰਦ ਕਰਾਓ।

**ਉਦਯੋਗ ਮੰਤਰੀ:** ਇਹ ਸਾਡਾ ਚੌਧਰੀ ਹੈ, ਉਹ (ਚੌਧਰੀ ਸੁੰਦਰ ਸਿੰਘ ਵੱਲ ਇਸ਼ਾਰਾ) ਤੁਹਾਡਾ ਚੌਧਰੀ ਹੈ । (ਵਿਘਨ)

**ਕਾਮਰੇਡ ਬਲਦੇਵ ਸਿੰਘ ਲੂੰਬਾ:** ਚੇਅਰਮੈਨ ਸਾਹਿਬ, ਮੈਨੂੰ ਟਾਈਮ ਦਿਓ, ਮੈਂ ਬੋਲਣਾ ਹੈ।

**ਸ੍ਰੀ ਸਭਾਪਤੀ:** ਨਹੀਂ ਜੀ, ਹੁਣ ਤੁਸੀਂ ਬੈਠੋ। ਮਾਲ ਮੰਤਰੀ ਜੀ ਬੋਲਣਗੇ ।
(ਇਸ ਸਮੇਂ ਮਾਲ ਮੰਤਰੀ ਜੀ ਬੋਲਣ ਲਈ ਖੜੇ ਹੋਏ । )

**ਕਾਮਰੇਡ ਬਲਦੇਵ ਸਿੰਘ ਲੂੰਬਾ:** ਨਹੀਂ ਜੀ, ਇਹ ਮੇਰਾ ਹੱਕ ਹੈ, ਮੈਂ ਇਸ ਤੇ ਜ਼ਰੂਰ ਬੋਲਣਾ ਹੈ। (ਵਿਘਨ)

**ਸਰਦਾਰ ਉਮਰਾਓ ਸਿੰਘ:** ਚੇਅਰਮੈਨ ਸਾਹਿਬ, ਅਸੀਂ ਵੀ ਚਾਹੁੰਦੇ ਹਾਂ ਕਿ ਜਲਦੀ ਹੋਵੇ । ਪਰ ਜੇਕਰ ਕੋਈ ਮੈਂਬਰ ਇਕ ਦੋ ਮਿੰਟ ਬੋਲਣਾ ਚਾਹੇ ਤਾਂ ਉਸ ਨੂੰ ਬੋਲ ਲੈਣ ਦੇਣਾ ਚਾਹੀਦਾ ਹੈ।

**ਉਦਯੋਗ ਮੰਤਰੀ:** ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਥਰਡ ਰੀਡਿੰਗ ਤੇ ਬੋਲਣ ਦੀ ਇਜਾਜ਼ਤ ਦੇ ਦੇਣੀ ਚਾਹੀਦੀ ਹੈ ਜੀ ।

**ਸ੍ਰੀ ਸਭਾਪਤੀ:** ਠੀਕ ਹੈ, ਲੂੰਬਾ ਸਾਹਿਬ, ਤੁਸੀਂ ਉਸ ਵੇਲੇ ਬੋਲ ਲੈਣਾ ।

Original with;
Punjab Vidhan Sabha
Digitized by;
Panjab Digital Library

**ਮਾਲ ਮੰਤਰੀ** (ਜੱਥੇਦਾਰ ਜੀਵਨ ਸਿੰਘ ਉਮਰਾਨੰਗਲ) : ਚੇਅਰਮੈਨ ਸਾਹਿਬ, ਇਹ ਕੋਈ ਬਹੁਤੀ ਲੰਬੀ ਚੌੜੀ ਗੱਲ ਨਹੀਂ ਹੈ ਔਰ ਨਾ ਹੀ ਮੈਂ ਲੰਬੀ ਚੌੜੀ ਸਪੀਚ ਕਰਨੀ ਚਾਹੁੰਦਾ ਹਾਂ ਗੱਲ ਇਤਨੀਂ ਹੀ ਹੈ ਕਿ ਅਚਾਰੀਆ ਵਨੋਬਾ ਭਾਵੇ ਦੀ 30 ਸਤੰਬਰ, 1976 ਦੀ ਚਿੱਠੀ ਉਸ ਦੇ ਦਫਤਰ ਵਲੋਂ 1 ਅਕਤੂਬਰ, 1976 ਨੂੰ ਭੇਜੀ ਗਈ । ਉਸ ਚਿੱਠੀ ਵਿਚ ਮੇਨ ਇਹ ਗੱਲ ਲਿਖੀ ਹੋਈ ਸੀ ਕਿ ਸਟੇਟ ਗੌਰਮਿੰਟ ਜ਼ਰੂਰੀ ਸੋਧਾਂ ਲਿਆਵੇ ਔਰ ਭਵਿੱਸ਼ ਵਿਚ ਪੰਜਾਬ ਸਰਕਾਰ ਨੂੰ ਇਸ ਵੱਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ । ਗੱਲ ਤਾਂ ਇਤਨੀ ਹੀ ਹੈ ਕਿ ਇਸ ਐਕਟ ਵਿਚ ਸੋਧਾਂ ਕਰਨ ਦਾ ਇਹ ਪ੍ਰਸਤਾਵ ਹੈ ਜੋ ਕਿ ਅਚਾਰੀਆ ਵਨੋਭਾ ਭਾਵੇ ਜੀ ਨੇ ਰਾਜ ਸਰਕਾਰਾਂ ਨੂੰ ਕਿਹਾ ਹੈ । ਗੱਲ ਤਾਂ ਇਤਨੀ ਹੀ ਹੈ।

**Mr. Chairman :** Question is—

That the Punjab Bhudan Yagna (Amendment) Bill be taken into consideration at once.

*The motion was carried unanimously.*

**Mr. Chairman :** Now the House will proceed to consider the Bill Clause by Clause.

If the House agrees, all the Clauses of the Bill be put to the vote of the House together.

(*Voices : yes, yes.*)

**Clauses 2, 3, 4, and 1**

**Mr. Chairman :** Question is—

That Clauses 2,3,4, and 1 stand part of the Bill.

*The motion was carried.*

**Title**

**Mr. Chairman :** Question is—

That title be the Title of the Bill.

*The motion was carried.*

**Revenue Minister (Jathedar Jiwan Singh Umranangal) :** Sir, I beg to move—

That the Punjab Bhudan Yagna (Amendment) Bill be passed.

**Mr. Chairman :** Motion moved—

That the Punjab Bhudan Yagna (Amendment) Bill be passed.

**ਕਾਮਰੇਡ ਬਲਦੇਵ ਸਿੰਘ ਲੂੰਬਾ** (ਸੁਤਰਾਣਾ, ਐਸ. ਸੀ.) : ਚੇਅਰਮੈਨ ਸਾਹਿਬ, ਮੈਂ ਬੋਲਣਾ ਤਾਂ ਨਹੀਂ ਸੀ ਪਰ ਕਿਉਂਕਿ ਇਕ ਸਾਥੀ ਨੇ ਕੁਝ ਇਸ ਤਰ੍ਹਾਂ ਦੀਆਂ ਗੱਲਾਂ ਕੀਤੀਆਂ ਹਨ, ਜਿਹੜੀਆਂ ਕਿ ਉਨ੍ਹਾਂ ਨੂੰ ਕਰਨੀਆਂ ਨਹੀਂ ਸਨ ਚਾਹੀਦੀਆਂ । ਅਸੀਂ ਮਹਾਤਮਾ ਗਾਂਧੀ ਜੀ ਦੀ ਵੀ ਕਦਰ ਕਰਦੇ ਹਾਂ । ਉਨ੍ਹਾਂ ਨੂੰ ਜੇਕਰ ਕੋਈ ਕਹਿੰਦਾ ਕਿ ਸਰਮਾਏਦਾਰ ਲੁਟਦਾ ਹੈ ਤਾਂ ਉਹ ਕਹੀ ਜਾਵੇ ਕਿ ਉਹ ਤੁਹਾਡੇ ਹਿਤਾਂ

Original with;
Punjab Vidhan Sabha
Digitized by;
Panjab Digital Library

ਦੇ ਰਾਖੇ ਹਨ । ਇਤਨੀ ਗੱਲ ਹੀ ਸੀ ਸਰਵੋਦਿਆ ਜੀ ਦੀ ਪਰ ਸਾਥੀ ਜੀ ਨੇ ਕਿਹਾ ਕਿ ਪਤਾ ਨਹੀਂ ਹੈ ਕਿ 47 ਲੱਖ ਏਕੜ ਜ਼ਮੀਨ ਲਈ ਹੈ ਪਰ ਉਹ ਕਿੱਥੋਂ ਲਈ ਇਹ ਨਹੀਂ ਪਤਾ। ਇਹ ਤਾਂ ਮੈਂ ਸਮਝਦਾ ਹਾਂ ਚੇਅਰਮੈਨ ਸਾਹਿਬ ਅੱਖਾਂ ਵਿੱਚ ਘਟਾ ਪਾਉਣ ਵਾਲੀ ਗੱਲ ਹੈ । ਤਾਕਿ ਜ਼ਮੀਨਾਂ ਨਾਂ ਲਈਆਂ ਜਾ ਸਕਣ । ਪਹਿਲਾਂ ਜਿਹੜੇ ਕਾਨੂੰਨ ਬਣਾਏ ਸਨ ਪਿਛਲੀ ਸਰਕਾਰ ਨੇ ਜਿਹੜੇ ਕਿ ਮੇਰੇ ਵੀਰ ਹੁਣ ਆਪੋਜ਼ੀਸ਼ਨ ਵਿਚ ਬੈਠੇ ਹਨ ਉਨ੍ਹਾਂ ਨੇ ਵੀ ਕਾਨੂੰਨ ਬਣਾਇਆ ਪਰ ਉਨ੍ਹਾਂ ਨੇ ਉਸ ਵਿਚ ਮਘੋਰੇ ਰੱਖ ਲਏ ਜਿਨ੍ਹਾਂ ਵਿੱਚੋਂ ਦੀ ਵੱਡੇ ਵੱਡੇ ਜ਼ਿਮੀਂਦਾਰ ਨਿਕਲ ਗਏ। ਉਸ ਪਿਛਲੀ ਸਰਕਾਰ ਵਲੋਂ ਮਘੋਰਿਆਂ ਵਾਲਾ ਕਾਨੂੰਨ ਬਣਾ ਦਿਤਾ ਗਿਆ ਅਤੇ ਲੋਕਾਂ ਨੂੰ ਕਹਿ ਦਿਤਾ ਕਿ ਕਾਨੂੰਨ ਬਣਾ ਦਿਤਾ ਗਿਆ ਹੈ। ਉਹ ਵੱਡੇ ਵੱਡੇ ਜ਼ਿਮੀਂਦਾਰ ਉਨ੍ਹਾਂ ਮਘੋਰਿਆਂ ਵਿਚੋਂ ਦੀ ਨਿਕਲ ਗਏ । ਉਦੋਂ ਸ਼ਡਿਊਲਡ ਕਾਸਟਸ ਮੈਂਬਰ ਵੀ ਸਾਡੇ ਪਾਸ ਬੈਠੇ ਸਨ ਜਿਹੜੇ ਕਿ ਕਹਿੰਦੇ ਸਨ ਕਿ ਅਸੀਂ ਤਾਂ ਬੋਲ ਨਹੀਂ ਸਕਦੇ ਤੁਸੀਂ ਹੀ ਸਾਡੇ ਬਾਰੇ ਕੁਝ ਕਹੋ। ਉਸ ਤਰ੍ਹਾਂ ਅੱਜ ਵੀ ਸਰਕਾਰ ਨੇ ਕੀਤਾ ਹੈ। ਇਹ ਤਾਂ ਮਘੋਰਿਆਂ ਵਾਲਾ ਕਾਨੂੰਨ ਹੈ। ਅਸੀਂ ਤਾਂ ਜਥੇਦਾਰ ਉਮਰਾ ਨੰਗਲ ਜੀ ਨੂੰ ਕਹਿੰਦੇ ਹਾਂ ਕਿ ਤੁਸੀਂ ਸ਼ਹਿਰੀ ਜਾਇਦਾਦ ਵੀ ਲਵੋ ਔਰ ਜਿਹੜੀਆਂ ਵੀ ਕੋਈ ਇਸ ਕਾਨੂੰਨ ਥੱਲੇ ਜਾਇਦਾਦਾਂ ਆਉਂਦੀਆਂ ਹਨ ਉਹ ਜ਼ਬਤ ਕਰਨੀਆਂ ਚਾਹੀਦੀਆਂ ਹਨ । (ਵਿਘਨ)

**ਸ੍ਰੀ ਸਭਾਪਤੀ :** ਬੱਸ ਜੀ ਲੂੰਬਾ ਸਾਹਿਬ, ਬੱਸ ਕਰੋ ਹਣ।

**Mr. Chairman :** Question is—

That the Punjab Bhudan Yagna (Amendment) Bill be passed.

*The motion was carried unanimously.*

---

## RESOLUTION UNDER ARTICLE 213 (2) (a) OF THE CONSTITUTION OF INDIA DISAPPROVING THE INDIAN STAMP (PUNJAB AMENDMENT) ORDINANCE, 1978(PUNJAB ORDINANCE NO. 3 OF 1978)

## AND

## THE INDIAN STAMP (PUNJAB AMENDMENT) BILL, 1978

**Sardar Umrao Singh**(Nakodar) : Sir, I beg to move—

That this House disapproves the Indian Stamp (Punjab Amendment) Ordinance, 1978 (Punjab Ordinance No. 3 of 1978).

**Mr. Chairman :** Motion moved—

That this House disapproves the Indian Stamp(Punjab Amendment) Ordinance 1978 (Punjab Ordinance No. 3 of 1978).

**ਉਦਯੋਗ ਮੰਤਰੀ :** ਚੇਅਰਮੈਨ ਸਾਹਿਬ, ਬਿਲ ਤੇ ਆਰਡੀਨੈਂਸ ਇਕੱਠੇ ਹੀ ਮੂਵ ਕਰ ਦਿਉ । ਇਕੱਠੇ ਹੀ ਡਿਸਕਸ ਹੋ ਜਾਣਗੇ ।

**Revenue Minister (Jathedar Jiwan Singh Umranangal) :** Sir, I beg to introduce the Indian Stamp(Punjab Amendment) Bill.

Original with;
Punjab Vidhan Sabha
Digitized by;
Panjab Digital Library

[Revenue Minister]

Sir, I also beg to move—

That the Indian Stamp (Punjab Amendment) Bill be taken into consideration at once.

**Mr. Chairman :** Motion Moved—

That the Indian Stamp (Punjab Amendment) Bill be taken into consideration at once

The practice in the past has been that the resolution disapproving the Ordinance and the Bill seeking replacement of the Ordinance are discussed together though the voting takes place on each item separately. If the House agrees, the resolution disapproving the Ordinance and the Bill be discussed together.

(*Voices : Yes, yes.*)

**Mr. Chairman :** Both the motions will be discussed together.

**ਸਰਦਾਰ ਉਮਰਾਓ ਸਿੰਘ** (ਨਕੋਦਰ): ਚੇਅਰਮੈਨ ਸਾਹਿਬ, ਇਹ ਜਿਹੜੀ ਸਟੈਂਪ ਦੀ ਡਿਊਟੀ ਇਨਕਰੀਜ਼ ਕੀਤੀ ਜਾ ਰਹੀ ਹੈ ਮੈਂ ਸਮਝਦਾ ਹਾਂ ਕਿ ਇਹ ਸਾਡੀ ਅਕਾਲੀ ਜਨਤਾ ਸਰਕਾਰ ਜਿਹੜੀ ਆਪਣੇ ਆਪ ਨੂੰ ਕਿਸਾਨਾਂ ਦਾ ਬੜਾ ਹਮਦਰਦ ਕਹਾਉਂਦੀ ਹੈ, ਉਨ੍ਹਾਂ ਕਿਸਾਨਾਂ ਨੂੰ ਆਪਣਾ ਪਹਿਲਾ ਤੋਹਫ਼ਾ ਦੇ ਰਹੀ ਹੈ । ਜਿਸ ਹਿਸਾਬ ਨਾਲ ਇਹ ਡਿਊਟੀ ਵਧਾਈ ਜਾ ਰਹੀ ਹੈ ਜੇ ਦੇਖਿਆ ਜਾਵੇ ਤਾਂ ਇਹ ਪਤਾ ਲਗਦਾ ਹੈ ਕਿ 30 ਰੁਪਏ ਵਾਲੇ ਨੂੰ ਹੁਣ 50 ਰੁਪਏ ਦੇਣੇ ਪੈਣਗੇ ਅਤੇ 60 ਰੁਪਏ ਵਾਲੇ ਨੂੰ ਹੁਣ 100 ਰੁਪਏ ਦੇਣੇ ਪੈਣਗੇ । ਇਸ ਤਰ੍ਹਾਂ ਜਿਨ੍ਹਾਂ ਵੀ ਉਪਰਲਾ ਸਲੈਬ ਹੈ ਉਸ ਨੂੰ ਬਹੁਤ ਫਰਕ ਪੈ ਜਾਂਦਾ ਹੈ । ਸਿਰਫ ਵਡੀਆਂ ਤੇ ਹੀ ਨਹੀਂ ਬਲਕਿ ਇਹ ਛੋਟੇ ਜ਼ਿਮੀਂਦਾਰਾਂ ਤੇ ਵੀ ਬਹਤ ਅਸਰ ਕਰਦਾ ਹੈ । ਇਥੇ ਤਾਂ ਇਹ ਕਹਿੰਦੇ ਹਨ ਕਿ ਕਿਸਾਨ ਨੂੰ ਬਹੁਤ ਫਾਇਦੇ ਦੇ ਰਹੇ ਹਨ । ਪਰ ਇਹ ਪਹਿਲਾ ਤੋਹਫਾ ਜਿਹੜਾ ਕਿਸਾਨ ਨੂੰ ਦਿਤਾ ਜਾ ਰਿਹਾ ਹੈ ਮੈਂ ਸਮਝਦਾ ਹਾਂ ਕਿ ਇਸ ਨਾਲ ਕਿਸਾਨ ਤੇ ਬੜਾ ਬੋਝ ਪਵੇਗਾ । ਜੇ ਇਨ੍ਹਾਂ ਨੂੰ ਪੈਸਾ ਚਾਹੀਦਾ ਹੈ ਤਾਂ ਉਸ ਨੂੰ ਉਗਰਾਹੁਣ ਵਾਸਤੇ ਹੋਰ ਵੀ ਬਹੁਤ ਸਾਰੇ ਤਰੀਕੇ ਹਨ । ਜਿਸ ਹਿਸਾਬ ਨਾਲ ਸ਼ਰਾਬ ਅੱਜ ਕਲ ਚਲ ਰਹੀ ਹੈ, ਇਸ ਤੋਂ ਹੀ ਇਨ੍ਹਾਂ ਨੂੰ ਬਹੁਤ ਆਮਦਨ ਹੋ ਜਾਣੀ ਸੀ ਔਰ ਇਸ ਦੀ ਕੋਈ ਲੋੜ ਹੀ ਨਹੀਂ ਸੀ ਪੈਣੀ । ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਸ ਨੂੰ ਵਾਪਿਸ ਲੈ ਲਿਆ ਜਾਵੇ ।

**ਡਾਕਟਰ ਕੇਵਲ ਕ੍ਰਿਸ਼ਨ** (ਮੁਕੇਰੀਆਂ): ਚੇਅਰਮੈਨ ਸਾਹਿਬ, ਅੱਜ ਜਿਹੜਾ ਬਿਲ ਇਥੇ ਲਿਆਂਦਾ ਗਿਆ ਹੈ ਇਸ ਦਾ ਬੋਝ ਸਿਰਫ਼ ਪੰਜਾਬ ਦੇ ਕਿਸਾਨ ਤੇ ਹੀ ਨਹੀਂ ਬਲਕਿ ਮੈਂ ਸਮਝਦਾ ਹਾਂ ਕਿ ਸਾਰੇ ਪੰਜਾਬ ਦੇ ਲੋਕਾਂ ਤੇ ਪੈਂਦਾ ਹੈ। ਕੋਈ ਵੀ ਆਦਮੀ ਜਿਹੜਾ ਕੋਈ ਛੋਟੀ ਜਿਹੀ ਵੀ ਚੀਜ਼ ਵੇਚਦਾ ਹੈ, ਮੂਵਏਬਲ ਜਾਂ ਇਮ-ਮੂਵਏਬਲ ਉਸ ਨੂੰ ਇਹ ਟੈਕਸ ਦੇਣਾ ਪੈਣਾ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਇਹ ਗਰੀਬਾਂ ਤੇ ਬੋਝ ਪਾਇਆ ਜਾ ਰਿਹਾ ਹੈ । ਚੇਅਰਮੈਨ ਸਾਹਿਬ, ਅਸੀਂ ਇਸ ਦੀ ਵਿਰੋਧਤਾ ਕਰਦੇ ਹਾਂ। ਚੇਅਰਮੈਨ ਸਾਹਿਬ, ਇਥੇ ਮੈਂ ਇਕ ਗੱਲ ਹੋਰ ਵੀ ਕਹਿਣੀ ਚਾਹੁੰਦਾ ਹਾਂ । ਇਹ ਜਿਹੜਾ ਬਿਲ ਔਰ ਆਰਡੀਨੈਂਸ ਸਾਡੇ ਸਾਹਮਣੇ ਆਇਆ ਹੈ, ਸਾਨੂੰ ਇਸ ਵਾਸਤੇ ਇਨਸਾਫ਼ ਕਰਨਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਇਸ ਸਰਕਾਰ ਦੇ ਆਉਣ ਤੋਂ ਪਹਿਲਾਂ ਬੈਕਵਰਡ ਕਲਾਸ, ਸ਼ਡਿਊਲਡ ਕਾਸਟ ਔਰ ਬੈਕਵਰਡ ਏਰੀਏ ਦੇ ਲੋਕਾਂ ਨੂੰ ਸਰਟੀਫਿਕੇਟ ਲੈਣ ਵੇਲੇ ਬਿਲਕੁਲ ਸਾਦੇ ਕਾਗਜ਼ ਤੇ ਐਫੀਡੇਵਿਟ ਦੇਣਾ ਪੈਂਦਾ ਸੀ, ਜਿਸ ਤੇ ਉਸ ਦਾ ਕੋਈ ਖਰਚ ਨਹੀਂ ਸੀ ਆਉਂਦਾ। ਔਰ ਸਬ-ਡਵੀਜ਼ਨ ਮਜਿਸਟ੍ਰੇਟ ਉਸ ਨੂੰ ਤਸਦੀਕ ਕਰ ਦਿੰਦਾ

Original with;
Punjab Vidhan Sabha
Digitized by;
Panjab Digital Library

ਸੀ। ਪਰ ਹੁਣ ਮੈਂ ਸਮਝਦਾ ਹਾਂ ਕਿ ਉਨ੍ਹਾਂ ਤੇ 3, 3 ਰੁਪਏ ਦਾ ਟੈਕਸ ਲਾ ਕੇ ਉਨ੍ਹਾਂ ਤੇ ਬੜਾ ਭਾਰੀ ਬੋਝ ਪਾਇਆ ਜਾ ਰਿਹਾ ਹੈ। ਮੈਂ ਸਮਝਦਾ ਹਾਂ ਕਿ ਸਾਰੇ ਪੰਜਾਬ ਵਿਚ ਇਸ ਵੇਲੇ 29,48,388 ਬੱਚੇ ਪੜ੍ਹਦੇ ਹਨ ਔਰ ਉਸ ਵਿਚੋਂ ਸ਼ਡਿਊਲਡ ਕਾਸਟ ਔਰ ਬੈਕਵਰਡ ਕਲਾਸ ਵਿਦਿਆਰਥੀਆਂ ਦੀ ਗਿਣਤੀ 12, 1, 984 ਹੈ। ਔਰ ਉਨ੍ਹਾਂ ਸਾਰਿਆਂ ਨੂੰ 4,4 ਸਰਟੀਫਿਕੇਟ ਚਾਹੀਦੇ ਹੁੰਦੇ ਹਨ। ਜਿਸ ਕਰਕੇ ਅਦਾਲਤਾਂ ਵਿਚ ਅਤੇ ਕਚਹਿਰੀਆਂ ਵਿਚ ਹਰ ਵੇਲੇ ਰਸ਼ ਰਹਿੰਦਾ ਹੈ। 3 ਰੁਪਏ ਦੇ ਇਸ਼ਟਾਮ ਤੇ ਸਰਟੀਫਿਕੇਟ ਲੈਣ ਵਾਸਤੇ ਉਸ ਨੂੰ 10, 20 ਰੁਪਏ ਇਕ ਸਰਟੀਫਿਕੇਟ ਦੇ ਦੇਣੇ ਪੈਣੇ ਹਨ।

ਇਸ ਤਰ੍ਹਾਂ ਕੋਈ ਇਨ੍ਹਾਂ ਨੂੰ ਹੁਣੇ ਹੀ 1,46,63,808 ਰੁਪਏ ਟੈਕਸ ਦੇ ਮਿਲ ਜਾਣੇ ਹਨ। ਇਸ ਲਈ, ਚੇਅਰਮੈਨ ਸਾਹਿਬ, ਮੈਂ ਸਮਝਦਾ ਹਾਂ ਕਿ ਜੇ ਇਹ ਸਰਕਾਰ ਆਪਣੇ ਆਪ ਨੂੰ ਕਿਸਾਨਾਂ ਦਾ ਹਮਦਰਦ ਕਹਾਉਂਦੀ ਹੈ ਤਾਂ ਇਹ ਬਿਲ ਇਨ੍ਹਾਂ ਨੂੰ ਵਾਪਸ ਲੈ ਲੈਣਾ ਚਾਹੀਦਾ ਹੈ।

ਮਾਲ ਮੰਤਰੀ (ਜੱਥੇਦਾਰ ਜੀਵਨ ਸਿੰਘ ਉਮਰਾਨੰਗਲ) : ਚੇਅਰਮੈਨ ਸਾਹਿਬ, ਇਹ ਕਾਂਗਰਸੀ ਸਜਣਾਂ ਨੇ ਮਗਰਮੱਛ ਵਾਂਗ ਅੱਥਰੂ ਵਿਖਾਏ ਹਨ ਅਤੇ ਕਿਹਾ ਹੈ ਕਿ ਇਹ ਟੈਕਸ ਨਹੀਂ ਲਾਉਣਾ ਚਾਹੀਦਾ। ਮੈਂ ਸਮਝਦਾ ਹਾਂ ਕਿ ਟੈਕਸ ਲਾਉਣਾ ਕੋਈ ਚੰਗੀ ਗੱਲ ਨਹੀਂ, ਸਾਨੂੰ ਇਸ ਦਾ ਅਫਸੋਸ ਹੈ। ਪਰ ਕਿਉਂਕਿ ਜਦੋਂ ਇਹ ਗਏ ਸਨ ਤਾਂ ਇਹ 97 ਕਰੋੜ ਦਾ ਘਾਟਾ ਛੱਡ ਕੇ ਗਏ ਸਨ। ਇਸ ਕਰਕੇ ਉਸ ਘਾਟੇ ਨੂੰ ਪੂਰਾ ਕਰਨ ਲਈ ਸਾਨੂੰ ਮਜ਼ਬੂਰ ਹੋ ਕੇ ਇਹ ਕਰਨਾ ਪਿਆ ਹੈ। ਟੈਕਸ ਲਾਉਣ ਵੇਲੇ ਇਹ ਕੋਸ਼ਿਸ਼ ਕੀਤੀ ਗਈ ਹੈ ਕਿ ਇਹ ਟੈਕਸ ਵਡੇ ਤਬਕੇ ਤੇ ਲਗੇ ਛੋਟੇ ਤਬਕੇ ਤੇ ਨਾ ਲਗੇ। ਇਸ ਲਈ ਇਹ ਫੈਸਲਾ ਕੀਤਾ ਗਿਆ ਹੈ ਕਿ ਇਹ ਸਟੈਂਪ ਡਿਊਟੀ ਲਾਈ ਜਾਵੇ।

## EXTENSION OF TIME OF THE SITTING

**ਸ਼੍ਰੀ ਸਭਾਪਤੀ :** ਮੈਂ ਰਿਕੁਐਸਟ ਕਰਾਂਗਾ ਕਿ 10 ਮਿੰਟ ਦਾ ਸਮਾਂ ਹੋਰ ਵਧਾ ਲਿਆ ਜਾਵੇ।

**ਕੁਝ ਆਵਾਜ਼ਾਂ :** ਠੀਕ ਹੈ ਜੀ।

**ਸ਼੍ਰੀ ਸਭਾਪਤੀ :** ਹਾਊਸ ਦਾ ਸਮਾਂ 10 ਮਿੰਟ ਹੋਰ ਵਧਾਇਆ ਜਾਂਦਾ ਹੈ।

## Resolution under Article 213 (2) (A) of the Constitution of India disapproving the Indian Stamp (Punjab Amendment) Ordinance, 1978 (Punjab Ordinance No. 3 of 1978) and the Indian Stamp (Punjab Amendment) Bill, 1978.

*(Resumption of Consideration)*

**ਕਾਮਰੇਡ ਸੰਪੂਰਣ ਸਿੰਘ ਧੌਲਾ** (ਧਨੌਲਾ) : ਚੇਅਰਮੈਨ ਸਾਹਿਬ, ਇਹ ਜਿਹੜਾ ਬਿਲ ਪੇਸ਼ ਹਇਆ ਹੈ ਮੈਂ ਉਸ ਦੀ ਵਿਰੋਧਤਾ ਕਰਨ ਲਈ ਖੜਾ ਹੋਇਆ ਹਾਂ। ਮੈਂ ਸਮਝਦਾ ਹਾਂ ਕਿ 2 ਤਰ੍ਹਾਂ ਦੇ ਆਦਮੀ ਜ਼ਮੀਨ ਨੂੰ ਵੇਚਦੇ ਹਨ। ਜਿਹੜੇ ਛੋਟੇ ਜ਼ਿਮੀਦਾਰ ਹਨ ਉਨ੍ਹਾਂ ਨਾਲ ਇਹ ਬਹੁਤ ਬੇਇਨਸਾਫੀ ਹੋ ਰਹੀ ਹੈ। ਕਿਉਂਕਿ ਜਿਹੜੇ ਵਡੇ ਜ਼ਿਮੀਦਾਰ ਹਨ ਉਹ ਤਾਂ ਆਪਣੀ ਸਰਪਲਸ ਜ਼ਮੀਨ ਨੂੰ ਵੇਚਦੇ ਹਨ ਪਰ ਜਿਹੜੇ ਛੋਟੇ ਜ਼ਿਮੀਦਾਰ ਹੁੰਦੇ ਹਨ ਉਹ ਤਾਂ ਜ਼ਮੀਨ ਨੂੰ ਆਪਣੀ ਮਾਂ ਸਮਝਦੇ ਹਨ। ਜ਼ਿਮੀਦਾਰ ਉਸ ਵੇਲੇ ਆਪਣੀ ਜ਼ਮੀਨ ਵੇਚਦਾ ਹੈ ਜਿਸ ਵੇਲੇ ਉਸ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੰਪੂਰਣ ਸਿੰਘ ਧੌਲਾ]

ਤੇ ਕੋਈ ਬਹੁਤ ਵੱਡੀ ਆਫ਼ਤ ਆਵੇ, ਬਿਮਾਰੀ ਆ ਜਾਵੇ। ਇਸ ਲਈ ਮੈਂ ਸਮਝਦਾ ਹਾਂ ਕਿ ਇਹ ਤਾਂ ਇਕ ਕਿਸਾਨ ਮਾਰੂ ਬਿਲ ਹੈ। ਕੋਈ ਵੀ ਆਪਣੀ ਮਾਂ ਨੂੰ ਵੇਚਣ ਲਈ ਤਿਆਰ ਨਹੀਂ ਹੋ ਸਕਦਾ। ਮਾਂ ਨੂੰ ਵੇਚਣ ਲਈ ਉਹ ਉਸ ਵੇਲੇ ਤਿਆਰ ਹੋਵੇਗਾ ਜਦੋਂ ਉਸ ਤੇ ਕੋਈ ਬਹੁਤ ਵੱਡੀ ਆਫ਼ਤ ਆ ਜਾਵੇ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਜਿਹੜੇ 40 ਹਜ਼ਾਰ ਰੁਪਏ ਤੋਂ ਵੱਧ ਦੀ ਜ਼ਮੀਨ ਵੇਚਦੇ ਹਨ ਉਨ੍ਹਾਂ ਤੇ ਬੇਸ਼ਕ ਇਹ ਟੈਕਸ ਇਸ ਨਾਲੋਂ ਵੀ ਵਧਾ ਕੇ ਲਾ ਦਿਓ ਪਰ ਜਿਹੜਾ ਛੋਟਾ ਜ਼ਮੀਦਾਰ ਹੈ ਜਿਸ ਨੇ 10,12 ਹਜ਼ਾਰ ਦੀ ਜ਼ਮੀਨ ਵੇਚਣੀ ਹੈ ਉਸ ਤੇ ਇਹ ਟੈਕਸ 2 ਪ੍ਰਤੀਸ਼ਤ ਹੀ ਰਹਿਣ ਦਿਓ। ਜੇ ਸਰਕਾਰ ਇਹ ਤਰਮੀਮ ਮੰਨ ਲਵੇ ਤਾਂ ਮੈਂ ਸਮਝਾਂਗਾ ਕਿ ਇਹ ਸਰਕਾਰ ਗਰੀਬਾਂ ਦੀ ਹਮਦਰਦ ਸਰਕਾਰ ਹੈ। ਇਸ ਲਈ ਇਸ ਸੁਝਾਉ ਨੂੰ ਪਰਵਾਨ ਕਰ ਲੈਣਾ ਚਾਹੀਦਾ ਹੈ।

**ਕਾਮਰੇਡ ਬਲਦੇਵ ਸਿੰਘ ਲੁੰਬਾ** (ਸੁਤਰਾਣਾ, ਐਸ. ਸੀ.): ਚੇਅਰਮੈਨ ਸਾਹਿਬ, ਮੈਂ ਇਸ ਬਿਲ ਦਾ ਵਿਰੋਧ ਕਰਨ ਲਈ ਖੜਾ ਹੋਇਆ ਹਾਂ। ਚੇਅਰਮੈਨ ਸਾਹਿਬ, ਚੋਣਾ ਵਿਚ ਜਾਂ ਉਸ ਤੋਂ ਬਾਅਦ ਜਿਹੜੀ ਸਾਡੀ ਸਰਕਾਰ ਹੈ ਉਹ ਕਿਸਾਨਾਂ ਦੇ ਦਮ ਭਰਨ ਲਈ ਸਭ ਤੋਂ ਅੱਗੇ ਚਲੀ ਗਈ ਹੈ ਪਰ ਇਹ ਬਿਲ ਲਿਆ ਕੇ ਗਰੀਬ ਕਿਸਾਨ ਨੂੰ ਦਬਾ ਦਿੱਤਾ ਗਿਆ ਹੈ। ਵਡੇ ਆਦਮੀ ਨੂੰ ਤਾਂ ਇਸ ਦੇ ਨਾਲ ਕੋਈ ਫਰਕ ਨਹੀਂ ਪੈਣਾ। ਕਿਉਂਕਿ ਵਡੇ ਆਦਮੀ ਤਾਂ ਉਹ ਜ਼ਮੀਨਾਂ ਵੇਚਦੇ ਹਨ ਜਿਹੜੀਆਂ ਸਰਪਲਸ ਹੁੰਦੀਆਂ ਹਨ ਜਿਹੜੀਆਂ ਉਨ੍ਹਾਂ ਦੇ ਕੁਤੇ ਬਿਲਿਆਂ ਦੇ ਨਾਂ ਤੇ ਰੱਖੀਆਂ ਹੁੰਦੀਆਂ ਹਨ। ਇਸ ਲਈ ਜੇ ਉਸ ਤੇ ਟੈਕਸ ਲਗ ਜਾਵੇ ਤਾਂ ਉਸ ਨੂੰ ਫਰਕ ਨਹੀਂ ਪੈਣਾ। ਪਰ ਜਿਹੜਾ ਗਰੀਬ ਕਿਸਾਨ ਹੈ....

(ਇਸ ਵੇਲੇ ਹਾਊਸ ਵਿਚੋਂ ਲਾਈਟ ਚਲੀ ਗਈ)

ਚੇਅਰਮੈਨ ਸਾਹਿਬ, ਮੈਂ ਕਹਿ ਰਿਹਾ ਸੀ ਕਿ ਵਡੇ ਆਦਮੀ ਤਾਂ ਉਹ ਜ਼ਮੀਨਾਂ ਵੇਚਦੇ ਹਨ ਜਿਹੜੇ ਕੁਤੇ ਬਿਲਿਆਂ ਦੇ ਨਾਂ ਤੇ ਕੀਤੀਆਂ ਹੁੰਦੀਆਂ ਹਨ। ਇਸ ਲਈ ਉਨ੍ਹਾਂ ਨੂੰ ਸਟੈਂਪ ਡਿਊਟੀ ਦਾ ਕੋਈ ਫਰਕ ਨਹੀਂ ਪੈਂਦਾ। ਇਸ ਲਈ ਮੈਂ ਸਮਝਦਾ ਹਾਂ ਕਿ ਇਹ ਬਿਲ ਗਰੀਬ ਕਿਸਾਨ ਤੇ ਸੱਟ ਮਾਰੂ ਬਿਲ ਹੈ। ਇਸ ਲਈ ਮੈਂ ਮੰਤਰੀ ਸਾਹਿਬ ਨੂੰ ਕਹਾਂਗਾ ਕਿ ਇਹ ਬਿਲ ਵਾਪਸ ਲੈ ਲੈਣਾ ਚਾਹੀਦਾ ਹੈ ਤਾਕਿ ਗਰੀਬ ਕਿਸਾਨਾਂ ਦੀ ਸਹਾਇਤਾ ਕੀਤੀ ਜਾ ਸਕੇ।

**Mr. Chairman:** Question is—

That this House disapproves the Indian Stamp (Punjab Amendment) Ordinance 1978 (Punjab Ordinance No. 3 of 1978).

*(After ascertaining the votes of the House by voices, Mr. Chairman said 'I think Noes have it'. This opinion was challenged. The Bells were sounded. The question was put again and Mr. Chairman said 'I think Noes have it'. Again it was challenged. The Members were asked to rise in their places. Eighteen Members rose in support of the motion and forty-four Members against the motion. The motion was declared lost.*

*The motion was lost.*

Original with;
Punjab Vidhan Sabha
Digitized by;
Panjab Digital Library

**Mr. Chairman :** Question is—

That the Indian Stamp (Punjab Amendment) Bill be taken into consideration at once.

*The motion was carried.*

**Mr. Chariman :** Now the House will proceed to consider the Bill Clause by Clause.

WALK-OUT(S)

**Sardar Beant Singh :** We walk-out.

(At this stage the Members belonging to the Congress(I) who were present in the House staged a walk-out as a protest against the passage of the Indian Stamp (Punjab Amendment) Bill, 1978)

(At this stage the Members belonging to Congress, CPI and CPM, who were present in the House, left the House.)

THE INDIAN STAMP (PUNJAB AMENDMENT) BILL, 1978
(*Resumption of Consideration*)

**Mr. Chairman :** If the House agrees, all the Clauses of the Bill be put to the vote of the House together.

(*Voices : Yes, yes.*)

**Sub-Clause (2) of Clause 1, Clauses 2 and 3, Sub Clause (1) of Clause 1**

**Mr. Chairman :** Question is—

That Sub-Clause (2) of Clause 1, Clauses2 and 3, Sub-Clause (1) of Clause 1 stand part of the Bill.

*The motion was carried unanimously.*

**Title**

**Mr. Chairman :** Question is—
That Title be the Title of the Bill.

*The motion was carried unanimously.*

**Revenue Minister**(Jathedar Jiwan Singh Umranangal) : Sir, I beg to move—

That the Indian Stamp (Punjab Amendment) Bill be passed.

**Mr. Chairman :** Motion moved—
That the Indian Stamp (Punjab Amendment) Bill be passed.

**Mr. Chairman :** Question is—
That the Indian Stamp(Punjab Amendment) Bill be passed.

*The motion was carried unanimously.*

**Mr. Chairman :** The Hous stands adjourned till 9.00 A.M. on Thursday, the 14th September, 1978.

*7.39 P.M. | (*The Sabha then adjourned till* **9.00** *A.M. on Thursday, the 14th September,* 1978.)

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

## APPENDIX

## TO

## PUNJAB VIDHAN SABHA DEBATE

*Dated the 13th September,* 1978
(Afternoon Sitting)
VOL. III—NO. 8

## STARRED QUESTION AND ANSWER

### Theft of Government Medicines from the Stores of Civil Hospital Bhatinda and Civil Dispensary Raman Mandi

***514. Master Babu Singh :** Will the Minister for Health and Urban Development be pleased to state:—

(a) whether it is a fact that a theft of Government medicines took place in the stores of Civil Hospital, Bhatinda and the Civil Dispensary, Raman-Mandi in district Bhatinda, during May, 1978 and thereafter the Civil Surgeon, Bhatinda sealed those stores ;

(b) the total quantity of medicines stolen alongwith the cost thereof ;

(c) the name of culprits, if any, apprehended so far ?

**ਸ੍ਰੀ ਦੇਸ ਰਾਜ :** (ੲ) ਕੁਝ ਦੁਆਈਆਂ ਜਿਨ੍ਹਾਂ ਉਤੇ ਸਿਵਲ ਹਸਪਤਾਲ ਬਠਿੰਡਾ ਅਤੇ ਡਿਸਪੈਨਸਰੀ ਰਾਮਾਂ ਮੰਡੀ ਦੀਆਂ ਮੋਹਰਾਂ ਲੱਗੀਆਂ ਹੋਈਆਂ ਸਨ ਰੇਲਵੇ ਪੁਲਸ ਨੇ ਗਸ਼ਤ ਕਰਦਿਆਂ ਮਿਤੀ 27 ਅਪਰੈਲ, 1978 ਨੂੰ ਰੇਲਵੇ ਸਟੇਸ਼ਨ ਬਠਿੰਡਾ ਤੋਂ ਫੜੀਆਂ ਸਨ। ਇਸ ਉਪਰੰਤ ਸਿਹਤ ਤੇ ਪ੍ਰਵਾਰ ਭਲਾਈ ਵਿਭਾਗ ਦੇ ਜ਼ਿਲ੍ਹਾ ਅਫਸਰਾਂ ਨੇ ਹਸਪਤਾਲ ਅਤੇ ਡਿਸ-ਪੈਨਸਰੀ ਦੇ ਸਟੋਰ ਚੈਕ ਕੀਤੇ ਸਨ।

(ਬੀ) ਜਿਹੜੀਆਂ ਦੁਆਈਆਂ ਰੇਲਵੇ ਪੁਲਸ ਨੇ ਮਿਤੀ 27 ਅਪਰੈਲ 1978 ਨੂੰ ਫੜੀਆਂ ਸਨ,ਉਨ੍ਹਾਂ ਦੇ ਨਾਵਾਂ ਅਤੇ ਮਿਕਦਾਰ ਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ਸੀ) ਜ਼ਿਲ੍ਹਾ ਪੁਲਸ ਕੇਸ ਦੀ ਤਫਤੀਸ਼ ਕਰ ਰਹੀ ਹੈ। ਅਜੇ ਤਕ ਕਿਸੇ ਨੂੰ ਹਿਰਾਸਤ ਵਿਚ ਨਹੀਂ ਲਿਆ ਗਿਆ।

ਮਿਤੀ 27 ਅਪਰੈਲ, 1978 ਨੂੰ ਰੇਲਵੇ ਸਟੇਸ਼ਨ ਬਠਿੰਡਾ ਤੋਂ ਰੇਲਵੇ ਪੁਲਸ ਵਲੋਂ ਫੜੀਆਂ ਦੁਆਈਆਂ ਦੇ ਨਾਵਾਂ ਅਤੇ ਮਿਕਦਾਰ ਦੀ ਸੂਚੀ:—

| ਲੜੀ ਨੰ: | ਦੁਆਈ ਦਾ ਨਾਂ | | ਮਿਕਦਾਰ |
|---|---|---|---|
| 1. | ਐਥੀਕੋਨ | .. | 12 ਡੱਬੇ |
| 2. | ਸਟਾਈਪਟੋਬੀਅਨ | .. | 600 ਗੋਲੀਆਂ। |

*Original with;*
Punjab Vidhan Sabha
*Digitized by;*
Panjab Digital Library

| ਲੜੀ ਨੰ: | ਦਵਾਈ ਦਾ ਨਾਂ | | ਮਿਕਦਾਰ |
|---|---|---|---|
| 3. | ਐਂਟੀਪਾਰ | .. | 500 ਗੋਲੀਆਂ ਦਾ ਇੱਕ ਡੱਬਾ। |
| 4. | ਕੇਵਿਨ | .. | 500 ਗ੍ਰਾਮ ਦੋ ਬੋਤਲਾਂ ਵਿਚ |
| 5. | ਸਲਫਾਸੋਮਾਡਾਈਨ | .. | ਹਜ਼ਾਰ-ਹਜ਼ਾਰ ਗੋਲੀਆਂ ਦੇ ਦੋ ਡੱਬੇ |
| 6. | -- | .. | 600 ਗੋਲੀਆਂ ਦੇ ਦੋ ਡੱਬੇ (ਅਨਸਪੈਸੀਫਾਈਡ) |
| 7. | ਐਂਟਿਸਪਾਰਣ | .. | 500 ਗੋਲੀਆਂ (ਬਿਨਾਂ ਮੋਹਰ ਦੇ)। |

34723 PVS —Govt. Press, Chd.

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

© 1979
Published under the authority of the Punjab Vidhan Sabha Secretariat and printed by the Controller, Government Press, Chandigarh,

Original with;
Punjab Vidhan Sabha
Digitized by;
Panjab Digital Library

SP. 35

# Punjab Vidhan Sabha Debates

*14th September, 1978*

*(Forenoon Sitting)*

**Vol. III—No. 9**

OFFICIAL REPORT

CONTENTS

*Thursday, the 14th September*, 1978
*(Forenoon Sitting)*


| | | Page |
|---|---|---|
| Starred Questions and Answers | .. | (9) 1 |
| Written Answers to Starred Questions laid on the Table of the House under Rule 38 | .. | (9)21 |
| Unstarred Questions and Answers | .. | (9)30 |
| Points of Order re. Adjournment Motion | .. | (9)33 |
| Squatting by C.P.I. and Congress Party Members | .. | (9)38 |
| Motion re. suspension of Members of the House | .. | (9)38 |
| Call Attention Notices under Rule 66 | .. | (9)48 |
| LEGISLATIVE BUSINESS | | |
| **Bill (s)—** | | |
| Resolution under Article 213(2)(a) disapproving the Punjab Agricultural Produce Markets (Amendment) Ordinance, 1978 (Punjab Ordinance No. 2 of 1978) AND The Punjab Agricultural Produce Markets (Second Amendment)———, 1978 | .. | (9)52 |
| The Punjab Water Supply and Sewerage Board (Amendment)———, 1978 | .. | (9)66 |


Punjab Vidhan Sabha Secretariat, Chandigarh.

**Price : Rs. 38.50 P.**

Original with;
Punjab Vidhan Sabha
Digitized by;
Panjab Digital Library

| | Page |
|---|---|
| Resolution under Article 213(2) (a) disapproving the Punjab Municipal (Amendment) Ordinance, 1978 (Punjab Ordinance No. 6 of 1978) | |
| AND | |
| The Punjab Municipal (Amendment)——, 1978 .. | (9)79 |
| The Punjab Town Improvement (Amendment)———, 1978 .. | (9)8[illegible] |
| Extension of Time of the Sitting .. | (9)87 |
| **Bill(s)**— | |
| The Punjab Town Improvement (Amendment)——, 1978 (*Resumption of discussion*) | (9)87 |
| Resolution under Article 213(2)(a) disapproving the Punjab Municipal Corporation (Amendment) Ordinance, 1978 (Punjab Ordinance No. 10 of 1978) | |
| AND | |
| The Punjab Municipal Corporation (Amendment) ———, 1978 .. | (9)91 |
| Extension of Time of the Sitting .. | (9)92 |
| **Bill(s)** | |
| Resolution under Article 213 (2)(a) disapproving the Punjab Municipal Corporation (Amendment) Ordinance, 1978 (Punjab Ordinance No. 10 of 1978) | |
| AND | |
| The Punjab Municipal Corporation (Amendment)——, 1978 (*Resumption of discussion*) | (9)92 |
| Extension of Time of the Sitting .. | (9)97 |
| Motion(s) *re.* suspension of Members of the House (*Resumption*) .. | (9)97 |
| Extension of Time of the Sitting .. | (9)101 |
| Motion(s) *re.* suspension of Members of the House (*Resumption*) .. | (9)101 |
| Extension of Time of The Sitting .. | (9)105 |
| Motion(s) re. suspension of Members of the House (*Resumption of discussion*) .. | (9)105 |
| Appendix .. | (i) |

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

*Thursday, the 14th September, 1978*
*(Forenoon Sitting)*

*The Vidhan Sabha met in the Punjab Vidhan Sabha Hall, Vidhan Bhavan Chandigarh, at 9-00 A.M. of the Clock. Mr. Speaker (Sardar Ravi Inder Singh) in the Chair.*

---

## STARRED QUESTIONS AND ANSWERS

**Starred Question No. 790***

**ਸ਼੍ਰੀ ਸਪੀਕਰ** : ਸਭ ਤੋਂ ਪਹਿਲਾਂ ਕੁਐਸਚਨ ਨੰ: 790 ਲੈਣਾ ਹੈ ਜਿਹੜਾ ਕਿ 13 ਤਾਰੀਖ ਦੀ ਲਿਸਟ ਉਪਰ ਸੀ।

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ।)

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਇਸ ਸਵਾਲ ਤੇ ਸਪਲੀਮੈਂਟਰੀ ਪੁੱਛ ਲੈਣ ਦਿਉ।

**ਸ਼੍ਰੀ ਸਪੀਕਰ** : ਤੁਸੀਂ ਸਪਲੀਮੈਂਟਰੀ ਕਿਵੇਂ ਪੁੱਛ ਸਕਦੇ ਹੋ ਜਦੋਂ ਸਵਾਲ ਪੇਸ਼ ਹੀ ਨਹੀਂ ਕੀਤਾ ਗਿਆ। ਹਾਂ, ਐਸਾ ਕਰਾਂਗੇ ਜਦੋਂ ਸਬੰਧਤ ਮਾਨਯੋਗ ਮੈਂਬਰ ਆ ਜਾਣਗੇ ਤਾਂ ਪੇਸ਼ ਕਰਨ ਦੀ ਇਜਾਜ਼ਤ ਦੇ ਦੇਵਾਂਗੇ। (ਵਿਘਨ)

**ਗਿਆਨੀ ਅਰਜਣ ਸਿੰਘ ਲਿੱਟ** : ਸਪੀਕਰ ਸਾਹਿਬ, ਜਦੋਂ ਮੈਂਬਰ ਹਾਜ਼ਰ ਨਹੀਂ ਤਾਂ ਸਵਾਲ ਨੂੰ ਦੋਬਾਰਾ, ਜਦੋਂ ਮੈਂਬਰ ਆ ਜਾਵੇ, ਤਾਂ ਪੁੱਟ ਕਰਨ ਦਾ ਸਵਾਲ ਠੀਕ ਨਹੀਂ ਹੈ।

**ਸ਼੍ਰੀ ਸਪੀਕਰ** : ਹਾਂ, ਇਹ ਵੀ ਠੀਕ ਹੈ।

---

**Number of P.W.D. (B. & R.) Employees posted at Delhi**

***529.** **(1) Comrade Sarwan Singh**
**(2) Comrade Satya Pal Dang** } : Will the Minister for Public Works be pleased to state:—

(a) the category-wise number of P.W.D. (B&R) employees posted at Delhi as on 1st June, 1978 ;

(b) the number of *ad-hoc* employees among them indicating the minimum/maximum service of the *ad-hoc* employees in each category ;

(c) whether the P.W.D. (B&R) employees posted in Delhi are allowed any conveyance allowance and city compensatory allowance ;

---

*For Starred Question No. 790 and reply thereto, please see page 15 *infra*

Original with;
Punjab Vidhan Sabha
Digitized by;
Panjab Digital Library

[Comrade Sarwan Singh]

(d) whether in the month of June, 1978, the P.W.D. (B&R) employees posted at Delhi took out any procession in support of their demands; if so, the details of those demands together with the details of those which have been accepted by the Government ?

**ਸਰਦਾਰ ਰਣਧੀਰ ਸਿੰਘ ਚੀਮਾ** : (ੳ)

| | | |
|---|---|---|
| ਦਰਜਾ I | .. | ਨਿੱਲ |
| ਦਰਜਾ II | .. | 2 |
| ਦਰਜਾ III | . | 13 |
| ਦਰਜਾ IV | .. | 7 |
| ਵਰਕ-ਚਾਰਜ | ... | 31 |

(ਅ) ਤਦ-ਅਰਥ ਆਧਾਰ ਤੇ ਦਰਜਾ III ਦੀ ਕੇਵਲ ਇੱਕ ਕਰਮਚਾਰੀ ਹੀ ਕੰਮ ਕਰਦੀ ਸੀ ਜਿਸ ਦੀਆਂ ਸੇਵਾਵਾਂ 5 ਸਾਲਾਂ ਤੋਂ ਵੀ ਜ਼ਿਆਦਾ ਹੋ ਗਈਆਂ ਸਨ। ਇਸ ਦੀਆਂ ਸੇਵਾਵਾਂ ਮਿਤੀ 1 ਅਪਰੈਲ, 1977 ਤੋਂ ਰੈਗੂਲਰ ਕਰ ਦਿੱਤੀਆਂ ਗਈਆਂ ਸਨ।

(ੲ) ਉਨ੍ਹਾਂ ਸਾਰੇ ਰੈਗੂਲਰ ਦਰਜਾ III ਅਤੇ IV ਕਰਮਚਾਰੀਆਂ ਜਿਨ੍ਹਾਂ ਨੂੰ ਸਰਕਾਰੀ ਮਕਾਨ ਨਹੀਂ ਦਿੱਤੇ ਹੋਏ ਨੂੰ ਸਵਾਰੀ ਭੱਤਾ ਦਿੱਤਾ ਜਾ ਰਿਹਾ ਹੈ। ਦਿੱਲੀ ਮੁਆਵਜ਼ਾ ਭੱਤਾ ਸਾਰੇ ਰੈਗੂਲਰ ਅਤੇ ਵਰਕਚਾਰਜ ਕਰਮਚਾਰੀਆਂ ਨੂੰ ਦਿੱਤਾ ਜਾਂਦਾ ਹੈ।

(ਸ) ਨਹੀਂ ਜੀ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਜਿਸ ਦੀਆਂ ਸੇਵਾਵਾਂ 5 ਸਾਲਾਂ ਤੋਂ ਉਪਰ ਸੀ ਉਨ੍ਹਾਂ ਨੂੰ ਰੈਗੂਲਰ ਕਰ ਦਿੱਤਾ ਗਿਆ ਹੈ। ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਪੰਜਾਬ ਸਰਕਾਰ ਨੇ ਫੈਸਲਾ ਕਰ ਲਿਆ ਸੀ ਕਿ ਜਿਸ ਦੀ ਪੰਜ ਸਾਲ ਤੋਂ ਉਪਰ ਸਰਵਿਸ ਹੈ, ਉਸ ਨੂੰ ਰੈਗੂਲਰ ਕਰ ਦਿੱਤਾ ਜਾਵੇ ਅਤੇ ਫਿਰ ਫੈਸਲਾ ਕਰ ਲਿਆ ਸੀ ਕਿ ਜਿਸ ਦੀ ਦੋ ਸਾਲ ਤੋਂ ਉਪਰ ਸਰਵਿਸ ਹੈ ਤਾਂ ਉਸ ਨੂੰ ਵੀ ਰੈਗੂਲਰ ਕਰ ਦਿੱਤਾ ਜਾਵੇ ਅਤੇ ਰੈਗੂਲਰ ਕਰ ਲਿਆ ਪਰ ਜਿਹੜੇ ਦਿੱਲੀ ਪੋਸਟਿਡ ਹਨ ਅਤੇ ਜਿਨ੍ਹਾਂ ਦੀ ਦੋ ਸਾਲ ਤੋਂ ਉਪਰ ਸਰਵਿਸ ਹੋ ਗਈ ਹੈ, ਉਨ੍ਹਾਂ ਨੂੰ ਕਿਉਂ ਨਹੀਂ ਰੈਗੂਲਰ ਕੀਤਾ ਗਿਆ ?

**ਮੰਤਰੀ** : ਸਪੀਕਰ ਸਾਹਿਬ, ਜਿਹੜਾ ਸਵਾਲ ਪੁਛਿਆ ਸੀ, ਮੈਂ ਉਸ ਦਾ ਜਵਾਬ ਦੇ ਦਿੱਤਾ ਹੈ। ਇਕ ਵਰਕਚਾਰਜ ਸੀ ਅਤੇ ਉਸ ਨੂੰ 1 ਅਪਰੈਲ, 1977 ਤੋਂ ਰੈਗੂਲਰ ਕਰ ਦਿੱਤਾ ਗਿਆ ਹੈ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮੈਂ ਸਵਾਲ ਦੇ ਪਾਰਟ 'ਬੀ' ਵਿਚ ਪੁੱਛਿਆ ਸੀ ਕਿ :

The number of *adhoc* employees among them indicating the minimum/maximum service of the *adhoc* employees in each category.'

ਇਨ੍ਹਾਂ ਨੇ ਇਸ ਦਾ ਜਵਾਬ ਨਹੀਂ ਦਿੱਤਾ ਕਿ ਵੱਧ ਤੋਂ ਵੱਧ ਸਰਵਿਸ ਵਾਲੇ ਅਤੇ ਘੱਟ ਤੋਂ ਘੱਟ ਸਰਵਿਸ ਵਾਲੇ ਕਿਨੇ ਕਿਨੇ ਹਨ। ਉਪਰ ਵਾਲਿਆਂ ਨੂੰ ਰੈਗੂਲਰ ਕਰ ਦਿੱਤਾ ਪਰ ਦੋ ਸਾਲ ਤੋਂ ਉਪਰ ਵਾਲਿਆਂ ਨੂੰ ਵੀ ਰੈਗੂਲਰ ਕਰਨਾ ਹੈ। ਕੀ ਉਹ ਸਾਲ ਤੋਂ ਉਪਰ ਹੈ ਜਾਂ ਨਹੀਂ ?

**ਮੰਤਰੀ** : ਸਪੀਕਰ ਸਾਹਿਬ, ਇਸ ਦੇ ਬਾਰੇ ਸੈਪਰੇਟ ਨੋਟਿਸ ਦੇ ਦੇਣ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ** : ਚੀਮਾ ਸਾਹਿਬ, ਇਹ ਸਵਾਲ ਇਸ ਸਵਾਲ ਵਿਚੋਂ ਅਰਾਈਜ਼ ਹੁੰਦਾ ਹੈ, ਜੋ ਕਿ ਡਾਂਗ ਸਾਹਿਬ ਨੇ ਪੁਛਿਆ ਹੈ ।

**ਮੰਤਰੀ** : ਸਪੀਕਰ ਸਾਹਿਬ, ਜੋ ਹੁਣ ਡਾਂਗ ਸਾਹਿਬ ਨੇ ਸਵਾਲ ਪੁਛਿਆ ਹੈ, ਉਸ ਦਾ ਜਵਾਬ ਹੁਣ ਮੇਰੇ ਕੋਲ ਹੈ ਨਹੀਂ । ਇਸ ਲਈ ਉਸ ਦੇ ਬਾਰੇ ਸੈਪਰੇਟ ਨੋਟਿਸ ਦੇ ਦੇਣ ।

**ਸ਼੍ਰੀ ਸਪੀਕਰ** : ਤੁਸੀਂ ਇਹ ਕਰੋ ਕਿ ਇਸ ਸਵਾਲ ਦਾ ਜਵਾਬ ਕੱਲ ਨੂੰ ਸਰਕੂਲੇਟ ਕਰ ਦਿਓ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਠੀਕ ਹੈ ਜੀ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ , ਦਿੱਲੀ ਵਿਚ 53 ਆਦਮੀ ਪੰਜਾਬ ਸਰਕਾਰ ਦੇ ਹਨ। ਪੰਜਾਬ ਸਰਕਾਰ ਦੇ ਪਾਸ ਜਾਇਦਾਦ ਵੀ ਹੈ। ਨਾਭਾ ਹਾਊਸ ਵਿਚ ਪਿਛੇ 8-10 ਆਦਮੀ ਕਾਂਗਰਸ ਨੇ ਵਾੜ ਦਿੱਤੇ ਅਤੇ ਉਹ ਗੈਰ ਕਾਨੂੰਨੀ ਤੌਰ ਤੇ ਵਾੜ ਰੱਖੇ ਹਨ। ਉਥੇ ਮੁਲਾਜ਼ਮਾਂ ਨੂੰ ਰਹਿਣ ਲਈ ਤਕਲੀਫ ਹੋ ਰਹੀ ਹੈ। ਜਿਹੜੇ ਬੰਦੇ ਗੈਰ ਕਾਨੂੰਨੀ ਤੌਰ ਤੇ ਉਥੇ ਬੈਠੇ ਹਨ, ਕੀ ਉਨ੍ਹਾਂ ਨੂੰ ਉਥੋਂ ਕਢਣਗੇ?

**ਮੰਤਰੀ**: ਸਪੀਕਰ ਸਾਹਿਬ, ਇਹ ਵੱਖਰਾ ਸਵਾਲ ਹੈ।

**ਸ਼੍ਰੀ ਸਪੀਕਰ** : ਚੀਮਾ ਸਾਹਿਬ, ਇਹ ਪਾਲਿਸੀ ਦੀ ਗੱਲ ਹੈ ਕਿ ਉਹ ਆਦਮੀ ਜਿਹੜੇ ਨਾਜਾਇਜ਼ ਬੈਠੇ ਹਨ, ਕੀ ਉਨ੍ਹਾਂ ਨੂੰ ਕਢੋਗੇ ?

**ਮੰਤਰੀ** : ਇਸ ਤੇ, ਸਪੀਕਰ ਸਾਹਿਬ, ਵਿਚਾਰ ਕਰ ਲਵਾਂਗੇ ।

---

### ਲੋਕ ਨਿਰਮਾਣ ਵਿਭਾਗ ਦੁਆਰਾ ਮਸ਼ੀਨਰੀ ਦੀ ਮੁਰੰਮਤ

*704. **ਸਰਦਾਰ ਦਲੀਪ ਸਿੰਘ ਪਾਂਧੀ** : ਕੀ ਲੋਕ ਕਾਰਜ ਦੇ ਮੰਤਰੀ ਕਿਰਪਾ ਕਰਕੇ ਦੱਸਣ ਦੀ ਖੇਚਲ ਕਰਨਗੇ :—

(ੳ) ਮਸ਼ੀਨਰੀ ਨੂੰ ਮੁਰੰਮਤ ਕਰਨ ਲਈ ਅਤੇ ਡਿਸਪੋਜ਼ ਆਫ਼ ਕਰਨ ਲਈ ਕੀ ਕਦਮ ਚੁੱਕੇ ਜਾ ਰਹੇ ਹਨ;

(ਅ) 1975 ਤੋਂ ਲੈ ਕੇ ਹੁਣ ਤਕ ਉਪਰੋਕਤ ਮਸ਼ੀਨਰੀ ਦੀ ਮੁਰੰਮਤ/ਦੇਖਭਾਲ ਲਈ ਕਿੰਨਾ ਖਰਚਾ ਕੀਤਾ ਗਿਆ ?

**ਸਰਦਾਰ ਰਣਧੀਰ ਸਿੰਘ ਚੀਮਾ** : (ੳ) ਮਸ਼ੀਨਰੀ ਦੀ ਮੁਰੰਮਤ ਲੋਕਲ ਮਾਰਕੀਟ ਰਾਹੀਂ ਅਤੇ ਵਿਭਾਗੀ ਵਰਕਸ਼ਾਪਾਂ ਵਿਚ ਕੀਤੀ ਜਾਂਦੀ ਹੈ। ਨਾਕਾਰਾ ਮਸ਼ੀਨਰੀ ਕੰਨਡੈਮਨੇਸ਼ਨ ਬੋਰਡ ਰਾਹੀਂ ਕੰਡਮ ਕਰਵਾ ਕੇ ਡਿਸਪੋਜ਼ ਆਫ ਕੀਤੀ ਜਾਂਦੀ ਹੈ ।

(ਅ) ਲਗ ਭਗ 1.08 ਕਰੋੜ ਰੁ. ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਪੀ. ਡਬਲਿਊ. ਡੀ. ਦੇ ਵਿਚ ਬਹੁਤ ਸਾਰਾ ਸਾਮਾਨ ਪਿਆ ਹੈ ਜਿਹੜਾ ਕਿ ਜ਼ਾਇਆ ਹੋ ਰਿਹਾ ਹੈ। ਉਹ ਲਗ ਭਗ 1.08 ਕਰੋੜ ਰੁਪਏ ਦਾ ਹੈ। ਸਪੀਕਰ ਸਾਹਿਬ, ਇਹ ਸਾਮਾਨ ਗਲ ਰਿਹਾ ਹੈ ਅਤੇ ਇਸਤੇਮਾਲ ਵਿਚ ਵੀ ਨਹੀਂ ਆ ਸਕਦਾ। ਮੈਂ ਕਹਿਣਾ ਚਾਹੁੰਦਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]
ਹਾਂ ਕਿ ਇਸ ਸਾਰੇ ਨਾਕਾਰਾ ਮਾਲ ਨੂੰ ਨਿਲਾਮ ਕਰ ਦਿੱਤਾ ਜਾਵੇ ਤਾਂ ਕਿ ਇਹ ਪੈਸਾ ਕਿਸੇ ਹੋਰ ਕੰਮ ਵਿਚ ਵਰਤਿਆ ਜਾ ਸਕੇ ?

**ਮੰਤਰੀ**: ਸਪੀਕਰ ਸਾਹਿਬ, ਬੋਰਡ ਬਣਿਆ ਹੋਇਆ ਹੈ ਅਤੇ ਮੀਟਿੰਗ ਕਰਦਾ ਹੈ ਅਤੇ ਉਹ ਕੰਟ੍ਰੋਲਰ ਆਫ ਸਟੋਰਜ਼ ਰਾਹੀਂ ਮਸ਼ੀਨਰੀ ਨੂੰ ਜੇਕਰ ਮੁਨਾਸਿਬ ਸਮਝਦੇ ਹਨ ਤਾਂ ਨਿਲਾਮ ਕਰ ਦਿੰਦੇ ਹਨ ਔਰ ਜੇਕਰ ਮੁਨਾਸਿਬ ਸਮਝਦੇ ਹਨ ਤਾਂ ਮੁਰੰਮਤ ਕਰਵਾ ਲੈਂਦੇ ਹਨ। ਜਿਸ ਤਰ੍ਹਾਂ ਠੀਕ ਸਮਝਦੇ ਹਨ ਉਸੇ ਤਰ੍ਹਾਂ ਕਰ ਲਿਤਾ ਜਾਂਦਾ ਹੈ। ਸਾਮਾਨ ਨੂੰ ਨਿਲਾਮ ਕਰਨ ਦੇ ਵਿਚ ਕੁਝ ਟਾਈਮ ਲਗ ਜਾਂਦਾ ਹੈ। ਸਾਡੇ ਕੋਲ ਮਸ਼ੀਨਰੀ 7 ਕਰੋੜ ਰੁਪਏ ਦੀ ਹੈ। ਇਹ ਖਰਚ 1.08 ਕਰੋੜ ਹੈ ਲਗ ਭਗ ਸਾਢੇ ਤਿੰਨ ਸਾਲ ਦੀ ਮੁਰੰਮਤ ਵਾਸਤੇ ਆਇਆ ਹੈ ਅਤੇ ਇਹ ਸਿਰਫ ਸਾਢੇ ਚਾਰ ਫੀਸਦੀ ਬਣਦਾ ਹੈ। ਲੇਕਿਨ ਸਾਨੂੰ 10 ਪ੍ਰਤੀਸ਼ਤ ਤੋਂ 20 ਪ੍ਰਤੀਸ਼ਤ ਅਲਾਊਡ ਹੈ।

**ਸਰਦਾਰ ਦਲੀਪ ਸਿੰਘ ਪਾਂਧੀ**: ਇਸ ਦੇ ਬਾਰੇ, ਸਪੀਕਰ ਸਾਹਿਬ, ਮਨਿਸਟਰ ਸਾਹਿਬ ਦੱਸਣ ਕਿ ਬੋਰਡ ਦੀ ਮੀਟਿੰਗ ਕਦੋਂ ਬੁਲਾਈ ਸੀ ਅਤੇ ਹੁਣ ਕਦੋਂ ਹੋਣੀ ਹੈ। ਬਹੁਤ ਸਾਰਾ ਸਾਮਾਨ ਨਾਕਾਰਾ ਪਿਆ ਹੈ ਜਿਹੜਾ ਇਸਤੇਮਾਲ ਵਿਚ ਨਹੀਂ ਆ ਰਿਹਾ ਹੈ। ਮੇਰਾ ਸਵਾਲ ਹੈ ਕਿ ਜਿਹੜਾ ਨਾਕਾਰਾ ਸਾਮਾਨ ਹੈ, ਉਹ ਕਦ ਤਕ ਡਿਸਪੋਜ਼ ਆਫ ਕਰ ਦੇਣਗੇ?

**ਮੰਤਰੀ**: ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਕਿਹਾ ਸੀ ਕਿ ਬੋਰਡ ਦੀ ਮੀਟਿੰਗ ਹੁੰਦੀ ਹੈ। ਜਿਸ ਤਰ੍ਹਾਂ ਉਹ ਮੁਨਾਸਿਬ ਸਮਝਦੇ ਹਨ, ਉਸੇ ਤਰ੍ਹਾਂ ਕਰ ਲੈਂਦੇ ਹਨ। ਮੈਂ ਹੁਣ ਹਦਾਇਤ ਕਰ ਦੇਵਾਂਗਾ ਕਿ ਨਾਕਾਰਾ ਸਾਮਾਨ ਜਲਦੀ ਡਿਸਪੋਜ਼ ਆਫ਼ ਕਰ ਦਿੱਤਾ ਜਾਵੇ।

**ਵੈਦ ਕਰਤਾਰ ਸਿੰਘ**: ਸਪੀਕਰ ਸਾਹਿਬ, ਜਿਹੜਾ ਸਾਮਾਨ ਨਾਕਾਰਾ ਹੋ ਗਿਆ ਹੈ। ਕੰਮ ਨਹੀਂ ਆਉਂਦਾ ਤਾਂ ਉਸ ਦੀ ਰਿਪੇਅਰ ਕਰਾਉਣ ਦੀ ਕੀ ਜ਼ਰੂਰਤ ਹੈ। ਸਪੀਕਰ ਸਾਹਿਬ, ਜਲਦੀ ਮੀਟਿੰਗ ਬੁਲਾ ਕੇ ਨਾਕਾਰਾ ਸਾਮਾਨ ਨਿਲਾਮ ਕੀਤਾ ਜਾਵੇ।

**ਮੰਤਰੀ**: ਸਪੀਕਰ ਸਾਹਿਬ, ਮੈਂ ਹਦਾਇਤ ਕਰ ਦਿਆਂਗਾ ਕਿ ਜਲਦੀ ਮੀਟਿੰਗ ਬੁਲਾ ਕੇ ਨਾਕਾਰਾ ਸਾਮਾਨ ਨੂੰ ਨਿਲਾਮ ਕਰ ਦਿਤਾ ਜਾਵੇ।

**ਸਰਦਾਰ ਉਮਰਾਓ ਸਿੰਘ**: ਸਪੀਕਰ ਸਾਹਿਬ, ਮੈਨੂੰ ਏਜੰਡਾ ਰਾਤੀਂ ਨਹੀਂ ਮਿਲਿਆ।

**Mr. Speaker** : I will do something (*interruption*)

------

**ਸਰਕਾਰੀ ਹਾਈ ਸਕੂਲ ਬਖਤਗੜ੍ਹ, ਤਹਿਸੀਲ ਬਰਨਾਲਾ ਜੋ ਸਾਲ 1970 ਵਿਚ ਸਰਕਾਰ ਅਧੀਨ ਲਿਆ ਗਿਆ ਸੀ ਦੇ ਸਟਾਫ ਦੀਆਂ ਸੇਵਾਵਾਂ ਰੈਗੂਲਰ ਕਰਨ ਸਬੰਧੀ।**

*797. **ਮਾਸਟਰ ਚੰਦ ਸਿੰਘ** : ਕੀ ਸਿਖਿਆ ਮੰਤਰੀ ਜੀ ਇਹ ਦੱਸਣ ਦੀ ਕ੍ਰਿਪਾਲਤਾ ਕਰਨਗੇ:—

(ੳ) ਕੀ ਹਾਈ ਸਕੂਲ ਬਖਤਗੜ੍ਹ, ਤਹਿਸੀਲ ਬਰਨਾਲਾ, ਜ਼ਿਲ੍ਹਾ ਸੰਗਰੂਰ, ਅਗਸਤ, 1970 ਵਿਚ ਸਰਕਾਰ ਅਧੀਨ ਲਿਆ ਗਿਆ ਸੀ ;

(ਅ) ਜੇਕਰ ਪਹਿਲੇ ਹਿੱਸੇ (ੳ) ਦਾ ਉਤਰ ਹਾਂ ਵਿਚ ਹੈ ਤਾਂ ਕੀ ਉਸ ਦਾ ਸਾਰਾ ਸਟਾਫ ਵੀ ਸਰਕਾਰ ਅਧੀਨ ਲਿਆ ਗਿਆ ਸੀ ਅਤੇ ਉਨ੍ਹਾਂ ਦੀਆਂ ਸੇਵਾਵਾਂ ਰੈਗੂਲਰ ਕੀਤੀਆਂ ਗਈਆਂ ਸਨ ? ਜੇਕਰ ਨਹੀਂ, ਤਾਂ ਇਸ ਦੇ ਕਾਰਨ ਕੀ ਹਨ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁਖਜਿੰਦਰ ਸਿੰਘ ਖੇਰਾ :** (ੳ) ਹਾਂ ਜੀ ।

(ਅ) ਸਕੂਲ ਵਿਚ ਕੰਮ ਕਰ ਰਹੇ ਕੇਵਲ ਸਟਾਫ਼ ਦੇ 13 ਕਰਮਚਾਰੀਆਂ ਦੀਆਂ ਸੇਵਾਵਾਂ ਸਰਕਾਰ ਅਧੀਨ ਲਈਆਂ ਗਈਆਂ ਸਨ । ਸਕੂਲ ਦੇ ਮੁੱਖ ਅਧਿਆਪਕ ਦੀਆਂ ਸੇਵਾਵਾਂ ਰੈਗੂਲੇਰਾ-ਇਜ਼ ਕੀਤੀਆਂ ਗਈਆਂ ਸਨ । ਸਟਾਫ਼ ਦੇ ਪੰਜ ਕਰਮਚਾਰੀਆਂ ਦੀਆਂ ਸੇਵਾਵਾਂ ਰੈਗੂਲੇਰਾਇਜ਼ ਕਰਨ ਲਈ ਕੇਸ ਸਕੱਤਰ, ਅਧੀਨ ਸੇਵਾਵਾਂ, ਚੋਣ ਬੋਰਡ, ਪੰਜਾਬ, ਚੰਡੀਗੜ੍ਹ ਨੂੰ ਪ੍ਰਵਾਨਗੀ ਹਿੱਤ ਭੇਜਿਆ ਹੋਇਆ ਹੈ । ਪੰਜ ਕੇਸ ਹਾਲੇ ਵਿਚਾਰ ਅਧੀਨ ਹਨ।

**ਮਾਸਟਰ ਚੰਦ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਪੰਜ ਕਰਮਚਾਰੀਆਂ ਦੇ ਕੇਸਿਜ਼ ਐਸ. ਐਸ. ਐਸ. ਬੋਰਡ ਨੂੰ ਭੇਜੇ ਹੋਏ ਹਨ । ਔਰ ਪੰਜ ਹੋਰ ਕੇਸਿਜ਼ ਹਾਲੇ ਵੀ ਵਿਚਾਰ ਅਧੀਨ ਹਨ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਹ ਕਿਹੜੇ ਬੰਦਿਆਂ ਦੇ ਕੇਸਿਜ਼ ਹਨ ਔਰ ਇਨ੍ਹਾਂ ਕੇਸਿਜ਼ ਦਾ ਨਿਪਟਾਰਾ ਕਦੋਂ ਤਕ ਹੋ ਜਾਏਗਾ ?

**ਮੰਤਰੀ :** ਜਿਹੜੇ ਪੰਜ ਕੇਸਿਜ਼ ਰਹਿੰਦੇ ਹਨ ਉਨ੍ਹਾਂ ਨੇ ਐਪੁਆਇੰਟਮੈਂਟਸ ਦੀਆਂ ਕੰਡੀਸ਼ਨਾਂ ਅਜੇ ਤਕ ਪੂਰੀਆਂ ਨਹੀਂ ਕੀਤੀਆਂ । ਜਿਨ੍ਹਾਂ ਨੇ ਕੰਡੀਸ਼ਨਾਂ ਪੂਰੀਆਂ ਕਰ ਦਿੱਤੀਆਂ ਹਨ ਉਨ੍ਹਾਂ ਦੇ ਕੇਸਿਜ਼ ਰੈਗੂਲੇਰਾਈਜ਼ ਹੋ ਜਾਂਦੇ ਹਨ । ਹੈਡ ਮਾਸਟਰ ਨੂੰ ਰੈਗੂਲੇਰਾਈਜ਼ ਕਰ ਦਿੱਤਾ ਗਿਆ ਹੈ । ਕਲਾਸ IV ਦੇ ਐਂਪਲਾਈਜ਼ ਨੂੰ ਵੈਸੇ ਹੀ ਰੈਗੂਲੇਰਾਈਜ਼ ਕਰ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਇਨ੍ਹਾਂ ਸਾਰੇ ਕੇਸਿਜ਼ ਬਾਰੇ ਪਹਿਲਾਂ ਹੀ ਸਾਰੀ ਪੁਜ਼ੀਸ਼ਨ ਐਕਸਪਲੇਨ ਕਰ ਦਿਤੀ ਹੈ।

**ਮਾਸਟਰ ਬਾਬੂ ਸਿੰਘ :** ਇਨ੍ਹਾਂ ਵਿਚੋਂ ਦੋ ਕਰਮਚਾਰੀ ; ਇਕ ਪੀ. ਟੀ. ਆਈ. ਔਰ ਦੂਜਾ ਐਸ. ਵੀ. ਟੀਚਰਜ਼ ਦੇ ਕੇਸਿਜ਼ ਹਾਈ ਕੋਰਟ ਵਿਚੋਂ ਹੋਣ ਤੋਂ ਬਾਅਦ ਮਹਿਕਮਾ ਸੁਪ੍ਰੀਮ ਕੋਰਟ ਵਿਚ ਜਾ ਰਿਹਾ ਹੈ । ਕੀ ਇਹ ਚੀਜ਼ ਇਨ੍ਹਾਂ ਦੇ ਨਾਲਿਜ ਵਿਚ ਹੈ ? ਕੀ ਮਹਿਕਮਾਂ ਸੁਪ੍ਰੀਮ ਕੋਰਟ ਵਿਚ ਜਾਣ ਕਰਕੇ ਐਨਾਂ ਖਰਚਾ ਕਰਨ ਦੀ ਬਜਾਏ ਇਹ ਦੋਨੋਂ ਮੁਲਾਜ਼ਮਾ ਦੀ ਐਡਜਸਟਮੈਂਟ ਕਰਨ ਨੂੰ ਤਿਆਰ ਹੈ ?

**ਮੰਤਰੀ :** ਇਸ ਬਾਰੇ ਸੇਪਰੇਟ ਨੋਟਿਸ ਦੇ ਦੇਣ, ਪਤਾ ਕਰ ਲਵਾਂਗੇ।

**ਮਾਸਟਰ ਚੰਦ ਸਿੰਘ :** ਇਹ ਸਕੂਲ 1970 ਵਿਚ ਟੇਕ ਓਵਰ ਕੀਤਾ ਗਿਆ। ਅੱਠ ਸਾਲ ਦਾ ਸਮਾਂ ਹੋ ਗਿਆ ਹੈ । ਉਥੇ ਸਕੂਲ ਵਿਚ ਇੱਕ ਕਲਰਕ ਸੀ । ਅੱਠ ਸਾਲਾਂ ਵਿਚ ਉਸ ਦਾ ਕੇਸ ਡਾਇਰੈਕਟੋਰੇਟ ਲੈਵਲ ਤੇ ਪਹੁੰਚ ਗਿਆ ਹੈ ਔਰ ਅਜੇ ਤਕ ਉਹ ਕੇਸ ਫਾਈਨਲ ਨਹੀਂ ਹੋਇਆ ਹੈ । ਉਹ ਪਹਿਲਾਂ ਫਿਕਸਡ ਪੇ ਲੈਂਦਾ ਸੀ । ਅੱਜ ਕੱਲ ਦੇ ਜ਼ਮਾਨੇ ਵਿਚ ਫਿਕਸਡ ਪੇ ਤੇ ਕੰਮ ਕਰਨਾ ਬਹੁਤ ਮੁਸ਼ਕਿਲ ਹੈ। ਕੀ ਇਹ ਉਸ ਕੇਸ ਦਾ ਨਿਪਟਾਰਾ ਜਲਦੀ ਕਰ ਦੇਣਗੇ ?

**ਮੰਤਰੀ :** ਪ੍ਰਾਈਵੇਟ ਸਕੂਲਾਂ ਨੂੰ ਜਦੋਂ ਟੇਕਓਵਰ ਕਰਦੇ ਹਾਂ ਤਾਂ ਉਨ੍ਹਾਂ ਦੀਆਂ ਮੈਨੇਜਮੈਂਟਸ ਐਸੇ ਤਰੀਕੇ ਨਾਲ ਐਪੁਆਇੰਟਮੈਂਟਸ ਕਰ ਦਿੰਦੀਆਂ ਹਨ ਕਿ ਸਕੂਲ ਤਾਂ ਸਾਡੇ ਕੋਲੋਂ ਜਾ ਰਿਹਾ ਹੈ ਔਰ ਉਨ੍ਹਾਂ ਬੰਦਿਆਂ ਨੂੰ ਫਾਇਦਾ ਹੋ ਜਾਏ। ਉਨ੍ਹਾਂ ਕਰਮਚਾਰੀਆਂ ਦੇ ਕੇਸਿਜ਼ ਨੂੰ ਰੈਗੂਲੇਰਾਈਜ਼ ਕਰਨ ਵਾਸਤੇ ਕਾਫ਼ੀ ਮੁਸ਼ਕਿਲ ਆਉਂਦੀ ਹੈ । ਸਾਨੂੰ ਉਨ੍ਹਾਂ ਦੇ ਕੇਸਿਜ਼ ਪਬਲਿਕ ਸਰਵਿਸ ਕਮਿਸ਼ਨ ਔਰ ਐਸ. ਐਸ. ਐਸ. ਬੋਰਡ ਨੂੰ ਭੇਜਣੇ ਪੈਂਦੇ ਹਨ। ਜਿੰਨਾ ਚਿਰ ਉਥੋਂ ਕੇਸਿਜ਼ ਅਪਰੂਵ ਨਾ ਹੋ ਜਾਣ

Original with;
Punjab Vidhan Sabha
Digitized by;
Panjab Digital Library

[ਵਿਦਿਆ ਮਤਰੀ]

ਅਸੀਂ ਕੀ ਕਰ ਸਕਦੇ ਹਾਂ। ਹਾਂ ਐਨਾਂ ਜ਼ਰੂਰ ਹੈ ਕਿ ਸਾਡੇ ਕੋਲੋਂ ਅਜਿਹੇ ਕੇਸਿਜ਼ ਵਿਚ ਡੀਲੇ ਨਹੀਂ ਹੋਏਗੀ ।

---

ਨਿਸ਼ਾਨ ਵਾਲਾ ਪ੍ਰਸ਼ਨ ਨੰ: 806

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ।)

---

## Locust Invasion in the State

*666. **Chaudhri Bal Ram Jakhar** : Will the Minister for Agriculture and Forests be pleased to state:—

(a) whether the Government received any prior information about the danger of locust invasion in the State during 1978 ; if so, when and from what source together with the date the locust entered the Punjab territory ;

(b) the direction from which the locusts invaded the Punjab State and the areas affected by their invasion, indicating the quantum of loss caused by them ;

(c) the steps taken by the Government to combat the said menace ;

(d) whether any insecticides were available at the time when the locusts entered the Punjab State ; if not, the date when the insecticides were purchased and the amount spent thereon together with the date when these were sprayed ?

**ਸਰਦਾਰ ਬਲਵਿੰਦਰ ਸਿੰਘ ਭੂੰਦੜ** : (ੳ) ਹਾਂ ਜੀ। ਭਾਰਤ ਸਰਕਾਰ ਵਲੋਂ ਤਾਰ ਮਿਤੀ 13 ਜੂਨ, 1978 ਰਾਹੀਂ ਸੂਚਨਾ ਪ੍ਰਾਪਤ ਹੋਈ ਸੀ । ਟਿੱਡੀ ਦਲ ਪੰਜਾਬ ਦੇ ਇਲਾਕੇ ਵਿੱਚ ਮਿਤੀ 29 ਜੂਨ, 1978 ਨੂੰ ਦਾਖਲ ਹੋਇਆ ਸੀ ।

(ਅ) ਟਿੱਡੀ ਦਲ ਦਾ ਹਮਲਾ ਪੰਜਾਬ ਵਿੱਚ ਸਰਸਾ (ਹਰਿਆਣਾ) ਦੀ ਤਰਫੋਂ ਹੋਇਆ ਅਤੇ ਜਿਸ ਇਲਾਕੇ ਤੇ ਅਸਰ ਹੋਇਆ ਉਹ ਬਠਿੰਡਾ, ਫਰੀਦਕੋਟ ਅਤੇ ਫਿਰੋਜ਼ਪੁਰ ਜ਼ਿਲ੍ਹਿਆਂ ਦੇ ਹਿੱਸੇ ਹਨ ਤੇ ਟਿੱਡੀ ਦਲ ਨੇ ਫਸਲਾਂ ਦਾ ਕੋਈ ਨੁਕਸਾਨ ਨਹੀਂ ਕੀਤਾ ।

(ੲ) ਕੀੜੇਮਾਰ ਦਵਾਈਆਂ ਅਤੇ ਜੰਤਰ, ਅਸਰ ਹੇਠ ਆਏ ਪਿੰਡਾਂ ਨੂੰ ਤੁਰੰਤ ਭੇਜੇ ਗਏ ਅਤੇ ਲੋੜੀਂਦਾ ਕੰਟਰੋਲ ਇੰਤਜ਼ਾਮ ਕੀਤਾ ਗਿਆ।

(ਸ) ਹਾਂ ਜੀ ।

**ਚੌਧਰੀ ਬਲ ਰਾਮ ਜਾਖੜ** : ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਫੌਰਨ ਦਵਾਈਆਂ ਭੇਜੀਆਂ ਗਈਆਂ । ਕੀ ਇਹ ਹਕੀਕਤ ਨਹੀਂ ਕਿ 15 ਦਿਨਾਂ ਬਾਅਦ ਦਵਾਈਆਂ ਖਰੀਦੀਆਂ ਗਈਆਂ ?

ਮੰਤਰੀ : ਐਸੀ ਕੋਈ ਗੱਲ ਨਹੀਂ। ਮੈਂ ਇਨ੍ਹਾਂ ਨੂੰ ਹੋਰ ਵੀ ਡਿਟੇਲ ਦੇ ਦੇਣਾ ਚਾਹੁੰਦਾ ਹਾਂ । ਅਸਲ ਵਿਚ ਟਿੱਡੀ ਦਲ ਦੇ ਹਮਲੇ ਬਾਰੇ ਸਾਨੂੰ ਦਿਲੀ ਤੋਂ ਇਤਲਾਹ ਮਿਤੀ 13 ਜੂਨ, 1978 ਨੂੰ ਮਿਲ ਗਈ ਸੀ । ਉਸ ਟਾਈਮ 198 ਟਨ ਦਵਾਈ ਪਈ ਸੀ। ਉਹ ਅੱਗੇ ਸਪਲਾਈ ਕਰ ਦਿੱਤੀ ਗਈ । ਜੋ

Original with;
Punjab Vidhan Sabha
Digitized by;
Panjab Digital Library

ਇਨ੍ਹਾਂ ਨੇ ਮਸ਼ੀਨਾਂ ਬਾਰੇ ਕਿਹਾ ਹੈ ਉਸ ਬਾਰੇ ਮੈਂ ਅਰਜ਼ ਕਰਦਾ ਹਾਂ ਕਿ ਉਹ ਮਸ਼ੀਨਾਂ ਠੀਕ ਕਰਾ ਲਈਆਂ ਸਨ। ਕਿਸੇ ਕਾਰਨ ਲੋਕਾਂ ਦਾ ਨੁਕਸਾਨ ਹੋ ਜਾਵੇ, ਇਹ ਚੀਜ਼ ਨਹੀਂ ਹੋਏਗੀ। ਕਿਸੇ ਦਾ ਇੱਕ ਨਵੇਂ ਪੈਸੇ ਦਾ ਇਸ ਕਾਰਨ ਨੁਕਸਾਨ ਨਹੀਂ ਹੋਇਆ ਹੈ।

**ਚੌਧਰੀ ਬਲ ਰਾਮ ਜਾਖੜ :** ਮੈਂ ਸਪੀਕਰ ਸਾਹਿਬ, ਇਸ ਕਰ ਕੇ ਡਰ ਕੇ ਪੁਛਿਆ ਸੀ ਕਿ ਪੁਰਾਣੀ ਦਵਾਈ ਪਈ ਹੋਈ ਸੀ ਉਸ ਨੂੰ ਟੈਸਟ ਕੀਤੇ ਬਗੈਰ ਉਹ ਪਿਛਲੀ ਦਵਾਈ ਹੀ ਸਪਰੇ ਕਰਾ ਦਿਤੀ ਗਈ। ਕੀ ਉਹ ਦਵਾਈ ਟੈਸਟ ਕਰਾਕੇ ਛਿੜਕਾਈ ਗਈ ਹੈ ਜਾਂ ਉਸੇ ਤਰ੍ਹਾਂ ਹੀ ਛਿੜਕਵਾ ਦਿਤੀ ਗਈ ਹੈ ?

**ਮੰਤਰੀ :** ਜਿਸ ਵੇਲੇ ਵੀ ਇਨ੍ਹਾਂ ਨੂੰ ਸ਼ੱਕ ਪਏ, ਇਹ ਬੜੇ ਸਿਆਣੇ ਦੋਸਤ ਹਨ, ਇਹ ਆਕੇ ਦੇਖ ਸਕਦੇ ਹਨ। ਮੈਂ ਤਾਂ 15ਵੇਂ ਦਿਨ ਚੈਕ ਕਰਾਉਂਦਾ ਰਹਿੰਦਾ ਹਾਂ। ਸੀ. ਐਮ. ਸਾਹਿਬ ਬੈਠੇ ਹਨ। ਇਸ ਸਬੰਧੀ ਸਾਰੀ ਇਨਕੁਆਇਰੀ ਕਰਾ ਰਹੇ ਹਾਂ ਔਰ ਹਫ਼ਤੇ ਦਸ ਦਿਨ ਤਕ ਪਤਾ ਲਗ ਜਾਏਗਾ।

**ਚੌਧਰੀ ਸੁੰਦਰ ਸਿੰਘ :** ਅੱਜ ਕੱਲ ਵੀ ਤਿਲ ਨੂੰ ਭਗੂ ਕੁੱਤੇ ਦੀ ਬੀਮਾਰੀ ਲਗ ਰਹੀ ਹੈ। ਜ਼ਿਮੀਂਦਾਰਾਂ ਨੂੰ ਪਤਾ ਨਹੀਂ ਲਗਦਾ ਔਰ ਉਹ ਤੋਰੀਏ ਵਿਚ ਵੜ ਜਾਂਦਾ ਹੈ। ਕੀ ਇਹ ਚੀਫ਼ ਐਗਰੀਕਲਚਰ ਅਫਸਰ ਨੂੰ ਕੋਈ ਐਸੀ ਹਦਾਇਤਾਂ ਜਾਰੀ ਕਰਨਗੇ ਕਿ ਉਹ ਆਪ ਜਾ ਕੇ ਜ਼ਿਮੀਂਦਾਰਾਂ ਦੇ ਖੇਤ ਦੇਖੇ ਔਰ ਸਪਰੇ ਕਰਾਵੇ ? ਇਸ ਸਬੰਧੀ ਜੇ ਲੋੜ ਹੋਵੇ ਤਾਂ ਭਾਵੇਂ ਖਰਚਾ ਜ਼ਿਮੀਂਦਾਰਾਂ ਤੋਂ ਵੀ ਲਿਤਾ ਜਾ ਸਕਦਾ ਹੈ।

**ਮੰਤਰੀ :** ਇਨ੍ਹਾਂ ਨੇ ਲੋਕਾਂ ਦੇ ਭਲੇ ਦੀ ਗਲ ਕੀਤੀ ਹੈ। ਇਸ ਬਾਰੇ ਮੈਂ ਜਲਦੀ ਹੀ ਪਤਾ ਕਰ ਲਵਾਂਗਾ।

**ਗਿਆਨੀ ਅਰਜਣ ਸਿੰਘ ਲਿੱਟ :** ਬਹੁਤ ਸਾਰੀਆਂ ਦਵਾਈਆਂ ਵਿਚ ਮਿਲਾਵਟ ਹੋ ਜਾਂਦੀ ਹੈ। ਜ਼ਹਿਰ ਵੀ ਮਿਲਾਵਟ ਕਰਕੇ ਵੇਚਦੇ ਹਨ। ਕੀ ਇਸ ਬਾਰੇ ਵੀ ਕੋਈ ਇਨਕੁਆਇਰੀ ਕਰਾਈ ਜਾਏਗੀ ਕਿ ਕਿਤੇ ਮਿਲਾਵਟ ਵਾਲੀ ਦਵਾਈ ਤਾਂ ਨਹੀਂ ਵੇਚੀ ਜਾ ਰਹੀ ?

**ਮੰਤਰੀ :** ਦਵਾਈ ਪਹਿਲਾਂ ਟੈਸਟ ਕਰ ਕੇ ਉਸ ਨੂੰ ਪਾਸ ਕਰ ਕੇ ਫਿਰ ਕੰਟ੍ਰੋਲਰ ਆਫ ਸਟੋਰਜ਼ ਇਹ ਦਵਾਈ ਖਰੀਦਦਾ ਹੈ। ਇਸ ਦੇ ਨਾਲ ਫਿਰ ਵੀ ਜੇ ਕੋਈ ਇਸ ਸਬੰਧੀ ਸ਼ਿਕਾਇਤ ਆਏਗੀ ਤਾਂ ਜ਼ਰੂਰ ਇਨਕੁਆਇਰੀ ਕਰਾਈ ਜਾਏਗੀ।

**ਮਾਸਟਰ ਬਾਬੂ ਸਿੰਘ :** ਵਜ਼ੀਰ ਸਾਹਿਬ ਨੇ ਆਪਣ ਜਵਾਬ ਵਿਚ ਕਿਹਾ ਹੈ ਕਿ ਸਾਨੂੰ ਟਿੱਡੀ ਦਲ ਬਾਰੇ ਮਿਤੀ 13 ਜੂਨ, 1978 ਨੂੰ ਪਤਾ ਲਗਿਆ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਦਵਾਈ ਇਨ੍ਹਾਂ ਨੇ ਛਿੜਕਵਾਈ, ਉਹ ਪਹਿਲਾਂ ਹੀ ਇਨ੍ਹਾਂ ਕੋਲ ਪਈ ਹੋਈ ਸੀ ਜਾਂ ਕਿ ਐਟ ਰੈਂਡਮ ਖਰੀਦੀ ਗਈ ਸੀ ?

**ਮੰਤਰੀ :** ਨਵੀਂ ਦਵਾਈ ਨਹੀਂ ਖਰੀਦੀ ਗਈ। ਬਲ ਕਿ ਜੋ ਦਵਾਈ ਪਹਿਲਾਂ ਚਾਹੇ ਕਿਸ ਹੋਰ ਮੰਤਵ ਲਈ ਹੀ ਖਰੀਦੀ ਹੋਈ ਸੀ ਉਹ ਇਧਰ ਕਨਵਰਟ ਕਰਕੇ ਉਹੀ ਉਸ ਵੇਲੇ ਇਸਤੇਮਾਲ ਕੀਤੀ ਗਈ। ਕਿਉਂਕਿ ਟਿੱਡੀ ਦਲ ਆ ਕੇ ਵਾਪਸ ਚਲਾ ਗਿਆ ਸੀ, ਇਸ ਲਈ ਨਵੀਂ ਦਵਾਈ ਖਰੀਦਣ ਦੀ ਖੇਚਲ ਨਹੀਂ ਕੀਤੀ ਗਈ।

Original with;
Punjab Vidhan Sabha
Digitized by;
Panjab Digital Library

**ਮਾਸਟਰ ਚੰਦ ਸਿੰਘ :** ਮੈਂ ਪੁੱਛਣਾ ਚਾਹੁੰਦਾ ਹਾਂ ਕਿ ਟਿੱਡੀ ਦਲ ਨੂੰ ਮਾਰਨ ਲਈ ਕੀੜੇਮਾਰ ਦਵਾਈਆਂ ਖਰੀਦੀਆਂ ਗਈਆਂ । ਫਿਲੋਸੀਨ ਦਵਾਈ ਦਾ ਰੇਟ ਪਹਿਲਾਂ 66.64 ਰੁਪਏ ਸੀ ਔਰ ਅੱਜ ਇਸ ਦਾ ਰੇਟ 78.40 ਰੁਪਏ ਹੋ ਗਿਆ ਹੈ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਦਵਾਈ ਦੇ ਰੇਟ ਵੱਧਣ ਦੇ ਕੀ ਕਾਰਨ ਹਨ ?

**ਮੰਤਰੀ :** ਜੋ ਕੁਝ ਮੈਨੂੰ ਜ਼ਾਤੀ ਤੌਰ ਤੇ ਪਤਾ ਹੈ ਉਸ ਬਾਰੇ ਮੈਂ ਮੈਂਬਰ ਸਾਹਿਬ ਦੇ ਗਿਆਤ ਲਈ ਦੱਸਣਾ ਚਾਹੁੰਦਾ ਹਾਂ ਕਿ ਇਹ ਇਕ ਦਵਾਈ ਦੇ ਹੀ ਨਹੀਂ ਬਲ ਕਿ ਹੋਰ ਵੀ ਕਈ ਦਵਾਈਆਂ ਦੇ ਰੇਟਸ ਵੱਧ ਗਏ ਹਨ । ਇਸ ਬਾਰੇ ਅਸੀਂ ਸੈਂਟਰ ਨੂੰ ਲਿਖ ਰਹੇ ਹਾਂ । ਬਰਨਾਲਾ ਸਾਹਿਬ ਨੂੰ ਵੀ ਲਿਖਿਆ ਹੈ । ਸੀ. ਐਮ. ਸਾਹਿਬ ਨਾਲ ਜਾ ਕੇ ਵੀ ਉਥੇ ਗੱਲ ਬਾਤ ਕੀਤੀ ਹੈ । ਦਿੱਲੀ ਦੀ ਸਰਕਾਰ ਨੂੰ ਕਹਿ ਰਹੇ ਹਾਂ ਕਿ ਇਸ ਸਬੰਧੀ ਕੋਈ ਕਾਨੂੰਨ ਬਣਾਇਆ ਜਾਏ ਜਿਸ ਨਾਲ ਕਿ ਦਵਾਈਆਂ ਦੇ ਰੇਟਸ ਵਿਚ ਵਾਧਾ ਨਾ ਹੋ ਸਕੇ । ਜਿੰਨਾਂ ਮਾਲ ਬਾਹਰੋਂ ਆਉਂਦਾ ਹੈ, ਉਨਾਂ ਲੈ ਕੇ, ਉਸ ਤੇ ਖਰਚਾ ਪਾ ਕੇ ਔਰ ਫਿਰ ਮੁਨਾਫਾ ਪਾ ਕੇ ਫਿਰ ਉਸ ਤੋਂ ਜ਼ਿਆਦਾ ਕੀਮਤਾਂ ਨਹੀਂ ਚੜ੍ਹਨੀਆਂ ਚਾਹੀਦੀਆਂ ਹਨ । ਇਸ ਬਾਰੇ ਅਸੀਂ ਆਪਣੀ ਕੋਸ਼ਿਸ਼ ਕਰ ਰਹੇ ਹਾਂ ।

**ਗਿਆਨੀ ਅਰਜਣ ਸਿੰਘ ਲਿੱਟ :** ਮੈਂ ਪੁੱਛਣਾ ਚਾਹੁੰਦਾ ਹਾਂ ਕਿ ਹੜ੍ਹ ਆਉਣ ਨਾਲ ਪਿੰਡਾਂ ਵਿਚ ਕਿਸਾਨਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ । ਇਸ ਲਈ ਕੀ ਸਰਕਾਰ ਪਿੰਡਾਂ ਵਿਚ ਕਿਸਾਨਾਂ ਨੂੰ ਘੱਟ ਕੀਮਤ ਤੇ ਜਾਂ ਮੁਫਤ ਦਵਾਈਆਂ ਦੇਣ ਦਾ ਕੋਈ ਪ੍ਰਬੰਧ ਕਰੇਗੀ ਤਾਂ ਕਿ ਜਿਨ੍ਹਾਂ ਗਰੀਬ ਕਿਸਾਨਾਂ ਦਾ ਨੁਕਸਾਨ ਹੋਇਆ ਹੈ ਉਨ੍ਹਾਂ ਦਾ ਕੁਝ ਭਲਾ ਹੋ ਸਕੇ ? ਦੂਸਰਾ ਇਹ ਕਿ ਪਿੰਡਾਂ ਵਿਚ ਲੋਕਾਂ ਨੂੰ ਫੌਡਰ, ਚਾਰਾ ਨਹੀਂ ਮਿਲ ਰਿਹਾ, ਕੀ ਉਸ ਬਾਰੇ ਕੋਈ ਪ੍ਰਬੰਧ ਕਰਨਗੇ ?

**ਮੰਤਰੀ :** ਇਨ੍ਹਾਂ ਦੀ ਸੁਜੇਸ਼ਨ ਅੱਛੀ ਹੈ, ਮੈਂ ਇਸ ਤੇ ਹਮਦਰਦੀ ਨਾਲ ਵਿਚਾਰ ਕਰਾਂਗਾ ।

**ਮਾਸਟਰ ਬਾਬੂ ਸਿੰਘ :** ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮਾਰਕਿਟ ਕਮੇਟੀਆਂ ਦੇ ਰਾਹੀਂ ਜਿਹੜੀ ਦਵਾਈ ਸਪਲਾਈ ਕੀਤੀ ਗਈ ਉਸ ਦੀ 30 ਜੂਨ, 1978 ਨੂੰ ਡੇਟ ਐਕਸਪਾਇਰ ਹੋ ਗਈ ਅਤੇ ਇਸ ਦਵਾਈ ਦਾ ਕਿਸਾਨਾਂ ਨੂੰ ਕੋਈ ਲਾਭ ਨਹੀਂ ਹੋਇਆ ਅਤੇ ਪੈਸਾ ਜ਼ਾਇਆ ਗਿਆ । ਕੀ ਇਹ ਵਜ਼ੀਰ ਸਾਹਿਬ ਦੇ ਨਾਲਿਜ ਵਿਚ ਹੈ ?

**ਮੰਤਰੀ :** ਮੈਂ ਤਾਂ ਪਹਿਲਾਂ ਹੀ ਇਸ ਬਾਰੇ ਕਾਫੀ ਕੁਝ ਦਸਿਆ ਹੈ ਪਰ ਫਿਰ ਵੀ ਮੈਂ ਇਨ੍ਹਾਂ ਦੀ ਇਨਫਰਮੇਸ਼ਨ ਵਾਸਤੇ ਦੱਸ ਦੇਣਾ ਚਾਹੁੰਦਾ ਹਾਂ । ਬੜੇ ਅਫਸੋਸ ਦੇ ਨਾਲ ਕਹਿਣਾ ਪੈਂਦਾ ਹੈ ਕਿ ਪਿਛਲੇ ਸਾਲਾਂ ਵਿਚ ਲੋਕਾਂ ਦਾ ਪੈਸਾ ਜੋ ਮਾਰਕੀਟਿੰਗ ਬੋਰਡ ਪਾਸ ਜਾਂ ਮਾਰਕਿਟ ਕਮੇਟੀਆਂ ਪਾਸ ਹੁੰਦਾ ਸੀ, ਉਸ ਦੀ ਨਜਾਇਜ਼ ਵਰਤੋਂ ਹੁੰਦੀ ਰਹੀ । ਦਵਾਈਆਂ, ਤਰਪਾਲਾਂ ਆਦਿ ਖਰੀਦਣ ਵਿਚ ਸਕੈਂਡਲ ਹੋਏ । ਇਹ ਮਾਰਕਿਟਿੰਗ ਬੋਰਡ ਅਤੇ ਕਮੇਟੀਆਂ ਤੇ ਇਕ ਧੱਬਾ ਸੀ । ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਇਸ ਕਿਸਮ ਦੀਆਂ ਪਰਚੇਜਿਜ਼ ਨਹੀਂ ਕਰਦੀ । ਹੁਣ ਕੋਈ ਘਪਲੇ ਨਹੀਂ ਹੁੰਦੇ । ਪਹਿਲਾਂ ਘਪਲੇ ਹੁੰਦੇ ਰਹੇ ਹਨ । ਅਸੀਂ ਪੈਸਾ ਚੰਗੇ ਕੰਮਾਂ ਵਾਸਤੇ ਰੱਖਦੇ ਹਾਂ ।

**ਮਾਸਟਰ ਬਾਬੂ ਸਿੰਘ :** ਸਪੀਕਰ ਸਾਹਿਬ, ਜਿਹੜਾ ਮੈਂ ਦੱਸਿਆ ਹੈ ਕਿ ਦਵਾਈ ਦੀ 30 ਜੂਨ, 1978 ਨੂੰ ਡੇਟ ਐਕਸਪਾਇਰ ਹੋ ਗਈ, ਉਸ ਦਾ ਸਪੈਸੀਫਿਕ ਜਵਾਬ ਨਹੀਂ ਆਇਆ ।

**ਸ੍ਰੀ ਸਪੀਕਰ :** ਸਪੈਸੀਫਿਕ ਜਵਾਬ ਵਾਸਤੇ ਤੁਹਾਨੂੰ ਨੋਟਿਸ ਦੇਣਾ ਚਾਹੀਦਾ ਹੈ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਬਲਦੇਵ ਸਿੰਘ ਲੂੰਬਾ** : ਸਪੀਕਰ ਸਾਹਿਬ, ਮੈਂ ਵੀ ਇਹੀ ਪੁੱਛਣਾ ਚਾਹੁੰਦਾ ਹਾਂ ਕਿ ਦਵਾਈ ਦੀ 30 ਜੂਨ, 1978 ਨੂੰ ਡੇਟ ਐਕਸਪਾਇਰ ਹੋ ਗਈ ਲੇਕਿਨ ਉਹ ਮਾਰਕਿਟ ਕਮੇਟੀਆਂ ਰਾਹੀਂ ਵੰਡੀ ਗਈ । ਕੀ ਇਹ ਗੱਲ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਹੈ ? ਜੇ ਹੈ, ਤਾਂ ਉਹ ਇਸ ਦੀ ਇਨਕੁਆਇਰੀ ਕਰਾਉਣਗੇ ਕਿ ਉਹ ਦਵਾਈ ਕਿਉਂ ਵੰਡੀ ਗਈ ?

**ਮੰਤਰੀ** : ਇਸ ਕਿਸਮ ਦੀ ਦਵਾਈ ਕਿਤੇ ਨਹੀਂ ਵੰਡੀ ਗਈ। ਜੇ ਕੋਈ ਐਸੀ ਗੱਲ ਹੈ ਤਾਂ ਇਹ ਮੇਰੇ ਨੋਟਿਸ ਵਿਚ ਲਿਆਉਣ, ਮੈਂ ਪੜਤਾਲ ਕਰਾਂਗਾ ਅਤੇ ਜ਼ਿੰਮੇਵਾਰ ਆਦਮੀਆਂ ਨੂੰ ਸਜ਼ਾ ਦੇਵਾਂਗਾ।

**ਚੌਧਰੀ ਬਲਰਾਮ ਜਾਖੜ** : ਸਪੀਕਰ ਸਾਹਿਬ, ਦਵਾਈਆਂ ਦੀ ਗੱਲ ਚੱਲ ਰਹੀ ਹੈ। ਜਿਹੜੀ ਏਰੀਅਲ ਸਪਰੇ ਕਾਟਨ ਦੀ ਕਰਾਪ ਤੇ ਹੁੰਦੀ ਹੈ ਉਹ ਤਾਂ ਸਬ ਸੇਡਾਈਜ਼ਡ ਕੀਤੀ ਜਾਂਦੀ ਹੈ ਪਰ ਜਿਹੜਾ ਗਰੀਬ ਕਿਸਾਨ ਹੈ ਅਗਰ ਉਹ ਸਪਰੇ ਕਰਾਉਂਦਾ ਹੈ ਤਾਂ ਉਸ ਨੂੰ ਸਬਸਿਡੀ ਨਹੀਂ ਦਿਤੀ ਜਾਂਦੀ। ਵੱਡੇ ਵੱਡੇ ਜ਼ਿਮੀਂਦਾਰ ਤਾਂ ਹੈਲੀਕਾਪਟਰ ਰਾਹੀਂ ਸਪਰੇ ਕਰਵਾ ਲੈਂਦੇ ਹਨ ਅਤੇ ਉਨ੍ਹਾਂ ਨੂੰ ਸਬਸਿਡੀ ਦਿਤੀ ਜਾਂਦੀ ਹੈ ਪਰ ਜਿਹੜਾ ਛੋਟਾ ਜ਼ਿਮੀਂਦਾਰ ਸਪਰੇ ਕਰਵਾਉਂਦਾ ਹੈ ਕੀ ਉਸ ਨੂੰ ਵੀ ਸਬਸਿਡੀ ਦਿਤੀ ਜਾਵੇਗੀ ?

**ਮੰਤਰੀ** : ਮੈਂ ਇਸ ਉਤੇ ਪਹਿਲਾਂ ਹੀ ਵਿਚਾਰ ਕਰ ਰਿਹਾ ਹਾਂ ਅਤੇ ਅੱਗੇ ਵਾਸਤੇ ਇਕ ਐਸਾ ਸਿਸਟਮ ਬਣਾਵਾਂਗੇ ਕਿਉਂਕਿ ਗਰਾਊਂਡ ਸਪਰੇ ਜਿਹੜੀ ਡਿਪਾਰਟਮੈਂਟ ਦੇ ਰਾਹੀਂ ਹੁੰਦੀ ਹੈ ਜਨਰਲੀ ਉਸ ਦੇ ਵਿਚ ਕੁਝ ਘਪਲਾ ਹੋ ਜਾਂਦਾ ਸੀ। ਐਤਕੀ ਗਰਾਊਂਡ ਸਪਰੇ ਦੇ ਬਾਰੇ ਕੁਝ ਕੀਤਾ ਹੈ ਅਤੇ ਅਗਲੇ ਸਾਲ ਇਸ ਨੂੰ ਹੋਰ ਵਧਾਵਾਂਗੇ ।

**ਡਾਕਟਰ ਸਾਧੂ** ਰਾਮ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪਹਿਲੀ ਸਰਕਾਰ ਨੇ ਜਿਹੜੇ ਮਾਰਕਿਟ ਕਮੇਟੀਆਂ ਦੇ ਚੇਅਰਮੈਨ ਨਾਮੀਨੇਟ ਕੀਤੇ ਹੋਏ ਸਨ ਉਨ੍ਹਾਂ ਨੇ ਦਵਾਈਆਂ ਦੇ ਲੱਖਾਂ ਕਰੋੜਾਂ ਰੁਪਏ ਦੇ ਜਾਲ੍ਹੀ ਬਿੱਲ ਬਣਾ ਕੇ ਪੈਸੇ ਆਪਣੇ ਬੋਝੇ ਵਿਚ ਪਾ ਲਏ ਅਤੇ ਛੱਕ ਗਏ। ਕੀ ਇਹ ਇਸ ਦੀ ਇਨਕੁਆਇਰੀ ਕਰਾਉਣਗੇ ਅਤੇ ਉਨ੍ਹਾਂ ਨੂੰ ਸਜ਼ਾ ਦੇਣਗੇ ?

**ਮੰਤਰੀ** : ਇਸ ਕਿਸਮ ਦੀਆਂ ਇਨਕੁਆਇਰੀਆਂ ਪਹਿਲਾਂ ਹੀ ਸ਼ੁਰੂ ਹਨ। 23 ਇਨਕੁਆਇਰੀਆਂ ਵਿਜੀਲੈਂਸ ਡਿਪਾਰਟਮੈਂਟ ਵਾਲੇ ਕਰ ਰਹੇ ਹਨ ਅਤੇ 22 ਇਨਕੁਆਇਰੀਆਂ ਡਿਪਾਰਟਮੈਂਟਲ ਚਲ ਰਹੀਅ ਹਨ। ਕੁਝ ਇਨਕੁਆਇਰੀਆਂ ਵਿਚ ਚਲਾਨ ਪੇਸ਼ ਹੋ ਚੁਕੇ ਹਨ ਅਤੇ ਬਾਕੀ ਇਨਕੁਆਇਰੀਆਂ ਚਾਲੂ ਹਨ। ਬਾਕੀ ਕੇਸਾਂ ਵਿਚ ਵੀ ਬਕਾਇਦਾ ਚਲਾਨ ਪੇਸ਼ ਕਰ ਕੇ ਕੋਰਟ ਵਿਚੋਂ ਬਕਾਇਦਾ ਉਨ੍ਹਾਂ ਨੂੰ ਸਜ਼ਾ ਦਿਵਾਵਾਂਗੇ।

**ਸਰਦਾਰ ਗੁਰਦਿਆਲ ਸਿੰਘ** : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਦੋ ਸਾਲ ਪਹਿਲੇ ਕਣਕ ਦੀ ਫਸਲ ਵਿਚੋਂ ਘਾਹ ਮਾਰਨ ਵਾਸਤੇ ਦਵਾਈ ਦਿਤੀ ਗਈ ਸੀ ਜਿਸ ਦਾ ਨਾਮ ਟ੍ਰਿਬਿਊਨਲ ਸੀ। ਉਸ ਉਤੇ ਸੌ ਰੁਪਿਆ ਕਿਲੋ ਮਗਰ ਖਰਚ ਆਇਆ ਸੀ। ਉਸ ਦਵਾਈ ਦਾ ਕੋਈ ਫਾਇਦਾ ਨਹੀਂ ਹੋਇਆ ਇਥੋਂ ਤਕ ਕਿ ਗੋਡੀ ਨਹੀਂ ਹੋ ਸਕੀ। ਇਸ ਨਾਲ ਕਿਸਾਨਾਂ ਦਾ ਨੁਕਸਾਨ ਹੋਇਆ। ਕੀ ਵਜ਼ੀਰ ਸਾਹਿਬ ਇਸ ਚੀਜ਼ ਦੀ ਇਨਕੁਆਇਰੀ ਕਰਾਉਣਗੇ ?

**ਮੰਤਰੀ** : ਪਿਛਲੇ ਸਾਲ ਵਿਚ ਦਵਾਈ ਵਰਤੀ ਗਈ ਪਰ ਉਹ ਸੌ ਫੀ ਸਦੀ ਕਾਮਯਾਬ ਰਹੀ ਹੈ। ਜੇ ਇਹ ਕਹਿਣ ਕਿ 1 ਫੀ ਸਦੀ ਵੀ ਫੇਲ੍ਹ ਹੋਈ ਹੈ ਤਾਂ ਮੈਂ ਇਨਕੁਆਇਰੀ ਕਰਾਂਗਾ। ਉਹ ਸੌ ਫੀ ਸਦੀ ਕਾਮਯਾਬ ਹੋਈ ਹੈ। ਮੈਂ ਆਪ ਜਾ ਕੇ ਖੁਦ ਦੇਖਿਆ ਹੈ, ਇਹ ਦਵਾਈ ਬੜੀ ਕਾਮਯਾਬ ਹੋਈ ਹੈ। ਉਸ ਤੋਂ ਪਿਛਲੇ ਸਾਲ ਕੋਈ 24 ਟਨ ਦਵਾਈ ਮੰਗਾਈ ਗਈ ਸੀ ਅਤੇ ਉਸ ਵਿਚੋਂ ਕੋਈ 5-6 ਟਨ ਬਚ ਗਈ ਅਤੇ 18-19 ਟਨ ਵਰਤੀ ਗਈ ਸੀ। ਉਦੋਂ ਉਹ ਦਵਾਈ ਪਹਿਲੀ ਵਾਰ ਆਉਣ ਕਰ ਕੇ ਉਸ ਦਾ

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਮੰਤਰੀ]

ਜ਼ਿਮੀਂਦਾਰਾਂ ਨੂੰ ਪਾਉਣ ਦਾ ਪਤਾ ਨਹੀਂ ਸੀ। ਪਾਣੀ ਬਾਰੇ ਨਹੀਂ ਸੀ ਪਤਾ ਕਿ ਕਿੰਨਾ ਪਾਉਣਾ ਹੈ। ਕੁਝ ਦੱਸਣ ਵਿਚ ਵੀ ਨੁਕਸ ਹੋ ਸਕਦਾ ਹੈ। ਉਦੋਂ ਸ਼ਿਕਾਇਤਾਂ ਮਿਲੀਆਂ ਸਨ ਪਰ ਉਦੋਂ ਮੈਂ ਕੋਸ਼ਿਸ਼ ਕੀਤੀ ਕਿ ਅਗਲੇ ਸਾਲ ਐਸੀ ਗੱਲ ਨਾ ਹੋਵੇ ਅਤੇ ਲੋਕਾਂ ਦਾ ਨੁਕਸਾਨ ਨਾ ਹੋਵੇ। ਇਸ ਕਰਕੇ ਦਵਾਈ 25 ਟਨ ਮੰਗਵਾਈ ਗਈ ਜਦ ਕਿ ਡਿਮਾਂਡ 50 ਟਨ ਦੀ ਸੀ। ਦਵਾਈ ਘੱਟ ਤੋਂ ਘੱਟ ਮੰਗਾਈ ਗਈ। ਇਸ ਤਰ੍ਹਾਂ ਪਿਛਲੇ ਸਾਲ ਕੋਈ ਸ਼ਿਕਾਇਤ ਨਹੀਂ ਆਈ। ਇਸ ਗੱਲ ਦੀ ਤਾਂ ਸਗੋਂ ਤੁਹਾਨੂੰ ਸਾਨੂੰ ਵਧਾਈ ਦੇਣੀ ਚਾਹੀਦੀ ਹੈ।

**ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ:** ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਜਿਹੜੇ ਹਵਾਈ ਜਹਾਜ਼ ਨਾਲ ਸਪਰੇ ਕਰਾਉਂਦੇ ਹਨ ਉਨ੍ਹਾਂ ਨੂੰ ਸਬਸਿਡੀ ਦਿੰਦੇ ਹਾਂ। ਮੈਂ ਦੱਸਣਾ ਚਾਹੁੰਦਾ ਹਾਂ ਕਿ ਦੂਜੇ ਪਾਸੇ ਛੋਟੇ ਕਿਸਾਨ ਚਾਰ, ਚਾਰ, ਪੰਜ, ਪੰਜ ਏਕੜ ਵਾਲੇ ਹਨ। ਉਹ ਪ੍ਰਾਈਵੇਟ ਫਰਮਾਂ ਤੋਂ ਦਵਾਈਆਂ ਖਰੀਦਦੇ ਹਨ ਅਤੇ ਉਨ੍ਹਾਂ ਨੂੰ ਦਵਾਈਆਂ ਮਹਿੰਗੀਆਂ ਲੈਣੀਆਂ ਪੈਂਦੀਆਂ ਹਨ। ਦਵਾਈਆਂ ਵੀ ਕਾਫੀ ਮਹਿੰਗੀਆਂ ਹੋ ਰਹੀਆਂ ਹਨ। ਬਾਕੀ ਉਨ੍ਹਾਂ ਨੇ ਕਿਹਾ ਕਿ ਸੈਂਟਰਲ ਗੌਰਮਿੰਟ ਨਾਲ ਗੱਲ ਬਾਤ ਕਰ ਰਹੇ ਹਨ। ਸੈਂਟਰ ਵਾਲਿਆਂ ਨੇ ਤਾਂ ਮਨਾਪਲਿਸਟਾਂ ਅਤੇ ਵੱਡੀਆਂ ਵੱਡੀਆਂ ਫੈਕਟਰੀਆਂ ਵਾਲਿਆਂ ਨੂੰ ਕਰੋੜਾਂ ਰੁਪਿਆ ਦਾ ਫਾਇਦਾ ਪਹੁੰਚਾਉਣਾ ਹੈ। ਕੀ ਇਹ ਆਪ ਛੋਟੇ ਕਿਸਾਨਾਂ ਨੂੰ ਦਵਾਈ ਸਬਸੋਡਾਈਜ਼ ਕਰਕੇ, ਸਸਤੀ ਦੇਣਗੇ ਤਾਂ ਕਿ ਛੋਟਾ ਕਿਸਾਨ ਆਪਣੇ ਪੈਰਾਂ ਤੇ ਖੜਾ ਹੋ ਸਕੇ ?

**ਮੰਤਰੀ:** ਸਪੀਕਰ ਸਾਹਿਬ, ਮੈਂ ਤਾਂ ਪਹਿਲੇ ਹੀ ਦੱਸ ਚੁੱਕਾ ਹਾਂ ਪਰ ਫਿਰ ਵੀ ਇਨ੍ਹਾਂ ਦੀ ਗਿਆਤ ਲਈ ਦੱਸ ਦੇਣਾ ਚਾਹੁੰਦਾ ਹਾਂ ਕਿ ਇਹੋ ਜਿਹਾ ਸਪਰੇ ਵੀ ਕਰਾਉਂਦੇ ਹਾਂ ਜਿਸ ਵਿਚ ਵੱਡੇ ਜ਼ਿਮੀਂਦਾਰ ਅਤੇ ਛੋਟੇ ਜ਼ਿਮੀਂਦਾਰ ਵੀ ਆਉਂਦੇ ਹਨ। ਬਾਕੀ 17 ਏਕੜ ਵਾਲਾ ਜ਼ਿਮੀਂਦਾਰ ਕੋਈ ਵੱਡਾ ਜ਼ਿਮੀਂਦਾਰ ਨਹੀਂ ਹੈ। ਇਸ ਲਈ ਵੱਡੇ ਅਤੇ ਛੋਟੇ ਜ਼ਿਮੀਂਦਾਰਾਂ ਦੇ ਹਰ ਖੇਤ ਵਿਚ ਸਪਰੇ ਹੁੰਦੀ ਹੈ ਅਤੇ ਹਰ ਇਕ ਨੂੰ ਸਹੂਲਤ ਮਿਲਦੀ ਹੈ।

**ਗਿਆਨੀ ਅਰਜਣ ਸਿੰਘ ਲਿੱਟ:** ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅਸੀਂ ਕੀੜੇ ਮਾਰਨ ਦਾ ਇਲਾਜ ਤਾਂ ਕਰ ਰਹੇ ਹਾਂ ਪਰ ਇਹ ਜਿਹੜੇ ਲੋਕ (ਆਪੋਜ਼ੀਸ਼ਨ ਵੱਲ ਇਸ਼ਾਰਾ) 30 ਸਾਲ ਰਾਜ ਕਰ ਕੇ ਇਥੇ ਚੋਰ ਬਾਜ਼ਾਰੀ ਅਤੇ ਸਮਗਲਿੰਗ ਦੇ ਜਰਮਜ਼ ਛੱਡ ਗਏ ਹਨ ਇਨ੍ਹਾਂ ਦਾ ਕੀ ਇੰਤਜ਼ਾਮ ਕੀਤਾ ਹੈ। (ਵਿਘਨ) ਕੀ ਇਸ ਕਿਸਮ ਦੀ ਚੋਰ ਬਾਜ਼ਾਰੀ ਨੂੰ ਰੋਕਣ ਲਈ ਇੰਤਜ਼ਾਮ ਕਰਨਗੇ ?

**ਮੰਤਰੀ:** ਮੈਂ ਬਰਨਾਲਾ ਜੀ ਨੂੰ ਕਿਹਾ ਹੈ ਕਿ ਕੋਈ ਇਹੋ ਜਿਹੀ ਦਵਾਈ ਤਿਆਰ ਕਰਨ ਤਾਂ ਕਿ ਇਹੋ ਜਿਹੀ ਬਿਮਾਰੀ ਨਾ ਰਹੇ।

---

**Crushing Capacity of the Malwa Sugar Mills, Pvt. Ltd., Dhuri**

*586. **Haji Anwar Ahmed Khan** : Will the Minister for Agriculture and Forests be pleased to state:—

(a) the tonnage of sugarcane crushed by the Malwa Sugar Mills, Private Limited, Dhuri during the crushing season of the financial year 1977-78 ;

(b) whether the Government propose to raise the crushing capacity of the said Mills during the current financial year ?

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਵਿੰਦਰ ਸਿੰਘ ਭੂੰਦੜ** : (ੳ) ਲਗਭਗ 171,715 ਮੀਟ੍ਰਿਕ ਟਨ (17,17,147 ਕਵਿੰਟਲ, 60 ਕਿਲੋਗਰਾਮ)।

(ਅ) ਭਾਰਤ ਸਰਕਾਰ ਨੇ ਪਹਿਲਾਂ ਹੀ ਮਾਲਵਾ ਖੰਡ ਮਿੱਲ, ਕੰਪਨੀ ਲਿਮਟਿਡ, ਧੂਰੀ ਨੂੰ ਆਪਣੀ ਪਿੜਾਈ ਸਮਰੱਥਾ ਵਧਾਉਣ ਲਈ ਲਾਇਸੈਂਸ ਦਿੱਤਾ ਹੋਇਆ ਹੈ। ਇਸ ਲਾਇਸੈਂਸ ਦੀ ਮਿਆਦ 18 ਦਸੰਬਰ, 1978 ਤੱਕ ਹੈ।

**ਹਾਜੀ ਅਨਵਰ ਅਹਿਮਦ ਖਾਨ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ 20 ਸਾਲ ਤੋਂ ਸੁਣਦੇ ਆ ਰਹੇ ਹਾਂ ਕਿ ਇਸ ਮਿੱਲ ਦੀ ਕਪੈਸਿਟੀ ਵਧਾਈ ਜਾਵੇਗੀ। 18 ਦਸੰਬਰ, 1978 ਤੱਕ ਇਹ ਲਾਈਸੈਂਸ ਵੈਲਿਡ ਹੈ ਪਰ ਜੇ ਉਨ੍ਹਾਂ ਨੇ 18 ਦਸੰਬਰ, 1978 ਤੱਕ ਕਪੈਸਿਟੀ ਨਾ ਵਧਾਈ ਤਾਂ ਇਹ ਇਸ ਮਿੱਲ ਦੇ ਖ਼ਿਲਾਫ਼ ਕੋਈ ਕਾਰਵਾਈ ਕਰਨਗੇ ?

**ਮੰਤਰੀ** : 20 ਸਾਲ ਦੀ ਗੱਲ ਤਾਂ ਨਹੀਂ, ਅਸੀਂ ਉਨ੍ਹਾਂ ਨੂੰ ਪਿਛਲੇ ਸਾਲ ਕਿਹਾ ਸੀ ਕਿ ਤੁਸੀਂ ਇਸ ਦੀ ਕਪੈਸਿਟੀ ਵਧਾਓ ਨਹੀਂ ਤਾਂ ਲਾਈਸੈਂਸ ਕੈਂਸਲ ਹੋ ਜਾਵੇਗਾ। ਉਨ੍ਹਾਂ ਨੇ ਭਰੋਸਾ ਦਿਵਾਇਆ ਸੀ ਕਿ 18 ਦਸੰਬਰ, 1978 ਤਕ ਕਪੈਸਿਟੀ ਵਧਾ ਲਵਾਂਗੇ।

**ਸਰਦਾਰ ਬੇਅੰਤ ਸਿੰਘ** : ਕੀ ਵਜ਼ੀਰ ਸਾਹਿਬ ਦੱਸਣਗੇ ਕਿਉਂਕਿ ਉਸ ਮਿੱਲ ਨਾਲ ਲੁਧਿਆਣਾ ਜ਼ਿਲ੍ਹੇ ਦਾ ਗੰਨਾ ਵੀ ਕਾਫ਼ੀ ਬਾਊਂਡ ਹੁੰਦਾ ਹੈ। ਐਤਕੀ ਉਸ ਮਿੱਲ ਵਾਲਿਆਂ ਨੇ ਕਿਹਾ ਹੈ ਕਿ ਅਸੀਂ ਗੰਨਾ ਨਹੀਂ ਲੈਣਾ। ਖੰਡ ਦੀਆਂ ਕੀਮਤਾਂ ਘਟਨ ਨਾਲ ਉਨ੍ਹਾਂ ਨੇ ਕਿਹਾ ਹੈ ਕਿ 75 ਲੱਖ ਰੁਪਏ ਦਾ ਨੁਕਸਾਨ ਹੋ ਗਿਆ ਹੈ। ਉਨ੍ਹਾਂ ਨੇ ਪਬਲੀਕਲੀ ਕਿਹਾ ਹੈ ਕਿ ਅਸੀਂ ਕਪੈਸਿਟੀ ਨਹੀਂ ਵਧਾਉਣੀ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਉਹ ਮਿੱਲ ਦੀ ਕਪੈਸਿਟੀ ਨਾ ਵਧਾਉਣ ਤਾਂ ਕੀ ਸਰਕਾਰ ਉਸ ਮਿੱਲ ਨੂੰ ਆਪਣੇ ਹੱਥ ਵਿਚ ਲੈ ਕੇ ਉਸ ਨੂੰ ਐਕਸਪੈਂਡ ਕਰ ਕੇ ਲੋਕਾਂ ਦੇ ਗੰਨੇ ਨੂੰ ਪੀੜਨ ਦਾ ਪ੍ਰਬੰਧ ਕਰੇਗੀ ?

**ਮੰਤਰੀ** : ਸਪੀਕਰ ਸਾਹਿਬ, ਜੇ ਲੋੜ ਪੈ ਗਈ ਤਾਂ ਮਿਲ ਨੂੰ ਹੱਥ ਵਿਚ ਲੈਣ ਲਈ ਵੀ ਸਰਕਾਰ ਕਿਸੇ ਟਾਈਮ ਝਿਜਕੇਗੀ ਨਹੀਂ ਜੀ।

**ਸਰਦਾਰ ਸਰੂਪ ਸਿੰਘ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਬਾਊਂਡਿਡ ਗੰਨਾ ਜਿਹੜਾ ਗੇਟ ਏਰੀਏ ਦਾ ਹੈ ਉਸ ਦੀਆਂ ਪਰਚੀਆਂ ਦਾ ਗ਼ਲਤ ਇਸਤੇਮਾਲ ਹੋਇਆ ਹੈ ਅਤੇ ਕੁਝ ਬੰਦੇ ਐਸੇ ਰੱਲੇ ਹੋਏ ਹਨ ਜਿਹੜੇ ਬਾਹਰੋਂ ਗੰਨਾ ਖਰੀਦਦੇ ਹਨ ਅਤੇ ਬਾਊਂਡਿਡ ਗੰਨਾ ਰਹਿ ਜਾਂਦਾ ਹੈ। ਇਹ ਚੀਜ਼ ਇਨ੍ਹਾਂ ਦੇ ਨੋਟਿਸ ਵਿਚ ਵੀ ਹੈ। ਕੀ ਹੁਣ ਮਿਲ ਚਾਲੂ ਕਰਨ ਤੋਂ ਪਹਿਲਾਂ ਹੀ ਇਹ ਇਸ ਗਲ ਦਾ ਯਕੀਨ ਦੁਆਉਣਗੇ ਕਿ ਪਰਚੀਆਂ ਦਾ ਗਲਤ ਇਸਤੇਮਾਲ ਨਾ ਹੋਵੇ ?

**ਮੰਤਰੀ** : ਸਪੀਕਰ ਸਾਹਿਬ, ਪਿਛਲੇ ਦਿਨੀਂ ਇਕ ਮੀਟਿੰਗ ਹੋਈ ਸੀ ਸ਼ੂਗਰ ਕੇਨ ਦੇ ਮੁਤੱਲਕ। ਉਸ ਦੇ ਵਿਚ ਸੁਸਾਇਟੀਆਂ ਦੇ ਨੁਮਾਇੰਦੇ ਆਏ ਸਨ, ਮਿਲ ਮਾਲਿਕ ਵੀ ਸਨ ਅਤੇ ਐਮ. ਐਲ. ਏ. ਸਾਹਿਬਾਨ ਵੀ ਆਏ ਸਨ। ਲਾਸਟ ਈਅਰ ਇਹ ਚੀਜ਼ ਮੇਰੇ ਨੋਟਿਸ ਵਿਚ ਆਈ ਸੀ ਕਿ ਪਰਚੀਆਂ ਦਾ ਗ਼ਲਤ ਇਸਤੇਮਾਲ ਹੋਇਆ ਹੈ। ਕਈ ਕੇਸਾਂ ਵਿਚ ਅਸੀਂ ਪਰਚੇ ਵੀ ਦਰਜ ਕਰਵਾਏ ਹਨ ਅਤੇ ਕੇਸ ਚਲ ਰਹੇ ਹਨ। ਇਸ ਸਾਲ ਅਸੀਂ ਸੋਚਿਆ ਹੈ ਕਿ ਇਹ ਚੀਜ਼ ਨਾ ਹੋਵੇ ਇਸ ਦੇ ਵਾਸਤੇ ਅਸੀਂ ਫ਼ੈਸਲਾ ਕੀਤਾ ਹੈ ਕਿ ਉਪਰਲੇ ਲੈਵਲ ਤੇ ਅਸੀਂ ਚੈਕਿੰਗ ਤਾਂ ਕਰਾਂਗੇ ਹੀ ਪਰ ਇਕ ਲੋਕਲ ਕਮਟੀ ਵੀ ਬਣਾ ਦਿਤੀ ਹੈ ਜਿਸ ਦੇ ਵਿਚ ਮਿਲ ਵਾਲੇ, ਕਿਸਾਨਾਂ ਦੇ ਨੁਮਾਇੰਦੇ ਮੈਂਬਰ ਰਖੇ ਹਨ ਅਤੇ ਉਹ ਸਮੇਂ ਸਮੇਂ ਚੈਕ ਕਰਿਆ ਕਰਨਗੇ ਤਾਂ ਕਿ ਕਿਸਾਨਾਂ ਦਾ ਨੁਕਸਾਨ ਨਾ ਹੋਵੇ। (ਵਿਘਨ)

Original with;
Punjab Vidhan Sabha
Digitized by;
Panjab Digital Library

**ਸਰਦਾਰ ਨੱਥਾ ਸਿੰਘ ਦਾਲਮ :** ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਇਸ ਗਲ ਦਾ ਭਰੋਸਾ ਦਿਵਾਉਣਗੇ ਕਿ ਆਉਣ ਵਾਲੇ ਕਰੱਸ਼ਿੰਗ ਸੀਜ਼ਨ ਵਿਚ ਗੰਨੇ ਦੀ ਪੈਦਾਵਾਰ ਦਾ ਗੰਨਾ ਉਤਪਾਦਕਾਂ ਨੂੰ ਰਿਮੁਨਰੇਟਿਵ ਪ੍ਰਾਈਸ ਦਿਵਾਉਣ ਦੀ ਕੋਸ਼ਿਸ਼ ਕਰਨਗੇ ?

**ਮੰਤਰੀ :** ਸਪੀਕਰ ਸਾਹਿਬ, ਸਰਕਾਰ ਦੀ ਪੂਰੀ ਕੋਸ਼ਿਸ਼ ਹੋਵੇਗੀ ।

**ਸ੍ਰੀ ਹੁਕਮ ਚੰਦ :** ਸਪੀਕਰ ਸਾਹਿਬ, ਮੇਰਾ ਕੁਝ ਇਲਾਕਾ ਫਾਇਰਿੰਗ ਰੇਂਜ ਵਿਚ ਆਉਂਦਾ ਹੈ ਅਤੇ ਕੁਝ ਇਲਾਕਾ ਧੁੱਸੀ ਦੇ ਨਾਲ ਲਗਦਾ ਹੈ ਜਿਥੇ ਪਾਣੀ ਦਾ ਸਦਾ ਹੀ ਖ਼ਤਰਾ ਰਹਿੰਦਾ ਹੈ । ਉਸ ਇਲਾਕੇ ਵਿਚ ਗੰਨੇ ਤੋਂ ਬਿਨਾ ਹੋਰ ਕੋਈ ਫਸਲ ਕਾਮਯਾਬ ਨਹੀਂ ਹੋ ਸਕਦੀ ਔਰ ਉਸ ਇਲਾਕੇ ਵਿਚੋਂ ਗੰਨਾ ਚੁਕਿਆ ਨਹੀਂ ਗਿਆ । ਪਿਛਲੇ ਸਾਲ ਲੋਕਾਂ ਦਾ ਗੰਨਾ ਨਾ ਚੁਕੇ ਜਾਣ ਕਾਰਨ ਲੋਕਾਂ ਨੇ ਝੋਨਾ ਲਾਇਆ ਅਤੇ ਉਹ ਫਲੱਡ ਨਾਲ ਝੋਨਾ ਵੀ ਤਬਾਹ ਹੋ ਗਿਆ । ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਥੇ ਹੋਰ ਕੋਈ ਫਸਲ ਕਾਮਯਾਬ ਨਹੀਂ ਹੋ ਸਕਦੀ ਅਤੇ ਇਕਲਾ ਗੰਨੇ ਦੀ ਪੈਦਾਵਾਰ ਹੀ ਹੋ ਸਕਦੀ ਹੈ, ਕੀ ਉਸ ਇਲਾਕੇ ਵਿਚ ਗੰਨੇ ਵਾਸਤੇ ਪਰਚੀਆਂ ਦੇਣ ਵਾਸਤੇ ਪ੍ਰਾਇਰਟੀ ਦੇਣਗੇ ?

**ਮੰਤਰੀ :** ਸਪੀਕਰ ਸਾਹਿਬ, ਬੜਾ ਲੰਮਾ ਸਵਾਲ ਹੋਣ ਕਾਰਨ ਮੈਨੂੰ ਪੂਰੀ ਤਰ੍ਹਾਂ ਸਮਝ ਨਹੀਂ ਆ ਸਕਿਆ । ਜ਼ਰਾ ਦੁਬਾਰਾ ਦੱਸ ਦੇਣ ਕਿ ਕੀ ਕਿਹਾ ਹੈ ?

**ਸ੍ਰੀ ਸਪੀਕਰ :** ਉਨ੍ਹਾਂ ਦੇ ਕਹਿਣ ਦਾ ਮਤਲਬ ਇਹ ਹੈ ਕਿ ਜਿਥੇ ਗੰਨੇ ਦੇ ਸਿਵਾਏ ਹੋਰ ਕੋਈ ਫਸਲ ਨਹੀਂ ਹੋ ਸਕਦੀ, ਕੀ ਉਥੇ ਪਰਚੀਆਂ ਦੇਣ ਲਈ ਪ੍ਰਾਇਰਿਟੀ ਦੇਣ ਦੀ ਕੋਸ਼ਿਸ਼ ਕਰੋਗੇ ?

**ਸ੍ਰੀ ਹੁਕਮ ਚੰਦ :** ਸਪੀਕਰ ਸਾਹਿਬ, ਮੈਂ ਸਵਾਲ ਦੁਬਾਰਾ ਹੀ ਕਰ ਦਿੰਦਾ ਹਾਂ ਜੀ । ਮੇਰਾ ਸਵਾਲ ਇਹ ਸੀ ਕਿ ਕਈ ਮੇਰੇ ਹਲਕੇ ਵਿਚ ਇਲਾਕੇ ਐਸੇ ਹਨ ਜਿਹੜੇ ਬੇਟ ਦੇ ਹਨ ਅਤੇ ਦਰਿਆ ਦੇ ਕੰਢੇ ਤੇ ਹਨ ਅਤੇ ਉਥੇ ਦੀ ਜ਼ਮੀਨ ਵਿਚ ਹੋਰ ਕੋਈ ਫਸਲ ਨਹੀਂ ਹੋ ਸਕਦੀ ਅਤੇ ਸਿਰਫ ਗੰਨਾ ਹੀ ਉਥੇ ਪੈਦਾ ਹੁੰਦਾ ਹੈ । ਪਰ ਉਥੇ ਦੇ ਲੋਕਾਂ ਦਾ ਗੰਨਾ ਚੁਕਿਆ ਨਹੀਂ ਜਾਂਦਾ ਔਰ ਉਹ ਐਵੇਂ ਹੀ ਜਾਂਦਾ ਹੈ । ਫਿਰ ਮੇਰਾ ਇਲਾਕਾ ਫਾਇਰਿੰਗ ਰੇਂਜ ਵਿਚ ਵੀ ਹੈ ਅਤੇ ਉਥੇ ਦੇ ਲੋਕ ਫਾਇਰਿੰਗ ਹੋਣ ਕਾਰਨ ਗੰਨਾ ਕੱਢ ਨਹੀਂ ਸਕਦੇ ਅਤੇ ਜਿਹੜੇ ਹਿੰਮਤ ਕਰ ਕੇ ਕਢਦੇ ਹਨ ਉਹ ਅਗੋਂ ਚੁਕਿਆ ਨਹੀਂ ਜਾਂਦਾ। ਕੀ ਮਨਿਸਟਰ ਸਾਹਿਬ ਉਸ ਇਲਾਕੇ ਨੂੰ ਕੋਈ ਪਰਚੀਆਂ ਦੇਣ ਲਈ ਪ੍ਰਾਇਰਿਟੀ ਦੇਣਗੇ ?

**ਮੰਤਰੀ :** ਸਪੀਕਰ ਸਾਹਿਬ, ਜੋ ਤਾਂ ਬਾਉਂਡਿਡ ਗੰਨਾ ਹੈ ਉਹ ਤਾਂ ਅਸੀਂ ਨਾ ਲਾਸਟ ਈਅਰ ਰਹਿਣ ਦਿਤਾ ਹੈ ਅਤੇ ਨਾ ਹੀ ਇਸ ਸਾਲ ਰਹਿਣ ਦੇਵਾਂਗੇ । ਅਸੀਂ ਬਾਉਂਡਿਡ ਗੰਨੇ ਤੋਂ ਜ਼ਿਆਦਾ ਪੀੜਨ ਦੀ ਵੀ ਕੋਸ਼ਿਸ਼ ਕਰਦੇ ਹਾਂ। ਮੈਂ ਤਾਂ ਇਸ ਦੇ ਵਾਸਤੇ ਕੋਈ ਫੈਸਲਾ ਨਹੀਂ ਕਰ ਸਕਦਾ। ਸਬੰਧਤ ਸਾਰੇ ਫਾਰਮਰਜ਼ ਨੂੰ ਪੁੱਛ ਕੇ ਕੋਸ਼ਿਸ਼ ਕਰਾਂਗੇ ਕਿ ਉਨ੍ਹਾਂ ਨਾਲ ਜ਼ਿਆਦਾ ਹਮਦਰਦੀ ਕੀਤੀ ਜਾ ਸਕੇ ।

**ਕਾਮਰੇਡ ਸਰਵਣ ਸਿੰਘ ਚੀਮਾ :** ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਫਗਵਾੜੇ ਦੇ ਏਰੀਏ ਵਿਚ ਫਗਵਾੜਾ ਮਿਲ ਤੋਂ ਜ਼ਿਆਦਾ ਗੰਨਾ ਚੁਕਿਆ ਨਹੀਂ ਜਾਂਦਾ, ਕੀ ਉਸ ਮਿਲ ਦੀ ਪੀੜਨ ਦੀ ਕਪੈਸਿਟੀ ਵਧਾਉਣ ਨੂੰ ਤਿਆਰ ਹਨ ?

**ਮੰਤਰੀ :** ਸਪੀਕਰ ਸਾਹਿਬ, ਇਹ ਤਾਂ ਸਵਾਲ ਨਾਲ ਸਬੰਧਤ ਨਹੀਂ ਹੈ ਜੀ । ਵੈਸੇ ਆਨਰੇਬਲ ਮੈਂਬਰ ਸਾਹਿਬ ਨੇ ਗਲ ਕੀਤੀ ਹੈ ਮੈਂ ਇੰਨਾਂ ਦਸਣਾ ਚਾਹੁੰਦਾ ਹਾਂ ਕਿ ਮਿਲ ਦੀ ਕਪੈਸਿਟੀ ਵਧਾਉਣ

Original with;
Punjab Vidhan Sabha
Digitized by;
Panjab Digital Library

ਲਈ ਮੈਂ ਇਸ ਵੇਲੇ ਜ਼ਬਾਨੀ ਕੁਝ ਨਹੀਂ ਕਹਿ ਸਕਦਾ ਕਿਉਂਕਿ ਐਵੇਂ ਕਿਧਰੇ ਗਲਤ ਬਿਆਨੀ ਨਾ ਹੋ ਜਾਵੇ। ਜਿਥੋਂ ਤਕ, ਸਪੀਕਰ ਸਾਹਿਬ, ਸਵਾਲ ਹੈ ਕਿ ਗੰਨਾ ਚੁਕਿਆ ਨਹੀਂ ਜਾਂਦਾ ਮੈਂ ਪਹਿਲਾਂ ਵੀ ਬੇਨਤੀ ਕੀਤੀ ਹੈ ਅਤੇ ਹੁਣ ਫਿਰ ਇਸ ਗਲ ਦੀ ਸ਼ਿਉਰਿਟੀ ਦਿੰਦਾ ਹਾਂ ਕਿ ਜਿਹੜਾ ਬਾਊਂਡਿਡ ਗੰਨਾ ਹੈ ਉਹ ਅਸੀਂ ਲਾਸਟ ਈਅਰ ਵੀ ਚੁਕਿਆ ਹੈ ਅਤੇ ਇਸ ਸਾਲ ਵੀ ਚੁਕਵਾਵਾਂਗੇ। ਅਸੀਂ ਪਿਛਲੇ ਸਾਲ ਬਾਊਂਡਿਡ ਗੰਨੇ ਤੋਂ ਇਲਾਵਾ ਵੱਧ ਗੰਨਾ ਪੀੜਿਆ ਹੈ ਅਤੇ ਅਗਲੇ ਸਾਲ ਦੀ ਸੀਜ਼ਨ ਵਿਚ ਵੀ ਕੋਸ਼ਿਸ਼ ਕਰਾਂਗੇ ਕਿ ਜ਼ਿਆਦਾ ਪੀੜਿਆ ਜਾਵੇ ।

**ਸਰਦਾਰ ਪ੍ਰਹਿਲਾਦ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਡੀ ਤਹਿਸੀਲ ਸਮਰਾਲਾ ਦਾ ਗੰਨਾ ਮੁਰਿੰਡਾ ਸ਼ੂਗਰ ਮਿੱਲ ਵਿਚ ਜਾਂਦਾ ਹੈ ਪਰ ਸਾਨੂੰ ਕੇਨ ਪਰਚੀਆਂ ਪੂਰੀਆਂ ਨਹੀਂ ਮਿਲਦੀਆਂ, ਕੀ ਇਸ ਵਲ ਕੋਈ ਧਿਆਨ ਦੇਣਗੇ ? (ਵਿਘਨ)

**ਮੰਤਰੀ** : ਇਧਰ ਕਈ ਮਾਨਯੋਗ ਮੈਂਬਰ ਆਪਸ ਵਿਚ ਗੱਲਾਂ ਕਰ ਰਹੇ ਹਨ ਜਿਸ ਕਰਕੇ ਸਵਾਲ ਸਮਝ ਨਹੀਂ ਆਇਆ, ਜ਼ਰਾ ਦੁਬਾਰਾ ਸਵਾਲ ਕਰ ਦੇਣ । (ਵਿਘਨ)

**ਸਰਦਾਰ ਪ੍ਰਹਿਲਾਦ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਡੀ ਤਹਿਸੀਲ ਸਮਰਾਲਾ ਦਾ ਗੰਨਾ ਬਾਊਂਡਿਡ ਹੁੰਦਾ ਹੈ ਅਤੇ ਉਹ ਮੁਰਿੰਡਾ ਸ਼ੂਗਰ ਮਿਲ ਵਿਚ ਜਾਂਦਾ ਹੈ ਲੇਕਿਨ ਜਦੋਂ ਖਮਾਣੋਂ ਟੱਪ ਜਾਂਦੇ ਹਾਂ ਤਾਂ ਸਾਨੂੰ ਪਰਚੀਆਂ ਨਹੀਂ ਮਿਲਦੀਆਂ। ਗੰਨਾ ਬਾਊਂਡਿਡ ਹੁੰਦਾ ਹੈ ਪਰ ਪਰਚੀਆਂ ਨਹੀਂ ਮਿਲਦੀਆਂ । ਕੀ ਇਸ ਸਾਲ ਕੋਈ ਇਸ ਦਾ ਇੰਤਜ਼ਾਮ ਕਰਵਾਉਣਗੇ ?

**ਮੰਤਰੀ** : ਸਪੀਕਰ ਸਾਹਿਬ, ਬਾਊਂਡਿਡ ਗੰਨੇ ਦਾ ਪੂਰਾ ਇੰਤਜ਼ਾਮ ਕਰਾਂਗੇ। ਮੈਂ ਦੱਸਣਾ ਚਾਹੁੰਦਾ ਹਾਂ ਕਿ 15 ਫੀ ਸਦੀ ਟੋਟਲ ਗੰਨਾ ਮਿਲਾਂ ਕਰੱਸ਼ ਕਰ ਸਕਦੀਆਂ ਹਨ। ਸਾਡੇ ਸੀ. ਐਮ. ਸਾਹਿਬ, ਮੈਂ ਵੀ ਅਤੇ ਸਾਡੇ ਹੋਰ ਕਈ ਮਨਿਸਟਰ ਸਾਹਿਬਾਨ ਦਿਲੀ ਜਾ ਕੇ ਇਹ ਕੋਸ਼ਿਸ਼ ਕਰਦੇ ਹਨ ਕਿ ਸਾਨੂੰ ਵੱਧ ਤੋਂ ਵੱਧ ਮਿੱਲਾਂ ਦਿਤੀਆਂ ਜਾਣ ਤਾਂ ਕਿ ਸਾਡੀ ਗੰਨਾ ਪੀੜਨ ਦੀ ਕਪੈਸਿਟੀ ਦੂਸਰੀਆਂ ਸਟੇਟਾਂ ਦੇ ਮੁਕਾਬਲੇ ਵਿਚ ਲਿਆਂਦੀ ਜਾ ਸਕੇ ਜਿਥੇ ਵੱਧ ਪੀੜਿਆ ਜਾਂਦਾ ਹੈ ਜਿਵੇਂ ਕਿ ਯੂ. ਪੀ., ਬਿਹਾਰ ਵਗੈਰਾ ਵਿਚ ਹੈ।

**ਸਰਦਾਰ ਸਰੂਪ ਸਿਘ** : ਸਪੀਕਰ ਸਾਹਿਬ, ਮੇਰੀ ਸ਼ਿਕਾਇਤ ਤੇ ਸ੍ਰੀ ਹਰ ਗੋਬਿੰਦ ਪੁਰ ਤੇ ਘੁੰਮਾਣ ਦੇ ਕੰਡਿਆਂ ਤੇ ਛਾਪਾ ਪਿਆ ਅਤੇ ਇਹ ਸਾਬਤ ਹੋਇਆ ਕਿ ਕਿਸਾਨ ਨੂੰ ਉਥੇ ਲੁਟਿਆ ਜਾ ਰਿਹਾ ਹੈ। ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਐਤਕੀ ਉਸ ਦੇ ਲਈ ਕੀ ਪ੍ਰੀਕਾਸ਼ਨਰੀ ਮਈਅਰਜ਼ ਲਏ ਹਨ ਤਾਂ ਕਿ ਪਿਛਲੇ ਸਾਲ ਵਾਂਗ ਨਾ ਹੋਵੇ ?

**ਮੰਤਰੀ** : ਸਪੀਕਰ ਸਾਹਿਬ, ਪਿਛਲੇ ਸਾਲ ਇਨਕੁਆਇਰੀ ਕਰਵਾਈ ਸੀ ਅਤੇ ਉਸ ਦੇ ਲਈ ਮੈਂ ਦੱਸਿਆ ਕਿ ਪਰਚਾ ਦਰਜ ਕਰਵਾਇਆ ਹੈ ਅਤੇ ਕੇਸ ਚਲ ਰਿਹਾ ਹੈ। ਅਗਲੇ ਸਾਲ ਲਈ ਅਸੀਂ ਇੰਤਜ਼ਾਮ ਕੀਤਾ ਹੈ ਤਾ ਕਿ ਕੋਈ ਇਹੋ ਜਿਹੀ ਘਟਨਾ ਨਾ ਵਾਪਰੇ ਅਤੇ ਕਿਸਾਨਾਂ ਨੂੰ ਨੁਕਸਾਨ ਨਾ ਹੋਵੇ ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਹਕੀਕਤ ਹੈ ਕਿ ਧੂਰੀ ਵਿਚੋਂ ਇਕ ਸਪੈਸਿਫਿਕ ਕਮਪਲੇਂਟ ਆਈ ਕਿ ਜਿਹੜਾ ਮਿਲ ਦੇ ਨਾਲ ਬਾਊਂਡਿਡ ਏਰੀਆ ਹੈ ਉਥੋਂ ਗੰਨਾ ਨਹੀਂ ਲਿਆ ਗਿਆ ਅਤੇ ਜਿਹੜਾ ਬਾਹਰ ਸੀ ਉਹ ਕਿਸੇ ਖਾਸ ਬੰਦੇ,

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਖਾਸ ਲੋਕਾਂ ਦਾ ਵਪਾਰ ਕਰਾਉਣ ਲਈ ਗੰਨਾ ਲਿਆ ਗਿਆ ਅਤੇ ਬਾਉਂਡਿਡ ਕੇਨ ਨਹੀਂ ਚੁਕਿਆ ਗਿਆ ਤੇ ਪਰਚੀਆਂ ਦੇਣ ਵਿਚ ਹੇਰਾ ਫੇਰੀ ਹੋਈ। ਕੀ ਉਸ ਕਮਪਲੇਂਟ ਦੀ ਇਨਕੁਆਇਰੀ ਕਰਵਾਈ ਹੈ ?

**ਮੰਤਰੀ**: ਸਪੀਕਰ ਸਾਹਿਬ, ਇਸ ਕਿਸਮ ਦੀ ਕੋਈ ਜ਼ਬਾਨੀ ਤਾਂ ਗਲ ਮੈਨੂੰ ਚੇਤੇ ਨਹੀਂ ਹੈ। ਵੈਸੇ ਕਮਪਲੇਂਟਸ ਮਿਲਦੀਆਂ ਹਨ ਤਾਂ ਪੜਤਾਲ ਕਰਵਾ ਕੇ ਉਸ ਦਾ ਇਲਾਜ ਕਰਨ ਦੀ ਕੋਸ਼ਿਸ਼ ਕਰਦੇ ਹਾਂ। (ਵਿਘਨ)

**ਗਿਆਨੀ ਕੁੰਦਨ ਸਿੰਘ ਪਤੰਗ**: ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਨੂੰ ਖੱਡੀ ਲਾਉਣ ਦੀ ਤਾਂ ਸੈਂਟਰ ਦੀ ਸਰਕਾਰ ਇਜਾਜ਼ਤ ਨਹੀਂ ਦਿੰਦੀ ਤਾਂ ਇਹ ਮਿਲਾਂ ਲਾਉਣ ਦੀ ਕੀ ਇਜਾਜ਼ਤ ਦੇਣਗੇ ? (ਵਿਘਨ)

**ਮੰਤਰੀ**: ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਹੁਣ ਇਹ ਸਰਕਾਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਹੈ। ਇਹ ਪਹਿਲਾਂ ਦੀਆਂ ਗੱਲਾਂ ਹਨ। ਅਸੀਂ 17 ਕਰੋੜ ਰੁਪਏ ਦਾ ਇਲੈਕਟ੍ਰੋਨਿਕਸ ਪਲਾਂਟ ਮੋਹਾਲੀ ਲਾ ਰਹੇ ਹਾਂ ਜਿਸ ਨਾਲ ਬਹੁਤ ਸਾਰੇ ਲੋਕਾਂ ਨੂੰ ਰੁਜ਼ਗਾਰ ਮਿਲੇਗਾ। ਇਸ ਕਿਸਮ ਦੇ ਵੱਡੇ ਵੱਡੇ ਕਾਰਖਾਨੇ ਲਾ ਰਹੇ ਹਾਂ। ਹੁਣ ਇਸ ਸਰਕਾਰ ਨੂੰ ਇਹ ਪ੍ਰਾਬਲਮ ਨਹੀਂ ਹੈ ਜੋ ਪਹਿਲਾਂ ਸੀ। ਕੋਸ਼ਿਸ਼ ਕਰਾਂਗੇ ਕਿ ਵੱਡੇ ਵੱਡੇ ਕਾਰਖਾਨੇ ਲਗਣ।

**ਸਰਦਾਰ ਬੇਅੰਤ ਸਿੰਘ**: ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਹੁਣੇ ਹੀ ਦੱਸਿਆ ਹੈ ਕਿ ਹੋਰ ਮਿੱਲਾਂ ਲੈਣ ਦੀ ਅਸੀਂ ਕੋਸ਼ਿਸ਼ ਕਰ ਰਹੇ ਹਾਂ। ਮੈਂ ਸਪੈਸਿਫਿਕ ਅਰਜ਼ ਕਰਨੀ ਚਾਹੰਦਾ ਹਾਂ ਕਿ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਵਲੋਂ .... (ਵਿਘਨ)

**ਸ੍ਰੀ ਸਪੀਕਰ**: ਸਰਦਾਰ ਬੇਅਤ ਸਿਘ ਜੀ, ਕੁਐਸਚਨ ਕਰੋ।

**ਸਰਦਾਰ ਬੇਅੰਤ ਸਿੰਘ**: ਮੈਂ ਕੁਐਸਚਨ ਕਰ ਰਿਹਾ ਹਾਂ ਜੀ। ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਦੁਰਾਹੇ ਇਕ ਮਿਲ ਲਾਉਣ ਦਾ ਫੈਸਲਾ ਸਾਡੀ ਸਰਕਾਰ ਨੇ ਕੀਤਾ ਸੀ। ਉਥੇ ਸ਼ੂਗਰ ਕੇਨ ਗਰੋਅਰਜ਼ ਦੀ ਸੁਸਾਇਟੀ ਬਣੀ ਅਤੇ ਇਸ ਦੇ ਵਾਸਤੇ ਲੱਖਾਂ ਰੁਪਿਆ ਇਕੱਠਾ ਹੋਇਆ। ਇਹ ਮਿਲ ਕੋਆਪਰੇਟਿਵ ਬੇਸਿਜ਼ ਤੇ ਲਗਣੀ ਹੈ। ਕੀ ਉਸ ਮਿਲ ਦੇ ਬਾਰੇ ਛੇਤੀ ਤੋਂ ਛੇਤੀ ਲਾਇਸੈਂਸ ਲੈਣਗੇ ?

**ਮੰਤਰੀ**: ਇਹ ਸਵਾਲ ਜ਼ਰਾ ਦੁਬਾਰਾ ਕਰ ਦੇਣ, ਚੰਗੀ ਤਰ੍ਹਾਂ ਸਮਝ ਨਹੀਂ ਲਗਿਆ ਜੀ।

**ਸਰਦਾਰ ਬੇਅੰਤ ਸਿੰਘ**: ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਦੁਰਾਹੇ ਵਿਚ ਗਿਆਨੀ ਜੀ ਦੇ ਸਮੇਂ ਕੋਆਪ੍ਰੇਟਿਵ ਸ਼ੂਗਰ ਮਿਲ ਲਾਉਣ ਦੀ ਜਿਹੜੀ ਤਜਵੀਜ਼ ਸੀ ਉਸ ਦਾ ਕੀ ਬਣਿਆ ?

**ਮੰਤਰੀ**: ਮੈਂ ਤਾਂ ਦੁਰਾਹੇ ਵਾਸਤੇ ਕੋਈ ਗਿਆਨੀ ਜੀ ਦੀ ਤਜਵੀਜ਼ ਨਹੀਂ ਦੇਖੀ। ਕਿਤੇ ਮਲੇਰ-ਕੋਟਲੇ ਦੀ ਤਜਵੀਜ਼ ਨਾ ਹੋਵੇ। (ਹਾਸਾ)

---

**Mr. Speaker**: I now allow Sardar Umrao Singh to put his Starred Question No. 790 which was listed in the list Starred Question for 13th September, 1978.

Original with;
Punjab Vidhan Sabha
Digitized by;
Panjab Digital Library

**Names of the Managing Directors of the Punjab Dairy Development Corporation**

***790. Sardar Umrao Singh :** Will the Minister of State for Animal Husbandry be pleased to state:—

(a) the names of the Managing Directors of the Punjab Dairy Development Corporation who were appointed in the year 1977 and 1978 ;

(b) the period of their respective term ;

(c) whether during this period the post of the Managing Director remained vacant ; if so, who performed the functions of the Managing Director ?

**ਸਰਦਾਰ ਸੁਖਦੇਵ ਸਿੰਘ ਢੀਂਡਸਾ** (ਰਾਜ ਮੰਤਰੀ, ਆਵਾਜਾਈ ਅਤੇ ਖੇਡਾਂ ) : (ੳ) ਅਤੇ (ਅ)

1. ਕੈਪਟਨ ਅਜੀਤ ਸਿੰਘ, ਪੀ. ਵੀ. ਐਸ--1, 5 ਮਈ, 1976 ਤੋਂ 9 ਅਗਸਤ, 1977
2. ਸ੍ਰੀ. ਸੀ. ਡੀ. ਖੰਨਾ, ਆਈ. ਏ. ਐਸ., 10 ਅਗਸਤ, 1977 ਤੋਂ 17 ਅਕਤੂਬਰ, 1977
3. ਮਿਸਿਜ਼ ਹਰਸਿਮਰਤ, ਆਈ. ਏ. ਐਸ., 29 ਮਈ, 1978 ਤੋਂ ਹੁਣ ਤੱਕ ।

(ੲ) ਹਾਂ, ਸਰਦਾਰ ਜਗਦੇਵ ਸਿੰਘ ਤਾਜਪੁਰੀ, ਚੇਅਰਮੈਨ, ਪੰਜਾਬ ਡੇਅਰੀ ਵਿਕਾਸ ਕਾਰਪੋ-ਰੇਸ਼ਨ ਨੇ ਸਰਕਾਰ ਵਲੋਂ ਨਿਯੁਕਤ ਕੀਤੇ ਬਿਨਾਂ ਜਾਂ ਪੰਜਾਬ ਡੇਅਰੀ ਵਿਕਾਸ ਕਾਰਪੋਰੇਸ਼ਨ ਦੇ ਬੋਰਡ ਵਲੋਂ ਅਧਿਕਾਰ ਦਿਤੇ ਬਿਨਾਂ ਮੈਨੇਜਿੰਗ ਡਾਇਰੈਕਟਰ ਦੇ ਫੰਕਸ਼ਨ ਅਦਾ ਕੀਤੇ ਸਨ ।

**ਸਰਦਾਰ ਉਮਰਾਓ ਸਿੰਘ** : ਸਪੀਕਰ ਸਾਹਿਬ, 7 ਮਹੀਨੇ ਉਥੇ ਕੋਈ ਮੈਨੇਜਿੰਗ ਡਾਇਰੈਕਟਰ ਨਹੀਂ ਸੀ ਔਰ ਉਸ ਚੇਅਰਮੈਨ ਨੇ ਬਗੈਰ ਗੌਰਮਿੰਟ ਦੀ ਕਿਸੇ ਅਥਾਰਿਟੀ ਤੋਂ ਇਹ ਫੰਕਸ਼ਨ ਕੀਤੇ ਹਨ ਔਰ ਅਸੂਲ ਦੇ ਮੁਤਾਬਕ ਇਹ ਫੰਕਸ਼ਨਜ਼ ਜੋ ਉਸ ਨੇ ਕੀਤੇ ਹਨ, ਉਹ ਨਾਜਾਇਜ਼ ਹਨ । ਕੀ ਇਸ ਵਿਚ ਗੌਰਮਿਟ ਦਾ ਕਸੂਰ ਹੈ ਜਾਂ ਚੇਅਰਮੈਨ ਦਾ ; ਔਰ ਗੌਰਮਿੰਟ ਕੀ ਐਕਸ਼ਨ ਲੈ ਰਹੀ ਹੈ ਚੇਅਰਮੈਨ ਤੇ ਜਿਸ ਨੇ ਮੈਨੇਜਿੰਗ ਡਾਇਰੈਕਟਰ ਦਾ ਕੰਮ ਕੀਤਾ ਅਤੇ ਉਸ ਦੇ ਕੀਤੇ ਕੰਮਾਂ ਨੂੰ ਕੀ ਗੌਰਮਿੰਟ ਕੈਂਸਲ ਕਰੇਗੀ ਜਾਂ ਰਿਵਿਊ ਕਰੇਗੀ ?

**ਰਾਜ ਮੰਤਰੀ** (ਆਵਾਜਾਈ ਅਤੇ ਖੇਡਾਂ) : ਸਪੀਕਰ ਸਾਹਿਬ, ਇਸ ਦੇ ਵਿਚ ਤਾਂ ਪਹਿਲਾਂ ਵੀ ਪ੍ਰੈਸੀਡੈਂਟਸ ਹਨ । ਜੇਕਰ ਐਮ. ਡੀ. ਨਾ ਹੋਵੇ ਤਾਂ ਵੰਨ ਆਫ ਦੀ ਡਾਇਰੈਕਟਰਜ਼ ਐਮ. ਡੀ. ਦਾ ਫੰਕਸ਼ਨ ਕਰ ਸਕਦਾ ਹੈ, ਕਾਰਪੋਰੇਸ਼ਨ ਦਾ ਬੋਰਡ ਕੰਪੀਟੈਂਟ ਹੈ ਜੇ ਉਹ ਅਧਿਕਾਰ ਦੇ ਦੇਵੇ ਤਾਂ ਡਾਇਰੈਕਟਰ ਵੀ ਐਮ. ਡੀ. ਦਾ ਫੰਕਸ਼ਨ ਕਰ ਸਕਦਾ ਹੈ।

**ਚੌਧਰੀ ਬਲਰਾਮ ਜਾਖੜ** : ਸਪੀਕਰ ਸਾਹਿਬ, ਇਹ ਜਿਹੜਾ ਚੇਅਰਮੈਨ ਐਪੁਆਇੰਟ ਹੋਇਆ ਹੈ, is his appointment legal under the Companies Act and the articles of Association ? ਪਹਿਲਾਂ ਤਾਂ ਇਹ ਦੱਸਣ ਕਿ ਇਹ ਲੀਗਲ ਹੈ ਜਾਂ ਨਹੀਂ। ਦੂਸਰਾ ਮੇਰਾ ਖਿਆਲ ਹੈ ਕਿ ਅੱਜ ਉਨ੍ਹਾਂ ਦੀ ਮਿਆਦ ਖ਼ਤਮ ਹੋ, ਰਹੀ ਹੈ ਕੀ ਉਨ੍ਹਾਂ ਦੀ ਐਪੁਆਇੰਟਮੈਂਟ ਲੀਗਲ ਤੌਰ ਤੇ ਕਰਨਗੇ ?

**ਰਾਜ ਮੰਤਰੀ** : ਉਨ੍ਹਾਂ ਦੀ ਐਪੁਆਇੰਟਮੈਂਟ ਬਿਲਕੁਲ ਲੀਗਲ ਹੈ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਰਦਾਰ ਜਗਦੇਵ ਸਿੰਘ ਤਾਜਪੁਰੀ, ਚੇਅਰਮੈਨ, ਪਿਛੇ ਜਿਹੇ ਜਿਹੜੀ ਇੰਟਰਨੈਸ਼ਨਲ ਡੇਅਰੀ ਸਾਇੰਸ ਦੀ ਕਾਨਫਰੰਸ ਪੈਰਿਸ ਵਿਚ ਹੋਈ ਸੀ ਅਤੇ ਇਹ ਵੀ ਉਥੇ ਗਏ ਸਨ, ਕੀ ਉਹ ਕਿਸੇ ਦੀ ਮਨਜ਼ੂਰੀ ਨਾਲ ਗਏ ਸੀ ਅਤੇ ਕੀ ਉਨ੍ਹਾਂ ਨੂੰ ਇਸ ਗਲ ਦਾ ਕੋਈ ਤਜਰਬਾ ਵੀ ਹੈ ?

ਰਾਜ ਮੰਤਰੀ : ਇਸ ਦਾ ਇਸ ਦੇ ਨਾਲ ਕੋਈ ਸਬੰਧ ਨਹੀਂ ਹੈ।

**Sardar Gurdarshan Singh**: In reply to part (c) of the question it is written as under :—

> "Sardar Jagdev Singh Tajpuri, Chairman, Punjab Dairy Development Corporation performed the functions of the Managing Director without being appointed by the Government or authorised by the Board of Directors of Punjab Dairy Development Corporation,"

ਔਰ ਸਪਲੀਮੈਂਟਰੀ ਦੇ ਜਵਾਬ ਵਿਚ ਕਿਹਾ ਗਿਆ ਹੈ ਕਿ ਉਹ ਫੰਕਸ਼ਨਜ਼ ਨਹੀਂ ਕਰ ਸਕਦਾ, ਕੀ ਇਹ ਜਿਹੜਾ ਜਵਾਬ ਹੈ ਕੰਟਰਾਡਿਕਟਰੀ ਨਹੀਂ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਉਸ ਤੋਂ ਬਾਅਦ ਬੋਰਡ ਦੀ ਮੀਟਿੰਗ ਹੋਈ ਅਤੇ ਉਸ ਨੂੰ ਐਪੁਆਇੰਟ ਕੀਤਾ ਗਿਆ। ਜਦੋਂ ਐਮ. ਡੀ. ਛੁੱਟੀ ਤੇ ਗਿਆ ਸੀ ਉਦੋਂ ਨਹੀਂ ਕੀਤਾ ਸੀ ਅਤੇ ਬਾਅਦ ਵਿਚ ਮਿਤੀ 2 ਦਸੰਬਰ, 1977 ਦੀ ਮੀਟਿੰਗ ਹੋਈ ਉਸ ਵਿਚ ਬੋਰਡ ਨੇ ਇਨ੍ਹਾਂ ਨੂੰ ਐਪੁਆਇੰਟ ਕੀਤਾ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਡੇਅਰੀ ਡਿਵੈਲਪਮੈਂਟ ਕਾਰਪੋਰੇਸ਼ਨ ਦਾ ਜਿਹੜਾ ਆਰਟੀਕਲ ਆਫ਼ ਐਸੋਸੀਏਸ਼ਨ ਹੈ ਉਸ ਦੇ ਮੁਤਾਬਿਕ ਮੈਨੇਜਿੰਗ ਡਾਇਰੈਕਟਰ ਐਪੁਆਇੰਟ ਹੋ ਸਕਦਾ ਹੈ ਅਗਰ ਟੈਂਪੋਰੇਰੀ ਵੇਕੈਂਸੀ ਹੋਵੇ, ਵੈਸੇ ਨਹੀਂ ਹੋ ਸਕਦਾ। ਮਨਿਸਟਰ ਸਾਹਿਬ ਦਸਣ ਕਿ ਇਨ੍ਹਾਂ ਆਰਟੀਕਲਜ਼ ਆਫ਼ ਐਸੋਸੀਏਸ਼ਨ ਦੇ ਟੈਂਪੋਰੇਰੀਲੀ ਆਫ਼ੀਸ਼ੀਏਟ ਕਰਨ ਵਾਲੇ ਨੂੰ ਕਿੰਨੇ ਅਰਸੇ ਲਈ ਅਖ਼ਤਿਆਰ ਹੈ ਅਪੁਆਇੰਟ ਕਰਨ ਦਾ। ਬੋਰਡ ਦੀ ਅਥਾਰਟੀ ਤੋਂ ਬਿਨਾਂ ਚੇਅਰਮੈਨ ਨੇ ਕਿੰਨੀ ਦੇਰ ਤਕ ਫੰਕਸ਼ਨ ਕੀਤਾ; ਉਸ ਤੋਂ ਬਾਅਦ ਉਹ ਪੀਰੀਅੱਡ ਵੀ ਬੋਰਡ ਨੇ ਰੈਗੂਲੇਰਾਈਜ਼ ਕੀਤਾ ਜਾਂ ਨਹੀਂ। ਉਸ ਨੇ ਗਊਆਂ ਦੇ ਸਿਲਸਲੇ ਵਿਚ ਚੀਫ਼ ਮਨਿਸਟਰ ਸਾਹਿਬ ਦੇ ਆਰਡਰ ਨੂੰ ਡੀਫ਼ਾਈ ਕੀਤਾ ਅਤੇ ਡੇਅਰੀ ਡਿਵੈਲਪਮੈਂਟ ਕਾਰਪੋਰੇਸ਼ਨ ਨੂੰ ਲੁਟ ਕੇ ਖਾ ਗਿਆ ਔਰ ਸਰਕਾਰ ਹੈਲਪਲੈਸ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਜੇ ਕਿਸੇ ਨੇ ਅੱਨ ਗਹਿਲੀ ਕੀਤੀ ਹੈ ਤਾਂ ਉਸ ਦੀ ਇਨਕੁਆਇਰੀ ਹੋਵੇਗੀ ਔਰ ਇਨਕੁਆਇਰੀ ਮੁਤਾਬਕ ਸਜ਼ਾ ਦਿਤੀ ਜਾਏਗੀ। ਕੇਵਲ ਅਖ਼ਬਾਰਾਂ ਦੇ ਲਿਖੇ ਤੇ ਤਾਂ ਕੁਝ ਨਹੀਂ ਹੋ ਸਕਦਾ। ਇਨਕੁਆਇਰੀ ਹੋ ਰਹੀ ਹੈ, ਪਤਾ ਲਗ ਜਾਵੇਗਾ ਕਿ ਸਚਾਈ ਕੀ ਹੈ ?

ਸਰਦਾਰ ਉਮਰਾਓ ਸਿੰਘ : ਗਊਆਂ ਬਾਰੇ ਨਹੀਂ ਦਸਿਆ। (ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਸਪੈਸਿਫਿਕ ਕੁਐਸਚਨ ਕੀਤਾ ਹੈ ਕਿ ਕਿਨੀ ਦੇਰ ਤਕ ਉਹ ਕਮ ਕਰਦਾ ਰਿਹਾ (ਵਿਘਨ) ਔਰ ਉਹ ਪੀਰੀਅਡ ਰੈਗੂਲੇਰਾਈਜ਼ ਕੀਤਾ ਜਾਂ ਨਹੀਂ, ਕੋਈ ਉੱਤਰ ਨਹੀਂ (ਵਿਘਨ)

---

## Accidents of Punjab Roadways and Pepsu Road Transport Corporation Buses

*515. **Comrade Baldev Singh Loomba** : Will the Minister of State for Transport, Tourism and Sports be pleased to state the number of buses

Original with;
Punjab Vidhan Sabha
Digitized by;
Panjab Digital Library

of the Punjab Roadways and the Pepsu Road Transport Corporation involved in road accidents during 1976-77 and 1977-78 separately and the extent of human and financial loss suffered on account of the said accidents ?

**ਸਰਦਾਰ ਸੁਖਦੇਵ ਸਿੰਘ ਢੀਂਡਸਾ :** ਦੁਰਘਟਨਾਵਾਂ, ਮੁਸਾਫਰਾਂ ਦੀਆਂ ਮੌਤਾਂ ਅਤੇ ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਨੂੰ ਸਾਲ 1976-77 ਅਤੇ 1977-78 ਦੌਰਾਨ ਵਿੱਤੀ ਨੁਕਸਾਨ ਦਾ ਵਰਨਣ ਨੱਥੀ ਵੇਰਵਾ-ਪੱਤਰ ਵਿਚ ਦਰਜ ਹੈ, ਜੋ ਕਿ ਸਦਨ ਦੇ ਮੇਜ਼ ਤੇ ਰੱਖਿਆ ਜਾਂਦਾ ਹੈ।

**ਸਟੇਟਮੈਂਟ**

| | ਪੰਜਾਬ ਰੋਡਵੇਜ਼ | | ਪੈਪਸੂ ਰੋਡ ਟਰਾਂਸਪੋਰਟ ਕਾਰ-ਪੋਰੇਸ਼ਨ | |
|---|---|---|---|---|
| | 1976-77 | 1977-78 | 1976-77 | 1977-78 |
| 1. ਹਾਦਸਿਆਂ ਵਿਚ ਸ਼ਾਮਲ ਬਸਾਂ ਦੀ ਗਿਣਤੀ | 212 | 330 | 164 | 142 |
| 2. ਹਾਦਸਿਆਂ ਕਾਰਨ ਹੋਈਆਂ ਮੌਤਾਂ ਦੀ ਗਿਣਤੀ | 103 | 141 | 69 | 66 |
| 3. ਵਿੱਤੀ ਘਾਟਾ :— | | | | |
| | ਰੁਪਏ | ਰੁਪਏ | ਰੁਪਏ | ਰੁਪਏ |
| (ੳ) ਬੱਸਾਂ ਨੂੰ ਨੁਕਸਾਨ ਹੋਣ ਕਾਰਨ | 1,90,430.00 | 3,95,255.59 | 4,37,890.20 | 3,99,908.64 |
| (ਅ) ਮਰੇ ਹੋਏ ਮੁਸਾਫਰਾਂ ਦੇ ਵਾਰਸਾਂ ਨੂੰ ਸਹਾਇਤਾ ਦੇਣ ਵਜੋਂ | 9,365.00 | 26,600.00 | .. | .. |

**ਕਾਮਰੇਡ ਬਲਦੇਵ ਸਿੰਘ ਲੁੰਬਾ :** ਸਪੀਕਰ ਸਾਹਿਬ, ਮੇਰੇ ਸੁਆਲ ਦਾ ਭਾਵ ਇਹ ਨਹੀਂ ਸੀ ਜੋ ਮਨਿਸਟਰ ਸਾਹਿਬ ਨੇ ਜਵਾਬ ਦਿਤਾ ਹੈ ਕਿ ਉਨ੍ਹਾਂ ਦੇ ਸਮੇਂ ਵਿਚ ਐਕਸੀਡੈਂਟਸ 330 ਹੋਏ ਅਤੇ ਇਨ੍ਹਾਂ ਦੇ ਸਮੇਂ ਵਿਚ 212 ਜਾਂ ਇਨ੍ਹਾਂ ਦੇ ਸਮੇਂ ਵਿਚ 330 ਹੋਏ ਅਤੇ ਉਨ੍ਹਾਂ ਦੇ ਸਮੇਂ ਵਿਚ 212 । ਮੇਰਾ ਸਆਲ ਤੋਂ ਭਾਵ ਇਹ ਹੈ ਕਿ ਇਹ ਹਾਦਸੇ ਬਹੁਤ ਜ਼ਿਆਦਾ ਹੋਏ ਹਨ, ਇਨ੍ਹਾਂ ਦੇ ਸਮੇਂ ਵਿਚ ਵੀ ਅਤੇ ਉਨ੍ਹਾਂ ਦੇ ਸਮੇਂ ਵਿਚ ਵੀ। ਸਰਕਾਰੀ ਤੌਰ ਤੇ ਵੀ ਇਸ ਬਾਰੇ ਡਿਸਕਸ਼ਨ ਹੋਈ ਅਤੇ ਜਿਸ ਤਰ੍ਹਾਂ ਤੁਸੀਂ ਮੇਰੇ ਸੁਆਲ ਵਿਚ ਅਗੇ ਦਸਿਆ ਸੀ ਕਿ ਜੀਪ ਵਿਚ ਨਕਲੀ ਪੁਰਜ਼ੇ ਫੜੇ ਗਏ ਸੀ। ਉਹ ਨਕਲੀ ਪੁਰਜ਼ੇ ਲੈ ਕੇ ਵਰਕਸ਼ਾਪ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਬਲਦੇਵ ਸਿੰਘ ਲੂੰਬਾ]

ਵਿਚ ਬਸਾਂ ਵਿਚ ਪਾ ਦਿੰਦੇ ਹਨ ਅਤੇ ਹੋਰ ਵੀ ਕਾਰਨ ਹੋ ਸਕਦੇ ਹਨ। ਮੈਂ ਪੁੱਛਣਾ ਇਹ ਚਾਹੁੰਦਾ ਹਾਂ ਕਿ ਐਡੀਆਂ ਵੱਡੀਆਂ ਘਟਨਾਵਾਂ ਵਾਪਰਦੀਆਂ ਹਨ ਅਤੇ ਜਾਨੀ ਨੁਕਸਾਨ ਵੀ ਹੁੰਦੇ ਹਨ, ਸਰਕਾਰ ਦੇ ਖਜ਼ਾਨੇ ਵਿਚੋਂ ਪੈਸਾ ਜਾਂਦਾ ਹੈ, ਇਹ ਐਕਸੀਡੈਂਟਸ ਕਿਸ ਤਰ੍ਹਾਂ ਰੋਕੇ ਜਾਣ, ਕੋਈ ਰੂਲਾਂ ਵਿਚ ਅਮੈਂਡਮੈਂਟ ਕੀਤੀ ਹੈ ?

**ਰਾਜ ਮੰਤਰੀ :** ਇਸ ਬਾਰੇ ਅਸੀਂ ਕੁਝ ਨਵੇਂ ਸਟੈਪਸ ਲਏ ਹਨ। ਜਿਹੜੇ ਡਰਾਈਵਰ ਨਵੇਂ ਰਖੇ ਜਾਂਦੇ ਹਨ ਉਸ ਦੇ ਲਈ ਬਹੁਤ ਸਖ਼ਤੀ ਕੀਤੀ ਜਾਂਦੀ ਹੈ। ਹੁਣ ਡਰਾਈਵਰ ਜੀ.ਐਮ. ਨਹੀਂ ਰੱਖ ਸਕਦਾ। ਭਰਤੀ ਵਾਸਤੇ ਬੋਰਡ ਐਪੁਆਇੰਟ ਕੀਤਾ ਹੈ ਔਰ ਜਿਹੜੇ ਪੁਰਾਣੇ ਡਰਾਈਵਰ ਹਨ ਉਨ੍ਹਾਂ ਲਈ ਸਕੂਲ ਸੈਂਕਸ਼ਨ ਕਰ ਦਿਤਾ ਹੈ ਜਿਥੇ ਉਨ੍ਹਾਂ ਨੂੰ ਟਰੇਨਿੰਗ ਦਿੱਤੀ ਜਾਂਦੀ ਹੈ। ਹੋਰ ਵੀ ਸਟੈਪਸ ਲੈ ਰਹੇ ਹਾਂ।

**ਸ੍ਰੀ ਰਮੇਸ਼ ਚੰਦਰ :** ਸਪੀਕਰ ਸਾਹਿਬ, ਸਰਹੰਦ ਵਿਚ ਹਾਦਸਾ ਹੋਇਆ ਸੀ 12 ਅਕਤੂਬਰ, 1977 ਨੂੰ ਔਰ ਉਸ ਹਾਦਸੇ ਦੀ ਇਨਕੁਆਇਰੀ ਡਿਸਟ੍ਰਿਕਟ ਸੈਸ਼ਨ ਜੱਜ ਨੇ ਕੀਤੀ ਸੀ। ਦੋ ਦਿਨ ਹੋਏ ਉਸ ਦੀ ਰਿਪੋਰਟ ਸਦਨ ਦੀ ਮੇਜ਼ ਤੇ ਰਖੀ ਗਈ ਸੀ। ਉਸ ਵਿਚ ਉਸ ਨੇ ਮਯੀਅਰਜ਼ ਅਡਾਪਟ ਕਰਨ ਲਈ ਕਿਹਾ ਸੀ। ਇਕ ਤਾਂ ਸੁਪਰਵਾਈਜ਼ਰੀ ਸਟਾਫ ਪੂਰੀ ਤਰ੍ਹਾਂ ਚੈਕਿੰਗ ਕਰੇ ਵਾਹੀਕਲ ਰੋਡਜ਼ ਤੇ ਆਉਣ ਤੋਂ ਪਹਿਲਾਂ ਅਤੇ ਹੋਰ ਵੀ ਬਹੁਤ ਸਾਰੀਆਂ ਸੁਜੈਸ਼ਨਜ਼ ਹਨ ਕਿ ਡਿਪੂ ਮੈਨੇਜਰਜ਼ ਨੂੰ ਇੰਸਟਰੱਕਸ਼ਨਜ਼ ਦਿੱਤੀਆਂ ਜਾਣ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਵੀ ਰਿਪੋਰਟ ਵਿਚ ਸੁਜੈਸ਼ਨਜ਼ ਹਨ ਉਨ੍ਹਾਂ ਬਾਰੇ ਫਾਲੋ ਅੱਪ ਐਕਸ਼ਨ ਕੀ ਲਿਆ ਹੈ, ਜੇ ਕੋਈ ਇੰਸਟਰਕਸ਼ਨਜ਼ ਕੀਤੀਆਂ ਹਨ ਤਾਂ ਕੀ ਉਨ੍ਹਾਂ ਉਤੇ ਅਮਲ ਕੀਤਾ ਜਾ ਰਿਹਾ ਹੈ ?

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਦੱਸ ਚੁਕਾ ਹਾਂ ਕਿ ਇਨ੍ਹਾਂ ਤੇ ਅਮਲ ਕੀਤਾ ਜਾ ਰਿਹਾ ਹੈ। ਲੇਕਿਨ ਇਹੀ ਇਕੱਲਾ ਨੁਕਸ ਨਹੀਂ, ਹੋਰ ਵੀ ਬਹੁਤ ਚੀਜ਼ਾਂ ਦੇਖਣ ਵਾਲੀਆਂ ਹਨ। ਸੜਕਾਂ ਦਾ ਮਾੜਾ ਹੋਣਾ, ਟਰੈਫਿਕ ਦਾ ਵੱਧਣਾ ਆਦਿ। ਲੇਕਿਨ ਅਸੀਂ ਇਹ ਇਨਸਟਰੱਕਸ਼ਨਜ਼ ਦੇ ਦਿੱਤੀਆਂ ਹਨ ਅਤੇ ਉਨ੍ਹਾਂ ਤੇ ਇੰਪਲੀਮੈਂਟੇਸ਼ਨ ਹੋ ਰਹੀ ਹੈ।

**ਕਾਮਰੇਡ ਬਲਦੇਵ ਸਿੰਘ ਲੂੰਬਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮੇਰਾ ਕੁਐਸਚਨ ਸਪੈਸਿਫਿਕ ਸੀ ਪਰ ਇਨ੍ਹਾਂ ਨੇ ਬੜਾ ਵੇਗ ਜਵਾਬ ਦਿੱਤਾ ਹੈ ਕਿ ਡਰਾਈਵਰ ਬੜੇ ਐਕਸਪਰਟ ਰਖ ਰਹੇ ਹਾਂ ਅਤੇ ਪੁਰਾਣਿਆਂ ਨੂੰ ਬੁਲਾ ਰਹੇ ਹਾਂ। ਮੇਰੀ ਇਨਫਰਮੇਸ਼ਨ ਤਾਂ ਇਹ ਹੈ ਕਿ ਪਿਛਲੇ ਸਮੇਂ ਵਿਚ ਟਰੈਕਟਰ ਚਲਾਉਣ ਵਾਲੇ ਵੀ ਰੱਖੇ ਗਏ ਹਨ। ਇਹ ਤਾਂ ਸਾਰੇ ਢਾਂਚੇ ਦਾ ਕਸੂਰ ਹੈ। ਇਨ੍ਹਾਂ ਦਾ ਇੱਕਲਿਆਂ ਦਾ ਕੋਈ ਕਸੂਰ ਨਹੀਂ। ਪਿਛੇ ਜਦੋਂ ਇਸ ਸਵਾਲ ਤੇ ਬਹਿਸ ਹੋਈ ਸੀ ਤਾਂ ਉਸ ਦੇ ਵਿਚ ਇਹ ਚੀਜ਼ ਨਿਕਲੀ ਸੀ ਕਿ ਐਕਸ ਪਰਟ ਡਰਾਈਵਰਜ਼ ਪੰਜ, ਸੱਤ ਇਕਠੇ ਕਰ ਲਓ, ਜਿਹੜੇ ਕਿ ਕਾਫੀ ਮਾਹਿਰ ਹੋਣ ਅਤੇ ਜਿਨ੍ਹਾਂ ਨੇ ਕਦੇ ਐਕਸੀਡੈਂਟ ਨਹੀਂ ਕੀਤਾ। ਉਨ੍ਹਾਂ ਨੂੰ ਪੁੱਛ ਲਓ ਕਿ ਵਰਕਸ਼ਾਪਸ ਵਿੱਚ ਕੀ ਨੁਕਸ ਹਨ ਅਤੇ ਐਡਮਨਿਸਟਰੇਸ਼ਨ ਵਿਚ ਕੀ ਨੁਕਸ ਹਨ। ਕੀ ਉਨ੍ਹਾਂ ਦੀ ਕਮੇਟੀ ਬਣਾ ਕੇ ਇਨ੍ਹਾਂ ਦੁਖਦਾਈ ਘਟਨਾਵਾਂ ਨੂੰ ਰੋਕਣ ਲਈ ਸਰਕਾਰ ਉਪਰਾਲਾ ਕਰੇਗੀ ?

**ਰਾਜ ਮੰਤਰੀ :** ਸਪੀਕਰ ਸਾਹਿਬ, ਆਟੋਮੋਬਾਈਲ ਇੰਜੀਨੀਅਰ, ਵਰਕਸ ਮੈਨੇਜਰਾਂ ਅਤੇ ਉਨ੍ਹਾਂ ਨੂੰ ਲੈ ਕੇ ਕਮੇਟੀ ਬਣਾਉਣ ਦਾ ਫੈਸਲਾ ਕੀਤਾ ਹੈ। ਜੋ ਵੀ ਹੁਣ ਤਕ ਸੁਜੈਸਟ ਕੀਤਾ ਹੈ, ਉਹੀ ਸਟੈਪਸ ਲਏ ਜਾ ਰਹੇ ਹਨ।

Original with;
Punjab Vidhan Sabha
Digitized by;
Panjab Digital Library

**ਸਰਦਾਰ ਕਿਰਪਾਲ ਸਿੰਘ :** ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਫਰਮਾਇਆ ਹੈ ਕਿ ਐਕਸੀ-ਡੈਂਟਾਂ ਦੇ ਕਈ ਕਾਰਨ ਹਨ। ਇਨ੍ਹਾਂ ਵਿਚੋਂ ਕਿਹੜਾ ਖਾਸ ਕਾਰਨ ਹੈ ਜਿਸ ਕਰਕੇ ਇਹ ਐਕਸੀਡੈਂਟ ਜ਼ਿਆਦਾ ਹੁੰਦੇ ਹਨ ? ਜੇ ਇਹ ਡਰਾਈਵਰਾਂ ਦੀ ਅਣਗਹਿਲੀ ਕਰਕੇ ਜਾਂ ਨਸ਼ਾ ਕਰਕੇ ਗੱਡੀ ਚਲਾ-ਉਣਾ ਹੈ ਤਾਂ ਕੀ ਕੋਈ ਰੇਫਰੈਸ਼ਰ ਕੋਰਸ ਸਾਲ ਵਿਚ ਇਕ ਵਾਰੀ ਕੁਝ ਦਿਨਾਂ ਲਈ ਖੋਲਣਗੇ ਤਾਂ ਕਿ ਇਹ ਰੂਲਜ਼ ਦੇ ਮੁਤਾਬਿਕ ਹੀ ਆਪਣਾ ਕੰਮ ਕਰਨ ?

**ਰਾਜ ਮੰਤਰੀ :** ਸਪੀਕਰ ਸਾਹਿਬ, ਇਹ ਇਸ ਲਈ ਨੋਟਿਸ ਦੇ ਦੇਣ, ਮੈਂ ਇਸ ਵੇਲੇ ਇਹ ਨਹੀਂ ਦੱਸ ਸਕਦਾ ਕਿ ਕਿਹੜੇ ਕਾਰਨ ਕਰ ਕੇ ਜ਼ਿਆਦਾ ਐਕਸੀ ਡੈਂਟ ਹੁੰਦੇ ਹਨ । ਬਾਕੀ ਮੋਹਾਲੀ ਵਿੱਚ ਉਨ੍ਹਾਂ ਦੇ ਲਈ ਰੇਫਰੈਸ਼ਰ ਕੋਰਸ ਸੈਂਕਸ਼ਨ ਹੋ ਗਿਆ ਹੈ। ਇਸ ਨੂੰ ਬਹੁਤ ਜਲਦੀ ਚਾਲੂ ਕਰ ਦਿਆਂਗੇ।

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੂੰ ਜੇ ਐਕਸੀਡੈਂਟਾਂ ਦੇ ਕਾਰਨ ਪੁੱਛਦੇ ਹਾਂ ਅਤੇ ਇਨ੍ਹਾਂ ਨੂੰ ਰੋਕਣ ਲਈ ਜਿਹੜੇ ਸਟੈਪਸ ਲੈ ਰਹੇ ਹਨ, ਉਨ੍ਹਾਂ ਬਾਰੇ ਪੁੱਛਦੇ ਹਾਂ ਤਾਂ ਇਹ ਜਵਾਬ ਆਉਂਦਾ ਹੈ ਕਿ ਡਰਾਈਵਰ ਨੂੰ ਕੱਢ ਦਿੱਤਾ ਹੈ। ਉਹ ਸ਼ਰਾਬ ਪੀਂਦਾ ਹੈ, ਇਸ ਲਈ ਉਸ ਨੂੰ ਕੱਢ ਦਿੱਤਾ ਹੈ। ਕੀ ਇਹ ਹਕੀਕਤ ਨਹੀਂ ਕਿ ਇਨ੍ਹਾਂ ਐਕਸੀਡੈਂਟਾਂ ਦਾ ਮੁੱਖ ਕਾਰਨ ਹੈ (1) ਬੱਸਾਂ ਦੇ ਅਸਲੀ ਪੁਰਜ਼ਿਆਂ ਦਾ ਬਲੈਕ ਮਾਰਕਿਟ ਵਿਚ ਵੇਚਿਆ ਜਾਣਾ, ਜਿਸ ਕਾਰਨ ਬਸਾਂ ਖਰਾਬ ਹੋ ਜਾਂਦੀਆਂ ਹਨ। (2) ਕਈ ਐਕਸੀ ਡੈਂਟਾਂ ਵਿਚ ਇਹ ਫਾਈਂਡਿੰਗ ਦਾ ਆਉਣਾ ਕਿ ਡਰਾਈਵਰਾਂ ਦੇ ਪ੍ਰੋਟੈਸਟ ਦੇ ਬਾਵਜੂਦ ਕਿ ਬੱਸਾਂ ਰੋਡ-ਵਰਦੀ ਨਹੀਂ ਮੈਨੇਜਰ ਉਨ੍ਹਾਂ ਬਸਾਂ ਨੂੰ ਘੱਲ ਦਿੰਦੇ ਹਨ ਕਿਉਂਕਿ ਉਨ੍ਹਾਂ ਕੋਲ ਹੋਰ ਬੱਸਾਂ ਹੀ ਨਹੀਂ ਹਨ। (3) ਸੜਕਾਂ ਦੀ ਬੁਰੀ ਹਾਲਤ ।

ਇਨ੍ਹਾਂ ਤਿੰਨਾਂ ਚੀਜ਼ਾਂ ਬਾਰੇ ਮਨਿਸਟਰ ਸਾਹਿਬ ਨੇ ਕੀ ਸਟੇਪਸ ਲਏ ਹਨ । ਐਕਸੀਡੈਂਟਾਂ ਦੇ ਮੁੱਖ ਕਾਰਨਾਂ ਨੂੰ ਰੋਕਣ ਦੀ ਬਜਾਏ ਡਰਾਈਵਰਾਂ ਦੇ ਮਗਰ ਹਰ ਵਾਰੀ ਡੰਡਾ ਲੈ ਕੇ ਇਹ ਚੜ੍ਹ ਜਾਂਦੇ ਹਨ।

**ਰਾਜ ਮੰਤਰੀ :** ਸਪੀਕਰ ਸਾਹਿਬ, ਜਦੋਂ ਵੀ ਬੱਸ ਕੋਈ ਵਰਕਸ਼ਾਪ ਵਿਚੋਂ ਨਿਕਲੇ, ਇਹ ਲਾਜ਼ਮੀ ਕਰ ਦਿੱਤਾ ਹੈ ਕਿ ਜਿੰਨਾ ਚਿਰ ਉਸ ਕੋਲ ਫਿਟਨੈਸ ਸਰਟੀਫਿਕੇਟ ਕਿਸੇ ਗਜ਼ਟਿਡ ਅਫ਼ਸਰ ਜਾਂ ਵਰਕਸ ਮੈਨੇਜਰ ਦਾ ਨਾ ਹੋਵੇ, ਉਹ ਬਾਹਰ ਨਹੀਂ ਜਾ ਸਕਦੀ ਹੈ। ਪਹਿਲਾਂ ਕੁਝ ਬੱਸਾਂ ਜ਼ਰੂਰ ਐਸੀਆਂ ਸਨ । ਲਕਿਨ ਹੁਣ ਅਸੀਂ ਐਸੀਆਂ ਬੱਸਾਂ ਸੜਕ ਤੇ ਆਉਣ ਹੀ ਨਹੀਂ ਦਿੰਦੇ ਜਿਹੜੀਆਂ ਕਿ ਰੋਡ-ਵਰਦੀ ਨਹੀਂ ਹੁੰਦੀਆਂ ।

**ਸਰਦਾਰ ਗੁਰਦਰਸ਼ਨ ਸਿੰਘ :** ਸਪੀਕਰ ਸਾਹਿਬ, ਇਹ ਸ਼ਿਕਾਇਤ ਆਉਂਦੀ ਹੈ ਕਿ ਬੱਸਾਂ ਦੇ ਅਸਲੀ ਪਾਰਟਸ ਪ੍ਰਾਈਵੇਟ ਅਦਾਰਿਆਂ ਨੂੰ ਵੇਚੇ ਜਾਂਦੇ ਹਨ । ਕੀ ਵਜ਼ੀਰ ਸਾਹਿਬ ਨੈਸ਼ਨੇਲਾਈਜ਼ੇਸ਼ਨ ਦੀ ਪਾਲਿਸੀ ਦੇ ਆਧਾਰ ਤੇ ਸਾਰੇ ਰੂਟ ਬੱਸਾਂ ਦੇ ਨੇਸ਼ਨੇਲਾਈਜ਼ ਕਰਨ ਨੂੰ ਤਿਆਰ ਹਨ ?

**ਸ੍ਰੀ ਸਪੀਕਰ :** ਇਸ ਦਾ ਸਵਾਲ ਨਾਲ ਤਾਂ ਕੋਈ ਸਬੰਧ ਨਹੀਂ ਹੈ।

**श्री ग्र. विश्वनाथन :** क्या मिनिस्टर साहिब Table of the House पर एक एसी detailed statement रखने के लिए तैयार है जिसमें रोड़वेज़ की माईलेज़ फलीट ग्रौर एक्सीडैंट्स का नम्बर हो ग्रौर इसी तरह प्राईवेट ग्रोप्रेटरज़ की फलीट टोटल माइलेज ग्रौर एक्सीडैंट्स का नम्बर हो ? मुझे मालूम है कि बठिंडा की District Grievances Committee की मीटिंग में यह सवाल ग्राया था कि 113 बसों में से 93 बसें ठीक नहीं हैं ।

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਹਾਊਸ ਦੇ ਗਿਆਤ ਲਈ ਇਹ ਦੱਸਣਾ ਚਾਹੁੰਦਾ ਹਾਂ ਕਿ ਸਟੇਟ ਟਰਾਂਸਪੋਰਟ ਅੰਡਰਟੇਕਿੰਗ ਨੇ ਤਾਂ ਪਹਿਲਾਂ ਹੀ ਨਾਰਮ ਫਿਕਸ ਕੀਤੀ ਹੈ ਕਿ ਇਕ ਲੱਖ ਕਿਲੋਮੀਟਰ ਪਿਛੇ ਇਕ ਐਕਸੀਡੈਂਟ ਦੀ ਐਵਰੇਜ ਹੈ। ਲੇਕਿਨ ਸਾਡੇ ਇਹ 22 ਫੀ ਸਦੀ ਹੈ ਅਤੇ ਇਸ ਤੋਂ ਨਹੀਂ ਵੱਧਿਆ। ਫਿਰ ਵੀ ਅਸੀਂ ਮਹਿਸੂਸ ਕਰਦੇ ਹਾਂ ਕਿ ਇਹ ਐਕਸੀਡੈਂਟਸ ਵੀ ਜ਼ਿਆਦਾ ਹਨ। ਬਾਕੀ ਜਿਹੜੀ ਇਨਫਰਮੇਸ਼ਨ ਇਨ੍ਹਾਂ ਨੇ ਮੰਗੀ ਹੈ ਜੇ ਇਹ ਮੁਨਾਸਿਬ ਸਮਝਣ ਤਾਂ ਅਗਲੇ ਸੈਸ਼ਨ ਵਿਚ ਹਾਊਸ ਦੀ ਟੇਬਲ ਤੇ ਰੱਖ ਦਿਆਂਗੇ। ਦੋ ਦਿਨਾਂ ਵਿਚ ਪ੍ਰਾਈਵੇਟ ਓਪਰੇਟਰਜ਼ ਤੋਂ ਵੀ ਇਹ ਇਨਫਰਮੇਸ਼ਨ ਨਹੀਂ ਅਸੀ ਲੈ ਸਕਦੇ।

**ਕਾਮਰੇਡ ਸੰਪੂਰਣ ਸਿੰਘ ਧੌਲਾ** : ਸਪੀਕਰ ਸਾਹਿਬ, ਪੰਜਾਬ ਅਤੇ ਪੈਪਸੂ ਰੋਡਵੇਜ਼ ਦੀਆਂ ਬੱਸਾਂ ਵਿੱਚ ਇਹ ਲਿਖਿਆ ਹੁੰਦਾ ਹੈ ਕਿ ਸਵਾਰੀ ਆਪਣੇ ਸਮਾਨ ਦੀ ਆਪ ਜ਼ਿਮੇਵਾਰ ਹੈ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਇਸ ਦੇ ਨਾਲ ਇਹ ਵੀ ਲਿਖਵਾ ਦੇਣਗੇ ਕਿ ਸਵਾਰੀ ਆਪਣੀ ਜਾਨ ਅਤੇ ਮਾਲ ਦੀ ਆਪ ਜ਼ਿਮੇਵਾਰ ਹੈ ?

**ਰਾਜ ਮੰਤਰੀ** : ਸਪੀਕਰ ਸਾਹਿਬ ਪਹਿਲਾਂ ਅਗਰ ਕਿਸੇ ਐਕਸੀਡੈਂਟ ਵਿਚ ਕਿਸੀ ਦੀ ਡੈਥ ਹੋ ਜਾਂਦੀ ਸੀ ਤਾਂ ਰੂਲਜ਼ ਦੇ ਅੰਦਰ ਇਹੋ ਜਿਹੀ ਕੋਈ ਚੀਜ਼ ਨਹੀਂ ਸੀ ਕਿ ਉਨ੍ਹਾਂ ਨੂੰ ਕੁਝ ਦਿਤਾ ਜਾ ਸਕੇ। ਲੇਕਿਨ ਇਸ ਸਰਕਾਰ ਨੇ ਇਹ ਲਾਜ਼ਮੀ ਕਰ ਦਿੱਤਾ ਹੈ ਕਿ ਜਦੋਂ ਵੀ ਕਿਸੇ ਦੀ ਐਕਸੀਡੈਂਟ ਨਾਲ ਡੈਥ ਹੋ ਜਾਵੇ ਤਾਂ 2,000 ਰੁਪਿਆ ਐਕਸ-ਗਰੇਸ਼ੀਆ ਗਰਾਂਟ ਉਸ ਨੂੰ ਦਿਤੀ ਜਾਵੇਗੀ। ਪੈਸੈਂਜਰ ਇਨਸ਼ੋਰੈਂਸ ਦੀ ਸਕੀਮ ਗੌਰਮਿੰਟ ਦੇ ਅੰਡਰ ਕੰਸਿਡਰੇਸ਼ਨ ਹੈ। ਜਿਤਨੀ ਦੇਰ ਇਹ ਸਕੀਮ ਲਾਗੂ ਨਹੀਂ ਹੁੰਦੀ ਸਰਕਾਰ ਦੋ-ਹਜ਼ਾਰ-ਰੁਪਿਆ-ਐਕਸੀਡੈਂਟ-ਵਿਚ-ਮਰਨ-ਵਾਲੇ-ਦੇ-ਵਾਰਸਾਂ-ਨੂੰ-ਦੇਵੇਗੀ।

**ਚੌਧਰੀ ਸੁੰਦਰ ਸਿੰਘ** : ਸਪੀਕਰ ਸਾਹਿਬ, ਲਾਲ ਬਹਾਦਰ ਸ਼ਾਸਤਰੀ ਰੇਲਵੇ ਮਨਿਸਟਰ ਹੁੰਦਾ ਸੀ। ਜਦੋਂ ਇਕ ਰੇਲਵੇ ਐਕਸੀਡੈਂਟ ਹੋਇਆ ਸੀ ਤਾਂ ਉਸ ਨੇ ਰਿਜ਼ਾਈਨ ਕਰ ਦਿੱਤਾ ਸੀ। ਪੰਜਾਬ ਰੋਡਵੇਜ਼ ਦੀ ਬੜੀ ਬੁਰੀ ਹਾਲਤ ਹੈ। ਰੋਜ਼ ਇਨ੍ਹਾਂ ਦੇ ਜਿਤਨੇ ਐਕਸੀਡੈਂਟ ਹੁੰਦੇ ਹਨ ਹੋਰ ਕਿਸੇ ਦੇ ਨਹੀਂ ਹੁੰਦੇ। ਮੈਂ ਤੁਹਾਡੇ ਰਾਹੀਂ ਬਾਦਲ ਸਾਹਿਬ ਨੂੰ ਕਹਾਂਗਾ ਕਿ ਇਸ ਮਨਿਸਟਰ ਕੋਲੋਂ ਇਹ ਮਹਿਕਮਾ ਖੋਹ ਲੈਣ ਨਹੀਂ ਤਾਂ ਇਹ ਸਾਰਿਆਂ ਨੂੰ ਮਰਵਾ ਦੇਵੇਗਾ।

**ਸ਼੍ਰੀ ਸਪੀਕਰ** : ਇਹ ਕੋਈ ਸਪਲੀਮੈਂਟਰੀ ਨਹੀਂ ਹੈ।

**ਸਰਦਾਰ ਪ੍ਰਕਾਸ਼ ਸਿੰਘ ਮਜੀਠਾ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਇਕ ਐਡਵਾਇਜ਼ਰੀ ਕਮੇਟੀ ਬਣਾਈ ਹੋਈ ਹੈ। ਉਸ ਦੀ ਇਕ ਅੱਧੀ ਮੀਟਿੰਗ ਹੋਈ ਹੈ। ਇਸ ਮਹਿਕਮੇਂ ਦੀ ਅੱਜ ਤੋਂ ਨਹੀਂ ਪਹਿਲਾਂ ਤੋਂ ਹੀ ਬੁਰੀ ਹਾਲਤ ਤੁਰੀ ਆਉਂਦੀ ਹੈ ਜਦੋਂ ਇਹ ਮਹਿਕਮਾ ਮੇਰੇ ਕੋਲ ਸੀ ਤਾਂ ਮੈਂ ਇਸ ਮਹਿਕਮੇਂ ਦਾ ਸੁਧਾਰ ਕਰਨ ਲਈ ਇਹ ਤਜਵੀਜ਼ ਕੀਤੀ ਸੀ ਕਿ ਇਨ੍ਹਾਂ ਮੈਨੇਜਰਾਂ ਦੀ ਥਾਂ ਤੇ ਪੀ.ਸੀ.ਐਸ. ਅਫ਼ਸਰ ਲਾ ਦਿਤੇ ਜਾਣ। ਕੀ ਮਨਿਸਟਰ ਸਾਹਿਬ ਐਡਵਾਇਜ਼ਰੀ ਕਮੇਟੀ ਦੀ ਮੀਟਿੰਗ ਇਕ ਦੋ ਦਿਨ ਲਗਾਤਾਰ ਕਰ ਕੇ ਸਾਰੇ ਮੈਂਬਰ ਸਾਹਿਬਾਨਾਂ ਕੋਲੋਂ ਤਜਵੀਜ਼ਾਂ ਲੈ ਕੇ ਇਸ ਮਹਿਕਮੇਂ ਵਿਚ ਸੁਧਾਰ ਲਿਆਉਣ ਵਾਸਤੇ ਉਪਰਾਲਾ ਕਰਨਗੇ ? ਇਹ ਤਾਂ ਟਰਾਂਸਪੋਰਟ ਦੇ ਮਹਿਕਮੇਂ ਦੇ ਅਫ਼ਸਰਾਂ ਨੂੰ ਡਿਫੈਂਡ ਕਰੀ ਜਾਂਦੇ ਹਨ। ਪਹਿਲਾਂ ਵੀ ਇਹੀ ਹੁੰਦਾ ਸੀ। ਕੀ ਇਹ ਉਨ੍ਹਾਂ ਅਫਸਰਾਂ ਦੀ ਇਨਕੁਆਇਰੀ ਕਰਾਉਣਗੇ ਜਿਨ੍ਹਾਂ ਦੀ ਗਲਤੀ ਕਾਰਨ ਇਹ ਐਕਸੀਡੈਂਟ ਹੋਏ ਹਨ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ** : ਮੈਂ ਇਸ ਚੀਜ਼ ਨੂੰ ਡਿਫੈਂਡ ਨਹੀਂ ਕਰਦਾ। ਅਸੀਂ ਰੂਲਜ਼ ਫਰੇਮ ਕਰ ਰਹੇ ਹਾਂ। ਜਿਹੜੇ ਨਾਲਾਇਕ ਅਤੇ ਮਾੜੇ ਅਫਸਰ ਹਨ ਉਨ੍ਹਾਂ ਨੂੰ ਨੌਕਰੀ ਵਿਚੋਂ ਕੱਢ ਕੇ ਕੰਪੀਟੈਂਟ ਬੰਦੇ ਡਾਇਰੈਕਟ ਰਿਕਰੂਟਮੈਂਟ ਰਾਹੀਂ ਭਰਤੀ ਕਰਾਂਗੇ।

**ਸਰਦਾਰ ਰਣਜੀਤ ਸਿੰਘ** : ਸਪੀਕਰ ਸਾਹਿਬ, ਬੱਸਾਂ ਦੀ ਹਾਲਤ ਬਹੁਤ ਮਾੜੀ ਹੈ। ਬੱਸਾਂ ਦੀਆਂ ਸੀਟਾਂ ਤਾਂ 52 ਹੁੰਦੀਆਂ ਹਨ ਪਰ ਉਸ ਵਿਚ ਕਈ ਵਾਰੀ 200 ਤੋਂ ਵੀ ਵੱਧ ਆਦਮੀ ਚੜ੍ਹੇ ਹੁੰਦੇ ਹਨ। ਇਸ ਕਾਰਨ ਵੀ ਕਈ ਵਾਰੀ ਬੱਸਾਂ ਦੇ ਟਾਇਰ ਬਰਸਟ ਹੋ ਜਾਂਦੇ ਹਨ। ਹੋਰ ਕਈ ਐਸੀਆਂ ਕਮਜ਼ੋਰ ਚੀਜ਼ਾਂ ਬੱਸਾਂ ਵਿਚ ਹੁੰਦੀਆਂ ਹਨ ਜਿਹੜੀਆਂ ਕਿ ਓਵਰ-ਲੋਡਿੰਗ ਕਾਰਨ ਟੁੱਟ ਜਾਂਦੀਆਂ ਹਨ। ਕੀ ਮਨਿਸਟਰ ਸਾਹਿਬ ਬੱਸਾਂ ਵਿਚ ਓਵਰ-ਲੋਡਿੰਗ ਘਟਾਉਣ ਲਈ ਸਟੈਪਸ ਲੈਣਗੇ ਤਾਂ ਕਿ ਐਕਸੀਡੈਂਟ ਇਸ ਕਾਰਨ ਨਾ ਹੋਣ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਸ ਸਵਾਲ ਨਾਲ ਤਾਂ ਇਸ ਸਪਲੀਮੈਂਟਰੀ ਦਾ ਕੋਈ ਸਬੰਧ ਨਹੀਂ ਹੈ। ਇਸੇ ਸੈਸ਼ਨ ਵਿੱਚ ਅਸੀਂ ਮੋਟਰਵਹੀਕਲ ਐਕਟ ਵਿਚ ਅਮੈਂਡਮੈਂਟ ਲਿਆ ਰਹੇ ਹਾਂ।

**ਸਰਦਾਰ ਸਰੂਪ ਸਿੰਘ** : ਸਪੀਕਰ ਸਾਹਿਬ, ਡਰਾਈਵਰਾਂ ਦੀ ਵੀ ਗੱਲ ਹੋ ਗਈ। ਮਾੜੇ ਪੁਰ-ਜ਼ਿਆਂ ਦੀ ਵੀ ਗੱਲ ਹੋ ਗਈ ਪਰ ਜਿਹੜੇ ਟਾਇਰ ਹਨ ਉਨ੍ਹਾਂ ਦੇ ਬਾਰੇ ਮੈਂ ਵਜ਼ੀਰ ਸਾਹਿਬ ਤੋਂ ਸਵਾਲ ਪੁੱਛਦਾ ਹਾਂ। ਸਪੀਕਰ ਸਾਹਿਬ, ਜਿਹੜੇ ਟਾਇਰ ਬਸਾਂ ਦੇ ਹਨ ਉਹ ਮਾੜੇ ਟਾਇਰ ਪਾਏ ਜਾਂਦੇ ਹਨ। ਮੁਨਾਫਾ ਦਿਖਾਉਣ ਦੀ ਖਾਤਰ ਨਵੇਂ ਟਾਇਰ ਖਰੀਦੇ ਨਹੀਂ ਜਾਂਦੇ ਜਦੋਂ ਕਿ ਨਵੇਂ ਟਾਇਰ ਮਾਰਕਿਟ ਵਿਚ ਆਮ ਮਿਲਦੇ ਹਨ। ਕੀ ਵਜ਼ੀਰ ਸਾਹਿਬ ਉਨ੍ਹਾਂ ਕਰਮਚਾਰੀਆਂ ਤੇ ਐਕਸ਼ਨ ਲੈਣ ਨੂੰ ਤਿਆਰ ਹਨ ਜਿਹੜੇ ਕਿ ਬਸਾਂ ਵਿਚ ਮਾੜੇ ਟਾਇਰ ਪਾਉਂਦੇ ਹਨ, ਕਿਉਂਕਿ ਵੇਖਿਆ ਇਹ ਗਿਆ ਹੈ ਕਿ ਮਾੜੇ ਟਾਇਰਾਂ ਦੀ ਵਜ੍ਹਾ ਕਰ ਕੇ ਵੀ ਐਕਸੀਡੈਂਟ ਹੁੰਦੇ ਹਨ ?

**ਰਾਜ ਮੰਤਰੀ** : ਸਪੀਕਰ ਸਾਹਿਬ, ਅਸਲ ਗੱਲ ਇਹ ਹੈ ਕਿ ਜਿੱਥੇ ਵੀ ਰੀਟਰੀਡ ਟਾਇਰ ਪਾਏ ਹਨ ਉਨ੍ਹਾਂ ਨੇ ਖਰਚਾ ਘੱਟ ਕਰਵਾਇਆ ਹੈ ਨਵੇਂ ਟਾਇਰਾਂ ਦੀ ਬਨਿਸਬਤ ਔਰ ਚਲਦੇ ਵੀ ਚੰਗੇ ਹਨ, ਕੋਈ ਐਸੀ ਗੱਲ ਨਹੀਂ ਹੈ। ਫਿਰ ਵੀ ਅਸੀਂ ਐਗਜ਼ਾਮਿਨ ਕਰ ਲਵਾਂਗੇ, ਜੇਕਰ ਨਵੇਂ ਟਾਇਰ ਨਾਲ ਐਕਸੀਡੈਂਟ ਘੱਟ ਹੁੰਦੇ ਹੋਏ ਤਾਂ ਉਹ ਵਰਤਾਂਗੇ ਔਰ ਜੇਕਰ ਰੀਟਰੀਡ ਕੀਤੇ ਹੋਏ ਟਾਇਰਾਂ ਨਾਲ ਘੱਟ ਹੁੰਦੇ ਹੋਏ ਤਾਂ ਉਹ ਵਰਤਾਂਗੇ।

---

**Mr. Speaker** : Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### Purchase of Aircraft for V. I. Ps. Like Ministers/Senior Officers

***530. 1. Comrade Sarwan Singh**
**2. Comrade Satya Pal Dang** : Will the Minister of State for Transport, Tourism and Sports be pleased to state whether the Government have under consideration any proposal for the purchase of a V. I. P.

Original with;
Punjab Vidhan Sabha
Digitized by;
Panjab Digital Library

[ Comrade Sarwan Singh ]

Aircraft for the use of Ministers and senior officers, if so, the details thereof and the total expenditure likely to be incurred thereon ?

ਸਰਦਾਰ ਸੁਖਦੇਵ ਸਿੰਘ ਢੀਂਡਸਾ : ਹਾਂ ਜੀ, ਵੀ. ਆਈ. ਪੀ. ਹਵਾਈ ਜਹਾਜ਼ ਖਰੀਦਣ ਬਾਰੇ ਮਾਮਲਾ ਵਿਚਾਰ ਅਧੀਨ ਹੈ । ਹਵਾਈ ਜਹਾਜ਼ ਦੀ ਚੋਣ ਬਾਰੇ ਹੋਲੀ ਕੋਈ ਫੈਸਲਾ ਨਹੀਂ ਕੀਤਾ ਗਿਆ ਜੀ ।

---

**Improvement in the Cow Breed by Cross Breeding**

*739. **Haji Anwar Ahmed Khan** : Will the Minister of State for Animal Husbandry be pleased to state:—

(a) the achievements made and expenditure incurred, year-wise, during the period from 1975-76 to August, 1978 under the Scheme for improving the cow breed by cross breeding the country cows with the improved brown swiss bulls through artificial insemination in the State ;

(b) the year-wise target fixed during the period referred to in part (a) above and if the said target was not achieved the reasons therefor ?

ਸਰਦਾਰ ਦਲੀਪ ਸਿੰਘ ਤਲਵੰਡੀ : ਪਰਾਪਤੀਆਂ ਤੇ ਖਰਚ ਇਸ ਪਰਕਾਰ ਹਨ :—

| ਸਾਲ | ਪ੍ਰਾਪਤੀਆਂ (ਗਾਈਆਂ ਦੀ ਗਿਣਤੀ ਜਿਨ੍ਹਾਂ ਨੂੰ ਮਸਨੂਈ ਗਰਭਦਾਨ ਦੇ ਟੀਕੇ ਲਾਏ ਗਏ ) | ਖਰਚ (ਲਖਾਂ ਰੁਪਿਆਂ ਵਿਚ) ਪੰਜਾਬ ਸਰਕਾਰ ਦਾ ਖਰਚ | ਸਵਿਸ ਸਰਕਾਰ ਦਾ ਖਰਚ |
|---|---|---|---|
| 1 | 2 | 3 | 4 |
| 1975-76 | 39,664 | 25.53 | 9.29 |
| 1976-77 | 45,355 | 24.39 | 13.15 |
| 1977-78 | 50,877 | 26.43 | 14.06 |
| 1978-79 (31—7—78 ਤਕ) | 25,017 | 9.98 | 8.80 |

Original with;
Punjab Vidhan Sabha
Digitized by;
Panjab Digital Library

(ਅ) ਸਾਲ ਬਾਰੇ ਟੀਚੇ ਇਸ ਪਰਕਾਰ ਹਨ :—

| ਸਾਲ | | ਟੀਚੇ |
|---|---|---|
| 1975-76 | .. | 45,000 |
| 1976-77 | .. | 50,000 |
| 1977-78 | .. | 70,000 |
| 1978-79 (31—7—78 ਤਕ) | .. | 23,000 |

ਇਹ ਟੀਚੇ ਇਨ੍ਹਾਂ ਕਾਰਨਾਂ ਕਰ ਕੇ ਪੂਰੇ ਨਹੀਂ ਕੀਤੇ ਜਾ ਸਕੇ :—

1. ਆਮ ਪਬਲਿਕ ਮਸਨੂਈ ਗਰਭਦਾਨ ਤੋਂ ਪੱਖ ਪਾਤੀ ਹੈ।

2. ਪਸ਼ੂ ਪਾਲਕਾਂ ਨੂੰ ਗਰਭ ਬਾਰੇ ਹੀਟ ਸਾਈਕਲ ਤੋਂ ਨਾ ਚੰਗੀ ਤਰਾਂ ਜਾਣੂ ਹੋਣ ਬਾਰੇ ਲਾ-ਇਲਮੀ ।

3. ਗਾਈਆਂ ਨੂੰ ਮਸਨੂਈ ਗਰਭ ਕਰਵਾਉਣ ਬਾਰੇ ਸਬੰਧਤ ਸੈਂਟਰਾਂ ਨੂੰ ਲੈ ਜਾਣ ਲਈ ਕਾਨੂੰਨੀ ਪਾਬੰਦੀ ਦਾ ਨਾ ਹੋਣਾ।

---

### ਜਲੰਧਰ ਵਿਖੇ ਮਿਨੀ ਸਕੱਤਰੇਤ ਬਣਾਉਣਾ

*527. **ਸ੍ਰੀ ਰਮੇਸ਼ ਚੰਦਰ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਜ਼ਿਲ੍ਹੇ ਦੇ ਸਾਰੇ ਦਫ਼ਤਰਾਂ ਨੂੰ ਇਕ ਥਾਂ ਕਰਨ ਲਈ ਜਲੰਧਰ ਵਿਖੇ ਇਕ ਮਿਨੀ ਸਕੱਤਰੇਤ ਬਣਾਉਣ ਲਈ ਕੋਈ ਤਜ-ਵੀਜ਼ ਹੈ ? ਜੇਕਰ ਅਜਿਹਾ ਹੋਵੇ ਤਾਂ ਇਸ ਸਬੰਧੀ ਹੁਣ ਤਕ ਕੀ ਕਾਰਵਾਈ ਕੀਤੀ ਗਈ ?

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ (ਮਾਲ ਤੇ ਪੁਨਰਵਾਸ ਮੰਤਰੀ) :** ਹਾਂ ਜੀ ;

ਲਾਡੋ ਵਾਲੀ ਸੜਕ, ਜਲੰਧਰ ਵਿਖੇ 13.10 ਏਕੜ ਭੂਮੀਂ ਦਾ ਪਲਾਟ ਜ਼ਿਲ੍ਹਾ ਹੈਡਕੁਆਟਰ ਦੇ ਸਾਰੇ ਦਫ਼ਤਰਾਂ ਨੂੰ ਇਕ ਥਾਂ ਬਣਾਉਣ ਲਈ ਚੁਣਿਆ ਹੋਇਆ ਹੈ । ਇਸ ਖਾਲੀ ਪਈ ਥਾਂ ਤੇ ਮਿਨੀ ਸਕੱਤਰੇਤ ਦੀ ਪਹਿਲੀ ਫੇਜ਼ ਦੇ ਦਫ਼ਤਰਾਂ ਦੀ ਉਸਾਰੀ ਲਈ ਪਲੈਨ ਅਤੇ ਤਖਮੀਨੇ ਬਣਾਏ ਜਾ ਰਹੇ ਹਨ ।

---

Original with;
Punjab Vidhan Sabha
Digitized by;
Panjab Digital Library

## Cases Registered under Section 107/151 Cr. P. C. in the State

***667. Chaudhri Bal Ram Jakhar :** Will the Chief Minister be pleased to state :—

(a) the total number of cases registered by the police in the State under section 107/151 Cr. P. C. during the period from June, 1977 to June, 1978 ;

(b) the total number of cases registered by the Police in the state under section 107/151 Cr. P. C. during the year 1976-77 ;

(c) the total number of murders in the State during the period from June, 1977 to 31st July, 1978 and the total number of murders in the State during the year 1976-77 giving the number of victims among them who belonged to the Scheduled Castes ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** (ੳ) 31588 ।

(ਅ) 23474 ।

(ੲ) ਜੂਨ 1977 ਤੋਂ 31-7-78 ਦੇ ਸਮੇਂ ਦੇ ਦੌਰਾਨ ਰਾਜ ਵਿੱਚ ਕੁੱਲ 689 ਕਤਲ ਹੋਏ ਅਤੇ ਸਾਲ 1976-77 (1-4-76 ਤੋਂ 31-3-77) ਦੇ ਦੌਰਾਨ ਕੁੱਲ 537 ਕਤਲ ਹੋਏ । ਇਨ੍ਹਾਂ ਵਿਚੋਂ ਜੂਨ 1977 ਤੋਂ 31-7-78 ਤੱਕ 81 ਅਤੇ ਸਾਲ 1976-77 (1-4-76 ਤੋਂ 31-3-77) ਦੇ ਦੌਰਾਨ 52 ਹਰੀਜਨਾਂ ਨਾਲ ਸਬੰਧਤ ਵਿਅਕਤੀਆਂ ਦੇ ਕਤਲ ਹੋਏ ।

---

## Blocking of Traffic of Buses, Trucks and Other Vehicles on 10-8-1978 at Mukerian

***701. Doctor Kewal Krishan :** Will the Chief Minister be pleased to state:—

(a) whether it is a fact that on 10th August, 1978 usual traffic of buses, trucks and other vehicles remained blocked on National Highway (Jullundur-Pathankot Road) at Mukerian about one kilometer towards Jullundur and Pathankot both sides and also one kilometer on the Mukerian to Talwara Road towards Talwara from 1.40 PM to 7.15 P. M.;

(b) if the reply to part (a) be in affirmative ; the reasons for the said Traffic blocked and the action taken against the persons at fault ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** (ੳ) ਇਹ ਠੀਕ ਹੈ ਕਿ ਮਿਤੀ 10 ਅਗਸਤ, 1978 ਨੂੰ ਮੁਕੇਰੀਆਂ ਵਿਖੇ ਕਰੀਬ ਦਿਨ ਦੇ 2 ਵਜੇ ਤੋਂ ਮੁਕੇਰੀਆਂ ਤਲਵਾੜਾ ਰੋਡ ਤੇ 2 ਘੰਟੇ ਲਈ ਅਤੇ ਉਸ ਤੋਂ ਬਾਅਦ ਮੁਕੇਰੀਆਂ ਪਠਾਨਕੋਟ ਸੜਕ ਤੇ ਡੇੜ ਘੰਟੇ ਲਈ ਗੱਡੀਆਂ ਦੀ ਆਮ ਆਵਾਜਾਈ ਰੁਕੀ ਰਹੀ ।

Original with;
Punjab Vidhan Sabha
Digitized by;
Panjab Digital Library

(ਅ) ਇਕ ਬੱਸ ਪੰਜਾਬ ਰੋਡਵੇਜ਼ ਦੀ ਹੁਸ਼ਿਆਰਪੁਰ ਤੋਂ ਕਮਾਹੀ ਦੇਵੀ ਜਾਣ ਲਈ ਬੱਸ ਅੱਡਾ ਮੁਕੇਰੀਆਂ ਤੇ ਕਰੀਬ 2 ਵਜੇ ਪਹੁੰਚੀ। ਅੱਡਾ ਮੁਕੇਰੀਆਂ ਤੋਂ ਬਸ ਵਿਚ ਬਹਿਣ ਵਾਲੀਆਂ ਸਵਾਰੀਆਂ ਨੂੰ ਬੱਸ ਡਰਾਈਵਰ ਸ੍ਰੀ ਗੁਰਦਿਆਲ ਸਿੰਘ ਨੇ ਕਿਹਾ ਕਿ ਬੱਸ ਵਿਚ ਬੈਠਣ ਤੋਂ ਪਹਿਲਾਂ ਬੁਕਿੰਗ ਕਲਰਕ ਤੋਂ ਟਿਕਟਾਂ ਲੈ ਲਵੋ ਪਰ ਚਾਰ ਨੌਜਵਾਨ ਬਗੈਰ ਟਿਕਟ ਲਏ ਹੀ ਬੱਸ ਵਿੱਚ ਬੈਠ ਗਏ। ਜਦੋਂ ਡਰਾਈਵਰ ਨੇ ਦੁਬਾਰਾ ਟਿਕਟਾਂ ਲੈਣ ਲਈ ਕਿਹਾ ਤਾਂ ਇਨ੍ਹਾਂ ਨੌਜਵਾਨਾਂ ਨੇ ਡਰਾਈਵਰ ਨੂੰ ਗਾਲਾਂ ਕੱਢੀਆਂ ਅਤੇ ਬੁਰੀ ਤਰ੍ਹਾਂ ਕੁਟਾਈ ਕੀਤੀ। ਇਤਲਾਹ ਮਿਲਣ ਤੇ ਲੋਕਲ ਪੁਲਿਸ ਮੌਕੇ ਤੇ ਪੁਜੀ ਅਤੇ ਚਾਰੇ ਦੋਸ਼ੀਆਂ ਵਿਰੁੱਧ ਮੁਕਦਮਾ ਨੰ: 143/78 ਅ/ਧ 332/353/186 ਹ: ਦ: ਥਾਣਾ ਮੁਕੇਰੀਆਂ ਵਿਖੇ ਦਰਜ ਕੀਤਾ ਗਿਆ। ਇਸ ਮੁਕੱਦਮੇ ਵਿਚ ਚਾਰੇ ਦੋਸ਼ੀ ਗ੍ਰਿਫਤਾਰ ਕੀਤੇ ਜਾ ਚੁਕੇ ਹਨ। ਇਹ ਮੁਕੱਦਮਾ ਅਜੇ ਤਫਤੀਸ਼ ਅਧੀਨ ਹੈ।

---

**ਮੈਡੀਕਲ ਕਾਲਜ, ਅੰਮ੍ਰਿਤਸਰ, ਵਿਖੇ ਵੱਖ ਵੱਖ ਵਿਭਾਗਾਂ ਵਿਚ ਸੀਨੀਅਰ ਲੈਕਚਰਾਰਾਂ ਦੀਆਂ ਖਾਲੀ ਅਸਾਮੀਆਂ**

*549. **ਸ੍ਰੀ ਹਰਬੰਸ ਲਾਲ ਖੰਨਾ**: ਕੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਮੈਡੀਕਲ ਕਾਲਜ, ਅੰਮ੍ਰਿਤਸਰ ਦੇ ਵੱਖ ਵੱਖ ਵਿਭਾਗਾਂ ਵਿਚ ਇਸ ਵਕਤ ਸੀਨੀਅਰ ਲੈਕਚਰਾਰਾਂ ਦੀਆਂ ਕੁਲ ਕਿੰਨੀਆਂ ਆਸਾਮੀਆਂ ਖਾਲੀ ਪਈਆਂ ਹਨ;

(ਅ) ਉਕਤ ਆਸਾਮੀਆਂ ਕਿਸ ਤਰੀਕ ਤੋਂ ਖਾਲੀ ਪਈਆਂ ਹਨ ਅਤੇ ਇਸ ਦੇ ਕੀ ਕਾਰਨ ਹਨ?

**ਸਰਦਾਰ ਆਤਮਾ ਸਿੰਘ**: (ੳ) ਮੈਡੀਕਲ ਕਾਲਜ, ਅੰਮ੍ਰਿਤਸਰ, ਵਿਖੇ ਵੱਖ ਵੱਖ ਵਿਭਾਗਾਂ ਵਿਚ ਕੁਲ 13 ਆਸਾਮੀਆਂ ਸੀਨੀਅਰ ਲੈਕਚਰਾਰਾਂ ਦੀਆਂ ਖਾਲੀ ਪਈਆਂ ਹਨ।

(ਅ) ਸੂਚੀ ਨਾਲ ਨੱਥੀ ਹੈ।

**ਸੂਚੀ**

ਸੀਨੀਅਰ ਲੈਕਚਰਾਰਾਂ ਦੀਆਂ ਖਾਲੀ ਆਸਾਮੀਆਂ

| ਆਸਾਮੀ ਦਾ ਨਾਂ | ਖਾਲੀ ਆਸਾਮੀਆਂ | ਜਿਸ ਮਿਤੀ ਤੋਂ ਖਾਲੀ ਹਨ | ਗਿਣਤੀ | ਕਾਰਨ |
|---|---|---|---|---|
| ਸੀਨੀਅਰ ਲੈਕਚਰਾਰ, ਮੈਡੀਸਨ | 4 | 16 ਸਤੰਬਰ, 1972 ਤੋਂ | 1 | ਇਹ ਆਸਾਮੀਆਂ ਡਾਕਟਰਾਂ ਦੀ ਗੈਰਹਾਜ਼ਰੀ ਕਰਕੇ ਖਾਲੀ ਪਈਆਂ ਹਨ। ਡਾਕਟਰ ਵਿਦੇਸ਼ ਗਏ ਹਨ। |
| | | 16 ਸਤੰਬਰ, 1974 ਤੋਂ | 1 | |
| | | 28 ਅਕਤੂਬਰ, 1974 ਤੋਂ | 2 | |

Original with;
Punjab Vidhan Sabha
Digitized by;
Panjab Digital Library

[ਵਿਕਾਸ ਮੰਤਰੀ]

| ਆਸਾਮੀ ਦਾ ਨਾਂ | ਖਾਲੀ ਆਸਾਮੀਆਂ | ਜਿਸ ਮਿਤੀ ਤੋਂ ਖਾਲੀ ਹਨ | ਗਿਣਤੀ | ਕਾਰਨ |
|---|---|---|---|---|
| ਸੀਨੀਅਰ ਲੈਕਚਰਾਰ, ਸਰਜਰੀ | 5 | 30 ਜੂਨ, 1968 ਤੋਂ<br>24 ਫਰਵਰੀ, 1975 ਤੋਂ<br>11 ਜੁਲਾਈ, 1975 ਤੋਂ | 1<br>3<br>1 | ਡਾਕਟਰਾਂ ਦੀ ਗੈਰ-ਹਾਜ਼ਰੀ ਕਾਰਨ/ਤਰੱਕੀ-ਆਂ ਹੋ ਜਾਣ ਕਰਕੇ ਖਾਲੀ ਹਨ । |
| ਸੀਨੀਅਰ ਲੈਕਚਰਾਰ, ਪਲਾਸਟਿਕ ਸਰਜਰੀ | 3 | 1 ਅਪ੍ਰੈਲ, 1976 ਤੋਂ | | ਡਾਕਟਰ ਦੀ ਤਰੱਕੀ ਬਤੌਰ ਸਹਾਇਕ ਪਰੋਫੈਸਰ ਹੋ ਜਾਣ ਕਰਕੇ ਖਾਲੀ ਹੈ। ਲੋਕ ਸੇਵਾ ਕਮਿਸ਼ਨ ਵਲੋਂ ਵਿਗਿਆਪਨ ਕੀਤੀ ਗਈ ਪਰ ਕੋਈ ਯੋਗ ਉਮੀਦਵਾਰ ਨਹੀਂ ਮਿਲਿਆ । |
| ਸੀਨੀਅਰ ਲੈਕਚਰਾਰ, ਪੈਡਿਆਟ੍ਰਿਕਸ ਸਰਜਰੀ | 1 | 1 ਸਤੰਬਰ, 1974 ਤੋਂ | | ਨਵੀਂ ਰੱਚੀ ਗਈ ਸੀ । ਲੋਕ ਸੇਵਾ ਕਮਿਸ਼ਨ ਵਲੋਂ ਵਿਗਿਆਪਨ ਕੀਤੀ ਗਈ ਪਰ ਕੋਈ ਯੋਗ ਉਮੀਦਵਾਰ ਨਹੀਂ ਮਿਲਿਆ । |
| ਸੀਨੀਅਰ ਲੈਕਚਰਾਰ, ਅਬੈਸਟੇਟਰਿਕਸ ਅਤੇ ਗੈਨਾ-ਕਾਲੋਜੀ | 1 | 6 ਅਪ੍ਰੈਲ, 1976 ਤੋਂ | | ਨਵੀਂ ਰੱਚੀ ਗਈ ਹੈ । ਲੋਕ ਸੇਵਾ ਕਮਿਸ਼ਨ ਵਲੋਂ ਵਿਗਿਆਪਨ ਹੋ ਚੁਕੀ ਹੈ । |
| ਸੀਨੀਅਰ ਲੈਕਚਰਾਰ, ਫਰੈਂਸਕ ਮੈਡੀਸਨ | 1 | 6 ਅਪ੍ਰੈਲ, 1976 ਤੋਂ | | ਨਵੀਂ ਰੱਚੀ ਗਈ। ਪੀ. ਸੀ. ਐਮ. ਐਸ. 2 ਡਾਕਟਰਾਂ ਵਿਚ ਵਿਗਿ-ਆਪਨ ਕੀਤੀ ਗਈ ਪਰ ਕੋਈ ਉਮੀਦਵਾਰ ਨਹੀਂ ਮਿਲਿਆ । ਲੋਕ ਸੇਵਾ ਕਮਿਸ਼ਨ ਵਲੋਂ ਵੀ ਵਿਗਿਆਪਨ ਕਰਨ ਤੇ ਕੋਈ ਉਮੀਦ-ਵਾਰ ਨਹੀਂ ਮਿਲਿਆ। ਕਮਿਸ਼ਨ ਨੂੰ ਫਿਰ ਵਿ-ਗਿਆਪਨ ਕਰਨ ਲਈ ਲਿਖਿਆ ਜਾਵੇਗਾ । |

Original with;
Punjab Vidhan Sabha
Digitized by;
Panjab Digital Library

**Starred Questions No. *557, 817, 823, and 550**

(Extension has been asked for in respect of Starred Questions Nos. 557, 817, 823, and 550)

---

**Cases of Murders, Rapes, Robberies etc. etc. in the State**

*710. **Dr. Kewal Krishan :** Will the Chief Minister be pleased to state:—

(a) the number of cases of (a) murders (b) rape, (c) robberies, (d) snatching of ornaments from the women and girls (e) kidnapping, (f) eve-teasing (g) atrocities on scheduled castes and (h) thefts separately which occured in the State during 1st July, 1976 to 30th June 1977 and 1st July, 1977 to 31st July 1978 month-wise;

(b) the steps the Government has taken to stop the increase in the incidence of such crimes ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** (ੳ) ਇਸ ਸਵਾਲ ਦਾ ਜਵਾਬ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ।

(ਅ) ਖੋਜ ਕਰਨ ਦੇ ਅਤੇ ਰੋਕ ਕਾਰਵਾਈ ਦੇ ਤਰੀਕੇ ਵਿੱਚ ਸੁਧਾਰ ਕੀਤਾ ਗਿਆ ਹੈ । ਜਿਸ ਵਾਸਤੇ ਵਾਧੂ ਅਮਲਾ ਪ੍ਰਵਾਨ ਕੀਤਾ ਗਿਆ ਹੈ। ਰੋਕੂ ਕਾਰਵਾਈ ਵਧਾ ਦਿਤੀ ਗਈ ਹੈ ਅਤੇ ਕੇਸਾਂ ਦੀ ਤਫਤੀਸ਼ ਲਈ ਸਪੈਸ਼ਲ ਸਕਵੈਡ ਬਣਾਏ ਗਏ ਹਨ ਜੋ ਪੂਰੇ ਜੋਸ਼ ਨਾਲ ਕੰਮ ਕਰ ਰਹੇ ਹਨ ।

---

*For Starred Questions No. 557, 817, 823 and 550 and replies thereto, please see Appendix to this Debate.

Original with;
Punjab Vidhan Sabha
Digitized by;
Panjab Digital Library

[ ਮੁੱਖ ਮੰਤਰੀ ]

## ਸੂਚੀ

1 ਜਲਾਈ, 1976 ਤੋਂ 30 ਜੂਨ, 1977 ਅਤੇ 1 ਜੁਲਾਈ, 1977 ਤ 31 ਜੁਲਾਈ, 1978 ਤੱਕ (ਮਹੀਨਾਵਾਰ) ਕਤਲ, ਜ਼ਬਰ-ਜਨਾਹ,

| | 1 ਜੁਲਾਈ, 1976 ਤੋਂ 30 ਜੂਨ, 1977 | | | | | | | | |
|---|---|---|---|---|---|---|---|---|---|
| | ਜਲਾਈ, 1976 | ਅਗਸਤ, 1976 | ਸਤੰਬਰ, 1976 | ਅਕਤੂਬਰ, 1976 | ਨਵੰਬਰ, 1976 | ਦਸੰਬਰ, 1976 | ਜਨਵਰੀ, 1977 | ਫਰਵਰੀ, 1977 | ਮਾਰਚ, 1977 |
| (ੳ) ਕਤਲ .. | 50 | 52 | 55 | 45 | 36 | 37 | 40 | 31 | 50 |
| (ਅ) ਜ਼ਬਰ-ਜਨਾਹ .. | 8 | 8 | 10 | 4 | 7 | 9 | 5 | 3 | 3 |
| (ੲ) ਖੋਹ .. | 5 | 3 | 2 | 3 | 5 | 5 | 3 | 4 | 2 |
| (ਸ) ਔਰਤਾਂ ਅਤੇ ਲੜਕੀਆਂ ਦੇ ਗਹਿਣੇ ਖੋਹਣਾ .. | 6 | 2 | 1 | -- | 1 | 1 | 2 | 1 | 4 |
| (ਹ) ਉਧਾਲਾ .. | 34 | 29 | 18 | 26 | 18 | 19 | 25 | 22 | 21 |
| (ਕ) ਕੁੜੀਆਂ ਨਾਲ ਛੇੜਖਾਨੀ .. | 8 | 14 | 11 | 7 | 12 | 5 | 7 | 16 | 15 |
| (ਖ) ਅਨੁਸੂਚਿਤ ਜਾਤੀਆਂ ਤੇ ਅਤਿਆਚਾਰ .. | 1 | .. | 1 | .. | .. | 2 | .. | .. | .. |
| (ਗ) ਚੋਰੀਆਂ .. | 217 | 212 | 225 | 221 | 201 | 243 | 182 | 228 | 204 |

Original with;
Punjab Vidhan Sabha
Digitized by;
Panjab Digital Library

ਖੋਹ, ਔਰਤਾਂ ਅਤੇ ਲੜਕੀਆਂ ਤੋਂ ਗਹਿਣੇ ਖੋਹਣ, ਉਧਾਲਾ, ਕੁੜੀਆਂ ਨਾਲ ਛੇੜਖਾਨੀ, ਅਨੁਸੂਚਿਤ ਜਾਤੀਆਂ ਤੇ ਅਤਿਆਚਾਰ ਅਤੇ ਚੋਰੀਆਂ ਦੀ ਸੂਚੀ।

1 ਜੁਲਾਈ, 1977 ਤੋਂ 31 ਜੁਲਾਈ, 1978

| ਅਪਰੈਲ, 1977 | ਮਈ, 1977 | ਜੂਨ, 1977 | ਜੁਲਾਈ, 1977 | ਅਗਸਤ, 1977 | ਸਤੰਬਰ, 1977 | ਅਕਤੂਬਰ, 1977 | ਨਵੰਬਰ, 1977 | ਦਸੰਬਰ, 1977 | ਜਨਵਰੀ, 1978 | ਫਰਵਰੀ, 1978 | ਮਾਰਚ, 1978 | ਅਪਰੈਲ, 1978 | ਮਈ, 1978 | ਜੂਨ, 1978 | ਜੁਲਾਈ, 1978 |
|---|---|---|---|---|---|---|---|---|---|---|---|---|---|---|---|
| 52 | 55 | 60 | 53 | 69 | 58 | 56 | 48 | 43 | 30 | 32 | 53 | 38 | 49 | 48 | 52 |
| 5 | 9 | 4 | 9 | 15 | 19 | 11 | 3 | 7 | 9 | 7 | 9 | 5 | 7 | 8 | 8 |
| 11 | 7 | 2 | 4 | 6 | 7 | 4 | 5 | .. | 2 | 1 | 3 | 1 | .. | 3 | 3 |
| 3 | 2 | 4 | 5 | 8 | 6 | 4 | 4 | 2 | .. | .. | 2 | 5 | 2 | 4 | 3 |
| 26 | 26 | 22 | 51 | 38 | 32 | 21 | 19 | 21 | 35 | 22 | 28 | 19 | 21 | 30 | 39 |
| 15 | 9 | 9 | 7 | 25 | 10 | 6 | 6 | 3 | 5 | 11 | 12 | 10 | 10 | 3 | 18 |
| .. | .. | .. | .. | 1 | 4 | .. | .. | 5 | 4 | 3 | 1 | .. | .. | 1 | .. |
| 223 | 213 | 199 | 298 | 314 | 317 | 266 | 274 | 291 | 215 | 230 | 283 | 206 | 227 | 224 | 197 |

Original with;
Punjab Vidhan Sabha
Digitized by;
Panjab Digital Library

**Construction of Bundh on the Banks of Ghagar River Adjoining Borders of District Patiala**

***798. Comrade Baldev Singh Loomba :** Will the Chief Minister be pleased to state :—

(a) whether there is any proposal under the consideration of the Government to construct a Bundh on the Banks of river Ghagar adjoining the borders of Patiala district ;

(b) if the reply to part (a) above be in the affirmative, the details of the site over which the said bundh is likely to be constructed together with the time by which the construction work is likely to be started ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** (ੳ) ਹਾਂ ਜੀ।

(ਅ) ਇਸ ਬੰਧ ਨੂੰ, ਘੱਘਰ ਦਰਿਆ ਦੇ ਸੱਜੇ ਪਾਸੇ ਤੇ ਜਿਹੜੀ ਕਿ ਅੰਬਾਲਾ-ਰਾਜਪੁਰਾ ਰੇਲਵੇ ਲਾਈਨ ਨੂੰ ਕਰਾਸ ਕਰਕੇ ਨਰਵਾਨਾ ਬਰਾਂਚ ਤੱਕ ਜਾਂਦੀ ਹੈ, ਬਣਾਉਣ ਬਾਰੇ ਤਜਵੀਜ਼ ਕੀਤੀ ਗਈ ਹੈ ਅਤੇ ਇਸ ਦੀ ਉਸਾਰੀ ਫੰਡਜ਼ ਦੇ ਮਿਲਣ ਤੇ ਸਾਲ 1979-80 ਵਿਚ ਕੀਤੀ ਜਾਵੇਗੀ।

---

**Starred Question No. *818**

(Extension has been asked for in respect of Starred Question No. 818)

---

UNSTARRED QUESTIONS AND ANSWERS

**Permission to Boot Polishers to Work within the Premises of the Bus Stand, Amritsar.**

**204. Comrade Satya Pal Dang :** Will the Minister of State for Transport, Tourism and Sports be pleased to state :—

(a) the number of persons permitted to do boot polish work within the premises of the Punjab Roadways, Amritsar Bus Stand as on 1st July, 1977 ;

(b) whether the said number was increased subsequently; if so, to what extent ;

(c) the terms and conditions on which the persons referred to in part (a) above are allowed to work at the Bus Stand ;

(d) the criteria followed in fixing the number of persons allowed to do the said work at a Bus Stand ?

**ਸਰਦਾਰ ਸੁਖਦੇਵ ਸਿੰਘ ਢੀਂਡਸਾ :** (ੳ) 1 ਜੁਲਾਈ, 1977 ਤੱਕ ਅੰਮ੍ਰਿਤਸਰ ਬੱਸ ਸਟੈਂਡ ਤੇ 16 ਆਦਮੀਆਂ ਨੂੰ ਬੂਟ ਪਾਲਿਸ਼ ਕਰਨ ਦੀ ਮਨਜ਼ੂਰੀ ਦਿੱਤੀ ਗਈ।

(ਅ) ਹਾਂ ਜੀ। ਬੂਟ ਪਾਲਿਸ਼ ਕਰਨ ਵਾਲਿਆਂ ਦੀ ਗਿਣਤੀ 19 ਤੱਕ ਵਧਾਈ ਗਈ ਹੈ।

---

*For Starred Question No. 818 and reply thereto, please see Appendix to this Debate.

Original with;
Punjab Vidhan Sabha
Digitized by;
Panjab Digital Library

(ੲ) ਹਰ ਇਕ ਬੂਟ ਪਾਲਿਸ਼ ਕਰਨ ਵਾਲੇ ਤੋਂ ਇਕ ਰੁਪਿਆ 12 ਵਜੇ ਰਾਤ ਤੋਂ ਲੈ ਕੇ 12 ਵਜੇ ਰਾਤ ਤੱਕ ਲਿਆ ਜਾਂਦਾ ਹੈ।

(ਸ) ਅਜਿਹੇ ਕੰਮ ਕਰਨ ਵਾਲੇ ਵਿਅਕਤੀਆਂ ਦੀ ਗਿਣਤੀ ਬੱਸ ਅੱਡੇ ਵਿਚ ਬੱਸਾਂ ਦੀ ਆਵਾਜਾਈ ਦੀ ਗਿਣਤੀ ਅਤੇ ਅੱਡੇ ਵਿਚ ਲੋੜੀਂਦੀ ਥਾਂ ਹੋਣ ਦੇ ਅਧਾਰ ਤੇ ਨਿਸ਼ਚਿਤ ਕੀਤੀ ਜਾਂਦੀ ਹੈ।

## Transfer of Land by the Improvement Trust, Amritsar

**205. Comrade Satya Pal Dang :** Will the Minister for Finance be pleased to state :—

(a) whether any land was transferred by the Improvement Trust, Amritsar to the Punjab Housing Development Board with the sanction of the Government during the year 1976-77 and/or 1977-78 ; if so, the reasons therefor ;

(b) whether it is a fact that originally the trust was to construct houses on the said land and that advances had been received from many applicants ; if so, the reasons for dropping the schemes and the number of persons affected ;

(c) whether the applications given by the persons referred to in part (b) above for housing have been transferred to and accepted by the said Board ;

(d) whether the Trust has obtained any assurance from the said Board about the persons referred to parts (b) and (c) above ; if so, the nature thereof ?

**ਸਰਦਾਰ ਬਲਵੰਤ ਸਿੰਘ:** (ੳ) ਇੰਪਰੂਵਮੈਂਟ ਟਰੱਸਟ, ਅੰਮ੍ਰਿਤਸਰ ਨੇ ਸਾਲ 1976-77 ਦੌਰਾਨ ਆਪਣੀ ਸਕੀਮ ਨੰ: 61 ਵਿੱਚੋਂ 28,850 ਵਰਗ ਗਜ਼ ਜ਼ਮੀਨ ਵੇਚੀ ਸੀ ਅਤੇ ਇਸ ਜ਼ਮੀਨ ਨੂੰ ਸਿਵਾਏ 1650 ਵਰਗ ਗਜ਼ ਦੇ, ਜੋ ਕਿ ਕੋਰਟ ਸਟੇਅ ਹੇਠ ਸੀ, ਪੰਜਾਬ ਹਾਊਸਿੰਗ ਡਿਵੈਲਪਮੈਂਟ ਬੋਰਡ ਨੂੰ ਟ੍ਰਾਂਸਫਰ ਕਰ ਦਿੱਤਾ ਸੀ। ਇਸ ਦੇ ਕੋਈ ਰਿਕਾਰਡ ਕੀਤੇ ਹੋਏ ਕਾਰਨ ਨਹੀਂ ਹਨ ਪਰੰਤੂ ਇੰਜ ਲਗਦਾ ਹੈ ਕਿ ਇੰਮਪਰੂਵਮੈਂਟ ਟਰੱਸਟ ਅੰਮ੍ਰਿਤਸਰ ਨੇ ਇਸ ਸਕੀਮ ਨੂੰ ਛੱਡ ਦਿਤਾ ਸੀ।

(ਅ) ਹਾਂ, ਮੂਲ ਤੌਰ ਤੇ ਇਸ ਜ਼ਮੀਨ ਤੇ ਇੰਮਪਰੂਵਮੈਂਟ ਟਰੱਸਟ ਦੀ ਘੱਟ ਆਮਦਨੀ ਅਤੇ ਜਨਤਾ ਗਰੁੱਪ ਹਾਊਸਿੰਗ ਸਕੀਮਾਂ ਹੇਠ ਘਰ ਬਣਾਉਣ ਦੀ ਇਕ ਸਕੀਮ ਸੀ ਅਤੇ ਸਾਲ 1972 ਵਿਚ ਨਿਰਧਾਰਿਤ ਪ੍ਰੋਫਾਰਮੇ ਤੇ ਲੋੜੀਂਦੀ ਅਰਨੈਸਟ ਮਨੀ ਸਮੇਤ ਅਰਜ਼ੀਆਂ ਮੰਗੀਆਂ ਗਈਆਂ ਸਨ। ਟਰੱਸਟ ਨੇ ਕੇਵਲ 2 ਘਰ ਘੱਟ ਆਮਦਨੀ ਗਰੁੱਪ ਸਕੀਮ ਅਤੇ 94 ਘਰ ਜਨਤਾ ਗਰੁੱਪ ਹਾਊਸਿੰਗ ਸਕੀਮ ਹੇਠ ਬਣਾਏ ਅਤੇ ਇਸ ਸਕੀਮ ਨੂੰ ਛੱਡ ਦਿਤਾ ਸੀ। ਬਣਾਏ ਗਏ ਘਰ ਲਾਟਰੀ ਰਾਹੀਂ ਅਲਾਟ ਕੀਤੇ ਗਏ ਸਨ ਅਤੇ ਬਾਕੀ ਦੀਆਂ ਅਰਜ਼ੀਆਂ ਪੈਂਡਿੰਗ ਪਈਆਂ ਰਹੀਆਂ। ਸਕੀਮ ਨੂੰ ਛੱਡਣ ਦੇ ਕੋਈ ਰਿਕਾਰਡ ਕੀਤੇ ਕਾਰਨ ਨਹੀਂ ਹਨ। ਪਰੰਤੂ ਇੰਜ ਜਾਪਦਾ ਹੈ ਕਿ ਟਰੱਸਟ ਇਸ ਪ੍ਰਾਜੈਕਟ ਜੋ ਕਿ ਹੁਡਕੋ ਪ੍ਰਾਜੈਕਟ ਸੀ, ਨੂੰ ਪੂਰਾ ਨਹੀਂ ਕਰਨਾ ਚਾਹੁੰਦਾ ਸੀ। ਅਫੈਕਟਿਡ ਵਿਅਕਤੀਆਂ ਦੀ ਗਿਣਤੀ 127 ਸੀ, ਜਿਨ੍ਹਾਂ ਵਿਚ 50 ਵਿਅਕਤੀ ਜਨਤਾ ਗਰੁੱਪ ਹਾਊਸਿੰਗ ਸਕੀਮ ਹੇਠ ਅਤੇ 77 ਵਿਅਕਤੀ ਘੱਟ ਆਮਦਨੀ ਗਰੁੱਪ ਹਾਊਸਿੰਗ ਸਕੀਮ ਹੇਠ ਸਨ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

(ੲ) ਇਮਪਰੂਵਮੈਂਟ ਟਰੱਸਟ, ਅੰਮ੍ਰਿਤਸਰ ਨੇ ਉਕਤ ਭਾਗ (ੳ) ਵਿਚ ਦੱਸੇ ਵਿਅਕਤੀਆਂ ਵਲੋਂ ਮਕਾਨਾਂ ਲਈ ਦਿੱਤੀਆਂ ਅਰਜ਼ੀਆਂ ਉਕਤ ਬੋਰਡ ਨੂੰ ਮਿਤੀ 2 ਮਈ, 1978 ਨੂੰ ਟ੍ਰਾਂਸਫਰ ਕਰ ਦਿੱਤੀਆਂ ਹਨ ਅਤੇ ਅੱਗੇ ਇਸ ਬੋਰਡ ਨੇ ਸਾਰੇ ਅਫੈਕਟਿਡ ਵਿਅਕਤੀਆਂ ਪਾਸੋਂ ਨਿਰਧਾਰਤ ਪ੍ਰੋਫਾਰਮੇ ਤੇ ਮਿਤੀ 15 ਜੂਨ, 1978 ਤੱਕ ਅਰਜ਼ੀਆਂ ਮੰਗੀਆਂ ਸਨ।

(ਸ) ਬੇਸ਼ਕ ਟਰੱਸਟ ਨੇ ਉਕਤ ਭਾਗ (ਅ) ਅਤੇ (ੲ) ਵਿੱਚ ਦਿੱਤੇ ਵਿਅਕਤੀਆਂ ਬਾਰੇ ਹੁਣ ਤੱਕ ਕੋਈ ਵਿਸ਼ੇਸ਼ ਆਸ਼ਵਾਸਨ ਪ੍ਰਾਪਤ ਨਹੀਂ ਕੀਤਾ। ਫਿਰ ਵੀ ਹਾਊਸਿੰਗ ਬੋਰਡ ਨੇ ਟਰੱਸਟ ਨੂੰ ਆਪਣੇ ਪੱਤਰ ਮਿਤੀ 5 ਜੁਲਾਈ, 1978 ਰਾਹੀਂ ਦੱਸਿਆ ਹੈ ਕਿ ਉਨ੍ਹਾਂ ਵਲੋਂ 3 ਅਰਜ਼ੀਆਂ ਆਰਥਿਕ ਤੌਰ ਤੇ ਕਮਜ਼ੋਰ ਵਰਗ ਹੇਠ, 16 ਅਰਜ਼ੀਆਂ ਘੱਟ ਆਮਦਨੀ ਗਰੁੱਪ ਹੇਠ ਅਤੇ 14 ਅਰਜ਼ੀਆਂ ਮਿਡਲ ਇਨਕਮ ਗਰੁੱਪ ਸਕੀਮਾਂ ਹੇਠ ਪ੍ਰਾਪਤ ਕੀਤੀਆਂ ਗਈਆਂ ਹਨ ਅਤੇ ਉਨ੍ਹਾਂ ਦੀ ਅਰਨੈਸਟ ਮਨੀ ਤਬਦੀਲ ਕਰਨ ਲਈ ਬੇਨਤੀ ਕੀਤੀ ਗਈ ਹੈ। ਫੇਰ ਮਿਤੀ 4 ਅਗਸਤ, 1978 ਨੂੰ ਹਾਊਸਿੰਗ ਬੋਰਡ ਨੇ ਘੱਟ ਆਮਦਨੀ ਗਰੁੱਪ ਹਾਊਸਿੰਗ ਸਕੀਮ ਹੇਠ 3 ਹੋਰ ਵਿਅਕਤੀਆਂ ਦੇ ਨਾਂ ਦੱਸੇ ਹਨ ਜਿਨ੍ਹਾਂ ਦੀ ਕਿ ਅਰਨੈਸਟ ਮਨੀ ਟਰੱਸਟ ਵੱਲੋਂ ਹਾਊਸਿੰਗ ਬੋਰਡ ਨੂੰ ਤਬਦੀਲ ਕਰਨੀ ਲੋੜੀਂਦੀ ਹੈ। ਟਰੱਸਟ ਨੇ ਆਪਣੇ ਮਤਾ ਨੰ: 384, ਮਿਤੀ 22 ਦਸੰਬਰ, 1976 ਅਤੇ ਮਤਾ ਨੰ: 166, ਮਿਤੀ 14 ਜੁਲਾਈ, 1978 ਰਾਹੀਂ ਅਰਨੈਸਟ ਮਨੀ ਦੀ ਰਕਮ ਨੂੰ ਹਾਊਸਿੰਗ ਬੋਰਡ ਵੱਲੋਂ ਉਨ੍ਹਾਂ ਨੂੰ ਵੇਚੀ ਜ਼ਮੀਨ ਦੇ ਸਿਲਸਿਲੇ ਵਿਚ ਅਦਾਇਗੀਯੋਗ ਰਕਮ ਵਿਰੁੱਧ ਐਡਜਸਟਮੈਂਟ ਦੁਆਰਾ ਤਬਦੀਲ ਕਰਨ ਦਾ ਫੈਸਲਾ ਕੀਤਾ ਹੈ। ਐਡਜਸਟਮੈਂਟ ਕਰਨ ਉਪਰੰਤ ਬਿਲ ਭੇਜਣ ਲਈ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਵਿਅੱਕਤੀਆਂ ਦੇ ਸਿਲਸਿਲੇ ਵਿਚ ਜਿਨ੍ਹਾਂ ਦੀ ਕਿ ਅਰਨੈਸਟ ਮਨੀ ਘਰਾਂ ਦੀ ਅਲਾਟਮੈਂਟ ਅਤੇ ਉਨ੍ਹਾਂ ਦੀ ਸੀਨੀਆਰਤਾ ਵਿਚਾਰਨ ਲਈ ਬੋਰਡ ਨੂੰ ਤਬਦੀਲ ਕੀਤੀ ਜਾ ਰਹੀ ਹੈ, ਵੀ ਹਾਊਸਿੰਗ ਬੋਰਡ ਵਲੋਂ ਕੋਈ ਆਸ਼ਵਾਸਨ ਨਹੀਂ ਦਿੱਤਾ ਗਿਆ ਹੈ।

------

**Unstarred Question No. 207**

**(Extension has been asked for in respect of Unstarred Question No. 207)**

ਵਿਧਾਨ ਸਭਾ ਦੇ ਸਵਾਲ ਨੂੰ: 207 ਜੋ ਮਿਤੀ 14 ਸਤੰਬਰ, 1978 ਲਈ ਅਨਸਟਾਰਡ ਸੁਆਲਾਂ ਦੀ ਸੂਚੀ ਵਿਚ ਕਾਮਰੇਡ ਸੱਤਪਾਲ ਡਾਂਗ, ਐਮ. ਐਲ. ਏ., ਵਲੋਂ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ।

ਸਬੰਧਤ ਸੂਚਨਾ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿੱਤਾ ਜਾਵੇਗਾ।

(ਸਹੀ)

ਵਿਕਾਸ ਅਤੇ ਲੋਕ ਸੰਪਰਕ ਮੰਤਰੀ,

ਸਕੱਤਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ।

ਗ:ਸ:ਨੰ: ਡੀ ਪੀ ਈ. 2-78/ਐਸ.ਪੀ.ਐਲ., ਮਿਤੀ 13 ਸਤੰਬਰ, 1978

------

Original with;
Punjab Vidhan Sabha
Digitized by;
Panjab Digital Library

## UNSTARRED QUESTION NO. 210

**(Extension has been asked for in respect of Unstarred Question No. 210)**

**ਪੰਜਾਬ ਵਿਧਾਨ ਸਭਾ ਦੇ ਸਵਾਲ ਨੰ:** 210 ਜੋ ਮਿਤੀ 14 ਸਤੰਬਰ, 1978 ਲਈ ਅਨ-ਸਟਾਰਡ ਸਵਾਲਾਂ ਦੀ ਸੂਚੀ ਵਿਚ ਕਾਮਰੇਡ ਸੱਤਪਾਲ ਡਾਂਗ, ਐਮ. ਐਲ. ਏ., ਵਲੋਂ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ।

ਸਬੰਧਤ ਸੂਚਨਾ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿਤਾ ਜਾਵੇਗਾ।

(ਸਹੀ)

ਮਾਲ ਅਤੇ ਪੁੱਨਰਵਾਸ ਮੰਤਰੀ, ਪੰਜਾਬ।

ਸਕੱਤਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ।

ਗ. ਸ. ਪ. ਨੰ: 7806-ਸਕਤ-1-78, ਚੰਡੀਗੜ੍ਹ ਮਿਤੀ 13 ਸਤੰਬਰ, 1978

---

**Ownership of land under the Building of Government Primary School in Harijan Basti, Hoshiarpur Road, Phagwara**

232. **Doctor Sadhu Ram** : Will the Minister for Education be pleased to state the name of the owner of the Plot bearing Khasra No. 1462 on which the building of Government Primary School, Harijan Basti, Hoshiarpur Road, Phagwara has been constructed ?

**ਸਰਦਾਰ ਸੁਖਜਿੰਦਰ ਸਿੰਘ ਖ਼ੈਰਾ** : ਮਾਲ ਵਿਭਾਗ ਦੇ ਰਿਕਾਰਡ ਅਨੁਸਾਰ ਖ਼ਸਰਾ ਨੰ: 1462 ਵਾਲਾ ਪਲਾਟ ਜਿਸ ਤੇ ਸਰਕਾਰੀ ਪ੍ਰਾਇਮਰੀ ਸਕੂਲ, ਹਰੀਜਨ ਬਸਤੀ, ਹੁਸ਼ਿਆਰਪੁਰ ਰੋਡ, ਫਗਵਾੜਾ ਦੀ ਇਮਾਰਤ ਬਣੀ ਹੋਈ ਹੈ, ਦੀ ਮਾਲਕ ਰਾਜ ਸਰਕਾਰ ਹੈ।

---

## POINTS OF ORDER REG. ADJOURNMENT MOTION

**Comrade Darshan Singh Canadian** : ** ** **

**Mr. Speaker** : These things are not commensurate with proper behaviour. Why waste the time of the House. It is not to be recorded please.

**ਸਰਦਾਰ ਬੇਅੰਤ ਸਿੰਘ** : ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਕਿਰਪਾਲ ਸਿੰਘ** : ਸਪੀਕਰ ਸਾਹਿਬ, ਕੱਲ੍ਹ ਦੀ ਮੀਟਿੰਗ ਵਿਚ ਸਰਦਾਰ ਬੇਅੰਤ ਸਿੰਘ ਹੋਰਾਂ ਨੇ ਚੇਅਰ ਦੀ ਬੇਇਜ਼ਤੀ ਕੀਤੀ ਹੈ ** ** ਲਫਜ਼ ਕਹਿ ਕੇ ......

(ਇਸ ਸਮੇਂ ਮਾਨਯੋਗ ਮੈਂਬਰ ਕਾਮਰੇਡ ਸੱਤਪਾਲ ਡਾਂਗ ਬੋਲਣ ਲਈ ਖੜੇ ਹੋਏ।)

---

**Not recorded/expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ :** ਡਾਂਗ ਸਾਹਿਬ, ਤੁਸੀਂ ਬੈਠੋ, ਸਰਦਾਰ ਕਿਰਪਾਲ ਸਿੰਘ ਆਪਣਾ ਪੁਆਇੰਟ ਆਫ ਆਰਡਰ ਦੱਸ ਰਹੇ ਹਨ।

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਮੈਂ ਤਿੰਨ ਵਾਰ ਖੜ੍ਹਾ ਹੋਇਆ ਹਾਂ ਜੀ।

**Mr. Speaker :** But this is no criteria. ਮੈਨੂੰ ਸੁਣ ਤਾਂ ਲੈਣ ਦਿਓ ਕਿ ਸਰਦਾਰ ਕਿਰਪਾਲ ਸਿੰਘ ਜੀ ਕੀ ਕਹਿੰਦੇ ਹਨ।

**ਸਰਦਾਰ ਕਿਰਪਾਲ ਸਿੰਘ :** ਜਨਾਬ ਮੈਂ ਪ੍ਰੋਪੋਜ਼ਲ ਭੇਜੀ ਸੀ। ਸਰਦਾਰ ਬੇਅੰਤ ਸਿੰਘ ਜੀ ਨੇ ਚੇਅਰ ਦੀ ਬੇਇਜ਼ਤੀ ਕੀਤੀ ਹੈ।

**ਸ੍ਰੀ ਸਪੀਕਰ :** ਸਰਦਾਰ ਕਿਰਪਾਲ ਸਿੰਘ ਜੀ, ਕੋਈ ਐਸੀ ਗੱਲ ਨਹੀਂ ਹੈ। ਮੈਂ ਹਾਊਸ ਦੀਆਂ ਪ੍ਰੋਸੀਡਿੰਗਜ਼ ਵੇਖੀਆਂ ਹਨ, ਰਿਕਾਰਡ ਉਤੇ ਕੁਝ ਨਹੀਂ ਹੈ।

**ਸਰਦਾਰ ਕਿਰਪਾਲ ਸਿੰਘ :** ਸਪੀਕਰ ਸਾਹਿਬ, ਇਹ ਹਾਊਸ ਵਿਚ ਗੱਲ ਹੋਈ ਹੈ ਔਰ ਕਿਸੇ ਰਿਕਾਰਡ ਕਰਨ ਵਾਲੇ ਦੀ ਗਲਤੀ ਹੋਈ ਹੈ। ਇਨ੍ਹਾਂ ਨੇ ਐਕਸਪਲੇਨੇਸ਼ਨ ਦਿੱਤਾ ਹੈ ਔਰ ਜੋ ਕੁਝ ਕਿਹਾ ਹੈ ਚੇਅਰ ਨੂੰ ਕਿਹਾ ਹੈ ਜਾਂ ਹਾਊਸ ਨੂੰ ਕਿਹਾ ਹੈ। ਜੇਕਰ ਉਸਨੇ ਹਾਊਸ ਨੂੰ ਕਿਹਾ ਹੈ ਤਾਂ ਕੀ ਉਹ ਕਾਬਲੇ-ਇਤਰਾਜ਼ ਨਹੀਂ ਹੁੰਦਾ ?

**ਸ੍ਰੀ ਸਪੀਕਰ :** ਐਸੀ ਗੱਲ ਹੀ ਕੋਈ ਨਹੀਂ ਹੋਈ। ਸਰਦਾਰ ਕਿਰਪਾਲ ਸਿੰਘ ਜੀ, ਇਹ ਤਾਂ ਤੁਹਾਡੇ ਵਹਿਮ ਦੀ ਗੱਲ ਹੈ।

**ਸਰਦਾਰ ਕਿਰਪਾਲ ਸਿੰਘ :** ਸਪੀਕਰ ਸਾਹਿਬ, ਗੱਲ ਤਾਂ ਹੋਈ ਹੈ ਔਰ ਕੀ ਹਾਊਸ ਵਾਸਤੇ ਜਾਂ ਚੇਅਰ ਵਾਸਤੇ ਇਸ ਤਰ੍ਹਾਂ ਦਾ ਸ਼ਬਦ ਵਰਤਿਆ ਜਾ ਸਕਦਾ ਹੈ ?

**Mr. Speaker :** I have seen the proceedings. All portions have been expunged. There is no such thing on the record. Please sit down.

**ਸਰਦਾਰ ਉਜਾਗਰ ਸਿੰਘ :** ** ** **

**ਸ੍ਰੀ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**Mr. Speaker :** The House has not as yet finished its business.

**ਕਾਮਰੇਡ ਸੱਤ ਪਾਲ ਡਾਂਗ :** ਸਪੀਕਰ ਸਾਹਿਬ, ਕਲ੍ਹ ਜਦੋਂ ਫਿਰੋਜ਼ਪੁਰ ਵਿਚ ਲਾਠੀ ਚਾਰਜ ਹੋਇਆ ਤੁਸੀਂ ਚੀਫ ਮਨਿਸਟਰ ਸਾਹਿਬ ਨੂੰ ਕਿਹਾ ਸੀ ਕਿ ਉਹ ਬਿਆਨ ਦੇਣ ਔਰ ਉਨ੍ਹਾਂ ਨੇ ਵਾਇਦਾ ਕੀਤਾ ਸੀ ਕਿ ਉਹ ਬਿਆਨ ਦੇਣਗੇ ......

**ਕਾਮਰੇਡ ਸੱਤਪਾਲ ਡਾਂਗ :** ** ** **

**Mr. Speaker :** The remaining portion of what-ever Comrade Satya Pal Dang is saying should not form part of the proceedings. The Chief Minister has assured me that he will make a statement during the course of debate today.

**ਮਾਸਟਰ ਚੰਦ ਸਿੰਘ :** ਸਪੀਕਰ ਸਾਹਿਬ, ਮੈਂ ਇਕ ਐਡਜਰਨਮੈਂਟ ਮੋਸ਼ਨ ਦਿੱਤੀ ਸੀ। ਪਲਾਜਾ ਫੈਕਟਰੀ ਹੈ।.......

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਇਹ ਕੋਈ ਤਰੀਕਾ ਨਹੀਂ ਹੈ, ਤੁਸੀਂ ਮੇਰੇ ਨਾਲ ਦਫ਼ਤਰ ਆ ਕੇ ਗੱਲ ਕਰ ਲੈਣਾ। ਉਹ ਮੈਂ ਡਿਸਅਲਾਓ ਕਰ ਦਿੱਤੀ ਹੈ।

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਕਮਾਲ ਹੋ ਗਈ ਹੈ। ਇਹ ਕੀ ਗੱਲ ਹੈ, ਇਹ ਤੁਹਾਡਾ ਰਵੱਈਆ ਗਲਤ ਹੈ। (ਵਿਘਨ)

(ਇਸ ਸਮੇਂ ਸੀ. ਪੀ. ਐਮ. ਦੇ ਕਈ ਮਾਨਯੋਗ ਮੈਂਬਰ ਖੜ੍ਹੇ ਸਨ।)

**ਸ੍ਰੀ ਸਪੀਕਰ** : ਉਹ ਅਲਾਓ ਨਹੀਂ ਹੋ ਸਕਦੀ। ਮੈਂ ਇਥੇ ਕੋਈ ਵੀ ਡਿਸਕਸ਼ਨ ਆਪਣੀ ਰੂਲਿੰਗ ਤੇ ਕਰਨ ਲਈ ਇਜਾਜ਼ਤ ਨਹੀਂ ਦਿੰਦਾ। ਨਾ ਹੀ ਰੂਲਜ਼ ਇਜਾਜ਼ਤ ਦਿੰਦੇ ਹਨ ਔਰ ਨਾ ਹੀ ਇਹ ਪਾਸਟ ਪ੍ਰੈਕਟਿਸ ਹੈ।

**ਮਾਸਟਰ ਚੰਦ ਸਿੰਘ** : ** ** **

**ਸ੍ਰੀ ਸਪੀਕਰ** : ਨਹੀਂ ਜੀ, ਤੁਸੀਂ ਬੈਠੋ। ਇਸ ਤਰ੍ਹਾਂ ਮੈਂ ਅਲਾਓ ਨਹੀਂ ਕਰਦਾ। ਜੋ ਕੁਝ ਮਾਸਟਰ ਜੀ ਨੇ ਕਿਹਾ ਹੈ ਉਹ ਐਕਸਪੰਜ ਕੀਤਾ ਜਾਵੇ। (ਵਿਘਨ)

*(At this stage a number of Members were raising points of order and speaking without the permission of the Chair.)*

**Master Chand Singh**: Sir, I am on a point of order.

**Mr. Speaker**: Sardar Umrao Singh is on a point of order.

**Sardar Umrao Singh**: My submission is.....

**Mr. Speaker**: Everything has been expunged. Nobody has been allowed. Masterji, I cannot allow you.

**ਸਰਦਾਰ ਉਮਰਾਓ ਸਿੰਘ** : ** ** **

**ਸ੍ਰੀ ਸਪੀਕਰ** : ਇਹ ਮਾਮਲਾ ਅਸੀਂ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਵਿਚ ਮੁਕਾ ਲਿਆ ਸੀ। ਉਸ ਮੀਟਿੰਗ ਵਿਚ ਤੁਸੀਂ ਵੀ ਸੀ, ਡਾਂਗ ਸਾਹਿਬ ਵੀ ਸਨ। ਇਸ ਸਾਰੀ ਗਲ ਦਾ ਫੈਸਲਾ ਹੋ ਚੁੱਕਾ ਹੈ। ਹੁਣ ਉਸ ਗਲ ਨੂੰ ਇਥੇ ਰੇਜ਼ ਕਰਨ ਦਾ ਕੀ ਫਾਇਦਾ ਹੈ। Your point of order is disallowed.

**ਚੌਧਰੀ ਬਲਰਾਮ ਜਾਖੜ** : ਸਪੀਕਰ ਸਾਹਿਬ, ਹੁਣ ਹਾਲਾਤ ਬਦਲ ਗਏ ਹਨ। (ਵਿਘਨ) ਤੁਸੀਂ ਮੈਂਬਰਾਂ ਨੂੰ ਸੁਣ ਰਹੇ ਹੋ......

**ਸ੍ਰੀ ਸਪੀਕਰ** : ਇਸ ਦਾ ਇਹ ਤਰੀਕਾ ਹੈ ਕਿ ਤੁਸੀਂ ਮੇਰੇ ਦਫ਼ਤਰ ਵਿਚ ਆ ਜਾਓ, ਉਥੇ ਆਕੇ ਗਲ ਕਰੋ, ਪਰ ਇਥੇ ਪੁਆਇੰਟ ਆਫ ਆਰਡਰ ਤੇ ਮੈਂ ਅਲਾਓ ਨਹੀਂ ਕਰਾਂਗਾ।

**ਚੌਧਰੀ ਬਲਰਾਮ ਜਾਖੜ** : ਤੁਸੀਂ ਇਸ ਤੇ ਡਿਸਕਸ਼ਨ ਕਰਨੀ ਮੰਨ ਲਓ।

**ਸ੍ਰੀ ਸਪੀਕਰ** : ਮੈਂ ਕਿਸ ਤਰ੍ਹਾਂ ਮੰਨ ਸਕਦਾ ਹਾਂ। You come to my Chamber.

**ਸ੍ਰੀ ਖੁਸ਼ਹਾਲ ਬਹਿਲ** ** ** **

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**Mr. Speaker** : Again disallowed. This is no point of order. (*Interruption*) ਤੁਸੀਂ ਕਿਹੜੇ ਰੂਲ ਦੇ ਤਹਿਤ ਗਲ ਕਰ ਰਹੇ ਹੋ।

**ਸ਼੍ਰੀ ਖੁਸ਼ਹਾਲ ਬਹਿਲ** : ** ** **

**ਸ਼੍ਰੀ ਸਪੀਕਰ** : ਬਹਿਲ ਜੀ, ਮੈਂ ਤੁਹਾਡੀ ਗੱਲ ਕਿਵੇਂ ਸੁਣਾਂ। ਇਹ ਜੋ ਕੁਝ ਕਹਿ ਰਹੇ ਹਨ, ਉਹ ਐਕਸਪੰਜ ਕਰ ਦਿੱਤਾ ਜਾਵੇ। (ਵਿਘਨ) ਜਿਹੜੀ ਵੀ ਕੋਈ ਗੱਲ ਹੈ, ਜਿਸ ਤੇ ਤੁਸੀਂ ਹਾਊਸ ਵਿਚ ਡਿਸਕਸ਼ਨ ਕਰਨਾ ਚਾਹੁੰਦੇ ਹੋ, ਉਹ ਤੁਸੀਂ ਪੁਆਇੰਟ ਆਫ ਆਰਡਰ ਦੇ ਜ਼ਰੀਏ ਰੇਜ਼ ਨਹੀਂ ਕਰ ਸਕਦੇ। ਉਸ ਦੇ ਹੋਰ ਤਰੀਕੇ ਹਨ। ਮੇਰੇ ਕੋਲ ਦਫਤਰ ਵਿਚ ਪਾਰਟੀ ਲੀਡਰ ਆ ਕੇ ਗੱਲ ਕਰ ਲੈਣ, ਕੋਈ ਨਾ ਕੋਈ ਹੀਲਾ ਲੱਭ ਲਵਾਂਗੇ। ਇਸ ਤਰ੍ਹਾਂ ਰੂਲ ਪਰ-ਮਿਟ ਨਹੀਂ ਕਰਦੇ। ਇਹ ਮੇਰੇ ਵੀ ਅਖਤਿਆਰ ਵਿਚ ਨਹੀਂ ਹੈ।

(ਇਸ ਵੇਲੇ ਬਹੁਤ ਸਾਰੇ ਮਾਨਯੋਗ ਮੈਂਬਰਜ਼ ਬੋਲਣ ਲਈ ਖੜੇ ਸਨ ਅਤੇ ਬਗੈਰ ਪਰਮਿਸ਼ਨ ਦੇ ਬੋਲ ਰਹੇ ਸਨ ਪਰ ਸਦਨ ਵਿਚ ਸ਼ੋਰ ਹੋਣ ਕਾਰਨ ਕੁਝ ਸੁਣਾਈ ਨਹੀਂ ਦਿੱਤਾ।)

ਭਾਰਦਵਾਜ ਸਾਹਿਬ, ਤੁਹਾਡਾ ਪੁਆਇਟ ਆਫ ਆਰਡਰ ਕੀ ਹੈ ?

**ਸ਼੍ਰੀ ਓਮ ਪ੍ਰਕਾਸ਼ ਭਾਰਦਵਾਜ** : ਸਪੀਕਰ ਸਾਹਿਬ, ਇਹ ਸਾਰੇ ਹਾਊਸ ਦਾ ਟਾਈਮ ਜ਼ਾਇਆ ਕਰ ਰਹੇ ਹਨ। ਇਸ ਲਈ ਜਨਾਬ ਦੇ ਅੱਗੇ ਇਹ ਦਰਖਾਸਤ ਹੈ ਕਿ ਇਹ ਸਾਹਮਣੇ ਬੈਠੇ ਦੋਸਤ ਬੜੇ ਪੁਰਾਣੇ ਪਾਰਲੀਮੈਂਟੇਰੀਅਨ ਹਨ, ਵਜ਼ੀਰ ਰਹੇ ਹਨ ਇਨ੍ਹਾਂ ਨੂੰ ਚੁੱਪ ਕਰਵਾਇਆ ਜਾਵੇ। ਇਨ੍ਹਾਂ ਨੇ ਤਾਂ ਤਹੱਈਆ ਕੀਤਾ ਹੈ ਕਿ ਹਾਊਸ ਦਾ ਟਾਈਮ ਜ਼ਾਇਆ ਕਰਨਾ ਹੈ।

**ਸਰਦਾਰ ਗੁਰਦਰਸ਼ਨ ਸਿੰਘ** : ** ** **

**ਸ਼੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਇਹ ਪਰੋਸੀਡਿੰਗ ਦਾ ਪਾਰਟ ਨਾ ਬਣੇ।

**ਸਰਦਾਰ ਗੁਰਦਰਸ਼ਨ ਸਿਘ** : ** ** **

**Mr. Speaker** : This is no point of order. (Interruption)

**ਡਾਕਟਰ ਕੇਵਲ ਕ੍ਰਿਸ਼ਨ** : ਸਪੀਕਰ ਸਾਹਿਬ, ਕੁਝ ਰੂਲਜ਼ ਹੁੰਦੇ ਹਨ ਇਸ ਕਿਤਾਬ ਵਿਚ (ਕਿਤਾਬ ਵਿਖਾਉਂਦੇ ਹੋਏ) ਜਿਸ ਮੁਤਾਬਿਕ ਹਾਊਸ ਚਲਦਾ ਹੈ......

**ਸ਼੍ਰੀ ਸਪੀਕਰ** : ਇਹ ਰੂਲਜ਼ ਤੁਹਾਡੇ ਹੀ ਬਣਾਏ ਹੋਏ ਹਨ।

**ਡਾਕਟਰ ਕੇਵਲ ਕ੍ਰਿਸ਼ਨ** : ਸਪੀਕਰ ਸਾਹਿਬ, ਜੇ ਕੋਈ ਐਸਾ ਮਸਲਾ ਆ ਜਾਵੇ, ਜਿਸ ਤੇ ਸਾਰੇ ਹਾਊਸ ਦੇ ਮੈਂਬਰ ਐਜੀਟੇਟਿਡ ਹੋਣ, ਉਸ ਤੇ ਡਿਸਕਸ਼ਨ ਹੋ ਸਕਦੀ ਹੈ......

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ :** ਡਾਕਟਰ ਸਾਹਿਬ, ਤੁਸੀਂ ਮੈਨੂੰ ਕੋਈ ਰੂਲ ਵਿਖਾਓ। ਕੋਈ ਵੀ ਪਿਛਲਾ ਕੇਸ ਦੱਸ ਦਿਓ ਜਿਸ ਵਿਚ ਤੁਸੀਂ ਇਸ ਤਰ੍ਹਾਂ ਹਾਊਸ ਨੂੰ ਡਿਸਕਸ਼ਨ ਵਾਸਤੇ ਅਲਾਓ ਕੀਤਾ ਹੋਵੇ। ਮੈਂ ਤੁਹਾਨੂੰ ਪਰਮਿਟ ਨਹੀਂ ਕਰਾਂਗਾ।

(ਇਸ ਵੇਲੇ ਡਾਕਟਰ ਕੇਵਲ ਕ੍ਰਿਸ਼ਨ ਬਗੈਰ ਪਰਮਿਸ਼ਨ ਦੇ ਬੋਲ ਰਹੇ ਸਨ)
** ** **

**ਸ੍ਰੀ ਸਪੀਕਰ :** ਇਹ ਜੋ ਕੁਝ ਬਗੈਰ ਪਰਮਿਸ਼ਨ ਦੇ ਕਹਿ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਵੇ।

(ਇਸ ਵੇਲੇ ਮਾਨਯੋਗ ਮੈਂਬਰ ਜੱਥੇਦਾਰ ਖ਼ਜ਼ਾਨ ਸਿੰਘ ਮੀਰਾਂਕੋਟ ਅਤੇ ਕਮਿਊਨਿਸਟ ਪਾਰਟੀ ਦੇ ਕੁਝ ਮੈਂਬਰ ਇਕ ਦੂਜੇ ਨੂੰ ਚੈਲੰਜ ਕਰ ਰਹੇ ਸਨ ਅਤੇ ਬਗੈਰ ਪਰਮਿਸ਼ਨ ਦੇ ਉਚੀ ਉਚੀ ਬੋਲ ਰਹੇ ਸਨ ਪਰ ਸਦਨ ਵਿਚ ਸ਼ੋਰ ਕਾਰਨ ਕੁਝ ਸੁਣਾਈ ਨਹੀਂ ਦਿੱਤਾ।)

**ਗਿਆਨੀ ਅਰਜਣ ਸਿੰਘ ਲਿੱਟ :** ਪੁਆਇਟ ਆਫ਼ ਆਰਡਰ, ਸਰ।

**ਸ੍ਰੀ ਸਪੀਕਰ :** ਤੁਹਾਡਾ ਕੀ ਪੁਆਇੰਟ ਆਫ਼ ਆਰਡਰ ਹੈ ?

**ਗਿਆਨੀ ਅਰਜਣ ਸਿੰਘ ਲਿੱਟ :** ** ** **

**ਸ੍ਰੀ ਸਪੀਕਰ :** ਮੈਨੂੰ ਵੀ ਅਫ਼ਸੋਸ ਹੈ। This is no point of order. It is disallowed. Call Attention Notice. Comrade Darshan Singh Jhabal. (*Interruption*)

(ਇਸ ਵੇਲੇ ਕਈ ਮੈਂਬਰਜ਼ ਬੋਲਣ ਲਈ ਖੜੇ ਸਨ ਪਰ ਸ੍ਰੀ ਸਪੀਕਰ ਨੇ ਕਿਸੇ ਨੂੰ ਅਲਾਊ ਨਹੀਂ ਕੀਤਾ)

ਕਨੋਡੀਅਨ ਸਾਹਿਬ, ਤੁਸੀਂ ਆਪਣੀ ਕਾਲ ਅਟੈਨਸ਼ਨ ਮੋਸ਼ਨ 75 ਪੜ੍ਹਨੀ ਹੈ ?

**ਕਾਮਰੇਡ ਸੱਤਪਾਲ ਡਾਂਗ :** ਸਪੀਕਰ ਸਾਹਿਬ, ਪਹਿਲੇ ਇਸ ਦਾ ਫੈਸਲਾ ਕਰ ਲਓ।

**ਸ੍ਰੀ ਸਪੀਕਰ :** ਤੁਸੀਂ ਆਪਣੀ ਕਾਲ ਅਟੈਨਸ਼ਨ ਮੋਸ਼ਨ ਪੜ੍ਹਨੀ ਹੈ ਜਾਂ ਨਹੀਂ ?

(ਇਸ ਸਮੇਂ ਕਾਮਰੇਡ ਕਨੋਡੀਅਨ ਆਪਣੀ ਸੀਟ ਤੋਂ ਨਹੀਂ ਉਠੇ)

(ਇਸ ਵੇਲੇ ਕਮਿਊਨਿਸਟ ਪਾਰਟੀ ਦੇ ਮੈਂਬਰ ਨਾਅਰੇ ਲਾ ਰਹੇ ਸਨ।
** ** **)

ਸ੍ਰੀ ਅ. ਵਿਸ਼ਵਨਾਥਨ : ** ** **

**ਸ੍ਰੀ ਸਪੀਕਰ :** ਇਹ ਜੋ ਕੁਝ ਵੀ ਕਿਹਾ ਜਾ ਰਿਹਾ ਹੈ ਜਾਂ ਨਾਅਰੇ ਲਾਏ ਜਾ ਰਹੇ ਹਨ ਇਹ ਐਕਸਪੰਜ ਕਰ ਦਿੱਤੇ ਜਾਣ।

---

**Not recorded/Expunged as ordered by the Chair.

*Original with;*
Punjab Vidhan Sabha
*Digitized by;*
Panjab Digital Library

**ਉਦਯੋਗ ਮੰਤਰੀ** : ਸਪੀਕਰ ਸਾਹਿਬ, ਇਸ ਤਰ੍ਹਾਂ ਹਾਊਸ ਕਿਸ ਤਰ੍ਹਾਂ ਚਲੇਗਾ ?

(ਇਸ ਵੇਲੇ ਬਹੁਤ ਸਾਰੇ ਮਾਨਯੋਗ ਮੈਂਬਰਜ਼ ਬਗੈਰ ਪਰਮਿਸ਼ਨ ਦੇ ਬੋਲ ਰਹੇ ਸਨ ਅਤੇ ਨਾਅਰੇ ਵੀ ਲਾ ਰਹੇ ਸਨ ** ** **)

**ਸ੍ਰੀ ਸਪੀਕਰ** : ਇਹ ਜੋ ਕੁਝ ਕਹਿ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਵੇ। ਟੰਡਨ ਸਾਹਿਬ, ਕੀ ਤੁਸੀਂ ਪੁਆਇੰਟ ਆਫ ਆਰਡਰ ਰੇਜ਼ ਕਰਨਾ ਚਾਹੁੰਦੇ ਹੋ ? (ਵਿਘਨ)

(ਇਸ ਵੇਲੇ ਬਹੁਤ ਸਾਰੇ ਮਾਨਯੋਗ ਮੈਂਬਰਜ਼ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ)

**ਸੀ. ਪੀ. ਆਈ. ਮੈਂਬਰਜ਼ ਵੱਲੋਂ ਆਵਾਜ਼ਾਂ** : ** ** **

**ਸ੍ਰੀ ਸਪੀਕਰ** : ਇਹ ਜੋ ਨਾਅਰੇ ਮੇਰੀ ਇਜਾਜ਼ਤ ਤੋਂ ਬਗੈਰ ਲਗਾਏ ਜਾ ਰਹੇ ਹਨ ਉਹ ਰਿਕਾਰਡ ਨਾ ਕੀਤੇ ਜਾਣ।

## SQUATTING BY C. P. I. AND CONGRESS PARTY MEMBERS

(ਇਸ ਸਮੇਂ ਸੀ. ਪੀ. ਆਈ. ਦੇ ਮੈਂਬਰਜ਼ ਸਾਹਿਬਾਨ ਕਾਮਰੇਡ ਦਰਸ਼ਨ ਸਿੰਘ ਕਨੇਡੀਅਨ, ਮਾਸਟਰ ਬਾਬੂ ਸਿੰਘ, ਕਾਮਰੇਡ ਬਲਦੇਵ ਸਿੰਘ ਲੂੰਬਾ, ਕਾਮਰੇਡ ਦਾਨਾ ਰਾਮ, ਕਾਮਰੇਡ ਮਹਿਤਾਬ ਸਿੰਘ ਨੌਕੇਰੀਆਂ ਅਤੇ ਕਾਂਗਰਸ ਪਾਰਟੀ ਦੇ ਸ੍ਰੀ ਖੁਸ਼ਹਾਲ ਬਹਿਲ ਨੇ ਆਨ ਦੀ ਫਲੋਰ ਆਫ ਦੀ ਹਾਊਸ ਤੇ ਧਰਨਾ ਮਾਰ ਦਿੱਤਾ)

## MOTION *RE.* SUSPENSION OF MEMBERS OF THE HOUSE

**Sri A, Vishwanathan** : Sir, I beg to move—

That Comrades Satya Pal Dang, Darshan Singh Canadian, Babu Singh, Mehtab Singh, Dana Ram and Baldev Singh Loomba, M.L.As. who have deliberately obstructed the proceedings of the House against the repeated orders of the Chair, thereby committing contempt of the House, be suspended from the proceedings of this House for the rest of the present Session.

**Mr. Speaker** : Motion moved—

That Comrades Satya Pal Dang, Darshan Singh Canadian, Babu Singh, Mehtab Singh, Dana Ram and Baldev Singh Loomba, M.L.As. who have deliberately obstructed the proceedings of the House against the repeated orders of the Chair, thereby commiting contempt of the House, be suspended from the proceedings of this House for the rest of the present Session.

**ਚੌਧਰੀ ਬਲਰਾਮ ਜਾਖੜ** : ਸਪੀਕਰ ਸਾਹਿਬ, ਮੇਰੀ ਅਰਜ਼ ਇਹ ਹੈ ਕਿ ਤੁਸੀਂ ਹਾਊਸ ਨੂੰ ਥੋੜੀ ਦੇਰ ਲਈ ਐਡਜਰਨ ਕਰ ਦਿਓ। ਫਿਰ ਅਸੀਂ ਆ ਕੇ ਗੱਲ ਬਾਤ ਕਰ ਲੈਂਦੇ ਹਾਂ।

**ਸ੍ਰੀ ਸਪੀਕਰ** : ਚੌਧਰੀ ਸਾਹਿਬ ਨਹੀਂ, ਮੇਰੇ ਖਿਆਲ ਵਿਚ ਹਾਊਸ ਐਡਜਰਨ ਕਰਨ ਦੀ ਕੋਈ ਲੋੜ ਨਹੀਂ ਹੈ। ਤੁਸੀਂ ਮੇਰੇ ਚੈਂਬਰ ਦੇ ਵਿਚ ਆਕੇ ਗੱਲ ਕਰ ਲਵੋ।

**ਮੁੱਖ ਮੰਤਰੀ** : ਆਨ ਏ ਪੁਆਇੰਟ ਆਫ ਆਰਡਰ ਸਰ। ਸਪੀਕਰ ਸਾਹਿਬ, ਮੈਨੂੰ ਬੜੇ ਦੁਖ ਦੇ ਨਾਲ ਕਹਿਣਾ ਪੈਂਦਾ ਹੈ ਕਿ ਤੁਸੀਂ ਪਿਛਲੇ ਦਿਨਾਂ ਤੋਂ ਸੀ. ਪੀ. ਆਈ. ਦੇ ਮੈਂਬਰਾਂ ਦਾ ਰੋਲ ਖਾਸ ਤੌਰ ਤੇ ਵੇਖਣ ਵਿਚ ਆਇਆ ਹੈ ਕਿ ਕਿਸ ਤਰ੍ਹਾਂ ਇਹ ਪਾਰਟੀ ਪੰਜਾਬ ਦੇ ਸ਼ਾਂਤ

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਵਾਤਾਵਰਨ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਜਦ ਕਿ ਇਹ ਆਪ ਪਾਰਲੀਮੈਂਟੇਰੀਅਨ ਹਨ ਅਤੇ ਡੈਮੋਕਰੇਸੀ ਦੇ ਵਿਚ ਵਿਸ਼ਵਾਸ ਰੱਖਦੇ ਹਨ। ਪਰ ਇਹ ਚਾਹੁੰਦੇ ਹਨ ਕਿ ਪੰਜਾਬ ਦੇ ਵਿਚ ਮਾਹੌਲ ਖਰਾਬ ਕੀਤਾ ਜਾ ਸਕੇ। ਇਹ ਆਪ ਦੱਸ ਦੇਣ ਕਿ ਫਿਰੋਜ਼ਪੁਰ ਦੇ ਵਿਚ ਇਨ੍ਹਾਂ ਦੀ ਪਾਰਟੀ ਨੇ ਕੀ ਕੀਤਾ ਹੈ। ਕਚਹਿਰੀਆਂ ਦੇ ਦਰਵਾਜ਼ੇ ਤੋੜ ਦਿੱਤੇ ਅਤੇ ਅੱਗਾਂ ਲਗਾ ਦਿੱਤੀਆਂ।

**ਚੌਧਰੀ ਬਲਰਾਮ ਜਾਖੜ** : ਸਪੀਕਰ ਸਾਹਿਬ ਜਿਹੜੀ ਮੋਸ਼ਨ ਸ੍ਰੀ ਵਿਸ਼ਵਨਾਥਨ ਨੇ ਪੁੱਟ ਕੀਤੀ ਹੈ ਉਹ ਗਲਤ ਢੰਗ ਨਾਲ ਪੁੱਟ ਕੀਤੀ ਗਈ ਹੈ ਕਿਉਂਕਿ ਉਸ ਦੀ ਕਾਪੀ ਤੁਹਾਡੇ ਕੋਲ ਪਹਿਲੇ ਨਹੀਂ ਆਈ।

**ਸ੍ਰੀ ਸਪੀਕਰ** : ਚੌਧਰੀ ਸਾਹਿਬ ਇਹ ਮੇਰੇ ਪਾਸ ਲਿਖਤ ਰੂਪ ਵਿਚ ਆ ਗਈ ਹੈ।

**ਚੌਧਰੀ ਬਲਰਾਮ ਜਾਖੜ** : ਸਪੀਕਰ ਸਾਹਿਬ, ਇਹ ਜਿਹੜਾ ਕਦਮ ਉਠਾਇਆ ਜਾ ਰਿਹਾ ਹੈ ਇਸ ਦੇ ਨਾਲ ਕੀ ਬਣੇਗਾ ? ਮੇਰੀ ਅਰਜ਼ ਹੈ ਕਿ ਤੁਸੀਂ ਹਾਊਸ ਨੂੰ ਥੋੜ੍ਹੇ ਚਿਰ ਲਈ ਐਡ-ਜਰਨ ਕਰ ਦਿਓ, ਸਾਰੀ ਗੱਲ ਤਹਿ ਹੋ ਜਾਵੇਗੀ।

**ਸ੍ਰੀ ਸਪੀਕਰ** : ਚੌਧਰੀ ਸਾਹਿਬ, ਤੁਸੀਂ ਮੇਰੇ ਚੈਂਬਰ ਵਿਚ ਆ ਜਾਵੋ ਔਰ ਜਿਹੜੀ ਗੱਲ ਕਰਨੀ ਹੈ ਕਰ ਲੈਣਾ। ਮੈਂ ਕਾਨੂੰਨ ਦੀ ਉਲੰਘਣਾ ਨਹੀਂ ਕਰ ਸਕਦਾ। ਮੈਂ ਤਾਂ ਰੂਲਜ਼ ਦੇ ਮੁਤਾਬਿਕ ਹੀ ਚਲਣਾ ਹੈ। ਇਹ ਜਿਹੜਾ ਮਸਲਾ ਜਿਨ੍ਹਾਂ ਨੇ ਰੇਜ਼ ਕੀਤਾ ਹੈ ਉਨ੍ਹਾਂ ਨੂੰ ਵੀ ਕਾਨੂੰਨ ਦਾ ਪਤਾ ਹੈ। ਤੁਸੀਂ ਮੇਰੇ ਚੈਂਬਰ ਵਿਚ ਆ ਜਾਵੋ ਗੱਲ ਕਰ ਲਵਾਂਗੇ।

**ਚੌਧਰੀ ਬਲਰਾਮ ਜਾਖੜ** : ਸਪੀਕਰ ਸਾਹਿਬ, ਤੁਸੀਂ ਇਸ ਤੇ ਡਿਸਕਸ਼ਨ ਕਰਵਾ ਦਿਓ।

**ਸਰਦਾਰ ਉਮਰਾਓ ਸਿੰਘ** : ਸਪੀਕਰ ਸਾਹਿਬ, ਮੇਰੀ ਅਰਜ਼ ਇਹ ਹੈ ਕਿ ਤੁਸੀਂ ਕਿਹਾ ਸੀ ਕਿ ਮੈਂ ਡਿਸਕਸ਼ਨ ਕਰਵਾਉਣ ਲਈ ਤਿਆਰ ਹਾਂ, ਜਿਸ ਤਰ੍ਹਾਂ ਹੁਸ਼ਿਆਰਪੁਰ ਦਾ ਮਸਲਾ ਹੈ। ਇਸ ਦੇ ਨਾਲ ਮੈਂ ਅਪੀਲ ਕਰਦਾ ਹਾਂ ਕਿ ਤੁਸੀਂ 10-15 ਮਿੰਟ ਲਈ ਹਾਊਸ ਨੂੰ ਐਡਜਰਨ ਕਰ ਦਿਓ ਤਾਂਕਿ ਅਸੀਂ ਤੁਹਾਡੇ ਨਾਲ ਗੱਲ ਕਰ ਸਕੀਏ। ਕਿਉਂਕਿ ਵਿਸ਼ਵਨਾਥਨ ਜੀ ਨੇ ਬੜੇ ਹਾਈਹੈਂਡਿਡਨੈਸ ਨਾਲ ਮੋਸ਼ਨ ਮੂਵ ਕੀਤੀ ਹੈ। ਸਪੀਕਰ ਸਾਹਿਬ, ਇਹ ਜਿਹੜੇ ਸੀ. ਪੀ. ਆਈ. ਦੇ ਮੈਂਬਰਜ਼ ਸਸਪੈਂਡ ਕੀਤੇ ਜਾ ਰਹੇ ਹਨ ਇਸ ਤਰ੍ਹਾਂ ਪਹਿਲੇ ਕਦੇ ਨਹੀਂ ਹੋਇਆ ਕਿ ਸਾਰੀ ਦੀ ਸਾਰੀ ਪਾਰਟੀ ਨੂੰ ਹਾਊਸ ਦੇ ਵਿਚੋਂ ਸਸਪੈਂਡ ਕਰ ਦਿਤਾ ਜਾਵੇ। ਮੋਸ਼ਨ ਖਤਮ ਕਰੋ।

**ਸ੍ਰੀ ਸਪੀਕਰ** : ਨਹੀਂ ਜੀ।

**ਸਰਦਾਰ ਬੇਅੰਤ ਸਿੰਘ** : ਸਪੀਕਰ ਸਾਹਿਬ, ਤੁਸੀਂ ਇਸ ਹਾਊਸ ਦੇ ਕਸਟੋਡੀਅਨ ਹੋ ਔਰ ਤੁਸੀਂ ਬੜੀ ਚੰਗੀ ਤਰ੍ਹਾਂ ਦੇ ਨਾਲ ਇਸ ਹਾਊਸ ਨੂੰ ਚਲਾਉਂਦੇ ਰਹੇ ਹੋ। ਇਸ ਦੇ ਵਿਚ ਕਿਸੇ ਨੂੰ ਸ਼ੱਕ ਨਹੀਂ ਹੈ। ਜਿਹੜੀ ਮੋਸ਼ਨ ਰੂਲਿੰਗ ਪਾਰਟੀ ਵਲੋਂ ਮੂਵ ਕੀਤੀ ਗਈ ਹੈ ਉਸ ਨੂੰ ਵਾਪਿਸ ਲਿਆ ਜਾਣਾ ਚਾਹੀਦਾ ਹੈ। ਤੁਸੀਂ ਆਪੋਜੀਸ਼ਨ ਪਾਰਟੀਜ਼ ਦੇ ਲੀਡਰਾਂ ਨੂੰ ਬੁਲਾ ਕੇ ਗੱਲ ਕਰ ਲਵੋ।

**ਸ੍ਰੀ ਸਪੀਕਰ** : ਮੈਂ ਤਾਂ ਪਹਿਲਾਂ ਹੀ ਕਹਿ ਚੁੱਕਾ ਹਾਂ ਕਿ ਤੁਸੀਂ ਮੇਰੇ ਚੈਂਬਰ ਵਿਚ ਆਕੇ ਗੱਲ ਕਰ ਲਵੋ।

Original with;
Punjab Vidhan Sabha
Digitized by;
Panjab Digital Library

**ਉਦਯੋਗ ਮੰਤਰੀ** (ਸ੍ਰੀ ਬਲਰਾਮਜੀ ਦਾਸ ਟੰਡਨ): ਸਪੀਕਰ ਸਾਹਿਬ, ਹਾਊਸ ਦੇ ਸਾਹਮਣੇ ਮੋਸ਼ਨ ਹੈ ਔਰ ਜਦ ਤੱਕ ਉਹ ਆਨਰੇਬਲ ਮੈਂਬਰ ਜਿਨ੍ਹਾਂ ਨੇ ਇਸ ਹਾਊਸ ਨੂੰ ਡਿਸਰਿਸਪੈਕਟ ਕੀਤਾ ਹੈ ਔਰ ਡੈਰੋਗੇਟਰੀ ਰਿਮਾਰਕਸ ਕੀਤੇ ਹਨ ਅਤੇ ਚੇਅਰ ਨੂੰ ਡਿਸਉਬੇ ਕੀਤਾ ਹੈ, ਅਨਕੁਆਲੀਫਾਈਡ ਮੁਆਫੀ ਨਹੀਂ ਮੰਗਦੇ, ਇਹ ਮੋਸ਼ਨ ਵਾਪਿਸ ਨਹੀਂ ਹੋ ਸਕਦੀ। ਅਗਰ ਇਹ ਮੁਆਫੀ ਮੰਗਣ ਲਈ ਤਿਆਰ ਹਨ ਤਾਂ ਮੈਂ ਆਪਣੇ ਆਨਰੇਬਲ ਮੈਂਬਰ ਸ੍ਰੀ ਵਿਸ਼ਵਨਾਥਨ ਨੂੰ ਬੇਨਤੀ ਕਰਾਂਗਾ ਕਿ ਉਹ ਆਪਣੀ ਮੋਸ਼ਨ ਵਾਪਿਸ ਲੈ ਲੈਣ। ਜੇ ਉਹ ਸੀ. ਪੀ. ਆਈ.ਦੇ ਮੈਂਬਰਜ਼ ਨਹੀਂ ਮੰਨਦੇ Then, of course, we should go ahead with this resolution.

**ਚੌਧਰੀ ਬਲਰਾਮ ਜਾਖੜ:** ਸਪੀਕਰ ਸਾਹਿਬ, ਇਹ ਵੀ ਇਹੀ ਕੁਝ ਕਰਦੇ ਰਹੇ ਹਨ। (ਵਿਘਨ)

**ਮਾਸਟਰ ਚੰਦ ਸਿੰਘ:** ਸਪੀਕਰ ਸਾਹਿਬ, ਜਿਹੜੀ ਮੋਸ਼ਨ ਪ੍ਰੋਫੈਸਰ ਵਿਸ਼ਵਨਾਥਨ ਜੀ ਨੇ ਮੂਵ ਕੀਤੀ ਹੈ ...... (ਵਿਘਨ)

**ਸ੍ਰੀ ਸਪੀਕਰ:** ਮੈਂ ਬਾਰ ਬਾਰ ਹਰ ਮੈਂਬਰ ਨੂੰ ਰਿਕੁਐਸਟ ਕੀਤੀ ਸੀ।(ਵਿਘਨ) (ਸ਼ੋਰ) ਅਸੀਂ ਸਾਰੇ ਲੋਕਾਂ ਦੇ ਰਿਪਰਿਜ਼ੈਂਟੇਟਿਵਜ਼ ਹਾਂ ਔਰ ਹਰ ਮੈਂਬਰ ਨੇ ਇਹ ਕਿਹਾ ਸੀ ਕਿ ਅਸੀਂ ਹਾਊਸ ਦੀ ਡਿਗਨਿਟੀ ਨੂੰ ਕਾਇਮ ਰਖਣ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ। ਹਰ ਮੈਂਬਰ ਨੇ ਸਹੁੰ ਖਾਧੀ ਸੀ।

**ਮਾਸਟਰ ਚੰਦ ਸਿੰਘ:** ਸਪੀਕਰ ਸਾਹਿਬ, ਅਸੀਂ ਸਾਰੇ ਹਾਊਸ ਦੀ ਰਿਸਪੈਕਟ ਕਰਦੇ ਹਾਂ। ਜਿਹੜਾ ਮਸਲਾ, ਸਪੀਕਰ ਸਾਹਿਬ, ਸਾਡੇ ਸਾਹਮਣੇ ਆ ਜਾਏ, ਉਹ ਅਸੀਂ ਤੁਹਾਡੇ ਰਾਹੀਂ ਸਰਕਾਰ ਕੋਲ ਪਹੁੰਚਾਉਂਦੇ ਹਾਂ।

**ਸ੍ਰੀ ਸਪੀਕਰ:** ਤੁਹਾਡੀ ਗੱਲ ਤਾਂ ਵੈਸੇ ਹੀ ਸਰਕਾਰ ਮੰਨ ਲੈਂਦੀ ਹੈ।

**ਮਾਸਟਰ ਚੰਦ ਸਿੰਘ:** ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਇਹ ਜਿਹੜਾ ਰੈਜ਼ੋਲਿਊਸ਼ਨ ਪ੍ਰੋਫੈਸਰ ਵਿਸ਼ਵਨਾਥਨ ਜੀ ਨੇ ਮੂਵ ਕੀਤਾ ਹੈ, ਉਹ ਵਾਪਿਸ ਲੈ ਲੈਣ।

ਵਿਦਿਆ **ਮੰਤਰੀ** (ਸਰਦਾਰ ਸੁਖਜਿੰਦਰ ਸਿੰਘ ਖੈਰਾ): **ਸਪੀਕਰ ਸਾਹਿਬ**, ਅਰਜ਼ ਇਹ ਹੈ ਕਿ ਅੱਜ ਜਿਸ ਵਕਤ ਦਾ ਹਾਊਸ ਚਲ ਰਿਹਾ ਹੈ ਮੈਂ ਪਹਿਲਾਂ ਤਾਂ ਥੋੜ੍ਹੇ ਅਰਸੇ ਲਈ ਬਾਹਿਰ ਗਿਆ ਹੋਇਆ ਸੀ ਅਤੇ ਥੋੜ੍ਹਾ ਹੀ ਸਮਾਂ ਹੋਇਆ ਹੈ ਕਿ ਮੈਂ ਆਇਆ ਹਾਂ। ਸਪੀਕਰ ਸਾਹਿਬ, ਹਾਊਸ ਵਿਚ ਪਿਛੇ ਵੀ ਅਤੇ ਹੁਣ ਵੀ ਦੇਖਣ ਵਿਚ ਆਇਆ ਹੈ ਕਿ ਹਾਊਸ ਦਾ ਬਹੁਤ ਸਾਰਾ ਸਮਾਂ ਜ਼ਾਇਆ ਹੁੰਦਾ ਹੈ। ਜੇਕਰ ਸਪੀਕਰ ਸਾਹਿਬ ਰਿਕਾਰਡ ਦੇਖੋ ਤਾਂ ਵੀ ਪਤਾ ਲਗੇਗਾ ਕਿ ਇੱਕ ਦੋ ਪੁਆਇੰਟਸ ਆਫ ਆਰਡਰ ਇਨ ਆਰਡਰ ਡਿਕਲੇਅਰ ਕੀਤੇ ਗਏ ਹਨ ਬਾਕੀ ਸਾਰੇ ਦੇ ਸਾਰੇ ਪੁਆਇੰਟਸ ਆਫ਼ ਆਰਡਰ ਨੋ ਪੁਆਇੰਟ ਆਫ਼ ਆਰਡਰ ਡਿਕਲੇਅਰ ਕੀਤੇ ਗਏ ਹਨ। ਮੈਂ ਸਮਝਦਾ ਹਾਂ ਕਿ ਅਸੀਂ ਜਿਸ ਕਾਜ਼ ਵਾਸਤੇ ਇਥੇ ਆਉਂਦੇ ਹਾਂ, ਉਹ ਕਾਜ਼ ਵੀ ਚੰਗੀ ਤਰ੍ਹਾਂ ਪੂਰਾ ਨਹੀਂ ਹੁੰਦਾ। ਸਪੀਕਰ ਸਾਹਿਬ, ਸਾਰੀਆਂ ਹੀ ਪਾਰਟੀਆਂ ਲੋਕਾਂ ਦੇ ਹੱਕਾਂ ਵਾਸਤੇ ਇੱਥੇ ਆਈਆਂ ਹਨ ਪਰ ਪਬਲਿਕ ਦੀ ਸੇਵਾ ਨਹੀਂ ਹੁੰਦੀ। ਹਾਊਸ ਦੀ ਡਿਗਨਿਟੀ ਅਤੇ ਮਾਹੌਲ ਠੀਕ ਰਹਿਣਾ

Original with;
Punjab Vidhan Sabha
Digitized by;
Panjab Digital Library

ਚਾਹੀਦਾ ਹੈ। ਜੇਕਰ ਹਾਊਸ ਦੀ ਡਿਗਨਿਟੀ ਅਤੇ ਮਾਹੌਲ ਠੀਕ ਨਹੀਂ ਰਹੇਗਾ ਤਾਂ ਗੈਲਰੀਆਂ ਵਿਚ ਬੈਠੇ ਆਦਮੀ, ਔਰਤਾਂ ਸਟੂਡੈਂਟਸ ਆਦਿ ਆਪਣੇ ਪਿੰਡਾਂ ਵਿਚ ਜਾ ਕੇ ਜਾਂ ਸਕੂਲਾਂ, ਕਾਲਜਾਂ ਅਤੇ ਹੋਰ ਇੰਸਟੀਚਿਊਸ਼ਨਾਂ ਵਿਚ ਜਾ ਕੇ ਕਹਿਣਗੇ ਕਿ ਉਥੇ ਤਾਂ ਝਗੜਾ ਹੀ ਹੁੰਦਾ ਰਹਿੰਦਾ ਹੈ ਹੋਰ ਕੋਈ ਗੱਲ ਨਹੀਂ। ਸਪੀਕਰ ਸਾਹਿਬ, ਆਪ ਜ਼ਿੰਮੇਵਾਰ ਆਦਮੀ ਹੋ ਅਤੇ ਸਾਰਿਆਂ ਨੂੰ ਚੇਅਰ ਦੀ ਰਿਸਪੈਕਟ ਕਰਨੀ ਚਾਹੀਦੀ ਹੈ। ਜਿਹੜੇ ਇਹੋ ਜਿਹੇ ਰੈਜ਼ੋਲਿਊਸ਼ਨ ਮੂਵ ਹੁੰਦੇ ਹਨ ਅਸੀਂ ਉਨ੍ਹਾਂ ਦੇ ਵਿਚ ਯਕੀਨ ਨਹੀਂ ਰਖਦੇ। ਮੈਂ ਹੁਣ ਵੀ ਬੇਨਤੀ ਕਰਦਾ ਹਾਂ ਕਿ ਜੋ ਗੱਲ, ਸਪੀਕਰ ਸਾਹਿਬ ਨੇ ਕਹੀ ਉਸ ਤੇ ਸੈਟਲਮੈਂਟ ਹੋ ਜਾਣੀ ਚਾਹੀਦੀ ਹੈ। ਸਾਰਿਆਂ ਨੂੰ ਰੀਇਨਸਟੇਟ ਕਰਨਾ ਚਾਹੀਦਾ ਹੈ। ਸਪੀਕਰ ਸਾਹਿਬ, ਅਸੀਂ ਵੈਲ-ਕਮ ਕਰਾਂਗੇ ਜੋ ਵੀ ਫੈਸਲਾ ਹੋਵੇਗਾ। ਚੇਅਰ ਦੀ ਇੱਜ਼ਤ ਹੋਣੀ ਚਾਹੀਦੀ ਹੈ। (ਵਿਘਨ) ਕਿਸੇ ਤੇ ਕੋਈ ਕੰਡੀਸ਼ਨ ਨਹੀਂ ਹੋਣੀ ਚਾਹੀਦੀ।

**ਸ੍ਰੀ ਸਪੀਕਰ** : ਮੈਂ ਇੱਕ ਰੂਲਿੰਗ ਦਿੰਦਾ ਹਾਂ।

It has been mentioned at page 444 of the Book entitled Practice and Procedure of Parliament by Kaul and Shakdher that—

> "after a Member is informed of the Speaker's decision withholding his consent, no question is permitted to be raised in the House either on the subject-matter of the notice or the reasons for disallowance thereof. If, however, a member would like to make submission to the Speaker to reconsider his decision, he can do so either in person to the Speaker in his Chamber later during the day or by submitting a written representation to the Speaker in that behalf."

ਇਹ ਪਰੈਕਟਿਸ ਪਾਰਲੀਮੈਂਟ ਵਿਚ ਵੀ ਹੈ ਅਤੇ ਸਦੀਆਂ ਤੋਂ ਇਹ ਗੱਲ ਚਲਦੀ ਆਉਂਦੀ ਹੈ। ਜੇਕਰ ਕੋਈ ਇਸਦੇ ਮੁਤਾਬਿਕ ਨਹੀਂ ਚਲੇਗਾ ਤਾਂ ਪੰਜਾਬ ਦੀ ਬਿਹਤਰੀ ਨਹੀਂ ਹੋ ਸਕੇਗੀ, ਲੋਕਾਂ ਦੀ ਭਲਾਈ ਨਹੀਂ ਹੋ ਸਕੇਗੀ। ਸਰਦਾਰ ਸੁਖਜਿੰਦਰ ਸਿੰਘ ਜੀ ਨੇ ਵੀ ਜ਼ਿਕਰ ਕੀਤਾ ਹੈ।

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਐਸ਼ੋਰੈਂਸ ਦਿੰਦਾ ਹਾਂ ਕਿ ਅਸੀਂ ਹਾਊਸ ਦੀ ਰਿਸਪੈਕਟ ਕਰਦੇ ਹਾਂ। (ਵਿਘਨ)

**ਸ੍ਰੀ ਸਪੀਕਰ** : ਫਿਰ ਇਨ੍ਹਾਂ ਨੂੰ ਕਿਉਂ ਨਹੀਂ ਬਿਠਾਉਂਦੇ ?

**ਕਾਮਰੇਡ ਸੱਤ ਪਾਲ ਡਾਂਗ** : ਸਪੀਕਰ ਸਾਹਿਬ, ਇਨ੍ਹਾਂ ਦੀ ਪਾਰਟੀ ਵੀ ਦਰਜਨਾਂ ਟਾਈਮ ਬੈਠੀ ਰਹੀ ਹੈ ....... (ਵਿਘਨ)

**ਸ੍ਰੀ ਸਪੀਕਰ** : ਜੇਕਰ ਉਹ ਗਲਤੀ ਕਰਦੇ ਸੀ ਤਾਂ ਕੀ ਤੁਸੀਂ ਵੀ ਗਲਤੀ ਕਰੋਗੇ ?

**ਕਾਮਰੇਡ ਸੱਤ ਪਾਲ ਡਾਂਗ** : ** ** **

**Mr. Speaker** : He is ready to give reply. (*Interruption*) I am sorry, this is disallowed. Whatever the hon. Member has said, should not form part of the proceedings.

**ਸਰਦਾਰ ਕਿਰਪਾਲ ਸਿੰਘ** : ਸਪੀਕਰ ਸਾਹਿਬ, ਰੈਜ਼ੋਲਿਊਸ਼ਨ ਹਾਊਸ ਦੇ ਵਿਚ ਆ ਗਿਆ ਹੈ। (ਵਿਘਨ) (ਸ਼ੋਰ) ਜੇਕਰ ਇਹ ਮਰਦ ਹਨ ਤਾਂ ਬੰਦਿਆਂ ਦੀ ਤਰ੍ਹਾਂ ਗੱਲ ਕਰਨ। ਇੱਕ ਇਹ ਪਰ-ਪੋਜ਼ਲ ਆਈ ਹੈ (ਵਿਘਨ) (ਸ਼ੋਰ)

**Expunged as ordered by the Chair.

Original with;
Punjab Vidhan Sabha
Digitized by;
Panjab Digital Library

(ਇਸ ਵੇਲੇ ਮਾਨਯੋਗ ਮੈਂਬਰਜ਼ ਸਰਦਾਰ ਉਮਰਾਓ ਸਿੰਘ, ਵੈਦ ਕਰਤਾਰ ਸਿੰਘ, ਪ੍ਰੋ: ਜਗੀਰ ਸਿੰਘ ਅਤੇ ਸਰਦਾਰ ਸਰਦਾਰ ਸਿੰਘ ਕੋਹਲੀ ਆਦਿ ਖੜ੍ਹੇ ਸਨ ਅਤੇ ਇਕੱਠੇ ਹੀ ਬੋਲ ਰਹੇ ਸਨ ਪਰ ਸਦਨ ਵਿਚ ਸ਼ੋਰ ਹੋਣ ਕਾਰਨ ਕੁਝ ਵੀ ਸੁਣਾਈ ਨਹੀਂ ਸੀ ਦੇ ਰਿਹਾ।)

**Dr. Kewal Krishan** : Are they not obstructing the proceedings of the House ?

**Mr. Speaker** : Sardar Umrao Singh Ji, please sit down.

**ਚੋਧਰੀ ਬਲਰਾਮ ਜਾਖੜ** : ਸਪੀਕਰ ਸਾਹਿਬ, ਸਰਦਾਰ ਸੁਖਜਿੰਦਰ ਸਿੰਘ ਜੀ ਨੇ ਜੋ ਕੁਝ ਕਿਹਾ ਹੈ ਉਹ ਬੜੀ ਅੱਛੀ ਬਾਤ ਕਹੀ ਹੈ। ਸਪੀਕਰ ਸਾਹਿਬ, ਪਰੀਕਨਡੀਸ਼ਨ ਕੋਈ ਨਾ ਰਖੋ। ਹਾਊਸ ਦਾ ਸਮਾਂ ਜ਼ਾਇਆ ਨਾ ਕਰੋ। ਪਹਿਲਾਂ ਵੀ, ਸਪੀਕਰ ਸਾਹਿਬ, ਇਸੇ ਤਰ੍ਹਾਂ ਹੁੰਦਾ ਰਿਹਾ ਹੈ ਹੁਣ ਤੁਸੀਂ ਖੁਦ ਹੀ ਦੇਖ ਲਿਆ ਹੈ ਕਿ ਦੋਨੋਂ ਤਰਫੋਂ ਕੁਝ ਨਾ ਕੁਝ ਹੈ (ਵਿਘਨ) ਸ੍ਰੀ ਬਲਰਾਮ ਜੀ ਦਾਸ ਟੰਡਨ ਜੀ ਵੀ ਗੁੱਸੇ ਵਿਚ ਆ ਗਏ ਸਨ। ਮੈਂ, ਸਪੀਕਰ ਸਾਹਿਬ, ਕਹਾਂਗਾ ਕਿ ਜ਼ਿਆਦਾ ਗਰਮ ਨਹੀਂ ਹੋਣਾ ਚਾਹੀਦਾ।

**Mr. Speaker** : That is not parliamentary what is being done now.

**चौधरी बलराम जाखड़**: टण्डन साहिब आप उस वक्त हाउस में नहीं थे । आप चीफ मिनिस्टर साहिब से पूछ लें । (विघ्न) डांग साहब आ जाएंगे, हम आ जाएंगे, सरदार उमराउ सिंह आ जाएंगे और आप से बैठकर बात कर लेंगे ।

**ਆਵਾਜਾਈ ਅਤੇ ਖੇਡਾਂ ਦੇ ਰਾਜ ਮੰਤਰੀ (ਸਰਦਾਰ ਸੁਖਦੇਵ ਸਿੰਘ ਢੀਂਡਸਾ)**: ਇਥੇ ਮੁੜ ਮੁੜ ਕੇ ਚੋਧਰੀ ਸਾਹਿਬ ਨੇ, ਡਾਂਗ ਸਾਹਿਬ ਨੇ, ਸਰਦਾਰ ਉਮਰਾਓ ਸਿੰਘ ਨੇ ਕਿਹਾ ਹੈ ਕਿ ਪਹਿਲਾਂ ਵੀ ਇਸ ਤਰ੍ਹਾਂ ਹੁੰਦਾ ਰਿਹਾ ਹੈ। ਪਰ ਉਦੋਂ ਦੇ ਔਰ ਅੱਜ ਦੇ ਹਾਲਾਤ ਵਿਚ ਜ਼ਮੀਨ ਆਸਮਾਨ ਦਾ ਫਰਕ ਹੈ (ਵਿਘਨ) (ਸ਼ੋਰ) ਸਪੀਕਰ ਸਾਹਿਬ, ਨੇ ਕਿਹਾ ਹੈ ਕਿ ਚੈਂਬਰ ਵਿਚ ਆਕੇ ਮੇਰੇ ਨਾਲ ਗੱਲ ਕਰ ਲਉ। ਪਹਿਲਾਂ ਇਸ ਤਰ੍ਹਾਂ ਦੇ ਵਾਕਿਆ ਹੁੰਦੇ ਸਨ ਕਿ ਇੱਕ ਮੈਂਬਰ ਸਾਹਿਬ ਦੀ ਉਦੋਂ ਸਾਰੀ ਦੀ ਸਾਰੀ ਸਪੀਚ ਹੀ ਕਟਾ ਦਿੱਤੀ ਗਈ ਸੀ । ਉਸ ਵੇਲੇ ਸਾਨੂੰ ਗਲ ਤਕ ਨਹੀਂ ਕਰਨ ਦਿੱਤੀ ਗਈ ਸੀ (ਵਿਘਨ)

**ਸਰਦਾਰ ਉਮਰਾਓ ਸਿੰਘ**: ਆਨ ਏ ਪੁਆਇੰਟ ਆਫ਼ ਆਰਡਰ, ਸਰ। ਢੀਂਡਸਾ ਸਾਹਿਬ ਨੇ ਕਿਹਾ ਹੈ ਕਿ ਅੱਗੇ ਵੀ ਇਸ ਤਰ੍ਹਾਂ ਹੁੰਦਾ ਰਿਹਾ ਹੈ। ਸਪੀਕਰ ਸਾਹਿਬ ਤੁਸੀਂ 444 ਸਫੇ ਦਾ ਹਵਾਲਾ ਦਿੱਤਾ ਸੀ। ਉਸ ਨੂੰ ਪੜ੍ਹੋ ਉਸ ਵਿਚ ਇਹ ਵੀ ਹੈ :

The Speaker may admit a Calling Attention Notice in lieu of the notice of an Adjournment Motion."

**ਸ੍ਰੀ ਸਪੀਕਰ**: ਜਿਹੜਾ ਰੂਲ ਮੈਂ ਪੜ੍ਹਿਆ ਹੈ ਉਹ ਤੁਸੀਂ ਪੜ੍ਹਿਆ ਨਹੀਂ ਹੈ।

**ਸਰਦਾਰ ਉਮਰਾਓ ਸਿੰਘ**: ਰੂਲਜ਼ ਬੜੇ ਕਲੀਅਰ ਹਨ। ਜਿਹੜੀ ਚੀਜ਼ ਤੁਸੀਂ ਚਾਹੁੰਦੇ ਹੋ ਉਹ ਰਿਕਾਰਡ ਤੇ ਰਹਿੰਦੀ ਹੈ ਔਰ ਜਿਹੜੀ ਚੀਜ਼ ਤੁਸੀਂ ਨਹੀਂ ਚਾਹੁੰਦੇ ਉਹ ਰਿਕਾਰਡ ਤੇ ਨਹੀਂ ਰਹਿੰਦੀ।

**ਸ੍ਰੀ ਸਪੀਕਰ**: ਟ੍ਰੈਜ਼ਰੀ ਬੈਂਚਿਜ਼ ਵਲੋਂ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਵਿਚ ਜਦੋਂ ਟੰਡਨ ਸਾਹਿਬ ਆਉਂਦੇ ਹਨ ਉਸ ਵੇਲੇ ਜਿਸ ਤਰ੍ਹਾਂ ਤੁਸੀਂ ਕਹਿੰਦੇ ਹੋ ਉਸੇ ਤਰ੍ਹਾਂ ਹੀ ਉਹ ਤੁਹਾਨੂੰ

Original with;
Punjab Vidhan Sabha
Digitized by;
Panjab Digital Library

ਖੁਲ੍ਹਾ ਟਾਈਮ ਦਿੰਦੇ ਹਨ। ਇਸੇ ਲਈ ਹੀ ਸੈਂਟਰਡੇ ਨੂੰ ਵੀ ਸੈਸ਼ਨ ਰਖਿਆ ਗਿਆ ਹੈ। ਟਾਈਮ ਬਹੁਤ ਵੱਧ ਦਿੱਤਾ ਗਿਆ ਹੈ। ਪਿਛਲੇ ਚਾਰ ਪੰਜ ਸਾਲਾਂ ਵਿਚ ਜੋ ਰਵਾਇਤ ਰਹੀ ਹੈ ਉਸ ਨਾਲੋਂ ਹੁਣ ਕਿਤੇ ਵੱਧ ਟਾਈਮ ਦਿੱਤਾ ਗਿਆ ਹੈ। ਜੇ ਤੁਸੀਂ ਚੇਅਰ ਦੀ ਰੂਲਿੰਗ ਡਿਸਕਸ ਕਰੋਗੇ ਤਾਂ ਕਿਸ ਤਰ੍ਹਾਂ ਨਾਲ ਹਾਊਸ ਚਲ ਸਕੇਗਾ (ਵਿਘਨ)

**ਸਰਦਾਰ ਉਮਰਾਓ ਸਿੰਘ** : ਜਿਹੜੀ ਮੋਸ਼ਨ ਤੁਸੀਂ ਮੂਵ ਕੀਤੀ ਹੈ ਉਹ ਆਊਟ ਆਫ ਆਰਡਰ ਹੈ। ਮੋਸ਼ਨ ਆਫ ਸਸਪੈਨਸ਼ਨ ਕਿਸ ਤਰ੍ਹਾਂ ਹੋਣੀ ਚਾਹੀਦੀ ਹੈ। ਉਹ ਸ਼ਕਧਰ ਦੇ ਰੂਲ 270 ਅਧੀਨ ਹੋਣੀ ਚਾਹੀਦੀ ਹੈ।

If at any stage . . .

**Mr. Speaker** : You read the rules of the Punjab Vidhan Sabha and not of the Lok Sabha.

**Sardar Umrao Singh** : I am reading from the commentry of Kaul and Shakdher.

**Mr. Speaker** : That commentary relates to a different subjects. It is on the Lok Sabha rules. You kindly read Punjab Vidhan Sabha Rules.

**Sardar Umrao Singh** : It is a Parliamentary Practice.

**Mr. Speaker** : It is not relevant.

**Sardar Umrao Singh** : You kindly allow me to read it.

> "If at any stage, the Chair is of the opinion that the conduct of a member is grossly disorderly, the member may be directed to withdraw immediately from the House. A member who disregards the authority of the Chair or abuses the rules of the House by persistent and wilful obstruction of the business before the House, may be named by the Chair and later suspended from the service of the House on a motion moved by a member and adopted by the House".

There is no mention that the member should be suspended from the service of the House. This is my submission.

**Mr. Speaker** : The Commentry of Kaul and Shakdher relates to the existing rules in the Lok Sabha. The rules of the Punjab Vidhan Sabha are as under—

> "91. (1) The Speaker shall preserve order and have all powers necessary for the purpose of enforcing his decisions of all points of order.
>
> (2) He may direct any member whose conduct is, in his opinion, grossly disorderly to withdraw immediately from the House and any member so ordered to withdraw shall do so forthwith and shall absent himself during the remainder of the day's meeting. If any member is ordered to withdraw a second time in the Session, the Speaker may direct the member to absent himself from the meetings of the House for any period not longer than the remainder of the Session and the member so, directed shall absent himself accordingly. Such member shall be deemed to be absent from the meetings of the House for purposes of section 3(2)(a) of the Punjab Legislative Assembly (Allowances of Members ) Act."

Original with;
Punjab Vidhan Sabha
Digitized by;
Panjab Digital Library

[Mr. Speaker]

The Speaker has the over-riding power to suspend or interpret any of these rules.

**Sardar Umrao Singh** : There is no mention about the suspension of rules. There is no mention about the suspension of a member.

**Mr. Speaker** : Under rules, I have given him permission.

**ਸਰਦਾਰ ਗੁਰਦਰਸ਼ਨ ਸਿੰਘ** : ਆਨ ਏ ਪੁਆਇੰਟ ਆਫ਼ ਆਰਡਰ, ਸਰ। ਇਹ ਰੂਲ 97 ਦਾ ਜ਼ਿਕਰ ਕਰ ਰਹੇ ਹਨ। ਤੁਹਾਡੀ ਪ੍ਰਾਇਮਰੀ ਡਿਊਟੀ ਹੈ ਕਿ ਪਹਿਲਾਂ ਮੈਂਬਰ ਨੂੰ ਕਹੋ ਔਰ ਵਿਦਡਰਾ ਕਰਾਇਆ ਜਾਏ। ਜੇ ਉਹ ਇਸ ਤਰ੍ਹਾਂ ਨਹੀਂ ਕਰਦੇ ਤਾਂ ਫਿਰ ਤੁਸੀਂ ਮੈਂਬਰ ਨੂੰ ਕਾਲ ਅਪਾਨ ਕਰੋ।

The member so told that he is being suspended, shall withdraw from the House. If he dis-allows your orders, only then a motion can be moved. This is in rule 97.

**Sri A. Vishwanathan** : Rule 98 no doubt follows Rule 97, but it is independent of rule 97.

"In the case of grave disorder arising in the House, the Speaker may, if he thinks necessary to do so, adjourn the House or suspend any sitting for a time to be named by him".

You cannot say how he thinks fit. He can put it up to the vote of the House that such and such member shall be suspended for the rest of the Session. (*Interruption*).

**Sardar Gurdarshan Singh**: It is to adjourn the House. (interruption).

**Mr. Speaker** : In all matters, the House is supreme.

**Sardar Umrao Singh** : You kindly adjourn the House for 15 minutes.

(*Voices: No, no*)

**ਸਰਦਾਰ ਸਰੂਪ ਸਿੰਘ** : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਇੱਕ ਮੋਸ਼ਨ ਸ੍ਰੀ ਵਿਸ਼ਵਨਾਥਨ ਵਲੋਂ ਆਈ ਹੈ। ਉਨ੍ਹਾਂ ਦੇ ਦਿਮਾਗ ਵਿਚ ਕੋਈ ਐਸੀ ਗਲ ਨਹੀਂ ਔਰ ਨਾ ਹੀ ਕਿਸੇ ਨਾਲ ਵੈਰ ਹੈ। ਤੁਸੀਂ ਵੀ ਤਿੰਨ ਚਾਰ ਵਾਰੀ ਰੂਲਜ਼ ਪੜ੍ਹ ਕੇ ਸੁਣਾਏ ਹਨ। ਇਨ੍ਹਾਂ ਨੇ ਤਾਂ ਅਲਾਹਾਬਾਦ ਕੋਰਟ ਦਾ ਫੈਸਲਾ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ, ਫਿਰ ਇਹ ਮਾੜੇ ਮੋਟੇ ਰੂਲ ਨੂੰ ਕੀ ਸਮਝਦੇ ਹਨ। ਸ੍ਰੀ ਵਿਸ਼ਵਨਾਥਨ ਨੇ ਜੋ ਮੋਸ਼ਨ ਮੂਵ ਕੀਤੀ ਹੈ, ਇਸ ਨੂੰ ਡਿਸਕਸ ਕਰੋ ਔਰ ਫਿਰ ਕੋਈ ਫੈਸਲਾ ਲੈਣਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਇਸ ਵੇਲੇ ਡਾਂਗ ਸਾਹਿਬ ਮਹਿਸੂਸ ਕਰਦੇ ਹਨ ਔਰ ਇਨ੍ਹਾਂ ਦਾ ਦਿਲ ਵੀ ਕਰਦਾ ਹੈ ਪਰ ਪਤਾ ਨਹੀਂ ਕਿਹੜੀ ਗਲ ਨੇ ਇਨ੍ਹਾਂ ਨੂੰ ਰੋਕਿਆ ਹੋਇਆ ਹੈ। ਸਪੀਕਰ ਸਾਹਿਬ, ਮੈਂ ਇਹ

Original with;
Punjab Vidhan Sabha
Digitized by;
Panjab Digital Library

ਕਹਿਣਾ ਚਾਹੁੰਦਾ ਹਾਂ ਕਿ ਜੇਕਰ ਇਹ ਮੁਆਫੀ ਮੰਗ ਲੈਣ ਤਾਂ ਤੇ ਠੀਕ ਹੈ ਨਹੀਂ ਤਾਂ ਫਿਰ ਅਗਲੀ ਕਾਰਵਾਈ ਹੋਣੀ ਚਾਹੀਦੀ ਹੈ।

**ਡਾਕਟਰ ਕੇਵਲ ਕ੍ਰਿਸ਼ਨ:** ਸਪੀਕਰ ਸਾਹਿਬ, ਵਿਸ਼ਵਨਾਥਨ ਜੀ ਨੇ ਤੁਹਾਡੀ ਇਜਾਜ਼ਤ ਨਾਲ ਮੋਸ਼ਨ ਲਿਆਂਦੀ ਹੈ। ਉਸ ਦੇ ਬਾਅਦ ਰੂਲ ਪੜ੍ਹ ਕੇ ਸੁਣਾਏ ਗਏ। ਰੂਲਜ਼ ਵਿਚ ਬੜਾ ਕਲੀਅਰ ਹੈ। ਸਪੀਕਰ ਨੂੰ ਪਹਿਲਾਂ ਕਹਿਣਾ ਚਾਹੀਦਾ ਹੈ ਕਿ ਤੁਸੀਂ ਹਾਊਸ ਨੂੰ ਆਬਸਟਰੱਕਟ ਕਰ ਰਹੇ ਹੋ ਤੁਹਾਡਾ ਬੀਹੇਵੀਅਰ ਠੀਕ ਨਹੀਂ ਹੈ ਅਤੇ ਫਿਰ ਨੇਮ ਕਰਨਾ ਚਾਹੀਦਾ ਹੈ, ਫਿਰ ਵਿਦ-ਡਰਾ ਕਰਨ ਵਾਸਤੇ ਕਹਿਣਾ ਚਾਹੀਦਾ ਹੈ। ਲੇਕਿਨ ਇਸ ਦੇ ਬਾਵਜੂਦ ਵੀ ਮੈਂ ਮਹਿਸੂਸ ਕਰਦਾ ਹਾਂ ਕਿ ਹਾਊਸ ਇਜ਼ ਸੁਪਰੀਮ। ਅਗਰ ਸਪੀਕਰ ਸਾਹਿਬ ਦੇ ਕਹਿਣ ਦੇ ਬਾਵਜੂਦ ਵੀ ਹਾਊਸ ਵਿਚ ਕੋਈ ਮੋਸ਼ਨ ਲਿਆਂਦੀ ਜਾਂਦੀ ਹੈ ਤਾਂ ਸਪੀਕਰ ਨੂੰ ਹਾਊਸ ਦੇ ਅੱਗੇ ਝੁਕਣਾ ਪਵੇਗਾ। He is servant of the House and not master of the House.

ਮੈਂ ਬੇਨਤੀ ਕਰਾਂਗਾ ਕਿ ਜੋ ਸਿਚੂਏਸ਼ਨ ਇਸ ਵੇਲੇ ਕਰੀਏਟ ਹੋਈ ਹੈ ਅਤੇ ਜਿਸ ਐਟ-ਮੋਸਫੀਅਰ ਵਿਚ ਇਹ ਮੋਸ਼ਨ ਲਿਆਂਦੀ ਗਈ ਹੈ ਉਸ ਦੇ ਪਿੱਛੇ ਦੋ ਗੱਲਾਂ ਹਨ। ਇਕ ਚੀਜ਼ ਤਾਂ ਇਹ ਕਿ ਅਸੀਂ ਫੰਡਾਮੈਂਟਲੀ ਮੰਨਦੇ ਹਾਂ ਕਿ ਇਸ ਹਾਊਸ ਦਾ ਡੈਕੋਰਮ ਅਤੇ ਡਿਗਨਿਟੀ ਕਾਇਮ ਰਹਿਣੀ ਚਾਹੀਦੀ ਹੈ। ਇਸ ਨਾਲ ਹਾਊਸ ਦੇ ਸਾਰੇ ਮੈਂਬਰ ਸਾਹਿਬਾਨ ਸਹਿਮਤ ਹੋਣਗੇ। ਇਥੇ ਰੌਲਾ ਕਿਉਂ ਪਿਆ? ਔਰ ਇਥੇ ਮੈਂਬਰ ਐਜੀਟੇਟ ਕਿਉਂ ਹੋਏ? ਉਹ ਇਸ ਕਰਕੇ ਕਿਉਂਕਿ ਜਿਸ ਤਰ੍ਹਾਂ ਪੰਜਾਬ ਵਿਚ ਕੋਈ ਐਸਾ ਇੰਸੀਡੈਂਟ ਹੋ ਜਾਵੇ (ਵਿਘਨ)

**ਸ੍ਰੀ ਸਪੀਕਰ:** ਪਰ ਹਾਊਸ ਵਿਚ ਗਲ ਕਰਨ ਦੇ ਵੀ ਤਰੀਕੇ ਹਨ। ਤੁਹਾਨੂੰ ਹਰ ਲੈਟੀਚਿਊਡ ਦਿੱਤਾ ਗਿਆ ਹੈ।

**ਡਾਕਟਰ ਕੇਵਲ ਕ੍ਰਿਸ਼ਨ:** ਜੋ ਬਾਹਿਰ ਇੰਸੀਡੈਂਟ ਹੁੰਦਾ ਹੈ ਉਸ ਦਾ ਹਾਊਸ ਵਿਚ ਰਿਫਲੈਕਸ਼ਨ ਹੁੰਦਾ ਹੈ। ਹਾਊਸ ਦੇ ਮੈਂਬਰ ਸਟੇਟ ਨੂੰ ਰਿਪਰੀਜ਼ੈਂਟ ਕਰਦੇ ਹਨ। ਉਹ ਐਜੀਟੇਟ ਹੋ ਗਏ। (ਵਿਘਨ) ਤੁਹਾਡੀ ਰੂਲਿੰਗ ਦੇ ਬਾਅਦ, ਡਸੀਜ਼ਨ ਦੇ ਬਾਅਦ ਮੈਂਬਰਜ਼ ਪੁਆਇੰਟ ਆਫ ਆਰਡਰ ਦੇ ਨਾਲ ਆਪਣੇ ਸੈਂਟੀਮੈਂਟਸ ਵਾਇਉਲੇਟ ਕਰਨ ਦੀ ਕੋਸ਼ਿਸ਼ ਕਰਦੇ ਹਨ। ਤੁਸੀਂ ਜਿਸ ਚੀਜ਼ ਨੂੰ ਅਲਾਓ ਕਰ ਦਿੰਦੇ ਹੋ ਉਹ ਪਰੈਸ ਵਿਚ ਆ ਜਾਂਦੀ ਹੈ ਪਰ ਕਈ ਵਾਰੀ ਤੁਸੀਂ ਅਲਾਓ ਨਹੀਂ ਕਰਦੇ ਤਾਂ ਵੀ ਉਹ ਨੋ ਪੁਆਇੰਟ ਆਫ ਆਰਡਰ ਬਣਕੇ ਖਤਮ ਹੋ ਜਾਂਦਾ ਹੈ। ਇਸ ਤੋਂ ਪਹਿਲਾਂ ਹੀ ਕਈ ਵਾਰੀ ਮੈਂਬਰ ਐਜੀਟੇਟ ਹੋਏ ਹਨ ਪਰ ਉਨ੍ਹਾਂ ਨੂੰ ਸ਼ਾਂਤ ਕਰਨ ਲਈ ਇਸ ਹਾਊਸ ਵਿਚ ਪ੍ਰੰਪਰਾ ਰਹੀ ਹੈ ਕਿ ਚੀਫ ਮਨਿਸਟਰ ਸਾਹਿਬ ਇੰਟਰਵੀਨ ਕਰਕੇ ਸਾਰੇ ਹਾਲਾਤ ਤੇ ਰੋਸ਼ਨੀ ਪਾ ਕੇ ਉਨ੍ਹਾਂ ਨੂੰ ਪੈਸੀਫਾਈ ਕਰਦੇ ਰਹੇ ਹਨ। ਹੁਣ ਅੱਜ ਦੇ ਐਟਮੋਸਫੀਅਰ ਵਿਚ ਦੋ ਗੱਲਾਂ ਹਨ। ਪਹਿਲੀ ਗੱਲ ਤਾਂ ਇਹ ਕਿ ਸਟੇਟਮੈਂਟ ਦੇਣ ਵਾਸਤੇ ਚੀਫ ਮਨਿਸਟਰ ਸਾਹਿਬ ਉਠਣਾ ਚਾਹੁੰਦੇ ਸਨ ਪਰ ਤੁਸੀਂ ਕਿਹਾ ਕਿ ਰਹਿਣ ਦਿਉ ਫਿਰ ਹੋ ਜਾਵੇਗਾ। ਪਰ ਉਸਦੇ ਬਾਅਦ ਉਨ੍ਹਾਂ ਨੇ ਛੋਟੀ ਜਿਹੀ ਸਟੇਟਮੈਂਟ ਦਿੱਤੀ ਅਤੇ ਉਹ ਵੀ ਐਸੀ ਸਟੇਟਮੈਂਟ ਜਿਸ ਦੇ ਨਾਲ ਸਾਨੂੰ ਕੋਈ ਖੁਸ਼ੀ ਨਹੀਂ ਹੋਈ। ਅਗਰ ਕੋਈ ਮੂਵਮੈਂਟ ਸਟੇਟ ਵਿਚ ਚਲਦੀ ਹੈ ਅਤੇ ਲੋਕ ਵਾਇਉਲੈਂਟ ਹੁੰਦੇ ਹਨ (ਵਿਘਨ)

**ਸ੍ਰੀ ਸਪੀਕਰ:** ਜਿਹੜਾ ਇਸ਼ੂ ਹਾਊਸ ਦੇ ਸਾਹਮਣੇ ਹੈ, ਤੁਸੀਂ ਉਸ ਉਤੇ ਗੱਲ ਕਰੋ।

Original with;
Punjab Vidhan Sabha
Digitized by;
Panjab Digital Library

ਡਾਕਟਰ ਕੇਵਲ ਕ੍ਰਿਸ਼ਨ : ** ** **

**Mr. Speaker :** Reference to the Police and other matters is expunged.

**ਡਾਕਟਰ ਕੇਵਲ ਕ੍ਰਿਸ਼ਨ :** ਐਨੇ ਮੈਂਬਰਾਂ ਨੂੰ ਹਾਊਸ ਵਿਚੋਂ ਕਢਣਾ, ਸਸਪੈਂਡ ਕਰਨਾ, ਠੀਕ ਨਹੀਂ ਹੈ। (ਵਿਘਨ) ਐਨੇ ਮੈਂਬਰ ਅੱਗੇ ਕਦੇ ਯਕਦਮ ਸਸਪੈਂਡ ਨਹੀਂ ਕੀਤੇ ਗਏ। ਕੁਝ ਪਰਟੀਕੁਲਰ ਮੈਂਬਰ ਦੇ ਖਿਲਾਫ ਪ੍ਰਿਵਿਲਜ ਮੋਸ਼ਨ ਆਉਂਦੀ ਰਹੀ ਹੈ ਪਰ ਯਕਦਮ ਐਨੇ ਮੈਂਬਰਾਂ ਨੂੰ ਕਦੇ ਨਹੀਂ ਕੱਢਣ ਲਈ ਕਿਹਾ। ਇਸ ਲਈ ਮੈਂ ਰਿਕੁਐਸਟ ਕਰਾਂਗਾ ਕਿ ਇਸਤੇ ਦੁਬਾਰਾ ਗੌਰ ਕਰ ਲਿਆ ਜਾਵੇ ਅਤੇ ਹਾਊਸ ਨੂੰ ਕੁਝ ਸਮੇਂ ਲਈ ਐਡਜਰਨ ਕੀਤਾ ਜਾਵੇ।

**ਸ੍ਰੀ ਰਮੇਸ਼ ਚੰਦਰ :** ਸਪੀਕਰ ਸਾਹਿਬ, ਇਹ ਜਿਹੜੇ ਸਾਡੇ ਭਰਾ ਧਰਨਾ ਮਾਰਕੇ ਬੈਠੇ ਹੋਏ ਹਨ, ਇਨ੍ਹਾਂ ਨੂੰ ਸਮਝਾਉਣਾ ਬੇਕਾਰ ਹੈ ਕਿਉਂਕਿ ਇਨ੍ਹਾਂ ਨੂੰ ਜਮਹੂਰੀਅਤ ਵਿਚ ਵਿਸ਼ਵਾਸ ਨਹੀਂ ਰਿਹਾ। (ਤਾੜੀਆਂ) ਇਹ ਜਮਹੂਰੀ ਤਰੀਕੇ ਨਾਲ ਚੁਣ ਕੇ ਆਏ ਹਨ, ਇਨ੍ਹਾਂ ਨੇ ਸਹੁੰ ਖਾਧੀ ਹੈ ਸਟਰੈਟੇਜੀ ਦੀ (ਵਿਘਨ) ਇਹ ਰੱਬ ਨੂੰ ਨਹੀਂ ਮੰਨਦੇ। ਇਹ ਦੇਸ਼ ਦੇ ਵਫਾਦਾਰ ਨਹੀਂ ਹਨ। ਇਹ ਸਾਰੀਆਂ ਇਨਸਟਰਕਸ਼ਨਜ਼ ਦੂਸਰੇ ਮੁਲਕਾਂ ਤੋਂ ਲੈ ਕੇ ਆਏ ਹਨ ਅਤੇ ਉਸ ਦੇ ਮੁਤਾਬਿਕ ਹੀ ਇਹ ਕੰਮ ਕਰ ਰਹੇ ਹਨ। (ਵਿਘਨ) ਇਨ੍ਹਾਂ ਦਾ ਕੰਮ ਸਬਵਰਸ਼ਨ ਹੈ। ਇਹ ਜਮਹੂਰੀਅਤ ਨੂੰ ਤਬਾਹ ਕਰਨਾ ਚਾਹੁੰਦੇ ਹਨ। (ਝੂਠ, ਝੂਠ ਦੀਆਂ ਆਵਾਜ਼ਾਂ) ਇਸ ਗੱਲ ਦਾ ਫੈਸਲਾ ਹੋ ਜਾਣਾ ਚਾਹੀਦਾ ਹੈ ਕਿ ਆਇਆ ਇਨ੍ਹਾਂ ਨੇ ਰੂਲਜ਼ ਦੇ ਮੁਤਾਬਿਕ ਕੰਮ ਕਰਨਾ ਹੈ ਜਾਂ ਨਹੀਂ। (ਵਿਘਨ)

(ਇਸ ਸਮੇਂ ਸ੍ਰੀ ਸਪੀਕਰ ਨੇ ਸਰਦਾਰ ਦਲੀਪ ਸਿੰਘ ਪਾਂਧੀ ਨੂੰ ਬੋਲਣ ਦੀ ਆਗਿਆ ਦਿਤੀ।)

**ਕਾਮਰੇਡ ਸੱਤ ਪਾਲ ਡਾਂਗ :** ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ, ਸਰ। (ਵਿਘਨ)

**ਸ੍ਰੀ ਸਪੀਕਰ :** ਉਨ੍ਹਾਂ ਨੇ ਤੁਹਾਡਾ ਨਾਮ ਨਹੀਂ ਲਿਆ।

**ਕਾਮਰੇਡ ਸੱਤ ਪਾਲ ਡਾਂਗ :** ਉਨ੍ਹਾਂ ਨੇ ਸਾਡੇ ਬਾਰੇ ਗੱਲ ਕੀਤੀ ਹੈ। (ਵਿਘਨ)

**ਸਰਦਾਰ ਉਮਰਾਓ ਸਿੰਘ :** ਇਹ ਮਾਮਲਾ ਪਰਸਨਲ ਵੀ ਹੈ ਅਤੇ ਪਾਰਟੀ ਦਾ ਵੀ ਹੈ। (ਵਿਘਨ) (ਸ਼ੋਰ)

**ਸਰਦਾਰ ਦਲੀਪ ਸਿੰਘ ਪਾਂਧੀ:** ਸਪੀਕਰ ਸਾਹਿਬ, ਮੈਂ ਇਸ ਬਹਿਸ ਵਿਚ ਨਹੀਂ ਪੈਂਦਾ। (ਵਿਘਨ) ਸਪੀਕਰ ਸਾਹਿਬ ਹਾਊਸ ਦੇ ਗਾਰਡੀਅਨ ਹਨ ਅਤੇ ਮਾਸਟਰ ਹਨ। ਸਪੀਕਰ ਦੀ ਰੂਲਿੰਗ ਨੂੰ ਮੰਨਣਾ ਹਾਊਸ ਦਾ ਫਰਜ਼ ਹੈ।

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰਜ਼ ਬੋਲਣ ਲਈ ਖੜੇ ਹੋਏ ਅਤੇ ਸਦਨ ਵਿਚ ਬਹੁਤ ਸ਼ੋਰ ਸੀ।)

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਮੈਂ ਰੂਲ 97 ਪੜ੍ਹਕੇ ਸੁਣਾਉਂਦਾ ਹਾਂ। ਉਹ ਇਸ ਤਰ੍ਹਾਂ ਹੈ:

"97. (1) The Speaker shall preserve order and have all powers necessary for the purpose of enforcing his decisions on all points of order."

'ਸ਼ੈਲ' ਜਨਾਬ ਨੂੰ ਮੈਨਡੇਟਰੀ ਪਾਵਰਜ਼ ਦਿੰਦਾ ਹੈ।

Rule 97(2) further says :

"He may direct any member whose conduct is, in his opinion grossly disorderly to withdraw immediately from the House and any member so ordered to withdraw shall do so forthwith and shall absent himself during the remainder of the days meetings.."

ਇਥੇ ਲਫਜ਼ 'ਮੇ' ਵਰਤਿਆ ਗਿਆ ਹੈ ਅਤੇ ਸ਼ੈਲ ਨਹੀਂ ਵਰਤਿਆ ਗਿਆ। ਇਹ ਤੁਹਾਡੀ ਡਿਸਕਰੀਸ਼ਨ ਹੈ। ਜਦ ਜਨਾਬ ਦਾ ਹੁਕਮ ਹੋ ਜਾਵੇ ਤਾਂ ਉਸ ਮੈਂਬਰ ਨੂੰ ਵਿਦਡਰਾ ਕਰਨਾ ਪਵੇਗਾ। ਜਨਾਬ ਨੂੰ ਇਸ ਰੂਲ ਦੇ ਥੱਲੇ ਬਹੁਤ ਪਾਵਰਜ਼ ਹਨ। ਤੁਹਾਨੂੰ ਡਿਸਕ੍ਰੀਸ਼ਨਰੀ ਪਾਵਰਜ਼ ਹਨ। ਸਪੀਕਰ ਦਾ ਹੁਕਮ ਮੈਂਬਰ ਨੂੰ ਮੰਨਣਾ ਪਵੇਗਾ। ਇਸ ਲਈ ਇਸ ਮੋਸ਼ਨ ਬਾਰੇ ਜਿਹੜਾ ਤੁਸੀਂ ਹੁਕਮ ਦਿੱਤਾ ਹੈ। ਇਹ ਮੋਸ਼ਨ ਮੰਨਣੀ ਚਾਹੀਦੀ ਹੈ। ਇਸ ਦੇ ਸਿਵਾ ਹੋਰ ਕੋਈ ਚਾਰਾ ਨਹੀਂ ਹੈ। ਤੁਸੀਂ ਨਰਮੀ ਦਿਖਾ ਰਹੇ ਹੋ। (ਵਿਘਨ) ਇਥੇ ਸ੍ਰੀ ਰਮੇਸ਼ ਚੰਦਰ ਨੇ ਕਿਹਾ ਸੀ ਕਿ ਇਹ ਬਦਅਮਨੀ ਫੈਲਾ ਰਹੇ ਹਨ। ਇਹ ਧਰਨਾ ਮਾਰਕੇ ਕੰਮ ਨਹੀਂ ਕਰਨ ਦੇਣਾ ਚਾਹੁੰਦੇ। ਇਹ ਡੈਮੋਕਰੇਸੀ ਦੇ ਵਿਰੋਧੀ ਹਨ। ਇਨ੍ਹਾਂ ਨੂੰ ਜਮਹੂਰੀਅਤ ਵਿਚ ਵਿਸ਼ਵਾਸ਼ ਨਹੀਂ ਹੈ। ਇਹ ਡਿਕਟੇਟਰਸ਼ਿਪ ਚਾਹੁੰਦੇ ਹਨ। ਤੁਹਾਨੂੰ ਪਤਾ ਹੈ ਇਨ੍ਹਾਂ ਨੇ ਐਮਰਜੰਸੀ ਲਗਾਕੇ ਕੀ ਕੁਝ ਕੀਤਾ। (ਵਿਘਨ) ਇਸ ਲਈ ਤੁਸੀਂ ਸਖ਼ਤੀ ਨਾਲ ਫੈਸਲਾ ਲਾਗੂ ਕਰੋ। I ਰੂਲ 97 ਨੇ ਜਨਾਬ ਨੂੰ ਪੂਰੇ ਅਧਿਕਾਰ ਦਿੱਤੇ ਹਨ।

**Comrade Satya Pal Dang** : Sir, on a Point of Personal Explanation.

**Mr. Speaker** : I am on my legs. Please sit down.

ਮੈਂ ਬੇਨਤੀ ਕਰਾਂਗਾ ਕਿ ਬਹੁਤ ਕੁਝ ਕਿਹਾ ਗਿਆ ਹੈ ਮੁਮਕਿਨ ਹੈ ਕੁਝ ਜਜ਼ਬਾਤ ਨਾਲ ਕਿਹਾ ਗਿਆ ਹੋਵੇ। ਪਾਵਰਜ਼ ਚੇਅਰ ਕੋਲ ਬਹੁਤ ਹਨ ਪਰ ਮੈਂ ਉਨ੍ਹਾਂ ਨੂੰ ਯੂਜ਼ ਨਹੀਂ ਕਰਨਾ ਚਾਹੁੰਦਾ। ਸਹੀ ਮਾਹਨਿਆਂ ਦੇ ਵਿਚ ਮੈਂ ਚਾਹੁੰਦਾ ਹਾਂ ਕਿ ਡੈਕੋਰਮ ਮੇਨਟੇਨ ਕੀਤਾ ਜਾਵੇ। ਮੈਂ ਚਾਹੁੰਦਾ ਹਾਂ ਕਿ ਪੰਜਾਬ ਦੇ ਵਾਤਾਵਰਨ ਨੂੰ ਬਿਹਤਰ ਬਣਾਇਆ ਜਾਵੇ। ਮੈਂ ਰਿਕੁਐਸਟ ਕਰਨਾ ਚਾਹੁੰਦਾ ਹਾਂ ਕਿ ਜਿਹੜੇ ਮੇਰੇ ਸਾਹਮਣੇ 6 ਮਾਨਯੋਗ ਮੈਂਬਰ ਧਰਨਾ ਮਾਰਕੇ ਬੈਠੇ ਹਨ-ਬਹਿਲ ਸਾਹਿਬ, ਕਾਮਰੇਡ ਲੁੰਬਾ ਜੀ, ਮਾਸਟਰ ਬਾਬੂ ਸਿੰਘ ਜੀ, ਕਾਮਰੇਡ ਦਾਨਾ ਰਾਮ ਜੀ, ਕਾਮਰੇਡ ਮਹਿਤਾਬ ਸਿੰਘ ਜੀ ਅਤੇ ਕਨੇਡੀਅਨ ਜੀ, ਉਹ ਉਠਕੇ ਆਪਣੀਆਂ ਕੁਰਸੀਆਂ ਤੇ ਜਾ ਕੇ ਬੈਠ ਜਾਣ ਤਾਕਿ ਹਾਉਸ ਦਾ ਡੈਕੋਰਮ ਸਹੀ ਮਾਹਨਿਆਂ ਵਿਚ ਮੇਨਟੇਨ ਕੀਤਾ ਜਾਵੇ।

(ਇਸ ਸਮੇਂ ਧਰਨੇ ਤੇ ਬੈਠੇ 6 ਮਾਨਯੋਗ ਮੈਂਬਰਜ਼ ਉਠਕੇ ਆਪਣੀਆਂ ਸੀਟਾਂ ਤੇ ਚਲੇ ਗਏ।)

ਮੈਂ ਇਹ ਵੀ ਰਿਕੁਐਸਟ ਕਰਾਂਗਾ ਕਿ ਜਿਹੜੇ ਆਪੋਜ਼ੀਸ਼ਨ ਪਾਰਟੀਆਂ ਦੇ ਲੀਡਰ ਹਨ, ਜਦੋਂ ਮੈਂ ਹਾਊਸ ਵਿਚੋਂ ਉਠਕੇ ਚੈਂਬਰ ਵਿਚ ਜਾਵਾਂਗਾ ਤਾਂ ਕਿਰਪਾ ਕਰਕੇ ਉਹ ਵੀ ਉਥੇ ਆ ਜਾਣ ਤਾਕਿ ਇਸ ਮਸਲੇ ਤੇ ਵਿਚਾਰ ਕਰ ਲਈ ਜਾਵੇ। (ਤਾੜੀਆਂ)

I will request Sri Vishwanathan that we will take up his motion subsequently. Please accept.

**Sri A. Vishwanathan** : I have no objection, but they have said certain things which I want to clarify..

Original with;
Punjab Vidhan Sabha
Digitized by;
Panjab Digital Library

**Mr. Speaker :** Let it be later. Call Attention Notices, please.

---

## CALL ATTENTION NOTICES UNDER RULE 66

(Serial No. 75)

**Comrade Darshan Singh Canadian**
**Comrade Babu Singh**
**Comrade Dana Ram**
} Sir, I beg to draw the attention of the Government towards a matter of urgent public importance, namely, that a Harijan Basti at Village Kalewal Beet in Block Garhshankar which is situated on the slope of a deep ravine is about to fall into the Khad due to erosion by rains. The matter was referred to Social Welfare Department which had agreed to provide protection and save the abadi. However, nothing has been done by the department despite heavy rains. As the lives and hearths and houses of 100 household, all in danger and wide spread discontent is being generated which can inflame the people's emotions and as the matter is of urgent public importance the Government may be called upon to make a statement in the House.

**ਸਰਦਾਰਨੀ ਸਤਵੰਤ ਕੌਰ ਸੰਧੂ** (ਭਲਾਈ ਮੰਤਰੀ): ਪਿੰਡ ਕਾਲੇਵਾਲ ਬੀਤ, ਬਲਾਕ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਦੀ ਹਰੀਜਨ ਬਸਤੀ ਖੱਡ ਦੀ ਢਲਾਣ ਤੇ ਹੋਣ ਕਰਕੇ ਉਸ ਬਸਤੀ ਨੂੰ ਬਾਰਸ਼ ਦੇ ਕਾਰਣ ਰੁੜਣ ਤੋਂ ਬਚਾਉਣ ਲਈ ਪਿੰਡ ਦੇ ਵਸਨੀਕਾਂ ਵਲੋਂ ਇਕ ਪ੍ਰਤੀ ਬੇਨਤੀ ਮਿਤੀ 29 ਸਤੰਬਰ, 1977 ਨੂੰ ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼ਰੇਣੀਆਂ ਨੂੰ ਪ੍ਰਾਪਤ ਹੋਈ ਸੀ। ਇਸ ਵਿਚ ਪਿੰਡ ਦੇ ਵਸਨੀਕਾਂ ਨੇ ਇਹ ਬੇਨਤੀ ਕੀਤੀ ਸੀ ਕਿ ਇਸ ਕੰਮ ਵਾਸਤੇ ਲੋੜੀਂਦੇ ਫੰਡਜ਼ ਆਦਿ ਦਾ ਪ੍ਰਬੰਧ ਸਮਾਜ ਭਲਾਈ ਵਿਭਾਗ ਕਰੇ। ਇਸ ਪ੍ਰਤੀ ਬੇਨਤੀ ਤੇ ਡਾਇਰੈਕਟਰ, ਭਲਾਈ ਵਲੋਂ ਹਮਦਰਦੀ ਨਾਲ ਵਿਚਾਰ ਕਰਨ ਉਪਰੰਤ ਸਬੰਧਤ ਕਾਰਜਕਾਰੀ ਇੰਜੀਨੀਅਰ, ਲੋਕ ਨਿਰਮਾਣ ਵਿਭਾਗ (ਜਨ ਸਿਹਤ ਸ਼ਾਖਾ) ਨੂੰ ਇਸ ਦੇ ਤਖ਼ਮੀਨੇ, ਅਨੁਸੂਚਿਤ ਜਾਤੀਆਂ ਬਸਤੀ ਸੁਧਾਰ ਸਕੀਮ ਅਧੀਨ, ਤਿਆਰ ਕਰਨ ਲਈ ਕਿਹਾ। ਲੋਕ ਨਿਰਮਾਣ ਵਿਭਾਗ (ਜਨ ਸਿਹਤ ਸ਼ਾਖਾ) ਵਲੋਂ ਇਸ ਕੰਮ ਲਈ 36,100 ਰੁਪਏ ਦੇ ਤਿਆਰ ਤਖ਼ਮੀਨੇ ਮਿਤੀ 22 ਨਵੰਬਰ, 1977 ਨੂੰ ਪ੍ਰਾਪਤ ਹੋਏ ਸਨ। ਪ੍ਰੰਤੂ ਸਾਲ 1977-78 ਦੌਰਾਨ ਇਸ ਸਕੀਮ ਦਾ ਬਜਟ ਉਪਬੰਧ 1.54 ਕਰੋੜ ਰੁਪਏ ਤੋਂ ਘਟਾ ਕੇ 54 ਲੱਖ ਰੁਪਏ ਕਰ ਦਿੱਤਾ ਗਿਆ ਸੀ ਅਤੇ ਇਸ ਕਾਰਨ ਪੈਸੇ ਦੀ ਘਾਟ ਵਜੋਂ ਤਖ਼ਮੀਨੇ ਉਸ ਸਾਲ ਮਨਜ਼ੂਰ ਨਹੀਂ ਕੀਤੇ ਗਏ ਸਨ। ਇਹ ਤਖ਼ਮੀਨੇ ਹੁਣ ਮਨਜ਼ੂਰ ਕਰ ਦਿਤੇ ਗਏ ਹਨ ਅਤੇ ਲੋੜੀਂਦੀ ਰਕਮ ਸਬੰਧਤ ਕਾਰਜਕਾਰੀ ਇੰਜੀਨੀਅਰ ਨੂੰ ਭੇਜੀ ਜਾ ਰਹੀ ਹੈ। ਆਸ ਕੀਤੀ ਜਾਂਦੀ ਹੈ ਕਿ ਇਹ ਕੰਮ ਛੇਤੀ ਹੀ ਪੂਰਾ ਹੋ ਜਾਵੇਗਾ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ**: ਸਪੀਕਰ ਸਾਹਿਬ, ਇਹ ਬਸਤੀ ਕਈਆਂ ਵਰ੍ਹਿਆਂ ਤੋਂ ਖ਼ਤਰੇ ਵਿਚ ਹੈ। ਬਹੁਤ ਸਾਰੇ ਹੋਰ ਡੀਪਾਰਟਮੈਂਟਸ ਨਾਲ ਵੀ ਗਲ ਹੋਈ ਲੇਕਿਨ ਕਿਸੇ ਨੇ ਕੋਈ ਧਿਆਨ ਨਹੀਂ ਦਿੱਤਾ। ਮੈਂ ਬੀਬੀ ਜੀ ਦਾ ਬਹੁਤ ਧੰਨਵਾਦੀ ਹਾਂ ਕਿ ਇਨ੍ਹਾਂ ਦੇ, ਸਮਾਜ ਭਲਾਈ ਵਿਭਾਗ ਨੇ ਇਹ ਕੰਮ ਆਪਣੇ ਹੱਥ ਵਿਚ ਲਿਆ ਹੈ। ਉਥੇ ਲੋਕਾਂ ਦੀ ਜ਼ਿੰਦਗੀ ਨੂੰ ਖ਼ਤਰਾ ਹੈ ਅਤੇ 2 ਬਚੇ ਪਹਿਲਾਂ ਮਰ ਵੀ ਚੁਕੇ ਹਨ। ਹੁਣ ਮੈਂ ਮਨਿਸਟਰ ਸਾਹਿਬਾ ਤੋਂ ਇਹੀ ਪੁੱਛਣਾ ਚਾਹੁੰਦਾ ਹਾਂ ਕਿ ਲੋਕਾਂ ਦੀਆਂ ਜਾਨਾਂ ਬਚਾਉਣ ਲਈ ਕੀ ਆਉਂਦੇ 4-5 ਮਹੀਨਿਆਂ ਵਿਚ ਅਗਲੀ ਆਉਂਦੀ ਬਰਸਾਤ ਤੋਂ ਪਹਿਲਾਂ ਪਹਿਲਾਂ ਇਹ ਕੰਮ ਖ਼ਤਮ ਹੋ ਜਾਵੇਗਾ ?

Original with;
Punjab Vidhan Sabha
Digitized by;
Panjab Digital Library

**ਭਲਾਈ ਮੰਤਰੀ** : ਸਪੀਕਰ ਸਾਹਿਬ, ਅਗਲੀ ਬਰਸਾਤ ਤੋਂ ਪਹਿਲਾਂ ਪਹਿਲਾਂ ਇਹ ਕੰਮ ਖ਼ਤਮ ਹੋ ਜਾਵੇਗਾ ।

**(Serial No. 82)**

**Sardar Sarup Singh**
**Sardar Baldev Singh Mann**
**Principal Om Parkash Bagga** } :Sir, I beg to draw the attention of the Government towards a matter of urgent public importance, namely, adulterated cattle feed has been supplied by a Hamira mill to the owners of the cattle and dairy societies of the area during last two months. This feed has killed about 60 cattle heads of the mill area. The affected poor people approached the Punjab Government authorities in person. But no action has been taken so far and even the owners of the cattle herd have been deprived of the post-mortem reports of the dead cattle. It is causing great heart burning in the area. The Government is requested to make a statement on the floor of the House.

**Minister of State for Transport and Civil Aviation** (Sardar Sukhdev Singh Dhindsa) The Cattle feed was supplied by the Hamira Mills through the contractor. The lot of feed which affected the animals was supplied in the last week of July.

In all twenty five heads of cattle have died due to feed poisoning as per details given below;—

| | | | Cattle dead |
|---|---|---|---|
| 1. | Fatu Dhinga (Kapurthala) | .. | 17 |
| 2. | Hamira(Kapurthala) | .. | 5 |
| 3. | Ima Kazi(Jullundur) | .. | 2 |
| 4. | Pasna (Jullundur) | .. | 1 |

On receipt of information regarding sickness of the animals prompt veterinary aid was rushed to the villages concerned. Sardar Gurbax Singh of village Ima Kazi approached the District Animal Husbandry Officer, Jullundur, on 3rd August, 1978 to report regarding the sickness of the animals. A team of the Veterinary Officers inspected the animals on the same day and blood samples were taken. Similarly, one Balkar Singh of village Fatu Dhinga (Kapurthala) whose buffaloe had died on 4th August, 1978 approached the Veterinary Assistant Surgeon, Kapurthala for post mortem examination which was conducted by the State Bacteriologist on 4th August, 1978 alongwith the District Animal Husbandry Officer, Kapurthala. Since then the affected animals are visited by the Veterinary Officers of this Department regularly and necessary aid is being provided to them. No application or charter of demands was received.

Original with;
Punjab Vidhan Sabha
Digitized by;
Panjab Digital Library

[Minister of State for Transport and Civil Aviation]

The owners of the animals approached the Departmental Officers for treatment of the affected animals and postmortem of the dead animals. The requests for the treatment/postmortem were promptly attended by the concerned Officer.

The samples of blood faecal material, feed were taken by the Bacteriologist, State Sanitary Laboratory at Fatu Dhinga on 4th August, 1978, 14th August, 1978 and 16th August, 1978 at village Hamira. Blood samples were taken by the experts of the Punjab Agricultural University on 16th August, 1978 at village Fatu Dhinga.

As regards animals affected in villages in Ima Kazi and Pasna (Jullundur), the samples were taken by the State Bacteriologist on 3rd August, 1978 and experts of Punjab Agricultural University on 10th August, 1978 and 16th August, 1978. The feed samples were sent to I.V.R.I. on 7th August, 1978 by the State Bacteriologist.

The entire matter will be got examined from a Senior Officer of the Animal Husbandry Department. On receipt of his enquiry report, necessary action will be taken.

**ਸਰਦਾਰ ਸਰਦਾਰ ਸਿੰਘ ਕੋਹਲੀ** : ਆਨ ਏ ਪੁਆਇੰਟ ਆਫ਼ ਆਰਡਰ, ਸਰ।

**ਸ੍ਰੀ ਸਪੀਕਰ** : ਇਸ ਵਿਚ ਪੁਆਇੰਟ ਆਫ਼ ਆਰਡਰ ਵਾਲੀ ਤਾਂ ਕੋਈ ਗਲ ਨਹੀਂ।

**ਸਰਦਾਰ ਸਰਦਾਰ ਸਿੰਘ ਕੋਹਲੀ** : ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਪੰਜਾਬੀ ਵਿਚ ਜਵਾਬ ਦਿਆ ਕਰਨ। ਪੰਜਾਬੀ ਬੋਲਿਆ ਕਰਨ। (ਵਿਘਨ)

**ਸ੍ਰੀ ਸਪੀਕਰ** : ਕੋਹਲੀ ਸਾਹਿਬ, ਕਈ ਮਜਬੂਰੀਆਂ ਹੁੰਦੀਆਂ ਹਨ ਜਿਨ੍ਹਾਂ ਕਾਰਨ ਅੰਗਰੇਜ਼ੀ ਵਿਚ ਜਵਾਬ ਦੇਣਾ ਪੈਂਦਾ ਹੈ। ਫਿਰ ਵੀ ਮੈਂ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਉਹ ਪੰਜਾਬੀ ਵਿਚ ਹੀ ਜਵਾਬ ਦੇਣ ਦੀ ਕੋਸ਼ਿਸ਼ ਕਰਿਆ ਕਰਨ।

**ਰਾਜ ਮੰਤਰੀ**: ਜੇ ਚਾਹੁਣ ਤਾਂ ਪੰਜਾਬੀ ਵਿਚ ਵੀ ਕਾਪੀ ਦੇ ਦਿਆਂਗੇ ਜੀ।

**ਸਰਦਾਰ ਸਰੂਪ ਸਿੰਘ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਇਹ ਮੰਨ ਲਿਆ ਹੈ ਕਿ ਹਮੀਰਾ ਮਿਲ ਠੇਕੇਦਾਰਾਂ ਦੀ ਮਾਰਫਤ ਖੁਰਾਕ ਦਿੰਦੀ ਸੀ ਅਤੇ ਦੁੱਧ ਲੈਂਦੇ ਸੀ। ਜਦੋਂ ਬੁਆਇਲਰ ਬੰਦ ਹੋ ਗਿਆ ਤਾਂ ਉਹ ਤੇਜ਼ਾਬ ਨਾਲ ਸਾਫ਼ ਕੀਤਾ ਗਿਆ। ਉਸ ਦੇ ਕਾਰਨ ਨੁਕਸਾਨ ਹੋਇਆ ਹੈ। ਸਪੀਕਰ ਸਾਹਿਬ, ਉਸ ਦੇ ਨਾਲ ਡੰਗਰ ਮਰ ਗਏ। ਇਕ ਗੁੱਜਰ ਜਿਹੜਾ ਹਮੀਰੇ ਵਿਚ ਰਹਿੰਦਾ ਸੀ ਉਸ ਦੇ ਸਾਰੇ ਹੀ ਡੰਗਰ ਮਰ ਗਏ। ਕੁਝ ਐਸੇ ਡੰਗਰ ਹਨ ਜਿਹੜੇ ਬਿਮਾਰ ਪਏ ਹਨ ਅਤੇ ਉਨ੍ਹਾਂ ਨੂੰ ਬਿਮਾਰ ਪਏ 2 ਮਹੀਨੇ ਹੋ ਗਏ ਹਨ। ਇਕ ਡੰਗਰ ਤੇ 50 ਰੁਪਏ ਰੋਜ਼ ਦਾ ਖਰਚ ਆਉਂਦਾ ਹੈ। ਉਨ੍ਹਾਂ ਨੂੰ ਰੋਜ਼ ਦਾ ਇਕ ਲਾਵੇਂਜਨ ਦਾ ਟੀਕਾ 6 ਰੁਪਏ ਦਾ ਲਗਦਾ ਹੈ। ਇਕ ਟੋਨੇਫਰ ਫੇਨ ਦਾ ਟੀਕਾ 3 ਰੁਪਏ ਦਾ ਰੋਜ਼ ਦਾ ਲਗਦਾ ਹੈ। ਇਕ ਕੈਲਸ਼ੀਅਮ ਦੀ ਬੋਤਲ 16 ਰੁਪਏ ਤੋਂ 18 ਰੁਪਏ ਦੀ ਆਉਂਦੀ ਹੈ। ਗੁਲੂਕੋਜ਼ 9 ਰੁਪਏ ਦਾ ਦੇਣਾ ਪੈਂਦਾ ਹੈ। 10 ਅੰਡੇ, ਡੇਢ ਕਿਲੋ ਦੁੱਧ ਅਤੇ ਇਕ ਛਟਾਂਕ ਕਥਾ ਰੋਜ਼ ਦਾ ਹਰ ਡੰਗਰ ਨੂੰ ਦੇਣਾ ਪੈਂਦਾ ਹੈ ਅਤੇ ਇਸ ਤਰ੍ਹਾਂ 50 ਰੁਪਏ ਰੋਜ਼ ਦਾ ਇਕ ਡੰਗਰ ਦਾ ਖਰਚਾ ਹੈ। ਇਸ ਤੋਂ ਇਲਾਵਾ 2-3 ਮੱਝਾਂ ਮਰ ਵੀ ਗਈਆਂ ਹਨ ਅਤੇ ਬਾਕੀ ਦੇ ਡੰਗਰ ਜੋ ਹਨ ਉਨ੍ਹਾਂ ਤੇ 50 ਰੁਪਏ ਦਾ ਖਰਚ ਆਉਂਦਾ

Original with;
Punjab Vidhan Sabha
Digitized by;
Panjab Digital Library

ਹੈ। ਇਸ ਲਈ ਜਾਂ ਤਾਂ ਮਿਲ ਦੇ ਮਾਲਕਾਂ ਤੋਂ ਇਸ ਦਾ ਕਮਪੈਨਸੇਸ਼ਨ ਲੈ ਕੇ ਦਿਓ ਜਾਂ ਉਸ ਮਿਲ ਦਾ ਲਾਇਸੈਂਸ ਕੈਂਸਲ ਕਰ ਦੇਣਾ ਚਾਹੀਦਾ ਹੈ। ਮਨਿਸਟਰ ਸਾਹਿਬ ਉਨ੍ਹਾਂ ਨੂੰ ਮਜਬੂਰ ਕਰ ਦੇਣ ਕਿ ਉਹ ਇਨ੍ਹਾਂ ਲੋਕਾਂ ਨੂੰ ਕੰਪੈਨਸੇਟ ਕਰਨ ਔਰ ਦਵਾਈਆਂ ਵੀ ਦੇਣ ਅਤੇ ਜਿਹੜਾ ਉਨ੍ਹਾਂ ਦਾ ਨੁਕਸਾਨ ਹੁੰਦਾ ਹੈ ਮੱਝਾਂ ਮਰਨ ਨਾਲ ਕੀ ਉਹ ਵੀ ਕੰਪੈਨਸੇਟ ਕਰਨਗੇ?

**ਰਾਜ ਮੰਤਰੀ**: ਸਪੀਕਰ ਸਾਹਿਬ, ਮੈਂ ਜਵਾਬ ਡਿਟੇਲ ਵਿਚ ਦੇ ਚੁੱਕਾ ਹਾਂ। ਸੈਂਪਲਜ਼ ਭਰੇ ਗਏ ਹਨ ਔਰ ਲਿਬਾਰਟਰੀ ਨੂੰ ਭੇਜੇ ਹੋਏ ਹਨ ਔਰ ਇਨਕੁਆਇਰੀ ਬਿਠਾਉਣੀ ਹੈ। ਜੋ ਵੀ ਉਸ ਦੀ ਰਿਪੋਰਟ ਹੋਵੇਗੀ ਉਸ ਅਨੁਸਾਰ ਐਕਸ਼ਨ ਲਿਆ ਜਾਵੇਗਾ।

(ਕ੍ਰਮ ਨੰ: 89)

**ਕਾਮਰੇਡ ਦਰਸ਼ਨ ਸਿੰਘ ਝਬਾਲ** : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ, ਨਵੇਂ ਬਣਾਏ ਜਾ ਰਹੇ ਮਾਡਲ ਸ਼ਹਿਰ ਮੁਹਾਲੀ (ਸਾਹਿਬਜ਼ਾਦਾ ਅਜੀਤ ਸਿੰਘ ਨਗਰ) ਵਿਖੇ ਵੱਸ ਰਹੇ ਇੰਡਸਟਰੀਅਲਸਟਸ ਅਤੇ ਹੋਰ ਦੁਕਾਨਦਾਰਾਂ ਦਾ ਉਤਸ਼ਾਹ ਵਧਾਉਣ ਲਈ ਕਈ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਕਈਆਂ ਨੂੰ ਸੱਸਤੇ ਪਲਾਟ ਵੀ ਦਿੱਤੇ ਜਾ ਰਹੇ ਹਨ। ਸਰਕਾਰ ਨੇ ਇਹ ਵੀ ਫੈਸਲਾ ਕੀਤਾ ਹੈ ਕਿ ਸ਼ਹਿਰ ਦੀ ਰੌਣਕ ਅਤੇ ਮਹੱਤਤਾ ਵਧਾਉਣ ਲਈ ਪੰਜਾਬ ਦੇ ਦਫਤਰ ਚੰਡੀਗੜ੍ਹ ਤੋਂ ਉਥੇ ਤਬਦੀਲ ਕੀਤੇ ਜਾਣ। ਇਸ ਫੈਸਲੇ ਅਨੁਸਾਰ ਕਈ ਦਫਤਰ ਚੰਡੀਗੜ੍ਹ ਤੋਂ ਮੁਹਾਲੀ ਸ਼ਿਫਟ ਹੋ ਚੁੱਕੇ ਹਨ। ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਦਫਤਰਾਂ ਦੇ ਕਰਮਚਾਰੀਆਂ ਨੂੰ ਜਿਹੜੇ ਚੰਡੀਗੜ੍ਹ ਰਹਿੰਦੇ ਹਨ, ਬਹੁਤ ਤੰਗੀ ਹੈ,। ਉਨ੍ਹਾਂ ਕਰਮਚਾਰੀਆਂ ਨੂੰ ਦਫਤਰ ਆਉਣ ਜਾਣ ਵਿਚ ਵੀ ਬਹੁਤ ਤਕਲੀਫ ਹੋ ਰਹੀ ਹੈ ਅਤੇ ਇਹ ਤਕਲੀਫ ਹੋਰ ਵੱਧ ਗਈ ਹੈ ਜਦੋਂ ਕਿ ਯੂ. ਟੀ. ਸਰਕਾਰ ਨੇ ਫੈਸਲਾ ਕੀਤਾ ਹੈ ਜੋ ਕਰਮਚਾਰੀ ਮੁਹਾਲੀ ਵਿਖੇ ਕੰਮ ਕਰ ਰਹੇ ਹਨ ਉਨ੍ਹਾਂ ਦੀ ਚੰਡੀਗੜ੍ਹ ਵਿਖੇ ਮਕਾਨ ਦੀ ਅਲਾਟਮੈਂਟ ਕੈਂਸਲ ਕੀਤੀ ਜਾਵੇ ਅਤੇ ਅਜਿਹੇ ਕਰਮਚਾਰੀ ਜੋ ਵੇਟਿੰਗ ਲਿਸਟ ਵਿਚ ਹਨ ਉਨ੍ਹਾਂ ਨੂੰ ਮਕਾਨ ਅਲਾਟ ਨਾ ਕੀਤੇ ਜਾਣ। ਕਾਲਜਾਂ ਅਤੇ ਹੋਰ ਕਈ ਸਹੂਲਤਾਂ ਜੋ ਚੰਡੀਗੜ੍ਹ ਵਿਚ ਹਨ ਉਹ ਮੁਹਾਲੀ ਵਿਖੇ ਨਹੀਂ ਹਨ। ਇਸ ਲਈ ਸਰਕਾਰ ਦੇ ਇਸ ਫੈਸਲੇ ਨਾਲ ਮੁਹਾਲੀ ਦੇ ਦਫਤਰਾਂ ਦੇ ਕਰਮਚਾਰੀਆਂ ਨਾਲ ਬੜੀ ਬੇਇਨਸਾਫੀ ਹੋਵੇਗੀ। ਸਰਕਾਰ ਇਸ ਬਾਰੇ ਆਪਣਾ ਸਪੱਸ਼ਟੀਕਰਨ ਦੇਵੇ।

**ਸਿਹਤ ਮੰਤਰੀ** (ਸ੍ਰੀ ਦੇਸ ਰਾਜ): ਸਪੀਕਰ ਸਾਹਿਬ, ਪਹਿਲੀ ਸਰਕਾਰ ਨੇ ਕੁਝ ਦਫਤਰਾਂ ਨੂੰ ਮੁਹਾਲੀ ਸ਼ਿਫ਼ਟ ਕਰਨ ਦਾ ਫੈਸਲਾ ਕੀਤਾ ਸੀ ਔਰ ਉਸ ਫੈਸਲੇ ਦੇ ਅਧੀਨ ਕੁਝ ਦਫ਼ਤਰ ਛੋਟੇ ਮੋਟੇ ਜਿਹੜੇ ਮੁਹਾਲੀ ਦੀ ਡਿਵੈਲਪਮੈਂਟ ਨਾਲ ਤੁਅੱਲਕ ਰਖਦੇ ਹਨ ਮੁਹਾਲੀ ਵਿਚ ਸ਼ਿਫਟ ਕੀਤੇ ਗਏ ਸਨ। ਮੌਜੂਦਾ ਸਰਕਾਰ ਨੇ ਇਸ ਫੈਸਲੇ ਦੇ ਸਾਰੇ ਪੱਖਾਂ ਤੇ ਗੌਰ ਕਰਨ ਦੇ ਬਾਦ ਇਸ ਫੈਸਲੇ ਨੂੰ ਹਾਲ ਦੀ ਘੜੀ ਖਟਾਈ ਵਿਚ ਪਾ ਦਿੱਤਾ ਹੈ ਔਰ ਫੈਸਲਾ ਕੀਤਾ ਹੈ ਕਿ ਕੋਈ ਦਫ਼ਤਰ ਮੁਹਾਲੀ ਨਾ ਸ਼ਿਫਟ ਕੀਤਾ ਜਾਵੇ। ਜਿਥੋਂ ਤਕ ਇਸ ਗਲ ਦਾ ਸਬੰਧ ਹੈ ਕਿ ਇਸ ਸਰਕਾਰ ਦੇ ਹੋਂਦ ਵਿਚ ਆਉਣ ਤੋਂ ਬਾਅਦ ਸਿਰਫ਼ ਐਜੂਕੇਸ਼ਨ ਬੋਰਡ ਦਾ ਦਫ਼ਤਰ ਮੁਹਾਲੀ ਗਿਆ ਹੈ। ਉਹ ਇਕ ਅਟਾਨਮਸ ਬਾਡੀ ਹੈ ਔਰ ਉਨ੍ਹਾਂ ਦਾ ਆਪਣਾ ਅਜ਼ਾਦਾਨਾ ਫ਼ੈਸਲਾ ਸੀ ਔਰ ਬਹੁਤ ਸਾਰੀਆਂ ਗੱਲਾਂ ਨੂੰ ਮੁੱਖ ਰਖਦੇ ਹੋਏ, ਉਹ ਗਏ। ਉਨ੍ਹਾਂ ਕੋਲ ਇਥੇ ਦਰੁਸਤ ਅਕਾਮੋਡੇਸ਼ਨ ਨਹੀਂ ਸੀ ਔਰ ਇਕ ਜਗ੍ਹਾ ਤੇ ਨਹੀਂ ਸੀ ਅਤੇ ਜੋ ਜਗ੍ਹਾ ਸੀ ਉਹ ਕਰਾਏ ਤੇ ਲਈ ਹੋਈ ਸੀ ਅਤੇ ਕਰਾਇਆ ਵੀ ਬਹੁਤ ਜ਼ਿਆਦਾ ਹੈ ਚੰਡੀਗੜ੍ਹ ਦਾ, ਜਿਹੜਾ ਪੈ ਰਿਹਾ ਸੀ। ਇਸ ਤੋਂ ਇਲਾਵਾ ਇਸ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਹਾਲ ਦੀ ਘੜੀ ਕਿਸੇ ਦਫ਼ਤਰ ਨੂੰ ਉਥੇ ਨਾ ਲਿਜਾਇਆ ਜਾਏ। ਮੈਂ ਆਨਰੇਬਲ ਮੈਂਬਰ ਨੂੰ ਇਤਲਾਹ ਦੇਣਾ ਚਾਹੁੰਦਾ ਸੀ। ਬਾਕੀ ਰਿਹਾ ਜੋ ਛੋਟੇ ਮੋਟੇ ਦਫ਼ਤਰ ਪਹਿਲਾਂ

Original with;
Punjab Vidhan Sabha
Digitized by;
Panjab Digital Library

[ਸਿਹਤ ਮੰਤਰੀ]

ਦੇ ਗਏ ਹੋਏ ਹਨ ਉਨ੍ਹਾਂ ਦੇ ਕਰਮਚਾਰੀਆਂ ਦੀਆਂ ਸਹੂਲਤਾਂ ਲਈ ਟਰਾਂਸਪੋਰਟ ਵਿਚ ਵਾਧਾ ਕੀਤਾ ਗਿਆ ਹੈ ਔਰ ਮਜ਼ੀਦ ਵਾਧਾ ਵੀ ਜ਼ੇਰੇਗੌਰ ਹੈ ਔਰ ਜਿਥੋਂ ਤਕ ਸੁਆਲ ਹੈ ਅਲਾਟਮੈਂਟਾਂ ਦੀ ਕੈਂਸਲੇਸ਼ਨ ਦਾ ਜਿਹੜੇ ਮਕਾਨ ਚੰਡੀਗੜ੍ਹ ਵਿਚ ਹਨ ਉਸ ਸਿਲਸਿਲੇ ਵਿਚ ਇਸ ਵਕਤ ਤਕ ਕੋਈ ਕਰਮਚਾਰੀਆਂ ਵਲੋਂ ਰੀਪਰਜ਼ੇਂਟੇਸ਼ਨ ਸਰਕਾਰ ਕੋਲ ਨਹੀਂ ਆਈ ਅਗਰ ਕਿਸੇ ਨੂੰ ਨੋਟਿਸ ਮਿਲਿਆ ਹੋਵੇ, ਅਲਾਟਮੈਂਟ ਕੈਂਸਲ ਕੀਤੀ ਜਾ ਰਹੀ ਹੋਵੇ ਜਾਂ ਕੀਤੀ ਗਈ ਹੋਵੇ। ਮੈਂ ਯਕੀਨ ਦਿਲਾਉਂਦਾ ਹਾਂ ਕਿ ਅਗਰ ਕੋਈ ਅਜਿਹੀ ਚੀਜ਼ ਹੋਈ ਔਰ ਸਰਕਾਰ ਕੋਲ ਰੀਪਰਜ਼ੇਂਟੇਸ਼ਨ ਆਈ ਤਾਂ ਸਰਕਾਰ ਪੂਰੀ ਹਮਦਰਦੀ ਨਾਲ ਉਸ ਤੇ ਗੌਰ ਕਰੇਗੀ।

**ਕਾਮਰੇਡ ਦਰਸ਼ਨ ਸਿੰਘ ਝਬਾਲ** : ਸਪੀਕਰ ਸਾਹਿਬ, ਇਨ੍ਹਾਂ ਦਾ ਬੜਾ ਧੰਨਵਾਦ ਹੈ ਇਨ੍ਹਾਂ ਨੇ ਮੰਨ ਲਿਆ ਹੈ ਕਿ ਅਗੇ ਨੂੰ ਕੋਈ ਦਫ਼ਤਰ ਮੁਹਾਲੀ ਨਹੀਂ ਜਾਏਗਾ। ਇਨ੍ਹਾਂ ਨੇ ਕਿਹਾ ਹੈ ਕਿ ਇਕੋ ਹੀ ਦਫ਼ਤਰ ਗਿਆ ਹੈ ਐਜੂਕੇਸ਼ਨ ਬੋਰਡ ਦਾ ਅਤੇ ਬਾਕੀ ਦੇ ਦਫ਼ਤਰਾਂ ਦੇ ਕਰਮਚਾਰੀਆਂ ਦੀ ਕੋਈ ਰੀਪਰਜੇਂਟੇਸ਼ਨ ਨਹੀਂ ਆਈ ਇਨ੍ਹਾਂ ਕੋਲ। ਸੁਆਲ ਇਹ ਹੈ ਕਿ ਜਦੋਂ ਯੂ. ਟੀ. ਗੌਰਮੈਂਟ ਨੇ ਫੈਸਲਾ ਕੀਤਾ ਕਿ ਜੋ ਇਥੇ ਨਹੀ ਰਹਿਣਗੇ ਉਨ੍ਹਾਂ ਨੂੰ ਅਲਾਟਮੈਂਟ ਮਕਾਨਾਂ ਦੀ ਨਹੀਂ ਹੋਣੀ ਅਤੇ ਪਹਿਲਿਆਂ ਦੀ ਕੈਂਸਲ ਕਰ ਦੇਣੀ ਹੈ। ਜੇਕਰ ਉਹ ਹੁਕਮ ਲਾਗੂ ਹੋ ਗਿਆ, ਸਰਕਾਰ ਉਨ੍ਹਾਂ ਵਾਸਤੇ ਕੀ ਪ੍ਰਬੰਧ ਕਰੇਗੀ ਜਦ ਤਕ ਮੁਹਾਲੀ ਵਿਚ ਕਾਲਜ, ਸਕੂਲਾਂ ਦੀ ਸਹੂਲਤ ਪੂਰੀ ਨਹੀਂ ਮਿਲ ਜਾਂਦੀ ਉਨ੍ਹਾਂ ਚਿਰ ਤਕ ਸਰਕਾਰ ਦਾ ਕੀ ਇੰਤਜ਼ਾਮ ਹੋਵੇਗਾ ?

**ਮੰਤਰੀ** : ਮੈ ਪਹਿਲਾਂ ਹੀ ਜਵਾਬ ਵਿਚ ਗੁਜ਼ਾਰਸ਼ ਕਰ ਦਿਤੀ ਸੀ ਕਿ ਹਾਲੇ ਤਕ ਸਰਕਾਰ ਨੂੰ ਕਿਸੇ ਕਿਸਮ ਦੀ ਕਰਮਚਾਰੀਆਂ ਵੱਲੋਂ ਕੋਈ ਰੀਪਰਜ਼ੇਂਟੇਸ਼ਨ ਨਹੀਂ ਆਈ ਕਿ ਯੂ. ਟੀ. ਸਰਕਾਰ ਨੇ ਕੋਈ ਇਸ ਕਿਸਮ ਦਾ ਫੈਸਲਾ ਕੀਤਾ ਹੈ ਮਕਾਨ ਕੈਂਸਲ ਕਰਨ ਦਾ ਜਾਂ ਕੋਈ ਨੋਟਿਸ ਦਿਤੇ ਹੋਣ। ਅਗਰ ਕੋਈ ਰਿਪਰਜ਼ੇਂਟੇਸ਼ਨ ਆਈ ਤਾਂ ਉਸ ਤੇ ਪੂਰੀ ਹਮਦਰਦੀ ਨਾਲ ਗੌਰ ਕੀਤਾ ਜਾਏਗਾ।

## LEGISLATIVE BUSINESS

### RESOLUTION UNDER ARTICLE 213(2) (a) OF THE CONSTITUTION OF INDIA DISAPPROVING THE PUNJAB AGRICULTURAL PRODUCE MARKETS (AMENDMENT) ORDINANCE, 1978 PUNIAB ORDINANCE NO. 2 OF 1978)

### AND

### THE PUNJAB AGRICULTURAL PRODUCE MARKETS(SECOND AMENDMENT) BILL, 1978

**Mr. Speaker** : Comrade Satya Pal Dang and Sardar Umrao Singh have given notices of disapproving the Punjab Agricultural Produce Markets (Amendment) Ordinance, 1978 (Punjab Ordinance No. 2 of 1978). If the House agrees the notices of disapproval of the Ordinance and the consideration motion of the Punjab Agricultural Produce Markets (Second Amendment) Bill, 1978 be discussed together and voted upon separately.

(*Voices* : *yes, yes.*)

**Sardar Umrao Singh** (Nakodar) : Sir, I beg to move—

That this House disapproves the Punjab Agricultural Produce Markets (Amendment) Ordinance, 1978 (Punjab Ordinance No. 2 of 1978).

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਇਸ ਆਰਡੀਨੈਂਸ ਰਾਹੀਂ ਜਿਹੜਾ ਕਿ ਅੱਜ ਬਿਲ ਦੀ ਸ਼ੇਪ ਵਿਚ ਵੀ ਪੇਸ਼ ਕੀਤਾ ਗਿਆ ਹੈ ਉਸ ਵਿਚ ਸਰਕਾਰ ਵਲੋਂ ਜਿਥੇ ਬੋਰਡ ਦੇ ਮੈਂਬਰਾਂ ਦਾ ਨੰਬਰ ਵੱਧ ਕੀਤਾ ਹੈ ਉਸ ਵਿਚ ਜਿਹੜੇ ਸਰਕਾਰੀ ਨਾਮੀਨੀਜ਼ ਹੋਣੇ ਹਨ ਉਨ੍ਹਾਂ ਦਾ ਨੰਬਰ ਵੀ ਵੱਧ ਕੀਤਾ ਹੈ ਔਰ ਇਸ ਦੇ ਬਾਅਦ ਬੋਰਡ ਦੇ ਅਖਤਿਆਰ ਜਿਹੜੇ ਹਨ ਡੈਲੀਗੇਸ਼ਨ ਦੇ ਕੁਝ ਮਾਰਕੀਟ-ਫ਼ੀਸ ਵਧਾਉਣ ਦੇ ਔਰ ਇਸ ਤੋਂ ਇਲਾਵਾ ਸਟੇਟ ਗੌਰਮੈਂਟ ਵਲੋਂ ਕੋਈ ਅਗਰ ਡਾਇਰੈਕਸ਼ਨ ਆਉਂਦੀ ਹੈ, ਇਹ ਬੜੀ ਕੰਸਟਰਕਟਿਵ ਚੇਂਜ ਹੈ। ਇਸ ਮਾਰਕੀਟਿੰਗ ਬੋਰਡ ਦੇ ਮੁਤਅੱਲਕ ਮੈਨੂੰ ਯਾਦ ਹੈ ਜਦੋਂ ਸਰਦਾਰ ਬਲਵਿੰਦਰ ਸਿੰਘ ਇਧਰ ਬੈਠੇ ਹੁੰਦੇ ਸਨ ਇਹ ਹਮੇਸ਼ਾ ਬੋਰਡ ਨੂੰ ਕ੍ਰਿਟੀਸਾਈਜ਼ ਕਰਦੇ ਰਹੇ ਸਨ ਕਿ ਇਹ ਇਕ ਵਾਈਟ ਐਲੀਫੈਂਟ ਹੈ। ਹੁਣ ਕੀ ਇਹ ਪੰਜਾਬ ਵਿਚ ਹੌਰਸ ਬਣ ਗਿਆ ਹੈ ਜਿਸ ਨੂੰ ਕਿ ਇਸ ਤਰ੍ਹਾਂ ਸ਼ਿੰਗਾਰਿਆ ਜਾ ਰਿਹਾ ਹੈ।

11-16 ਸਵੇਰੇ | (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਇਹ ਉਨ੍ਹਾਂ ਦੇ ਪੈਸੇ ਵਧਾਉਣ ਲਗੇ ਹਨ ਔਰ ਉਸ ਦੇ ਚੇਅਰਮੈਨ ਨੂੰ ਹੋਰ ਅਧਿਕਾਰ ਦੇਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਜਦੋਂ ਉਹ ਆਪ ਇਥੇ ਬੈਠੇ ਕਹਿੰਦੇ ਹੁੰਦੇ ਸਨ ਅੱਜ ਆਪ ਉਸ ਦੇ ਉਲਟ ਕਰਨ ਲਗੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਕੋਈ ਜ਼ਰੂਰਤ ਨਹੀਂ ਪੰਜਾਬ ਐਗਰੀਕਲਚਰਲ ਮਾਰਕੀਟਿੰਗ ਬੋਰਡ ਦੇ ਢਾਂਚੇ ਨੂੰ ਬਦਲਣ ਦੀ, ਇਸ ਦੇ ਮੈਂਬਰ ਜਿਹੜੇ ਹਨ ਉਨ੍ਹਾਂ ਨੂੰ ਇਲੈਕਟਿਵ ਪ੍ਰੋਸੀਜਰ ਨਾਲ ਲੈਣਾ ਚਾਹੀਦਾ ਹੈ। ਜਦੋਂ ਨਾਮੀਨੇਸ਼ਨ ਦਾ ਮਸਲਾ ਆਉਂਦਾ ਹੈ ਤਾਂ ਕੋਈ ਨਾ ਕੋਈ ਕੁਰਪਸ਼ਨ ਹੋ ਜਾਂਦੀ ਹੈ ਅਤੇ ਬੈਕਡੋਰ ਐਂਟਰੀ ਹੋਣ ਲਗ ਜਾਂਦੀ ਹੈ। ਹੁਣੇ ਹੀ ਇਕ ਸੁਆਲ ਦੇ ਜਵਾਬ ਵਿਚ ਪੰਜਾਬ ਡੇਅਰੀ ਡਿਵੈਲਪਮੈਂਟ ਕਾਰਪੋਰੇਸ਼ਨ ਵਿਚ ਕੀ ਹੋ ਰਿਹਾ ਹੈ ਡਾਂਗ ਸਾਹਿਬ ਨੇ ਦਸਿਆ ਹੈ ਉਹ ਤੁਹਾਡੇ ਸਾਹਮਣੇ ਹੈ। ਇਸ ਬੋਰਡ ਵਿਚ ਵੀ, ਮੈਂ ਡਿਫੈਂਡ ਨਹੀਂ ਕਰਦਾ, ਪਹਿਲਾਂ ਕਾਫ਼ੀ ਸ਼ਿਕਾਇਤਾਂ ਰਹੀਆਂ ਹਨ, ਇਸ ਨਾਲ ਬੋਰਡ ਦੇ ਕਰਮਚਾਰੀ ਕੋਈ ਸੰਤ, ਸਾਧੂ ਨਹੀਂ ਹੋ ਜਾਣਗੇ। ਸ਼ਿਕਾਇਤਾਂ ਹੁਣ ਵੀ ਹੋ ਸਕਦੀਆਂ ਹਨ। ਜਦੋਂ ਇਸ ਵਿਚ ਸੋਧਨਾ ਲਿਆਉਣੀ ਹੈ ਤਾਂ ਸਾਨੂੰ ਜ਼ਰੂਰ ਸੋਚਣਾ ਚਾਹੀਦਾ ਹੈ ਕਿ ਐਸੇ ਅਖਤਿਆਰ ਬੋਰਡ ਨੂੰ ਨਾ ਦਿਤੇ ਜਾਣ ਕਿ ਉਹ ਮੈਂਬਰਾਂ ਨੂੰ ਨਾਮੀਨੇਟ ਕਰਨ। ਅਗਰ ਇਹ ਅਖ-ਤਿਆਰ ਦਿਤਾ ਜਾਵੇ ਤਾਂ ਉਹ ਆਪਣੀ ਅਥਾਰਟੀ ਮਿਸਯੂਜ਼ ਕਰ ਸਕਦੇ ਹਨ। ਮੈਂ ਪਹਿਲਾਂ ਡੇਅਰੀ ਡਿਵੈਲਪਮੈਂਟ ਕਾਰਪੋਰੇਸ਼ਨ ਬਾਰੇ ਦਸਿਆ ਹੈ ਅਤੇ ਐਗਰੋ ਇੰਡਸਟਰੀ ਬਾਰੇ ਡਾਂਗ ਸਾਹਿਬ ਨੇ ਬਹੁਤ ਵੱਡੇ ਇਲਜ਼ਾਮ ਲਾਏ ਹਨ ਔਰ ਬਹੁਤ ਸਾਰੀਆਂ ਸ਼ਿਕਾਇਤਾਂ ਹਨ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮਨਿਸਟਰ ਸਾਹਿਬ ਆਪ ਭਾਵੇਂ ਨੌਜਵਾਨ ਹਨ ਔਰ ਉਨ੍ਹਾਂ ਦੇ ਦਿਲ ਵਿਚ ਕਿਸਾਨਾਂ ਵਾਸਤੇ ਖਾਸ ਤੌਰ ਤੇ ਪੇਂਡੂ ਲੋਕਾਂ ਵਾਸਤੇ ਹਮਦਰਦੀ ਹੈ। ਇਹ ਹਾਊਸ ਨੂੰ ਯਕੀਨ ਦਿਲਾਉਣ ਕਿ ਅਸੀਂ ਚੰਗੇ ਢੰਗ ਨਾਲ ਕੰਮ ਚਲਾਵਾਂਗੇ। ਪਰ ਕਈ ਦਫ਼ਾ ਇਨ੍ਹਾਂ ਦੀ ਬੇਬਸੀ ਹੋ ਜਾਂਦੀ ਹੈ। ਇਥੇ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਦਵਾਈਆਂ ਦੇ ਸਕੈਂਡਲ ਦੀ ਇਨਕੁਆਇਰੀ ਕਰਾਂਗੇ। ਨਾਂ ਤਾਂ ਉਹ ਇਨਕੁਆਇਰੀ ਹੋਈ ਹੈ ਅਤੇ ਨਾਂ ਹੀ ਇਸ ਬਾਰੇ ਹਾਊਸ ਨੂੰ ਹੁਣ ਤਕ ਦਸਿਆ ਗਿਆ ਹੈ। ਕਈ ਵਾਰੀ ਪੁਲੀਟੀਕਲ ਪ੍ਰੈਸ਼ਰਜ਼ ਅਤੇ ਪੁੱਲਜ਼ ਐਸੇ ਹੁੰਦੇ ਹਨ ਕਿ ਇਨ੍ਹਾਂ ਦੇ ਵੱਸ ਦੀ ਗੱਲ ਨਹੀਂ ਰਹਿੰਦੀ। ਸਾਨੂੰ ਕਾਨੂੰਨ ਬਣਾਉਣ ਵੇਲੇ ਇਹ ਚੀਜ਼ ਵੇਖਣੀ ਚਾਹੀਦੀ ਹੈ ਕਿ ਕੋਈ ਐਸੀ ਗਲ ਕਾਨੂੰਨ ਵਿੱਚ ਨਾ ਰੱਖੀ ਜਾਵੇ ਜਿਸ ਨਾਲ ਪਾਵਰ ਮਿਸਯੂਜ਼ ਹੋਵੇ।

ਡਿਪਟੀ ਸਪੀਕਰ ਸਾਹਿਬ, ਬੋਰਡ ਦੇ ਮੈਂਬਰ ਵਧਾਉਣ ਦੀ ਕੋਈ ਲੋੜ ਨਹੀਂ। ਸਟੇਟਮੈਂਟ ਆਫ਼ ਆਬਜੈਕਟਸ ਐਂਡ ਰੀਜ਼ਨਜ਼ ਵਿੱਚ ਕੋਈ ਇਸ ਦਾ ਕਾਰਣ ਨਹੀਂ ਦੱਸਿਆ ਗਿਆ ਕੀ ਲੋੜ ਹੈ।

Original with;
Punjab Vidhan Sabha
Digitized by;
Panjab Digital Library

[ਸਰਦਾਰ ਉਮਰਾਓ ਸਿੰਘ]

ਬੋਰਡ ਦੇ ਮੈਂਬਰ ਵਧਾਉਣ ਦੀ? 6 ਸਰਕਾਰੀ ਮੈਂਬਰ ਹਨ ਅਤੇ 9 ਗ਼ੈਰ ਸਰਕਾਰੀ। ਇਨ੍ਹਾਂ 9 ਵਿਚੋਂ 3 ਪਹਿਲਾਂ ਹੀ ਕੱਢ ਦਿੱਤੇ। ਜੇ ਮਾਰਕਿਟ ਕਮੇਟੀਆਂ ਦੀਆਂ ਅਲੈਕਸ਼ਨਾਂ ਹੋਣਗੀਆਂ ਤਾਂ ਹੀ ਇਹ ਆਉਣਗੇ। ਪਤਾ ਨਹੀਂ ਇਨ੍ਹਾਂ ਮਾਰਕਿਟ ਕਮੇਟੀਆਂ ਦੀਆਂ ਅਲੈਕਸ਼ਨਾਂ ਨੂੰ ਦੋ ਸਾਲ ਲੱਗਦੇ ਹਨ ਜਾਂ ਤਿੰਨ ਸਾਲ ਲੱਗਦੇ ਹਨ। ਇਸ ਤਰੀਕੇ ਨਾਲ 6 ਸਰਕਾਰੀ ਮੈਂਬਰ ਹੋਣਗੇ ਅਤੇ 6 ਗ਼ੈਰ ਸਰਕਾਰੀ ਹੋਣਗੇ । ਉਨ੍ਹਾਂ ਗ਼ੈਰ ਸਰਕਾਰੀ ਮੈਂਬਰਾਂ ਦੀ ਕੀ ਵੁੱਕਤ ਹੋਵੇਗੀ ? ਇਹ ਤਾਂ ਬਿਲਕੁਲ ਗਲੋਰੀਫਾਈਡ ਆਫੀਸ਼ੀਅਲ ਡਿਪਾਰਟਮੈਂਟ ਬਣ ਜਾਵੇਗਾ। ਜੋ ਆਫੀਸ਼ੀਅਲ ਡਾਇਰੈਕਟਰਜ਼ ਕਹਿਣਗੇ ਉਹੀ ਹੋਵੇਗਾ। ਫਿਰ ਇਸ ਬੋਰਡ ਨੂੰ ਬਣਾਉਣ ਦਾ ਫਾਇਦਾ ਹੀ ਕੀ ਹੈ ? ਇਸ ਨੂੰ ਕਿਸੇ ਡਿਪਾਰਟਮੈਂਟ ਦਾ ਹੀ ਅੰਗ ਬਣਾ ਦਿੰਦੇ । ਪਰ ਇਹ ਡਿਪਾਰਟਮੈਂਟ ਦਾ ਅੰਗ ਇਸ ਕਰਕੇ ਨਹੀਂ ਬਣਾ ਸਕਦੇ ਕਿਉਂਕਿ ਪੈਸੇ ਜਿਹੜੇ ਮਾਰਕੀਟਿੰਗ ਬੋਰਡ ਨੂੰ ਜਾਂ ਮਾਰਕਿਟ ਕਮੇਟੀਆਂ ਨੂੰ ਆਉਣੇ ਹਨ ਉਹ ਮਾਰਕਿਟ ਫੀਸ ਤੋਂ ਆਉਣੇ ਹਨ। ਇਹ ਕੋਈ ਟੈਕਸ ਨਹੀਂ। ਜਿਹੜੇ ਜਿਣਸ ਖਰੀਦਦੇ ਹਨ ਉਨ੍ਹਾਂ ਤੋਂ ਇਹ ਫੀਸ ਲਈ ਜਾਂਦੀ ਹੈ । ਇਹ ਫੀਸ ਵੀ ਸਵਾ ਦੋ ਰੁਪਏ ਤੋਂ ਤਿੰਨ ਰੁਪਏ ਕੀਤੀ ਜਾ ਰਹੀ ਹੈ। ਇਸ ਦੀ ਵੀ ਵੈਸੇ ਕੋਈ ਲੋੜ ਨਹੀਂ। ਇਹ ਕਹਿੰਦੇ ਹਨ ਕਿ ਸੜਕਾਂ ਬਣਾਉਣੀਆਂ ਹਨ। ਪਰ ਪੰਜਾਬ ਵਿੱਚ ਤਾਂ ਅੱਗੇ ਹੀ ਕਾਫੀ ਸੜਕਾਂ ਬਣੀਆਂ ਹੋਈਆਂ ਹਨ। ਥੋੜ੍ਹੇ ਪਿੰਡ ਹੀ ਰਹਿੰਦੇ ਹੋਣਗੇ ਜਿਥੇ ਸੜਕਾਂ ਨਹੀਂ। ਪਰ ਜੇ ਇਨ੍ਹਾਂ ਨੇ ਇਹ ਕੰਮ ਕਰਨੇ ਹਨ ਤਾਂ ਫਿਰ ਇਹ ਤਿੰਨ ਰੁਪਏ ਵੀ ਥੋੜ੍ਹੇ ਹਨ। ਇਨ੍ਹਾਂ ਨੇ ਫੋਕਲ ਪੁਆਇੰਟ ਬਣਾਉਣੇ ਹਨ। ਹੋਰ ਵੀ ਕੰਮ ਕਰਨੇ ਹਨ। ਪਰ ਇਹ ਚੀਜ਼ਾਂ ਮਾਰਕੀਟ ਫੀਸ ਦੇ ਰਾਹੀਂ ਇਕੱਠੇ ਕੀਤੇ ਪੈਸੇ ਨਾਲ ਨਹੀਂ ਬਣਾਈਆਂ ਜਾ ਸਕਦੀਆਂ। ਹਾਈ ਕੋਰਟ ਦੀ ਰੂਲਿੰਗ ਹੈ ਕਿ ਇਹ ਪੈਸੇ ਉਸੇ ਕੰਮ ਵਾਸਤੇ ਵਰਤੇ ਜਾ ਸਕਦੇ ਹਨ ਜਿਹੜਾ ਕਿ ਕਿਸਾਨਾਂ ਨੂੰ ਕੋਈ ਸਰਵਿਸ ਦੇਵੇ। ਪਰ ਕਿਸਾਨਾਂ ਨੂੰ ਜਿਹੜੀਆਂ ਸਰਵਿਸਿਜ਼ ਦੇਣੀਆਂ ਹਨ, ਉਨ੍ਹਾਂ ਦਾ ਸਕੋਪ ਇਤਨਾ ਵਾਈਡ ਨਹੀਂ ਕਿ ਇਹ ਚੀਜ਼ਾਂ ਵੀ ਬਣਾਈਆਂ ਜਾਣ। ਦੂਸਰੇ ਪਾਸੇ ਸਵਾ ਦੋ ਰੁਪਏ ਤੋਂ ਤਿੰਨ ਰੁਪਏ ਮਾਰਕਿਟ ਫੀਸ ਕਰਨ ਨਾਲ ਪੰਜਾਬ ਵਿੱਚ ਜਿਣਸ, ਸਬਜ਼ੀ, ਦਾਲਾਂ ਹੋਰ ਮਹਿੰਗੀਆਂ ਹੋ ਜਾਣਗੀਆਂ ਅਤੇ ਇਸ ਨਾਲ ਬਹੁੱਤ ਫਰਕ ਪਵੇਗਾ। ਇਸ ਦੇ ਨਾਲ ਨਾਲ ਮੈਂ ਅਰਜ਼ ਕਰਦਾ ਹਾਂ ਕਿ ਕਲਾਜ਼ ਦੋ ਦੀ ਜਿਹੜੀ ਸਬ-ਕਲਾਜ਼ ਦੋ ਹੈ, ਇਸ ਵਿੱਚ ਬੜੀ ਇਤਰਾਜ਼ ਵਾਲੀ ਗੱਲ ਹੈ । ਇਸ ਵਿੱਚ ਲਿਖਿਆ ਹੈ:

> "That the Board may, with the prior approval of the State Government, delegate any of his powers to the Chairman, Secretary or any other Officer."

ਇਹ ਚੀਜ਼ ਬੜੀ ਮਿਸਯੂਜ਼ ਹੋਵੇਗੀ। ਤੁਹਾਡੇ ਸਾਹਮਣੇ ਮੈਂ ਅਰਜ਼ ਕੀਤੀ ਸੀ ਇੱਕ ਸਵਾਲ ਵਿੱਚ ਕਿ ਮੈਨੇਜਿੰਗ ਡਾਇਰੈਕਟਰ ਦੀ ਕੋਈ ਪਾਵਰ ਡੈਲੀਗੇਟ ਨਹੀਂ ਹੋ ਸਕਦੀ। ਪਰ ਡੇਅਰੀ ਡਿਵੈਲਪਮੈਂਟ ਕਾਰਪੋਰੇਸ਼ਨ ਦੇ ਅੰਦਰ ਚੇਅਰਮੈਨ ਨੇ 7-8 ਮਹੀਨੇ ਮੈਨੇਜਿੰਗ ਡਾਇਰੈਕਟਰ ਦੇ ਅਖਤਿਆਰ ਵਰਤੇ। ਹੁੰਦਾ ਕੀ ਹੈ? ਦੋ ਦਿਨਾਂ ਲਈ ਮੈਂਬਰ ਆਉਂਦੇ ਹਨ। ਉਨ੍ਹਾਂ ਨੂੰ ਕਹਿ ਦਿੰਦੇ ਹਨ ਕਿ ਇਹ ਅਖਤਿਆਰ ਆਪਾਂ ਚੇਅਰਮੈਨ ਸਾਹਿਬ ਨੂੰ ਦੇ ਦੇਈਏ। ਬਾਕੀ ਜਿਹੜੇ ਚੇਅਰਮੈਨ ਸਰਕਾਰ ਨਾਮੀਨੇਟ ਕਰਦੀ ਹੈ, ਉਸ ਦੀ ਕੋਈ ਕੁਆਲੀਫਿਕੇਸ਼ਨ ਹੀ ਨਹੀਂ ਰਖੀ ਗਈ। ਮੈਨੂੰ ਖੁਸ਼ੀ ਹੁੰਦੀ ਜੇ ਮਨਿਸਟਰ ਸਾਹਿਬ, ਜਿਨ੍ਹਾਂ ਤੋਂ ਸਾਨੂੰ ਬੜੀਆਂ ਆਸਾਂ ਹਨ, ਇਸ ਬਿਲ ਵਿੱਚ ਚੇਅਰਮੈਨ ਦੀਆਂ ਕੁਆਲੀ-ਫਿਕੇਸ਼ਨਜ਼ ਨਿਯਤ ਕਰਦੇ। ਜਿਹੜੇ ਪੰਚ, ਸਰਪੰਚ ਜਾਂ ਪੰਚਾਇਤ ਸੰਮਤੀਆਂ ਵਿੱਚ ਚੁਣੇ ਮੈਂਬਰ ਹਨ, ਜੇ ਉਹ ਵੀ ਇਸ ਵਿੱਚ ਹੁੰਦੇ ਤਾਂ ਵੀ ਠੀਕ ਸੀ। ਮਾਰਕਿਟ ਕਮੇਟੀਆਂ ਦੇ ਢਾਂਚੇ ਨੂੰ ਬਦਲਣ ਦਾ ਕੋਈ ਯਤਨ ਕਰਦੇ। ਮਾਰਕਿਟ ਕਮੇਟੀਆਂ ਦੇ ਢਾਂਚੇ ਤੇ ਵੀ ਵਿਚਾਰ ਕਰਨ ਦੀ ਲੋੜ ਹੈ। ਮੈਂ ਮਨਿਸਟਰ ਸਾਹਿਬ ਨੂੰ ਤੁਹਾਡੇ ਰਾਹੀਂ ਕਹਾਂਗਾ ਕਿ ਜਿਸ ਢੰਗ ਨਾਲ ਹਿੰਦੁਸਤਾਨ ਵਿੱਚ ਅਲੈਕਸ਼ਨਾਂ ਦਾ ਤਜਰਬਾ ਹੋਇਆ ਹੈ, ਇਹ ਸਿਸਟਮ ਇਤਨਾ ਵੱਧ ਗਿਆ ਹੈ ਕਿ ਕਦੇ ਪੰਚਾਇਤਾਂ ਦੀਆਂ ਅਲੈਕਸ਼ਨਾਂ ਹਨ, ਕਦੇ ਮਾਰਕਿਟ ਕਮੇਟੀਆਂ ਦੀਆਂ ਅਲੈਕਸ਼ਨਾਂ ਹਨ, ਕਦੇ ਪੰਚਾਇਤ ਸੰਮਤੀਆਂ ਦੀਆਂ ਅਲੈਕਸ਼ਨਾਂ ਹਨ, ਕਦੇ ਬੈਂਕਾਂ

Original with;
Punjab Vidhan Sabha
Digitized by;
Panjab Digital Library

ਦੀਆਂ ਅਲੈਕਸ਼ਨਾਂ ਹਨ ਅਤੇ ਕਦੇ ਕੁਆਪਰੇਟਿਵ ਸੋਸਾਇਟੀਆਂ ਦੀਆਂ ਅਲੈਕਸ਼ਨਾਂ ਹਨ । ਸਾਰੇ ਸੀਜ਼ਨ ਅਲੈਕਸ਼ਨ ਸੀਜ਼ਨ ਬਣ ਗਏ ਹਨ। ਪੰਜਾਬ ਦੇ ਲੋਕਾਂ ਨੂੰ ਅਲੈਕਸ਼ਨਾਂ ਵਿਚੋਂ ਹਟਾ ਕੇ ਕਿਸੇ ਚੰਗੇ ਜਾਂ ਕਨਸਟਰਕਟਿਵ ਕੰਮ ਵੱਲ ਲਿਆਓ। ਮਾਰਕਿਟ ਕਮੇਟੀਆਂ ਦੀਆਂ ਜੋ ਅਲੈਕਸ਼ਨਾਂ ਕਰਨੀਆਂ ਹਨ, ਉਨ੍ਹਾਂ ਦਾ ਵੀ ਐਕਟ ਸੋਧਿਆ ਜਾ ਰਿਹਾ ਹੈ। ਉਸ ਤੇ ਵੀ ਵਿਚਾਰ ਕਰਨ ਦੀ ਲੋੜ ਹੈ। ਅਲੈਕਟਿਡ ਐਮ. ਐਲ. ਏ., ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰ, ਸੰਮਤੀ ਦਾ ਮੈਂਬਰ, ਜਿਹੜਾ ਕਿ ਕਾਨੂੰਨ ਦੇ ਮੁਤਾਬਿਕ ਚੁਣਿਆ ਗਿਆ ਹੋਵੇ, ਉਸ ਨੂੰ ਇਸ ਵਿੱਚ ਐਸੋਸ਼ੀਏਟ ਕਰਕੇ ਇਨ੍ਹਾਂ ਮਾਰਕਿਟ ਕਮੇਟੀਆਂ ਵਿੱਚ ਲਿਆਓ ਅਤੇ ਅਲੈਕਸ਼ਨਾਂ ਦੀ ਜਿਹੜੀ ਡੁਪਲੀਕੇਸ਼ਨ ਹੈ, ਉਸ ਤੋਂ ਪੰਜਾਬ ਦੇ ਲੋਕਾਂ ਨੂੰ ਬਚਾਇਆ ਜਾਵੇ ।

**ਸ਼੍ਰੀ ਡਿਪਟੀ ਸਪੀਕਰ** : ਤੁਸੀਂ ਹੁਣ ਵਾਈਂਡ ਅੱਪ ਕਰੋ ਜੀ।

**ਸਰਦਾਰ ਉਮਰਾਓ ਸਿੰਘ** : ਮੈਂ ਬੰਦ ਹੀ ਕਰਨ ਲਗਾ ਹਾਂ ਜੀ। ਮਾਰਕਿਟ ਕਮੇਟੀਆਂ ਦੇ ਸਿਸਟਮ ਨੂੰ ਵੀ ਰਿਫਾਰਮ ਕਰਨ ਦੀ ਲੋੜ ਹੈ। ਇਥੇ ਕਿਹਾ ਗਿਆ ਹੈ ਕਿ ਬੜੀਆਂ ਸ਼ਿਕਾਇਤਾਂ ਆਉਂਦੀਆਂ ਹਨ। ਮੈਂ ਕਹਿੰਦਾ ਹਾਂ ਕਿ ਭਾਵੇਂ ਮਾਰਕਿਟ ਕਮੇਟੀਆਂ ਨਾਮੀਨੇਟਡ ਹੋਣ ਜਾਂ ਅਲੈਕਟਿਡ ਹੋਣ, ਸ਼ਿਕਾਇਤਾਂ ਤਦ ਹੀ ਹਟਾਈਆਂ ਜਾ ਸਕਦੀਆਂ ਹਨ ਜੇ ਇਹ ਐਨਸ਼ੋਰ ਕੀਤਾ ਜਾਵੇ ਕਿ ਮਾਰਕਿਟ ਕਮੇਟੀਆਂ ਦੇ ਮੈਂਬਰਾਂ ਦੀ ਇਨਟੈਗਰਿਟੀ ਅੱਬਵ ਡਾਊਟ ਹੋਵੇ। ਪਾਵਰ ਜਿਤਨੀ ਵੀ ਵੱਧ ਤੋਂ ਵੱਧ ਦਿੱਤੀ ਜਾਵੇ ਉਹ ਮਿਸਯੂਜ਼ ਹੁੰਦੀ ਹੈ। ਪੈਸੇ ਜਿਹੜੇ ਇਹ ਵਧਾਏ ਗਏ ਹਨ ਇਹ ਵੀ ਗਲਤ ਚੀਜ਼ ਹੈ। ਇਸ ਦੇ ਨਾਲ ਹੀ ਜਿਹੜੀ ਨਵੀਂ ਕਲਾਜ਼ ਪਾ ਦਿੱਤੀ ਹੈ। ਬੋਰਡ ਵੈਸੇ ਅਟਾਨੋਮਸ ਬਾਡੀ ਹੈ। ਇਸ ਨੂੰ ਪੈਸੇ ਵੀ ਜ਼ਿਆਦਾ ਦੇ ਦਿੱਤੇ ਹਨ। ਇਹ ਕੋਆਰਡੀਨੇਸ਼ਨ ਅਥਾਰਟੀ ਹੈ। 10 ਤੋਂ 25 ਪ੍ਰਤੀਸ਼ਤ ਕੰਟਰੀਬਿਊਸ਼ਨ ਬੋਰਡ ਦੀ ਕਰ ਦਿੱਤੀ ਹੈ। ਪਤਾ ਨਹੀਂ ਕਿਤਨੇ ਪੈਸਿਆਂ ਦੀ ਬੋਰਡ ਨੂੰ ਲੋੜ ਹੈ। ਹੁਣ ਇਸ ਨਵੇਂ ਬਿਲ ਰਾਹੀਂ ਬੋਰਡ ਨੂੰ ਡਾਇਰੈਕਸ਼ਨ ਸਟੇਟ ਗੌਰਮਿੰਟ ਇਸ਼ੂ ਕਰ ਸਕਦੀ ਹੈ। ਜੇ ਸਟੇਟ ਗੌਰਮਿੰਟ ਨੇ ਬੋਰਡ ਨੂੰ ਡਾਇਰੈਕਸ਼ਨ ਹੀ ਦੇਣੀ ਹੈ, ਜਿਹੜੀ ਕਿ ਇਸ ਕਾਨੂੰਨ ਦੇ ਮੁਤਾਬਿਕ ਬਾਈਂਡਿੰਗ ਹੋਣੀ ਹੈ, ਫਿਰ ਤਾਂ ਬੋਰਡ ਇੱਕ ਕਾਗਜ਼ ਦਾ ਪੁਰਜ਼ਾ ਹੀ ਰਹੇਗਾ। ਬੋਰਡ ਤਾਂ ਫਿਰ ਗਲੋਰੀਫਾਈਡ ਡਿਪਾਰਟਮੈਂਟ ਹੀ ਬਣ ਜਾਵੇਗਾ। ਐਗਰੀਕਲਚਰ ਡਿਪਾਰਟਮੈਂਟ ਜਾਂ ਹੋਰ ਕਿਸੇ ਡਿਪਾਰਟਮੈਂਟ, ਜਿਹੜਾ ਕਿ ਸਰਕਾਰ ਦੇ ਪਾਸ ਹੈ, ਉਸ ਦਾ ਹਿੱਸਾ ਬਣ ਜਾਵੇਗਾ। ਇਸ ਨੂੰ ਅਟਾਨੋਮਸ ਬਣਾਓ। ਲੋਕਾਂ ਦੇ ਚੁਣੇ ਹੋਏ ਲੋਕ ਇਸ ਵਿੱਚ ਪਾਏ ਜਾਣ, ਜਿਨ੍ਹਾਂ ਨੇ ਕਿ ਪੰਜਾਬ ਦੇ ਲੋਕਾਂ ਦੀ ਭਲਾਈ ਕਰਨੀ ਹੈ। ਮੈਂ ਸਮਝਦਾ ਹਾਂ ਕਿ ਇਸ ਕਾਨੂੰਨ ਨੂੰ ਮਨਿਸਟਰ ਸਾਹਿਬ ਵਾਪਸ ਲੈਣ ਅਤੇ ਇਹ ਆਰਡੀਨੈਂਸ ਡਿਸਅਪਰੂਵ ਹੋਣਾ ਚਾਹੀਦਾ ਹੈ।

**Mr. Deputy Speaker** : Motion moved—

> That this House disapproves the Punjab Agricultural Produce Markets (Amendment) Ordinance, 1978 (Punjab Ordinance No. 2 of 1978).

**Agricultural Minister** (Sardar Balwinder Singh Bhunder): Sir, I beg to introduce the Punjab Agricultural Produce Markets (Second Amendment) Bill.

Sir, I also beg to move—

> That the Punjab Agricultural Produce Markets (Second Amendment) Bill be taken into consideration at once.

Original with;
Punjab Vidhan Sabha
Digitized by;
Panjab Digital Library

**Mr. Deputy Speaker :** Motion moved—

That the Punjab Agricultural Produce Markets (Second Amendment ) Bill be taken into consideration at once.

**ਸ੍ਰੀ ਡਿਪਟੀ ਸਪੀਕਰ** : ਮਾਸਟਰ ਬਾਬੂ ਸਿੰਘ ਜੀ, ਤੁਸੀਂ ਸਮੇਂ ਦਾ ਧਿਆਨ ਰਖਣਾ।

**ਮਾਸਟਰ ਬਾਬੂ ਸਿੰਘ** (ਰਾਮਪੁਰਾਫੂਲ): ਡਿਪਟੀ ਸਪੀਕਰ ਸਾਹਿਬ, ਮੈਨੂੰ ਦੁੱਖ ਹੈ, ਤੁਸੀਂ ਪਿਛਲਾ ਰਿਕਾਰਡ ਕੱਢਾਕੇ ਵੇਖ ਲਓ, ਜਦੋਂ ਵੀ ਮੈਂ ਬੋਲਣ ਲਗਦਾ ਹਾਂ ਤਾਂ ਚੇਅਰ ਵਲੋਂ ਇਹ ਹੀ ਕਿਹਾ ਜਾਂਦਾ ਹੈ।

**ਸ੍ਰੀ ਡਿਪਟੀ ਸਪੀਕਰ** : ਮੈਂ ਤਾਂ ਇਹ ਸਾਰੇ ਮਾਨਯੋਗ ਮੈਂਬਰਾਂ ਨੂੰ ਸਮੂਹਕ ਪ੍ਰਾਰਥਨਾ ਕਰਦਾ ਹਾਂ।

**ਮਾਸਟਰ ਬਾਬੂ ਸਿੰਘ** : ਡਿਪਟੀ ਸਪੀਕਰ ਸਾਹਿਬ, ਜੇ ਤੁਸੀਂ ਕਹਿੰਦੇ ਹੋ ਤਾਂ ਮੈਂ ਬੋਲਦਾ ਹੀ ਨਹੀਂ। ਸਾਹਮਣੇ ਟਰੇਜ਼ਰੀ ਬੈਂਚਿਜ਼ ਤੇ ਬੋਲਣ ਲਈ ਕੋਈ ਮੈਂਬਰ ਬੈਠਾ ਨਹੀਂ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਿਲ ਦੀ ਮੁਖ਼ਾਲਫਤ ਕਰਨ ਵਾਸਤੇ ਖੜਾ ਹੋਇਆ ਹਾਂ। ਜਿਸ ਤਰ੍ਹਾਂ ਮੇਰੇ ਆਨਰੇਬਲ ਦੋਸਤ ਨੇ ਹੁਣੇ ਕਿਹਾ ਹੈ ਮਾਰਕਿਟ ਫੀਸ 2.20 ਰੁਪਏ ਤੋਂ ਵਧਾ ਕੇ 3 ਰੁਪਏ ਕੀਤੀ ਜਾ ਰਹੀ ਹੈ। ਪਰ ਜਿਥੋਂ ਤਕ ਕਿਸਾਨ ਨੂੰ ਸਹੂਲਤ ਦੇਣ ਦਾ ਸਵਾਲ ਹੈ, ਉਹ ਕੋਈ ਚੀਜ਼ ਸਾਹਮਣੇ ਨਹੀਂ ਆ ਰਹੀ। ਇਨਸੈਕਟੀਸਾਈਡਜ਼ ਅਤੇ ਪੈਸਟੀਸਾਈਡਜ਼ ਤੇ ਪਹਿਲਾਂ ਕੁਝ ਸਬਸਿਡੀ ਮਿਲਦੀ ਸੀ। ਮੇਰੇ ਸਤਿਕਾਰਯੋਗ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਬੜੇ ਘੱਪਲੇ ਹੁੰਦੇ ਸਨ। ਮੈਂ ਸਮਝਦਾ ਹਾਂ ਕਿ ਘੱਪਲੇ ਤਾਂ ਰੋਕਣ ਦੀ ਲੋੜ ਹੈ। ਲੇਕਿਨ ਛੋਟੇ ਕਿਸਾਨ ਨੂੰ ਸਬਸਿਡੀ ਨਾ ਦਿੱਤੀ ਜਾਵੇ ਤਾਂ ਇਹ ਮਾਰਕੀਟਿੰਗ ਬੋਰਡ, ਮਾਰਕਿਟ ਕਮੇਟੀਆਂ ਜਾਂ ਕਿਸਾਨਾਂ ਦੇ ਹਿੱਤ ਵਿੱਚ ਨਹੀਂ। ਮਿਸਾਲ ਵਜੋਂ ਏਰੀਅਲ ਸਪਰੇ ਤੇ ਤਾਂ ਗੌਰਮਿੰਟ ਦੀ ਸਬਸਿਡੀ 25 ਪ੍ਰਤੀਸ਼ਤ ਹੈ ਪਰ ਜੇ ਸਪਰੇ ਹੈਂਡ ਪੰਪ ਨਾਲ ਕਰਨੀ ਹੈ ਤਾਂ ਐਗਰੀਕਲਚਰ ਡਿਪਾਰਟਮੈਂਟ ਇੱਕ ਰੁਪਿਆ ਚਾਰਜ ਕਰਦਾ ਹੈ। ਜੇ 5 ਲੱਖ ਏਕੜ ਜ਼ਮੀਨ ਤੇ ਸਪਰੇਹੈਂਡ ਪੰਪ ਨਾਲ ਕੀਤਾ ਗਿਆ ਤਾਂ ਐਗਰੀਕਲਚਰ ਡਿਪਾਰਟਮੈਂਟ ਨੇ ਸਿੱਧਾ 5 ਲੱਖ ਰੁਪਿਆ ਲੈ ਲੈਣਾ ਹੈ। ਵੱਡੇ ਵੱਡੇ ਲੈਂਡਲਾਰਡਾਂ ਦੀ ਜ਼ਮੀਨ ਤੇ ਏਰੀਅਲ ਸਪਰੇ ਹੁੰਦਾ ਹੈ। ਬਠਿੰਡੇ ਜ਼ਿਲ੍ਹੇ ਦੇ ਹੀ ਮਨਿਸਟਰ ਸਾਹਿਬ ਹਨ। ਮੈਂ ਨਹੀਂ ਕਹਿ ਸਕਦਾ ਜੇ ਉਥੇ ਕਿਸੇ ਹਿੱਸੇ ਵਿੱਚ ਵੀ ਏਰੀਅਲ ਸਪਰੇ ਹੁੰਦਾ ਹੋਵੇ। ਉਥੇ ਹੈਂਡ ਪੰਪ ਨਾਲ ਸਪਰੇ ਹੁੰਦੀ ਹੈ।

ਡਿਪਟੀ ਸਪੀਕਰ ਸਾਹਿਬ, ਇਸ ਦੇ ਨਾਲ ਹੀ ਕਲਾਜ਼ 41 (ੳ) ਵਿੱਚ ਵਾਧਾ ਕੀਤਾ ਜਾ ਰਿਹਾ ਹੈ। ਕਿਸੇ ਸਟੇਜ ਤੇ ਵੀ ਗੌਰਮਿੰਟ ਕੋਈ ਵੀ ਹਦਾਇਤ ਜਾਂ ਡਾਇਰੈਕਸ਼ਨ ਬੋਰਡ ਨੂੰ ਦੇ ਸਕਦੀ ਹੈ। ਫਿਰ ਇਹ ਅਟਾਨੋਮਸ ਬੋਰਡ ਕਿਥੇ ਰਹਿ ਜਾਂਦਾ ਹੈ। ਜੇ ਇਹ ਸਰਕਾਰ ਦੇ ਰਹਿਮ ਤੇ ਹੀ ਰਹੇ। ਜਿਹੜੀ ਇਹ ਕਲਾਜ਼ ਐਡ ਕੀਤੀ ਜਾ ਰਹੀ ਹੈ, ਇਸ ਦੀ ਕੋਈ ਲੋੜ ਨਹੀਂ। ਅਧਿਕਾਰ ਤਾਂ ਸਰਕਾਰ ਕੋਲ ਪਹਿਲਾਂ ਹੀ ਹਨ। ਲੇਕਿਨ ਹੁਣ ਇਹ ਅਧਿਕਾਰ ਲੈਣਾ ਸਰਕਾਰ ਲਈ ਠੀਕ ਨਹੀਂ। ਮਨਿਸਟਰ ਸਾਹਿਬ ਕਹਿੰਦੇ ਹਨ ਕਿ ਮਾਰਕਿਟ ਕਮੇਟੀਆਂ ਦੇ ਚੇਅਰਮੈਨ ਨਾਮੀਨੇਟ ਕਰ ਦਿੱਤੇ ਸਨ। ਉਨ੍ਹਾਂ ਕੇਸਾਂ ਦੀ ਗਿਣਤੀ ਵੀ ਦੱਸੀ ਹੈ, ਜਿਨ੍ਹਾਂ ਦੇ ਖਿਲਾਫ ਕੇਸ ਚਲ ਰਹੇ ਹਨ। ਹੁਣ ਵੀ ਚੇਅਰਮੈਨ ਨਾਮੀਨੇਟਡ ਹੋਣਗੇ। ਇਸ ਬੋਰਡ ਵਿੱਚ 14 ਮੈਂਬਰ ਹਨ। 6 ਗੌਰਮਿੰਟ ਸਾਇਡ ਤੋਂ ਅਤੇ 8 ਦੂਸਰੇ। 8 ਵਿਚੋਂ ਵੀ 3 ਮਾਰਕਿਟ ਕਮੇਟੀਆਂ ਦੇ ਨੁਮਾਇੰਦੇ ਹੋਣਗੇ। ਬਾਕੀ ਤਿੰਨ ਹਰੀਜਨਾਂ ਵਿਚੋਂ ਹੋਣਗੇ। ਹਰੀਜਨਾਂ ਵਿਚੋਂ ਕੌਣ ਆਉਣਗੇ, ਜਿਹੜੇ ਜਾਂ ਤਾਂ ਵੱਡੇ ਵੱਡੇ ਲੈਂਡਲਾਰਡ ਹੋਣਗੇ। ਗਰੀਬ ਆਦਮੀ ਜਾਂ ਕਿਸਾਨ ਤਾਂ ਆ ਨਹੀਂ

Original with;
Punjab Vidhan Sabha
Digitized by;
Panjab Digital Library

ਸਕਦਾ। ਜੇ ਨੈਪੋਟਿਜ਼ਮ ਹੋਇਆ ਜਾਂ ਫੇਵਰੇਟਿਜ਼ਮ ਹੋਇਆ ਤਾਂ ਸਰਕਾਰ ਜਿਨ੍ਹਾਂ ਨੂੰ ਰਿਕਮੈਂਡ ਕਰੇਗੀ ਉਹ ਆ ਜਾਣਗੇ। ਇਹ ਮੈਂਬਰ ਵੀ ਬਾਈ ਨਾਮੀਨੇਸ਼ਨ ਹੋ ਗਏ, ਬਾਈ ਅਲੈਕਸ਼ਨ ਤਾਂ ਨਹੀਂ ਹੋਣਗੇ। ਚੋਣਾਂ ਵਿੱਚ ਵੀ ਤ੍ਰੋਈ ਡੈਮੋਕਰੇਟਿਕ ਅੰਸ਼ ਮੈਨੂੰ ਨਜ਼ਰ ਨਹੀਂ ਆਉਂਦਾ। ਫਿਰ 6 ਮੈਂਬਰ ਸਰਕਾਰ ਦੇ ਹਨ। ਪਿਛੇ ਮਾਰਕਫੈਡ ਦੀਆਂ ਚੋਣਾਂ ਹੋਈਆਂ। ਉਸ ਦੇ ਵਿਚ ਡਾਇਰੈਕਟਰਾਂ ਅਤੇ ਜਿਹੜੇ ਆਫੀਸ਼ੀਏਟਿੰਗ ਕਪੈਸਿਟੀ ਵਿਚ ਮੈਂਬਰ ਸਨ, ਜਿਹੜੇ ਕਦੇ ਨਹੀਂ ਸੀ ਹੋਏ ਉਨ੍ਹਾਂ ਨੇ ਵੀ ਵੋਟਾਂ ਪਾ ਕੇ ਚੋਣ ਕੀਤੀ ਹੈ। ਮਾਰਕੀਟਿੰਗ ਬੋਰਡ ਵਿਚ ਵੀ ਇਸ ਤਰ੍ਹਾਂ ਹੀ ਹੋਇਆ ਹੈ। ਜਿਹੜੇ ਐਗਰੀਕਲਚਰ ਦੇ ਜਾਂ ਦੂਸਰੇ ਨੁਮਾਇੰਦੇ ਹਨ ਉਨ੍ਹਾਂ ਨੂੰ ਮੀਟਿੰਗਾਂ ਵਿੱਚ ਬਤੌਰ ਇਨਵਾਇਟੀ ਤਾਂ ਸੱਦਿਆ ਜਾ ਸਕਦਾ ਹੈ, ਇੰਪਰੂਵਮੈਂਟ ਵਾਸਤੇ ਉਨ੍ਹਾਂ ਦੀ ਰਾਇ ਲਈ ਜਾ ਸਕਦੀ ਹੈ। ਲੇਕਿਨ ਜੇਕਰ ਉਨ੍ਹਾਂ ਨੂੰ ਪਰਮਾਨੈਂਟ ਹੀ ਮੈਂਬਰ ਬਣਾ ਦਿੱਤਾ ਤਾਂ ਫਿਰ ਕੀ ਹੋਵੇਗਾ? 8.6 ਦੀ ਰੇਸ਼ੋ ਹੈ। ਇਕ ਚੇਅਰਮੈਨ ਹੈ। ਇਸ ਲਈ ਅਗਰ ਦੋ ਚਾਰ ਮੈਬਰ ਵੀ ਕਿਧਰੇ ਐਸੋਸ਼ੀਏਟ ਹੋਏ ਤਾਂ ਫਿਰ ਇਨ੍ਹਾਂ ਦੇ ਫੈਸਲੇ ਹੀ ਲਾਗੂ ਹੋਇਆ ਕਰਨਗੇ ਕਿਉਂਕਿ ਚੇਅਰਮੈਨ ਵੀ ਇਨ੍ਹਾਂ ਦਾ ਹੀ ਹੋਵੇਗਾ। ਇਸ ਲਈ ਮੈਂ ਫਿਰ ਕਹਾਂਗਾ ਕਿ ਮਾਰਕੀਟਿੰਗ ਫੈਡਰੇਸ਼ਨ ਹੈ ਜਾਂ ਮਾਰਕਿਟਿੰਗ ਬੋਰਡ ਹੈ ਇਹ ਕੁਲੈਕਸ਼ਨ ਦੇ ਸੈਂਟਰਜ਼ ਹੀ ਹਨ ਔਰ ਇਨ੍ਹਾਂ ਨੂੰ ਅਧਿਕਾਰ ਨਹੀਂ ਹੈ ਕੋਈ ਵੀ -ਇਸ ਤਰ੍ਹਾਂ ਦਾ ਖਰਚ ਕਰਨ ਦਾ। ਉਨ੍ਹਾਂ ਦਾ ਰੁਪਿਆ ਤਾਂ ਐਨੀਮਲ ਹਸਬੈਂਡਰੀ ਨੂੰ ਦੇ ਦਿੱਤਾ ਹੈ। ਇਸ ਲਈ ਇਹ ਚੈਕ ਅੱਪ ਕਰ ਲੈਣ ਕਿ ਐਕਟ ਉਨ੍ਹਾਂ ਨੂੰ ਅਲਾਓ ਕਰਦਾ ਹੈ ਜਾਂ ਨਹੀਂ ਕਰਦਾ। ਚਾਹੀਦਾ ਇਹ ਸੀ ਕਿ ਇਹ ਮਾਰਕਿਟਿੰਗ ਬੋਰਡ ਵਿਚ ਲੋਕਾਂ ਨੂੰ ਰੁਜ਼ਗਾਰ ਦਿੰਦੇ।

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਲਿੰਕ ਰੋਡਜ਼ ਬਾਰੇ ਕਹਿਣਾ ਚਾਹੁੰਦਾ ਹਾਂ। ਲਿੰਕ ਰੋਡਜ਼ ਦਾ ਸੀਰੀਅਸ ਪੁਆਇੰਟ ਹੈ। ਹੁਣ ਕੀ ਹੋਇਆ ਹੈ। ਅੱਠ ਦੱਸ ਸਾਲ ਪਹਿਲਾਂ ਜਿਹੜੀਆਂ ਸੜਕਾਂ ਮਾਰਕਿਟ ਕਮੇਟੀਆਂ ਵਲੋਂ ਬਣਾਈਆਂ ਗਈਆਂ ਸਨ ਉਨ੍ਹਾਂ ਸੜਕਾਂ ਨੂੰ ਹੀ ਇਨ੍ਹਾਂ ਨੇ ਆਪਣੇ ਖਾਤੇ ਪਾ ਦਿੱਤਾ ਹੈ ਕਿ ਅਸੀਂ ਬਣਾਈਆਂ ਹਨ। ਇਸ ਲਈ ਮੈਂ ਕਹਾਂਗਾ ਕਿ ਕਿਤਨੀਆਂ ਇਸ ਤਰ੍ਹਾਂ ਦੀਆਂ ਸੜਕਾਂ ਹਨ ਔਰ ਉਨ੍ਹਾਂ ਵਿਚੋਂ ਕਿਤਨੇ ਪੈਸੇ ਦੀ ਹੇਰਾਫੇਰੀ ਹੋਈ ਹੈ। ਇਸ ਬਾਰੇ ਇਹ ਇਨਕੁਆਇਰੀ ਕਰ ਲੈਣ।....

**ਖੇਤੀਬਾੜੀ ਮੰਤਰੀ** (ਬੈਠੇ, ਬੈਠੇ): ਕਿੱਥੇ ਪਾ ਦਿੱਤੀਆਂ ਹਨ, ਸਪੈਸੀਫੀਕਲੀ ਦੱਸੋ।

**ਮਾਸਟਰ ਬਾਬੂ ਸਿੰਘ** : ਮੈਂ ਤਾਂ ਦੱਸ ਦਿੱਤਾ ਹੈ, ਤੁਸੀਂ ਪਤਾ ਕਰ ਲਵੋ ਕਿ ਅੱਠ ਦਸ ਸਾਲ ਪਹਿਲਾਂ ਮਾਰਕਿਟ ਕਮੇਟੀਆਂ ਨੇ ਸੜਕਾਂ ਬਣਾਈਆਂ ਸਨ। ਹੁਣ ਉਹ ਹੀ ਇਧਰ ਪਾ ਦਿੱਤੀਆਂ ਹਨ ਕਿ ਅਸੀਂ ਬਣਾਈਆਂ ਹਨ। ਮਾਰਕਿਟ ਕਮੇਟੀਆਂ ਨੇ ਪੈਸੇ ਜਮ੍ਹਾ ਕਰਵਾ ਦਿੱਤੇ ਹਨ। ਉਨ੍ਹਾਂ ਸੜਕਾਂ ਤੇ ਜਿਤਨਾਂ ਖਰਚ ਹੋਇਆ ਹੈ ਉਸ ਤੋਂ ਚੌਥੇ ਹਿੱਸੇ ਨਾਲ ਬਣ ਸਕਦੀਆਂ ਸਨ। ਇਸ ਬਾਰੇ ਇਹ ਇਨਕੁਆਇਰੀ ਕਰਵਾ ਲੈਣ। ਇਸ ਤੋਂ ਅੱਗੇ ਮੈਂ ਫਰਟੇਲਾਈਜ਼ਰ ਲਈ ਸਬਸਿਡੀ ਦੀ ਗੱਲ ਕਰਦਾ ਹਾਂ। ਜਿਨ੍ਹਾਂ ਨੇ ਪੈਸੇ ਜਮ੍ਹਾਂ ਕਰਵਾ ਦਿੱਤੇ ਹਨ ਉਨ੍ਹਾਂ ਨੂੰ ਸਬਸਿਡੀ ਤੇ ਫਰਟੇਲਾਈਜ਼ਰ ਮਿਲੀ ਹੈ ਜਾਂ ਨਹੀਂ, ਇਸ ਬਾਰੇ ਵੀ ਵਜ਼ੀਰ ਸਾਹਿਬ ਚੈਕ ਅੱਪ ਕਰ ਲੈਣ। ਫਿਰ ਇੰਪਲਾਈਜ਼ ਹਨ ਗੌਰਮਿੰਟ ਦੇ ਜਾਂ ਬੋਰਡ ਦੇ। ਤੁਸੀਂ, ਡਿਪਟੀ ਸਪੀਕਰ ਸਾਹਿਬ, ਵੇਖ ਲਵੋ ਅਜੇ ਤਕ ਉਨ੍ਹਾਂ ਦੇ ਸਰਵਿਸ ਰੂਲਜ਼ ਵੀ ਨਹੀਂ ਬਣੇ। ਨਾ ਉਨ੍ਹਾਂ ਦੀ ਪਰਮੋਸ਼ਨ ਲਈ, ਨਾ ਇਨਕਰੀਮੈਂਟ ਲਈ ਜਾਂ ਹੋਰ ਗੱਲਾਂ ਲਈ ਕੋਈ ਰੂਲ ਹਨ। ਇਸ ਲਈ ਮੈਂ ਇਨ੍ਹਾਂ ਨੂੰ ਕਹਾਂਗਾ ਕਿ ਘੱਟ ਤੋਂ ਘੱਟ ਉਨ੍ਹਾਂ ਮੁਲਾਜ਼ਮਾਂ ਲਈ ਇਹ ਰੂਲਜ਼ ਤਾਂ ਬਣਾ ਲੈਣ। ਰੂਲਜ਼ ਬਣ ਜਾਣ ਤਾਂ ਉਹ ਪੋਸਟਾਂ ਪ੍ਰੋਵੈਨਸ਼ੇਲਾਈਜ਼ ਵੀ ਹੋ ਸਕਦੀਆਂ ਹਨ। ਡਿਪਟੀ

Original with;
Punjab Vidhan Sabha
Digitized by;
Panjab Digital Library

[ਮਾਸਟਰ ਬਾਬੂ ਸਿੰਘ]

ਸਪੀਕਰ ਸਾਹਿਬ, ਹੁਣ ਮਨਿਸਟਰ ਸਾਹਿਬ ਨੇ ਬਦਲੀਆਂ ਕੀਤੀਆਂ ਹਨ। ਮੈਂ ਤਾਂ ਕਹਾਂਗਾ ਕਿ ਜਿਹੜਾ ਕੋਈ ਅਕਾਲੀ ਦਲ ਦਾ ਬੰਦਾ ਹੈ ਉਸ ਦੀ ਨਹੀਂ ਕੀਤੀ ਔਰ ਜਿਹੜਾ ਸੀ. ਪੀ. ਆਈ. ਔਰ ਕਾਂਗਰਸ ਦਾ ਹੈ ਉਹ ਚੁੱਕ ਕੇ ਇਕ ਜ਼ਿਲ੍ਹੇ ਤੋਂ ਦੂਸਰੇ ਜਿਲ੍ਹੇ ਵਿਚ ਮਾਰਿਆ ਹੈ। ਰੂਲਜ਼ ਦੇ ਮੁਤਾਬਿਕ ਤਾਂ ਇਹ ਸੁਪਰਵਾਈਜ਼ਰਾਂ ਦੀ ਟਰਾਂਸਫਰਜ਼ ਨਹੀਂ ਕਰ ਸਕਦੇ। ਪਰ, ਡਿਪਟੀ ਸਪੀਕਰ ਸਾਹਿਬ, ਇਹ ਪਲੀ ਇਹ ਲੈਂਦੇ ਹਨ ਕਿ ਇਹ ਆਦਮੀ ਅਕਾਊਂਟਸ ਨੂੰ ਡੀਲ ਕਰਦਾ ਹੈ, ਇਸ ਕਰਕੇ ਇਸ ਦੀ ਟਰਾਂਸਫਰ ਜਸਟੀਫਾਈਡ ਹੈ। ਪਰ ਇਸ ਨਾਲ ਅਕਾਊਂਟੈਂਟ ਨੂੰ ਜਿੱਥੋਂ ਬਦਲੀ ਕੀਤਾ ਜਾਂਦਾ ਹੈ ਉਸ ਦੀ ਉਥੋਂ ਸਿਨਿਆਰਿਟੀ ਖ਼ਤਮ ਹੋ ਜਾਂਦੀ ਹੈ। ਉਸ ਵਿਚਾਰੇ ਦੀ ਸਿਨਿਆਰਿਟੀ ਤੇ ਫਰਕ ਪੈਂਦਾ ਹੈ। ਉਨ੍ਹਾਂ ਮੁਲਾਜ਼ਮਾਂ ਨੇ ਮੁਜ਼ਾਹਰੇ ਵੀ ਕੀਤੇ ਹਨ। ਠੀਕ ਹੈ, ਡੈਮੋਕਰੇਸੀ ਹੈ, ਇਹ ਉਨ੍ਹਾਂ ਦਾ ਹੱਕ ਹੈ। ਮਨਿਸਟਰ ਸਾਹਿਬ ਆਪ ਹੀ ਇਹ ਗੱਲ ਇਕਬਾਲ ਕਰਦੇ ਹਨ ਕਿ ਤਿੰਨ ਮੁਜ਼ਾਹਰੇ ਹੋਏ ਹਨ। ਪਰ ਉਸ ਤੋਂ ਬਾਅਦ ਹੋਇਆ ਕੀ? ਕਿਸੇ ਦੀ ਟਰਮੀਨੇਸ਼ਨ, ਕਿਸੇ ਦੀ ਸੱਸਪੈਨਸ਼ਨ, ਕਿਸੇ ਦੀ ਸਰਵਿਸ ਬ੍ਰੇਕ, ਕਿਸੇ ਦੀ ਇਨਕਰੀਮੈਂਟ ਬੰਦ ਕਰ ਦਿੱਤੀ ਗਈ ਤੇ ਕਿਸੇ ਨੂੰ ਟਰਾਂਸਫਰ ਕਰ ਦਿੱਤਾ। ਮੈਂ ਕਹਿੰਦਾ ਹਾਂ ਕਿ ਡੈਮੋਕਰੇਸੀ ਵਿਚ ਇਹ ਚੀਜ਼ਾਂ ਸ਼ੋਭਾ ਨਹੀਂ ਦਿੰਦੀਆਂ। ਇਸ ਤਰ੍ਹਾਂ ਦਾ ਇਨਜਸਟਿਸ ਨਹੀਂ ਹੋਣਾ ਚਾਹੀਦਾ। (ਘੰਟੀ) ਬੱਸ ਜੀ ਮੈਂ ਥੋੜਾ ਹੀ ਟਾਈਮ ਲਵਾਂਗਾ ਜੀ।

ਡਿਪਟੀ ਸਪੀਕਰ ਸਾਹਿਬ, ਇਨਸੈਕਟੀਸਾਈਡਜ਼ ਔਰ ਪੈਸਟੀਸਾਈਡਜ਼ ਦਾ ਮਸਲਾ ਹੈ। ਮੈਂ ਇਸ ਬਾਰੇ ਇਕ ਸਵਾਲ ਵੀ ਪੁੱਛਿਆ ਸੀ। ਹੋਰ ਕਿਸੇ ਥਾਂ ਦੀ ਮੈਂ ਗੱਲ ਨਹੀਂ ਕਰਦਾ, ਪਰ ਰਾਮਪੁਰਾ ਫੂਲ ਦਾ ਮੈਨੂੰ ਪਤਾ ਹੈ। ਜੁਲਾਈ ਔਰ ਅਗਸਤ ਦੇ ਮਹੀਨੇ ਵਿਚ ਦਵਾਈ ਦਿੱਤੀ ਗਈ ਔਰ ਉਹ ਦਵਾਈ ਦਿੱਤੀ ਗਈ ਜਿਸ ਦੀ ਤੀਹ ਜੂਨ ਨੂੰ ਡੇਟ ਐਕਸਪਾਇਰ ਹੋ ਚੁਕੀ ਸੀ। ਮੈਂ ਐਸ. ਡੀ. ਐਮ. ਸਾਹਿਬ ਦੇ ਨੋਟਿਸ ਵਿਚ ਇਹ ਚੀਜ਼ ਲਿਆਂਦੀ ਕਿ ਇਹ ਦਵਾਈ ਇਸ ਤਰ੍ਹਾਂ ਐਕਸਪਾਇਰੀ ਡੇਟ ਤੋਂ ਪਿੱਛੋਂ ਵਿਕ ਰਹੀ ਹੈ। ਪਰ ਉਹ ਕਹਿਣ ਲੱਗੇ ਕਿ ਤੁਸੀਂ ਆਪ ਗੱਲ ਕਰ ਲਵੋ। ਡਿਪਟੀ ਸਪੀਕਰ ਸਾਹਿਬ, ਮੈਨੂੰ ਸਮਝ ਨਹੀਂ ਆਉਂਦੀ ਕਿ ਜਾਂ ਤਾਂ ਗੌਰਮਿੰਟ ਨੇ ਕਿਹਾ ਹੋਵੇਗਾ ਨਹੀਂ ਤਾਂ ਕੋਈ ਵਜਾਹ ਨਹੀਂ ਹੈ ਕਿ ਦਵਾਈ ਦੀ ਡੇਟ ਐਕਸਪਾਇਰ ਹੋ ਜਾਵੇ ਔਰ ਉਹ ਫਿਰ ਵੇਚੀ ਜਾਵੇ। ਜਾਂ ਇਨ੍ਹਾਂ ਨੂੰ ਚਾਹੀਦਾ ਸੀ ਕਿ ਜੇਕਰ ਕਿਸੇ ਐਕਸਪਰਟ ਤੋਂ ਉਹ ਦਵਾਈ ਚੈਕ ਕਰਵਾ ਲੈਂਦੇ ਕਿ ਉਹ ਕਿਸੇ ਹੱਦ ਤਕ ਇਫੈਕਟਿਵ ਹੈ ਤਾਂ ਉਸ ਦੀ ਹੋਰ ਡੇਟ ਵਧਾ ਦਿੰਦੇ ਔਰ ਹੋਰ ਸਬ-ਸਿਡੀ ਦੇ ਦਿੰਦੇ ਤਾਂ ਤੇ ਕੋਈ ਗੱਲ ਬਣਦੀ ਸੀ, ਪਰ ਇਸ ਤਰ੍ਹਾਂ ਨਹੀਂ ਕੀਤਾ ਗਿਆ।

ਡਿਪਟੀ ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਕਿ ਪਿੱਛੇ ਜਿਹੇ ਮੁਲਾਜ਼ਮਾਂ ਵਾਸਤੇ ਫਲਾਣੇ ਹਸਪਤਾਲ ਨੂੰ ਅੱਪਗਰੇਡ ਕਰ ਦਿੱਤਾ ਹੈ ਲੇਕਿਨ ਮੈਂ ਇਹ ਕਹਿੰਦਾ ਹਾਂ ਕਿ ਐਨਾ ਵੱਡਾ ਬੋਰਡ ਹੋਵੇ ਪਰ ਉਸ ਦਾ ਕੋਈ ਆਪਣਾ ਦਫਤਰ ਹੀ ਨਾ ਹੋਵੇ। ਹੁਣ ਕਹਿੰਦੇ ਹਨ ਕਿ ਦਫਤਰ ਵਾਸਤੇ ਸੈਕਟਰ 35 ਵਿਚ ਇਕ ਪਲਾਟ ਲਿਆ ਹੋਇਆ ਹੈ। ਉਸ ਤੇ ਬਿਲਡਿੰਗ ਬਣ ਜਾਵੇਗੀ। ਇਹ ਤਾਂ ਬਣ ਜਾਵੇਗੀ ਪਰ ਸਟਾਫ ਕੁਆਰਟਰ ਨਹੀਂ ਹਨ। ਇਹ ਬੋਰਡ ਇਤਨੇ ਪੈਸੇ ਵਾਲਾ ਹੈ ਪਰ ਮੁਲਾਜ਼ਮਾਂ ਦੀ ਸਹੂਲਤ ਵਾਸਤੇ ਕੁਝ ਨਹੀਂ ਹੈ। ਫਿਰ ਇਥੇ ਕੋਈ ਕਿਸਾਨ ਘਰ ਨਹੀਂ ਹੈ। ਕਿਸਾਨ ਜਦੋਂ ਕੋਈ ਆਪਣੀ ਤਕਲੀਫ਼ ਲੈ ਕੇ ਆਉਂਦਾ ਹੈ ਤਾਂ ਉਸ ਦੇ ਰਹਿਣ ਵਾਸਤੇ ਇੰਤਜ਼ਾਮ ਹੋਣਾ ਚਾਹੀਦਾ ਹੈ। ਇਹ ਕਿਸਾਨਾਂ ਦਾ ਅਦਾਰਾ ਹੈ। ਜਿਸ ਤਰ੍ਹਾਂ ਯੂਨੀਵਰਸਿਟੀ ਵਿਚ ਹੈ ਜਾਂ ਹੋਰ ਅਦਾਰਿਆਂ ਵਿਚ ਹੈ ਇਸ ਬੋਰਡ ਨੂੰ ਵੀ ਆਪਣਾ ਕਿਸਾਨ ਘਰ ਬਣਾਉਣਾ ਚਾਹੀਦਾ ਹੈ। ਇਹ ਸਭ ਕੁਝ ਚੰਡੀਗੜ੍ਹ ਵਾਲਿਆਂ ਨਾਲ ਮਿਲਕੇ ਹੋ ਸਕਦਾ ਹੈ।....

**ਸ਼੍ਰੀ ਡਿਪਟੀ ਸਪੀਕਰ** : ਤੁਸੀਂ ਵਾਈਂਡ ਅੱਪ ਕਰੋ ਜੀ।

Original with;
Punjab Vidhan Sabha
Digitized by;
Panjab Digital Library

**ਮਾਸਟਰ ਬਾਬੂ ਸਿੰਘ** : ਬੱਸ ਜੀ, ਮੈਂ ਖਤਮ ਕਰਨ ਵਾਲਾ ਹੀ ਹਾਂ। ਮੈਂ ਇਨ੍ਹਾਂ ਨੂੰ ਇਹ ਬੇਨਤੀ ਕਰਾਂਗਾ ਕਿ ਇਹ ਇਸ ਬੋਰਡ ਨੂੰ ਸਟਰੀਮਲਾਈਨ ਕਰਨ। ਜਿਹੜੀ 14 ਦੀ ਟੀਮ ਦੱਸੀ ਹੈ ਉਨ੍ਹਾਂ ਦੀ ਨਾਮੀਨੇਸ਼ਨ ਨਹੀਂ ਹੋਣੀ ਚਾਹੀਦੀ ਹੈ ਇਲੈਕਸ਼ਨ ਹੋਣੀ ਚਾਹੀਦੀ। ਇਹ ਨਾ ਹੋਵੇ ਜਿਸ ਤਰ੍ਹਾਂ ਕਿ ਬਿਜਲੀ ਬੋਰਡ ਦਾ ਐਡਮਨਿਸਟ੍ਰੇਟਿਵ ਮੈਂਬਰ ਇਨ੍ਹਾਂ ਲਗਾ ਦਿੱਤਾ, ਚੇਅਰਮੈਨ ਇਨ੍ਹਾਂ ਲਗਾ ਦਿੱਤਾ। ਉਹ ਪੋਸਟਾਂ ਇਨ੍ਹਾਂ ਦੀਆਂ ਹੋ ਗਈਆਂ। ਇਸ ਲਈ ਚੋਣ ਹੋਣੀ ਚਾਹੀਦੀ ਹੈ। ਮਨਿਸਟਰ ਸਾਹਿਬ ਨੇ ਵੀ ਕੁਝ ਨਾਮੀਨੇਸ਼ਨਜ਼ ਕੀਤੀਆਂ ਹਨ। ਇਹ ਆਪ ਵੇਖ ਲੈਣ ਕਿ ਇਹ ਕਿਸ ਤਰ੍ਹਾਂ ਡੈਮੋਕਰੇਸੀ ਵਲ ਜਾ ਰਹੇ ਹਨ। ਜੇਕਰ ਇਨ੍ਹਾਂ ਨੇ ਵੀ ਪਿਛਲੀ ਸਰਕਾਰ ਵਾਲਾ ਹੀ ਰਵੱਈਆ ਰੱਖਣਾ ਹੈ, ਤਾਂ ਫਿਰ ਹੋਰ ਗੱਲ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਨ੍ਹਾਂ ਨੂੰ ਇਲੈਕਸ਼ਨਾਂ ਵਾਲੇ ਪਾਸੇ ਜਾਣਾ ਚਾਹੀਦਾ ਹੈ ਔਰ ਬੋਰਡ ਵਿਚ ਵੱਧ ਤੋਂ ਵੱਧ ਕਿਸਾਨਾਂ ਦੀ ਰੀਪਰੇਜ਼ੈਂਟੇਸ਼ਨ ਇਲੈਕਸ਼ਨ ਰਾਹੀਂ ਹੋਣੀ ਚਾਹੀਦੀ ਹੈ।

**ਸਰਦਾਰ ਮੁਹਿੰਦਰ ਸਿੰਘ ਸਰੂਪਵਾਲੀ** (ਕਾਦੀਆਂ) : ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਿੱਲ ਦੀ ਪ੍ਰੋੜ੍ਹਤਾ ਵਾਸਤੇ ਖੜਾ ਹੋਇਆ ਹਾਂ।....

**ਸ੍ਰੀ ਡਿਪਟੀ ਸਪੀਕਰ** : ਸਰਦਾਰ ਮੁਹਿੰਦਰ ਸਿੰਘ ਜੀ, ਮੈਂ ਤੁਹਾਡਾ ਧਿਆਨ ਦਿਵਾਵਾਂਗਾ ਕਿ ਸਮਾਂ ਬਹੁਤ ਘੱਟ ਹੈ। ਤੁਸੀਂ ਥੋੜ੍ਹੇ ਹੀ ਸਮੇਂ ਵਿਚ ਬੋਲਣਾ।

**ਸਰਦਾਰ ਮੁਹਿੰਦਰ ਸਿੰਘ ਸਰੂਪਵਾਲੀ**: ਠੀਕ ਹੈ ਜੀ। ਡਿਪਟੀ ਸਪੀਕਰ ਸਾਹਿਬ, ਕੁਝ ਸੱਜਣਾਂ ਨੇ ਇਸ ਬਿੱਲ ਵਾਸਤੇ ਖਦਸ਼ੇ ਜ਼ਾਹਿਰ ਕੀਤੇ ਹਨ। ਮੈਂ ਕਹਾਂਗਾ ਕਿ ਸਰਕਾਰ ਨੇ ਚੰਗਾ ਬਿੱਲ ਲਿਆਂਦਾ ਹੈ ਔਰ ਇਸ ਦੇ ਵਿਚ ਖਦਸ਼ਿਆਂ ਵਾਲੀ ਗੱਲ ਨਹੀਂ ਹੈ। ਸੱਭ ਤੋਂ ਪਹਿਲੀ ਗੱਲ ਜਿਹੜੀ ਹੈ ਉਹ ਹੈ ਕਿ ਇਸ ਬਿੱਲ ਦੇ ਏਮਜ਼ ਅਤੇ ਆਬਜੈਕਟਸ ਜਿਹੜੇ ਹਨ ਉਨ੍ਹਾਂ ਵਿਚ ਬੜਾ ਕਲੀਅਰ ਲਿਖਿਆ ਹੈ ਕਿ ਇਹ ਬਿੱਲ ਜੋ ਹੈ ਮਾਰਕੀਟਿੰਗ ਬੋਰਡ, ਕਿਸਾਨਾਂ ਦੀ ਭਲਾਈ ਵਾਸਤੇ, ਬੇਹਤਰੀ ਵਾਸਤੇ ਬਣਾਇਆ ਗਿਆ ਹੈ ਔਰ ਸਾਰੇ ਪੈਸੇ ਕਿਸਾਨਾਂ ਦੇ ਭਲੇ ਵਾਸਤੇ ਖਰਚ ਕੀਤੇ ਜਾਣੇ ਹਨ। ਸੜਕਾਂ, ਪੁਲੀਆਂ ਤੇ ਸ਼ੈਡਜ਼ ਜਿਹੜੇ ਬਣਾਏ ਜਾਣਗੇ ਉਨ੍ਹਾਂ ਤੇ ਉਹ ਪੈਸੇ ਖਰਚ ਕੀਤੇ ਜਾਣਗੇ। ਮੈਂ ਬੇਨਤੀ ਕਰਾਂਗਾ ਕਿ ਜਿੱਥੋਂ ਤਕ ਇਸ ਬਿੱਲ ਦਾ ਸਬੰਧ ਹੈ, ਇਸ ਦੇ ਏਮਜ਼ ਬਹੁਤ ਵੱਡੇ ਹਨ। ਸਰਕਾਰ ਨੇ 302 ਕਰੋੜ ਰੁਪਿਆ ਖਰਚ ਕਰਕੇ ਰੂਰਲ ਇੰਟੈਗਰੇਟਿਡ ਡਿਵੈਲਪਮੈਂਟ ਪ੍ਰੋਗਰਾਮ ਸ਼ੁਰੂ ਕੀਤਾ ਹੈ, ਉਸ ਦੇ ਨਾਲ ਇਸ ਦੇ ਏਮਜ਼ ਹੋਰ ਵੀ ਵੱਧ ਜਾਣਗੇ ਔਰ ਤੁਹਾਡੇ ਰਾਹੀਂ ਮੈਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪ੍ਰੋਗਰਾਮ ਚੰਗਾ ਹੈ ਪਰ ਜਿਹੜੇ ਫੋਕਲ ਪੁਆਇੰਟ ਲਏ ਹਨ, ਜਿਨ੍ਹਾਂ ਪਿੰਡਾਂ ਨੂੰ ਉਨ੍ਹਾਂ ਨਾਲ ਜੋੜਿਆ ਹੈ ਉਹ ਪਿੰਡ ਇਸ ਤੋਂ ਫਾਇਦਾ ਨਹੀਂ ਉਠਾ ਸਕਦੇ। ਇਸ ਲਈ ਫੋਕਲ ਪੁਆਇੰਟਸ ਤੇ ਕਿਸਾਨ ਆਪਣੀ ਜਿਣਸ ਤਦ ਹੀ ਲਿਆ ਸਕਦਾ ਹੈ ਜੇਕਰ ਉਹ ਪਿੰਡ ਫੋਕਲ ਪੁਆਇੰਟਾਂ ਨਾਲ ਜੋੜੇ ਜਾਣ। ਅਗਰ ਉਨ੍ਹਾਂ ਨੂੰ ਵੀ ਸੜਕਾਂ ਨਾਲ, ਫੋਕਲ ਪੁਆਇੰਟਾਂ ਨਾਲ ਜੋੜਿਆ ਜਾਵੇ ਤਾਂ ਇਸ ਦੀ ਮਹਾਨਤਾ ਹੋਰ ਵੀ ਵੱਧ ਜਾਂਦੀ ਹੈ। ਇਥੇ ਕੁੱਝ ਸਜਨਾਂ ਨੇ ਇਹ ਵੀ ਗਲ ਕੀਤੀ ਹੈ ਕਿ ਜਿਹੜੇ ਇਸ ਵਿਚ ਮੈਂਬਰ ਲਾਏ ਹਨ ਉਹ ਠੀਕ ਨਹੀਂ ਲਾਏ। ਉਨ੍ਹਾਂ ਤੇ ਨੁਕਤਾਚੀਨੀ ਕੀਤੀ ਹੈ। ਡਿਪਟੀ ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਇਸ ਵਿਚ ਬਹੁਤ ਸੋਹਣੀ ਨੁਮਾਇੰਦਗੀ ਦਿੱਤੀ ਹੈ, ਬੜੇ ਤਰੀਕੇ ਨਾਲ ਹਰ ਮਹਿਕਮੇ ਵਿਚੋਂ ਬੰਦੇ ਲਏ ਹਨ। ਇਹ ਕਿਹੜੇ ਕਿਹੜੇ ਹਨ— ਖੇਤੀਬਾੜੀ ਵਿਭਾਗ ਦਾ ਇਕ ਮੈਂਬਰ, ਪਸ਼ੂਪਾਲਣ ਵਿਭਾਗ ਦਾ ਇਕ ਨੁਮਾਇੰਦਾ ਔਰ ਖੁਰਾਕ ਤੇ ਸਪਲਾਈ ਵਿਭਾਗ ਦਾ ਇਕ ਨੁਮਾਇਦਾ ਇਸ ਵਿਚ ਲਿਆ ਹੈ। ਪਰ ਫਿਰ ਵੀ ਇਥੇ ਕਿਹਾ ਗਿਆ

Original with;
Punjab Vidhan Sabha
Digitized by;
Panjab Digital Library

[ਸਰਦਾਰ ਮੁਹਿੰਦਰ ਸਿੰਘ ਸਰੂਪਵਾਲੀ]

ਹੈ ਕਿ ਗਰੀਬਾਂ ਨੂੰ ਨੁਮਾਇੰਦਗੀ ਨਹੀਂ ਦਿੱਤੀ ਗਈ। ਮੈਂ ਬੇਨਤੀ ਕਰਾਂਗਾ ਕਿ ਸਰਦਾਰ ਬਲਵਿੰਦਰ ਸਿੰਘ ਜੀ ਨੇ ਛੋਲਿਆਂ ਨੂੰ ਵੀ ਜਿਹੜੇ ਕਿ ਗਰੀਬਾਂ ਦੀ ਨੁਮਾਇੰਦਗੀ ਕਰਦੇ ਹਨ ਉਨ੍ਹਾਂ ਨੂੰ ਵੀ ਨੁਮਾਇੰਦਗੀ ਦਿੱਤੀ ਹੈ ਇਹ ਬੜਾ ਚੰਗਾ ਕੰਮ ਕੀਤਾ ਹੈ। ਡਿਪਟੀ ਸਪੀਕਰ ਸਾਹਿਬ, ਕੁਝ ਸੱਜਣਾਂ ਨੇ ਇਥੇ ਇਹ ਜਿਹੜੀ ਮਾਰਕਿਟ ਫੀਸ ਸਵਾ 2 ਤੋਂ 3 ਰੁਪਏ ਕੀਤੀ ਜਾ ਰਹੀ ਹੈ ਇਸ ਤੇ ਵੀ ਇਤਰਾਜ਼ ਕੀਤਾ ਹੈ। ਮੈਂ ਬੇਨਤੀ ਕਰਦਾ ਹਾਂ ਕਿ ਇਹ ਪੈਸਾ ਤਾਂ ਜਿਸ ਨੇ ਜਿਣਸ ਖਰੀਦਣੀ ਹੈ ਉਸ ਨੇ ਦੇਣਾ ਹੈ। ਇਸ ਲਈ ਇਹ ਕੋਈ ਮਾੜਾ ਕੰਮ ਨਹੀਂ ਹੈ। ਇਸ ਦਾ ਗਰੀਬਾਂ ਤੇ ਕੋਈ ਅਸਰ ਨਹੀਂ ਪੈਣਾ।

ਡਿਪਟੀ ਸਪੀਕਰ ਸਾਹਿਬ, ਇਥੇ ਮੈਂ ਇਕ ਗਲ ਹੋਰ ਵੀ ਕਰਨੀ ਚਾਹੁੰਦਾ ਹਾਂ ਕਿ ਜਿਹੜੀ ਸਰਕਾਰ ਚਲੀ ਗਈ ਹੈ ਉਨ੍ਹਾਂ ਵੇਲੇ ਮਾਰਕਿਟ ਕਮੇਟੀਆਂ ਵਿਚ ਬਹੁਤ ਤਕੜੇ ਘੱਪਲੇ ਹੋਏ ਹਨ ਔਰ ਕਾਫੀ ਗੋਲ ਮਾਲ ਹੋਇਆ ਹੈ। ਮੈਂ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਹ ਬਹੁਤ ਤਕੜਾ ਅਦਾਰਾ ਹੈ ਇਸ ਤੇ ਪੂਰਾ ਧਿਆਨ ਦੇਣਾ ਚਾਹੀਦਾ ਹੈ ਅਤੇ ਇਹ ਜਿਹੜੇ ਘਪਲੇ ਪਹਿਲੇ ਹੋਏ ਹਨ ਇਹ ਹੁਣ ਨਹੀਂ ਹੋਣੇ ਚਾਹੀਦੇ।

ਇਕ ਗੱਲ ਮੈਂ ਹੋਰ ਦੱਸਾਂ ਕਿ ਇਕ ਹੋਰ ਕੰਮ ਸਰਕਾਰ ਨੇ ਬੜਾ ਚੰਗਾ ਕੀਤਾ, ਉਹ ਇਹ ਹੈ ਕਿ ਹੁਣ ਸਰਕਾਰ ਚੇਅਰਮੈਨ ਨੂੰ ਕੋਈ ਵੀ ਹਦਾਇਤ ਕਰ ਸਕਦੀ ਹੈ। ਇਹ ਬੜੀ ਚੰਗੀ ਤਜਵੀਜ਼ ਹੈ। ਇਸ ਤੋਂ ਪਹਿਲੇ ਅਦਾਰਿਆਂ ਦੇ ਚੇਅਰਮੈਨ ਆਪਣੀ ਮਨਮਰਜ਼ੀ ਕਰਦੇ ਹੁੰਦੇ ਸਨ ਅਤੇ ਸਰਕਾਰ ਦੀ ਕੋਈ ਪਰਵਾਹ ਨਹੀਂ ਸਨ ਕਰਦੇ, ਪਰ ਹੁਣ ਉਹ ਆਪਣੀ ਮਨਮਾਨੀ ਨਹੀਂ ਕਰ ਸਕਣਗੇ। ਕਿਉਂਕਿ ਪਿਛਲਾ ਤਜਰਬਾ ਦਸਦਾ ਹੈ ਕਿ ਚੇਅਰਮੈਨ ਇਨਸੈਕਟੀਸਾਈਡਜ਼, ਪੈਸਟੀਸਾਈਡਜ਼ ਅਤੇ ਤਰਪਾਲਾਂ ਵਿਚ ਘਪਲਾ ਕਰਦੇ ਰਹੇ ਹਨ। ਮੈਂ ਬੇਨਤੀ ਕਰਾਂਗਾ ਕਿ ਇਹ ਜਿਹੜੇ ਘਪਲੇ ਹੋਏ ਹਨ, ਇਨ੍ਹਾਂ ਦੀ ਸਾਡੀ ਸਰਕਾਰ ਨੂੰ ਜ਼ਰੂਰ ਇਨਕੁਆਇਰੀ ਕਰਵਾਉਣੀ ਚਾਹੀਦੀ ਹੈ (ਘੰਟੀ) ਇਸ ਨਾਲ ਛੋਟੇ ਕਿਸਾਨਾਂ ਨੂੰ ਬਹੁਤ ਫਾਇਦਾ ਹੋਣਾ ਹੈ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਜਿਹੜੇ ਸਪਰੇ ਵਗੈਰਾ ਕੀਤੇ ਜਾਂਦੇ ਹਨ, ਹਵਾਈ ਜਹਾਜ਼ ਆਦਿ ਰਾਹੀਂ ਇਹ ਤਾਂ ਵੱਡੇ ਵੱਡੇ ਜ਼ਿਮੀਦਾਰਾਂ ਦੇ ਕੀਤੇ ਜਾਂਦੇ ਹਨ ਪਰ ਜਿਹੜੇ ਛੋਟੇ ਜ਼ਿਮੀਦਾਰ ਹਨ ਉਨ੍ਹਾਂ ਨੂੰ ਇਸ ਦਾ ਫਾਇਦਾ ਦੇਣ ਵਾਸਤੇ ਇਨਸੈਕਟੀ-ਸਾਈਡਜ਼ ਅਤੇ ਪੈਸਟੀਸਾਈਡਜ਼ ਵਿਚ ਸਬਸਿਡੀ ਦੇਣੀ ਚਾਹੀਦੀ ਹੈ ਤਾਂ ਕਿ ਉਹ ਵੀ ਇਹ ਦਵਾਈਆਂ ਵਰਤ ਕੇ ਆਪਣੀਆਂ ਫਸਲਾਂ ਖਰਾਬ ਹੋਣ ਤੋਂ ਬਚਾ ਸਕਣ ਅਤੇ ਉਨ੍ਹਾਂ ਦੀ ਆਰਥਕ ਹਾਲਤ ਸੁਧਰ ਸਕੇ।

**ਚੌਧਰੀ ਕਾਂਸ਼ੀ ਰਾਮ** (ਫਾਜ਼ਿਲਕਾ): ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿਤਾ ਹੈ। ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿਲ ਇੰਟਰੋਡਿਊਸ ਕੀਤਾ ਗਿਆ ਹੈ ਮੈਂ ਇਸ ਲਈ ਹੋਰ ਕੁਝ ਨਹੀਂ ਕਹਿ ਸਕਦਾ ਸਿਵਾਏ ਇਸ ਦੇ ਕਿ ਇਹ ਬਿਊਰੋਕਰੇਸੀ ਦੇ ਹੱਥਾਂ ਨੂੰ ਮਜਬੂਤ ਕਰੇਗਾ। ਤਮਾਮ ਮਾਲ ਮਾਰਕੀਟਿੰਗ ਬੋਰਡ ਦਾ ਸਰਕਾਰ ਦੇ ਕਬਜ਼ੇ ਵਿਚ ਹੋ ਜਾਵੇਗਾ ਔਰ ਜਿਹੜਾ ਇਹ ਪਿਛਲੀ ਸਰਕਾਰ ਦਾ ਨਾਂ ਲੈ ਕੇ ਗਲਾਂ ਕਰਦੇ ਹਨ, ਮੈਂ ਤਾਂ ਸਮਝਦਾ ਹਾਂ ਕਿ ਇਹ ਉਸ ਨਾਲੋਂ ਵੀ ਇਕ ਸਟੈਪ ਫਰਦਰ ਹਨ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਵੇਖ ਕੇ ਮੈਨੂੰ ਇਕ ਗਲ ਯਾਦ ਆਉਂਦੀ ਹੈ ਕਿ ਇਕ ਪਿੰਡ ਵਿਚ ਇਕ ਸਾਧ ਰਹਿੰਦਾ ਸੀ, ਉਹ ਕਿਸੇ ਪਿੰਡ ਵਿਚ ਰੋਟੀ ਮੰਗਣ ਲਈ ਚਲਾ ਗਿਆ। ਉਸੇ ਨੇ ਕਿਸੇ ਦੇ ਘਰ ਜਾ ਕੇ ਰੋਟੀ ਮੰਗੀ। ਉਥੇ ਇਕ ਨੂੰਹ ਅਤੇ ਸੱਸ ਬੈਠੀ ਸੀ। ਸੱਸ ਨੇ ਕਿਹਾ ਕਿ ਜਾ ਛੋਰੀ ਕੋਲ ਜਾ ਕੇ ਰੋਟੀ ਲੈ ਲਓ। ਉਹ ਸਾਧੂ ਉਸ ਦੀ ਨੂੰਹ ਕੋਲ ਗਿਆ ਤਾਂ ਉਹ ਰੋਟੀ ਬਣਾ ਰਹੀ ਸੀ। ਉਹ ਜਿਸ ਵੇਲੇ ਰੋਟੀ ਬਣਾਉਣ

Original with;
Punjab Vidhan Sabha
Digitized by;
Panjab Digital Library

ਲਗੀ ਤਾਂ ਆਟੇ ਵਿਚੋਂ ਉਸ ਨੇ ਥੋੜਾ ਜਿਹਾ ਆਟਾ ਤੋੜ ਕੇ ਰਖ ਲਿਆ ਅਤੇ ਬਾਕੀ ਦੇ ਆਟੇ ਦੀ ਰੋਟੀ ਬਣਾ ਦਿਤੀ। ਇਹ ਵੇਖ ਕੇ ਉਸ ਸਾਧ ਨੇ ਸੋਚਿਆ ਕਿ ਇਸ ਨੇ ਮੇਰੀ ਰੋਟੀ ਜਾਣ ਕੇ ਛੋਟੀ ਕੀਤੀ ਹੈ। ਉਸ ਨੇ ਉਸ ਛੋਰੀ ਨੂੰ ਪੁਛਿਆ ਕਿ ਇਹ ਮੇਰੀ ਰੋਟੀ ਦੇ ਆਟੇ ਵਿਚੋਂ ਤੂੰ ਆਟਾ ਕਿਉਂ ਤੋੜਿਆ ਹੈ? ਇਸ ਤੇ ਉਹ ਛੋਰੀ ਕਹਿਣ ਲਗੀ ਕਿ ਮੈਂ ਕੀ ਦਸਾਂ, ਮੇਰੀ ਸੱਸ ਵੀ ਇਸੇ ਤਰ੍ਹਾਂ ਵਿਤਕਰਾ ਕਰਦੀ ਹੁੰਦੀ ਸੀ। ਸੋ ਇਹੀ ਹਾਲ ਹੈ ਇਸ ਸਰਕਾਰ ਦਾ। ਇਹ 30 ਸਾਲਾਂ ਦੀਆਂ ਰੋਜ਼ ਗੱਲਾਂ ਕਰਕੇ ਆਪਣੀਆਂ ਸਪੀਚਾਂ ਕਰਦੇ ਹਨ, ਪਰ ਆਪ ਤਾਂ ਉਸ ਸਰਕਾਰ ਨਾਲੋਂ ਵੀ ਇਕ ਸਟੈਪ ਫਰਦਰ ਚਲੇ ਗਏ ਹਨ।

ਡਿਪਟੀ ਸਪੀਕਰ ਸਾਹਿਬ, ਇਹ ਇਕ ਹਿਸਟੋਰਿਕ ਬਿੱਲ ਹੈ। ਸਰ ਛੋਟੂ ਰਾਮ ਵੇਲੇ ਇਹ ਬਿਲ ਲਾਗੂ ਕੀਤਾ ਗਿਆ ਸੀ। ਉਸ ਵੇਲੇ ਕਿਸਾਨਾਂ ਦਾ ਮਾਲ ਘਟ ਤੋਲਿਆ ਜਾਂਦਾ ਸੀ। ਕਿਸਾਨ ਦੇ ਮਾਲ ਦਾ ਫਾਇਦਾ ਬਾਣੀਆ ਲੈਂਦਾ ਸੀ। ਪਰ ਸਰ ਛੋਟੂ ਰਾਮ ਦੇ ਵੇਲੇ ਜਦੋਂ ਇਹ ਬਿਲ ਲਾਗੂ ਕੀਤਾ ਗਿਆ ਸੀ ਉਦੋਂ ਸਰ ਛੋਟੂ ਰਾਮ ਮੁਰਦਾਬਾਦ ਦੇ ਨਾਅਰੇ ਲਾਏ ਗਏ ਸਨ। ਉਸ ਵੇਲੇ ਆੜ੍ਹਤੀਏ ਹੀ ਕਿਸਾਨ ਦੀ ਜਿਣਸ ਆਪ ਖਰੀਦਦੇ ਹੁੰਦੇ ਸਨ। ਉਹ ਜਿਸ ਤਰ੍ਹਾਂ ਚਾਹੁਣ ਮਾਲ ਖਰੀਦ ਲੈਣ, ਕੋਈ ਪ੍ਰਣਾਲੀ ਨਹੀਂ ਸੀ। ਪ੍ਰਾਈਵੇਟ ਵਪਾਰੀ ਹੁੰਦੇ ਸਨ। ਇਕ ਮਣ ਦਾ 42 ਸੇਰ ਤੁਲਦਾ ਮੈਂ ਆਪ ਵੇਖਿਆ ਹੈ। ਜਿਸ ਵੇਲੇ ਇਹ ਹਾਲ ਹੋ ਰਿਹਾ ਸੀ ਤਦ ਜਾ ਕੇ ਇਸ ਐਕਟ ਦੀ ਜ਼ਰੂਰਤ ਪਈ ਸੀ ਤਾ ਕਿ ਉਸ ਕਿਸਾਨ ਦਾ ਜਿਹੜਾ ਮਾਲ ਹੈ ਉਹ ਘਟ ਨਾ ਤੁਲੇ, ਉਹ ਪੂਰਾ ਤੁਲੇ ਅਤੇ ਉਸ ਨੂੰ ਐਕਸਪਲਾਇਟ ਨਾ ਕੀਤਾ ਜਾ ਸਕੇ। ਪਰ ਡਿਪਟੀ ਸਪੀਕਰ ਸਾਹਿਬ, ਅੱਜ ਹਾਲਾਤ ਬਦਲ ਚੁਕੇ ਹਨ। ਅਜ ਸਰਕਾਰ ਦੇ ਕੋਲ ਇਸ ਨੂੰ ਚੈਕ ਕਰਨ ਵਾਸਤੇ ਕਈ ਮਈਅਰਜ਼ ਹਨ। ਉਹ ਉਨ੍ਹਾਂ ਮਈਅਰਜ਼ ਨੂੰ ਸਟ੍ਰਿਕਟਲੀ ਲਾਗੂ ਕਰ ਸਕਦੇ ਹਨ। ਫਿਰ ਮੈਨੂੰ ਸਮਝ ਨਹੀਂ ਆਉਂਦੀ ਕਿ ਹੁਣ ਇਹ ਕਿਸਾਨ ਕੋਲੋਂ, ਜਿਹੜਾ ਕਿ ਬਹੁਤ ਭੋਲਾ ਭਾਲਾ ਹੈ, ਇਹ 3 ਪ੍ਰਤੀਸ਼ਤ ਕਿਉਂ ਵਸੂਲ ਕਰ ਰਹੇ ਹਨ। ਮੈਂ ਤਾਂ ਸਮਝਦਾ ਹਾਂ ਕਿ ਜੇ ਇਸ ਨੂੰ ਜਜ਼ੀਆ ਕਹਿ ਦੇਈਏ ਤਾਂ ਗਲਤ ਨਹੀਂ ਹੋਵੇਗਾ। ਇਹ ਗਰੀਬ ਕਿਸਾਨਾਂ ਨਾਲ ਬੜੀ ਬੇਇਨਸਾਫੀ ਹੈ। ਜੇ ਇਨ੍ਹਾਂ ਨੂੰ ਪੈਸਾ ਚਾਹੀਦਾ ਹੈ ਤਾਂ ਇਨ੍ਹਾਂ ਕੋਲ ਹੋਰ ਵੀ ਹਜ਼ਾਰਾਂ ਤਰੀਕੇ ਹਨ। ਇਹ ਇਸ ਨੂੰ ਸਿਧਾ ਟੈਕਸ ਹੀ ਲਾ ਦਿੰਦੇ। ਮੇਰੇ ਦੋਸਤ ਨੇ ਕਿਹਾ ਹੈ ਕਿ ਇਹ ਪਰਚੇਜ਼ਰ ਤੇ ਅਸਰ ਕਰਦਾ ਹੈ। ਮੈਂ ਸਮਝਦਾ ਹਾਂ ਕਿ ਇਸ ਦਾ ਸਿਰਫ ਉਸ ਤੇ ਹੀ ਨਹੀਂ ਬਲਕਿ ਜਿਣਸ ਵੇਚਣ ਵਾਲੇ ਤੇ ਵੀ ਸਿਧਾ ਅਸਰ ਹੈ।

**ਸ੍ਰੀ ਡਿਪਟੀ ਸਪੀਕਰ**: ਵਾਈਂਡ ਅਪ ਕਰੋ। ਮੇਰੀ ਬੇਨਤੀ ਹੈ ਕਿ ਡੇਢ ਵਜੇ ਤੋਂ ਪਹਿਲਾਂ ਪਹਿਲਾਂ 5 ਬਿੱਲ ਪਾਸ ਹੋਣੇ ਹਨ।

**ਚੌਧਰੀ ਕਾਂਸ਼ੀ ਰਾਮ**: ਕੋਈ ਗਲ ਨਹੀਂ ਜੀ, ਰਾਤ ਨੂੰ ਬੈਠ ਜਾਵਾਂਗੇ। ਮੈਂ ਇਹ ਕਹਿ ਰਿਹਾ ਸੀ ਕਿ ਇਹ ਸਰਕਾਰ ਜਿਹੜੀ ਕਿ ਆਪਣੇ ਆਪ ਨੂੰ ਕਿਸਾਨਾਂ ਦੀ ਹਮਦਰਦ ਕਹਾਉਂਦੀ ਹੈ ਮਾਰਕਿਟ ਫੀਸ ਸਵਾ 2 ਰੁਪਏ ਤੋਂ 3 ਰੁਪਏ ਕਰਕੇ ਠੀਕ ਨਹੀਂ ਕਰ ਰਹੀ ਹੈ।

ਡਿਪਟੀ ਸਪੀਕਰ ਸਾਹਿਬ, ਪੰਜਾਬ ਐਗਰੀਕਲਚਰਲ ਪਰੋਡਿਊਸ ਮਾਰਕਿਟਸ ਬਿਲ, 1939 ਦਾ ਬਣਿਆ ਹੋਇਆ ਹੈ। ਉਸ ਵਿਚ ਇਹ ਲਿਖਿਆ ਹੈ ਕਿ:

"Market Committee is a complete independent unit. There is no intervention of any sort of Board.. .... .."

Original with;
Punjab Vidhan Sabha
Digitized by;
Panjab Digital Library

[ਚੌਧਰੀ ਕਾਂਸ਼ੀ ਰਾਮ]

ਮਗਰ ਇਹ ਸਰਕਾਰ ਜਿਹੜੀ ਹੈ ਇਹ ਮਾਰਕਿਟ ਕਮੇਟੀਜ਼ ਤੇ ਕੰਟਰੋਲ ਕਰ ਰਹੀ ਹੈ । ਡਿਪਟੀ ਸਪੀਕਰ ਸਾਹਿਬ, ਮਾਰਕਿਟ ਕਮੇਟੀ ਤੇ ਜਿਹੜਾ ਖਰਚ ਕੀਤਾ ਜਾਂਦਾ ਹੈ ਉਸ ਦਾ ਜ਼ਿਕਰ ਬਜਟ ਵਿਚ ਨਹੀਂ ਹੁੰਦਾ। ਜਿਹੜਾ ਪੀ. ਡਬਲਿਊ ਡੀ. ਦਾ ਮਹਿਕਮਾ ਹੈ ਇਹ ਉਸ ਦਾ ਇਕ ਕਮਿਸ਼ਨ ਏਜੰਟ ਬਣ ਕੇ ਰਹਿ ਗਿਆ ਹੈ। ਜਿੰਨ੍ਹਾ ਪੈਸਾ ਵੀ ਇਸ ਤੇ ਖਰਚ ਆਉਂਦਾ ਹੈ ਅਗਰ ਮਾਰਕਿਟ ਕਮੇਟੀਆਂ ਦਾ ਪੈਸਾ ਇਸ ਨੂੰ ਨਾ ਮਿਲੇ ਤਾਂ ਸ਼ਾਇਦ ਇਹ ਮਹਿਕਮਾਂ ਆਪਣੇ ਕਰਮਚਾਰੀਆਂ ਨੂੰ ਤਨਖਾਹ ਵੀ ਨਾ ਦੇ ਸਕੇ। ਇਸ ਮਹਿਕਮੇ ਕੋਲ ਹੁਣ ਜਿੰਨਾ ਵੀ ਪੈਸਾ ਆਉਂਦਾ ਹੈ, ਮਾਰਕਿਟ ਕਮੇਟੀਆਂ ਰਾਹੀਂ, ਉਸ ਮੁਤਾਬਿਕ ਹੀ ਇਹ ਆਪਣਾ ਸਟਾਫ ਐਕਸਟੈਂਡ ਕਰਦੇ ਹਨ । 3 ਚੀਫ ਇੰਜਨੀਅਰਜ਼, 12 ਸੁਪਰਿੰਟੈਂਡਿੰਗ ਇੰਜੀਨੀਅਰਜ਼ ਰਖ ਲਏ ਹਨ। ਇਹ ਕਿਥੋਂ ਰਖੇ ?

ਮਾਲੇ ਮੁਫਤ ਦਿਲੇ ਬੇਰਹਿਮ ।

ਤੁਸੀਂ ਇਸ ਐਕਟ ਨੂੰ ਹੋਰ ਐਨਹਾਂਸ ਨਾ ਕਰੋ, ਜਿੰਨੀ ਲੋੜ ਹੈ ਉਤਨਾ ਹੀ ਵਧਾਉਣਾ ਚਾਹੀਦਾ ਹੈ। ਬਾਕੀ ਬੋਰਡ ਨੇ ਤਾਂ ਗੌਰਮਿੰਟ ਦੀਆਂ ਹਦਾਇਤਾਂ ਤੇ ਪਾਬੰਦ ਰਹਿਣਾ ਹੈ। What is the fun to have this Board ? Why do you not vest all the powers in the Secretary, Agriculture? ਇਸ ਬੋਰਡ ਨੇ ਸਰਕਾਰ ਦੀਆਂ ਹਦਾਇਤਾਂ ਦੇ ਮੁਤਾਬਿਕ ਹੀ ਚਲਣਾ ਹੈ। ਫੇਰ ਕੀ ਫਨ ਹੈ ਫਿਰ ਇਸ ਬੋਰਡ ਨੂੰ ਕਿਸ ਲਈ ਕਠਪੁਤਲੀ ਦੇ ਤੌਰ ਤੇ ਬਿਠਾ ਦੇਣਾ ਹੈ। ਜਿਸ ਨੂੰ ਚੇਅਰਮੈਨ ਆਫ ਦੀ ਬੋਰਡ ਕਿਹਾ ਜਾਣਾ ਹੈ, ਸਾਡੇ ਵਕਤ ਇਕ ਸੋਬਤੀ ਸਾਹਿਬ ਹੁੰਦੇ ਸਨ ਹੁਣ ਤੁਸੀਂ ਇਕ ਖੁੰਡੀਆਂ ਸਾਹਿਬ ਬਿਠਾ ਦਿਤੇ ਹਨ। ਇਹ ਸਾਰੇ ਚੇਅਰਮੈਨ ਨਾਮਜ਼ਦ ਅਤੇ ਮੈਂਬਰ ਨਾਮਜ਼ਦ ਹੁੰਦੇ ਹਨ । ਪਰ ਤੁਸੀਂ ਮਾਰਕਿਟ ਫੀਸ ਸਵਾ ਦੋ ਰੁਪਏ ਤੋਂ ਤਿੰਨ ਰੁਪਏ ਕਰ ਦਿਤੀ ਹੈ। ਮਾਰਕੀਟਿੰਗ ਬੋਰਡ ਦਾ ਹਿਸਾ 30% ਵਧਾ ਦਿਤਾ ਹੈ। ਜਿਸ ਮਾਰਕਿਟ ਕਮੇਟੀ ਦੇ ਵਿਚ ਕਮਾਈ ਹੁੰਦੀ ਹੈ ਉਥੇ ਪੈਸੇ ਖਰਚ ਨਹੀਂ ਕੀਤੇ ਜਾਂਦੇ, ਜਿਥੇ ਆਮਦਨੀ ਘੱਟ ਹੁੰਦੀ ਹੈ ਉਥੇ ਦੂਜੀ ਮਾਰਕਿਟ ਕਮੇਟੀਆਂ ਦੇ ਪੈਸੇ ਖਰਚ ਕੀਤੇ ਜਾਂਦੇ ਹਨ ।

**ਸ੍ਰੀ ਡਿਪਟੀ ਸਪੀਕਰ** : ਚੌਧਰੀ ਸਾਹਿਬ, ਤੁਸੀਂ ਹੁਣ ਵਾਈਂਡ ਅੱਪ ਕਰ ਦਿਉ ।

**ਚੌਧਰੀ ਕਾਂਸ਼ੀ ਰਾਮ** : ਇਹ ਉਸ ਰੁਪਏ ਨੂੰ ਗਲਤ ਇਸਤੇਮਾਲ ਕਰ ਰਹੇ ਹਨ ਅਤੇ ਸਰਕਾਰ ਇਸ ਰੁਪਏ ਨੂੰ ਮਿਸਯੂਟੇਲਾਈਜ਼ ਕਰ ਰਹੀ ਹੈ। ਹੁਣ ਇਨ੍ਹਾਂ ਦਾ ਮਾਰਕਿਟ ਕਮੇਟੀਆਂ ਅਤੇ ਮਾਰਕੀਟਿੰਗ ਬੋਰਡ ਦੇ ਉਤੇ ਕਬਜ਼ਾ ਹੈ। ਇਹ ਸਾਡੇ ਨਾਲ ਡਿਸਕ੍ਰਿਮੀਨੇਸ਼ਨ ਕਰ ਰਹੇ ਹਨ । ਜਿਸ ਦੇ ਲਈ ਤੁਸੀਂ ਜ਼ਿੰਮੇਵਾਰ ਕਰਾਰ ਦਿਤੇ ਜਾਵੋਗੇ। ਮੈਂ ਬਿਲਕੁਲ ਇਸ ਬਿਲ ਦੇ ਖਿਲਾਫ ਹਾਂ । ਕਿਸਾਨਾਂ ਦੇ ਖਿਲਾਫ ਇਹ ਬਿਲ ਲਿਆਂਦਾ ਗਿਆ ਹੈ। ਇਹ ਕਿਸਾਨਾਂ ਤੇ ਜ਼ਜ਼ੀਆ ਦੇ ਤੌਰ ਤੇ ਲਗਾਇਆ ਜਾ ਰਿਹਾ ਹੈ ।

**ਸ੍ਰੀ ਡਿਪਟੀ ਸਪੀਕਰ** : ਚੌਧਰੀ ਸਾਹਿਬ, ਹੁਣ ਬੈਠੋ, ਤੁਹਾਡਾ ਟਾਈਮ ਖਤਮ ਹੋ ਗਿਆ ਹੈ। 1-30 ਵਜੇ ਤਕ ਇਹ ਸਾਰੇ ਪੰਜੇ ਬਿਲ ਪਾਸ ਕਰਨੇ ਹਨ। ਸਾਡੇ ਕੋਲ ਸਮਾਂ ਬਹੁਤ ਘੱਟ ਹੈ।

(ਇਸ ਸਮੇਂ ਮਾਨਯੋਗ ਮੈਂਬਰ ਕਾਮਰੇਡ ਸਰਵਣ ਸਿੰਘ ਚੀਮਾਂ ਬੋਲਣ ਲਈ ਖੜੇ ਹੋਏ)

**ਖੇਤੀਬਾੜੀ ਮੰਤਰੀ** : ਡਿਪਟੀ ਸਪੀਕਰ ਸਾਹਿਬ, ਚੀਮਾ ਸਾਹਿਬ ਖੜੇ ਹਨ । ਇਨ੍ਹਾਂ ਦੀ ਪਾਰਟੀ ਨੂੰ ਹਾਲੇ ਟਾਈਮ ਨਹੀਂ ਮਿਲਿਆ ਇਸ ਲਈ ਇਨ੍ਹਾਂ ਨੂੰ ਵੀ ਦੋ ਮਿੰਟ ਦੇ ਦੇਵੋ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸਰਵਣ ਸਿੰਘ ਚੀਮਾ** (ਨੂਰ ਮਹਿਲ) : ਡਿਪਟੀ ਸਪੀਕਰ ਸਾਹਿਬ, ਇਹ ਬਿਲ ਸਰਕਾਰ ਵਲੋਂ ਕਿਸਾਨਾਂ ਦੇ ਖਿਲਾਫ ਪੇਸ਼ ਕੀਤਾ ਗਿਆ ਹੈ, ਮੈਂ ਇਸ ਦਾ ਵਿਰੋਧ ਕਰਨ ਲਈ ਖੜਾ ਹੋਇਆ ਹਾਂ। ਇਸ ਬਿਲ ਦੇ ਵਿਚ ਹੈ ਕਿ 8 ਮੈਂਬਰ ਬੋਰਡ ਦੇ ਸਰਕਾਰ ਵਲੋਂ ਨਾਮਜ਼ਦ ਕੀਤੇ ਜਾਣਗੇ ਅਤੇ 6 ਮੈਂਬਰ ਅਫੀਸ਼ਅਲ ਹੋਣਗੇ। ਪਹਿਲੀ ਗਲ ਇਹ ਹੈ ਕਿ ਇਨ੍ਹਾਂ 6 ਮੈਂਬਰਾਂ ਦੀ ਕੀ ਲੋੜ ਹੈ। ਗਾਈਡੈਂਸ ਲੈਣ ਲਈ 2 ਮੈਂਬਰ ਹੀ ਬਹੁਤ ਹੁੰਦੇ ਹਨ, ਵਾਧੂ ਭਾਰ ਬੋਰਡ ਤੇ ਕਿਉਂ ਪਾਇਆ ਜਾ ਰਿਹਾ ਹੈ। ਬਾਕੀ 8 ਮੈਂਬਰ ਜਿਹੜੇ ਨਾਮਜ਼ਦ ਕੀਤੇ ਜਾਣੇ ਹਨ। ਇਹ ਨਾਮਜ਼ਦ ਨਹੀਂ ਕੀਤੇ ਜਾਣੇ ਚਾਹੀਦੇ ਬਲ ਕਿ ਪੰਚਾਇਤ ਦੀਆਂ ਚੋਣਾਂ ਹੋ ਚੁਕੀਆਂ ਹਨ ਅਤੇ ਕੋਆਪਰੇਟਿਵ ਸੋਸਾਇਟੀਜ਼ ਹਨ, ਇਨ੍ਹਾਂ ਸਾਰਿਆਂ ਅਦਾਰਿਆਂ ਦੇ ਵਿਚੋਂ ਇਹ ਮੈਂਬਰ ਚੁਣ ਕੇ ਆਉਣੇ ਚਾਹੀਦੇ ਹਨ ਤਾਕਿ ਲੋਕਾਂ ਦੇ ਚੁਣੇ ਹੋਏ ਮੈਂਬਰ ਵੋਟਰਾਂ ਦੀ ਪ੍ਰਤੀਨਿਧਤਾ ਕਰ ਸਕਣ, ਨਾ ਕਿ ਬੋਰਡ ਦੇ ਵਿਚ ਨਾਮਜ਼ਦ ਕੀਤੇ ਹੋਏ ਮੈਂਬਰ ਲੋਕਾਂ ਦੀ ਪ੍ਰਤੀਨਿਧਤਾ ਕਰਨ। ਤੁਸੀਂ ਤਾਂ ਕਾਂਗਰਸੀ ਭਰਾਵਾਂ ਦੇ ਵਾਂਗੂ ਕੰਮ ਸ਼ੁਰੂ ਕਰ ਦਿਤਾ ਹੈ ਜਿਸ ਤਰ੍ਹਾਂ ਉਹ ਬੋਰਡ ਦੇ ਵਿਚ ਆਪਣੇ ਮੈਂਬਰ ਨਾਮਜ਼ਦ ਕਰਦੇ ਸਨ ਉਸੇ ਤਰ੍ਹਾਂ ਤੁਸੀਂ ਸ਼ੁਰੂ ਕਰ ਦਿਤਾ ਹੈ। ਮਾਰਕਿਟ ਕਮੇਟੀਆਂ ਨਾਮਜ਼ਦ ਕੀਤੀਆਂ ਗਈਆਂ ਸਨ ਫਿਰ ਉਸ ਦੇ ਵਿਚ ਗ਼ਬਨ ਹੋਏ ਅਤੇ ਕਾਫੀ ਪੈਸੇ ਖਾ ਗਏ ਕਿਉਂਕਿ ਉਹ ਲੋਕ ਕਿਸੇ ਕੋਲ ਜਵਾਬ-ਦੇਹ ਨਹੀਂ ਸਨ ਇਸ ਲਈ ਹੇਰਾਫੇਰੀ ਵਧੀ। ਇਸ ਲਈ ਮੈਂ ਕਹਿੰਦਾ ਹਾਂ ਕਿ ਮੈਂਬਰਾਂ ਦੀ ਨਾਮਜ਼ਦਗੀ ਨਹੀਂ ਹੋਣੀ ਚਾਹੀਦੀ। ਇਸ ਦੇ ਨਾਲ ਮਾਰਕਿਟ ਕਮੇਟੀਆਂ ਦੇ ਮੈਂਬਰ ਲੋਕਾਂ ਦੇ ਚੁਣੇ ਹੋਏ ਹੋਣੇ ਚਾਹੀਦੇ ਹਨ ਤਾ ਕਿ ਲੋਕਾਂ ਦਾ ਪੈਸਾ ਬਰਬਾਦ ਨਾ ਹੋਵੇ। ਹੁਣ ਜਿਹੜਾ ਮਾਰਕੀਟੰਗ ਬੋਰਡ ਦੇ ਵਿਚ ਫੀਸ ਦਾ ਵਾਧਾ ਕੀਤਾ ਜਾ ਰਿਹਾ ਹੈ ਇਹ ਕਿਸਾਨਾਂ ਦੇ ਨਾਲ ਇਕ ਕਿਸਮ ਦਾ ਧੱਕਾ ਹੈ।

**ਖੇਤੀ ਬਾੜੀ ਮੰਤਰੀ** (ਸਰਦਾਰ ਬਲਵਿੰਦਰ ਸਿੰਘ ਭੂੰਦੜ) : ਡਿਪਟੀ ਸਪੀਕਰ ਸਾਹਿਬ, ਇਹ ਜੋ ਆਰਡੀਨੈਂਸ ਬਿਲ ਦੀ ਸ਼ਕਲ ਵਿਚ ਆ ਰਿਹਾ ਹੈ। ਇਸ ਦੇ ਉਤੇ ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਆਪਣੇ ਖਦਸ਼ੇ ਜ਼ਾਹਿਰ ਕੀਤੇ ਹਨ ਜਦ ਕਿ ਗੱਲਾਂ ਬਹੁਤ ਛੋਟੀਆਂ ਹਨ ਚੂੰਕਿ ਸਾਡੇ ਇਥੇ ਰਿਵਾਇਤਾਂ ਚਲੀਆਂ ਆ ਰਹੀਆਂ ਹਨ। ਇਸ ਕਰਕੇ ਹਰ ਇਕ ਮੈਂਬਰ ਨੇ ਆਪਣੇ ਖਦਸ਼ੇ ਜ਼ਾਹਿਰ ਕਰਦੇ ਸਮੇਂ ਕਾਫੀ ਗੱਲਾਂ ਵੱਧ ਘੱਟ ਕਹੀਆਂ ਹਨ। ਇਸ ਬਿਲ ਦੇ ਵਿਚ 4 ਪੁਆਇੰਟਸ ਸਨ। ਇਕ ਬੋਰਡ ਦੇ ਵਿਚ ਮੈਂਬਰ ਨਾਮਜ਼ਦ ਕਰਨ ਬਾਰੇ ਅਤੇ ਇਨ੍ਹਾਂ ਦੀ ਗਿਣਤੀ 15 ਤਕ ਕਰਨ ਬਾਰੇ ਸੀ, ਦੂਜੀ ਮਿਆਦ ਵਧਾਉਣ ਦੇ ਬਾਰੇ ਸੀ ਅਤੇ ਮਾਰਕਿਟ ਫੀਸ ਵਧਾਉਣ ਦੇ ਬਾਰੇ ਸੀ। ਮੈਂ ਇਸ ਸਬੰਧ ਦੇ ਵਿਚ ਅਰਜ਼ ਕਰਦਾ ਹਾਂ ਕਿ ਸਰਦਾਰ ਉਮਰਾਓ ਸਿੰਘ ਬੋਲਦੇ ਘੱਟ ਹਨ ਪਰ ਜ਼ਿਆਦਾ ਤਰ ਕਿਤਾਬਾਂ ਪੜ੍ਹ ਕੇ ਹੀ ਬੋਲਦੇ ਹਨ। ਪਰ ਜੋ ਕੁਝ ਪੜ੍ਹਦੇ ਹਨ ਉਹ ਵੀ ਉਲਟ ਅਤੇ ਗਲਤ ਪੜ੍ਹਦੇ ਹਨ। ਬਾਕੀ ਚੌਧਰੀ ਸਾਹਿਬ ਅਤੇ ਚੀਮਾ ਸਾਹਿਬ ਨੇ ਖਦਸ਼ੇ ਜ਼ਾਹਿਰ ਕੀਤੇ ਹਨ। ਮੈਂ ਬਸ ਇਤਨਾ ਹੀ ਕਹਾਂਗਾ ਕਿ ਫੀਸ ਇਸ ਲਈ ਵਧਾਉਣੀ ਪਈ ਹੈ ਤਾਕਿ ਅਸੀਂ ਪੰਜਾਬ ਸਟੇਟ ਦੇ ਵਿਚ ਜ਼ਿਆਦਾ ਤੋਂ ਜ਼ਿਆਦਾ ਸਹੂਲਤਾਂ ਦੇ ਸਕੀਏ। ਜਿੰਨੇ ਤਰੱਕੀ ਦੇ ਕੰਮ ਅਸੀਂ ਕਰ ਰਹੇ ਹਾਂ ਅਤੇ ਕਿਸਾਨਾਂ ਦੀ ਬੇਹਤਰੀ ਲਈ ਧਿਆਨ ਦੇ ਰਹੇ ਹਾਂ ਸ਼ਾਇਦ ਹੀ ਹਿੰਦੁਸਤਾਨ ਦੇ ਵਿਚ ਹੋਰ ਕੋਈ ਸੂਬਾ ਐਸਾ ਹੋਵੇ। ਹੌਲੀ ਹੌਲੀ ਤਰੱਕੀ ਦੇ ਨਾਲ 40 ਸਾਲ ਲਗ ਜਾਣਗੇ ਪਰ ਅਸੀਂ ਤੇਜ਼ੀ ਨਾਲ ਤਰੱਕੀ ਕਰੱਨਾ ਚਾਹੁੰਦੇ ਹਾਂ। ਪੰਜਾਬ ਦੇ ਵਿਚ ਮੰਡੀਆਂ ਦਾ ਇਕ ਸਿਸਟਮ ਬਣਾਇਆ ਹੈ ਅਤੇ ਪਿੰਡਾਂ ਦੇ ਵਿਚ ਲਿੰਕ ਰੋਡਜ਼ ਵਲ ਧਿਆਨ ਦੇ ਰਹੇ ਹਾਂ ਅਤੇ ਫੋਕਲ ਪੁਆਇੰਟ ਬਣਾਏ ਜਾ ਰਹੇ ਹਨ। ਇਸ ਲਈ ਪੰਜਾਬ ਸਰਕਾਰ

Original with;
Punjab Vidhan Sabha
Digitized by;
Panjab Digital Library

[ ਖੇਤੀ ਬਾੜੀ ਮੰਤਰੀ ]

ਦੀ ਸਰਾਹਨਾ ਹੋ ਰਹੀ ਹੈ। ਇਸ ਦੇ ਨਾਲ ਬੋਰਡ ਦੀ ਸਰਾਹਨਾ ਹੋਵੇਗੀ। ਇਨ੍ਹਾਂ ਚੀਜ਼ਾਂ ਨੂੰ ਦੇਖਣ ਵਾਸਤੇ ਬਾਹਰੋਂ ਟੀਮਾਂ ਆਉਂਦੀਆਂ ਹਨ। ਅਸੀਂ ਕਿਸਾਨਾਂ ਨੂੰ ਸਹੂਲਤਾਂ ਦੇਣ ਲਈ 135 ਕਰੋੜ ਰੁਪਏ ਦਾ ਪਲਾਨ ਬਣਾਇਆ ਹੋਇਆ ਹੈ ਤਾਂ ਕਿ ਅਗਲੇ 5 ਸਾਲਾਂ ਦੇ ਵਿਚ ਵੱਧ ਤੋਂ ਵਧ ਸਹੂਲਤਾਂ ਦੇ ਸਕੀਏ। ਚੌਧਰੀ ਸਾਹਿਬ ਨੇ ਕਿਹਾ ਹੈ ਕਿ ਇਕ ਮਾਰਕਿਟ ਕਮੇਟੀ ਦਾ ਰੁਪਿਆ ਦੂਜੀ ਮਾਰਕਿਟ ਕਮੇਟੀ ਤੇ ਖਰਚ ਕੀਤਾ ਜਾਂਦਾ ਹੈ। ਇਹ ਰਕਮ ਬਜਟ ਦੇ ਵਿਚ ਨਹੀਂ ਹੈ। ਇਹ ਬੋਰਡ ਦੀ ਇਨਕਮ ਹੈ ਅਤੇ ਉਹ ਜਿੱਥੇ ਚਾਹੇ ਮਰਜ਼ੀ ਖਰਚ ਕਰ ਸਕਦੇ ਹਨ। ਇਹ ਰੁਪਿਆ ਕਿਸਾਨਾਂ ਦੀ ਬੇਹਤਰੀ ਲਈ ਖਰਚ ਕੀਤਾ ਜਾਣਾ ਹੈ। ਅਸੀਂ ਲਿੰਕ ਰੋਡਜ਼ ਬਣਾ ਕੇ ਦੇਣੀਆਂ ਹਨ ਅਤੇ ਫੋਕਲ ਪੁਆਇੰਟਸ ਬਣਾ ਕੇ ਦੇਣੇ ਹਨ। ਫਿਰ ਪਿੰਡਾਂ ਵਿਚ ਸੈਨੀਟੇਸ਼ਨ ਦਾ ਇੰਤਜ਼ਾਮ ਕਰਨਾ ਹੈ। ਲਾਈਟ ਦਾ ਇੰਤਜ਼ਾਮ ਕਰਨਾ ਹੈ। ਪੀਣ ਦੇ ਪਾਣੀ ਦਾ ਪ੍ਰਬੰਧ ਕਰਨਾ ਹੈ ਕਿਸਾਨਾਂ ਲਈ ਰੈਸਟ ਹਾਊਸ ਅਤੇ ਸ਼ੈਡ ਬਣਾ ਕੇ ਦੇਣੇ ਹਨ। ਇਹ ਸਾਰੀਆਂ ਚੀਜ਼ਾਂ ਦਾ ਪ੍ਰਬੰਧ ਕਰਕੇ ਦੇਣ ਦੀ ਲੋੜ ਹੈ। ਇਸ ਦੇ ਵਿਚ ਤੁਹਾਨੂੰ ਸ਼ਕ ਨਹੀਂ ਹੋਣਾ ਚਾਹੀਦਾ ਕਿ ਇਹ ਸਰਕਾਰ ਕਿਸਾਨਾਂ ਦੀ ਹਮਦਰਦ ਨਹੀਂ ਹੈ। ਅਸੀਂ ਕਿਸਾਨਾਂ ਦੀ ਹਰ ਤਰ੍ਹਾਂ ਦੇ ਨਾਲ ਮੱਦਦ ਕਰਨੀ ਹੈ। ਇਸ ਫੀਸ ਦੇ ਨਾਲ ਕੋਈ ਜ਼ਿਆਦਾ ਭਾਰ ਨਹੀਂ ਪੈ ਸਕਦਾ ਕਿਉਂਕਿ ਕਣਕ ਦਾ ਭਾਅ 112 ਰੁਪਏ ਪ੍ਰਤੀ ਕੁਇੰਟਲ ਨਿਸ਼ਚਿਤ ਕੀਤਾ ਹੋਇਆ ਹੈ ਇਸ ਤੋਂ ਘੱਟ ਮੰਡੀ ਦੇ ਵਿਚ ਵਿੱਕ ਨਹੀਂ ਸਕਦੀ ਅਤੇ ਇਸਦਾ ਭਾਅ 115 ਜਾਂ 120 ਰੁਪਏ ਤਕ ਪ੍ਰਤੀ ਕੁਇੰਟਲ ਤਕ ਜਾ ਸਕਦਾ ਹੈ, ਘੱਟ ਨਹੀਂ ਹੋ ਸਕਦਾ। ਫਿਰ ਮੈਨੂੰ ਸਮਝ ਨਹੀਂ ਆਉਂਦੀ ਕਿ ਕਿਸਾਨਾਂ ਦੇ ਉਤੇ ਕਿਹੜਾ ਬੋਝ ਪੈ ਜਾਣਾ ਹੈ। ਇਹ ਪਹਿਲੀ ਸਰਕਾਰ ਹੈ ਜਿਹੜੀ ਕਾਰਪੋਰੇਸ਼ਨ, ਬੋਰਡ ਅਤੇ ਅਟਾਨੋਮਸ ਬਾਡੀ ਦੇ ਬਾਰੇ ਸਵਾਲਾਂ ਦੇ ਜਵਾਬ ਦਿੰਦੀ ਹੈ। ਪਰ ਜਦੋਂ ਪਿਛਲੀ ਸਰਕਾਰ ਸੀ ਉਦੋਂ ਮੈਂ ਕਈ ਸਵਾਲ ਬੋਰਡ ਅਤੇ ਕਾਰਪੋਰੇਸ਼ਨ ਬਾਰੇ ਕਰਦਾ ਰਿਹਾ ਹਾਂ। ਪਰ ਐਡਮਿੱਟ ਨਹੀਂ ਹੁੰਦੇ ਸਨ ਅਤੇ ਮੇਰੇ ਸਵਾਲਾਂ ਦਾ ਜਵਾਬ ਨਹੀਂ ਦਿੱਤਾ ਜਾਂਦਾ ਸੀ। ਅਸੀਂ ਤਾਂ ਕੋਈ ਗੱਲ ਤਹਾਡੇ ਕੋਲੋਂ ਛੁਪਾਉਣਾ ਨਹੀਂ ਚਾਹੁੰਦੇ। ਬਹੁਤ ਵੱਡੇ ਸਕੈਂਡਲ ਹੁੰਦੇ ਰਹੇ ਜਿਨ੍ਹਾਂ ਦਾ ਜ਼ਿਕਰ ਮੈਂ ਇਥੇ ਹਾਊਸ ਦੇ ਵਿਚ ਕਰਦਾ ਰਿਹਾ ਹਾਂ, ਪਰ ਸਰਕਾਰ ਜਵਾਬ ਨਹੀਂ ਦਿੰਦੀ ਸੀ। ਪਿਛਲੀ ਸਰਕਾਰ ਨੇ ਬੋਰਡਾਂ ਦਾ ਪੈਸਾ, ਕਾਰਪੋਰੇਸ਼ਨਾਂ ਦਾ ਪੈਸਾ ਮਟੋਰ ਸੈਸ਼ਨ ਤੇ ਇਸਤੇ-ਮਾਲ ਕਰ ਦਿੱਤਾ, ਇਨਸੈਕਟੀਸਾਈਡਜ਼ ਦਾ ਸਕੈਂਡਲ ਹੋਇਆ ਅਤੇ ਬਹੁਤ ਸਾਰਾ ਰੁਪਿਆ ਗਲਤ ਇਸਤੇਮਾਲ ਹੋਇਆ ਹੈ ਡਿਪਟੀ ਸਪੀਕਰ ਸਾਹਿਬ ਜੇ ਮੈਨੂੰ ਕੋਈ ਗੱਲ ਕਹਿਣ ਦਾ ਹੱਕ ਨਹੀਂ ਸੀ, ਮੈਨੂੰ ਕੋਈ ਗੱਲ ਪੁਛਣ ਦਾ ਹੱਕ ਨਹੀਂ, ਤਾਂ ਫਿਰ ਇਨ੍ਹਾਂ ਨੂੰ ਮੇਰੇ ਕੋਲੋਂ ਸਵਾਲ ਪੁੱਛਣ ਦਾ ਹੱਕ ਵੀ ਨਹੀਂ ਹੋਣਾ ਚਾਹੀਦਾ। ਕੋਈ ਵੀ, ਡਿਪਟੀ ਸਪੀਕਰ ਸਾਹਿਬ, ਗਲਤ ਸਟੈਪ ਨਹੀਂ ਲਿਆ ਗਿਆ। ਇਹ ਲੋਕਾਂ ਦੇ ਭਲੇ ਵਾਸਤੇ ਹੀ ਕੀਤਾ ਗਿਆ ਹੈ। ਜੇਕਰ ਇਹ ਸਾਡੇ ਨਾਲ ਅੱਜ ਵਾਅਦਾ ਕਰ ਲੈਣ ਕਿ ਨਾ ਕਾਰਪੋਰੇਸ਼ਨ ਬਾਰੇ, ਨਾ ਯੂਨੀਵਰਸਿਟੀ ਬਾਰੇ, ਨਾ ਕਿਸੇ ਹੋਰ ਬਾਰੇ ਕੋਈ ਕੁਐਸ਼ਚਨ ਸਾਡੇ ਕੋਲੋਂ ਨਹੀਂ ਪੁਛਣਗੇ ਤਾਂ ਅਸੀਂ ਕੋਈ ਵੀ ਪਾਵਰ ਨਹੀਂ ਲੈਂਦੇ। ਡਿਪਟੀ ਸਪੀਕਰ ਸਾਹਿਬ, ਕੋਈ ਅਸੂਲ ਦੇ ਮੁਤਾਬਿਕ ਇਹ (ਆਪੋਜ਼ੀਸ਼ਨ ਵੱਲ ਇਸ਼ਾਰਾ ਕਰਕੇ) ਚੱਲਣ। ਜੇ ਕਰ ਅਸੂਲ ਦੇ ਮੁਤਾਬਿਕ ਨਹੀਂ ਚਲਣਾਂ ਤਾਂ ਤੁਹਾਡੀ ਮਰਜ਼ੀ ਹੈ, ਤੁਹਾਡਾ ਹੱਕ ਹੈ, ਜੋ ਮਰਜ਼ੀ ਕਰੋ। ਡਿਪਟੀ ਸਪੀਕਰ ਸਾਹਿਬ ਇਹ ਪਾਵਰਜ਼ ਇਸ ਲਈ ਲੈਣੀਆਂ ਪਈਆਂ ਹਨ ਕਿ ਲੋਕਾਂ ਦੀ ਬਿਹਤਰੀ ਕੀਤੀ ਜਾਵੇ ਤਾ ਕਿ ਕੋਈ ਗਲਤ ਕੰਮ ਨਾ ਹੋ ਜਾਵੇ ਇਸ ਕਰਕੇ ਹੀ ਪਾਵਰਾਂ ਲਈਆਂ ਹਨ, ਕੋਈ ਖਾਸ ਗੱਲ ਨਹੀਂ ਹੈ। ਇਸ ਲਈ ਆਪੋਜ਼ੀਸ਼ਨ ਭਰਾਵਾਂ ਨੂੰ ਸਵਾਗਤ ਕਰਨਾ ਚਾਹੀਦਾ ਹੈ। ਇਨ੍ਹਾਂ ਆਪੋਜ਼ੀਸ਼ਨ ਭਰਾਵਾਂ ਨੇ ਬੜਾ ਰੌਲਾ ਪਾਇਆ ਕਿ ਨੁਮਾਇੰਦਾ ਹੋਰ ਲੈ ਲਿਆ ਗਿਆ ਹੈ। ਡਿਪਟੀ ਸਪੀਕਰ ਸਾਹਿਬ,

Original with;
Punjab Vidhan Sabha
Digitized by;
Panjab Digital Library

ਇੱਕ ਕਿਸਾਨਾਂ ਦਾ ਨੁਮਾਇੰਦਾ ਲਿਆ ਗਿਆ ਹੈ, ਉਨ੍ਹਾਂ ਦੀ ਪਿਛਲੇ 20 ਸਾਲਾਂ ਤੋਂ ਇਹ ਮੰਗ ਚਲਦੀ ਆ ਰਹੀ ਸੀ। 8 ਮੈਂਬਰਜ਼ ਸਨ ਅਤੇ ਹੁਣ 9 ਹੋ ਗਏ ਹਨ। 6 ਆਫੀਸ਼ੀਅਲਜ਼ ਹਨ। (ਵਿਘਨ)।

ਸਰਦਾਰ ਉਮਰਾਓ ਸਿੰਘ, ਜੋ ਕਿ ਬੜੇ ਪੜ੍ਹੇ ਲਿਖੇ ਹਨ ਅਤੇ ਮੁਹੰਮਦ ਤੁਗਲਕ ਜਿਤਨੇ ਸਿਆਣੇ ਹਨ, ਕਹਿੰਦੇ ਹਨ ਕਿ ਚੇਅਰਮੈਨ ਨੂੰ ਪਾਵਰਜ਼ ਕਿਉਂ ਦੇ ਰਹੇ ਹੋ। ਪਹਿਲਾਂ ਤਾਂ ਗੌਰਮਿੰਟ ਨੂੰ ਬਗੈਰ ਪੁੱਛੇ ਹੀ ਇਹ ਦੇ ਦਿੰਦੇ ਸੀ ਤਾਂ ਕਿ ਹਰ ਗੱਲ ਉਨ੍ਹਾਂ ਪਾਸ ਹੀ ਰਹੇ ਅਤੇ ਗੌਰਮਿੰਟ ਤੋਂ ਕੋਈ ਅਪ-ਰੂਵਲ ਨਾ ਲੈਣੀ ਪਵੇ। ਕੀ ਇਹ ਠੀਕ ਹੈ? ਮੈਂ ਆਪੋਜ਼ੀਸ਼ਨਾਂ ਦੇ ਵੀਰਾਂ ਨੂੰ ਕਹਾਂਗਾ ਕਿ ਜੇ ਕਰ ਗੌਰਮਿੰਟ ਦੀ ਅਪਰੂਵਲ ਲੈ ਲਈਏ ਤਾਂ ਇਸ ਨਾਲ ਗੌਰਮਿੰਟ ਨੂੰ ਸਭ ਕੁੱਝ ਪਤਾ ਲਗਦਾ ਹੈ। ਇਸ ਲਈ ਮੈਂ ਆਪਣੇ ਦੋਸਤਾਂ ਨੂੰ ਇਹ ਵੀ ਕਹਾਂਗਾ ਕਿ ਬਿਲ ਯੂਨੈਨੀਮਸਲੀ ਹੀ ਪਾਸ ਕਰ ਦੇਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਇੱਕ ਦੋ ਨੁਕਤੇ ਉਠਾਏ ਗਏ ਹਨ ਉਹ ਮੇਰੇ ਵੀਰ ਜੇ ਮੇਰੇ ਨੋਟਿਸ ਵਿਚ ਲਿਆਉਣ ਤਾਂ ਮੈਂ ਜ਼ਰੂਰ ਕਾਰਵਾਈ ਕਰਾਂਗਾ।

**Mr. Deputy Speaker :** Question is—

That this House disapproves the Punjab Agricultural Produce Markets (Amendment) Ordinance, 1978 (Punjab Ordinance No. 2 of 1978).

*The motion was lost.*

**Mr. Deputy Speaker :** Question is—

That the Punjab Agricultural Produce Markets (Second Amendment) Bill be taken into consideration at once.

*The motion was carried.*

**Mr. Deputy Speaker :** Now the House will proceed to consider the Bill Clause by Clause.

If the Houe agrees, I will put all the Clauses together.

(*Voices : Yes, yes*).

**Sub-Clause (2) of Clause 1, Clauses 2, 3, 4, 5, 6, and Sub-clause(1) of Clause 1.**

**Mr. Deputy Speaker :** Question is—

That sub-clause (2) of Clause 1, Clauses 2, 3,4,5,6 and sub-clause (1) of Clause 1 stand part of the Bill.

*The motion was carried.*

TITLE

**Mr. Deputy Speaker :** Question is—

That Title be the Title of the Bill.

*The motion was carried.*

**Agriculture Minister (Sardar Balwinder Singh Bhunder) :** Sir, I beg to move—

That the Punjab Agricultural Produce Markets (Second Amendment) Bill be passed.

Original with;
Punjab Vidhan Sabha
Digitized by;
Panjab Digital Library

**Mr. Deputy Speaker :** Motion moved—

That the Punjab Agricultural Produce Markets (Second Amendment) Bill be passed.

**Mr. Deputy Speaker :** Question is—

That the Punjab Agricultural Produce Markets (Second Amendment) Bill be passed.

*The motion was carried.*

**Comrade Satya Pal Dang :** There is my motion for the dis-approval of the Ordinance. What about that ?

**Mr. Deputy Speaker :** You have not moved it.

---

## THE PUNJAB WATER SUPPLY AND SEWERAGE (BOARD AMENDMENT) BILL, 1978

**Finance Minister (Sardar Balwant Singh) :** Sir, I beg to introduce the Punjab Water Supply and Sewerage Board (Amendment) Bill.

Sir, I also beg to move—

That the Punjab Water Supply and Sewerage Board (Amendment) Bill be taken into consideration at once.

**Mr. Deputy Speaker :** Motion moved—

That the Punjab Water Supply and Sewerage Board (Amendment) Bill be taken into consideration at once.

(ਇਸ ਸਮੇਂ ਮਾਨਯੋਗ ਮੈਂਬਰ ਕਾਮਰੇਡ ਸੱਤ ਪਾਲ ਡਾਂਗ ਬੋਲਣ ਲਈ ਖੜੇ ਹੋਏ ਅਤੇ ਸ੍ਰੀ ਡਿਪਟੀ ਸਪੀਕਰ ਨੇ ਉਨ੍ਹਾਂ ਨੂੰ ਬੋਲਣ ਲਈ ਕਿਹਾ)

**ਚੌਧਰੀ ਕਾਂਸ਼ੀ ਰਾਮ :** ਡਿਪਟੀ ਸਪੀਕਰ ਸਹਿਬ, ਮੈਂ ਕਿਥੇ ਜਾਵਾਂ, ਮੈਨੂੰ ਇਕ ਮਿੰਟ ਵੀ ਤੁਸੀਂ ਨਹੀਂ ਦਿੰਦੇ। (ਵਿਘਨ)

**ਸ੍ਰੀ ਡਿਪਟੀ ਸਪੀਕਰ :** ਨੋ। ਕਾਮਰੇਡ ਸੱਤ ਪਾਲ ਡਾਂਗ ਜੀ।

**ਸ੍ਰੀ ਓਮ ਪ੍ਰਕਾਸ਼ ਗੁਪਤਾ :** ਡਿਪਟੀ ਸਪੀਕਰ ਸਾਹਿਬ, ਮੈਨੂੰ ਵੀ ਇਜਾਜ਼ਤ ਦਿਉ। 187 ਰੂਲ-ਦੇ ਮੁਤਾਬਿਕ, (ਵਿਘਨ)

**ਸ੍ਰੀ ਡਿਪਟੀ ਸਪੀਕਰ :** ਨਹੀਂ ਜੀ, ਡਾਂਗ ਸਾਹਿਬ ਤੁਸੀਂ ਬੋਲੋ। ਮੈਂ ਤੁਹਾਨੂੰ ਪ੍ਰਾਰਥਨਾ ਕਰਾਂਗਾ ਕਿ ਸਮੇਂ ਦੀ ਬਹੁਤ ਘਾਟ ਹੈ ਅਤੇ ਬਹੁਤ ਹੀ ਥੋੜਾ ਸਮਾਂ ਰਹਿੰਦਾ ਹੈ। ਇਸ ਬਾਰੇ ਤੁਹਾਨੂੰ ਪਤਾ ਹੀ ਹੈ ਕਿ 1.30 ਵਜੇ ਇਹ ਖਤਮ ਹੋਣਾ ਹੈ। ਇਸ ਵਾਸਤੇ ਮੈਂ ਸਾਰੇ ਮਾਨਯੋਗ ਮੈਂਬਰਾਂ ਨੂੰ ਪ੍ਰਾਰਥਨਾ ਕਰਾਂਗਾ ਕਿ ਸਮੇਂ ਨੂੰ ਧਿਆਨ ਵਿਚ ਰਖਦੇ ਹੋਏ ਅਸੀਂ ਜਿਹੜੀ ਵੀ ਗੱਲ ਕਰੀਏ, ਉਹ ਬਿਲਕੁਲ ਬਰੀਫ ਹੋਣੀ ਚਾਹੀਦੀ ਹੈ।

**ਕਾਮਰੇਡ ਸੱਤ ਪਾਲ ਡਾਂਗ** (ਅੰਮ੍ਰਿਤਸਰ ਪੱਛਮ) : ਡਿਪਟੀ ਸਪੀਕਰ ਸਾਹਿਬ, ਮੈਂ ਬਰੀਫ ਹੀ ਕਹਾਂਗਾਂ। ਇਹ ਇਕ ਬੜੀ ਅਹਿਮੀਅਤ ਕਿਸਮ ਦਾ ਬਿੱਲ ਹੈ। ਇਸ ਵਿਚ ਮੁੱਖ ਗੱਲ ਇਹ ਹੈ ਕਿ ਜਿਹੜੇ ਅਰਬਨ ਅਤੇ ਲੋਕਲ ਬਾਡੀਜ਼ ਹਨ, ਉਨ੍ਹਾਂ ਦੇ ਅਖ਼ਤਿਆਰ ਉਤੇ ਬਹੁਤ ਵੱਡਾ ਹਮਲਾ ਹੈ।

Original with;
Punjab Vidhan Sabha
Digitized by;
Panjab Digital Library

ਜੇ ਇਸ ਦੇ ਵਿਚ ਸਫਾ ਤਿੰਨ ਦੇ ਕਲਾਜ਼ 8 ਵਿਚ ਇਹ ਪੜ੍ਹਿਆ ਜਾਏ ਤਾਂ ਇਹ ਇੱਕ ਮੁੱਖ ਗੱਲ ਹੈ ਜਿਹੜੀ ਕਿ ਇਸ ਬਿੱਲ ਵਿਚ ਲਿਆਂਦੀ ਗਈ ਹੈ :—

"After section 26 of the principal Act, the following Section shall be inserted.

ਡਿਪਟੀ ਸਪੀਕਰ ਸਾਹਿਬ, ਇਸ ਦੇ ਰਾਹੀਂ ਇਹ ਕੀਤਾ ਗਿਆ ਹੈ ਕਿ ਜੋ ਵੀ ਸਰਕਾਰ ਮੁਨਾਸਿਬ ਸਮਝੇ, ਕਰੇ। ਸਰਕਾਰ ਅਖਤਿਆਰ ਲੈ ਰਹੀ ਹੈ। ਜਿਹੜਾ ਵਾਟਰ ਸਪਲਾਈ ਔਰ ਸੀਵਰੇਜ਼ ਦਾ ਕੰਮ ਹੈ, ਉਹ ਮਿਊਂਸਪਲ ਕਮੇਟੀਆਂ ਅਤੇ ਕਾਰਪੋਰੇਸ਼ਨਾਂ ਤੋਂ ਖੋਹ ਕੇ ਇਸ ਬੋਰਡ ਦੇ ਹਵਾਲੇ ਕੀਤਾ ਜਾ ਰਿਹਾ ਹੈ। ਔਰ ਫਿਰ ਉਹ ਸਾਰਾ ਇੰਤਜ਼ਾਮ ਸੀਵਰੇਜ਼ ਬੋਰਡ ਕਰੇਗਾ। ਉਸ ਨੂੰ ਕਮੇਟੀ ਦਾ ਏਜੰਟ ਸਮਝਿਆ ਜਾਏਗਾ। ਉਸ ਦਾ ਸਟਾਫ ਉਸ ਕੋਲ ਚਲਾ ਜਾਏ ਗਾ। ਉਸ ਦੀ ਸਾਰੀ ਪ੍ਰਾਪਰਟੀ ਵਗੈਰਾ ਬੋਰਡ ਕੋਲ ਚਲੀ ਜਾਏਗੀ। ਜੇ ਬੋਰਡ ਸਮਝੇਗਾ ਕਿ ਹੋਰ ਖਰਚਾ ਕਰਨ ਦੀ ਲੋੜ ਹੈ ਤਾਂ ਉਹ ਖਰਚਾ ਸਾਰਾ ਕਮੇਟੀ ਕਰੇਗੀ। ਪਰ ਉਸ ਮਹਿਕਮੇ ਨੂੰ ਚਲਾਉਣ ਵਿਚ ਕਮੇਟੀ ਦੀ ਕੋਈ ਸੇ ਨਹੀਂ ਹੋਏਗੀ। ਸਾਰੀ ਦੀ ਸਾਰੀ ਚੀਜ਼ ਬੋਰਡ ਕੋਲ ਚਲੀ ਜਾਏਗੀ। ਜਿਹੜੀ ਅਰਬਨ ਪ੍ਰਾਪਰਟੀ ਬਾਰੇ ਮੁੱਖ ਗਲ ਸੀ। ਉਹ ਵਾਟਰ ਸਪਲਾਈ ਐਂਡ ਸੀਵਰੇਜ਼ ਬੋਰਡ ਕੋਲ ਚਲੀ ਜਾਣੀ ਹੈ। ਇਹ ਗੱਲਾਂ ਅੰਗਰੇਜ਼ਾਂ ਵੇਲੇ ਦੀਆਂ ਬਣੀਆਂ ਹੋਈਆਂ ਹਨ ਔਰ ਹਾਲੇ ਤਕ ਉਸੇ ਤਰ੍ਹਾਂ ਚਲ ਰਹੀਆਂ ਹਨ। ਇਹ ਕਮੇਟੀਆਂ ਔਰ ਕਾਰ-ਪੋਰੇਸ਼ਨਜ਼ ਵਿਚ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਜਾਂਦੇ ਹਨ। ਪਰ ਉਥੇ ਵੀ ਸਰਕਾਰ ਨੇ ਅਖਤਿਆਰ ਲੈ ਲਏ ਹਨ ਕਿ ਜੇ ਕੋਈ ਕਮੇਟੀ ਠੀਕ ਤਰੀਕੇ ਨਾਲ ਕੰਮ ਨਾ ਕਰੇ ਤਾ ਸਰਕਾਰ ਉਸ ਨੂੰ ਸਸਪੈਂਡ ਕਰ ਸਕਦੀ ਹੈ। ਇਸ ਤੋਂ ਬਾਅਦ ਸਰਕਾਰ ਨੇ ਹੋਰ ਅਖਤਿਆਰ ਲੇ ਲਏ ਕਿ ਇਹ ਜਿਹੜਾ ਮਹਿਕਮਾ ਹੈ ਜਿਸ ਵੇਲੇ ਸਰਕਾਰ ਚਾਹੇ ਉਹ ਕਮੇਟੀ ਜਾਂ ਕਾਰਪੋਰੇਸ਼ਨ ਤੋਂ ਖੋਹ ਕੇ ਕੰਮ ਵਾਟਰ ਸਪਲਾਈ ਐਂਡ ਸੀਵਰੇਜ਼ ਬੋਰਡ ਦੇ ਹਵਾਲੇ ਕਰ ਸਕਦੀ ਹੈ। ਲੋਕਲ ਬਾਡੀਜ਼ ਵਿਚ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹੁੰਦੇ ਹਨ। ਲੋਕਾਂ ਨੂੰ ਜੋ ਉਥੋਂ ਦੁੱਖ ਜਾਂ ਤਕਲੀਫਾਂ ਹੁੰਦੀਆਂ ਹਨ ਉਨ੍ਹਾਂ ਨੂੰ ਹੱਲ ਕਰਨ ਵਾਸਤੇ ਉਹ ਕੋਸ਼ਿਸ਼ ਕਰਦੇ ਹਨ। ਪਰ ਇਹ ਵਾਟਰ ਸਪਲਾਈ ਐਂਡ ਸੀਵਰੇਜ਼ ਬੋਰਡ ਜੋ ਹੈ ਇਥੇ ਸਰਕਾਰ ਦਾ ਨਾਮਜ਼ਦ ਕੀਤਾ ਹੋਇਆ ਚੇਅਰਮੈਨ ਹੁੰਦਾ ਹੈ। ਚੇਅਰਮੈਨ ਤੋਂ ਇਲਾਵਾ ਉਥੇ ਐਮ. ਡੀ. ਵੀ ਸ਼ਾਇਦ ਹੋਣਗੇ। ਇਸ ਬੋਰਡ ਦੇ ਅੰਮ੍ਰਿਤਸਰ, ਲੁਧਿਆਣਾ, ਰਾਜਪੁਰਾ ਅਤੇ ਹੋਰ ਸਾਰੇ ਸ਼ਹਿਰਾਂ ਵਿਚ ਇਨ੍ਹਾਂ ਦੇ ਅਫਸਰ ਹੋਣਗੇ ਔਰ ਕੋਈ ਲੋਕਾਂ ਵੱਲੋਂ ਚੁਣਿਆ ਹੋਇਆ ਨੁਮਾਇੰਦਾ ਇਸ ਵਿਚ ਨਹੀਂ ਹੋਏਗਾ। ਇਸ ਵਿਚ ਜਿਹੜੀ ਮੱਦ ਮੁੱਖ ਤੌਰ ਤੇ ਹੈ, ਇਹ ਬੜੀ ਗੈਰ ਜਮਹੂਰੀ ਹੈ। ਇਹ ਇਕ ਲੋਕਲ ਗੌਰਮਿੰਟ ਉਤੇ ਹਮਲਾ ਹੈ। ਇਹ ਹਮਲਾ ਕਦੋਂ ਕੀਤਾ ਗਿਆ। ਇਸ ਬਾਰੇ ਮੈਂ ਇਕ ਸਵਾਲ ਨੰ. 504 ਹਾਊਸ ਵਿਚ ਕੀਤਾ ਸੀ। ਇਸ ਸਵਾਲ ਰਾਹੀਂ ਮੈਂ ਪੁੱਛਿਆ ਸੀ ਕਿ ਵਾਟਰ ਸਪਲਾਈ ਐਂਡ ਸੀਵਰੇਜ਼ ਬੋਰਡ ਦੀਆਂ ਸਕੀਮਾਂ ਨੂੰ ਮੁਕੰਮਲ ਕਰਨ ਦੇ ਲਈ ਵਰਲਡ ਬੈਂਕ ਨਾਲ ਕੀ ਸਮਝੌਤਾ ਕੀਤਾ ਗਿਆ ਹੈ। ਇਸ ਬਿਲ ਵਿਚ ਇਹ ਮਦ ਲਿਆਂਦੀ ਗਈ ਹੈ। ਵਰਲਡ ਬੈਂਕ ਇਸ ਸਮਝੌਤੇ ਰਾਹੀਂ ਸਾਡੇ ਮੁਲਕ ਵਿਚ ਇੰਟਰਫੀਅਰ ਕਰਨਾ ਚਾਹੁੰਦਾ ਹੈ। ਲੋਕਲ ਬਾਡੀਜ਼ ਦੀ ਅਟਾਨੋਮੀ ਵਿਚ ਇੰਟਰਫੀਅਰ ਕਰਨਾ ਚਾਹੁੰਦਾ ਹੈ। ਇਨ੍ਹਾਂ ਨੇ ਵਰਲਡ ਬੈਂਕ ਤੋਂ ਪੈਸਾ ਲੈ ਕੇ ਨਾਜਾਇਜ਼ ਸ਼ਰਤਾਂ ਮਨਜ਼ੂਰ ਕੀਤੀਆਂ ਹਨ ਔਰ ਇਹ ਚੀਜ਼ਾਂ ਲਿਆਂਦੀਆਂ ਗਈਆਂ ਹਨ। ਇਸ ਬਾਰੇ ਮੈਂ ਇਕ ਮਿਸਾਲ ਦੇਣਾ ਚਾਹੁੰਦਾ ਹਾਂ। ਮੇਰੇ ਸਵਾਲ ਨੰ. 504 ਦੇ ਜਵਾਬ ਵਿਚ ਜਿਸ ਰਾਹੀਂ ਕਿ ਮੈਂ ਪੁੱਛਿਆ ਸੀ ਕਿ ਵਰਲਡ ਬੈਂਕ ਤੋਂ ਸ਼ਰਤਾਂ ਕੀ ਮੰਨੀਆਂ ਹਨ ? ਉਸ ਵਿੱਚ ਇਕ ਸ਼ਰਤ ਇਹ ਮੰਨੀ ਹੈ ਕਿ ਸੂਦ ਕਿੰਨਾ ਹੋਏਗਾ। ਸੂਦ ਜਿੰਨਾ ਕਰਜ਼ਾ ਦੇਣਗੇ ਉਸ ਦਾ ਕੁੱਝ ਹਿੱਸਾ ਗੌਰਮਿੰਟ ਆਫ ਇੰਡੀਆ ਰਖ ਲਏ ਗੀ, ਇਸ ਵਿਚ ਮੈਂ ਨਹੀਂ ਜਾਣਾ ਚਾਹੁੰਦਾ ਹਾਂ। ਫਲੱਸ਼ ਲਈ ਵਾਟਰ ਸਪਲਾਈ ਦੇ ਕੀ ਰੇਟਸ ਹੋਣੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

ਹਨ। ਜੇ ਡਿਪਾਰਟਮੈਂਟ ਹੁੰਦਾ ਤਾਂ ਉਸ ਨੂੰ ਇਸ ਵਿਚ ਨਿਰੀ ਆਮਦਨ ਹੋਣੀ ਸੀ, ਹਾਊਸ ਟੈਕਸ ਨਾਲ ਆਮਦਨ ਹੁੰਦੀ ਹੈ। ਚੁੰਗੀ ਨਾਲ ਵੀ ਆਮਦਨ ਹੁੰਦੀ ਹੈ। ਕੁੱਝ ਲੋਕਾਂ ਦੀਆਂ ਬੇਸਿਕ ਨਸੈਸਟੀਜ਼ ਹੁੰਦੀਆਂ ਹਨ ਕਿ ਫਲੱਸ਼ ਲਈ ਵਾਟਰ ਦੀ ਸਪਲਾਈ ਫਰੀ ਹੋਣੀ ਚਾਹੀਦੀ ਹੈ। ਇਹ ਚੰਗੀ ਗੱਲ ਹੈ। ਪਰ ਵਰਲਡ ਬੈਂਕ ਨੇ ਸ਼ਰਤਾਂ ਕੀ ਲਗਾਈਆਂ ਹਨ, ਉਸ ਬਾਰੇ ਮੈਂ ਦੱਸਦਾ ਹਾਂ।

"(iii) (a) There will be a uniform rate of water tariff in all the 8 towns namely Amritsar, Jullundur, Ludhiana, Patiala, Rajpura, Bhatinda, Moga and Pathankot. For the present water tariff prevailing in Ludhiana and Amritsar should be made applicable in all other towns also with effect from Ist July, 1978.

(b) All houses which are connected with the sewerage system will have to pay sewerage charges equal to the water charges with effect from July 15, 1978.

(c) All houses which fall along the alignment of sewer will have to pay sewerage charges equivalent to water charges irrespective of the fact whether they are connected with the sewerage system or not with effect from 1st April, 1978."

ਡਿਪਟੀ ਸਪੀਕਰ ਸਾਹਿਬ, ਇਸ ਦਾ ਮਤਲਬ ਸਮਝੋ। ਇਹ ਬਹੁਤ ਅਹਿਮ ਗਲ ਹੈ।

**ਸ੍ਰੀ ਡਿਪਟੀ ਸਪੀਕਰ**: ਤੁਸੀਂ ਵਾਈਂਡ ਅੱਪ ਕਰਨ ਦੀ ਕੋਸ਼ਿਸ਼ ਕਰੋ। ਜਿਹੜੀ ਗੱਲ ਮੈਂ ਕਹਿ ਰਿਹਾ ਹਾਂ ਉਸ ਨੂੰ ਧਿਆਨ ਵਿਚ ਰੱਖੋ।

**ਕਾਮਰੇਡ ਸੱਤ ਪਾਲ ਡਾਂਗ**: ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਵਾਟਰ ਸਪਲਾਈ ਦੇ ਰੇਟ ਹੋਰ ਸਾਰੇ ਸ਼ਹਿਰਾਂ ਵਿਚ ਵੀ ਅੰਮ੍ਰਿਤਸਰ ਦੇ ਬਰਾਬਰ ਹੋ ਗਏ ਹਨ। ਐਮਰਜੈਂਸੀ ਵਿਚ ਅੰਮ੍ਰਿਤਸਰ ਵਿਚ ਵਾਟਰ ਸਪਲਾਈ ਦੇ ਰੇਟ ਬੜ੍ਹਾਏ ਗਏ ਸੀ ਔਰ ਲੋਕਾਂ ਦੇ ਇਤਰਾਜ਼ ਸੁਣੇ ਬਗੈਰ ਹੀ ਤਿੰਨ ਗੁਣਾਂ ਰੇਟ ਕਰ ਦਿੱਤੇ ਗਏ ਸੀ। ਹੁਣ ਉਹੀ ਅੰਮ੍ਰਿਤਸਰ ਦੇ ਰੇਟ ਹੋਰ ਸ਼ਹਿਰਾਂ ਵਿਚ ਜਿਵੇਂ ਕਿ ਜਲੰਧਰ, ਲੁਧਿਆਣਾ, ਪਟਿਆਲਾ, ਰਾਜਪੁਰਾ, ਬਠਿੰਡਾ, ਮੋਗਾ ਔਰ ਪਠਾਨਕੋਟ ਸ਼ਹਿਰਾਂ ਵਿਚ ਹੋਣਗੇ। ਦੂਸਰੇ ਅੰਮ੍ਰਿਤਸਰ ਵਿਚ ਇਕ ਸੀਟ ਫਲੱਸ਼ ਵਾਸਤੇ 2 ਰੁਪਏ ਮਹੀਨਾ ਦੇਣਾ ਪੈਂਦਾ ਸੀ। ਪਰ ਹੁਣ ਜਿੰਨਾ ਵਾਟਰ ਸਪਲਾਈ ਦਾ ਮਹੀਨੇ ਦਾ ਬਿੱਲ ਆਏਗਾ ਉਨ੍ਹਾਂ ਹੀ ਸੀਵਰੇਜ਼ ਚਾਰਜਿਜ਼ ਦੇਣੇ ਪੈਣਗੇ। ਫਰਜ਼ ਕਰੋ ਜੇ ਵਾਟਰ ਸਪਲਾਈ ਲਈ 15 ਰੁਪਏ ਮਹੀਨਾ ਬਿੱਲ ਦੇਣਾ ਪੈਂਦਾ ਹੈ ਤਾਂ 15 ਰੁਪਏ ਹੀ ਸੀਵਰੇਜ਼ ਲਈ ਦੇਣੇ ਪੈਣਗੇ। ਉਥੇ ਜੋ ਐਡਵਾਈਜ਼ਰੀ ਕਮੇਟੀ ਕਾਰਪੋ-ਰੇਸ਼ਨ ਲਈ ਬਣੀ ਹੋਈ ਹੈ। ਉਸ ਵਿਚ ਇਸ ਚੀਜ਼ ਤੇ ਬਹਿਸ ਹੋਈ। ਉਸ ਬਹਿਸ ਵਿਚ ਸਰਦਾਰ ਕਿਰਪਾਲ ਸਿੰਘ, ਖੰਨਾ ਸਾਹਿਬ ਔਰ ਮੈਂ ਵੀ ਸੀ। ਉਸ ਵਿਚ ਇਹ ਸਰਵਸੰਮਤੀ ਨਾਲ ਪਾਸ ਹੋਇਆ ਕਿ ਇਸ ਸਬੰਧੀ ਜੋ ਵਰਲਡ ਬੈਂਕ ਨਾਲ ਕੰਡੀਸ਼ਨ ਮੰਨੀ ਗਈ ਹੈ, ਉਸਦੇ ਨਾਲ ਅਸੀਂ ਸਹਿਮਤ ਨਹੀਂ ਹਾਂ। ਉਹ ਸਾਨੂੰ ਮਨਜ਼ੂਰ ਨਹੀਂ ਹੈ। ਕਿਉਂਕਿ ਉਹ ਚੀਜ਼ ਲੋਕਾਂ ਦੇ ਖਿਲਾਫ ਜਾਂਦੀ ਹੈ। ਪਰ ਜਿਸ ਵੇਲੇ ਉਸ ਦੀਆਂ ਪ੍ਰੋਸੀਡਿੰਗ ਹੇਠਾਂ ਆਈਆਂ ਤਾਂ ਉਹ ਬਦਲ ਦਿੱਤੀਆਂ ਗਈਆਂ ਅਤੇ ਇਹ ਕਹਿ ਦਿੱਤਾ ਗਿਆ ਕਿ ਉਸ ਨਾਲ ਕਾਰਪੋਰੇਸ਼ਨ ਸਹਿਮਤ ਹੋ ਗਈ ਹੈ। ਇਸ ਤੇ ਸਰਵਸੰਮਤੀ ਨਾਲ ਐਡਵਾਇਜ਼ਰੀ ਕਮੇਟੀ ਨੇ ਪ੍ਰੋਟੈਸਟ ਕੀਤਾ। ਪਰ ਹੁਣ ਸਰਦਾਰ ਬਲਵੰਤ ਸਿੰਘ ਜੀ ਨੇ ਨਵਾਂ ਰਸਤਾ ਕੱਢ ਲਿਆ ਹੈ। ਵਰਲਡ ਬੈਂਕ ਨਾਲ ਸ਼ਰਤਾਂ ਮੰਨ ਲਈਆਂ ਹਨ। ਇਸ ਵਿਚ ਜੋ ਨਾਜਾਇਜ਼ ਸ਼ਰਤਾਂ ਹਨ ਉਨ੍ਹਾਂ ਨੂੰ ਮਨਣਾ ਨਹੀਂ ਚਾਹੀਦਾ ਹੈ। ਸਾਧਾਰਨ ਬੰਦਿਆਂ ਨੇ ਕੁਨੈਕਸ਼ਨਜ਼ ਨਹੀਂ ਲੈਣੇ ਪਰ ਉਨ੍ਹਾਂ ਤੋਂ ਵੀ ਸੀਵਰੇਜ ਚਾਰਜਿਜ਼ ਲਏ ਜਾਣੇ ਹਨ। ਇਨ੍ਹਾਂ ਸ਼ਰਤਾਂ ਲਈ ਗੌਰਮਿੰਟ ਆਫ ਇੰਡੀਆ ਗਾਰੰਟੀ ਸਟੈਂਡ ਕਰਦੀ ਹੈ। ਔਰ ਪੰਜਾਬ ਸਰਕਾਰ ਮੰਨ ਕੇ ਆਈ ਹੈ। ਇਹ ਇਕ

Original with;
Punjab Vidhan Sabha
Digitized by;
Panjab Digital Library

ਲੋਕਲ ਗੌਰਮਿੰਟ ਉਤੇ ਅਟੈਕ ਹੈ। ਵਾਟਰ ਸਪਲਾਈ ਐਂਡ ਟੱਟੀਆਂ ਦੇ ਰੇਟ ਜੇ ਕਮੇਟੀ ਨਾ ਮੰਨੇ ਤਾਂ ਇਹ ਕੰਮ ਵਾਟਰ ਸਪਲਾਈ ਐਂਡ ਸੀਵਰੇਜ ਬੋਰਡ ਦੇ ਹਵਾਲੇ ਕਰ ਦਿੱਤਾ ਗਿਆ ਹੈ। ਇਹ ਗਲਤੀ ਹੈ। ਵਰਲਡ ਬੈਂਕ ਨਾਲ ਜੋ ਗਲਤ ਸ਼ਰਤਾਂ ਮੰਨੀਆਂ ਗਈਆਂ ਹਨ, ਇਹ ਠੀਕ ਨਹੀਂ ਕੀਤਾ ਗਿਆ ਹੈ (ਵਿਘਨ)

**ਸ੍ਰੀ ਡਿਪਟੀ ਸਪੀਕਰ** : ਤੁਸੀਂ ਵਾਈਂਡ ਅਪ ਕਰਨ ਦੀ ਕੋਸ਼ਿਸ਼ ਕਰੋ। ਮੈਂ ਕਲੀਰਅਲੀ ਤਹਾਨੂੰ ਕਿਹਾ ਹੈ ਕਿ ਇਹ ਸਾਰੇ ਬਿਲ 1-30 ਵਜੇ ਤੋਂ ਪਹਿਲਾਂ ਪਹਿਲਾਂ ਪਾਸ ਹੋਣੇ ਹਨ। ਇਸ ਲਈ ਟਾਈਮ ਦੇ ਮੁਤਾਬਿਕ ਗੱਲ ਹੋਣੀ ਚਾਹੀਦੀ ਹੈ। ਹੁਣ ਤੁਸੀਂ ਵਾਈਂਡ ਅਪ ਕਰਨ ਦੀ ਕੋਸ਼ਿਸ਼ ਕਰੋ।

**ਕਾਮਰੇਡ ਸੱਤ ਪਾਲ ਡਾਂਗ** : ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿ ਰਿਹਾ ਸੀ ਕਿ ਜਿਥੇ ਇਹ ਮੁੱਖ ਮੁੱਦਾ ਹੈ ਇਸ ਤੋਂ ਇਲਾਵਾ ਵਾਟਰ ਸਪਲਾਈ ਐਂਡ ਸੀਵਰੇਜ ਬੋਰਡ ਵਿਚ ਮੈਂਬਰਾਂ ਦੀ ਥਾਂ ਤੇ ਡਾਇਰੈਕਟਰ ਰਖਣਗੇ, ਉਹ ਵੀ ਐਸੇ ਜਿਨ੍ਹਾਂ ਤੇ ਕੋਈ ਇਤਰਾਜ਼ ਨਹੀਂ ਹੋ ਸਕਦਾ। ਚੇਅਰ-ਮੈਨ ਨਾਨ-ਆਫੀਸ਼ੀਅਲ ਹੋ ਸਕਦਾ ਹੈ ਪਰ ਬਾਕੀ ਦੇ ਆਫੀਸ਼ਿਅਲ ਹਨ। ਇਕ ਅੱਧ-ਚੰਗੀ ਗੱਲ ਹੈ। ਬਾਕੀ ਜਿਹੜਾ ਲੋਕਲ ਬਾਡੀਜ਼ ਤੇ ਅਟੈਕ ਕੀਤਾ ਗਿਆ, ਵਰਲਡ ਬੈਂਕ ਨਾਲ ਸ਼ਰਤਾਂ ਮੰਨ ਕੇ, ਇਹ ਓਬਜੈਕਸ਼ਨੇਬਲ ਗੱਲ ਕੀਤੀ ਗਈ ਹੈ।

**ਸਰਦਾਰ ਸਰੂਪ ਸਿੰਘ** (ਆਦਮਪੁਰ) : ਡਿਪਟੀ ਸਪੀਕਰ ਸਾਹਿਬ, ਅੱਜ ਇਹ ਜਿਹੜਾ ਬਿਲ ਹਾਊਸ ਵਿਚ ਪੇਸ਼ ਹੋਇਆ ਹੈ (ਵਿਘਨ)

**ਸ੍ਰੀ ਡਿਪਟੀ ਸਪੀਕਰ** : ਸਿਰਫ ਪੰਜ ਮਿੰਟਾਂ ਵਿਚ ਖਤਮ ਕਰਨਾ ਚਾਹੀਦਾ ਹੈ।

**ਸਰਦਾਰ ਸਰੂਪ ਸਿੰਘ** : ਮੈਂ ਆਪਣੀ ਪਾਰਟੀ ਵੱਲੋਂ ਇਸ ਬਿੱਲ ਦੀ ਵਿਰੋਧਤਾ ਤਾਂ ਨਹੀਂ ਕਰਨਾ ਚਾਹੁੰਦਾ ਪਰ ਇਸ ਬਿੱਲ ਵਿਚ ਜਿਹੜੀਆਂ ਜ਼ਿਆਦਤੀਆਂ ਹੋਈਆਂ ਹਨ ਉਨ੍ਹਾਂ ਲਈ ਮੈਂ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਐਸ਼ੋਰੈਂਸ ਦੇਣ ਕਿ ਉਹ ਤਰੁੱਟੀਆਂ ਇਸ ਵਿਚੋਂ ਦੂਰ ਕਰ ਦਿੱਤੀਆਂ ਜਾਣਗੀਆਂ। ਅੰਮ੍ਰਿਤਸਰ ਵਿਚ ਵਾਟਰ ਸਪਲਾਈ ਦਾ ਰੇਟ ਜੋ ਐਮਰਜੈਂਸੀ ਵੇਲੇ ਲਗਾਇਆ ਗਿਆ ਸੀ ਉਹ ਕਾਫੀ ਜ਼ਿਆਦਾ ਸੀ। ਉਹੀ ਰੇਟ ਹੋਰ ਸਾਰੇ ਸ਼ਹਿਰਾਂ ਵਿਚ ਲਗਾਉਣ ਲਈ ਇਹ ਕਮਿਟਿਡ ਹਨ। ਉਥੇ ਤਿੰਨ ਚਾਰ ਵਾਰੀ ਮੀਟਿੰਗਾਂ ਹੋਈਆਂ ਕਿ ਰੇਟ ਘੱਟ ਕਰਨਾ ਚਾਹੀਦਾ ਹੈ। ਜਲੰਧਰ ਵਿਚ ਰੇਟ ਘੱਟ ਸੀ। ਪਰ ਐਮਰਜੈਂਸੀ ਵੇਲੇ ਅੰਮ੍ਰਿਤਸਰ ਵਿਚ ਇਹ ਰੇਟ ਵਧ ਫਿਕਸ ਕਰ ਦਿੱਤਾ ਗਿਆ ਸੀ ਐਂਡ ਸਾਨੂੰ ਇਸ ਲਈ ਮਜਬੂਰ ਕੀਤਾ ਗਿਆ ਸੀ। ਲੇਕਿਨ ਅਸੀਂ ਇਹ ਚੀਜ਼ ਨਹੀਂ ਸੀ ਮੰਨੀ ਕਿ ਰੇਟ ਵੱਧਣ। ਜਿਹੜੀ ਚੀਜ਼ ਚਾਰ ਸਾਲਾਂ ਤੱਕ ਮੁਕੰਮਲ ਹੋਣੀ ਹੈ ਉਸ ਦੇ ਅਗਰ ਰੇਟ ਅੱਜ ਤੋਂ ਵਧ ਜਾਣ ਤਾਂ ਠੀਕ ਨਹੀਂ। ਜਦੋਂ ਸਕੀਮ ਮੁਕੰਮਲ ਹੋ ਜਾਵੇ ਉਸ ਵੇਲੇ ਵਧਾਏ ਜਾਣ। ਜਿਥੇ ਦੂਜੀ ਗੱਲ ਇਹ ਕਿ ਜਿਸ ਤਰ੍ਹਾਂ ਡਾਂਗ ਸਾਹਿਬ ਨੇ ਕਿਹਾ ਸੀ ਕਿ ਇਲੈਕਟਿਡ ਬਾਡੀਜ਼ ਨੂੰ ਪਾਵਰ ਦੇਣ ਦੀ ਬਜਾਏ ਬੋਰਡ ਨੂੰ ਪਾਵਰਜ਼ ਦਿੱਤੀਆਂ ਜਾ ਰਹੀਆਂ ਹਨ। (ਵਿਘਨ) ਇਹ ਬਾਡੀਜ਼ ਸਸਪੈਂਡਿਡ ਹਨ। ਜੇ ਤਾਂ ਇਹ ਬਾਡੀਜ਼ ਇਲੈਕਟਿਡ ਹੁੰਦੀਆਂ ਫਿਰ ਤਾਂ ਉਹ ਰੌਲਾ ਪਾਉਂਦੀਆਂ ਕਿ ਇਹ ਪਾਵਰਾਂ ਸਾਨੂੰ ਦਿਓ ਅਤੇ ਸੀਵਰੇਜ ਬੋਰਡ ਨੂੰ ਕਿਉਂ ਦੇਣ ਲੱਗੇ ਹੋ। ਜਿਹੜੀ ਇਲੈਕਟਿਡ ਬਾਡੀਜ਼ ਰੈਜ਼ੋਲਿਊਸ਼ਨ ਪਾਸ ਕਰਕੇ ਭੇਜੇ ਕਿ ਸਾਡੇ ਕੋਲੋਂ ਇਹ ਕੰਮ ਨਹੀਂ ਹੁੰਦਾ ਅਤੇ ਉਨ੍ਹਾਂ ਕੋਲੋਂ ਇਹ ਕੰਮ ਸੰਭਾਲਿਆ ਨਹੀਂ ਜਾਂਦਾ ਫਿਰ ਤਾਂ ਠੀਕ ਸੀ ਪਰ ਜਿਹੜੇ ਲਿਖ ਕੇ ਨਹੀਂ ਭੇਜਦੇ ਉਥੇ ਇਹ ਚੀਜ਼ ਕਰਨੀ ਠੀਕ ਨਹੀਂ ਹੈ। ਇਸ ਲਈ ਇਹ ਚੀਜ਼ ਇਸ ਬਿਲ ਵਿੱਚ ਜ਼ਰੂਰ ਹੋਣੀ ਚਾਹੀਦੀ ਸੀ। ਤੀਜੀ ਗੱਲ ਇਹ ਕਿ

Original with;
Punjab Vidhan Sabha
Digitized by;
Panjab Digital Library

[ ਸਰਦਾਰ ਸਰੂਪ ਸਿੰਘ]

ਵਾਟਰ ਸਪਲਾਈ ਦਾ ਰੇਟ ਫਲੱਸ਼ ਦੇ ਬਰਾਬਰ ਰੱਵੇ, ਮੈਂ ਨਹੀਂ ਸਮਝਦਾ ਕਿ ਇਹ ਗੱਲ ਜਾਇਜ਼ ਹੈ। ਤੁਸੀਂ ਆਪ ਦੇਖ ਲਵੋ। ਕੋਈ ਮੁਰੱਲਾ ਦੇਖ ਲਵੋ, ਕਿਸੇ ਸ਼ਹਿਰ ਵਿਚ ਦੇਖ ਲਵੋ ਅਤੇ ਚੈਕਿੰਗ ਕਰਵਾ ਲਵੋ ਕਿ ਕਿੰਨਾ ਪਾਣੀ ਮਿਲਦਾ ਹੈ ਅਤੇ ਕੀ ਰੇਟ ਦੇ ਮੁਤਾਬਿਕ ਪਾਣੀ ਪੂਰਾ ਸਪਲਾਈ ਹੁੰਦਾ ਹੈ। ਜਿਸ ਦੀ ਕੋਠੀ ਵਿੱਚ ਇਕ ਟੱਟੀ ਹੈ ਉਸ ਨੂੰ ਜ਼ਿਆਦਾ ਖਰਚ ਪੈਂਦਾਂ ਹੈ ਅਤੇ ਜਿਸ ਦੀ ਕੋਠੀ ਵਿਚ 15-20 ਟੱਟੀਆਂ ਹਨ ਉਸ ਨੂੰ ਫਾਇਦਾ ਹੈ। ਜਿਥੇ ਪਾਣੀ ਜ਼ਿਆਦਾ ਖਰਚ ਹੁੰਦਾ ਹੈ ਉਥੇ ਉਸ ਹਿਸਾਬ ਨਾਲ ਖਰਚ ਪੈਣਾ ਚਾਹੀਦਾ ਹੈ ਅਤੇ ਜਿਥੇ ਪਾਣੀ ਘੱਟ ਖਰਚ ਹੁੰਦਾ ਹੈ ਉਥੇ ਉਸ ਹਿਸਾਬ ਨਾਲ ਖਰਚ ਪੈਣਾ ਚਾਹੀਦਾ ਹੈ।

**Mr. Deputy Speaker**: Please try to wind up.

**ਸਰਦਾਰ ਸਰੂਪ ਸਿੰਘ**: ਇਕ ਮੈਂ ਹੋਰ ਬੇਨਤੀ ਕਰਾਂਗਾ ਕਿ ਜਿਹੜਾ ਬੋਰਡ ਦਾ ਚੇਅਰਮੈਨ ਹੈ ਉਸ ਉਤੇ ਕਿਸੇ ਨੂੰ ਕੋਈ ਸ਼ੰਕਾ ਨਹੀਂ। ਪਰ ਜਿਸ ਠਾਠ ਬਾਠ ਨਾਲ ਰਿਹਾਇਸ਼ ਦਾ ਇੰਤਜ਼ਾਮ ਹੈ, ਇਸ ਕਿਸਮ ਦੀ ਠਾਠ ਬਾਠ ਸਾਡੇ ਮੁਲਕ ਵਿਚ ਠੀਕ ਨਹੀਂ ਹੈ। ਇਸ ਨੂੰ ਸਾਦਾ ਕਰਨਾ ਚਾਹੀਦਾ ਹੈ। ਇਹ ਸਾਰਾ ਬੋਰਡ ਤੇ ਖਰਚ ਪੈਣਾ ਹੈ। ਇਸ ਲਈ ਇਸ ਪਾਸੇ ਧਿਆਨ ਕਰਨਾ ਚਹੀਦਾ ਹੈ। ਅਸੀਂ ਲੋਕਾਂ ਦੇ ਨੁਮਾਇੰਦੇ ਹਾਂ। ਅਸੀਂ ਕਹਿੰਦੇ ਹਾਂ ਕਿ ਇਹ ਚੀਜ਼ ਨਹੀਂ ਹੋਣੀ ਚਾਹੀਦੀ ਅਤੇ ਇਸ ਪਾਸੇ ਜ਼ਰੂਰ ਧਿਆਨ ਕਰਨਾ ਚਾਹੀਦਾ ਹੈ। ਪਿਛਲੇ ਸਾਲਾਂ ਤੋਂ ਸੀਵਰੇਜ ਤੇ ਕਿੰਨੇ ਖਰਚੇ ਵੱਧ ਰਹੇ ਹਨ, ਤੁਸੀਂ ਉਸ ਦਾ ਐਸਟੀਮੇਟ ਬਣਾਓ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਕਿੰਨਾ ਖਰਚ ਹੋ ਰਿਹਾ ਹੈ। ਰੇਟ 3-4 ਸਾਲਾਂ ਤੋਂ ਵੱਧ ਰਹੇ ਹਨ। ਇਸ ਗੱਲ ਤੇ ਵੀ ਹਾਊਸ ਵਿਚ ਰੋਸ਼ਨੀ ਪਾਉਣੀ ਚਾਹੀਦੀ ਹੈ। ਦੂਸਰਾ ਇਹ ਜਿਹੜਾ ਠਾਠ ਬਾਠ ਹੈ ਇਸ ਨੂੰ ਸਾਦਾ ਕਰੋ।

**ਸ੍ਰੀ ਡਿਪਟੀ ਸਪੀਕਰ**: ਪਲੀਜ਼ ਵਾਈਂਡ ਅਪ। ਤੁਹਾਡਾ ਟਾਈਮ ਖਤਮ ਹੋ ਗਿਆ ਹੈ।

**ਸਰਦਾਰ ਸਰੂਪ ਸਿੰਘ**: ** ** **

**ਸ੍ਰੀ ਡਿਪਟੀ ਸਪੀਕਰ**: ਹੁਣ ਜੋ ਕੁਝ ਉਹ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ।

**ਸ੍ਰੀ ਓਮ ਪ੍ਰਕਾਸ਼ ਗੁਪਤਾ** (ਲੁਧਿਆਣਾ ਪੂਰਵ): ਮੈਂ ਇਸ ਬਿੱਲ ਦੀ ਵਿਰੋਧਤਾ ਕਰਨ ਵਾਸਤੇ ਖੜਾ ਹੋਇਆ ਹਾਂ।

**ਸ੍ਰੀ ਡਿਪਟੀ ਸਪੀਕਰ**: ਤੁਸੀਂ ਪੰਜ ਮਿੰਟਾਂ ਵਿਚ ਖਤਮ ਕਰੋ।

**ਸ੍ਰੀ ਓਮ ਪ੍ਰਕਾਸ਼ ਗੁਪਤਾ**: ਇਹ ਜਿਹੜਾ ਬਿਲ ਲਿਆਦਾਂ ਗਿਆ ਹੈ ਇਹ ਪੁਲੀਟੀਕਲ ਵਿੰਡਿ-ਕਿਟਿਵਨੈਸ ਕਰ ਕੇ ਲਿਆਂਦਾ ਗਿਆ ਹੈ। ਜਿਹੜੀ ਅਕਾਲੀ ਜਨਤਾ ਪਾਰਟੀ ਦੀ ਸਰਕਾਰ ਕਹਿੰਦੀ ਸੀ ਕਿ ਅਸੀਂ ਡੈਮੋਕਰੇਸੀ ਮੇਨਟੇਨ ਕਰਾਂਗੇ ਅਤੇ ਕਿਸੇ ਨਾਲ ਵਿੱਤਕਰਾ ਨਹੀਂ ਕਰਾਂਗੇ ਪਰ ਇਹ ਜਿਹੜਾ ਬਿੱਲ ਹੈ ਇਸ ਵਿਚੋਂ ਇਸ ਚੀਜ਼ ਦੀ ਝਲਕ ਆਉਂਦੀ ਹੈ। ਇਕ ਟੈਕਨੀਕਲ ਮੈਂਬਰ ਦੇ ਬਾਰੇ ਇਸ ਵਿਚ ਜ਼ਿਕਰ ਹੈ। ਇਸ ਦੇ ਪੈਰਾ 6 ਵਿਚ ਲਿਖਿਆ ਹੈ:

> "Technical Member shall be a whole-time member and shall be appointed by the Government from amongst persons holding the qualifications of Degree in Engineering with at least 5 years practical experience in the speciality."

ਇਸੇ ਬੇਸ ਤੇ ਸਰਕਾਰ ਨੇ ਇਕ ਕਮੇਟੀ ਬਣਾਈ ਜਿਸ ਦੇ ਵਿਚ ਪੰਜਾਬ ਸਰਕਾਰ ਦੇ ਆਈ.ਏ. ਐਸ. ਅਫਸਰ ਲਏ ਗਏ, ਜਿਨ੍ਹਾਂ ਦੀ ਇੰਟੈਗਰਿਟੀ ਅਤੇ ਐਕਸਪੀਰੀਐਂਸ ਤੇ ਕੋਈ

**Not recorded as ordered by the chair.

Original with;
Punjab Vidhan Sabha
Digitized by;
Panjab Digital Library

ਡਾਊਟ ਨਹੀਂ। ਉਸ ਵਿਚ ਸ੍ਰੀ. ਐਚ.ਐਸ. ਛੀਨਾ, ਚੀਫ ਸੈਕਟਰੀ, ਸ੍ਰੀ ਜੀ,. ਬਾਲਾ ਕ੍ਰਿਸਨਨ, ਸੈਕਟਰੀ, ਲੋਕਲ ਬਾਡੀਜ਼; ਸਰਦਾਰ ਹਰਦਿਆਲ ਸਿੰਘ, ਸੈਕਟਰੀ, ਪੀ.ਡਬਲਿਊ. ਡੀ. ਅਤੇ ਆਈ. ਐਸ. ਬਿੰਦਰਾ, ਡਾਇਰੈਕਟਰ, ਲੋਕਲ ਬਾਡੀਜ਼ ਸਨ। ਇਸ ਨਾਲ ਸ੍ਰੀ. ਐਚ. ਐਸ. ਮਨਚੰਦਾ ਨੂੰ ਐਸੋਸ਼ੀਏਟ ਕੀਤਾ ਗਿਆ। ਉਨ੍ਹਾਂ ਨੇ ਐਪਲੀਕੇਸ਼ਨਾਂ ਇਨਵਾਈਟ ਕੀਤੀਆਂ। ਸਿਰਫ ਦੋ ਤਿੰਨ ਐਪਲੀ-ਕੇਸ਼ਨਾਂ ਆਈਆਂ। ਸ੍ਰੀ ਵਿਰਦੀ ਦੀ ਯੂਨੈਨੀਮਸਲੀ ਸਿਲੇਕਸ਼ਨ ਹੋਈ ਸੀ। ਉਨ੍ਹਾਂ ਨੂੰ ਪੰਜ ਸਾਲ ਦਾ ਇੰਜਨੀਅਰਿੰਗ ਕਾਲਜ ਵਿਚ ਪੜ੍ਹਾਉਣ ਦਾ ਐਕਸਪੀਰੀਐਂਸ ਸੀ। ਉਸ ਦੇ ਬਾਅਦ ਉਸ ਨੂੰ ਤਿੰਨ ਚਾਰ ਸਾਲ ਦਾ ਹੋਰ ਐਕਸਪੀਰੀਐਂਸ ਸੀ। ਉਸ ਐਕਸਪੀਰੀਐਂਸ ਦੇ ਬੇਸ ਤੇ ਉਸ ਦੀ ਐਪੁਆਇੰਟਮੈਂਟ ਹੋਈ ਸੀ। ਜਿਹੜਾ ਕਿ ਫਿੱਟ ਸੀ। ਪਰ ਕਿਉਂਕਿ ਉਹ ਗਿਆਨੀ ਜ਼ੈਲ ਸਿੰਘ ਦਾ ਦਾਮਾਦ ਹੈ, ਇਸ ਕਰਕੇ ਉਸ ਨੂੰ ਰਿਮੂਵ ਕਰਨ ਵਾਸਤੇ ਇਹ ਤਰੀਕਾ ਵਰਤਿਆ ਗਿਆ ਹੈ। ਇਹ ਜਿਹੜਾ ਕਹਿੰਦੇ ਸੀ ਕਿ ਅਸੀਂ ਕਿਸੇ ਨਾਲ ਵਿੱਤਕਰਾ ਨਹੀਂ ਕਰਾਂਗੇ। (ਵਿਘਨ) ਕਿਉਂਕਿ ਸ੍ਰੀ ਮਨਚੰਦਾ ਨੂੰ ਬੈਨੀਫਿਟ ਪਹੁੰਚਾਉਣਾ ਸੀ ਇਸ ਲਈ ਸ੍ਰੀ ਮਨਚੰਦਾ ਨੇ ਗੁਰਦੇਵ ਸਿੰਘ ਕਮਿਸ਼ਨ ਦੇ ਸਾਹਮਣੇ ਸ੍ਰੀ ਵਿਰਦੀ ਦੇ ਖਿਲਾਫ ਸ਼ਹਾਦਤ ਦਿੱਤੀ। (ਵਿਘਨ) ਇਸ ਬਿੱਲ ਦੀ ਕਲਾਜ਼ 4 ਵਿਚ ਇਸ ਤਰ੍ਹਾਂ ਲਿਖਿਆ ਹੈ:

> "The Managing Director shall be a whole-time director and shall be appointed by the Government from amongst officers holding posts not below the rank of Chief Engineer preferably with experience of Public Health and Sanitary Engineering.".

**Mr. Deputy Speaker**: Please try to wind up.

**ਸ੍ਰੀ ਓਮ ਪ੍ਰਕਾਸ਼ ਗੁਪਤਾ**: ਸੈਨੇਟਰੀ ਇੰਜਨੀਅਰਿੰਗ ਦਾ ਕਿਤੇ ਕਿਤੇ ਤੁਹਾਨੂੰ ਇੰਜਨੀਅਰ ਮਿਲੇਗਾ। ਕਿਉਂਕਿ ਮਨਚੰਦਾ ਵੀ ਸੈਨੇਟਰੀ ਇੰਜਨੀਅਰਿੰਗ ਦੀਆਂ ਕੁਆਲੀਫੀਕੇਸ਼ਨਜ਼ ਰੱਖਦੇ ਹਨ, ਇਸ ਕਰਕੇ ਉਸ ਨੂੰ ਫਾਇਦਾ ਪਹੁੰਚਾਉਣ ਦੀ ਖਾਤਰ ਇਸ ਤਰ੍ਹਾਂ ਕੀਤਾ ਗਿਆ ਹੈ। ਇਹ ਸਰਕਾਰ ਕਹਿੰਦੀ ਸੀ ਕਿ ਅਸੀਂ ਪੁਲੀਟੀਕਲ ਆਦਮੀ ਬੋਰਡਾਂ ਅਤੇ ਕਾਰਪੋਰੇਸ਼ਨਾਂ ਵਿਚ ਨਹੀਂ ਲਾਵਾਂਗੇ, ਪਰ ਅੱਜ ਕੀ ਚੀਜ਼ ਹੋ ਰਹੀ ਹੈ। (ਵਿਘਨ) ਪਹਿਲਾਂ ਉਥੇ ਸਰਕਾਰੀ ਚੇਅਰਮੈਨ ਸੀ ਪਰ ਇਨ੍ਹਾਂ ਨੇ ਆਉਂਦਿਆਂ ਹੀ ਜਨਤਾ ਪਾਰਟੀ ਦੇ ਇਕ ਲੀਡਰ ਨੂੰ ਉਸ ਦਾ ਚੇਅਰਮੈਨ ਬਣਾ ਦਿਤਾ। ਇਸ ਤਰ੍ਹਾਂ 3-4 ਹਜ਼ਾਰ ਰੁਪਏ ਮਹੀਨੇ ਦਾ ਖਰਚ ਵਾਧੂ ਦਾ ਪਾਇਆ ਗਿਆ।

**Mr. Deputy Speaker**: Please wind up.

**ਸ੍ਰੀ ਓਮ ਪ੍ਰਕਾਸ਼ ਗੁਪਤਾ**: ਜਿਸ ਤਰ੍ਹਾਂ ਡਾਂਗ ਸਾਹਿਬ ਨੇ ਵੀ ਕਿਹਾ ਹੈ ਕਿ ਪਾਵਰ ਸਾਰੀਆਂ ਲਈਆਂ ਜਾ ਰਹੀਆਂ ਹਨ। (ਵਿਘਨ) ਪਾਵਰਜ਼ ਸਾਰੀਆਂ ਬੋਰਡ ਨੂੰ ਦਿੱਤੀਆਂ ਜਾ ਰਹੀਆਂ ਹਨ। ਪਰ ਮੁਲਾਜ਼ਮਾਂ ਦੀ ਜਿਹੜੀ ਤਨਖਾਹ ਹੋਵੇਗੀ ਉਹ ਲੋਕਲ ਕਮੇਟੀ ਤੇ ਪਵੇਗੀ ਪਰ ਜਿਹੜੀ ਆਮਦਨ ਹੋਵੇਗੀ ਉਹ ਬੋਰਡ ਲੈ ਜਾਵੇਗਾ।

**ਸ੍ਰੀ ਡਿਪਟੀ ਸਪੀਕਰ**: ਤੁਸੀਂ ਵਾਈਂਡ ਅੱਪ ਕਰੋ ਤੁਹਾਡਾ ਟਾਈਮ ਖਤਮ ਹੋ ਗਿਆ ਹੈ।

(ਇਸ ਸਮੇਂ ਮਾਨਯੋਗ ਮੈਂਬਰ ਸ੍ਰੀ ਖੁਸ਼ਹਾਲ ਬਹਿਲ ਬੋਲਣ ਲਈ ਖੜੇ ਹੋਏ)

ਬਹਿਲ ਜੀ, ਤੁਸੀਂ 2 ਮਿੰਟਾਂ ਵਿਚ ਖਤਮ ਕਰੋ।

**ਸ੍ਰੀ ਖੁਸ਼ਹਾਲ ਬਹਿਲ (ਗੁਰਦਾਸਪੁਰ)**: ਮੈਂ ਚਾਰ ਮਿੰਟ ਲਵਾਂਗਾ ਜੀ।

Original with;
Punjab Vidhan Sabha
Digitized by;
Panjab Digital Library

**ਸ੍ਰੀ ਡਿਪਟੀ ਸਪੀਕਰ** : ਨਹੀਂ ਜੀ, ਦੋ ਮਿੰਟਾਂ ਵਿਚ ਹੀ ਖਤਮ ਕਰੋ।

**ਸ੍ਰੀ ਖੁਸ਼ਹਾਲ ਬਹਿਲ** : ਕੱਲ ਫਾਇਨੈਂਨਸ ਮਨਿਸਟਰ ਨੇ ਕਿਹਾ ਸੀ ਕਿ ਅਸੀਂ ਪਾਵਰਜ਼ ਡੀਸੈਂਟਰੇਲਾਈਜ਼ ਕਰ ਰਹੇ ਹਾਂ ਲੇਕਿਨ ਇਨ੍ਹਾਂ ਨੇ ਇਹ ਜਿਹੜਾ ਬਿੱਲ ਲਿਆਂਦਾ ਹੈ ਇਸ ਨਾਲ ਉਨ੍ਹਾਂ ਦੀ ਪਾਵਰਜ਼ ਨੂੰ ਡੀਸੈਂਟਰੇਲਾਈਜ਼ ਕਰਨ ਦੀ ਗੱਲ ਖਤਮ ਹੋ ਜਾਂਦੀ ਹੈ। ਲੋਕਾਂ ਦੇ ਚੁਣੇ ਹੋਏ ਰਿਪ੍ਰੀਜ਼ੈਂਟੇਟਿਵਜ਼ ਦੀਆਂ ਬਾਡੀਜ਼ ਕੋਲੋਂ ਪਾਵਰਜ਼ ਖੋਹ ਕੇ ਬੋਰਡ ਨੂੰ ਦਿੱਤੀਆਂ ਜਾ ਰਹੀਆਂ ਹਨ (ਵਿਘਨ) ਉਸ ਵਿਚ ਇਲੈਕਟਿਡ ਆਦਮੀ ਕੋਈ ਨਹੀਂ ਹੈ। ਇਹ ਬਿਓਰੋਕਰੇਟਿਕ ਸਿਸਟਮ ਪਸੰਦ ਕਰਦੇ ਹਨ। (ਵਿਘਨ) ਮਿਸਾਲ ਦੇ ਤੌਰ ਤੇ ਕਮੇਟੀਆਂ ਦਾ ਕੰਮ ਬੋਰਡ ਨੂੰ ਦਿਤਾ ਜਾ ਰਿਹਾ ਹੈ ਅਤੇ ਮੁਲਾਜ਼ਮਾਂ ਦੀ ਤਨਖਾਹ ਅਤੇ ਮੈਨਟੀਨੈਂਸ ਦਾ ਖਰਚਾ ਮਿਉਂਸੀਪਲ ਕਮੇਟੀਆਂ ਨੂੰ ਦੇਣਾ ਪਵੇਗਾ। (ਵਿਘਨ) ਹੁਣ ਸਵਾਲ ਇਹ ਹੈ ਕਿ ਅਗਰ ਮਿਉਂਸੀਪਲ ਕਮੇਟੀਆਂ ਨੂੰ ਸਾਰਾ ਖਰਚਾ ਦੇਣਾ ਪਵੇਗਾ ਤਾਂ ਫਿਰ ਡੈਮੋਕਰੇਟਿਕ ਫੰਕਸ਼ਨਿੰਗ ਕਿਸ ਤਰ੍ਹਾਂ ਹੋਈ ? ਇਲੈਕਟਿਡ ਮੈਂਬਰਾਂ ਨੂੰ ਪਤਾ ਹੁੰਦਾ ਹੈ ਕਿ ਕਿਥੇ ਪਾਣੀ ਪਹੁੰਚਿਆ ਹੈ ਅਤੇ ਕਿਥੇ ਨਹੀਂ ਪਹੁੰਚਿਆ । ਜੇ ਬਿਊਰੋਕਰੇਟਿਕ ਨੂੰ ਤਾਕਤ ਦੇ ਦਿਉਗੇ ਤਾਂ ਸਿਵਲ ਲਾਈਨਜ਼ ਵਿਚ ਜਿੰਨੀਆਂ ਕੋਠੀਆਂ ਹਨ ਉਥੇ ਸਾਰਾ ਕੰਮ ਹੋ ਜਾਵੇਗਾ, ਉਨ੍ਹਾਂ ਦੀ ਮੇਨਟੀਨੈਂਸ ਹੋ ਜਾਵੇਗੀ, ਪਰ ਜਿਹੜੇ ਲੋਕੀਂ ਸੰਘਣੀ ਆਬਾਦੀ ਵਿਚ ਹੋਣਗੇ ਉਨ੍ਹਾਂ ਦੇ ਨੁਮਾਇੰਦੇ ਨਾ ਹੋਣ ਕਾਰਨ ਉਥੇ ਪਾਣੀ ਨਹੀਂ ਪਹੁੰਚਣਾ। ਉਥੇ ਲੋਕਾਂ ਨੂੰ ਮੁਸ਼ਕਲ ਹੋਵੇਗੀ। ਪਰ ਜੇ ਇਲੈਕਟਿਡ ਬਾਡੀਜ਼ ਨੂੰ ਪਾਵਰਜ਼ ਦਿੱਤੀਆਂ ਜਾਣ, ਇਲੈਕਟਿਡ ਆਦਮੀਆਂ ਦੇ ਹੱਥ ਵਿਚ ਪਾਵਰ ਹੋਵੇ ਤਾਂ ਉਨ੍ਹਾਂ ਨੂੰ ਲੋਕਾਂ ਦੀਆਂ ਮੁਸ਼ਕਲਾਂ ਦਾ ਪਤਾ ਹੋਵੇਗਾ। ਇਸ ਤਰ੍ਹਾਂ ਸੰਘਣੀ ਆਬਾਦੀ ਵਾਲੇ ਲੋਕਾਂ ਨੂੰ ਨੁਕਸਾਨ ਨਹੀਂ ਹੋਵੇਗਾ। ਦੂਸਰਾ ਇਹ ਕਿ ਜਿਸ ਬੋਰਡ ਨੂੰ ਇਹ ਪਾਵਰਜ਼ ਦੇ ਰਹੇ ਹਨ ਉਸ ਦਾ ਫੰਕਸ਼ਨ ਕੀ ਹੋਇਆ ? (ਵਿਘਨ) ਪਿਛਲੇ ਸਾਲ ਜਿਹੜਾ ਕੰਮ ਸ਼ੁਰੂ ਹੋਇਆ ਸੀ ਵਾਟਰ ਸਪਲਾਈ ਦਾ ਅਤੇ ਸੀਵਰੇਜ ਦਾ, ਉਹ ਸਾਰਾ ਇਨਕੰਪਲੀਟ ਹੈ। ਬੋਰਡ ਕਹਿੰਦਾ ਹੈ ਕਿ ਪੈਸੇ ਨਹੀਂ ਹਨ। ਜਿਹੜੇ ਪੰਜ ਸਾਲਾਂ ਦੇ ਕੰਮ ਸ਼ੁਰੂ ਹੋਏ ਹੋਏ ਹਨ ਜਿਨ੍ਹਾਂ ਤੇ ਬੇਸ਼ੁਮਾਰ ਪੈਸਾ ਲੱਗਾ ਹੋਇਆ ਹੈ ਉਹ ਸਾਰੇ ਕੰਮ ਇਨਕੰਪਲੀਟ ਪਏ ਹਨ। ਅਸੀਂ ਇਹ ਕਹਿੰਦੇ ਹਾਂ ਕਿ ਸੋਸ਼ਲ ਅੱਪਲਿਫਟ ਕਰਨੀ ਹੈ। ਜਿਹੜੇ ਸਿਰ ਤੇ ਗੰਦਗੀ ਦਾ ਟੋਕਰਾ ਚੁਕਦੇ ਹਨ, ਉਹ ਹਟਾਉਣਾ ਹੈ। (ਘੰਟੀ) ਅਗਰ ਅਸੀਂ ਵਾਟਰ ਸਪਲਾਈ ਸਕੀਮ ਲਾਗੂ ਕਰਨੀ ਹੈ ਜਾਂ ਸੀਵਰੇਜ ਸਿਸਟਮ ਬੋਰਡ ਨੇ ਕਰਨਾ ਹੈ ਤਾਂ ਅਸੀਂ ਦੇਖਦੇ ਹਾਂ ਕਿ ਬੋਰਡ ਦੀ ਵਰਕਿੰਗ ਨਾਕਸ ਹੈ, ਉਸ ਦੇ ਕੋਲ ਕੋਈ ਪੈਸਾ ਨਹੀਂ ਜਾ ਕੰਮ ਕਰਨ ਦੀ ਵਿੱਲ ਨਹੀਂ। ਨਤੀਜੇ ਦੇ ਤੌਰ ਤੇ ਜਿੰਨਾਂ ਕੰਮ ਹੋਇਆ ਹੈ, ਜਿੰਨਾ ਕੰਮ ਹੁੰਦਾ ਹੈ ਉਹ ਇਨਕੰਪਲੀਟ ਹੁੰਦਾ ਹੈ ਅਤੇ ਅਗੋਂ ਜਿਹੜੇ ਕੰਮ ਕਰਨੇ ਹਨ ਉਹ ਵੀ ਸਰਟੇਨ ਨਹੀਂ।

**ਸ੍ਰੀ ਡਿਪਟੀ ਸਪੀਕਰ** : ਤੁਹਾਡਾ ਟਾਈਮ ਖਤਮ ਹੋ ਗਿਆ ਹੈ। ਤਸ਼ਰੀਫ ਰਖੋ।

**ਸ੍ਰੀ ਖੁਸ਼ਹਾਲ ਬਹਿਲ** : ਜਿਹੜੀਆਂ 'ਬੀ' ਕਲਾਸ ਜਾਂ 'ਸੀ' ਕਲਾਸ ਦੀਆਂ ਮਿਉਂਸੀਪਲ ਕਮੇਟੀਆਂ ਹਨ ਉਥੇ ਵਧੇਰੀ ਆਬਾਦੀ ਹੈ। ਜੋ ਉਹ ਗਰੀਬਾਂ ਦੀ ਆਬਾਦੀ ਹੈ ਉਨ੍ਹਾਂ ਵੱਲ ਧਿਆਨ ਦਿਤਾ ਜਾਵੇ। (ਵਿਘਨ)

**Mr. Deputy Speaker** : Your time is over. Please take your seat now.

**Shri Khushhal Behal** : Please give me only two minutes more.

Original with;
Punjab Vidhan Sabha
Digitized by;
Panjab Digital Library

**Mr. Deputy Speaker** :No, no, you have already taken five minutes. I am sorry, I cannot allow you.

**Shri Khushhal Behl** : ** ** **

**Mr. Deputy Speaker** : Whatever the hon. Member is saying, should not be recorded.

**ਕਾਮਰੇਡ ਦਯਾ ਸਿੰਘ ਘੁਮਾਣੇਵਾਲ** (ਕੁੱਮ ਕਲਾਂ, ਐਸ. ਸੀ) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿਲ ਇਥੇ ਰਖਿਆ ਗਿਆ ਹੈ, ਇਹ ਬਹੁਤ ਅੱਛਾ ਹੈ ਕਿਉਂਕਿ ਇਸ ਤਰ੍ਹਾਂ ਦੇ ਬਿਲ ਜਦੋਂ ਪਾਸ ਹੁੰਦੇ ਹਨ ਅਤੇ ਜਦੋਂ ਇਸ ਦੇ ਕੰਮ ਲਾਗੂ ਹੁੰਦੇ ਹਨ ਤਾਂ ਬਹੁਤ ਸਾਰੇ ਪਿੰਡਾਂ ਵਿਚ ਸਫਾਈ ਹੋ ਜਾਂਦੀ ਹੈ ਅਤੇ ਉਸ ਦੇ ਨਾਲ ਬਹੁਤ ਸਾਰੇ ਲੋਕਾਂ ਨੂੰ ਫਾਇਦਾ ਪਹੁੰਚਦਾ ਹੈ। ਪਰ ਦੁੱਖ ਦੀ ਗਲ ਇਹ ਹੈ ਕਿ ਲੁਧਿਆਣੇ ਸ਼ਹਿਰ ਵਿਚ ਜਿਥੇ ਸਾਡਾ ਦਫ਼ਤਰ ਹੈ, ਜਿਥੇ ਅਸੀਂ ਰਹਿੰਦੇ ਹਾਂ ਉਸ ਦੇ ਨੇੜੇ ਤੇੜੇ ਬਹੁਤ ਲੋਕ ਗਰੀਬ ਵੱਸਦੇ ਹਨ ਅਤੇ ਉਸ ਥਾਂ ਤੇ ਕੋਈ ਕੰਮ ਨਹੀਂ ਕੀਤਾ ਜਾਂਦਾ ਮੁੱਖ ਤੌਰ ਤੇ ਇਹ ਗਲ ਦੇਖਣ ਵਿਚ ਆਉਂਦੀ ਹੈ ਕਿ ਜਦੋਂ ਇਸ ਤਰ੍ਹਾਂ ਦੀ ਕੋਈ ਸਕੀਮ ਬਣਦੀ ਹੈ, ਜਦੋਂ ਇਸ ਤਰ੍ਹਾਂ ਦਾ ਕੋਈ ਚੰਗਾ ਕੰਮ ਕੀਤਾ ਜਾਂਦਾ ਹੈ ਤਾਂ ਉਥੇ ਹੀ ਜ਼ਿਆਦਾ ਕੰਮ ਕੀਤਾ ਜਾਂਦਾ ਹੈ ਜਿਥੇ, ਜ਼ਿਆਦਾ ਅਮੀਰ ਲੋਕ ਰਹਿੰਦੇ ਹੋਣ, ਜਿਨ੍ਹਾਂ ਦੀਆਂ ਆਪਣੀਆਂ ਕੋਠੀਆਂ ਹੁੰਦੀਆਂ ਹਨ ਅਤੇ ਉਨ੍ਹਾਂ ਕੋਲ ਇਤਨਾ ਪੈਸਾ ਹੁੰਦਾ ਹੈ ਕਿ ਉਹ ਬਗੈਰ ਕਿਸੀ ਸਕੀਮ ਦੀ ਇਮਦਾਦ ਦੇ ਆਪਣੇ ਕੋਲੋਂ ਖਰਚ ਕਰ ਸਕਦੇ ਹਨ। ਪਰ ਸਰਕਾਰ ਵਲੋਂ ਵੀ ਜੋ ਖਰਚ ਕੀਤਾ ਜਾਂਦਾ ਹੈ ਉਨ੍ਹਾਂ ਥਾਵਾਂ ਤੇ ਜ਼ਿਆਦਾ ਕੀਤਾ ਜਾਂਦਾ ਹੈ ਅਤੇ ਇਹੋ ਜਿਹੀਆਂ ਥਾਵਾਂ ਤੇ ਘੱਟ ਹੁੰਦਾ ਹੈ ਜਿਥੇ ਜ਼ਿਆਦਾ ਵਸੋਂ ਗਰੀਬਾਂ ਦੀ ਹੁੰਦੀ ਹੈ। ਜਿਥੇ ਗਰੀਬਾਂ ਦੀਆਂ ਬਸਤੀਆਂ ਜ਼ਿਆਦਾ ਗੰਦੀਆਂ ਹੁੰਦੀਆਂ ਹਨ ਅਤੇ ਉਹ ਲੋਕ ਉਥੇ ਆਪਣੇ ਕੋਲੋਂ ਪੈਸੇ ਨਹੀਂ ਖਰਚ ਕਰ ਸਕਦੇ ਉਥੇ ਕੰਮ ਵੀ ਘੱਟ ਕੀਤਾ ਜਾਂਦਾ ਹੈ। ਮੇਰੀ ਸਰਕਾਰ ਅੱਗੇ ਇਹ ਬੇਨਤੀ ਹੈ ਕਿ ਇਨ੍ਹਾਂ ਨੂੰ ਉਨ੍ਹਾਂ ਲੋਕਾਂ ਵਲ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ ਜਿਹੜੇ ਗਰੀਬ ਹਨ ਅਤੇ ਆਪਣੇ ਕੋਲੋਂ ਪੈਸੇ ਖਰਚ ਨਹੀਂ ਕਰ ਸਕਦੇ। ਅਸੀਂ ਕਈ ਦਫ਼ਾ ਮਹਿਕਮੇ ਦੇ ਅਫ਼ਸਰਾਂ ਨੂੰ ਮਿਲਦੇ ਹਾਂ ਅਤੇ ਕਈ ਕਈ ਗੇੜੇ ਉਨ੍ਹਾਂ ਵਲ ਮਾਰਨੇ ਪੈਂਦੇ ਹਨ ਤਾਂ ਜਾ ਕੇ ਕਿਤੇ ਥੋੜਾ ਬਹੁਤ ਕੰਮ ਹੁੰਦਾ ਹੈ। ਬਹੁਤ ਸਾਰੀਆਂ ਬਸਤੀਆਂ ਐਸੀਆਂ ਹਨ ਜਿਥੇ ਬਹੁਤ ਗਰੀਬ ਲੋਕ ਵਸਦੇ ਹਨ ਉਥੇ ਇਸ ਤਰ੍ਹਾਂ ਦੀ ਸਕੀਮ ਚਾਲੂ ਨਹੀਂ ਹੋ ਸਕਦੀ। ਇਸ ਕਰਕੇ ਮੁੱਖ ਤੌਰ ਤੇ ਸਰਕਾਰ ਨੂੰ ਇਸ ਪਾਸੇ ਵਲ ਧਿਆਨ ਦੇਣਾ ਚਾਹੀਦਾ ਹੈ ਕਿ ਉਹ ਜ਼ਿਆਦਾ ਅਮੀਰਾਂ ਵਲ ਜਾਂ ਜਿਨ੍ਹਾਂ ਦੀਆਂ ਕੋਠੀਆਂ ਹਨ ਅਤੇ ਹੋਰ ਸਹੂਲਤਾਂ ਹਨ ਉਨ੍ਹਾਂ ਵਲ ਧਿਆਨ ਨਾ ਦੇਵੇ, ਉਹ ਆਪਣਾ ਮੁੱਖ ਧਿਆਨ ਗਰੀਬ ਲੋਕਾਂ ਵਲ ਦੇਵੇ।

ਦੂਸਰੀ ਗਲ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਜਿਹੜੀ ਬੋਰਡ ਦੀ ਕਮੇਟੀ ਬਣਾਉਣੀ ਹੈ ਉਸ ਦੇ ਮੁਤੱਲਕ ਮੇਰੀ ਬੇਨਤੀ ਹੈ ਕਿ ਉਹ ਨਾਮਜ਼ਦ ਨਹੀਂ ਹੋਣੀ ਚਾਹੀਦੀ, ਚੁਣੀ ਹੋਈ ਕਮੇਟੀ ਹੋਣੀ ਚਾਹੀਦੀ ਹੈ। ਬਾਕੀ ਦੇ ਅਦਾਰਿਆਂ ਵਿਚ ਜਿਸ ਤਰ੍ਹਾਂ ਚੁਣੇ ਹੋਏ ਲੋਕ ਆਉਂਦੇ ਹਨ ਇਸੇ ਤਰ੍ਹਾਂ ਇਸ ਦੇ ਵਿਚ ਚੁਣ ਕੇ ਆਉਣ ਦਾ ਪ੍ਰਬੰਧ ਕੀਤਾ ਜਾਵੇ ਤਾਂ ਕਿ ਲੋਕਾਂ ਦਾ ਖਿਆਲ ਰਖ ਸਕਣ।

ਤੀਸਰੀ, ਗਲ, ਡਿਪਟੀ ਸਪੀਕਰ ਸਾਹਿਬ, ਮੈਂ ਜੋ ਕਹਿਣੀ ਚਾਹੁੰਦਾ ਹਾਂ ਉਹ ਇਹ ਹੈ ਕਿ ਰੋਪੜ ਵਿਚ ਸੀਵਰੇਜ ਬਣਾਉਣ ਵਿਚ ਜੋ ਗਰੀਬ ਮਜ਼ਦੂਰ ਕੰਮ ਕਰਦੇ ਹਨ ਉਨ੍ਹਾਂ ਵਿਚ ਇਕ ਆਦਮੀ ਮਰ ਗਿਆ ਅਤੇ ਉਸ ਦੇ ਬਾਰੇ ਕੋਈ ਪੜਤਾਲ ਨਹੀਂ ਕਰਵਾਈ ਗਈ। ਸਰਕਾਰ ਨੂੰ ਚਾਹੀਦਾ ਹੈ ਕਿ ਉਸ ਦੀ ਪੜਤਾਲ ਛੇਤੀ ਤੋਂ ਛੇਤੀ ਕਰਵਾ ਕੇ ਉਸ ਦੀ ਹਿਮਾਇਤ ਕੀਤੀ ਜਾਵੇ।

---

Not recorded as ordered by the chair.

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਯਾ ਸਿੰਘ ਘਮਾਣੇਵਾਲ]

ਅੰਤ ਵਿਚ, ਡਿਪਟੀ ਸਪੀਕਰ ਸਾਹਿਬ, ਮੈਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਮੈਂ ਇਸ ਬਿਲ ਦੇ ਹੱਕ ਵਿਚ ਖੜਾ ਹੋਇਆ ਹਾਂ ਪਰ ਇਹ ਜਿਹੜੀਆਂ ਕਮਜ਼ੋਰੀਆਂ ਮੈਂ ਦੱਸੀਆਂ ਹਨ ਉਨ੍ਹਾਂ ਵਲ ਸਰਕਾਰ ਨੂੰ ਆਪਣਾ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਗਰੀਬ ਆਦਮੀ ਦਾ ਭਲਾ ਹੋ ਸਕੇ।

**ਸਰਦਾਰ ਦਲੀਪ ਸਿੰਘ ਪਾਂਧੀ** (ਅਮਲੋਹ, ਐਸ. ਸੀ): ਡਿਪਟੀ ਸਪੀਕਰ ਸਾਹਿਬ, ਮੈਂ ਕੋਈ ਬਹੁਤਾ ਟਾਈਮ ਨਹੀਂ ਲੈਣਾ ਮੈਂ ਤਾਂ ਇਹੀ ਕਹਿੰਦਾ ਹਾਂ ਕਿ ਇਹ ਜਿਹੜੇ 8 ਟਾਊਨ ਹਨ, ਇਨ੍ਹਾਂ ਵਿਚ ਜਿਥੇ ਸਫਾਈ ਮਜ਼ਦੂਰ ਗੰਦ ਚੁਕਦੇ ਹਨ, ਉਥੇ ਇਹ ਬਿਮਾਰੀ ਖ਼ਤਮ ਹੋ ਜਾਵੇਗੀ। ਇਸ ਦਾ ਭਾਰੀ ਲਾਭ ਇਹ ਹੋਵੇਗਾ ਕਿ, ਜਿਹੜਾ ਇਹ (ਆਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਹਮੇਸ਼ਾਂ ਹਰੀਜਨਾਂ ਦੀਆਂ ਗੱਲਾਂ ਕਰਦੇ ਹਨ ਪਰ ਇਨ੍ਹਾਂ ਦੇ ਭਲੇ ਵਾਸਤੇ ਕੋਈ ਕੰਮ ਨਹੀਂ ਕੀਤਾ, ਇਸ ਨਾਲ ਗੰਦ ਚੁਕਣ ਦੀ ਬਿਮਾਰੀ ਖ਼ਤਮ ਹੋਵੇਗੀ ਅਤੇ ਉਨ੍ਹਾਂ ਲੋਕਾਂ ਵਿਚ ਇਨਫੀਰੀਆਰਿਟੀ ਕੰਪਲੈਕਸ ਘਟੇਗਾ ਅਤੇ ਸੁਪੀਰੀਆਰਿਟੀ ਕੰਪਲੈਕਸ ਵੱਧੇਗਾ। ਮੈਂ ਸਰਕਾਰ ਨੂੰ ਇਹ ਕਹਾਂਗਾ ਕਿ ਜਿਹੜੀਆਂ ਗਰੀਬਾਂ ਦੀਆਂ ਬਸਤੀਆਂ ਹਨ, ਜਿਨ੍ਹਾਂ ਦੀ ਮਾਲੀ ਹਾਲਤ ਚੰਗੀ ਨਹੀਂ ਉਨ੍ਹਾਂ ਨੂੰ ਕੋਈ ਸਬਸਿਡੀ ਦੇ ਕੇ ਜਾਂ ਕੋਈ ਘੱਟ ਰੇਟ ਤੇ ਕੁਨੈਕਸ਼ਨ ਦੇਣੇ ਚਾਹੀਦੇ ਹਨ ਤਾਂ ਕਿ ਉਨ੍ਹਾਂ ਲੋਕਾਂ ਨੂੰ ਪਾਣੀ ਮਿਲ ਸਕੇ।

ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਸਾਰੇ ਪੰਜਾਬ ਦੇ ਜਿਤਨੇ ਵੀ ਟਾਊਨ ਹਨ ਉਨ੍ਹਾਂ ਵਾਸਤੇ ਇਕ ਮਾਸਟਰ ਪਲੈਨ ਬਣਾਉਣੀ ਚਾਹੀਦੀ ਹੈ ਅਤੇ ਉਸ ਦੇ ਮੁਤਾਬਿਕ ਨਾਲੀਆਂ ਦਾ ਕੰਮ ਅਤੇ ਸੀਵਰੇਜ ਦਾ ਕੰਮ ਕਰਨਾ ਚਾਹੀਦਾ ਹੈ। ਇਸ ਕੰਮ ਦੇ ਵਾਸਤੇ ਪਹਿਲਾਂ 27 ਕਰੋੜ ਰੁਪਏ ਸੀ ਤੇ ਹੁਣ 5 ਕਰੋੜ ਹੋਰ ਰੁਪਿਆ ਲੈ ਆਏ ਹਨ। ਇਸ ਕਰਕੇ ਮੈਂ ਤਾਂ ਇਹੀ ਕਹਾਂਗਾ ਕਿ ਇਕ ਮਾਸਟਰ ਪਲੈਨ ਬਣਾ ਕੇ ਉਸ ਦੇ ਮੁਤਾਬਿਕ ਸਾਰਾ ਕੰਮ ਕਰਨਾ ਚਾਹੀਦਾ ਹੈ। ਪਿਛਲੀਆਂ ਬਹੁਤ ਸਾਰੀਆਂ ਸ਼ਿਕਾਇਤਾਂ ਹਨ, ਘਰ ਤਕ ਪਾਣੀ ਨਹੀਂ ਪਹੁੰਚਦਾ, ਪਾਈਪਾਂ ਠੀਕ ਨਹੀਂ ਲਗੀਆਂ ਅਤੇ ਗੰਦਾ ਪਾਣੀ ਵੀ ਠੀਕ ਨਹੀਂ ਨਿਕਲਦਾ ਅਤੇ ਹੋਰ ਕਈ ਤਰ੍ਹਾਂ ਦੀਆਂ ਸ਼ਿਕਾਇਤਾਂ ਹਨ। ਇਸ ਲਈ ਮੈਂ ਇਹ ਸੁਜੈਸ਼ਨ ਦੇਣਾ ਚਾਹੁੰਦਾ ਹਾਂ ਕਿ ਇਕ ਮਾਸਟਰ ਪਲੈਨ ਸਾਰੇ ਸ਼ਹਿਰਾਂ ਦਾ ਬਣਾ ਕੇ ਉਸ ਦੇ ਮੁਤਾਬਿਕ ਕੰਮ ਕੀਤਾ ਜਾਵੇ ਤਾਕਿ ਲੋਕਾਂ ਨੂੰ ਕੋਈ ਡਿਫੀਕਲਟੀ ਨਾ ਹੋਵੇ।

ਡਿਪਟੀ ਸਪੀਕਰ ਸਾਹਿਬ, ਜਦੋਂ ਇਨ੍ਹਾਂ ਦਾ (ਆਪੋਜ਼ੀਸ਼ਨ ਵਲ ਇਸ਼ਾਰਾ) ਰਾਜ ਸੀ ਉਦੋਂ ਦਾ 1976 ਵਿਚ ਐਕਟ ਪਾਸ ਹੋਇਆ ਹੈ ਪਰ ਇਨ੍ਹਾਂ ਨੇ ਕੀਤਾ ਕਰਾਇਆ ਕੁਝ ਨਹੀਂ। ਜਿਥੇ ਜਿਥੇ ਇਨ੍ਹਾਂ ਨੇ ਕੰਮ ਕੀਤਾ ਹੈ ਉਥੇ ਉਥੇ ਹੀ ਨੁਕਸਾਨ ਹੋਇਆ ਹੈ। ਸਾਡੀ ਸਰਕਾਰ ਨੇ ਇਹ ਵਾਇਦਾ ਕੀਤਾ ਸੀ ਕਿ ਜਿਥੇ ਜਿਥੇ ਐਮਰਜੈਂਸੀ ਵਿਚ ਜ਼ਿਆਦਤੀਆਂ ਹੋਈਆਂ ਹਨ, ਜੋ ਐਮਰਜੈਂਸੀ ਵਿਚ ਗਲਤ ਕੰਮ ਹੋਏ ਹਨ ਉਹ ਅਸੀਂ ਸੁਧਾਰਾਂਗੇ ਅਤੇ ਸੁਧਾਰ ਕੇ ਚੰਗੇ ਕੰਮ ਕਰਾਂਗੇ। ਸੋ ਸਾਡੀ ਸਰਕਾਰ ਨੇ ਇਹ ਬੜਾ ਚੰਗਾ ਕੰਮ ਕੀਤਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇਕ ਮਿਸਾਲ ਮੰਡੀ ਗੋਬਿੰਦਗੜ੍ਹ ਦੀ ਦੇਣੀ ਚਾਹੁੰਦਾ ਹਾਂ ਕਿ ਉਥੇ ਇਨ੍ਹਾਂ ਦੇ ਵੇਲੇ ਸੀਵਰੇਜ ਬਣਿਆ ਅਤੇ ਉਹ ਸਾਰੇ ਦਾ ਸਾਰਾ ਟੁੱਟ ਗਿਆ ਅਤੇ 1 ਲੱਖ ਰੁਪਏ ਤੋਂ ਵੱਧ ਨੁਕਸਾਨ ਹੋਇਆ। ਇਸ ਲਈ ਮੈਂ ਹੁਣ ਬੋਰਡ ਦੇ ਪ੍ਰਬੰਧਕਾਂ ਨੂੰ, ਇੰਜੀਨੀਅਰਜ਼ ਸਾਹਿਬਾਨ ਅਤੇ ਆਪਣੀ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਹੁਣ ਕੰਪਲੀਟ ਸਰਵੇ ਕਰਕੇ ਕੰਮ ਕੀਤਾ ਜਾਵੇ ਅਤੇ ਸੀਮਿੰਟ ਜਾਂ ਪਾਈਪ ਵਗੈਰਾ ਦਾ ਜੋ ਕੰਮ ਕਰਨਾ ਹੈ ਉਹ ਇਸ ਕਿਸਮ ਦਾ ਹੋਣਾ ਚਾਹੀਦਾ ਹੈ ਕਿ ਕਿਸੇ ਕਿਸਮ ਦੀ ਉਸ ਦੇ ਵਿਚ ਕੋਈ ਸ਼ਿਕਾਇਤ ਨਾ ਹੋਵੇ। (ਵਿਘਨ) ਤੁਸੀਂ ਡਿਪਟੀ ਸਪੀਕਰ ਸਾਹਿਬ, ਵੱਡੇ ਵੱਡੇ ਸ਼ਹਿਰਾਂ ਵਿਚ, ਜਿਵੇਂ, ਪਟਿਆਲਾ, ਜਲੰਧਰ, ਲੁਧਿਆਣਾ ਵਗੈਰਾ ਵਿਚ ਚਲੇ ਜਾਓ ਤਾਂ ਤੁਹਾਨੂੰ ਗੰਦਗੀ ਦੇ ਢੇਰ ਹੀ ਢੇਰ ਪਏ ਦਿਖਣਗੇ ਅਤੇ ਉਥੇ ਪਾਣੀ ਨਿਕਲਣ ਦਾ ਕੋਈ ਰਾਹ ਨਹੀਂ। ਮੌਜੂਦਾ ਸਰਕਾਰ ਨੇ

Original with;
Punjab Vidhan Sabha
Digitized by;
Panjab Digital Library

ਇਸ ਕੰਮ ਦੇ ਲਈ ਉਪਰਾਲਾ ਕੀਤਾ ਹੈ, ਚਾਹੇ ਕਿਥੋਂ ਵੀ ਪੈਸੇ ਲਿਆਂਦੇ ਹਨ ਪਰ ਇਹ ਕੰਮ ਚੰਗਾ ਕੀਤਾ ਹੈ। ਕਈ ਕਹਿੰਦੇ ਹਨ ਕਿ ਰੂਸ ਨਾਲ ਸਾਡੀ ਦੋਸਤੀ ਹੈ, ਰੂਸ ਤੋਂ ਪੈਸਾ ਕਿਉਂ ਨਹੀਂ ਲਿਆ, ਅਮਰੀਕਾ ਤੋਂ ਕਿਉਂ ਲਿਆ ਹੈ। ਅਮਰੀਕਾ ਦਾ ਪਤਾ ਨਹੀਂ ਇਨ੍ਹਾਂ ਨੂੰ ਕਿਉਂ ਫੋਬੀਆ ਹੋ ਗਿਆ ਹੈ। ਰੂਸ ਨਾਲ ਵੀ ਸਾਡੇ ਤੁਆਲੋਕਾਤ ਚੰਗੇ ਹਨ ਅਤੇ ਸਾਡੇ ਫਾਰੇਨ ਮਨਿਸਟਰ ਸਾਹਿਬ ਉਥੇ ਗਏ ਹਨ। ਅਸੀਂ ਹਰ ਮੁਲਕ ਨਾਲ ਆਪਣੇ ਤੁਆਲੋਕਾਤ ਚੰਗੇ ਬਣਾ ਰਹੇ ਹਾਂ। ਕੋਈ ਵੀ ਮੁਲਕ ਸਾਡੀ ਇਮਦਾਦ ਕਰੇ ਅਸੀਂ ਉਸ ਨੂੰ ਵੈਲਕਮ ਕਰਦੇ ਹਾਂ। (ਘੰਟੀ) (ਵਿਘਨ) ਪੇਂਡੂ ਸਕੀਮਾਂ ਲਈ ਵੀ ਪੈਸੇ ਆ ਰਹੇ ਹਨ। ਪਿੰਡਾਂ ਦਾ ਵੀ ਕੰਮ ਸੀਵਰੇਜ ਬੋਰਡ ਨੂੰ ਦੇਣਾ ਚਾਹੀਦਾ ਹੈ ਅਤੇ ਉਥੇ ਵੀ ਸਾਡੀ ਸਰਕਾਰ ਸੀਵਰੇਜ ਦਾ ਪ੍ਰਬੰਧ ਕਰੇਗੀ।

ਇਨ੍ਹਾਂ ਸ਼ਬਦਾਂ ਨਾਲ ਮੈਂ ਕਹਾਂਗਾ ਕਿ ਇਸ ਨੂੰ ਯੂਨੈਨੀਮਸਲੀ ਪਾਸ ਕੀਤਾ ਜਾਵੇ।

(ਇਸ ਵਕਤ ਮਾਨਯੋਗ ਮੈਂਬਰ ਸ੍ਰੀ ਰਮੇਸ਼ ਚੰਦਰ ਜੀ ਬੋਲਣ ਲਈ ਖੜੇ ਹੋਏ)

**Mr. Deputy Speaker** : No, I am sorry.

**ਸ੍ਰੀ ਰਮੇਸ਼ ਚੰਦਰ**: ਮੈਨੂੰ 2-4 ਮਿੰਟ ਬੋਲਣ ਦਿਓ। ਬੇਸ਼ੱਕ ਹਾਊਸ ਦਾ ਟਾਈਮ ਵਧਾ ਦਿਓ ਜੀ।

**ਸ੍ਰੀ ਡਿਪਟੀ ਸਪੀਕਰ**: ਇਹ ਟਾਈਮ ਨਹੀਂ ਵਧਾਇਆ ਜਾ ਸਕਦਾ। ਦੂਸਰੀ ਸਿਟਿੰਗ ਵੀ ਸ਼ੁਰੂ ਹੋਣ ਵਾਲੀ ਹੈ, ਇਸ ਕਰਕੇ ਇਹ ਟਾਈਮ ਨਹੀਂ ਵੱਧ ਸਕਦਾ। We should not waste the time of the House. (Interruption by the hon. Member Shri Romesh Chander).

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ**: ** ** **

**Mr. Deputy Speaker** : I have not allowed you. This is no point of order.

**ਵਿੱਤ ਮੰਤਰੀ** (ਸਰਦਾਰ ਬਲਵੰਤ ਸਿੰਘ): ਡਿਪਟੀ ਸਪੀਕਰ ਸਾਹਿਬ, ਇਹ ਇਕ ਬੜਾ ਸਿੰਪਲ ਜਿਹਾ ਅਮੈਂਡਿੰਗ ਬਿਲ ਹੈ ਜਿਸ ਦੀਆਂ ਕੁਝ ਕਲਾਜ਼ਾਂ ਹਨ ਔਰ ਉਸ ਦੇ ਵਿਚ ਇਕ ਇਥੇ ਟੈਕਨੀਕਲ ਮੈਂਬਰ ਦੀ ਪੋਸਟ ਅਬਾਲਿਸ਼ ਕੀਤੀ ਹੈ। ਟੈਕਨੀਕਲ ਮੈਂਬਰ ਦੇ ਬਾਰੇ ਮੇਰੇ ਮਿੱਤਰ ਜ਼ਿਕਰ ਕਰਨਾ ਚਾਹੁੰਦੇ ਸਨ। ਬੋਰਡ ਨੂੰ ਟੈਕਨੀਕਲ ਮੈਂਬਰ ਦੀ ਜ਼ਰੂਰਤ ਨਹੀਂ ਹੈ। ਇਨ੍ਹਾਂ ਕੋਲ ਅਗੇ ਹੀ ਇਕ ਚੀਫ਼ ਇੰਜੀ-ਨੀਅਰ ਦੇ ਰੈਂਕ ਦਾ ਇੰਜੀਨੀਅਰ ਹੈ ਅਤੇ ਇਸ ਤਰ੍ਹਾਂ ਇਕ ਚੀਫ਼ ਇੰਜੀਨੀਅਰ ਪਲੈਨਿੰਗ ਹੈ। ਇਸ ਲਈ ਟੈਕਨੀਕਲ ਮੈਂਬਰ ਵਾਧੂ ਸੀ। ਜਦੋਂ ਓਰਿਜੀਨਲ ਬਿਲ ਆਇਆ ਸੀ ਤਾਂ ਉਸ ਵਿਚ ਵੀ ਟੈਕ-ਨੀਕਲ ਮੈਂਬਰ ਦੀ ਕੋਈ ਜਗ੍ਹਾ ਨਹੀਂ ਸੀ। ਇਥੇ ਹੀ ਕਿਸੇ ਮੈਂਬਰ ਤੋਂ ਅਮੈਂਡਮੈਂਟ ਦਿਲਵਾ ਕੇ ਟੈਕਨੀਕਲ ਮੈਂਬਰ ਦੀ ਆਸਾਮੀ ਕਰੀਏਟ ਕੀਤੀ ਗਈ ਸੀ। ਮੈਂ ਬੜੀ ਸਟੱਡੀ ਕੀਤੀ ਹੈ। ਮਜਾਰਟੀ ਆਫ਼ ਸਟੇਟਸ ਵਿਚ ਟੈਕਨੀਕਲ ਮੈਂਬਰਜ਼ ਨਹੀਂ ਹਨ। ਇਸ ਦੇ ਅਗੇ ਇਕ ਕਲਾਜ਼ 8 ਹੈ ਜਿਸ ਦਾ ਜ਼ਿਕਰ ਡਾਂਗ ਸਾਹਿਬ ਨੇ, ਸਰਦਾਰ ਸਰੂਪ ਸਿੰਘ ਨੇ ਕੀਤਾ ਹੈ। ਇਥੇ ਵਰਲਡ ਬੈਂਕ ਦਾ ਜ਼ਿਕਰ ਆਇਆ, ਮੈਂ ਸਾਫ਼ ਕਰ ਦੇਣਾ ਚਾਹੁੰਦਾ ਹਾਂ ਕਿ ਕਿਸੇ ਵੀ ਫਾਈਨੈਂਸ਼ਲ ਇੰਸਟੀਚਿਊਸ਼ਨ ਦੇ ਦਬਾ ਥੱਲੇ ਆ ਕੇ ਕੋਈ ਚੀਜ਼ ਨਹੀਂ ਕੀਤੀ ਜਾ ਰਹੀ। ਵਰਲਡ ਬੈਂਕ ਕੋਈ ਅਮਰੀਕਾ ਦਾ ਨਹੀਂ। ਇਸ ਵਿਚ ਏਸ਼ੀਆ ਦੇ ਸਾਰੇ ਕੰਟਰੀਜ਼ ਮੈਂਬਰਜ਼ ਹਨ। ਸਿਰਫ਼ ਕਮਿਊਨਿਸਟ ਕੰਟਰੀਜ਼ ਇਸ ਦੇ ਮੈਂਬਰ ਨਹੀਂ, ਬਾਕੀ ਸਾਰਾ ਸੰਸਾਰ ਹੈ। ਪਿਛੇ ਹਰ ਸਾਲ ਸਾਡਾ ਦੇਸ਼ 800 ਕਰੋੜ ਰੁਪਏ ਦਾ ਕਰੈਡਿਟ ਲੈਂਦਾ ਰਿਹਾ ਹੈ ਪਰ ਪੰਜਾਬ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਸਰਕਾਰ ਨੇ ਕਦੇ ਫਾਇਦਾ ਨਹੀਂ ਸੀ ਉਠਾਇਆ। ਸਾਨੂੰ ਵੀ ਫਾਇਦਾ ਹੋਵੇ, ਪੰਜਾਬ ਵੱਧੇ, ਪੰਜਾਬ ਗੌਰਮੈਂਟ ਵਰਲਡ ਬੈਂਕ ਤੋਂ ਅਸਿਸਟੈਂਸ ਲੈ ਰਹੀ ਹੈ ਔਰ ਇਸ ਦਾ ਸੂਦ 1 ਪ੍ਰਤੀਸ਼ਤ ਹੈ ਔਰ 25 ਸਾਲਾਂ ਵਿਚ ਕਰਜ਼ਾ ਵਾਪਸ ਕਰਨਾ ਹੈ। ਮੈਂ ਕਹਿੰਦਾ ਹਾਂ ਕਿ ਸਿਰਫ਼ ਸਿਵਰੇਜ ਬੋਰਡ ਵਾਸਤੇ ਨਹੀਂ ਅਸੀਂ ਇਰੀਗੇਸ਼ਨ, ਫਲੱਡ ਕੰਟਰੋਲ, ਕੰਡੀ ਏਰੀਆ ਆਦਿ ਐਸੀਆਂ ਹੋਰ ਵੀ ਬਹੁਤ ਸਾਰੀਆਂ ਸਕੀਮਾਂ ਹਨ ਉਨ੍ਹਾਂ ਵਾਸਤੇ ਵੀ ਅਸੀਂ ਕਰੇਡਿਟ ਲੋਨ ਲੈਣੇ ਹਨ। ਮੈਂ ਦਸਦਾ ਹਾਂ ਕਿ ਇਸ ਵਿਚ ਇਕ ਸਟਿੰਗ ਆਫ਼ ਪਾਲੀਟਿਕਸ ਵੀ ਨਹੀਂ। ਵਰਲਡ ਬੈਂਕ ਤੋਂ ਇਲਾਵਾ ਅਸੀਂ ਐਲ. ਆਈ. ਸੀ. ਤੋਂ ਵੀ ਲੋਨ ਲੈਂਦੇ ਹਾਂ। 16.25 ਕਰੋੜ ਰੁਪਏ ਲੋਨ ਅਸੀਂ ਐਲ. ਆਈ. ਸੀ. ਕੋਲੋਂ ਲਿਆ ਹੈ। ਉਹ ਕਹਿਦੇ ਹਨ ਕਿ ਵਾਇਬਲ ਸਕੀਮ ਦਿਓ ਅਸੀਂ ਉਸ ਦੇ ਅਗੇਂਸਟ ਲੋਨ ਦਿਆਂਗੇ। ਗੌਰਮੈਂਟ ਗਾਰੰਟੀ ਦਿੰਦੀ ਹੈ। ਅਸੀਂ ਇਸ ਬਿਲ ਨੂੰ ਤਰਮੀਮਾਂ ਕਰਕੇ ਐਸਾ ਬਨਾਉਣਾ ਚਾਹੁੰਦੇ ਹਾਂ ਜਿਸ ਨਾਲ ਕਿ ਸਾਨੂੰ ਜ਼ਿਆਦਾ ਤੋਂ ਜ਼ਿਆਦਾ ਕਰੇਡਿਟ ਮਿਲ ਸਕੇ। ਇਸਦੇ ਨਾਲ ਪੰਜਾਬ ਖੂਬਸੂਰਤ ਬਣ ਜਾਏਗਾ ਅਤੇ ਇਸ ਦਾ ਮੂੰਹ ਮੱਥਾ ਨਿਕਲ ਆਵੇਗਾ। ਇਸ ਚੀਜ਼ ਨੂੰ ਮੁੱਖ ਰਖ ਕੇ ਇਹ ਛੋਟੀ ਜਿਹੀ ਅਮੈਂਡਮੈਂਟ ਬਿਲ ਵਿਚ ਲਿਆਂਦੀ ਗਈ ਹੈ।

ਫਿਰ ਅਗੇ ਜਾ ਕੇ ਇਕ ਕਲਾਜ਼ ਹੈ ਜਿਸ ਵਿਚ ਸਰਕਾਰ ਨੇ ਫੈਸਲਾ ਕਰਨਾ ਹੈ ਕਿ ਮਿਉਂਸਪਲ ਕਮੇਟੀ ਜਾਂ ਮਿਉਂਸਪਲ ਕਾਰਪੋਰੇਸ਼ਨ ਖੁਦ ਰੈਜ਼ੋਲਿਊਸ਼ਨ ਪਾਸ ਕਰਕੇ ਭੇਜੇ ਕਿ ਸੀਵਰੇਜ ਦਾ ਕੰਮ ਬੋਰਡ ਲੈ ਲਵੇ ਤਾਂ ਲਿਆ ਜਾਏ। ਦੂਸਰਾ ਇਹ ਹੈ ਕਿ ਬੋਰਡ ਔਰ ਕਮੇਟੀ ਦੀ ਸਲਾਹ ਨਾਲ ਇਹ ਕੰਮ ਹੋਵੇ। ਔਰ ਮੈਂ ਇਹ ਚਾਹੁੰਦਾ ਹਾਂ ਕਿ ਕਮੇਟੀ/ਕਾਰਪੋਰੇਸ਼ਨ ਦੀ ਸਲਾਹ ਤੋਂ ਬਿਨਾਂ ਬੋਰਡ ਨੂੰ ਸਿਵਰੇਜ ਦਾ ਕੰਮ ਹੱਥ ਵਿਚ ਨਹੀਂ ਲੈਣਾ ਚਾਹੀਦਾ। ਅਸੀਂ ਤਾਂ ਮਿਉਂਸਪਲ ਕਮੇਟੀਆਂ ਨੂੰ ਜ਼ਿਆਦਾ ਪਾਵਰਜ਼ ਦੇਣਾ ਚਾਹੁੰਦੇ ਹਾਂ। ਅਸੀਂ ਪਾਵਰਜ਼ ਡੀਸੈਂਟਰਾਲਾਈਜ਼ ਕਰਨਾ ਚਾਹੁੰਦੇ ਹਾਂ ਤਾਂ ਕਿ ਰੀਅੱਲ ਪਾਵਰ ਜੰਤਾ ਕੋਲ ਅਤੇ ਜੰਤਾਂ ਦੇ ਇੰਸਟੀਚਿਊਸ਼ਨ ਕੋਲ ਰਹੇ। ਅਸੀਂ ਰੂਲਜ਼ ਫਰੇਮ ਕਰ ਦਿਆਂਗੇ ਜਿਸ ਵਿਚ ਇਹ ਹੋਵੇਗਾ ਕਿ ਮਿਉਂਸਪਲ ਕਮੇਟੀ ਔਰ ਕਾਰਪੋਰਸ਼ਨ ਦੀ ਸਲਾਹ ਤੋਂ ਬਗੈਰ ਬੋਰਡ ਸਿਵਰੇਜ ਦਾ ਕੰਮ ਆਪਣੇ ਕੋਲ ਨਾ ਲਵੇ।

ਇਕ ਹੋਰ ਪੁਆਇੰਟ ਸੀ ਸਿਵਰੇਜ ਦੇ ਕੁਨੈਕਸ਼ਨਜ਼ ਬਾਰੇ। ਉਨ੍ਹਾਂ ਦੇ ਰੇਟਸ ਬਾਰੇ ਵੀ ਗਲ ਸੀ ਕਿ ਕੀ ਰੇਟਸ ਹੋਣੇ ਚਾਹੀਦੇ ਹਨ। ਮੈਂ ਇਸ ਗਲ ਨਾਲ ਇਤਫਾਕ ਕਰਦਾ ਹਾਂ ਜੋ ਇਜ਼ਹਾਰੇ ਰਾਏ ਸਰਦਾਰ ਕਿਰਪਾਲ ਸਿੰਘ ਨੇ, ਖੰਨਾ ਸਾਹਿਬ ਨੇ, ਡਾਂਗ ਸਾਹਿਬ ਨੇਂ ਅਤੇ ਹੋਰ ਸਾਥੀਆਂ ਨੇ ਡਿਸਕਸ਼ਨ ਦੇ ਦੌਰਾਨ ਕੀਤੀ। ਅਸੀਂ ਆਪਣੇ ਐਮ. ਐਲ. ਏਜ਼. ਦੀ ਸੈਪਰੇਟ ਮੀਟਿੰਗ ਵੀ ਇਸ ਬਾਰੇ ਕੀਤੀ ਹੈ ਇਹ ਬਿਲ ਲਿਆਉਣ ਤੋਂ ਪਹਿਲਾਂ ਮੈਂ ਕਹਿੰਦਾ ਹਾਂ ਕਿ ਰੇਟਸ ਉਹ ਹੋਣੇ ਚਾਹੀਦੇ ਹਨ ਜਿਹੜੇ ਕਿ ਗਰੀਬ ਆਦਮੀ ਤੇ ਬੋਝ ਨਾ ਪਵੇ। ਅਸੀਂ ਫੈਸਲਾ ਕੀਤਾ ਹੈ ਕਿ ਜਿਹੜੇ ਰੇਟਸ ਹੋਣਗੇ ਉਹ ਗਰੇਡਿਡ ਹੋਣ। ਇਹ ਗਰੇਡ 68 ਕਰੋੜ ਰੁਪਏ ਦੀ ਯੋਜਨਾ ਤਿਆਰ ਹੋਣ ਤੋਂ ਬਾਅਦ ਹੋਣਗੇ। ਗਰੇਡਿਡ ਰੇਟਸ ਬਣਾ ਦਿਆਂਗੇ। ਗਰੀਬ ਨੂੰ ਘਟ ਦੇਣਾ ਪਵੇ ਔਰ ਜਿਹੜਾ ਅਮੀਰ ਹੈ ਜਿਸ ਦੇ ਹਰ ਕਮਰੇ ਨਾਲ ਬਾਥ ਰੂਮ ਹੈ ਉਸ ਤੋਂ ਉਸ ਨਾਲੋਂ ਵੱਧ ਅਤੇ ਜਿਹੜੇ ਵੱਡੇ ਵੱਡੇ ਹੋਟਲ ਹਨ ਜਿਨ੍ਹਾਂ ਵਿਚ 40/50 ਬਾਥਰੂਮ ਹਨ ਉਨ੍ਹਾਂ ਤੋਂ ਵੱਧ ਤੋਂ ਵੱਧ ਰੇਟਸ ਲਏ ਜਾਣਗੇ। ਮੈਂ ਸਦਨ ਵਿਚ ਅਨਾਊਂਸ ਕਰਨਾ ਚਾਹੁੰਦਾ ਹਾਂ ਕਿ ਜਿਸ ਦਾ ਇਕ ਕੁਨੈਕਸ਼ਨ ਹੋਵੇ ਉਸ ਦਾ ਰੇਟ ਘੱਟ, ਜਿਸ ਦੇ ਦੋ ਜਾਂ ਤਿੰਨ ਹੋਣ ਜਾਂ ਫਿਰ ਚਾਰ ਹੋਣ ਉਨ੍ਹਾਂ ਦੇ ਉਸ ਤਰ੍ਹਾਂ ਵੱਧ ਰੇਟਸ ਹੋਣਗੇ ਜਿਸ ਤਰ੍ਹਾਂ ਕਿ ਇਨਕਮ ਟੈਕਸ ਦਾ ਸਲੈਬ ਸਿਸਟਮ ਹੈ ਉਸ ਤਰ੍ਹਾਂ ਇਥੇ ਕਰ ਦਿਤਾ ਜਾਏਗਾ। ਜਿਨ੍ਹਾਂ ਨੇ ਵੱਡੀਆਂ ਕੋਠੀਆਂ ਪਾਈਆਂ ਹੋਈਆਂ ਹਨ, ਮੋਤੀ ਮਹਿਲ ਬਣਾਏ ਹੋਏ ਹਨ ਕੰਪੈਰੇਟਿਵਲੀ ਉਸ ਦੇ ਰੇਟਸ ਵੱਧ ਜਾਣੇ ਹਨ। ਉਸ ਦੀ ਪੇਇੰਗ ਕਪੈਸਿਟੀ ਹੈ।

Original with;
Punjab Vidhan Sabha
Digitized by;
Panjab Digital Library

ਅਗਰ ਕੋਈ ਐਸੀ ਚੀਜ਼ ਹੋਈ ਤਾਂ ਉਸ ਬਾਰੇ ਅਗਲੇ ਸੈਸ਼ਨ ਵਿਚ ਆਪਸ ਵਿਚ ਬੈਠ ਕੇ ਸਲਾਹ ਕਰ ਲਵਾਂਗੇ। ਇਸੇ ਤਰ੍ਹਾਂ ਵਾਟਰ ਰੇਟਸ ਬਾਰੇ ਹੈ। ਇਕ ਹਜ਼ਾਰ ਜਾਂ 10 ਹਜ਼ਾਰ ਦੀ ਲਿਮਿਟ ਮੁਕੱਰਰ ਕਰ ਦਿਆਂਗੇ ਉਸ ਤੋਂ ਉਪਰ ਜੇ ਕੋਈ ਇਸਤੇਮਾਲ ਕਰੇਗਾ ਤਾਂ ਉਸ ਤੇ ਹੋਰ ਜ਼ਿਆਦਾ ਚਾਰਜਿਜ਼ ਲਗਾ ਦਿਆਂਗੇ । ਇਸ ਨਾਲ ਕੋਈ ਵਾਟਰ ਨੂੰ ਜ਼ਾਇਆ ਨਹੀਂ ਕਰ ਸਕਦਾ।

ਡਿਪਟੀ ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅਸੀਂ ਇਕ ਹੋਰ ਚੀਜ਼ ਰੱਖੀ ਹੈ ਜਿਸ ਬਾਰੇ ਮੈਂਬਰ ਸਾਹਿਬਾਨ ਨੂੰ ਪਤਾ ਨਹੀਂ। ਇਹ ਜਿਹੜੀ 68 ਕਰੋੜ ਰੁਪਏ ਦੀ ਸਕੀਮ ਹੈ ਇਸ ਵਿਚੋਂ 8 ਕਰੋੜ ਰੁਪਏ ਅਸੀਂ ਗਰੀਬਾਂ ਨੂੰ ਕੁਨੈਕਸ਼ਨਜ਼ ਸਬਸੀਡਾਈਜ਼ ਕਰਨ ਵਾਸਤੇ ਰਖੇ ਹਨ। ਔਰ ਇਹ ਚੀਜ਼ ਅਸੀਂ ਇਸ ਹਦ ਤਕ ਕਰ ਦਿਆਂਗੇ ਕਿ ਜਿਹੜੇ ਬਹੁਤ ਗਰੀਬ ਹਨ ਉਨ੍ਹਾਂ ਨੂੰ ਮੁਫਤ ਦੇ ਦਿਆਂਗੇ। ਇਹ ਪਹਿਲੀ ਦਫ਼ਾ ਹੀ ਹੈ ਕਿ ਇਹ ਚੀਜ਼ ਹੋ ਰਹੀ ਹੈ ਕਿ free connections for poor people । ਕੋਈ ਗਰੀਬ ਹੋਵੇ, ਡਾਊਨ ਟਰਾਡਨ ਹੋਣ, ਅਸੀਂ ਰੀਅਲ ਸੋਸ਼ਲਿਸਟ ਹਾਂ ਔਰ ਸਾਡੀਆਂ ਪਾਲਿਸੀਆਂ ਸੋਸ਼ਲਿਸਟਿਕ ਹਨ, ਰੈਡੀਕਲ ਹਨ, ਉਨ੍ਹਾਂ ਲਾਈਨਾਂ ਤੇ ਕੰਮ ਕਰਾਂਗੇ। ਇਨ੍ਹਾਂ ਲਾਈਨਾਂ ਤੇ ਹੀ ਸਾਡਾ ਸੀਵਰੇਜ ਬੋਰਡ ਅਤੇ ਸਾਡੀਆਂ ਮਿਉਂਸਪਲ ਕਮੇਟੀਜ਼ ਕੰਮ ਕਰਨਗੀਆਂ। ਮੈਂ ਸਮਝਦਾ ਹਾਂ ਕਿ ਇਸ ਬਿਲ ਦੇ ਪਾਸ ਹੋਣ ਨਾਲ ਸਾਡੀਆਂ ਪਾਲੀਸੀਆਂ ਦੀ ਇੰਪਲੀਮੈਂਟੇਸ਼ਨ ਹੋ ਸਕਦੀ ਹੈ। ਇਸ ਲਈ ਇਸ ਬਿਲ ਨੂੰ ਪਾਸ ਕਰ ਦੇਣਾ ਚਾਹੀਦਾ ਹੈ।

**ਸ੍ਰੀ ਰਮੇਸ਼ ਚੰਦਰ** : ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਜਿਵੇਂ ਕਿ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਕਿਸੇ ਮਿਉਂਸਪਲ ਕਮੇਟੀ ਨੂੰ ਟੇਕ ਓਵਰ ਨਹੀਂ ਕਰਾਂਗੇ ਵਿਦਾਊਟ ਕਨਸਲਟੇਸ਼ਨ । ਇਸ ਦਾ ਮਤਲਬ ਕੀ ਹੈ ਵਿਦ ਦੀ ਐਗਰੀਮੈਂਟ ਆਫ਼ ਦੀ ਮਿਉਂਸਪਲ ਕਮੇਟੀ ਜਾਂ ਇਹ ਹੈ ਕਿ ਤੁਸੀਂ ਨੋਟੀਫਾਈ ਕਰ ਦਿਓਗੇ ਜਾਂ ਜੇ ਕਮੇਟੀ ਦੀ ਉਪੀਨੀਅੱਨ ਰਹੇਗੀ ਤਾਂ ਕਰੋਗੇ। ਮੈਂ ਕਹਿੰਦਾ ਹਾਂ ਕਿ ਵਿਦਾਊਟ ਦੀ ਕੰਨਸੈਂਟ ਆਫ਼ ਦੀ ਕਮੇਟੀ ਟੇਕ ਓਵਰ ਨਹੀਂ ਕਰਨਾ ਚਾਹੀਦਾ ਅੱਨਲੈਸ ਦੀ ਮਿਉਂਸਪਲ ਕਮੇਟੀ ਫੇਲਜ਼ ਟੂ ਐਗਜ਼ੀਕਿਊਟ ਦੀ ਸਕੀਮ। ਤੁਸੀਂ ਅਸ਼ਿਓਰੈਂਸ ਦਿਓ ਕਿ ਜਿਥੇ ਸਸਪੈਂਡਿਡ ਕਮੇਟੀਜ਼/ਕਾਰਪੋਰੇਸ਼ਨਜ਼ ਹਨ ਉਥੇ ਕਿਸ ਦੇ ਨਾਲ ਕੰਸਲ-ਟੇਸ਼ਨ ਕਰੋਗੇ ਕਿਉਂਕਿ ਜਿਹੜੇ ਅਫ਼ਸਰ ਹਨ ਉਹ ਗੌਰਮਿੰਟ ਦੇ ਅਪੁਆਇੰਟਿਡ ਹਨ। ਅਗਰ ਅਫ਼ਸਰ ਠੀਕ ਕੰਮ ਨਾ ਕਰੇ ਉਸ ਨੂੰ ਬਦਲ ਦਿਓ ਉਹ ਹੋਰ ਗਲ ਹੈ। ਜਿਥੋਂ ਤਕ ਉਸ ਦੇ ਨਾਲ ਕੰਸਲਟੇਸ਼ਨ ਦਾ ਸੁਆਲ ਹੈ ਉਹ ਤੇ ਜੋ ਸਰਕਾਰ ਚਾਹੇਗੀ ਕਰੇਗੀ। ਇਸ ਬਾਰੇ ਵਜ਼ਾਹਤ ਕਰ ਦਿਓ।

**ਚੌਧਰੀ ਬਲਰਾਮ ਜਾਖੜ** : ਸਪੀਕਰ ਸਾਹਿਬ, ਇਕ ਬਹੁਤ ਜ਼ਰੂਰੀ ਬਾਤ ਇਹ ਪੁੱਛਣਾ ਚਾਹੁੰਦਾ ਹਾਂ ਕਿ ਮਨਿਸਟਰ ਸਾਹਿਬ ਦੱਸਣ ਕਿ ਜਿਹੜੀ ਇਹ ਚੇਂਜ ਕਰ ਰਹੇ ਹਨ ਮੈਨੇਜਿੰਗ ਡਾਇਰੈਕਟਰ ਦੀ ਇਹ ਪੁਲੀਟੀਕਲ ਕੁਰੱਪਸ਼ਨ ਦਾ ਘਰ ਤਾਂ ਨਹੀਂ ਬਣੇਗੀ। ਇਹ ਐਸ਼ੋਅਰ ਕਰਾਉਣ ਹਾਊਸ ਨੂੰ ਕਿ ਉਹ ਆਦਮੀ ਜਿਸ ਨੇ ਵਿਰਧੀ ਦੇ ਵਿਰੁੱਧ ਸ਼ਹਾਦਤ ਦਿਤੀ ਸੀ ਉਸ ਦੇ ਵਾਸਤੇ ਤਾਂ ਨਹੀਂ ਹੋ ਰਹੀ। ਸੈਕੰਡਲੀ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਚੇਅਰਮੈਨ ਬਣਾਉਣੇ ਹਨ ਅਤੇ ਇਨ੍ਹਾਂ ਨੇ ਟੈਕਨੀਕਲ ਮੈਂਬਰ ਹਟਾ ਦਿਤਾ ਹੈ, ਜਦੋਂ ਕਿ ਇਹ ਸਾਰਾ ਕੰਮਕਾਰ ਟੈਕਨੀਕਲ ਹੈ। ਇਹ ਟੈਕਨੀਕਲ ਮੈਂਬਰ ਤੋਂ ਬਿਨਾਂ ਕਿਸ ਤਰ੍ਹਾਂ ਕੰਮ ਚਲਾਉਣਗੇ?

**ਸਰਦਾਰ ਕਿਰਪਾਲ ਸਿੰਘ** : ਡਿਪਟੀ ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਵਾਟਰ ਰੇਟ ਕਰੰਟ ਈਯਰ ਵਾਲੇ ਘਟਾਏ ਜ਼ਾਣਗੇ ਜਾਂ ਨਹੀਂ। ਦੂਸਰਾ ਸਵਾਲ ਇਹ ਹੈ ਕਿ ਕੀ ਇੱਕ ਕੁਨੈਕਸ਼ਨ ਦਾ ਰੇਟ 2 ਰੁਪਏ ਤੋਂ ਵੱਧ ਨਹੀਂ ਹੋਵੇਗਾ, ਇਸ ਦੀ ਐਸ਼ੋਰੈਂਸ ਦੇਣਗੇ ?

Original with;
Punjab Vidhan Sabha
Digitized by;
Panjab Digital Library

**ਵਿੱਤ ਮੰਤਰੀ :** ਸਰ, ਚੌਧਰੀ ਬਲਰਾਮ ਦਾ ਸੁਆਲ ਸੀ ਟੈਕਨੀਕਲ ਮੈਂਬਰ ਬਾਰੇ। ਇਹ ਜ਼ਰੂਰੀ ਨਹੀਂ ਹੈ। ਚੇਅਰਮੈਨ ਦਾ ਟੈਕਨੀਕਲ ਸਾਈਡ ਤੋਂ ਹੋਣਾ ਜ਼ਰੂਰੀ ਨਹੀਂ। ਮੈਨੇਜਿੰਗ ਡਾਇਰੈਕਟਰ ਟੈਕਨੀਕਲ ਹੋਵੇਗਾ। ਆਲਰੈਡੀ ਜਿਹੜਾ ਮੈਨੇਜਿੰਗ ਡਾਇਰੈਕਟਰ ਹੈ, ਉਹ ਟੈਕਨੀਕਲ ਹੈ। ਰਮੇਸ਼ ਜੀ ਨੇ ਸੁਪਰਸੀਡਿਡ ਮਿਉਂਸੀਪਲ ਕਮੇਟੀਆਂ ਬਾਰੇ ਕਿਹਾ ਸੀ। ਨਹੀਂ ਮੈਂ ਪਹਿਲਾਂ ਕਹਿ ਚੁੱਕਾ ਹਾਂ ਕਿ ਇਲੈਕਟਿਡ ਕਮੇਟੀਜ਼ ਨਾਲ ਸਲਾਹ ਮਸ਼ਵਰਾ ਕਰਕੇ ਫਿਰ ਫੈਸਲਾ ਕਰਾਂਗੇ। ਕਨਸੈਨਸਜ਼ ਦਾ ਮਤਲਬ ਹੈ ਕਿ ਉਨ੍ਹਾਂ ਦੀ ਰਾਏ ਬਗੈਰ ਨਹੀਂ ਕੀਤਾ ਜਾਵੇਗਾ। ਸਰਦਾਰ ਕਿਰਪਾਲ ਸਿੰਘ ਨੇ ਕਿਹਾ ਹੈ ਕਿ ਇੱਕ ਕੁਨੈਕਸ਼ਨ ਦਾ ਰੇਟ ਦੋ ਰੁਪਏ ਤੋਂ ਵੱਧ ਨਾ ਹੋਵੇ। ਅਸੀਂ ਇਨਫਰਮੇਸ਼ਨ ਕੁਲੈਕਟ ਕਰ ਰਹੇ ਹਾਂ। ਮੇਰੀ ਆਪਣੀ ਰਾਏ ਹੈ ਕਿ ਇਹ 2 ਰੁਪਏ ਤੋਂ ਵੱਧ ਨਹੀਂ ਹੋਣਾ ਚਾਹੀਦਾ। ਜੇ ਕੋਈ ਥੋੜ੍ਹਾ ਬਹੁਤ ਫਰਕ ਹੋਵੇਗਾ ਤਾਂ ਉਹ ਵੇਖ ਲਵਾਂਗੇ। ਸਾਡੀਆਂ ਸਕੀਮਾਂ ਵਾਇਬਲ ਹਨ। ਅਸੀਂ ਚਾਹੁੰਦੇ ਹਾਂ ਕਿ ਇਨ੍ਹਾਂ ਦਾ ਖਰਚਾ ਵਿਚੋਂ ਹੀ ਨਿਕਲ ਆਵੇ। ਜੇ ਥੋੜਾ ਬਹੁਤ ਫਰਕ ਹੋਇਆ ਵੀ ਤਾਂ ਵੇਖ ਲਵਾਂਗੇ ਅਤੇ ਕੋਸ਼ਿਸ਼ ਕਰਾਂਗੇ ਕਿ ਇਹ ਰੇਟ ਦੋ ਰੁਪਏ ਪਰ ਕੁਨੈਕਸ਼ਨ ਤੋਂ ਵੱਧ ਨਾ ਹੋਵੇ।

**Mr. Deputy Speaker :** Question is—

That the Punjab Water Supply and Sewerage Board (Amendment) Bill be taken into consideration at once.

*The motion was carried.*

**Mr. Deputy Speaker :** Now the House will consider the Bill Clause by Clause.

If the House agrees, all the Clauses may be put to the vote of the House together.

(*Voices : Yes, yes*).

**Sub-clause (2) of Clause 1, Clauses 2, 3, 4, 5, 6, 7, 8, 9, 10, 11, 12, 13, 14 and Sub-Clause (1) of Clause 1.**

**Mr. Deputy Speaker :** Question is—

That Sub-Clause (2) of Clause 1, Clauses, 2, 3, 4, 5, 6, 7, 8, 9, 10, 11, 12, 13, 14 and Sub-Clause (1) of Clause 1 stand part of the Bill.

*The motion was carried.*

**TITLE**

**Mr. Deputy Speaker :** Question is—

That Title be the Title of the Bill,

*The motion was carried.*

**Finance Minister (Sardar Balwant Singh) :** Sir, I beg to move—

That the Punjab Water Supply and Sewerage Board (Amendment) Bill be passed.

**Mr. Deputy Speaker :** Motion moved—

That the Punjab Water Supply and Sewerage Board (Amendment) Bill be passed.

Original with;
Punjab Vidhan Sabha
Digitized by;
Panjab Digital Library

**Mr. Deputy Speaker**: Question is—

That the Punjab Water Supply and Sewerage Board (Amendment) Bill be passed.

*The motion was carried.*

## RESOLUTION UNDER ARTICLE 213(2)(a) OF THE CONSTITUTION OF INDIA DISAPPROVING THE PUNJAB MUNICIPAL (AMENDMENT) ORDINANCE, 1978 (PUNJAB ORDINANCE No. 6 OF 1978) AND THE PUNJAB MUNICIPAL (AMENDMENT) BILL, 1978

**Mr. Deputy Speaker**: Comrade Satya Pal Dang, Sardar Umrao Singh, Chaudhri Bal Ram Jakhar and Doctor Kewal Krishan have given notices of resolutions disapproving the Punjab Municipal (Amendment) Ordinance, 1978 (Punjab Ordinance No. 6 of 1978).

If the House agrees, the Resolutions disapproving the Ordinance and the consideration motion of the Punjab Municipal (Amendment) Bill, 1978 be discussed together and voted upon separately.

(*Voices*: *Yes, yes.*)

**Doctor Kewal Krishan**: Sir, I beg to move—

That this House disapproves the Punjab Municipal (Amendment) Ordinance, 1978 (Punjab Ordinance No. 6 of 1978).

**Mr. Deputy Speaker**: Motion moved—

That this House disapporves the Punjab Municipal (Amendment) Ordinance, 1978 (Punjab Ordinance No. 6 of 1978).

**Finance Minister (Sardar Balwant Singh)**: Sir, I beg to introduce the Punjab Municipal (Amendment) Bill.

Sir, I also beg to move—

That the Punjab Municipal (Amendment) Bill be taken into consideration at once.

**Mr. Deputy Speaker**: Motion moved—

That the Punjab Municipal (Amendment) Bill be taken into consideration at once.

ਡਾਕਟਰ ਕੇਵਲ ਕ੍ਰਿਸ਼ਨ ਜੀ, ਤੁਸੀਂ ਸਮੇਂ ਦਾ ਖਿਆਲ ਰਖਣਾ। ਪੰਜ ਮਿੰਟਾਂ ਵਿਚ ਹੀ ਆਪਣੀ ਸਪੀਚ ਖਤਮ ਕਰ ਦੇਣਾ।

**ਡਾਕਟਰ ਕੇਵਲ ਕ੍ਰਿਸ਼ਨ** (ਮੁਕੇਰੀਆਂ): ਡਿਪਟੀ ਸਪੀਕਰ ਸਾਹਿਬ, ਜਿਤਨਾ ਟਾਈਮ ਜ਼ਰੂਰੀ ਹੋਇਆ ਉਹ ਹੀ ਲਵਾਂਗਾ ਔਰ ਸਿਰਫ ਰੇਲੇਵੇਂਟ ਗਲ ਹੀ ਕਰਾਂਗਾ। ਡਿਪਟੀ ਸਪੀਕਰ ਸਾਹਿਬ, ਬਿਲ ਬੜਾ ਛੋਟਾ ਹੈ। ਪਰ ਇਸਦਾ ਮਨਸ਼ਾ ਬਹੁਤ ਵੱਡਾ ਹੈ। ਇਹ ਪੁਲੀਟੀਕਲੀ ਮੋਟੀਵੇਟਿਡ ਹੈ, ਇਸਦਾ ਸਿਆਸੀ ਮਨਸ਼ਾ ਹੈ। ਡਿਪਟੀ ਸਪੀਕਰ ਸਾਹਿਬ, ਇਸਦੇ ਵਿੱਚ 31 ਦਸੰਬਰ, 1978 ਤਕ

Original with;
Punjab Vidhan Sabha
Digitized by;
Panjab Digital Library

[ਡਾਕਟਰ ਕੇਵਲ ਕ੍ਰਿਸ਼ਨ]

ਦਾ ਟਾਈਮ ਮੰਗਿਆ ਗਿਆ ਹੈ। ਉਦੋਂ ਤੱਕ ਮਿਉਂਸਪਲ ਕਮੇਟੀਆਂ ਦੀਆਂ ਇਲੈਕਸ਼ਨਾਂ ਇਹ ਕਹਿੰਦੇ ਹਨ ਕਰਵਾ ਦਿਆਂਗੇ। ਗਲ ਸਾਧਾਰਣ ਜਿਹੀ ਹੈ। ਸਾਡੀ ਅਕਾਲੀ ਜੰਤਾ ਪਾਰਟੀ ਦੀ ਸਰਕਾਰ ਬੜੇ ਬੁਲੰਦ ਵਾਅਦੇ ਕਰਦੀ ਸੀ ਕਿ ਅਸੀਂ ਡੈਮੋਕਰੇਸੀ ਨੂੰ ਬਹਾਲ ਕਰ ਰਹੇ ਹਾਂ ਅਤੇ ਲੋਕਾਂ ਦੇ ਹਿੱਤਾਂ ਵਾਸਤੇ ਅਤੇ ਲੋਕਾਂ ਦੀ ਮਰਜ਼ੀ ਮੁਤਾਬਿਕ ਹੀ ਸਭ ਕੁਝ ਹੋਵੇਗਾ। ਮੈਨੂੰ ਅਫਸੋਸ ਨਾਲ ਇਹ ਗਲ ਕਹਿਣੀ ਪੈਂਦੀ ਹੈ ਕਿ ਤਾਕਤ ਸੰਭਾਲਣ ਤੋਂ ਬਾਅਦ ਸਭ ਤੋਂ ਪਹਿਲਾਂ ਜਿਹੜਾ ਕੰਮ ਇਨ੍ਹਾਂ ਨੇ ਕੀਤਾ ਉਹ ਸੀ ਮਿਉਂਸਪਲ ਕਮੇਟੀਆਂ ਨੂੰ ਖਤਮ ਕਰ ਦਿੱਤਾ। ਚਾਹੀਦਾ ਤਾਂ ਇਹ ਸੀ ਕਿ ਇਹ ਉਨ੍ਹਾਂ ਦਾ ਟਾਈਮ ਆਰਡੀਨੈਂਸ ਰਾਹੀਂ ਵਧਾ ਦਿੰਦੇ ਤਾਂ ਕਿ ਇਲੈਕਟਿਡ ਕਮੇਟੀਆਂ ਕੁਝ ਹੋਰ ਵਕਤ ਚਲ ਜਾਂਦੀਆਂ। ਪਰ ਇਨ੍ਹਾਂ ਨੇ ਇੱਕੋ ਕੁਲਹਾੜਾ ਚਲਾਇਆ ਅਤੇ ਸਾਰੀਆਂ ਦੀਆਂ ਸਾਰੀਆਂ ਮਿਉਂਸਪਲ ਕਮੇਟੀਆਂ ਖਤਮ ਕਰ ਦਿਤੀਆਂ। ਜਦੋਂ ਜੰਤਾ ਪਾਰਟੀ ਦੀ ਸਰਕਾਰ ਸੈਂਟਰ ਵਿਚ ਬਣੀ ਸੀ ਤਾਂ ਉਨ੍ਹਾਂ ਨੇ 9 ਅਸੰਬਲੀਆਂ ਇੱਕੋ ਦਮ ਖਤਮ ਕਰ ਦਿੱਤੀਆਂ ਬਿਲਕੁਲ ਉਸੇ ਢੰਗ ਨਾਲ ਪੰਜਾਬ ਦੀਆਂ ਸਾਰੀਆਂ ਮਿਉਂਸਪਲ ਕਮੇਟੀਆਂ ਇਨ੍ਹਾਂ ਨੇ ਖਤਮ ਕਰ ਦਿੱਤੀਆਂ ਅਤੇ ਇਹ ਐਡਮਨਿਸਟਰੇਟਰਾਂ ਦੇ ਜ਼ੁੰਮੇ ਸੌਂਪ ਦਿੱਤੀਆਂ ਗਈਆਂ। ਉਨ੍ਹਾਂ ਦੇ ਨਾਲ ਹੀ ਈ. ਓਜ਼. ਦਾ ਵੀ ਸਫਾਇਆ ਕਰ ਦਿਤਾ। ਜੇ ਉਨ੍ਹਾਂ ਦੀ ਜਗ੍ਹਾ ਹੋਰ ਆਦਮੀ ਲਗਾ ਦਿੰਦੇ ਤਾਂ ਵੀ ਸਾਨੂੰ ਅਫਸੋਸ ਨਾ ਹੁੰਦਾ। ਪਰ ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਾਲ ਭਰ ਉਨ੍ਹਾਂ ਮਿਉਂਸਪਲ ਕਮੇਟੀਆਂ ਵਿੱਚ ਈ. ਓਜ਼. ਅਪੁਆਇੰਟ ਹੀ ਨਹੀਂ ਕੀਤੇ ਗਏ। ਪਿਛਲੇ ਮਹੀਨੇ ਹੁਣ ਇਨ੍ਹਾਂ ਨੇ ਆਕੇ ਅਪੁਆਇੰਟ ਕੀਤੇ ਹਨ। ਇੱਕ ਇੱਕ ਐਡਮਨਿਸਟਰੇਟਰ ਕੋਲ, ਇੱਕ ਇੱਕ ਈ. ਓ. ਕੋਲ ਚਾਰ, ਚਾਰ, ਪੰਜ, ਪੰਜ ਮਿਉਂਸਪਲ ਕਮੇਟੀਆਂ ਰਹੀਆਂ। ਤੁਸੀਂ ਆਪ ਅੰਦਾਜ਼ਾ ਲਗਾਓ, ਜਿਨ੍ਹਾਂ ਮਿਉਂਸਪਲ ਕਮੇਟੀਆਂ ਵਿੱਚ ਪੰਜਾਬ ਦੀ ਆਬਾਦੀ ਦਾ ਪੰਜਵਾਂ ਹਿੱਸਾ ਹੋਵੇ, ਲੱਗ ਭੱਗ 30 ਲੱਖ ਲੋਕ ਰਹਿੰਦੇ ਹੋਣ, ਉਨ੍ਹਾਂ ਦੇ ਚੁਣੇ ਹੋਏ ਨੁਮਾਇੰਦੇ ਖਤਮ ਕਰ ਦੇਣ ਨਾਲ ਇਨ੍ਹਾਂ ਸ਼ਹਿਰਾਂ ਵਿਚ ਸਫਾਈ, ਰੋਸ਼ਨੀ ਅਤੇ ਹੋਰ ਪ੍ਰਬੰਧ ਦੇਖਣ ਵਾਲਾ ਕੌਣ ਹੈ। ਇਸ ਸੈਟ-ਅੱਪ ਨੂੰ ਡੈਮੋਕਰੈਟਿਕ ਸੈਟ-ਅੱਪ ਨਹੀਂ ਕਿਹਾ ਜਾ ਸਕਦਾ। ਲੋਕ ਆਪਣੀ ਮਰਜ਼ੀ ਨਾਲ ਚੁਣ ਕੇ ਲੋਕ ਨਾ ਭੇਜ ਸਕਣ, ਇਸ ਤਰੀਕੇ ਨਾਲ ਲੋਕਾਂ ਦੇ ਫੰਡਾਮੈਂਟਲ ਰਾਈਟਸ ਤੋਂ ਉਨ੍ਹਾਂ ਨੂੰ ਡਿਪਰਾਈਵ ਕੀਤਾ ਗਿਆ ਹੈ। ਇਥੇ ਐਮਰਜੈਂਸੀ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ। ਮੈਂ ਸਮਝਦਾ ਹਾਂ ਕਿ ਪੰਜਾਬ ਦੇ ਇਤਿਹਾਸ ਵਿਚ ਅੱਜ ਤੋਂ ਪਹਿਲਾਂ ਕਦੇ ਇਸ ਤਰ੍ਹਾਂ ਦਾ ਵਾਕਿਆ ਨਹੀਂ ਹੋਇਆ ਕਿ ਇਤਨੀ ਦੇਰ ਮਿਉਂਸਪਲ ਕਮੇਟੀਆਂ ਸੱਸਪੈਂਡ ਜਾਂ ਸੁਪਰਸੀਡਡ ਰਹੀਆਂ ਹੋਣ। ਤੁਸੀਂ ਮਿਉਂਸਪਲ ਕਮੇਟੀਆਂ ਦੀ ਪਿਛਲੀ ਹਿਸਟਰੀ ਕੱਢ ਕੇ ਵੇਖ ਲਓ ਥੋੜਾ ਟਾਈਮ ਤਾਂ ਹੋ ਸਕਦਾ ਹੈ ਉਹ ਸਸਪੈਂਡਿਡ ਰਹੀਆਂ ਹੋਣ ਪਰ ਇਕ ਸਾਲ ਤੋਂ ਲਗਾਤਾਰ ਸਾਰੀਆਂ ਦੀਆਂ ਸਾਰੀਆਂ ਕਮੇਟੀਆਂ ਖਤਮ ਰਹਿਣ, ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਕਦੇ ਨਹੀਂ ਹੋਇਆ।

ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਵਿਚ ਮਿਉਂਸਪੈਲਿਟੀਆਂ ਦੀ ਕੁਲ ਗਿਣਤੀ ਕੋਈ 95 ਦੇ ਕਰੀਬ ਹੈ ਔਰ 85 ਮਿਉਂਸਪੈਲਿਟੀਆਂ ਦੇ ਇਲੈਕਸ਼ਨ ਹੋਣ ਵਾਲੇ ਹਨ। ਸੰਨ 1975 ਵਿਚ ਦਸ ਮਿਉਂਸਪੈਲਿਟੀਆਂ ਦੇ ਇਲੈਕਸ਼ਨ ਹੋਏ ਸਨ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸੰਨ 1967 ਤੋਂ ਲੈ ਕੇ ਸੰਨ 1972 ਦਾ ਜੋ ਸਮਾਂ ਸੀ ਉਸਦੇ ਵਿਚ ਮਿਉਂਸਪੈਲਿਟੀਜ਼ ਦੇ ਇਲੈਕਸ਼ਨ ਨਹੀਂ ਕਰਵਾਏ। ਸਨ 1972 ਵਿਚ ਜਦੋਂ ਕਾਂਗਰਸ ਸਰਕਾਰ ਆਈ ਤੇ ਉਸ ਨੇ ਇਲੈਕਸ਼ਨ ਕਰਵਾਏ ਔਰ ਪੰਚਾਇਤਾਂ ਦੇ ਵੀ ਇਲੈਕਸ਼ਨ ਕਰਵਾਏ। ਠੀਕ ਹੈ ਕਿ ਪੰਚਾਇਤਾਂ ਦੇ ਤਾਂ ਇਲੈਕ-ਸ਼ਨ ਇਨ੍ਹਾਂ ਨੇ ਵੀ ਕਰਵਾਏ ਹਨ ਪਰ ਹੋਰ ਢੰਗ ਨਾਲ ਕਰਵਾਏ ਹਨ। ਇਨ੍ਹਾਂ ਦਾ ਖਿਆਲ

Original with;
Punjab Vidhan Sabha
Digitized by;
Panjab Digital Library

ਸੀ ਕਿ ਸ਼ਾਇਦ ਇਸ ਤਰ੍ਹਾਂ ਨਾਲ ਇਨ੍ਹਾਂ ਦੇ ਆਪਣੇ ਸਰਪੰਚ ਆ ਜਾਣਗੇ ਪਰ ਉਹ ਖੁਆਬ ਵੀ ਇਨ੍ਹਾਂ ਦਾ ਪੂਰਾ ਨਾ ਹੋਇਆ। ਡਿਪਟੀ ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਵਾਢੀ ਦਾ ਸਮਾਂ ਹੈ। ਦਸੋ ਭਲਾ ਮਿਉਂਸਪੈਲਿਟੀਆਂ ਦੇ ਇਲੈਕਸ਼ਨਜ਼ ਸ਼ਹਿਰਾਂ ਵਿਚ ਹੋਣੇ ਹਨ ਔਰ ਉਨ੍ਹਾਂ ਸ਼ਹਿਰਾਂ ਦਾ ਹਾਰਵੈਸਟਿੰਗ ਨਾਲ ਕੱਤਈ ਸਬੰਧ ਨਹੀਂ ਹੈ। ਹੁਣ ਕਹਿੰਦੇ ਹਨ ਕਿ ਚਾਰ ਦਸੰਬਰ ਤੋਂ ਪਹਿਲਾਂ ਪਹਿਲਾਂ ਚੋਣਾਂ ਕਰਵਾ ਦਿੱਤੀਆਂ ਜਾਣਗੀਆਂ, ਲੇਕਿਨ ਅਜੇ ਤੱਕ ਸਰਕਾਰ ਨੇ ਕੋਈ ਨਿਸਚਿਤ ਤਿੱਥੀ ਨਹੀਂ ਕੀਤੀ। ਹਾਊਸ ਵਿਚ ਇਹ ਬਾਰ ਬਾਰ ਗੱਲ ਆਈ ਕਿ ਤੁਸੀਂ ਕੋਈ ਤਿੱਥੀ ਨਿਸਚਿਤ ਕਰੋ ਪਰ ਡਿਪਟੀ ਸਪੀਕਰ ਸਾਹਿਬ, ਨਹੀਂ ਕੀਤੀ ਗਈ। ਮੈਂ ਸਮਝਦਾ ਹਾਂ ਕਿ ਇਹ ਪੰਜਾਬ ਦੇ ਲੋਕਾਂ ਨਾਲ ਧੱਕਾ ਹੈ।

ਦੂਸਰੀ ਗੱਲ ਇਹ ਹੈ ਕਿ ਐਡਮਨਿਸਟਰੇਟਰ ਔਰ ਈ. ਓਜ਼. ਨੇ ਬੜੀ ਧਾਂਦਲੀ ਮਚਾਈ ਹੋਈ ਹੈ। ਉਹ ਆਪਣੇ ਖੂਬ ਹੱਥ ਰੰਗ ਰਹੇ ਹਨ। ਜੋ ਉਨ੍ਹਾਂ ਦੇ ਮਨ ਵਿਚ ਆਈ ਕਰਦੇ ਰਹੇ। ਮੈਂ ਕਿਸੇ ਹੋਰ ਦੀ ਗੱਲ ਨਹੀਂ ਕਰਦਾ ਆਪਣੀ ਮੁਕੇਰੀਆਂ ਦੀ ਮਿਸਾਲ ਦਿੰਦਾ ਹਾਂ ਔਰ ਮੈਨੂੰ ਦੁਖ ਵੀ ਹੁੰਦਾ ਹੈ ਜਦੋਂ ਮੈਂ ਆਪਣੀ ਮੁਕੇਰੀਆਂ ਦੀ ਗੱਲ ਕਰਦਾ ਹਾਂ। ਉਥੇ ਕੀ ਹੋਇਆ। ਇਕ ਵਕਫ ਬੋਰਡ ਦੀ ਬਿਲਡਿੰਗ ਹੈ। ਉਹ ਬਿਲਡਿੰਗ ਕਿਸੇ ਮਾਡਲ ਸਕੂਲ ਨੂੰ, ਪ੍ਰਾਈਵੇਟ ਸਕੂਲ ਨੂੰ ਚਲਾਉਣ ਵਾਸਤੇ ਦੇ ਦਿਤੀ। ਮੈਂ ਲੋਕਲ ਬਾਡੀ ਡਿਪਾਰਟਮੈਂਟ ਦਾ ਔਰ ਵਜ਼ੀਰ ਸਾਹਿਬ ਦਾ ਵੀ ਧੰਨਵਾਦੀ ਹਾਂ ਕਿ ਜੋ ਐਡਮਨਿਸਟਰੇਟਰ ਨੇ ਹੁਕਮ ਦਿੱਤੇ ਸਨ ਬਿਲਡਿੰਗ ਬਨਾਉਣ ਦੇ ਉਹ ਨੱਲ ਐਂਡ ਵਾਇਡ ਕਰ ਦਿੱਤੇ ਹਨ। ਮੈਂ ਇਨ੍ਹਾਂ ਦਾ ਇਸ ਗੱਲ ਤੋਂ ਮਸ਼ਕੂਰ ਹਾਂ ਕਿ ਇਨ੍ਹਾਂ ਨੇ ਇਸ ਪਾਸੇ ਕਦਮ ਉਠਾਇਆ ਹੈ। ਸੁਜਾਨਪੁਰ ਦੀ ਮਿਉਂਸਪੈਲਿਟੀ ਵਿਚ ਵੀ ਬਹੁਤ ਜ਼ਿਆਦਾ ਧਾਂਦਲੀ ਮਚੀ ਹੋਈ ਹੈ।

**ਸ੍ਰੀ ਡਿਪਟੀ ਸਪੀਕਰ**: ਡਾਕਟਰ ਸਾਹਿਬ, ਵਾਈਂਡ ਅਪ ਕਰੋ ਜੀ।

**ਡਾਕਟਰ ਕੇਵਲ ਕ੍ਰਿਸ਼ਨ**: ਬੱਸ ਜੀ ਮੈਂ ਡਿਪਟੀ ਸਪੀਕਰ ਸਾਹਿਬ, ਇਹ ਹੀ ਕਹਿਣਾ ਚਾਹੁੰਦਾ ਹਾਂ ਕਿ ਜੋ ਕੁਝ ਵੀ ਕੀਤਾ ਗਿਆ ਹੈ, ਇਸ ਆਰਡੀਨੈਂਸ ਨਾਲ, ਪੰਜਾਬ ਦੇ ਲੋਕਾਂ ਨੂੰ ਆਪਣੇ ਬੁਨਿਆਦੀ ਹੱਕਾਂ ਤੋਂ ਮਹਿਰੂਮ ਕੀਤਾ ਗਿਆ ਹੈ। ਇਹ ਅਕਾਲੀ-ਜਨਤਾ ਸਰਕਾਰ ਦੇ ਚੇਹਰੇ ਤੇ ਕਾਲਾ ਧੱਬਾ ਹੈ ਜਿਹੜਾ ਕਿ ਅੱਗੇ ਕਦੇ ਇਸ ਤਰ੍ਹਾਂ ਨਹੀਂ ਹੋਇਆ। ਇਤਨੇ ਆਦਮੀਆਂ ਨੂੰ ਆਪਣੇ ਨੁਮਾਇੰਦਿਆਂ ਤੋਂ ਮਹਿਰੂਮ ਰੱਖਣਾ ਔਰ ਬਿਊਰੋਕਰੇਸੀ ਦੇ ਹੱਥ ਫੜਾ ਦੇਣਾ ਇਹ ਠੀਕ ਨਹੀਂ ਹੈ। ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਇਸ ਗਲ ਦੀ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਪੂਰੀ ਤਰ੍ਹਾਂ ਨਾਲ ਵਿਰੋਧਤਾ ਕਰਦਾ ਹਾਂ।

**ਸ੍ਰੀ ਹਰਬੰਸ ਲਾਲ ਖੰਨਾ** (ਅੰਮ੍ਰਿਤਸਰ ਉਤੱਰ): ਡਿਪਟੀ ਸਪੀਕਰ ਸਾਹਿਬ, ਮੈਨੂੰ ਹੈਰਾਨਗੀ ਹੈ ਕਿ ਡਾਕਟਰ ਸਾਹਿਬ ਨੇ ਕਿਹਾ ਹੈ ਕਿ ਬਹੁਤ ਸਾਰੀਆਂ ਮਿਉਂਸਪੈਲਿਟੀਆਂ ਨੂੰ ਸੱਸਪੈਂਡ ਕੀਤਾ ਹੈ ਔਰ ਚੁਨਾਓ ਨਹੀਂ ਕਰਵਾ ਰਹੇ। ਡਿਪਟੀ ਸਪੀਕਰ ਸਾਹਿਬ, ਅਸੀਂ ਕਿਹਾ ਹੈ ਕਿ 31 ਦਸੰਬਰ ਤੋਂ ਪਹਿਲਾਂ ਪਹਿਲਾਂ ਚੁਨਾਓ ਕਰਵਾ ਦੇਵਾਂਗੇ। ਡੇਟ ਨਿਸਚਿਤ ਕਰ ਦਿੱਤੀ ਹੈ। ਇਨ੍ਹਾਂ ਨੇ ਕਿਹਾ ਹੈ ਕਿ 30 ਲੱਖ ਆਦਮੀਆਂ ਨੂੰ ਛੇਤੀ ਚੁਨਾਓ ਨਾ ਕਰਵਾ ਕੇ ਆਪਣੇ ਹੱਕਾਂ ਤੋਂ ਮਹਿਰੂਮ ਰੱਖਣਾ ਹੈ। ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ 62 ਕਰੋੜ ਲੋਕਾਂ ਉਤੇ

Original with;
Punjab Vidhan Sabha
Digitized by;
Panjab Digital Library

[ਸ੍ਰੀ ਹਰਬੰਸ ਲਾਲ ਖੰਨਾ]

ਐਮਰਜੈਂਸੀ ਲਗਾ ਦਿੱਤੀ ਔਰ ਲੋਕ ਹੋ ਰਹੇ ਸਨ ਤਾਂ ਉਸ ਵੇਲੇ ਇਨ੍ਹਾਂ ਦੀ ਆਤਮਾ ਕੀ ਕਹਿ ਰਹੀ ਸੀ। ਇਹ ਸੰਜੇ ਗਾਂਧੀ ਔਰ ਇੰਦਰਾ ਗਾਂਧੀ ਦੇ ਨਾਲ ਨਾਲ ਮਰਾਸੀਆਂ ਵਾਂਗ ਫਿਰਦੇ ਰਹਿੰਦੇ ਸਨ। (ਥੰਪਿੰਗ) ਉਸ ਵੇਲੇ ਇਨ੍ਹਾਂ ਦੀ ਆਤਮਾ ਨੂੰ ਦੁੱਖ ਨਹੀਂ ਹੋਇਆ। ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਸੰਨ 1953 ਦੇ ਵਿਚ ਇਲੈਕਸ਼ਨ ਹੋਏ। ਉਸ ਵੇਲੇ ਕੈਰੋਂ ਦਾ ਰਾਜ ਸੀ। ਸੰਨ 1953 ਤੋਂ ਲੈ ਕੇ 1967 ਤਕ ਚੁਨਾਓ ਨਹੀਂ ਕਰਵਾਏ, ਉਸ ਵੇਲੇ ਇਨ੍ਹਾਂ ਦੀ ਆਤਮਾ ਕਿੱਥੇ ਸੀ। ਕੀ ਉਸ ਵੇਲੇ ਇਨ੍ਹਾਂ ਦੀ ਆਤਮਾ ਨੂੰ ਦੁੱਖ ਨਹੀਂ ਹੋਇਆ ? ਸੰਨ 1967 ਵਿਚ ਚੁਨਾਓ ਹੋਏ ਔਰ ਸੰਨ 1975 ਵਿਚ ਸੁਪਰਸੈਸ਼ਨਜ਼ ਹੋਈਆਂ। ਉਸ ਵੇਲੇ ਦੇ ਕਾਂਗਰਸੀ ਇਥੇ ਬੈਠੇ ਹਨ ਜਿਨ੍ਹਾਂ ਨੇ ਸਾਡੇ ਜਜ਼ਬਾਤਾਂ ਉਤੇ ਕੁਲਹਾੜਾ ਮਾਰਿਆ। ਮੈਂ ਹੈਰਾਨ ਹਾਂ ਕਿ ਹੁਣ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ। ਸਾਡੀ ਸਰਕਾਰ ਨੇ ਤਾਂ ਡੈਮੋਕਰੇਸੀ ਨੂੰ ਮਜ਼ਬੂਤ ਕਰਨ ਲਈ ਹਰ ਉਪਰਾਲਾ ਕੀਤਾ ਹੈ। ਲੀਡਰ ਆਫ ਦੀ ਆਪੋਜ਼ੀਸ਼ਨ ਨੂੰ ਮਨਿਸਟਰ ਦਾ ਰੈਂਕ ਦੇਣ ਵਾਸਤੇ ਵੀ ਸਾਡੀ ਸਰ-ਕਾਰ ਕਾਫੀ ਕੋਸ਼ਿਸ਼ ਕਰ ਰਹੀ ਹੈ। ਅਸੀਂ ਚਾਹੁੰਦੇ ਹਾਂ ਕਿ ਡੈਮੋਕਰੇਸੀ ਵਿਚ ਆਪੋਜ਼ੀਸ਼ਨ ਫਲੱਰਿਸ਼ ਕਰ ਸਕੇ ਜਿਹੜੀ ਕਿ ਇਨ੍ਹਾਂ ਦੇ 30 ਸਾਲਾਂ ਦੇ ਰਾਜ ਵਿਚ ਨਹੀਂ ਕਰ ਸਕੀ। ਸਰਕਾਰ ਨੇ ਕਿਹਾ ਹੈ ਪ੍ਰੈਸ ਨੂੰ ਕਿ ਉਨ੍ਹਾਂ ਨੂੰ ਖੁਲ੍ਹੀ ਛੁੱਟੀ ਹੈ ਕਿ ਜੋ ਹਾਊਸ ਦੀਆਂ ਪਰੋਸੀਡਿੰਗਜ਼ ਹੋਣ ਬਾਕਾਇਦਾ ਤਰੀਕੇ ਨਾਲ ਲਿਖਣ, ਕੋਈ ਸੈਂਸਰਸ਼ਿਪ ਨਹੀਂ ਹੈ। ਪਰ ਇਹ ਲੋਕ ਗੱਲਾਂ ਕਰਦੇ ਹਨ ਜਿਨ੍ਹਾਂ ਨੇ ਸੈਂਸਰਸ਼ਿਪ ਲਗਾਇਆ ਸੀ। ਉਸ ਵੇਲੇ ਇਨ੍ਹਾਂ ਦੇ ਰਾਜ ਵਿਚ ਆਪੋਜ਼ੀਸ਼ਨ ਦੇ ਲੀਡਰ ਨਹੀਂ ਸਨ ਬੋਲ ਸਕਦੇ, ਇਥੋਂ ਤੱਕ ਕਿ ਇਨ੍ਹਾਂ ਦੇ ਆਪਣੇ ਆਦਮੀ ਵੀ ਨਹੀਂ ਸਨ ਬੋਲ ਸਕਦੇ। ਬੜੇ ਦੁੱਖ ਦੀ ਗੱਲ ਹੈ ਕਿ ਇਹ ਆਦਮੀ ਅੱਜ ਕਹਿੰਦੇ ਹਨ ਕਿ ਜਨਤਾ ਦੇ ਭੁਲੇਖੇ ਸਰਕਾਰ ਨੂੰ ਦੂਰ ਕਰਨੇ ਚਾਹੀਦੇ ਹਨ। ਇਹ ਭੁਲੇਖੇ ਵੀ ਤਾਂ ਤੁਸੀਂ ਹੀ ਪਾਉਂਦੇ ਹੋ। ਪੰਜਾਬ ਦੀ ਅਕਾਲੀ ਜਨਤਾ ਸਰਕਾਰ ਨੇ ਲੋਕਾਂ ਨੂੰ ਖੁਲ੍ਹੀ ਛੁੱਟੀ ਦੇ ਰੱਖੀ **ਹੈ** ਉਸ ਦਾ ਨਤੀਜਾ **ਹੈ** ਕਿ ਅੱਜ ਕਈ ਜਗਾਹ ਡਿਮਾਨਸਟਰੇਸ਼ਨ ਹੋ ਰਹੇ ਹਨ। ਇਹ ਠੀਕ **ਹੈ** ਕਿ ਪ੍ਰੈਸ ਵਾਲੇ ਵੀ ਇਸ ਛੁੱਟੀ ਦਾ ਕਈ ਵਾਰੀ ਮਿੱਸਯੂਜ਼ ਕਰ ਲੈਂਦੇ ਹਨ ਪਰ ਅਕਾਲੀ-ਜਨਤਾ ਸਰਕਾਰ ਨੇ ਫਿਰ ਵੀ ਖੁੱਲ੍ਹੀ ਛੁੱਟੀ ਦੇ ਰੱਖੀ **ਹੈ**। ਇਸ ਕਰਕੇ ਇਹ ਕਲੀਅਰ **ਹੈ** ਕਿ 31 ਦਸੰਬਰ ਤੋਂ ਪਹਿਲਾਂ ਅਸੀਂ ਚੋਣਾਂ ਕਰਵਾਵਾਂਗੇ, ਔਰ ਜ਼ਰੂਰ ਕਰਵਾਵਾਂਗੇ। ਡਿਪਟੀ ਸਪੀਕਰ ਸਾਹਿਬ, ਪੰਚਾਇਤਾਂ ਦੇ ਇਲੈਕਸ਼ਨ ਹੋਏ ਹਨ। ਮੈਂ ਉਨ੍ਹਾਂ ਨੂੰ ਕਹਾਂਗਾ ਕਿ-ਉਹ ਵੀ ਤੁਸੀਂ ਵੇਖ ਲਏ ਹਨ ਕਿ ਕੀ ਹਾਲ ਹੋਇਆ **ਹੈ** ਤੁਹਾਡਾ। ਜੋ ਜਨਤਾ ਨੇ ਆਪਜੀ **ਦਾ** ਸਵਾਗਤ ਕੀਤਾ **ਹੈ**, ਉਹ ਵੀ ਸਾਨੂੰ ਪਤਾ **ਹੈ**। ਤੁਹਾਨੂੰ ਵੀ ਪਤਾ **ਹੈ** ਤੁਹਾਡਾ ਜੋ ਸਵਾਗਤ ਹੋਇਆ ਹੈ। ਔਰ ਇਹ ਮੈਂ ਤੁਹਾਨੂੰ ਦੱਸ ਦੇਵਾਂ ਕਿ ਮਿਊਂਸਪੈਲਿਟੀਆਂ ਵਿਚ ਵੀ ਇਸ ਤਰ੍ਹਾਂ ਹੀ ਤੁਹਾਡੇ ਨਾਲ ਹੋਵੇਗੀ। ਉਸ ਤਰ੍ਹਾਂ ਹੀ ਤੁਹਾਨੂੰ ਮਾਰ ਪਵੇਗੀ ਜਿਸ ਤਰ੍ਹਾਂ ਅੱਗੇ ਪਈ ਹੈ।

**ਸ੍ਰੀ ਡਿਪਟੀ ਸਪੀਕਰ** : ਵਾਈਂਡ ਅਪ ਕਰੋ ਜੀ।

**ਸ੍ਰੀ ਹਰਬੰਸ ਲਾਲ ਖੰਨਾ**: ਬੱਸ ਜੀ, ਡਿਪਟੀ ਸਪੀਕਰ ਸਾਹਿਬ, ਮੈਂ ਇਤਨਾ ਹੀ ਕਹਿੰਦਾ ਹਾਂ ਕਿ ਇਨ੍ਹਾਂ ਨੂੰ ਆਪਣਾ ਅੱਗਾ ਧਿਆਨ ਵਿਚ ਲਿਆਉਣਾ ਚਾਹੀਦਾ **ਹੈ**। ਇਹ ਕਹਿੰਦਾ ਹੋਇਆ ਮੈਂ ਬਿਲ ਦੀ ਸਪੋਰਟਸ ਕਰਦਾ ਹੋਇਆ ਆਪਣੀ ਥਾਂ ਲੈਂਦਾ ਹਾਂ।

**ਸ੍ਰੀ ਡਿਪਟੀ ਸਪੀਕਰ**: ਮੈਂ ਸਾਰੇ ਮਾਨਯੋਗ ਮੈਂਬਰਾਂ ਨੂੰ ਪ੍ਰਾਰਥਨਾ ਕਰਾਂਗਾ ਕਿ ਡੇਢ ਵਜੇ ਹਾਊਸ ਦਾ ਬਿਜ਼ਨੈਸ ਖਤਮ ਕਰਨਾ **ਹੈ**। ਤਿੰਨ ਬਿੱਲ ਪਏ ਹਨ। ਇਸ ਲਈ ਬਹੁਤ ਹੀ ਘੱਟ ਸਮਾਂ ਲੈਣ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਬਲਦੇਵ ਸਿੰਘ** ਲੂੰਬਾ (ਸੁਤਰਾਣਾ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਖੰਨਾ ਸਾਹਿਬ ਨੇ ਬੜੀ ਗਰਮਾ ਗਰਮ ਤਕਰੀਰ ਕੀਤੀ ਹੈ ਔਰ ਡਾਕਟਰ ਸਾਹਿਬ ਨੇ ਵੀ ਗਰਮਾ ਗਰਮ ਤਕਰੀਰ ਕੀਤੀ ਹੈ। ਮੈਂ ਕਹਿੰਦਾ ਹਾਂ ਕਿ ਜੋ ਕੁਝ ਇਨ੍ਹਾਂ ਨੇ ਕਿਹਾ ਹੈ ਉਹ ਇਨ੍ਹਾਂ ਦੇ ਵੱਸ ਦੀ ਗਲ ਨਹੀਂ ਹੈ ਨਾ ਤਾਂ ਖੰਨਾ ਸਾਹਿਬ ਦੇ ਵਸ ਦੀ ਗੱਲ ਹੈ ਔਰ ਨਾ ਹੀ ਡਾਕਟਰ ਸਾਹਿਬ ਦੇ ਵੱਸ ਦੀ ਗੱਲ ਹੈ । ਇਹ ਕੁਦਰਤੀ ਅਸੂਲ ਹੈ ਕਿ ਜਿਹੜੀ ਵੀ ਰੂਲਿੰਗ ਪਾਰਟੀ ਹੁੰਦੀ ਹੈ ਉਹ ਚਾਹੁੰਦੀ ਹੈ ਕਿ ਅਸੀਂ ਥੋਹੜੇ ਜਿਹੇ ਕੰਮ ਕਰਵਾ ਲਈਏ ਤੇ ਫਿਰ ਚੋਣ ਕਰਵਾਈਏ । ਪਰ ਜਦੋਂ ਚੋਣ ਕਰਵਾਈ ਜਾਂਦੀ ਹੈ ਤਾਂ ਨਤੀਜਾ ਉਲਟ ਨਿਕਲਦਾ ਹੈ। ਪਿਛਲੇ ਤੀਹ ਸਾਲਾਂ ਦਾ ਇਤਿਹਾਸ ਦੱਸਦਾ ਹੈ ਕਿ ਕੋਈ ਵੀ ਪਾਰਟੀ ਜਿਹੜੀ ਵੀ ਇਲੈਕਸ਼ਨਾਂ ਲਮਕਾਉਂਦੀ ਰਹੀ, ਉਸਦਾ ਹੀ ਉਤਨਾ ਨੁਕਸਾਨ ਹੁੰਦਾ ਰਿਹਾ। ਇਸ ਦਾ ਕਾਰਣ ਇਹ ਹੈ ਕਿ ਕੋਈ ਵੀ ਸਰਕਾਰ ਹੋਵੇ ਡੈਮੋਕਰੇਟਿਕ ਸੈਟ ਅਪ ਵਿਚ ਸਰਮਾਏਦਾਰਾਂ ਦੇ ਹੱਕ ਵਿਚ ਕੰਮ ਕਰਕੇ ਜਨਤਾ ਨੂੰ ਖੁਸ਼ ਨਹੀਂ ਕਰ ਸਕਦੀ। ਹੁਣ ਵੀ ਮਿਉਂਸਪੈਲਿਟੀਆਂ ਦੀਆਂ ਚੋਣਾਂ ਲੇਟ ਕਰਨੀਆਂ ਇਨ੍ਹਾਂ -(ਸਰਕਾਰੀ ਬੈਂਚਾਂ ਵੱਲ ਇਸ਼ਾਰਾ) ਦੇ ਨੁਕਸਾਨ ਵਿਚ ਵੀ ਹੈ ਔਰ ਲੋਕਾਂ ਨੂੰ ਜਮਹੂਰੀਅਤ ਤੋਂ ਪਰ੍ਹੇ ਰੱਖਣ ਵਾਲੀ ਗੱਲ ਹੈ। ਇਹ ਮਾੜੀ ਗੱਲ ਹੈ । ਇਸ ਲਈ ਚੋਣਾਂ ਜਲਦੀ ਕਰਾਉਣੀਆਂ ਚਾਹੀਦੀਆਂ ਹਨ ਔਰ 31 ਦਸੰਬਰ ਤਕ ਕਰਾਉਣ ਦਾ ਰੈਜ਼ੋਲਿਊਸ਼ਨ ਵੀ ਪੇਸ਼ ਕਰਨਾ ਚਾਹੀਦਾ ਹੈ ।

**ਮਾਸਟਰ ਚੰਦ ਸਿੰਘ** (ਸੇਤਪੁਰ, ਐਸ. ਸੀ.): ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿਲ ਲਿਆਂਦਾ ਗਿਆ ਹੈ ਜਿਸ ਵਿਚ ਇਹ ਕਿਹਾ ਗਿਆ ਹੈ ਕਿ ਦਸੰਬਰ ਤੋਂ ਪਹਿਲਾਂ ਚੋਣਾਂ ਕਰਵਾਈਆਂ ਜਾਣਗੀਆਂ, ਮੈਂ ਸਮਝਦਾ ਹਾਂ ਕਿ ਇਹ ਇਕ ਬਹਾਨੇਬਾਜ਼ੀ ਹੈ। ਇਸ ਨੂੰ ਪੋਸਟਪੋਨ ਕਰਨਾ ਠੀਕ ਨਹੀਂ। ਮਿਉਂਨਸਿਪਲ ਕਮੇਟੀਆਂ ਦੀਆਂ ਇਲੈਕਸ਼ਨਾਂ ਜਲਦੀ ਤੋਂ ਜਲਦੀ ਕਰਵਾਉਣੀਆਂ ਚਾਹੀ-ਦੀਆਂ ਹਨ ਇਹ ਨਾ ਹੋਵੇ ਕਿ ਕਿਤੇ ਇਹ ਦਸੰਬਰ ਤੋਂ ਵੀ ਅੱਗੇ ਟੱਪ ਜਾਣ, ਸਾਨੂੰ ਤਾਂ ਇਸ ਦੀ ਵੀ ਸੰਭਾਵਨਾ ਹੈ। ਚੋਣਾਂ ਕਰਵਾਉਣ ਲਈ ਜਨਤਾ ਪਾਰਟੀ ਅਤੇ ਅਕਾਲੀ ਪਾਰਟੀ ਕਮਿੱਟਡ ਹਨ ਇਸ ਲਈ ਇਸ ਨੂੰ ਹੁਣ ਲੇਟ ਨਹੀਂ ਕਰਨਾ ਚਾਹੀਦਾ। ਇਸ ਲਈ ਜੇਕਰ ਇਹ ਲੇਟ ਕਰਨ ਵਾਲੀ ਪਾਲਿਸੀ ਤੇ ਚਲਣਗੇ ਤਾਂ ਇਨ੍ਹਾਂ ਨੂੰ ਘਾਟਾ ਰਹੇਗਾ। ਡਿਪਟੀ ਸਪੀਕਰ ਸਾਹਿਬ, ਪਿਛਲੇ ਕਾਂਗਰਸ ਦੇ ਵੇਲੇ ਜਿਸ ਵੇਲੇ ਪਾਰਲੀਆਮੈਂਟ ਦੀਆਂ ਇਲੈਕਸ਼ਨਾਂ ਦਾ ਸਮਾਂ ਵਧਾਇਆ ਸੀ ਤਾਂ ਤੁਹਾਨੂੰ ਪਤਾ ਹੈ ਕਿ ਉਸ ਦਾ ਕੀ ਰਿਜ਼ਲਟ ਨਿਕਲਿਆ ਸੀ। ਇਸ ਲਈ ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਤਾਕਤ ਦਾ ਗਲਤ ਇਸਤੇਮਾਲ ਨਹੀਂ ਕਰਨਾ ਚਾਹੀਦਾ । ਚੋਣਾਂ ਫੌਰੀ ਤੌਰ ਤੇ ਕਰਵਾ-ਉਣੀਆਂ ਚਾਹੀਦੀਆਂ ਹਨ। (ਘੰਟੀ) ਪੰਚਾਇਤ ਸੰਮਤੀਆਂ ਦੀਆਂ ਇਲੈਕਸ਼ਨਾਂ ਵਾਸਤੇ ਵੀ ਮਹਿਤਾ ਕਮੇਟੀ ਦੀ ਰਿਪੋਰਟ ਹੁਣ ਆ ਗਈ ਹੈ। ਇਸ ਲਈ ਆਰਡੀਨੈਂਸ ਕਰਨ ਦੀ ਲੋੜ ਨਹੀਂ। ਇਥੇ ਬਿਲ ਲੈ ਆਉਣ । (ਘੰਟੀ)

**ਸ੍ਰੀ ਡਿਪਟੀ ਸਪੀਕਰ**: ਤੁਹਾਡਾ ਟਾਈਮ ਹੋ ਗਿਆ ਹੈ ਹੁਣ ਤੁਸੀਂ ਬੈਠੋ ।

**ਵਿੱਤ ਮੰਤਰੀ** (ਸਰਦਾਰ ਬਲਵੰਤ ਸਿੰਘ): ਡਿਪਟੀ ਸਪੀਕਰ ਸਾਹਿਬ, ਮੈਂ ਸਾਰੇ ਮੈਂਬਰਜ਼ ਸਾਹਿਬਾਨ ਦੇ ਵਿਚਾਰ ਸੁਣੇ ਹਨ। ਮੈਂ ਸਿਰਫ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਬਿਲ ਲਿਆਉਣ ਦਾ ਮਕਸਦ ਹੀ ਇਹ ਹੈ ਕਿ ਇਲੈਕਸ਼ਨਾਂ ਕਰਵਾਈਆਂ ਜਾਣ । ਇਸ ਵਿਚ ਅਸੀਂ ਇਹ ਲਿਖਿਆ ਹੈ ਕਿ 31 ਦਸੰਬਰ ਤੋਂ ਪਹਿਲੇ ਪਹਿਲੇ ਇਲੈਕਸ਼ਨਾਂ ਕਰਵਾ ਦੇਵਾਂਗੇ । ਮੈਂ ਇਹ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਕਹਿਣਾ ਚਾਹੁੰਦਾ ਹਾਂ ਕਿ ਇਹ ਜਨਤਾ, ਅਕਾਲੀ ਅਤੇ ਸੀ. ਪੀ. ਐਮ. ਪਾਰਟੀਜ਼ ਜਮਹੂਰੀਅਤ ਵਿਚ ਪੂਰਾ ਵਿਸ਼ਵਾਸ ਰਖਦੀਆਂ ਹਨ ਔਰ ਲੋਕਾਂ ਨੂੰ ਨੁਮਾਇੰਦਗੀ ਦੇਣੀ ਚਾਹੁੰਦੀਆਂ ਹਨ। ਇਸ ਕਰਕੇ ਇਹ ਜਿਹੜਾ ਕਾਰਪੋਰੇਸ਼ਨ ਦਾ ਐਕਟ ਬਣਿਆ ਸੀ ਉਸ ਵਿਚ ਅਸੀਂ ਆਕੇ, ਕਿਉਂਕਿ ਹਾਲੇ ਇਲੈਕਸ਼ਨਾਂ ਨਹੀਂ ਹੋ ਸਕੀਆਂ, ਲੋਕਾਂ ਨੂੰ ਨੁਮਾਇੰਦਗੀ ਦੇਣ ਲਈ ਕਾਰਪੋਰੇਸ਼ਨਾਂ ਵਿਚ ਐਡਵਾਇਜ਼ਰੀ ਕਮੇਟੀਆਂ ਬਣਾ ਦਿੱਤੀਆਂ ਹਨ, ਜਿਸ ਦੇ ਵਿਚ ਲੈਜਿਸਲੇਟਰਜ਼ ਵੀ ਸ਼ਾਮਲ ਕੀਤੇ ਗਏ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਪਿਛਲੀ ਹਿਸਟਰੀ ਵਿਚ ਨਹੀਂ ਜਾਣਾ ਚਾਹੁੰਦਾ ਪਰ ਫਿਰ ਵੀ ਹਾਊਸ ਦੇ ਗਿਆਤ ਲਈ ਇਤਨਾ ਜ਼ਰੂਰ ਦੱਸਦਾ ਹਾਂ ਕਿ 1973 ਵਿਚ ਇਥੇ ਬਿਲ ਲਿਆਂਦਾ ਗਿਆ ਕਿ ਇਕ ਸਾਲ ਲਈ ਇਲੈਕਸ਼ਨ ਦਾ ਸਮਾਂ ਵਧਾਇਆ ਜਾਵੇ । ਫਿਰ 1974 ਵਿਚ 2 ਸਾਲ ਦਾ ਸਮਾਂ ਮੰਗਿਆ ਗਿਆ ਔਰ ਫਿਰ 1975 ਵਿਚ 4 ਸਾਲ ਦਾ ਸਮਾਂ ਮੰਗ ਲਿਆ। ਇਸ ਲਈ ਮੈਂ ਜ਼ਿਆਦਾ ਪਿਛੇ ਨਾ ਜਾਂਦਾ ਹੋਇਆ, ਸਿਰਫ ਇਹ ਕਹਾਂਗਾ ਕਿ ਇਹ ਬਿਲ ਬੜਾ ਸਿੰਪਲ ਜਿਹਾ ਬਿਲ ਹੈ। ਅਸੀਂ ਜਲਦੀ ਤੋਂ ਜਲਦੀ ਲੋਕਾਂ ਨੂੰ ਤਾਕਤ ਦੇਣੀ ਚਾਹੁੰਦੇ ਹਾਂ। ਅਸੀਂ ਚਾਹੁੰਦੇ ਹਾਂ ਕਿ ਲੋਕ ਆਪਣੀ ਜ਼ਿੰਮੇਵਾਰੀ ਆਪ ਸੰਭਾਲ ਲੈਣ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਸ ਨੂੰ ਪਾਸ ਕੀਤਾ ਜਾਵੇ।

**ਚੌਧਰੀ ਬਲਰਾਮ ਜਾਖੜ**: ਡਿਪਟੀ ਸਪੀਕਰ ਸਾਹਿਬ, ਮੈਂ ਇਹ ਇਨਫਰਮੇਸ਼ਨ ਲੈਣਾ ਚਾਹੁੰਦਾ ਹਾਂ ਕਿ ਜਦੋਂ ਤਕ ਇਲੈਕਸ਼ਨ ਨਾ ਹੋਣ, ਕਮ-ਜ਼-ਕਮ ਇਹ ਲੋਕਲ ਐਮ. ਐਲ. ਏਜ਼. ਨੂੰ ਉਸ ਵਿਚ ਨੁਮਾਇੰਦਗੀ ਦੇਣ ਅਤੇ ਜਿਸ ਤਰ੍ਹਾਂ ਕਾਰਪੋਰੇਸ਼ਨਜ਼ ਦੇ ਵਿਚ ਐਡਵਾਇਜ਼ਰੀ ਕਮੇਟੀਆਂ ਬਣਾਈਆਂ ਹਨ, ਕੀ ਇਸ ਵਿਚ ਵੀ ਬਣਾ ਦੇਣਗੇ ਤਾਂਕਿ ਜਿਹੜਾ ਕੰਮ ਹੈ ਉਹ ਠੀਕ ਚਲਦਾ ਰਹੇ? ਹੁਣ ਤੱਕ ਕਮੇਟੀਆਂ ਦਾ ਕੰਮ ਸਤਿਆਨਾਸ ਹੋ ਗਿਆ ਹੈ। ਸੈਕੰਡਲੀ ਮੈਂ ਇਹ ਐਸ਼ੋਰੈਂਸ ਚਾਹੁੰਦਾ ਹਾਂ ਕਿ ਕੀ ਇਹ ਇਲੈਕਸ਼ਨਾਂ ਦਸੰਬਰ ਤਕ ਜ਼ਰੂਰ ਕਰਵਾ ਦੇਣਗੇ।

**ਡਾਕਟਰ ਕੇਵਲ ਕ੍ਰਿਸ਼ਨ**: ਮੈਂ ਵੀ ਇਹੀ ਪੁੱਛਣਾ ਚਾਹੁੰਦਾ ਸੀ।

**ਕਾਮਰੇਡ ਬਲਦੇਵ ਸਿੰਘ ਲੂੰਬਾ**: ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਇਨ-ਫਰਮੇਸ਼ਨ ਇਹ ਹੈ ਕਿ ਕਈ ਸਾਲ ਹੋ ਗਏ ਹਨ ਜਿਹੜੇ ਨੋਟੀਫਾਈਡ ਏਰੀਆਜ਼ ਕਰਾਰ ਦਿੱਤੇ ਗਏ ਹਨ ਉਨ੍ਹਾਂ ਦੀਆਂ ਚੋਣਾਂ ਨਹੀਂ ਹੋਈਆਂ। ਉਨ੍ਹਾਂ ਨੂੰ ਲਗਾਤਾਰ ਨੋਟੀਫਾਈਡ ਏਰੀਆਜ਼ ਹੀ ਕਰਾਰ ਦਿੱਤਾ ਜਾਂਦਾ ਹੈ। ਇਸ ਲਈ ਕੀ ਇਹ ਸਰਕਾਰ ਉਨ੍ਹਾਂ ਨੂੰ ਮਿਉਂਨਸਿਪਲ ਕਮੇਟੀ ਬੀ, ਜਾਂ ਸੀ, ਦਾ ਦਰਜਾ ਦੇ ਕੇ ਉਨ੍ਹਾਂ ਦੀਆਂ ਚੋਣਾਂ ਕਰਵਾਏਗੀ ?

**ਸ੍ਰੀ ਰਮਨ ਲਾਲ**: ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਵਾਰਡ ਬਣਾਏ ਗਏ ਸਨ ਉਨ੍ਹਾਂ ਵਿਚ ਹਰੀਜਨਾਂ ਨੂੰ ਬਿਲਕੁਲ ਇਗਨੋਰ ਕੀਤਾ ਗਿਆ ਹੈ। ਇਸ ਲਈ ਕੀ ਇਲੈਕਸ਼ਨ ਕਰਵਾਉਣ ਤੋਂ ਪਹਿਲਾਂ ਵਾਰਡਾਂ ਦੀ ਤਰਮੀਮ ਕਰਵਾਉਣਗੇ ?

**ਵਿੱਤ ਮੰਤਰੀ**: ਡਿਪਟੀ ਸਪੀਕਰ ਸਾਹਿਬ, ਵਾਰਡਾਂ ਦੇ ਬਾਰੇ ਹਾਲੇ ਤੱਕ ਸਾਡੇ ਕੋਲ ਕੋਈ ਸ਼ਿਕਾਇਤ ਨਹੀਂ ਆਈ। ਜੇਕਰ ਕੋਈ ਸ਼ਿਕਾਇਤ ਹੈ, ਜਿਥੇ ਹਰੀਜਨਾਂ ਨੂੰ ਇਗਨੋਰ ਕੀਤਾ ਗਿਆ ਹੈ ਤਾਂ ਦੱਸਣ ਅਸੀਂ ਜ਼ਰੂਰ ਕਨਸਿਡਰ ਕਰਾਂਗੇ। ਜਿਸ ਸਵਾਲ ਬਾਰੇ ਚੌਧਰੀ ਸਾਹਿਬ ਨੇ ਜ਼ਿਕਰ ਕੀਤਾ ਹੈ ਐਡਵਾਇਜ਼ਰੀ ਕਮੇਟੀ ਬਣਾਉਣ ਬਾਰੇ ਇਸ ਵਾਸਤੇ ਸਾਨੂੰ ਕੋਈ ਇਤਰਾਜ਼ ਨਹੀਂ। ਅਸੀਂ ਕਾਰਪੋਰੇਸ਼ਨ ਲਈ ਵੀ ਬਣਾਈਆਂ ਹਨ ਜੇਕਰ ਹਾਊਸ ਦੀ ਰਾਏ ਹੋਵੇ ਤਾਂ ਅਸੀਂ ਇਸ ਨੂੰ ਵੈਲਕਮ ਕਰਾਂਗੇ। ਜਿਥੋਂ ਤੱਕ ਨੋਟੀਫਾਈਡ ਏਰੀਆ ਵਿਚ ਚੋਣਾਂ ਕਰਵਾਉਣ ਦਾ ਸਵਾਲ ਹੈ,

Original with;
Punjab Vidhan Sabha
Digitized by;
Panjab Digital Library

ਇਸ ਦਾ ਮੌਜੂਦਾ ਲਾਅ ਦੇ ਵਿਚ ਕੋਈ ਪਰੋਵੀਜ਼ਨ ਨਹੀਂ। ਫਿਰ ਵੀ ਅਸੀਂ ਇਸ ਤੇ ਵਿਚਾਰ ਕਰ ਲਵਾਂਗੇ।

**Mr. Deputy Speaker :** Question is—

That this House disapproves the Punjab Municipal (Amendment) Ordinance, 1978 (Punjab Ordinance No. 6 of 1978).

*The motion was lost.*

**Mr. Deputy Speaker:** Question is—

That the Punjab Municipal (Amendment) Bill be taken into consideration at once.

*The motion was carried.*

**Mr. Deputy Speaker :** Now the House will proceed to consider the Bill Clause by Clause.

If the House agrees, all the Clauses of the Bill be put to the vote of the House together.

(*Voices : Yes, yes*).

**Sub-clause (2) of Clause 1, Clauses 2, 3, and Sub-clause (1) of Clause 1.**

**Mr. Deputy Speaker :** Question is—

That Sub-Clause (2) of Clause 1, Clauses 2, 3 and Sub-Clause (1) of Clause 1 stand part of the Bill.

*The motion was carried.*

**TITLE**

**Mr. Deputy Speaker :** Question is—

That Title be the Title of the Bill.

*The motion was carried.*

**Finance Minister**(Sardar Balwant Singh) : Sir, I beg to move—

That the Punjab Municipal (Amendment) Bill be passed.

**Mr. Deputy Speaker :** Motion moved—

That the Punjab Municipal (Amendment) Bill be passed.

**Mr. Deputy Speaker :** Question is—

That the Punjab Municipal (Amendment) Bill be passed.

*The motion was carried.*

Original with;
Punjab Vidhan Sabha
Digitized by;
Panjab Digital Library

## THE PUNJAB TOWN IMPROVEMENT (AMENDMENT) BILL, 1978

**Finance Minister (Sardar Balwant Singh) :** Sir, I beg introduce the Punjab Town Improvement (Amendment) Bill.

Sir, I also beg to move—

> That the Punjab Town Improvement (Amendment) Bill be taken into consideration at once.

**Mr. Deputy Speaker :** Motion moved—

> That the Punjab Town Improvement (Amendment) Bill be taken into consideration at once.

**ਸਰਦਾਰ ਬੇਅੰਤ ਸਿੰਘ** (ਪਾਇਲ) : ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਕਹਿੰਦੇ ਹਨ ਕਿ ਡੈਮੋਕਰੇਸੀ ਬਹਾਲ ਕੀਤੀ ਹੈ, ਇਹ ਚੰਗੀ ਗਲ ਹੈ। ਪਰ ਮੈਂ ਸਮਝਦਾ ਹਾਂ ਕਿ ——

"ਜਿਨ ਮਨ ਹੋਰ ਮੁਖ ਹੋਰ ਸੇਕਾਂਡੇ ਕਚਿਆ"

ਅਗਰ ਇਨ੍ਹਾਂ ਨੇ ਡੈਮੋਕਰੇਸੀ ਬਹਾਲ ਕੀਤੀ ਹੈ ਤਾਂ ਇਹ ਜਿਹੜੇ ਇੰਮਪਰੂਵਮੈਂਟ ਟਰਸਟ ਬਣਾਏ ਹਨ ਅਤੇ ਉਨ੍ਹਾਂ ਦੇ ਚੇਅਰਮੈਨ ਵਗੈਰਾ ਲਾਏ ਹਨ, ਇਨ੍ਹਾਂ ਦੀ ਕੀ ਲੋੜ ਹੈ। ਹਰਿਆਣਾ ਨੇ ਵੀ ਤਾਂ ਇੰਮਪਰੂਵਮੈਂਟ ਟਰਸਟ ਤੋੜ ਹੀ ਦਿੱਤੇ ਹਨ। ਸਾਨੂੰ ਇੰਮਪਰੂਵਮੈਂਟ ਟਰਸਟਾਂ ਦੀ ਕੋਈ ਲੋੜ ਨਹੀਂ ਕਿਉਂਕਿ ਮਿਉਂਸਿਪਲ ਕਾਰਪੋਰੇਸ਼ਨ ਬਣ ਗਈਆਂ ਹਨ ਅਤੇ ਮਿਉਂਸਿਪਲ ਕਮੇਟੀਆਂ ਬਣੀਆਂ ਹੋਈਆਂ ਹਨ। ਉਨ੍ਹਾਂ ਕਮੇਟੀਆਂ ਦੇ ਵਿਚ ਪ੍ਰੈਜ਼ੀਡੈਂਟ ਹੁੰਦੇ ਹਨ ਅਤੇ ਮਿਉਂਸਿਪਲ ਕਾਰਪੋਰੇਸ਼ਨ ਦੇ ਵਿਚ ਮਿਉਂਸਿਪਲ ਕਮਿਸ਼ਨਰ ਹੁੰਦੇ ਹਨ। ਜਿਹੜਾ ਅਫਸਰ ਆਈ. ਏ. ਐਸ. ਰੈਂਕ ਦਾ ਹੁੰਦਾ ਹੈ ਉਹ ਇਸ ਸਹੀ ਕੰਮ ਨੂੰ ਚਲਾ ਸਕਦਾ ਹੈ। ਇਨ੍ਹਾਂ ਨੇ ਇੰਮਪਰੂਵਮੈਂਟ ਟਰੱਸਟਾਂ ਨੂੰ ਇਕ ਸਿਆਸੀ ਅਖਾੜਾ ਬਣਾ ਦਿੱਤਾ ਹੈ। ਜਿਹੜੇ ਇੰਮਪਰੂਵਮੈਂਟ ਟਰੱਸਟਾਂ ਦੇ ਚੇਅਰਮੈਨ ਲਗਾਏ ਜਾਂਦੇ ਹਨ ਇਹ ਉਹ ਆਦਮੀ ਹੁੰਦੇ ਹਨ ਜਿਨ੍ਹਾਂ ਨੇ ਇਸ ਪਾਰਟੀ ਦੀ ਮਦਦ ਕੀਤੀ ਹੁੰਦੀ ਹੈ। ਇਸ ਲਈ ਇਹ ਆਦਮੀ ਪੁਲੀਟੀਕਲ ਹੁੰਦੇ ਹਨ। ਇੰਮਪਰੂਵਮੈਂਟ ਟਰੱਸਟ ਦਾ ਮਕਸਦ ਸਿਰਫ ਇਹ ਹੈ ਕਿ ਬਾਹਰ ਕੋਲੋਨੀਜ਼ ਬਣਾ ਕੇ ਦੇਣੀਆਂ ਹਨ ਅਤੇ ਵੱਡੇ ਵੱਡੇ ਪਲਾਟਸ ਆਪਣੇ ਬੰਦਿਆਂ ਨੂੰ ਦਿੰਦੇ ਹਨ। ਪਲਾਟ ਦੇ ਨਾਲ ਹੋਰ ਸਹੂਲਤਾਂ ਦਿੰਦੇ ਹਨ ਜਾਂ ਫਿਰ ਇਹ ਉਸ ਦੀ ਜ਼ਮੀਨ ਆਪਣੇ ਕਬਜ਼ੇ ਵਿਚ ਲੈਂਦੇ ਹਨ ਜਿਸ ਬਾਰੇ ਇਨ੍ਹਾਂ ਨੂੰ ਅਪਰੋਚ ਹੁੰਦੀ ਹੈ ਅਤੇ ਘੱਟ ਮੁੱਲ ਤੇ ਜ਼ਮੀਨਾਂ ਖਰੀਦ ਕੇ ਮਹਿੰਗੇ ਭਾਅ ਵੇਚੀਆਂ ਜਾਂਦੀਆਂ ਹਨ। ਜਿਹੜੀ ਇਨ੍ਹਾਂ ਨੇ ਚੇਅਰਮੈਨਾਂ ਦੀ ਮਿਆਦ 3 ਸਾਲ ਤੋਂ 2 ਸਾਲ ਕਰ ਦਿੱਤੀ ਹੈ ਇਹ ਤਾਂ ਠੀਕ ਹੈ। ਪਰ ਮੈਂ ਚਾਹੁੰਦਾ ਹਾਂ ਕਿ ਇਹ ਇੰਮਪਰੂਵਮੈਂਟ ਟਰਸਟਾਂ ਨੂੰ ਖਤਮ ਕਰ ਦੇਣਾ ਚਾਹੀਦਾ ਹੈ। ਇਸ ਦੀ ਕੋਈ ਜ਼ਰੂਰਤ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਇਮਪਰੂਵਮੈਂਟ ਟਰਸਟਾਂ ਦੇ ਚੇਅਰਮੈਨਾਂ ਦੀ ਨਿਯੁਕਤੀ ਦੇ ਵੇਲੇ ਬੜੀ ਨੱਠ ਭੱਜ ਹੁੰਦੀ ਹੈ। ਇਨ੍ਹਾਂ ਦੀ ਪਾਰਟੀ ਦੇ ਵਿਚ ਬੜੀ ਭੱਜ ਦੌੜ ਹੋਈ ਸੀ ਅਤੇ ਪਾਰਟੀ ਦੇ ਵਿਚ ਬੜਾ ਰੌਲਾ ਪਿਆ ਸੀ ਇਸ ਲਈ ਇਨ੍ਹਾਂ ਟਰੱਸਟਾਂ ਨੂੰ ਖਤਮ ਕਰ ਦੇਣਾ ਚਾਹੀਦਾ ਹੈ। ਮੈਨੂੰ ਖੰਨੇ ਦਾ ਪਤਾ ਹੈ ਉਥੇ ਜਦੋਂ ਇਮਪਰੂਵਮੈਂਟ ਟਰੱਸਟ ਦਾ ਚੇਅਰਮੈਨ ਨਿਯੁਕਤ ਕਰਨ ਦੀ ਵਾਰੀ ਆਈ ਤਾਂ ਬੜਾ ਰੌਲਾ ਪਿਆ ਸੀ ਕਿਉਂਕਿ ਇਹ ਚੇਅਰਮੈਨ ਨਾਮਜ਼ਦ ਹੁੰਦੇ ਹਨ ਇਹ ਨਾਮਜ਼ਦਗੀਆਂ ਖਤਮ ਹੋਣੀਆਂ ਚਾਹੀਦੀਆਂ ਹਨ।

1.22 p.m. | (ਇਸ ਸਮੇਂ ਸ੍ਰੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

Original with;
Punjab Vidhan Sabha
Digitized by;
Panjab Digital Library

ਇਨ੍ਹਾਂ ਇੰਪਰੂਵਮੈਂਟ ਟਰੱਸਟਾਂ ਦੇ ਵਿਚ ਖੜੀ ਕੁਰੱਪਸ਼ਨ ਹੈ ਅਤੇ ਇਹ ਇਕ ਕੁਰੱਪਸ਼ਨ ਦਾ ਅੱਡਾ ਬਣ ਗਿਆ ਹੈ। ਇਸੇ ਤਰ੍ਹਾਂ ਡੇਅਰੀ ਡਿਵੈਲਪਮੈਂਟ ਕਾਰਪੋਰੇਸ਼ਨ ਦੇ ਵਿਚ ਚੇਅਰਮੈਨ ਨੇ ਖੜੀ ਕੁਰੱਪਸ਼ਨ ਕੀਤੀ ਹੈ। (ਵਿਘਨ) ਸਪੀਕਰ ਸਾਹਿਬ ਇਹ ਗੱਲ ਇਨ੍ਹਾਂ ਦੇ ਹੱਕ ਵਿਚ ਹੈ ਕਿ ਇਨ੍ਹਾਂ ਬੋਰਡਾਂ, ਟਰੱਸਟਾਂ ਨੂੰ ਖਤਮ ਕਰ ਦੇਣ ਤਾਂ ਕਿ ਪੁਲੀਟੀਕਲੀ ਇਹ ਤੰਗ ਨਾ ਹੋਣ। ਜੇਕਰ ਰਖਣੇ ਹਨ ਤਾਂ ਇਨ੍ਹਾਂ ਨੂੰ ਚਾਹੀਦਾ ਹੈ ਕਿ ਲੋਕਾਂ ਦਾ ਰਾਜ ਕਾਇਮ ਕਰੋ ਕਿਉਂਕਿ ਇਹ ਡੈਮੋਕਰੇਸੀ ਦੇ ਬੜੇ ਹਾਮੀ ਰਹੇ ਹਨ। ਇਨ੍ਹਾਂ ਮਿਊਂਸਿਪਲ ਕਮੇਟੀਆਂ ਕਾਰਪੋਰੇਸ਼ਨ, ਟਰੱਸਟਾਂ ਦੇ ਵਿਚ ਲੋਕਾਂ ਦੇ ਪ੍ਰਤੀਨਿਧੀ ਹੋਣੇ ਚਾਹੀਦੇ ਹਨ। ਵੋਟਾਂ ਦਾ ਰਾਜ ਹੋਣਾ ਚਾਹੀਦਾ ਹੈ। ਮਾਰਕਿਟ ਕਮੇਟੀਆਂ ਦੇ ਵਿਚ ਇਲੈਕਸ਼ਨਾਂ ਹੋਣੀਆਂ ਚਾਹੀਦੀਆਂ ਹਨ। ਮਾਰਕੀਟਿੰਗ ਬੋਰਡ ਦੇ ਵਿਚ ਲੋਕਾਂ ਦੇ ਨੁਮਾਇੰਦੇ ਹੋਣੇ ਚਾਹੀਦੇ ਹਨ।

---

## EXTENSION OF TIME OF THE SITTING

**ਸ੍ਰੀ ਸਪੀਕਰ**: ਸਰਦਾਰ ਬੇਅੰਤ ਸਿੰਘ ਜੀ, ਹੁਣ ਤੁਸੀਂ ਬੈਠੋ। ਜੇਕਰ ਹਾਊਸ ਦੀ ਮਰਜ਼ੀ ਹੋਵੇ ਤਾਂ ਹਾਊਸ ਦਾ ਟਾਈਮ 15 ਮਿੰਟ ਹੋਰ ਐਕਸਟੈਂਡ ਕਰ ਦਿਤਾ ਜਾਵੇ ?

**ਅਵਾਜ਼ਾਂ**: ਹਾਂ ਜੀ।

**ਸ੍ਰੀ ਸਪੀਕਰ**: ਠੀਕ ਹੈ, ਹਾਊਸ ਦਾ ਸਮਾਂ 15 ਮਿੰਟ ਹੋਰ ਵਧਾ ਦਿੱਤਾ ਜਾਂਦਾ ਹੈ।

---

## THE PUNJAB TOWN IMPROVEMENT (AMENDMENT) BILL, 1978.

(*Resumption of discussion*)

**ਸਰਦਾਰ ਉਮਰਾਓ ਸਿੰਘ** (ਨਕੋਦਰ): ਸਪੀਕਰ ਸਾਹਿਬ ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਚੇਅਰਮੈਨ ਦੀ ਟਰਮ 3 ਸਾਲ ਤੋਂ 2 ਸਾਲ ਕਰ ਦਿੱਤੀ ਹੈ ਪਰ ਇਸ ਦਾ ਰੀਜ਼ਨ ਬਿਲ ਦੇ ਵਿਚ ਨਹੀਂ ਦਿੱਤਾ ਗਿਆ। ਇਸ ਦੀ ਵਜ੍ਹਾ ਕੀ ਹੈ ? ਜੇਕਰ ਇਨ੍ਹਾਂ ਦੀ ਮਨਸ਼ਾ ਸਾਫ ਹੈ ਤਾਂ ਫਿਰ ਦੱਸ ਦੇਣ। ਕੀ ਇਨ੍ਹਾਂ ਨੇ ਐਸਾ ਤਾਂ ਨਹੀਂ ਕਰਨਾ ਕਿ ਜਿਹੜੇ ਪਰਾਣੇ ਚੇਅਰਮੈਨ ਲਗੇ ਹੋਏ ਹਨ ਉਨ੍ਹਾਂ ਨੂੰ ਹਟਾਉਣ ਦੇ ਲਈ ਕੀਤਾ ਜਾ ਰਿਹਾ ਹੋਵੇ ਤਾਂਕਿ ਹਟਾਏ ਜਾ ਸਕਣ ਔਰ ਉਸ ਤੋਂ ਬਾਅਦ ਆਪਣੇ ਲਗਾਏ ਹੋਏ ਚੇਅਰਮੈਨਾਂ ਨੂੰ ਫਿਰ ਨਿਯੁਕਤ ਕੀਤਾ ਜਾ ਸਕੇ। ਜੇਕਰ ਸਰਕਾਰ ਦੀ ਇਹ ਮਨਸ਼ਾ ਹੈ ਤਾਂ ਇਹ ਬਿਲ ਬਹੁਤ ਮਾੜਾ ਹੈ ਅਤੇ ਸਰਕਾਰ ਦੀ ਮੈਲਾਫਾਈਡ ਇੰਟੈਂਨਸ਼ਨ ਦਾ ਪਤਾ ਲਗਦਾ ਹੈ। ਇਸ ਬਾਰੇ ਸਰਕਾਰ ਆਪਣਾ ਕਲੀਅਰ ਸਟੈਂਡ ਦੱਸ ਦੇਵੇ। ਜੇਕਰ ਟਰਮ ਹੀ 2 ਸਾਲ ਦੀ ਹੈ ਫਿਰ ਬਿਲ ਬਹੁਤ ਚੰਗਾ ਹੈ। ਪਰ ਇਸ ਕੇਸ ਦੇ ਵਿਚ ਦੁਬਾਰਾ ਚੇਅਰਮੈਨ ਨਿਯੁਕਤ ਨਹੀਂ ਕੀਤਾ ਜਾਣਾ ਚਾਹੀਦਾ। ਇਸੇ ਤਰ੍ਹਾਂ ਸ਼ਹਿਰਾਂ ਦੇ ਕੰਮ ਕਾਜ ਦੇ ਸਬੰਧ ਵਿਚ ਲੋਕਲ ਬਾਡੀਜ਼, ਅਰਬਨ ਏਰੀਆ ਡਿਵੈਲਪਮੈਂਟ, ਇੰਪਰੂਵਮੈਂਟ ਟਰੱਸਟ, ਮਿਊਂਸਿਪਲ ਕਮੇਟੀਆਂ, ਮਿਊਂਸਿਪਲ ਕਾਰਪੋਰੇਸ਼ਨਾਂ ਹੁੰਦੀਆਂ ਹਨ ਅਤੇ ਇਕ ਅਰਬਨ ਐਸਟੇਟ ਦਾ ਇਕ ਡਿਪਾਰਟਮੈਂਟ ਹੁੰਦਾ ਹੈ। ਇਕ ਹਾਊਸਿੰਗ ਬੋਰਡ ਹੁੰਦਾ ਹੈ ਜਿਹੜਾ ਸ਼ਹਿਰਾਂ ਦੇ ਵਿਚ ਮਕਾਨ ਬਣਾ ਕੇ ਦਿੰਦਾ ਹੈ। ਇਕ ਮਹਿਕਮਾ ਕਾਲੋਨਾਈਜ਼ੇਸ਼ਨ ਦਾ ਹੁੰਦਾ ਹੈ ਜਿਹੜਾ ਮੰਡੀਆਂ ਬਣਾ ਕੇ ਦਿੰਦਾ ਹੈ। ਕਈ ਜਗ੍ਹਾ ਕਾਲੋਨਾਈਜ਼ੇਸ਼ਨ ਡਿਪਾਰਟਮੈਂਟ ਅਤੇ ਇੰਮਪਰੂਵਮੈਂਟ ਟਰੱਸਟ ਵਾਲੇ ਆਪਣੀ ਆਪਣੀ ਵੱਖਰੀ ਮੰਡੀ ਬਣਾ ਦਿੰਦੇ ਹਨ। ਜਿਸ ਤਰ੍ਹਾਂ ਅੰਮ੍ਰਿਤਸਰ ਦੇ ਵਿਚ ਹੈ। ਮੇਰੀ ਅਰਜ਼ ਇਹ ਹੈ ਕਿ ਇਸ ਡੁਪਲੀਕੇਸੀ ਨੂੰ ਖਤਮ ਕਰਨ ਲਈ ਇਕ ਡਿਪਾਰਟਮੈਂਟ ਨੂੰ ਕੰਮ ਦੇ ਦੇਣਾ ਚਾਹੀਦਾ ਹੈ ਤਾਕਿ ਉਹ ਇਕੱਲਾ ਹੀ ਡੀਲ ਕਰ ਸਕੇ।

Original with;
Punjab Vidhan Sabha
Digitized by;
Panjab Digital Library

**ਸ੍ਰੀ ਰਮੇਸ਼ ਚੰਦਰ** (ਜਲੰਧਰ ਉਤਰ) : ਸਪੀਕਰ ਸਾਹਿਬ, ਮੈਂ ਇਸ ਬਿਲ ਦਾ ਸਮਰਥਨ ਕਰਨ ਲਈ ਖੜਾ ਹੋਇਆ ਹਾਂ। ਇਹ ਇਕ ਐਸਾ ਕਦਮ ਸਾਡੀ ਸਰਕਾਰ ਨੇ ਚੁੱਕਿਆ ਹੈ ਕਿ ਚੇਅਰਮੈਨਾਂ ਦੀ ਟਰਮ ਨੂੰ ਲਿਮਟ ਕੀਤਾ ਜਾ ਸਕੇ। ਮੁਖਾਲਫਿਤ ਕਰਨ ਵਾਲੇ ਇਸ ਬਿਲ ਦਾ ਮਤਲਬ ਹੋਰ ਲੈਂਦੇ ਹਨ। ਅਗਰ ਕੋਈ ਚੇਅਰਮੈਨ ਚੰਗਾ ਕੰਮ ਕਰੇ ਤਾਂ ਉਸ ਦੀ ਟਰਮ ਨੂੰ ਵਧਾ ਦੇਣਾ ਚਾਹੀਦਾ ਹੈ ਔਰ ਜੇਕਰ ਠੀਕ ਨਹੀਂ ਕੰਮ ਚਲਾ ਸਕਦਾ ਤਾਂ ਉਸ ਨੂੰ ਹਟਾਇਆ ਵੀ ਜਾ ਸਕਦਾ ਹੈ। ਮੈਂ ਸਮਝਦਾ ਹਾਂ ਕਿ ਇਹ ਗੱਲ ਠੀਕ ਵੀ ਹੈ। ਮੈਂ ਇਕ ਦੋ ਸੁਜੇਸ਼ਨਾਂ ਦੇਣਾ ਚਾਹੁੰਦਾ ਹਾਂ ਕਿ ਕੋਈ ਵੀ ਇੰਮਪਰੂਵਮੈਂਟ ਟਰੱਸਟ ਦੇ ਟਰੱਸਟੀ ਨੂੰ ਰਿਜ਼ਰਵਡ ਪ੍ਰਾਈਸ ਤੇ ਪਲਾਟ ਲੈਣ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ। ਇਹ ਗੱਲ ਕਾਂਗਰਸ/ ਰਾਜ ਦੇ ਵਿਚ ਤਾਂ ਚਲਦੀ ਰਹੀ ਹੈ। ਕਿਉਂਕਿ 1955 ਦੇ ਵਿਚ ਮੈਂ ਵੀ ਟਰੱਸਟ ਦਾ ਮੈਂਬਰ ਰਿਹਾ ਹਾਂ। ਉਸ ਵਕਤ ਤਾਂ ਨਹੀਂ ਸੀ ਪਰ ਉਸ ਤੋਂ ਬਾਅਦ ਇਹ ਗੱਲਾਂ ਚਲ ਪਈਆਂ ਸਨ। ਟਰੱਸਟ ਦੇ ਮੈਂਬਰ ਅਤੇ ਚੇਅਰਮੈਨ ਨੂੰ ਟਰੱਸਟ ਦੀ ਪਰਾਪਰਟੀ ਖਰੀਦਣ ਦਾ ਰਾਈਟ ਨਹੀਂ ਹੋਣਾ ਚਾਹੀਦਾ ਹੈ। ਕਿਉਂਕਿ ਪਹਿਲੇ ਗੌਰਮਿੰਟ ਸੈਂਕਸ਼ਨ ਦੇ ਦਿੰਦੀ ਸੀ ਔਰ ਚੇਅਰਮੈਨ ਜਾਂ ਮੈਂਬਰ ਟਰੱਸਟ ਦੀ ਪਰਾਪਰਟੀ ਖਰੀਦ ਸਕਦਾ ਹੈ। ਇਸ ਨੂੰ ਬਿਲਕੁਲ ਬੰਦ ਕਰ ਦੇਣਾ ਚਾਹੀਦਾ ਹੈ। ਕਾਂਗਰਸ ਦੇ ਰਾਜ ਵਿਚ ਟਰਸਟੀਆਂ ਨੇ ਬੜੇ ਵੱਡੇ ਵੱਡੇ ਪਲਾਟ ਸਸਤੇ ਭਾਅ ਤੇ ਖਰੀਦੇ ਸਨ ਅਤੇ ਬੜੀ ਘਪਲੇਬਾਜ਼ੀ ਕੀਤੀ ਸੀ। ਇਸ ਨੂੰ ਰੋਕਣ ਲਈ ਸਰਕਾਰ ਨੂੰ ਜ਼ਰੂਰ ਯਤਨ ਕਰਨੇ ਚਾਹੀਦੇ ਹਨ ਤਾਕਿ ਟਰੱਸਟ ਦੇ ਵਿਚ ਕੁਰੱਪਸ਼ਨ ਨਾ ਫੈਲ ਸਕੇ। ਦੂਸਰੀ ਗੱਲ ਇਹ ਹੈ ਕਿ ਇਸ ਦੇ ਵਿਚ ਬਹੁਤ ਵੱਡਾ ਨੁਕਸ ਹੈ ਕਿ ਟਰੱਸਟ ਦੀਆਂ ਸਕੀਮਾਂ ਨੂੰ ਸਿਰੇ ਨਹੀਂ ਚੜ੍ਹਨ ਦਿੱਤਾ ਜਾਂਦਾ। ਜਦੋਂ ਕੋਈ ਏਰੀਆ ਨੋਟੀਫਾਈ ਕਰਦੇ ਹਨ ਉਸ ਨੋਟੀਫਾਈਡ ਏਰੀਆ ਦੇ ਵਿਚ ਟਰੱਸਟ ਦੇ ਕੋਲ ਇਖਤਿਆਰ ਨਹੀਂ ਹੁੰਦਾ ਕਿ ਉਹ ਨਜਾਇਜ਼ ਕਿਸਮ ਦੀ ਕੰਸਟਰਕਸ਼ਨ ਰੋਕ ਸਕੇ। ਪਰ ਉਸ ਇਲਾਕੇ ਦੇ ਲੋਕ ਨੋਟੀਫਾਈਡ ਏਰੀਆ ਹੋਣ ਦੇ ਬਾਅਦ ਵੀ ਨਜਾਇਜ਼ ਕਿਸਮ ਦੀ ਕੰਸਟਰਕਸ਼ਨ ਕਰ ਲੈਂਦੇ ਹਨ। ਕਿਉਂਕਿ ਨੋਟੀਫਾਈਡ ਏਰੀਆ ਦਾ ਅਮਲ ਕਾਫੀ ਦੇਰ ਤਕ ਨਹੀਂ ਹੁੰਦਾ ਫਿਰ ਬਾਅਦ ਵਿਚ ਇੰਮਪਰੂਵਮੈਂਟ ਟਰੱਸਟ ਨੂੰ ਬਿਲਡਿੰਗਾਂ ਦੀ ਐਡਜਸਟਮੈਂਟ ਕਰਨੀ ਪੈਂਦੀ ਹੈ। ਐਡਜਸਟ ਕਰਨ ਤੋਂ ਬਾਅਦ ਜਿਹੜੀ ਸਕੀਮ ਬਣਾਈ ਹੁੰਦੀ ਹੈ ਉਹ ਸਾਰੀ ਦਰਹਮ ਬਰਹਮ ਹੋ ਜਾਂਦੀ ਹੈ। ਨੋਟੀਫਾਈਡ ਏਰੀਆ ਕਰਨ ਤੋਂ ਬਾਅਦ ਟਰੱਸਟ ਨੂੰ ਇਖਤਿਆਰ ਦੇ ਦੇਣੇ ਚਾਹੀਦੇ ਹਨ ਕਿ ਉਸ ਪੀਰੀਅਡ ਦੇ ਵਿਚ ਕੋਈ ਅਨ-ਅਥੋਰਾਈਜ਼ ਕੰਸਟਰਕਸ਼ਨ ਦੀ ਇਜਾਜ਼ਤ ਨਾ ਦੇਵੇ ਅਤੇ ਰੋਕ ਸਕੇ। ਤੀਸਰੀ ਗੱਲ ਇਹ ਹੈ ਕਿ ਨੋਟੀਫਾਈਡ ਏਰੀਆ ਨੂੰ ਇੰਮਪਰੂਵਮੈਂਟ ਟਰੱਸਟ ਉਸ ਦੀ ਦੇਖ ਭਾਲ ਨਹੀਂ ਕਰਦਾ ਜਦ ਤਕ ਕੋਈ ਫੈਸਲਾ ਨਹੀਂ ਹੁੰਦਾ। ਨਾ ਹੀ ਮਿਉਂਸਿਪਲ ਕਮੇਟੀ ਵਾਲੇ ਕਰਦੇ ਹਨ ਕਿਉਂਕਿ ਉਹ ਕਹਿੰਦੇ ਹਨ ਕਿ ਸਾਡੇ ਹੱਥੋਂ ਇਹ ਕਬਜ਼ਾ ਨਿਕਲ ਗਿਆ ਹੈ ਅਸੀਂ ਸਫਾਈ ਵਗੈਰਾ ਨਹੀਂ ਕਰਨੀ ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਗੰਦ ਬਹੁਤ ਪੈ ਜਾਂਦਾ ਹੈ ਲੋਕਾਂ ਨੂੰ ਤੰਗੀ ਹੁੰਦੀ ਹੈ। ਜਦ ਤਕ ਉਹ ਸਕੀਮ ਚਾਲੂ ਨਹੀਂ ਹੁੰਦੀ ਕਈ ਵਾਰ ਇਸ ਸਕੀਮ ਨੂੰ 2-3 ਜਾਂ 5 ਸਾਲ ਤਕ ਲਗ ਜਾਂਦੇ ਹਨ। ਲੋਕਾਂ ਨੂੰ ਤੰਗੀ ਹੁੰਦੀ ਹੈ। ਜਿਹੜੀ ਸਕੀਮ ਨੋਟੀਫਾਈਡ ਕਰੋ ਉਸ ਦੀ ਸਫਾਈ ਅਤੇ ਦੇਖ ਭਾਲ ਦਾ ਪ੍ਰਬੰਧ ਪਹਿਲੇ ਹੋ ਜਾਣਾ ਚਾਹੀਦਾ ਹੈ।

**ਸ੍ਰੀ ਓਮ ਪ੍ਰਕਾਸ਼ ਭਾਰਦਵਾਜ** (ਪਠਾਨਕੋਟ) : ਸਪੀਕਰ ਸਾਹਿਬ ਇਹ ਜਿਹੜਾ ਬਿਲ ਹਾਊਸ ਦੇ ਸਾਹਮਣੇ ਪੇਸ਼ ਹੈ, ਇਸ ਦੇ ਸਬੰਧ ਵਿਚ ਮੇਰਾ ਇਕ ਸਵਾਲ ਵੀ ਸੀ ਪਰ ਉਸ ਦਾ ਜਵਾਬ ਹੁਣ ਮੈਂ ਸਰਕਾਰ ਤੋਂ ਲੈਣਾ ਚਾਹੁੰਦਾ ਹਾਂ ਕਿ ਤੁਸੀਂ ਇੰਮਪਰੂਵਮੈਂਟ ਟਰੱਸਟ ਦੇ ਚੇਅਰਮੈਨ ਦੀ ਮਿਆਦ 3 ਸਾਲ ਤੋਂ 2 ਸਾਲ ਕਰ ਦਿਤੀ ਹੈ। ਪਰ ਮੈਂ ਇਥੇ ਪਠਾਨਕੋਟ ਇੰਮਪਰੂਵਮੈਂਟ ਟਰੱਸਟ ਦੀ ਗੱਲ ਕਰਾਂਗਾ ਕਿ ਉਥੇ ਉਨ੍ਹਾਂ ਕੋਲ 140 ਸਲਮਜ਼ ਕਲੀਅਰੈਂਸ ਲਈ ਸਨ ਜਿਸ ਦੇ ਵਿਚ 123 ਦੀ ਕੰਸਟਰਕਸ਼ਨ ਹੋ ਗਈ ਹੈ। ਇਹ ਕੰਸਟਰਕਸ਼ਨ 1970 ਤੋਂ ਲੈ ਕੇ 1977 ਤਕ ਹੁੰਦੀ ਰਹੀ ਹੈ। ਅੱਜ ਤਕ ਨਾ ਕਿਸੇ ਨੂੰ ਉਹ ਅਲਾਟ ਕੀਤੇ ਗਏ ਹਨ ਨਾਂ ਹੀ ਕੋਈ ਆਰਡਰਜ਼ ਇਸ ਬਾਰੇ ਹੋਏ ਹਨ ਜਿਸ ਦੇ ਕਾਰਨ ਲੱਖਾਂ ਰੁਪਏ ਦਾ

Original with;
Punjab Vidhan Sabha
Digitized by;
Panjab Digital Library

ਨੁਕਸਾਨ ਹੋਇਆ ਹੈ। ਉਥੇ ਜੋ ਟਰੱਸਟ ਦਾ ਚੇਅਰਮੈਨ ਹੈ ਉਸ ਦੇ ਖਿਲਾਫ ਐਕਸ਼ਨ ਹੋਣਾ ਚਾਹੀਦਾ ਹੈ। ਇਸ ਦੇ ਨਾਲ ਸਪੀਕਰ ਸਾਹਿਬ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਬਹੁਤ ਸਾਰੇ ਪੈਸੇ ਦਾ ਲੋਕਾਂ ਦਾ ਨੁਕਸਾਨ ਹੋਇਆ ਹੈ।

ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਇਹ ਬਿਲ ਅੱਛਾ ਹੈ। ਜਿਸ ਢੰਗ ਨਾਲ ਇਹ ਲਿਆਂਦਾ ਗਿਆ ਹੈ, ਉਸ ਨਾਲ ਲੋਕਾਂ ਦੀਆਂ ਤਕਲੀਫਾਂ ਦੂਰ ਹੋਣਗੀਆਂ। ਸਪੀਕਰ ਸਾਹਿਬ, ਇਕ ਗੱਲ ਵਲ ਧਿਆਨ ਰੱਖਣਾ ਚਾਹੀਦਾ ਹੈ ਕਿ ਪਿੱਛੇ 1964-65 ਤੋਂ ਲੈ ਕੇ 13, 13 ਸਾਲ ਚੇਅਰਮੈਨ ਰਹੇ। ਕਾਫੀ ਸਮਾਂ ਹੋ ਗਿਆ ਹੈ, ਨੋਟੀਫਾਈ ਕੀਤੇ ਨੂੰ, ਪਰ ਅਜੇ ਤੱਕ ਕੋਈ ਵੀ ਸਕੀਮ ਸਿਰੇ ਨਹੀਂ ਚੜ੍ਹੀ। ਜੇ ਕਰ ਇਹ ਕਹੋ ਕਿ ਇਹ ਸਕੀਮ ਨੋਟੀਫਾਈ ਕਰ ਦਿੱਤੀ ਹੈ ਤਾਂ ਕੋਈ ਜਵਾਬ ਨਹੀਂ। ਇਹੀ ਪਿਛੇ ਕਾਂਗਰਸੀ ਭਰਾਵਾਂ ਦਾ ਹਾਲ ਸੀ। ਸਪੀਕਰ ਸਾਹਿਬ, ਵਿਦਿਨ ਟਾਈਮ ਕੋਈ ਵੀ ਸਕੀਮ ਸਿਰੇ ਨਹੀਂ ਚੜ੍ਹੀ ਜਿਸ ਨਾਲ ਲੋਕਾਂ ਨੂੰ ਬੜੀ ਤਕਲੀਫ ਹੋਈ ਹੈ। ਇਸ ਵਾਸਤੇ ਸਪੀਕਰ ਸਾਹਿਬ, ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਇਸ ਬਿਲ ਦੀ ਪੁਸ਼ਟੀ ਕਰਦਾ ਹਾਂ ਅਤੇ ਇਹ ਮੰਗ ਕਰਦਾ ਹਾਂ ਕਿ ਹਾਊਸ ਨੂੰ ਇਹ ਬਿਲ ਯੂਨਾਨੀਮਸਲੀ ਪਾਸ ਕਰਨਾ ਚਾਹੀਦਾ ਹੈ।

(ਇਸ ਵੇਲੇ ਮਾਨਯੋਗ ਕਾਮਰੇਡ ਸੱਤ ਪਾਲ ਡਾਂਗ ਬੋਲਣ ਲਈ ਖੜ੍ਹੇ ਹੋਏ)

**Mr. Speaker** : There is another Bill which is to be passed. We will record your sentiments that two years are not sufficient. (interruptions)

ਡਾਂਗ ਸਾਹਿਬ, ਸਰਦਾਰ ਉਮਰਾਓ ਸਿੰਘ ਜੀ ਨੇ ਤੁਹਾਡੇ ਹੱਕ ਦੀ ਗੱਲ ਕਹੀ ਹੈ। ਤੁਸੀਂ ਅਗਲੇ ਬਿੱਲ ਤੇ ਬੋਲ ਲੈਣਾ ਜੋ ਕਿ ਬੜਾ ਇੰਪਾਰਟੈਂਟ ਹੈ। ਇਹ ਬਿੱਲ ਤਾਂ ਬਹੁਤ ਸਿੰਪਲ ਹੈ।

**ਵਿੱਤ ਮੰਤਰੀ** (ਸਰਦਾਰ ਬਲਵੰਤ ਸਿੰਘ) : ਸਪੀਕਰ ਸਾਹਿਬ, ਇਹ ਬੜਾ ਸਿੰਪਲ ਬਿੱਲ ਹੈ। ਚੇਅਰਮੈਨ ਦੀ ਮਿਆਦ ਤਿੰਨ ਸਾਲ ਦੀ ਬਜਾਏ ਦੋ ਸਾਲ ਕਰ ਦਿੱਤੀ ਗਈ ਹੈ, ਪਰ ਕੋਈ ਜ਼ਰੂਰੀ ਨਹੀਂ। ਸਪੀਕਰ ਸਾਹਿਬ, ਜਿਹੜਾ ਚੇਅਰਮੈਨ ਚੰਗਾ ਹੋਵੇ, ਉਸ ਨੂੰ ਦੋਬਾਰਾ ਵੀ ਚੇਅਰਮੈਨ ਬਣਾਇਆ ਜਾ ਸਕਦਾ ਹੈ। ਸਰਦਾਰ ਰਾਜਿੰਦਰ ਸਿੰਘ ਬੜੇ ਅੱਛੇ ਆਦਮੀ ਹਨ, ਭਾਵੇਂ ਉਹ ਪੁਲਿਟੀਕਲੀ ਕਾਂਗਰਸੀ ਹੀ ਹਨ ਪਰ ਇਹ ਧਿਆਨ ਵਿਚ ਰਖਦੇ ਹੋਏ ਕਿ ਉਨ੍ਹਾਂ ਦਾ ਕੰਮ ਬਹੁਤ ਚੰਗਾ ਹੈ, ਇਸ ਲਈ ਉਨ੍ਹਾਂ ਦੀ ਦੋ ਸਾਲ ਦੀ ਹੋਰ ਟਰਮ ਵਧਾ ਦਿੱਤੀ ਹੈ। ਸਪੀਕਰ ਸਾਹਿਬ, ਮੈਂ ਚਾਹੁੰਦਾ ਹਾਂ ਕਿ ਅੱਛੇ ਬੰਦੇ ਰਖੇ ਜਾਣ ਇਸ ਕਰ ਕੇ ਇਹ ਬਿਲ ਲਿਆਂਦਾ ਗਿਆ ਹੈ। ਜੋ ਸ੍ਰੀ ਰਮੇਸ਼ ਜੀ ਨੇ ਰਾਏ ਦਿੱਤੀ ਹੈ, ਕਿ ਰਿਜ਼ਰਵ ਪ੍ਰਾਈਸ ਤੇ ਪਲਾਟ ਲੈਣ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ, ਮੈਂ ਉਸ ਦੇ ਨਾਲ ਇਤਫਾਕ ਕਰਦਾ ਹਾਂ ਔਰ ਅਸੀਂ ਐਗਜ਼ੈਕਟਿਵ ਨੂੰ ਇਨਸਟਰੱਕਸ਼ਨਜ਼ ਜਾਰੀ ਕਰ ਦੇਵਾਂਗੇ।

ਦੂਜਾ ਨੋਟੀਫਿਕੇਸ਼ਨ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਅਸੀਂ ਕੋਸ਼ਿਸ਼ ਕਰਾਂਗੇ ਕਿ ਜਦੋਂ ਨੋਟੀਫਾਈ ਹੋਵੇਗਾ ਤਾਂ ਸਾਰੇ ਮਿਲ ਕੇ ਅਤੇ ਆਪੋਜ਼ੀਸ਼ਨ ਦੇ ਲੀਡਰ ਨਾਲ ਮਿਲ ਕੇ ਕੰਮ ਸ਼ੁਰੂ ਕਰਾਂਗੇ। ਪਿੱਛੇ ਇਸ ਤਰ੍ਹਾਂ ਹੁੰਦਾ ਰਿਹਾ ਹੈ। ਨੋਟੀਫਿਕੇਸ਼ਨ ਦਾ ਕੰਮ 15---20 ਸਾਲਾਂ ਤਕ ਸ਼ੁਰੂ ਹੀ ਨਹੀਂ ਹੋਇਆ। ਸਾਡੇ ਜਲੰਧਰ ਦੇ ਵਿਚ ਇਕ ਸਕੀਮ ਸੀ। (ਵਿਘਨ) ਸਪੀਕਰ ਸਾਹਿਬ, ਪਿਛੇ ਕੰਮ ਉਥੇ ਹੋਇਆ ਨਹੀਂ। ਇਸ ਲਈ ਹੁਣ ਇਹ ਜਿਹੜਾ ਬਿਲ ਹੈ, ਇਹ ਹਾਊਸ ਨੂੰ ਯੂਨੇਨੀਮਸਲੀ ਪਾਸ ਕਰ ਦੇਣਾ ਚਾਹੀਦਾ ਹੈ।

**ਸਰਦਾਰ ਸਰੂਪ ਸਿੰਘ** : ਸਪੀਕਰ ਸਾਹਿਬ, ਜਿਸ ਤਰ੍ਹਾਂ ਲੁੱਟ ਨੂੰ ਖਤਮ ਕਰਨ ਵਾਸਤੇ ਚੇਅਰਮੈਨ ਦੀ ਮਿਆਦ ਹੁਣ ਦੋ ਸਾਲ ਕੀਤੀ ਹੈ। ਇਸੇ ਤਰ੍ਹਾਂ ਉਥੇ ਜਿਹੜੇ ਇੰਜੀਨੀਅਰਜ਼ ਕਈ ਸਾਲਾਂ ਤੋਂ ਬੈਠੇ ਹਨ ਔਰ ਲੁੱਟ ਘਸੁੱਟ ਕਰਦੇ ਹਨ, ਕੀ ਉਨ੍ਹਾਂ ਦੀ ਮਿਆਦ ਵੀ ਦੋ ਸਾਲ ਕਰ ਦਿੱਤੀ ਜਾਏਗੀ ?

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ**: ਇਹ ਗੱਲ ਇਸ ਦੇ ਵਿਚ ਕਵਰ ਨਹੀਂ ਹੋ ਰਹੀ।

**ਵਿੱਤ ਮੰਤਰੀ**: ਸਪੀਕਰ ਸਾਹਿਬ, ਜੇ ਇੰਜੀਨੀਅਰਜ਼ ਦੇ ਖਿਲਾਫ ਕੋਈ ਸ਼ਿਕਾਇਤ ਹੋਵੇ ਤਾਂ ਦੱਸ ਦੇਣ।

**ਸ੍ਰੀ ਹਰਬੰਸ ਲਾਲ ਖੰਨਾ**: ਪੁਆਇੰਟ ਆਫ ਇਨਫਰਮੇਸ਼ਨ, ਸਰ। ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਜਿਹੜੇ ਨਵੇਂ ਚੇਅਰਮੈਨ ਹੋਣਗੇ, ਉਨ੍ਹਾਂ ਨੂੰ ਰਿਜ਼ਰਵ ਕੋਟੇ ਦੇ ਵਿਚੋਂ ਕੋਈ ਪਲਾਟ ਨਹੀਂ ਦਿੱਤਾ ਜਾਏਗਾ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਪਲਾਟ ਪਹਿਲਾਂ ਲੈ ਗਏ ਹਨ, ਕੀ ਉਨ੍ਹਾਂ ਬਾਰੇ ਕੁਝ ਕਰਨਗੇ ?

**ਸ੍ਰੀ ਸਪੀਕਰ**: ਖੰਨਾ ਜੀ, ਤੁਸੀਂ ਪੁਆਇੰਟ ਆਫ ਇਨਫਰਮੇਸ਼ਨ ਬਿਲ ਦੇ ਮੁਤਲਕ ਪੁੱਛੋ। There is no provision for the ex-Chairmen and Trustees. It is not relevant.

**ਕਾਮਰੇਡ ਸੱਤ ਪਾਲ ਡਾਂਗ**: ** ** **

**Mr. Speaker**: That is not relevant. I am sorry, I disallow it.

**Mr. Speaker**: Question is—

That the Punjab Town Improvement (Amendment) Bill be taken into consideration at once.

*The motion was carried unanimously.*

**Mr. Speaker**: Now the House will consider the Bill Clause by Clause.

If the House agrees, all the Clauses of the Bill be put to the vote of the House together.

(**Voices**: *Yes, yes*).

**Sub-Clause (2) of Clause 1, Clauses 2, 3, 4, 5, and Sub-Clause (1) of Clause 1.**

**Mr. Speaker**: Question is—

That Sub-Clause (2) of Clause 1, Clauses 2, 3, 4, 5 and Sub-Clause (1) of Clause 1 stand part of the Bill.

*The motion was carried unanimously.*

**TITLE**

**Mr. Speaker**: Question is—

That Title be the Title of the Bill.

*The motion was carried unanimously.*

**Finance Minister** (Sardar Balwant Singh): Sir, I beg to move—

That the Punjab Town Improvement (Amendment) Bill be passed.

**Mr. Speaker**: Motion moved—

That the Punjab Town Improvement (Amendment) Bill be passed.

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**Mr. Speaker** : Question is—

That the Punjab Town Improvement (Amendment) Bill be passed.

*The motion was carried unanimously.*

---

## RESOLUTION UNDER ARTICLE 213(2) (a) OF THE CONSTITUTION OF INDIA DISAPPROVING THE PUNJAB MUNICIPAL CORPORATION (AMENDMENT) ORDINANCE, 1978 (PUNJAB ORDINANCE NO. 10 OF 1978)

## AND

## THE PUNJAB MUNICIPAL CORPORATION (AMENDMENT) BILL, 1978

**Mr. Speaker :** Shri Om Parkash Gupta has given notice of Resolution disapproving the Punjab Municipal Corporation (Amendment) Ordinance, 1978 (Punjab Ordinance No. 10 of 1978).

If the House agrees, the notice of the Resolution disapproving the Ordinance and the consideration motion of the Punjab Municipal Corporation (Amendment) Bill 1978 be discussed together and voted upon separately.

(*Voices : Yes, yes*).

**Shri Om Parkash Gupta** (Ludhiana East) : Sir, I beg to move—

That this House disapproves the Punjab Municipal Corporation (Amendment) Ordinance, 1978 (Punjab Ordinance No. 10 of 1978).

ਮੈਂ, ਸਪੀਕਰ ਸਾਹਿਬ, ਬੇਨਤੀ ਕਰਦਾ ਹਾਂ ਕਿ ਵਜ਼ੀਰ ਸਾਹਿਬ ਨੇ ਕਿਹਾ ਸੀ ਕਿ ਅਸੀਂ ਪਾਵਰਜ਼ ਡੀਸੈਂਟਰੇਲਾਈਜ਼ ਕਰਾਂਗੇ । ਇਕ ਅਮੈਂਡਮੈਂਟ ਲਿਆਂਦੀ ਹੈ ਜਿਸ ਨਾਲ ਕਾਰਪੋਰੇਸ਼ਨ ਦੇ ਮੁਲਾਜ਼ਮਾਂ ਦੀਆਂ ਸਾਰੀਆਂ ਪਾਵਰਾਂ ਆਪਣੇ ਕੋਲ ਸਰਕਾਰ ਨੇ ਲੈ ਲਈਆਂ ਹਨ । ਇਸ ਨਾਲ, ਜਿਹੜੇ ਪੁਰਾਣੇ ਮੁਲਾਜ਼ਮ ਦਸ, ਦਸ ਵੀਹ, ਵੀਹ ਸਾਲਾਂ ਤੋਂ ਕਨਫਰਮ ਕੀਤੇ ਗਏ ਹਨ, ਹੁਣ ਸਰਕਾਰ ਜੈਦੋਂ ਵੀ ਚਾਹੇਗੀ ਜਾਂ ਜੇਕਰ ਕੋਈ ਅਫਸਰ ਰਿਪੋਰਟ ਕਰੇ ਕਿ ਫਲਾਣਾ ਚੰਗਾ ਨਹੀਂ ਹੈ ਤਾਂ ਉਸ ਨੂੰ ਨੌਕਰੀ ਵਿਚੋਂ ਕੱਢ ਦਿਤਾ ਜਾਵੇਗਾ । ਸਪੀਕਰ ਸਾਹਿਬ, ਟ੍ਰਿਬਿਊਨ ਅਖਬਾਰ ਵਿਚ ਇਹ ਖਬਰ ਛਪੀ ਹੈ ।

'Service matters concerning the following officials are now proposed to be handled directly by the State Government.

ਸਪੀਕਰ ਸਾਹਿਬ, ਕੁਝ ਅਫਸਰਾਂ ਦੇ ਨਾਂ ਦੱਸੇ ਹਨ । ਹੁਣ ਕਾਰਪੋਰੇਸ਼ਨਾਂ ਕਿਸ ਤਰ੍ਹਾਂ ਚਲਣਗੀਆਂ । ਜਿਹੜੇ ਕਾਬਲ ਅਤੇ ਜ਼ਿਮੇਵਾਰ ਅਫਸਰ ਹਨ ਉਨ੍ਹਾਂ ਨੂੰ ਪੁਲੀਟੀਕਲ ਕਨਸਿਡਰੇਸ਼ਨਜ਼ ਤੇ ਟਰਾਂਸਫਰ ਕਰਨਗੇ ਅਤੇ ਦੂਜੀਆਂ ਕਾਰਪੋਰੇਸ਼ਨਾਂ ਦੇ ਵਿਚ ਭੇਜ ਦਿਆ ਕਰਨਗੇ । ਸਪੀਕਰ, ਸਾਹਿਬ ਉਸ ਕਾਰਪੋਰੇਸ਼ਨ ਕੋਲ ਕੀ ਰਹਿ ਜਾਏਗਾ ? ਜਿਹੜਾ ਕਮਿਸ਼ਨਰ ਹੈ, ਉਸ ਦੇ ਕੋਲ ਹੁਣ ਕੀ ਰਹਿ ਗਿਆ ਹੈ ? ਹੁਣੇ ਹੀ ਪਿਛੇ ਜਿਹੇ ਇਕ ਟਰਾਂਸਫਰ ਹੋ ਗਈ ਹੈ । ਮੈਂ ਸਪੀਕਰ ਸਾਹਿਬ, ਇਹ ਬੇਨਤੀ ਕਰਦਾ ਹਾਂ

Original with;
Punjab Vidhan Sabha
Digitized by;
Panjab Digital Library

[ਸ੍ਰੀ ਓਮ ਪ੍ਰਕਾਸ਼ ਗੁਪਤਾ]

ਕਿ ਇਸ ਅਮੈਂਡਮੈਂਟ ਦੀ ਬਜਾਏ ਇਨ੍ਹਾਂ ਨੂੰ ਚਾਹੀਦਾ ਸੀ ਕਿ ਜਿਹੜੇ ਵੀ ਮੈਂਬਰ ਆਉਣ, ਉਹ ਅੱਛੀ ਤਰ੍ਹਾਂ ਨਾਲ ਕਰਮਚਾਰੀਆਂ ਦੇ ਕੰਮ ਨੂੰ ਵੇਖ ਸਕਣ। ਇਹ ਪਾਵਰ ਸਰਕਾਰ ਦੇ ਕੋਲ ਨਹੀਂ ਜਾਣੀ ਚਾਹੀਦੀ। ਇਥੇ ਕਾਰਪੋਰੇਸ਼ਨ ਐਕਟ ਬਣੇ ਹਨ। ਦੋ ਸਾਲ ਹੋ ਗਏ ਹਨ ਉਨ੍ਹਾਂ ਨੇ ਕਿਹਾ ਸੀ ਕਿ ਇਕ ਸਾਲ ਦੇ ਅੰਦਰ ਇਲੈਕਸ਼ਨਜ਼ ਕਰਾਵਾਂਗੇ । ਹੁਣ ਟ੍ਰਿਬਿਊਨ ਮਿਤੀ 10 ਅਗਸਤ, 1978 ਦਾ ਹਵਾਲਾ ਦੇ ਕੇ ਮੈਂ ਦਸਦਾ ਹਾਂ :

> "It is believed that the Urban component of the Janata Party is pressurising the Local Bodies Department not to hold elections now because the Party is not prepard to face the electorates. Although the Local Bodies Department is reported to have suggested the first week of December for holding the elections, objections have been raised by the urban component of the Janata Party."

ਇਹ ਕੁਝ ਹੋ ਰਿਹਾ ਹੈ। ਇਸ ਵਾਸਤੇ ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਨੂੰ ਦਸਦਾ ਹਾਂ ਕਿ ਇਹ ਨਿਰੰਕਾਰੀਆਂ ਦੇ ਮਾਮਲੇ ਵਿਚ ਘਿਰ ਗਏ ਹਨ । ਇਹ ਹੁਣ ਥੱਲੇ ਆ ਗਏ ਹਨ ਔਰ ਜਵਾਬ ਨਹੀਂ ਦੇ ਸਕਦੇ। ਇਸ ਵਾਸਤੇ ਹੀ ਇਹ ਇਲੈਕਸ਼ਨਜ਼ ਨਹੀਂ ਕਰਾਉਣਾ ਚਹੁੰਦੇ (ਵਿਘਨ) । ਇਸ ਵਾਸਤੇ ਅਮੈਂਡਮੈਂਟ ਤਾਂ ਇਹ ਲਿਆਉਣੀਆਂ ਚਾਹੀਦੀਆਂ ਸਨ ਕਿ ਜਿਹੜੀਆਂ ਕਾਰਪੋਰੇਸ਼ਨਜ਼ ਬਣਾਈਆਂ ਗਈਆਂ ਹਨ, ਇਹ ਇਕ ਵੱਡਾ ਸਿਟੀ ਬਨਣਾ ਹੈ ਉਸ ਵਾਸਤੇ ਪੈਸੇ ਕਿਸ ਤਰ੍ਹਾਂ ਨਾਲ ਇਕੱਠੇ ਕੀਤੇ ਜਾਣਗੇ ; ਔਰ ਕਿੱਥੋਂ ਇਕੱਠੇ ਕੀਤੇ ਜਾਣਗੇ ਇਸ ਵਾਸਤੇ ਕਾਰਪੋਰੇਸ਼ਨ ਕੋਲ ਕੋਈ ਪ੍ਰੋਵੀਜ਼ਨ ਨਹੀਂ **ਹੈ**। ਅਮੈਂਡਮੈਂਟ ਇਸ ਵਾਸਤੇ ਚਾਹੀਦੀ ਸੀ (ਵਿਘਨ) ਲੋਕਲ ਐਂਟਰਟੇਨਮੈਂਟ ਟੈਕਸ ਕਾਰਪੋਰੇਸ਼ਨ ਵਿਚ ਆ ਜਾਣਾ ਚਾਹੀਦਾ **ਹੈ** । ਇਸੇ ਤਰ੍ਹਾਂ ਹੀ ਲੋਕਲ ਟਰਾਂਸਪੋਰਟ ਤੋਂ ਆਮਦਨ ਕਾਰਪੋਰੇਸ਼ਨ **ਨੂੰ** ਮਿਲਣੀ ਚਾਹੀਦੀ **ਹੈ,** ਟੋਕਨ ਟੈਕਸ ਕਾਰਪੋਰੇਸ਼ਨ ਨੂੰ ਮਿਲਣਾ ਚਾਹੀਦਾ ਹੈ ਤਾਂ ਕਿ ਕਾਰਪੋਰੇਸ਼ਨ ਜਿਸ ਨੇ ਕਿ 7 ਲੱਖ ਦੀ ਆਬਾਦੀ ਨੂੰ ਡਿਵੈਲਪ ਕਰਨਾ ਹੈ, ਉਸ ਨੂੰ ਚੰਗੀ ਤਰ੍ਹਾਂ ਨਾਲ ਡਿਵੈਲਪ ਕਰ ਸਕੇ । ਪਰ ਇਸ ਦੀ ਬਜਾਏ ਇਨ੍ਹਾਂ ਨੇ ਉਲਟ ਕੰਮ ਕੀਤਾ **ਹੈ**। ਉਹ ਇਹ ਕਿ ਜਿਹੜੇ ਥੋੜ੍ਹੇ ਬਹੁਤ ਕਰਮਚਾਰੀ ਅੱਗੇ ਕੰਮ ਕਰਦੇ ਸਨ ਉਹ ਵੀ ਵਾਪਸ ਲਿੱਤੇ ਜਾਣ ਦਾ ਕੰਮ ਕੀਤਾ **ਹੈ**।

## EXTENSION OF TIME OF THE SITTING

**ਸ੍ਰੀ ਸਪੀਕਰ** : ਮੈਨੂੰ ਲਗਦਾ **ਹੈ** ਕਿ ਹਾਊਸ ਦਾ ਸਮਾਂ 15 ਮਿੰਟਾਂ ਲਈ ਹੋਰ ਵਧਾਉਣਾ ਪੈਣਾ **ਹੈ**। ਦੋ ਮਸਲੇ ਹੋਰ ਪਏ ਹਨ। 15 ਮਿੰਟਾਂ ਲਈ ਹਾਊਸ ਹੋਰ ਵਧਾ ਲਈਏ ਤਾਂ ਕੋਈ ਇਤਰਾਜ਼ ਵਾਲੀ ਗੱਲ ਤਾਂ ਨਹੀਂ ਹੋਵੇਗੀ।

(ਆਵਾਜ਼ਾਂ : ਹਾਂ ਜੀ, ਹਾਂ ਜੀ, ਵਧਾ ਦਿਓ)

ਹਾਊਸ ਦਾ ਸਮਾਂ 15 ਮਿੰਟ ਹੋਰ, 2.00 ਵਜੇ ਤੱਕ ਵਧਾਇਆ ਜਾਂਦਾ **ਹੈ**।

## RESOLUTION UNDER ARTICLE 213(2)(a) OF THE CONSTITUTION OF INDIA DISAPPROVING THE PUNJAB MUNICIPAL CORPORATION (AMENDMENT) ORDINANCE, 1978 (PUNJAB ORDINANCE NO. 10 OF 1978) AND THE PUNJAB MUNICIPAL CORPORATION (AMENDMENT) BILL, 1978

*(Resumption of discussion)*

**Mr. Speaker** : Motion moved—

That this House disapproves the Punjab Municipal Corporation (Amendment) Ordinance, 1978 (Punjab Ordinance No. 10 of 1978).

Original with;
Punjab Vidhan Sabha
Digitized by;
Panjab Digital Library

**Finance Minister (Sardar Balwant Singh) :** Sir, I beg to introduce the Punjab Municipal Corporation (Amendment) Bill.

Sir, I also beg to move—

That the Punjab Municipal Corporation (Amendment) Bill be taken into consideration at once.

**Mr. Speaker :** Motion moved—

That the Punjab Municipal Corporation (Amendment) Bill be taken into consideration at once.

**Sri A. Vishwanathan** (Ludhiana West) : Mr. Speaker, I disapprove the resolution disapproving the Ordinance and support the Punjab Municipal Corporation (Amendment) Bill. All the same I wish to remind this August House that when we were in Jail, the members who are disapproving this amendment, now, hastened through a carbon copy of the Act which they borrowed from Delhi or elsewhere. Certain Corporations have been created in the Punjab State. Now we are facing many difficulties. The majority of the employees of the Corporation are going to be appointed by the Directorate with the result that the Commissioners of the Corporations or the elected Members of the Corporations will neither be appointing authority nor punishing authority with the result that corrupt officials cannot be dealt with and Municipal Corporations are going to become hot-beds of corruption, on which the Corporation will have no control. This defect will have to be removed.

The second thing is whoever heard of Improvement Trusts within the Corporation limits. Take for example, Banglore, Madras, Calcutta, Delhi. Wherever there is a Corporation, there is no Improvement Trust. It is essentially the job of the Corporation to see that well-planned, neat, clean, and sanitary colonies come up that there are good marketing and shopping centres. I congratulate the Local Bodies Minister that he has constituted an Advisory Body for all these Corporations. He should call a conference of all the Members of the Advisory Bodies so that all the lacunae which have been left by persons sitting on the other side are removed.

My next point is that the Corporations have to do a lot of work. There are P.W.D. roads running through the Corporation limits, there are canal colonies within the limits of the Corporation there are railway colonies, then there are postal colonies within the limits of the Corporation. There are so many colonies and so many roads within the Corporation's limit. What I suggest is when a conference of all the Members of the Advisory Body is called they should overhaul the entire Conception of a corporation of the previous Government. All these powers should be vested in the Corporation. They should also be provided money. Out of Entertainment Tax and certain other taxes certain portion should be given to the Corporations. In Banglore colleges where 5000 students are studying are being run by the Corporation. Similarly Corporations are also running Youth Hostels. The question of providing financial resources to them has to be examined.

Original with;
Punjab Vidhan Sabha
Digitized by;
Panjab

[Shri A. Vishwanathan]

Then there is question of electricity. The Corporation deposits money with the Electricity Board but the Electricity Board neither puts up posts nor provides wire nor bulbs with the result that the entire brunt of the people's wrath has to be borne by the Corporation. I know there are limitations under the Indian Electricity Act. Sub-licencees cannot be given licenses. Here the licensee is the Punjab State Electricity Board. We can be agents of the Punjab State Electricity Board. But they are doing certain things without consulting us. What I want to say is that the entire Corporation Act requires to be renovated and overhauled. I have requested the Local Bodies Minister to call a meeting of all the Members of the Advisory Bodies of all the Corporations to overhaul it so that the Corporations can discharge their functions properly.

**ਸ਼੍ਰੀ ਓਮ ਪ੍ਰਕਾਸ਼ ਗੁਪਤਾ**: ਮੈਂ ਆਪਣੀ ਮੋਸ਼ਨ ਵਿਦਡਰਾਅ ਕਰਦਾ ਹਾਂ ਬਸ਼ਰਤੇ ਕਿ ਜੋ ਸ਼੍ਰੀ ਵਿਸ਼ਵਨਾਥਨ ਜੀ ਨੇ ਕਿਹਾ ਹੈ ਉਹ ਮੰਨ ਲਉ। ਜੇ ਵਿਸ਼ਵਨਾਥਨ ਜੀ ਦੀ ਗੱਲ ਮੰਨ ਲਉ ਤਾਂ ਮੈਂ ਆਪਣੀ ਮੋਸ਼ਨ ਵਾਪਿਸ ਲੈਂਦਾ ਹਾਂ।

**ਕਾਮਰੇਡ ਸੱਤ ਪਾਲ ਡਾਂਗ** (ਅੰਮ੍ਰਿਤਸਰ ਪੱਛਮ): ਸਪੀਕਰ ਸਾਹਿਬ, ਇਹ ਜਿਹੜਾ ਬਿੱਲ ਲਿਆਂਦਾ ਗਿਆ ਹੈ, ਉਸ ਤੋਂ ਪਹਿਲਾਂ ਆਰਡੀਨੈਂਸ ਹੋਇਆ ਹੈ। ਆਰਡੀਨੈਂਸ ਉਦੋਂ ਲਿਆਉਣ ਦੀ ਲੋੜ ਪੈਂਦੀ ਹੈ ਜਦੋਂ ਕਿ ਅਸੰਬਲੀ ਸੈਸ਼ਨ ਵਿਚ ਨਾ ਹੋਵੇ। ਇਸ ਗੱਲ ਦਾ ਆਰ-ਡੀਨੈਂਸ ਹੋਇਆ ਕਿ ਤਿੰਨ ਸਿਟੀਜ਼: ਅੰਮ੍ਰਿਤਸਰ, ਜਲੰਧਰ ਔਰ ਲੁਧਿਆਣਾ ਦੇ ਨਾਲ ਲਗਦੀਆਂ ਸਿਟੀਜ਼ ਦੀਆਂ ਲੋਕਲ ਅਥਾਰਿਟੀਜ਼ ਨੂੰ ਇਨ੍ਹਾਂ ਕਾਰਪੋਰੇਸ਼ਨਾਂ ਵਿਚ ਲਿਆਉਣਾ ਹੈ। ਅਗਰ ਇਸ ਤਰ੍ਹਾਂ ਕਰਨਾ ਹੈ ਤਾਂ ਉਨ੍ਹਾਂ ਸਿਟੀਜ਼ ਦੇ ਅਥਾਰਿਟੀਜ਼ ਦੇ ਮੁਲਾਜ਼ਮ ਜਿਹੜੇ ਹੋਣਗੇ ਉਨ੍ਹਾਂ ਦੀ ਕਾਰਪੋਰੇਸ਼ਨ ਵਿਚ ਕੀ ਪੁਜ਼ੀਸ਼ਨ ਹੋਵਗੀ ?

ਇਹ ਕਹਿੰਦੇ ਹਨ ਕਿ ਕਾਰਪੋਰੇਸ਼ਨ ਐਕਟ ਵਿਚ ਪਹਿਲਾਂ ਇਹ ਨਹੀਂ ਸੀ ਔਰ ਇਸ ਦੇ ਲਈ ਹੁਣ ਪਰੋਵੀਜ਼ਨ ਕਰਨੀ ਹੈ। ਸਪੀਕਰ ਸਾਹਿਬ, ਕਿਉਂਕਿ ਇਹ ਇਕ ਲੋਕਲ ਬਾਡੀ ਨੂੰ ਕਾਰ-ਪੋਰੇਸ਼ਨ ਵਿਚ ਮਿਲਾਉਣਾ ਚਾਹੁੰਦੇ ਸਨ ਇਸ ਕਰਕੇ ਇਨ੍ਹਾਂ ਨੇ ਅਸੰਬਲੀ ਦੇ ਸੈਸ਼ਨ ਦੀ ਇੰਤਜਾਰ ਵੀ ਨਹੀਂ ਕੀਤੀ ਅਤੇ ਆਰਡੀਨੈਂਸ ਜਾਰੀ ਕੀਤਾ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਆਰ-ਡੀਨੈਂਸ ਜਾਰੀ ਕਰਕੇ ਇਹ ਕਿਸ ਤਰ੍ਹਾਂ ਪਾਵਰ ਨੂੰ ਮਿਸਯੂਜ਼ ਕਰਨਾ ਚਾਹੁੰਦੇ ਹਨ। ਉਸ ਆਰ-ਡੀਨੈਂਸ ਹੇਠ ਉਨ੍ਹਾਂ ਨੇ ਕੋਈ ਐਕਸ਼ਨ ਨਹੀਂ ਲਿਆ। ਜੇ ਐਕਸ਼ਨ ਨਹੀਂ ਸੀ ਲੈਣਾ ਤਾਂ ਕਿਉਂ ਆਰਡੀਨੈਂਸ ਕੀਤਾ। ਬਿੱਲ ਸੈਸ਼ਨ ਵਿਚ ਆ ਸਕਦਾ ਸੀ। ਇਹ ਜਿਹੜਾ ਹੁਣ ਇਹਨਾਂ ਨੇ ਬਿੱਲ ਲਿਆਂਦਾ ਹੈ ਇਸ ਰਾਹੀਂ ਜਿਹੜੀਆਂ ਦੋ ਤਿੰਨ ਕਾਰਪੋਰੇਸ਼ਨਜ਼ ਹਨ, ਉਥੇ ਨਾਲ ਲਗਦੀਆਂ ਜਿਹੜੀਆਂ ਲੋਕਲ ਬਾਡੀਜ਼ ਹਨ ਉਨ੍ਹਾਂ ਨੂੰ ਕਾਰਪੋਰੇਸ਼ਨ ਵਿਚ ਲਿਆਉਣਾ ਚਾਹੁੰਦੇ ਹਨ। ਇਸੇ ਕਰਕੇ ਇਨ੍ਹਾਂ ਨੇ ਆਰਡੀਨੈਂਸ ਕਰਕੇ ਛੇਹਰਟਾ ਮਿਉਂਸੀਪਲ ਕਮੇਟੀ ਤੋੜੀ ਹੈ। ਇਹ ਉਸ ਨੂੰ ਅੰਮ੍ਰਿਤਸਰ ਕਾਰਪੋਰੇਸ਼ਨ ਵਿਚ ਪਾਉਣਾ ਚਾਹੁੰਦੇ ਸਨ। ਇਨ੍ਹਾਂ ਦੀ ਇਹ ਇਨਟੈਨਸ਼ਨ ਸੀ ਅਤੇ ਇਸੇ ਕਰਕੇ ਆਰਡੀਨੈਂਸ ਜਾਰੀ ਕੀਤਾ ਗਿਆ ਸੀ। ਮੈਂ ਇਸ ਦੀ ਬੈਕਗਰਾਉਂਡ ਦੱਸਣਾ ਚਾਹੁੰਦਾ ਹਾਂ। ਜਦੋਂ ਕਾਰਪੋਰੇਸ਼ਨ ਐਕਟ ਨਹੀਂ ਸੀ ਬਣਿਆ ਤਾਂ ਮਿਉਂਸਪਲ ਐਕਟ ਦੇ ਹੇਠਾਂ ਇਨ੍ਹਾਂ ਦੀ ਸਰਕਾਰ ਨੇ ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਦੀ ਮਿਉਂਸੀਪਲ ਲਿਮਿਟਸ ਨੂੰ ਐਕਸਟੈਂਡ ਕਰਨ ਲਈ ਆਬਜੈਕਸ਼ਨ ਇਨਵਾਈਟ ਕੀਤਾ। ਇਸ ਬਾਰੇ ਛੇਹਰਟਾ ਮਿਉਂਸਪਲ ਕਮੇਟੀ ਨੇ ਆਬਜੈਕਸ਼ਨ ਰੇਜ਼ ਕੀਤਾ। ਉਹ ਹਾਈ ਕੋਰਟ ਵਿਚ ਚਲੇ ਗਏ। ਹਾਈ ਕੋਰਟ ਨੇ

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਨੂੰ ਸਟੇਅ ਦੇ ਦਿੱਤੀ ਕਿਉਂਕਿ ਇਨ੍ਹਾਂ ਦਾ ਐਕਸ਼ਨ ਇੱਲੀਗਲ ਸੀ। ਬਹੁਤ ਸਾਰੇ ਲੋਕਾਂ ਨੇ ਇਤਰਾਜ਼ ਭੇਜੇ। ਪਰ ਇਸ ਗੌਰਮਿੰਟ ਨੇ ਹਾਈ ਕੋਰਟ ਦੇ ਵਿਚ ਸਟੇਟਮੈਂਟ ਦਿੱਤੀ ਕਿ ਅਸੀਂ ਛੇਹਰਟਾ ਨੂੰ ਅੰਮ੍ਰਿਤਸਰ ਕਾਰਪੋਰੇਸ਼ਨ ਵਿਚ ਸ਼ਾਮਲ ਨਹੀਂ ਕਰਾਂਗੇ। (ਵਿਘਨ) ਫਿਰ ਜਦ ਇਨ੍ਹਾਂ ਨੇ ਕਾਰਪੋਰੇਸ਼ਨ ਬਣਾਈ ਤਾਂ ਛੇਹਰਟਾ ਨੂੰ ਕਾਰਪੋਰੇਸ਼ਨ ਵਿਚ ਸ਼ਾਮਲ ਕਰਨ ਵਾਸਤੇ ਲੋਕਾਂ ਤੋਂ ਆਬਜੈਕਸ਼ਨ ਮੰਗੇ। ਇਸ ਤੇ ਹਰ ਵੋਟਰ ਨੇ ਆਬਜੈਕਸ਼ਨ ਭੇਜੇ। ਇਨ੍ਹਾਂ ਨੇ ਲਾਅ ਡਿਪਾਰਟਮੈਂਟ ਨੂੰ ਪੁੱਛਿਆ। ਲਾਅ ਡਿਪਾਰਟਮੈਂਟ ਨੇ ਕਿਹਾ ਕਿ ਆਬਜੈਕਸ਼ਨ ਵੈਲਿਡ ਹੈ। ਫਿਰ ਇਹ ਚੀਜ਼ ਹਾਈ ਕੋਰਟ ਵਿਚ ਚੈਲੰਜ ਹੋਈ। ਫਿਰ ਇਨ੍ਹਾਂ ਨੇ ਕਿਹਾ ਕਿ ਅਸੀਂ ਇਸ ਵਿਚ ਤਰਮੀਮ ਕਰਾਂਗੇ। ਇਹ ਛੇਹਰਟਾ ਨੂੰ ਅੰਮ੍ਰਿਤਸਰ ਕਾਰਪੋਰੇਸ਼ਨ ਵਿਚ ਮਿਲਾਉਣ ਦੀ ਕੋਸ਼ਿਸ਼ ਕਰ ਰਹੇ ਹਨ। (ਵਿਘਨ) ਮੈਂ ਬੇਨਤੀ ਕਰਾਂਗਾ ਕਿ ਜਿੱਥੋਂ ਤੱਕ ਛੇਹਰਟਾ ਦੀ ਕਮੇਟੀ ਦਾ ਸਵਾਲ ਹੈ, ਮੈਂ ਐਫ. ਐਮ. ਅਤੇ ਸੀ. ਐਮ. ਸਾਹਿਬ ਨੂੰ ਕਿਹਾ ਕਿ ਤੁਸੀਂ ਉਥੇ ਵੋਟਾਂ ਪਵਾ ਲਵੋ। ਜੇ ਲੋਕੀਂ ਕਾਰਪੋਰੇਸ਼ਨ ਵਿਚ ਜਾਣ ਲਈ ਤਿਆਰ ਹੋਣ ਫਿਰ ਤਾਂ ਠੀਕ ਹੈ ਪਰ ਜੇ ਉਹ ਨਹੀਂ ਜਾਣਾ ਚਾਹੁੰਦੇ ਤਾਂ ਉਨ੍ਹਾਂ ਨੂੰ ਜ਼ਬਰਦਸਤੀ ਕਾਰਪੋਰੇਸ਼ਨ ਵਿਚ ਨਹੀਂ ਲਿਆਉਣਾ ਚਾਹੀਦਾ। ਜੇ ਇਨ੍ਹਾਂ ਨੇ ਵੋਟਾਂ ਨਹੀਂ ਪੁਆਉਣੀਆਂ ਤਾਂ ਮੈਂ ਬੇਨਤੀ ਕਰਾਂਗਾ ਕਿ ਛੇਹਰਟਾ ਨੂੰ ਅੰਮ੍ਰਿਤਸਰ ਕਾਰਪੋਰੇਸ਼ਨ ਵਿਚ ਲਿਆਉਣ ਵਾਸਤੇ ਰੈਫਰੈਂਡਮ ਕਰਵਾ ਲਵੋ, ਸਰਵੇ ਕਰਵਾ ਲਵੋ ਅਤੇ ਪਤਾ ਕਰ ਲਵੋ ਕਿ ਕਾਰ-ਪੋਰੇਸ਼ਨ ਦੇ ਬਾਰੇ ਉਥੋਂ ਦੇ ਲੋਕਾਂ ਦੀ ਕੀ ਰਾਏ ਹੈ। ਉਥੋਂ ਦੇ ਲੋਕੀਂ ਕਹਿੰਦੇ ਹਨ ਕਿ ਸਾਨੂੰ ਇਹ ਕਮੇਟੀ ਚੰਗੀ ਹੈ ਅਤੇ ਸਾਨੂੰ ਵੱਖਰਾ ਹੀ ਰਹਿਣ ਦਿਓ। ਜੇ ਇਹ ਕਹਿੰਦੇ ਹਨ ਕਿ ਉਹ ਲੋਕੀਂ ਕਹਿੰਦੇ ਹਨ ਕਿ ਸਾਨੂੰ ਕਾਰਪੋਰੇਸ਼ਨ ਵਿਚ ਜਾਣਾ ਪਸੰਦ ਹੈ ਤਾਂ ਫਿਰ ਇਹ ਵੋਟਾਂ ਕਿਉਂ ਨਹੀਂ ਪਵਾ ਲੈਂਦੇ। ਰੈਫਰੈਂਡਮ ਕਿਉਂ ਨਹੀਂ ਕਰਦੇ। (ਵਿਘਨ) ਇਹ ਕਿਸ ਕਿਸਮ ਦੀ ਜਮਹੂਰੀਅਤ ਹੈ। ਇਹ ਜਿਹੜਾ ਇਨ੍ਹਾਂ ਨੇ ਆਰਡੀਨੈਂਸ ਕੀਤਾ, ਇਹ ਪਾਵਰ ਨੂੰ ਮਿਸਯੂਜ਼ ਕਰਨ ਵਾਸਤੇ ਕੀਤਾ ਗਿਆ। ਪਰ ਉਸ ਦੇ ਹੇਠ ਐਕਸ਼ਨ ਨਹੀਂ ਲੈ ਸਕੇ। ਇਸ ਬਿੱਲ ਪਿੱਛੇ ਇਨ੍ਹਾਂ ਦੀ ਮੈਲਾਫਾਈਡ ਇੰਟੈਨਸ਼ਨ ਸੀ। ਇਨ੍ਹਾਂ ਕੋਲ ਹੋਰ ਕੋਈ ਆਰਗੂਮੈਂਟ ਨਹੀਂ। ਇਨ੍ਹਾਂ ਕੋਲ ਇਹ ਆਰਗੂਮੈਂਟ ਹੈ ਕਿ ਜਨਤਾ ਪਾਰਟੀ ਵਾਲੇ ਇਸ ਤਰ੍ਹਾਂ ਕਹਿੰਦੇ ਹਨ। ਮੈਂ ਇਸ ਬਿੱਲ ਦੀ ਮੁਖ਼ਾਲਫਤ ਕਰਦਾ ਹਾਂ।

**ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦੱਖਣ):** ਇਹ ਜਿਹੜੀ ਮਿਉਂਸੀਪਲ ਕਾਰਪੋਰੇਸ਼ਨ ਐਕਟ ਦੇ ਵਿਚ ਅਮੈਂਡਮੈਂਟ ਲਿਆਂਦੀ ਗਈ ਹੈ, ਇਸ ਦੇ ਬਾਰੇ ਡਾਂਗ ਸਾਹਿਬ ਨੇ ਨਤੀਜਾ ਕੱਢਿਆ ਹੈ ਕਿ ਇਹ ਸਿਰਫ ਉਨ੍ਹਾਂ ਵਾਸਤੇ ਹੀ ਹੈ ਅਤੇ ਹੋਰ ਕਿਸੇ ਦਾ ਇਸ ਨਾਲ ਸਬੰਧ ਨਹੀਂ ਹੈ। ਫਿਰ ਉਨ੍ਹਾਂ ਨੇ ਰੈਫਰੈਂਡਮ ਦਾ ਜ਼ਿਕਰ ਕੀਤਾ ਹੈ। ਇਸ ਦੇ ਵਿਚ ਕੋਈ ਐਸੀ ਗੱਲ ਨਹੀਂ ਹੈ। ਇਹ ਇਨ੍ਹਾਂ ਨੇ ਖਿਆਲੀ ਗੱਲ ਕੀਤੀ ਹੈ। ਜੇ ਛੇਹਰਟਾ ਦੇ ਲੋਕ ਕਾਰ-ਪੋਰੇਸ਼ਨ ਦੇ ਦਰਜੇ ਵਿਚ ਆ ਜਾਣਗੇ, ਏ ਕਲਾਸ ਵਿਚ ਆ ਜਾਣਗੇ ਤਾਂ ਕੀ ਉਨ੍ਹਾਂ ਲੋਕਾਂ ਦਾ ਦਰਜਾ ਘੱਟ ਜਾਵੇਗਾ? ਜੇ ਸੈਕੰਡ ਕਲਾਸ ਦੀ ਕਮੇਟੀ ਫਸਟ ਕਲਾਸ ਦੀ ਕਮੇਟੀ ਵਿਚ ਆ ਜਾਵੇ ਤਾਂ ਉਸਨੂੰ ਸਾਰੀਆਂ ਫਸਟ ਕਲਾਸ ਕਮੇਟੀ ਵਾਲੀਆਂ ਅਮੈਨਿਟੀਜ਼ ਮਿਲਣਗੀਆਂ। ਜੇ ਸੈਕੰਡ ਕਲਾਸ ਕਮੇਟੀ ਦੇ ਮੁਲਾਜ਼ਮ ਫਸਟ ਕਲਾਸ ਕਮੇਟੀ ਵਿਚ ਆ ਜਾਣ ਅਤੇ ਉਨ੍ਹਾਂ ਨੂੰ 'ਏ' ਕਲਾਸ ਕਮੇਟੀ ਦੀਆਂ ਸਾਰੀਆਂ ਫੈਸਿਲਿਟੀਜ਼ ਮਿਲ ਜਾਣ ਤਾਂ ਕੀ ਉਨ੍ਹਾਂ ਨੂੰ ਕੋਈ ਨੁਕਸਾਨ ਹੋਵੇਗਾ? ਜੇ ਛੇਹਰਟੇ ਦੇ ਲੋਕ ਕਾਰਪੋਰੇਸ਼ਨ ਵਿਚ ਆ ਜਾਣਗੇ ਤਾਂ ਕੀ ਉਨ੍ਹਾਂ ਦਾ ਕੋਈ

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ]

ਨੁਕਸਾਨ ਹੋਵੇਗਾ ? ਮੈਂ ਤਾਂ ਸਮਝਦਾ ਹਾਂ ਕਿ ਇਸ ਵਿਚ ਹੋਰ ਕੋਈ ਗੱਲ ਨਹੀਂ ਹੈ ਇਹ ਸਿਰਫ ਵੈਸਟਿਡ ਇੰਟਰੈਸਟ ਦੀ ਗੱਲ ਹੈ। ਇਨ੍ਹਾਂ ਦੀ ਪਾਰਟੀ ਇਸ ਤਰ੍ਹਾਂ ਦੀਆਂ ਗੱਲਾਂ ਕਰ ਰਹੀ ਹੈ। ਇਹ ਸਮਝਦੇ ਹਨ ਕਿ ਇਸ ਤਰ੍ਹਾਂ ਕਰਨ ਨਾਲ ਸਾਡੀ ਸਲਤਨਤ ਖੁਸ਼ ਜਾਣੀ ਹੈ ਅਤੇ ਇਸ ਕਰਕੇ ਇਹ ਇਸਨੂੰ ਅਪੋਜ਼ ਕਰਦੇ ਹਨ। ਦੂਜੀ ਗੱਲ ਡਾਂਗ ਸਾਹਿਬ ਇਹ ਕਰਦੇ ਹਨ ਕਿ ਮਿਉਂਸਪਲ ਕਮੇਟੀ ਦੀ ਲਿਮਿਟ ਵਧਾਉਣ ਲਗੇ ਆਬਜੈਕਸ਼ਨ ਮੰਗੇ ਸੀ ਅਤੇ ਲੋਕਾਂ ਨੇ ਇਸ ਦੀ ਵਿਰੋਧਤਾ ਕੀਤੀ ਸੀ ਅਤੇ ਇਸ ਤਰ੍ਹਾਂ ਰਿੱਟ ਹੋ ਗਈ। ਇਸ ਬਾਰੇ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਸ ਸਮੇਂ ਇਹ ਚੀਜ਼ ਇਮੈਚਿਉਰ ਸੀ । ਇਹ ਚੀਜ਼ ਉਦੋਂ ਮੈਚਿਉਰ ਨਹੀਂ ਸੀ। (ਵਿਘਨ) ਅੱਜ ਦੇਖਿਆ ਜਾਵੇ ਤਾਂ ਛੇਹਰਟਾ ਜਿਹੜਾ ਹੈ ਉਹ ਚਾਰ ਚੁਫੇਰਿਆਂ ਤੋਂ ਅੰਮ੍ਰਿਤਸਰ ਵਿਚ ਆਉਂਦਾ ਹੈ। ਛੇਹਰਟਾ ਜੀ. ਟੀ. ਰੋਡ ਤੇ ਆਉਂਦਾ ਹੈ ।

**Mr. Speaker** : Please wind up.

**ਸਰਦਾਰ ਕਿਰਪਾਲ ਸਿੰਘ** : ਫਿਰ ਇਹ ਕਿ ਛੇਹਰਟਾ ਦੇ ਕਾਰਪੋਰੇਸ਼ਨ ਵਿਚ ਆਉਣ ਨਾਲ ਉਸ ਦਾ ਸਟੇਟਸ ਵੱਧ ਜਾਣਾ ਹੈ। (ਵਿਘਨ) ਮੈਂ ਇਸ ਬਿੱਲ ਦਾ ਸਮਰਥਨ ਕਰਦਾ ਹਾਂ । ਇਹ ਬਿੱਲ ਚੰਗਾ ਹੈ।

**ਵਿੱਤ ਮੰਤਰੀ (ਸਰਦਾਰ ਬਲਵੰਤ ਸਿੰਘ)** : ਸਪੀਕਰ ਸਾਹਿਬ, ਇਹ ਬੜਾ ਇਨੋਸੈਂਟ ਜਿਹਾ ਬਿੱਲ ਹੈ। ਇਸ ਦੇ ਦੋ ਪਰਪਜ਼ ਹਨ। ਇਕ ਤਾਂ ਮੁਲਾਜ਼ਮਾਂ ਨੂੰ ਸਿਕਿਉਰਿਟੀ ਦਿੱਤੀ ਹੈ । ਇਹ ਜਿਹੜੀ ਚੀਜ਼ ਅਸੀਂ ਕੀਤੀ ਹੈ ਅਗਰ ਇਹ ਨਾ ਕਰਦੇ ਤਾਂ ਕਿਸੇ ਵੀ ਲੋਕਲ ਬਾਡੀ ਨੂੰ ਅਗਰ ਕਿਸੇ ਵੀ ਕਾਰਪੋਰੇਸ਼ਨ ਵਿਚ ਸ਼ਾਮਲ ਕਰ ਦਿੱਤਾ ਜਾਂਦਾ ਤਾਂ ਉਥੋਂ ਦੇ ਮੁਲਾਜ਼ਮਾਂ ਦੀ ਪੁਜੀਸ਼ਨ ਕੀ ਹੁੰਦੀ ? ਉਨ੍ਹਾਂ ਮੁਲਾਜ਼ਮਾਂ ਨੂੰ ਛੁੱਟੀ ਹੋ ਜਾਣੀ ਸੀ। ਇਸ ਤਰ੍ਹਾਂ ਅਸੀਂ ਮੁਲਾਜ਼ਮਾਂ ਦੀ ਸੇਫਗਾਰਡ ਕੀਤੀ ਹੈ। ਇਸ ਕੰਮ ਨੂੰ ਇਨ੍ਹਾਂ ਨੂੰ ਐਪਰੀਸ਼ੀਏਟ ਕਰਨਾ ਚਾਹੀਦਾ ਸੀ । ਇਹ ਜਿਹੜੀ ਕਮਿਸ਼ਨਰ ਦੀ ਗੱਲ ਹੈ ਉਹ ਹਾਊਸ ਟੈਕਸ ਦੀ ਅਪੀਲ ਸੁਣਦਾ ਹੈ । ਮੈਨੂੰ ਕੁਝ ਮਾਨ-ਯੋਗ ਮੈਂਬਰਾਂ ਨੇ ਕਿਹਾ ਕਿ ਕਮਿਸ਼ਨਰ ਅੰਮ੍ਰਿਤਸਰ ਹੀ ਅਪੀਲਾਂ ਸੁਣਿਆ ਕਰੇ । ਇਸ ਬਾਰੇ ਮੈਂ ਆਪਣੇ ਦੋਸਤਾਂ ਨੂੰ ਐਸੋਰੈਂਸ ਦਿਵਾਉਂਦਾ ਹਾਂ ਕਿ ਇਹ ਕੇਸਿਜ਼ ਕੋਈ ਥੋੜੇ ਤਾਂ ਨਹੀਂ ਪਰ 90 ਪ੍ਰਤੀਸ਼ਤ ਕੇਸਿਜ਼ ਅੰਮ੍ਰਿਤਸਰ ਵਿਚ ਹੀ ਸੁਣਿਆ ਕਰੇਗਾ। (ਵਿਘਨ) ਇਨ੍ਹਾਂ ਲਫਜ਼ਾਂ ਨਾਲ ਮੈਂ ਕਹਾਂਗਾ ਕਿ ਇਸ ਬਿੱਲ ਨੂੰ ਪਾਸ ਕਰ ਦਿੱਤਾ ਜਾਵੇ।

**Mr. Speaker** : Question is—

**That this House disapproves the Punjab Municipal Corporation (Amendment) Ordinance, 1978 (Punjab Ordinance No. 10 of 1978).**

*The motion was lost.*

**Mr. Speaker** : Question is—

**That the Punjab Municipal Corporation (Amendment) Bill be taken into consideration at once.**

*The motion was carried.*

**Mr. Speaker** : Now the House will proceed to consider the Bill Clause by Clause.

Original with;
Punjab Vidhan Sabha
Digitized by;
Panjab Digital Library

If the House agrees, all the Clauses of the Bill be put to the vote of the House together.

(*Voices* : *Yes, yes*).

**Sub-Clause (2) of Clause 1, Clauses 2,3,4,5, 6 and Sub-Clause (1) of Clause 1**

**Mr. Speaker** : Question is—

That Sub-clause (2) of Clause 1, Clauses 2, 3, 4, 5, 6, and Sub-Clause (1) of Clause 1 stand part of the Bill.

*The motion was carried.*

**TITLE**

**Mr. Speaker** : Question is—

That Title be the Title of the Bill.

*The motion was carried.*

**Finance Minister (Sardar Balwant Singh)** : Sir, I beg to move—

That the Punjab Municipal Corporation (Amendment) Bill be passed.

**Mr. Speaker** : Motion moved—

That the Punjab Municipal Corporation (Amendment) Bill be passed.

**Mr. Speaker** : Question is—

That the Punjab Municipal Corporation (Amendment) Bill be passed.

*The motion was carried.*

EXTENSION OF TIME OF THE SITTING

**ਸਰਦਾਰ ਉਮਰਾਓ ਸਿੰਘ** : ਸਪੀਕਰ ਸਾਹਿਬ, ਅਗਰ ਦੂਸਰੀ ਸਿਟਿੰਗ 3.00 ਵਜੇ ਕਰ ਲਈ ਜਾਵੇ ਤਾਂ ਠੀਕ ਰਹੇਗਾ ।

**ਸ੍ਰੀ ਸਪੀਕਰ** : ਉਹ ਤਾਂ ਇਕ ਘੰਟਾ ਲੇਟ ਕਰ ਲਵਾਂਗੇ। ਮੇਰਾ ਖਿਆਲ ਹੈ ਕਿ ਹੁਣ ਅਸੀਂ 15 ਮਿੰਟ ਹਾਊਸ ਦਾ ਸਮਾਂ ਹੋਰ ਵਧਾ ਲਈਏ ਕਿਉਂਕਿ ਸ੍ਰੀ ਅ. ਵਿਸ਼ਵਨਾਥਨ ਦੀ ਮੋਸ਼ਨ ਲੈਣੀ ਹੈ। (ਵਿਘਨ) Is it the pleasure of the House?

(*Voices*: Yes, yes.)

ਹਾਊਸ ਦਾ ਸਮਾਂ 15 ਮਿੰਟਾਂ ਲਈ ਵਧਾ ਦਿਤਾ ਜਾਂਦਾ ਹੈ। We will now take up discussion on Mr. A. Vishwanathan's motion.

MOTION(S) *RE.* SUSPENSION OF MEMBERS OF THE HOUSE (*Resumption*)

**ਮੁੱਖ ਮੰਤਰੀ** (ਸਰਦਾਰ ਪ੍ਰਕਾਸ਼ ਸਿੰਘ ਬਾਦਲ): ਸਪੀਕਰ ਸਾਹਿਬ, ਅੱਜ ਜੋ ਕੁਝ ਹੋਇਆ ਹੈ ਉਹ ਅਫਸੋਸਨਾਕ ਹੋਇਆ ਹੈ। ਅਸੀਂ ਕਦੇ ਵੀ ਇਹ ਨਹੀਂ ਚਾਹੁੰਦੇ ਕਿ ਅਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਤੇ ਜਾਂ ਗਰੁਪ ਤੇ ਕੋਈ ਸਖ਼ਤ ਐਕਸ਼ਨ ਲਿਆ ਜਾਵੇ ਲੇਕਿਨ ਮੈਨੂੰ ਇਹ ਗਲ ਵੀ ਬਰਦਾਸ਼ਤ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਨਹੀਂ ਹੋ ਸਕਦੀ ਕਿ ਇਸ ਹਾਊਸ ਦੇ ਡੈਕੋਰਮ ਅਤੇ ਡਿਗਨਿਟੀ ਨੂੰ ਕਾਇਮ ਨਾ ਰਖਿਆ ਜਾਵੇ ਜਾਂ ਉਹ ਗੱਲਾਂ ਇਥੇ ਹੋਣ ਜਿਨ੍ਹਾਂ ਨਾਲ ਇਸ ਹਾਊਸ ਦਾ ਡੈਕੋਰਮ ਅਤੇ ਡਿਗਨਿਟੀ ਠੀਕ ਨਾ ਹੋਵੇ। ਮੈਂ ਸਮਝਦਾ ਹਾਂ ਕਿ ਡਾਂਗ ਸਾਹਿਬ ਨੂੰ ਜਾਂ ਤਾਂ ਰਿਗਰੇਟ ਫੀਲ ਕਰਨੀ ਚਾਹੀਦੀ ਹੈ ਕਿ ਜੋ ਕੁਝ ਅੱਜ ਹੋਇਆ ਹੈ ਉਹ ਠੀਕ ਨਹੀਂ ਹੋਇਆ ਜਾਂ ਇਹ ਵੀ ਅਸ਼ੋਅਰ ਕਰਵਾ ਦੇਣ ਕਿ ਅਗੋਂ ਵਾਸਤੇ ਧਰਨੇ ਵਾਲੀ ਗਲ ਫਿਰ ਨਹੀਂ ਹੋਵੇਗੀ ਜਾਂ ਨਾਅਰੇ ਨਹੀਂ ਲਗਣਗੇ ਤਾਂ ਫਿਰ ਮੈਂ ਸਮਝਦਾ ਹਾਂ ਕਿ ਅਸੀਂ ਇਹ ਨਹੀਂ ਚਾਹੁੰਦੇ ਕਿ ਇਹ ਸੈਸ਼ਨ ਇਨ੍ਹਾਂ ਮੈਂਬਰਾਂ ਦੇ ਬਗੈਰ ਹੋਵੇ ਕਿਉਂਕਿ ਅਸੀਂ ਚਾਹੁੰਦੇ ਹਾਂ ਕਿ ਥੋੜੇ ਜਿਹੇ ਦਿਨ ਸੈਸ਼ਨ ਵਿਚ ਰਹਿ ਗਏ ਹਨ ਅਤੇ ਅਸੀਂ ਕੋਅਪਰੇਸ਼ਨ ਨਾਲ ਕੰਮ ਕਰੀਏ ਅਤੇ ਗੁਡ ਫੀਲਿੰਗਜ਼ ਨਾਲ ਵਾਪਿਸ ਜਾਈਏ ਅਤੇ ਲੋਕਾਂ ਦੀ ਸੇਵਾ ਕਰੀਏ। ਮੇਰਾ ਖਿਆਲ ਹੈ ਕਿ ਅਪੋਜ਼ੀਸ਼ਨ ਦੇ ਲੀਡਰ ਜਾਂ ਦੂਸਰੇ ਗਰੁਪਸ ਦੇ ਲੀਡਰ ਇਹ ਵੀ ਮਹਿਸੂਸ ਕਰਦੇ ਹੋਣਗੇ ਕਿ ਅਸੀਂ ਇਹੋ ਜਿਹੀਆਂ ਕਨਵੈਨਸ਼ਨਜ਼ ਇਥੇ ਛੱਡ ਜਾਈਏ ਤਾਂ ਕਿ ਅਗੇ ਵਾਸਤੇ ਜਿਹੜੇ ਮੈਂਬਰ ਸਾਹਿਬਾਨ ਇਸ ਹਾਊਸ ਵਿਚ ਆਉਣ ਉਹ ਇਹੀ ਫੀਲ ਕਰਨ ਕਿ ਇਸ ਹਾਊਸ ਦੇ ਪਹਿਲੇ ਮੈਂਬਰ ਸਾਹਿਬਾਨ ਅੱਛੀਆਂ ਕਨਵੈਨਸ਼ਨਜ਼ ਛੱਡ ਗਏ ਹਨ। ਮੈਂ ਆਸ ਕਰਦਾ ਹਾਂ ਕਿ ਡਾਂਗ ਸਾਹਿਬ ਇਸ ਚੀਜ਼ ਨੂੰ ਮਹਿਸੂਸ ਕਰਨਗੇ ਕਿ ਇਸ ਹਾਊਸ ਵਿਚ ਇਸ ਤਰ੍ਹਾਂ ਧਰਨੇ ਵਜਣ ਅਤੇ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਜ਼ੋਰ ਜ਼ੋਰ ਨਾਲ ਨਾਅਰੇ ਲਗਣ, ਇਹ ਹਾਊਸ ਦੀ ਸ਼ਾਨ ਦੇ ਖਿਲਾਫ ਹੈ। ਮੈਂ ਆਸ ਕਰਦਾ ਹਾਂ ਕਿ ਡਾਂਗ ਸਾਹਿਬ ਇਸ ਹਾਊਸ ਦੀ ਸ਼ਾਨ ਨੂੰ ਮੰਨਦੇ ਹੋਏ ਰਿਗਰੇਟ ਸ਼ੋ ਕਰਨਗੇ।

**ਕਾਮਰੇਡ ਸੱਤ ਪਾਲ ਡਾਂਗ**: ਸਪੀਕਰ ਸਾਹਿਬ, ਮੈਂ ਤੁਹਾਡੇ ਕੋਲ ਸਵੇਰੇ ਵੀ ਅਰਜ਼ ਕੀਤੀ ਸੀ ਕਿ ਮੇਰੀ ਜਾਂ ਮੇਰੀ ਪਾਰਟੀ ਦੀ ਚੇਅਰ ਦੀ ਜਾਂ ਹਾਊਸ ਦੀ ਡਿਸਰਿਸਪੈਕਟ ਕਰਨ ਦੀ ਕੋਈ ਮਨਸ਼ਾ ਨਹੀਂ ਸੀ। ਗੌਰਮਿੰਟ ਦੇ ਨਾਲ ਸਾਡਾ ਝਗੜਾ ਹੈ। ਚੇਅਰ ਦੀ ਅਸੀਂ ਪੂਰੀ ਰਿਸਪੈਕਟ ਕਰਦੇ ਹਾਂ। No dis-respect was meant in the morning also· ਔਰ ਅਗੋਂ ਸਾਡੀ ਇਹ ਪੂਰੀ ਕੋਸ਼ਿਸ਼ ਹੋਵੇਗੀ ਕਿ ਵੱਧ ਤੋਂ ਵੱਧ ਡੈਕੋਰਮ ਰਹੇ। ਝਗੜਾ ਅਗਰ ਕੋਈ ਮੈਂਬਰਜ਼ ਨੂੰ ਕਰਨਾ ਪੈਂਦਾ ਹੈ ਤਾਂ ਗੌਰਮਿੰਟ ਨਾਲ ਕਰਨਾ ਪੈਂਦਾ ਹੈ।

**ਇੱਕ ਆਵਾਜ਼**: ਜੋ ਕੁਝ ਹੋਇਆ ਹੈ ਉਸ ਦੇ ਬਾਰੇ ਤਾਂ ਕੁਝ ਨਹੀਂ ਕਿਹਾ।

**ਸ੍ਰੀ ਸਪੀਕਰ**: ਮੈਂ ਬੇਨਤੀ ਕਰਾਂਗਾ ਕਿ ਅੱਜ ਇਥੇ ਜੋ ਕੁਝ ਹੋਇਆ ਹੈ ਉਸ ਦੇ ਨਾਲ ਹਾਊਸ ਦੀ ਸ਼ੋਭਾ ਨਹੀਂ ਹੈ। ਮੈਂ ਇਸ ਗਲ ਨੂੰ ਦਿਲੋਂ ਮਹਿਸੂਸ ਕਰਦਾ ਹਾਂ। ਇਸ ਗੱਲ ਨੂੰ ਮਹਿਸੂਸ ਕਰਦਿਆਂ ਹੋਇਆਂ ਮੈਂ ਕੁਝ ਮੈਂਬਰ ਸਾਹਿਬਾਨ ਨੂੰ ਅਪੀਲ ਵੀ ਕੀਤੀ ਸੀ ਜਿਨ੍ਹਾਂ ਨੇ ਮੇਰੇ ਕਹਿਣ ਦੇ ਬਾਵਜੂਦ ਕਿ ਅਸੀਂ ਇਸ ਦੇ ਲਈ ਕੁਝ ਤਰੀਕਾ ਲਭ ਸਕਦੇ ਹਾਂ, ਜੇ ਕੋਈ ਐਸਾ ਮਸਲਾ ਹੈ ਜਿਸ ਦੇ ਵਿਚ ਪੰਜਾਬ ਦੇ ਕਿਸੇ ਵੀ ਬੰਦੇ ਦੇ ਨਾਲ ਕੋਈ ਧੱਕਾ ਹੁੰਦਾ ਹੈ ਤਾਂ ਉਸ ਨੂੰ ਵਿਚਾਰਨ ਦਾ ਕੋਈ ਹੋਰ ਤਰੀਕਾ ਲਭ ਸਕਦੇ ਹਾਂ। ਸੀ. ਐਮ. ਸਾਹਿਬ ਸਟੇਟਮੈਂਟ ਦੇਣ ਵਾਸਤੇ ਵੀ ਖੜੇ ਹੋਏ ਲੇਕਿਨ ਮੈਂ ਉਨ੍ਹਾਂ ਨੂੰ ਰੋਕਿਆ ਕਿ ਅਜੇ ਟਾਈਮ ਨਹੀਂ ਇਹ ਕਹਿੰਦੇ ਹੋਏ ਕਿ ਹਾਊਸ ਵਿਚ ਸਟੇਟਮੈਂਟ ਚੀਫ ਮਨਿਸਟਰ ਸਾਹਿਬ ਵਲੋਂ ਜਾਂ ਗੌਰਮਿੰਟ ਵਲੋਂ ਕਾਲ ਅਟੈਨਸ਼ਨ ਮੋਸ਼ਨਜ਼ ਦੇ ਮਗਰੋਂ ਹੁੰਦੀ ਹੈ, ਇਸ ਦੇ ਬਾਵਜੂਦ ਵੀ ਰੌਲਾ ਪੈਂਦਾ ਗਿਆ। ਮੈਂ ਗੱਲ ਸਾਫ਼ ਕਰ ਦੇਵਾਂ ਕਿ ਕਈ ਮੈਂਬਰ ਐਜੀਟੇਟ ਸਨ। ਪਹਿਲੀ ਦਫ਼ਾ ਐਜੀਟੇਸ਼ਨ ਫੇਸ ਕੀਤੀ ਹੈ। ਮੈਂ ਇਹ ਵੀ ਜ਼ਰੂਰ ਕਹਾਂਗਾ ਟਰੇਜ਼ਰੀ ਬੈਂਚਿਜ ਵਾਲਿਆਂ ਨੂੰ ਕਿ ਤੁਸੀਂ ਤਾਂ ਬੜੀਆਂ ਐਜੀਟੇਸ਼ਨਾਂ ਨੂੰ ਫੇਸ ਕਰਦੇ ਰਹੇ ਹੋ, ਲਗ ਭਗ 30 ਸਾਲ ਆਪੋਜ਼ੀਸ਼ਨ ਵਿਚ ਰਹੇ ਹੋ। ਤੁਹਾਨੂੰ ਡਾਂਗਾਂ ਵੀ ਖਾਣੀਆਂ ਆਉਂਦੀਆਂ

Original with;
Punjab Vidhan Sabha
Digitized by;
Panjab Digital Library

ਹਨ। ਸ਼ਾਇਦ ਇਨ੍ਹਾਂ ਦੇ ਜਜ਼ਬਾਤ ਜ਼ਿਆਦਾ ਚੰਗੀ ਤਰ੍ਹਾਂ ਸਮਝ ਸਕੋ। ਜੇ ਸਾਰਾ ਹਾਊਸ ਐਪਰੂਵ ਕਰੇ ਔਰ ਸ੍ਰੀ ਏ. ਵਿਸ਼ਵਨਾਥਨ ਜੀ ਐਪਰੂਵ ਕਰਨ ਅਤੇ ਉਹ ਚਾਹੁਣ ਤਾਂ ਇਹ ਮੋਸ਼ਨ ਵਿਦਡਰਾ ਕਰ ਲੈਣ।

---

**Sri A. Vishwanathan** : I fully agree with the very sound and sagacious advice given by you to the House and also say that we should not take State politics to the streets and bring street politics to this House. But because of a technical fault in my motion, I would like to withdraw the motion.

But all the same, I remind this Hon'ble House and Mr. Speaker that as desired by Mr. Balramji Dass Tondon, Minister for Parliamentary Affairs and just now by the Hon'ble Chief Minister, the statement of Comrade Satya Pal Dang has not given even an inkling of regret for whatever has been done. But in deference to your wishes and because of the technical fault in my resolution, I seek leave of the House to withdraw my motion.

**Mr. Speaker** : Has the honourable member leave of the House to withdraw his motion ?

(*Voices : Yes, yes*)

*The motion was with the leave of the House, withdrawn.*

**ਸਰਦਾਰ ਕਿਰਪਾਲ ਸਿੰਘ** : ਸਪੀਕਰ ਸਾਹਿਬ, ਮੈਂ ਮੂਵ ਕਰਦਾ ਹਾਂ—

(i) ਕਿ ਪੰਜਾਬ ਵਿਧਾਨ ਸਭਾ (ਪੰਜਾਬ ਲੈਜਿਸਲੇਟਿਵ ਅਸੰਬਲੀ) ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਰੂਲ 97 ਨੂੰ ਸਸਪੈਂਡ ਕੀਤਾ ਜਾਵੇ; ਅਤੇ

(ii) ਕਾਮਰੇਡ ਸੱਤ ਪਾਲ ਡਾਂਗ, ਦਰਸ਼ਨ ਸਿੰਘ ਕਨੇਡੀਅਨ, ਮਹਿਤਾਬ ਸਿੰਘ, ਬਾਬੂ ਸਿੰਘ, ਬਲਦੇਵ ਸਿੰਘ ਲੂੰਬਾ, ਦਾਨਾ ਰਾਮ ਅਤੇ ਸ੍ਰੀ ਖੁਸ਼ਹਾਲ ਬਹਿਲ, ਐਮ. ਐਲ. ਏਜ਼, ਜਿਨ੍ਹਾਂ ਨੇ ਜਾਣ ਬੁਝ ਕੇ ਹਾਊਸ ਦੀ ਕਾਰਵਾਈ ਵਿਚ ਵਿਘਨ ਪਾਇਆ ਬਾਵਜੂਦ ਕਿ ਚੇਅਰ ਦੇ ਹੁਕਮ ਦੇ, ਅਤੇ ਇਸ ਤਰ੍ਹਾਂ ਹਾਊਸ ਦੀ ਮਰਿਆਦਾ ਨੂੰ ਭੰਗ ਕੀਤਾ, ਨੂੰ ਹਾਊਸ ਦੀ ਸਰਵਿਸ ਤੋਂ ਬਾਕੀ ਦੇ ਸ਼ੈਸ਼ਨ ਲਈ ਸਸਪੈਂਡ ਕਰ ਦਿਤਾ ਜਾਵੇ।

**Mr. Speaker** : Motion moved—

(i) That rule 97 of the Rules of Procedure and Conduct of Business in the Punjab Vidhan Sabha (Punjab Legislative Assembly) be suspended; and

(ii) That Comrades Satya Pal Dang, Darshan Singh Canadian, Babu Singh, Mehtab Singh, Baldev Singh Loomba, Dana Ram and Shri Khushal Behl MLAs., who have deliberately obstructed the proceedings of the House against the repeated orders of the Chair and there by committed contempt of the House be suspended from the service of the House for the remainder of the Session.

**ਸਰਦਾਰ ਉਮਰਾਓ ਸਿੰਘ** : ਸਪੀਕਰ ਸਾਹਿਬ, ਸਵੇਰੇ ਇਕ ਮੋਸ਼ਨ ਸ੍ਰੀ ਵਿਸ਼ਵਨਾਥਨ ਜੀ ਨੇ ਪੇਸ਼ ਕੀਤੀ ਸੀ ਔਰ ਉਸ ਤੇ ਮੈਂ ਪੁਆਇੰਟ ਆਫ ਆਰਡਰ ਉਠਾਇਆ ਸੀ ਕਿ ਉਹ ਅਕਾਰਡਿੰਗ ਟੂ ਰੂਲ ਨਹੀਂ ਔਰ ਉਸ ਦੇ ਬਾਅਦ ਤੁਸੀਂ ਕੋਈ ਆਪਣਾ ਰੂਲਿੰਗ ਨਹੀਂ ਦਿਤਾ। ਉਸ ਤੇ ਬਹਿਸ ਵੀ ਹੋਈ। ਮੈਂ ਕੌਲ ਐਂਡ ਸ਼ਕਦਰ ਦਾ ਹਵਾਲਾ ਵੀ ਦਿੱਤਾ। ਹੁਣ ਉਹ ਮੋਸ਼ਨ ਵਿਦਡਰਾ ਹੋ ਗਈ ਹੈ। ਸਾਡੇ ਹਾਊਸ ਦੇ ਰੂਲਜ਼

Original with;
Punjab Vidhan Sabha
Digitized by;
Panjab Digital Library

[ਸਰਦਾਰ ਉਮਰਾਓ ਸਿੰਘ]

ਵਿਚ ਇਹ ਬੜੀ ਕਲੀਅਰ ਪ੍ਰੋਵੀਜ਼ਨ ਹੈ ਕਿ ਜਿਸ ਸਬਜੈਕਟ ਤੇ ਹਾਊਸ ਵਿਚ ਕੋਈ ਮੋਸ਼ਨ ਆ ਜਾਵੇ ਉਸ ਸਬਜੈਕਟ ਤੇ ਉਸੇ ਸੈਸ਼ਨ ਵਿਚ ਦੁਬਾਰਾ ਮੋਸ਼ਨ ਨਹੀਂ ਆ ਸਕਦੀ। ਉਸ ਸਬਜੈਕਟ ਤੇ ਦੁਬਾਰਾ ਉਸ ਸੈਸ਼ਨ ਵਿਚ ਮੋਸ਼ਨ ਨਹੀਂ ਆ ਸਕਦੀ ਜਿਹੜੀ ਕਿ ਹਾਊਸ ਡਿਸਕਸ ਕਰ ਲਵੇ, ਭਾਵੇਂ ਉਹ ਵਿਦਡਰਾ ਹੋਵੇ ਜਾਂ ਉਸ ਦਾ ਕੋਈ ਵੀ ਹਸ਼ਰ ਹੋਵੇ। ਉਹ ਮੋਸ਼ਨ ਵਿਦਡਰਾ ਹੋ ਗਈ ਹੈ ਔਰ ਹੁਣ ਸੈਕੰਡ ਮੋਸ਼ਨ ਜਿਹੜੀ ਹੈ ਉਹ ਠੀਕ ਨਹੀਂ। ਇਥੇ ਰਿਗਰੇਟ ਵੀ ਹੋ ਗਿਆ, ਸਾਰਾ ਕੁਝ ਹੋ ਗਿਆ ਹੈ।

**ਸਰਕਾਰੀ ਬੈਂਚਾਂ ਵਲੋਂ ਆਵਾਜ਼ਾਂ**: ਰਿਗਰੇਟ ਨਹੀਂ ਹੋਇਆ।

**ਸਰਦਾਰ ਉਮਰਾਓ ਸਿੰਘ**: ਸੋ ਮੇਰੀ ਇਹ ਗੁਜ਼ਾਰਿਸ਼ ਹੈ ਕਿ ਪਹਿਲੀ ਜਿਹੜੀ ਮੋਸ਼ਨ ਵਿਦਡਰਾ ਹੋ ਗਈ ਹੈ, ਵੈਸੇ ਉਹ ਐਡਮਿਟ ਵੀ ਨਹੀਂ ਸੀ ਹੋ ਸਕਦੀ। ਜੇ ਉਹ ਵਿਦਡਰਾ ਹੋ ਗਈ ਹੈ। That means that there was a motion and the motion was discussed in the House. There cannot be another motion in the same House, on the same day and in the same sitting.

**ਚੌਧਰੀ ਬਲਰਾਮ ਜਾਖੜ**: ਸਪੀਕਰ ਸਾਹਿਬ, ਚੈਂਬਰ ਵਿਚ ਅਸੀਂ ਗੱਲ ਕੀਤੀ ਬੜੀ ਸਦਭਾਵਨਾ ਨਾਲ ਔਰ ਸਾਰਾ ਮਾਮਲਾ ਖ਼ਤਮ ਹੋ ਗਿਆ। ਅਸੀਂ ਸਾਰੇ ਇਥੇ ਕਿਸ ਵਾਸਤੇ ਬੈਠੇ ਹਾਂ, ਸਾਨੂੰ ਆਪਣੇ ਫਰਜ਼ ਦਾ ਪਤਾ ਹੈ। ਕਈ ਦਫ਼ਾ ਕੋਈ ਐਸੀ ਭਾਵਨਾ ਪੈਦਾ ਹੋ ਜਾਂਦੀ ਹੈ, ਕੋਈ ਤਕਲੀਫ ਸਾਥੀਆਂ ਨੂੰ ਹੋ ਜਾਂਦੀ ਹੈ। ਲੋਕਾਂ ਦੀ ਤਕਲੀਫ ਬਾਰੇ ਕੁਝ ਜਜ਼ਬਾਤ ਉਠਦੇ ਹਨ। ਮੇਰੇ ਸਾਹਮਣੇ ਬੈਠੇ ਹੋਏ ਜਿਹੜੇ ਮੈਂਬਰਜ਼ ਹਨ ਇਹ ਵੀ ਆਪੋਜ਼ੀਸ਼ਨ ਵਿਚ ਬੈਠੇ ਸਨ ਉਨਾਂ ਨੇ ਵੀ ਇਹ ਸਾਰੇ ਕੰਮ ਕਰਕੇ ਵਿਖਾਏ ਹੋਏ ਹਨ। ਇਹ ਪੁਰਾਣੀ ਗੱਲ ਹੈ, ਇਸ ਲਈ ਇਨ੍ਹਾਂ ਨੂੰ ਇਤਨਾ ਐਜੀਟੇਟ ਹੋਣ ਦੀ ਲੋੜ ਨਹੀਂ। ਅਗਰ ਹਾਊਸ ਵਿਚ ਕੋਈ ਗਲ ਹੋਈ ਹੈ, ਉਹ ਆਪਸ ਵਿਚ ਨਿਪਟ ਲੈਣੀ ਚਾਹੀਦੀ ਹੈ। ਡਾਂਗ ਸਾਹਿਬ ਨੇ ਕਿਹਾ ਹੈ ਕਿ ਉਨ੍ਹਾਂ ਨੇ ਚੇਅਰ ਦੀ ਜਾਂ ਹਾਊਸ ਦੀ ਕੋਈ ਡਿਸਰਿਸਪੈਕਟ ਨਹੀਂ ਕੀਤੀ ਔਰ ਨਾ ਹੀ ਕੋਈ ਇਰਾਦਾ ਸੀ। ਦੋਬਾਰਾ ਇਹ ਜਿਹੜੀ ਮੋਸ਼ਨ ਲਿਆਂਦੀ ਗਈ ਹੈ, ਇਹ ਮੋਸ਼ਨ ਲਿਆਉਣਾ ਜਚਦਾ ਨਹੀਂ। ਇਸ ਹਾਊਸ ਨੇ ਸਾਨੂੰ ਨਹੀਂ ਬਣਾਇਆ ਬਲਕਿ ਜਿਹੜੇ ਅਸੀਂ ਲੋਕ ਇਥੇ ਬੈਠੇ ਹਾਂ, ਇਨ੍ਹਾਂ ਨੇ ਹਾਊਸ ਬਣਾਇਆ ਹੈ। ਗੱਲ ਕਹੀ ਗਈ ਹੈ, ਜਿਸ ਤਰ੍ਹਾਂ ਤੁਸੀਂ ਚਾਹੁੰਦੇ ਸੀ ਉਸ ਤਰ੍ਹਾਂ ਨਹੀਂ ਹੋਈ ਪਰ ਇਥੇ ਕਿਸੇ ਦੀ ਕੋਈ ਡਿਸਰੈਸਪੈਕਟ ਨਹੀਂ ਕੀਤੀ ਗਈ।

We should not go on pursuing it further and further. My friends are also elected representatives. Some people, out of sheer desperation want to take extreme measures. I have seen that the treasury benches were doing the same. Why should we take it so seriously. We should not go too far. I appeal to the House through you, Sir, that it be withdrawn.

**ਮਾਸਟਰ ਚੰਦ ਸਿੰਘ**: ਸਪੀਕਰ ਸਾਹਿਬ, ਜਿਹੜੀ ਮੋਸ਼ਨ ਸਰਦਾਰ ਕਿਰਪਾਲ ਸਿੰਘ ਨੇ ਮੂਵ ਕੀਤੀ ਹੈ, ਉਹ ਆਲਰੇਡੀ ਪ੍ਰੋਫ਼ੈਸਰ ਸਾਹਿਬ ਨੇ ਕੀਤੀ ਸੀ। ਬੜੀ ਚੰਗੀ ਗੱਲ ਹੋ ਗਈ ਸੀ ਕਿਉਂਕਿ ਸਾਰਾ ਮਸਲਾ ਤੈਅ ਹੋ ਗਿਆ ਸੀ। ਕਾਮਰੇਡ ਡਾਂਗ ਸਾਹਿਬ ਨੇ ਸਾਰੀ ਗਲ ਇਥੇ ਸਪਸ਼ਟ ਕਰ ਦਿਤੀ ਸੀ ਕਿ ਅਸੀਂ ਚੇਅਰ ਦੇ ਬਾਰੇ ਕੋਈ ਗੱਲ ਨਹੀਂ ਕਹੀ ਹੈ ਔਰ ਪ੍ਰੋਫ਼ੈਸਰ ਸਾਹਿਬ ਨੇ ਉਹ ਮੋਸ਼ਨ ਵਾਪਸ ਲੈ ਲਈ ਸੀ। ਇਸ ਤਰ੍ਹਾਂ ਨਾਲ ਮੈਂ ਸਮਝਦਾ ਹਾਂ ਕਿ ਜੇ ਕੋਈ ਚੀਜ਼ ਅਸੰਬਲੀ ਵਿਚ ਹੋਵੇ ਅਤੇ ਉਹ ਆਪਸ ਵਿਚ ਨਿਪਟਾ ਜਾਏ ਤਾਂ ਬਹੁਤ ਅੱਛੀ ਹੁੰਦੀ ਹੈ। ਇਸ ਕਰਕੇ ਜੋ ਗਲ ਬਾਤ ਸਾਰੇ ਸਾਥੀਆਂ ਨੇ ਕੀਤੀ ਸੀ ਅਤੇ

Original with;
Punjab Vidhan Sabha
Digitized by;
Panjab Digital Library

ਪਾਸ ਹੋ ਗਈ ਸੀ, ਉਹ ਇਕ ਚੰਗੀ ਗਲ ਹੋਈ ਸੀ। ਹੁਣ ਇਸ ਤਰ੍ਹਾਂ ਸਸਪੈਨਸ਼ਨ ਕਰਨੀ ਬਹੁਤ ਚੰਗੀ ਗੱਲ ਨਹੀਂ। ਮੈਂ ਸਮਝਦਾ ਹਾਂ ਕਿ ਇਹ ਭਰਾ (ਕਾਂਗਰਸ ਵਲ ਇਸ਼ਾਰਾ) ਤਾਂ ਹੁਣ ਤਕ ਇਹ ਚੀਜ਼ਾਂ ਕਰਦੇ ਰਹੇ ਹਨ ਆਪਣੀ ਪਾਵਰ ਦੀ ਦੁਰਵਰਤੋਂ ਦੀ, ਪਰ ਇਨ੍ਹਾਂ ਨੂੰ (ਟਰੈਜ਼ਰੀ ਬੈਂਚਿਜ਼ ਵਲ ਇਸ਼ਾਰਾ) ਨਹੀਂ ਕਰਨੀ ਚਾਹੀਦੀ। ਇਹ ਮੋਸ਼ਨ ਵਾਪਸ ਲੈ ਲੈਣੀ ਚਾਹੀਦੀ ਹੈ।

**ਆਬਕਾਰੀ ਤੇ ਕਰ ਮੰਤਰੀ**(ਸ੍ਰੀ ਹਿੱਤ ਅਭਿਲਾਸ਼ੀ) : ਸਪੀਕਰ ਸਾਹਿਬ, ਅੱਜ ਇਸ ਹਾਊਸ ਵਿਚ ਸਵੇਰੇ ਜੋ ਕੁਝ ਹੋਇਆ ਔਰ ਕਾਫ਼ੀ ਦੇਰ ਤਕ ਹੋਇਆ, ਉਹ ਬਹੁਤ ਅੱਛਾ ਨਹੀਂ ਸੀ। ਤੁਹਾਨੂੰ ਇਸ ਹਾਊਸ ਨੇ ਸਰਬਸੰਮਤੀ ਨਾਲ ਚੁਣਿਆ। ਇਸ ਹਾਊਸ ਦੇ ਵਿਚ ਕੰਮ ਠੀਕ ਢੰਗ ਨਾਲ ਚਲ ਸਕੇ, ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਇਥੇ ਬੈਠੇ ਹੋਏ ਹਨ। ਇਸ ਸਟੇਟ ਦੇ ਲੋਕਾਂ ਦੇ ਭਲੇ ਵਾਸਤੇ ਸੋਚ ਸਕਣ, ਬਹਿਸ ਕਰ ਸਕਣ, ਕਾਨੂੰਨ ਬਣਾ ਸਕਣ ਇਸ ਗਲ ਦੇ ਵਾਸਤੇ ਤੁਹਾਨੂੰ ਚੁਣਿਆ ਹੈ।

## EXTENSION OF TIME OF THE SITTING

**ਸ੍ਰੀ ਸਪੀਕਰ**: ਜੇ ਹਾਊਸ ਦੀ ਆਗਿਆ ਹੋਵੇ ਤਾਂ ਹਾਊਸ ਦਾ ਸਮਾਂ 15 ਮਿੰਟ ਹੋਰ ਵਧਾ ਦਿਤਾ ਜਾਵੇ ?

**ਆਵਾਜ਼ਾਂ**: ਠੀਕ ਹੈ ਜੀ।

**ਸ੍ਰੀ ਸਪੀਕਰ** : ਹਾਊਸ ਦੀ ਆਗਿਆ ਨਾਲ ਹਾਊਸ ਦਾ ਸਮਾਂ 2.30 ਵਜੇ ਤੱਕ ਵਧਾਇਆ ਜਾਂਦਾ ਹੈ।

## MOTION REG. SUSPENSION OF MEMBERS OF THE HOUSE (*Resumption*)

**ਆਬਕਾਰੀ ਤੇ ਕਰ ਮੰਤਰੀ** : (ਸ੍ਰੀ ਹਿੱਤ ਅਭਿਲਾਸੀ) ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਇਹ ਸਾਰੀ ਜ਼ਿਮੇਵਾਰੀ ਇਥੇ ਸਾਰਿਆਂ ਦੇ ਉਤੇ ਹੈ, ਇਸ ਹਾਊਸ ਤੇ ਹੈ। ਔਰ ਮੁਤਫ਼ਿਕਾ ਤੌਰ ਤੇ ਇਹ ਜ਼ਿਮੇਵਾਰੀ ਹਾਊਸ ਨੇ ਤੁਹਾਨੂੰ ਦਿੱਤੀ ਹੈ। ਤੁਸੀਂ ਇਸ ਹਾਊਸ ਦੀ ਕਾਰਵਾਈ ਨੂੰ ਕੁੱਝ ਰੂਲਜ਼ ਮੁਤਾਬਕ ਕੁੱਝ ਪ੍ਰੋਸੀਜਰਜ਼ ਮੁਤਾਬਕ ਚਲਾਓ। ਉਨ੍ਹਾਂ ਪ੍ਰੋਸੀਜ਼ਰਜ਼ ਦੀ, ਉਨ੍ਹਾਂ ਰੂਲਜ਼ ਦੀ ਉਲੰਘਣਾ ਕਰਦੇ ਹੋਏ ਜਿਸ ਵੇਲੇ ਕੋਈ ਚੀਜ਼ ਹੁੰਦੀ ਹੈ ਤਾਂ ਉਸ ਦੇ ਬਾਰੇ ਤੁਹਾਡਾ ਫੈਸਲਾ ਸਾਰੇ ਹਾਊਸ ਨੂੰ ਮਾਨਨੀਏ ਹੁੰਦਾ ਹੈ ਔਰ ਮੰਨਿਆ ਜਾਣਾ ਚਾਹੀਦਾ ਹੈ। ਲੇਕਿਨ ਸਾਡੇ ਕੁੱਝ ਦੋਸਤਾਂ ਨੇ ਇਸ ਢੰਗ ਨਾਲ ਇਥੇ ਨਾਅਰੇ ਲਗਾਏ, ਜਿਸ ਢੰਗ ਨਾਲ ਫਰਸ਼ ਤੇ ਬੈਠੇ ਇਸ ਤੋਂ ਲਗਦਾ ਸੀ ਕਿ ਇਸ ਹਾਊਸ ਵਿਚ ਕਿਸੇ ਕਿਸਮ ਦਾ ਕੋਈ ਪ੍ਰੋਸੀਜਰ ਨਹੀਂ, ਇਥੇ ਕੋਈ ਰੂਲਜ਼ ਅਤੇ ਉਨ੍ਹਾਂ ਦੇ ਮੁਤਾਬਕ ਕੋਈ ਕਾਰਵਾਈ ਨਹੀਂ ਚਲਦੀ ਬਲਕਿ ਜਿਸ ਢੰਗ ਨਾਲ ਕੋਈ ਚਲਣਾ ਚਾਹੁੰਦਾ ਹੈ ਕੋਈ ਜਿਸ ਢੰਗ ਨਾਲ ਐਕਟ ਕਰਨਾ ਚਾਹੁੰਦਾ ਹੈ, ਉਹ ਕਰ ਸਕਦਾ ਹੈ। ਤਾਂਕਿ ਉਹ ਵਿਖਾ ਸਕੇ ਕਿ ਅਸੀਂ ਕਿਸੇ ਖਾਸ ਗਲ ਵਾਸਤੇ ਸ਼ੋਰ ਗੁਲ ਕੀਤਾ ਹੈ। ਇਸ ਦੇ ਬਾਵਜੂਦ ਇਹ ਮਹਿਸੂਸ ਕਰਦੇ ਹੋਏ ਵੀ ਕਿ ਇਹ ਸਾਰਾ ਕੁੱਝ ਬਹੁਤ ਗਲਤ ਹੈ ਸਾਡੇ ਦੋਸਤ ਵੱਲੋਂ ਮੋਸ਼ਨ ਆਈ ਕਿ ਇਨ੍ਹਾਂ ਦੋਸਤਾਂ ਨੂੰ ਜਿਨ੍ਹਾਂ ਨੇ ਇਥੇ ਇਸ ਕਿਸਮ ਦੇ ਰੂਲਜ਼ ਦੀ ਉਲੰਘਣਾ ਕੀਤੀ ਹੈ, ਹਾਊਸ ਦੀ ਨਿਰਾਦਰੀ ਕੀਤੀ ਹੈ ਇਨ੍ਹਾਂ ਨੂੰ ਬਾਕੀ ਦੇ ਸ਼ੈਸ਼ਨ ਵਾਸਤੇ ਇਨ੍ਹਾਂ ਦੀਆਂ ਸਰਵਿਸਿਜ਼ ਤੋਂ ਮਹਿਰੂਮ ਕੀਤਾ ਜਾਏ। ਜਦੋਂ ਇਹ ਗਲ ਆਈ ਤਾਂ ਇਹ ਵਿਚਾਰਿਆ ਗਿਆ ਕਿ ਇਹ ਮਾਮਲਾ ਜਿਸ ਤਰ੍ਹਾਂ ਹੋ ਸਕੇ ਨਜਿਠਿਆ ਜਾਣਾ ਚਾਹੀਦਾ ਹੈ। ਇਹ ਮਸਲਾ ਕਿਸੇ ਦੀ ਇੱਜ਼ਤ ਜਾਂ ਬੇਇਜ਼ਤੀ ਦਾ ਨਹੀਂ, ਇਹ ਮਸਲਾ ਕਿਸੇ ਇਕ ਖਾਸ ਪਾਰਟੀ ਦਾ ਵੀ ਨਹੀਂ, ਇਹ ਇਸ ਗਲ ਤੇ

Original with;
Punjab Vidhan Sabha
Digitized by;
Panjab Digital Library

[ਆਬਕਾਰੀ ਤੇ ਕਰ ਮੰਤਰੀ]

ਪੈਦਾ ਹੋਇਆ ਕਿ ਆਇਆ ਹਾਊਸ ਦੇ ਰੂਲਜ਼ ਦੀ ਉਲੰਘਣਾ ਹੋਈ ਜਾਂ ਨਹੀਂ ਹੋਈ, ਆਇਆ ਇਥੇ ਜੋ ਕੁੱਝ ਹੋਇਆ ਉਹ ਦਰੁੱਸਤ ਹੋਇਆ ਜਾਂ ਗਲਤ ਹੋਇਆ, ਆਇਆ ਇਸ ਹਾਊਸ ਦੀ ਜੋ ਰਿਸਪੈਕਟ ਜਾਂ ਡੇਕੋਰਮ ਹੈ ਜਿਸ ਢੰਗ ਨਾਲ ਮੇਨਟੇਨ ਹੋਣਾ ਚਾਹੀਦਾ ਸੀ ਹੋਇਆ ਜਾਂ ਨਹੀਂ ਔਰ ਉਸ ਤੇ ਕੋਈ ਧੱਬਾ ਲਗਿਆ ਜਾ ਨਹੀਂ । ਅਸੀਂ ਸਾਰੇ ਮਹਿਸੂਸ ਕਰਦੇ ਹਾਂ, ਮੇਰੇ ਸਾਹਮਣੇ ਬੈਠੇ ਸਾਥੀ ਮਹਿਸੂਸ ਕਰਦੇ ਹਨ ਕਿ ਇਹ ਕਾਰਵਾਈ ਚਲਾਣ ਦਾ ਤਰੀਕਾ ਠੀਕ ਨਹੀਂ। ਮੈਂ ਸਮਝਦਾ ਹਾਂ ਕਿ ਡਾਂਗ ਸਾਹਿਬ ਵੀ ਇਸ ਗਲ ਨੂੰ ਮਹਿਸੂਸ ਕਰਦੇ ਹੋਣਗੇ ਕਿ ਕਿਸੇ ਖਾਸ ਜੋਸ਼ ਵਿਚ ਆ ਕੇ ਕੋਈ ਗਲਤੀ ਅਗਰ ਕਰ ਬੈਠੇ ਲੇਕਿਨ ਅਗਰ ਗਲਤੀ ਹੋ ਗਈ ਹੈ ਤਾਂ ਖੜੇ ਹੋ ਕੇ ਇਹ ਗਲ ਕਹਿਣ ਵਿਚ, ਮੈਂ ਸਮਝਦਾ ਹਾਂ ਸਾਡੇ ਦੋਸਤਾਂ ਨੂੰ ਝਿਝਕ ਨਹੀਂ ਹੋਣੀ ਚਾਹੀਦੀ ਹੈ ਕਿ ਇਹ ਗਲਤੀ ਹੋ ਗਈ ਹੈ। ਅਸੀਂ ਸਾਰੀਆਂ ਪਾਰਟੀਆਂ ਵਾਲੇ ਸਟੇਟ ਦੀ ਭਲਾਈ ਵਾਸਤੇ ਕੰਮ ਕਰਨ ਵਾਸਤੇ ਏਥੇ ਬੈਠੇ ਹਾਂ। ਅਗੇ ਵਾਸਤੇ ਇਸ ਤਰ੍ਹਾਂ ਫਰਸ਼ ਤੇ ਨਹੀਂ ਬੈਠਾਂਗੇ , ਹੁਣ ਕੋਈ ਇਸ ਕਿਸਮ ਦੇ ਨਾਅਰੇ ਨਹੀਂ ਲਗਣਗੇ ਕੋਈ ਇਸ ਤਰ੍ਹਾਂ ਨਿਰਾਦਰੀ ਨਹੀਂ ਕਰੇਗਾ। ਜਿਨ੍ਹਾਂ ਨੇ ਇਹ ਕੀਤਾ ਹੈ ਉਹ ਕਹਿਣ ਕਿ ਸਾਡੇ ਕੋਲੋਂ ਗਲਤੀ ਹੋ ਗਈ ਹੈ, ਇਹ ਜੋ ਕੁੱਝ ਕੀਤਾ ਹੈ ਮੁਨਾਸਿਬ ਨਹੀਂ ਸੀ ਔਰ ਅਗੇ ਨੂੰ ਕਿਸੇ ਵੱਲੋਂ ਨਹੀਂ ਹੋਏਗਾ। ਮੈਂ ਆਪਣੀ ਪਾਰਟੀ ਵੱਲੋਂ ਕਹਾਂਗਾ ਕਿ ਇਹ ਇਕ ਪਾਰਟੀ ਦਾ ਮਸਲਾ ਨਹੀਂ ਇਹ ਸਾਹਮਣੇ ਬੈਠੇ ਸਾਥੀਆਂ ਦਾ ਮਸਲਾ ਨਹੀਂ ਬਲਕਿ ਮਸਲਾ ਇਹ ਹੈ ਕਿ ਇਸ ਹਾਊਸ ਦੀ ਕਾਰਵਾਈ ਕਿਸ ਢੰਗ ਨਾਲ ਚਲਣੀ ਚਾਹੀਦੀ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਅਗਰ ਸਾਹਮਣੇ ਬੈਠੇ ਚੌਧਰੀ ਬਲਰਾਮ ਜੀ, ਸਰਦਾਰ ਉਮਰਾਓ ਸਿੰਘ, ਕਾਮਰੇਡ ਸੱਤ ਪਾਲ ਡਾਂਗ, ਮਾਸਟਰ ਚੰਦ ਸਿੰਘ ਜੀ ਸਾਰੇ ਲੋਕ ਇਥੇ ਬੈਠ ਕੇ ਜ਼ਿੰਮੇਵਾਰੀ ਲੈਣ ਅਤੇ ਡਾਂਗ ਸਾਹਿਬ ਬੜੱਪਣ ਦਿਖਾਉਣ ਕਿ ਅਗੇ ਨੂੰ ਇਹ ਗਲ ਨਹੀਂ ਕੀਤੀ ਜਾਏਗੀ।

**ਸ਼੍ਰੀ ਸਪੀਕਰ** : ਸਰਦਾਰ ਉਮਰਾਓ ਸਿੰਘ ਨੇ ਇਕ ਪੁਆਇੰਟ ਆਫ਼ ਆਰਡਰ ਰੇਜ਼ ਕੀਤਾ ਸੀ ਕਿ ਉਹੀ ਮੋਸ਼ਨ ਦੋਬਾਰਾ ਅਲਾਊ ਹੋਈ ਹੈ। ਮੈਂ ਉਸ ਨੂੰ ਥਾਰੋਲੀ ਪੜ੍ਹ ਕੇ ਅਲਾਓ ਕੀਤਾ ਹੈ। ਰੂਲ 74 ਕਲੀਅਰਲੀ ਸਟੇਟ ਕਰਦਾ ਹੈ ਕਿ ਜੇ ਕਰ ਇਕ ਮਸਲੇ ਤੇ ਕੋਈ ਫੈਸਲਾ ਹੋ ਗਿਆ ਹੋਵੇ ਤਾਂ ਉਹ ਸੈਸ਼ਨ ਵਿਚ ਦੋਬਾਰਾ ਨਹੀਂ ਹੋ ਸਕਦਾ। ਇਹ ਪਹਿਲੀ ਮੋਸ਼ਨ, ਟੈਕਨੀਕਲ ਫਲਾ ਕਰਕੇ ਪਾਸ ਨਹੀਂ ਹੋਈ, ਜਿਹੜੀ ਮਿਸਟਰ ਵਿਸ਼ਵ ਨਾਥਨ ਨੇ ਪੇਸ਼ ਕੀਤੀ ਸੀ। ਜਿਹੜੀ ਮੈਂ ਅਲਾਓ ਕੀਤੀ ਸੀ ਉਸ ਬਾਰੇ

I want Sardar Umrao Singh to read Rule 74 alongwith Rules 112 and 113. I want to make it clear. **(Interruptions)** ਉਸ ਬਾਰੇ ਇਕ ਗਲ ਮੈਂ ਹੋਰ ਸਾਰੇ ਮੈਂਬਰ ਸਾਹਿਬਾਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਰੂਲਜ਼ ਹਨ ਇਨ੍ਹਾਂ ਰੂਲਜ਼ ਦਾ ਇਹ ਹਾਊਸ ਕੈਦੀ ਨਹੀਂ, ਹਾਊਸ ਸੁਪਰੀਮ ਹੈ।

**ਚੌਧਰੀ ਸੁੰਦਰ ਸਿੰਘ** : ਸਪੀਕਰ ਸਾਹਿਬ, ਇਹ ਜਿਹੜੀ ਮੋਸ਼ਨ ਸਰਦਾਰ ਕਿਰਪਾਲ ਸਿੰਘ ਹੋਰਾਂ ਨੇ ਲਿਆਂਦੀ ਹੈ, ਇਹ ਕੋਈ ਮਾੜੀ ਗਲ ਨਹੀਂ ਹੈ। ਪਹਿਲਾਂ ਵੀ ਇਥੇ ਹਾਊਸ ਵਿਚ ਇਸੇ ਤਰ੍ਹਾਂ ਹੁੰਦਾ ਰਿਹਾ ਹੈ। ਮੈਂ ਤਾਂ ਕਹਿੰਦਾ ਹਾਂ ਕਿ ਇਸ ਤਰ੍ਹਾਂ ਅਸੀਂ ਵੀ ਨਾ ਕਰੀਏ ਅਤੇ ਉਹ ਵੀ ਨਾ ਕਰਨ। ਬਾਕੀ ਮੁਆਫੀ ਮੰਗਣ ਦੀ ਕੀ ਗਲ ਹੈ। ਉਹ ਨਹੀਂ ਮੰਗਦੇ ਤਾਂ ਮੈਂ ਮੰਗ ਲੈਂਦਾ ਹਾਂ (ਥੰਪਿੰਗ) ਤੁਸੀਂ ਇਥੇ ਰੌਲਾ ਨਾ ਪਾਓ। ਇਥੇ ਨਾਅਰੇ ਮਾਰਨੇ ਕੋਈ ਚੰਗੀ ਗਲ ਨਹੀਂ। ਇਹ

Original with;
Punjab Vidhan Sabha
Digitized by;
Panjab Digital Library

ਹਾਊਸ ਲਈ ਵੀ ਕੋਈ ਚੰਗੀ ਗਲ ਨਹੀ। ਬਾਹਰ ਅਸੀਂ ਜੋ ਮਰਜ਼ੀ ਕਰਦੇ ਰਹੀਏ, ਪਰ ਇਥੇ ਇਸ ਹਾਊਸ ਵਿਚ ਆਦਮੀਆਂ ਵਾਂਗ ਰਹੀਏ (ਥੰਪਿੰਗ) ਮਹਾਤਮਾਂ ਗਾਂਧੀ ਆਪ ਜੇ ਕੋਈ ਗਲਤੀ ਕਰਦਾ ਸੀ ਤਾਂ ਝਟ ਮੁਆਫੀ ਮੰਗ ਲੈਂਦਾ ਸੀ। ਮੈਂ ਕਹਾਂਗਾ ਕਿ ਤੁਸੀਂ ਯਾਦ ਰਖੋ ਕਿ ਜਿਥੇ ਅੱਜ ਅਸੀਂ ਬੈਠੇ ਹਾਂ ਕਲ ਨੂੰ ਤੁਸੀਂ ਵੀ ਇਥੇ ਆਉਣਾ ਹੈ। ਜੇ ਅਸੀਂ ਗਲਤੀ ਕਰੀਏ ਤਾਂ ਅਸੀਂ ਵੀ ਮੁਆਫੀ ਮੰਗਣ ਲਈ ਤਿਆਰ ਹਾਂ। ਇਹ ਹਾਊਸ ਆਰਾਮ ਨਾਲ ਚਲਣਾ ਚਾਹੀਦਾ ਹੈ। ਤੁਸੀਂ ਅਸੈਂਬਲੀ ਦੇ ਮੈਂਬਰ ਹੋ। ਲੱਖ ਲੱਖ ਬੰਦਿਆਂ ਦੀ ਤੁਸੀਂ ਨੁਮਾਇੰਦਗੀ ਕਰਦੇ ਹੋ। ਪਰ ਇਥੇ ਡੰਗਰਾਂ ਵਾਂਗ ਗਲ ਕਰਨੀ ਠੀਕ ਨਹੀਂ। ਮੈਂ 1946 ਦਾ ਇਸ ਹਾਊਸ ਦਾ ਮੈਂਬਰ ਹਾਂ। ਬੜਾ ਸੋਹਣਾ ਹਾਊਸ ਹੁੰਦਾ ਸੀ ਅਤੇ ਬੜੀਆਂ ਸ਼ਾਨਦਾਰ ਗੱਲਾਂ ਹੁੰਦੀਆਂ ਸਨ। ਬਹੁਤ ਮਜ਼ਾ ਆਉਂਦਾ ਸੀ ਸਪੀਚਾਂ ਸੁਣ ਕੇ। ਚੀਫ ਮਨਿਸਟਰ ਇਕ ਇਕ ਲਫਜ਼ ਨੂੰ ਨੋਟ ਕਰਦਾ ਹੁੰਦਾ ਸੀ ਅਤੇ ਉਸ ਤੇ ਐਕਸ਼ਨ ਲੈਂਦਾ ਸੀ। ਪਰ ਇਥੇ ਕੀ ਹੋ ਰਿਹਾ ਹੈ? ਸਾਰਾ ਦਿਨ ਇਹ ਬੋਲਦੇ ਰਹਿੰਦੇ ਹਨ ਪਰ ਚੀਫ ਮਨਿਸਟਰ ਨੂੰ ਪਤਾ ਹੀ ਨਹੀਂ ਕਿ ਕੀ ਹੋ ਰਿਹਾ ਹੈ, ਐਕਸ਼ਨ ਤਾਂ ਕੀ ਲੈਣਾ ਹੈ। ਮੈਂ ਇਸ ਹਾਊਸ ਵਿੱਚ ਸਭ ਤੋਂ ਸੀਨੀਅਰ ਮੈਂਬਰ ਹਾਂ। ਮੇਰੀ ਗੱਲ ਮੰਨ ਲਓ। ਹਾਊਸ ਨੂੰ ਹਾਊਸ ਸਮਝੋ ਤਾਂ ਚੰਗੀ ਗਲ ਰਹੇਗੀ।

**ਸਹਿਕਾਰਤਾ ਮੰਤਰੀ** (ਸਰਦਾਰ ਜਸਵਿੰਦਰ ਸਿੰਘ ਬਰਾੜ): ਸਪੀਕਰ ਸਾਹਿਬ, ਮੈਂ ਇੱਕ ਲਫਜ਼ੀ ਗੁਜ਼ਾਰਿਸ਼ ਕਰਨੀ ਹੈ। ਪਰੋਫ਼ੈਸਰ ਵਿਸ਼ਵਨਾਥਨ ਬੜੇ ਉਘੇ ਪਾਰਲੀਮੈਂਟੇਰੀਅਨ ਹਨ। ਇਨ੍ਹਾਂ ਦਾ ਪਿਛਲਾ ਰਿਕਾਰਡ ਬਹੁੱਤ ਠੀਕ ਹੈ। ਇਥੇ ਮੋਸ਼ਨ ਵੀ ਆਈ, ਤੁਸੀਂ ਰੂਲਿੰਗ ਵੀ ਦਿੱਤੀ। ਸਰਦਾਰ ਕਿਰਪਾਲ ਸਿੰਘ ਹੋਰਾਂ ਨੇ ਵੀ ਪਿਛਲੇ 30 ਸਾਲਾਂ ਤੋਂ ਬੜੀ ਸੇਵਾ ਕੀਤੀ ਹੈ, ਇਨ੍ਹਾਂ ਨੂੰ ਹਾਊਸ ਦੀ ਮਰਯਾਦਾ ਦਾ ਅਤੇ ਰੂਲਜ਼ ਦੀ ਪੂਰੀ ਜਾਣਕਾਰੀ ਹੈ। ਇਥੇ ਚੋਪੜਾ ਸਾਹਿਬ, ਨੇ ਚੌਧਰੀ ਸਾਹਿਬ ਨੇ ਅਤੇ ਸਰਦਾਰ ਉਮਰਾਓ ਸਿੰਘ ਨੇ ਗਲਾਂ ਕੀਤੀਆਂ ਹਨ। ਮੇਰਾ ਵਿਚਾਰ ਹੈ ਕਿ ਡਾਂਗ ਸਾਹਿਬ ਵੀ ਬੜੇ ਉਘੇ ਅਤੇ ਪੁਰਾਣੇ ਪਾਰਲੀਮੈਂਟੇਰੀਅਨ ਹਨ। ਤਕਰੀਬਨ ਤਕਰੀਬਨ ਲਫਜ਼ਾਂ ਦਾ ਹੇਰਫੇਰ ਰਹਿ ਗਿਆ ਹੋਣਾ ਹੈ। ਇਥੇ ਇਨਟੈਨਸ਼ਨ ਦਾ ਇਜ਼ਹਾਰ ਜ਼ਰੂਰ ਕਰ ਦਿਤਾ ਕਿ ਇਹੋ ਜਿਹਾ ਵਾਤਾਵਰਣ ਹਾਊਸ ਦਾ ਪਹਿਲੇ ਰਿਹਾ ਹੈ ਅਤੇ ਹਣ ਇਹੋ ਜਿਹਾ ਹੋਣਾ ਚਾਹੀਦਾ ਹੈ। ਜੋ ਹੋਇਆ ਹੈ ਤਾਂ ਮਾੜਾ ਹੋਇਆ ਹੈ। ਮੈਂ ਸਮਝਦਾ ਹਾਂ ਕਿ ਹੁਣ ਗਲ ਨੂੰ ਵਧਾ ਕੇ ਲੰਬਾ ਕਰਨਾ ਮੁਨਾਸਿਬ ਨਹੀਂ। ਮੇਰਾ ਖਿਆਲ ਹੈ ਇਸ ਨਾਲ ਇਨ੍ਹਾਂ ਦੀ ਤਸੱਲੀ ਹੋ ਜਾਣੀ ਚਾਹੀਦੀ ਹੈ। ਲਫਜ਼ਾਂ ਦਾ ਹੇਰ ਫੇਰ ਹੈ। ਇਨਟੈਨਸ਼ਨ ਉਨ੍ਹਾਂ ਦੀ ਕਲੀਅਰ ਹੈ। ਇਹ ਮਾਮਲਾ ਖਤਮ ਕਰ ਦੇਣਾ ਚਾਹੀਦਾ ਹੈ।

**ਮੁੱਖ ਮੰਤਰੀ** (ਸਰਦਾਰ ਪ੍ਰਕਾਸ਼ ਸਿੰਘ ਬਾਦਲ): ਸਪੀਕਰ ਸਾਹਿਬ, ਸਾਨੂੰ ਕਦੇ ਵੀ ਇਹੋ ਜਿਹੀ ਚੀਜ਼ ਨੂੰ ਪੁਲੀਟੀਕਲ ਇਸ਼ੂ ਨਹੀਂ ਬਣਾਉਣਾ ਚਾਹੀਦਾ। ਮੁਆਫੀ ਵੀ ਬੇਸ਼ਕ ਉਹ ਨਾ ਮੰਗਣ, ਲੇਕਿਨ ਉਨ੍ਹਾਂ ਦਾ ਇਤਨਾ ਕਹਿਣਾ ਜਾਂ ਹਾਊਸ ਨੂੰ ਅਸ਼ੋਅਰ ਕਰਾਉਣਾ ਕਿ ਇਸ ਤਰ੍ਹਾਂ ਦਾ ਇਨਸੀਡੈਂਟ ਇਨ ਫਿਊਚਰ ਨਹੀਂ ਹੋਵੇਗਾ। ਜੇ ਇਹ ਇਸ ਤਰ੍ਹਾਂ ਨਹੀਂ ਕਰਦੇ ਤਾਂ ਇਸ ਦਾ ਮਤਲਬ ਹੈ ਕਿ ਸੈਸ਼ਨ ਵਿਚ ਧਰਨੇ ਮਾਰੇ ਜਾਣ ਜਾਂ ਸੀਟਾਂ ਤੇ ਖੜੇ ਹੋ ਕੇ ਨਾਅਰੇ ਮਾਰੇ ਜਾਣ, ਇਹ ਇਸ ਚੀਜ਼ ਨੂੰ ਐਪਰੂਵ ਕਰਦੇ ਹਨ। ਇਸ ਤੋਂ ਤਾਂ ਇਹ ਅੰਦਾਜ਼ਾ ਲਗ ਸਕਦਾ ਹੈ ਕਿ ਇਨ੍ਹਾਂ ਦੇ ਮੁਤਾਬਿਕ ਇਹ ਚੀਜ਼ ਡੈਮੋਕਰੇਟਿਕ ਹੈ, ਰੂਲਜ਼ ਦੇ ਅਨੁਸਾਰ ਹੈ। ਇਹ ਕਹਿ ਦੇਣ ਕਿ ਅਸੀਂ ਸਮਝਦੇ ਹਾਂ ਕਿ ਧਰਨੇ ਮਾਰਨੇ ਜਾਂ ਸੀਟਾਂ ਤੇ ਨਾਅਰੇ ਮਾਰਨੇ ਚੰਗੀ ਗਲ ਨਹੀਂ। ਇਹ ਅਗੇ ਨੂੰ ਵੀ ਨਹੀਂ ਹੋਣਾ ਚਾਹੀਦਾ ਹੈ ਅਤੇ ਸਾਰਿਆਂ ਵਾਸਤੇ ਬਾਈਡਿੰਗ ਹੋਣਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਤ ਪਾਲ ਡਾਂਗ**: ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਅਰਜ਼ ਕਰ ਚੁੱਕਾ ਹਾਂ। ਚੈਂਬਰ ਵਿਚ ਤੁਸੀਂ ਇਹ ਮਾਮਲਾ ਡਿਸਕਸ ਕੀਤਾ। ਜੋ ਤੁਸੀਂ ਤਜ਼ਵੀਜ਼ ਦਿਤੀ ਉਹ ਸਾਰਿਆਂ ਨੇ ਮੰਨ ਲਈ। ਮੁੜ ਕੇ ਟੰਡਨ ਸਾਹਿਬ ਨੇ ਇਹ ਚੀਜ਼ ਰੀ-ਓਪਨ ਕਰਵਾਈ ਹੈ। ਦੂਜੀ ਵਾਰੀ ਮੁੜ ਕੇ ਗਲ ਡਿਸਕਸ ਕੀਤੀ ਗਈ। ਜੋ ਤੁਸੀਂ ਤਜ਼ਵੀਜ਼ ਦਿਤੀ ਸੀ ਮੈਂ ਉਹ ਮੰਨ ਲਈ ਸੀ। ਤੁਹਾਡੀ ਤਜ਼ਵੀਜ਼ ਵਾਜਬ ਸੀ। ਅਸੀਂ ਚੇਅਰ ਦੀ ਡਿਸਰਿਸਪੈਕਟ ਨਹੀਂ ਕੀਤੀ। ਇਸ ਗਲ ਤੋਂ ਇਹ ਚੀਜ਼ ਕਲੀਅਰ ਹੋ ਗਈ ਹੈ।

**ਸ੍ਰੀ ਸਪੀਕਰ**: ਤੁਸੀਂ ਕੀਤੀ ਤਾਂ ਬਥੇਰੀ ਹੈ, ਪਰ ਚਲੋ ਕੋਈ ਨਹੀਂ।

**ਕਾਮਰੇਡ ਸੱਤ ਪਾਲ ਡਾਂਗ**: ਤੁਸੀਂ ਜਿਸ ਵੇਲੇ ਅਪੀਲ ਕੀਤੀ ਕਿ ਧਰਨੇ ਨਾ ਮਾਰੋ, ਅਸੀਂ ਇਕ ਸੈਕੰਡ ਨਹੀਂ ਲਾਇਆ। ਡਿਸਰੈਸਪੈਕਟ ਦੀ ਸਾਡੀ ਕੋਈ ਇਨਟੈਨਸ਼ਨ ਨਹੀਂ ਸੀ। ਗੌਰਮਿੰਟ ਨਾਲ ਸਾਡਾ ਝਗੜਾ ਹੈ। ਬਾਹਰ ਜੋ ਪੁਜ਼ੀਸ਼ਨ ਹੋਈ ਹੈ, ਜੋ ਵੀ ਗਲ ਬਾਹਰ ਹੁੰਦੀ ਹੈ ਉਸ ਦੀ ਰਿਫਲੈਕਸ਼ਨ ਇਥੇ ਵੀ ਹੁੰਦੀ ਹੈ। ਜਦੋਂ ਵੀ ਸਾਡੇ ਨਾਲ ਇਥੇ ਆਪੋਜ਼ੀਸ਼ਨ ਵਿਚ ਸਨ, ਉਦੋਂ ਸੀਟਾਂ ਤੇ ਬੈਠ ਕੇ ਨਾਅਰੇ ਲਗਾਏ ਗਏ। ਇਕ ਗੁੱਡੀ ਅਤੇ ਸ਼ਰਾਬ ਦੀ ਬੋਤਲ ਲੈ ਕੇ ਇਥੇ ਰਖੀ ਗਈ, ਕੀ ਕੁਝ ਨਹੀਂ ਕੀਤਾ ਗਿਆ! ਲੇਕਿਨ ਇਸ ਗਲ ਨੂੰ ਕੋਈ ਵੀ ਪਸੰਦ ਨਹੀਂ ਕਰਦਾ। ਇਹ ਗੱਲਾਂ ਅੱਗੇ ਨੂੰ ਨਾ ਹੋਣ। ਇਸ ਲਈ ਮੈਂ ਸੁਜੈਸਟ ਕਰਦਾ ਹਾਂ ਕਿ ਸਾਰੀਆਂ ਪਾਰਟੀਆਂ ਦੇ ਲੀਡਰਾਂ ਨੂੰ ਬੁਲਾਇਆ ਜਾਵੇ ਅਤੇ ਇਹ ਸੋਚਿਆ ਜਾਵੇ ਕਿ ਇਸ ਤਰ੍ਹਾਂ ਕਰਨ ਵਾਸਤੇ ਮੈਂਬਰ ਕਿਉਂ ਮਜਬੂਰ ਹੋ ਜਾਂਦੇ ਹਨ। ਇਥੇ ਕੋਈ ਕੋਡ ਆਫ ਕੰਡਕਟ ਹੋ ਜਾਵੇ। ਮੈਂ ਕਿਸ ਤਰ੍ਹਾਂ ਇਥੇ ਕਿਸੇ ਦੇ ਬਿਹਾਫ਼ ਤੇ ਅਸ਼ੋਰੈਂਸ ਦੇ ਸਕਦਾ ਹਾਂ। ਇਹ ਵੀ ਕੱਲ ਨੂੰ ਆਪੋਜ਼ੀਸ਼ਨ ਵਿੱਚ ਆ ਸਕਦੇ ਹਨ। ਜਦੋਂ ਇਨ੍ਹਾਂ ਦੀ (ਕਾਂਗਰਸ-ਆਈ ਵੱਲ ਇਸ਼ਾਰਾ) ਸਰਕਾਰ ਸੀ ਤਾਂ ਉਦੋਂ ਵੀ ਇਸ ਤਰ੍ਹਾਂ ਦੀਆਂ ਗੱਲਾਂ ਹੋਈਆਂ। ਇਹ ਕਿਉਂ ਹੁੰਦਾ ਹੈ? ਸਾਰੇ ਲੀਡਰਜ਼ ਬੈਠ ਕੇ ਕੋਡ ਆਫ ਕੰਡਕਟ ਬਣਾਉਣ। ਇਸ ਗਲ ਨੂੰ ਕੌਣ ਚੰਗਾ ਸਮਝੇਗਾ। ਇਸ ਤੇ ਵਿਚਾਰ ਕੀਤਾ ਜਾਵੇ। ਸਾਡੀ ਪੂਰੀ ਕੁਆਪਰੇਸ਼ਨ ਇਨ੍ਹਾਂ ਨਾਲ ਹੋਵੇਗੀ ਇਸ ਮਾਮਲੇ ਵਿਚ ਮੈਂ ਤਾਂ ਇਹ ਅਸ਼ੋਰੈਂਸ ਜ਼ਰੂਰ ਦਿੰਦਾ ਹਾਂ।

**ਸਰਦਾਰ ਕਿਰਪਾਲ ਸਿੰਘ**: ਸਪੀਕਰ ਸਾਹਿਬ, ਮੈਂ ਮਜਬੂਰੀ ਨਾਲ ਇਹ ਗਲ ਪੇਸ਼ ਕੀਤੀ ਹੈ। ਮੈਂ ਇਹ ਉਡੀਕਦਾ ਸੀ ਕਿ ਡਾਂਗ ਸਾਹਿਬ ਵਲੋਂ ਇਸ ਸਬੰਧ ਵਿੱਚ ਇੱਕ ਲਫਜ਼ ਆ ਜਾਵੇ ਕਿ ਇਹ ਮਾੜੀ ਗੱਲ ਹੋਈ ਹੈ ਪਰ ਇਹ ਗੱਲ ਉਨ੍ਹਾਂ ਵੱਲੋਂ ਨਹੀਂ ਆਈ। ਆਪੋਜ਼ੀਸ਼ਨ ਦੇ ਲੀਡਰ ਵੀ ਬੈਠੇ ਹਨ। ਇਹ ਕਹਿਣਾ ਕਿ ਇਸ ਲਈ ਕੋਡ ਆਫ ਕੰਡਕਟ ਬਣਾਇਆ ਜਾਵੇ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਅਸੈਂਬਲੀ ਬਗੈਰ ਕਿਸੇ ਕੋਡ ਆਫ ਕੰਡਕਟ ਦੇ ਚਲ ਰਹੀ ਹੈ? ਕੀ ਇਹ ਅਸੈਂਬਲੀ ਬਗੈਰ ਰੂਲਾਂ ਦੇ ਚਲ ਰਹੀ ਹੈ? ਇਸ ਦਾ ਮਤਲਬ ਤਾਂ ਇਹ ਹੋਇਆ ਕਿ ਜੋ ਕੁਝ ਹੋਇਆ ਹੈ ਇਹ ਪ੍ਰੈਜ਼ੈਂਟ ਕੋਡ ਆਫ ਕੰਡਕਟ ਅਤੇ ਰੂਲਜ਼ ਦੇ ਮੁਤਾਬਿਕ ਜਾਇਜ਼ ਹੈ। ਮੈਨੂੰ ਡਾਂਗ ਸਾਹਿਬ ਦਾ ਬੜਾ ਰਿਗਾਰਡ ਹੈ। ਇਸ ਦਾ ਉਨ੍ਹਾਂ ਨੂੰ ਵੀ ਪਤਾ ਹੈ। ਪਰ ਇਸ ਤਰ੍ਹਾਂ, ਸਪੀਕਰ ਸਾਹਿਬ, ਗਲ ਨਹੀਂ ਚਲ ਸਕਦੀ। ਇਨ੍ਹਾਂ ਨੇ ਆਪਣੀ ਸਪੀਚ ਵਿੱਚ ਇਹ ਵੀ ਨਹੀਂ ਕਿਹਾ ਕਿ ਮੈਂ ਨਹੀਂ ਪਸੰਦ ਕਰਦਾ ਕਿ ਇਥੇ ਨਾਅਰੇ ਲੱਗਣ ਜਾਂ ਧਰਨੇ ਮਾਰੇ ਜਾਣ। ਇਹ ਗੱਲ ਵੀ ਨਹੀਂ ਆਖੀ ਕਿ ਮੈਂ ਮਜਬੂਰ ਹੋ ਗਿਆ ਸੀ, ਜਿਸ ਕਰਕੇ ਇਹੋ ਜਿਹੀ ਗਲ ਕੀਤੀ ਹੈ। ਇਨ੍ਹਾਂ ਨੇ ਕੋਈ ਅਸ਼ੋਰੈਂਸ ਵੀ ਨਹੀਂ ਦਿੱਤੀ ਕਿ ਮੈਂ ਕੁਆਪਰੇਟ ਕਰਾਂਗਾ। ਮਸਲਾ ਤਾਂ ਇਹ ਹੈ ਕਿ ਇਸ ਤਰ੍ਹਾਂ ਦੀ ਸਿਚੂਏਸ਼ਨ ਮੁੜ ਕੇ ਇਥੇ ਨਾ ਹੋਵੇ। ਕੋਈ ਮਾਈਲਡ ਗੱਲ ਕਰ ਦਿੰਦੇ। ਜਿਸ ਨੇ ਮੁਆਫੀ ਨਹੀਂ ਮੰਗਣੀ ਹੁੰਦੀ ਉਹ ਇਜ਼ਹਾਰੇ ਅਫਸੋਸ ਕਰ ਦਿੰਦਾ ਹੈ। ਜਿਸ ਨੇ ਇਜ਼ਹਾਰੇ ਅਫਸੋਸ ਨਹੀਂ ਕਰਨਾ ਉਹ ਇਹ ਕਹਿ ਦਿੰਦਾ ਹੈ ਕਿ ਮੇਰਾ ਮਤਲਬ ਇਹ ਨਹੀਂ ਸੀ। ਇਨਰ ਕਾਂਸ਼ੀਅਸ ਵਿੱਚ ਉਹ

Original with;
Punjab Vidhan Sabha
Digitized by;
Panjab Digital Library

ਆਦਮੀ ਮਹਿਸੂਸ ਕਰਦਾ ਹੈ ਕਿ ਇਹ ਗੱਲ ਗਲਤ ਹੈ। ਮੈਂ ਹੁਣ ਵੀ ਕਹਾਂਗਾ ਕਿ ਜਿਹੜੀ ਇਹ ਮੂਵ ਮੇਰੇ ਵਲੋਂ ਆਈ ਹੈ, ਇਹ ਕੋਈ ਮੇਰੇ ਮਨ ਦੀ ਅਵਸਥਾ ਨਹੀਂ ਕਿ ਡਾਂਗ ਸਾਹਿਬ ਵਰਗੇ ਮੈਂਬਰ, ਜਿਨ੍ਹਾਂ ਦੀ ਇਤਨੀ ਹਾਊਸ ਵਿੱਚ ਕੰਟਰੀਬਿਊਸ਼ਨ ਹੋਵੇ ਉਨ੍ਹਾਂ ਨੂੰ ਸਸਪੈਂਡ ਕੀਤਾ ਜਾਵੇ, ਉਹ ਅਹਿਸਾਸ ਜ਼ਰੂਰ ਕਰਾਉਣ ਕਿ ਇਹ ਤਰੀਕਾ ਕੋਈ ਪਾਰਲੀਮੈਂਟਰੀ ਤਰੀਕਾ ਨਹੀਂ ਹੈ।

## EXTENSION OF TIME OF THE SITTING

**Mr. Speaker** : If the House agrees, the time of the House may be extended by 10 minutes.

Is it the pleasure of the House ?

(*Voices* : *Yes, yes.*)

The time of the House is extended up to 2.40 P.M.

## MOTION(S) RE : SUSPENSION OF MEMBERS OF THE HOUSE (*Resumption of discussion*)

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਸਤਿਕਾਰਯੋਗ ਸਪੀਕਰ ਸਾਹਿਬ, ਮਾਮਲਾ ਬੜਾ ਗੰਭੀਰ ਹੈ। 8 ਮੈਂਬਰਾਂ ਨੂੰ ਸੱਸਪੈਂਡ ਕਰਨ ਦਾ ਸਵਾਲ ਹੈ। ਆਪੋਜ਼ੀਸ਼ਨ ਨਾਲ ਤੁੱਅਲਕ ਰਖਣ ਵਾਲੇ ਮੈਂਬਰਾਂ ਨੂੰ, ਜਿਨ੍ਹਾਂ ਵਿਚੋਂ ਇਹ ਇੱਕ ਗਰੁੱਪ ਹੈ, ਬੋਲਣ ਦਾ ਜ਼ਿਆਦਾ ਮੌਕਾ ਮਿਲਣਾ ਚਾਹੀਦਾ ਹੈ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਕਿਹੜੀ ਸਵਰਗਪੁਰੀ ਵਿੱਚ ਬੈਠੇ ਨੇ। ਇਹ ਪੰਜਾਬ ਦਾ ਹਾਊਸ ਹੈ। ਇੱਕ ਪੰਜਾਬ ਬਾਹਰ ਹੈ, ਇੱਕ ਅੰਦਰ ਹੈ। ਜਿਨ੍ਹਾਂ ਲੋਕਾਂ ਨੇ ਸਾਨੂੰ ਚੁਣ ਕੇ ਇਥੇ ਭੇਜਿਆ ਹੈ, ਇਸ ਲਈ ਲਾਜ਼ਮੀ ਹੈ ਕਿ ਉਨ੍ਹਾਂ ਲੋਕਾਂ ਦੀ ਜੋ ਬਾਹਰ ਹਾਲਤ ਹੈ, ਉਨ੍ਹਾਂ ਦੀ ਜੋ ਰਿਫਲੈਕਸ਼ਨ ਹੈ, ਉਸ ਦਾ ਪ੍ਰਗਟਾਵਾ ਹਾਊਸ ਅੰਦਰ ਅਸੀਂ ਕਰ ਸਕੀਏ।

**ਸ੍ਰੀ ਸਪੀਕਰ** : ਲੇਕਿਨ ਤਰੀਕੇ ਨਾਲ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਸਪੀਕਰ ਸਾਹਿਬ, ਇੱਕ ਮਸਲੇ ਤੇ ਅਸੀਂ ਸੀਰਅਸਲੀ ਡਿਸਕਸ਼ਨ ਰੇਜ਼ ਕਰਨਾ ਚਾਹੁੰਦੇ ਸੀ। ਤੁਸੀਂ ਵੀ ਕਿਹਾ ਸੀ ਕਿ ਚੀਫ ਮਨਿਸਟਰ ਸਾਹਿਬ ਸਟੇਟਮੈਂਟ ਦੇਣ।

**ਸ੍ਰੀ ਸਪੀਕਰ**: ਉਹ ਖੜੇ ਹੋ ਗਏ। ਮੈਂ ਉਨ੍ਹਾਂ ਨੂੰ ਬਿਠਾਇਆ ਸੀ। ਰਿਗਰੇਟ ਸ਼ੋ ਕਰੋ ਤਾਂ ਗੱਲ ਮੁੱਕ ਜਾਂਦੀ ਹੈ। (Interruption) Canadian Sahib, I am sorry I am interrupting you. (Interruption) (Noise).

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ** : ਜੇਕਰ ਇਹ ਹੀ ਗੱਲ ਹੈ ਕਿ ਰੌਲਾ ਪਾ ਕੇ ਮੈਨੂੰ ਬੋਲਣ ਨਹੀਂ ਦੇਣਾ ਤਾਂ ਮੈਂ ਵੈਸੇ ਹੀ ਬੋਲਣਾ ਬੰਦ ਕਰ ਦਿੰਦਾ ਹਾਂ। ਸਪੀਕਰ ਸਾਹਿਬ, ਮੇਰੀ ਤਾਂ ਰਾਏ ਹੈ ਕਿ ਜਿਹੜੇ ਵੀ ਸੱਜਣ ਉਸ ਪਾਸੇ (ਸਰਕਾਰੀ ਬੈਂਚਾਂ ਵੱਲ ਇਸ਼ਾਰਾ) ਬੈਠ ਜਾਂਦੇ ਹਨ ** ** **

**ਸ੍ਰੀ ਸਪੀਕਰ**: ਇਹ ਰਿਮਾਰਕਸ ਐਕਸਪੰਜ ਕਰ ਦਿਓ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ**: ਇਸ ਲਈ, ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਜਿਹੜੀ ਉਲੰਘਣਾ ਲੋਕਾਂ ਦੇ ਜਮਹੂਰੀ ਹੱਕਾਂ ਦੀ ਬਾਹਰ ਹੋਈ ਹੈ, ਉਹ ਤੁਹਾਨੂੰ ਵੀ ਪਤਾ ਹੈ। ਸਰਦਾਰ, ਪ੍ਰਕਾਸ਼

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਕਨੇਡੀਅਨ]

ਸਿੰਘ ਬਾਦਲ ਜੀ ਨੇ ਐਲਾਨ ਕੀਤਾ ਹੈ ਕਿ ਕੋਈ ਵੀ ਔਰਤ ਥਾਣੇ ਵਿਚ ਨਹੀਂ ਸਦੀ ਜਾਵੇਗੀ (ਵਿਘਨ) ਪਰ ਉਨ੍ਹਾਂ ਨਾਲ ਜੋ ਹੋਇਆ ਤੁਸੀਂ ਉਸ ਬਾਰੇ ਗੱਲ ਵੀ ਨਹੀਂ ਕਰਨ ਦਿੰਦੇ ..

**ਸ਼੍ਰੀ ਸਪੀਕਰ:** ਪਰ ਜਮਹੂਰੀਅਤ ਦਾ ਵੀ ਕੋਈ ਤਰੀਕਾ ਹੁੰਦਾ ਹੈ। ਇਹ ਤਰੀਕਾ ਨਹੀਂ ਹੈ ਕਿ ਇਥੇ ਆ ਸਕੇ ਇਸ ਤਰ੍ਹਾਂ ਕੀਤਾ ਜਾਵੇ। ਹੋਰ ਕਈ ਤਰੀਕੇ ਹਨ।

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ:** ਤੁਸੀਂ ਸਾਡੀ ਐਡਜਰਨਮੈਂਟ ਮੋਸ਼ਨ ਵੀ ਐਡਮਿੱਟ ਨਹੀਂ ਕਰਦੇ।

ਸ਼੍ਰੀ ਸਪੀਕਰ: ਤੁਹਾਨੂੰ ਮੈਂ ਬਾਰ ਬਾਰ ਬੇਨਤੀ ਕੀਤੀ, ਤੁਹਾਡੀਆਂ ਮਿੰਨਤਾਂ ਵੀ ਕੀਤੀਆਂ। ਮੈਂ ਤੁਹਾਨੂੰ ਤਰੀਕਾ ਦੱਸਾਂਗਾ ਕਿ ਕਿਸ ਤਰ੍ਹਾਂ ਐਡਮਿੱਟ ਹੋ ਸਕਣਗੀਆਂ।

**ਸਰਦਾਰ ਉਮਰਾਓ ਸਿੰਘ:** ਸਪੀਕਰ ਸਾਹਿਬ, ਜਿਹੜੀ ਗੱਲ ਚੈਂਬਰ ਵਿਚ ਹੋਈ ਹੈ ਤੁਸੀਂ ਉਸ ਨੂੰ ਆਨਰ ਕਿਉਂ ਨਹੀਂ ਕਰਦੇ ?

**ਕਾਮਰੇਡ ਦਰਸ਼ਨ ਸਿੰਘ ਕਨੇਡੀਅਨ:** ** ** **

**Mr. Speaker :** This will not form part of the proceedings.

**ਡਾਕਟਰ ਕੇਵਲ ਕ੍ਰਿਸ਼ਨ :** ਸਪੀਕਰ ਸਾਹਿਬ, ਇਹ ਮੋਸ਼ਨ ਹਾਊਸ ਵਿਚ ਆਈ ਹੈ। ਸਵੇਰੇ ਵੀ, ਸਪੀਕਰ ਸਾਹਿਬ, ਇਸ ਸਬੰਧ ਵਿਚ ਡਿਸਕਸ਼ਨ ਹੋਈ ਸੀ। ਸਪੀਕਰ ਸਾਹਿਬ, ਮੈਂ ਤਾਂ ਇਹ ਕਹਾਂਗਾ ਕਿ ਚੌਧਰੀ ਸੁੰਦਰ ਸਿੰਘ ਇਸ ਹਾਊਸ ਦੇ ਸਭ ਤੋਂ ਬਜ਼ੁਰਗ ਮੈਂਬਰ ਹਨ। ਸ਼ਾਇਦ ਇਨ੍ਹਾਂ ਨੇ (ਸਰਕਾਰੀ ਬੈਂਚਾਂ ਵਲੋਂ ਇਸ਼ਾਰਾ) ਪ੍ਰੈਸਟੀਜ ਕੁਐਸਚਨ ਇਸ ਨੂੰ ਬਣਾ ਲਿਆ ਹੈ। ਆਮ ਤੌਰ ਤੇ ਇਹ ਚੀਜ਼ ਹੋ ਜਾਂਦੀ ਹੈ ਕਿ ਜਦੋਂ ਦੋ ਭਰਾਵਾਂ ਦਾ ਝਗੜਾ ਹੋ ਜਾਵੇ ਤਾਂ ਬਜ਼ੁਰਗ ਉਠ ਕੇ ਕਹਿ ਦਿੰਦਾ ਹੈ ਕਿ ਮੈਨੂੰ ਮੁਆਫ ਕਰ ਦਿਓ। ਉਨ੍ਹਾਂ ਨੇ ਇਸ ਢੰਗ ਨਾਲ ਮਾਮਲੇ ਨੂੰ ਕੂਲ ਡਾਊਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਡਾਂਗ ਸਾਹਿਬ ਨੇ ਖੁਦ ਵੀ ਕਿਹਾ ਹੈ ਕਿ ਸਾਡੀ ਇਨਟੈਨਸ਼ਨ ਹਾਊਸ ਦੇ ਡੈਕੋਰਮ ਨੂੰ ਤੋੜਨ ਦੀ ਨਹੀਂ ਸੀ। ਠੀਕ ਹੈ, ਮੈਂ ਸਮਝਦਾ ਹਾਂ ਕਿ ਮੋਸ਼ਨ ਹੁਣ ਵਿਦਡਰਾਅ ਕਰਨੀ ਚਾਹੀਦੀ ਹੈ। ਐਟਮਾਸਫੀਅਰ ਨੂੰ ਸ਼ਾਂਤੀ ਵਾਲਾ ਬਣਾਉਣਾ ਚਾਹੀਦਾ ਹੈ।

**ਸ਼੍ਰੀ ਸਪੀਕਰ:** ਡਾਕਟਰ ਸਾਹਿਬ, ਜਦੋਂ ਤੁਸੀਂ ਸਪੀਕਰ ਸੀ ਤਾਂ ਕਈ ਵਾਰੀ ਆਪੋਜ਼ੀਸ਼ਨ ਬੈਂਚਿਜ਼ ਵਲੋਂ ਇਸ ਤਰ੍ਹਾਂ ਦੀਆਂ ਗੱਲਾਂ ਕੀਤੀਆਂ ਗਈਆਂ ਲੇਕਿਨ ਉਨ੍ਹਾਂ ਨੇ ਮੁਆਫੀ ਮੰਗੀ। ਮੈਂ ਰਿਕਾਰਡ ਮੰਗਵਾ ਕੇ ਵੇਖਿਆ ਹੈ, ਉਨ੍ਹਾਂ ਨੇ ਤਾਂ ਅਨਕੁਆਲੀਫਾਈਡ ਅਪਾਲੋਜੀ ਟੈਂਡਰ ਕੀਤੀ ਹੈ।

**ਸਰਦਾਰ ਉਮਰਾਓ ਸਿੰਘ :** ਉਹ ਤਾਂ ਜੀ ਨੈਸ਼ਨਲ ਫਲੈਗ ਸਾੜਿਆ ਸੀ ਤਾਂ ਕੀਤੀ ਸੀ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਚੌਧਰੀ ਬਲਰਾਮ ਜਾਖੜ:** ਸਪੀਕਰ ਸਾਹਿਬ, ਸਰਕਾਰ ਨੂੰ ਵੀ ਜ਼ਿੱਦ ਨਹੀਂ ਕਰਨੀ ਚਾਹੀਦੀ। ਮੁਰਾਰਜੀ ਭਾਈ ਨੇ ਵੀ ਇਕ ਵਾਰੀ ਬੈਠ ਕੇ ਧਰਨਾ ਦਿੱਤਾ ਲੇਕਿਨ ਉਸ ਵੇਲੇ ਕੋਈ ਇਸ ਤਰ੍ਹਾਂ ਦੀ ਗੱਲ ਉਥੇ ਨਹੀਂ ਹੋਈ ਜਿਸ ਤਰ੍ਹਾਂ ਕਿ ਸਰਕਾਰ ਇਥੇ ਕਰ ਰਹੀ ਹੈ। ਇਸ ਲਈ ਇਨ੍ਹਾਂ ਨੂੰ ਵੀ ਜ਼ਿੱਦ ਨਹੀਂ ਕਰਨੀ ਚਾਹੀਦੀ।

**Sri A. Vishwanathan :** Comrade Darshan Singh Canadian is now more sagacious than he was earlier in the morning.

**Comrade Satya Pal Dang :** Nobody, at least, of our party approves that this thing should have happened. So that this type of thing may not happen in the house again, let us discuss it together and then find a way out. No-body likes it. (Noise in the House)

**ਸ੍ਰੀ ਸਪੀਕਰ :** ਹਾਂ ਜੀ, ਡਾਂਗ ਸਾਹਿਬ, ਗੱਲ ਮੁਕਾਓ।

**ਕਾਮਰੇਡ ਸੱਤਪਾਲ ਡਾਂਗ :** ਮੈਂ ਤਾਂ ਕਲੀਅਰ ਕਹਿ ਦਿੱਤਾ ਹੈ। What more I could say.

**ਚੌਧਰੀ ਕਾਂਸ਼ੀ ਰਾਮ :** ਸਪੀਕਰ ਸਾਹਿਬ, ਗੱਲ ਪੱਧਰੀ ਹੈ। ਤੁਹਾਡੇ ਚੈਂਬਰ ਵਿਚ ਗੱਲ ਤਹਿ ਹੋ ਗਈ ਸੀ। ਗੱਲ ਮੁੱਕ ਗਈ ਸੀ। ਤੁਸੀਂ ਵੀ ਮੰਨ ਗਏ, ਮਗਰ ਸਰਕਾਰ ਕੁਝ ਜ਼ਿਆਦਾ ਹੀ ਸਖਤੀ ਤੇ ਆ ਗਈ ਹੈ। ਅਸੀਂ ਵੀ, ਤੇ ਤੁਸੀਂ ਵੀ, ਸਾਰੇ ਹਾਊਸ ਦੇ ਸੈਂਟੀਮੈਂਟਸ ਨੋਟ ਕਰਦੇ ਹਾਂ। ਪਰ ਇਥੇ ਪਾਵਰ ਨੂੰ ਰੈਕਗਨਾਈਜ਼ ਕਰਨ ਲਈ ਜੋ ਕੁਝ ਸਰਕਾਰ ਕਰ ਰਹੀ ਹੈ This is the rule of the land. ਇਸ ਲਈ ਮੈਂ ਸਰਕਾਰ ਨੂੰ ਕਹਾਂਗਾ ਕਿ ਇਸ ਤਰ੍ਹਾਂ ਦਾ ਵਤੀਰਾ ਨਹੀਂ ਰਖਣਾ ਚਾਹੀਦਾ।

**ਸਰਦਾਰ ਬੇਅੰਤ ਸਿੰਘ:** ਸਪੀਕਰ ਸਾਹਿਬ, ਬੜੇ ਅਫਸੋਸ ਦੀ ਗੱਲ ਹੈ ਕਿ ਗੱਲ ਮੁੱਕ ਚਲੀ ਸੀ। ਲੀਡਰ ਆਫ਼ ਦੀ ਹਾਊਸ ਦੀ ਅਸੀਂ ਬੜੀ ਇਜ਼ਤ ਤੇ ਮਾਣ ਕਰਦੇ ਹਾਂ ਅਤੇ ਤੁਹਾਡੀ ਵੀ ਬਹੁਤ ਇਜ਼ਤ ਕਰਦੇ ਹਾਂ। ਇਥੇ ਮੈਂ ਰੂਲਜ਼ ਦੇ ਮੁਤਾਬਕ ਨਹੀਂ ਗੱਲ ਕਰਨਾ ਚਾਹੁੰਦਾ ਕਿਉਂਕਿ ਇਥੇ ਰੂਲਜ਼ ਤਾਂ ਵੱਧ ਚੜ੍ਹ ਕੇ ਪੜ੍ਹੇ ਗਏ। ਮੈਂ ਵਕੀਲਾਂ ਵਾਲੀ ਬਹਿਸ ਵਿਚ ਨਹੀਂ ਪੈਣਾ ਚਾਹੁੰਦਾ। ਵਿਸ਼ਵਨਾਥਨ ਜੀ ਨੇ ਜਦੋਂ ਆਪਣੀ ਮੋਸ਼ਨ ਵਾਪਿਸ ਲੈ ਲਈ ਸੀ ਤਾਂ ਐਟਮਾਸਫੀਅਰ ਅੱਛਾ ਹੋ ਗਿਆ ਸੀ। ਬਰਾੜ ਸਾਹਿਬ ਨੇ ਵੀ ਅੱਛੀ ਗੱਲ ਕਹੀ ਸੀ। ਮੇਰਾ ਖਿਆਲ ਹੈ ਕਿ ਡਾਂਗ ਸਾਹਿਬ ਨੇ ਬੜੇ ਚੰਗੇ ਲਫਜ਼ ਕਹੇ ਹਨ। ਮੈਂ ਸਮਝਦਾ ਹਾਂ ਕਿ ਇਹ ਲਫਜ਼ ਰਿਕਾਰਡ ਉਤੇ ਹਨ। ਉਨ੍ਹਾਂ ਲਫਜ਼ਾਂ ਨੂੰ ਲੈਂਦੇ ਹੋਏ ਇਸ ਮਾਮਲੇ ਨੂੰ ਡਰਾਪ ਕਰ ਦੇਣਾ ਚਾਹੀਦਾ ਹੈ। ਕਈ ਵਾਰੀ ਐਸਾ ਜ਼ਰੂਰ ਹੋ ਜਾਂਦਾ ਹੈ। ਇਸ ਕਰ ਕੇ ਮੈਂ ਅਰਜ਼ ਕਰਦਾ ਹਾਂ ਕਿ ਇਹ ਗੱਲ ਮੁੱਕਾ ਦਿਤੀ ਜਾਵੇ।

(ਇਸ ਸਮੇਂ ਕਈ ਮਾਨਯੋਗ ਮੈਂਬਰ ਸਾਹਿਬਾਨ ਬੋਲਣ ਵਾਸਤੇ ਖੜੇ ਸਨ।)

**ਸ੍ਰੀ ਮਨਮੋਹਨ ਕਾਲੀਆ :** ਸਪੀਕਰ ਸਾਹਿਬ, ਇਹ ਜਿਹੜਾ ਮਸਲਾ ਹਾਊਸ ਵਿਚ ਹੈ ਇਸ ਦੇ ਬਾਰੇ ਅਰਜ਼ ਹੈ ਕਿ ਇਸ ਤਰ੍ਹਾਂ ਦਾ ਵਾਕਿਆ ਹਿਸਟਰੀ ਵਿਚ ਨਹੀਂ ਮਿਲਦਾ। ਅਸੀਂ ਸਾਰੇ ਇਥੇ ਬੈਠੇ ਹਾਂ। ਇਸ ਤਰ੍ਹਾਂ ਦੇ ਇਨਸੀਡੈਂਟਸ ਹੋਏ ਹਨ, ਔਰ ਜਿਨ੍ਹਾਂ ਕਰ ਕੇ ਹਰਿਆਣੇ ਦੇ ਸ੍ਰੀ ਹਰਦਵਾਰੀ ਲਾਲ ਨੂੰ ਡਿਸਮਿਸ ਕਰ ਦਿੱਤਾ ਗਿਆ। ਸ੍ਰੀ ਸੱਭਰਵਾਲ ਨੂੰ ਪਾਰਲੀਮੈਂਟ ਦੀ ਮੈਂਬਰੀ ਤੋਂ ਹੱਥ ਧੋਣੇ ਪਏ। ਮੇਰੀ ਅਪੀਲ ਹੈ ਕਿ ਅਗਰ ਇਹ ਚੀਜ਼ ਇਸ ਤਰੀਕੇ ਨਾਲ ਵੱਧਦੀ ਜਾਵੇਗੀ, ਜੇਕਰ ਆਪੋਜ਼ੀਸ਼ਨ

Original with;
Punjab Vidhan Sabha
Digitized by;
Panjab Digital Library

[ਸ੍ਰੀ ਮਨਮੋਹਨ ਕਾਲੀਆ]

ਨੇ ਇਹ ਹੀ ਸਮਝਣਾ ਹੈ ਕਿ ਰਾਈਟ ਆਫ ਸਪੀਚ ਹੈ, ਜਿਸ ਤਰ੍ਹਾਂ ਮਰਜ਼ੀ ਹੈ ਕਰੀ ਜਾਓ, ਤਾਂ ਇਸ ਤਰ੍ਹਾਂ ਮੈਂ ਸਮਝਦਾ ਹਾਂ ਕਿ ਹਾਊਸ ਦਾ ਡੈਕੋਰਮ ਨਹੀਂ ਰਹਿ ਸਕਦਾ। ਹਾਊਸ ਦੇ ਅੰਦਰ ਇਸ ਤਰੀਕੇ ਨਾਲ ਮਿੱਸ ਬਿਹੇਵ ਕਰਨਾ ਠੀਕ ਨਹੀਂ ਹੈ। ਇਸ ਲਈ ਮੈਂ ਇਹ ਕਹਾਂਗਾ ਕਿ ਇਸ ਹਾਊਸ ਦੀ ਜੋ ਮਰਿਆਦਾ ਹੈ, ਅਗਰ ਇਸ ਤਰ੍ਹਾਂ ਕੀਤਾ ਜਾਵੇਗਾ ਤਾਂ ਠੀਕ ਨਹੀਂ ਰਹੇਗੀ। ਇਸ ਲਈ ਸਾਨੂੰ ਇਸ ਹਾਊਸ ਨੂੰ ਡੇਸਟਰੱਕਸ਼ਨ ਵਾਲੇ ਪਾਸੇ ਨਹੀਂ ਲੈ ਜਾਣਾ ਚਾਹੀਦਾ। ਜੋ ਕੁਝ ਕੀਤਾ ਹੈ, ਇਹ ਠੀਕ ਨਹੀਂ ਕੀਤਾ ਗਿਆ। ਬਾਕਾਇਦਾ ਮੋਸ਼ਨ ਮੂਵ ਕੀਤੀ ਹੈ ਔਰ ਜਿਸ ਤਰੀਕੇ ਨਾਲ ਹਾਊਸ ਚਲਣਾ ਚਾਹੀਦਾ ਹੈ ਉਸ ਤਰੀਕੇ ਨਾਲ ਹੀ ਚਲਾਉਣਾ ਚਾਹੀਦਾ ਹੈ। ਮੈਂ ਸਰਦਾਰ ਕਿਰਪਾਲ ਸਿੰਘ ਜੀ ਨੂੰ ਕਹਾਂਗਾ ਕਿ ਉਹ ਰੈਜ਼ੋਲਿਊਸ਼ਨ ਵਾਪਸ ਲੈ ਲੈਣ।

**ਸ੍ਰੀ ਸਪੀਕਰ:** ਹਾਂ ਜੀ, ਡਾਂਗ ਸਾਹਿਬ।

**ਕਾਮਰੇਡ ਸੱਤ ਪਾਲ ਡਾਂਗ:** ਮੈਂ ਤਾਂ ਜੀ ਜੋ ਕੁਝ ਕਹਿਣਾ ਸੀ ਕਹਿ ਦਿਤਾ ਹੈ।

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਉਮਰਾਓ ਸਿੰਘ ਬੋਲਣ ਲਈ ਖੜੇ ਹੋਏ)

**ਸ੍ਰੀ ਸਪੀਕਰ:** ਸਰਦਾਰ ਉਮਰਾਓ ਸਿੰਘ ਜੀ, ਤੁਸੀਂ ਬੈਠੋ।

**ਸਰਦਾਰ ਉਮਰਾਓ ਸਿੰਘ:** ਸਪੀਕਰ ਸਾਹਿਬ, ਤੁਸੀਂ ਰੂਲ ਮੈਨਸ਼ਨ ਕੀਤਾ ਹੈ। ਮੈਨੂੰ ਰੂਲਜ਼ ਦੀ ਇਨਟਰਪ੍ਰੇਟੇਸ਼ਨ ਕਰ ਲੈਣ ਦਿਓ।

**Mr. Speaker :** I have not mentioned the rule, I have given a decision according to the Rules.

**Mr. Speaker :** Question is.

(i) That rule 97 of the Rule of Procedure and Conduct of Business in the Punjab Vidhan Sabha (Punjab Legislative Assembly) be suspended; and

(ii) That Comrades Satya Pal Dang, Darshan Singh Canadian, Babu Singh, Mehtab Singh, Baldev Singh Loomba, Dana Ram and Shri Khushal Behl. MLAs. who have deliberately obstructed the proceedings of the House against the repeated orders of the Chair and thereby committed contempt of the House be suspended from the service of the House for the remainder of the Session.

*The motion was carried.*

**Mr. Speaker :** The House stands adjourned till 3.30 P.M. today.

*2.40 P.M. | (*The Sabha then *adjourned till* 3.30 P. M. *today the* 14*th September*, 1978)

Original with;
Punjab Vidhan Sabha
Digitized by;
Panjab Digital Library

## APPENDIX

To

## PUNJAB VIDHAN SABHA DEBATES

*Dated the 14th September, 1978*

*(Forenoon Sitting)*

**VOL. III No. 9**

STARRED QUESTIONS AND ANSWERS

**Purchase of Road Roller by the Improvement Trust, Jullundur.**

*557. **Shri Romesh Chander** : Will the Minister for Finance be pleased to state whether any enquiry into the alleged misappropriation in the purchase of a Road Roller in 1974 by the Improvement Trust, Jullundur has been instituted by the Government , if so, the details thereof?

**ਸਰਦਾਰ ਬਲਵੰਤ ਸਿੰਘ** : 1. ਹਾਂ ਜੀ ।

2. ਇਨਕੁਆਇਰੀ ਰਿਪੋਰਟ ਸਰਕਾਰ ਦੇ ਵਿਚਾਰ ਅਧੀਨ ਹੈ ।

---

**ਰਾਜ ਵਿਚ 20 ਸਾਲਾ ਲਈ ਪੱਟੇ ਦੇ ਆਧਾਰ ਤੇ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਨੂੰ ਅਲਾਟ ਕੀਤੀ ਬੰਜਰ ਜ਼ਮੀਨ**

*817. **ਸਰਦਾਰ ਦਲਬੀਰ ਸਿੰਘ** : ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਨੂੰ 20 ਸਾਲਾਂ ਲਈ ਪੱਟੇ ਦੇ ਆਧਾਰ ਤੇ ਦਿਤੀ ਗਈ ਬੰਜਰ ਜ਼ਮੀਨ ਉਨਾਂ ਨੂੰ ਹੀ ਅਲਾਟ ਕੀਤੇ ਜਾਣ ਦੀ ਸੰਭਾਵਨਾ ਹੈ ਜਾਂ ਉਸ ਨੂੰ ਸੁਧਾਰਣ ਤੋਂ ਬਾਅਦ ਵਾਪਸ ਲੈਣ ਦੀ ਤਜ਼ਵੀਜ਼ ਹੈ ?

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ** : ਦੀ ਈਸਟ ਪੰਜਾਬ ਯੂਟੀਲਾਈਜ਼ੇਸ਼ਨ ਆਫ ਲੈਂਡਜ਼ ਐਕਟ, 1949 ਦੇ ਅਨੁਸਾਰ ਅਜਿਹੀ ਮਲਕੀਅਤੀ ਜ਼ਮੀਨ ਜੋ ਪਿਛਲੇ 6 ਫਸਲਾਂ ਤੋਂ ਕਾਸ਼ਤ ਨਾ ਕੀਤੀ ਜਾਂਦੀ ਰਵੇ, ਭੋਂ ਮਾਲਕ ਨੂੰ ਨੋਟਿਸ ਦੇ ਕੇ ਕਬਜ਼ੇ ਵਿਚ ਲਈ ਜਾ ਸਕਦੀ ਹੈ ਅਤੇ 7 ਸਾਲ ਤੋਂ 20 ਸਾਲ ਤੱਕ ਕਿਸੇ ਵੀ ਵਿਅਕਤੀ ਨੂੰ ਖੁਰਾਕ ਅਤੇ ਚਾਰਾ ਉਗਾਉਣ ਦੇ ਮੰਤਵ ਲਈ ਲੀਜ਼ ਤੇ ਦਿੱਤੇ ਜਾਣ ਦੇ ਅਧਿਕਾਰ ਕੁਲੈਕਟਰਜ਼ ਨੂੰ ਹਨ। ਅਜਿਹੀ ਜ਼ਮੀਨ ਐਕੁਆਇਰ ਕਰ ਕੇ ਮੁਆਵਜ਼ਾ ਭੋਂ ਮਾਲਕ ਨੂੰ ਦੇਣ ਬਾਰੇ ਵੀ ਕੁਲੈਕਟਰਜ਼ ਨੂੰ ਅਧਿਕਾਰ ਹਨ। ਲੀਜ਼ ਦਾ ਸਮਾਂ ਖਤਮ ਹੋ ਜਾਣ ਤੇ ਅਜਿਹੀ ਜ਼ਮੀਨ ਭੋਂ ਮਾਲਕ ਨੂੰ ਵਾਪਿਸ ਕਰ ਦਿੱਤੀ ਜਾਂਦੀ ਹੈ। ਅਜਿਹੀ ਜ਼ਮੀਨ ਪੱਕੇ ਤੌਰ ਤੇ ਐਕਟ ਅਨੁਸਾਰ ਪੱਟੇਦਾਰ ਨੂੰ ਨਹੀਂ ਦਿਤੀ ਜਾ ਸਕਦੀ ਅਤੇ ਨਾ ਹੀ ਅਜਿਹੀ ਕੋਈ ਤਜ਼ਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ।

**2. ਨਿਕਾਸੀ ਜ਼ਮੀਨ**

ਜੋ ਗੈਰ ਅਲਾਟ ਬੰਜਰ ਤੇ ਗੈਰ ਮੁਮਕਿਨ ਨਿਕਾਸੀ ਜ਼ਮੀਨਾਂ ਹਰੀਜਨਾਂ ਆਦਿ ਨੂੰ 20 ਸਾਲਾਂ ਪੱਟੇ ਤੇ ਦਿੱਤੀਆਂ ਗਈਆਂ ਸਨ ਉਹ ਉਨ੍ਹਾਂ ਨੂੰ ਕਬਜ਼ੇ ਦੇ ਆਧਾਰ ਤੇ ਅੱਗੇ ਹੀ ਮੁੰਤਕਿਲ ਕੀਤੀਆਂ ਜਾ ਚੁਕੀਆ ਹਨ ਜਾਂ ਕੀਤੀਆਂ ਜਾ ਰਹੀਆਂ ਹਨ। ਜੋ ਹਰੀਜਨ, ਰਾਏ ਸਿੱਖ ਜਾਂ ਗੈਰ ਭੂਮੀਹੀਨ ਵਾਹੀ ਕਾਰ ਜਾਂ ਵਾਹੀ ਤੇ ਨਿਰਭਰ ਕਾਮੇ, ਨਿਕਾਸੀ ਜ਼ਮੀਨ ਤੇ ਰੱਬੀ, 1972 ਤੋਂ ਕਾਬਜ਼ ਹਨ ਉਹ ਜ਼ਮੀਨਾਂ ਵੀ ਉਨ੍ਹਾਂ ਨੂੰ 10 ਸਾਧਾਰਨ ਏਕੜ ਦੀ ਸੀਮਾਂ ਤੱਕ ਮੁੰਤਕਿਲ ਕੀਤੀਆਂ ਜਾ ਰਹੀਆਂ ਹਨ। ਬਾਕੀ ਬਚਦੀ ਨਿਕਾਸੀ ਜ਼ਮੀਨ ਦੇ ਨਿਪਟਾਰੇ ਬਾਰੇ ਨਵੀਂ ਨੀਤੀ ਬਣਾਉਣ ਤੇ ਵਿਚਾਰ ਕੀਤਾ ਜਾ ਰਿਹਾ ਹੈ ।

---

Original with;
Punjab Vidhan Sabha
Digitized by;
Panjab Digital Library

**ਰਾਜ ਵਿਚ ਜ਼ਮੀਨ ਹਥਿਆਣ ਦੇ ਕੇਸ**

*823. **ਸ੍ਰੀ ਓਮ ਪ੍ਰਕਾਸ਼ ਗੁਪਤਾ**: ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਪਿਛਲੇ 10 ਸਾਲਾਂ ਦੇ ਦੌਰਾਨ ਰਾਜ ਵਿਚ ਜ਼ਿਲ੍ਹਾ ਵਾਰ, ਨਜ਼ੂਲ ਜ਼ਮੀਨ, ਸਰਕਾਰੀ ਜ਼ਮੀਨ, ਮਿਊਂਸਪਲ ਜ਼ਮੀਨ, ਨਿਕਾਸੀ ਜ਼ਮੀਨ ਅਤੇ ਪਾਰਕਾਂ ਲਈ ਜ਼ਮੀਨ ਦੇ ਹਥਿਆ ਣ ਦੇ ਕਿੰਨੇ ਕੇਸ ਸਰਕਾਰ ਦੇ ਧਿਆਨ ਵਿਚ ਆਏ ਅਤੇ ਅਜਿਹੇ ਕੇਸਾਂ ਵਿਚ ਸ਼ਾਮਲ ਵਿਅਕਤੀਆਂ, ਪਾਰਟੀਆਂ ਜਾਂ ਸੰਸਥਾਵਾਂ ਦੇ ਨਾਂ ਕੀ ਕੀ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਵਿਰੁਧ ਕੀ ਕਾਰਵਾਈ ਕੀਤੀ ਗਈ ਜਾਂ ਕਰਨ ਦੀ ਤਜਵੀਜ਼ ਹੈ ਅਤੇ ਹੁਣ ਕਿੰਨੇ ਵਿਅਕਤੀਆਂ ਆਦਿ ਤੇ ਮੁਕੱਦਮਾ ਚਲਾਇਆ ਗਿਆ ਹੈ;

(ੲ) ਕੀ ਉਪਰੋਕਤ ਕੇਸਾਂ ਵਿਚ ਕੋਈ ਸਰਕਾਰੀ ਅਫਸਰ/ਕਰਮਚਾਰੀ ਵੀ ਸ਼ਾਮਲ ਹਨ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਨੇ ਅਜਿਹੇ ਅਫ਼ਸਰਾਂ/ਕਰਮਚਾਰੀਆਂ ਦੇ ਵਿਰੁਧ ਕੀ ਕਾਰਵਾਈ ਕੀਤੀ ?

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ**: ਇਹ ਸਵਾਲ ਮਾਲ ਵਿਭਾਗ ਵਿਚ 7 ਸਤੰਬਰ, 1978 ਨੂੰ ਆਇਆ ਸੀ। ਸਾਰੇ ਡਿਪਟੀ ਕਮਿਸ਼ਨਰਾਂ ਨੂੰ ਉਸੇ ਦਿਨ ਸੂਚਨਾ ਦੇਣ ਲਈ ਆਖ ਦਿਤਾ ਗਿਆ ਸੀ। 14 ਸਤੰਬਰ, 1978 ਤੱਕ ਕੇਵਲ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਅਤੇ ਹੁਸ਼ਿਆਰਪੁਰ ਵਲੋਂ ਲੋੜੀਂਦੀ ਸੂਚਨਾ ਪ੍ਰਾਪਤ ਹੋਈ ਹੈ ਜਿਹੜੀ ਕਿ ਸਦਨ ਦੀ ਮੇਜ਼ ਉਤੇ ਰਖੀ ਜਾਂਦੀ ਹੈ। ਡੀ. ਸੀ. ਕਪੂਰਥਲਾ ਅਤੇ ਜਲੰਧਰ ਨੇ ਅਧੂਰੀ ਸੂਚਨਾ ਭੇਜੀ ਹੈ ਅਤੇ 8 ਡਿਪਟੀ ਕਮਿਸ਼ਨਰਾਂ ਵਲੋਂ (ਪਟਿਆਲਾ, ਰੋਪੜ, ਗੁਰਦਾਸਪੁਰ, ਫਿਰੋਜ਼ਪੁਰ, ਫਰੀਦਕੋਟ, ਸੰਗਰੂਰ, ਬਠਿੰਡਾ ਅਤੇ ਲੁਧਿਆਣਾ) ਕੋਈ ਸੂਚਨਾ ਪ੍ਰਾਪਤ ਨਹੀਂ ਹੋਈ। ਸਮੇਂ ਦੀ ਥੁੜ ਕਾਰਨ ਪੂਰੀ ਸੂਚਨਾ ਪ੍ਰਾਪਤ ਨਹੀਂ ਹੋ ਸਕੀ। ਇਸ ਲਈ ਇਸ ਸਵਾਲ ਦਾ ਇਸ ਵੇਲੇ ਮੁਕੰਮਲ ਉਤੱਰ ਨਹੀਂ ਦਿਤਾ ਜਾ ਸਕਦਾ। ਜਦੋਂ ਵੀ ਬਾਕੀ ਦੀ ਸੂਚਨਾ ਡਿਪਟੀ ਕਮਿਸ਼ਨਰਾਂ ਵਲੋਂ ਪ੍ਰਾਪਤ ਹੋ ਜਾਵੇਗੀ, ਇਹ ਮਾਨਯੋਗ ਮੈਂਬਰਾਂ ਨੂੰ ਭੇਜ ਦਿਤੀ ਜਾਵੇਗੀ।

Original with;
Punjab Vidhan Sabha
Digitized by;
Panjab Digital Library

## ਭਾਗ (ੳ)

| 1 | 2 | 3 | | | | | |
|---|---|---|---|---|---|---|---|
| ਕ੍ਰਮ ਨੰ: | ਜ਼ਿਲ੍ਹੇ ਦਾ ਨਾਂ | ਸਰਕਾਰੀ ਜ਼ਮੀਨ ਪਿਛਲੇ 10 ਸਾਲਾਂ ਦੇ ਦੌਰਾਨ ਹਥਿਆਉਣ ਦੇ ਕੇਸ | | | | | |
| 1 | 2 | 3 | 4 | 5 | 6 | 7 | 8 |
| | | ਨਜ਼ੂਲ ਭੋਂ | ਸਰਕਾਰੀ ਭੋਂ | ਮਿਉਂਸਪਲ ਭੋਂ | ਨਿਕਾਸੀ ਭੋਂ | ਪਾਰਕਾਂ ਲਈ ਭੋਂ | ਹਥਿਆਉਣ ਵਾਲੀਆਂ ਪਾਰਟੀਆਂ ਜਾਂ ਸੰਸਥਾਵਾਂ ਦੇ ਨਾਂਮ |
| 1. | ਅੰਮ੍ਰਿਤਸਰ | ਨਿਲ | ਨਿਲ | 53 | ਨਿਲ | ਨਿਲ | ਸੂਚੀ ਅਨੈਕਸ-ਚਰ 'ਏ' ਤੇ ਹੈ । |
| 2 | ਹੁਸ਼ਿਆਰਪੁਰ | ਨਿਲ | ਨਿਲ | ਨਿਲ | 23 | ਨਿਲ | ਸੂਚੀ ਅਨੈਕਸ-ਚਰ 'ਬੀ' ਤੇ ਹੈ। |

Original with;
Punjab Vidhan Sabha
Digitized by;
Panjab Digital Library

ਭਾਗ ('ਅ')

| ਜ਼ਮੀਨ ਹਥਿਆਉਣ ਵਾਲੀਆਂ ਪਾਰਟੀਆਂ ਵਿਰੁਧ ਕਾਰਵਾਈ | ਜਿਨ੍ਹਾਂ ਵਿਅਕਤੀਆਂ ਨੂੰ ਸਜ਼ਾ ਹੋਈ। |
|---|---|
| 1 | 2 |
| ਪਹਿਲੇ 51 ਆਦਮੀਆਂ ਦੇ ਵਿਰੁਧ ਮਿਉਂਸਪਲ ਕਾਰਪੋਰੇਸ਼ਨ, ਅੰਮ੍ਰਿਤਸਰ ਨੇ ਬੇਦਖਲੀ ਲਈ ਦਿਵਾਨੀ ਮੁਕਦਮੇਂ ਦਾਇਰ ਕੀਤੇ ਹਨ। ਇਸੀ ਤਰ੍ਹਾਂ ਨਗਰਪਾਲਕਾ ਪੱਟੀ ਨੇ ਡਾ: ਟੇਕ ਸਿੰਘ (ਲੜੀ ਨੰ: 52) ਦੇ ਕੇਸ ਵਿਚ ਜ਼ਿਲ੍ਹਾ ਜੱਜ ਦੇ ਹੁਕਮ ਵਿਰੁਧ ਹਾਈ ਕੋਰਟ ਦੇ ਵਿੱਚ ਅਪੀਲ ਦਾਇਰ ਕੀਤੀ ਹੈ। ਸ੍ਰੀ ਹਜ਼ਾਰਾ ਸਿੰਘ (ਲੜੀ ਨੰ: 53) ਦੇ ਕੇਸ ਵਿਚ ਨਗਰਪਾਲਕਾ ਪੱਟੀ ਲੋਅਰ ਕੋਰਟ ਦੇ ਹੁਕਮ ਵਿਰੁੱਧ ਅਪੀਲ ਦਾਇਰ ਕਰਨ ਲਈ ਵਿਚਾਰ ਕਰ ਰਹੀ ਹੈ। | ਕੋਈ ਨਹੀਂ। |
| ਸਬੰਧਤ ਤਹਿਸੀਲਦਾਰ ਉਪ ਮੰਡਲ ਅਫਸਰ (ਸ) ਨਜਾਇਜ਼ ਕਬਜ਼ਿਆਂ ਨੂੰ ਬੇਦਖਲ ਕਰਨ ਲਈ ਕਾਰਵਾਈ ਕਰ ਰਹੇ ਹਨ। | ਕੋਈ ਨਹੀਂ |

Original with;
Punjab Vidhan Sabha
Digitized by;
Panjab Digital Library

ਭਾਗ (ੲ)

| ਇਨ੍ਹਾਂ ਕੇਸਾਂ ਵਿਚ ਜੋ ਸਰਕਾਰੀ ਅਫ਼ਸਰ/ਕਰਮਚਾਰੀ ਸ਼ਾਮਲ ਸਨ | ਇਨ੍ਹਾਂ ਅਫ਼ਸਰਾਂ/ਕਰਮਚਾਰੀਆਂ ਵਿਰੁਧ ਕਾਰਵਾਈ |
| --- | --- |
| 1 | 2 |
| ਨਿਲ | ਨਿਲ |
| ਨਿਲ | ਨਿਲ |

Original with;
Punjab Vidhan Sabha
Digitized by;
Panjab Digital Library

## ANNEXURE 'A'

**List of un-authorised occupants of Nazul land owned by Municipal Corporation, Amritsar and Municipal Land of Municipal Committee, Patti**

| Serial No. | Name of the persons | | Detail of Land |
|---|---|---|---|
| 1. | Shri Inder Singh, Shop No. 26 | .. | Khasra No. 1461, near Vegitable Market, outside Hall Gate, Amritsar |
| 2. | M/s. Nathu Ram Amar Nath, Shop No. 27 | .. | Ditto |
| 3. | M/s. Rup Lal Banarsi Lal, Shop No. 28 | .. | Ditto |
| 4. | M/s. Muranda Mal Narain Dass, Shop No. 29 | .. | Ditto |
| 5. | M/s. Sadar Dass Kishan Dass Kishan Lal, Shop No. 30 | .. | Ditto |
| 6. | M/s. Chaudhry Ram Jagdish Lal, Shop No. 31 | .. | Ditto |
| 7. | M/s. Jiwan Lal Om Parkash, Shop No. 32 | .. | Ditto |
| 8. | M/s. Piara Lal Multani and Sons, Shop No. 33 | .. | Ditto |
| 9. | M/s. Om Parkash Kewal Kishan and Co., Shop No. 34 | .. | Ditto |
| 10. | M/s. Dial Singh Harbhajan Singh Harbans Singh, Shop No. 35 | .. | Ditto |
| 11. | M/s. Mohinder Singh Gopal Singh, Shop No. 36 | .. | Ditto |
| 12. | M/s. Anante Ram Sharma and Sons, Shop No. 37 | .. | Ditto |
| 13. | M/s. Mulkh Raj Harbans Singh, Shop No. 38 | .. | Ditto |
| 14. | M/s. Chaudhry Prem Singh and Sons, Shop No. 39 | .. | Ditto |
| 15. | M/s. Makhan Singh Jaswant Singh, Shop No. 40 | .. | Ditto |
| 16. | M/s. Bhariwal Brothers, Shop No. 41 | .. | Ditto |
| 17. | M/s. Hans Raj Joginder Pal Lal Singh, Shop No. 42 | .. | Ditto |
| 18. | Harbans Lal, s/o Babu Ram | .. | Katra Moti Ram |
| 19. | Salinder Singh, s/o Bachan Singh | .. | Ditto |
| 20. | Harbans Singh s/o Hari Singh | .. | Ditto |
| 21. | Baldev Raj | .. | Outside Lahori Gate |
| 22. | Jita | .. | Ditto |
| 23. | Kaka Singh | .. | Ditto |
| 24. | Chaman Lal | .. | Ditto |
| 25. | Latai | .. | Ditto |
| 26. | Channi Lal | .. | Ditto |

Original with;
Punjab Vidhan Sabha
Digitized by;
Panjab Digital Library

| Serial No. | Name of the Persons | Detail of Land |
|---|---|---|
| 27. | Dwarka Dass | .. Outside Lahori Gate |
| 28. | Puran Dass | .. Ditto |
| 29. | Chaman Lal | .. Ditto |
| 30. | Madan Lal | .. Ditto |
| 31. | Habbi | .. Ditto |
| 32. | Tilak Raj | .. Ditto |
| 33. | Ram Lubhaya | .. Ditto |
| 34. | Rup Lal | .. Ditto |
| 35. | Manohar Lal | .. Ditto |
| 36. | Piara | .. Ditto |
| 37. | Billa Comrade | .. Ditto |
| 38. | Manohar Lal | .. Ditto |
| 39. | Bishan Dass | .. Ditto |
| 40. | Lal Chand | .. Ditto |
| 41. | Om Parkash | .. Ditto |
| 42. | Pritam Dass | .. Ditto |
| 43. | Anayat Masin | .. Ditto |
| 44. | Tara Chand | .. Ditto |
| 45. | Baldev Raj | .. Ditto |
| 46. | Jeena | .. Ditto |
| 47. | Lajwant s/o. Kaka Ram | .. Ditto |
| 48. | Bahadur | .. Ditto |
| 49. | Jalal s/o Nazar | .. Ditto |
| 50. | Muni Lal, son of Devi Dass | .. Ditto |
| 51. | Sat Pal | .. Ditto |
| 52. | Dr. Tek Singh of Patti | .. Encroachment of Gali |
| 53. | Shri Hazara Singh | .. Ditto |

Original with;
Punjab Vidhan Sabha
Digitized by;
Panjab Digital Library

## ANNEXURE 'B'

**Detail of persons, parties or organisation who are in unauthorised possession of Inferior Evacuee Land in District Hoshiarpur**

| Serial No. | Name of unauthorised occupants | Village | Area | Remarks |
|---|---|---|---|---|
| | | | K.M. | |
| 1. | Faqir Chand, s/o Mann, Tehsil Hoshiarpur | Shekhupur | 0—7 | Their case is under examination for the sale of this land as they had built houses in this Land |
| 2. | Manjur, s/o Rattan, Tehsil Hoshiarpur | Do | 0—4 | |
| 3. | Karam Chand s/o Bhagta, Tehsil Hoshiarpur | Do | 0—3 | |
| 4. | Hakam Singh, s/o Phuman Singh, Tehsil Hoshiarpur | Ajjowal | 71—5 | S-DO. (C) Collector, Hoshiarpur has since been moved for ejectment under the Public Premises Act |
| 5. | Kishan Singh s/o Ram Singh, Tehsil Hoshiarpur | Do | 0—12 | |
| 6. | Gurdas s/o Bura, Tehsil Hoshiarpur | Naloian | 80—0 | Possession stayed by the High Court |
| 7. | Darshan Ram, s/o Kura Ram, Tehsil Hoshiarpur | Naloian | 54—16 | Tehsildar, Hoshiarpur had since been asked to take steps for ejectment |
| 8. | Pritam, s/o Chhajju Tehsil Hoshiarpur | Do | 12—8 | |
| 9. | Faquir s/o Khazana Tehsil Hoshiarpur | Do | 7—6 | |
| 10. | Charan Dass, s/o Khazana, Tehsil Hoshiarpur | Do | 6—1 | |
| 11. | Sada Nand, s/o Ralla Ram, Tehsil Hoshiarpur | Do | 1—16 | |
| 12. | Piara Lal, s/o Ralla Ram, Tehsil Hoshiarpur | Do | 9—0 | |
| 13. | Tara, s/o Dasu, Tehsil Hoshiarpur | Mehmowal | 0—3 | S.D.O.(C)/Collector Hoshiarpur has been asked to take action for ejectment under the public premises |
| 14. | Ram Lok, s/o Gayya Ram, Tehsil Hoshiarpur | Do | 0—3 | |
| 15. | Pritu, s/o Sahiba, Tehsil Hoshiarpur | Do | 10—18 | |
| 16. | Resham Singh, s/o Bhagat, Tehsil Hoshiarpur | Harmoyan | 67—7 | S.D.O. (Collector, Hoshiarpur has been asked to take action for ejectment under the Public Premises Act |
| 17. | Tulsi s/o Babu, Tehsil Hoshiarpur | Do | 60—12 | |
| 18. | Gulzari, s/o Ishar, Tehsil Hoshiarpur | Do | 45—11 | |
| 19. | Darbara Singh, s/o Jeewan Singh, Tehsil Hoshiarpur | Do | 21—4 | |
| 20. | Rulia, s/o Bhagwan Dass, Tehsil Hoshiarpur | Do | 40—11 | |
| | Total | | 490—7 | |

Original with;
Punjab Vidhan Sabha
Digitized by;
Panjab Digital Library

| Serial No. | Name of persons | | Detail of Land |
|---|---|---|---|
| 21. | Peer Ram S/O Biru Ram | Galowal | 6—0 } Tehsildar Dasuya has since been asked to take steps for ejectment |
| 22. | Jeewan Singh s/o Labh Singh | Do | 2—12 |
| 23. | Government Primary School, Rani | Rani Pind | 6—0 |
| | Total | | 14—12 |

**Buses Lying Idle in Various Depots of the Punjab Roadways and Pepsu Road Transport Corporation in the State**

*550. **Shri Harbans Lal Khanna** : Will the Minister of State for Transport, Tourism and Sports be pleased to state:—

(a) the total number of buses lying idle in various depots of Punjab Roadways and Pepsu Road Transport Corporation seperately in the State at present together with the dates since when these have been lying idle in each case ;

(b) the total number out of those referred to in part(a) above which can be repaired and made road worthy ?

**Sardar Sukhdev Singh Dhindsa** : (a) and (b) On the 31st August, 1978.

(*i*) 280 buses of the Punjab Roadways were off the road, 243 of which were awaiting repairs and 37 awaiting condemnation ; and

(*ii*) 56 buses of the PEPSU Road Transport Corporation were off the road, 55 of which were awaiting repairs and 1 awaiting condemnation.

| ਜਨਵਰੀ, 1975 | .. | 15,135.18 |
| ਫਰਵਰੀ, 1975 | .. | 15,883.68 |
| ਮਾਰਚ, 1975 | .. | 18,347.68 |
| ਅਪਰੈਲ, 1975 | .. | 8,907.69 |
| ਮਈ, 1975 | .. | 180.31 |

**ਸਰਦਾਰ ਕਿਰਪਾਲ ਸਿੰਘ** : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਬੜੀ ਲੰਬੀ ਚੌੜੀ ਲਿਸਟ ਦਿਤੀ ਹੈ, ਜਿਸ ਵਿਚ ਦੱਸਿਆ ਹੈ ਕਿ ਵੱਖ ਵੱਖ ਮਹੀਨੇ ਵਿਚ ਉਸ ਸਰਪੰਚ ਦੇ ਹੱਥ ਵਿਚ ਕਿਨੀ ਰਕਮ ਰਹੀ । ਇਸ ਦੇ ਵਿਚ ਇਹ ਵੀ ਦੱਸਿਆ ਹੈ ਕਿ ਉਸ ਦੇ ਹੱਥ ਵਿਚ 22-23 ਹਜ਼ਾਰ ਤੱਕ ਵੀ ਰਕਮ ਰਹੀ ਹੈ । ਇਹ ਬਰੁਤ ਵੱਡੀ ਰਕਮ ਹੈ । ਐਨੀ ਖੁਲ੍ਹੀ ਛੁਟੀ ਹੁਣ ਦੇ ਪੰਚਾਇਤ ਐਕਟ ਵਿਚ ਨਹੀਂ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਉਸ ਨੇ ਇੰਬੇਜ਼ਲਮੈਂਟ ਕੀਤੀ, ਕੀ ਇਸ ਬਾਰੇ ਕਦੇ ਕਿਸੇ ਟਾਈਮ ਕੇਸ ਰਜਿਸਟਰ ਹੋਇਆ ਜਾਂ ਨਹੀਂ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਪੰਚਾਇਤ ਰਾਜ ਕਾਨੂੰਨ ਅਨੁਸਾਰ ਅਗਰ ਕੋਈ ਸਰਪੰਚ ਆਪਣੇ ਹੱਥ ਵਿਚ ਮਿਥੀ ਰਕਮ ਤੋਂ ਵਧ ਰਕਮ ਰਖਦਾ ਹੈ ਤਾਂ ਉਸ ਨੂੰ ਪਨੈਲਿਟੀ ਪੈਂਦੀ ਹੈ ਅਤੇ ਨਾਲ ਸੂਦ ਵੀ ਪੈਂਦਾ ਹੈ।

**ਸਰਦਾਰ ਕਿਰਪਾਲ ਸਿੰਘ** : ਉਨ੍ਹਾਂ ਨੇ ਕਿਹਾ ਕਿ ਪੁਲਿਸ ਨੂੰ ਰਿਪੋਰਟ ਕੀਤੀ, ਪਰ ਉਨ੍ਹਾਂ ਨੇ ਕੋਈ ਕਾਰਵਾਈ ਨਹੀਂ ਕੀਤੀ। ਇਹ ਜਿਹੜੀ ਇਸ ਕਿਸਮ ਦੀ ਪੁਲਿਸ ਨੇ ਬੇਧਿਆਨੀ ਕੀਤੀ ਹੈ ਇਹ ਚੀਜ਼ ਪੁਲਿਸ ਦੇ ਵਡੇ ਅਫਸਰਾਂ ਦੇ ਨੋਟਿਸ ਵਿਚ ਹੈ ਕਿ ਪੁਲਿਸ ਨੇ ਬੇਧਿਆਨੀ ਕੀਤੀ ਹੈ ?

**ਮੰਤਰੀ** : ਇਸ ਦੇ ਬਾਰੇ ਪੜਤਾਲ ਕਰ ਲਵਾਂਗੇ।

**ਸ੍ਰੀ ਓਮ ਪ੍ਰਕਾਸ਼ ਭਾਰਦਵਾਜ** : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸੇ ਤਰ੍ਹਾਂ ਦਾ ਸ਼ਾਹਪੁਰ ਕੰਡੀ ਦੇ ਇਲਾਕੇ ਦੇ ਇਕ ਸਰਪੰਚ ਦਾ ਕੇਸ ਹੈ। ਉਹ ਸਰਪੰਚ ਸਸਪੈਂਡ ਹੋਇਆ। ਹਾਈ ਕੋਰਟ ਵਿਚ ਵੀ ਉਸ ਦੀ ਸਸਪੈਂਨਸ਼ਨ ਕਾਇਮ ਰਹੀ। ਉਹ ਮਾਰਚ ਦੇ ਮਹੀਨੇ ਵਿਚ ਸਸਪੈਂਡ ਹੋਇਆ, ਪਰ ਮਈ ਦੇ ਮਹੀਨੇ ਤਕ ਪੰਚਾਇਤ ਦੇ ਮਹਿਕਮੇ ਵਾਲਿਆਂ ਨੇ ਉਸ ਨੂੰ ਆਰਡਰ ਨਹੀਂ ਭੇਜੇ। ਸਰਪੰਚ ਨੇ ਅਪੀਲ ਕੀਤੀ ਅਤੇ ਅਪੀਲ ਖਾਰਜ ਹੋ ਗਈ। ਉਸ ਦੇ ਬਾਅਦ ਆਰਡਰ ਗਏ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਦਫਤਰਾਂ ਵਿਚ ਕੰਮ ਵਾਲੇ ਅਫਸਰਾਂ ਦਾ ਟਰੈਂਡ ਹੈ ਉਸ ਨੂੰ ਬਦਲਣਗੇ ? ਫੈਸਲਾ ਭਾਵੇਂ ਡਿਵੈਲਪਮੈਂਟ ਕਮਿਸ਼ਨਰ ਦਾ ਹੋਵੇ ਜਾਂ ਕਿਸੇ ਦਾ ਵੀ ਹੋਵੇ ਉਹ ਸਮੇਂ ਸਿਰ ਪਹੁੰਚਣਾ ਚਾਹੀਦਾ ਹੈ। (ਵਿਘਨ) ਉਨ੍ਹਾਂ ਦੇ ਖਿਲਾਫ ਕੇਸ ਦਰਜ ਕਰਾਉਣਾ ਚਾਹੀਦਾ ਹੈ ?

**ਮੰਤਰੀ** : ਇਹ ਇਸ ਸਵਾਲ ਵਿਚੋਂ ਪੈਦਾ ਨਹੀਂ ਹੁੰਦਾ। ਇਹ ਨੋਟਿਸ ਦੇ ਦੇਣ।

**ਸਰਦਾਰ ਸਰੂਪ ਸਿੰਘ** : ਹੁਣ ਜਦ ਪੰਚਾਇਤਾਂ ਦੀਆਂ ਇਲੈਕਸ਼ਨਾਂ ਹੋਈਆਂ ਹਨ ਤਾਂ ਸਾਰੇ ਪੰਚਾਂ, ਸਰਪੰਚਾਂ ਨੇ ਕਲੀਅਰੈਂਸ ਸਰਟੀਫੀਕੇਟ ਲਏ। ਕਈ ਐਸੇ ਵੀ ਸਰਪੰਚ ਹੋਣਗੇ, ਜਿਨ੍ਹਾਂ ਨੇ ਆਪਣੇ ਹੱਥ ਵਿਚ ਵਧ ਰਕਮ ਰਖੀ ਹੋਵੇਗੀ। ਜਿਨ੍ਹਾਂ ਜਿਨ੍ਹਾਂ ਨੇ ਕਲੀਅਰੈਂਸ ਸਰਟੀਫੀਕੇਟ ਲਏ, ਇਹ ਇਸ ਬਾਰੇ ਉਨ੍ਹਾਂ ਦੀ ਸੂਚੀ ਮੰਗਵਾਉਣ ਅਤੇ ਜੇ ਇਹ ਪਤਾ ਲੱਗੇ ਕਿ ਉਨ੍ਹਾਂ ਨੇ ਨਿਸਚਿਤ ਰਕਮ ਤੋਂ ਵੱਧ ਰਕਮ ਹੱਥ ਵਿਚ ਰੱਖੀ ਤਾਂ ਕੀ ਇਹ ਉਨ੍ਹਾਂ ਤੇ ਐਕਸ਼ਨ ਲੈਣਗੇ ?

**ਮੰਤਰੀ** : ਸਾਰੀ ਇਨਫਰਮੇਸ਼ਨ ਇਕੱਠੀ ਕੀਤੀ ਜਾ ਰਹੀ ਹੈ।

**ਸਰਦਾਰ ਸਰੂਪ ਸਿੰਘ** : ਕਲੀਅਰੈਂਸ ਸਰਟੀਫੀਕੇਟ ਲੈਣ ਲਈ ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਸਰਪੰਚ 300 ਰੁਪਏ ਤੋਂ ਵੱਧ ਰਕਮ ਨਹੀਂ ਰੱਖ ਸਕਦੇ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਸਰਪੰਚਾਂ ਨੇ 8—8, 10—10 ਹਜ਼ਾਰ ਰੁਪਿਆ ਜਮ੍ਹਾਂ ਕਰਵਾਇਆ, ਕੀ ਉਨ੍ਹਾਂ ਦੀਆਂ ਬਲਾਕਾਂ ਵਿਚੋਂ ਲਿਸਟਾਂ ਮੰਗਵਾ ਕੇ ਉਨ੍ਹਾਂ ਦੇ ਖਿਲਾਫ ਐਕਸ਼ਨ ਲੈਣਗੇ ?

**ਮੰਤਰੀ** : ਮੈਂ ਤਾਂ ਪਹਿਲਾਂ ਹੀ ਦੱਸਿਆ ਹੈ ਕਿ ਜਿਨ੍ਹਾਂ ਨੇ 300 ਰੁਪਏ ਤੋਂ ਵੱਧ ਪੰਚਾਇਤ ਦੀ ਰਕਮ ਆਪਣੇ ਹੱਥ ਵਿਚ ਰੱਖੀ, ਉਨ੍ਹਾਂ ਨੂੰ ਪਨੈਲਿਟੀ ਪੈਂਦੀ ਹੈ। ਇਸ ਲਈ, ਜਿਨ੍ਹਾਂ ਨੇ ਇਸ ਤੋਂ ਵੱਧ ਰਕਮ ਰੱਖੀ ਉਨ੍ਹਾਂ ਨੂੰ ਪਨੈਲਿਟੀ ਪਵੇਗੀ।

**ਸਰਦਾਰ ਕਿਰਪਾਲ ਸਿੰਘ** : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸਰਪੰਚ ਨੂੰ ਵੱਧ ਤੋਂ ਵੱਧ ਕਿੰਨੀ ਰਕਮ ਅਤੇ ਕਿੰਨੇ ਸਮੇਂ ਤੱਕ ਰੱਖਣ ਦਾ ਅਖਤਿਆਰ ਹੈ ?

Original with;
Punjab Vidhan Sabha
Digitized by;
Panjab Digital Library

ਮੰਤਰੀ : 250 ਰੁਪਏ ।

ਨਿਸ਼ਾਨ ਵਾਲਾ ਪ੍ਰਸ਼ਨ ਨੰ : 531

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ)

**Starred Question No. 801**

(This question was not put because the hon. Member concerned was not present in the House.)

**Agricultural Service Co-operative Society, Village Mann, Tehsil Patti, District Amritsar**

*832. **Sardar Kirpal Singh :** Will the Minister for Co-operation be pleased to state:—

(a) whether it is a fact that the Agricultural Service Co-operative Society, Village Mann, Tehsil Patti, District Amritsar, has been declared defaulter ; if so, since when ;

(b) the total amount of principal together with the interest thereon due for recovery from each of the members of the said Society, as on 30th June, 1978, together with the amount actually recovered as on 30th August, 1978 ;

(c) whether some of the members of the said society are also members of the Agricultural Service Co-operative Society, Naushehra, Tehsil Patti, if so, the names of such members;

(d) the names of the members out of those mentioned in part (c) above who have been declared defaulters, together with the amonnt of loan outstanding against them as on 30th June, 1978;

(e) the action so far taken for effecting recovery of the said loan and the result thereof together with the amount so far recovered from each member and the amount outstanding against each ?

**Sardar Harbhajan Singh** (Food and Supplies Minister): (a) There is no society in the name of Agicultural Service Society in Village Mann, Tehsil Patti, District Amritsar.

(b), (c), (d) and (e) In view of answer to (a) above, the question does not arise.

**ਰਾਜ ਵਿਚ ਪ੍ਰਾਈਵੇਟ ਕਾਲਜਾਂ ਅਤੇ ਮਾਣਤਾ ਪ੍ਰਾਪਤ ਪ੍ਰਾਈਵੇਟ ਸਕੂਲਾਂ ਨੂੰ ਦਿੱਤੀ ਗਈ ਗ੍ਰਾਂਟ ਦੀ ਰਕਮ**

*541. **ਸ੍ਰੀ ਰਮੇਸ਼ ਚੰਦਰ** : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਰਾਜ ਵਿਚ ਮਾਣਤਾ ਪ੍ਰਾਪਤ ਪ੍ਰਾਈਵੇਟ ਕਾਲਜਾਂ ਨੂੰ ਸਾਲ 1978–79 ਲਈ ਅਸਤ ਵਿਚ ਗਰਾਂਟ ਦੀ ਕਿੰਨੀ ਰਕਮ ਦਿਤੀ ਗਈ।

Original with;
Punjab Vidhan Sabha
Digitized by;
Panjab Digital Library

(ਅ) ਰਾਜ ਵਿਚ ਮਾਨਤਾ ਪ੍ਰਾਪਤ ਪ੍ਰਾਈਵੇਟ ਸਕੂਲਾਂ ਨੂੰ ਸਾਲ 1978-79 ਲਈ ਅਸਲ ਗ੍ਰਾਂਟ ਦੀ ਕਿਤਨੀ ਰਕਮ ਦਿਤੀ ਗਈ ?

**ਸਰਦਾਰ ਹਰਭਜਨ ਸਿੰਘ** (ਖੁਰਾਕ ਅਤੇ ਸਪਲਾਈਜ਼ ਮੰਤਰੀ): (ੳ) 36,70,824 ਰੁਪਏ । (ਅ) 1,24,80,687 ਰੁਪਏ ।

**ਸ੍ਰੀ ਰਮੇਸ਼ ਚੰਦਰ** : ਮੈਂ ਪੁੱਛਿਆ ਸੀ ਕਿ ਸਾਲ 1978-79 ਵਿਚ ਰਿਕਗਨਾਈਜ਼ਡ ਪ੍ਰਾਈਵੇਟ ਕਾਲਜਾਂ ਨੂੰ ਕਿੰਨੀ ਗ੍ਰਾਂਟ ਦਿਤੀ ਗਈ ਤਾਂ ਉਸਦਾ ਉਤਰ ਦਿਤਾ ਗਿਆ ਕਿ 36,70,824 ਰੁਪਏ। ਇਸੇ ਤਰ੍ਹਾਂ ਪੁਛਿਆ ਗਿਆ ਕਿ ਰਿਕੁਗਨਾਈਜ਼ਡ ਪ੍ਰਾਈਵੇਟ ਸਕੂਲਾਂ ਨੂੰ ਕਿੰਨੀ ਗਰਾਂਟ ਦਿਤੀ ਗਈ ਤਾਂ ਦੱਸਿਆ ਗਿਆ ਕਿ 1,24,80,687 ਰੁਪਏ । ਉਨ੍ਹਾਂ ਨੇ ਪਾਰਟ ਏ ਦਾ ਤਾਂ ਜਵਾਬ ਦੇ ਦਿਤਾ ਹੈ ਪਰ ਪਾਰਟ ਬੀ ਦਾ ਜਵਾਬ ਨਹੀਂ ਦਿਤਾ ।

**ਖੁਰਾਕ ਅਤੇ ਸਪਲਾਈਜ਼ ਮੰਤਰੀ** : ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ 1978-79 ਦੇ ਬਜਟ ਵਿਚ ਪ੍ਰਾਈਵੇਟ ਕਾਲਜਾਂ ਨੂੰ ਗਰਾਂਟ ਦੇਣ ਲਈ 149 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਸੀ । ਇਸ ਰਕਮ ਤੋਂ ਇਲਾਵਾ ਸਮੇਂ ਸਮੇਂ ਸਿਰ ਪ੍ਰਾਈਵੇਟ ਕਾਲਜਾਂ ਨੂੰ ਐਡਹਾਕ ਗਰਾਂਟਾਂ ਵੀ ਦਿਤੀਆਂ ਜਾਂਦੀਆਂ ਹਨ । ਪ੍ਰਾਈਵੇਟ ਕਾਲਜਾਂ ਦੇ ਘਾਟੇ ਨੂੰ ਪੂਰਾ ਕਰਨ ਲਈ ਸਾਲ 1977-78 ਦੇ ਦੌਰਾਨ ਮੰਨਜ਼ੂਰ ਕੀਤੇ ਗਏ 50 ਲੱਖ ਰੁਪਏ ਵਿਚ 47.50 ਲੱਖ ਰੁਪਏ ਦੀ ਐਡਹਾਕ ਗਰਾਂਟ ਹੈ। 47.50 ਲੱਖ ਰੁਪਏ ਦੀ ਰਕਮ ਵਿਚੋਂ 36,70,824 ਰੁਪਏ ਦੀ ਗਰਾਂਟ ਮਿਤੀ 31 ਅਗਸਤ, 1978 ਤੱਕ 98 ਵੱਖ ਵੱਖ ਕਾਲਜਾਂ ਨੂੰ ਰਿਲੀਜ਼ ਕੀਤੀ ਜਾ ਚੁੱਕੀ ਹੈ ਅਤੇ ਬਾਕੀ ਦੇ 37 ਕਾਲਜਾਂ ਨੂੰ ਉਨ੍ਹਾਂ ਵੱਲੋਂ ਲੋੜੀਂਦੀਆਂ ਰਕਮਾਂ ਪੂਰੀਆਂ ਕਰਨ ਉਪਰੰਤ ਗਰਾਂਟ ਰਿਲੀਜ਼ ਕਰ ਦਿਤੀ ਜਾਵਗੀ ।

**ਸ੍ਰੀ ਰਮੇਸ਼ ਚੰਦਰ** : ਇਨ੍ਹਾਂ ਨੇ ਕਾਲਜਾਂ ਦਾ ਦੱਸਿਆ ਹੈ ਪਰ ਸਕੂਲਾਂ ਦਾ ਨਹੀਂ ਦੱਸਿਆ ।

**ਮੰਤਰੀ** : ਸਾਲ 1978-79 ਵਿਚ ਮਾਨਤਾ ਪ੍ਰਾਪਤ ਸਕੂਲਾਂ ਨੂੰ 3,79,800 ਰੁਪਏ ਦਾ ਉਪਬੰਧ ਕੀਤਾ ਗਿਆ ਹੈ । ਇਸ ਰਕਮ ਵਿਚੋਂ ਹੁਣ ਤੱਕ ਪ੍ਰਾਈਵੇਟ ਮਾਨਤਾ ਪ੍ਰਾਪਤ ਸਕੂਲਾਂ ਨੂੰ 1,24,80,687 ਰੁਪਏ ਦੀਆਂ ਗਰਾਂਟਾਂ ਰਿਲੀਜ਼ ਕੀਤੀਆਂ ਜਾ ਚੁਕੀਆਂ ਹਨ ।

**ਸ੍ਰੀ ਮਦਨ ਮੋਹਨ ਮਿੱਤਲ**: ਡਿਪਟੀ ਸਪੀਕਰ ਸਾਹਿਬ, ਸਰਕਾਰ ਪ੍ਰਾਈਵੇਟ ਸਕੂਲਾਂ ਨੂੰ ਗਰਾਂਟ ਦਿੰਦੀ ਹੈ ਪਰ ਪ੍ਰਾਈਵੇਟ ਮੈਨੇਜਮੈਂਟ ਵਾਲੇ ਜਿਹੜੇ ਹਨ ਉਹ ਟੀਚਰਾਂ ਨੂੰ ਤਨਖਾਹਾਂ ਤਿੰਨ ਤਿੰਨ ਮਹੀਨਿਆਂ ਬਾਅਦ ਦਿੰਦੇ ਹਨ। ਗੌਰਮਿੰਟ ਸਕੂਲਾਂ ਵਿਚ ਟੀਚਰਾਂ ਨੂੰ ਪਹਿਲੀ ਤਾਰੀਖ ਨੂੰ ਤਨਖਾਹ ਮਿਲ ਜਾਂਦੀ ਹੈ, ਪਰ ਪ੍ਰਾਈਵੇਟ ਸਕੂਲਾਂ ਵਿਚ ਕਈ ਕਈ ਵਾਰੀ ਤਿੰਨ ਤਿੰਨ ਮਹੀਨੇ ਤਨਖਾਹ ਨਹੀਂ ਮਿਲਦੀ। ਇਹ ਉਨ੍ਹਾਂ ਟੀਚਰਾਂ ਵਿਚ ਹਾਰਟ ਬਰਨਿੰਗ ਹੈ। ਜਦ ਉਨ੍ਹਾਂ ਦੇ ਗਰੇਡ ਅਤੇ ਸਰਵਿਸ ਕੰਡੀਸ਼ਨ ਵੀ ਇਕ ਹੀ ਹਨ ਤਾਂ ਫਿਰ ਕੀ ਵਜ਼ੀਰ ਸਾਹਿਬ ਐਸ਼ੋਰੈਂਸ ਦੇਣਗੇ ਕਿ ਪ੍ਰਾਈਵੇਟ ਸਕੂਲਾਂ ਦੇ ਟੀਚਰਾਂ ਨੂੰ ਵੀ ਪਹਿਲੀ ਤਾਰੀਖ ਨੂੰ ਤਨਖਾਹ ਮਿਲ ਜਾਇਆ ਕਰੇਗੀ ?

**ਮੰਤਰੀ** : ਇਸ ਤੇ ਵਿਚਾਰ ਕਰ ਲਵਾਂਗੇ।

**ਸਰਦਾਰ ਨੱਥਾ ਸਿੰਘ ਦਾਲਮ**: ਡਿਪਟੀ ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮਾਨਤਾ ਪ੍ਰਾਪਤ ਕਾਲਜਾਂ ਨੂੰ ਸਰਕਾਰ ਵਲੋਂ ਜੋ ਗਰਾਂਟ ਦਿੱਤੀ ਜਾਂਦੀ ਹੈ, ਉਹ ਕਿਸ ਆਧਾਰ ਤੇ ਦਿੱਤੀ ਜਾਂਦੀ ਹੈ ?

Original with;
Punjab Vidhan Sabha
Digitized by;
Panjab Digital Library

**ਮੰਤਰੀ**: ਇਹ ਸਕੂਲ, ਕਾਲਜਾਂ ਤੋਂ ਇਤਲਾਹ ਹਾਸਲ ਕੀਤੀ ਜਾਂਦੀ ਹੈ ਕਿ ਉਨ੍ਹਾਂ ਦੀ ਆਮਦਨੀ ਕੀ ਹੈ ਅਤੇ ਉਨ੍ਹਾਂ ਦਾ ਖਰਚ ਕੀ ਹੈ।

**ਮਾਸਟਰ ਚੰਦ ਸਿੰਘ**: ਡਿਪਟੀ ਸਪੀਕਰ ਸਾਹਿਬ: ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ 95% ਗਰਾਂਟ ਸਰਕਾਰ ਪ੍ਰਾਈਵੇਟ ਕਾਲਜਾਂ ਅਤੇ ਸਕੂਲਾਂ ਨੂੰ ਦਿੰਦੀ ਹੈ ਪਰ ਟੀਚਰਾਂ ਨੂੰ ਤਨਖਾਹਾਂ 3-3 ਮਹੀਨੇ ਨਹੀਂ ਮਿਲਦੀਆਂ, ਇਸ ਦੇ ਕੀ ਕਾਰਨ ਹਨ ?

ਦੂਸਰਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੇ ਸਰਕਾਰ 95% ਗਰਾਂਟ ਇਨ੍ਹਾਂ ਇਨਸਟੀਚਿਊਸ਼ਨਜ਼ ਨੂੰ ਦਿੰਦੀ ਹੈ ਤਾਂ ਸਰਕਾਰ ਨੂੰ ਇਹ ਟੇਕ ਓਵਰ ਕਰਨ ਵਿਚ ਕੀ ਹਰਜ ਹੈ ?

**ਮੰਤਰੀ**: ਡਿਪਟੀ ਸਪੀਕਰ ਸਾਹਿਬ, ਇਸ ਵਿਚੋਂ ਇਹ ਸਵਾਲ ਅਰਾਈਜ਼ ਨਹੀਂ ਹੁੰਦਾ। ਇਹ ਵੱਖਰਾ ਨੋਟਿਸ ਦੇ ਦੇਣ ਜਵਾਬ ਦੇ ਦੇਵਾਂਗੇ।

**ਸ੍ਰੀ ਰਮੇਸ਼ ਚੰਦਰ**: ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਜਵਾਬ ਵਿਚ ਕਿਹਾ ਹੈ ਕਿ 1978-79 ਵਿਚ 1 ਕਰੋੜ 49 ਲੱਖ ਰੁਪਿਆ ਗਰਾਂਟ ਦੇਣ ਦਾ ਫੈਸਲਾ ਕੀਤਾ ਹੈ ਔਰ ਉਸ ਦੇ ਵਿਚੋਂ 50 ਲੱਖ ਰੁਪਿਆ ਦੇਣ ਦਾ ਪਹਿਲਾਂ ਇਥੇਂ ਇਨ੍ਹਾਂ ਨੇ ਐਲਾਨ ਕੀਤਾ ਸੀ ਪਰ ਹੁਣ ਜਵਾਬ ਦੇ ਮੁਤਾਬਿਕ ਇਨ੍ਹਾਂ ਨੇ 36 ਲੱਖ ਰੁਪਿਆ ਗਰਾਂਟ ਦਾ ਰਿਲੀਜ਼ ਕੀਤਾ ਹੈ। ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਬਾਕੀ ਦਾ 14 ਲੱਖ ਰੁਪਿਆ ਕਦੋਂ ਤੱਕ ਰਿਲੀਜ਼ ਹੋ ਜਾਵੇਗਾ ?

ਦੂਸਰਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਕੂਲਾਂ ਨੂੰ 3 ਕਰੋੜ 78 ਲੱਖ ਰੁਪਏ ਦੀ ਗਰਾਂਟ ਦੇਣੀ ਹੈ ਔਰ ਉਸ ਵਿਚੋਂ 1 ਕਰੋੜ 24 ਲੱਖ 80 ਹਜ਼ਾਰ 687 ਰੁਪਏ ਦੀ ਗਰਾਂਟ ਦਿੱਤੀ ਹੈ, ਬਾਕੀ ਦੀ ਕਦੋਂ ਤੱਕ ਦਿੱਤੀ ਜਾਵੇਗੀ ? ਇਸੇ ਵਜ੍ਹਾ ਕਰਕੇ ਟੀਚਰਾਂ ਨੂੰ ਤਨਖਾਹਾਂ 3-3 ਮਹੀਨੇ ਨਹੀਂ ਮਿਲਦੀਆਂ।

**ਮੰਤਰੀ**: ਜਿਹੜੀਆਂ ਸ਼ਰਤਾਂ ਹਨ ਸਕੂਲਾਂ ਜਾਂ ਕਾਲਜਾਂ ਤੇ, ਜਿਉਂ ਜਿਉਂ ਉਹ ਰਿਮੂਵ ਕਰਕੇ ਭੇਜਦੇ ਰਹਿਣਗੇ, ਗਰਾਂਟ ਰਿਲੀਜ਼ ਹੁੰਦੀ ਜਾਵੇਗੀ।

**ਸ੍ਰੀ ਹਰਬੰਸ ਲਾਲ ਖੰਨਾ**: ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਦੇ ਧਿਆਨ ਵਿਚ ਹੈ ਕਿ ਪ੍ਰਾਈਵੇਟ ਕਾਲਜਾਂ ਦੇ ਜਿਹੜੇ ਲੈਕਚਰਾਰਜ਼ ਹਨ ਉਨ੍ਹਾਂ ਨੂੰ ਅਜੇ ਤਾਈਂ 6-6 ਮਹੀਨੇ ਤੋਂ ਤਨਖਾਹ ਨਹੀਂ ਮਿਲੀ ਅਤੇ ਇਹ ਤਨਖਾਹ ਨਾ ਮਿਲਣ ਕਰਕੇ ਉਹ ਬੜੇ ਅਸੰਤੁਸ਼ਟ ਹਨ ਅਤੇ ਉਨ੍ਹਾਂ ਦੀ ਇਸ ਅਸੰਤੁਸ਼ਟੀ ਦੇ ਕਾਰਨ ਬੱਚਿਆਂ ਦੀ ਜਿਹੜੀ ਪੜ੍ਹਾਈ ਹੈ ਉਸ ਤੇ ਅਸਰ ਪੈਂਦਾ ਹੈ। ਇਹ ਜਿਹੜੀ ਟੈਨਸ਼ਨ ਹੈ ਉਸਨੂੰ ਦੂਰ ਕਰਨ ਵਾਸਤੇ ਜਿਹੜੇ ਲੈਕਚਰਾਰਜ਼ ਹਨ, ਉਨ੍ਹਾਂ ਨੂੰ ਤਨਖਾਹ ਵਕਤ ਸਿਰ ਮਿਲ ਸਕੇ, ਉਸ ਦਾ ਪ੍ਰਬੰਧ ਕਰਨ ਵਾਸਤੇ ਕੋਈ ਵਜ਼ੀਰ ਸਾਹਿਬ ਵਿਸ਼ਵਾਸ ਦਿਵਾਉਣਗੇ ਤਾਂ ਕਿ ਉਨ੍ਹਾਂ ਨੂੰ ਉਸ ਤਰੀਕੇ ਨਾਲ ਤਨਖਾਹ ਮਿਲ ਸਕੇ ਜਿਸ ਤਰੀਕੇ ਨਾਲ ਉਨ੍ਹਾਂ ਦੀ ਹਾਰਟ ਬਰਨਿੰਗ ਖਤਮ ਹੋ ਜਾਵੇ।

**ਮੰਤਰੀ**: ਡਿਪਟੀ ਸਪੀਕਰ ਸਾਹਿਬ, ਅਸੂਲੀ ਤੌਰ ਤੇ ਸਰਕਾਰ ਨੇ ਇਸੇ ਕਰਕੇ ਮੰਨਿਆ ਹੈ 95% ਗਰਾਂਟ ਸਰਕਾਰ ਦਿੰਦੀ ਹੈ ਤਾਂਕਿ ਉਨ੍ਹਾਂ ਨੂੰ ਤਨਖਾਹਾਂ ਵਕਤ ਸਿਰ ਮਿਲ ਸਕਣ। ਇਹ ਪੈਟਰਨ ਕਿਸ ਤੇ ਦੇਣੀਆਂ ਹਨ, ਇਹ ਸਾਡੇ ਵਿਚਾਰ ਅਧੀਨ ਹੈ।

Original with;
Punjab Vidhan Sabha
Digitized by;
Panjab Digital Library

ਸ੍ਰੀ ਡਿਪਟੀ ਸਪੀਕਰ: ਅਗਲਾ ਸਵਾਲ, ਹਾਜੀ ਸਾਹਿਬ।

ਨਿਸ਼ਾਨ ਵਾਲਾ ਪ੍ਰਸ਼ਨ ਨੰ *551

ਸ੍ਰੀ ਹਰਬੰਸ ਲਾਲ ਖੰਨਾ: ਮੇਰਾ ਸਵਾਲ ਨੰ: *551 ਵਿਚ ਰਹਿ ਗਿਆ ਹੈ।

ਸ੍ਰੀ ਡਿਪਟੀ ਸਪੀਕਰ: ਇਹ ਕੱਲ ਟੇਕ ਅੱਪ ਹੋਵੇਗਾ। (ਵਿਘਨ)

ਨਿਸ਼ਾਨ ਵਾਲਾ ਪ੍ਰਸ਼ਨ ਨੰ: 533

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ।)

**Applications for Tube-well Connections**

*740. **Haji Anwar Ahmed Khan**: Will the Chief Minister be pleased to state:—

(a) the district-wise number of applications for new connections of tube-wells received during 1976-77, 1977-78 and 1978-79 (upto August, 1978) together with the number out of those in which connections have been given ;

(b) the criteria adopted for sanctioning the tubewell connections?

**ਸਰਦਾਰ ਪ੍ਰਕਾਸ਼ ਸਿੰਘ ਬਾਦਲ**: (ੳ) ਟਿਊਬਵੈਲ ਕੁਨੈਕਸ਼ਨਾਂ ਲਈ ਪ੍ਰਾਪਤ ਹੋਈਆਂ ਅਰਜ਼ੀਆਂ ਦੀ ਜ਼ਿਲ੍ਹੇਵਾਰ ਗਿਣਤੀ ਮੌਜੂਦ ਨਹੀਂ ਹੈ। ਫਿਰ ਵੀ ਬੋਰਡ ਦੇ ਸਰਕਲਾਂ ਅਨੁਸਾਰ ਮੌਜੂਦਾ ਸੂਚਨਾ ਸਦਨ ਦੇ ਮੇਜ਼ ਤੇ ਰੱਖੀ ਜਾਂਦੀ ਹੈ।

(ਅ) ਕੁਨੈਕਸ਼ਨ ਦੇਣ ਲਈ ਸੀਨੀਆਰਤਾ ਦਾ ਪੈਮਾਨਾ (ਪਹਿਲਾਂ ਆਓ ਪਹਿਲਾਂ ਪਾਓ) ਸਿਵਾਏ ਉਨ੍ਹਾਂ ਕੇਸਾਂ ਨੂੰ ਛੱਡ ਕੇ ਜਿਨ੍ਹਾਂ ਵਿੱਚ ਜਿਥੇ ਪਹਿਲ ਦਿੱਤੀ ਗਈ ਹੋਵੇ।

ਸੂਚਨਾ

| ਲੜੀ ਨੰ: | ਸਰਕਲਜ਼ | ਪ੍ਰਾਪਤ ਅਰਜ਼ੀਆਂ ਦੀ ਗਿਣਤੀ ਸਾਲਾਂ ਦੇ ਦੌਰਾਨ | | |
|---|---|---|---|---|
| | | 1976-77 | 1977-78 | 1978-79 (ਜੁਲਾਈ, 1978 ਤੱਕ) |
| 1. | ਅੰਮ੍ਰਿਤਸਰ .. | 3,792 | 1,9622 | 999 |
| 2. | ਬਠਿੰਡਾ .. | 697 | 381 | 261 |
| 3. | ਫਰੀਦਕੋਟ .. | 3,121 | 756 | 243 |

*For starred Question No. 551 and reply thereto, please see Debate dated 15th September, 1978 (M.S.),

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| ਲੜੀ ਨੰ: | ਸਰਕਲਜ਼ | | ਪ੍ਰਾਪਤ ਅਰਜ਼ੀਆਂ ਦੀ ਗਿਣਤੀ ਸਾਲਾਂ ਦੇ ਦੌਰਾਨ 1976-77 | 1977-78 | 1978-79 (ਜੁਲਾਈ, 1978 ਤੱਕ) |
|---|---|---|---|---|---|
| 4. | ਫਿਰੋਜ਼ਪੁਰ | .. | 267 | 158 | 102 |
| 5. | ਗੁਰਦਾਸਪਰ | .. | 1,757 | 988 | 1,018 |
| 6. | ਹੁਸ਼ਿਆਰਪੁਰ | .. | 1,190 | 876 | 495 |
| 7. | ਜਲੰਧਰ | .. | 1,235 | 473 | 277 |
| 8. | ਕਪੂਰਥਲਾ | .. | 5,057 | 3,636 | 681 |
| 9. | ਲੁਧਿਆਣਾ | .. | 2,474 | 766 | 232 |
| 10. | ਪਟਿਆਲਾ | .. | 2,301 | 2,240 | 331 |
| 11. | ਰੋਪੜ | .. | 732 | 1,544 | 342 |
| 12. | ਸੰਗਰੂਰ | .. | 7,279 | 3,188 | 479 |
| 13. | ਆਰ. ਈ. ਸੀ. | .. | 15,675 | 8,519 | 3,158 |
| 14. | ਆਰ. ਈ. ਪਰੋਜੈਕਟ | .. | 5,504 | 2,690 | 655 |
| | ਕੁਲ | .. | 51,081 | 28,177 | 9,273 |

ਟਿਊਬਵੈਲ ਕੁਨੈਕਸ਼ਨ (ਜ਼ਿਲ੍ਹੇਵਾਰ) ਹੇਠਾਂ ਦਿੱਤੇ ਗਏ ਹਨ :—

| ਲੜੀ ਨੰ: | ਜ਼ਿਲ੍ਹੇ ਦਾ ਨਾਂ | | 1976-77 | 1977-78 | 1978-79 (ਜੁਲਾਈ, 1978 ਤੱਕ) |
|---|---|---|---|---|---|
| 1. | ਅੰਮ੍ਰਿਤਸਰ | .. | 3,293 | 4,178 | 923 |
| 2. | ਬਠਿੰਡਾ | .. | 526 | 467 | 35 |
| 3. | ਫਰੀਦਕੋਟ | .. | 680 | 1,111 | 186 |
| 4. | ਫਿਰੋਜ਼ਪੁਰ | .. | 1,295 | 2,180 | 547 |
| 5. | ਗੁਰਦਾਸਪੁਰ | .. | 1,424 | 2,511 | 371 |

Original with;
Punjab Vidhan Sabha
Digitized by;
Panjab Digital Library

| ਲੜੀ ਨੰ; | ਜ਼ਿਲ੍ਹੇ ਦਾ ਨਾਂ | | 1976-77 | 1977-78 | 1978-79 (ਜੁਲਾਈ, 1978 ਤੱਕ) |
|---|---|---|---|---|---|
| 6. | ਹੁਸ਼ਿਆਰਪੁਰ | .. | 1,280 | 1,110 | 189 |
| 7. | ਜਲੰਧਰ | .. | 2,453 | 4,094 | 685 |
| 8. | ਕਪੂਰਥਲਾ | .. | 990 | 1,875 | 295 |
| 9. | ਲੁਧਿਆਣਾ | .. | 2,439 | 3,152 | 698 |
| 10. | ਪਟਿਆਲਾ | .. | 3,488 | 4,321 | 515 |
| 11. | ਰੋਪੜ | .. | 451 | 1,074 | 140 |
| 12. | ਸੰਗਰੂਰ | .. | 2,144 | 2,477 | 550 |
| | ਕੁਲ | .. | 20,563 | 28,520** | 5,134 |

**ਸਾਲ 1977-78 ਵਿੱਚ ਦਿੱਤੇ ਟਿਊਬਵੈਲ ਕੁਨੈਕਸ਼ਨਾਂ ਦੀ ਗਿਣਤੀ 28,772 ਪਰ ਜ਼ਿਲ੍ਹੇਵਾਰ ਸੂਚਨਾ ਸਿਰਫ 28,520 ਮੌਜੂਦ ਹੈ।

**ਹਾਜੀ ਅਨਵਰ ਅਹਿਮਦ ਖਾਨ:** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਹੋਰ ਜ਼ਿਲ੍ਹਿਆਂ ਦੇ ਮੁਕਾਬਲੇ ਵਿਚ ਜ਼ਿਲ੍ਹਾ ਸੰਗਰੂਰ ਦੀ ਆਬਾਦੀ ਦੇ ਲਿਹਾਜ਼ ਨਾਲ ਸਭ ਤੋਂ ਘੱਟ ਕੁਨੈਕਸ਼ਨ ਦਿੱਤੇ ਗਏ ਹਨ ਦਰਖਾਸਤਾਂ ਵੀ ਘੱਟ ਹਨ। ਪਟਿਆਲੇ ਜ਼ਿਲ੍ਹੇ ਵਿਚ ਕੁਨੈਕਸ਼ਨਜ਼ ਵੱਧ ਦਿੱਤੇ ਗਏ ਹਨ। ਅਤੇ ਦਰਖਾਸਤਾਂ ਘੱਟ ਹਨ। ਪਟਿਆਲੇ ਵਿਚ 4,872 ਦਰਖਾਸਤਾਂ ਆਈਆਂ ਹਨ 1976 ਤੋਂ 1979 ਤਕ ਅਤੇ 8,324 ਕੁਨੈਕਸ਼ਨਜ਼ ਦਿੱਤੇ ਗਏ ਹਨ। ਇਹ ਸਮਝ ਵਿਚ ਨਹੀਂ ਆਇਆ, ਇਸ ਨੂੰ ਕਲੈਰੀਫਾਈ ਕਰ ਦਿੱਤਾ ਜਾਵੇ। (ਹਾਸਾ) (ਵਿਘਨ)

**ਮੁੱਖ ਮੰਤਰੀ:** ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਚੁੱਕਾ ਹਾਂ ਕਿ ਇਹ ਡਿਸਟ੍ਰਿਕਟ-ਵਾਈਜ਼ ਕਾਊਂਟ ਨਹੀਂ ਹੁੰਦੇ, ਸਰਕਲ ਵਾਈਜ਼ ਹੁੰਦੇ ਹਨ। ਮੈਂ ਤੁਹਾਡੇ ਰਾਹੀਂ ਡਿਪਟੀ ਸਪੀਕਰ ਸਾਹਿਬ, ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਸਾਲਾਂ ਦੇ ਨਾਲੋਂ ਐਤਕੀ ਦੇ ਸਾਲ ਜੋ ਸਰਕਾਰ ਦੇ ਟੀਚੇ ਹਨ ਉਹ ਬਹੁਤ ਜ਼ਿਆਦਾ ਹਨ ਅਤੇ ਪੈਂਡਿੰਗ ਜੋ ਅਰਜ਼ੀਆਂ ਹਨ, ਅਸੀਂ ਚਾਹੁੰਦੇ ਹਾਂ ਕਿ ਸਭ ਨੂੰ ਛੇਤੀ ਤੋਂ ਛੇਤੀ ਕੁਨੈਕਸ਼ਨ ਦਿੱਤੇ ਜਾਣ।

**ਹਾਜੀ ਅਨਵਰ ਅਹਿਮਦ ਖਾਨ:** ਡਿਪਟੀ ਸਪੀਕਰ ਸਾਹਿਬ, ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਪਟਿਆਲੇ ਵਿਚ ਜੋ ਦਰਖਾਸਤਾਂ ਆਈਆਂ ਹਨ ਉਹ 1976-77 ਵਿਚ 2,292, 1977-78 ਵਿਚ 2,240 ਅਤੇ 1978-79 ਵਿਚ 340 ਅਤੇ ਇਸ ਤਰ੍ਹਾਂ ਇਹ ਟੋਟਲ 4,872 ਹੋ ਗਈਆਂ। ਇਸੇ ਤਰ੍ਹਾਂ

Original with;
Punjab Vidhan Sabha
Digitized by;
Panjab Digital Library

[ਹਾਜੀ ਅਨਵਰ ਅਹਿਮਦ ਖਾਨ]

ਕੁਨੈਕਸ਼ਨਜ਼ ਜਿਹੜੇ ਦਿਤੇ ਗਏ ਹਨ, ਉਹ 1976-77 ਵਿਚ 3,488, 1977-78 ਵਿਚ 4,321 ਅਤੇ 1978-79 ਵਿਚ 515 ਹਨ ਅਤੇ ਇਸ ਤਰ੍ਹਾਂ ਇਹ ਟੋਟਲ ਕੁਨੈਕਸ਼ਨਜ਼ 8,324 ਹਨ ਜਿਹੜੇ ਪਟਿਆਲੇ ਵਿਚ ਦਿੱਤੇ ਗਏ ਹਨ। ਜੋ ਦਰਖਾਸਤਾਂ ਆਈਆਂ, ਉਨ੍ਹਾਂ ਦਾ ਟੋਟਲ ਨੰਬਰ ਘੱਟ ਹੈ ਅਤੇ ਜੋ ਕੁਨੈਕਸ਼ਨਜ਼ ਦਿੱਤੇ ਗਏ ਹਨ, ਉਨ੍ਹਾਂ ਦਾ ਟੋਟਲ ਨੰਬਰ ਵੱਧ ਹੈ। ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਸੰਗਰੂਰ ਵਿਚ ਇਸ ਦੇ ਲਿਹਾਜ਼ ਨਾਲ 50% ਕੁਨੈਕਸ਼ਨਜ਼ ਦਿੱਤੇ ਗਏ ਹਨ, ਰੋਪੜ ਵਿਚ 60% ਅਤੇ ਪਟਿਆਲੇ ਵਿਚ 150% ਦਿੱਤੇ ਗਏ ਹਨ । ਇਸ ਦੇ ਬਾਰੇ ਚੀਫ ਮਨਿਸਟਰ ਸਾਹਿਬ ਰੋਸ਼ਨੀ ਪਾਉਣਗੇ ?

**ਮੁੱਖ ਮੰਤਰੀ :** ਡਿਪਟੀ ਸਪੀਕਰ ਸਾਹਿਬ, ਮੈਂ ਖਾਨ ਸਾਹਿਬ ਨੂੰ ਅਰਜ਼ ਕਰਾਂਗਾ ਕਿ ਇਹ ਹੋਰ ਦਰਖਾਸਤਾਂ ਦੇ ਦੇਣ ਜੇ ਘੱਟ ਦਰਖਾਸਤਾਂ ਦਿੱਤੀਆਂ ਗਈਆਂ ਹਨ ਤਾਂ।

**ਸਰਦਾਰ ਦਲੀਪ ਸਿੰਘ ਪਾਂਧੀ :** ਡਿਪਟੀ ਸਪੀਕਰ ਸਾਹਿਬ, ਖਾਨ ਸਾਹਿਬ ਨੂੰ ਤਾਂ ਪਤਾ ਹੀ ਹੈ ਕਿ ਮਲੇਰਕੋਟਲੇ ਵਿਚ ਤਾਂ ਬਿਜਲੀਕਰਨ ਹੋਇਆ ਹੈ, ਕੋਈ ਵੀ ਪਿੰਡ ਐਸਾ ਨਹੀਂ ਜਿੱਥੇ ਬਿਜਲੀ ਨਹੀਂ ਪਹੁੰਚੀ। (ਵਿਘਨ) (ਇਕ ਆਵਾਜ਼ : ਉਥੇ ਤਾਂ ਬਿਜਲੀ ਕੜਕਦੀ ਰਹੀ ਹੈ) ।

ਡਿਪਟੀ ਸਪੀਕਰ ਸਾਹਿਬ, ਮੈਂ ਚੀਫ਼ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਇਸ ਗੱਲ ਦੀ ਇਨਕੁਆਇਰੀ ਕਰਾਉਣਗੇ ਕਿ ਲੋਕਾਂ ਤੋਂ ਪਹਿਲਾਂ ਇਕ ਇਕ ਹਜ਼ਾਰ ਰੁਪਿਆ ਲੈ ਲਿਆ ਅਤੇ ਬਹੁਤ ਸਾਰੇ ਲੋਕਾਂ ਨੇ ਕਰਜ਼ਾ ਲੈ ਕੇ ਮੋਟਰਾਂ ਲੁਆ ਲਈਆਂ ਪਰ ਅਜੇ ਤੱਕ ਉਨ੍ਹਾਂ ਨੂੰ ਬਿਜਲੀ ਦਾ ਕੁਨੈਕਸ਼ਨ ਨਹੀਂ ਮਿਲਿਆ । ਉਨ੍ਹਾਂ ਲੋਕਾਂ ਦੇ ਬਾਰੇ ਵਿਚ ਪੰਜਾਬ ਸਰਕਾਰ ਕੀ ਕਰ ਰਹੀ ਹੈ ਅਤੇ ਕਦੋਂ ਤੱਕ ਕੁਨੈਕਸ਼ਨਜ਼ ਦੇ ਦੇਣਗੇ ? ਟਿਊਬਵੈਲਾਂ ਦੇ ਲਈ ਤਾਂ ਮੇਰੀ ਇਨਫਰਮੇਸ਼ਨ ਹੈ ਕਿ ਬਿਜਲੀ ਬੋਰਡ ਵਲੋਂ ਕੋਈ ਪ੍ਰਾਇਰਟੀ ਦਿੱਤੀ ਗਈ ਹੈ ਪੋਲੀਟੀਕਲ ਸਫਰਰਜ਼ ਜਾਂ ਕੱਲਰ ਲੈਂਡ ਵਗੈਰਾ ਵਾਸਤੇ, ਇਸ ਤਰ੍ਹਾਂ ਦਾ ਕੋਈ ਫੈਸਲਾ ਗੌਰਮਿੰਟ ਨੇ ਕੀਤਾ ਹੈ ਜਾਂ ਬੋਰਡ ਨੇ ਕੀਤਾ ਹੈ ਅਤੇ ਇਸ ਬਾਰੇ ਸਰਕਾਰ ਦੀਆਂ ਕੀ ਹਦਾਇਤਾਂ ਹਨ ?

**ਮੁੱਖ ਮੰਤਰੀ :** ਡਿਪਟੀ ਸਪੀਕਰ ਸਾਹਿਬ, ਜਿਥੋਂ ਤੱਕ ਪ੍ਰਾਇਰਟੀ ਦਾ ਸਵਾਲ ਹੈ, ਪ੍ਰਾਇਰਿਟੀ ਦਿਤੀ ਗਈ ਹੈ ਪੁਲੀਟੀਕਲ ਸਫਰਰਜ਼ ਨੂੰ, ਰਿਲੀਜਿਅਸ ਚੈਰੀਟੇਬਲ ਇੰਸਟੀਚਿਉਸ਼ਨਜ਼ ਅਤੇ ਕੱਲਰ ਲੈਂਡ ਨੂੰ। ਇਸ ਤਰ੍ਹਾਂ ਦੀ ਪ੍ਰਾਇਰਿਟੀ ਮੁਕੱਰਰ ਹੈ। ਲੇਕਿਨ ਜਿਥੋਂ ਤੱਕ ਕੁਨੈਕਸ਼ਨ ਦੇਣ ਦੀ ਗੱਲ ਹੈ, ਜਿਸ ਵਕਤ ਇਸ ਸਰਕਾਰ ਨੇ ਵਾਗ ਡੋਰ ਸੰਭਾਲੀ, ਉਸ ਵਕਤ 72 ਹਜ਼ਾਰ ਅਰਜ਼ੀਆਂ ਪੈਂਡਿੰਗ ਸਨ। ਅੱਧੀਆਂ ਪਿਛਲੇ ਸਾਲ ਅਤੇ ਅੱਧੀਆਂ ਇਸ ਸਾਲ ਵਿਚ ਦੇ ਦੇਵਾਂਗੇ ਤਾਂ ਕਿ ਪੈਂਡਿੰਗ ਐਪਲੀਕੇਸ਼ਨਜ਼ ਵਾਲਿਆਂ ਨੂੰ ਕੁਨੈਕਸ਼ਨ ਪਹਿਲਾਂ ਦਿੱਤੇ ਜਾਣ।

**ਮਾਸਟਰ ਚੰਦ ਸਿੰਘ :** ਡਿਪਟੀ ਸਪੀਕਰ ਸਾਹਿਬ, ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਕੁਨੈਕਸ਼ਨਜ਼ ਦਿੱਤੇ ਜਾਂਦੇ ਹਨ ਉਹ ਕਿਸਾਨਾਂ ਨੂੰ ਉਦੋਂ ਦਿੱਤੇ ਜਾਂਦੇ ਹਨ, ਜਦੋਂ ਉਹ ਦਰਖਾਸਤ ਦੇ ਦਿੰਦੇ ਹਨ, ਉਹ ਮੋਟਰ ਫਿਟ ਕਰਵਾ ਲੈਂਦੇ ਹਨ ਤਾਂ ਟੈਸਟ ਰਿਪੋਰਟ ਦੇਣੀ ਹੁੰਦੀ ਹੈ ਪਰ ਜਿਹੜੇ ਉਚ ਅਧਿਕਾਰੀ ਹੁੰਦੇ ਹਨ ਉਨ੍ਹਾਂ ਦੀਆਂ ਦਰਖਾਸਤਾਂ ਵਿਚ ਬਿਨਾਂ ਵਜ੍ਹਾ ਨੁਕਸ ਕਢ ਕੇ ਟੈਸਟ ਰਿਪੋਰਟ ਫੇਲ੍ਹ ਕਰ ਦਿੰਦੇ ਹਨ ਅਤੇ ਸੀਨੀਆਰਟੀ ਲਿਸਟ ਵਿਚ ਫਿਰ ਉਸ ਨੂੰ ਟੇਲ ਤੇ ਕਰ ਦਿੰਦੇ ਹਨ। ਇਹ ਜਿਹੜਾ ਕਿਸਾਨਾਂ ਨਾਲ ਧੱਕਾ ਹੋ ਰਿਹਾ ਹੈ ਉਸ ਨੂੰ ਦੂਰ ਕਰਨ ਲਈ ਜੋ ਪਹਿਲਾਂ ਸੀਨੀਆਰਟੀ ਲਿਸਟ ਬਣੀ ਸੀ ਉਸੇ ਨੂੰ ਬਰਕਰਾਰ ਰਖਿਆ ਜਾਵੇਗਾ ?

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ :** ਡਿਪਟੀ ਸਪੀਕਰ ਸਾਹਿਬ, ਜਿਥੇ ਕਿਸੇ ਕਿਸਾਨ ਨਾਲ ਕੋਈ ਧੱਕਾ ਹੋਇਆ ਹੈ ਉਹ ਸਾਡੇ ਨੋਟਿਸ ਵਿਚ ਲਿਆਉਣ ਅਸੀਂ ਐਕਸ਼ਨ ਲੈ ਕੇ ਧੱਕਾ ਦੂਰ ਕਰਨ ਦੀ ਕੋਸ਼ਿਸ਼ ਕਰਾਂਗੇ। ਕੋਈ ਸੀਨੀਆਰਟੀ ਤੋੜੀ ਨਹੀਂ ਜਾਂਦੀ। ਜੇ ਮੇਰੇ ਨੋਟਿਸ ਵਿਚ ਕੋਈ ਕੇਸ ਲਿਆਂਦਾ ਜਾਵੇ ਤਾਂ ਮੈਂ ਸਖਤ ਤੋਂ ਸਖਤ ਐਕਸ਼ਨ ਲਵਾਂਗਾ।

**ਸ੍ਰੀ ਮਨਮੋਹਨ ਕਾਲੀਆ :** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁਛਣਾ ਚਾਹੁੰਦਾ ਹਾਂ ਕਿ ਇਹ ਜਿੰਨੇ ਨਵੇਂ ਕੁਨੈਕਸ਼ਨਜ਼ ਦਿੱਤੇ ਜਾਂਦੇ ਹਨ ਇਸ ਦੇ ਵਿਚ 2 ਔਕੜਾਂ ਹਨ। ਇਕ ਤਾਂ ਇਹ ਹੈ ਕਿ ਜਿਹੜਾ ਮੈਟੀਰੀਅਲ ਹੈ ਉਹ ਅਵੇਲੇਬਲ ਨਹੀਂ। ਨਾ ਮੋਟਰਜ਼ ਹਨ ਨਾ ਤਾਰਾਂ ਹਨ। ਇਸ ਕਰਕੇ ਦੇਰੀ ਹੋ ਰਹੀ ਹੈ। ਔਰ ਦੂਸਰੇ ਇਹ ਹੈ ਕਿ ਪਿਛਲੇ ਸੈਸ਼ਨ ਵਿਚ ਵੀ ਇਹ ਅਸ਼ਿਉਰੈਂਸ ਦਿਤੀ ਗਈ ਸੀ ਕਿ ਹੁਣ ਪਾਵਰ ਕੱਟ ਨਹੀਂ ਲਗੇਗੀ, ਬਿਜਲੀ ਦੀ ਕੋਈ ਸ਼ਾਰਟੇਜ ਨਹੀਂ ਹੈ। ਇਕ ਤਾਂ ਇਹ ਦੱਸਣ ਕਿ ਜਿਹੜੇ ਐਪਲੀਕੈਂਟਸ ਹਨ ਉਨ੍ਹਾਂ ਦੇ ਵਾਸਤੇ ਜਿਹੜਾ ਮੈਟੀਰੀਅਲ ਹੈ ਉਸਦੀ ਘਾਟ ਹੈ ਕਿ ਨਹੀਂ, ਜੇ ਘਾਟ ਹੈ ਤਾਂ ਉਹ ਕਿੰਨੀ ਦੇਰ ਤੱਕ ਪੂਰੀ ਹੋ ਜਾਵੇਗੀ। ਦੂਸਰੇ ਜੋ ਨਵੇਂ ਕੁਨੈਕਸ਼ਨਜ਼ ਦਿੱਤੇ ਜਾਂਦੇ ਹਨ ਉਨ੍ਹਾਂ ਦਾ ਲੋਡ ਜਿਹੜਾ ਹੈ ਉਹ ਐਗਜ਼ਿਸਟਿੰਗ ਤੇ ਇਫੈਕਟ ਤਾਂ ਨਹੀਂ ਕਰੇਗਾ ?

**ਮੁੱਖ ਮੰਤਰੀ :** ਡਿਪਟੀ ਸਪੀਕਰ ਸਾਹਿਬ, ਜਿਥੋਂ ਤੱਕ ਮੈਟੀਰੀਅਲ ਦੀ ਗੱਲ ਹੈ ਹੋ ਸਕਦਾ ਹੈ ਕਿ ਪਿਛਲੇ ਸਮੇਂ ਕਿਤੇ ਮਹੀਨੇ ਦੋ ਮਹੀਨੇ ਵਾਸਤੇ ਸ਼ਾਰਟੇਜ ਹੋ ਗਈ ਹੋਵੇ। ਪਰ ਹੁਣ ਅਸੀਂ ਇਕ ਇਸ ਤਰ੍ਹਾਂ ਦਾ ਸਿਸਟਮ ਬਣਾ ਦਿੱਤਾ ਹੈ ਅਤੇ ਪਾਵਰਜ਼ ਡੀਸੈਂਟਰੇਲਾਈਜ਼ ਕਰ ਦਿੱਤੀਆਂ ਹਨ ਜੇ ਮੈਟੀਰੀਅਲ ਮਿਲ ਸਕਦਾ ਹੋਵੇਗਾ ਤਾਂ ਉਸ ਦੇ ਕਾਰਨ ਕੋਈ ਕੰਮ ਨਹੀਂ ਰੁਕੇਗਾ। ਦੂਸਰੇ ਮੈਂ ਹਾਊਸ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਸਾਲਾਂ ਵਿਚ ਪਿਛਲੇ ਸਾਲਾਂ ਨਾਲੋਂ ਬਹੁਤ ਜ਼ਿਆਦਾ ਕੁਨੈਕਸ਼ਨਜ਼ ਦਿੱਤੇ ਗਏ ਹਨ, ਭਾਵੇਂ ਟਿਊਬਵੈਲਜ਼ ਦੇ ਹੋਣ, ਭਾਵੇਂ ਜਨਰਲ ਹੋਣ। ਪਹਿਲੇ ਜਿਹੜੀ ਕਿਸੇ ਵੇਲੇ 7 ਹਜ਼ਾਰ ਜਾਂ 9 ਹਜ਼ਾਰ ਕੁਨੈਕਸ਼ਨਜ਼ ਦਿਤੇ ਜਾਂਦੇ ਸੀ, ਹੁਣ ਅਸੀਂ 28-28 ਹਜ਼ਾਰ ਕੁਨੈਕਸ਼ਨਜ਼ ਟਿਊਬਵੈਲਾਂ ਲਈ ਅਤੇ ਜਨਰਲ ਦੇ ਰਹੇ ਹਾਂ। ਜਿਥੋਂ ਤੱਕ ਬਿਜਲੀ ਦੀ ਸ਼ਾਰਟੇਜ ਦਾ ਸੁਆਲ ਹੈ, ਇਹ ਘੱਟ ਨਹੀਂ ਹੋਵੇਗੀ, ਪਰ ਕਿਹਾ ਨਹੀਂ ਜਾ ਸਕਦਾ ਕਿ ਕੋਈ ਕਿਤੇ ਫਾਲਟ ਹੋ ਜਾਏ, ਇਸ ਕਰਕੇ ਤਾਂ ਭਾਂਵੇ ਕਿਤੇ ਕੋਈ ਗਲ ਹੋ ਜਾਏ, ਲੇਕਿਨ ਜਿਹੜੀ ਬਿਜਲੀ ਦੀ ਸਪਲਾਈ ਹੈ ਉਸ ਦੇ ਕਾਰਨ ਘਾਟ ਨਹੀਂ ਹੋਵੇਗੀ।

**ਸਰਦਾਰ ਸਰੂਪ ਸਿੰਘ :** ਕੀ ਮੁੱਖ ਮੰਤਰੀ ਜੀ ਦੱਸਣ ਦੀ ਖੇਚਲ ਕਰਨਗੇ ਕਿ ਜਿਨ੍ਹਾਂ ਜ਼ਿਮੀ-ਦਾਰਾਂ ਨੇ ਬੈਂਕਾਂ ਕੋਲੋਂ ਕਰਜ਼ੇ ਲੈ ਕੇ ਮੋਟਰਾਂ ਖਰੀਦੀਆਂ ਹਨ ਅਤੇ ਟੈਸਟ ਰਿਪੋਟਸ ਮੁਕੰਮਲ ਕਰਕੇ ਦੇ ਦਿੱਤੀਆਂ ਹਨ ਅਤੇ ਇਕ ਹਜ਼ਾਰ ਰੁਪਏ ਸਿਕਿਉਰਟੀ ਵੀ ਦਿਤੀ ਹੈ, ਜਿਨਾਂ ਚਿਰ ਤੱਕ ਕੁਨੈਕਸ਼ਨਜ਼ ਨਾ ਦਿੱਤੇ ਜਾਣ ਬੈਂਕਾਂ ਦੇ ਕਰਜ਼ੇ ਦਾ ਸੂਦ ਨਾ ਲਿਆ ਜਾਵੇ।

**ਮੁੱਖ ਮੰਤਰੀ :** ਬੇਕਾਂ ਦੇ ਕਰਜੇ ਤੇ ਸੂਦ ਮਾਫ ਕਰਨਾ ਔਖਾ ਹੈ।

**ਸਰਦਾਰ ਕਿਰਪਾਲ ਸਿੰਘ :** ਇਹ ਆਮ ਤੌਰ ਤੇ ਵੇਖਿਆ ਗਿਆ ਹੈ ਕਿ ਜੋ ਐਸਟੀਮੇਟ ਹੁੰਦਾ ਹੈ ਉਸ ਦੀ ਰਕਮ ਲੈ ਲਈ ਜਾਂਦੀ ਹੈ। ਕੁਨੈਕਸ਼ਨ ਦੇਣ ਦੇ ਟਾਈਮ ਜੇ ਕੋਈ ਮੈਟੀਰੀਅਲ ਨਹੀਂ ਹੁੰਦਾ ਤਾਂ ਕਨਜ਼ਿਊਮਰਜ਼ ਨੂੰ ਕਿਹਾ ਜਾਂਦਾ ਹੈ ਕਿ ਤੁਸੀਂ ਦਿਓ। ਪਰ ਉਨ੍ਹਾਂ ਨੂੰ ਪੈਸੇ ਰਿਫੰਡ ਨਹੀਂ ਕੀਤੇ ਜਾਂਦੇ ਜਿਹੜੇ ਕਿ ਐਸਟੀਮੇਟ ਵਿਚ ਵੀ ਦਰਜ ਹੁੰਦੇ ਹਨ। ਕੀ ਐਸਾ ਕੋਈ ਪ੍ਰਬੰਧ ਕੀਤਾ ਜਾਏਗਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ]
ਕਿ ਜਿਹੜਾ ਮੇਟੀਰੀਅਲ ਬੋਰਡ ਆਪ ਨਹੀਂ ਲੈ ਸਕਦਾ ਅਤੇ ਜੇ ਕਨਜ਼ਿਊਮਰ ਦੇ ਦੇਵੇ ਤਾਂ ਉਸ ਨੂੰ ਉਸਦੇ ਪੈਸੇ ਰਿਫੰਡ ਕਰ ਦਿੱਤੇ ਜਾਣ ?

**ਮੁੱਖ ਮੰਤਰੀ**: ਇਸ ਤਰ੍ਹਾਂ ਦੀ ਕੋਈ ਗੱਲ ਮੇਰੇ ਨੋਟਿਸ ਵਿਚ ਨਹੀਂ ਆਈ। ਮੈਂ ਸਮਝਦਾ ਹਾਂ ਕਿ ਇਹ ਜਾਇਜ਼ ਗੱਲ ਹੈ ਅਤੇ ਐਸੇ ਕੇਸਾਂ ਵਿਚ ਪੈਸੇ ਰਿਫੰਡ ਕੀਤੇ ਜਾਣਗੇ।

---

**Withdrawal of Priority for giving Industrial Connections at the Focal Points in the State**

***540. Shri Romesh Chander** : Will the Chief Minister be pleased to state: —

(a) whether the Punjab State Electricity Board had by its circular issued in June, 1978 withdrawn the priority accorded to Industrial connections at the focal points; if so, the number of units in the State which have been affected by this order;

(b) the reasons for withdrawing the said priority ?

**ਸਰਦਰ ਪ੍ਰਕਾਸ਼ ਸਿੰਘ ਬਾਦਲ** : (ੳ) ਪੰਜਾਬ ਰਾਜ ਬਿਜਲੀ ਬੋਰਡ ਫੋਕਲ ਪੁਆਇੰਟ ਵਿੱਚ ਉਦਯੋਗਿਕ ਕੁਨੈਕਸ਼ਨਾ, ਲਈ ਦਿੱਤੀ ਗਈ ਪਹਿਲ ਦੀ ਸਹੂਲੀਅਤ ਅਪ੍ਰੈਲ 1978 ਵਿੱਚ ਵਾਪਿਸ ਲੈ ਲਈ ਸੀ ਅਤੇ ਜੂਨ' 1978 ਵਿੱਚ ਮੁੜ ਬਹਾਲ ਕਰ ਦਿੱਤੀ ਸੀ। ਕਿਉਂਕਿ ਸਹੂਲੀਅਤ ਵਾਪਿਸ ਲੈਣ ਮਗਰੋਂ ਛੇਤੀ ਹੀ ਬਹਾਲ ਕਰ ਦਿੱਤੀ ਗਈ ਸੀ ਇਸ ਲਈ ਉਦਯੋਗਿਕ ਇਕਾਈਆਂ ਤੇ ਕੋਈ ਅਸਰ ਨਹੀ ਪਿਆ।

(ਅ) ਬੋਰਡ ਪਹਿਲ ਦੀਆਂ ਕੈਟੇਗਰੀਜ਼ ਦੀ ਗਿਣਤੀ ਘਟਾਉਣਾ ਚਾਹੁੰਦਾ ਸੀ ਫੋਕਲ ਪੁਆਇੰਟ ਦੀ ਇਕਾਈਆਂ ਲਈ ਦਿੱਤੀ ਗਈ ਪਹਿਲ ਵਾਪਸ ਲੈ ਲਈ। ਬਾਅਦ ਵਿੱਚ ਪ੍ਰਤਿ ਬੇਨਤੀਆਂ ਆਉਣ ਤੇ ਮਾਮਲੇ ਤੇ ਮੁੜ ਵਿਚਾਰ ਕੀਤਾ ਅਤੇ ਇਹ ਪਹਿਲ ਬਹਾਲ ਕਰ ਦਿੱਤੀ।

**ਸ਼੍ਰੀ ਰਮੇਸ਼ ਚੰਦਰ** : ਮੈਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਵੇਲੇ ਪ੍ਰੀਆਰਿਟੀ, ਦੋਬਾਰਾ ਬਹਾਲ ਕਰ ਦਿਤੀ ਉਸਤੋਂ ਬਾਦ ਕਿੰਨੇ ਇੰਡਸਟਰੀਅਲ ਕੁਨੈਕਸ਼ਨਜ਼ ਫੋਕਲ ਪੁਆਇੰਟਸ ਨੂੰ ਦਿੱਤੇ ਗਏ ਔਰ ਕਿੰਨੇ ਇਸ ਵੇਲੇ ਇਨ੍ਹਾਂ ਦੀ ਵੇਟਿੰਗ ਲਿਸਟ ਤੇ ਹਨ ?

**ਮੁੱਖ ਮੰਤਰੀ**: ਇਹ ਤਾਂ ਮੈਂ ਨਹੀਂ ਦੱਸ ਸਕਦਾ। ਇਸ ਦੇ ਲਈ ਸੇਪਰੇਟ ਨੋਟਿਸ ਚਾਹੀਦਾ ਹੈ। ਅਸਲ ਗੱਲ ਇਹ ਹੈ ਕਿ ਜਿਹੜੀ ਪਹਿਲਾਂ ਪ੍ਰਾਇਰਟੀ ਦਿਤੀ ਗਈ ਸੀ ਉਹ 30 ਮੱਦਾਂ ਵਿਚ ਦਿਤੀ ਗਈ ਸੀ, ਜਿਹੜੀ ਕਿ ਸਮਝੀ ਗਈ ਸੀ ਕਿ ਕੋਈ ਸੈਂਸ ਨਹੀਂ ਜੋ 30 ਮੱਦਾਂ ਤੇ ਦਿਤੀ ਜਾਣੀ ਹੈ। ਉਹ ਘਟਾ ਕੇ 4 ਤੇ ਕਰ ਦਿਤੀ ਗਈ ਸੀ। ਫਿਰ ਹੁਣ ਰਿਪਰਜੈਂਟੇਸ਼ਨਜ਼ ਆਈਆਂ ਅਤੇ ਬਹਾਲ ਕਰ ਦਿਤੀ ਗਈ ਹੈ।

**ਸ਼੍ਰੀ ਹੁਕਮ ਚੰਦ** : ਕੀ ਸੀ. ਐਮ. ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਜਿਹੜੀ ਪੁਲੀਟੀਕਲ ਸਫਰਰਜ਼ ਨੂੰ ਪਰੀਆਰਿਟੀ ਦਿਤੀ ਹੈ। ਮਨ ਲਵੋ ਕਿਸੇ ਨੇ ਪੰਜਾਬੀ ਸੂਬੇ ਵਿਚ ਹਿੱਸਾ ਲਿਆ ਅਤੇ ਰੋਹਤਕ ਜੇਲ੍ਹ ਵਿਚ ਰਿਹਾ। ਹੁਣ ਉਸਨੂੰ ਕਿਹਾ ਜਾਂਦਾ ਹੈ ਕਿ ਉਹ ਰੋਹਤਕ

Original with;
Punjab Vidhan Sabha
Digitized by;
Panjab Digital Library

ਜੇਲ੍ਹ ਵਿਚੋਂ ਸਰਟੀਫਿਕੇਟ ਲਿਆ ਕੇ ਦੇਵੇ। ਮੇਰਾ ਖਿਆਲ ਹੈ ਅਸੀਂ ਸਾਰੇ ਐਮ. ਐਲ. ਏ. ਕਿਸੇ ਨਾ ਕਿਸੇ ਐਜੀਟੇਸ਼ਨ ਵਿਚ ਜੇਲ੍ਹਾਂ ਵਿਚ ਜਾ ਕੇ ਆਏ ਹੋਏ ਹਾਂ। ਅਗਰ ਅਸੀਂ ਤਸਦੀਕ ਕਰ ਦਈਏ ਤਾਂ ਕੀ ਉਹ ਇਹ ਸਹੂਲਤ ਦੇਣ ਲਈ ਤਿਆਰ ਹਨ ?

**ਮੁੱਖ ਮੰਤਰੀ** : ਮੈਨੂੰ ਤਾਂ ਕੋਈ ਇਤਰਾਜ਼ ਨਹੀਂ ਹੈ, ਮੇਰਾ ਖਿਆਲ ਹੈ ਕਿ ਐਮ. ਐਲ. ਏ. ਸਾਹਿਬਾਨ ਨੂੰ ਤਕਲੀਫ ਹੋਵੇਗੀ। ਅਗਰ ਜਲਦੀ ਵਿਚ ਕਿਸੇ ਕਿਸਮ ਦੀ ਗਲਤੀ ਹੋ ਜਾਏ ਤਾਂ ਬੜੀ ਮੁਸ਼ਕਿਲ ਹੋ ਜਾਏਗੀ। ਅਗਰ ਤੁਸੀਂ ਰਾਜ਼ੀ ਹੋ ਤਾਂ ਮੈਂ ਕਹਿ ਦਿਆਂਗਾ ਕਿ ਉਹ ਤੁਹਾਡੀ ਤਸਦੀਕ ਤੇ ਮੰਨ ਲਿਆ ਕਰਨਗੇ।

**ਆਵਾਜ਼ਾਂ** : ਨਹੀਂ ਜੀ, ਨਹੀਂ ਜੀ।

**ਸਰਦਾਰ ਗੁਰਦੇਵ ਸਿੰਘ ਬਾਦਲ** : ਮੈਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਲੋਕ ਐਮਰਜੈਂਸੀ ਵਿਚ ਜੇਲ੍ਹ ਵਿਚ ਗਏ ਉਨ੍ਹਾਂ ਨੂੰ ਕੁਨੈਕਸ਼ਨਜ਼ ਵਿਚ ਪ੍ਰਾਇਰਟੀ ਦੇਣ ਦਾ ਫੈਸਲਾ ਕੀਤਾ ਹੈ। ਮੈਨੂੰ ਦੋ ਤਿੰਨ ਮਹੀਨੇ ਹੋ ਗਏ ਹਨ ਆਪਣਾ ਕੁਨੈਕਸ਼ਨ ਲੈਣ ਵਾਸਤੇ ਦਰਖਾਸਤ ਦਿੱਤੀ ਨੂੰ ਸਾਰੀਆਂ ਸ਼ਰਤਾਂ ਪੂਰੀਆਂ ਕਰ ਦਿੱਤੀਆਂ ਹਨ। ਮੈਨੂੰ ਕੁਨੈਕਸ਼ਨਜ਼ ਨਹੀਂ ਦਿੰਦੇ, ਭਲਾ ਹੋਰ ਕਿਸੇ ਨੂੰ ਕੀ ਦੇਣੇ ਹਨ ?

**ਮੁੱਖ ਮੰਤਰੀ** : ਸਰਦਾਰ ਗੁਰਦੇਵ ਸਿੰਘ ਬਾਦਲ ਨੂੰ ਚਾਹੀਦਾ ਸੀ ਕਿ ਉਹ ਮੇਰੇ ਨੋਟਿਸ ਵਿਚ ਲਿਆ ਦਿੰਦੇ ਮੈਂ ਉਸੇ ਵਕਤ ਟੈਲੀਫੋਨ ਕਰ ਦਿੰਦਾ।

**ਸ੍ਰੀ ਮਨਮੋਹਨ ਕਾਲੀਆ** : ਕੀ ਮੁੱਖ ਮੰਤਰੀ ਜੀ ਦੱਸਣਗੇ ਕਿ ਪਹਿਲੇ ਸੁਆਲ ਦੇ ਜਵਾਬ ਵਿਚ ਇਨ੍ਹਾਂ ਨੇ ਕਿਹਾ ਹੈ ਕਿ ਨਾ ਤਾਂ ਮੈਟੀਰੀਅਲ ਦੀ ਕੋਈ ਕਮੀ ਹੈ ਔਰ ਨਾ ਪਾਵਰ ਸ਼ਾਰਟੇਜ ਹੈ। ਫੋਕਲ ਪੁਆਇੰਟਸ ਤੇ ਜੇ ਕੋਈ ਸਾਰੀਆਂ ਫਾਰਮੈਲਟੀਜ਼ ਪੂਰੀਆਂ ਕਰਕੇ ਐਪਲੀਕੇਸ਼ਨ ਦੇਵੇ ਤਾਂ ਕਿੰਨੇ ਹਫਤਿਆਂ ਵਿਚ ਕੁਨੈਕਸ਼ਨ ਮਿਲ ਜਾਏਗਾ ?

**ਮੁੱਖ ਮੰਤਰੀ** : ਇਹ ਤਾਂ ਮੈਂ ਕੁਝ ਨਹੀਂ ਕਹਿ ਸਕਦਾ ਕਿਉਂਕਿ ਇਸ ਦੇ ਲਈ ਇਕ ਲਿਮਿਟ ਹੈ, ਕਿਉਂਕਿ ਸਾਲ ਭਰ ਦੇ ਕੁਝ ਟਾਰਗੇਟਸ ਹੁੰਦੇ ਹਨ। ਹਮੇਸ਼ਾ ਹੁੰਦਾ ਇਹ ਹੈ ਕਿ ਪਿਛਲੇ ਸਾਲ ਨਾਲੋਂ ਐਕਸੀਡ ਕਰਨ, ਪਰ ਇਹ ਨਹੀਂ ਕਿ ਜਿੰਨੇ ਆਉਣ ਦਿੱਤੇ ਜਾਣ, ਲਿਮਿਟ ਤੋਂ ਵੱਧ ਨਹੀਂ ਸਕਦੇ।

**ਸਰਦਾਰ ਦਲੀਪ ਸਿੰਘ ਪਾਂਧੀ** : ਕੀ ਮੁੱਖ ਮੰਤਰੀ ਜੀ ਦੱਸਣ ਦੀ ਖੇਚਲ ਕਰਨਗੇ ਕਿ ਇਕ ਕੁਨੈਕਸ਼ਨ ਵਾਸਤੇ 45 ਆਇਟਮਜ਼ ਦੀ ਲੋੜ ਹੁੰਦੀ ਹੈ। ਬਿਜਲੀ ਬੋਰਡ ਨੂੰ ਜਿਹੜੇ ਸਮਾਨ ਦੀ ਜ਼ਰੂਰਤ ਹੈ, ਪੈਸੇ ਸਰਕਾਰ ਨੇ ਦਿੱਤੇ ਹਨ, ਜਲਦੀ ਖਰੀਦ ਲਵੇ, ਪਰ ਬਿਜਲੀ ਬੋਰਡ ਬਹੁਤ ਸੁਸਤ ਹੈ। ਸੀ. ਐਮ. ਸਾਹਿਬ ਅਸ਼ਿਉਰੈਂਸ ਦੇਣ ਕਿ ਕੀ ਉਨ੍ਹਾਂ ਨੂੰ ਹਦਾਇਤ ਕਰਨਗੇ ਕਿ ਜੇ ਮੈਟੀਰੀਅਲ ਦੀ ਘਾਟ ਹੈ ਤਾਂ ਖਰੀਦ ਲੈਣ ਔਰ ਲੋਕਾਂ ਨੂੰ ਕੁਨੈਕਸ਼ਨ ਦੇਣ। ਕਿਉਂਕਿ ਉਹ ਕਹਿੰਦੇ ਹਨ ਕਿ ਜੇਕਰ ਸਾਡੇ ਕੋਲ ਸਾਮਾਨ ਪੂਰਾ ਹੋਵੇ ਤਾਂ ਅਸੀਂ ਇਕ ਦਿਨ ਵਿਚ ਹੀ ਕੁਨੈਕਸ਼ਨ ਦੇ ਦਈਏ ?

**ਮੁੱਖ ਮੰਤਰੀ** : ਜਿਹੜਾ ਪਹਿਲਾ ਸਿਸਟਮ ਸੀ, ਉਸ ਅਨੁਸਾਰ ਪਾਵਰਜ਼ ਸੈਂਟਰੇਲਾਈਜ਼ ਸਨ, ਪਰ ਹੁਣ, ਅਸੀਂ ਡੀਸੈਂਟਰੇਲਾਈਜ਼ ਕਰ ਦਿੱਤੀਆਂ ਹਨ। ਲੋਕਲ ਅਫਸਰਾਂ ਨੂੰ ਪਾਵਰਜ਼ ਦੇ ਦਿਤੀਆਂ ਹਨ ਕਿ ਅਗਰ ਕਿਸੇ ਸਾਮਾਨ ਦੀ ਲੋੜ ਹੈ ਤਾਂ ਉਹ ਲੋਕਲ ਖਰੀਦ ਕੇ ਕੁਨੈਕਸ਼ਨ ਦੇ ਦਿਉ।

———

Original with;
Punjab Vidhan Sabha
Digitized by;
Panjab Digital Library

**Criteria for Opening and Upgradation of Schools in the State**

***552. Shri Harbans Lal Khanna**: Will the Minister for Education be pleased to state:—

(a) the criteria kept in view for the opening of new Primary, Middle and High Schools in the State ;

(b) the number of Government Primary and Middle Schools upgraded during the year 1977-78 in District Amritsar?

**ਸਰਦਾਰ ਹਰਭਜਨ ਸਿੰਘ (ਖੁਰਾਕ ਅਤੇ ਸਪਲਾਈਜ਼ ਮੰਤਰੀ)** : (ੳ) ਸਕੂਲ ਖੋਲ੍ਹਣ ਲਈ ਕੋਈ ਖਾਸ ਕਸਵਟੀ ਨੀਯਤ ਨਹੀਂ ਕੀਤੀ ਗਈ। ਪਰੰਤੂ ਇਲਾਕੇ ਦੀ ਮੰਗ ਉਥੋਂ ਦੀਆਂ ਵਰਤਮਾਨ ਸਰਕਾਰੀ ਤੇ ਗੈਰ-ਸਰਕਾਰੀ ਇੰਸਟੀਚਿਊਸ਼ਨਜ਼ ਦੀ ਗਿਣਤੀ, ਫੀਡਰ ਸਕੂਲਾਂ ਦੀ ਗਿਣਤੀ, ਇਲਾਕੇ ਦੀ ਆਬਾਦੀ, ਬਿਲਡਿੰਗ, ਖੇਡਾਂ ਲਈ ਮੈਦਾਨ ਅਤੇ ਮਾਇਕ ਮਦੱਦ ਜਿਹੜੀ ਇਲਾਕਾ ਨਿਵਾਸੀ ਦੇਣਾ ਚਾਹੁੰਦੇ ਹਨ, ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ।

(ਅ) 25 ਪ੍ਰਾਇਮਰੀ ਤੋਂ ਮਿਡਲ ਅਤੇ 14 ਮਿਡਲ ਤੋਂ ਹਾਈ।

**ਸ੍ਰੀ ਹਰਬੰਸ ਲਾਲ ਖੰਨਾ**: ਕੀ ਮੁੱਖ ਮੰਤਰੀ ਸਾਹਿਬ ਦੱਸਣਗੇ ਕਿ ਇਨ੍ਹਾਂ ਨੇ ਕਿਹਾ ਹੈ ਕਿ ਸਕੂਲਾਂ ਨੂੰ ਖੋਲ੍ਹਣ ਵਾਸਤੇ ਕੋਈ ਕਰਾਈਟੇਰੀਆ ਨਹੀਂ ਹੈ ਲੇਕਿਨ ਇਹ ਹੈ ਕਿ ਜੇਕਰ ਇਲਾਕੇ ਦੀ ਮੰਗ ਹੋਵੇ, ਪਾਪੂਲੇਸ਼ਨ ਦਾ ਆਧਾਰ ਹੋਵੇ, ਗਰਾਊਂਡ ਹੋਵੇ, ਇਹ ਸਾਰੀਆਂ ਫਾਰਮੈਲੇਟੀਜ਼ ਪੂਰੀਆਂ ਕਰ ਦਿਤੀਆਂ ਜਾਣ ਤਾਂ ਫਿਰ ਕੀ ਵਜੀਰ ਸਾਹਿਬ ਵਿਸ਼ਵਾਸ ਦਿਲਾਉਣਗੇ ਕਿ ਉਥੇ ਉਹ ਸਕੂਲ ਖੋਲ੍ਹਿਆ ਜਾਏਗਾ ਚਾਹੇ ਪ੍ਰਾਇਮਰੀ ਹੋਵੇ ਚਾਹੇ ਹਾਈ।

**ਖੁਰਾਕ ਅਤੇ ਸਪਲਾਈਜ਼ ਮੰਤਰੀ**: ਡਿਪਟੀ ਸਪੀਕਰ ਸਾਹਿਬ, ਹਾਈ ਸਕੂਲ ਕਦੇ ਸਿੱਧਾ ਨਹੀਂ ਖੋਲਿਆ ਜਾਂਦਾ। ਇਹ ਤਾਂ ਇਹ ਹੈ ਕਿ ਪਹਿਲਾਂ ਪ੍ਰਾਈਮਰੀ ਤੋਂ ਮਿਡਲ ਅਤੇ ਫਿਰ ਮਿਡਲ ਤੋਂ ਹਾਈ ਸਕੂਲ ਅੱਪਗਰੇਡ ਕੀਤਾ ਜਾਂਦਾ ਹੈ। ਅਗਰ ਕੋਈ ਪ੍ਰਾਇਮਰੀ ਸਕੂਲ ਵਾਸਤੇ ਦਰਖਾਸਤ ਹੋਵੇ ਤਾਂ ਜ਼ਰੂਰ ਵਿਚਾਰ ਕਰਾਂਗੇ।

**ਮਾਸਟਰ ਚੰਦ ਸਿੰਘ**: ਕੀ ਮੁੱਖ ਮੰਤਰੀ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਮੈਂ ਈ. ਐਮ. ਸਾਹਿਬ ਨਾਲ ਵੀ ਗੱਲ ਕੀਤੀ ਸੀ ਤਾਂ ਪਤਾ ਲੱਗਾ ਸੀ ਕਿ ਫਾਇਲ ਫਾਈਨਾਂਸ ਡਿਪਾਰਟ-ਮੈਂਟ ਨਾਲ ਚਲ ਰਹੀ ਸੀ ਔਰ ਉਨ੍ਹਾਂ ਨੇ ਕਿਹਾ ਸੀ ਕਿ ਜੇ ਫਾਈਨੈਂਸ ਡਿਪਾਰਟਮੈਂਟ ਪੈਸੇ ਦੇ ਦੇਵੇਗਾ ਤਾਂ ਹੋਰ ਸਕੂਲ ਖੋਲ੍ਹਾਂਗੇ। ਮੈਂ ਪੁੱਛਦਾ ਹਾਂ ਕਿ ਕੀ ਫਾਈਨੈਂਸ ਡਿਪਾਰਟਮੈਂਟ ਤੋਂ ਮਨਜ਼ੂਰੀ ਆ ਗਈ ਹੈ ਜਾਂ ਨਹੀਂ?

**ਮੰਤਰੀ**: ਮੈਂ ਤਾਂ ਕੋਈ ਗੱਲ ਫਾਈਨਾਂਸ ਡਿਪਾਰਟਮੈਂਟ ਬਾਰੇ ਕੀਤੀ ਹੀ ਨਹੀਂ।

---

**Starred Question No. 565**

(This question was not put because the hon. Member concerned was not present in the House.)

Original with;
Punjab Vidhan Sabha
Digitized by;
Panjab Digital Library

**Mr. Deputy Speaker :** Question Hour is over.

---

## UNSTARRED QUESTIONS AND ANSWERS

### ਲੋਕ ਸੰਪਰਕ ਵਿਭਾਗ ਵਿਚ ਇਸ ਵਕਤ ਕੰਮ ਤੇ ਲਗਾਏ ਢਾਡੀ ਜੱਥੇ ਅਤੇ ਭਜਨ ਮੰਡਲੀਆਂ

211. **ਕਾਮਰੇਡ ਸੱਤ ਪਾਲ ਡਾਂਗ** : ਕੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਲੋਕ ਸੰਪਰਕ ਵਿਭਾਗ ਦੁਆਰਾ ਇਸ ਵਕਤ ਕੰਮ ਤੇ ਲਗਾਏ ਗਏ ਢਾਡੀ ਜੱਥਿਆਂ ਦੀ ਗਿਣਤੀ ਕਿੰਨੀ ਹੈ ਅਤੇ ਹਰ ਇਕ ਜੱਥੇ ਦੀ ਨਫਰੀ ਕਿੰਨੀ ਹੈ ;

(ਅ) ਲੋਕ ਸੰਪਰਕ ਵਿਭਾਗ ਦੁਆਰਾ ਇਸ ਵਕਤ ਕੰਮ ਤੇ ਲਗਾਈਆਂ ਗਈਆਂ ਭਜਨ ਮੰਡਲੀਆਂ ਦੀ ਗਿਣਤੀ ਕਿੰਨੀ ਹੈ ਅਤੇ ਹਰ ਇਕ ਭਜਨ ਮੰਡਲੀ ਦੀ ਨਫਰੀ ਕਿੰਨੀ ਹੈ ?

**ਸਰਦਾਰ ਆਤਮਾ ਸਿੰਘ** :(ੳ) ਇਸ ਵੇਲੇ ਕੋਈ ਢਾਡੀ ਜੱਥਾ ਨਹੀਂ ਹੈ।

(ਅ) ਇਸ ਵੇਲੇ ਕੋਈ ਭਜਨ ਮੰਡਲੀ ਨਹੀਂ ਹੈ।

---

### Accord/Agreement reached between Government of Punjab and Haryana regarding execution of the Nathpa-Jhakri Project

212. **Comrade Satya Pal Dang :** Will the Chief Minister be pleased to state whether an accord or agreement has been reached between the Governments of Punjab and Haryana regarding execution of the Nathpa-Jhakri Project; if so, the details thereof ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਨਹੀਂ ਜੀ। ਸਵਾਲ ਹੀ ਪੈਦਾ ਨਹੀਂ ਹੁੰਦਾ।

---

### Notified Area Committee for Villages in the State

218. **Comrade Satya Pal Dang :** Will the Minister for Finance be pleased to state:—

(a) the district-wise and block-wise names of villages which have been converted into Notified Area Committees during the period from 1st January, 1978 to 31st July, 1978 ;

(b) whether before the formation of the said Committees instead of Panchayats, any objections were invited; if not, the reasons therefor ;

(c) the reasons for ordering the change in each case ;

(d) the estimated population at the time of the change in each case;

(e) whether in each case the change was recommended by the Panchayat Department ;

(f) the date on which the change was made ?

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਵੰਤ ਸਿੰਘ :** (ੲ) 1 ਜਨਵਰੀ, 1978 ਤੋਂ 31 ਜੁਲਾਈ, 1978 ਦੇ ਸਮੇਂ ਦੇ ਦੌਰਾਨ ਸਰਕਾਰ ਨੇ ਕੇਵਲ ਇਕ ਨੋਟੀਫਾਈਡ ਏਰੀਆ ਕਮੇਟੀ ਅਜਨਾਲਾ ਵਿਖੇ ਬਣਾਈ। ਉਸਦਾ ਵੇਰਵਾ ਇਸ ਪ੍ਰਕਾਰ ਹੈ:—

| ਬਲਾਕ | ਜ਼ਿਲ੍ਹਾ |
|---|---|
| ਅਜਨਾਲਾ | ਅੰਮ੍ਰਿਤਸਰ |

(ਬੀ) ਨਹੀਂ ਜੀ। ਪੰਜਾਬ ਨਗਰਪਾਲਕਾ ਐਕਟ, 1911 ਦੀ ਧਾਰਾ 241 ਦੇ ਅਧੀਨ ਪਬਲਿਕ ਵੱਲੋਂ ਇਤਰਾਜ਼ ਮੰਗਣ ਦੀ ਲੋੜ ਨਹੀਂ ਸੀ।

(ਸੀ) ਇਹ ਤਬਦੀਲੀ ਅਜਨਾਲਾ ਦੇ ਵਸਨੀਕਾਂ ਪਾਸੋਂ ਪ੍ਰਤਿ ਬੇਨਤੀ ਜੋ ਕਿ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਰਾਹੀਂ ਪ੍ਰਾਪਤ ਹੋਈ ਸੀ, ਮਿਲਣ ਤੇ ਕੀਤੀ ਗਈ।

(ਡੀ) ਤਬਦੀਲੀ ਕਰਨ ਵੇਲੇ ਅਜਨਾਲਾ ਦੀ ਆਬਾਦੀ ਲੱਗਭੱਗ 10,000 ਸੀ।

(ਈ) ਨਹੀਂ ਜੀ। ਉਪਰੋਕਤ (ਬੀ) ਵਿਚ ਦਿੱਤੇ ਉੱਤਰ ਅਨੁਸਾਰ ਸਵਾਲ ਹੀ ਪੈਦਾ ਨਹੀਂ ਹੁੰਦਾ।

(ਐਫ) 12 ਅਪਰੈਲ, 1978.

---

### ਸੰਕਟਕਾਲ ਦੇ ਦੌਰਾਨ ਜ਼ਬਰਦਸਤੀ ਬਾਂਝ ਕਰਨਾ

219. **ਕਾਮਰੇਡ ਸੱਤ ਪਾਲ ਡਾਂਗ :** ਕੀ ਸਿਹਤ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਸੰਕਟਕਾਲ ਦੇ ਦੌਰਾਨ ਜ਼ਬਰਦਸਤੀ ਬਾਂਝ ਕੀਤੇ ਗਏ ਉਨ੍ਹਾਂ ਵਿਅਕਤੀਆਂ ਦੀ ਜ਼ਿਲ੍ਹਾ-ਵਾਰ ਅਤੇ ਲਿੰਗ-ਵਾਰ ਗਿਣਤੀ ਕਿੰਨੀ ਹੈ ਜਿਨ੍ਹਾਂ ਨੇ ਰਾਜ ਸਰਕਾਰ ਤੋਂ ਮੁਆਵਜ਼ਾ/ਗਰਾਂਟਸ ਲੈਣ ਲਈ ਹੁਣ ਤੱਕ ਆਪਣੀਆਂ ਦਰਖਾਸਤਾਂ ਦੇ ਦਿੱਤੀਆਂ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਦਰਖਾਸਤ ਦੇਣ ਵਾਲਿਆਂ ਵਿੱਚੋਂ ਉਨ੍ਹਾਂ ਦੀ ਜ਼ਿਲ੍ਹਾ-ਵਾਰ ਅਤੇ ਲਿੰਗ-ਵਾਰ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਪਹਿਲਾਂ ਹੀ ਮੁਆਵਜ਼ਾ/ਗਰਾਂਟਸ ਦੇ ਦਿੱਤੀਆਂ ਗਈਆਂ ਹਨ ਅਤੇ ਹਰ ਇੱਕ ਕੇਸ ਵਿਚ ਕੁੱਲ ਕਿੰਨੀ ਕਿੰਨੀ ਰਕਮ ਵੰਡੀ ਗਈ ?

**ਸ੍ਰੀ ਦੇਸ ਰਾਜ :** (ੳ) ਅਤੇ (ਅ) ਜ਼ਿਲ੍ਹਾ-ਵਾਰ ਅਤੇ ਲਿੰਗ-ਵਾਰ ਪ੍ਰਾਪਤ ਹੋਈਆਂ ਉਨ੍ਹਾਂ ਜਾਂ ਉਨ੍ਹਾਂ ਦੀ ਥਾਂ ਜਿਨ੍ਹਾਂ ਨੇ ਸੈਂਟੇਰੇਲਾਈਜ਼ੇਸ਼ਨ ਉਪਰੇਸ਼ਨ ਜ਼ਬਰਦਸਤੀ ਕਰਨ ਦਾ ਇਲਜ਼ਾਮ ਲਗਾਇਆ ਸੀ ਅਤੇ ਸਰਕਾਰ ਵੱਲੋਂ ਮੁਆਵਜ਼ਾ/ਗਰਾਂਟਸ ਲੈਣ ਦੀ ਮੰਗ ਕੀਤੀ ਸੀ, ਦੀ ਗਿਣਤੀ ਦੀ ਸੂਚੀ ਨਾਲ ਨੱਥੀ ਅਨੁਲੱਗ ਵਿਚ ਹੈ। ਭਾਰਤ ਸਰਕਾਰ ਦੀ ਨਿਰਧਾਰਿਤ ਕੀਤੀ ਪਾਲਿਸੀ ਅਨੁਸਾਰ ਵਿੱਤੀ ਸਹਾਇਤਾ ਕੇਵਲ ਹੇਠ ਲਿਖੇ ਵਰਗ ਦੇ ਵਿਅਕਤੀਆਂ ਨੂੰ ਹੀ ਮਿਲਣ ਯੋਗ ਹੈ :—

(1) ਬਦਕਿਸਮਤੀ ਨਾਲ ਜਿਨ੍ਹਾਂ ਦੀ ਜ਼ਿੰਦਗੀ ਸੈਂਟੇਰੇਲਾਈਜ਼ੇਸ਼ਨ ਓਪਰੇਸ਼ਨ ਨਾਲ ਖਤਮ ਹੋ ਜਾਂਦੀ ਹੈ ਉਨ੍ਹਾਂ ਦੇ ਵਾਰਸਾਂ ਨੂੰ ;

Original with;
Punjab Vidhan Sabha
Digitized by;
Panjab Digital Library

(2) ਉਨ੍ਹਾਂ ਨੂੰ ਜਿਨ੍ਹਾਂ ਦੇ ਸਟੈਰੇਲਾਈਜ਼ੇਸ਼ਨ ਓਪਰੇਸ਼ਨ ਕਾਰਨ ਪੈਦਾ ਹੋਈ ਉਲਝਨ ਦੇ ਇਲਾਜ਼ ਲਈ ਸਰਕਾਰੀ ਮੈਡੀਕਲ ਅਫਸਰਾਂ ਵੱਲੋਂ ਤਜਵੀਜ਼ ਕੀਤੀਆਂ ਗਈਆਂ ਦਵਾਈਆਂ ਤੇ ਖਰਚ ਕੀਤਾ ਹੋਵੇ ;

(3) ਸਟੈਰੇਲਾਈਜ਼ੇਸ਼ਨ ਓਪਰੇਸ਼ਨ ਲਈ ਸਹਿਮਤ ਵਿਅੱਕਤੀਆਂ ਨੂੰ ਜੋ ਆਪਣੀ ਡਿਊਟੀ ਤੋਂ ਮਿਲਣਯੋਗ ਵਿਸ਼ੇਸ਼ ਇਤਫਾਕੀਆ ਛੁੱਟੀ ਦੇ ਨਾਰਮਲ ਸਮੇਂ ਤੋਂ ਵੱਧ ਆਪਣੀ ਡਿਊਟੀ ਤੋਂ ਗੈਰ-ਹਾਜ਼ਰ ਰਹੇ ।

ਸੂਚੀ ਵਿਚ ਦਰਜ ਫਿਰੋਜ਼ਪੁਰ ਜ਼ਿਲ੍ਹੇ ਦੀ ਇਕ ਇਸਤਰੀ ਦੇ ਕੇਸ ਵਿਚ ਜਿਸ ਵਿਚ ਉਸਦੀ ਬਦਕਿਸਮਤੀ ਨਾਲ ਮੌਤ ਸਟੈਰੇਲਾਈਜ਼ੇਸ਼ਨ ਓਪਰੇਸ਼ਨ ਕਾਰਨ ਹੋ ਗਈ ਸੀ, ਦੇ ਕਾਨੂੰਨੀ ਵਾਰਸਾਂ ਅਤੇ ਉਸ ਤੇ ਨਿਰਭਰ ਵਿਅਕਤੀਆਂ ਨੂੰ 5,000 ਰੁਪਏ ਦੀ ਐਕਸ-ਗਰੇਸ਼ੀਆ ਗਰਾਂਟ ਦਿੱਤੀ ਗਈ ਹੈ ।

## ANNEXURE

Statement **showing the number of complaints received from or on behalf of alleged vicitims of forcible sterilisation and seeking compensation/grant.**

| Serial No. | District | | Male | Female | Total |
|---|---|---|---|---|---|
| 1 | 2 | | 3 | 4 | 5 |
| 1. | Jullundur | .. | 42 | 5 | 47 |
| 2. | Amritsar | .. | 14 | 4 | 18 |
| 3. | Ludhiana | .. | 27 | 7 | 34 |
| 4. | Bhatinda | .. | 58 | 18 | 76 |
| 5. | Sangrur | .. | 12 | 7 | 19 |
| 6. | Ferozepur | .. | 8 | 3 | 11 |
| 7. | Kapurthala | .. | 4 | .. | 4 |
| 8. | Patiala | .. | 11 | 1 | 12 |
| 9. | Faridkot | .. | 25 | 16 | 41 |
| 10. | Hoshiarpur | .. | 27 | 6 | 33 |
| 11. | Gurdaspur | .. | 30 | 3 | 33 |
| 12. | Ropar | .. | 15 | .. | 15 |
| | Total | .. | 273 | 70 | 343 |

Original with;
Punjab Vidhan Sabha
Digitized by;
Panjab Digital Library

**Unstarred Question No. 234**

(Extension has been asked for in respect of Unstarred Question No. 234.)

ਵਿਧਾਨ ਸਭਾ ਦੇ ਸਵਾਲ ਨੰ: 234 ਜੋ ਮਿਤੀ 14 ਸਤੰਬਰ, 1978 ਲਈ ਅਨਸਟਾਰਟਡ ਸਵਾਲਾਂ ਦੀ ਸੂਚੀ ਵਿੱਚ ਸਰਦਾਰ ਕਿਰਪਾਲ ਸਿੰਘ, ਐਮ. ਐਲ. ਏ. ਦੇ ਵੱਲੋਂ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ।

ਸਬੰਧਤ ਸੂਚਨਾ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿੱਤਾ ਜਾਵੇਗਾ।

(ਸਹੀ) . . .

ਵਿਕਾਸ ਅਤੇ ਲੋਕ ਸੰਪਰਕ ਮੰਤਰੀ,
ਪੰਜਾਬ।

ਸਕੱਤਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ।

ਗ: ਸ: ਪ: ਨੰ: ਡੀ. ਪੀ. ਜੀ-3-78/ਸਪੈਸ਼ਲ/3, ਮਿਤੀ 13/14 ਸਤੰਬਰ, 1978.

**Unstarred Question No 235**

(Extension has been asked for in respect of Unstarred Question No. 235)

ਵਿਧਾਨ ਸਭਾ ਦੇ ਸਵਾਲ ਨੰ: 235 ਜੋ ਮਿਤੀ 14 ਸਤੰਬਰ, 1978 ਲਈ ਅਨ-ਸਟਾਰਡ ਸਵਾਲਾਂ ਦੀ ਸੂਚੀ ਵਿੱਚ ਸਰਦਾਰ ਕਿਰਪਾਲ ਸਿੰਘ, ਐਮ. ਐਲ. ਏ. ਵਲੋਂ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋਇਆ।

ਸਬੰਧਤ ਸੂਚਨਾ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿੱਤਾ ਜਾਵੇਗਾ।

(ਸਹੀ) . . .

ਵਿਕਾਸ ਅਤੇ ਪੰਚਾਇਤ ਮੰਤਰੀ,
ਪੰਜਾਬ।

ਸਕੱਤਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ।

ਗ: ਸ: ਪ: ਨੰ: ਡੀ. ਪੀ. ਏ-4-78/44717, ਮਿਤੀ 14 ਸਤੰਬਰ, 1978.

**ਪੰਚਾਇਤ ਸੰਮਿਤੀ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਦੇ ਸਰਪੰਚਾਂ ਦੁਆਰਾ ਰਖੀ ਗਈ ਰਕਮ**

239. **ਸਰਦਾਰ ਕਿਰਪਾਲ ਸਿੰਘ:** ਕੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਪੰਚਾਇਤ ਸੰਮਿਤੀ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ਦੀਆਂ ਪੰਚਾਇਤਾਂ ਦੇ ਸਰਪੰਚਾਂ ਨੇ 1 ਜੁਲਾਈ, 1972 ਤੋਂ 31 ਜੁਲਾਈ, 1978 ਤੱਕ ਦੇ ਸਮੇਂ ਦੇ ਦੌਰਾਨ ਪੰਚਾਇਤ

Original with;
Punjab Vidhan Sabha
Digitized by;
Panjab Digital Library

ਫੰਡਜ਼ ਦੀ ਨਿਸ਼ਚਿਤ ਹੱਦ-ਤੋਂ ਵੱਧ ਰਕਮ ਆਪਣੇ ਪਾਸ ਰੱਖੀ, ਜੇਕਰ ਅਜਿਹਾ ਹੋਵੇ ਤਾਂ ਹਰ ਇਕ ਸਰਪੰਚ ਨੇ ਇਸ ਤਰ੍ਹਾਂ ਕੁੱਲ ਕਿੰਨੀ ਰਕਮ ਰਖੀ ਅਤੇ ਇਹ ਕਿਸ ਮੰਤਵ ਲਈ ਰੱਖੀ ;

(ਅ) ਕੀ ਸਬੰਧਤ ਵਿਕਾਸ ਅਤੇ ਪੰਚਾਇਤ ਅਫਸਰ ਨੇ ਉਕਤ ਸਮੇਂ ਦੇ ਦੌਰਾਨ ਉਕਤ ਸਰਪੰਚ ਨੂੰ ਪੰਚਾਇਤ ਫੰਡਜ਼ ਦੀ ਰਕਮ ਜਮ੍ਹਾਂ ਕਰਵਾਉਣ ਲਈ ਹੁਕਮ ਜਾਰੀ ਕੀਤੇ ਸਨ ; ਜੇਕਰ ਅਜਿਹਾ ਹੋਵੇ ਤਾਂ ਕਦੋਂ ;

(ੲ) ਕੀ ਕੁਝ ਸਰਪੰਚਾਂ ਨੇ ਉਕਤ ਹੁਕਮਾਂ ਦੀ ਪਾਲਣਾ ਕਰਕੇ ਉਕਤ ਰਕਮ ਜਮ੍ਹਾਂ ਕਰਵਾਈ ; ਜੇਕਰ ਅਜਿਹਾ ਹੋਵੇ ਤਾਂ ਕਿਹੜੀਆਂ ਮਿਤੀਆਂ ਨੂੰ;

(ਸ) ਉਨ੍ਹਾਂ ਸਰਪੰਚਾਂ ਦੇ ਵਿਰੁੱਧ ਕਿਸ ਕਿਸਮ ਦੀ ਅਨੁਸ਼ਾਸਕੀ ਕਾਰਵਾਈ ਕੀਤੀ ਗਈ ਜਿਨ੍ਹਾਂ ਨੇ ਉਕਤ ਵਰਣਿਤ ਹੁਕਮਾਂ ਦੀ ਪਾਲਣਾ ਨਹੀਂ ਕੀਤੀ ?

**ਸਰਦਾਰ ਆਤਮਾ ਸਿੰਘ** : ਮੰਗੀ ਗਈ ਸੂਚਨਾ ਬਹੁਤ ਲੰਬੀ ਚੌੜੀ ਹੈ। ਇਸ ਲਈ, ਇਹ ਸੂਚਨਾ ਇਕੱਤਰ ਕਰਨ ਉਤੇ ਖਰਚ ਹੋਣ ਵਾਲੇ ਸਮੇਂ ਅਤੇ ਮਿਹਨਤ ਦੇ ਟਾਕਰੇ ਉੱਤੇ ਪ੍ਰਾਪਤ ਹੋਣ ਵਾਲੇ ਕਿਸੇ ਲਾਭ ਦੀ ਕੋਈ ਵੁਕਤ ਨਹੀਂ ਹੋਵੇਗੀ।

**Master Chand Singh :** ** ** **

**Mr. Deputy Speaker :** I am sorry, I cannot allow. Please take your seat. It is no point of order. Please take your seat. It should not be recorded.

**ਮਾਸਟਰ ਚੰਦ ਸਿੰਘ** : ** ** **

**ਸ੍ਰੀ ਡਿਪਟੀ ਸਪੀਕਰ** : ਮਾਸਟਰ ਜੀ, ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। ਤੁਸੀਂ ਆਪਣੀ ਸੀਟ ਲਓ। ਇਹ ਪ੍ਰੋਸੀਡਿੰਗਜ਼ ਦਾ ਹਿੱਸਾ ਨਾ ਬਣੇ।

---

## WALK-OUT

**ਮਾਸਟਰ ਚੰਦ ਸਿੰਘ** : ** ** **

(ਇਸ ਸਮੇਂ ਕਮਿਊਨਿਸਟ ਪਾਰਟੀ (ਮਾਰਕਸਿਸਟ) ਦੇ ਸਦਨ ਵਿੱਚ ਹਾਜ਼ਰ ਸਾਰੇ ਮੈਂਬਰ ਸਾਹਿਬਾਨ ਵਾਕ ਆਊਟ ਕਰ ਗਏ)

**ਸ੍ਰੀ ਡਿਪਟੀ ਸਪੀਕਰ** : ਇਹ ਜੋ ਕੁਝ ਕਿਹਾ ਹੈ, ਐਕਸਪੰਜ ਕੀਤਾ ਜਾਂਦਾ ਹੈ। ਇਹ ਪ੍ਰੋਸੀਡਿੰਗਜ਼ ਦਾ ਹਿੱਸਾ ਨਾ ਬਣੇ।

---

*Not recorded/Expunged as ordered by the Chair.

Original with;
Punjab Vidhan Sabha
Digitized by;
Panjab Digital Library

## CAL ATTENTION NOTICE(S) UNDER RULE 66

**Mr. Deputy Speaker :** Call Attention Notice No. 90 stands in the names of Sardar Beant Singh and Sardar Ujagar Singh.

(Since Sardar Beant Singh and Sardar Ujagar Singh were not present in the House, the Call Attention Notice was not put/taken up)

**Mr. Deputy Speaker :** Call Attention Notice No. 94, by Sardar Ujagar Singh and Chaudhri Kanshi Ram.

(Since Sardar Ujagar Singh and Chaudhri Kanshi Ram were not present in the House, the Call Attention Notice was not put/taken up)

**Mr. Deputy Speaker :** Call Attention Notice No. 108, stands in the name of Sardar Chitwant Singh Kauhrian.

**(Serial No. 108)**

**Sardar Chitwant Singh Kauhrian**
**Sardar Sant Singh** : Sir, I beg to draw the attention of the Government towards a matter of urgent public importance, namely, the instructions issued by the Government vide memo. No. 5825-BRII(4)-72/20110, dated the 6th September, 1972, waiving of departmental charges in the case of the link roads being constructed by the Public works Department on behalf of and with the funds of the Market Committees. These instructions have created a great unrest and heart burning amongst the farmers in the State who are agitating that the same instructions may be made applicable on Irrigation Works i.e. brick lining of distributaries and water channels etc. and construction of bridges thereon. The Government should make a statement in the House to remove this discrimination by waiving of departmental charges on deposit works relating to the irrigation facilities in the State.

**ਮੁੱਖ ਮੰਤਰੀ** (ਸਰਦਾਰ ਪ੍ਰਕਾਸ਼ ਸਿੰਘ ਬਾਦਲ ): ਜਿਹੜਾ ਕੰਮ ਮੁੱਢ ਤੋਂ ਸਰਕਾਰੀ ਸਮਝੇ ਜਾਣ ਅਤੇ ਉਨ੍ਹਾਂ ਦੀ ਕੰਟਰੀਬਿਊਸ਼ਨ ਲੋਕਲ ਬਾਡੀਜ਼, ਪ੍ਰਾਈਵੇਟ ਇੰਸਟੀਚਿਊਸ਼ਨਜ਼ ਅਤੇ ਵਿਅਕਤੀਗੱਤ ਪਾਸੋਂ ਕੀਤੀ ਜਾਂਦੀ ਹੋਵੇ, ਉਨ੍ਹਾਂ ਕੰਮਾਂ ਉਤੇ ਸਰਕਾਰ ਦੀਆਂ ਪਹਿਲਾਂ ਹੀ, ਉਨ੍ਹਾਂ ਦੇ ਮੀਮੋ ਨੰ. 141-ਆਈ. ਡਬਲਿਉ-66 ਮਿਤੀ 7 ਅਕਤੂਬਰ, 1966 ਦੇ ਮੁਤਾਬਕ ਨਹੀਂ ਲਗਦਾ । ਇਨ੍ਹਾਂ ਹਦਾਇਤਾਂ ਦੇ ਮੁਤਾਬਿਕ ਨਹਿਰਾਂ ਉਤੇ ਪੁੱਲ ਬਨਾਉਣਾ, ਨਾਲੇ ਪੱਕੇ ਕਰਨੇ, ਰਜਵਾਹੇ ਅਤੇ ਮਾਈਨਰਾਂ ਉਤੇ ਪੁੱਲ ਬਣਾਉਣਾ, ਨਹਿਰਾਂ ਵਧਾਉਣਾ, ਰਾਜਵਾਹੇ ਅਤੇ ਮਾਈਨਰ ਨਵੇਂ ਬਣਾਉਣ ਬਾਰੇ, ਜਿਨ੍ਹਾਂ ਵਾਸਤੇ ਫੰਡਜ਼ ਮਾਰਕਿਟ ਕਮੇਟੀਆਂ, ਲੋਕਲ ਬਾਡੀਜ਼ ਅਤੇ ਵਿਅਕਤੀਗਤ ਵੱਲੋਂ ਮਿਲਦੇ ਹੋਣ ਉਨ੍ਹਾਂ ਉਤੇ ਡਿਪਾਰਟਮੈਂਟਲ ਚਾਰਜਜ਼ ਨਹੀਂ ਲੱਗਦੇ ਹਨ। ਜਿਹੜੇ ਕੰਮ ਨਹਿਰੀ ਸ਼ਾਖਾ ਨੂੰ ਸਬੰਧ ਨਹੀਂ ਰਖਦੇ ਅਤੇ ਉਹ ਕੰਮ ਦੂਜੀਆਂ ਏਜੰਸੀਆਂ ਅਤੇ ਵਿਭਾਗਾਂ ਵਾਸਤੇ ਕੀਤੇ ਜਾਣ ਉਨ੍ਹਾਂ ਉਤੇ ਹਦਾਇਤਾਂ ਅਨੁਸਾਰ ਡਿਪਾਰਟਮੈਂਟਲ ਚਾਰਜਜ਼ ਲਗਦੇ ਹਨ। ਪੰਜਾਬ ਸਟੇਟ ਟਿਯੂਬਵੈੱਲ ਕਾਰਪੋਰੇਸ਼ਨ ਕੋਈ ਵੀ ਡਿਪਾਜ਼ਿਟ ਵਰਕ ਮਾਰਕਿਟ ਕਮੇਟੀਆਂ ਵਾਸਤੇ ਨਹੀਂ ਕਰ ਰਹੀ। ਪੰਜਾਬ ਸਟੇਟ ਟਿਯੂਬਵੈਲ ਕਾਰਪੋਰੇਸ਼ਨ ਲਾਹੇਵੰਦ ਵਾਸਤੇ ਬੈਂਕਾਂ ਪਾਸੋਂ ਕਰਜ਼ੇ ਲੈ ਕੇ, ਜਿਹੜੇ ਉਨ੍ਹਾਂ ਪਾਸੋਂ ਕਿਸ਼ਤਾਂ ਵਿਚ ਵਾਪਸ ਲਏ ਜਾਂਦੇ ਹਨ, ਹਾਲੇ ਪੱਕੇ ਕਰਨ ਦਾ ਕੰਮ ਕਰ ਰਹੀ ਹੈ। ਇਹ ਕੱਚੇ ਤੌਰ ਤੇ ਫੈਸਲਾ ਕੀਤਾ ਗਿਆ ਹੈ ਕਿ ਪੰਜਾਬ ਸਟੇਟ ਟਿਊਬਵੈਲ ਕਾਰਪੋਰੇਸ਼ਨ ਜ਼ਿਮੀਦਾਰਾਂ ਪਾਸੋਂ ਓਵਰ-ਹੈਡ ਚਾਰਜਜ਼ ਨਹੀਂ ਲਿਆ ਕਰੇਗੀ। ਇਸਦੇ ਅਨੁਸਾਰ 9 ਅਗਸਤ 1977 ਤੋਂ ਬਾਅਦ ਡਿਮਾਂਡ ਸਟੇਟਮੈਂਟ ਵਿੱਚ

Original with;
Punjab Vidhan Sabha
Digitized by;
Panjab Digital Library

ਡਿਪਾਜ਼ਟ ਚਾਰਜਿਜ਼ ਸ਼ਾਮਲ ਨਹੀਂ ਕੀਤੇ । ਇਸ ਸਬੰਧ ਵਿਚ ਆਖਰੀ ਫੈਸਲਾ ਜਲਦੀ ਹੋਣ ਦੀ ਸੰਭਾਵਨਾ ਹੈ ।

**ਸਰਦਾਰ ਚਿਤਵੰਤ ਸਿੰਘ ਕੋਹਰੀਆਂ** : ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਮੇਰੇ ਹਲਕੇ ਦੇ ਵਿਚ ਰੁਪਏ ਮਾਰਿਕਟ ਕਮੇਟੀਆਂ ਨੇ ਭਰੇ ਹਨ । ਪਰ ਉਹ 27 ਪ੍ਰਤੀਸ਼ਤ ਮੰਗਦੇ ਹਨ ਡਿਪਾਰਟਮੈਂਟਲ ਚਾਰਜਿਜ । ਹੁਣ ਕੁਝ ਨਾਲੇ ਪੱਕੇ ਕਰ ਦਿੱਤੇ ਹਨ ਅਤੇ ਕੁੱਝ ਸੂਏ ਪੱਕੇ ਕਰ ਦਿੱਤੇ ਹਨ। ਕੁੱਝ ਖੇਤ ਇਧਰ ਹਨ ਅਤੇ ਕੁੱਝ ਉਧਰ ਹਨ। ਮੇਰਹਬਾਨੀ ਕਰਕੇ ਇਹ ਇਨਸਟਰਕਸ਼ਨਜ਼ ਦੇ ਦੇਣ ਕਿ ਉਹ ਪੁੱਲ ਬਣਾ ਦੇਣ । ਪੈਸੇ ਉਨ੍ਹਾਂ ਕੋਲ ਡਿਪਾਜ਼ਟ ਹੋਏ ਹੋਏ ਹਨ । ਡਿਪਾਰਟਮੈਂਟਲ ਚਾਰਜਿਜ਼ ਨਾ ਲਏ ਜਾਣ ।

**ਮੁੱਖ ਮੰਤਰੀ** : ਇਸ ਦਾ ਫੈਸਲਾ ਹੋ ਗਿਆ ਹੈ ਕਿ ਕੋਈ ਓਵਰ-ਹੈਡ ਚਾਰਜਿਜ਼ ਨਾ ਲਏ ਜਾਣ

---

## THIRD REPORT OF THE BUSINESS ADVISORY COMMITTEE

**Mr. Deputy Speaker** : I have to present to the House the Third Report of the Business Advisory Committee. The Report reads:

In partial modification of the recommendations contained in its Second Report the Committee recommended that there will be a second sitting on Friday the 15th September, 1978 at 2.30 P.M. and the Non-Official Resolutions included in the result of Ballot for Non-Official Bills/Resolutions for Thursday, the 14th September, 1978 will be taken up at that sitting.

If any rule/rules of the Rules of Procedure and Conduct of Business in the Punjab Vidhan Sabha (Punjab Legislative Assembly) is/are inconsistent with the above recommendations, that rule/those rules will stand suspended to that extent.

ਵਿਕਾਸ ਮੰਤਰੀ (ਸਰਦਾਰ ਆਤਮਾ ਸਿੰਘ) : ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਕੱਲ ਦੂਜੀ ਮੀਟਿੰਗ ਕਰਨ ਦੀ ਥਾਂ ਪਹਿਲੀ ਮੀਟਿੰਗ ਵਿੱਚ ਹੀ ਸਾਰਾ ਕੰਮ ਮੁੱਕਾ ਦਿੱਤਾ ਜਾਵੇ ।

**ਸ੍ਰੀ ਡਿਪਟੀ ਸਪੀਕਰ** : ਇਹ ਨਹੀਂ ਹੋ ਸਕਦਾ।

**Industries Minister (Shri Balramji Dass Tandon)** : Sir, I beg to move:—

That this House agrees with the recommendations contained in the Third Report of the Business Advisory Committee.

**Mr. Deputy Speaker** : Motion moved —

That this House agrees with the recommendations contained in the Third Report of the Business Advisory Committee.

**Mr. Deputy Speaker** : Question is —

That this House agrees with the recommendations contained in the Third Report of the Business Advisory Committee.

*The motion was carried.*

**ਸਰਦਾਰ ਸੁਖਦੇਵ ਸਿੰਘ ਢਿੱਲੋਂ** : ** ** **

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਡਿਪਟੀ ਸਪੀਕਰ:** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

## MOTION (S) UNDER RULE 77

**Mr. Deputy Speaker :** Now Motion under Rule 77 will be taken up. Comrade Satya Pal Dang, Comrade Darshan Singh Canadian, Comrade Mehtab Singh.

(Since none of the Members called upon by the Chair was present, the motion was not moved.)

**Mr. Deputy Speaker :** Sardar Umrao Singh is to move a motion under Rule 77.

(Since Sardar Umrao Singh was not present, the motion was not moved).

## LEGISLATIVE BUSINESS

## THE PUNJAB GENERAL SALES TAX (SECOND AMENDMENT) BILL, 1978

**Excise and Taxation Minister (Shri Hit Abhilashi) :** Sir, I beg to introduce the Punjab General Sales Tax (Second Amendment) Bill.

Sir, I also beg to move —

That the Punjab General Sales Tex (Second Amendment) Bill be taken into consideration at once.

**Mr. Deputy Speaker :** Motion moved—

That the Punjab General Sales Tax (Second Amendment) Bill be taken into consideration at once.

**ਸ੍ਰੀ ਕਪੂਰ ਚੰਦ ਜੈਨ ( (ਲੁਧਿਆਣਾ ਉੱਤਰ)** : ਡਿਪਟੀ ਸਪੀਕਰ ਸਾਹਿਬ, ਇਸ ਵੇਲੇ ਸੇਲਜ਼ ਟੈਕਸ ਅਮੈਂਡਮੈਂਟ ਬਿੱਲ ਸਾਡੇ ਸਾਹਮਣੇ ਹੈ। ਇਸ ਵਿਚ ਇਹ ਕਿਹਾ ਗਿਆ ਹੈ ਕਿ ਜੋ ਦੁਕਾਨਦਾਰ ਸੇਲਜ਼ ਟੈਕਸ ਦੇਰ ਨਾਲ ਜਮ੍ਹਾਂ ਕਰਵਾਏਗਾ ਉਸ ਨੂੰ ਇੰਟਰੈਸਟ ਦੇਣਾ ਪਵੇਗਾ। ਉਨ੍ਹਾਂ ਨੂੰ ਵਾਧੂ ਰੇਟ ਆਫ ਇਨਟਰੈਸਟ ਦੇਣਾ ਪਵੇਗਾ। ਰੇਟ ਆਫ ਇੰਟਰੈਸਟ ਇਹ ਹੈ ਕਿ ਜਿਹੜਾ ਵੀ ਇਕ ਮਹੀਨੇ ਦੇ ਵਿਚ ਜਮ੍ਹਾਂ ਕਰਵਾਏਗਾ ਤਾਂ 12 ਪ੍ਰਤੀਸ਼ਤ ਨਹੀਂ ਤਾਂ ਜੇਕਰ ਹੋਰ ਦੇਰ ਹੋ ਜਾਵੇ ਤਾਂ 18 ਪ੍ਰਤੀਸ਼ਤ ਰੇਟ ਆਫ ਇੰਟਰੈਸਟ ਹੋਵੇਗਾ। ਵਜ਼ੀਰ ਸਾਹਿਬ ਨੂੰ ਮੈਂ ਕਹਾਂਗਾ ਕਿ ਤੁਸੀਂ ਉਨ੍ਹਾਂ ਨੂੰ ਰੀਫੰਡ ਅਲਾਓ ਕਰਦੇ ਹੋ। ਰਿਫੰਡ ਦੇ ਵਿਚ ਜਿਹੜੀ ਰਿਆਇਤ ਮਿਲਣੀ ਸੀ, ਉਸ ਦੇ ਨਾਲ ਤਾਂ ਇਸ ਦਾ ਵੀ ਮਕਸਦ ਫੌਤ ਹੋ ਜਾਂਦਾ ਹੈ। ਇਸ ਲਈ, ਮੈਂ ਕਹਾਂਗਾ ਕਿ ਜਿਹੜਾ ਇਹ ਤਰੀਕਾ ਹੈ ਕਿ ਅਗਰ ਰਿਲੀਫ 90 ਦਿਨਾਂ ਦੇ ਵਿਚ ਵਿਚ ਦਿੱਤਾ ਜਾਵੇਗਾ, ਇਹ ਵੀ ਚੇਂਜ ਹੋਣਾ ਚਾਹੀਦਾ ਹੈ। ਇਹ 30 ਦਿਨ ਹੋਣਾ ਚਾਹੀਦਾ ਹੈ। ਇਸ ਲਈ ਰਿਫੰਡ ਵਾਸਤੇ ਵੀ 30 ਦਿਨ ਹੀ ਰਖੇ ਜਾਣੇ ਚਾਹੀਦੇ ਹਨ ਜਦੋਂ ਕਿ ਜਮ੍ਹਾ ਕਰਾਉਣ ਲਈ 30 ਦਿਨ ਰੱਖੇ ਹਨ। ਦੂਸਰਾ ਜਿਹੜਾ ਇਸ ਦਾ ਸੈਕਸ਼ਨ 4 ਹੈ, ਉਸ ਵਿਚ ਲਿਖਿਆ ਹੋਇਆ ਹੈ:—

"If the delay in allowing refund within the aforesaid period of 90 days is for reason beyond the control of the assessing authority or attributable to the dealer. whether wholly or in part, the period of such delay shal be excluded from the period for which interest is payable."

ਇਸ ਵਿੱਚ ਮੈਨੂੰ ਸਮਝ ਨਹੀਂ ਆਉਂਦੀ ਕਿ ਬਿਯਾਂਡ ਦੀ ਕੰਟਰੋਲ ਆਫ ਦੀ ਅਥਾਰਿਟੀ ਵਾਲੀ ਕਿਹੜੀ ਗੱਲ ਹੈ। ਇਸ ਲਈ, ਮੈਂ ਸਮਝਦਾ ਹਾਂ ਕਿ ਇਹ ਸ਼ਰਤ ਉੜਾ ਦੇਣੀ ਚਾਹੀਦੀ ਹੈ ਔਰ 90 ਦਿਨਾਂ ਦੀ ਬਜਾਏ 30 ਦਿਨ ਹੋਣੇ ਚਾਹੀਦੇ ਹਨ।

Original with;
Punjab Vidhan Sabha
Digitized by;
Panjab Digital Library

**ਸ੍ਰੀ ਹੁਕਮ ਚੰਦ (ਕਪੂਰਥਲਾ)** : ਡਿਪਟੀ ਸਪੀਕਰ ਸਾਹਿਬ, ਸੇਲਜ਼ ਟੈਕਸ ਬਿੱਲ ਤੇ ਬੋਲਣ ਵਾਸਤੇ ਮੈਂ ਖੜ੍ਹਾ ਹੋਇਆ ਹਾਂ। ਇਸ ਦੇ ਵਾਸਤੇ ਮੈਂ ਕਨਸਰੰਡ ਮਨਿਸਟਰ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਇਹ ਬਿੱਲ ਪੇਸ਼ ਕੀਤਾ ਹੈ। ਮੈਨੂੰ ਪਤਾ ਹੈ ਕਿ ਪਹਿਲਾਂ ਵਪਾਰੀ ਕੀ ਕਰਦਾ ਸੀ ? ਮੈਂ ਸਾਰਿਆਂ ਦੀ ਗੱਲ ਨਹੀਂ ਕਰਦਾ। ਪਰ ਕਈ ਵਪਾਰੀ ਇਸ ਤਰ੍ਹਾਂ ਕਰਦੇ ਸਨ ਕਿ ਸੇਲਜ਼ ਟੈਕਸ ਦਾ ਪੈਸਾ ਨਾ ਦੇ ਕੇ ਉਹ ਪੈਸਾ ਹੋਰ ਪਾਸੇ ਲਗਾਉਂਦੇ ਸਨ। ਉਹ ਪੈਸਾ ਆਪਣੇ ਹੋਰ ਬਿਜ਼ਨੈਸ ਵਿਚ ਲਗਾ ਕੇ ਮੁਨਾਫਾ ਕਮਾਉਂਦਾ ਸੀ। ਪਰ ਡਿਪਟੀ ਸਪੀਕਰ ਸਾਹਿਬ, ਹੁਣ ਇਸ ਤਰ੍ਹਾਂ ਨਹੀਂ ਹੋਇਆ ਕਰੇਗਾ। ਕੋਈ ਪੈਸਾ ਬੈਂਕ ਤੋਂ ਲੈਣਾ ਹੋਵੇ ਤਾਂ ਉਸ ਦੁਕਾਨਦਾਰ ਦਾ ਰਿਕਾਰਡ ਬਣਦਾ ਹੈ, ਉਸ ਦੇ ਕਰਜ਼ੇ ਦੀ ਲਿਮਿਟ ਬਣ ਜਾਂਦੀ ਹੈ, ਫਿਰ ਜਾਂ ਉਹ ਵਪਾਰੀ ਬੈਂਕ ਤੋਂ ਰੁਪਿਆ ਹਾਸਿਲ ਕਰਦਾ ਹੈ। ਕਈਆਂ ਸਾਲਾਂ ਤੋਂ ਸੇਲਜ਼ ਟੈਕਸ ਲਾਵਾਰਸ ਪਿਆ ਸੀ, ਸਰਕਾਰ ਦੇ ਪੈਸੇ ਲਾਵਾਰਸ ਪਏ ਸਨ। ਵਪਾਰੀ ਜਿਤਨਾਂ ਚਿਰ ਮਰਜ਼ੀ ਹੋਵੇ ਰੱਖ ਸਕਦਾ ਸੀ, ਲੇਕਿਨ ਹੁਣ ਇਹ ਗੱਲ ਹੋ ਗਈ ਹੈ ਕਿ ਵਪਾਰੀ ਪਾਸ ਰੱਖੇ ਪੈਸੇ ਨੂੰ ਇਨਟਰੈਸਟ ਲਗੇਗਾ। ਮੇਰੇ ਆਨਰੇਬਲ ਮੈਂਬਰ ਨੇ ਕਿਹਾ ਹੈ ਕਿ ਇਹ ਰੇਟ ਆਫ ਇੰਟਰੈਸਟ ਠੀਕ ਨਹੀਂ ਹੈ। ਪਰ ਮੈਂ ਸਮਝਦਾ ਹਾਂ ਕਿ ਇਹ ਰੇਟ ਆਫ ਇੰਟਰੈਸਟ ਬੈਂਕਾਂ ਵਾਲਾ ਹੀ ਹੈ। ਪਹਿਲੀ ਸਰਕਾਰ ਵੇਲੇ 16/16 ਲੱਖ ਰੁਪਿਆ ਕਈਆਂ ਵਪਾਰੀਆਂ ਨੇ ਛੇ ਛੇ, ਸੱਤ ਸੱਤ ਸਾਲਾਂ ਵਾਸਤੇ ਰੱਖੀ ਰਖਿਆ ਹੈ ਔਰ ਹੁਣ ਇਸ ਸਰਕਾਰ ਨੇ ਉਗਰਾਹੀ ਕੀਤੀ ਹੈ। ਮੇਰੇ ਜ਼ਿਲ੍ਹੇ ਵਿਚ 85 ਲੱਖ ਰੁਪਿਆ ਉਗਰਾਹੁਣ ਵਾਲਾ ਪਿਆ ਸੀ, ਉਹ ਹੁਣ ਅਸੀਂ ਉਗਰਾਹ ਰਹੇ ਹਾਂ ਔਰ ਉਸ ਵਿਚੋਂ ਕੋਈ 74 ਲੱਖ ਰੁਪਏ ਉਗਰਾਹ ਲਏ ਹਨ। ਇਕੱਲੇ ਮੇਰੇ ਜ਼ਿਲੇ ਵਿਚ ਹੀ ਇਹ ਹਾਲਤ ਹੈ। ਹੁਣ ਵਪਾਰੀ ਇਹ ਸੋਚੇਗਾ ਕਿ ਚਾਹੇ ਬੈਂਕਾਂ ਦਾ ਪੈਸਾ ਲਿਆ ਜਾਵੇ ਤੇ ਚਾਹੇ ਸੇਲਜ਼ ਟੈਕਸ ਦਾ ਪੈਸਾ ਵਰਤ ਲਿਆ ਜਾਵੇ ਵਿਆਜ਼ ਜ਼ਰੂਰ ਦੇਣਾ ਪਵੇਗਾ। ਇਸ ਲਈ ਹੁਣ ਸਰਕਾਰ ਦਾ ਪੈਸਾ ਰੱਖਣ ਦਾ ਕੋਈ ਲਾਭ ਨਹੀਂ ਹੈ। ਇਸ ਦੇ ਨਾਲ ਹੀ ਮੈਂ ਸਰਕਾਰ ਨੂੰ ਇਹ ਵੀ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਸ ਟੈਕਸ ਦੀ ਚੋਰੀ ਹੁੰਦੀ ਹੈ, ਉਸ ਦੀ ਰੋਕ ਥਾਮ ਲਈ ਅਸੀਂ ਜੋ ਕੁੱਝ ਕਰ ਸਕਦੇ ਹਾਂ, ਸਾਨੂੰ ਕਰਨਾ ਚਾਹੀਦਾ ਹੈ। ਜਿਹੜੇ ਮੇਯਰਜ਼ ਅਡਾਪਟ ਕਰਨੇ ਪੈਂਦੇ ਹੋਣ ਕਰ ਲੈਣੇ ਚਾਹੀਦੇ ਹਨ। ਸਾਡੀ ਸਰਕਾਰ ਨੂੰ ਇਹ ਵੀ ਵੇਖਣਾ ਚਾਹੀਦਾ ਹੈ ਕਿ ਸੇਲਜ਼ ਟੈਕਸ ਦਾ ਜੋ ਪੈਸਾ ਹੈ ਇਹ ਬਾਹਰ ਨਾ ਜਾਵੇ ਔਰ ਵਪਾਰੀ ਨੂੰ ਇਸ ਢੰਗ ਨਾਲ, ਇਸ ਢਾਂਚੇ ਵਿਚ ਢਾਲਿਆ ਜਾਵੇ ਜਿਸ ਨਾਲ ਕਿ ਵਪਾਰੀ ਦੀ ਪੈਸੇ ਦੇਣ ਦੀ ਨੀਅਤ ਬਣ ਜਾਵੇ।

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਆਪਣੇ ਮਿਉਂਸਪਲ ਕਮੇਟੀ ਕਪੂਰਥਲੇ ਦੀ ਹੀ ਗੱਲ ਦੱਸਦਾ ਹਾਂ। ਉਥੇ ਪਹਿਲਾਂ ਆਕਟਰਾਏ ਦੀ 10 ਲੱਖ ਰੁਪਏ ਦੀ ਆਮਦਨ ਸੀ ਲੇਕਿਨ ਅਸੀਂ ਹੁਣ ਸਾਢੇ 17 ਲੱਖ ਦੀ ਆਮਦਨ ਕੀਤੀ ਹੈ। ਇਸ ਤਰ੍ਹਾਂ ਕਿਉਂ ਹੋਇਆ ਕਿਉਂਕਿ ਜਿਹੜੇ ਵਪਾਰੀ ਬਾਹਰ ਦੀ ਮਾਲ ਅੰਦਰ ਲੈ ਆਉਂਦੇ ਸਨ ਉਹ ਟੈਕਸ ਨਹੀਂ ਸਨ ਦਿੰਦੇ। ਇਸ ਦੇ ਵਾਸਤੇ ਮੈਂ ਤੇ ਉਥੇ ਦੇ ਅਫਸਰਾਂ ਨੇ ਰਾਤ ਦਿਨ ਡਿਊਟੀ ਦਿੱਤੀ ਜਿਸ ਦੇ ਨਾਲ ਉਨ੍ਹਾਂ ਲੋਕਾਂ ਦੀ ਜਿਹੜੇ ਕਿ ਬਾਹਰ ਦੀ ਮਾਲ ਲੈ ਆਉਂਦੇ ਸਨ ਉਨ੍ਹਾਂ ਦੀ ਇਸ ਤਰ੍ਹਾਂ ਕਰਨ ਦੀ ਤਾਕਤ ਨਹੀਂ ਰਹੀ। ਔਰ ਹਾਲਤ ਇਹ ਹੈ ਕਿ ਸਾਢੇ ਸੱਤ ਲੱਖ ਰੁਪਏ ਆਮਦਨ ਵਧੀ ਹੈ। ਵਪਾਰੀ ਲੋਕ ਕਈ ਹੋਰ ਕੰਮ ਵੀ ਕਰਦੇ ਹਨ ਕਿ ਉਹ ਮਾਲ ਬਗੈਰ ਬਿੱਲ ਦੇ ਲਿਆਂਉਂਦੇ ਹਨ। ਮੈਂ ਸਰਕਾਰ ਨੂੰ ਇਹ ਚੀਜ਼ ਜਲੰਧਰ ਦੇ ਅਟਾਰੀ ਬਜ਼ਾਰ ਵਿਚੋਂ ਸਾਬਤ ਕਰ ਸਕਦਾ ਹਾਂ। ਉਥੇ 80% ਮਾਲ ਬਗੈਰ ਬਿੱਲ ਦੇ ਆਉਂਦਾ ਹੈ। ਇਸ ਲਈ ਮੈਂ ਮਨਿਸਟਰ ਸਾਹਿਬ ਨੂੰ ਸੁਝਾਓ ਦਿੱਤਾ ਸੀ ਕਿ ਰਾਜਸਥਾਨ ਵਾਲਾ ਪੈਟਰਨ ਇਥੇ ਕਰ ਦਿਓ। ਡਿਪਟੀ ਸਪੀਕਰ ਸਾਹਿਬ, ਉਥੇ ਕਿਸ ਤਰ੍ਹਾਂ ਹੁੰਦਾ ਹੈ ? ਇਹ ਮੈਂ ਦੱਸਦਾ ਹਾਂ। ਉਥੇ ਜਿਹੜੀ ਆਕਟਰਾਏ ਲਗਦੀ ਹੈ ਉਹ ਬਿੱਲ ਤੇ ਲਗਦੀ ਹੈ। ਜਿਹੜਾ ਵਪਾਰੀ ਮਾਲ ਲੈ

Original with;
Punjab Vidhan Sabha
Digitized by;
Panjab Digital Library

[ਸ੍ਰੀ ਹੁਕਮ ਚੰਦ]

ਕੇ ਜਾਂਦਾ ਹੈ ਉਹ ਆਕਟਰਾਏ ਵਾਸਤੇ ਪਹਿਲਾਂ ਦਫਤਰ ਜਾਂਦਾ ਹੈ, ਉਥੋਂ ਉਹ ਮੋਹਰ ਲਗਾਉਂਦਾ ਹੈ, ਉਸ ਤੋਂ ਬਾਅਦ ਮਾਲ ਅੰਦਰ ਲਿਆਉਂਦਾ ਹੈ। ਉਸ ਦੇ ਨਾਲ ਇਹ ਹੁੰਦਾ ਹੈ ਕਿ ਸਰਕਾਰ ਪਾਸ ਆਕਟਰਾਏ ਵਾਸਤੇ ਜਦੋਂ ਉਹ ਜਾਂਦਾ ਹੈ ਤਾਂ ਉਸ ਦੇ ਬਿੱਲ ਦਾ ਰਿਕਾਰਡ ਵੀ ਆ ਜਾਂਦਾ ਹੈ। ਫਿਰ ਵਪਾਰੀ ਝੂਠ ਨਹੀਂ ਬੋਲ ਸਕਦਾ ਬਿੱਲ ਉਤੇ ਸੇਲਜ਼ ਟੈਕਸ ਲਗ ਜਾਵੇਗਾ। ਫਿਰ, ਡਿਪਟੀ ਸਪੀਕਰ ਸਾਹਿਬ, ਵਪਾਰੀਆਂ ਨੇ ਕੀ ਕੀਤਾ ਕਿ ਮਾਲ ਹੀ ਅੱਧੇ ਦਾ ਬਿੱਲ ਬਨਾਉਣ ਲੱਗ ਪਏ ਤਾਂ ਸਰਕਾਰ ਨੇ ਕਰ ਦਿੱਤਾ ਕਿ ਜਿਤਨਾ ਮਾਲ ਅੱਧਾ ਬਾਕੀ ਦਾ ਹੈ ਉਸ ਨੂੰ ਜ਼ਬਤ ਕਰ ਲਿਆ ਜਾਵੇ ਕਿਉਂਕਿ ਉਸ ਦਾ ਮਾਲਕ ਕੋਈ ਨਹੀਂ ਹੈ। ਇਸ ਤਰ੍ਹਾਂ ਫਰਜ਼ ਕਰੋ ਕਿ ਕਿਸੇ ਨੇ 12 ਦਰਜਨਾਂ ਕਰਿਆਨਾਂ ਲਿਆਂਦਾ ਹੈ ਤੇ ਛੇ ਦਾ ਬਿੱਲ ਬਣਵਾਇਆ ਹੈ, ਤਾਂ ਉਨ੍ਹਾਂ ਨੇ ਤਾਂ ਚੈਕ ਕਰਨਾ ਹੈ। ਇਸ ਤਰ੍ਹਾਂ ਜਿਹੜਾ ਅੱਧਾ ਮਾਲ ਹੋਵੇਗਾ ਉਹ ਸਰਕਾਰ ਦਾ ਹੋਵੇਗਾ। ਇਸ ਤਰ੍ਹਾਂ ਨਾਲ ਵਪਾਰੀ ਚੋਰੀ ਕਰਨ ਦੀ ਆਪਣੀ ਆਦਤ ਹੀ ਬਦਲ ਲਵੇਗਾ। ਇਸ ਲਈ ਮੈਂ ਕਹਿੰਦਾ ਹਾਂ ਕਿ ਜਿਹੜਾ ਉਨ੍ਹਾਂ ਨੇ ਵਪਾਰੀਆਂ ਦੇ ਗਿਲੇ ਨੂੰ ਬਰਦਾਸ਼ਤ ਕਰਦਿਆਂ ਬੜੀ ਜੁਰੱਤ ਨਾਲ ਇਹ ਬਿੱਲ ਲਿਆਂਦਾ ਹੈ, ਉਸ ਦੇ ਵਾਸਤੇ ਮੈਂ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ ਅਤੇ ਕਹਿਣਾ ਚਾਹੁੰਦਾ ਹਾਂ ਕਿ ਕੋਈ ਵੀ ਹੋਰ ਇਸ ਤਰ੍ਹਾਂ ਦਾ ਤਰੀਕਾ ਕਰਨਾ ਹੋਵੇ ਤਾਂ ਕਰ ਲੈਣਾ ਚਾਹੀਦਾ ਹੈ ਔਰ ਅੱਗੇ ਚਲਦੇ ਰਹਿਣਾ ਚਾਹੀਦਾ ਹੈ। ਪਿੱਛੇ ਸਾਡੀ ਸਰਕਾਰ ਨੇ ਵਾਇਦਾ ਕੀਤਾ ਸੀ ਕਿ ਅਸੀਂ ਸੇਲਜ਼ ਟੈਕਸ ਨੂੰ ਐਕਸਾਈਜ਼ ਵਿਚ ਬਦਲਾਂਗੇ ਲੇਕਿਨ ਹੱਲ ਕੋਈ ਨਹੀਂ ਨਿਕਲਿਆ। ਇਸ ਤਰ੍ਹਾਂ ਨਾਲ ਸਾਡੀ ਸਰਕਾਰ ਨੂੰ ਕੋਈ ਐਸਾ ਫਾਰਮੂਲਾ ਕੱਢਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਇਕ ਗੱਲ ਸੇਲਜ਼ ਟੈਕਸ ਬਾਰੇ ਹੋਰ ਹੈ ਕਿ ਜਿਹੜਾ ਤਰੀਕਾ ਹੈ ਸੇਲਜ਼ ਟੈਕਸ ਲੈਣ ਦਾ ਉਸ ਨੂੰ ਬੜਾ ਹੀ ਸਿੰਮਪਲੀਫਾਈ ਕਰਨਾ ਚਾਹੀਦਾ ਹੈ ਤਾ ਕਿ ਕੋਈ ਵੀ ਵਪਾਰੀ ਚੋਰੀ ਨਾ ਕਰ ਸਕੇ। ਜੇਕਰ ਕੋਈ ਅਮੈਂਡਮੈਂਟ ਐਕਟ ਵਿਚ ਲਿਆਉਣੀ ਪਵੇ ਤਾਂ ਕੋਈ ਝਿਜਕ ਨਹੀਂ ਕਰਨੀ ਚਾਹੀਦੀ। ਬਾਕੀ ਜਿਹੜੀਆਂ ਸਾਡੀ ਸਰਕਾਰ ਨੇ ਵਪਾਰੀਆਂ ਨੂੰ ਛੋਟਾਂ ਦਿੱਤੀਆਂ ਹਨ, ਮੈਂ ਉਸ ਦੇ ਬਾਰੇ ਕਹਾਂਗਾ ਕਿ ਇਕ ਸਰਵੇਅਰ ਪਾਰਟੀ ਭੇਜ ਕੇ ਸਰਕਾਰ ਵੇਖ ਲਵੇ ਕਿ ਆਇਆ ਉਸ ਨੇ ਚੰਗੇ ਸਿੱਟੇ ਸਾਹਮਣੇ ਲਿਆਂਦੇ ਹਨ ਜਾ ਨਹੀਂ। ਡਿਪਟੀ ਸਪੀਕਰ ਸਾਹਿਬ, ਮੇਰਾ ਸਾਈਕਲ ਸਪੇਅਰ ਪਾਰਟਸ ਦਾ ਬਿਜ਼ਨੈਸ ਹੈ। ਸਾਈਕਲ ਸਪੇਅਰ ਪਾਰਟਸ ਵਾਲਿਆਂ ਨੇ ਪਿਛਲੀ ਸਰਕਾਰ ਨੂੰ ਕਿਹਾ ਕਿ ਜਿਸ ਤਰ੍ਹਾਂ ਹਰਿਆਣਾ ਸਰਕਾਰ ਨੇ ਸੇਲਜ਼ ਟੈਕਸ ਦਾ ਸਿਸਟਮ ਕੀਤਾ ਹੈ ਉਸ ਤਰ੍ਹਾਂ ਕਰ ਦਿਓ। ਸੀ. ਫਾਰਮ ਹਟਾ ਦਿਓ। ਉਹ ਸਰਕਾਰ ਨੇ ਹਟਾ ਦਿੱਤਾ ਤੇ 1 ਸੀ. ਆਈ. ਐਸ. ਕਰ ਦਿੱਤਾ। ਪਰ ਉਸ ਨਾਲ ਜਿਹੜਾ ਮੇਰੇ ਵਰਗਾ ਇਮਾਨਦਾਰੀ ਨਾਲ ਬਿੱਲ ਤੇ ਮਾਲ ਵੇਚਦਾ ਹੈ, ਉਨ੍ਹਾਂ ਲਈ ਠੀਕ ਨਾ ਰਿਹਾ ਔਰ ਮੁੜ ਕੇ ਸਰਕਾਰ ਨੇ ਸੈਂਟਰਲ ਸੇਲਜ਼ ਟੈਕਸ ਵਧਾਇਆ ਔਰ ਸੀ. ਫਾਰਮ ਵਾਲਾ ਸਿਸਟਮ ਫਿਰ ਲਾਗੂ ਕੀਤਾ। ਮੇਰੇ ਦੱਸਣ ਦਾ ਮਕਸਦ ਇਹ ਸੀ ਕਿ ਅਸੀਂ ਇਸ ਢੰਗ ਨਾਲ ਇਸ ਨੂੰ ਕਰੀਏ ਜਿਸ ਨਾਲ ਜਿਹੜਾ ਘਪਲਾ ਹੁੰਦਾ ਹੈ ਉਹ ਨਾ ਹੋ ਸਕੇ। ਕੋਈ ਵੀ ਇਮਾਨਦਾਰ ਵਪਾਰੀ ਜਾਂ ਇਮਾਨਦਾਰ ਦੁਕਾਨਦਾਰ ਕੁਰੱਪਟ ਆਦਮੀਆਂ ਦੇ ਸਾਹਮਣੇ ਖੜਾ ਨਹੀਂ ਹੋ ਸਕਦਾ। ਇਮਾਨਦਾਰੀ ਦਾ ਕੰਪੀਟੀਸ਼ਨ ਤਦ ਹੋ ਸਕਦਾ ਹੈ ਜਦੋਂ ਮਾਰਕਿਟ ਸਟੇਬਲ ਹੋਵੇ। ਪਰ ਅੱਜ ਮਾਰਕਿਟ ਸਟੇਬਲ ਨਹੀਂ ਹੈ। ਅੱਜ ਮਾਰਕਿਟ ਵਿਚ ਠਹਿਰਾਉ ਨਹੀਂ ਹੈ। ਉਸ ਦਾ ਕਾਰਣ ਇਹ ਹੈ ਕਿ ਕੁੱਝ ਆਦਮੀ ਸਾਰੇ ਕੰਮ ਨੂੰ ਚੰਗੇ ਢੰਗ ਦੇ ਨਾਲ, ਇਮਾਨਦਾਰੀ ਦੇ ਨਾਲ ਕਰਦੇ ਹਨ ਅਤੇ ਕੁਝ ਆਦਮੀ ਸਾਰੇ ਕੰਮ ਵਿੱਚ ਘਪਲੇ ਕਰਦੇ ਹਨ, ਜਿਸ ਕਰਕੇ ਮਾਰਕਿਟ ਸਟੇਬਲ ਨਹੀਂ ਰਹਿੰਦੀ। ਇਸ ਕਰਕੇ ਮੈਂ ਮਨਿਸਟਰ ਸਾਹਿਬ ਨੂੰ ਵਧਾਈ ਦਿੰਦਾ ਹਾਂ, ਪਹਿਲੇ ਵੀ ਦਿੱਤੀ ਹੈ ਕਿ ਉਨ੍ਹਾਂ ਨੇ ਇਹੋ ਜਿਹੇ ਕੁਰੱਪਟ

Original with;
Punjab Vidhan Sabha
Digitized by;
Panjab Digital Library

ਅਫਸਰਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਇਸ ਸੇਲਜ਼ ਟੈਕਸ ਸਬੰਧੀ ਜੋ ਮਨਿਸਟਰ ਸਾਹਿਬ ਨੇ ਕੰਮ ਕੀਤੇ ਹਨ ਉਸ ਨਾਲ ਪੰਜਾਬ ਵਿਚ ਕਾਫੀ ਹਾਲਾਤ ਸਧਰੇ ਹਨ। ਪਰ ਮੈਂ ਮਨਿਸਟਰ ਸਾਹਿਬ ਨੂੰ ਇਹ ਹਾਲੇ ਵੀ ਕਹਿੰਦਾ ਹਾਂ ਕਿ ਇਸ ਵਿਚ ਹਾਲੇ ਵੀ ਘਪਲਾ ਹੈ, ਕਈ ਲੋਕ ਹਨ ਜਿਹੜੇ ਕਿ ਘਪਲੇ ਕਰਦੇ ਹਨ ਇਸ ਲਈ ਇਸ ਘਪਲੇ ਨੂੰ ਖਤਮ ਕਰਨ ਲਈ ਵਿਚਾਰ ਕਰਨ ਅਤੇ ਜਿਹੜੇ ਕੁਰੱਪਟ ਅਫਸਰ ਹਨ ਉਨ੍ਹਾਂ ਨੂੰ ਜ਼ਰੂਰ ਸਜ਼ਾ ਦੇਣ।

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਆਪਣੀ ਮਿਸਾਲ ਦਿੰਦਾ ਹਾਂ। ਮੇਰੀ ਆਪਣੀ ਸਾਈਕਲ ਪਾਰਟਸ ਦੀ ਦੁਕਾਨ ਹੈ ਅਤੇ ਉਥੋਂ ਦੇ ਅਫਸਰਾਂ ਨੂੰ ਇਹ ਵੀ ਪਤਾ ਹੈ ਕਿ ਮੈਂ ਉਥੋਂ ਦੀ ਜਨਤਾ ਪਾਰਟੀ ਦਾ ਪ੍ਰਧਾਨ ਹਾਂ। ਮੈਂ ਸੇਲਜ਼ ਟੈਕਸ ਵਾਸਤੇ ਐਪਲਾਈ ਕੀਤਾ। ਐਪਲਾਈ ਕਰਨ ਤੋਂ ਬਾਅਦ ਇਨਸਪੈਕਟਰ ਨੂੰ ਦੱਸਿਆ ਗਿਆ ਕਿ ਉਹ ਜਨਤਾ ਪਾਰਟੀ ਦਾ ਮੈਂਬਰ ਹੈ ਅਤੇ ਇਥੋਂ ਦਾ ਪ੍ਰਧਾਨ ਹੈ, ਇਸ ਕੋਲੋਂ ਪੈਸਾ ਨਾ ਲਵੋ ਅਤੇ ਲਾਈਸੈਂਸ ਜਾਰੀ ਕਰ ਦਿਓ। ਉਹ ਇਨਸਪੈਕਟਰ ਕਹਿੰਦਾ ਹੈ ਕਿ ਮੈਂ ਤਾਂ ਪੈਸੇ ਲੈਣੇ ਹਨ ਤਾਂ ਕੰਮ ਕਰਨਾ ਹੈ। ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ ਹਾਲੇ ਇਹ ਹਾਲਾਤ ਨਹੀਂ ਸੁਧਰੇ। ਇਸ ਲਈ ਮੈਂ ਮਨਿਸਟਰ ਸਾਹਿਬ ਨੂੰ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਜਿਥੇ ਤੁਸੀਂ ਵਪਾਰੀਆਂ ਤੋਂ ਇੰਟਰੈਸਟ ਲੈਣ ਦੀ ਸੋਚਦੇ ਹੋ, ਉਥੇ ਉਨ੍ਹਾਂ ਦੀਆਂ ਜਿਹੜੀਆਂ ਤਕਲੀਫਾਂ ਹਨ ਉਨ੍ਹਾਂ ਨੂੰ ਦੂਰ ਕਰਨ ਲਈ ਵੀ ਜ਼ਰੂਰ ਸੋਚੋ। ਇਸ ਨਾਲ ਪੰਜਾਬ ਦਾ ਵਪਾਰੀ ਤੁਹਾਡਾ ਧੰਨਵਾਦ ਕਰੇਗਾ ਅਤੇ ਮੈਂ ਵੀ ਤੁਹਾਡਾ ਧੰਨਵਾਦ ਕਰਦਾ ਹਾਂ।

**ਸ੍ਰੀ ਓਮ ਪ੍ਰਕਾਸ਼ ਭਾਰਦਵਾਜ** (ਪਠਾਨਕੋਟ): ਡਿਪਟੀ ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਅਤੇ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ। ਇਸ ਬਿੱਲ ਦੇ ਉਤੇ ਬੋਲਦਿਆਂ ਹੋਇਆਂ ਸ੍ਰੀ ਹੁਕਮ ਚੰਦ ਜੀ ਨੇ ਬੜੀਆਂ ਚੰਗੀਆਂ ਗਲਾਂ ਕਹੀਆਂ ਹਨ। ਜੇ ਅੱਜ ਅਸੀਂ ਵਪਾਰੀਆਂ ਕੋਲੋਂ ਟੈਕਸ ਵੇਲੇ ਸਿਰ ਮੰਗਦੇ ਹਾਂ ਤਾਂ ਸਾਨੂੰ ਉਨ੍ਹਾਂ ਦੇ ਪੈਸੇ ਰਿਫੰਡ ਕਰਨ ਵੇਲੇ ਦੇਰ ਨਹੀਂ ਲਾਉਣੀ ਚਾਹੀਦੀ। ਜਿਸ ਤਰ੍ਹਾਂ ਵਪਾਰੀ ਨੂੰ 30 ਦਿਨਾਂ ਤੋਂ ਉਪਰ ਨਹੀਂ ਟੱਪਣ ਦਿੱਤਾ ਜਾਂਦਾ, ਇਸੇ ਤਰ੍ਹਾਂ ਹੀ ਸਰਕਾਰ ਨੂੰ ਰਿਫੰਡ ਕਰਨ ਵੇਲੇ ਵੀ ਜ਼ਿਆਦਾ ਸਮਾਂ ਨਹੀਂ ਲੈਣਾ ਚਾਹੀਦਾ। ਉਸ ਵੇਲੇ ਯਾਰਡ ਸਟਿਕ ਵਖਰੀ ਨਹੀਂ ਹੋਣੀ ਚਾਹੀਦੀ। ਔਰ ਖਿੜੇ ਮਥੇ ਉਨ੍ਹਾਂ ਦਾ ਰਿਫੰਡ ਉਨ੍ਹਾਂ ਨੂੰ ਵਾਪਸ ਕਰਨਾ ਚਾਹੀਦਾ ਹੈ।

ਦੂਸਰੀ ਗੱਲ ਮੈਂ ਇਹ ਕਹਿਣੀ ਚਾਹਵਾਂਗਾ ਕਿ ਸੇਲਜ਼ ਟੈਕਸ ਦੇ ਅੰਦਰ, ਅੱਜ ਤਕ ਦਾ ਸਾਨੂੰ ਤਜਰਬਾ ਇਹ ਦੱਸਦਾ ਹੈ ਕਿ, ਵੱਡੇ ਵੱਡੇ ਪੁਲੀਟੀਕਲ ਆਦਮੀ ਸੇਲਜ਼ ਟੈਕਸ ਅਫਸਰਾਨ ਨਾਲ ਮਿਲ ਕੇ ਕਾਫੀ ਘਾਲਾਮਾਲਾ ਕਰਦੇ ਹਨ। ਜਿਸ ਦੇ ਸਿੱਟੇ ਇਹ ਨਿਕਲੇ ਹਨ ਕਿ ਆਮ ਛੋਟਾ ਦੁਕਾਨਦਾਰ ਜਿਸ ਨੇ 500 ਰੁਪਿਆ ਜਾਂ 1000 ਰੁਪਿਆ ਲਾ ਕੇ ਆਪਣੀ ਦੁਕਾਨ ਵਿਚ ਸਮਾਨ ਰਖਿਆ ਹੈ, ਉਸ ਵਾਸਤੇ ਆਮ ਆਦਮੀਆਂ ਦਾ ਰਵੱਈਆ ਇਹ ਰਹਿੰਦਾ ਹੈ ਕਿ ਇਹ ਵਪਾਰ ਕਰਨ ਵਾਲੇ ਔਰ ਦੁਕਾਨਦਾਰ ਬੇਇਮਾਨ ਹੁੰਦੇ ਹਨ। ਇਸ ਕਰਕੇ ਮੈਂ ਇਹ ਕਹਿਣਾ ਚਾਹਵਾਂਗਾ ਕਿ ਇਹ ਸਾਰੀਆਂ ਪੁਰਾਣੀਆਂ ਲੀਹਾਂ ਜੋ ਹਨ ਜਿਸ ਨੇ ਆਮ ਦੁਕਾਨਦਾਰ ਨੂੰ ਬੇਇਮਾਨ ਬਣਾ ਦਿੱਤਾ ਹੈ, ਇਸ ਨੂੰ ਖਤਮ ਕਰਨਾ ਚਾਹੀਦਾ ਹੈ।

ਮੈਂ ਇਕ ਗੱਲ ਹੋਰ ਵੀ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਪਿਛਲੇ ਦਿਨਾਂ ਵਿਚ ਕਈ ਗੱਲਾਂ ਵੇਖਣ ਵਿੱਚ ਆਈਆਂ ਹਨ ਕਿ ਜਿਹੜੇ ਵੀ ਛੋਟੇ ਛੋਟੇ ਦੁਕਾਨਦਾਰ ਹਨ ਜਾਂ ਵਪਾਰੀ ਹਨ, ਉਹ ਚਾਹੇ ਕਿੰਨੇ ਹੀ ਇਮਾਨਦਾਰ ਹਨ ਉਨ੍ਹਾਂ ਨੂੰ ਤੰਗ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਹਰਾਸ ਕੀਤਾ ਜਾਂਦਾ

Original with;
Punjab Vidhan Sabha
Digitized by;
Panjab Digital Library

[ਸ੍ਰੀ ਓਮ ਪ੍ਰਕਾਸ਼ ਭਾਰਦਵਾਜ]

ਹੈ। ਚਾਹੇ ਕੋਈ ਕਿੰਨਾ ਵੀ ਇਮਾਨਦਾਰ ਦੁਕਾਨਦਾਰ ਹੈ ਜਾਂ ਵਪਾਰੀ ਹੈ, ਉਸਨੂੰ ਹਰਾਸਮੈਂਟ ਤੋਂ ਮਜਬੂਰ ਹੋ ਕੇ ਉਨ੍ਹਾਂ ਕੁਰੱਪਟ ਅਫਸਰਾਂ ਨੂੰ ਖੁਸ਼ ਕਰਨਾ ਪੈਂਦਾ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਸਾਡੀ ਸਰਕਾਰ ਨੂੰ ਇਸ ਪਾਸੇ ਵਲ ਸਖਤ ਕਦਮ ਚੁੱਕਣੇ ਚਾਹੀਦੇ ਹਨ, ਜਿਸ ਨਾਲ ਕਿ ਦੇਸ਼ ਦੀ ਡਿਵੈੱਲਪਮੈਂਟ ਹੋਵੇ। ਅੱਜ ਵੀ ਇਨਸਪੈਕਟਰ ਦਾ ਰਵਈਆ ਵਪਾਰੀ ਨੂੰ ਹਰਾਸਮੈਂਟ ਕਰਨ ਤੋਂ ਘੱਟ ਨਹੀਂ। ਪਿਛਲੇ ਦਿਨਾਂ ਵਿਚ ਇਕ ਇਸ ਤਰ੍ਹਾਂ ਦਾ ਕੇਸ ਹੋਇਆ ਔਰ ਮੈਂ ਪਰਸਨਲੀ ਲਿਖ ਕੇ ਸ਼ਕਾਇਤ ਕੀਤੀ। ਪਰ ਕੁੱਝ ਨਹੀਂ ਬਣਿਆ। ਇਸ ਤੋਂ ਬਾਅਦ ਮੈਂ ਵਜ਼ੀਰ ਸਾਹਿਬ ਨੂੰ ਵੀ ਮਿਲਿਆ ਅਤੇ ਉਨ੍ਹਾਂ ਨੂੰ ਸਾਰੀ ਗਲ ਦੱਸੀ। ਉਨ੍ਹਾਂ ਨੇ ਕਿਹਾ ਮੈਨੂੰ ਲਿਖ ਕੇ ਭੇਜ ਦੇਣਾ, ਮੈਂ ਇਨਕੁਆਇਰੀ ਕਰਵਾ ਲਵਾਂਗਾ। ਮੈਂ ਲਿਖ ਕੇ ਭੇਜ ਦਿੱਤਾ। ਫਿਰ ਜਿਸ ਵੇਲੇ ਇਨਕੁਆਇਰੀ ਹੋਣ ਲਗੀ ਤਾਂ ਉਥੇ ਜੁਆਇੰਟ ਡਾਇਰੈਕਟਰ ਅਤੇ ਕਮਿਸ਼ਨਰ ਵਗੈਰਾ ਸਭ ਗਏ। ਜਿਸ ਵੇਲੇ ਇਨਕੁਆਇਰੀ ਸ਼ੁਰੂ ਹੋਈ ਤਾਂ ਚਪੜਾਸੀ ਤੋਂ ਲੈ ਕੇ ਵੱਡੇ ਵੱਡੇ ਆਦਮੀਆਂ ਤਕ ਸਭ ਨੇ ਐਸਾ ਮਾਹੌਲ ਪੈਦਾ ਕੀਤਾ ਕਿ ਜਿਹੜਾ ਵੀ ਗਵਾਹੀ ਦੇਣ ਆਇਆ ਉਸ ਨੂੰ ਗਵਾਹੀ ਨਹੀਂ ਦੇਣ ਦਿੱਤੀ। ਇਸ ਵਾਸਤੇ ਉਨ੍ਹਾਂ ਨੂੰ 3, 3, ਸੌ ਰੁਪਏ ਤਕ ਦਿੱਤੇ ਗਏ। ਪਰ ਇਸ ਦੇ ਬਾਵਜੂਦ ਵੀ ਕਈ ਆਦਮੀਆਂ ਨੇ ਉਥੇ ਗਵਾਹੀ ਦਿੱਤੀ। ਪਰ ਉਸ ਤੋਂ ਬਾਅਦ ਅੱਜ ਐਨੇ ਦਿਨ ਬੀਤ ਗਏ ਹਨ। ਅੱਜ ਨਾਵੇਂ ਮਹੀਨੇ ਦੀ 14 ਤਾਰੀਖ ਹੋ ਗਈ ਹੈ, ਪਰ ਹਾਲੇ ਤਕ ਉਸ ਇਨਕੁਆਇਰੀ ਦਾ ਕੀ ਸਿੱਟਾ ਨਿਕਲਿਆ, ਇਸ ਦਾ ਮੈਨੂੰ ਨਹੀਂ ਪਤਾ। ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਮਹਿਕਮੇਂ ਵਾਲਿਆਂ ਦੀ ਜ਼ਹਨੀਅਤ ਹੈ ਇਸ ਨੂੰ ਬਦਲਣਾ ਚਾਹੀਦਾ ਹੈ। ਹਾਲੇ ਤਕ ਇਹ ਜਿਹੜਾ ਹਰਾਸਮੈਂਟ ਕਰਨ ਵਾਲਾ ਤਰੀਕਾ ਹੈ, ਇਹ ਕਾਇਮ ਹੈ ਅਤੇ ਇਸ ਤਰੀਕੇ ਨਾਲ ਕੁਰੱਪਸ਼ਨ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਮੈਂ ਇਹ ਕਹਾਂਗਾ ਕਿ ਇਸ ਨੂੰ ਕਿਸੇ ਐਸੇ ਢੰਗ ਨਾਲ ਕੁਚਲਣਾ ਚਾਹੀਦਾ ਹੈ, ਜਿਸ ਨਾਲ ਕਿ ਇਹ ਰਵਈਆ ਖਤਮ ਹੋ ਸਕੇ। ਐਨਾ ਕਹਿੰਦਾ ਹੋਇਆ ਮੈਂ ਬੈਠਦਾ ਹਾਂ।

**ਸ੍ਰੀ ਹਿੱਤ ਅਭਿਲਾਸ਼ੀ** (ਆਬਕਾਰੀ ਅਤੇ ਕਰ ਮੰਤਰੀ) : ਡਿਪਟੀ ਸਪੀਕਰ ਸਾਹਿਬ, ਪਹਿਲੇ ਤਾਂ ਮੈਂ ਆਪਣੇ ਦੋਸਤਾਂ ਦਾ ਮਸ਼ਕੂਰ ਹਾਂ ਜਿਨ੍ਹਾਂ ਨੇ ਇਸ ਬਿਲ ਨੂੰ ਲਿਆਉਣ ਤੇ ਮੈਨੂੰ ਵਧਾਈ ਦਿੱਤੀ ਹੈ। ਲੇਕਿਨ ਇਨ੍ਹਾਂ ਨੇ ਇੱਕ ਅਸਰ ਜਿਹੜਾ ਬੋਲਦੇ ਹੋਏ ਸਾਰੇ ਹਾਊਸ ਨੂੰ ਦਿੱਤਾ ਹੈ ਉਹ ਇਹ ਹੈ ਕਿ ਇਹ ਇਸ ਕਿਸਮ ਦਾ ਬਿਲ ਹੈ ਜਿਸ ਨਾਲ ਵਪਾਰੀ ਨਰਾਜ਼ ਹੋ ਜਾਣਗੇ। ਔਰ ਮੈਂ ਇਹ ਬਿਲ ਵਪਾਰੀਆਂ ਨੂੰ ਨਰਾਜ਼ ਕਰਨ ਲਈ ਪੇਸ਼ ਕੀਤਾ ਹੈ। ਪਰ ਅਸਲ ਵਿਚ ਇਹ ਗਲ ਨਹੀਂ। ਮੈਂ ਸਮਝਦਾ ਹਾਂ ਪੰਜਾਬ ਦੇ ਸਾਰੇ ਵਪਾਰੀ ਇਸ ਅਮੈਂਡਮੈਂਟ ਨੂੰ ਵੈਲਕਮ ਕਰਨਗੇ। ਡਿਪਟੀ ਸਪੀਕਰ ਸਾਹਿਬ, ਇਹ ਪਹਿਲੀ ਵਾਰ ਹੈ ਜਿਸ ਵਿਚ ਜਨਤਾ ਅਕਾਲੀ ਸਰਕਾਰ ਨੇ ਹਰ ਤਬਕੇ ਨੂੰ ਰਾਹਤ ਦਿੱਤੀ ਹੈ। ਇਟ ਇਜ਼ ਰੀਅਲ ਪੀਪਲਜ਼ ਗੌਰਮਿੰਟ, ਇਹ ਗੱਲ ਸਿਰਫ ਦਿਹਾਤਾਂ ਤਕ ਹੀ ਮਹਿਦੂਦ ਨਹੀਂ ਸਿਰਫ ਕਿਸਾਨਾਂ ਤਕ ਹੀ ਮਹਿਦੂਦ ਨਹੀਂ, ਸਿਰਫ ਮਜ਼ਦੂਰਾਂ ਤਕ ਹੀ ਮਹਿਦੂਦ ਨਹੀਂ, ਇਸ ਗਲ ਨੂੰ ਵਪਾਰੀ ਵੀ ਮੰਨਦੇ ਹਨ ਕਿ ਅਸੀਂ ਇਸ ਗਲ ਦਾ ਉਪਰਾਲਾ ਕੀਤਾ ਹੈ ਕਿ ਹਰ ਤਬਕੇ ਦੇ ਲੋਕਾਂ ਦੀ ਸਹਾਇਤਾ ਹੋ ਸਕੇ। ਸ੍ਰੀ ਹੁਕਮ ਚੰਦ ਜੀ ਨੂੰ ਇਸ ਗਲ ਦਾ ਦੁੱਖ ਹੈ ਕਿ ਇਕ ਮਹੀਨੇ ਦੀ ਡਿਲੇ ਹੋਵੇਗੀ ਤਾਂ 12% ਇੰਟਰੈਸਟ ਔਰ ਉਸ ਤੋਂ ਬਾਅਦ 18% ਇੰਟਰੈਸਟ ਲਗੇਗਾ। ਇਸ ਕਰਕੇ ਸ਼ਾਇਦ ਵਪਾਰੀ ਇਸ ਨੂੰ ਪਸੰਦ ਨਹੀਂ ਕਰਨਗੇ। ਲੇਕਿਨ, ਡਿਪਟੀ ਸਪੀਕਰ ਸਾਹਿਬ, ਕਿੰਨੇ ਐਸੇ ਲੋਕ ਹਨ ਜਿਹੜੇ ਕਿ ਇਕ ਮਹੀਨੇ ਦੀ ਡਿਲੇ ਕਰਦੇ ਹਨ ਜਾਂ ਇਸ ਤੋਂ ਜ਼ਿਆਦਾ ਡਿਲੇ ਕਰਦੇ ਹਨ; ਆਮ ਵਪਾਰੀ ਜਾਂ ਸਾਧਾਰਣ ਵਪਾਰੀ ਜਿਹੜਾ ਛੋਟਾ ਵਪਾਰੀ ਵੀ ਹੈ ਉਹ ਸੇਲਜ਼ ਟੈਕਸ ਦੇ ਪੈਸੇ ਵਕਤ ਤੇ ਪੇ ਕਰਦਾ ਹੈ। ਮੈਂ ਦੇਖਦਾ ਹਾਂ ਕਿ ਮਹਿਕਮੇ ਦੇ ਵਿਚ ਜੋ ਰਿਕਵਰੀਜ਼ ਆਉਂਦੀਆਂ ਹਨ ਅਤੇ

Original with;
Punjab Vidhan Sabha
Digitized by;
Panjab Digital Library

ਵਸੂਲੀਆਂ ਹੋ ਰਹੀਆਂ ਹਨ ਬਹੁਤ ਘੱਟ ਪੈਸੇ ਏਰੀਅਰ ਦੇ ਰਹਿ ਗਏ ਹਨ। ਬਹੁਤ ਘੱਟ ਹੀ, ਇਸ ਕਸਮ ਦੇ ਆਦਮੀ ਹੁੰਦੇ ਹਨ ਜਿਹੜੇ ਸਰਕਾਰੀ ਪੈਸੇ ਦਾ ਨਜਾਇਜ਼ ਫਾਇਦਾ ਉਠਾਕੇ ਆਪਣੇ ਲਈ ਇਸਤੇਮਾਲ ਕਰਦੇ ਹਨ। ਮੈਂ ਇਹ ਗੱਲ ਮੰਨਦਾ ਹਾਂ ਕਿ ਕੁੱਝ ਐਸੇ ਅਫਸਰ ਮੇਰੇ ਮਹਿਕਮੇ ਦੇ ਵਿਚ ਵੀ ਸਨ ਜੋ ਉਨ੍ਹਾਂ ਲੋਕਾਂ ਦੀ ਮਦਦ ਕਰਦੇ ਸਨ ਤਾਂ ਕਿ ਪੈਸੇ ਡਿਲੇ ਨਾਲ ਜਮਾਂ ਹੋਣ । ਪਰ ਹੁਣ ਉਹ ਇਨਸੈਂਟਿਵ ਖਤਮ ਕਰ ਦਿਤਾ ਹੈ, ਜਿਸ ਦੇ ਨਾਲ ਹੁਣ ਉਹ ਸਰਕਾਰ ਦੇ ਪੈਸੇ ਨੂੰ ਯੂਜ਼ ਨਹੀਂ ਕਰ ਸਕਣਗੇ । ਇਹ ਪੈਸਾ ਜਿਹੜਾ ਖਜ਼ਾਨੇ ਦੇ ਵਿਚ ਜਮ੍ਹਾਂ ਹੋਵੇਗਾ, ਸਰਕਾਰ ਉਸ ਪੈਸੇ ਨੂੰ ਡਿਵੈਲਪਮੈਂਟ ਦੇ ਕੰਮਾਂ ਤੇ ਇਸਤੇਮਾਲ ਕਰੇਗੀ। ਇਸ ਮਈਅਰ ਨੂੰ ਆਰਡੀਨੈਂਸ ਦੇ ਰਾਹੀਂ ਲਿਆਂਦਾ ਗਿਆ ਸੀ , ਇਸ ਨੂੰ ਵਪਾਰੀਆਂ ਨੇ ਸਵਾਗਤ ਕੀਤਾ ਸੀ। ਇਸ ਬਾਰੇ ਕੋਈ ਦੋ ਰਾਵਾਂ ਨਹੀਂ ਹਨ। ਕਿਸੇ ਦੀ ਵਪਾਰੀਆਂ ਦੇ ਖਿਲਾਫ ਕੋਈ ਗਲਤ ਧਾਰਨਾ ਨਹੀਂ ਹੋਣੀ ਚਾਹੀਦੀ । ਮੈਂ ਸਮਝਦਾ ਹਾਂ ਕਿ ਜਿਸ ਵੇਲੇ ਮੁਲਕ ਦੇ ਉਤੇ ਚੀਨ ਅਤੇ ਪਾਕਿਸਤਾਨ ਦਾ ਹਮਲਾ ਹੋਇਆ ਸੀ ਤਾਂ ਉਸ ਸਮੇਂ ਵਪਾਰੀ ਹੀ ਸਨ ਜਿਨ੍ਹਾਂ ਨੇ ਪਹਿਲੇ ਪੈਸੇ ਦੇ ਕੇ ਮੱਦਦ ਸਰਕਾਰ ਦੀ ਕੀਤੀ ਸੀ। ਵਪਾਰੀ ਵਰਗ ਸਰਕਾਰ ਦੀ ਰੀੜ੍ਹ ਦੀ ਹੱਡੀ ਵਾਂਗ ਹੈ । ਸਰਕਾਰ ਇਨ੍ਹਾਂ ਵਪਾਰੀਆਂ ਦੇ ਬਗੈਰ ਚੱਲ ਨਹੀਂ ਸਕਦੀ। ਇਨ੍ਹਾਂ ਚੀਜ਼ਾਂ ਨੂੰ ਦੇਖਦੇ ਹੋਏ ਇਹ ਫੈਸਲਾ ਕੀਤਾ ਗਿਆ ਹੈ ਕਿ 90 ਦਿਨਾਂ ਤੋਂ ਬਾਅਦ ਵਪਾਰੀਆਂ ਦੇ ਪੈਸੇ ਰੀਫੰਡ ਹੋ ਸਕਣ । ਪਰ ਮੈਂਬਰ ਸਾਹਿਬਾਨ ਨੇ ਕਿਹਾ ਹੈ ਕਿ ਜਿਸ ਤਰ੍ਹਾਂ ਸਰਕਾਰ 30 ਦਿਨਾਂ ਤੋਂ ਬਾਅਦ ਵਪਾਰੀਆਂ ਕੋਲੋਂ ਰਿਕਵਰੀਜ਼ ਉਤੇ ਵਿਆਜ ਵਸੂਲ ਕਰੇਗੀ, ਉਸੇ ਤਰ੍ਹਾਂ ਸਰਕਾਰ ਨੂੰ ਵੀ 30 ਦਿਨਾਂ ਤੋਂ ਬਾਅਦ ਅਗਰ ਪੈਸੇ ਵਪਾਰੀ ਨੂੰ ਰੀਫੰਡ ਨਾ ਹੋਣ ਤਾਂ ਵਿਆਜ਼ ਦੇਵੇ । ਇਹ ਚਾਹੁੰਦੇ ਹਨ ਕਿ ਵਪਾਰੀ ਨੂੰ ਵੀ ਮਹੀਨੇ ਦੇ ਬਾਅਦ ਵਿਆਜ ਮਿਲਣਾ ਚਾਹੀਦਾ ਹੈ। ਪਿਛਲੇ 30 ਸਾਲਾਂ ਦੇ ਵਿਚ ਕੀ ਹੁੰਦਾ ਰਿਹਾ ਹੈ ਕਿ ਲੋਕ ਕਈ ਕਈ ਸਾਲ ਸਰਕਾਰ ਨੂੰ ਟੈਕਸ ਜਮ੍ਹਾਂ ਹੀ ਨਹੀਂ ਕਰਵਾਉਂਦੇ ਸੀ ਅਤੇ ਕਈ ਕਈ ਸਾਲ ਸਰਕਾਰ ਵਪਾਰੀਆਂ ਨੂੰ ਰੀਫੰਡ ਪੈਸੇ ਨਹੀਂ ਕਰਦੀ ਸੀ । ਪਰ ਮੈਂ ਕਹਿੰਦਾ ਹਾਂ ਕਿ ਵਪਾਰੀਆਂ ਨੂੰ 30 ਦਿਨਾਂ ਦੇ ਅੰਦਰ ਮੇਰਾ ਮਹਿਕਮਾ ਪੈਸੇ ਰੀਫੰਡ ਕਰੇਗਾ। ਪਰ ਪ੍ਰੋਵੀਜ਼ਨ 90 ਦਿਨ ਦੀ ਕਿਸੇ ਕਾਰਨ ਕਰਕੇ ਰੱਖੀ ਹੋਈ ਹੈ। ਵਿਆਜ 90 ਦਿਨਾਂ ਤੋਂ ਬਾਅਦ ਵਪਾਰੀ ਨੂੰ ਮਿਲੇਗਾ। ਕਲਾਜ਼ 4 ਅਤੇ 5 ਦੇ ਵਿਚ ਦਿਤਾ ਹੋਇਆ ਹੈ—

**Beyond the control of the Assessing Authority.**

ਸ਼ਾਇਦ ਇਨ੍ਹਾਂ ਨੇ ਇਸ ਦੀ ਅਗਲੀ ਕਲਾਜ਼ ਨਹੀਂ ਪੜ੍ਹੀ ਹੋਣੀ ਜਿਸ ਕਰਕੇ ਇਨ੍ਹਾਂ ਨੂੰ ਭੁਲੇਖਾ ਲਗ ਗਿਆ ਹੈ ਕਿ ਫਿਰ ਵਪਾਰੀ ਨੂੰ ਵਿਆਜ ਨਹੀਂ ਮਿਲੇਗਾ। ਅਗਲੀ ਕਲਾਜ਼ ਪੜ੍ਹਨ ਨਾਲ ਗੱਲ ਕਲੀਅਰ ਹੋ ਜਾਣੀ ਸੀ। ਕਈ ਵਾਰ ਅਦਾਲਤਾਂ ਸਟੇ ਆਰਡਰ ਦੇ ਦਿੰਦੀਆਂ ਹਨ। ਕੋਈ ਐਸੀ ਚੀਜ਼ ਹੋ ਜਾਂਦੀ ਹੈ ਕਿ ਮਹਿਕਮੇ ਵਾਲੇ ਪੈਸੇ ਰਿਫੰਡ ਨਹੀਂ ਕਰ ਸਕਦੇ ਜਾਂ ਫਿਰ ਕੋਈ ਕਾਨੂੰਨੀ ਅੜੱਚਣ ਹੋ ਜਾਂਦੀ ਹੈ, ਉਸ ਹਾਲਾਤ ਦੇ ਵਿਚ ਇਸ ਪ੍ਰੋਵੀਜ਼ਨ ਨੂੰ ਇਸਤੇਮਾਲ ਕੀਤਾ ਜਾਵੇਗਾ। ਇਸ ਕਲਾਜ਼ ਦੀ ਨਜਾਇਜ਼ ਵਰਤੋਂ ਨਹੀਂ ਕੀਤੀ ਜਾਵੇਗੀ । ਨਾ ਹੀ ਮਿਸਯੂਜ਼ ਕੀਤਾ ਜਾਵੇਗਾ । ਅਗਲੀ ਕਲਾਜ਼ ਦੇ ਵਿਚ ਪ੍ਰੋਵੀਜ਼ਨ ਕਰ ਦਿੱਤੀ ਹੈ ਕਿ ਜੇਕਰ ਕੋਈ ਝਗੜਾ ਹੋ ਜਾਵੇ ਫਿਰ ਅਸੈਸਿੰਗ ਅਥਾਰਿਟੀ ਤੋਂ ਬਾਅਦ ਕਮਿਸ਼ਨਰ ਦੇ ਕੋਲ ਅਪੀਲ ਹੋ ਸਕਦੀ ਹੈ। ਉਸ ਦਾ ਫੈਸਲਾ ਕਮਿਸ਼ਨਰ ਕਰੇਗਾ। ਡਿਪਟੀ ਸਪੀਕਰ ਸਾਹਿਬ, ਮੈਂ ਆਪਣੇ ਦੋਸਤਾਂ ਦਾ ਬੜਾ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਮੇਰੇ ਮਹਿਕਮੇ ਵੱਲ ਮੇਰਾ ਧਿਆਨ ਦਿਵਾਇਆ ਹੈ। ਭਾਰਦਵਾਜ ਸਾਹਿਬ ਨੇ ਮੇਰੇ ਨੋਟਿਸ ਦੇ ਵਿਚ ਇਕ ਕੇਸ ਲਿਆਂਦਾ ਸੀ ਔਰ ਉਸ ਤੇ ਫੌਰਨ ਕਾਰਵਾਈ ਕੀਤੀ ਗਈ ਸੀ, ਇਸ ਦੇ ਗਵਾਹ ਉਹ ਖੁੱਦ ਹਨ। ਇਸੇ ਤਰ੍ਹਾਂ ਮੈਂ ਆਪਣੇ ਮੈਂਬਰਾਂ ਨੂੰ ਕਹਾਂਗਾ ਕਿ ਤੁਸੀਂ ਕੋਈ ਵੀ ਕੇਸ ਮੇਰੇ ਨੋਟਿਸ ਦੇ ਵਿਚ ਲਿਆਓ ਤਾਂ ਕਿ ਮੈਂ ਉਸ ਨੂੰ ਠੀਕ ਕਰਵਾ ਸਕਾਂ । ਭਾਰਦਵਾਜ

Original with;
Punjab Vidhan Sabha
Digitized by;
Panjab Digital Library

[ਆਬਕਾਰੀ ਅਤੇ ਕਰ ਮੰਤਰੀ]

ਸਾਹਿਬ ਨੇ ਕਿਹਾ ਹੈ ਕਿ ਹਾਲੇ ਵੀ ਅਫਸਰ ਵਪਾਰੀਆਂ ਨੂੰ ਹਰਾਸ ਕਰਦੇ ਹਨ। ਮੇਰੇ ਨੋਟਿਸ ਦੇ ਵਿਚ ਕੇਸ ਲਿਆਉਣ, ਉਸ ਤੇ ਕਾਰਵਾਈ ਕੀਤੀ ਜਾਵੇਗੀ। ਸਰਕਾਰ ਦੀ ਇਹ ਮਨਸ਼ਾ ਹੈ ਕਿ ਜਿਥੇ ਸਰਕਾਰ ਦੇ ਰੈਵੇਨਿਊ ਵਿਚ ਵਾਧਾ ਹੋਵੇ ਉਥੇ ਵਪਾਰੀਆਂ ਨੂੰ ਕਿਸੇ ਕਿਸਮ ਦੀ ਕੋਈ ਤਕਲੀਫ ਨਾ ਹੋਵੇ ਅਤੇ ਕੋਈ ਦਿੱਕਤ ਨਾ ਹੋਵੇ। ਇਕ ਗੱਲ ਮੈਂ ਹੋਰ ਦੱਸ ਦੇਵਾਂ, ਕਿ ਜਿਸਦਾ ਮੈਂਬਰ ਸਾਹਿਬਾਨ ਨੇ ਜ਼ਿਕਰ ਨਹੀਂ ਕੀਤਾ, ਹੁਣ ਛੋਟਾ ਵਪਾਰੀ 25 ਰੁਪਏ ਤੋਂ ਉਪਰ ਦੀ ਕੈਸ਼ ਮੀਮੋ ਕੱਟੇਗਾ। ਨਾਕਿ ਹੁਣ 10 ਰੁਪਏ ਤੋਂ ਉਪਰ ਦੀ ਕੈਸ਼ ਮੀਮੋ ਕੱਟੇਗਾ। ਇਹ ਇਸ ਲਈ ਕੀਤਾ ਗਿਆ ਹੈ ਕਿਉਂਕਿ ਛੋਟਾ ਵਪਾਰੀ ਹਿਸਾਬ ਕਿਤਾਬ ਨਹੀਂ ਰੱਖ ਸਕਦਾ। ਉਹ ਸਿਰਫ 25 ਰੁਪਏ ਤੋਂ ਉਪਰ ਹੀ ਰਸੀਦ ਕੱਟੇਗਾ। ਬਾਕੀ ਜਿਹੜੇ ਛੋਟੇ ਦੁਕਾਨਦਾਰ ਹਨ, ਬੇਕਰੀ ਦੀ 5 ਹਾਰਸ ਪਾਵਰ ਦੇ ਨਾਲ ਚੀਜ਼ ਬਣਦੀ ਹੈ ਉਸ ਨੂੰ ਟੈਕਸ ਤੋਂ ਛੋਟ ਦਿੱਤੀ ਗਈ ਹੈ। ਇਸ ਦੇ ਨਾਲ ਹੀ 2% ਟੈਕਸ ਸਾਈਕਲ ਤੇ ਲਗਦਾ ਸੀ ਹੁਣ ਉਹ ਸਾਈਕਲ ਰਿਕਸ਼ਾ ਤੇ ਵੀ ਲਗੇਗਾ। ਪਹਿਲੇ ਕੋਈ ਇਨਸਪੈਕਟਰ ਪਤਨੀ ਨਾਲ ਸੈਰ ਬਾਜ਼ਾਰ ਵਿਚ ਕਰਦਾ ਹੋਇਆ ਦੁਕਾਨ ਦੀ ਚੈਕਿੰਗ ਅਤੇ ਛਾਪਾ ਮਾਰ ਸਕਦਾ ਸੀ। ਪਰ ਹੁਣ ਇਸ ਤਰ੍ਹਾਂ ਨਹੀਂ ਕਰ ਸਕਦਾ। ਇਹ ਪਾਵਰ ਅਸੈਸਿੰਗ ਅਥਾਰਿਟੀ ਨੂੰ ਦਿੱਤੀ ਗਈ ਹੈ ਜੇਕਰ ਕਿਸੇ ਨੇ ਚੈਕਿੰਗ ਕਰਨੀ ਹੋਵੇਗੀ ਪਹਿਲੇ ਲਿਖ ਕੇ ਦੇਵੇਗਾ ਅਤੇ ਵਜ੍ਹਾ ਦਸੇਗਾ ਕਿ ਇਸ ਕਰਕੇ ਚੈਕਿੰਗ ਕਰਨੀ ਜ਼ਰੂਰੀ ਹੈ ਔਰ ਬਗੈਰ ਇਜਾਜ਼ਤ ਦੇ ਚੈਕਿੰਗ ਨਹੀਂ ਕਰ ਸਕੇਗਾ। ਇਜ਼ਾਜ਼ਤ ਦੇ ਨਾਲ ਰੇਡ ਕਰ ਸਕਦਾ ਹੈ। ਇਸ ਤਰ੍ਹਾਂ ਬੇਸ਼ੁਮਾਰ ਸਹੂਲਤਾਂ ਵਪਾਰੀਆਂ ਨੂੰ ਦਿੱਤੀਆ ਗਈਆਂ ਹਨ। ਪਹਿਲੇ ਵਪਾਰੀਆਂ ਨੂੰ ਕਈ ਕਈ ਸਾਲ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ। ਪਿਛਲੀ ਸਰਕਾਰ ਦੇ ਟਾਈਮ ਵਿਚ ਨਵੇਂ ਕੇਸਿਜ਼ ਨੂੰ ਨਿਪਟਾ ਦਿਤਾ ਜਾਂਦਾ ਸੀ ਪਰ ਜਿਹੜੇ ਪੁਰਾਣੇ ਕੇਸ਼ਿਜ਼ ਹੁੰਦੇ ਸਨ ਉਹ ਪਏ ਰਹਿੰਦੇ ਸਨ ਪਰ ਸਾਡੀ ਸਰਕਾਰ ਨੇ ਆਉਂਦੇ ਹੀ ਪੁਰਾਣੇ ਕੇਸਿਜ਼ ਨੂੰ ਪਹਿਲਾਂ ਨਿਪਟਾਇਆ ਹੈ। ਪੁਰਾਣੇ ਕੇਸ਼ਿਜ਼ ਦੀ ਗਿਣਤੀ 4435 ਸੀ, ਇਨ੍ਹਾਂ ਕੇਸਿਜ਼ ਦੀਆਂ ਪਿਛਲੀ 5 ਸਾਲਾਂ ਤੋਂ ਫਾਈਲਾਂ ਪਈਆਂ ਸਨ ਜਿਨ੍ਹਾਂ ਤੇ ਕੋਈ ਫੈਸਲਾ ਨਹੀਂ ਕੀਤਾ ਹੋਇਆ ਸੀ। ਇਸ ਗੱਲ ਨੂੰ ਧਿਆਨ ਵਿਚ ਰੱਖਦੇ ਹੋਏ ਅਸੀਂ ਪੁਰਾਣੇ ਕੇਸਿਜ਼ ਨੂੰ ਨਿਪਟਾ ਦਿਤਾ ਹੈ, ਜਿਸ ਦੇ ਵਿਚੋਂ ਹੁਣ ਕੇਵਲ ਪਹਿਲੀ ਅਪ੍ਰੈਲ, 1978 ਤਕ 203 ਕੇਸਿਜ਼ ਬਾਕੀ ਰਹਿ ਗਏ ਹਨ। ਬਾਕੀ ਕੇਸਿਜ਼ ਤੇ ਬਹੁਤ ਜਲਦੀ ਵਿਚਾਰ ਕਰ ਰਹੇ ਹਾਂ। ਇਸ ਵੇਲੇ ਇਕ ਲੱਖ ਰੁਪਏ ਦੀ ਟਰਨ ਓਵਰ ਵਾਲੇ ਰਿਜਿਸਟਰਡ ਲਈ ਲਾਈਸੈਂਸ ਲੈਣਾ ਪੈਂਦਾ ਹੈ। ਮੈਂ ਚਾਹੁੰਦਾ ਹਾਂ ਕਿ ਇਹ ਰਕਮ ਹੋਰ ਵਧਾ ਦਿੱਤੀ ਜਾਵੇ ਤਾਕਿ ਜਿਹੜਾ ਛੋਟਾ ਦੁਕਾਨਦਾਰ ਹੈ ਉਸ ਦੀ ਸਹਾਇਤਾ ਹੋ ਸਕੇ। ਇਸ ਗੱਲ ਨੂੰ ਮੱਦੇ-ਨਜ਼ਰ ਰੱਖਦੇ ਹੋਏ ਇਹ ਬਿਲ ਆਰਡੀਨੈਂਸ ਦੀ ਸ਼ਕਲ ਵਿਚ ਪੇਸ਼ ਹੋਇਆ ਹੈ। ਮੈਂ ਹਾਊਸ ਦੇ ਮੈਂਬਰਾਂ ਨੂੰ ਬੇਨਤੀ ਕਰਾਂਗਾ ਕਿ ਇਸ ਬਿਲ ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਜਾਵੇ।।

**Mr. Deputy Speaker : Question is—**

That the Punjab General Sales Tax (Second Amendment) Bill be taken into consideration at once.

*The motion was carried*

**Mr. Deputy Speaker :** Now the House will proceed to consider the Bill Clause by Clause.

**Sub-Clause (2) of Clause 1**

**Mr. Deputy Speaker :** Question is—

That Sub-clause (2) of Clause 1 stand part of the Bill.

*The motion was carried.*

Original with;
Punjab Vidhan Sabha
Digitized by;
Panjab Digital Library

## Clause 2

**Mr. Deputy Speaker :** There is a notice of amendment from Shri Om Parkash Gupta to this Clause. Shri Om Parkash Gupta.

(Since Shri Om Parkash Gupta was not present in the House, the amendment was not moved.)

**Mr. Deputy Speaker :** Question is—

That clause 2 stand part of the Bill.

*The motion was carried.*

## Clause 3

**Mr. Deputy Speaker :** Question is—

That Clause 3 stand part of the Bill.

*The motion was carried.*

## Clause 4

**Mr. Deputy Speaker :** Question is—

That Clause 4 stand part of the Bill.

*The motion was carried.*

## Clause 5

**Mr. Deputy Speaker :** Question is—

That Clause 5 stand part of the Bill.

*The motion was carried*

## Clause 6

**Mr. Deputy Speaker :** There is a notice of amendment from Shri Om Parkash Gupta to this Clause.

(Since Shri Om Parkash Gupta was not present in the House, the amend ment was not moved).

**Mr. Deputy Speaker :** Question is—

That Clause 6 stand part of the Bill.

*The motion was carried.*

## Clause 7

**Mr. Deputy Speaker :** Question is—

That Clause 7 stand part of the Bill.

*The motion was carried.*

Original with;
Punjab Vidhan Sabha
Digitized by;
Panjab Digital Library

## Clause 8

**Mr. Deputy Speaker : Question is—**

That Clause 8 stand part of the Bill.

*The motion was carried.*

## Sub-clause (1) of Clause 1

**Mr. Deputy Speaker :** Question is—

That Sub-Clause (1) of Clause 1 stand part of the Bill.

*The motion was carried.*

## Title

**Mr. Deputy Speaker :** Question is—

That Title be the Title of the Bill.

*The motion was carried.*

**Excise and Taxation Minister (Shri Hit Abhilashi) :** Sir, I beg to move—

That the Punjab General Sales Tax (Second Amendment) Bill be passed.

**Mr. Deputy Speaker :** Motion moved—

That the Punjab General Sales Tax (Second Amendment) Bill be passed.

**Mr. Deputy Speaker :** Question is—

That the Punjab General Sales Tax (Second Amendment) Bill be passed.

*The motion was carried.*

---

## THE PUNJAB EX-SERVICEMEN CORPORATION BILL, 1978.

**Chief Minister (Sardar Parkash Singh Badal):** Sir, I beg to introduce the Punjab Ex-Servicemen Corporation Bill.

Sir, I also beg to move—

That the Punjab Ex-Servicemen Corporation Bill be taken into consideration at once.

**Mr. Deputy Speaker :** Motion moved—

That the Punjab Ex-Servicemen Corporation Bill be taken into consideration at once.

**ਸਰਦਾਰ ਸ਼ਸ਼ਪਾਲ ਸਿੰਘ** (ਅਜਨਾਲਾ) : ਡਿਪਟੀ ਸਪੀਕਰ ਸਾਹਿਬ, ਜੇਕਰ ਆਗਿਆ ਹੋਵੇ ਤਾਂ ਸਾਰੀਆਂ ਕਲਾਜ਼ਿਜ਼ ਇਕੱਠੀਆਂ ਹੀ ਪੜ੍ਹ ਦੇਵਾਂ ?

**ਸ੍ਰੀ ਡਿਪਟੀ ਸਪੀਕਰ :** ਸਰਦਾਰ ਸ਼ਸ਼ਪਾਲ ਸਿੰਘ ਜੀ, ਇਹ [illegible] ਆਉਣੀਆਂ ਹਨ । ਕੀ ਤੁਸੀਂ ਬਿਲ ਉਪਰ ਨਹੀਂ ਬੋਲਣਾ ਚਾਹੁੰਦੇ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਸ਼ਸ਼ਪਾਲ ਸਿੰਘ**: ਡਿਪਟੀ ਸਪੀਕਰ ਸਾਹਿਬ, ਮੈਂ ਥੋੜ੍ਹਾ ਜਿਹਾ ਬੋਲਣਾ ਹੈ ਔਰ ਜਲਦੀ ਹੀ ਖਤਮ ਕਰ ਦਿਆਂਗਾ।

**ਸ੍ਰੀ ਡਿਪਟੀ ਸਪੀਕਰ**: ਤੁਸੀਂ ਕਲਾਜ਼-ਵਾਈਜ਼ ਡਿਸਕਸ ਕਰੋਗੇ ਔਰ ਫਿਰ ਮੂਵ ਕਰੋਗੇ । ਫਿਰ ਜਨਰਲ ਡਿਸਕਸ਼ਨ ਹੋਵੇਗੀ। ਕੀ ਤੁਸੀਂ ਹੁਣ ਬੋਲਣਾ ਚਾਹੁੰਦੇ ਹੋ ?

**ਸਰਦਾਰ ਸ਼ਸ਼ਪਾਲ ਸਿੰਘ**: ਹਾਂ ਜੀ ।

**ਸ੍ਰੀ ਡਿਪਟੀ ਸਪੀਕਰ**: ਫਿਰ ਤੁਸੀਂ ਬੋਲ ਲਵੋ।

**ਸਰਦਾਰ ਸ਼ਸ਼ਪਾਲ ਸਿੰਘ** : ਡਿਪਟੀ ਸਪੀਕਰ ਸਾਹਿਬ, ਜਿਹੜੀ ਮੈਂ ਅਮੈਂਡਮੈਂਟ ਤੁਹਾਡੇ ਸਾਹਮਣੇ ਪੇਸ਼ ਕਰਨੀ ਚਾਹੁੰਦਾ ਹਾਂ ਉਸ ਦਾ ਮਕਸਦ ਕੀ ਹੈ, ਉਹ ਮੈਂ ਇਥੇ ਅਰਜ਼ ਕਰਨੀ ਚਾਹੁੰਦਾ ਹਾਂ । ਜਿਹੜਾ ਉਰਿਜਨਲ ਬਿਲ ਸੀ, ਐਕਟ ਸੀ, ਔਰ ਉਸ ਵਿਚ ਜਿਹੜੀ ਅਮੈਂਡਮੈਂਟ ਸੀ, ਉਹ ਰੱਖੀ ਗਈ ਸੀ ਕਿ ਸਾਰੀਆਂ ਕਾਰਪੋਰੇਸ਼ਨਾਂ ਇਸ ਨੂੰ ਦੇਖਿਆ ਕਰਨਗੀਆਂ । ਡਿਪਟੀ ਸਪੀਕਰ ਸਾਹਿਬ, ਕਾਰਪੋਰੇਸ਼ਨਾਂ ਕੋਲ ਕੰਮ ਬਹੁਤ ਹੈ ਅਤੇ ਉਨ੍ਹਾਂ ਦੀ ਜ਼ਿੰਮੇਵਾਰੀ ਵੀ ਕਾਫੀ ਹੁੰਦੀ ਹੈ। ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਨੂੰ ਬੇਟਰ ਐਡਮਨਿਸਟ੍ਰੇਸ਼ਨ ਦੇਣ ਵਾਸਤੇ ਔਰ ਠੀਕ ਕੰਮ ਚਲਾਉਣ ਵਾਸਤੇ ਇਹ ਅਮੈਂਡਮੈਂਟ ਲਿਆਂਦੀ ਹੈ। ਕਾਰਪੋਰੇਸ਼ਨ ਦਾ ਮੈਨੇਜਿੰਗ ਡਾਇਰੈਕਟਰ ਬਣਾਇਆ ਜਾਵੇ ਤਾਂਕਿ ਕਾਰਪੋਰੇਸ਼ਨ ਚੰਗੇ ਤਰੀਕੇ ਦੇ ਨਾਲ ਕੰਮ ਕਰ ਸਕੇ ।

ਡਿਪਟੀ ਸਪੀਕਰ ਸਾਹਿਬ, ਦੂਸਰੀ ਬੇਨਤੀ ਇਹ ਹੈ ਕਿ ਜਿਹੜੀ ਐਕਸ-ਸਰਵਿਸ ਮੈਨ ਕਾਰਪੋਰੇਸ਼ਨ ਬਣਾਉਣੀ ਹੈ ਇਹ ਪਹਿਲੀ ਦਫਾ ਪਾਰਟੀਸ਼ਨ ਤੋਂ ਬਾਅਦ ਹੋਇਆ ਹੈ। ਇਸ ਦਾ ਸਾਰਾ ਕਰੈਡਿਟ ਪ੍ਰਕਾਸ਼ ਸਿੰਘ ਬਾਦਲ ਅਤੇ ਉਸ ਦੀ ਸਰਕਾਰ ਨੂੰ ਮੈਂ ਦਿੰਦਾ ਹਾਂ। ਹੁਣ ਡਿਪਟੀ ਸਪੀਕਰ ਸਾਹਿਬ, ਐਕਸ-ਸਰਵਿਸਮੈਨ ਨੂੰ ਦੂਸਰੇ ਮੁਲਕਾਂ ਦੀ ਤਰ੍ਹਾਂ ਸਹੂਲਤਾਂ ਮਿਲਣਗੀਆਂ। ਡਿਪਟੀ ਸਪੀਕਰ ਸਾਹਿਬ, ਜਦੋਂ ਵੀ ਦੇਸ਼ ਉਤੇ ਬਿਪਤਾ ਆਉਂਦੀ ਹੈ ਤਾਂ ਉਹ ਆਪਣੀ ਜਾਨ ਦੀ ਪਰਵਾਹ ਨਹੀਂ ਕਰਦੇ ਔਰ ਇਸ ਲਈ ਸਾਡੀ ਸਰਕਾਰ ਨੇ ਅਪਣਾ ਫਰਜ਼ ਸਮਝਦੇ ਹੋਏ ਉਨ੍ਹਾਂ ਦੀ ਇਕਨਾਮਿਕ ਹਾਲਤ ਬਿਹਤਰ ਬਣਾਉਣ ਵਾਸਤੇ ਇਹ ਐਕਸ-ਸਰਵਿਸਮੈਨ ਕਾਰਪੋਰੇਸ਼ਨ ਬਣਾਈ ਜਾ ਰਹੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹਇਆ ਇਤਨਾ ਹੀ ਅਰਜ਼ ਕਰਾਂਗਾ ਕਿ ਪੰਜਾਬੀ ਹਿੰਦੁਸਤਾਨ ਦਾ ਸਵੋਰਡ ਆਰਮ ਹੈ । (ਵਿਘਨ) ਪੰਜਾਬ ਦੇ ਫੌਜੀ ਬਹਾਦਰ ਹਨ। ਡਿਪਟੀ ਸਪੀਕਰ ਸਾਹਿਬ, ਜਿਹੜੇ ਵੀ ਬਾਹਰਲੇ ਦੇਸ਼ ਹਨ ਔਰ ਹਮਲਾ ਕਰਨ ਦੀ ਤਿਆਰੀ ਵਿਚ ਹੁੰਦੇ ਸਨ ਪਿਸ਼ਾਵਰ ਤੋਂ ਸਾਰੇ ਰਸਤੇ ਬੰਦ ਕਰ ਦਿਤੇ ਗਏ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਦਸਦਾ ਹਾਂ ਕਿ ਇਸ ਤੋਂ ਬਾਅਦ ਪੰਜਾਬ ਤੋਂ ਲੰਘ ਕੇ ਹਿੰਦੁਸਤਾਨ ਤੇ ਕੋਈ ਹਮਲਾ ਨਹੀਂ ਹੋਇਆ। ਡਿਪਟੀ ਸਪੀਕਰ ਸਾਹਿਬ, ਬਰਮਿੰਗਮ ਅਤੇ ਸਈਅਦ ਮੁਹੰਮਦ ਨੇ ਵੀ ਇਸ ਗੱਲ ਨੂੰ ਮੰਨਿਆ ਹੈ (ਤਾੜੀਆਂ) । ਪੰਜਾਬ ਦੇ ਫੌਜੀ ਬਹਾਦਰਾਂ ਦਾ ਵੀ ਜ਼ਿਕਰ ਕੀਤਾ ਹੈ । ਇਹ ਗੱਲ ਅੰਗਰੇਜ਼ਾਂ ਦੇ ਵਕਤ ਤੋਂ ਪਹਿਲਾਂ ਦੀ ਸੀ। ਅੰਗਰੇਜ਼ਾਂ ਨੇ ਵੀ ਜੋ ਲੜਾਈ ਲੜੀ ਹੈ ਤਾਂ ਪੰਜਾਬ ਦੇ ਬਹਾਦਰ ਸਿਪਾਹੀਆਂ ਦੀ ਤਾਰੀਫ ਕੀਤੀ ਹੈ । ਮੈਂ, ਡਿਪਟੀ ਸਪੀਕਰ ਸਾਹਿਬ, ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਬੇਨਤੀ ਕਰਦਾ ਹਾਂ ਕਿ ਇਹ ਬਿਲ ਐਕਸ-ਸਰਵਿਸਮੈਨ ਦੀ ਸਹਾਇਤਾ ਕਰਨ ਲਈ ਲਿਆਂਦਾ ਹੈ। ਉਨ੍ਹਾਂ ਨੂੰ ਹਰ ਕਿਸਮ ਦੇ ਖੇਤਰ ਵਿਚ ਮੌਕਾ ਦੇਣਾ ਹੈ । ਉਨ੍ਹਾਂ ਦੀ ਹਰ ਤਰ੍ਹਾਂ ਨਾਲ ਮਦਦ ਕੀਤੀ ਜਾਵੇਗੀ । ਮੈਂ ਆਸ ਕਰਦਾ ਹਾਂ ਕਿ ਇਸ ਬਿਲ ਨੂੰ ਹਾਊਸ ਯੂਨਾਨੀਮਸਲੀ ਪਾਸ ਕਰੇਗਾ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਰਾਮ ਕਿਸ਼ਨ ਕਟਾਰੀਆ** (ਬਲਾਚੌਰ) : ਡਿਪਟੀ ਸਪੀਕਰ ਸਾਹਿਬ, ਐਕਸ-ਸਰਵਿਸਮੈਨ ਕਾਰਪੋਰਸ਼ਨ ਬਾਰੇ ਜੋ ਬਿਲ ਲਿਆਂਦਾ ਗਿਆ ਹੈ, ਉਸ ਲਈ ਮੈਂ ਸਰਕਾਰ ਨੂੰ ਅਤੇ ਖਾਸ ਕਰਕੇ ਮੁੱਖ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ। ਇੱਕ ਫੌਜੀ ਦੀ ਸਹਾਇਤਾ ਕਰਨ ਦਾ ਸਾਡਾ ਫਰਜ਼ ਬਣਦਾ ਹੈ। ਫੌਜੀ ਦੇਸ਼ ਦੀ ਖਾਤਰ ਆਪਣੀ ਜਾਨ ਤੇ ਖੇਡਦੇ ਹਨ। ਫੌਜੀਆਂ ਦੀ ਜ਼ਿੰਦਗੀ ਅਤੇ ਸਾਡੀ ਜ਼ਿੰਦਗੀ ਵਿਚ ਬਹੁਤ ਫਰਕ ਹੈ। ਮੈਨੂੰ ਵੀ ਪੰਦਰਾਂ ਸਾਲ ਸੇਵਾ ਕਰਨ ਦਾ ਮੌਕਾ ਮਿਲਿਆ ਹੈ। ਮੈਂ ਤੁਹਾਨੂੰ ਦਸਣਾ ਚਾਹੁੰਦਾ ਹਾਂ ਕਿ ਇੱਕ ਫੌਜੀ ਕਿਤਨੇ ਡਿਸਿਪਲਨ ਨੂੰ ਪਸੰਦ ਕਰਦਾ ਹੈ ਆਪਣੀ ਜ਼ਿੰਦਗੀ ਵਿਚ। ਸਰਵਿਸ ਦੇ ਦੌਰਾਨ ਔਰ ਸਰਵਿਸ ਤੋਂ ਬਾਅਦ ਅੱਗੇ ਵੀ ਉਸ ਦਾ ਆਪਣਾ ਐਟੀਚਿਊਡ ਹੈ ਜੋ ਉਹ ਸੈਕੂਲਰ ਹੁੰਦਾ ਹੈ ਔਰ ਆਪਣੀ ਡਿਊਟੀ ਦੇ ਪ੍ਰਤੀ ਹਮੇਸ਼ਾ ਹੀ ਵਫਾਦਾਰ ਰਹਿਣਾ ਚਾਹੁੰਦਾ ਹੈ। ਉਹ ਡਸਿਪਲਨ ਵਿਚ ਰਹਿ ਕੇ ਖੁਸ਼ ਰਹਿਣਾ ਚਾਹੁੰਦਾ ਹੈ। ਜਿਥੇ ਤਕ ਪੰਜਾਬੀ ਸੌਲਜਰ ਦਾ ਸਬੰਧ ਹੈ, ਪੰਜਾਬੀ ਜਿਥੇ ਖੇਤੀ ਬਾੜੀ ਵਿਚ ਬਹਾਦਰ ਹੈ ਉਥੇ ਇਸ ਫੀਲਡ ਵਿਚ ਵੀ ਪੰਜਾਬੀ ਫੌਜੀ ਦਾ ਨਾਂ ਆਪਣੇ ਦੇਸ਼ ਔਰ ਪ੍ਰਦੇਸ਼ ਵਿਚ ਮਸ਼ਹੂਰ ਹੈ ਔਰ ਸਾਡੀ ਸਰਕਾਰ ਨੇ ਇਸ ਤਰ੍ਹਾਂ ਫੌਜੀਆਂ ਦਾ ਮਾਨ ਕਰਕੇ ਇੱਕ ਬਹੁਤ ਸ਼ਲਾਘਾਯੋਗ ਗਲ ਕੀਤੀ ਹੈ ਕਿਉਂਕਿ ਇਹ ਸਾਡੀ ਆਪਣੀ ਅਕਾਲੀ-ਜਨਤਾ ਸਰਕਾਰ ਹੈ ਜਿਸਨੇ ਇਹ ਮਾਨ ਫੌਜੀਆਂ ਨੂੰ ਬਖਸ਼ਿਆ ਹੈ। ਇਸ ਤੋਂ ਇਲਾਵਾ ਮੈਂ ਇਨ੍ਹਾਂ ਦੀਆਂ ਦਿੱਕਤਾਂ ਜਦੋਂ ਫੌਜੀ ਉਥੋਂ ਆਕੇ ਮਹਿਸੂਸ ਕਰਦੇ ਹਨ ਉਨ੍ਹਾਂ ਬਾਰੇ ਤੁਹਾਡੇ ਨੋਟਿਸ ਵਿਚ ਕੁਝ ਚੀਜ਼ਾਂ ਲਿਆਉਣਾਂ ਚਾਹੁੰਦਾ ਹਾਂ। ਫੌਜੀਆਂ ਦੀ ਰਿਜ਼ਰਵੇਸ਼ਨ ਬਾਰੇ ਠੀਕ ਹੈ ਪੰਜਾਬ ਨੇ ਇਨ੍ਹਾਂ ਫੌਜੀਆਂ ਲਈ 20% ਰਿਜ਼ਰਵੇਸ਼ਨ ਰਖੀ ਹੈ। ਇਹ ਬਹੁਤ ਅੱਛੀ ਗਲ ਹੈ। ਔਰ ਬਾਹਰਲੇ ਸੂਬਿਆਂ ਵਿਚ ਜਾਕੇ ਮੈਂ ਦੇਖਿਆ ਹੈ ਕਿ ਕੋਈ ਐਸੀ ਸਟੇਟ ਹੋਵੇਗੀ ਜਿਸ ਵਿਚ ਫੌਜੀਆਂ ਵਾਸਤੇ ਰਿਜ਼ਰਵੇਸ਼ਨ ਰਖੀ ਹੋਏਗੀ। ਪੰਜਾਬ ਨੂੰ ਇਸ ਗਲ ਦਾ ਮਾਨ ਹੈ ਲੇਕਿਨ ਫਿਰ ਵੀ ਮੈਂ ਆਪਣੇ ਤਜਰਬੇ ਤੋਂ ਦੇਖਿਆ ਹੈ ਕਿ ਫੌਜ ਤੋਂ ਰਲੀਜ਼ ਹੋ ਕੇ ਵਾਪਸ ਆਉਣ ਤੇ ਜਿਸ ਵੇਲੇ ਉਸ ਨੇ ਇਕ ਸਿਵੇਲੀਅਨ ਦੀ ਜ਼ਿੰਦਗੀ ਬਸਾਰਨੀ ਹੈ ਉਸਨੇ ਰੀ-ਸੈਟਲ ਹੋਣਾ ਹੁੰਦਾ ਹੈ ਤਾਂ ਉਸ ਨੂੰ ਕਾਫੀ ਦਿੱਕਤਾਂ ਪੇਸ਼ ਆਉਂਦੀਆਂ ਹਨ। ਲੜਾਈ ਵਿਚ ਉਹ ਦੇਸ਼ ਦੇ ਬਾਰਡਰ ਉਤੇ ਜਾਂਦਾ ਹੈ। ਆਪਣੇ ਪ੍ਰੀਵਾਰ ਤੋਂ ਇਲਹਿਦਾ ਰਹਿੰਦਾ ਹੈ ਔਰ ਤਕਰੀਬਨ ਆਪਣੀ ਸਾਰੀ ਸਰਵਿਸ ਦੇ ਦੌਰਾਨ ਬੱਚੇ ਉਸ ਤੋਂ ਇਲਹਿਦਾ ਪੜ੍ਹਦੇ ਹਨ ਔਰ ਉਹ ਆਪਣੀ ਫੈਮਿਲੀ ਤੋਂ ਇਲਹਿਦਾ ਰਹਿੰਦਾ ਹੈ। ਜਦੋਂ ਉਹ ਸਰਵਿਸ ਤੋਂ ਰਲੀਜ਼ ਹੋ ਕੇ ਆਉਂਦਾ ਹੈ ਤਾਂ ਉਸ ਵੇਲੇ ਉਹ ਪਬਲਿਕ ਤੇ ਨਿਰਭਰ ਕਰਦਾ ਹੈ। ਜੇ ਤਾਂ ਕਿਸੇ ਕੋਲ ਜ਼ਮੀਨ ਹੈ ਤਾਂ ਤੇ ਉਹ ਸੌਖਾ ਰਹਿੰਦਾ ਹੈ ਨਹੀਂ ਤਾਂ ਉਸ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮੈਂ ਦੇਖਿਆ ਹੈ ਕਿ ਫੌਜੀ ਜੋ ਕਿ ਹਵਾਲਦਾਰ ਜਾਂ ਨਾਇਕ ਦੇ ਰੈਂਕ ਦੇ ਹੁੰਦੇ ਹਨ ਉਹ ਆਰਮੀ ਤੋਂ ਆਕੇ ਇਥੇ ਪੋਸਟਮੈਨ ਦਾ ਕੰਮ ਕਰਦੇ ਹਨ। ਜਾਂ ਹੋਰ ਵੀ ਬਹੁਤ ਘਟੀਆ ਕੰਮ ਕਰਦੇ ਹਨ। ਇਸ ਲਈ ਰਿਜ਼ਰਵੇਸ਼ਨ ਤਾਂ ਜ਼ਰੂਰ ਰਖੀ ਹੋਈ ਹੈ। ਪਰ ਇਸ ਰਿਜ਼ਰਵੇਸ਼ਨ ਦੀ ਰਾਖੀ ਕਰਨੀ ਬਹੁਤ ਜ਼ਰੂਰੀ ਹੈ। ਇਸ ਵਾਸਤੇ ਇੱਕ ਏਜੰਸੀ ਕਾਇਮ ਕਰਨੀ ਚਾਹੀਦੀ ਹੈ ਜੋ ਕਿ ਇਨ੍ਹਾਂ ਦੀ ਰਿਜ਼ਰਵੇਸ਼ਨ ਦੀ ਰਾਖੀ ਕਰ ਸਕੇ ਕਿ ਆਇਆ ਰਿਜ਼ਰਵੇਸ਼ਨ ਪੂਰੀ ਤਰ੍ਹਾਂ ਨਾਲ ਇਨ੍ਹਾਂ ਫੌਜੀਆਂ ਨੂੰ ਮਿਲਦੀ ਵੀ ਹੈ ਜਾਂ ਨਹੀਂ। ਜਿਸ ਤਰ੍ਹਾਂ ਕਿ ਸ਼ੈਡਿਊਲਡ ਕਾਸਟਸ ਔਰ ਬੈਕਵਰਡ ਕਲਾਸਿਜ਼ ਵਾਸਤੇ ਇਸ ਹਾਊਸ ਦੀ ਇੱਕ ਕਮੇਟੀ ਬਣੀ ਹੋਈ ਹੈ, ਉਸੇ ਤਰ੍ਹਾਂ ਮੈਂ ਮੁੱਖ ਮੰਤਰੀ ਜੀ ਨੂੰ ਤੁਹਾਡੇ ਰਾਹੀਂ ਬੇਨਤੀ ਕਰਨਾ ਚਾਹੁੰਦਾ ਹਾਂ ਫੌਜੀਆਂ ਵਾਸਤੇ ਵੀ ਇਨ੍ਹਾਂ ਦੇ ਹੱਕਾਂ ਦੀ ਰਾਖੀ ਕਰਨ ਵਾਸਤੇ ਵੀ ਇਸ ਹਾਊਸ ਦੀ ਇੱਕ ਕਮੇਟੀ ਬਨਾਉਣੀ ਚਾਹੀਦੀ ਹੈ। ਜਾਂ ਫਿਰ ਜੋ ਪਹਿਲਾਂ ਹੀ ਸ਼ਡਿਊਲਡ ਕਾਸਟਸ ਔਰ ਬੈਕਵਰਡ ਕਲਾਸਿਜ਼ ਲਈ ਹਾਊਸ ਦੀ ਕਮੇਟੀ ਬਣੀ ਹੋਈ ਹੈ ਔਰ ਉਹ ਜਿਸ ਤਰ੍ਹਾਂ ਇਨ੍ਹਾਂ ਜਾਤੀਆਂ ਦੀ ਰਿਜ਼ਰਵੇਸ਼ਨ ਵਾਸਤੇ ਕੰਮ ਕਰਦੀ ਹੈ, ਉਸੇ ਤਰ੍ਹਾਂ ਹੀ ਕਮੇਟੀ ਨੂੰ ਹੀ ਇਨ੍ਹਾਂ ਐਕਸ-ਸਰਵਿਸ ਮੈਨ ਦੀ ਰਿਜ਼ਰਵੇਸ਼ਨ ਦਾ ਕੋਟਾ ਪੂਰੀ

Original with;
Punjab Vidhan Sabha
Digitized by;
Panjab Digital Library

ਤਰ੍ਹਾਂ ਨਾਲ ਮਿਲ ਰਿਹਾ ਹੈ ਜਾਂ ਨਹੀਂ, ਇਸ ਵਾਸਤੇ ਕੰਮ ਵੀ ਇਸੇ ਕਮੇਟੀ ਨੂੰ ਸੌਂਪ ਦਿੱਤਾ ਜਾਵੇ। ਜਦੋਂ ਵੀ ਕੋਈ ਐਕਸ-ਸਰਵਿਸਮੈਨ ਦੀ ਬਜਾਏ ਕੋਈ ਹੋਰ ਬੰਦਾ ਰਖਣਾ ਹੋਵੇ ਤਾਂ ਇਸ ਵਾਸਤੇ ਵੀ ਨੋ-ਓਬਜੇਕਸ਼ਨ ਸਰਟੀਫਿਕੇਟ ਲੈਣਾ ਜ਼ਰੂਰੀ ਹੋਣਾ ਚਾਹੀਦਾ ਹੈ। ਜਾਂ ਫਿਰ ਸੈਨਿਕ ਬੋਰਡ ਤੋਂ ਇਹ ਨੋ-ਓਬਜੇਕਸ਼ਨ ਸਰਟੀਫਿਕੇਟ ਲੈਣਾ ਜ਼ਰੂਰੀ ਹੋਣਾ ਚਾਹੀਦਾ ਹੈ। ਰਿਜ਼ਰਵੇਸ਼ਨ ਦੇ ਹਿਸਾਬ ਨਾਲ ਐਕਸ-ਸਰਵਿਸਮੈਨ ਨੂੰ ਪੋਸਟਾਂ ਮਿਲਣੀਆਂ ਚਾਹੀਦੀਆਂ ਹਨ ਔਰ ਜਿਹੜੀਆਂ ਵਕੈਨਸੀਜ਼ ਅਨ-ਫਿਲਡ ਰਹਿ ਜਾਂਦੀਆਂ ਹਨ ਉਹ ਉਨਾਂ ਚਿਰ ਤਕ ਨਾ ਭਰੀਆਂ ਜਾਣ ਜਿੰਨਾਂ ਚਿਰ ਤਕ ਕਿ ਐਕਸ ਸਰਵਿਸਮੈਨ ਨਾ ਮਿਲਣ।

ਇੱਕ ਪੁਆਇੰਟ ਮੁੱਖ ਮੰਤਰੀ ਜੀ ਨੋਟ ਕਰਨ ਜੋ ਕਿ ਮੇਰੇ ਨੋਟਿਸ ਵਿਚ ਹੈ। ਉਹ ਇਹ ਹੈ ਕਿ ਇਕ ਕਲਾਜ਼ ਹੈ ਪੰਜਾਬ ਗੌਰਮਿੰਟ ਦੇ ਰੂਲਜ਼ ਐਂਡ ਰੇਗੂਲੇਸ਼ਨਜ਼ ਵਿਚ ਪੀ. ਸੀ. ਐਸ. ਸਰਵਿਸ ਵਾਸਤੇ, ਉਸ ਵਿਚ ਲਿਖਿਆ ਹੋਇਆ ਹੈ :—

> "Only those ex-servicemen can apply who joined the service on or after 1st November, 1962".

ਉਹੀ ਸਾਬਕਾ ਫੌਜੀ ਪੀ. ਸੀ. ਐਸ. ਸਰਵਿਸ ਵਾਸਤੇ ਐਪਲਾਈ ਕਰ ਸਕਦਾ ਹੈ ਜਿਸ ਨੇ ਫੌਜ ਦੀ ਸਰਵਿਸ 1 ਨਵੰਬਰ, 1962 ਨੂੰ ਜਾਂ ਉਸ ਤੋਂ ਬਾਅਦ ਜੁਆਇਨ ਕੀਤੀ ਹੋਵੇ। ਇਹ ਚੀਜ਼ ਗਲਤ ਹੈ। ਇਹ ਇਨ੍ਹਾਂ ਨਾਲ ਖਾਸ ਕਿਸਮ ਦਾ ਵਿਤਕਰਾ ਹੈ। ਮੈਂ ਇਹ ਸਮਝਦਾ ਹਾਂ ਕਿ ਇਸ ਵਾਸਤੇ ਏਜ ਲਿਮਿਟ ਰਖਣੀ ਚਾਹੀਦੀ ਹੈ। ਚਾਈਨਾ ਐਗਰੈਸ਼ਨ ਵੇਲੇ ਔਰ ਗੋਆ ਦੀ ਲੜਾਈ ਵੇਲੇ ਮੈਂ ਐਡਵਾਂਸ ਹੈਡਕੁਆਟਰਜ਼ ਵਿਚ ਕੰਮ ਕੀਤਾ ਹੈ ਲੇਕਿਨ ਮੈਂ ਇੱਕ ਲਾਅ ਗਰੈਜੂਏਟ ਹੁੰਦਾ ਹੋਇਆ ਵੀ ਸਰਵਿਸ ਤੋਂ ਬਾਅਦ ਪੀ. ਸੀ. ਐਸ. ਵਾਸਤੇ ਐਪਲਾਈ ਕਰਨ ਵਾਸਤੇ ਇਲੈਜੀਬਲ ਨਹੀਂ ਸੀ। ਇਹ ਬਹੁਤ ਭਾਰੀ ਭਲਾਈ ਦੀ ਗਲ ਹੋਵੇਗੀ ਜੇ ਇਸ ਚੀਜ਼ ਨੂੰ ਰੀਮੂਵ ਕਰ ਦਿੱਤਾ ਜਾਵੇ ਔਰ ਇਸ ਵਾਸਤੇ ਏਜ ਲਿਮਿਟ ਰਖ ਲਿੱਤੀ ਜਾਵੇ।

ਇਹ ਰਿਜ਼ਰਵੇਸ਼ਨ ਵਾਸਤੇ ਹਰ 9 ਸਾਲ ਬਾਅਦ ਜਾਂ 15 ਸਾਲ ਬਾਅਦ ਜਿਹੜੇ ਫੌਜੀਆਂ ਨੂੰ ਰੀਲੀਜ਼ ਕਰ ਦਿੱਤਾ ਜਾਂਦਾ ਹੈ ਉਨ੍ਹਾਂ ਦੀ ਰੀਸੈਟਲਮੈਂਟ ਵਾਸਤੇ ਸਰਕਾਰ ਆਪਣੀ ਜ਼ਿੰਮੇਂਵਾਰੀ ਨਿਭਾ ਰਹੀ ਹੈ, ਇਸ ਲਈ ਮੈਂ ਆਪਣੀ ਸਰਕਾਰ ਨੂੰ ਵਧਾਈ ਦਿੰਦਾ ਹਾਂ ਜਿਸਨੇ ਕਿ ਇਹ ਬਿਲ ਲਿਆਂਦਾ ਹੈ।

**ਸੂਬੇਦਾਰ ਉਜਾਗਰ ਸਿੰਘ ਸੇਖਵਾਂ** (ਕਾਹਨੂੰਵਾਂ) : ਮੈਂ ਆਪਣੇ ਮੁੱਖ ਮੰਤਰੀ ਜੀ ਨੂੰ ਮੁਬਾਰਕਬਾਦ ਦੇਣ ਵਾਸਤੇ ਉਠਿਆ ਹਾਂ। ਭਾਰਤ ਵਿਚ ਇਹ ਪਹਿਲਾ ਸੂਬਾ ਹੈ ਜਿਸ ਵਿਚ ਸਾਬਕਾ ਫੌਜੀਆਂ ਦੀ ਇੱਕ ਕਾਰਪੋਰੇਸ਼ਨ ਕਾਇਮ ਕੀਤੀ ਗਈ ਹੈ ਔਰ 5 ਕਰੋੜ ਰੁਪਏ ਦਾ ਖਰਚਾ ਕਰਨ ਦੀ ਇਸ ਵਿਚ ਭਾਵਨਾ ਦਸੀ ਗਈ ਹੈ।

5.25 ਸ਼ਾਮ | (ਇਸ ਸਮੇਂ ਸਰਦਾਰ ਮਨਮੋਹਨ ਸਿੰਘ ਬਰਾੜ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, ਇਹ ਜੋ ਐਕਸ-ਸਰਵਿਸਮੈਨ ਕਾਰਪੋਰੇਸ਼ਨ ਬਣਾਈ ਜਾ ਰਹੀ ਹੈ, ਇਹ ਜੋ ਐਕਸ-ਸਰਵਿਸਮੈਨ ਹਨ ਸਾਡੇ ਦੇਸ਼ ਅੰਦਰ ਇਨ੍ਹਾਂ ਨੂੰ ਅਸੀਂ ਆਨੈਸਟ ਗਿਣਦੇ ਹਾਂ। ਇਨ੍ਹਾਂ ਲੋਕਾਂ ਨੇ ਬਹਾਦਰੀ ਕਰਕੇ ਦੇਸ਼ ਦੇ ਬਾਰਡਰ ਤੇ ਸੌਂ ਕੇ ਆਪਣੀ ਜ਼ਿੰਦਗੀ ਗੁਜ਼ਾਰੀ

Original with;
Punjab Vidhan Sabha
Digitized by;
Panjab Digital Library

[ਜੱਥੇਦਾਰ ਉਜਾਗਰ ਸਿੰਘ ਸੇਖਵਾਂ]

ਹੈ । ਜੇ ਮੈਂ ਇਹ ਕਹਾਂ ਕਿ ਇਨ੍ਹਾਂ ਦੀ ਜ਼ਿੰਦਗੀ ਜਬਰ ਦੀ ਜ਼ਿੰਦਗੀ ਹੈ ਔਰ ਸੰਜਮ ਦੀ ਜ਼ਿੰਦਗੀ ਹੈ ਤਾਂ ਗਲਤ ਨਹੀਂ ਹੋਵੇਗਾ । ਇਨ੍ਹਾਂ ਲੋਕਾਂ ਨੇ ਟਾਈਮ ਨਾਲ ਉਠਣਾ ਹੁੰਦਾ ਹੈ, ਟਾਈਮ ਨਾਲ ਪਾਠ ਪੂਜਾ ਕਰਨੀ ਹੁੰਦੀ ਹੈ, ਟਾਈਮ ਨਾਲ ਪਰੇਡ ਤੇ ਜਾਣਾ ਹੁੰਦਾ ਹੈ ਔਰ ਟਾਈਮ ਤੇ ਹੀ ਸੌਣਾ ਹੁੰਦਾ ਹੈ। ਫੌਜ ਦੇ ਅੰਦਰ ਜੋ ਮਨੁੱਖ ਨੂੰ ਟ੍ਰੇਨਿੰਗ ਮਿਲਦੀ ਹੈ ਸਿਵਿਲ ਵਿਚ ਭਾਵੇਂ ਕਿਸੇ ਵੱਡੀ ਪੋਸਟ ਤੇ ਜਾਂ ਛੋਟੀ ਪੋਸਟ ਤੇ ਰਿਹਾ ਹੋਵੇ ਉਹ ਟ੍ਰੇਨਿੰਗ ਉਸ ਨੂੰ ਨਹੀਂ ਮਿਲ ਸਕਦੀ ਹੈ। ਮੁਬਾਰਕਬਾਦ ਮੈਂ ਇਸ ਵਾਸਤੇ ਦੇਣ ਵਾਸਤੇ ਕਿਹਾ ਕਿ ਫ਼ੌਜੀਆਂ ਪ੍ਰਤੀ ਭਾਵਨਾ ਪਹਿਲਾਂ ਵੀ ਪ੍ਰਗਟ ਕੀਤੀ ਗਈ ਹੈ। ਸੋਲਜਰ ਬੋਰਡ ਜ਼ਿਲ੍ਹਿਆਂ ਅੰਦਰ ਬਣੇ ਹੋਏ ਹਨ । ਪਰ ਉਹ ਬੜੇ ਲਿਮਿਟ ਵਿਚ ਕੰਮ ਕਰਦੇ ਹਨ । ਕਿਸੇ ਵਿਧਵਾ ਔਰਤ ਨੂੰ ਵੱਧ ਤੋਂ ਵੱਧ ਕਪੜੇ ਸੀਉਣ ਵਾਲੀ ਮਸ਼ੀਨ ਦੇ ਸਕਦੇ ਹਨ ਜਾਂ ਜੋ ਕਿਸੇ ਦੇ ਬੱਚੀ ਦੀ ਸ਼ਾਦੀ ਹੋਵੇ ਤਾਂ ਉਸ ਨੂੰ ਥੋੜਾ ਬਹੁਤ ਪੈਸਾ ਦੇਣ ਵਾਸਤੇ ਸਿਫਾਰਿਸ਼ ਕੀਤੀ ਜਾਂਦੀ ਹੈ। ਸਰਕਾਰ ਨੂੰ ਸਿਫਾਰਿਸ਼ ਕਰ ਦਿੱਤੀ ਜਾਂਦੀ ਹੈ ਕਿ ਕੁਝ ਪੈਸੇ ਉਸ ਨੂੰ ਦੇ ਦਿੱਤੇ ਜਾਣ। ਬਹੁਤ ਸਾਰੀ ਗਿਣਤੀ ਵਿਚ ਉਹ ਲੋਕ ਹਨ ਜਿਹੜੇ ਗੋਲੀ ਜਾਂ ਬੰਬਾਂ ਦੀਆਂ ਠੀਕਰੀਆਂ ਖਾ ਖਾ ਕੇ ਆਪਣੀਆਂ ਲੱਤਾਂ, ਬਾਜ਼ੂ ਤੁੜਵਾ ਬੈਠਦੇ ਹਨ ਅਤੇ ਆਪਣੇ ਸ਼ਰੀਰ ਨੂੰ ਕਮਜ਼ੋਰ ਕਰਕੇ ਇਸ ਦੇਸ਼ ਦੀ ਰਾਖੀ ਕਰਦੇ ਹੋਏ ਆਪਣੇ ਘਰਾਂ ਵਿਚ ਬੈਠੇ ਹਨ। ਇਨ੍ਹਾਂ ਫੌਜੀਆਂ ਨੂੰ ਭਾਰਤ ਸਰਕਾਰ ਸਹਾਰਾ ਦਿੰਦੀ ਸੀ ਪੈਨਸ਼ਨਾਂ ਦੇਕੇ ਅਤੇ ਅੱਜ ਪੰਜਾਬ ਸਰਕਾਰ ਨੇ ਜੋ ਸਾਬਕਾ ਫੌਜੀਆਂ ਨਾਲ ਹਮਦਰਦੀ ਕੀਤੀ ਹੈ, ਮੈਨੂੰ ਇਸ ਵਿਚ ਕੋਈ ਸ਼ਕ ਨਹੀਂ ਕਿ ਸਾਡੇ ਸ਼੍ਰੋਮਣੀ ਅਕਾਲੀ ਦਲ ਦੀ ਔਰ ਜਨਤਾ ਪਾਰਟੀ ਦੀ ਸਰਕਾਰ ਇਸ ਲਈ ਵਧਾਈ ਦੀ ਪਾਤਰ ਹੈ।

ਕੋਈ ਵੀ ਪਿੰਡ ਅਜਿਹਾ ਨਹੀਂ ਜਿਥੇ ਕਿ ਦਸ, ਪੰਦਰਾਂ ਵੀਹ ਜਾਂ ਪੰਜਾਹ ਫੌਜੀ ਨਾ ਹੋਣ। ਮੇਰੇ ਆਪਣੇ ਹਲਕੇ ਵਿਚ 50 ਦੇ ਕਰੀਬ ਫੌਜੀ ਹਨ। ਇੱਕ ਪਿੰਡ ਹੈ ਚੱਕ ਸ਼ਰੀਫ਼ ਜਥੋਂ ਦੋ ਫੌਜੀ ਬਹਾਦਰੀ ਨਾਲ ਲੜਦੇ ਹੋਏ ਸ਼ਹੀਦ ਹੋਏ। ਅੱਜ ਜਿਸ ਪਿੰਡ ਵਿਚ ਫੌਜੀ ਜ਼ਿਆਦਾ ਹਨ ਉਹ ਲੋਕਾਂ ਨੂੰ ਕੰਟ੍ਰੋਲ ਵਿਚ ਰਖਦੇ ਹਨ ਅਤੇ ਆਪਣੀ ਜ਼ਿੰਦਗੀ ਦੇ ਆਦਰਸ਼ ਉਨ੍ਹਾਂ ਸਾਹਮਣੇ ਰਖਕੇ ਉਨ੍ਹਾਂ ਨੂੰ ਪਰੇਰਨਾ ਦਿੰਦੇ ਹਨ।

ਮਲਕਾ ਦੇ ਰਾਜ ਵੇਲੇ ਸਾਰਾਗੜ੍ਹੀ ਵਿਖੇ ਇੱਕ ਯਾਦਗਾਰ ਬਣੀ ਹੈ। ਉਥੇ ਲੜਾਈ ਹੋਈ ਸੀ । ਮਲਕਾ ਦੇ ਰਾਜ ਵੇਲੇ ਉਥੇ ਯਾਦਗਾਰ ਬਣੀ। ਅੰਗਰੇਜ਼ ਬਾਦਸ਼ਾਹ ਨੇ ਇੱਕ ਟਰੱਸਟ ਬਣਾਇਆ ਸੀ । ਇਹ ਬੜੀ ਮੰਨਣਯੋਗ ਗੱਲ ਹੈ ਕਿ ਸਾਰਾਗੜ੍ਹੀ ਦੇ ਇਤਿਹਾਸ ਵਿਚ 30 ਸਿੱਖਾਂ ਦਾ ਜ਼ਿਕਰ ਆਇਆ ਹੈ। ਉਨ੍ਹਾਂ ਵਿਚ ਇਕ ਹਵਾਲਦਾਰ ਇਕ ਲੈਂਸ ਨਾਇਕ ਅਤੇ ਬਾਕੀ ਸਾਰੇ ਸਿਪਾਹੀ ਹਨ। ਉਨ੍ਹਾਂ 30 ਆਦਮੀਆਂ ਦੇ ਉਤੇ ਸਾਰਾਗੜ੍ਹੀ ਦੀ ਪਿਕਟ ਤੇ 8 ਹਜ਼ਾਰ ਆਦਮੀਆਂ ਨੇ ਹਮਲਾ ਕੀਤਾ । ਉਨ੍ਹਾਂ ਨੇ ਸਾਰਾਗੜ੍ਹੀ ਵਿਚ ਬੈਠਕੇ 16 ਘੰਟੇ ਦੁਸ਼ਮਨ ਦਾ ਮੁਕਾਬਲਾ ਕੀਤਾ । ਜਦ 29 ਆਦਾਮੀ ਆਪਣੀ ਜਿੰਦਗੀ ਖਤਮ ਕਰ ਚੁੱਕੇ ਸਨ ਤਾਂ ਉਨ੍ਹਾਂ ਵਿਚੋਂ ਇਕ ਰਹਿੰਦਾ ਆਦਮੀ ਨੇ ਉਪਰ ਚੜ੍ਹਕੇ ਆਪਣੇ ਹੈਡਕੁਆਟਰ ਨੂੰ ਵਾਇਰਲੈਸ ਕੀਤੀ । ਉਸ ਨੇ ਕਿਹਾ ਕਿ ਮੇਰੇ ਸੈਂਟਰ ਵਾਲਿਓ ਸੁਣ ਲਵੋ ਕਿ ਅੱਜ ਤੋਂ ਸਾਰਾਗੜ੍ਹੀ ਤੋਂ ਮੇਰੇ ਤੋਂ ਬਾਅਦ ਕੋਈ ਖਬਰ ਦੇਣ ਵਾਲਾ ਨਹੀਂ ਹੋਵੇਗਾ ਕਿਉਂਕਿ ਮੇਰੇ 29 ਸਾਥੀ ਹੁਣ ਤੱਕ ਆਪਣੀ ਸਰਕਾਰ ਦੀ ਵਫਾਦਾਰੀ ਦੇ ਹਿੱਤ ਵਿਚ ਸ਼ਹੀਦ ਹੋ ਗਏ ਹਨ ਔਰ ਮੈਂ 5 ਗੋਲਿਆਂ ਅਤੇ ਰਾਈਫਲ ਲੈ ਕੇ ਮੈਂ ਪਿਕਟ ਤੇ ਜਾਂ ਰਿਹਾ ਹਾਂ । ਨਾ ਮੈਂ ਵਾਪਿਸ ਆਉਣਾ ਹੈ ਅਤੇ ਨਾ ਤੁਹਾਨੂੰ ਵਾਇਰਲੈਸ ਮੈਸੇਜ਼ ਦੇਵਾਂਗਾ । ਚੇਅਰਮੈਨ ਸਾਹਿਬ, ਐਸੇ ਵਫਾਦਾਰ ਲੋਕਾਂ ਨੇ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦੇ

Original with;
Punjab Vidhan Sabha
Digitized by;
Panjab Digital Library

ਦਿਨ ਇਸ ਤਰ੍ਹਾਂ ਬਿਤਾਏ ਹੋਣੇ, ਉਨ੍ਹਾਂ ਦੀ ਹੌਸਲਾ ਅਫਜ਼ਾਈ ਕਰਨੀ ਬੜੀ ਜ਼ਰੂਰੀ ਹੁੰਦੀ ਹੈ। ਫੌਜੀ ਜਦੋਂ ਰਿਟਾਇਰ ਹੁੰਦੇ ਹਨ ਤਾਂ ਉਨ੍ਹਾਂ ਦੀ ਸਿਹਤ ਬਿਲਕੁਲ ਚੰਗੀ ਹੁੰਦੀ ਹੈ। ਉਹ ਆਪਣੀ ਅਸਲ ਜ਼ਿੰਦਗੀ ਦਾ ਸਮਾਂ ਦੇਸ਼ ਦੀ ਰੱਖਿਆ ਵਾਸਤੇ ਲਾਉਂਦੇ ਹਨ। ਮੈਂ ਬਹੁੱਤ ਕੁਝ ਨਹੀਂ ਕਹਿਣਾ ਚਾਹੁੰਦਾ ਪਰ ਫਿਰ ਵੀ ਮੈਂ ਦੱਸਦਾ ਹਾਂ ਕਿ ਮੈਂ ਵੀ ਕੁਝ ਦਿਨ ਫੌਜ ਵਿਚ ਰਿਹਾ ਹਾਂ। ਮੈਨੂੰ ਉਹ ਜ਼ਿੰਦਗੀ ਚੰਗੀ ਤਰ੍ਹਾਂ ਯਾਦ ਹੈ ਕਿ ਫੌਜੀ ਆਪਣੀ ਜ਼ਿੰਦਗੀ ਕਿਵੇਂ ਬਸਰ ਕਰਦੇ ਹਨ। ਮੈਂ ਬਾਦਲ ਸਾਹਿਬ ਨੂੰ ਆਪਣੇ ਦਿਲ ਦੀਆਂ ਡੂੰਘਾਈਆਂ ਤੋਂ ਮੁਬਾਰਕਬਾਦ ਦਿੰਦਾ ਹਾਂ ਕਿ ਉਨ੍ਹਾਂ ਨੇ ਜੋ ਸਾਬਕਾ ਫੌਜੀਆਂ ਦਾ ਮਾਣ ਕੀਤਾ ਹੈ ਇਹ ਇਕ ਬਹੁਤ ਮਾਣ ਵਾਲੀ ਗੱਲ ਹੈ। ਇਹ ਬੜੀ ਖੁਸ਼ੀ ਵਾਲੀ ਗੱਲ ਹੈ। ਸ਼ਾਇਦ ਇਸ ਨਾਲ ਉਨ੍ਹਾਂ ਫੌਜੀਆਂ ਦੇ ਘਰਾਂ ਵਿਚ ਰੁਪਏ ਨਹੀਂ ਜਾਣੇ ਪਰ ਫਿਰ ਵੀ ਉਨ੍ਹਾਂ ਫੌਜੀਆਂ ਵਾਸਤੇ ਕਾਰਪੋਰੇਸ਼ਨ ਬਣਾਕੇ ਉਨ੍ਹਾਂ ਦੀ ਭਲਾਈ ਲਈ ਇਹ ਜਿਹੜਾ ਕੰਮ ਕੀਤਾ ਗਿਆ ਹੈ ਇਸ ਨਾਲ ਪੰਜਾਬ ਦਾ ਮਾਣ ਵਧਿਆ ਹੈ, ਇਸ ਨਾਲ ਉਨ੍ਹਾਂ ਦਾ ਆਪਣਾ ਮਾਣ ਵਧਿਆ ਹੈ। ਜਿਨ੍ਹਾਂ ਫੌਜੀਆਂ ਨੇ ਦੇਸ਼ ਦੀ ਰੱਖਿਆ ਕੀਤੀ, ਦੇਸ਼ ਦੀ ਹਿਫਾਜ਼ਤ ਕਰਦੇ ਹੋਏ ਜਿਨ੍ਹਾਂ ਦੇ ਅੰਗ ਟੁੱਟੇ, ਉਨ੍ਹਾਂ ਵਾਸਤੇ ਕਾਰਪੋਰੇਸ਼ਨ ਕਾਇਮ ਕਰਕੇ ਇਕ ਬਹੁਤ ਵੱਡਾ ਮਾਣ ਪ੍ਰਾਪਤ ਕੀਤਾ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਬਿਲ ਦੀ ਸਪੋਰਟ ਕਰਦਾ ਹਾਂ ਅਤੇ ਮੈਂ ਬਾਦਲ ਸਾਹਿਬ ਨੂੰ ਮੁਬਾਰਕ-ਬਾਦ ਦਿੰਦਾ ਹਾਂ।

**ਮੁੱਖ ਮੰਤਰੀ** (ਸਰਦਾਰ ਪ੍ਰਕਾਸ਼ ਸਿੰਘ ਬਾਦਲ) : ਚੇਅਰਮੈਨ ਸਾਹਿਬ, ਅੱਜ ਜੋ ਹਾਊਸ ਦੇ ਸਾਹਮਣੇ ਐਕਸ-ਸਰਵਿਸਮੈਨ ਕਾਰਪੋਰੇਸ਼ਨ ਬਣਾਉਣ ਵਾਸਤੇ ਬਿਲ ਲਿਆਂਦਾ ਗਿਆ ਹੈ, ਇਹ ਪਹਿਲਾਂ ਆਰਡੀਨੈਂਸ ਕਰ ਦਿਤਾ ਗਿਆ ਸੀ ਅਤੇ ਇਸ ਲਈ ਜ਼ਰੂਰੀ ਸੀ ਕਿ ਉਸ ਆਰਡੀ-ਨੈਂਸ ਨੂੰ ਬਿੱਲ ਦੀ ਸ਼ਕਲ ਵਿਚ ਪੇਸ਼ ਕੀਤਾ ਜਾਵੇ। ਜਿਸ ਤਰ੍ਹਾਂ ਪਹਿਲਾਂ ਦੱਸਿਆ ਜਾ ਚੁੱਕਿਆ ਹੈ ਪੰਜਾਬ ਇਕ ਅਜਿਹਾ ਸੂਬਾ ਹੈ ਜਿਸ ਨੇ ਇਸ ਮਾਮਲੇ ਵਿਚ ਸਾਰੇ ਦੇਸ਼ ਵਿਚੋਂ ਪਹਿਲ ਕੀਤੀ ਹੈ ਅਤੇ ਸਾਬਕਾ-ਫੌਜੀਆਂ ਦੀ ਅਪ-ਲਿਫਟ ਵਾਸਤੇ ਸਾਰੇ ਹਿੰਦੁਸਤਾਨ ਵਿਚੋਂ ਪਹਿਲਾਂ ਕਾਰਪੋਰੇਸ਼ਨ ਬਣਾਈ ਹੈ। ਪੰਜਾਬ ਇੱਕ ਉਹ ਸੂਬਾ ਹੈ ਜਿਸ ਨੂੰ ਸੋਰਡ ਆਰਮ ਦੀ ਕਟਰੀ ਕਿਹਾ ਜਾਂਦਾ ਹੈ, ਜੋ ਕਿ ਸਾਰੇ ਹਿੰਦੁਸਤਾਨ ਮੁਲਕ ਦੀ ਹਿਫਾਜ਼ਤ ਕਰਦਾ ਹੈ। ਜੋ ਇਸ ਦਾ ਰਿਕਾਰਡ ਹੈ ਪਿਛਲੀ ਸੇਵਾ ਦਾ, ਉਸ ਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ। ਜੇ ਪੁਰਾਣਾ ਇਤਿਹਾਸ ਵੇਖੀਏ ਤਾਂ ਜਿਸ ਤਰ੍ਹਾਂ ਸੇਖਵਾਂ ਜੀ ਨੇ ਹੁਣੇ ਹੁਣੇ ਦੱਸਿਆ ਕਿ ਕਿਸ ਤਰ੍ਹਾਂ ਸਾਡੇ ਫੌਜੀਆਂ ਨੇ ਬਹਾਦਰੀ ਦਿਖਾਈ ਅਤੇ ਕੁਰਬਾਨੀਆਂ ਦਿੱਤੀਆਂ। ਅਜਿਹੀ ਮਿਸਾਲ ਦੁਨੀਆਂ ਦੇ ਕਿਸੇ ਮੁਲਕ ਵਿਚ ਨਹੀਂ ਮਿਲਦੀ। ਤੁਹਾਨੂੰ ਪਤਾ ਹੈ ਕਿ 1947 ਤੋਂ ਬਾਅਦ ਕਿੰਨੀਆਂ ਲੜਾਈਆਂ ਹੋਈਆਂ। ਦੋ ਵਾਰ ਪਾਕਿਸਤਾਨ ਨਾਲ ਲੜਾਈ ਹੋਈ। ਇਕ ਵਾਰ ਚਾਈਨਾ ਨਾਲ ਲੜਾਈ ਹੋਈ। ਬੰਗਲਾ ਦੇਸ਼ ਵਿਚ ਲੜਾਈ ਹੋਈ।

5.34 ਸ਼ਾਮ (ਇਸ ਸਮੇਂ ਡਿਪਟੀ ਸਪੀਕਰ ਸਾਹਿਬ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਸਾਨੂੰ ਮਾਣ ਹੈ ਕਿ ਇਨ੍ਹਾਂ ਲੜਾਈਆਂ ਵਿਚ ਜੋ ਸਿਪਾਹੀਆਂ ਨੇ ਮਾਣ ਪ੍ਰਾਪਤ ਕੀਤਾ ਹੈ, ਜੋ ਜਰਨੈਲਾਂ ਨੇ ਲੜਾਈਆਂ ਲੜੀਆਂ ਹਨ, ਉਸ ਨਾਲ ਪੰਜਾਬ ਤੁਅੱਲਕ ਰੱਖਦਾ ਹੈ। ਸਾਰੇ ਦੇਸ਼ ਨੂੰ ਪਤਾ ਹੈ ਕਿ ਬੰਗਲਾ ਦੇਸ਼ ਦੀ ਜੋ ਜਿੱਤ ਹੋਈ ਉਸ ਦਾ ਕਮਾਂਡਰ ਜਨਰਲ ਅਰੋੜਾ ਸੀ। ਪਾਕਿਸਤਾਨ ਅਤੇ ਹਿੰਦੁਸਤਾਨ ਦੀ ਜਦ ਲੜਾਈ ਹੋਈ ਤਾਂ ਫੌਜ ਦੀ ਅਗਵਾਈ ਜਨਰਲ ਹਰਬਖਸ਼ ਸਿੰਘ ਨੇ ਕੀਤੀ। ਮੈਂ ਕਹਿ ਸਕਦਾ ਹਾਂ ਕਿ ਜੇ ਇਹੋ ਜਿਹੇ ਜਰਨੈਲ ਨਾ ਹੁੰਦੇ ਤਾਂ ਸ਼ਾਇਦ ਕੁਝ ਨੁਕਸਾਨ ਹੋਣ ਦਾ ਖਤਰਾ ਸੀ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਪੰਜਾਬ ਦੇ ਫੌਜੀਆਂ ਨੇ, ਭਾਵੇਂ ਉਹ ਸਿਪਾਹੀ ਸਨ ਜਾਂ ਜਰਨੈਲ ਸਨ ਦੇਸ਼ ਦੀ ਸੇਵਾ ਵਾਸਤੇ ਬਹੁਤ ਵੱਡਾ ਹਿੱਸਾ ਪਾਇਆ ਹੈ। ਅਸੀਂ ਇਸ ਗੱਲ ਵਿਚ ਵੀ ਮਾਣ ਕਰ ਸਕਦੇ ਹਾਂ ਕਿ ਹਿੰਦੁਸਤਾਨ ਵਿਚ ਜੋ ਸਭ ਤੋਂ ਵੱਡਾ ਬਹਾਦਰੀ ਦਾ ਤਗਮਾ ਅਤੇ ਸਰਟੀਫੀਕੇਟ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਹੈ ਜਾਂ ਦੇਸ਼ ਵੱਲੋਂ ਸਭ ਤੋਂ ਵਡਾ ਆਨਰ ਮਿਲਦਾ ਹੈ ਉਹ ਪਰਮਵੀਰ ਚੱਕਰ ਹੈ। ਜੇ ਇਸ ਵਿਚ ਸਾਰੇ ਦੇਸ਼ ਦਾ ਮੁਕਾਬਲਾ ਕਰੀਏ ਤਾਂ ਮੈਨੂੰ ਇਹ ਕਹਿਣ ਵਿਚ ਮਾਣ ਹੈ ਕਿ ਸਾਰੇ ਹਿੰਦੁਸਤਾਨ ਬਹਾਦਰੀ ਦੇ ਪਰਮਵੀਰ ਚੱਕਰ ਜਿੰਨੇ ਮਿਲੇ ਹਨ ਉਨ੍ਹਾਂ ਵਿਚੋਂ ਸਾਡੇ ਫੌਜੀਆਂ ਨੂੰ ਉਸ ਦਾ 1/3 ਹਿੱਸਾ ਮਿਲਿਆ ਹੈ। (ਤਾੜੀਆਂ) ਪਰ ਇਕ ਚੀਜ਼ ਦਾ ਮੈਨੂੰ ਦੁੱਖ ਹੈ। ਦੁੱਖ ਇਸ ਚੀਜ਼ ਦਾ ਹੈ ਕਿ ਪੰਜਾਬ ਦੇ ਲੋਕ ਕੁਦਰਤੀ ਬਹਾਦਰ ਤਾਂ ਹਨ ਪਰ ਉਹ ਪੂਰਾ ਫਾਇਦਾ ਨਹੀਂ ਉਠਾ ਸਕੇ। ਜਦੋਂ ਹਿੰਦੁਸਤਾਨ ਨੂੰ ਅਤੇ ਪਾਕਿਸਤਾਨ ਇੱਕਠੇ ਹੁੰਦੇ ਸੀ ਤਾਂ ਉਦੋਂ ਸਾਡੇ ਦੇਸ਼ ਦੀ ਫੌਜ ਵਿਚ 50% ਪੰਜਾਬ ਦੇ ਫੌਜੀ ਸਨ। ਉਸਦੇ ਬਾਅਦ ਜਦੋਂ ਪਾਕਿਸਤਾਨ ਪਾਰਟੀਸ਼ਨ ਹੋਈ ਤਾਂ ਇਹ ਸਾਡੇ ਫੌਜੀਆਂ ਦੀ ਗਿਣਤੀ ਸਾਰੇ ਦੇਸ਼ ਵਿਚ 20% ਰਹਿ ਗਈ। ਹੁਣ ਸਾਡੀ ਜਿਹੜੀ ਪਾਪੂਲੇਸ਼ਨ ਹੈ ਉਸ ਦਾ ਫੌਜ ਵਿਚ ਹਿੱਸਾ ਸਿਰਫ 10% ਹੈ ਅਤੇ ਇਹ ਵੀ ਇਕ ਗੱਲ ਦੇਸ਼ ਦੇ ਘਾਟੇ ਵਿਚ ਜਾਂਦੀ ਹੈ। ਇਹੋ ਜਿਹੇ ਬਹਾਦਰ ਲੋਕ ਜਿੰਨ੍ਹਾਂ ਨੇ ਕੁਰਬਾਨੀਆਂ ਵਿਚ ਬਹੁਤ ਵੱਡਾ ਹਿੱਸਾ ਪਾਇਆ ਅਤੇ ਉਨ੍ਹਾਂ ਨੇ ਕੋਈ ਫਾਇਦਾ ਨਹੀਂ ਉਠਾਇਆ, ਉਨ੍ਹਾਂ ਵਿਚ ਅਫਸਰ ਵੀ ਹਨ, ਉਨ੍ਹਾਂ ਦੀ ਗਿਣਤੀ 24% ਹੈ ਪਰ ਤਾਦਾਦ ਘਟਕੇ ਹੁਣ 7-8 ਦੇ ਕਰੀਬ ਰਹਿ ਗਈ ਹੈ। ਸਾਡੀ ਮੌਜੂਦਾ ਸਰਕਾਰ ਜਦ ਤੋਂ ਬਣੀ ਹੈ ਇਸ ਨੇ ਸ਼ੁਰੂ ਤੋਂ ਹੀ ਇਸ ਪਾਸੇ ਧਿਆਨ ਕੀਤਾ ਹੈ ਕਿ ਸਾਡੇ ਜੋ ਫੌਜੀ ਹਨ, ਐਕਸ-ਸਰਵਿਸਮੈਨ ਹਨ ਉਨ੍ਹਾਂ ਦਾ ਖਿਆਲ ਕੀਤਾ ਜਾਵੇ। ਇਸ ਤੋਂ ਪਹਿਲਾਂ ਇਹ ਕੀਤਾ ਗਿਆ ਕਿ ਇਕ ਵੱਖਰਾ ਡਿਪਾਰਟਮੈਂਟ ਖੋਲਿਆ ਗਿਆ ਕਿਉਂਕਿ ਜੇ ਵੱਖਰਾ ਡਿਪਾਰਟਮੈਂਟ ਹੋਵੇਗਾ ਤਾਂ ਉਹ ਜ਼ਿਆਦਾ ਨਜ਼ਰਸਾਨੀ ਕਰ ਸਕਦਾ ਹੈ। ਦੂਸਰਾ ਬਹੁਤ ਵੱਡਾ ਫੈਸਲਾ ਜੋ ਲਿਆ ਉਸ ਬਾਰੇ ਮੈਂ ਸਮਝਦਾ ਹਾਂ ਕਿ ਇਕ ਸਮਾਂ ਆਵੇਗਾ ਜਦੋਂ ਉਸ ਫੈਸਲੇ ਨਾਲ ਪੰਜਾਬ ਦਾ ਨਾਮ ਬਹੁਤ ਉਚਾ ਹੋਵੇਗਾ। ਉਹ ਇਹ ਹੈ ਕਿ ਅਸੀਂ ਦਸ਼ਮੇਸ਼ ਅਕੈਡਮੀ ਅਨੰਦਪੁਰ ਸਾਹਿਬ ਬਣਾਈ ਅਤੇ ਉਸ ਦਾ 24 ਤਾਰੀਖ ਨੂੰ ਸਾਡੇ ਦੇਸ਼ ਦੇ ਰਾਸ਼ਟਰਪਤੀ ਜੀ ਨੀਂਹ ਪੱਥਰ ਰਖਣ ਵਾਸਤੇ ਆ ਰਹੇ ਹਨ। ਇਹ ਇਹੋ ਜਿਹੀ ਸਕੀਮ ਹੈ ਜਿਸ ਤੇ 4-5 ਕਰੋੜ ਰੁਪਿਆ ਖਰਚ ਹੋਣਾ ਹੈ ਅਤੇ ਉਸ ਵਿਚ ਜੋ ਤਾਲੀਮ ਦਿੱਤੀ ਜਾਣੀ ਹੈ ਉਥੇ ਸਾਬਕਾ ਫੌਜੀਆਂ, ਸੋਲਜਰਜ਼ ਦੇ ਬੱਚਿਆਂ ਨੂੰ ਤਾਲੀਮ ਦਿੱਤੀ ਜਾਵੇਗੀ। ਤਾਲੀਮ ਐਨੀ ਵਧੀਆ ਹੋਵੇਗੀ ਕਿ ਉਹ ਇੰਟਰਨੈਸ਼ਨਲ ਪੱਧਰ ਦਾ ਸਕੂਲ ਹੋਵੇਗਾ। ਮੈਂ ਸਮਝਦਾ ਹਾਂ ਕਿ ਇਹ ਦੁਨੀਆ ਵਿਚ ਪਹਿਲੀ ਕਿਸਮ ਦਾ ਇੰਸਟੀਚਿਊਸ਼ਨ ਹੋਵੇਗਾ ਜਿਥੇ ਮੁਫਤ ਤਾਲੀਮ ਦਿੱਤੀ ਜਾਵੇਗੀ। ਕੋਈ ਖਰਚਾ ਫੌਜੀਆਂ ਦੇ ਬੱਚਿਆਂ ਤੋਂ ਨਹੀਂ ਲਿਆ ਜਾਵੇਗੇ। (ਤਾੜੀਆਂ) ਉਨ੍ਹਾਂ ਬੱਚਿਆਂ ਤੇ ਘੱਟ ਤੋਂ ਘੱਟ ਪੰਜ ਸੌ ਰੁਪਿਆ ਜਾਂ 7 ਸੌ ਰੁਪਿਆ ਹਰ ਮਹੀਨਾ ਹਰ ਬੱਚੇ ਤੇ ਸਰਕਾਰ ਵੱਲੋਂ ਖਰਚ ਹੋਵੇਗਾ। ਇਹ ਇਸ ਕਰਕੇ ਕੀਤਾ ਗਿਆ ਹੈ ਕਿ ਹੁਣ ਸਮਾਂ ਜੋ ਹੈ ਇਹ ਕੰਪੀਟੀਸ਼ਨ ਦਾ ਯੁਗ ਹੈ। ਇਸ ਲਈ ਅਸੀਂ ਫੈਸਲਾ ਕਰਨਾ ਹੈ ਕਿ ਫੌਜੀ ਬਹਾਦਰਾਂ ਦੇ ਬੱਚਿਆਂ ਨੂੰ ਚੰਗੀ ਟਰੇਨਿੰਗ ਦਿਤੀ ਜਾਵੇ। ਉਥੇ ਚੰਗੇ ਟੀਚਰ ਹੋਣ ਜਿਨ੍ਹਾਂ ਤੋਂ ਸਿੱਖਿਆ ਲੈ ਕੇ ਬੇਸ਼ੱਕ ਉਹ ਫਿਰ ਫੌਜ ਵਿਚ ਜਾਣ ਜਾਂ ਹੋਰ ਪਾਸੇ ਜਾਣ ਤਾਂ ਸਾਡੇ ਸੂਬੇ ਦਾ ਮਾਣ ਵਧਾ ਸਕਣ। ਇਹ ਜ਼ਰੂਰੀ ਨਹੀਂ ਕਿ ਉਹ ਫੌਜ ਵਿਚ ਹੀ ਜਾਣ ਅਗਰ ਹੋਰ ਦੂਸਰੇ ਪਾਸੇ ਜਾਣ, ਆਈ. ਏ. ਐਸ. ਬਣਨ ਜਾਂ ਆਈ. ਪੀ. ਐਸ. ਬਣਨ ਤਾਂ ਉਧਰ ਵੀ ਵੱਧ ਤੋਂ ਵੱਧ ਦੇਸ਼ ਦੀ ਸੇਵਾ ਕਰ ਸਕਣ। ਸਾਡੇ ਸੂਬੇ ਵਿਚ ਜਿਹੜੇ ਐਕਸ-ਸਰਵਿਸਮੈਨ ਹਨ ਉਨ੍ਹਾਂ ਦਾ ਐਗਜ਼ੈਕਟ ਨੰਬਰ ਤਾਂ ਪਤਾ ਨਹੀਂ ਪਰ ਜਿਥੋਂ ਤੱਕ ਸਰਕਾਰ ਵਲੋਂ ਅੰਦਾਜਾ ਲਗਾਇਆ ਗਿਆ ਹੈ ਉਸ ਦੇ ਮੁਤਾਬਿਕ 5 ਲੱਖ ਤੋਂ ਵੱਧ ਸਾਡੇ ਐਕਸ-ਸਰਵਿਸਮੈਨ ਹਨ। ਇਨ੍ਹਾਂ ਵਿਚ ਕੁਝ ਐਸੇ ਹਨ ਜਿਹੜੇ ਬੜੀ ਜਲਦੀ ਰਿਟਾਇਰ ਹੋ ਜਾਂਦੇ ਹਨ। ਜਿਹੜੇ ਸਿਪਾਹੀ ਭਰਤੀ ਹੁੰਦੇ ਹਨ 10--15 ਸਾਲ ਦੀ ਸਰਵਿਸ ਦੇ ਬਾਅਦ ਰਿਟਾਇਰ ਹੋ ਜਾਂਦੇ ਹਨ। ਜਦੋਂ ਉਹ 35 ਸਾਲ ਦੀ ਉਮਰ ਵਿਚ ਰਿਟਾਇਰ ਹੋ ਕੇ ਘਰ ਆਉਂਦੇ ਹਨ ਤਾਂ

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਦੇ ਸਾਹਮਣੇ ਕੋਈ ਨਿਸ਼ਾਨਾ ਨਹੀਂ ਹੁੰਦਾ। ਉਹ ਕੁਝ ਕਰ ਨਹੀਂ ਸਕਦੇ। ਇਸੇ ਤਰ੍ਹਾਂ ਉਪਰ ਦੇ ਅਫਸਰ 47 ਸਾਲ ਦੀ ਉਮਰ ਵਿਚ ਰਿਟਾਇਰ ਹੋ ਜਾਂਦੇ ਹਨ ਅਤੇ ਉਸ ਤੋਂ ਉਪਰ ਦੇ ਅਫਸਰ 50 ਸਾਲ ਦੀ ਸਰਵਿਸ ਵਿਚ ਰਿਟਾਇਰ ਹੋ ਜਾਂਦੇ ਹਨ। ਇਸ ਲਈ ਇਹ ਇਕ ਐਨੀ ਵੱਡੀ ਤਾਕਤ ਹੈ, ਇਕ ਡਿਸਿਪਲਨਡ ਤਾਕਤ ਹੈ ਦੇਸ਼ ਦੀ। ਦੇਸ਼ ਦੀ ਅਸੇਟ ਹੈ, ਉਨ੍ਹਾਂ ਨੂੰ ਪੂਰੀਆਂ ਸਹੂਲਤਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਇਸੇ ਕਰਕੇ ਇਹ ਚੀਜ਼ ਕੀਤੀ ਗਈ ਹੈ। ਇਹ ਜੋ ਉਨ੍ਹਾਂ ਵਾਸਤੇ ਕਾਰਪੋਰੇਸ਼ਨ ਬਣਾਈ ਜਾ ਰਹੀ ਹੈ, ਉਨ੍ਹਾਂ ਦੀ ਸੈਟਲਮੈਂਟ ਵਾਸਤੇ, ਉਨ੍ਹਾਂ ਦੀ ਰੀਹੈਬਿਲੀਟੇਸ਼ਨ ਵਾਸਤੇ, ਉਨ੍ਹਾਂ ਨੂੰ ਅਗਰ ਪੈਸੇ ਦੀ ਜ਼ਰੂਰਤ ਹੋਵੇਗੀ ਤਾਂ ਉਨ੍ਹਾਂ ਨੂੰ ਪੈਸੇ ਮਿਲ ਸਕਣਗੇ ਅਤੇ ਵੱਖ ਵੱਖ ਕਿਤਿਆਂ ਵਿਚ ਸੈਟਲ ਹੋ ਸਕਣਗੇ। ਅਗਰ ਕਿਸੇ ਨੇ ਐਗਰੀਕਲਚਰ ਦਾ ਕੰਮ ਕਰਨਾ ਹੈ ਤਾਂ ਉਸ ਵਾਸਤੇ ਲੋਨ ਲੈ ਸਕਨਗੇ। ਇਸੇ ਤਰ੍ਹਾਂ ਇੰਡਸਟਰੀ ਵਾਸਤੇ ਇਸ ਕਾਰਪੋਰੇਸਨ ਤੋਂ ਲੋਨ ਲੈ ਸਕਣਗੇ। ਕਿਸੇ ਨੇ ਟਰਾਂਸਪੋਰਟ ਦਾ ਕੋਈ ਕੰਮ ਕਰਨਾ ਹੈ ਉਹ ਇਸ ਵਿਚੋਂ ਲੋਨ ਲੈ ਸਕੇਗਾ। ਅਤੇ ਵੱਡੀ ਗੱਲ ਇਹ ਹੈ ਕਿ ਇਸ ਕਾਰਪੋਰੇਸਨ ਵੱਲੋਂ ਜੋ ਲੋਨਜ਼ ਮਿਲਣੇ ਹਨ ਉਹ ਕਨਸੈਸ਼ਨਲ ਰੇਟ ਆਫ਼ ਇੰਟਰੇਸਟ ਤੇ ਮਿਲਣੇ ਹਨ, ਸੂਦ ਘੱਟ ਤੇ ਮਿਲਣੇ ਹਨ। ਬਾਕੀ ਬੈਂਕਾਂ ਵਾਂਗ ਨਹੀਂ ਕਿ ਕੋਈ 12% ਲੈਂਦਾ ਹੈ ਤੇ ਕੋਈ 15% ਲੈਂਦਾ ਹੈ। ਇਸ ਕਾਰਪੋਰੇਸ਼ਨ ਵਲੋਂ ਲੋਨ ਕਨਸੈਸ਼ਨ ਲ ਰੇਟ ਤੇ ਦਿਤਾ ਜਾਵੇਗਾ। ਖਿਆਲ ਹੈ ਕਿ 5 ਕਰੋੜ ਰੁਪਏ ਤਕ ਅਸੀਂ ਕਾਰਪੋਰੇਸ਼ਨ ਦਾ ਅਸਾਸਾ ਬਣਾਵਾਂਗੇ ਤਾਂ ਕਿ ਵਡੇ ਪੱਧਰ ਤੇ ਜੋ ਸਾਡੇ ਫੌਜੀ ਹਨ, ਐਕਸ ਸਰਵਿਸਮੈਨ ਹਨ ਉਨ੍ਹਾਂ ਦੀ ਅਸੀਂ ਕੁਝ ਸੇਵਾ ਕਰ ਸਕੀਏ। ਇਸ ਦੇ ਵਿਚ ਇਹ ਵੀ ਕੀਤਾ ਗਿਆ ਹੈ ਕਿ ਜਿਸ ਵਕਤ ਕਰਜ਼ੇ ਲੈਣਗੇ ਕੋਈ ਤਾਂ ਰਜਿਸਟਰੀ ਜਾਂ ਸਟੈਂਪ ਡਿਊਟੀ ਤੋਂ ਵੀ ਐਗਜ਼ਮਪਟ ਕੀਤਾ ਜਾਵੇਗਾ। ਇਹ ਸਾਰਾ ਫਾਇਦਾ ਸਾਬਕਾ ਫੌਜੀਆਂ ਨੂੰ ਮਿਲਣਾ ਹੈ। ਮੈਂ, ਡਿਪਟੀ ਸਪੀਕਰ ਸਾਹਿਬ, ਜ਼ਿਆਦਾ ਸਮਾਂ ਨਾਂ ਲੈਂਦਾ ਹੋਇਆ, ਸਾਰੇ ਮੈਂਬਰ ਸਾਹਿਬਾਨ ਇਸ ਚੀਜ਼ ਦੀ ਮਾਨਤਾ ਨੂੰ ਬਹੁਤ ਚੰਗੀ ਤਰ੍ਹਾਂ ਜਾਣਦੇ ਹਨ, ਆਸ ਕਰਦਾ ਹਾਂ ਕਿ ਇਹ ਬਿਲ ਪਾਸ ਹੋਵੇਗਾ ਅਤੇ ਬੜੀ ਛੇਤੀ ਹੀ ਕਾਰਪੋਰੇਸ਼ਨ ਬਣਾ ਕੇ ਅਸੀਂ ਸਾਬਕਾ ਫੌਜੀਆਂ ਦੀ ਸੇਵਾ ਕਰਨੀ ਸ਼ੁਰੂ ਕਰ ਦੇਵਾਂਗੇ।

**Mr. Deputy Speaker :** Question is—

That the Punjab Ex-Servicemen Corporation Bill be taken into consideration at once.

*The motion was carried.*

**Mr. Deputy Speaker :** Now the House will proceed to consider the Bill Clause by Clause.

**Sub-clause (2) of Clause 1**

**Mr. Deputy Speaker :** Question is—

That Sub-clause (2) of clause 1 stand part of the Bill.

*The motion was carried.*

**Clause 2**

**Mr. Deputy Speaker :** There are some notices of amendments to this Clause.

Original with;
Punjab Vidhan Sabha
Digitized by;
Panjab Digital Library

**Sardar Shashpal Singh :** Sir, I beg to move—

For sub-clause (c), the following be *substituted* :—

"(c) "Chairman" means the Chairman of the Corporation".

**Mr. Deputy Speaker :** Motion moved—

For sub-clause (c), the following be *substituted*:—

"(c) "Chairman means the Chairman of the Corporation."

**Mr. Deputy Speaker :** Question is—

For sub-clause (c), the following be *substituted* :—

"(c) "Chairman means the Chairman of the Corporation."

*The motion was carried.*

**Sardar Shashpal Singh :** Sir, I beg to move—

After sub-clause (g), the following sub-clause be inserted and the existing sub-clauses be re-numbered as (i), (j), (k), (l) and (m) :—

"(h) "Managing Director" means the Managing Director of the Corporation;".

**Mr. Deputy Speaker :** Motion moved—

After sub-clause (g) the following sub-clause be inserted and the existing sub-clauses be re-numbered as (i), (j), (k), (l) and (m):—

"(h)"Managing Director " means the Managing Director of the Corporation;".

**Mr. Deputy Speaker :** Question is—

After sub-clause (g) the following sub-clause be inserted and the existing sub clause be re-numbered as (i), (j), (k), (l) and (m) :—

"(h) "Managing Director" means tne Managing Director of tne Corporation".

*The motion was carried.*

**Mr. Deputy Speaker :** Question is—

That Clause 2, as amended, stand part of the Bill.

*The motion was carried.*

**Mr. Deputy Speaker :** There are no notices of amendments to Clauses No. 3 to 6. If the House agrees, all these Clauses be put to the vote of the House together.

(*Voices : Yes, yes*).

**Clauses 3, 4, 5 and 6**

**Mr. Deputy Speaker :** Question is—

That Clauses 3, 4, 5 and 6 stand part of the Bill.

*The motion was carried.*

Original with;
Punjab Vidhan Sabha
Digitized by;
Panjab Digital Library

**Clause 7**

**Mr. Deputy Speaker :** There are some notices of amendments to this Clause.

**Sardar Shashpal Singh :** Sir I beg to move—

In sub-clause (1), lines 1-2, *for* "a Chairman-cum-Managing Director" *substitute* the following:—

"the Chairman, the Managing Director".

**Mr. Deputy Speaker :** Motion moved—

In sub-clause (1), lines 1-2, *for* "a Chairman-cum-Managing Director" *substitute* the following :—

"the Chairman, the Managing Director".

**Mr. Deputy Speaker :** Question is—

In sub-clause (1), lines 1-2, *for* "A Chairman -cum-Managing Director" *substitute* the following :

"the Chairman, the Managing Director".

*The motion was carried.*

**Sardar Shashpal Singh :** Sir, I beg to move—

*For* sub-clause (2) *substitute* the following :—

"(2) The Chairman shall be a person who is an Ex-serviceman and was holding a Class I post while in service and the Managing Director shall be a person who is or has been a Class I Officer of the State Government or Central Government and they shall be appointed by the Government on such terms and conditions, including salary and allowances, as may be prescribed."

**Mr. Deputy Speaker:** Motion moved—

For sub-clause (2), *substitute* the following :—

"(2) The Chairman shall be a person who is an Ex-Serviceman and was holding a Class I post while in service and the Managing Director shall be a person who is or has been a Class I Officer of the State Government or Central Government and they shall be appointed by the Government on such terms and conditions, including salary and allowances as may be prescribed."

**Mr. Deputy Speaker :** Question is—

*For* sub-clause (2), *substitute* the following :—

"(2) The Chairman shall be a person who is an Ex-serviceman and was holding a Class I post while in service and the Managing Director shall be a person who is or has been a Class I Officer of the State Government or Central Government and they shall be appointed by the Government on such terms and conditions, including salary and allowances, as may be prescribed."

*The motion was carried.*

**Sardar Shashpal Singh :** Sir, I beg to move—

In sub-clause (4), line 1, *for* "Chairman cum-Managing Director" *substitute* "Chairman and the Managing Director".

Original with;
Punjab Vidhan Sabha
Digitized by;
Panjab Digital Library

**Mr. Deputy Speaker :** Motion moved—

In sub-clause (4) line 1, *for* "Chairman -cum-Managing Director," *substitute* "Chairman and the Managing Director."

**Mr. Deputy Speaker :** Question is—

In sub-clause (4), line 1, *for* "Chairman-cum-Managing Director" *substitute* "Chairman and the Managing Director."

*The motion was carried.*

**Sardar Shashpal Singh :** Sir, I beg to move—

In sub-clause (5), line 1, *for* "Chairman-cum-Managing Director" *substitute* "Chairman and the Managing Director".

**Mr. Deputy Speaker :** Motion moved—

In sub-clause (5), line 1, *for* "Chairman-cum-Managing Director" *substitute* "Chairman and the Managing Director".

**Mr. Deputy Speaker :** Question is—

In sub-clause (5), line 1, *for* "Chairman-cum-Managing Director" *substitute* "Chairman and the Managing Director."

*The motion was carried.*

**Mr. Deputy Speaker :** Question is—

That clause 7, as amended, stand part of the Bill.

*The motion was carried.*

**Clause 8**

**Mr. Deputy Speaker :** Question is—

That clause 8 stand part of the Bill.

*The motion was carried.*

**Clause 9**

**Mr. Deputy Speaker :** There are some notices of amendments to this Clause.

**Sardar Shashpal Singh :** Sir, I beg to move—

In the marginal heading *for* " Chairman-cum-Managing Director" *substitute* "Managing Director."

**Mr. Deputy Speaker :** Motion moved—

In the marginal heading *for* "Chairman-cum-Managing Director" *substitute* "Managing Director."

**Mr. Deputy Speaker :** Question is—

In the marginal heading *for* "Chairman-cum-Managing Director "*substitute* "Managing Director."

*The motion was carried.*

Original with;
Punjab Vidhan Sabha
Digitized by;
Panjab Digital Library

**Sardar Shashpal Singh :** Sir, I beg to move—

In sub-clause (1) line 1, *for* "Chairman-cum-Managing Director" *substitute* "Managing Director".

**Mr. Deputy Speaker :** Motion moved.

In sub-clause (1), line 1, *for* "Chairman-cum-Managing Director" *substitute* "Managing Director."

**Mr. Deputy Speaker :** Question is—

In sub-clause (1) line, 1, *for* "Chairman cum-Managing Director." *substitute* "Managing Director"

*The motion was carried.*

**Sardar Shashpal Singh :** Sir, I beg move :—

In sub-clause (2) line 1, *for* Chairman-cum-Managing Director " *substitute* "Managing Director".

**Mr. Deputy Speaker :** Motion moved—

In sub-clause (2) line 1, *for* "Chairman cum-Managing Director" *substitute* "Managing Director".

**Mr. Deputy Speaker :** Question is—

In sub-clause (2), line, 1, *for* "Chairman-cum-Managing Director" *substitute* "Managing Director."

*The motion was carried.*

**Mr. Deputy Speaker :** Question is—

That Clause 9, as amended, stand part of the Bill.

*The motion was carried*

**Clauses 10 and 11**

**Mr. Deputy Speaker :** There are no notices of amendments to Clauses 10 and 11. If the House agrees, these clauses be put to the vote of the House together. (Voices: Yes, Yes.)

**Mr. Deputy Speaker :** Question is—

That Clauses 10 and 11 stand part of the Bill.

*The motion was carried.*

**Clause 12**

**Mr. Deputy Speaker :** There are some notices of amendments to this Clause.

**Sardar Shashpal Singh :** Sir, I beg to move—

In sub-clause (2), line 1, *for* "Chairman-cum-Managing Director" *substitute* "Chairman".

Original with;
Punjab Vidhan Sabha
Digitized by;
Panjab Digital Library

**Mr. Deputy Speaker :** Motion moved—

In sub-clause (2), line 1, *for* "Chairman-cum-Managing Director" *substitute* "Chairman".

**Mr. Deputy Speaker :** Question is—

In sub-clause (2), line 1, *for* "Chairman -cum-Managing Director" *substitute* "Chairman".

*The motion was carried.*

**Sardar Shashpal Singh :** Sir, I beg to move—

In sub-clause (4), lines 3-4, *for* "Chairman-cum-Managing Director" *substitute* "Chairman".

**Mr. Deputy Speaker :** Motion moved—

In sub-clause (4) lines 3-4 *for* "Chairman-cum-Managing Director *substitute* "Chiairman..

**Mr. Deputy Speaker :** Question is—

In sub-clause (4), lines 3-4, *for* "Chairman-cum-Managing Director" *substitute* "Chairman".

*The motion was carried.*

**Mr. Deputy Speaker :** Question is—

That clause 12, as amended, stand part of the Bill.

*The motion was carried.*

**Clause 13**

**Mr. Deputy Speaker :** There is a notice of amendment to this Clause.

**Sardar Shashpal Singh :** Sir, I beg to move—

In the marginal heading and in line 2 of the clause, *for* "Chairman-cum-Managing Director" *substitute* 'Chairman or the Managing Director".

**Mr. Deputy Speaker :** Motion moved—

In the marginal heading and in line 2 of the clause, *for* "Chairman-cum-Managing Director" *substitute* 'Chairman or the Managing Director".

**Mr. Deputy Speaker:** Question is—

In the marginal heading and in line 2 of the clause, *for* "Chairman cum-Managing Director" *substitute* "Chairman or the Managing Director".

*The motion was carried.*

**Mr. Deputy Speaker :** Question is—

That Clause 13, as amended, stand part of the Bill.

*The motion was carried.*

Original with;
Punjab Vidhan Sabha
Digitized by;
Panjab Digital Library

**Clause 14**

**Mr. Deputy Speaker :** There are some notices of amendments to this Clause.

**Sardar Shashpal Singh :** Sir, I beg to move—

In sub-clause (1), line 1, *for* "Chairman-cum-Managing Director" *substitute* "Chairman or the Managing Director".

**Mr. Deputy Speaker :** Motion moved—

In sub-clause (1) line 1, *for* "Chairman-cum-Managing Director" *substitute* "Chairman or the Managing Director."

**Mr. Deputy Speaker :** Question is—

In sub-clause (1), line 1, *for* "Chairman-cum-Managing Director' '*substitute* "Chairman or the Managing Director".

*The motion was carried.*

**Sardar Shashpal Singh :** Sir, I beg to move—

In sub-clause (2), line 1, *for* "Chairman-cum-Managing Director" *substitute* "Chairman or the Managing Director".

**Mr. Deputy Speaker :** Motion moved—

In sub-clause (2), line 1, *for* "Chairman-cum-Managing Director" *substitute* "Chairman or the Managing Director".

**Mr. Deputy Speaker :** Question is—

In sub-caluse (2), line 1, *for* "Chairman-cum-Managing Director" *substitute* "Chairman or the Managing Director".

*The motion was carried.*

**Mr. Deputy Speaker :** Question is—

That Clause 14, as amended, stand part of the Bill.

*The motion was carried.*

**ਸਾਥੀ ਰੂਪ ਲਾਲ :** ** ** **

**ਸ੍ਰੀ ਡਿਪਟੀ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**Clauses 15 to 19**

**Mr. Deputy Speaker :** There are no notices of amendments to Clauses 15 to 19. If the House agrees, these Clauses be put to the vote of the House together.

(Voices : Yes, yes.)

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**Mr. Deputy Speaker :** Question is —

That Clauses 15, 16, 17, 18, 19 stand part of the Bill.

*The motion was carried.*

**Clause 20**

**Mr. Deputy Speaker :** There are some notices of amendments to this Clause.

**Sardar Shashpal Singh :** Sir, I beg to move—

In sub-clause (1) line 4, *for* "Chairman-cum-Managing Director" *substitute* "Managing Director".

**Mr. Deputy Speaker :** Motion moved—

In sub-clause (1) line 4, *for* "Chairman-cum-Managing Director" *substitute* "Managing Director."

**Mr. Deputy Speaker :** Question is—

In sub-clause (1), line 4, *for* "Chairman-cum-Managing Director" *substitute* "Managing Director."

*The motion was carried.*

**Sardar Shashpal Singh :** Sir, I beg to move—

In sub-clause (2), lines 2 and 6-7, *for* "Chairman-cum-Managing Director," *substitute* "Managing Director".

**Mr. Deputy Speaker :** Motion moved—

In sub-clause (2), lines 2 and 6-7, *for* "Chairma n-cum-Managing Director", *substitute* "Managing Director".

**Mr. Deputy Speaker :** Question is—

In sub-clause (2), lines 2 and 6-7, *for* "Chairman-cum-Managing Director", *substitute* Managing Director".

*The motion was carried.*

**Sardar Shashpal Singh :** Sir, I beg to move—

In sub-clause (4), line 1, *for* "Chairman-cum-Managing Director" *substitute* "Managing Director".

**Mr. Deputy Speaker :** Motion moved—

In sub-clause (4), line 1, *for* "Chairman-cum-Managing Director" *substitue* "Managing Director".

**Mr. Deputy Speaker :** Question is—

In sub-clause (4), line 1, *for* "Chairman-cum-Managing Director" *substitute* "Managing Director".

*The motion was carried.*

Original with;
Punjab Vidhan Sabha
Digitized by;
Panjab Digital Library

**Mr. Deputy Speaker** : Question is—

That Clause 20, as amended, stand part of the Bill.

*The motion was carried.*

**Clauses 21 to 30**

**Mr. Deputy Speaker :** There are no notices of amendments to Clauses 21 to 30. If the House agrees, these Clasuses be put to the vote of the House together.

(Voices : Yes, yes.)

**Clauses 21, 22, 23, 24, 25, 26, 27, 28, 29 and 30.**

**Mr. Deputy Speaker** : Question is—

That Clause, 21, 22, 23, 24, 25, 26, 27, 28, 29 and 30 stand part of the Bill.

*The motion was carried.*

**Clause 31**

**Mr. Deputy Speaker** : There is a notice of amendment to this Clause.

**Sardar Shashpal Singh** : Sir, I beg to move—

In sub-clause (2)(a), line 1, *for* "Chairman-cum-Managing Director" *substitute* "Chairman and the Managing Director".

**Mr. Deputy Speaker** : Motion moved—

In sub-clause (2)(a), line 1, *for* "Chairman-cum-Managing Director" *substitute* "Chairman and the Managing Director".

**Mr. Deputy Speaker** : Question is—

In sub-clause (2) (a), line 1, *for* "Chairman-cum-Managing Director" *substitute* "Chairman and the Managing Director".

*The motion was carried.*

**Mr. Deputy Speaker** : Question is—

That Clause 31, as amended, stand part of the Bill.

*The motion was carried.*

**Clause 32**

**Mr. Deputy Speaker** : There are notices of amendments to this Clause.

**Sardar Shashpal Singh** : Sir, I beg to move—

In sub-clause (2) (a), line 2, *for* "Chairman-cum-Managing Director" *substitute* "Chairman and the Managing Director".

**Mr. Deputy Speaker** : Motion moved—

In sub-clause (2)(a), line 2, *for* 'Chairman-cum-Managing Director" *substitute* "Chairman and the Managing Director".

Original with;
Punjab Vidhan Sabha
Digitized by;
Panjab Digital Library

**Mr. Deputy Speaker** : Question is—

In sub-clause (2) (a), line 2, *for* "Chairman-cum-Managing Director" *substitute* "Chairman and the Managing Director".

*The motion was carried.*

**Sardar Shashpal Singh** : Sir, I beg to move—

In sub clause (2) (c), lines 1-2, *for* "Chairman-cum-Managing Director" *substitute* "Chairman or the Managing Director".

**Mr. Deputy Speaker** : Motion moved—

In sub clause (2) (c), lines 1-2, *for* "Chairman cum-Managing Director" *substitute* "Chairman or the Managing Director".

**Mr. Deputy Speaker** : Question is—

In sub clause (2) (c), lines 1-2, *for* "Chairman-cum-Managing Director" *substitute* "Chairman or the Managing Director".

*The motion was carried.*

**Sardar Shashpal Singh** : Sir, I beg to move—

In sub-clause (2) (e), lines 1-2, *for* "Chairman-cum-Managing Director" *substitute* "Managing Director".

**Mr. Deputy Speaker** : Motion moved—

In sub clause (2) (e), lines 1-2, *for* "Chairman-cum-Managing Director" *substitute* "Managing Director".

**Mr. Deputy Speaker** : Question is—

In sub-clause (2) (e), lines 1-2, *for* "Chairman-cum-Managing-Director" *substitute* "Managing Director".

*The motion was carried.*

**Mr. Deputy Speaker** : Question is—

That Clause 32, as amended, stand part of the Bill.

*The motion was carried.*

**Clause 33**

**Mr. Deputy Speaker** : Question is—

That Clause 33 stand part of the Bill.

*The motion was carried.*

**Sub-Clause (1) of Clause 1**

**Mr. Deputy Speaker** : Question is—

That sub-clause (1) of Clause 1 stand part of the Bill.

*The motion was carried.*

Original with;
Punjab Vidhan Sabha
Digitized by;
Panjab Digital Library

## TITLE

**Mr. Deputy Speaker :** Question is—

That Title be the Title of the Bill.

*The motion was carried.*

**Chief Minister** (Sardar Parkash Singh Badal) : Sir, I beg to move—

That the Punjab Ex-Servicemen Corporation Bill, as amended, be passed.

**Mr. Deputy Speaker** : Motion moved—

That the Punjab Ex-Servicemen Corporation Bill, as amended, be passed.

**Mr. Deputy Speaker** : Question is—

That the Punjab Ex-Servicemen Corporation Bill, as amended, be passed.

*The motion was carried unanimously.*

**Mr. Deputy Speaker** : Consequential changes will be carried out.

---

## THE PUNJAB GURU GOBIND SINGH MEDICAL COLLEGE, FARIDKOT (ACQUISITION) AND MISCELLANEOUS PROVISIONS BILL, 1978

**Development Minister (Sardar Atma Singh) :** Sir, I beg to introduce the Punjab Guru Gobind Singh Medical College, Faridkot (Acquisition) and Miscellaneous Provisions Bill.

Sir, I also beg to move—

That the Punjab Guru Gobind Singh Medical College, Faridkot (Acquisition) and Miscellaneous Provisions Bill be taken into consideration at once.

**Mr. Deputy Speaker** : Motion moved—

That the Punjab Guru Gobind Singh Medical College, Faridkot (Acquisition) and Miscellaneous Provisions Bill be taken into consideration at once.

**ਸਰਦਾਰ ਨੱਥਾ ਸਿੰਘ ਦਾਲਮ** (ਸ੍ਰੀ ਹਰਗੋਬਿੰਦਪੁਰ) : ਡਿਪਟੀ ਸਪੀਕਰ ਸਾਹਿਬ:, ਮੈਂ ਪੰਜਾਬ ਸਰਕਾਰ ਨੂੰ ਅਤੇ ਸਰਦਾਰ ਆਤਮਾ ਸਿਘ ਜੀ ਨੂੰ ਜੋ ਕਿ ਮੈਡੀਕਲ ਐਜੂਕੇਸ਼ਨ ਦੇ ਮਨਿਸਟਰ ਹਨ, ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਨੂੰ ਸਰਕਾਰ ਦੇ ਕੰਟਰੋਲ ਵਿੱਚ ਲਿਆਉਣ ਵਾਸਤੇ ਇਹ ਬਿਲ ਇਸ ਸਦਨ ਵਿਚ ਪੇਸ਼ ਕੀਤਾ ਹੈ। ਡਿਪਟੀ ਸਪੀਕਰ ਸਾਹਿਬ, ਇਸ ਬਿਲ ਦੀ ਇਕ ਬੜੀ ਹੀ ਦਿਲਚਸਪ ਕਹਾਣੀ ਹੈ । ਇਹ ਕਾਲਜ ਪਹਿਲਾਂ ਕੁਝ ਪ੍ਰਾਈਵੇਟ ਲੋਕਾਂ ਨੇ ਆਪਣੇ ਵਿਉਪਾਰਿਕ ਹਿੱਤਾਂ ਨੂੰ ਮੁੱਖ ਰਖਦੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਨੱਥਾ ਸਿੰਘ ਦਾਲਮ]

ਹੋਏ ਫਰੀਦਾਬਾਦ ਵਿਖੇ ਖੋਲ੍ਹਿਆ ਸੀ। ਉਨ੍ਹਾਂ ਪ੍ਰਬੰਧਕਾਂ ਨੇ ਦਾਖਲਾ ਲੈਣ ਦੇ ਚਾਹਵਾਨ ਉਮੀਦਵਾਰਾਂ ਪਾਸੋਂ ਭਾਰੀ ਰਕਮਾਂ ਫੀਸ ਵਜੋਂ ਅਤੇ ਚੰਦਿਆਂ ਵਜੋਂ ਪ੍ਰਾਪਤ ਕੀਤੀਆਂ ਸਨ। ਬਾਅਦ ਵਿਚ ਉਨ੍ਹਾਂ ਪ੍ਰਬੰਧਕਾਂ ਨੇ ਉਨ੍ਹਾਂ ਵਿਦਿਆਰਥੀਆਂ ਵਾਸਤੇ ਪੜ੍ਹਾਈ ਦਾ ਕੋਈ ਚੰਗਾ ਪ੍ਰਬੰਧ ਨਾ ਕੀਤਾ ਅਤੇ ਉਹ ਮੋਟੀਆਂ ਮੋਟੀਆਂ ਰਕਮਾਂ ਜੋ ਉਨ੍ਹਾਂ ਨੇ ਵਿਦਿਆਰਥੀਆਂ ਪਾਸੋਂ ਪ੍ਰਾਪਤ ਕੀਤੀਆਂ ਸਨ, ਖੁੱਦ ਛੱਕ ਗਏ, ਹਜ਼ਮ ਕਰ ਗਏ। ਫਰੀਦਾਬਾਦ ਵਿਖੇ ਜੋ ਵਿਦਿਆਰਥੀ ਡਾਕਟਰੀ ਵਿਦਿਆਂ ਪ੍ਰਾਪਤ ਕਰਨ ਵਾਸਤੇ ਦਾਖਲ ਹੋਏ ਸਨ ਉਨ੍ਹਾਂ ਵਿਚੋਂ ਬਹੁਤ ਪੰਜਾਬੀ ਵਿਦਿਆਰਥੀ ਸਨ। ਜਦੋਂ ਉਨ੍ਹਾਂ ਵਾਸਤੇ ਚੰਗੀ ਵਿਦਿਆ ਦਾ ਪ੍ਰਬੰਧ ਨਾ ਕੀਤਾ ਗਿਆ, ਚੰਗੇ ਕੁਆਲੀਫਾਈਡ ਪ੍ਰੋਫੈਸਰਾਂ ਦਾ ਪ੍ਰਬੰਧ ਨਹੀਂ ਕੀਤਾ ਗਿਆ ਤਾਂ ਉਨ੍ਹਾਂ ਅੰਦਰ ਬੜੀ ਭਾਰੀ ਮਾਯੂਸੀ ਪੈਦਾ ਹੋਈ, ਬੜੀ ਭਾਰੀ ਬੇਚੈਨੀ ਪੈਦਾ ਹੋਈ ਅਤੇ ਉਨ੍ਹਾਂ ਨੇ ਬੜੀ ਭਾਰੀ ਐਜੀ-ਟੇਸ਼ਨ ਕੀਤੀ। ਉਸ ਐਜੀਟੇਸ਼ਨ ਦੀ ਗੂੰਜ ਸਾਰੇ ਪੰਜਾਬ ਦੇ ਅੰਦਰ ਫੈਲੀ ਅਤੇ ਉਸ ਸਮੇਂ ਦੇ ਮੁੱਖ ਮੰਤਰੀ, ਗਿਆਨੀ ਜ਼ੈਲ ਸਿੰਘ ਜੀ ਨੇ ਉਨ੍ਹਾਂ ਵਿਦਿਆਰਥੀਆਂ ਨਾਲ ਹਮਦਰਦੀ ਵਜੋਂ ਇਹ ਐਲਾਨ ਕੀਤਾ ਕਿ ਪੰਜਾਬ ਸਰਕਾਰ ਉਨ੍ਹਾਂ ਦੇ ਹਿੱਤਾਂ ਨੂੰ ਮੁੱਖ ਰਖਣ ਦੀ ਖਾਤਰ ਉਨ੍ਹਾਂ ਦੇ ਹਿੱਤਾਂ ਦੀ ਹਿਫ਼ਾਜ਼ਤ ਕਰਨ ਦੀ ਖਾਤਰ ਉਸ ਮੈਡੀਕਲ ਕਾਲਜ ਨੂੰ ਫਰੀਦਕੋਟ ਵਿਖੇ ਖੋਲ੍ਹੇਗੀ। ਇੰਝ ਕਰਕੇ ਉਸ ਸਮੇਂ ਦੇ ਮੁੱਖ ਮੰਤਰੀ ਨੇ ਹਾਤਮਤਾਈ ਦੀ ਕਬਰ ਉਤੇ ਲੱਤ ਮਾਰੀ ਅਤੇ ਉਸ ਨੇ ਕਿਹਾ ਕਿ ਪੰਜਾਬੀ ਵਿਦਿਆਰਥੀਆਂ ਦੇ ਹਿੱਤਾਂ, ਜੋ ਕਿ ਫਰੀਦਾਬਾਦ ਵਿਖੇ ਦਾਖਲ ਹੋਏ ਸਨ, ਨਾਲ ਉਥੋਂ ਦੀ ਪ੍ਰਬੰਧਕ ਕਮੇਟੀ ਨੇ ਖਿਲਵਾੜ ਕੀਤਾ ਸੀ, ਉਨ੍ਹਾਂ ਨੂੰ ਉਹ ਹਿਤ ਬਹੁਤ ਪਿਆਰੇ ਹਨ। ਇੰਝ ਕਰਕੇ ਉਸ ਕਾਲਜ ਨੂੰ ਫਰੀਦਕੋਟ ਵਿਖੇ ਖੋਲ੍ਹਣ ਦਾ ਫੈਸਲਾ ਕੀਤਾ ਗਿਆ। ਲੇਕਿਨ ਉਸ ਸਮੇਂ ਦੇ ਮੁੱਖ ਮੰਤਰੀ ਨੇ ਜਿਥੇ ਉਸ ਸਮੇ ਪੰਜਾਬ ਦੇ ਖਜ਼ਾਨੇ ਵਿਚੋਂ ਉਸ਼ ਕਾਲਜ ਵਾਸਤੇ ਕਰੋੜਾਂ ਰੁਪਏ ਖਰਚ ਕੀਤੇ ਉਥੇ ਉਸ ਨੇ ਉਸ ਕਾਲਜ ਨੂੰ ਸਰਕਾਰੀ ਕੰਟਰੋਲ ਵਿਚ ਨਹੀਂ ਲਿਆ ਸੀ। ਬਲਕਿ ਉਸਨੇ ਇੱਕ ਪ੍ਰਾਈਵੇਟ ਟਰੱਸਟ ਬਣਾਇਆ ਅਤੇ ਉਸ ਪ੍ਰਾਈਵੇਟ ਟਰੱਸਟ ਨੂੰ ਰਜਿਸਟਰ ਕਰਨ ਵਾਸਤੇ ਕੇਵਲ 1100 ਰੁਪਏ ਜਮ੍ਹਾ ਕਰਵਾਏ। ਤੁਸੀਂ ਇਸ ਗੱਲ ਤੋਂ ਅੰਦਾਜ਼ਾ ਲਗਾ ਸਕਦੇ ਹੋ ਕਿ ਉਨ੍ਹਾਂ ਨੇ ਕੇਵਲ 1100 ਰੁਪਏ ਜਮ੍ਹਾਂ ਕਰਵਾਏ ਅਤੇ ਫਿਰ ਮੈਡੀਕਲ ਕਾਲਜ ਫਰੀਦਕੋਟ ਵਿਖੇ ਖੋਲ੍ਹਿਆ, ਜਿਸ ਵਾਸਤੇ ਪੰਜਾਬ ਦੇ ਖ਼ਜ਼ਾਨੇ ਵਿਚੋਂ ਕਰੋੜਾਂ ਰੁਪਏ ਖਰਚ ਕੀਤੇ ਗਏ ਅਤੇ ਉਸ ਟਰੱਸਟ ਦੇ ਮੈਂਬਰ ਵੀ ਉਸ ਨੇ ਆਪਣੇ ਨਿਕੱਟਵਰਤੀ ਸਾਥੀ ਬਣਾਏ ਅਤੇ ਉਸ ਕਾਲਜ ਨੂੰ ਆਪਣੇ ਅਤੇ ਅਪਣੇ ਦੋਸਤਾਂ ਦੇ ਹਿੱਤਾਂ ਦੀ ਖਾਤਰ ਵਰਤਿਆ। ਡਿਪਟੀ ਸਪੀਕਰ ਸਾਹਿਬ, ਮੈਂ ਇਹ ਗੱਲ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਉਸ ਸਮੇਂ ਵੀ ਅਤੇ ਬਾਅਦ ਵਿਚ ਵੀ ਉਸ ਮੈਡੀਕਲ ਕਾਲਜ ਵਿਚ ਜਿਤਨੇ ਵਿਦਿਆਰਥੀਆਂ ਨੂੰ ਦਾਖਲ ਕੀਤਾ ਜਾਂਦਾ ਰਿਹਾ ਉਨ੍ਹਾਂ ਪਾਸੋ ਚੰਦੇ ਵਜੋ ਅਤੇ ਫੀਸਾਂ ਵਜੋ ਲੱਖਾਂ ਰੁਪਏ ਇਕੱਠੇ ਕੀਤੇ ਜਾਂਦੇ ਰਹੇ ਅਤੇ ਇੰਝ ਉਹ ਲੱਖਾਂ ਰੁਪਏ ਉਸ ਸਮੇਂ ਦੇ ਮੁੱਖ ਮੰਤਰੀ ਜੋ ਕਿ ਟਰੱਸਟ ਦੇ ਚੇਅਰਮੈਨ ਬਣੇ ਸੀ, ਆਪਣੇ ਅਤੇ ਆਪਣੇ ਦੋਸਤਾਂ ਦੇ ਹਿੱਤਾ ਦੀ ਖਾਤਰ ਵਰਤਦਾ ਰਿਹਾ। ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਮੈਂ ਇਹ ਗਲ ਵੀ ਦੱਸਣਾਂ ਚਾਹੁੰਦਾ ਹਾਂ ਕਿ ਉਸ ਸਮੇਂ ਐਮਰਜੰਸੀ ਲੱਗੀ ਸੀ ਅਤੇ ਪੰਜਾਬ ਵਿੱਚ ਕਾਂਗਰਸ ਦਾ ਰਾਜ ਕਾਇਮ ਸੀ ਮੈਡੀਕਲ ਕਾਲਜਾਂ ਵਿੱਚ ਦਾਖਲਾ ਲੈਣ ਵਾਸਤੇ ਉਮੀਦਵਾਰਾਂ ਨੂੰ ਬਹੁਤ ਮੋਟੀਆਂ ਮੋਟੀਆਂ ਰਕਮਾ ਰਿਸ਼ਵਤ ਵਜੋ ਦੇਣੀਆਂ ਪੈਂਦੀਆਂ ਸਨ। ਸਾਡੀ ਸਰਕਾਰ ਇਸ ਵਾਸਤੇ ਵਧਾਈ ਦੀ ਪਾਤਰ ਹੈ ਕਿ ਜਦੋਂ ਤੋਂ ਇਹ ਬਣੀ, ਇਸ ਨੇ ਮੈਡੀਕਲ ਕਾਲਜਾਂ ਵਿਚ ਸਰਕਾਰ ਵਲੋਂ ਨਾਮੀਨੇਸ਼ਨਜ਼ ਜਿਹੜੀਆ ਕੀਤੀਆਂ ਜਾਂਦੀਆਂ ਸਨ ਬੰਦ ਕਰ ਦਿੱਤੀਆਂ। ਲੇਕਿਨ ਉਸ ਸਮੇਂ ਜੋ ਨਾਮੀਨੇਸ਼ਨਜ਼ ਕੀਤੀਆਂ ਜਾਂਦੀਆਂ ਰਹੀਆਂ ਉਨ੍ਹਾਂ ਰਾਹੀਂ ਉਸ ਸਮੇਂ ਦੇ ਮੁੱਖ ਮੰਤਰੀ ਅਤੇ ਉਨ੍ਹਾਂ ਦੇ ਸਾਥੀਆਂ ਨੇ ਵਿਦਿਆਰਥੀਆ ਪਾਸੋਂ ਹਜ਼ਾਰਾਂ ਰੁਪਏ ਪ੍ਰਾਪਤ ਕਰਦੇ ਰਹੇ। ਮੈਂ ਤੁਹਾਨੂੰ ਇਸ ਸਬੰਧ ਵਿਚ ਇੱਕ ਮਿਸਾਲ ਦੇ ਸਕਦਾ ਹਾਂ

Original with;
Punjab Vidhan Sabha
Digitized by;
Panjab Digital Library

ਸੰਨ 1976 ਦੀ ਗੱਲ ਹੈ। ਅੰਮ੍ਰਿਤਸਰ ਮੈਡੀਕਲ ਕਾਲਜ ਵਿੱਚ ਇਕ ਨਾਮੀਨੇਸ਼ਨ ਹੋਣ ਵਾਲੀ ਸੀਟ ਖਾਲ੍ਹੀ ਸੀ। ਮੇਰਾ ਇਕ ਡਾਕਟਰ ਦੋਸਤ ਹੈ। ਉਸ ਦੀ ਲੜਕੀ ਨੇ ਉਸ ਮੈਡੀਕਲ ਕਾਲਜ ਵਿਚ ਦਾਖਲਾ ਲੈਣਾ ਸੀ। ਉਹ ਮੈਨੂੰ ਕਹਿਣ ਲੱਗਾ ਕਿ ਕੁਝ ਉਪਰਾਲਾ ਕਰੋ। ਮੈਂ ਕਿਹਾ ਕਿ ਕਿ ਆਪਾਂ ਕੋਈ ਉਪਰਾਲਾ ਨਹੀਂ ਕਰ ਸਕਦੇ, ਕਿਉਂਕਿ ਅਪੋਜ਼ੀਸ਼ਨ ਵਿੱਚ ਹਾਂ। ਸਾਡੀ ਕਿਸੇ ਨੇ ਨਹੀਂ ਸੁਣਨੀ। ਹੁਣ ਤਾਂ ਜ਼ੋਰ ਪਵਾ ਕੇ ਹੀ ਨਾਮੀਨੇਸ਼ਨ ਵਾਲੀ ਸੀਟ ਮਿਲ ਸਕਦੀ ਹੈ। ਉਸ ਨੇ ਉਸ ਸਮੇਂ ਦੇ ਮੁੱਖ ਮੰਤਰੀ ਦੇ ਇੱਕ ਦਲਾਲ ਨੂੰ ਲਭਿਆ ਅਤੇ ਉਸ ਨੂੰ ਕਿਹਾ ਕਿ ਮੈਂ ਇਹ ਨਾਮੀਨੇਸਨ ਆਪਣੀ ਲੜਕੀ ਲਈ ਹਾਸਲ ਕਰਨ ਵਾਸਤੇ 40,000 ਰੁਪਿਆ ਦੇਣ ਵਾਸਤੇ ਤਿਆਰ ਹਾਂ। ਉਸ ਦਲਾਲ ਨੇ ਕਿਹਾ ਕਿ ਤੂੰ ਤਾਂ 40,000 ਰੁਪਏ ਦੇ ਰਿਹਾ ਹੈ। ਕੱਲ ਹੀ ਇਕ ਕਰਨਲ ਆਇਆ ਸੀ ਅਤੇ ਉਹ ਆਪਣੀ ਲੜਕੀ ਦਾਖਲ ਕਰਵਾਉਣ ਵਾਸਤੇ 50,000 ਰੁਪਏ ਦੇ ਗਿਆ ਹੈ। ਇਸ ਗੱਲ ਤੋਂ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਉਸ ਸਮੇਂ ਮੈਡੀਕਲ ਕਾਲਜਾਂ ਵਿੱਚ ਸਰਕਾਰ ਵਲੋਂ ਨਾਮੀਨੇਸ਼ਨਜ਼ ਕੀਤੀਆਂ ਜਾਂਦੀਆਂ ਰਹੀਆਂ ਉਨ੍ਹਾਂ ਰਾਹੀਂ ਉਸ ਸਮੇਂ ਦੀ ਸਰਕਾਰ ਲੱਖਾਂ ਰੁਪਏ ਰਿਸ਼ਵਤ ਵੱਜੋਂ ਪ੍ਰਾਪਤ ਕਰਦੀ ਰਹੀ, ਇਥੇ ਹੀ ਬੱਸ ਨਹੀਂ ਉਸ ਸਮੇਂ ਬੀ. ਐਡ. ਦੀਆਂ ਕਲਾਸਾਂ ਵਿੱਚ ਦਾਖਲਾ ਦਿੱਤਾ ਜਾਂਦਾ ਰਿਹਾ। ਜੇ ਬੀ. ਟੀ. ਦੀਆਂ ਕਲਾਸਾਂ ਵਿੱਚ ਜੋ ਦਾਖਲਾ ਦਿੱਤਾ ਜਾਂਦਾ ਰਿਹਾ ਉਹ ਮੈਰਿਟ ਨੂੰ ਉਕਾ ਹੀ ਨਜ਼ਰ ਅੰਦਾਜ਼ ਕਰਦੇ ਸਨ ਅਤੇ ਕੇਵਲ ਰੁਪਏ ਦੇ ਕੇ ਹੀ ਉਨ੍ਹਾਂ ਕਲਾਸਾਂ ਵਿੱਚ ਉਸ ਸਮੇਂ ਵਿਦਿਆਰਥੀਆਂ ਨੂੰ ਦਾਖਲੇ ਮਿਲਦੇ ਸਨ। ਮੈਂ ਸਮਝਦਾ ਹਾਂ ਕਿ ਸਾਡੀ ਸਰਕਾਰ ਨੇ ਇਹ ਬਹੁਤ ਹੀ ਸ਼ਲਾਘਾਯੋਗ ਕੰਮ ਕੀਤਾ ਹੈ, ਜੋ ਉਨ੍ਹਾਂ ਨੇ ਮੈਡੀਕਲ ਕਾਲਜਾਂ ਵਿੱਚ, ਬੀ. ਐਡ. ਦੀਆਂ ਕਲਾਸਾਂ ਵਿੱਚ ਅਤੇ ਜੇ. ਬੀ. ਟੀ. ਦੀਆਂ ਕਲਾਸਾਂ ਵਿੱਚ ਨਾਮੀਨੇਸ਼ਨ ਬੰਦ ਕਰ ਦਿੱਤੀਆਂ ਹਨ। ਅੱਜ ਜਿਤਨੇ ਵੀ ਇਹ ਅਦਾਰੇ ਹਨ ਜਿਥੇ ਵਿਦਿਆਰਥੀਆਂ ਨੇ ਐਡਮਿਸ਼ਨ ਲੈਣੀ ਹੁੰਦੀ ਹੈ ਉਥੇ ਹੁਣ ਕੇਵਲ ਮੈਰਿਟ ਨੂੰ ਮੁੱਖ ਰੱਖ ਕੇ ਹੀ ਐਡਮਿਸ਼ਨ ਦਿੱਤੀ ਜਾਂਦੀ ਹੈ। ਮੈਂ ਡਿਪਟੀ ਸਪੀਕਰ ਸਾਹਿਬ, ਨਿਰਸੰਦੇਹ ਇਹ ਗੱਲ ਕਹਿ ਸਕਦਾ ਹਾਂ ਕਿ ਕਾਂਗਰਸ ਰਾਜ ਦੇ ਸਮੇਂ ਪੰਜਾਬ ਅੰਦਰ ਕੁਰੱਪਸ਼ਨ ਦੇ ਦਰਿਆ ਵੱਗਦੇ ਰਹੇ। ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਮੈਡੀਕਲ ਕਾਲਜ ਆਪਣੇ ਕੰਟਰੋਲ ਅਧੀਨ ਲੈ ਕੇ ਸਰਕਾਰ ਨੇ ਉਨ੍ਹਾਂ ਵਿਦਿਆਰਥੀਆਂ ਦੇ ਹਿੱਤਾਂ ਨੂੰ ਮੁੱਖ ਰਖਣ ਦਾ ਯਤਨ ਕੀਤਾ ਹੈ ਜੋ ਕਿ ਡਾਕਟਰੀ ਵਿਦਿਆ ਪ੍ਰਾਪਤ ਕਰਨ ਵਾਸਤੇ ਇਸ ਮੈਡੀਕਲ ਕਾਲਜ ਵਿੱਚ ਦਾਖਲਾ ਲੈਣਾ ਚਾਹੁੰਦੇ ਹਨ। ਮੈਂ ਇਸ ਸਬੰਧ ਵਿਚ ਥੋੜੇ ਜਿਹੇ ਸੁਝਾਓ ਦਿਆਂਗਾ ਅਤੇ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਇਨ੍ਹਾਂ ਸੁਝਾਵਾਂ ਨੂੰ ਜ਼ਰੂਰ ਮੁੱਖ ਰਖਣ। ਡਿਪਟੀ ਸਪੀਕਰ ਸਾਹਿਬ, ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਪਿਛਲੇ ਟਰੱਸਟੀਆਂ ਨੇ ਇਸ ਕਾਲਜ ਵਿਚ ਬੜੀ ਭਾਰੀ ਹੇਰਾਫੇਰੀ ਕੀਤੀ ਹੈ। ਲੱਖਾਂ ਰੁਪਿਆਂ ਦਾ ਗਬਨ ਕੀਤਾ ਹੈ। ਜੋ ਰੁਪਏ ਪੰਜਾਬ ਦੇ ਖ਼ਜ਼ਾਨੇ ਵਿਚੋਂ ਦਿੱਤੇ ਗਏ ਸਨ, ਉਨ੍ਹਾਂ ਨੂੰ ਮਿਸਯੂਟੀਲਾਈਜ਼ ਕੀਤਾ ਹੈ। ਬੜੀ ਭਾਰੀ ਬੇਸਿਕ ਮਿੱਸਐਪ੍ਰੋਪਰੀਏਸ਼ਨ ਹੋਈ ਹੈ। ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਜਿਹੜੀ ਸਾਬਕਾ ਟਰੱਸਟੀਆਂ ਨੇ ਹੇਰਾ ਫੇਰੀ ਕੀਤੀ ਹੈ ਉਸ ਦੀ ਇਨਕੁਆਇਰੀ ਕੀਤੀ ਜਾਵੇ। ਮੈਂ ਹੋਰ ਵੀ ਬੇਨਤੀ ਕਰੂੰਗਾ ਕਿ ਉਸ ਕਾਲਜ ਵਿਚ ਉਸ ਸਮੇਂ ਜੋ ਪ੍ਰੋਫੈਸਰ ਰੱਖੇ ਗਏ ਸਨ ਉਨ੍ਹਾਂ ਦੀ ਯੋਗਤਾ ਨੂੰ ਮੁੱਖ ਰੱਖਦੇ ਹੋਏ ਉਨ੍ਹਾਂ ਨੂੰ ਉਥੇ ਨਹੀਂ ਸੀ ਰੱਖਿਆ ਬਲਕਿ ਕਈ ਹਾਲਤਾਂ ਵਿਚ ਅਨਕੁਆਲੀਫਾਈਡ ਪ੍ਰੋਫੈਸਰਾਂ ਨੂੰ ਰੱਖਿਆ ਗਿਆ ਸੀ। ਹੁਣ ਜਦ ਕਿ ਸਰਕਾਰ ਦਾ ਕੰਟਰੋਲ ਹੋ ਗਿਆ ਹੈ, ਉਸ ਕਾਲਜ ਨੂੰ ਸਰਕਾਰ ਦੇ ਕੰਟਰੋਲ ਵਿਚ ਲਿਆਂਦਾ ਗਿਆ ਹੈ। ਮੈਂ ਬੇਨਤੀ ਕਰਾਂਗਾ ਕਿ ਜੋ ਵੀ ਡਾਕਟਰ ਜਾਂ ਪ੍ਰੋਫੈਸਰ ਉਥੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਨੱਥਾ ਸਿੰਘ ਦਾਲਮ]

ਹਨ ਉਨ੍ਹਾਂ ਦੀ ਯੋਗਤਾ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ। ਯੋਗਤਾ ਨੂੰ ਵੇਖਣਾ ਚਾਹੀਦਾ ਹੈ ਕਿ ਕਿਹੜੇ ਕੁਆਲੀਫਾਈਡ ਹਨ ਜਾਂ ਨਹੀਂ ਕਿਉਂਕਿ ਉਥੇ ਲੜਕਿਆਂ ਨੇ ਮੈਡੀਕਲ ਵਿੱਦਿਆ ਪ੍ਰਾਪਤ ਕਰਨੀ ਹੈ। ਜੇਕਰ ਡਾਕਟਰ ਔਰ ਟੀਚਰ ਉਥੇ ਫੁੱਲੀ ਕੁਆਲੀਫਾਈਡ ਨਹੀਂ ਹੋਣਗੇ, ਯੋਗ ਨਹੀਂ ਹੋਣਗੇ ਤਾਂ ਬੱਚੇ ਚੰਗੀ ਮੈਡੀਕਲ ਐਜੂਕੇਸ਼ਨ ਪ੍ਰਾਪਤ ਨਹੀਂ ਕਰ ਸਕਣਗੇ। ਮੈਂ ਹੋਰ ਵੀ ਬੇਨਤੀ ਕਰੂੰਗਾ ਕਿ ਜੋ ਲੈਣੀਆਂ-ਦੇਣੀਆਂ ਹਨ, ਜੋ ਲਾਇਬਿਲੀਟੀਜ਼ ਪਿਛਲੇ ਟਰੱਸਟੀਜ਼ ਦੇ ਹਵਾਲੇ, ਚਾਹੇ ਬਿਲਡਿੰਗ ਦੇ ਰੂਪ ਵਿਚ ਹੋਣ, ਚਾਹੇ ਡਾਇਲਾਗ ਦੇ ਰੂਪ ਵਿਚ ਹੋਣ, ਚਾਹੇ ਨਕਦੀ ਦੇ ਰੂਪ ਵਿਚ ਹੋਣ, ਉਹ ਸਾਰੀਆਂ ਹੀ ਮੰਤਰੀ ਜੀ ਨੂੰ ਹਾਸਿਲ ਕਰ ਲੈਣੀਆਂ ਚਾਹੀਦੀਆਂ ਹਨ ਤਾਕਿ ਉਹ ਕਾਲਜ ਦੀ ਪ੍ਰਾਪਰਟੀ ਕਾਲਜ ਦੇ ਹਵਾਲੇ ਕੀਤੀ ਜਾ ਸਕੇ।

ਡਿਪਟੀ ਸਪੀਕਰ ਸਾਹਿਬ, ਆਪ ਜੀ ਦੀ ਰਾਹੀਂ ਮੈਂ ਇਕ ਹੋਰ ਬੇਨਤੀ ਕਰੂੰਗਾ ਕਿ ਮੰਤਰੀ ਜੀ ਨੂੰ ਵੀ ਇਸ ਗੱਲ ਦਾ ਪਤਾ ਹੈ ਕਿ ਪੰਜਾਬ ਦੇ ਬਹੁਤ ਸਾਰੇ ਵਿਦਿਆਰਥੀ ਮੈਡੀਕਲ ਕਾਲਜਾਂ ਵਿਚ ਦਾਖਲਾ ਹਾਸਲ ਕਰਨ ਦੇ ਚਾਹਵਾਨ ਦਾਖਲੇ ਤੋਂ ਰਹਿ ਜਾਂਦੇ ਹਨ। ਉਹ ਇਸ ਕਰਕੇ ਕਿ ਮੈਡੀਕਲ ਕਾਲਜ ਵਿਚ ਸੀਟਾਂ ਬਹੁਤ ਥੋੜ੍ਹੀਆਂ ਹਨ। ਅੱਜ ਜੋ ਪੰਜਾਬ ਦੇ ਅੰਦਰ ਮੈਡੀਕਲ ਕਾਲਿਜ ਹਨ ਉਨ੍ਹਾਂ ਅੰਦਰ ਸੀਟਾਂ ਘੱਟ ਹੋਣ ਕਰਕੇ ਵਿਦਿਆਰਥੀਆਂ ਨੂੰ ਦਾਖਲਾ ਨਹੀਂ ਮਿਲਦਾ ਅਤੇ ਉਹ ਮਾਯੂਸ ਹੋ ਜਾਂਦੇ ਹਨ। ਇਸ ਕਰਕੇ ਮੈਂ ਪੰਜਾਬ ਸਰਕਾਰ ਨੂੰ ਕਹਾਂਗਾ ਕਿ ਪੰਜਾਬ ਦੇ ਵਿਦਿਆ-ਰਥੀਆਂ ਦੀ ਵੱਧਦੀ ਲੋੜ ਨੂੰ ਮੁੱਖ ਰਖਦੇ ਹੋਏ ਮੈਡੀਕਲ ਕਾਲਜਾਂ ਵਿਚ ਵਧੇਰੇ ਸੀਟਾਂ ਪ੍ਰੋਵਾਈਡ ਕਰਨੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਹੀ ਮੈਂ ਇਕ ਹੋਰ ਵੀ ਬੇਨਤੀ ਕਹਾਂਗਾ ਕਿ ਜਦੋਂ ਦਾਖਲੇ ਦਾ ਸਮਾਂ ਹੁੰਦਾ ਹੈ ਤਾਂ ਸਾਡੇ ਪੰਜਾਬ ਦੇ ਵਿਦਿਆਰਥੀ ਮੈਰਿਟ ਵਿਚ ਨਹੀਂ ਆ ਸਕਦੇ। ਉਸ ਦਾ ਕਾਰਣ ਇਹ ਹੈ ਕਿ ਪੰਜਾਬ ਤੋਂ ਬਾਹਰਲੇ ਸੂਬਿਆਂ ਵਿਚੋਂ ਵਿਦਿਆਰਥੀ ਮੈਰਿਟ ਤੇ ਆ ਜਾਂਦੇ ਹਨ, ਕਿਉਂਕਿ ਉਹ ਵਧੇਰੇ ਨੰਬਰ ਲੈ ਕੇ ਆਉਂਦੇ ਹਨ। ਖਾਸ ਤੌਰ ਤੇ ਰਾਜਸਥਾਨ ਦੀ ਯੂਨੀਵਰਸਿਟੀ ਹੈ। ਜਿਹੜੇ ਉਨ੍ਹਾਂ ਦੇ ਪ੍ਰੀ-ਮੈਡੀਕਲ ਦੇ ਵਿਦਿਆਰਥੀ ਹਨ ਉਨ੍ਹਾਂ ਨੂੰ ਬੜੇ ਲਿਬਰਲੀ ਮਾਰਕਸ ਦਿੱਤੇ ਜਾਂਦੇ ਹਨ। ਚੂੰਕਿ ਉਨ੍ਹਾਂ ਦੇ ਨੰਬਰ ਵਧ ਹੁੰਦੇ ਹਨ, ਇਸ ਕਰਕੇ ਸਾਡੇ ਪੰਜਾਬ ਦੇ ਲੜਕੇ ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਦੇ। ਮੈਰਿਟ ਉਤੇ ਉਹ ਬਾਹਰਲੀ ਸਟੇਟ ਦੇ ਲੜਕੇ ਆ ਜਾਂਦੇ ਹਨ। ਇਸ ਨਾਲ ਪੰਜਾਬ ਦੇ ਲੜਕਿਆਂ ਵਿਚ ਮਾਯੂਸੀ ਪੈਦਾ ਹੁੰਦੀ ਹੈ। ਮੈਂ ਇਹ ਵੀ ਬੇਨਤੀ ਕਰੂੰਗਾ ਕਿ ਸਰਕਾਰ ਨੂੰ ਕੋਈ ਐਸਾ ਤਰੀਕਾ ਕੱਢਣਾ ਚਾਹੀਦਾ ਹੈ ਜਿਸ ਨਾਲ ਕਿ ਪੰਜਾਬ ਦੇ ਚਾਹਵਾਨ ਵਿਦਿਆਰਥੀ ਮੈਡੀਕਲ ਕਾਲਜਾਂ ਵਿਚ ਦਾਖਲਾ ਪ੍ਰਾਪਤ ਕਰ ਸਕਣ। ਚੂੰਕਿ ਦਸਰੀਆਂ ਸਟੇਟਸ ਵਿਚੋਂ ਵਿਦਿਆਰਥੀ ਜ਼ਿਆਦਾ ਨੰਬਰ ਲੈ ਕੇ ਆਉਂਦੇ ਹਨ, ਉਥੇ ਦੀਆਂ ਯੂਨੀਵਰਸਿਟੀਆਂ ਨਾਲ ਮਿਲ ਕੇ ਉਹ ਜ਼ਿਆਦਾ ਨੰਬਰ ਲੈ ਆਉਂਦੇ ਹਨ, ਇਸ ਲਈ ਸਾਡੇ ਵਿਦਿਆਰਥੀਆਂ ਦੇ ਹੱਕਾਂ ਦੀ ਰਾਖੀ ਨਹੀਂ ਹੁੰਦੀ। ਇਸ ਲਈ ਮੈਂ ਇਹ ਬੇਨਤੀ ਕਰਾਂਗਾ ਕਿ ਸਰਕਾਰ ਕੋਈ ਐਸਾ ਤਰੀਕਾ ਕੱਢੇ ਜਿਸ ਨਾਲ ਕਿ ਸਾਡੇ ਵਿਦਿਆਰਥੀਆਂ ਦੇ ਹੱਕ ਮਹਿਫ਼ੂਜ਼ ਰਹਿ ਸਕਣ, ਸਾਡੇ ਵਿਦਿਆਰਥੀਆਂ ਦੇ ਬਾਹਰਲੇ ਵਿਦਿਆਰਥੀ ਹੱਕ-ਤਲਬ ਨਾ ਕਰ ਸਕਣ।

ਡਿਪਟੀ ਸਪੀਕਰ ਸਾਹਿਬ, ਮੈਂ ਵਧੇਰੇ ਸਮਾਂ ਨਾ ਲੈਂਦਾ ਹੋਇਆ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ ਜੋ ਉਨ੍ਹਾਂ ਨੇ ਇਹ ਬਿੱਲ ਪੇਸ਼ ਕਰਕੇ ਪੰਜਾਬ ਦੇ ਵਿਦਿਆਰਥੀਆਂ ਦੇ ਹਿੱਤਾਂ ਦੀ ਰਾਖੀ ਕਰਨ ਦਾ ਯੱਤਨ ਕੀਤਾ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਇਸ ਬਿੱਲ ਦੇ ਪਾਸ ਹੋਣ ਤੋਂ ਬਾਅਦ ਪੰਜਾਬ ਦੇ ਜਿਹੜੇ ਮੈਡੀਕਲ ਦੇ ਵਿਦਿਆਰਥੀ ਹਨ ਉਨ੍ਹਾਂ ਨੂੰ ਵਧੇਰੇ ਸਹੂਲਤਾਂ ਮਿਲਣਗੀਆਂ। ਔਰ ਚਗੀ

Original with;
Punjab Vidhan Sabha
Digitized by;
Panjab Digital Library

ਵਿਦਿਆ ਪ੍ਰਾਪਤ ਕਰਕੇ ਇਸ ਕਾਲਜ ਦੇ ਵਿਚੋਂ ਨਿਕਲਣਗੇ ਅਤੇ ਇਕੱਲੇ ਪੰਜਾਬ ਦੇ ਹੀ ਨਹੀਂ ਬਲਿਕ ਸਾਰੇ ਹਿੰਦੁਸਤਾਨ ਦੇ ਲੋਕਾਂ ਦੀ ਸੇਵਾ ਕਰ ਸਕਣਗੇ । ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

**ਸਰਦਾਰ ਮਨਮੋਹਨ ਸਿੰਘ ਬਰਾੜ** (ਫਰੀਦਕੋਟ) : ਡਿਪਟੀ ਸਪੀਕਰ ਸਾਹਿਬ, ਮੈਂ ਫਰੀਦਕੋਟ ਦਾ ਨੁਮਾਇੰਦਾ ਹੋਣ ਦੇ ਨਾਤੇ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਦੇ ਬਿੱਲ ਦੀ ਪ੍ਰੋੜਤਾ ਕਰਨ ਵਾਸਤੇ ਖੜਾ ਹੋਇਆ ਹਾਂ । ਮੈਂ ਸਭ ਤੋਂ ਪਹਿਲਾਂ ਸਰਦਾਰ ਆਤਮਾ ਸਿੰਘ ਜੀ , ਸਰਦਾਰ ਜਸਵਿੰਦਰ ਸਿੰਘ ਬਰਾੜ ਜੀ ਅਤੇ ਅਪਣੇ ਨੇਤਾ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਇਸ ਕਾਲਜ ਨੂੰ ਲੁਟੇਰਿਆਂ ਦੇ ਪਾਸੋਂ ਲੈ ਲਿਆ ਹੈ, ਜਿਨ੍ਹਾਂ ਨੇ ਜਨਤਾ ਦੇ ਪੈਸੇ ਨੂੰ, ਵਿਦਿਆਰਥੀਆਂ ਦੇ ਪੈਸੇ ਨੂੰ ਲੁੱਟਿਆ ਹੈ। ਸਰਦਾਰ ਨੱਥਾ ਸਿੰਘ ਜੀ ਨੇ ਇਸ ਕਾਲਜ ਦਾ ਪਛੋਕੜ ਦੱਸਿਆ ਹੈ। ਸੱਭ ਤੋਂ ਪਹਿਲਾਂ ਇਹ ਕਾਲਜ ਪਟਨੇ ਵਿਚ ਸ਼ੁਰੂ ਹੋਇਆ ਸੀ ਇਕ ਵਿਦਿਅਕ ਸੰਸਥਾ ਦੇ ਰੂਪ ਵਿਚ। ਉਥੇ ਦੀ ਬਿਹਾਰ ਗੌਰਮਿੰਟ ਨੇ ਜਦੋਂ ਵੇਖਿਆ ਕਿ ਇਹ ਲੁਟੇਰੇ ਹਨ, ਉਸ ਨੇ ਇਸ ਕਾਲਜ ਨੂੰ ਬਦ ਕਰਵਾ ਦਿੱਤਾ । ਫਿਰ ਇਹ ਕਾਲਜ ਫਰੀਦਾਬਾਦ ਸ਼ੁਰੂ ਹੋਇਆ । ਉਥੋਂ ਵੀ ਬੰਦ ਕਰ ਦਿੱਤਾ ਗਿਆ । ਸੀ. ਬੀ. ਆਈ. ਨੇ ਇਨਕੁਆਰੀ ਕੀਤੀ ਜਿਸ ਦਾ ਰਿਜ਼ਲਟ ਪਤਾ ਨਹੀਂ ਕੀ ਹੋਇਆ ਹੈ। ਉਸ ਤੋਂ ਬਾਅਦ ਸੈਂਟਰਲ ਗੌਰਮਿੰਟ ਦੇ ਕਹਿਣ ਤੇ ਸਾਬਕਾ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਜੀ ਨੇ ਇਹ ਕਾਲਜ ਫਰੀਦਕੋਟ ਵਿਚ ਲੈ ਆਂਦਾ । ਮੈਂ ਇਸ ਦੇ ਵਾਸਤੇ ਉਨ੍ਹਾਂ ਦਾ ਵੀ ਧੰਨਵਾਦ ਕੀਤੇ ਬਗੈਰ ਨਹੀਂ ਰਹਿ ਸਕਦਾ ਜਿਨ੍ਹਾਂ ਨੇ ਕਿ ਕਾਲਜ ਇਥੇ ਲਿਆਂਦਾ ਹੈ। ਪਰ, ਡਿਪਟੀ ਸਪੀਕਰ ਸਾਹਿਬ, ਮੈਨੂੰ ਦੁੱਖ ਹੈ ਕਿ ਅਸੀਂ ਸਮਝਦੇ ਸਾਂ ਕਿ ਸ਼ਾਇਦ ਉਹ ਫਰੀਦਕੋਟ ਨਾਲ ਵਾਕਈ ਹਮਦਰਦੀ ਕਰਦੇ ਹਨ ਜਿਹੜਾ ਕਿ ਇਹ ਕਾਲਜ ਉਥੇ ਲੈ ਗਏ ਹਨ । ਪਰ ਸਿੱਟਾ ਇਸ ਦੇ ਉਲਟ ਨਿਕਲਿਆ । 21/22 ਮਈ, 1973 ਨੂੰ ਖਰੜ ਵਿਚ ਇਕ ਡੀਡ ਹੋਇਆ ਜਿਸ ਵਿਚ ਕਿ ਕਾਲਜ ਦੇ ਟਰੱਸਟ ਦਾ ਚੇਅਰਮੈਨ ਗਿਆਨੀ ਜ਼ੈਲ ਸਿੰਘ ਨੂੰ ਬਣਾਇਆ ਗਿਆ, ਸ੍ਰੀ ਹੰਸ ਰਾਜ ਸ਼ਰਮਾ ਨੂੰ ਮੈਂਬਰ ਬਣਾਇਆ ਗਿਆ, ਸਰਦਾਰ ਮੁਹਿੰਦਰ ਸਿੰਘ ਗਿੱਲ ਮੈਂਬਰ ਬਣੇ ਤੇ ਐਕਸ ਐਮ. ਪੀ. ਕਪੂਰ ਸਾਹਿਬ ਨੂੰ ਸੈਕਟਰੀ ਬਣਾਇਆ ਗਿਆ । ਡਿਪਟੀ ਸਪੀਕਰ ਸਾਹਿਬ, ਇਹ ਕਿਤਨੀ ਹਾਸੋਹੀਣੀ ਗੱਲ ਹੈ ਕਿ 1,100 ਰੁਪਏ ਨਾਲ ਉਹ ਕਾਲਜ ਸ਼ੁਰੂ ਹੋਇਆ । ਉਸ ਤੋਂ ਬਾਅਦ ਸਰਕਾਰੀ ਫੰਡ ਦੀ ਗਲਤ ਵਰਤੋਂ ਕੀਤੀ ਗਈ। ਸਰਕਾਰੀ ਫੰਡ ਇਹ ਹੈ ਕਿ 15 ਲੱਖ ਪਹਿਲੇ ਸਾਲ, ਫਿਰ 38 ਲੱਖ ਤੇ ਫਿਰ 20 ਲੱਖ ਰੁਪਿਆ ਸਰਕਾਰ ਨੇ ਦਿੱਤਾ । ਇਸ ਤਰ੍ਹਾਂ ਇਹ ਕੁੱਲ ਰਕਮ 93 ਲੱਖ ਹੋ ਗਈ । ਤਿੰਨ ਚਾਰ ਸਾਲਾਂ ਵਿਚ ਹੀ ਸਰਕਾਰ ਨੇ ਏਡ ਦਿੱਤੀ । ਉਸ ਤੋਂ ਬਾਅਦ 68 ਲੱਖ ਰੁਪਿਆ ਮਾਰਕਿਟ ਕਮੇਟੀਆਂ ਤੋਂ ਵਸੂਲ ਕੀਤਾ ਗਿਆ ਔਰ ਇਸ ਮੈਡੀਕਲ ਕਾਲਜ ਨੂੰ ਦਿਤਾ, 18 ਲੱਖ ਲੋਕਾਂ ਤੋਂ ਗਿਆਨੀ ਜੀ ਨੇ ਇਕੱਠਾ ਕੀਤਾ । ਲੇਕਿਨ ਇਨ੍ਹਾਂ ਚਾਰ ਪੰਜ ਸਾਲਾਂ ਵਿਚ ਕੀ ਕੁਝ ਉਥੇ ਬਣਿਆ ਹੈ ਉਹ ਵੀ ਮੈਂ ਦਸਦਾ ਹਾਂ। ਮੈਂ ਉਥੋਂ ਦਾ ਸ਼ਹਿਰੀ ਹਾਂ ਔਰ ਮੈਨੂੰ ਪਤਾ ਹੈ ਕਿ ਉਸ ਕਾਲਜ ਦਾ ਫੱਟਾ ਕਦੇ ਇਸ ਸੜਕ ਤੇ ਹੁੰਦਾ ਸੀ ਅਤੇ ਕਦੇ ਉਸ ਸੜਕ ਤੇ ਹੁੰਦਾ ਸੀ ਲੇਕਿਨ 68 ਲੱਖ ਰੁਪਿਆ ਜਿਹੜਾ ਮਾਰਕਿਟ ਕਮੇਟੀਆਂ ਤੋਂ ਇਕੱਠਾ ਕੀਤਾ, ਹਾਈਕੋਰਟ ਦੀ ਰੂਲਿੰਗ ਤੋਂ ਬਾਅਦ ਸਰਕਾਰ ਨੇ ਉਨ੍ਹਾਂ ਨੂੰ ਵਾਪਸ ਕੀਤਾ । ਸਰਕਾਰ ਨੂੰ ਉਹ ਰੁਪਿਆ ਵਾਪਸ ਦੇਣਾ ਪਿਆ । ਡਿਪਟੀ ਸਪੀਕਰ ਸਾਹਿਬ, ਫਿਰ ਦਾਖਲੇ ਦੀ ਗੱਲ ਵੀ ਵੇਖ ਲਵੋ : ਸੰਨ 1971-72 ਵਿਚ 170 ਮੁੰਡੇ ਦਾਖਲ ਹੋਏ ਸਨ ਔਰ ਦੱਸ ਇਨ੍ਹਾਂ ਨੇ ਨਾਮੀਨੇਟ ਕੀਤੇ ਸਨ। ਇਸ ਤਰ੍ਹਾਂ 180 ਲੜਕੇ ਸਨ। ਸੰਨ 1974-75 ਵਿਚ ਐਡਮਿਸ਼ਨ ਬੰਦ ਰਹੀ ਹੈ ਔਰ ਜਿਹੜੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਮਨਮੋਹਨ ਸਿੰਘ ਬਰਾੜ]

ਬੱਚੇ ਦਾਖਲ ਹੋਏ ਹੋਏ ਸਨ ਉਨ੍ਹਾਂ ਨੂੰ ਦੋ ਦੋ ਤਿੰਨ ਤਿੰਨ ਸਾਲ ਵਾਧੂ ਲਾਉਣੇ ਪਏ । ਡਿਪਟੀ ਸਪੀਕਰ ਸਾਹਿਬ, ਸੰਨ 1976 ਦੇ ਵਿਚ ਫਿਰ ਟਰੱਸਟ ਦੇ ਮੈਂਬਰ ਇਕੱਠੇ ਹੋਏ ਔਰ ਫਿਰ ਦਾਖਲਾ ਸ਼ੁਰੂ ਕੀਤਾ । 20-22 ਹਜ਼ਾਰ ਰੁਪਿਆ ਪੰਜ ਸਾਲਾਂ ਦਾ ਲੈਣਾ ਸ਼ੁਰੂ ਕੀਤਾ ਔਰ ਚਾਰ ਚਾਰ ਹਜ਼ਾਰ ਦੀ ਰਸੀਦ ਕੱਟੀ ਗਈ । ਲੇਕਿਨ ਜੋ ਬਿਲਡਿੰਗਾਂ ਦੀ ਹਾਲਤ ਰਹੀ ਹੈ ਉਹ ਵੀ ਮੈਨੂੰ ਪਤਾ ਹੈ । ਇਤਨਾ ਇਤਨਾ ਪੈਸਾ ਲੈਣ ਦੇ ਬਾਵਜੂਦ ਵੀ ਚਾਰ ਪੰਜ ਥਾਵਾਂ ਤੇ ਕਿਤੇ ਕੋਈ ਆਈ. ਟੀ. ਆਈ. ਦੀ ਬਿਲਡਿੰਗ ਦੇ ਵਿੱਚ ਵੱਖਰੇ ਵੱਖਰੇ ਵਿੰਗ ਵੱਖਰੀਆਂ ਵੱਖਰੀਆਂ ਥਾਵਾਂ ਤੇ ਖੋਲ੍ਹੇ ਗਏ । ਕਰੋੜਾਂ ਰੁਪਏ ਦਾ ਹਿਸਾਬ ਕਿਸੇ ਪਾਸੇ ਅੱਜੇ ਵੀ ਨਹੀਂ ਲਗਾ । ਜਿਸ ਤਰ੍ਹਾਂ ਮੇਰੇ ਵੀਰ ਨਥਾ ਸਿੰਘ ਨੇ ਦਸਿਆ ਹੈ, ਇਸ ਦੀ ਇਨਕੁਆਰੀ ਕਰਾਉਣੀ ਬਹੁਤ ਜ਼ਰੂਰੀ ਹੈ। ਸੋ ਇਸ ਕਿਸਮ ਦੀਆਂ ਗੱਲਾਂ ਉਸ ਵੇਲੇ ਹੁੰਦੀਆਂ ਰਹੀਆਂ ਹਨ । ਜਿਸ ਵੇਲੇ ਐਮਰਜੰਸੀ ਲਗੀ ਹੋਈ ਸੀ ਤਾਂ ਗਿਆਨੀ ਜੀ ਨੇ ਆਪਣੀਆਂ ਮਨਮਰਜ਼ੀਆਂ ਕੀਤੀਆਂ। ਅਤੇ ਅੱਜ ਉਹ ਹਾਈਕੋਰਟ ਵਿਚ ਐਂਟੀਸੀਪੇਟਰੀ ਜ਼ਮਾਨਤ ਕਰਵਾ ਰਹੇ ਹਨ । ਹੁਣ ਜਦੋਂ ਦੀ ਗਿਆਨੀ ਦੀ ਸਰਕਾਰ ਗਈ ਹੈ, ਇਨ੍ਹਾਂ ਨੇ, (ਸੀ. ਪੀ. ਆਈ. ਬੈਂਚਿਜ਼ ਵਲ ਇਸ਼ਾਰਾ) ਜਿਹੜੇ ਅੱਜ ਬੈਂਚਾਂ ਤੇ ਨਹੀਂ ਬੇਠੇ ਔਰ ਇਨ੍ਹਾਂ ਦੇ ਸਾਥੀ ਕਾਂਗਰਸੀਆਂ ਨੇ ਵੀ ਫਰੀਦਕੋਟ ਵਿਚ ਇਹ ਪਰਚਾਰ ਕਰਨਾ ਸ਼ੁਰੂ ਕਰ ਦਿੱਤਾ, ਉਨ੍ਹਾਂ ਨੂੰ ਗੁਮਰਾਹ ਕਰਨਾ ਸ਼ੁਰੂ ਕਰ ਦਿੱਤਾ । ਇਹ ਕਿਹਾ ਗਿਆ ਕਿ ਇਸ ਮੈਡੀਕਲ ਕਾਲਜ ਨੂੰ ਕਪੂਰਥਲੇ ਬਦਲਿਆ ਜਾ ਰਿਹਾ ਹੈ। ਇਸ ਤਰ੍ਹਾਂ ਦਾ ਪਰਚਾਰ ਕੀਤਾ ਗਿਆ । ਲੇਕਿਨ ਮੈਂ ਮੁਬਾਰਕਬਾਦ ਦਿੰਦਾ ਹਾਂ ਕਿ ਬਾਦਲ ਸਾਹਿਬ ਨੇ ਫਰੀਦਕੋਟ ਦੇ ਲੋਕਾਂ ਨੂੰ ਯਕੀਨ ਦਿਵਾਇਆ ਕਿ ਇਹ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਗੁਰੂਆਂ ਦੀ ਇਸ ਧਰਤੀ ਤੇ ਹੀ ਰਹੇਗਾ, ਹੋਰ ਕਿਤੇ ਨਹੀਂ ਜਾਏਗਾ । ਇਸ ਵਾਸਤੇ ਬਾਦਲ ਸਾਹਿਬ ਨੇ ਮੁਕਤਸਰ ਅਤੇ ਫਰੀਦਕੋਟ ਵਿਚ ਕਈ ਜਲਸੇ ਕਰਕੇ ਉਥੇ ਲੋਕਾਂ ਨੂੰ ਇਸ ਦਾ ਵਿਸ਼ਵਾਸ ਦਿਵਾਇਆ । ਇਸ ਤੋਂ ਬਾਅਦ ਉਸ ਕਾਲਜ ਨੂੰ ਇਕ ਆਰਡੀਨੈਂਸ ਕਰਕੇ ਸਰਕਾਰ ਨੇ ਟੇਕਓਵਰ ਕਰ ਲਿਆ । ਟੇਕ ਓਵਰ, ਕਰਨ ਤੋਂ ਬਾਅਦ, ਇਹ ਜਿਹੜੇ ਸਾਹਮਣੇ ਬੈਠੇ ਸਾਥੀ ਹਨ, ਇਹ ਜਿਹੜਾ ਪਰਚਾਰ ਕਰਦੇ ਸਨ, ਉਨ੍ਹਾਂ ਨੂੰ ਮੂੰਹ ਦੀ ਖਾਣੀ ਪਈ । ਕਾਲਜ ਟੇਕ ਓਵਰ ਹੋਣ ਤੋਂ ਪਹਿਲਾਂ ਇਨ੍ਹਾਂ ਸਾਹਮਣੇ ਬੈਠੇ ਸਾਥੀਆਂ ਨੇ ਉਥੇ ਇਕ ਰਿਟਾਇਰਡ ਪ੍ਰਿੰਸੀਪਲ ਨੂੰ ਜਿਸ ਦੀ ਉਮਰ 65 ਸਾਲ ਦੀ ਸੀ, ਉਥੇ ਡਾਇਰੈਕਟਰ ਬਣਾ ਕੇ ਰਖਿਆ ਹੋਇਆ ਸੀ । ਪਰ ਜਿਸ ਵੇਲੇ ਇਹ ਕਾਲਜ ਟੇਕਓਵਰ ਹੋ ਗਿਆ ਤਾਂ ਉਸ ਨੂੰ ਇਹ ਪਤਾ ਲਗਾ ਸੀ ਕਿ ਹੁਣ ਉਸ ਨੇ ਚਲੇ ਜਾਣਾ ਹੈ, ਉਸ ਨੇ ਉਸ ਕਾਲਜ ਦੇ ਸਾਮਾਨ ਨੂੰ ਲੁਟਣਾ ਸ਼ੁਰੂ ਕਰ ਦਿੱਤਾ । । ਇਹ ਸਾਰੀਆਂ ਚੀਜ਼ਾਂ ਜਿਹੜੀਆਂ ਲੁਟੀਆਂ ਗਈਆਂ ਸਨ, ਸਰਦਾਰ ਆਤਮਾ ਸਿੰਘ ਦੀ ਰਹਿਨੁਮਾਈ ਵਿਚ ਉਹ ਚੀਜ਼ਾਂ ਅੱਜ ਫਿਰ ਉਥੇ ਆ ਗਈਆਂ ਹਨ।

ਹੁਣ ਮੈਂ ਵਧਾਈ ਦਿੰਦਾ ਹਾਂ ਇਸ ਸਰਕਾਰ ਨੂੰ ਜਿਸ ਨੇ 8 ਕਰੋੜ ਰੁਪਿਆ ਇਸ ਕਾਲਜ ਨੂੰ ਵੱਡਾ ਕਰਨ ਲਈ ਇਸ ਪਛੜੇ ਇਲਾਕੇ ਨੂੰ ਦਿੱਤਾ ਹੈ । ਇਹ ਇਕ ਬਹੁੱਤ ਵਡੀ ਦੇਣ ਹੈ ਇਸ ਸਰਕਾਰ ਦੀ । ਉਥੇ ਹੁਣ 500 ਬੈਡਜ਼ ਦਾ ਇਕ ਵੱਡਾ ਹਸਪਤਾਲ ਬਣਨਾ ਹੈ । ਲੇਕਿਨ ਐਨੀਆਂ ਸਹੂਲਤਾਂ ਦੇ ਬਾਵਜੂਦ ਵੀ ਇਨ੍ਹਾਂ ਸਾਹਮਣੇ ਬੈਠਣ ਵਾਲੇ ਵੀਰਾਂ ਨੇ ਲੋਕਾਂ ਦੇ ਅੰਦਰ ਗਲਤ ਫਹਿਮੀ ਪੈਦਾ ਕਰਨੀ ਨਹੀਂ ਛੱਡੀ ਅਤੇ ਕਈ ਤਰ੍ਹਾਂ ਦੀਆਂ ਗੱਲਾਂ ਇਸ ਸਰਕਾਰ ਦੇ ਖਿਲਾਫ ਹੁਣ ਤਕ ਕਰਦੇ ਹਨ। ਪਰ ਸਾਡੀ ਸਰਕਾਰ ਨੇ ਮੁਕਤਸਰ ਅਤੇ ਫਰੀਦਕੋਟ ਦੇ ਲੋਕਾਂ ਨੂੰ ਇਹ ਕਾਲਜ ਟੇਕਓਵਰ ਕਰਕੇ ਉਨ੍ਹਾਂ ਨੂੰ ਇਕ ਬਹੁਤ ਵਡੀ ਦੇਣ ਦਿੱਤੀ ਹੈ। ਇਸ ਲਈ ਮੈਂ ਉਨ੍ਹਾਂ ਨੂੰ ਵਧਾਈ ਦਿੱਤੇ ਬਿਨਾਂ ਨਹੀਂ

Original with;
Punjab Vidhan Sabha
Digitized by;
Panjab Digital Library

ਰਹਿ ਸਕਦਾ । ਪਰ ਇਸ ਦੇ ਨਾਲ ਹੀ ਮੈਂ ਇਕ ਅਰਜ਼ ਇਹ ਵੀ ਕਰਨਾ ਚਾਹੁੰਦਾ ਹਾਂ ਕਿ ਇਸ ਕਾਲਜ ਦੀ ਜਿਹੜੀ ਐਡਮਿਸ਼ਨ ਹੁਣ ਤਕ ਬੰਦ ਰਹੀ ਹੈ, ਇਸ ਲਈ ਮੈਂ ਬੇਨਤੀ ਕਰਾਂਗਾ ਕਿ ਉਹ ਐਡਮਿਸ਼ਨ ਹੁਣ 1979 ਵਾਸਤੇ ਜ਼ਰੂਰ ਖੋਲ੍ਹ ਦੇਣ ਤਾਂਕਿ ਜਿਹੜੇ ਪੰਜਾਬ ਦੇ ਸਟੂਡੈਂਟਸ ਹਨ ਉਨ੍ਹਾਂ ਨੂੰ ਕੁਝ ਫਾਇਦਾ ਹੋ ਸਕੇ।

ਇਸ ਦੇ ਨਾਲ ਹੀ ਮੈਂ ਇਕ ਹੋਰ ਗੱਲ ਦੀ ਵਧਾਈ ਦਿੰਦਾ ਹਾਂ ਕਿ ਇਸ ਕਾਲਜ ਵਿਚ ਜਿਹੜੇ ਬਾਹਰਲੇ ਸੂਬਿਆਂ ਦੇ 250 ਸਟੂਡੈਂਟਸ ਪੜ੍ਹਦੇ ਹੁੰਦੇ ਸਨ ਉਨ੍ਹਾਂ ਦੀ ਸਟੱਡੀ ਕੰਪਲੀਟ ਕਰਨ ਲਈ ਬਾਦਲ ਸਾਹਿਬ ਨੇ ਆਪ ਜਾ ਕੇ ਪੀ. ਜੀ. ਆਈ. ਵਾਲਿਆਂ ਨਾਲ ਗੱਲ ਕਰਕੇ 180 ਸਟਡੈਂਟਸ ਨੂੰ ਐਡਮਿਸ਼ਨ ਇਥੇ ਦਿਵਾਈ ਹੈ ਅਤੇ 60 ਸਟੂਡੈਂਟਸ ਉਥੇ ਪੜ੍ਹ ਰਹੇ ਹਨ । ਇਹ ਇਸ ਲਈ ਬਾਦਲ ਸਾਹਿਬ ਨੇ ਕੀਤਾ ਹੈ ਤਾਂਕਿ ਉਹ ਸਟੂਡੈਂਟਸ ਫੁਲ-ਫਲੈਜਡ ਡਾਕਟਰ ਬਣ ਸਕਣ। ਇਥੇ ਗਿਆਨੀ ਜ਼ੈਲ ਸਿੰਘ ਜੀ ਗੁਰੂ ਗੋਬਿੰਦ ਸਿੰਘ ਦੇ ਨਾਮ ਤੇ ਲੋਕਾਂ ਨੂੰ ਗੁਮਰਾਹ ਕਰਦੇ ਰਹੇ ਹਨ। ਅੱਜ ਇਹ ਜਿਹੜੇ ਮੇਰੇ ਸਾਥੀ ਗਿਆਨੀ ਜ਼ੈਲ ਸਿੰਘ ਜ਼ਿੰਦਾਬਾਦ ਦੇ ਨਾਰ੍ਹੇ ਲਾਉਂਦੇ ਹੁੰਦੇ ਸਨ, ਆਪਣੀਆਂ ਐਂਟੀਸੀਪੇਟਰੀ ਬੇਲਾਂ ਕਰਵਾ ਰਹੇ ਹਨ। ਉਨ੍ਹਾਂ ਨੇ ਆਪਣੇ ਕਾਂਗਰਸ ਰਾਜ ਦੇ ਵੇਲੇ ਜਨਤਾ ਨੂੰ ਗੁਮਰਾਹ ਕਰਨ ਵਾਸਤੇ ਗੁਰੂ ਗੋਬਿੰਦ ਸਿੰਘ ਮਾਰਗ ਬਣਵਾਇਆ ਅਤੇ ਉਸ ਤੇ ਜਲੂਸ ਕਢਿਆ। ਪਰ ਜਿਸ ਵੇਲੇ ਜਲੂਸ ਕਢਿਆ ਜਾ ਰਿਹਾ ਸੀ ** **

**ਸ੍ਰੀ ਡਿਪਟੀ ਸਪੀਕਰ :** ਇਹ ਰਿਮਾਰਕਸ ਐਕਸਪੰਜ ਕਰ ਦਿੱਤੇ ਜਾਣ।

**ਸਰਦਾਰ ਮਨਮੋਹਨ ਸਿੰਘ ਬਰਾੜ :** ਸੋ ਇਸ ਤਰ੍ਹਾਂ ਨਾਲ ਪਿਛਲੀ ਸਰਕਾਰ ਨੇ ਲੋਕਾਂ ਨੂੰ ਗੁਮਰਾਹ ਕੀਤੀ ਰੱਖਿਆ ਹੈ । ਹੁਣ ਸਾਡੇ ਬਾਦਲ ਸਾਹਿਬ ਨੇ ਆਕੇ ਲੋਕਾਂ ਨੂੰ ਇਹ ਸਹੂਲਤਾਂ ਦਿੱਤੀਆਂ ਹਨ । ਇਹ ਜਿਹੜਾ ਕਾਲਜ ਟੇਕ ਓਵਰ ਕੀਤਾ ਹੈ, ਇਹ ਇਸ ਸਰਕਾਰ ਦੀ ਬਹੁੱਤ ਵੱਡੀ ਦੇਣ ਹੈ । ਐਨਾ ਕਹਿੰਦਾ ਹੋਇਆ ਮੈਂ ਇਸ ਬਿਲ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਨਾਲ ਹੀ ਇਸ ਗੱਲ ਦੀ ਵੀ ਮੰਗ ਕਰਦਾ ਹਾਂ ਕਿ ਜਿਹੜੀ ਗੱਲ ਸਰਦਾਰ ਨੱਥਾ ਸਿੰਘ ਜੀ ਨੇ ਕਹੀ ਹੈ ਕਿ ਗਿਆਨੀ ਜ਼ੈਲ ਸਿੰਘ ਦੇ ਵੇਲੇ ਜਿਨ੍ਹਾਂ ਨੇ ਗਲਤ ਕੰਮ ਕੀਤੇ ਹਨ, ਉਨ੍ਹਾਂ ਦੀ ਜ਼ਰੂਰ ਇਨਕੁਆਇਰੀ ਕਰਵਾਉਣੀ ਚਾਹੀਦੀ ਹੈ ਅਤੇ ਸਜ਼ਾ ਦੇਣੀ ਚਾਹੀਦੀ ਹੈ।

**ਸਰਦਾਰ ਕਿਰਪਾਲ ਸਿੰਘ** (ਅੰਮ੍ਰਿਤਸਰ ਦੱਖਣ) **:** ਡਿਪਟੀ ਸਪੀਕਰ ਸਾਹਿਬ, ਜੇ ਇਸ ਵਿਚ ਮੈਂ ਆਪਣਾ ਹਿੱਸਾ ਨਾ ਪਾਵਾਂ ਤਾਂ ਮੈਨੂੰ ਬਹੁਤ ਫਿਕਰ ਰਹੇਗਾ। ਕਿਉਂਕਿ ਇਸ ਵਿਚ 3 ਲੜਕੇ ਜਿਹੜੇ ਮੇਰੇ ਆਪਣੇ ਨਜ਼ਦੀਕੀ ਹਨ ਉਨ੍ਹਾਂ ਨੇ 25,25 ਹਜ਼ਾਰ ਰੁਪਿਆ ਦੇ ਕੇ ਕਾਂਗਰਸ ਦੇ ਵੇਲੇ ਇਸ ਕਾਲਜ ਵਿਚ ਦਾਖਲਾ ਲਿਆ ਸੀ ਔਰ ਉਨ੍ਹਾਂ ਵਿਚੋਂ ਇਕ ਲੜਕੇ ਨੇ ਬਹੁਤ ਕੋਸ਼ਿਸ਼ ਕਰਕੇ ਪਾਰਲੀਮੈਂਟ ਵਿਚ ਜਾ ਜਾ ਕੇ ਔਰ ਤਕਰੀਬਨ 100 ਮੈਂਬਰਾਂ ਨੂੰ ਮਿਲਕੇ ਅੱਧਾ ਅੱਧਾ ਘੰਟਾ ਉਥੇ ਡਿਸਕਸ਼ਨ ਕਰਵਾਈ ਅਤੇ ਉਥੋਂ ਇਸ ਕਾਲਜ ਨੂੰ ਹੋਰ ਸਹੂਲਤਾਂ ਦਿਵਾਈਆਂ । ਸੈਂਟਰ ਤੋਂ ਇਹ ਹਦਾਇਤਾਂ ਆਈਆਂ ਕਿ ਇਸ ਕਾਲਜ ਨੂੰ ਇਹ ਸਹੂਲਤਾਂ ਦਿੱਤੀਆਂ ਜਾਣ। ਇਸ ਤਰ੍ਹਾਂ ਉਸ ਮੁੰਡੇ ਨੇ ਇਸ ਕਾਲਜ ਵਾਸਤੇ ਬੜੀ ਕੁਰਬਾਨੀ ਕੀਤੀ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ]

ਇਸ ਦੇ ਨਾਲ ਹੀ ਮੈਂ ਇਕ ਗੱਲ ਹੋਰ ਵੀ ਦੱਸਾਂ ਕਿ ਕਪੂਰ ਸਾਹਿਬ ਜਿਹੜੇ ਪਾਰਲੀਮੈਂਟ ਦੇ ਮੈਂਬਰ ਸਨ, ਉਨ੍ਹਾਂ ਨੇ ਫਰੀਦਕੋਟ ਵਿਚ ਇਕ ਦੁਕਾਨਦਾਰ ਦੇ 3 ਰੁਪਏ 25 ਪੈਸੇ ਦੇਣੇ ਸਨ, ਕਿਸੇ ਵੇਲੇ ਉਨ੍ਹਾਂ ਦੀ ਹਾਲਤ ਐਨੀ ਭੈੜੀ ਸੀ। ਪਰ ਹੁਣ ਜਦ ਉਹ ਉਸ ਦੁਕਾਨਦਾਰ ਨੂੰ 3 ਰੁਪਏ 25 ਪੈਸੇ ਦੇਣ ਗਏ ਤਾਂ ਉਸ ਨੇ ਇਹ ਪੈਸੇ ਨਹੀਂ ਲਏ, ਉਹ ਕਹਿੰਦਾ ਸੀ ਕਿ ਇਹ ਪੈਸੇ ਤੇਰੇ ਵਲ ਖੜ੍ਹੇ ਰਹਿਣ ਤਾਂ ਚੰਗਾ ਹੈ। ਅੱਜ ਉਹ ਦੁਕਾਨਦਾਰ ਐਨਾ ਅਮੀਰ ਹੋ ਗਿਆ ਹੈ ਕਿ ਪਿਛੇ ਉਸ ਦੀ ਇਕ ਵਾਰ ਚੋਰੀ ਹੋ ਗਈ । ਚੋਰੀ ਹੋਣ ਤੋਂ ਬਾਅਦ ਜਦੋਂ ਚੋਰ ਫੜੇ ਗਏ ਤਾਂ ਉਹ ਕਹਿਣ ਲਗੇ ਕਿ ਉਸ ਦੁਕਾਨਦਾਰ ਦੇ ਘਰ ਤਾਂ ਐਨੇ ਪੈਸੇ ਸਨ, ਐਨੀਆਂ ਅਲਮਾਰੀਆਂ ਭਰੀਆਂ ਸਨ ਕਿ ਅਸੀਂ ਚੁੱਕ ਨਹੀਂ ਸੀ ਸਕਦੇ। ਇਸ ਤਰ੍ਹਾਂ ਨਾਲ ਇਹ ਕਾਂਗਰਸੀ ਆਪਣੇ ਆਦਮੀਆਂ ਨੂੰ ਖੁਸ਼ ਕਰਦੇ ਰਹੇ ਹਨ ਅਤੇ ਇਨ੍ਹਾਂ ਨੇ ਉਨ੍ਹਾਂ ਨੂੰ ਮਾਲੋਮਾਲ ਕੀਤਾ ਹੈ (ਘੰਟੀ)

ਬੱਸ ਜੀ, ਮੈਂ ਤੁਹਾਨੂੰ ਇਨ੍ਹਾਂ ਕਾਂਗਰਸੀਆਂ ਦੀਆਂ ਕਰਤੂਤਾਂ ਦੱਸਣਾ ਚਾਹੁੰਦਾ ਸੀ । ਹੁਣ ਇਸ ਬਾਦਲ ਸਰਕਾਰ ਨੇ ਆ ਕੇ ਫਰੀਦਕੋਟ ਵਿਚ ਮੈਡੀਕਲ ਕਾਲਜ ਨੂੰ ਟੇਕ ਓਵਰ ਕਰਕੇ ਬੜਾ ਚੰਗਾ ਕੰਮ ਕੀਤਾ ਹੈ ਅਤੇ ਸਟੂਡੈਂਟਸ ਦਾ ਫਿਊਚਰ ਜਿਹੜਾ ਪਹਿਲੇ ਖ਼ਰਾਬ ਹੋ ਰਿਹਾ ਸੀ, ਉਹ ਹੁਣ ਠੀਕ ਹੋਵੇਗਾ ਔਰ ਉਨ੍ਹਾਂ ਦਾ ਭਲਾ ਹੋਵੇਗਾ ।

**ਸਰਦਾਰ ਚਿੱਤਵੰਤ ਸਿੰਘ** ਕੌਹਰੀਆਂ (ਲਹਿਰਾ) : ਮੈਨੂੰ ਬੜੀ ਖੁਸ਼ੀ ਹੈ ਕਿ ਅੱਜ ਇਕ ਬੜਾ ਚੰਗਾ ਬਿਲ ਇਥੇ ਪੇਸ਼ ਹੋਇਆ ਹੈ। ਮੈਂ ਇਸ ਬਿਲ ਨਾਲ ਸਹਿਮਤ ਹਾਂ। ਪਰ ਜਿਸ ਤਰ੍ਹਾਂ ਸਰਦਾਰ ਨੱਥਾ ਸਿੰਘ ਨੇ ਕਿਹਾ ਹੈ ਕਿ ਬਾਹਰਲੇ ਸੂਬਿਆਂ ਦੇ ਸਟੂਡੈਂਟਸ ਤੇ ਕੋਈ ਕਰਬ ਲਾ ਦਿੱਤਾ ਜਾਵੇ ਤਾਕਿ ਪੰਜਾਬ ਦੇ ਸਟੂਡੈਂਟਸ ਇਸ ਕਾਲਜ ਵਿਚ ਜ਼ਿਆਦਾ ਆ ਸਕਣ। ਮੈਂ ਇਸ ਨਾਲ ਸਹਿਮਤ ਹਾਂ। ਮੈਂ ਸਮਝਦਾ ਹਾਂ ਕਿ ਇਹ ਜ਼ਰੂਰ ਹੋਣਾ ਚਾਹੀਦਾ ਹੈ। ਪਰ ਜਿਹੜੇ ਮੇਰੇ ਸਾਥੀਆਂ ਨੇ ਮੰਤਰੀ ਸਾਹਿਬ ਨੂੰ ਵਧਾਈ ਦਿੱਤੀ ਹੈ, ਮੈਂ ਇਨ੍ਹਾਂ ਨੂੰ ਵਧਾਈ ਨਹੀਂ ਦਿੰਦਾ। ਮੈਂ ਇਨ੍ਹਾਂ ਨੂੰ ਵਧਾਈ ਉਸ ਵੇਲੇ ਤਕ ਨਹੀਂ ਦੇਵਾਂਗਾ ਜਦੋਂ ਤਕ ਜਿਹੜੇ ਇਸ ਟਰੱਸਟ ਦੇ ਮੈਂਬਰ ਸਨ ਜਿਨ੍ਹਾਂ ਨੇ ਇਸ ਵਿਚ ਘਪਲੇ ਕੀਤੇ ਹਨ, ਚੋਰੀਆਂ ਕੀਤੀਆਂ ਹਨ, ਉਨ੍ਹਾਂ ਸਾਰਿਆਂ ਨੂੰ ਸਜ਼ਾਵਾਂ ਨਹੀਂ ਹੋ ਜਾਂਦੀਆਂ। ਉਨ੍ਹਾਂ ਸਾਰਿਆਂ ਤੇ 20, 25 ਮੁਕਦਮੇ ਬਣਾਕੇ ਉਨ੍ਹਾਂ ਨੂੰ ਸਜ਼ਾ ਦੇਣੀ ਚਾਹੀਦੀ ਹੈ ਤਾਂ ਹੀ ਮੈਂ ਇਨ੍ਹਾਂ ਨੂੰ ਵਧਾਈ ਦੇਵਾਂਗਾ। ਬੱਸ ਜੀ, ਮੈਂ ਐਨਾ ਹੀ ਕਹਿਣਾ ਸੀ।

**ਸਰਦਾਰ ਸਰੂਪ ਸਿੰਘ** (ਆਦਮਪੁਰ) : ਡਿਪਟੀ ਸਪੀਕਰ ਸਾਹਿਬ, ਮੈਂ ਬਹੁਤ ਜ਼ਿਆਦਾ ਨਹੀਂ ਕਹਿਣਾ । ਪਹਿਲੇ ਇਹ ਕਾਲਜ ਗੁਰੂ ਗੋਬਿੰਦ ਸਿੰਘ ਜੀ ਦੀ ਜਨਮ ਭੂਮੀ ਪਟਨਾ ਸਾਹਿਬ ਵਿਖੇ ਖੋਲ੍ਹਿਆ ਗਿਆ ਸੀ। ਪਰ ਉਥੇ ਕਾਂਗਰਸ ਰਾਜ ਵੇਲੇ ਦਾਖਲੇ ਵਾਸਤੇ ਜੋ ਕੁਰੱਪਸ਼ਨ ਚਲੀ, ਜੋ ਰਿਸ਼ਵਤ ਚਲੀ, ਉਸ ਦਾ ਸਭ ਨੂੰ ਪਤਾ ਹੈ। ਪੰਜਾਬ ਦੇ ਬੱਚੇ ਉਥੇ ਜਾਂਦੇ ਸਨ ਅਤੇ 25, 25 ਹਜ਼ਾਰ ਰੁਪਿਆ ਦੇ ਕੇ ਉਨ੍ਹਾਂ ਨੂੰ ਉਥੇ ਦਾਖਲਾ ਦਿੱਤਾ ਜਾਂਦਾ ਸੀ । ਫਿਰ ਇਸ ਕਾਲਜ ਨੂੰ ਬਦਲ ਕੇ ਫਰੀਦਕੋਟ ਲਿਆਂਦਾ ਗਿਆ। ਪਰ ਮੈਂ ਬਹੁਤ ਹੈਰਾਨ ਹਾਂ ਕਿ ਕਾਂਗਰਸ ਵਾਲੇ ਗੁਰੂ ਗੋਬਿੰਦ ਸਿੰਘ ਕਾਲਜ ਦੇ ਨਾਂ ਨੂੰ ਹੀ ਵੇਚਦੇ ਰਹੇ ਹਨ। ਹੁਣ ਆ ਕੇ ਸਰਦਾਰ ਆਤਮਾ ਸਿੰਘ ਜੀ ਨੇ, ਜਿਹੜੇ ਕਿ ਬੜੇ ਗੁਰਮੁਖ ਹਨ, ਉਨ੍ਹਾਂ ਨੇ ਇਸ ਕਾਲਜ ਦੇ ਪ੍ਰਬੰਧ ਨੂੰ ਠੀਕ ਕੀਤਾ ਹੈ। ਇਸ ਲਈ, ਮੈਂ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ।

**ਸ੍ਰੀ ਮਦਨ ਮੋਹਨ ਮਿੱਤਲ** (ਨੰਗਲ) : ਡਿਪਟੀ ਸਪੀਕਰ ਸਾਹਿਬ, ਇਸ ਬਿਲ ਦੀ ਬੈਕਗਰਾਊਂਡ ਦੇ ਬਾਰੇ ਮੇਰੇ ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਗੱਲਾਂ ਦੱਸੀਆਂ ਹਨ। ਮੈਂ ਸਿਰਫ ਸੈਕਸ਼ਨ 6 ਦੇ

Original with;
Punjab Vidhan Sabha
Digitized by;
Panjab Digital Library

ਬਾਰੇ ਕਹਿਣਾ ਚਾਹੁੰਦਾ ਹਾਂ ਜਿਸ ਦੀ ਕੰਵੀਜ਼ਨ ਹੈ ਕਿ ਜੇਕਰ ਕੋਈ ਓਮੀਸ਼ਨ ਜਾਂ ਕਮਿਸ਼ਨ ਕੀਤਾ ਹੈ ਤਾਂ ਇਸ ਐਕਟ ਦੇ ਅਧੀਨ ਡੀਬਾਰ ਨਹੀਂ ਹੋ ਸਕਦਾ, ਇਸ ਐਕਟ ਦੇ ਅਧੀਨ ਕਾਰਵਾਈ ਕੀਤੀ ਜਾਵੇਗੀ। ਮੈਂ ਇਤਨਾ ਹੀ ਕਹਿਣਾ ਹੈ ਕਿ ਜਿਹੜਾ ਇਸ ਕਾਲਜ ਦੇ ਫੰਡਜ਼ ਨੂੰ ਪਿਛਲੀ ਸਰਕਾਰ ਦੇ ਬੰਦਿਆਂ ਨੇ ਮਿਸਯੂਜ਼ ਕੀਤਾ ਹੈ ਉਸ ਦੀ ਇਨਕੁਆਇਰੀ ਕਰਵਾਈ ਜਾਵੇ ਜਾਂ ਇਸ ਹਾਊਸ ਦੀ ਇਕ ਕਮੇਟੀ ਬਿਠਾ ਦਿਤੀ ਜਾਵੇ ਜੋ ਇਸ ਦੀ ਇਨਕੁਆਇਰੀ ਕਰੇ। ਮੈਂ ਇਸ ਬਿਲ ਦੀ ਸਪੋਰਟ ਕਰਦਾ ਹਾਂ।

**ਸਰਦਾਰ ਆਤਮਾ ਸਿੰਘ** (ਵਿਕਾਸ ਮੰਤਰੀ) : ਡਿਪਟੀ ਸਪੀਕਰ ਸਾਹਿਬ, ਸਾਡੇ ਸਤਿਕਾਰ ਯੋਗ ਮੁੱਖ ਮੰਤਰੀ ਜੋ ਕਿ ਇਕ ਵਿਸ਼ਾਲ ਹਿਰਦੇ ਵਾਲੇ ਹਨ, ਉਹ ਇਸ ਵਧਾਈ ਦੇ ਪਾਤਰ ਹਨ। ਗੁਰੂ ਗੋਬਿੰਦ ਸਿੰਘ ਮਹਾਰਾਜ, ਜਿਨ੍ਹਾਂ ਨੇ ਧਰਮ ਅਤੇ ਦੇਸ਼ ਦੀ ਖਾਤਰ ਆਪਣੇ ਸਾਰੇ ਪਰਿਵਾਰ ਦੀ ਕੁਰਬਾਨੀ ਦਿੱਤੀ ਉਨ੍ਹਾਂ ਦੇ ਨਾਂ ਤੇ ਫਰੀਦਕੋਟ ਦੇ ਵਿਚ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਚਾਲੂ ਕੀਤਾ ਗਿਆ ਸੀ ਔਰ ਇਸ ਨਾਂ ਨੂੰ ਉਸ ਵੇਲੇ ਦੀ ਸਰਕਾਰ ਨੇ ਵੇਚਿਆ ਅਤੇ ਲੱਖਾਂ ਰੁਪਏ ਹੜੱਪ ਕਰਨ ਦੇ ਯਤਨ ਕੀਤੇ। ਲੋਕਾਂ ਦੇ ਵਿਚ ਬੇਚੈਨੀ ਆਈ। ਜਿਸ ਨਿਸ਼ਾਨੇ ਲਈ ਇਹ ਕਾਲਜ ਸ਼ੁਰੂ ਕੀਤਾ ਗਿਆ ਸੀ, ਉਹ ਨਿਸ਼ਾਨਾ ਪੂਰਾ ਕਰਨ ਲਈ ਅਤੇ ਲੋਕਾਂ ਦੀਆਂ ਮੰਗਾਂ ਨੂੰ ਮੁੱਖ ਰੱਖਦੇ ਹੋਏ ਸਾਡੇ ਬਾਦਲ ਸਾਹਿਬ ਨੇ ਫੈਸਲਾ ਕੀਤਾ ਹੈ ਕਿ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਨੂੰ ਸਰਕਾਰੀ ਅਧਿਕਾਰ ਦੇ ਵਿਚ ਲਿਆ ਜਾਵੇ ਔਰ 14 ਜੁਲਾਈ 1978 ਨੂੰ ਇਸ ਸਬੰਧ ਵਿਚ ਸਰਕਾਰ ਨੇ ਆਰਡੀਨੈਂਸ ਜਾਰੀ ਕੀਤਾ। ਇਹ ਆਰਡੀਨੈਂਸ ਅੱਜ ਬਿਲ ਦੀ ਸ਼ਕਲ ਵਿਚ ਹਾਊਸ ਵਿਚ ਪੇਸ਼ ਕੀਤਾ ਗਿਆ ਹੈ। ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਬਾਰੇ ਸਰਦਾਰ ਨੱਥਾ ਸਿੰਘ ਨੇ ਦਸਿਆ ਹੈ ਕਿ ਕੇਵਲ 1100 ਰੁਪਿਆ ਜਮ੍ਹਾਂ ਕਰਵਾ ਕੇ ਇਹ ਟਰੱਸਟ ਕਾਇਮ ਕੀਤਾ ਗਿਆ ਸੀ। ਇਸ ਟਰੱਸਟ ਨੂੰ ਪਿਛਲੀ ਪੰਜਾਬ ਸਰਕਾਰ ਨੇ ਆਪਣੇ ਖਜ਼ਾਨੇ ਵਿਚੋਂ ਇਕ ਕਰੋੜ 37 ਲੱਖ ਰੁਪਿਆ ਦਿੱਤਾ। ਮਾਰਕੀਟਿੰਗ ਬੋਰਡ ਅਤੇ ਹੋਰ ਕਈ ਪ੍ਰਾਈਵੇਟ ਅਦਾਰਿਆਂ ਤੋਂ ਜਿਵੇਂ ਮਾਰਕਫੈਡ, ਸੈਮੀ ਗੌਰਮਿੰਟ ਅਦਾਰਿਆਂ ਦੇ ਕੋਲੋਂ ਪੈਸੇ ਇਕੱਠੇ ਕੀਤੇ ਗਏ ਔਰ ਵਿਦਿਆਰਥੀਆਂ ਕੋਲੋਂ ਦਾਖਲੇ ਦੇ ਸਮੇਂ 20-20 ਹਜ਼ਾਰ, 30-30 ਹਜ਼ਾਰ ਰੁਪਿਆ ਐਜ਼ ਏ ਡੋਨੇਸ਼ਨ ਲਿਆ ਗਿਆ ਸੀ, ਜਿਸ ਦਾ ਕੋਈ ਹਿਸਾਬ ਕਿਤਾਬ ਨਹੀਂ ਹੈ। ਇਸ ਬਿਲ ਦੇ ਵਿਚ ਕਾਲਜ ਦੇ ਸਟਾਫ ਸਬੰਧੀ ਲਾਇਬਿਲਟੀ ਅਤੇ ਅਸੈਟਸ ਸਬੰਧੀ ਸਾਰੇ ਪ੍ਰੋਵੀਜ਼ਨ ਰੱਖੇ ਗਏ ਹਨ। ਕਾਲਜ ਦੇ ਟਰੱਸਟੀਆਂ ਦੇ ਸਬੰਧ ਵਿਚ ਪ੍ਰੋਵੀਜ਼ਨ ਕੀਤੀ ਗਈ ਹੈ, ਉਨ੍ਹਾਂ ਦੀ ਪਰਾਪਰਟੀ ਦੇ ਬਾਰੇ ਵੀ ਜ਼ਿਕਰ ਕੀਤਾ ਗਿਆ ਹੈ। ਇਸ ਬਿਲ ਦੇ ਰਾਹੀਂ ਰਿਕਵਰੀ ਕੀਤੀ ਜਾਵੇਗੀ ਔਰ ਸਜ਼ਾ ਵੀ ਰੱਖੀ ਗਈ ਹੈ, ਜਿਹੜੀ ਉਨ੍ਹਾਂ ਨੇ ਰੁਪਏ ਦੀ ਹੇਰਾ ਫੇਰੀ ਕੀਤੀ ਹੈ। ਇਸ ਕਾਲਜ ਦੇ ਹਿਸਾਬ ਕਿਤਾਬ ਦਾ ਆਡਿਟ ਕਰਵਾਇਆ ਗਿਆ ਹੈ, ਹੁਣ ਅਸੀਂ ਡਿਪਾਰਟਮੈਂਟਲੀ ਸਾਰੇ ਅਕਾਊਂਟਸ ਆਡਿਟ ਕਰਵਾ ਰਹੇ ਹਾਂ, ਜੋ ਵੀ ਘਪਲੇਬਾਜ਼ੀ ਗਬਨ ਜਾਂ ਹੇਰਾਫੇਰੀ ਹੋਈ ਹੋਵੇਗੀ ਤਾਂ ਦੋਸ਼ੀਆਂ ਨੂੰ ਸਜ਼ਾ ਦਿਤੀ ਜਾਵੇਗੀ। ਟਰੱਸਟੀਆਂ ਨੇ ਕਾਲਜ ਦੇ ਵਿਚ ਵਿਦਿਆਰਥੀਆਂ ਨੂੰ ਦਾਖਲ ਤਾਂ ਕਰ ਲਿਆ ਪਰ ਪੜ੍ਹਾਈ ਦਾ ਕੋਈ ਪ੍ਰਬੰਧ ਨਹੀਂ ਸੀ ਕੀਤਾ। ਅਸੀਂ ਹੁਣ ਪੀ.ਜੀ. ਆਈ, ਚੰਡੀਗੜ੍ਹ ਅਤੇ ਜਨਰਲ ਹਸਪਤਾਲ, ਸੈਕਟਰ 16, ਚੰਡੀਗੜ੍ਹ ਦੇ ਵਿਚ ਪੰਜਾਬ ਸਰਕਾਰ ਵੱਲੋਂ ਆਪਣੇ ਕੋਲੋਂ ਉਨ੍ਹਾਂ ਵਿਦਿਆਰਥੀਆਂ ਦੀ ਪੜ੍ਹਾਈ ਤੇ ਖਰਚ ਲਈ 5 ਲੱਖ ਰੁਪਿਆ ਦੇ ਕੇ ਉਨ੍ਹਾਂ ਵਿਦਿਆਰਥੀਆਂ ਦਾ ਪ੍ਰਬੰਧ ਕੀਤਾ ਹੈ। ਸਰਕਾਰ ਨੇ ਕਾਲਜ ਲੈਣ ਤੋਂ ਬਾਅਦ ਉਥੇ ਕਾਲਜ ਦੀ ਬਿਲਡਿੰਗ ਬਨਾਉਣ ਲਈ, ਹਸਪਤਾਲ ਬਣਾਉਣ ਲਈ, ਇਕਵਿਪਮੈਂਟ ਖਰੀਦਣ ਲਈ ਅਤੇ ਹੋਰ ਸਾਜ਼ੋ-ਸਾਮਾਨ ਖਰੀਦਣ ਲਈ, 6 ਕਰੋੜ 75 ਲੱਖ ਰੁਪਏ ਦਾ ਇੰਤਜ਼ਾਮ ਕੀਤਾ ਹੈ ਔਰ 85 ਲੱਖ 70 ਹਜ਼ਾਰ

Original with;
Punjab Vidhan Sabha
Digitized by;
Panjab Digital Library

[ਵਿਕਾਸ ਮੰਤਰੀ]

ਰੁਪਿਆ ਇਸੇ ਸਾਲ ਖਰਚ ਹੋਣਾ ਹੈ। ਇਹ ਸਾਰਾ ਖਰਚਾ ਸਰਕਾਰ ਨੇ ਕਰਨਾ ਹੈ। ਜਿਹੜੀਆਂ ਸੁਜੇਸ਼ਨਜ਼ ਸਰਦਾਰ ਨੱਥਾ ਸਿੰਘ ਨੇ ਇਸ ਬਿਲ ਤੇ ਬੋਲਦੇ ਹੋਏ ਦਿੱਤੀਆਂ ਹਨ, ਅਸੀਂ ਉਨ੍ਹਾਂ ਤੇ ਵਿਚਾਰ ਕਰਾਂਗੇ ਅਤੇ ਮੈਂ ਉਨ੍ਹਾਂ ਦਾ ਧੰਨਵਾਦੀ ਹਾਂ ਅਤੇ ਗ਼ਬਨ ਦੇ ਕੇਸ ਵਿਚ ਇਨਕੁਆਇਰੀ ਕਰਵਾਵਾਂਗੇ।

ਮੈਡੀਕਲ ਕਾਲਜਾਂ ਵਿਚ ਸੀਟਾਂ ਹੋਰ ਵਧਾਉਣ ਦੀ ਗੱਲ ਆਈ ਹੈ। ਹਾਲੇ ਜਿੰਨੀਆਂ ਸੀਟਾਂ ਹਨ ਉਤਨੀਆਂ ਹੀ ਰਹਿਣਗੀਆਂ। ਗੱਲ ਆਈ ਹੈ ਕਿ ਬਾਹਰ ਦੀਆਂ ਯੂਨੀਵਰਸਿਟੀਆਂ ਦੇ ਮੁੰਡੇ ਜ਼ਿਆਦਾ ਨੰਬਰ ਲੈ ਕੇ ਸਾਡੇ ਮੈਡੀਕਲ ਕਾਲਜਾ ਵਿਚ ਦਾਖਲਾਂ ਲੈਂਦੇ ਹਨ ਔਰ ਸਾਡੇ ਮੁੰਡਿਆਂ ਨੂੰ ਦਾਖਲਾ ਨਹੀਂ ਮਿਲਦਾ । ਇਸ ਗੱਲ ਨੂੰ ਮੈਰਿਟ ਤੇ ਲਿਆ ਜਾਵੇਗਾ। ਇਸ ਬਾਰੇ ਕੋਈ ਮੈਰਿਟ ਕਾਇਮ ਕਰਾਂਗੇ। ਜਿਨ੍ਹਾਂ ਮੈਂਬਰਾਂ ਨੇ ਮੈਨੂੰ ਸੁਜੈਸ਼ਨਾਂ ਦਿੱਤੀਆਂ ਹਨ, ਮੈਂ ਉਨ੍ਹਾਂ ਦਾ ਬੜਾ ਧੰਨਵਾਦੀ ਹਾਂ। ਮੈਂ ਹੁਣ ਬੇਨਤੀ ਕਰਾਂਗਾ ਕਿ ਇਸ ਬਿਲ ਨੂੰ ਪਾਸ ਕਰ ਦਿਤਾ ਜਾਵੇ।

**Mr. Deputy Speaker :** Question is—

That the Punjab Guru Gobind Singh Medical College, Faridkot (Acquisition) and Miscellaneous Provisions Bill be taken into consideration at once.

*The motion was carried.*

**Mr. Deputy Speaker :** Now the House will proceed to consider the Bill Clause by Clause.

If the House agrees all the Caluses of the Bill be put to the vote of the House together.

(Voices : Yes, yes.)

**Sub-Clause (2) of Clause 1, Clauses, 2, 3, 4, 5, 6, 7, 8, 9, 10, 11, 12, 13, 14, 15, 16, 17 , 18 and Sub-Clause (1) of Clause 1.**

**Mr. Deputy Speaker :** Question is—

That Sub-clause (2) of Clause 1, Clauses 2, 3, 4, 5, 6, 7, 8, 9, 10, 11, 12, 13, 14, 15, 16, 17, 18 and Sub-Clause (1) of Clause 1 stand part of the Bill.

*The motion was carried.*

**TITLE**

**Mr. Deputy Speaker :** Question is—

That Title be the Title of the Bill.

*The motion was carried.*

**Development Minister (Sardar Atma Singh):** Sir, I beg to move—

That the Punjab Guru Gobind Singh Medical College, Faridkot (Acquisition) and Miscellaneous Provisions Bill be passed.

**Mr. Deputy Speaker:** Motion moved—

That the Punjab Guru Gobind Singh Medical College, Faridkot (Acquisition) and Miscellaneous Provisions Bill be passed.

Original with;
Punjab Vidhan Sabha
Digitized by;
Panjab Digital Library

**Mr. Deputy Speaker:** Question is—

> That the Punjab Guru Gobind Singh Medical College, Faridkot( Acquisition) and Miscellaneous Provisions Bill be passed.

*The motion was carried unanimously.*

## THE MOTOR VECHICLES (PUNJAB AMENDMENT) BILL, 1978.

**Minister of State For Transport, Tourism and Sports (Sardar Sukhdev Singh Dhindsa):** Sir, I beg to introduce the Motor Vehicles (Punjab Amendment) Bill.

Sir, I also beg to move—

> That the Motor Vehicles (Punjab Amendment) Bill be taken into consideration at once.

**Mr. Deputy Speaker:** Motion moved—

> That the Motor Vehicles (Punjab Amendment) Bill be taken into consideration at once.

**ਗਿਆਨੀ ਅਰਜਣ ਸਿੰਘ ਲਿੱਟ** (ਕਿਲਾ ਰਾਏਪੁਰ): ਡਿਪਟੀ ਸਪੀਕ ਰ ਸਾਹਿਬ, ਜਿਹੜਾ ਮੋਟਰ ਵਹੀਕਲ ਬਿਲ ਪੇਸ਼ ਕੀਤਾ ਗਿਆ ਹੈ ਮੈਂ ਇਸ ਦਾ ਸਮਰਥਨ ਕਰਦਾ ਹਾਂ। ਇਹ ਬਿਲ ਬੜਾ ਜ਼ਰੂਰੀ ਸੀ ਕਿਉਂਕਿ ਹਰ ਸੈਸ਼ਨ ਦੇ ਵਿਚ ਹਮੇਸ਼ਾ ਇਹ ਗੱਲ ਆਉਂਦੀ ਸੀ ਕਿ ਬੱਸਾਂ ਪੂਰੀਆਂ ਚਲਦੀਆਂ ਨਹੀਂ ਹਨ, ਬਹਤ ਸਾਰੀਆਂ ਸੜਕਾਂ ਨਹੀਂ ਬਣੀਆਂ ਹੋਈਆਂ। ਇਸ ਕਰਕੇ ਇਸ ਬਿਲ ਦੇ ਆਣ ਨਾਲ ਆਵਾਜਾਈ ਦੇ ਸਾਧਨਾਂ ਵਿਚ ਵਾਧਾ ਹੋਵੇਗਾ ਅਤੇ ਬਹੁਤ ਸਾਰੇ ਕਾਮਿਆਂ ਨੂੰ ਅਤੇ ਬੇਰੋਜ਼ਗਾਰ ਕਾਰੀਗਰਾਂ ਨੂੰ, ਪੜ੍ਹੇ ਲਿਖੇ ਨੌਜਵਾਨਾਂ ਨੂੰ ਸਾਬਕਾ ਫੌਜੀਆਂ ਨੂੰ, ਪਛੜੀਆਂ ਸ਼੍ਰੇਣੀਆਂ ਨੂੰ ਰੂਟ ਪ੍ਰਮਿਟ ਦਿਤੇ ਜਾਣਗੇ। ਮੈਂ ਮਨਿਸਟਰ ਸਾਹਿਬ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ। ਇਸ ਦੇ ਵਿਚ ਲਿਖਿਆ ਹੈ ਕਿ 25% ਪਛੜੀਆਂ ਸ਼੍ਰੇਣੀਆਂ ਲਈ, ਪੜ੍ਹੇ ਲਿਖੇ ਨੌਜਵਾਨਾਂ ਲਈ ਰੂਟ ਪਰਮਿਟ ਦਿਤੇ ਜਾਣਗੇ, ਇਨ੍ਹਾਂ ਰੂਟ ਪਰਮਿਟਾਂ ਦੇ ਨਾਲ ਬਹੁਤ ਸਾਰੇ ਲੋਕਾਂ ਦੀ ਰੋਟੀ ਦਾ ਪ੍ਰਬੰਧ ਹੋਵੇਗਾ, ਆਵਾਜਾਈ ਦੇ ਸਾਧਨ ਵਧਣਗੇ। ਪਿਛਲੀ ਸਰਕਾਰ ਸਾਡੇ ਹਿੱਸੇ ਮਾੜੀਆਂ ਗੱਡੀਆਂ, ਮਾੜੀਆਂ ਸੜਕਾਂ ਅਤੇ ਖਜ਼ਾਨੇ ਦੇ ਵਿਚ ਬਹੁਤ ਸਾਰਾ ਘਾਟਾ ਛੱਡ ਗਈ ਸੀ ਪਰ ਫਿਰ ਵੀ ਮੇਰੀ ਸਰਕਾਰ ਨੇ ਇਨ੍ਹਾਂ ਗੱਲਾਂ ਅਤੇ ਮੁਸ਼ਕਲਾਂ ਦੇ ਬਾਵਜੂਦ ਵੀ ਇਹ ਬਿਲ ਲਿਆਂਦਾ ਹੈ ਅਤੇ ਬੱਸਾਂ ਦਾ ਪ੍ਰਬੰਧ ਠੀਕ ਕੀਤਾ ਹੈ ਅਤੇ ਸੜਕਾਂ ਬਣਾਈਆਂ ਹਨ ਅਤੇ ਹੁਣ ਵੀਕਰ ਸੈਕਸ਼ਨਜ਼ ਨੂੰ ਰੂਟ ਪਰਮਿਟ ਦੇ ਰਹੀ ਹੈ। ਪਿਛਲੀ ਸਰਕਾਰ ਨੇ ਇਸ ਮਹਿਕਮੇ ਦੇ ਵਿਚ ਬਹੁਤ ਸਾਰੀ ਕੁਰੱਪਸ਼ਨ ਕੀਤੀ ਸੀ ਅਤੇ ਟਰਾਂਸਪੋਰਟ ਡਿਪਾਰਟਮੈਂਟ ਦੀ ਹਾਲਤ ਖਸਤਾ ਕੀਤੀ ਸੀ। ਇਸ ਗੱਲ ਦੇ ਲਈ ਸਾਡੀ ਸਰਕਾਰ ਵਧਾਈ ਦੀ ਪਾਤਰ ਹੈ। ਇਸ ਗੱਲ ਦੇ ਲਈ ਮੈਂ ਸਰਕਾਰ ਦਾ ਧੰਨਵਾਦੀ ਹਾਂ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੱਲ ਜ਼ਰੂਰ ਕਹਾਂਗਾ ਕਿ ਦੁਨੀਆਂ ਵਿਚ ਹਰ ਕੰਮ ਕਰਨ ਲਈ ਇਮਾਨਦਾਰੀ ਦੀ ਲੋੜ ਹੁੰਦੀ ਹੈ। ਇਮਾਨਦਾਰੀ ਕਾਮਯਾਬੀ ਦਾ ਰਾਜ਼ ਹੈ। ਜਿਸ ਮਹਿਕਮੇ ਵਿਚ ਇਮਾਨਦਾਰ ਆਦਮੀ ਹੋਣ ਅਤੇ ਇਮਾਨਦਾਰੀ ਨਾਲ ਕੰਮ ਕਰਨ ਤਾਂ ਉਨ੍ਹਾਂ ਤੋਂ ਹੇਠਲੇ ਅਫ਼ਸਰ ਅਤੇ ਮੁਲਾਜ਼ਮ ਵੀ ਇਮਾਨਦਾਰੀ ਨਾਲ ਕੰਮ ਕਰਦੇ ਹਨ। ਡਿਪਟੀ ਸਪੀਕਰ ਸਾਹਿਬ, ਇਹੀ ਕਾਰਣ ਹੈ ਕਿ ਟਰਾਂਸਪੋਰਟ ਵਿਚ ਮੁਨਾਫਾ ਕੱਢ ਕੇ ਦਿਖਾਇਆ ਗਿਆ ਹੈ। ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਇਹ ਬੇਨਤੀ ਕਰਾਂਗਾ ਕਿ ਜਿਹੜੇ ਪ੍ਰਾਈਵੇਟ ਰੂਟਸ ਦੇਣੇ ਹਨ, ਉਹ ਜਲਦੀ ਦਿਤੇ ਜਾਣੇ ਚਾਹੀਦੇ ਹਨ ਤਾਂ ਕਿ ਰੋਜ਼ ਦਾ ਝਗੜਾ ਖਤਮ ਹੋ ਜਾਵੇ। ਹਰ ਇਕ ਕਹਿੰਦਾ ਹੈ ਕਿ ਸਾਡੇ ਪਿੰਡ ਵਿਚ ਬੱਸ ਆਉਣੀ ਚਾਹੀਦੀ ਹੈ, ਮੋਟਰ ਆਉਣੀ ਚਾਹੀਦੀ ਹੈ। ਹਰ ਆਦਮੀ ਸ਼ਾਮ ਨੂੰ ਘਰ ਵਾਪਸ ਜਾਣਾ

Original with;
Punjab Vidhan Sabha
Digitized by;
Panjab Digital Library

[ਗਿਆਨੀ ਅਰਜਣ ਸਿੰਘ ਲਿੱਟ]

ਚਾਹੁੰਦਾ ਹੈ ਕਿਉਂਕਿ ਸ਼ਹਿਰਾਂ ਦੇ ਵਿਚ ਰਹਿਣ ਲਈ ਜਗ੍ਹਾ ਨਹੀਂ, ਜੇ ਕਰ ਹੈ ਤਾਂ ਮਹਿੰਗੀ ਮਿਲਦੀ ਹੈ। ਚਾਹੇ ਕੋਈ ਮੁਲਾਜ਼ਮ ਹੈ, ਜਾਂ ਮਜ਼ਦੂਰ ਹੈ ਜਾਂ ਹੋਰ ਕੋਈ ਹੈ । ਜੇਕਰ ਉਸ ਦਾ ਘਰ 50 ਮੀਲ ਵੀ ਦੂਰ ਹੋਵੇ ਤਾਂ ਵੀ ਉਹ ਕੋਸ਼ਿਸ਼ ਕਰੇਗਾ ਕਿ ਕਿਵੇਂ ਨਾ ਕਿਵੇਂ ਘਰ ਪਹੁੰਚਿਆ ਜਾਵੇ। ਇਸ ਕੰਮ ਨੂੰ ਜਿਤਨੀ ਛੇਤੀ ਕਰੋਗੇ, ਉਤਨਾ ਹੀ ਚੰਗਾ ਹੈ। ਮੈਂ ਅੰਤ ਵਿਚ ਫਿਰ ਬੇਨਤੀ ਕਰਾਂਗਾ ਕਿ ਮੈਂ ਇਸ ਬਿਲ ਦੀ ਹਿਮਾਇਤ ਕਰਦਾ ਹਾਂ ਅਤੇ ਆਪ ਜੀ ਦਾ ਧੰਨਵਾਦ ਕਰਦਾ ਹਾਂ ਕਿ ਆਪਜੀ ਨੇ ਮੈਨੂੰ ਸਮਾਂ ਦਿੱਤਾ ਹੈ।

**ਸਰਦਾਰ ਗੁਰਧਾਰਾ ਸਿੰਘ** (ਫਿਰੋਜ਼ਪੁਰ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਵਕਤ ਦਿੱਤਾ ਹੈ, ਇਸ ਕਰਕੇ ਆਪੋਜ਼ੀਸ਼ਨ ਬੈਠੀ ਨਹੀਂ ਹੈ। ਸਪੀਕਰ ਸਾਹਿਬ, ਸਾਹਮਣੇ ਬੈਠੇ ਸੀ.ਪੀ.ਆਈ ਵਾਲਿਆਂ ਨੇ ਤਾਂ ਜਾਣਾ ਹੀ ਸੀ। ਕਾਂਗਰਸ (ਆਈ) ਵਾਲੇ ਵੀ ਚਲੇ ਗਏ ਹਨ ਪਰ ਜਿਹੜੇ ਵੀਰ ਚਲੇ ਗਏ ਹਨ, ਉਨ੍ਹਾਂ ਦਾ ਕੋਈ ਕਸੂਰ ਹੋਵੇਗਾ, ਜਾਂ ਨਹੀਂ ਹੋਵੇਗਾ ਪਰ ਚਲੇ ਗਏ ਹਨ। Blood is thicker than water ਉਨ੍ਹਾਂ ਦਾ ਮਿਸ਼ਨ ਇਕੋ ਹੈ। ਉਸ ਵਕਤ ਵੀ ਜਾਣ ਲਈ ਤਿਆਰ ਸਨ ਪਰ ਉਹ ਇਕ ਘੰਟਾ ਲੇਟ ਗਏ ਹਨ। ਡਿਪਟੀ ਸਪੀਕਰ ਸਾਹਿਬ, ਅਹਿਮਦ ਸ਼ਾਹ ਅਬਦਾਲੀ ਵੇਲੇ ਜਦੋਂ ਸਿੱਖਾਂ ਨਾਲ ਲੜਾਈ ਹੋਈ ਸੀ ਤਾਂ 2600 ਸਿੱਖ ਸ਼ਹੀਦ ਹੋਏ ਅਤੇ ਕਾਫੀ ਜ਼ਖਮੀ ਹੋਏ ਸਨ। ਹੁਣ ਤਾਂ ਕਰੱਕਟ ਚੜ ਗਿਆ ਤਾਂ ਤੱਤ ਰਹਿ ਗਿਆ। ਮੈਂ ਸਮਝਦਾ ਹਾਂ ਕਿ ਚੀਫ ਮਨਿਸਟਰ ਸਾਹਿਬ, ਨੂੰ ਖੁਸ਼ ਹੋਣਾ ਚਾਹੀਦਾ ਹੈ ਕਿ * * * * * ਚਲਾ ਗਿਆ ਹੈ ਅਤੇ ਸਹੀ ਬੰਦੇ ਰਹਿ ਗਏ ਹਨ।

**ਸ੍ਰੀ ਡਿਪਟੀ ਸਪੀਕਰ :** ਸ਼ਬਦ * * * * ਐਕਸਪੰਜ ਕਰ ਦਿੱਤਾ ਜਾਵੇ।

**ਸਰਦਾਰ ਗੁਰਧਾਰਾ ਸਿੰਘ :** ਹੁਣ ਮੈਂ, ਡਿਪਟੀ ਸਪੀਕਰ ਸਾਹਿਬ, ਬਿਲ ਦੇ ਮੁਤੱਲਕ ਦੱਸਣਾ ਚਾਹੁੰਦਾ ਹਾਂ ਕਿ ਟਰਾਂਸਪੋਰਟ ਮੇਰਾ ਆਪਣਾ ਪੇਸ਼ਾ ਹੈ। ਗੁਰੂ ਕੇ ਬਾਗ ਦਾ ਮੋਰਚਾ ਲੱਗਾ ਸੀ। ਜਿਸ ਵਕਤ ਕੋਈ ਜ਼ਖਮੀ ਹੋ ਜਾਂਦਾ ਸੀ ਤਾਂ ਝੱਟ ਉਸ ਦੇ ਪਾਸ ਜਾਂਦੇ ਹੁੰਦੇ ਸੀ। ਇਸ ਵਾਸਤੇ ਮੈਨੂੰ ਟਰਾਂਸਪੋਰਟ ਦੇ ਨਾਲ ਪਿਆਰ ਹੈ ( ਵਿਘਨ) ਲੇਕਿਨ ਮੈਂ ਦਸਣਾ ਚਾਹੁੰਦਾ ਹਾਂ ਕਿ ਇਹ ਬਿਲ ਜਿਹੜਾ 1927 ਵਿਚ ਬਣਿਆ ਸੀ। ਇਸ ਤੋਂ ਪਹਿਲਾਂ ਇਕ ਮੋਟਰ ਵਹੀਕਲ ਐਕਟ ਬਣਿਆ ਸੀ, ਉਸ ਵੇਲੇ ਲਾਰਡ ਵੇਵਲ ਹਿੰਦੁਸਤਾਨ ਦਾ ਗਵਰਨਰ ਸੀ। ਡਿਪਟੀ ਸਪੀਕਰ ਸਾਹਿਬ, ਵੇਵਲ ਦਾ ਦਾਮਾਦ ਕੋਇਟੇ ਵਿਚ ਐਕਸੀਡੈਂਟ ਵਿਚ ਮਾਰਿਆ ਗਿਆ ਸੀ। ਫਿਰ ਲਾਰਡ ਵੇਵਲ ਨੇ 25 ਘੰਟਿਆਂ ਦੇ ਅੰਦਰ ਅੰਦਰ ਇਹ ਬਿਲ ਪਾਸ ਕਰਾਇਆ ਸੀ। ਇਹ ਗੱਲ 1942 ਦੀ ਹੈ ਜਦੋਂ ਕਿ ਇਨਸ਼ੋਰੈਂਸ ਸਕੀਮ ਸ਼ੁਰੂ ਹੋਈ ਤੇ ਉਦੋਂ ਇਹ ਬਿਲ ਪਾਸ ਕੀਤਾ ਗਿਆ(ਵਿਘਨ)। ਮੈਂ ਹੁਣ ਸਭ ਤੋਂ ਪਹਿਲਾਂ ਟਰਾਂਸਪੋਰਟ ਮਨਿਸਟਰ ਸਾਹਿਬ ਨੂੰ ਵਧਾਈ ਦਿੰਦਾ ਹਾਂ। ਇਹ ਬਿਲ ਛੋਟਾ ਜ਼ਰੂਰ ਹੈ ਪਰ ਇਸ ਬਿਲ ਦੀ ਅਹਿਮੀਅਤ ਬਹੁਤ ਵੱਡੀ ਹੈ। ਸਭ ਤੋਂ ਜ਼ਿਆਦਾ ਸੀ. ਐਮ. ਸਾਹਿਬ ਨੂੰ ਵਧਾਈ ਦਿੰਦਾ ਹਾਂ ਜਿਸ ਨੇ ਸੋਨੇ ਦਾ ਅੰਡਾ ਦੇਣ ਵਾਲੀ ਮੁਰਗੀ ਇਕ ਨੌਜਵਾਨ ਦੇ ਹਵਾਲੇ ਕਰ ਦਿੱਤੀ ਹੈ। ਸੀ. ਐਮ. ਸਾਹਿਬ ਹਮੇਸ਼ਾਂ ਆਪਣੇ ਕੋਲ ਇਹ ਮਹਿਕਮਾ ਰਖਦੇ ਹੁੰਦੇ ਸੀ। ਪਹਿਲਾਂ ਇਸ ਮਹਿਕਮੇ ਵਿਚ ਕੁਰੱਪਸ਼ਨ ਚਲਦੀ ਸੀ। ਮੈਂ, ਡਿਪਟੀ ਸਪੀਕਰ ਸਾਹਿਬ, ਸਮਝਦਾ ਹਾਂ ਕਿ ਇਥੇ ਚੀਮਾ ਸਾਹਿਬ ਕਹਿੰਦੇ ਹਨ ਕਿ ਸੜਕਾਂ ਬਹੁਤ ਬਣ ਰਹੀਆਂ ਹਨ ਅਤੇ ਬਸਾਂ ਥੋੜੀਆਂ ਹਨ ਪਰ ਦੂਜੇ ਪਾਸੇ ਢੀਂਡਸਾ ਸਾਹਿਬ, ਕਹਿੰਦੇ ਹਨ ਕਿ ਬਸਾਂ ਜ਼ਿਆਦਾ ਹਨ ਪਰ ਸੜਕਾਂ ਥੋੜ੍ਹੀਆਂ ਹਨ। ਇਹ ਆਪਸ ਵਿਚ ਇਕ ਦੂਜੇ ਨੂੰ ਕਹਿੰਦੇ ਹਨ ਅਤੇ ਮੁਕਾਬਲਾ ਕਰਦੇ ਹਨ। ਮੈਂ ਡਿਪਟੀ ਸਪੀਕਰ

**Expunged as ordered by the Chair.

Original with;
Punjab Vidhan Sabha
Digitized by;
Punjab Digital Library

ਸਾਹਿਬ, ਦਸਣਾ ਚਾਹੁੰਦਾ ਹਾਂ ਕਿ ਇਸ ਬਿਲ ਵਿਚ ਚਾਰ ਚੀਜ਼ਾਂ ਹਨ। ਇਕ ਫੌਜੀ, ਦੂਜੇ ਪੋਲੀਟੀਕਲ ਸਫਰਰਜ਼, ਤੀਜੇ ਬੀ.ਏ. ਨੌਜਵਾਨ ਬੇਰੁਜ਼ਗਾਰ ਲੜਕੇ । ਸਾਡੇ ਹਿਸੇ ਵਿਚ 17 ਏਕੜ ਜ਼ਮੀਨ ਆਈ ਹੈ ਅਤੇ ਉਹ ਖਤਮ ਹੋ ਚੁਕੀ ਹੈ। ਮੈਂ ਸਮਝਦਾ ਹਾਂ ਕਿ ਇਸ ਦੇ ਵਿਚ ਹਰ ਚੀਜ਼ ਹੋਣੀ ਚਾਹੀਦੀ ਹੈ। ਲਾਟਰੀ ਸਿਸਟਮ ਨਾਲ ਪਰਮਿਟ ਦੇਣੇ ਸ਼ੁਰੂ ਕੀਤੇ ਹਨ ਅਤੇ ਨਾਮੀਨੇਸ਼ਨਾਂ ਬੰਦ ਕਰ ਦਿਤੀਆਂ ਗਈਆਂ ਹਨ। ਲਾਟਰੀ ਸਿਸਟਮ ਇਕ ਐਸਾ ਸਿਸਟਮ ਹੈ, ਜੇਕਰ 100 ਪਰਮਿਟ ਹੋਣ ਤਾਂ 500 ਦਰਖਾਸਤਾਂ ਆਉਣਗੀਆਂ । ਜੇਕਰ ਨਾਮੀਨੇਸ਼ਨ ਕਰਨਗੇ ਤਾਂ ਆਪਣੇ ਬੰਦਿਆਂ ਨੂੰ ਦੇਣਗੇ ਪਰ ਲਾਟਰੀ ਸਿਸਟਮ ਵਿਚ ਕੋਈ ਵੀ ਆ ਸਕਦਾ ਹੈ। ਇਸ ਨਾਲ ਕੋਈ ਗਿਲਾ ਨਹੀਂ ਹੋਵੇਗਾ । ਦੂਸਰਾ ਮੈਂ ਦਸਣਾ ਚਾਹੁੰਦਾ ਹਾਂ ਕਿ ਟਰਾਂਸਪੋਰਟ ਇਕ ਐਸੀ ਚੀਜ਼ ਹੈ ਜਿਹੜੀ ਮੁਲਕ ਦੀ ਰੀੜ੍ਹ ਦੀ ਹੱਡੀ ਹੈ। ਜਦੋਂ ਵੀ ਸਾਡੇ ਦੇਸ਼ ਦੇ ਵਿਚ ਲੜਾਈ ਹੋਈ ਤਾਂ ਜੇਕਰ ਪ੍ਰਾਈਵੇਟ ਟਰਾਂਸਪੋਰਟ ਕੰਪਨੀਆਂ ਨਾ ਹੁੰਦੀਆਂ ਤਾਂ ਸ਼ਾਇਦ ਹਿੰਦੁਸਤਾਨ ਦਾ ਨਕਸ਼ਾ ਹੋਰ ਹੀ ਹੁੰਦਾ। ਅਸੀਂ ਦਿਲੀ ਜਾ ਕੇ ਬਾਰੂਦ ਪਹੁੰਚਾਇਆ ਹੈ। ਖੇਮ ਕਰਨ ਦੇ ਵਿਚ ਕੰਮ ਕੀਤਾ ਹੈ। ਟਰਾਂਸਪੋਰਟ ਦੀ ਫਰੀ ਸਰਵਿਸ ਸੀ । ਮੈਂ ਵੀ ਬਹੁਤ ਜ਼ਿਆਦਾ ਸੇਵਾ ਕੀਤੀ (ਤਾੜੀਆਂ) ਫਿਰੋਜ਼ਪੁਰ ਦੇ ਵਿਚ ਦੋ ਲੜਾਈਆਂ ਹੋਈਆਂ ਹਨ। ਮੈਂ ਇਕ ਵਾਰ ਵਿਚ ਵੀ ਗੈਰ-ਹਾਜ਼ਰ ਨਹੀਂ ਸੀ। ਮੈਂ ਫਰੀ ਸਰਵਿਸ ਕੀਤੀ, ਪਬਲਿਕ ਦੀ ਵੀ ਕੀਤੀ ਔਰ ਫੌਜੀਆਂ ਦੀ ਵੀ ਕੀਤੀ (ਥੰਪਿੰਗ) ਮੈਂ ਜ਼ਿਆਦਾ ਨਾ ਕਹਿੰਦਾ ਹੋਇਆ ਟਰਾਂਸਪੋਰਟ ਮਨਿਸਟਰ ਨੂੰ ਵਧਾਈ ਦੇਵਾਂਗਾ। ਅਗਰ ਕੋਈ ਖਾਮੀ ਮਾੜੀ ਮੋਟੀ ਰਹਿ ਗਈ ਹੈ ਤਾਂ ਉਹ ਠੀਕ ਕਰ ਦੇਣਗੇ। ਡਿਪਟੀ ਸਪੀਕਰ ਸਾਹਿਬ, ਜੇ ਕਰ ਤੁਸੀਂ ਪਿਛਲੀ ਟਰਾਂਸਪੋਰਟ ਦੀ ਹਿਸਟਰੀ ਦੇਖੋ ਤਾਂ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਪਹਿਲੇ ਟਰਾਂਸਪੋਰਟ ਮਨਿਸਟਰ ਅਤੇ ਵੱਡੇ ਵੱਡੇ ਅਫ਼ਸਰਾਂ ਦੀਆਂ ਪਾਰਟੀਆਂ ਹੁੰਦੀਆਂ ਸਨ ਅਤੇ ਹਜ਼ਾਰਾਂ ਰੁਪਿਆ ਖਰਚ ਹੁੰਦਾ ਸੀ। ਚੀਫ ਮਨਿਸਟਰ ਸਾਹਿਬ ਦਾ ਮਨਿਸਟਰ ਸਾਹਿਬ ਦਾ ਅਤੇ ਹੋਰ ਅਫ਼ਸਰਾਂ ਦਾ ਵਿਚ ਹਿਸਾ ਹੁੰਦਾ ਸੀ। ਡਿਪਟੀ ਸਪੀਕਰ ਸਹਿਬ, ਮੈਂ ਕਹਾਂਗਾ ਕਿ ਜਿਸ ਤਰ੍ਹਾਂ ਤੁਸੀਂ ਕਰ ਰਹੇ ਹੋ ਇਸ ਨਾਲ ਜਲਦੀ ਹੀ ਤਕਲੀਫਾਂ ਦੂਰ ਹੋ ਜਾਣਗੀਆਂ ਅਤੇ ਪੰਜ ਸਾਲਾਂ ਤਕ ਟਰਾਂਸਪੋਰਟ ਦੇ ਵਿਚ ਕੋਈ ਵੀ ਤਕਲੀਫ ਨਹੀਂ ਰਹੇਗੀ ।

ਆਖਿਰ ਵਿਚ ਮੈਂ ਐਨਾ ਕਹਿੰਦਾ ਹਾਂ ਕਿ ਇਹ ਬਹੁਤ ਅੱਛਾ ਬਿਲ ਹੈ ਔਰ ਇਸ ਨਾਲ ਦੁਨੀਆਂ ਵਿਚ ਇਕ ਮਿਸਾਲ ਪੈਦਾ ਹੋ ਜਾਏਗੀ । ਸਾਡੇ ਪੰਜਾਬ ਦੇ ਟਰਾਂਸਪੋਰਟ ਮੰਤਰੀ ਦੀ ਰਹਿਨੁਮਾਈ ਹੇਠ ਪੰਜਾਬ ਤਰੱਕੀ ਕਰੇਗਾ। ਮੈਂ ਚੀਫ ਮਨਿਸਟਰ ਸਾਹਿਬ ਦਾ ਵੀ ਧੰਨਵਾਦ ਕਰਦਾ ਹਾਂ ਅਤੇ ਆਪਣੀ ਜਗ੍ਹਾ ਲੈਂਦਾ ਹਾਂ ।

**ਸ੍ਰੀ ਓਮ ਪ੍ਰਕਾਸ਼ ਭਾਰਦਵਾਜ** (ਪਠਾਨਕੋਟ): ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੇਰੇ ਵਾਸਤੇ ਟਾਈਮ ਅਲਾਟ ਕੀਤਾ ਹੈ (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਦਾ ਬਹੁਤ ਧੰਨਵਾਦੀ ਹਾਂ ਕਿਉਂਕਿ ਇਸ ਮਸਲੇ ਤੇ ਲਗਾਤਾਰ ਸਾਲ ਭਰ ਤੋਂ ਮੇਰੀ ਉਨ੍ਹਾਂ ਨਾਲ ਗਲ ਬਾਤ ਚਲਦੀ ਰਹੀ ਹੈ। ਜਿਸ ਵੇਲੇ ਮੈਂ ਦੇਖਦਾ ਹਾਂ ਕਿ ਬਸਾਂ ਉਤੇ ਸਵਾਰੀਆਂ ਬੈਠੀਆਂ ਹੁੰਦੀਆਂ ਹਨ, ਇਸ ਬਾਰੇ ਮੈਂ ਇਕ ਪ੍ਰਸ਼ਨ ਵੀ ਦਿਤਾ ਸੀ, ਇਸ ਤਰ੍ਹਾਂ ਨਾਲ ਬੱਸਾਂ ਦੇ ਐਕਸੀਡੈਂਟਸ ਹੋ ਰਹੇ ਹਨ ਔਰ ਲੋਕ ਮਾਰੇ ਜਾਂਦੇ ਹਨ। ਲਿੰਕ ਸੜਕਾਂ ਬਣਣ ਨਾਲ ਲੋਕਾਂ ਨੂੰ ਆਵਾਜਾਈ ਦੇ ਸਾਧਨ ਵੀ ਮਿਲਣੇ ਚਾਹੀਦੇ ਹਨ। ਹਰ ਪਿੰਡ ਵਾਸਤੇ ਬੱਸ ਦਾ ਹੋਣਾ ਬਹੁਤ ਜ਼ਰੂਰੀ ਹੈ। ਮੇਰੇ ਸਾਹਮਣੇ ਬੈਠੇ ਦੋਸਤ ਮੌਜੂਦ ਨਹੀਂ ਹਨ ਕਿਉਂਕਿ ਉਨ੍ਹਾਂ ਦੇ ਦਿਲੋ ਦਿਮਾਗ ਵਿਚ ਹਰ ਮਰਜ਼ ਦੀ ਦਵਾ ਇਕੋ ਹੀ ਹੈ ਕਿ ਹਰ ਚੀਜ਼ ਦਾ ਕੌਮੀ ਕਰਨ ਕਰ ਦਿਤਾ

Original with;
Punjab Vidhan Sabha
Digitized by;
Panjab Digital Library

[ਸ੍ਰੀ ਓਮ ਪ੍ਰਕਾਸ਼ ਭਾਰਦਵਾਜ]

ਜਾਵੇ । ਉਨ੍ਹਾਂ ਨੂੰ ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਹੁਣ ਜਿੰਨੀ ਟਰਾਂਸਪੋਰਟ ਚਲੀ ਹੈ ਸਾਡੇ ਰੋਡਵੇਜ਼ ਦੀ, ਪੈਪਸੂ ਟਰਾਂਸਪੋਰਟ ਕਾਰਪੋਰੇਸ਼ਨ ਦੀ ਇਨ੍ਹਾਂ ਬਾਰੇ ਹਰ ਰੋਜ਼ ਸਵਾਲ ਆ ਰਹੇ ਹਨ ਕਿ ਐਨੇ ਲੱਖਾਂ ਰੁਪਏ ਦਾ ਘਾਟਾ ਇਸ ਵਿਚ ਕਿਉਂ ਹੋ ਰਿਹਾ ਹੈ ? ਇਹ ਇਸ ਕਰਕੇ ਹੁੰਦਾ ਹੈ ਕਿ ਸਰਕਾਰੀ ਚੀਜ਼ ਹੋਣ ਕਰਕੇ ਰਾਜ ਪਰਬੰਧ ਠੀਕ ਨਹੀਂ ਰਹਿੰਦਾ । ਪੁਰਾਣੇ ਦੋਸਤਾਂ ਨੇ ਅਫਸਰਾਂ ਨਾਲ ਮਿਲਕੇ ਕਾਫੀ ਖਾਧਾ ਹੈ । ਉਸ ਨਾਲ ਥੱਲੇ ਤਕ ਅਸਰ ਪਿਆ । ਥੱਲੇ ਵਰਕਸ਼ਾਪ ਵਿਚ ਗੜਬੜ ਹੋਈ । ਉਥੇ ਸਰਵਿਸਮੈਨ ਨੇ ਓਪਰੇਟਰਾਂ ਨੇ ਨਵੇਂ ਪੁਰਜ਼ਿਆਂ ਦੀ ਥਾਂ ਤੇ ਪੁਰਾਣੇ ਪੁਰਜ਼ੇ ਪਾ ਦਿਤੇ ਔਰ ਨਵੇਂ ਵੇਚ ਦਿੰਦੇ ਸਨ ਅਤੇ ਪੈਸੇ ਆਪ ਖਾ ਲੈਂਦੇ ਸਨ । ਇਸੇ ਕਰਕੇ ਇਹ ਘਾਟਾ ਪਿਆ ਹੈ । ਅਗਰ ਸਹੀ ਢੰਗ ਨਾਲ ਸੇਵਾ ਕਰਨੀ ਹੈ ਤਾਂ ਇਸ ਚੀਜ਼ ਦਾ ਹੱਲ ਸੋਚਣਾ ਪਏਗਾ । ਅਗਰ ਪ੍ਰਾਈਵੇਟ ਰੂਟ ਠੀਕ ਢੰਗ ਨਾਲ ਨਹੀਂ ਚਲਦੇ ਤਾਂ ਉਸ ਵੇਲੇ ਉਨ੍ਹਾਂ ਤੇ ਐਕਸ਼ਨ ਹੋਣਾ ਚਾਹੀਦਾ ਹੈ । ਸਰਕਾਰੀ ਰੋਡਵੇਜ਼ ਔਰ ਪ੍ਰਾਈਵੇਟ ਰੋਡਵੇਜ਼ ਵਿਚ ਕੰਪੀਟੀਸ਼ਨ ਹੋਣਾ ਚਾਹੀਦਾ ਹੈ ਤਾਂਕਿ ਉਸ ਸਰਵਿਸ ਤੋਂ ਲੋਕਾਂ ਨੂੰ ਠੀਕ ਸਰਵਿਸ ਮਿਲ ਸਕੇ । ਲੇਕਿਨ ਉਨ੍ਹਾਂ ਦੋਸਤਾਂ ਨੂੰ ਜਿਹੜੇ ਕਿ ਯੂਨੀਅਨਿਜ਼ਮ ਵਿਚ ਵਿਸ਼ਵਾਸ਼ ਰਖਦੇ ਹਨ ਉਹ ਸੋਚਦੇ ਹਨ ਕਿ ਨਵੇਂ ਰੂਟ ਕਿਵੇਂ ਮਿਲ ਗਏ ਹਨ । ਜਿਹੜੇ ਰੂਟਸ ਹਿਮਾਚਲ ਪ੍ਰਦੇਸ਼ ਵਿਚ ਨੈਸ਼ਨੇਲਾਈਜ਼ ਕੀਤੇ ਗਏ ਉਥੇ ਬਸਾਂ ਖੜੀਆਂ ਹਨ । ਉਨ੍ਹਾਂ ਦੋਸਤਾਂ ਨੂੰ ਇਸ ਤੇ ਕੋਈ ਇਤਰਾਜ਼ ਨਹੀਂ ਹੈ । ਬਲਕਿ ਇਸ ਗਲ ਤੇ ਇਤਰਾਜ਼ ਹੈ ਕਿ ਬਸਾਂ ਦੀਆਂ ਛੱਤਾਂ ਤੇ ਬੈਠ ਕੇ ਲੋਕ ਕਿਉਂ ਆਉਂਦੇ ਹਨ । ਇਸ ਤਰ੍ਹਾਂ ਨਾਲ ਬਸਾਂ ਦੀਆਂ ਛੱਤਾਂ ਤੇ ਬੈਠ ਕੇ ਸਵਾਰੀਆਂ ਸਫਰ ਕਰਨ, ਇਹ ਗੈਰ ਵਾਜਬ ਹੈ, ਐਂਟੀਨੈਸ਼ਨਲ ਹੈ । ਇਥੇ ਦੇ ਟਰਾਂਸਪੋਰਟ ਮੰਤਰੀ ਨੇ ਕੌਮੀ ਕਰਨ ਦੇ ਫੋਬੀਏ ਤੋਂ ਨਿਕਲ ਕੇ ਇਹ ਜੋ ਫੈਸਲਾ ਲਿਆ ਹੈ ਇਸ ਨੂੰ ਆਉਣ ਵਾਲੇ ਦਿਨਾਂ ਵਿਚ ਜਨਤਾ ਯਾਦ ਕਰੇਗੀ । ਪਛੜੀਆਂ ਸ਼੍ਰੇਣੀਆਂ ਵਾਸਤੇ, ਗਰੈਜੂਏਟ ਜੋ ਅੱਜ ਬੇਕਾਰ ਹਨ, ਟਰੇਡ ਫਿਟਰਾਂ, ਮਕੈਨਿਕਸ ਨੂੰ ਇਸ ਨਾਲ ਕੰਮ ਮਿਲੇਗਾ ਔਰ ਲੋਕਾਂ ਨੂੰ ਆਵਾਜਾਈ ਦੇ ਸਾਧਨ ਮਿਲਣਗੇ । ਇਸ ਨਾਲ ਮੁਲਕ ਵਿਚ ਖੁਸ਼ਹਾਲੀ ਆਏਗੀ ।

ਇਸ ਬਿਲ ਦੀ ਪ੍ਰੋੜਤਾ ਕਰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਤੇ ਬੋਲਣ ਲਈ ਟਾਈਮ ਦਿਤਾ ਹੈ ।

**ਸਰਦਾਰ ਗੁਰਦੇਵ ਸਿੰਘ ਬਾਦਲ** (ਪੰਜ ਗਰਾਈਂ, ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਅੱਜ ਦਾ ਇਹ ਬਿਲ ਟਰਾਂਸਪੋਰਟ ਦੇ ਸਾਧਨਾਂ ਦਾ ਬਿਲ ਜੋ ਢੀਂਡਸਾ ਜੀ ਨੇ ਲਿਆਂਦਾ ਹੈ, ਇਸ ਦੀ ਮੈਂ ਪੰਜਾਬ ਦੇ ਮੁੱਖ ਮੰਤਰੀ ਅਤੇ ਸਾਡੇ ਨੌਜਵਾਨ ਅਣਥਕ ਮਿਹਨਤੀ, ਇਮਾਨਦਾਰ, ਹਿੰਮਤੀ, ਉਮਰ ਵਿਚ ਛੋਟੇ, ਪਰ ਅਕਲ ਵਿਚ ਅੱਧ ਸਿਆਣੇ ਵਜ਼ੀਰ ਸਾਹਿਬ ਨੂੰ ਮੈਂ ਆਪਣੀ ਤਰਫੋਂ ਇਕ ਵਾਰੀ ਨਹੀਂ, ਦੋ ਵਾਰੀ ਨਹੀਂ, ਸੌ ਵਾਰੀ ਨਹੀਂ, ਲੱਖ ਵਾਰੀ ਵਧਾਈ ਦਿੰਦਾ ਹਾਂ । ਇਸ ਕਰਕੇ ਕਿਉਂਕਿ ਅੱਜ ਇੱਕ ਐਸਾ ਸੁਨਹਿਰੀ ਅੱਖਰਾਂ ਵਾਲਾ ਬਿਲ ਲਿਆਂਦਾ ਹੈ ਜਿਸ ਵਿਚ ਇਹ ਸਿੱਧ ਕੀਤਾ ਹੈ ਗੁਰੂ ਨਾਨਕ ਦੇਵ ਸਾਹਿਬ ਦੇ ਇਨ੍ਹਾਂ ਸ਼ਬਦਾਂ ਨੂੰ ਜਿਵੇਂ ਕਿ :—

"ਨੀਚਾਂ ਅੰਦਰ ਨੀਚ ਜਾਤ ਨੀਚੀ ਹੂੰ ਅਤਿ ਨੀਚ,
ਨਾਨਕ ਤਿਨਕੇ ਸੰਗ ਸਾਥ ਵਡਿਆਂ ਸੂ ਕਿਆ ਰੀਸ" ।

ਇਹ ਸਿੱਧ ਕੀਤਾ ਹੈ । 1967 ਤੋਂ ਲੈ ਕੇ ਲਗਾਤਾਰ ਮੈਂ ਐਮ.ਐਲ. ਏ. ਬਣਿਆ ਆ ਰਿਹਾ ਹਾਂ । ਅੱਜ ਦੀ ਗੱਲ ਪੜ੍ਹ ਕੇ ਖੁਸ਼ੀ ਹੁੰਦੀ ਹੈ । ਗੁਰ ਨਾਨਕ ਸਾਹਿਬ ਦਾ ਵਾਕ ਹੈ ਕਿ ਜਿਹੜੀ

Original with;
Punjab Vidhan Sabha
Digitized by;
Panjab Digital Library

ਗਰੀਬ ਦੀ ਮੂੰਹ ਮਾਰੀ ਗੋਲਕ ਹੈ ਉਹ ਗੁਰੂ ਦੀ ਗੋਲਕ ਹੈ। ਇਸ ਕਰਕੇ ਇਹ ਅੱਜ ਦੇ ਬਿਲ ਵਿਚ ਸਭ ਤੋਂ ਪਹਿਲੇ ਨੰਬਰ ਤੇ ਪਛੜੀਆਂ ਸ਼੍ਰੇਣੀਆਂ ਦਾ ਨਾਂ ਆਇਆ ਹੈ। ਦੂਜੇ ਨੰਬਰ ਤੇ ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨ ਮੁੰਡਿਆਂ ਦਾ ਨਾਂ ਆਇਆ ਹੈ ਔਰ ਤੀਜੇ ਨੰਬਰ ਤੇ ਉਨ੍ਹਾਂ ਵੀਰਾਂ ਦਾ ਨਾਂ ਆਇਆ ਹੈ, ਜਿਨ੍ਹਾਂ ਦੀ ਖਾਤਰ ਸਾਡੀਆਂ ਭੈਣਾਂ ਇਹ ਪੰਜਾਬੀ ਦਾ ਟੱਪਾ ਬੋਲ ਕੇ ਗਾਉਂਦੀਆਂ ਹਨ—

> "ਮਾਹੀ ਮੇਰਾ ਨੀਂ ਸਰੂ ਦਾ ਬੂਟਾ
> ਫੌਜ ਵਿਚ ਭਰਤੀ ਹੋਇਆ "

ਫੌਜ ਵਿਚ ਭਰਤੀ ਹੋ ਕੇ ਦੇਸ਼ ਦੀ ਸੇਵਾ ਕਰਕੇ ਪੈਟਨ ਟੈਂਕ ਜਿਨ੍ਹਾਂ ਨੂੰ ਅਮਰੀਕਾ ਕਹਿੰਦਾ ਸੀ ਪਾਕਿਸਤਾਨ ਨੂੰ ਦੇਣ ਲਗਿਆਂ ਕਿ ਇਹ ਮੇਰੇ ਪੈਟਨ ਟੈਂਕ ਤੋੜਨੇ ਤਾਂ ਕੀ ਹਨ ਇਨ੍ਹਾਂ ਦਾ ਪਾਲਿਸ਼ ਵੀ ਨਹੀਂ ਕੋਈ ਲਾਹ ਸਕੇਗਾ। ਪਰ ਉਨ੍ਹਾਂ ਨੌਜਵਾਨਾਂ ਨੇ ਖੇਮ ਕਰਨ ਦੇ ਬਾਰਡਰ ਤੇ ਇਨ੍ਹਾਂ ਦੀਆਂ ਧੱਜੀਆਂ ਉੜਾ ਦਿੱਤੀਆਂ ।

## EXTENSION OF TIME OF THE SITTING

**Mr. Deputy Speaker:** If the House agrees, the time of the sitting be extended by 15 minutes.

(Voices: Yes, yes.)

**Mr. Deputy Speaker:** The time of the sitting of the House is extended upto 7·15 P.M.

## THE MOTOR VEHICLES (PUNJAB AMENDMENT) BILL, 1978
*(Resumption)*

**ਸਰਦਾਰ ਗੁਰਦੇਵ ਸਿੰਘ ਬਾਦਲ:** ਅਮਰੀਕਾ ਨੇ ਟੈਂਕ ਦੇਣ ਲਗਿਆਂ ਪਾਕਿਸਤਾਨ ਨੂੰ ਇਹ ਫੜ ਮਾਰੀ ਸੀ ਕਿ ਉਨ੍ਹਾਂ ਨੂੰ ਤੋੜਨਾਂ ਤਾਂ ਇਕ ਪਾਸੇ ਰਿਹਾ ਇਨ੍ਹਾਂ ਦਾ ਕੋਈ ਪਾਲਿਸ਼ ਵੀ ਨਹੀਂ ਲਾਹ ਸਕੇਗਾ । ਪਰ ਮੇਰੇ ਪੰਜਾਬ ਦੇ ਗਭਰੂਆਂ ਨੇ ਉਹ ਟੈਂਕ ਐਵੇਂ ਤੋੜੇ ਜਿਵੇਂ ਕਿ ਮੁੱਕੀ ਮਾਰਕੇ ਅਖਰੋਟ ਤੋੜੀਦੇ ਹਨ । ਉਨ੍ਹਾਂ ਵੀਰਾਂ ਦੇ ਰਿਟਾਇਰ ਹੋਣ ਤੇ ਉਨ੍ਹਾਂ ਦੀ ਕਦਰ ਕਰਨ ਲਈ ਇਹ ਬਿਲ ਲਿਆਂਦਾ ਜਾ ਰਿਹਾ ਹੈ। ਇਹਦੇ ਵਿਚ ਉਨ੍ਹਾਂ ਨੂੰ ਬੜਾ ਭਾਰੀ ਹਿੱਸਾ ਦਿੱਤਾ ਹੈ। ਸਿਆਸੀ ਕੈਦੀ ਜਿਹੜੇ ਭਰਾ ਜੇਲ੍ਹਾਂ ਵਿਚ ਸਾਰਾ ਕਾਰੋਬਾਰ ਛੱਡ ਕੇ ਆਪਣੇ ਬਚਿਆਂ ਨੂੰ ਛੱਡ ਕੇ ਆਪਣੇ ਪਰੀਵਾਰ ਨੂੰ ਛੱਡ ਕੇ ਆਪਣੀਆਂ ਜਾਇਦਾਦਾਂ ਕੁਰਕ ਕਰਾਈਆਂ, ਸਾਰਾ ਕੁੱਝ ਆਪਣਾ ਪੰਜਾਬ ਦੀ ਖਾਤਰ ਲਗਾਇਆ, ਉਨ੍ਹਾਂ ਦੀ ਕਦਰ ਕੀਤੀ ਗਈ ਹੈ। ਉਨ੍ਹਾਂ ਨੂੰ ਵੀ ਇਸ ਬਿਲ ਵਿਚੋਂ ਬੜਾ ਉਤਸ਼ਾਹ ਮਿਲੇਗਾ ਅਤੇ ਉਹ ਲੋਕ ਅੱਜ ਧੰਨ ਧੰਨ ਕਰਨਗੇ। ਡਿਪਟੀ ਸਪੀਕਰ ਸਾਹਿਬ, ਮੈਂ ਇਕੱਲੀ ਹੀ ਬਾਦਲ ਸਾਹਿਬ ਅਤੇ ਢੀਂਡਸਾ ਜੀ ਨੂੰ ਵਧਾਈ ਨਹੀਂ ਦਿੰਦਾ ਮੇਰਾ ਖਿਆਲ ਹੈ ਕਿ ਬੇਰੁਜ਼ਗਾਰ ਮੁੰਡੇ ਜਿਹੜੇ ਹਨ ਉਹ ਧੰਨ ਧੰਨ ਕਰਨਗੇ। ਇਹ ਬਿੱਲ ਲਿਆਉਣ ਤੋਂ ਪਹਿਲਾਂ ਜਿਹੜੇ ਬੇਰੁਜ਼ਗਾਰ ਮੁੰਡੇ ਬੱਸਾਂ ਨੂੰ ਫੂਕਦੇ ਸਨ ਅਤੇ ਉਹ ਗਲਤ ਆਦਮੀਆਂ ਦੇ ਹੱਥੀਂ ਚੜ੍ਹਕੇ ਬੱਸਾਂ ਦਾ ਨੁਕਸਾਨ ਕਰਦੇ ਸਨ ਹੁਣ ਉਹ ਵੀ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਨਗੇ। ਇਹ ਜਿਹੜੇ ਗਊ ਅਤੇ ਵੱਛੇ ਵਾਲੇ ਬੇਰੁਜ਼ਗਾਰ ਮੁੰਡਿਆਂ ਨੂੰ ਚੁਕਦੇ ਹੁੰਦੇ ਸੀ, ਪਹਿਲਾਂ ਉਨ੍ਹਾਂ ਦੀ ਗਊ ਚਲੀ ਗਈ ਅਤੇ ਫਿਰ ਵੱਛਾ ਵੀ ਚਲਾ ਗਿਆ। ਅੱਜ ਉਨ੍ਹਾਂ ਨੂੰ ਪੱਠੇ ਪਾਉਣ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਦੇਵ ਸਿੰਘ ਬਾਦਲ]

ਵਾਲੇ ਵੀ ਚਲੇ ਗਏ ਹਨ। ਜਿਨ੍ਹਾਂ ਚਿਰ ਸ਼ਰੀਕ ਦੀ ਅੱਖ ਵਿਚ ਅੱਖ ਪਾ ਕੇ ਗੱਲ ਨਾ ਕੀਤੀ ਜਾਵੇ ਉਤਨੀ ਦੇਰ ਮਜ਼ਾ ਨਹੀਂ ਆਉਂਦਾ। ਉਹ ਲੋਕ ਜਿਹੜੇ ਨੌਜਵਾਨ ਮੁੰਡਿਆਂ ਨੂੰ ਗੁਮਰਾਹ ਕਰਕੇ ਉਨ੍ਹਾਂ ਨੂੰ ਗਲਤ ਰਸਤਿਆਂ ਤੇ ਪਾ ਕੇ ਬੱਸਾਂ ਨੂੰ ਫੂਕਣ ਵਾਸਤੇ ਉਕਸਾਉਂਦੇ ਸਨ, ਅੱਜ ਉਹ ਮੁੰਡੇ ਉਨ੍ਹਾਂ ਦੇ ਆਖੇ ਨਹੀਂ ਲੱਗਣਗੇ ਸਗੋਂ ਢੀਂਡਸਾ ਜੀ ਦੀ ਅਤੇ ਪੰਜਾਬ ਦੇ ਮੁੱਖ ਮੰਤਰੀ ਬਾਦਲ ਸਾਹਿਬ ਦੀ ਜਿਹੜੀ ਅੱਛੀ ਸੋਚ ਹੈ ਉਸ ਉਤੇ ਚੱਲਕੇ ਬੱਸਾਂ ਦੀ ਰਖਿਆ ਆਪ ਕਰਨਗੇ । (ਤਾੜੀਆਂ) ਹੁਣ ਉਹ ਬੱਸਾਂ ਦੇ ਮੁਦਈ ਬਣਨਗੇ। ਸਭ ਤੋਂ ਵੱਡੀ ਖੁਸ਼ੀ ਦੀ ਗੱਲ ਇਹ ਹੈ ਕਿ ਜਿਹੜੇ ਪਛੜੇ ਵਰਗ ਦੇ ਲੋਕ ਹਨ ਉਹ ਖੁਸ਼ੀ ਮਨਾਉਣਗੇ ਅਤੇ ਢੀਂਡਸਾ ਜੀ ਦੇ ਉਨ੍ਹਾਂ ਸ਼ਬਦਾਂ ਨੂੰ ਪੜ੍ਹਕੇ ਉਨ੍ਹਾਂ ਨੂੰ ਇਸ ਗਲ ਦੀ ਵਧਾਈ ਦੇਣਗੇ। ਜਿਵੇਂ ਗੁਰੂ ਮਹਾਰਾਜ ਨੇ ਕਿਹਾ ਹੈ:

'ਨਾਨਕ ਨਾਮ ਚੜ੍ਹਦੀ ਕਲਾ,
ਤੇਰੇ ਭਾਣੇ ਸਰਬੱਤ ਕਾ ਭਲਾ'।

ਸਰਬੱਤ ਦਾ ਭਲਾ ਹੋਵੇਗਾ। ਇਸ ਬਿੱਲ ਦੇ ਪਾਸ ਹੋਣ ਨਾਲ ਬੇਰੁਜ਼ਗਾਰਾਂ ਨੂੰ ਰੋਟੀ ਮਿਲੇਗੀ। ਹਿੰਦੁਸਤਾਨ ਵਿਚ 12 ਲੱਖ ਲੋਕ ਭੁਖ ਮਰੀ ਦਾ ਸ਼ਿਕਾਰ ਹਨ, ਬੇਰੁਜ਼ਗਾਰ ਹਨ। ਉਨ੍ਹਾਂ ਦੀ ਬੇਰੁਜ਼ਗਾਰੀ ਨੂੰ ਦੂਰ ਕਰਨ ਵਾਸਤੇ, ਉਨ੍ਹਾਂ ਦੀ ਗਰੀਬੀ ਦੂਰ ਕਰਨ ਵਾਸਤੇ ਇਹ ਜਿਹੜਾ ਸੁਨਹਿਰੀ ਬਿੱਲ ਲਿਆਂਦਾ ਗਿਆ ਹੈ, ਮੈਂ ਬੇਨਤੀ ਕਰਾਂਗਾ ਕਿ . . .

**Mr. Deputy Speaker** :Please wind up.

**ਸਰਦਾਰ ਗੁਰਦੇਵ ਸਿੰਘ ਬਾਦਲ** : ਇਕ ਹਜ਼ਾਰ ਰੂਟ ਪਰਮਿਟ ਮਿਲੇਗਾ ਅਤੇ ਉਸ ਦੇ ਵਿਚ 250 ਰੂਟ ਪਰਮਿਟ ਜਿਹੜੇ ਹਨ ਉਹ ਗਰੀਬ ਵਰਗ ਦੇ ਲੋਕਾਂ ਨੂੰ ਮਿਲਣਗੇ। ਇਸ ਤਰ੍ਹਾਂ ਉਹ ਰੋਟੀ ਕਮਾ ਸਕਣਗੇ। ਹੁਣ ਉਹ ਲੋਕ ਗੁਮਰਾਹ ਕਰਾਉਣ ਵਾਲੇ ਲੋਕਾਂ ਦੇ ਮਗਰ ਨਹੀਂ ਲੱਗਣਗੇ। ਇਹ ਜਿਹੜਾ ਇਥੇ ਕਿਹਾ ਗਿਆ ਕਿ ਲੜਕੀਆਂ ਤੇ ਲਾਠੀ ਚਾਰਜ ਕੀਤਾ ਗਿਆ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਲੜਕੀਆਂ ਸਾਡੀਆਂ ਵੀ ਧੀਆਂ ਭੈਣਾਂ ਹਨ। ਪਰ ਮੈਨੂੰ ਅਫਸੋਸ ਹੈ ਸਾਡੇ ਗਰੀਬ ਲੋਕਾਂ ਦੀਆਂ ਲੜਕੀਆਂ ਨੂੰ ਅੱਗੇ ਲਾਕੇ ਲੈ ਆਉਂਦੇ ਹਨ ਕਦੇ ਉਨ੍ਹਾਂ ਨੇ ਆਪਣੀਆਂ ਧੀਆਂ ਨੂੰ ਵੀ ਅੱਗੇ ਲਾ ਕੇ ਲਿਆਂਦਾ ਹੈ। ਇਹ ਜਿਹੜੀਆਂ ਲੜਕੀਆਂ ਘੱਲੀਆਂ ਸਨ ਕੀ ਉਥੇ ਉਨ੍ਹਾਂ ਨੂੰ ਪਰਸ਼ਾਦ ਮਿਲਣਾ ਸੀ ? ਹੁਣ ਉਹ ਲੋਕ ਉਨ੍ਹਾਂ ਦੇ ਆਖੇ ਨਹੀਂ ਲੱਗਣਗੇ। ਅੱਜ ਮੈਂ ਦਸਦਾ ਹਾਂ ਕਿ:-

'ਸਮਾਂ ਉਸ ਨੂੰ ਕਦੇ ਪਛਾਣਦਾ ਨਹੀਂ ਜਿਹੜਾ ਸਮੇਂ ਨੂੰ ਆਪ ਪਛਾਣਦਾ ਨਹੀਂ।'

ਇਨ੍ਹਾਂ ਨੇ ਬੜਾ ਉਦਮ ਕੀਤਾ ਅਤੇ ਗਰੀਬ ਲੋਕਾਂ ਨੂੰ ਯੁਗ ਪਛੜੇ ਵਰਗ ਦੇ ਲੋਕਾਂ ਨੂੰ ਉਪਰ ਚੁੱਕਣ ਲਈ ਅਤੇ ਭੁੱਖ ਮਰੀ ਦੂਰ ਕਰਨ ਵਾਸਤੇ ਅਤੇ ਸਮੇਂ ਦੀ ਪਛਾਣ ਕਰਦੇ ਹੋਏ ਇਹ ਜਿਹੜਾ ਬਿੱਲ ਲਿਆਂਦਾ ਹੈ, ਇਸ ਲਈ ਇਹ ਵਧਾਈ ਦੇ ਪਾਤਰ ਹਨ। ਮੈਂ ਅਰਜ਼ ਕਰਾਂਗਾ ਕਿ ਜਿਹੜੀ ਪਹਿਲੀ ਟਰਾਂਸਪੋਰਟ ਸੀ ਉਸ ਦਾ ਹੁਣ ਕੀਰਤਨ ਸੋਹਿਲਾ ਪੜ੍ਹ ਦਿਓ ਅਤੇ ਨਵੀਆਂ ਨੂੰ ਪਰਮਿਟ ਦਿਓ। ਪੁਰਾਣੇ ਆਦਮੀਆਂ ਨੂੰ ਪਰਮਿਟ ਨਾ ਦਿਓ। ਚੰਡੀਗੜ੍ਹ ਤੋਂ ਗੰਗਾ ਨਗਰ ਜਾਂ ਹੋਰ ਇਹੋ ਜਿਹੇ ਲੰਬੇ ਰੂਟ ਹਨ ਉਹ ਗਰੀਬ ਵਰਗ ਦੇ ਲੋਕਾਂ ਨੂੰ ਦਿਓ, ਹਰੀਜਨਾਂ ਨੂੰ ਦਿਓ। ਇਸ ਤਰ੍ਹਾਂ ਉਹ ਆਪਣੀਆਂ ਕਿਸ਼ਤਾਂ ਵੀ ਲਾਹ ਲੈਣਗੇ। ਇਸ ਲਈ ਲੰਬੇ ਰੂਟ ਗਰੀਬ ਲੋਕਾਂ ਨੂੰ, ਪਛੜੇ ਵਰਗ ਦੇ ਲੋਕਾਂ ਨੂੰ ਦੇਣੇ ਚਾਹੀਦੇ ਹਨ। ਵੱਡੇ ਰੂਟ ਗਰੀਬ ਵਰਗ ਦੇ ਲੋਕਾਂ ਨੂੰ ਦੇਣੇ ਚਾਹੀਦੇ

Original with;
Punjab Vidhan Sabha
Digitized by;
Panjab Digital Library

ਹਨ ਤਾਂ ਕਿ ਉਹ ਉਤਸ਼ਾਹ ਵਿਚ ਆਉਣ ਅਤੇ ਆਪਣੀਆਂ ਕਿਸ਼ਤਾਂ ਸਮੇਂ ਸਿਰ ਮੋੜ ਸਕਣ। ਇਸ ਤਰ੍ਹਾਂ ਉਨ੍ਹਾਂ ਦਾ ਪਰੀਵਾਰ ਰੱਜ ਕੇ ਰੋਟੀ ਖਾਵੇਗਾ। ਇਹ ਜਿਹੜਾ ਬਾਦਲ ਸਾਹਿਬ ਦੀ ਸਰਕਾਰ ਨੇ ਗਰੀਬਾਂ ਵਾਸਤੇ ਕੰਮ ਕੀਤਾ ਹੈ ਇਸ ਕੰਮ ਲਈ ਇਸ ਸਰਕਾਰ ਨੂੰ ਬੇਰੁਜ਼ਗਾਰ ਮੁੰਡੇ ਧੰਨ ਧੰਨ ਕਰਨਗੇ। ਮੈਂ ਢੀਂਡਸਾ ਜੀ ਦਾ ਅਤੇ ਬਾਦਲ ਸਾਹਿਬ ਜੀ ਦਾ ਧੰਨਵਾਦ ਕਰਦਾ ਹਾਂ ਅਤੇ ਵਧਾਈ ਦਿੰਦਾ ਹਾਂ।

(ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਟਰਾਂਸਪੋਰਟ ਮੰਤਰੀ ਨੂੰ ਕਾਲ ਅਪਾਨ ਕੀਤਾ।)

**ਸ੍ਰੀ ਮਦਨ ਮੋਹਨ ਮਿੱਤਲ:** ਮੈਂ ਵੀ ਬੋਲਣਾ ਹੈ ਜੀ।

**ਸ੍ਰੀ ਡਿਪਟੀ ਸਪੀਕਰ:** ਤੁਸੀਂ ਬੈਠੋ ਜੀ। ਹਾਂ ਜੀ, ਢੀਂਡਸਾ ਸਾਹਿਬ, ਤੁਸੀਂ ਸ਼ੁਰੂ ਕਰੋ।

**Shri Madan Mohan Mittal**: I want to say something more.

**Mr. Deputy Speaker**: I am sorry.

**ਆਵਾਜਾਈ ਅਤੇ ਖੇਡਾਂ ਦੇ ਰਾਜ ਮੰਤਰੀ (ਸਰਦਾਰ ਸੁਖਦੇਵ ਸਿੰਘ ਢੀਂਡਸਾ):** ਸਤਿਕਾਰ ਯੋਗ ਡਿਪਟੀ ਸਪੀਕਰ ਸਾਹਿਬ, ਅੱਜ ਜੋ ਇਹ ਮੋਟਰ ਵਹੀਕਲ ਐਕਟ ਵਿਚ ਅਮੈਂਡਮੈਂਟ ਕਰਨ ਲਈ ਬਿੱਲ ਲਿਆਂਦਾ ਗਿਆ ਹੈ ਉਸ ਦਾ ਸਭ ਤੋਂ ਵੱਡਾ ਮਕਸਦ ਇਹ ਹੈ ਕਿ ਤੁਸੀਂ ਸਾਰੇ ਮੈਂਬਰ ਸਾਹਿਬਾਨ ਜਦੋਂ ਇਥੋਂ ਆਪਣੇ ਹਲਕਿਆਂ ਵਿਚ ਜਾਂਦੇ ਸੀ ਤਾਂ ਤੁਹਾਨੂੰ ਕਿਤਿਉਂ ਨਾ ਕਿਤਿਉਂ ਕੋਈ ਨਾ ਕੋਈ ਸ਼ਿਕਾਇਤ ਹੁੰਦੀ ਸੀ ਕਿ ਬੱਸਾਂ ਹੇਠਾਂ ਭਰੀਆਂ ਜਾਂਦੀਆਂ ਹਨ ਅਤੇ ਜਿਥੇ 6 ਬੱਸਾਂ ਚੱਲਦੀਆਂ ਹਨ ਉਥੇ 10 ਦੀ ਮੰਗ ਹੈ ਅਤੇ ਜਿਥੇ 10 ਚੱਲਦੀਆਂ ਹਨ ਉਥੇ 20 ਦੀ ਮੰਗ ਹੈ। ਇਸ ਮੰਗ ਨੂੰ ਮੁੱਖ ਰਖਦੇ ਹੋਏ ਇਹ ਕੀਤਾ ਗਿਆ ਹੈ (ਵਿਘਨ) ਸਰਕਾਰ ਕੋਲ ਐਨੇ ਪੈਸੇ ਦਾ ਪ੍ਰਬੰਧ ਵੀ ਨਹੀਂ ਸੀ ਕਿ ਪੰਜਾਬ ਰੋਡਵੇਜ਼ ਅਤੇ ਪੀ.ਆਰ.ਟੀ. ਸੀ. ਨੂੰ ਐਕਸਪੈਂਡ ਕੀਤਾ ਜਾ ਸਕੇ ਅਤੇ ਸਾਰੀਆਂ ਲੋੜਾਂ ਨੂੰ ਪੂਰਾ ਕੀਤਾ ਜਾ ਸਕੇ। ਜਿਸ ਪਾਰਟੀ ਦੀ ਪਹਿਲੇ ਸਰਕਾਰ ਰਹੀ ਹੈ ਉਸ ਨੇ ਪੰਜਾਬ ਰੋਡਵੇਜ਼ ਅਤੇ ਪੀ.ਆਰ.ਟੀ.ਸੀ ਦੀ ਬਹੁਤ ਬੁਰੀ ਹਾਲਤ ਕਰ ਦਿਤੀ ਸੀ। ਪੀ.ਆਰ.ਟੀ.ਸੀ ਕੋਲ 882 ਬੱਸਾਂ ਸਨ ਜਿਨ੍ਹਾਂ ਵਿਚੋਂ 379 ਬੱਸਾਂ ਐਸੀਆਂ ਸਨ ਜਿਹੜੀਆਂ ਆਪਣੀ ਲਾਈਫ ਖਤਮ ਕਰ ਚੁਕੀਆਂ ਹਨ ਔਰ ਇਸ ਤੋਂ ਇਲਾਵਾ ਨਾ ਕੋਈ ਬੈਂਕ ਪੈਸਾ ਦੇਣ ਲਈ ਤਿਆਰ ਸੀ ਅਤੇ ਨਾ ਸਰਕਾਰ ਕੋਲ ਪੈਸਾ ਸੀ। ਅਸੀਂ ਉਨ੍ਹਾਂ ਬੱਸਾਂ ਨੂੰ ਹੀ ਠੀਕ ਕਰਕੇ ਉਨ੍ਹਾਂ ਤੋਂ ਹੀ ਕੰਮ ਲਿਆ। ਤੁਸੀਂ ਹੈਰਾਨ ਹੋਵੋਗੇ ਕਿ ਸਾਨੂੰ 1 ਕਰੋੜ ਰੁਪਿਆ ਤੋਂ ਵੱਧ ਇਕੱਲਾ ਪੀ. ਆਰ.ਟੀ.ਸੀ ਨੂੰ ਵਿਆਜ ਦੇਣਾ ਪੈਂਦਾ ਹੈ। ਇਸ ਦਾ ਬਾਦਲ ਸਾਹਿਬ ਦੀ ਸਰਕਾਰ ਨੇ ਹੱਲ ਸੋਚਿਆ ਕਿ ਜੋ ਅਸੀਂ ਪੁਰਾਣੇ ਵੱਡੇ ਟਰਾਂਸਪੋਰਟਰ ਨੂੰ ਪਰਮਿਟ ਦੇਈਏ ਤਾਂ ਇਸ ਦਾ ਕੋਈ ਫਾਇਦਾ ਨਹੀਂ ਹੋਣਾ। ਜਿਨ੍ਹਾਂ ਕੋਲ ਪਹਿਲਾਂ ਹੀ 60--60 ਬੱਸਾਂ ਹਨ ਉਨ੍ਹਾਂ ਨੂੰ ਹੋਰ ਪਰਮਿਟ ਦੇ ਕੇ ਉਨ੍ਹਾਂ ਨੂੰ ਅਸੀਂ ਵੱਡਾ ਨਹੀਂ ਕਰਨਾ ਚਾਹੁੰਦੇ। ਅਗਰ ਉਨ੍ਹਾਂ ਨੂੰ ਪਰਮਿਟ ਦਿਤੇ ਗਏ ਤਾਂ ਫਿਰ ਗਰੀਬ ਆਦਮੀਆਂ ਦਾ ਕੋਈ ਭਲਾ ਨਹੀਂ ਹੋਵੇਗਾ। ਇਸ ਕਰਕੇ ਇਸ ਬਿਲ ਵਿਚ ਅਮੈਂਡਮੈਂਟ ਲਿਆਂਦੀ ਗਈ ਹੈ ਤਾਂ ਕਿ ਉਨ੍ਹਾਂ ਗਰੀਬ ਲੋਕਾਂ ਨੂੰ ਰੁਜ਼ਗਾਰ ਮਿਲ ਸਕੇ ਅਤੇ ਉਨ੍ਹਾਂ ਲੋਕਾਂ ਦੀਆਂ ਜਿਹੜੀਆਂ ਮੇਨ ਪ੍ਰਾਬਲਮਜ਼ ਹਨ, ਜੋ ਤਕਲੀਫਾਂ ਹਨ, ਉਹ ਦੂਰ ਕੀਤੀਆਂ ਜਾ ਸਕਣ। ਅਸੀਂ ਰੂਟ ਪਰਮਿਟ 25% ਸ਼ਡਿਊਲਡ ਕਾਸਟ ਲਈ ਰਿਜ਼ਰਵ ਕਰ ਦਿੱਤੇ ਹਨ ਅਤੇ ਬਾਕੀ ਦੀਆਂ ਕੈਟੇਗਰੀਆਂ ਜਿਹੜੀਆਂ ਥੋੜ੍ਹੀ ਇਨਕਮ ਵਾਲੀਆਂ ਹਨ ਉਨ੍ਹਾਂ ਗਰੀਬ ਲੋਕਾਂ ਵਾਸਤੇ ਮੈਂ ਯਕੀਨ ਦਿਵਾਉਂਦਾ ਹਾਂ ਕਿ ਅੱਗੇ ਤੋਂ ਪ੍ਰਬੰਧ ਹੋਵੇਗਾ ਅਤੇ ਜਿਹੜੇ ਰੂਟ ਪਰਮਿਟ ਦਿਤੇ ਜਾਣਗੇ ਉਹ ਗਰੀਬ ਵਰਗ ਦੇ ਲੋਕਾਂ ਨੂੰ ਦਿਤੇ ਜਾਣਗੇ। (ਤਾੜੀਆਂ)

Original with;
Punjab Vidhan Sabha
Digitized by;
Panjab Digital Library

[ਆਵਾਜਾਈ ਅਤੇ ਖੇਡਾਂ ਦੇ ਰਾਜ ਮੰਤਰੀ]

ਇਥੇ ਇਕ ਚੀਜ਼ ਇਹ ਕਹੀ ਗਈ ਕਿ ਲੰਬੇ ਰੂਟ ਵੱਡੇ ਆਦਮੀਆਂ ਨੂੰ ਨਾ ਦਿਤੇ ਜਾਣ। ਇਸ ਦੇ ਬਾਰੇ ਮੈਂ ਦੱਸਦਾ ਹਾਂ ਕਿ ਅਸੀਂ ਇਕ ਨਾਰਮ ਬਣਾਇਆ ਹੈ 208 ਕਿਲੋਮੀਟਰ ਦਾ। ਇਕ ਪੰਜਾਬ ਰੋਡਵੇਜ਼ ਦੀ ਬੱਸ ਜਾਂ ਪੀ.ਆਰ.ਟੀ.ਸੀ ਦੀ ਬੱਸ ਹਰ ਰੋਜ਼ 208 ਕਿਲੋਮੀਟਰ ਚੱਲੇ ਅਤੇ ਜੇ ਉਹ ਖਰਚ ਪੂਰਾ ਕਰਦੀ ਹੈ ਤਾਂ ਰੂਟ ਪਰਮਿਟ ਦਿਤੇ ਜਾਣਗੇ। 208 ਕਿਲੋਮੀਟਰ ਦੀ ਥਾਂ 210 ਕਿਲੋਮੀਟਰ ਵੀ ਹੋ ਸਕਦਾ ਹੈ ਅਤੇ 190 ਕਿਲੋਮੀਟਰ ਵੀ ਹੋ ਸਕਦਾ ਹੈ। ਸੋ ਇਸ ਨਾਰਮ ਦੇ ਹਿਸਾਬ ਨਾਲ ਨਵੇਂ ਰੂਟ ਪਰਮਿਟ ਦਿਤੇ ਜਾਣਗੇ। ਇਸ ਤੋਂ ਘੱਟ ਵਾਸਤੇ ਰੂਟ ਪਰਮਿਟ ਨਹੀਂ ਦਿਤੇ ਜਾਣਗੇ ਤਾਂ ਕਿ ਉਸ ਦੇ ਵਿਚ ਗਰੀਬ ਆਦਮੀਆਂ ਨੂੰ ਮੁਨਾਫਾ ਮਿਲ ਸਕੇ। ਇਸ ਤੋਂ ਇਲਾਵਾ ਗਰੀਬ ਸ਼੍ਰੇਣੀਆਂ ਦੇ ਲੋਕਾਂ ਨੂੰ ਇਹ ਵੀ ਇਤਰਾਜ਼ ਹੈ ਕਿ ਬੱਸ ਖਰੀਦਣ ਲਈ ਡੇਢ ਲੱਖ ਰੁਪਿਆ ਕਿਥੋਂ ਆਵੇਗਾ। ਡਿਪਟੀ ਸਪੀਕਰ ਸਾਹਿਬ, ਸ਼ਡਿਊਲਡ ਕਾਸਟਸ ਵਾਸਤੇ, ਬੈਕਵਰਡ ਕਲਾਸਿਜ਼ ਵਾਸਤੇ ਆਲਰੇਡੀ ਕਾਰਪੋਰੇਸ਼ਨਜ਼ ਬਣੀਆਂ ਹੋਈਆਂ ਹਨ ਔਰ ਅੱਜ ਐਕਸ-ਸਰਵਿਸ ਮੈਨ ਵਾਸਤੇ ਕਾਰਪੋਰੇਸ਼ਨ ਬਨਾਉਣ ਲਈ ਬਿਲ ਪਾਸ ਕੀਤਾ ਹੈ। ਇਹ ਕਾਰਪੋਰੇਸ਼ਨ ਲੋਨਜ਼ ਦੇਵੇਗੀ, ਫਾਈਨਾਂਸ਼ਲ ਹੈਲਪ ਦੇਵੇਗੀ। ਜਿਹੜੀਆਂ ਦੂਸਰੀਆਂ ਕੈਟੇਗਰੀਜ਼ ਹਨ ਉਹ ਨੈਸ਼ਨੇਲਾਈਜ਼ਡ ਬੈਂਕਸ ਜੋ ਹਨ ਜਾਂ ਕੋਆਪਰੇਟਿਵ ਅਦਾਰੇ ਜੋ ਹਨ ਉਨ੍ਹਾਂ ਤੋਂ ਲੋਨ ਲੈ ਸਕਦੇ ਹਨ, ਫਾਈਨਾਂਸ਼ਲ ਹੈਲਪ ਲੈ ਸਕਦੇ ਹਨ। ਇਸ ਤਰ੍ਹਾਂ ਪੈਸੇ ਦਾ ਪ੍ਰਬੰਧ ਵੀ ਹੋ ਜਾਣਾ ਹੈ।

ਡਿਪਟੀ ਸਪੀਕਰ ਸਾਹਿਬ, ਜੇ ਇਹ ਸਾਹਮਣੇ ਬੈਠੇ ਭਰਾ ਇਥੇ ਹੁੰਦੇ ਤਾਂ ਮੈਂ ਹੋਰ ਵੀ ਕੁਝ ਕਹਿਣਾ ਚਾਹੁੰਦਾ ਸੀ ਪਰ ਹੁਣ ਕਿਉਂਕਿ ਇਸ ਬਿਲ ਦਾ ਜੋ ਮਕਸਦ ਹੈ ਉਹ ਇਧਰਲੇ ਸਾਰਿਆਂ ਮੈਂਬਰਾਂ ਸਾਹਿਬਾਨ ਨੇ ਇਥੇ ਬੋਲ ਕੇ ਦਸ ਦਿਤਾ ਹੈ, ਇਸ ਲਈ ਮੈਂ ਮਹਿਸੂਸ ਕਰਦਾ ਹਾਂ ਕਿ ਇਸ ਬਿਲ ਨੂੰ ਸਰਬ ਸੰਮਤੀ ਨਾਲ ਪਾਸ ਕਰ ਦਿਤਾ ਜਾਵੇ।

**Mr. Deputy Speaker:** Question is—

That the Motor Vehicles (Punjab Amendment) Bill be taken into consideration at once.

*The motion was carried.*

**Mr. Deputy Speaker:** Now the House will proceed to consider the Bill Clause by Clause

**Sub-Clause (2) of Clause 1**

**Mr. Deputy Speaker :** Question is—

That Sub-clause (2) of Clause 1 stand part of the Bill.

*The motion was carried.*

**CLAUSE 2**

**Mr. Deputy Speaker:** Question is—

That Clause 2 stand part of the Bill.

*The motion was carried.*

**Sub-Clause (1) of Clause 1.**

**Mr. Deputy Speaker:** Question is—

That Sub-clause (1) of Clause 1 stand part of the Bill.

*The motion was carried.*

Original with;
Punjab Vidhan Sabha
Digitized by;
Panjab Digital Library

## TITLE

**Mr. Deputy Speaker:** Question is—

That Title be the Title of the Bill.

*The motion was carried.*

**Minister of State For Transport, Tourism and Sports** (Sardar Sukhdev Singh Dhindsa): Sir, I beg to move—

That the Motor Vehicles (Punjab Amendment) Bill be passed.

**Mr. Deputy Speaker:** Motion moved—

That the Motor Vehicles (Punjab Amendment) Bill be passed.

---

## EXTENSION OF TIME OF THE SITTING

**Mr. Deputy Speaker:** I feel that the time of the House be extended by another 5 minutes.

Is it the pleasure of the House that the time be extended by another 5 minutes ?

(Voices: Yes, yes.)

**Mr. Deputy Speaker:** The time of the sitting of the House is extended by another 5 minutes.

---

## THE MOTOR VEHICLES (PUNJAB AMENDMENT) BILL, 1978
*(Resumption)*

ਸ੍ਰੀ ਮਦਨ ਮੋਹਨ ਮਿੱਤਲ (ਨੰਗਲ) : ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਿਲ ਦੇ ਉਤੇ ਕੁਝ ਸੁਜੈਸ਼ਨਜ਼ ਦੇਣਾ ਚਾਹੁੰਦਾ ਹਾਂ । The definition of "backward class' as given in Explanation I is as under :

"backward class" means a class of persons notified as such by the State Government on the basis of its social and educational backwardness."

I say that 'social and educational backwardness' is vague. It should also include economic backwardness because there are certain rules, instructions etc. issued from time to time that the persons who are economically backward should not get benefits. The purpose of the Bill should be to give benefit to the persons who are economically backward and also to the scheduled castes and also to break the monopoly of the transporters and to give benefit to the common man. Moreover, we are also committed to the public at the time of elections that we will give maximum facilities to the unemployed. I agree that this Bill will remove unemployment. Simultaneously the definition of 'backward class' is vague and I propose that it should also include economic backwardness.

**Mr. Deputy Speaker:** At this stage you cannot move an amendment.

**Shri Madan Mohan Mittal:** The Minister may consider afterwards.

ਕੁਝ ਆਵਾਜ਼ਾਂ : ਕਲਾਜ਼ਾਂ ਪਾਸ ਹੋ ਗਈਆਂ ਹਨ ।

Original with;
Punjab Vidhan Sabha
Digitized by;
Panjab Digital Library

ਕੁਝ ਹੋਰ ਆਵਾਜ਼ਾਂ। ਮਿੱਤਲ, ਸਾਹਿਬ ਹੁਣ ਕੋਈ ਫਾਇਦਾ ਨਹੀਂ।

**ਆਵਾਜਾਈ ਅਤੇ ਖੇਡਾਂ ਦੇ ਰਾਜ ਮੰਤਰੀ।** ਡਿਪਟੀ ਸਪੀਕਰ ਸਾਹਿਬ, ਕੰਸਿਡਰ ਕਰ ਲਵਾਂਗੇ, ਜੇ ਜ਼ਰੂਰਤ ਪਈ ਤਾਂ ਦੁਬਾਰਾ ਵੀ ਕੀਤਾ ਜਾ ਸਕਦਾ ਹੈ।

**Shri Madan Mohan Mittal:** My another submission is that there are a lot of difficulties for the State Transport. Whenever there is an accident and the cases go to the Court, the persons who are involved in the accident cannot get benefit nor the State is benefitted. If the State Transport is also put under the Insurance Policy, I can definitely say that the Government will be benefitted by it and the persons who are involved in the accidents will also be benefitted. Heavy compensation against Vehicles is claimed whenever there is an accident and in case the transport is insured, compensation will be compromised. In the case of private operators, their buses are insured and that is why the compensation is compromised. For that purpose I will ask the Hon'ble Minister to take this point into consideration. There are some other flaws in the Act by which the State may suffer. It should also be considered by the Minister.

**ਆਵਾਜਾਈ ਅਤੇ ਖੇਡਾਂ ਦੇ ਰਾਜ ਮੰਤਰੀ:** (ਬੈਠੇ ਬੈਠੇ) ਇਹ ਤਾਂ ਮੈਂ ਪਹਿਲਾਂ ਹੀ ਜਵਾਬ ਦੇ ਚੁੱਕਾ ਹਾਂ।

**Mr. Deputy Speaker:** Question is—

That the Motor Vehicles (Punjab Amendment) Bill be passed.

*The motion was carried unanimously.*

**Mr. Deputy Speaker.** The House stands adjourned till 9·00 A.M. on Friday, the 15th September, 1978.

*7.15 P.M. | *(The Sabha then *adjourned till 9.00 A.M. on Friday, the 15th September, 1978.)*

---

34440 PVS –Govt. Press, Chd.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

©1979
Published under the authority of the Punjab Vidhan Sabha Secretariat and printed by the Controller, Government Press, Chandigarh.

Original with;
Punjab Vidhan Sabha
Digitized by;
Panjab Digital Library

S.P.
37

# Punjab Vidhan Sabha Debates

*15th September, 1978*

(*Forenoon Sitting*)

**Vol. III—No. 11**

**OFFICIAL REPORT**

CONTENTS

*Friday, the 15th September,* 1978
(*Forenoon Sitting*)


| | Page |
|---|---|
| Starred Questions and Answers .. | (11)1 |
| Unstarred Questions and Answers .. | (11)28 |
| Call Attention Notices under Rule 66 .. | (11)30 |
| LEGISLATIVE BUSINESS | |
| Bill(s)— | |
| The Punjab Agricultural Credit Operations and Miscellaneous Provisions (Banks)——, 1978 .. | (11)33 |
| The Punjab Requisitioning and Acquisition of Moveable Property—, 1978 .. | (11)35 |
| The Punjab Panchayat Samitis and Zila Parishads (Temporary Supersession),—1978 .. | (11)41 |
| Motion *re.* discussion on the twenty-third Report of the Commissioner for Scheduled Castes and Scheduled Tribes for the year 1974-75 (*Not moved*) .. | (11)50 |
| Appendix .. | i |


Punjab Vidhan Sabha Secretariat, Chandigarh.

**Price: Rs. 18.50 P.**

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

## PUNJAB VIDHAN SABHA

*Friday, the 15th September, 1978*

*(Forenoon Sitting)*

*The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Sardar Ravi Inder Singh) in the Chair.*

## STARRED QUESTIONS AND ANSWERS

### Starred Question No. *551

**Mr. Speaker :** House will first take up Question No. 551 standing in the name of Shri Harbans Lal Khanna and appearing in the list of Starred Questions for the 14th September, 1978 (A.S.)

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ)

**ਨਿਸ਼ਾਨ ਵਾਲੇ ਪ੍ਰਸ਼ਨ ਨੰ: 561, 539, 668, 669, 825 ਅਤੇ 519**

(ਸਬੰਧਤ ਮਾਨਯੋਗ ਮੈਂਬਰ ਸਾਹਿਬਾਨ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਏ।)

### Starred Question No. 713

**Mr. Speaker :** Extension has been asked for in respect of Starred Question No. 713.

Dharam Pal Sabharwal.

Minister,
Labour and Employment Department, Punjab,
Chandigarh.
Dated, Chandigarh, 14th September, 1978

Dear Speaker Sahib,

The answer to Starred Vidhan Sabha Question No. 713 appearing in the list of Questions for 15th September, 1978, is not ready. The requisite information is being collected from the quarters concerned. I am, therefore, to request that time for answering this Question may kindly be extended and this Question included in the list of Questions for any date after 25th September, 1978.

Yours Sincerely,
(Sd.)
(Dharam Pal Sabharwal)

Sardar Ravi Inder Singh,
Speaker,
Punjab Vidhan Sabha.

---

*For Starred Question No. 551 and reply thereto, please see page 2 infra.

Original with;
Punjab Vidhan Sabha
Digitized by;
Panjab Digital Library

**ਸਰਦਾਰ ਦਲੀਪ ਸਿੰਘ ਪਾਂਧੀ :** ਸਪੀਕਰ ਸਾਹਿਬ, ਇਸ ਦਾ ਜਵਾਬ ਦਿਵਾਓ । ਇਨ੍ਹਾਂ ਨੇ ਪਹਿਲਾਂ ਵੀ ਕਿਹਾ ਸੀ ਕਿ ਅਸੀਂ ਇਸ ਸੈਸ਼ਨ ਵਿਚ ਜਵਾਬ ਦੇ ਦਿਆਂਗੇ (ਵਿਘਨ)

**ਸ੍ਰੀ ਸਪੀਕਰ :** ਮੈਂ ਗੌਰਮਿੰਟ ਨੂੰ ਕਹਿ ਦਿਤਾ ਹੈ, ਉਮੀਦ ਹੈ ਕਿ ਕੱਲ ਤਕ ਇਸ ਦਾ ਜਵਾਬ ਆ ਜਾਏਗਾ ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: *569**

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ ।)

---

### Block Development and Panchayat Officers in the State

*827 **Doctor Sadhu Ram:** Will the Minister for Development be pleased to state the total number of Block Development and Panchayat Officers in the State, at present, together with the number of Scheduled Castes amongst them?

**ਸਰਦਾਰ ਆਤਮਾ ਸਿੰਘ :** ਇਸ ਵੇਲੇ ਪੰਜਾਬ ਰਾਜ ਵਿਚ 115 ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਕੰਮ ਕਰ ਰਹੇ ਹਨ ਅਤੇ ਇਨ੍ਹਾਂ ਵਿਚੋਂ ਚਾਰ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਅਨੁਸੂਚਿਤ ਜਾਤੀਆਂ ਦੇ ਮੈਂਬਰ ਹਨ ।

---

**ਸ੍ਰੀ ਹਰਬੰਸ ਲਾਲ ਖੰਨਾ :** ਸਪੀਕਰ ਸਾਹਿਬ, ਮੇਰਾ ਸਵਾਲ ਨੰ : 551 ਸੀ ਜੀ, ਉਹ ਹੁਣ ਕਰ ਲਵੋ ।

**ਸ੍ਰੀ ਸਪੀਕਰ :** ਠੀਕ ਹੈ ।

---

### ਰਾਜ ਵਿਚ ਸਰਕਾਰੀ ਕਾਲਜਾਂ ਵਿਚ ਲੈਕਚਰਾਰਾਂ ਦੀਆਂ ਆਸਾਮੀਆਂ ਦੀ ਕੁਲ ਗਿਣਤੀ

***551. ਸ੍ਰੀ ਹਰਬੰਸ ਲਾਲ ਖੰਨਾ :** ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਰਾਜ ਵਿੱਚ ਵੱਖ ਵੱਖ ਸਰਕਾਰੀ ਕਾਲਜਾਂ ਵਿਚ ਇਸ ਸਮੇਂ ਲੈਕਚਰਾਰਾਂ ਦੀਆਂ ਕੁਲ ਕਿੰਨੀਆਂ ਆਸਾਮੀਆਂ ਹਨ ;

(ਅ) ਭਾਗ (ੳ) ਵਿੱਚ ਵਰਣਿਤ ਲੈਕਚਰਾਰਾਂ ਵਿਚੋਂ ਉਨ੍ਹਾਂ ਦੀ ਗਿਣਤੀ ਕਿੰਨੀ ਹੈ ਜੋ ਪੱਕੇ ਹੋ ਗਏ ਹਨ ਅਤੇ ਉਨ੍ਹਾਂ ਨੂੰ ਪੱਕਾ ਕਰਨ ਲਈ ਕੀ ਕਸੌਟੀ ਅਪਣਾਈ ਗਈ ?

**ਸਰਦਾਰ ਸੁਖਜਿੰਦਰ ਸਿੰਘ ਖੈਰਾ :** (ੳ) 1,734 ।

(ਅ) 536 । ਲੈਕਚਰਾਰਾਂ ਨੂੰ ਉਨ੍ਹਾਂ ਦੇ ਕੰਮ ਅਤੇ ਆਚਰਨ ਸਬੰਧੀ ਸੇਵਾ ਰਿਕਾਰਡ, ਸੀਨੀਅਰਤਾ ਦੇ ਆਧਾਰ ਤੇ, ਖਾਲੀ ਪੱਕੀਆਂ ਆਸਾਮੀਆਂ ਉਪਲਭਧ ਹੋਣ ਅਤੇ ਸਬੰਧਤ ਰੂਲਾਂ ਅਨੁਸਾਰ ਪੱਕਾ ਕੀਤਾ ਗਿਆ ਸੀ ।

**ਸ੍ਰੀ ਹਰਬੰਸ ਲਾਲ ਖੰਨਾ :** ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਦਸਿਆ ਹੈ ਕਿ ਲੱਗ ਭਗ 1,200 ਐਸੇ ਲੈਕਚਰਾਰਜ਼ ਹਨ ਜਿਹੜੇ ਕਿ ਡਿਫਰੈਂਟ ਕਾਲਜਾਂ

---

*For Starred Question No. 569 and reply thereto, please see page 14 infra.

Original with;
Punjab Vidhan Sabha
Digitized by;
Panjab Digital Library

ਵਿਚ ਅੱਨ-ਕਨਫਰਮਡ ਹਨ। ਕਨਫਰਮੇਸ਼ਨ ਦਾ ਕੀ ਕਰਾਈਟੇਰੀਆ ਹੈ, ਜਿਸ ਦੇ ਕਾਰਨ 536 ਹੋਏ ਹਨ ਅਤੇ ਅੱਜੇ ਤਕ 1,200 ਨਹੀਂ ਹੋ ਸਕੇ, ਕਾਰਨ ਵੀ ਦੱਸ ਦੇਣ ?

**ਮੰਤਰੀ :** ਸਪੀਕਰ ਸਾਹਿਬ, ਕੁਲ ਤਾਦਾਦ ਜਿਹੜੀ ਲੈਕਚਰਾਰਜ਼ ਦੀ ਦਸੀ ਹੈ ਉਸ ਵਿਚ ਕੇਵਲ 819 ਪੋਸਟਾਂ ਪਰਮਾਨੈਂਟ ਹਨ। 819 ਵਿਚੋਂ 536 ਕਨਫਰਮਡ ਹੋ ਚੁਕੇ ਹਨ ਅਤੇ ਬਾਕੀਆਂ ਦੇ ਕੇਸ ਗੌਰਮਿੰਟ ਦੇ ਵਿਚਾਰ ਅਧੀਨ ਹਨ। ਕਿਉਂਕਿ ਉਨ੍ਹਾਂ ਵਿਚ ਜੁਆਇੰਟ ਸਿਨਆਰਿਟੀ, ਕਾਲਜ ਐਰ ਸਕੂਲ ਕੇਡਰ ਅਲੈਹਦਾ ਅਲੈਹਦਾ ਕਰਨੇ ਹਨ, ਮੈਨ ਐਰ ਵੂਮੈਨ ਅਲੈਹਦਾ ਕਰਨੇ ਹਨ, ਉਨ੍ਹਾਂ ਦੀ ਕਲੀਅਰੈਂਸ ਪਬਲਿਕ ਸਰਵਿਸ ਕਮਿਸ਼ਨ, ਚੀਫ ਸੈਕਟਰੀ ਅਤੇ ਫਿਨਾਂਸ ਡਿਪਾਰਟਮੈਂਟ ਤੋਂ ਲੈਣੀ ਸੀ। ਕੇਸ ਬੜਾ ਉਲਝਨਦਾਰ ਹੈ, ਲੇਕਿਨ ਬੜਾ ਫਾਸਟ ਚਲ ਰਿਹਾ ਹੈ। ਜਦੋਂ ਵੀ ਫੈਸਲਾ ਹੋ ਗਿਆ ਅਸੀਂ ਕਨਫਰਮੇਸ਼ਨ ਕਰ ਦਿਆਂਗੇ।

**ਸ਼੍ਰੀ ਹਰਬੰਸ ਲਾਲ ਖੰਨਾ :** ਸਪੀਕਰ ਸਾਹਿਬ, ਅਕਾਰਡਿੰਗ ਟੂ ਦੀ ਸੁਪਰੀਮ ਕੋਰਟ ਰੂਲਿੰਗ, ਇਨ੍ਹਾਂ ਦੇ ਕਾਲਜਾਂ ਵਿਚ ਜਿੰਨੇ ਵੀ ਲੈਕਚਰਾਰਜ਼ ਹਨ ਜਿਨ੍ਹਾਂ ਨੂੰ ਲਗਿਆਂ ਹੋਇਆਂ ਇਕ ਸਾਲ ਹੋ ਗਿਆ ਹੈ ਉਨ੍ਹਾਂ ਨੂੰ ਕਨਫਰਮ ਕੀਤਾ ਜਾਏਗਾ, ਕੀ ਇਹ ਇਨ੍ਹਾਂ ਦੇ ਨੋਟਿਸ ਵਿਚ ਹੈ ?

**ਮੰਤਰੀ :** ਮੈਨੂੰ ਪਤਾ ਨਹੀਂ ਕਿ ਸੁਪਰੀਮ ਕੋਰਟ ਦੀ ਕੀ ਰੂਲਿੰਗ ਹੈ, ਪਰ ਅਸੀਂ ਕਿਸੇ ਨੂੰ ਕਢਿਆ ਨਹੀਂ ਹੈ, ਅਜੇ ਸਾਡੇ ਰੂਲਜ਼ ਅਪਰੂਵ ਹੋਣੇ ਹਨ, ਜਦੋਂ ਅਪਰੂਵ ਹੋ ਗਏ, ਜਿੰਨੀਆਂ ਖਾਲੀ ਪੋਸਟਾਂ ਹੋਣ-ਗੀਆਂ ਉਨ੍ਹਾਂ ਤੇ ਕਨਫਰਮੇਸ਼ਨ ਕਰ ਦਿਤੀ ਜਾਏਗੀ।

**ਸਰਦਾਰ ਕਿਰਪਾਲ ਸਿੰਘ :** ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਬਹੁਤ ਸਾਰੇ ਲੈਕਚਰਾਰਜ਼ ਐਡਹਾਕ ਤੇ ਲਗੇ ਹੋਏ ਹਨ, ਇਹ ਦਸਣ ਕਿ ਕੁਲ ਸਬਸਟਾਂਟਿਵ ਪੋਸਟਾਂ ਕਿੰਨੀਆਂ ਹਨ ਅਤੇ ਉਨ੍ਹਾਂ ਦੇ ਵਿਰੁਧ ਕਿੰਨੇ ਲਗੇ ਹੋਏ ਹਨ ਅਤੇ ਖ਼ਾਲੀ ਕਿੰਨੀਆਂ ਹਨ ?

**ਮੰਤਰੀ :** ਮੈਂ ਤਾਂ ਦੱਸ ਚੁੱਕਾ ਹਾਂ ਕਿ 819 ਪੋਸਟਾਂ ਸੱਬਸਟਾਂਟਿਵ ਹਨ। ਬਾਕੀ ਹਰ ਸਮੇਂ ਮਹਿਕ-ਮਿਆਂ ਵਿਚ ਇਨਕਰੀਜ਼ ਹੁੰਦੀ ਰਹਿੰਦੀ ਹੈ। ਸਟੂਡੈਂਟਸ ਅਗਰ ਜ਼ਿਆਦਾ ਹੋ ਜਾਣ ਤਾਂ ਲੈਕਚਰਾਰ ਐਡ-ਹਾਕ ਬੇਸਿਜ਼ ਤੇ ਲਗਾ ਦਿਤੇ ਜਾਂਦੇ ਹਨ। ਬਾਕੀ 819 ਦੇ ਖਿਲਾਫ 536 ਕਨਫਰਮ ਹੋਏ ਹੋਏ ਹਨ।

**ਪ੍ਰਿੰਸੀਪਲ ਓਮ ਪ੍ਰਕਾਸ਼ ਬੱਗਾ :** ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਸੁਪਰੀਮ ਕੋਰਟ ਦੀ ਰੂਲਿੰਗ ਆਈ ਕਿਸੇ ਕੇਸ ਵਿਚ, ਉਸ ਦੇ ਮੁਤਾਬਕ ਇਕ ਸਾਲ ਵਿਚ ਉਨ੍ਹਾਂ ਨੂੰ ਕਨਫਰਮ ਕਰਨਾ ਪੈਂਦਾ ਹੈ। ਇਨ੍ਹਾਂ ਨੇ ਕਿਹਾ ਹੈ ਮੈਨੂੰ ਪਤਾ ਨਹੀਂ। ਇਨ੍ਹਾਂ ਨੂੰ ਉਹ ਕਾਗਜ਼ ਕਿਉਂ ਨਹੀਂ ਪੇਸ਼ ਕੀਤੇ ਗਏ, ਇਹ ਕਿਸ ਦੀ ਜ਼ਿਮੇਵਾਰੀ ਹੈ ?

**ਮੰਤਰੀ :** ਜ਼ਿਮੇਵਾਰੀ ਦਾ ਸੁਆਲ ਹੀ ਨਹੀਂ ਜੀ ਇਸ ਵਿਚ।

---

**ਨਿਸ਼ਾਨ ਵਾਲੇ ਪ੍ਰਸ਼ਨ ਨੰ: 733 ਅਤੇ 802**

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਏ।)

---

**ਰਾਜ ਵਿਚ ਤਹਿਸੀਲਦਾਰ**

*826. **ਡਾਕਟਰ ਸਾਧੂ ਰਾਮ :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇਸ ਵਕਤ ਰਾਜ ਵਿਚ ਕੁਲ ਕਿੰਨੇ ਤਹਿਸੀਲਦਾਰ ਹਨ ਅਤੇ ਉਨ੍ਹਾਂ ਵਿਚ ਅਨੁਸੂਚਿਤ ਜਾਤੀਆਂ ਦੀ ਗਿਣਤੀ ਕਿੰਨੀ ਹੈ ?

Original with;
Punjab Vidhan Sabha
Digitized by;
Panjab Digital Library

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ** : (1) ਰਾਜ ਵਿਚ ਮਾਲ ਵਿਭਾਗ ਦੇ ਤਹਿਸੀਲਦਾਰਾਂ ਦੀ ਕੁਲ ਗਿਣਤੀ .. 64

(2) ਉਪਰੋਕਤ ਲੜੀ ਨੰ: 1 ਵਿਚ ਦੱਸੇ ਤਹਿਸੀਲਦਾਰਾਂ ਵਿਚੋਂ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਤਹਿਸੀਲਦਾਰਾਂ ਦੀ ਕੁਲ ਗਿਣਤੀ .. 10

**ਡਾਕਟਰ ਸਾਧੂ ਰਾਮ** : ਇਨ੍ਹਾਂ ਨੇ ਜਿਹੜੀ ਗਿਣਤੀ ਦਸੀ ਹੈ ਉਹ ਠੀਕ ਹੈ, ਪਰ ਮੈਂ ਕਹਿੰਦਾ ਹਾਂ ਕਿ ਹਰੀਜਨ ਰੇਸ਼ੋ ਦੇ ਮੁਤਾਬਕ ਪੂਰੇ ਨਹੀਂ, ਕੀ ਇਹ ਪੂਰੇ ਕਰਨ ਦੀ ਕੋਸ਼ਿਸ਼ ਕਰਨਗੇ ?

**ਮੰਤਰੀ** : ਬਿਲਕੁਲ ਪੂਰੇ ਹਨ ਜੀ।

---

**ਚੱਕਬੰਦੀ ਦੇ ਦੌਰਾਨ ਰਸਤਿਆਂ ਅਤੇ ਸੜਕਾਂ ਦੀ ਨਿਸ਼ਾਨਦੇਹੀ**

*634 **ਸਰਦਾਰ ਦਲਬੀਰ ਸਿੰਘ** : ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਚੱਕ ਬੰਦੀ ਦੇ ਦੌਰਾਨ ਰਸਤਿਆਂ ਅਤੇ ਸੜਕਾਂ ਦੀ ਉਚਿਤ ਸੰਭਾਲ ਅਤੇ ਠੀਕ ਨਿਸ਼ਾਨ-ਦੇਹੀ-ਕਰਨ ਅਤੇ ਹਰ ਸਾਲ ਦੇ ਦੌਰਾਨ ਘਟੋ ਘੱਟ ਇਕ ਵਾਰੀ ਅਜਿਹੇ ਰਸਤਿਆਂ ਅਤੇ ਸੜਕਾਂ ਦੀ ਨਿਸ਼ਾਨ-ਦੇਹੀ ਨੂੰ ਚੈਕ ਕਰਨ ਲਈ ਮਾਲ ਭਿਵਾਗ ਦੀ ਜ਼ਿਮੇਵਾਰੀ ਨਿਸ਼ਚਿਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ** : ਨਹੀਂ ਜੀ।

---

**ਨਿਸ਼ਾਨ ਵਾਲੇ ਪ੍ਰਸ਼ਨ ਨੰ. *563 ਅਤੇ *538**

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਏ)

---

**ਸਰਕਾਰੀ ਸਕੂਲਾਂ ਦੇ ਲਈ ਬਿਲਡਿੰਗ ਫ਼ੰਡ ਕਮੇਟੀ ਦਾ ਗਠਨ**

*849. **ਸਰਦਾਰ ਕਿਰਪਾਲ ਸਿੰਘ** : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਇਹ ਠੀਕ ਹੈ ਕਿ ਹਰ ਇਕ ਸਰਕਾਰੀ ਸਕੂਲ ਵਿਚ ਬਿਲਡਿੰਗ ਫ਼ੰਡ ਕਮੇਟੀ ਬਣਾਈ ਗਈ ਹੈ ਅਤੇ ਦਿਹਾਤੀ ਇਲਾਕਿਆਂ ਵਿਚ ਗਰਾਮ ਪੰਚਾਇਤ ਦਾ ਸਰਪੰਚ ਇਸ ਦੇ ਸਭਾਪਤੀ ਵਜੋਂ ਕੰਮ ਕਰਦਾ ਹੈ ;

(ਅ) ਕੀ ਸਰਕਾਰੀ ਹਾਈ ਸਕੂਲ, ਸਰਾਵਾਂ ਤਹਿਸੀਲ ਮੁਕਤਸਰ ਜ਼ਿਲ੍ਹਾ ਫਰੀਦਕੋਟ ਦੇ ਪਿਛਲੇ 6 ਸਾਲਾਂ ਦੇ ਦੌਰਾਨ ਕੋਈ ਬਿਲਡਿੰਗ ਫੰਡ ਕਮੇਟੀ ਬਣਾਈ ਗਈ ਸੀ ; ਜੇ ਕਰ ਅਜਿਹਾ ਹੋਵੇ ਤਾਂ ਉਸ ਦੇ ਮੈਂਬਰਾਂ ਦੇ ਨਾਵਾਂ ਦੀ ਇਕ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ;

(ੲ) ਉਕਤ ਸਰਕਾਰੀ ਸਕੂਲ ਦੇ ਅਧਿਕਾਰੀਆਂ ਦੁਆਰਾ 1 ਅਪ੍ਰੈਲ, 1972 ਤੋਂ 30 ਜੂਨ 1978 ਤਕ ਦੇ ਸਮੇਂ ਦੇ ਦੌਰਾਨ ਹਰ ਸਾਲ ਸਕੂਲ ਬਿਲਡਿੰਗ ਫੰਡ ਲਈ ਕਿਤਨੀ ਰਕਮ ਪ੍ਰਾਪਤ ਕੀਤੀ ਗਈ ;

(ਸ) 1 ਅਪ੍ਰੈਲ, 1972 ਤੋਂ 30 ਜੂਨ, 1978 ਤਕ ਦੇ ਸਮੇਂ ਦੇ ਦੌਰਾਨ ਉਕਤ ਬਿਲ ਡਿੰਗ ਫੰਡ ਕਿੰਨ੍ਹਾਂ ਮੰਤਵਾਂ ਲਈ ਵਰਤੀ ਗਈ ਹੈ ਅਤੇ ਬਣਾਈ ਗਈ ਇਮਾਰਤ ਦਾ ਵੇਰਵਾ ਕੀ ਹੈ ਅਤੇ ਹਰ ਇਕ ਸਾਲ ਕਿਤਨੀ ਰਕਮ ਵਰਤੀ ਗਈ ;

---

arred Questions Nos.563 and 538 and replies thereto, please see pages fra. respectively.

Original with;
Punjab Vidhan Sabha
Digitized by;
Panjab Digital Library

(ਹ) ਕੀ ਉਕਤ ਸਕੂਲ ਦੇ ਬਿਲਡਿੰਗ ਫੰਡ ਦੇ ਲੇਖਿਆਂ ਦਾ ਉਪਰੋਕਤ ਭਾਗ (ੲ) ਵਿਚ ਵਰਣਿਤ ਸਮੇਂ ਦੇ ਦੌਰਾਨ ਆਡਿਟ ਕੀਤਾ ਗਿਆ ਸੀ; ਜੇਕਰ ਅਜਿਹਾ ਹੋਵੇ ਤਾਂ ਆਡਿਟ ਰਿਪੋਰਟ ਦੇ ਵੇਰਵੇ ਕੀ ਹਨ ?

**ਸਰਦਾਰ ਸੁਖਜਿੰਦਰ ਸਿੰਘ ਥੇਰਾ :** (ੳ) ਹਾਂ, ਪੇਂਡੂ ਇਲਾਕੇ ਦੇ ਪ੍ਰਾਇਮਰੀ/ਮਿਡਲ ਸਕੂਲਾਂ ਦੀ ਸਬੰਧਤ ਗਰਾਮ ਪੰਚਾਇਤ ਦਾ ਸਰਪੰਚ ਚੇਅਰਮੈਨ ਹੁੰਦਾ ਹੈ।

(ਅ) ਤੋਂ (ਸ) ਸਵਾਲ ਦਾ ਜਵਾਬ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ।

(ਹ) ਨਹੀਂ ।

(ਅ) (1) ਸ: ਰਘਬੀਰ ਸਿੰਘ, ਮੁੱਖ ਅਧਿਆਪਕ, ਸਰਕਾਰੀ ਹਾਈ ਸਕੂਲ, ਸਾਰਵਾਂ, ਪ੍ਰਧਾਨ।

(2) ਸ: ਬਾਲੀ ਸਿੰਘ, ਪ੍ਰਤੀਨਿੱਧ, ਪੇਰੇਂਟਸ ਐਸੋਸੀਏਸ਼ਨ, ਨੁਮਾਇੰਦਾ ।

(3) ਸ੍ਰੀ ਓਮ ਪ੍ਰਕਾਸ਼, ਸਮਾਜ ਸੇਵਕ, ਨੁਮਾਇੰਦਾ।

(4) ਸ: ਤਾਰਾ ਸਿੰਘ, ਸਰਪੰਚ, ਨੁਮਾਇੰਦਾ।

(5) ਸ੍ਰੀਮਤੀ ਇੰਦਰ ਕੌਰ, ਪੰਚ, ਨੁਮਾਇੰਦਾ।

(6) ਸ: ਤੇਜ ਭਾਨ, ਅਧਿਆਪਕ, ਸਕੱਤਰ।

| | | ਰੁਪਏ |
|---|---|---|
| (ੲ) | 1972-73 | 631.00 |
| | 1973-74 | 621.00 |
| | 1974-75 | 534.00 |
| | 1975-76 | 626.00 |
| | 1976-77 | 650.00 |
| | 1977-78 | 672.00 |
| | 1978-79 | 526.00 |

| (ਸ) ਸਾਲ | ਰਾਸ਼ੀ | ਮੰਤਵ |
|---|---|---|
| 1972-73 | ਨਿਲ | |
| 1973-74 | 2,136.00 | ਇਕ ਕਮਰੇ ਦੀ ਛੱਤ ਬਦਲੀ ਗਈ, ਸਕੂਲ ਦੀ ਸਫੇਦੀ ਅਤੇ ਦਰ-ਵਾਜ਼ੇ/ਖਿੜਕੀਆਂ ਨੂੰ ਰੋਗਨ ਕਰਵਾਇਆ ਅਤੇ ਸਕੂਲ ਦੀ ਚਾਰ-ਦੀਵਾਰੀ ਬਣਵਾਈ ਗਈ । |
| 1974-75 | 14.00 | ਛੋਟੇ ਸੰਗਠਤ ਕੰਮ |
| 1975-76 | 20.00 | ਉਹੀ |

Original with;
Punjab Vidhan Sabha
Digitized by;
Panjab Digital Library

[ਵਿਦਿਆ ਮੰਤਰੀ]

| | |
|---|---|
| 1976-77 | 480 ਸਕੂਲ ਦੀ ਸਫੇਦੀ ਅਤੇ ਦਰਵਾਜ਼ੇ/ਖਿੜਕੀਆਂ ਨੂੰ ਰੋਗਨ ਕਰਵਾਇਆ ਗਿਆ ਹੈ । |
| 1977-78 | ਨਿਲ |
| 1978-79 | ਨਿਲ |

**ਸਰਦਾਰ ਕਿਰਪਾਲ ਸਿੰਘ** : ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਫੰਡਾਂ ਦੀ ਸਟੇਟਮੈਂਟ ਇਥੇ ਮੇਜ਼ ਤੇ ਰਖੀ ਹੈ ਉਹ ਮੈਂ ਜਲਦੀ ਵਿਚ ਪੂਰੀ ਤਰ੍ਹਾਂ ਪੜ੍ਹ ਤਾਂ ਨਹੀਂ ਸਕਿਆ, ਪਰ ਇਸ ਦੇ ਵਿਚ ਜਿਹੜਾ ਖਰਚ ਹੈ ਉਹ ਠੀਕ ਢੰਗ ਨਾਲ ਕੀਤਾ ਨਹੀਂ ਜਾਪਦਾ। ਜਿਸ ਆਦਮੀ ਨੇ ਨਾਜਾਇਜ਼ ਖਰਚ ਕੀਤਾ ਹੈ ਉਸ ਤੇ ਕੀ ਐਕਸ਼ਨ ਲੈਣਗੇ ?

**ਮੰਤਰੀ** : ਨਾਜਾਇਜ਼ ਖਰਚ ਹੋਇਆ ਹੀ ਨਹੀਂ ਜੀ।

## Financial Assistance to Widows

*848. **Sardar Kirpal Singh** : Will the Minister for Welfare be pleased to state:—

(a) whether the Assistant Director, Social Welfare Department Punjab, received some applications by registered post on 12th April, 1978 for the grant of financial assistance to widows; if so, a list thereof be laid on the Table of the House;

(b) the action, if any, so far taken on the said applications ;

(c) the number of applications which have been accepted, rejected, and of those which are under process separately ;

(d) whether any time limit has been prescribed for the disposal of applications for financial assistance ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ (ਮੁੱਖ ਮੰਤਰੀ)**:—(ੳ) ਹਾਂ ਜੀ । ਮਿਤੀ 12-4-1978 ਨੂੰ 27 ਬਿਨੈ-ਪੱਤਰ ਪ੍ਰਾਪਤ ਹੋਏ ਸਨ, ਜਿਨ੍ਹਾਂ ਦੀ ਲਿਸਟ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ । ਕਿਉਂਕਿ ਰਜਿਸਟਰਡ ਅਤੇ ਅਣ-ਰਜਿਸਟਰਡ ਚਿੱਠੀਆਂ ਇਕੋ ਹੀ ਰਜਿਸਟਰ ਵਿੱਚ ਦਰਜ ਕੀਤੀਆਂ ਜਾਂਦੀਆਂ ਹਨ, ਇਸ ਲਈ ਇਨ੍ਹਾਂ ਵਿਚ ਫਰਕ ਲੱਭਣਾ ਸੰਭਵ ਨਹੀਂ ।

(ਅ) 24 ਬਿਨੈ-ਪੱਤਰਾਂ ਦਾ ਨਿਪਟਾਰਾ ਕੀਤਾ ਜਾ ਚੁਕਾ ਹੈ ਅਤੇ ਬਾਕੀ 3 ਪੜਤਾਲ ਅਧੀਨ ਹਨ।

| | |
|---|---|
| (ੲ) ਮਨਜ਼ੂਰ | 6 |
| ਰੱਦ | 2 |
| ਪੂਰਤੀ ਲਈ ਬਿਨੈਕਾਰਾਂ ਨੂੰ ਵਾਪਸ ਭੇਜੀਆਂ | 16 |
| ਪੜਤਾਲ ਅਧੀਨ | 3 |

Original with;
Punjab Vidhan Sabha
Digitized by;
Panjab Digital Library

(ਸ) ਨਹੀਂ ਜੀ। ਫਿਰ ਵੀ ਘੱਟੋ ਘੱਟ ਸਮੇਂ ਵਿਚ ਇਨ੍ਹਾਂ ਦਾ ਨਿਪਟਾਰਾ ਕੀਤਾ ਜਾਂਦਾ ਹੈ।

ਬਿਨੇਕਾਰਾਂ ਦੀ ਸੂਚੀ

ਜ਼ਿਲ੍ਹਾ ਜਲੰਧਰ

| ਲੜੀ ਨੰ: | ਅਰਜ਼ੀ ਨੰਬਰ | ਬਿਨੇਕਾਰਾਂ ਦਾ ਨਾਂ ਅਤੇ ਪਤਾ | ਪੋਜ਼ੀਸ਼ਨ |
|---|---|---|---|
| 1. | 794 | ਲਾਜਵੰਤੀ, ਵਿਧਵਾ ਬਲਵੰਤ ਰਾਇ, ਪਿੰਡ ਅਤੇ ਡਾਕ ਖਾਨਾ ਚੱਕ ਕਲਾਂ, ਜ਼ਿਲ੍ਹਾ ਜਲੰਧਰ | ਮਨਜ਼ੂਰ |
| 2. | 2405 | ਹਰਬੰਸ ਕੌਰ ਵਿਧਵਾ ਗੁਰਦੇਵ ਸਿੰਘ, ਪਿੰਡ ਤੇ ਡਾਕ ਖਾਨਾ ਚਮਿਆਰਾ, ਜਲੰਧਰ | ਉਕਤ |
| 3. | 2620 | ਕਰਮੀ ਵਿਧਵਾ ਬਸਤਾ, ਬਸਤੀ ਪੀਰਦਾਰ, ਜਲੰਧਰ ਸ਼ਹਿਰ | ਪੜਤਾਲ |
| 4. | 2778 | ਰਾਜ ਕੌਰ ਵਿਧਵਾ ਹਾਕਿਮ ਸਿੰਘ, ਮਕਾਨ ਨੰ: XXXIII/ 804, ਬਸਤੀ ਪਿੰਨੂ ਡਾਕ ਖਾਨਾ ਗੁੰਜਾ ਬਸਤੀ, ਜਲੰਧਰ | ਵਾਪਸ |
| 5. | 3493 | ਚੰਨੋ ਵਿਧਵਾ ਦਲੀਪ ਸਿੰਘ, ਪਿੰਡ ਤੇ ਡਾਕ ਖਾਨਾ ਸੰਗਲ ਸਾਬਨ, ਜ਼ਿਲ੍ਹਾ ਜਲੰਧਰ | ਉਕਤ |
| | | **ਜ਼ਿਲ੍ਹਾ ਹੁਸ਼ਿਆਰਪੁਰ** | |
| 1. | 481 | ਸਿਮਰ ਕੌਰ, ਵਿਧਵਾ ਸੇਵਾ ਸਿੰਘ, ਪਿੰਡ ਤੇ ਡਾਕ ਖਾਨਾ ਬਿਹਲੀ, ਤਹਿ : ਦਸੂਆ, ਜ਼ਿਲ੍ਹਾ ਹੁਸ਼ਿਆਰਪੁਰ | ਵਾਪਸ |
| 2. | 2037 | ਕ੍ਰਿਸ਼ਨਾ ਦੇਵੀ ਵਿਧਵਾ ਮੱਘਰ ਸਿੰਘ, ਨਵੀਂ ਮੰਡੀ, ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ | ਉਕਤ |
| 3. | 2200 | ਰੌਸ਼ਨੀ ਵਿਧਵਾ ਅਬਦੁਲ ਰਹਿਮ, ਪਿੰਡ ਤੇ ਡਾਕ ਖਾਨਾ ਮਹਿੰਗਰਵਾਲ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ | ਉਕਤ |
| 4. | 2961 | ਵਿਦਿਆ ਵਿਧਵਾ ਸੋਮ ਨਾਥ, ਪਿੰਡ ਤੇ ਡਾਕ ਖਾਨਾ ਸਤਨੌਰ, ਤਹਿ: ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ | ਮਨਜ਼ੂਰ |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| ਲੜੀ ਨੰਬਰ | ਅਰਜ਼ੀ ਨੰਬਰ | ਬਿਨੈਕਾਰ ਦਾ ਨਾਂ ਅਤੇ ਪਤਾ | ਪੋਜ਼ੀਸ਼ਨ |
|---|---|---|---|
| | | **ਜ਼ਿਲ੍ਹਾ ਪਟਿਆਲਾ** | |
| 1. | 466 | ਕ੍ਰਿਸ਼ਨਾ ਦੇਵੀ ਵਿਧਵਾ ਕਿਸ਼ਨ ਚੰਦ, ਮਕਾਨ ਦੰ: 110/3, ਸਿਆਰਾ ਬਾਦ ਗੇਟ, ਪਟਿਆਲਾ | ਵਾਪਸ |
| | | **ਜ਼ਿਲ੍ਹਾ ਫਰੀਦਕੋਟ** | |
| 1. | 2653 | ਗੁਰਨਾਮ ਕੌਰ ਵਿਧਵਾ ਅਮਰ ਸਿੰਘ, ਪਿੰਡ ਤੇ ਡਾਕ ਖਾਨਾ ਸਫੀਰਵਾਲ, ਤਹਿ: ਮੋਗਾ, ਜ਼ਿਲ੍ਹਾ ਫਰੀਦਕੋਟ | ਵਾਪਸ |
| 2. | 2517 | ਸ਼ਾਮ ਕੌਰ ਵਿਧਵਾ ਖਜ਼ਾਨ ਸਿੰਘ, ਪਿੰਡ ਤੇ ਡਾਕਖਾਨਾ ਜੈ ਸਿੰਘ ਵਾਲਾ, ਮੋਗਾ, ਜ਼ਿਲ੍ਹਾ ਫਰੀਦਕੋਟ | ਉਕਤ |
| 3. | 2514 | ਚਾਂਦ ਕੌਰ ਵਿਧਵਾ ਸ਼ਾਮ ਸਿੰਘ ਪਿੰਡ ਤੇ ਡਾਕਖਾਨਾ ਸਿੰਘਾਂ ਵਾਲਾ ਮੋਗਾ, ਜ਼ਿਲ੍ਹਾ ਫਰੀਦਕੋਟ | ਉਕਤ |
| 4. | 2589 | ਭਗਵਾਨ ਕੌਰ ਵਿਧਵਾ ਰੁਲਿਆ ਸਿੰਘ, ਪਿੰਡ ਤੇ ਡਾਕਖਾਨਾ, ਜਿਉਨ ਸਿੰਘ ਵਾਲਾ, ਤਹਿਸੀਲ ਅਤੇ ਜ਼ਿਲ੍ਹਾ ਫਰੀਦਕੋਟ | ਵਾਪਸ |
| 5. | 3409 | ਚਿੰਤ ਕੌਰ ਵਿਧਵਾ ਚੰਨਣ ਸਿੰਘ, ਪਿੰਡ ਤੇ ਡਾਕਖਾਨਾ ਕਪੂਰੇ, ਜ਼ਿਲ੍ਹਾ ਫਰੀਦਕੋਟ | ਉਕਤ |
| 6. | 2781 | ਕਾਂਤਾ ਰਾਣੀ ਵਿਧਵਾ ਜੀਤਾ ਸਿੰਘ, ਪਿੰਡ ਤੇ ਡਾਕਖਾਨਾ ਕੋਟ ਭਾਈਕਾ, ਜ਼ਿਲ੍ਹਾ ਫਰੀਦਕੋਟ | ਪੜਤਾਲ |
| 7. | 2743 | ਜਗੀਰ ਕੌਰ ਵਿਧਵਾ ਜਗੀਰ ਸਿੰਘ, ਪਿੰਡ ਚਸਾਕੀ ਖੁਰਦ, ਜ਼ਿਲ੍ਹਾ ਫਰੀਦਕੋਟ | ਉਕਤ |
| 8. | 752 | ਸ਼ਿਆਮੀ ਬਾਈ ਵਿਧਵਾ ਰਾਮ ਚੰਦ, ਪਿੰਡ ਤੇ ਡਾਕਖਾਨਾ ਥੇਮਾਂ ਖੇੜਾ, ਤਹਿਸੀਲ ਮੁਕਤਸਰ, ਜ਼ਿਲ੍ਹਾ ਫਰੀਦਕੋਟ | ਵਾਪਸ |
| | | **ਜ਼ਿਲ੍ਹਾ ਬਠਿੰਡਾ** | |
| 1. | 1072 | ਜਗੀਰ ਕੌਰ ਵਿਧਵਾ ਜਗੀਰ ਸਿੰਘ, ਪਿੰਡ ਖੋਖਰ, ਡਾਕਖਾਨਾ ਮੰਡੀ ਕਲਾਂ, ਤਹਿਸੀਲ ਫੂਲ, ਜ਼ਿਲ੍ਹਾ ਬਠਿੰਡਾ | ਵਾਪਸ |

Original with;
Punjab Vidhan Sabha
Digitized by;
Panjab Digital Library

| ਲੜੀ ਨੰਬਰ | ਅਰਜ਼ੀ ਨੰਬਰ | ਬਿਨੇਕਾਰ ਦਾ ਨਾਂ ਅਤੇ ਪਤਾ | ਪੋਜ਼ੀਸ਼ਨ |
|---|---|---|---|
| 2. | 1053 | ਚਾਂਦ ਕੌਰ, ਵਿਧਵਾ ਕਿਸ਼ਨ ਸਿੰਘ, ਬਸਤੀ ਰੇਲਵੇ ਸਟੇਸ਼ਨ, ਭੁਚੋ ਮੰਡੀ, ਬਠਿੰਡਾ | ਵਾਪਸ |
| 3. | 969 | ਸਚਿਆਲ ਕੌਰ ਵਿਧਵਾ ਜਗੀਰ ਸਿੰਘ, ਪਿੰਡ ਫਾਲੋ ਜੋਈ, ਡਾਕਖਾਨਾ ਰਾਮਾ, ਜ਼ਿਲ੍ਹਾ ਬਠਿੰਡਾ | ਮਨਜ਼ੂਰ |
| 4. | 945 | ਜਸਵੰਤ ਕੌਰ ਵਿਧਵਾ ਗਿਆਨ ਸਿੰਘ, ਪਿੰਡ ਤੇ ਡਾਕਖਾਨਾ ਦਲੇਰ ਸਿੰਘ ਵਾਲਾ, ਤਹਿਸੀਲ ਮਾਨਸਾ, ਜ਼ਿਲ੍ਹਾ ਬਠਿੰਡਾ | ਵਾਪਸ |
| 5. | 1034 | ਧੰਨ ਕੌਰ ਵਿਧਵਾ ਹਰਨਾਮ ਸਿੰਘ, ਪਿੰਡ ਤੇ ਡਾਕਖਾਨਾ ਮੰਡੀ ਕਲਾਂ ਜ਼ਿਲ੍ਹਾ ਬਠਿੰਡਾ | ਉਕਤ |
| 6. | 1060 | ਗੁਲਾਬ ਕੌਰ ਵਿਧਵਾ ਸ਼ੇਰ ਸਿੰਘ, ਪਿੰਡ ਸੋਦਾ ਸਿੰਘ ਵਾਲਾ, ਜ਼ਿਲ੍ਹਾ ਬਠਿੰਡਾ | ਰੱਦ |
| 7. | 1164 | ਨਿਹਾਲ ਕੌਰ ਵਿਧਵਾ ਗੁਰਦੇਵ ਸਿੰਘ, ਪਿੰਡ ਕਰਾਰੇ ਵਾਲਾ, ਜ਼ਿਲ੍ਹਾ ਬਠਿੰਡਾ | ਮਨਜ਼ੂਰ |
| 8. | 1170 | ਬਚਨ ਕੌਰ ਵਿਧਵਾ, ਸੁਚਾ ਸਿੰਘ, ਪਿੰਡ ਤੇ ਡਾਕਖਾਨਾ ਅਲੀ ਕੇ, ਜ਼ਿਲ੍ਹਾ ਬਠਿੰਡਾ | ਉਕਤ |
| 9. | 1614 | ਸ਼ਾਮ ਕੌਰ ਵਿਧਵਾ ਜੈਵਾਲ ਸਿੰਘ, ਪਿੰਡ ਤੇ ਡਾਕਖਾਨਾ ਚੱਕ ਬਖਤੂ, ਜ਼ਿਲ੍ਹਾ ਬਠਿੰਡਾ | ਰੱਦ |

**ਸਰਦਾਰ ਦਲੀਪ ਸਿੰਘ ਪਾਂਧੀ** : ਕੀ ਮੁੱਖ ਮੰਤਰੀ ਸਾਹਿਬ ਦੱਸਣਗੇ ਕਿ ਪੈਸਿਆਂ ਦੀ ਘਾਟ ਕਾਰਨ ਪੈਨਸ਼ਨਾਂ ਦੀ ਬਹੁਤ ਚਿਰ ਤੋਂ ਪੇਮੈਂਟ ਨਹੀਂ ਹੋ ਰਹੀ। ਐਪਲੀਕੇਸ਼ਨਜ਼ ਬਹੁਤ ਪੈਂਡਿੰਗ ਪਈਆਂ ਹੋਈਆਂ ਹਨ। ਜਿੰਨੇ ਪੈਸਿਆਂ ਦੀ ਲੋੜ ਹੈ ਕੀ ਉਤਨੇ ਦੇਣ ਦੀ ਕਿਰਪਾਲਤਾ ਕਰਨਗੇ ?

**ਮੁੱਖ ਮੰਤਰੀ**: ਖਜ਼ਾਨੇ ਦੀ ਪੋਜ਼ੀਸ਼ਨ ਨੂੰ ਮੱਦੇ ਨਜ਼ਰ ਰਖਦੇ ਹੋਏ ਵੱਧ ਤੋਂ ਵੱਧ ਪੈਸੇ ਦਿਤੇ ਜਾਂਦੇ ਹਨ।

**ਗਿਆਨੀ ਅਰਜਣ ਸਿੰਘ ਲਿੱਟ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਐਸਾ ਤਰੀਕਾ ਅਖਤਿਆਰ ਕਰਨਗੇ ਜਿਸ ਨਾਲ ਜ਼ਿਲ੍ਹੇ ਵਿਚ ਹੀ ਇਨ੍ਹਾਂ ਐਪਲੀਕੇਸ਼ਨਾਂ ਦੀ ਸਕਰੂਟਨੀ ਹੋ ਜਾਇਆ ਕਰੇ ਅਤੇ ਜਿਹੜੀ ਰਿਜੈਕਟ ਹੋਣ ਵਾਲੀ ਹੈ ਉਹ

Original with;
Punjab Vidhan Sabha
Digitized by;
Panjab Digital Library

[ਗਿਆਨੀ ਅਰਜਣ ਸਿੰਘ ਲਿੱਟ]

ਉਥੇ ਹੀ ਰੋ ਜਾਇਆ ਕਰੇ ਅਤੇ ਜਿਸ ਨੂੰ ਪੈਨਸ਼ਨ ਮਿਲੀ ਹੈ ਉਹ ਐਪਲੀਕੇਸ਼ਨ ਇਥੇ ਆ ਜਾਇਆ ਕਰੇ ? ਹੁਣ ਕੀ ਹੁੰਦਾ ਹੈ ਕਿ ਤਿੰਨ ਮਹੀਨੇ ਬਾਅਦ ਇਹ ਲਿਖ ਕੇ ਆ ਜਾਂਦਾ ਹੈ ਕਿ ਤੁਹਾਡੀ ਆਪਣੀ ਆਮਦਨ ਕਿਤਨੀ ਹੈ ਅਤੇ ਤੁਹਾਡੇ ਪਤੀ ਦੀ ਆਮਦਨ ਕਿਤਨੀ ਹੈ। ਇਸ ਲਈ ਕੀ ਇਹੋ ਜਿਹਾ ਤਰੀਕਾ ਅਖਤਿਆਰ ਕਰਨਗੇ ?

**ਮੁੱਖ ਮੰਤਰੀ** : ਇਹ ਸੁਝਾਓ ਬੜਾ ਅੱਛਾ ਹੈ। ਇਸ ਤੇ ਜ਼ਰੂਰ ਗੌਰ ਕਰਾਂਗੇ।

**ਸ੍ਰੀ ਹਰਬੰਸ ਲਾਲ ਖੰਨਾ** : ਸਪੀਕਰ ਸਾਹਿਬ, ਇਹ ਜਿਹੜੀ ਬੁਢਾਪੇ ਵਾਸਤੇ ਅਤੇ ਵਿਧਵਾ ਔਰਤਾਂ ਨੂੰ ਪੈਨਸ਼ਨ ਸਰਕਾਰ ਦਿੰਦੀ ਹੈ, ਇਸ ਦੇ ਲਈ ਜਿਹੜਾ ਸਾਰਾ ਸਿਸਟਮ ਹੈ ਉਸ ਨਾਲ ਉਨ੍ਹਾਂ ਨੂੰ ਬਹੁਤ ਤਕਲੀਫ ਹੁੰਦੀ ਹੈ। ਮੈਂ ਅੰਮ੍ਰਿਤਸਰ ਦੀ ਹੀ ਇਕ ਮਿਸਾਲ ਦਿੰਦਾ ਹਾਂ। ਤਹਿਸੀਲ ਦਾ ਦਫ਼ਤਰ ਕਿਤੇ ਹੈ, ਕਚਿਹਰੀ ਕਿਤੇ ਹੈ, ਸੀ. ਐਮ. ਓ. ਦਾ ਦਫ਼ਤਰ ਕਿਤੇ ਹੈ ਅਤੇ ਮੈਜਿਸਟਰੇਟ ਕਿਤੇ ਬੈਠਦਾ ਹੈ। ਇਸ ਲਈ ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਕੋਲੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਗਰੀਬ ਆਦਮੀਆਂ ਨੂੰ ਕੋਈ ਤਕਲੀਫ ਨਾ ਹੋਵੇ, ਇਸ ਲਈ ਪੈਨਸ਼ਨ ਵਾਸਤੇ ਸਾਰੇ ਕਾਗਜ਼ ਕੰਪਲੀਟ ਕਰਨ ਲਈ ਇਹ ਸਾਰੇ ਡਿਪਾਰਟਮੈਂਟ ਇਕ ਜਗ੍ਹਾਂ ਤੇ ਇਕਠੇ ਕਰਨਗੇ। ਸਰਕਾਰ ਵੀ ਉਨ੍ਹਾਂ ਗਰੀਬ ਆਦਮੀਆਂ ਨੂੰ ਪੈਸਾ ਦੇਣਾ ਚਾਹੁੰਦੀ ਹੈ। ਇਸ ਲਈ ਕੀ ਉਨ੍ਹਾਂ ਦੀ ਸਹੂਲਤ ਵਾਸਤੇ ਸਰਕਾਰ ਐਸਾ ਪ੍ਰਬੰਧ ਕਰੇਗੀ ?

**ਮੁੱਖ ਮੰਤਰੀ** : ਇਸ ਸਾਰੇ ਸਿਸਟਮ ਨੂੰ ਓਵਰਹਾਲ ਕੀਤਾ ਜਾਵੇਗਾ ਅਤੇ ਇਸ ਤਰ੍ਹਾਂ ਦਾ ਬਣਾਇਆ ਜਾਵੇਗਾ ਕਿ ਜਿਨ੍ਹਾਂ ਨੂੰ ਪੈਨਸ਼ਨ ਮਿਲਣੀ ਹੈ ਉਨ੍ਹਾਂ ਨੂੰ ਪੈਨਸ਼ਨ ਲੈਣ ਵਿਚ ਜ਼ਿਆਦਾ ਤਕਲੀਫ ਨਾ ਹੋਵੇ। ਇਹ ਸਾਰੀ ਚੀਜ਼ ਵੇਖ ਕੇ ਇਸ ਸਿਸਟਮ ਨੂੰ ਓਵਰ-ਹਾਲ ਕਰਾਂਗੇ।

**ਕਾਮਰੇਡ ਸਰਵਣ ਸਿੰਘ ਚੀਮਾ** : ਸਪੀਕਰ ਸਾਹਿਬ, ਜਿਨ੍ਹਾਂ ਵਿਧਵਾ ਔਰਤਾਂ ਦੀਆਂ ਪੈਨਸ਼ਨਾਂ ਮਨਜ਼ੂਰ ਹੋਈਆਂ ਹਨ, ਉਨ੍ਹਾਂ ਨੂੰ ਵੀ 8, 10 ਮਹੀਨੇ ਤੋਂ ਬਿਲਕੁਲ ਨਹੀਂ ਪੈਨਸ਼ਨ ਗਈ। ਕੀ ਮੁੱਖ ਮੰਤਰੀ ਜੀ ਉਨ੍ਹਾਂ ਨੂੰ ਪੈਨਸ਼ਨ ਠੀਕ ਸਮੇਂ ਦਿਵਾਉਣ ਵਾਸਤੇ ਡਿਪਾਰਟਮੈਂਟ ਨੂੰ ਕਹਿਣਗੇ ?

**ਸ੍ਰੀ ਸਪੀਕਰ** : ਮੁੱਖ ਮੰਤਰੀ ਜੀ ਨੇ ਕਹਿ ਦਿਤਾ ਹੈ ਕਿ ਇਸ ਵੱਲ ਮੈਂ ਪਰਸਨਲ ਤਵੱਜੋ ਦਿਆਂਗਾ ਅਤੇ ਸਾਰਾ ਸਿਸਟਮ ਹੀ ਓਵਰ-ਹਾਲ ਕਰ ਦਿਆਂਗਾ। ਇਸ ਵਿਚ ਮੇਰਾ ਖਿਆਲ ਹੈ ਕਿ ਤੁਹਾਡੇ ਸਵਾਲ ਦਾ ਵੀ ਜਵਾਬ ਆ ਗਿਆ ਹੈ।

(ਇਸ ਸਮੇਂ ਸਮਾਜ ਭਲਾਈ ਮੰਤਰੀ ਸਦਨ ਵਿਚ ਆ ਗਏ)

**ਸਰਦਾਰ ਕਿਰਪਾਲ ਸਿੰਘ** : ਸਪੀਕਰ ਸਾਹਿਬ, ਬਹੁਤ ਸਾਰੀਆਂ ਦਰਖਾਸਤਾਂ ਇਸ ਬਿਨਾ ਤੇ ਹੀ ਰਿਜੈਕਟ ਹੋ ਜਾਂਦੀਆਂ ਹਨ ਕਿ ਦਰਖਾਸਤ ਦੇਣ ਵਾਲੀ ਔਰਤ ਜਾਂ ਮਰਦ ਦੇ ਬਚੇ ਹਨ ਅਤੇ ਆਮ ਕੇਸਾਂ ਵਿਚ ਪੁਜ਼ੀਸ਼ਨ ਇਹ ਹੁੰਦੀ ਹੈ ਕਿ ਉਨ੍ਹਾਂ ਦੇ ਬੱਚਿਆਂ ਦੀ ਅੱਗੇ ਆਪਣੀ ਔਲਾਦ ਹੁੰਦੀ ਹੈ ਅਤੇ ਉਹ ਆਪਣੇ ਮਾਂ-ਬਾਪ ਨੂੰ ਸਪੋਰਟ ਨਹੀਂ ਕਰ ਸਕਦੇ। ਕਈ ਬੱਚੇ ਤਾਂ ਉਲਟਾ ਮਾਂ ਬਾਪ ਦੀ ਜਾਨ ਖਾਂਦੇ ਹਨ। ਕੀ ਇਸ ਰੂਲ ਅੰਦਰ ਇਹੋ ਜਿਹਾ ਉਪ ਬੰਧ ਕੀਤਾ ਜਾਵੇਗਾ ਜਿਸ ਨਾਲ ਕਿ ਜਿਹੜੇ ਆਦਮੀ ਡਿਜ਼ਰਵਿੰਗ ਹਨ ਉਨ੍ਹਾਂ ਦੇ ਕੇਸ ਮਹਿਜ਼ ਇਸ ਬਿਨਾ ਤੇ ਹੀ ਰਿਜੈਕਟ ਨਾ ਹੋ ਜਾਣ ? ਸਮਾਜ ਭਲਾਈ ਮੰਤਰੀ ਹਾਊਸ ਵਿਚ ਆ ਗਏ ਹਨ। ਕੀ ਉਹ ਇਸ ਬਾਰੇ ਦੱਸਣਗੇ ?

Original with;
Punjab Vidhan Sabha
Digitized by;
Panjab Digital Library

**ਭਲਾਈ ਮੰਤਰੀ** : ਸਪੀਕਰ ਸਾਹਿਬ, ਸਾਡੇ ਦੇਸ਼ ਵਿਚ, ਸਾਡੀ ਸਟੇਟ ਵਿਚ, ਇਹ ਪ੍ਰਥਾ ਹੈ ਕਿ ਬੱਚੇ, ਮਾਂ-ਬਾਪ ਤੇ ਅਤੇ ਮਾਂ-ਬਾਪ ਬੱਚਿਆਂ ਤੇ ਡਿਪੈਂਡ ਕਰਦੇ ਹਨ । ਰੂਲਾਂ ਵਿਚ ਇਹ ਪ੍ਰੋਵੀਜ਼ਨ ਹੈ ਕਿ ਸਾਰੇ ਪ੍ਰਵਾਰ ਦੀ ਆਮਦਨ 100 ਰੁਪਏ ਤੋਂ ਘਟ ਹੋਵੇ, ਤਾਂ ਹੀ ਉਨ੍ਹਾਂ ਬਜ਼ੁਰਗਾਂ ਨੂੰ ਪੈਨਸ਼ਨ ਦਿਤੀ ਜਾ ਸਕਦੀ ਹੈ । ਪ੍ਰਵਾਰ ਦੀ ਆਮਦਨ ਦੀ ਲਿਮਟ ਨੂੰ ਵਧਾਉਣ ਵਾਸਤੇ ਵਿਚਾਰ ਹੋ ਰਿਹਾ ਹੈ।

**ਸਰਦਾਰ ਕਿਰਪਾਲ ਸਿੰਘ** : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬਾ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਰੂਲਾਂ ਮੁਤਾਬਿਕ ਪ੍ਰਵਾਰ ਦੀ ਡੈਫੀਨੀਸ਼ਨ ਕੀ ਹੈ ? ਅਗਰ ਇਕ ਆਦਮੀ ਹੈ, ਉਸ ਦੇ ਚਾਰ ਲੜਕੇ ਹਨ । ਅਗੇ ਹਰ ਇਕ ਲੜਕੇ ਦੇ 4-4, 5-5 ਬੱਚੇ ਹਨ । ਇਸ ਤਰ੍ਹਾਂ 25-30 ਬੰਦਿਆਂ ਦਾ ਪ੍ਰਵਾਰ ਬਣ ਜਾਂਦਾ ਹੈ । ਬਚੇ ਮਾਂ-ਬਾਪ ਨੂੰ ਖਾਣ ਲਈ ਕੁਝ ਦੇਣ ਨਾ । ਆਮਦਨ ਹੋਵੇ 100 ਰੁਪਏ ਅਤੇ ਖਾਣ ਵਾਲੇ ਹੋਣ 25-30 ਆਦਮੀ । ਇਸ ਲਈ ਕੀ ਇਹ ਪ੍ਰਵਾਰ ਦੀ ਡੈਫੀਨੀਸ਼ਨ ਦੱਸਣਗੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗੀ ਕਿ ਸਾਡੇ ਦੇਸ਼ ਵਿਚ ਐਸੀ ਪ੍ਰਥਾ ਹੈ ਕਿ ਮਾਂ ਬਾਪ ਅਤੇ ਬਚੇ ਇਕ ਦੂਜੇ ਤੇ ਡਿਪੈਂਡ ਕਰਦੇ ਹਨ । ਇਸ ਲਈ ਇਹ ਆਪਣੀ ਸਟੇਟ ਵਿਚ ਐਸਾ ਰਵਈਆ ਅਖਤਿਆਰ ਨਾ ਕਰਨ, ਜਿਸ ਨਾਲ ਬੱਚੇ ਬਜ਼ੁਰਗਾਂ ਦਾ ਸਤਿਕਾਰ ਕਰਨਾ ਹੀ ਭੁਲ ਜਾਣ ।

**ਪ੍ਰਿੰਸੀਪਲ ਓਮ ਪ੍ਰਕਾਸ਼ ਬੱਗਾ** : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੰਤਰੀ ਸਾਹਿਬਾ ਕੋਲੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਕ ਮਾਂ ਤਾਂ ਸਤ ਬਚਿਆਂ ਨੂੰ ਪਾਲ ਸਕਦੀ ਹੈ ਪਰ 7 ਬਚੇ ਰਲ ਕੇ ਇਕ ਮਾਂ ਦੀ ਸੇਵਾ ਨਹੀਂ ਕਰ ਸਕਦੇ ਜਿਸ ਵੇਲੇ ਉਹ ਬੀਬੀ ਬਚਿਆਂ ਵਾਲੇ ਹੋ ਜਾਂਦੇ ਹਨ । ਉਹ ਮਾਂ ਦੀ ਬਿਲਕੁਲ ਕੇਅਰ ਨਹੀਂ ਕਰਦੇ । ਕੀ ਸਰਕਾਰ ਇਸ ਦੇ ਬਾਰੇ ਕੁਝ ਸੋਚ ਰਹੀ ਹੈ ਕਿ ਬਚਿਆਂ ਦਾ ਯੂਨਿਟ ਵਖਰਾ ਕਰ ਦਿਤਾ ਜਾਵੇ ਅਤੇ ਮਾਂ ਬਾਪ ਜਿਹੜੇ ਬ੍ਰਿਧ ਹੋ ਗਏ ਹਨ ਉਨ੍ਹਾਂ ਦਾ ਵਖਰਾ ਵਖਰਾ ਯੂਨਿਟ ਕਰ ਦਿਤਾ ਜਾਵੇ ?

**ਮੰਤਰੀ** : ਸਪੀਕਰ ਸਾਹਿਬ, ਇਹ ਤਾਂ ਸਵਾਲ ਹੀ ਬੜਾ ** ** ਹੈ । ਇਸ ਸਵਾਲ ਵਿਚੋਂ ਤਾਂ ਅਰਾਈਜ਼ ਹੀ ਨਹੀਂ ਹੋ ਸਕਦਾ । ਸਾਡਾ ਇਹ ਫਰਜ਼ ਬਣਦਾ ਹੈ ਕਿ ਮਦਦ ਉਨ੍ਹਾਂ ਲੋਕਾਂ ਦੀ ਕਰੀਏ ਜਿਨ੍ਹਾਂ ਦੀ ਇਨਕਮ ਘਟ ਹੈ, ਜਿਨ੍ਹਾਂ ਦੀ ਕਿਸੇ ਪਾਸਿਉਂ ਵੀ ਹੈਲਪ ਨਹੀਂ ਹੋ ਸਕਦੀ । ਮੈਂ ਮੈਂਬਰ ਸਾਹਿਬਾਨ ਨੂੰ ਕਹਾਂਗੀ ਕਿ ਜਿਹੜੇ ਨਾਲਾਇਕ ਬੱਚੇ ਹਨ ਉਨ੍ਹਾਂ ਨੂੰ ਇਹ ਸਮਝਾਉਣ ਅਤੇ ਬਚਪਨ ਤੋਂ ਹੀ ਮਾਂ ਬਾਪ ਦੀ ਸੇਵਾ ਕਰਨਾ ਦਸਣ । ਜੇ ਅਜ ਸਾਡੀ ਛੋਟੀ ਛੋਟੀ ਪਨੀਰੀ ਨੂੰ ਪਤਾ ਲਗ ਗਿਆ ਕਿ ਸਾਡੇ ਬਜ਼ੁਰਗਾਂ ਵਾਸਤੇ ਸਰਕਾਰ ਨੇ ਕੋਈ ਮਾਲੀ ਸਹਾਇਤਾ ਦਾ ਸਾਧਨ ਕੀਤਾ ਹੋਇਆ ਹੈ ਤਾਂ ਇਸ ਤਰ੍ਹਾਂ ਨਾਲਾਇਕ ਬਚੇ ਵੱਧ ਤੋਂ ਵੱਧ ਹੋ ਜਾਣਗੇ । ਜਿਹੜੀ ਥੋੜ੍ਹੀ ਬਹੁਤ ਮਾਂ-ਬਾਪ ਦੀ ਰਿਸਪੈਕਟ ਕਰਦੇ ਹਨ, ਉਹ ਵੀ ਭੁਲ ਜਾਣਗੇ ।

**ਸ੍ਰੀ ਸਪੀਕਰ** : ਲਫਜ਼ ** ਨੂੰ ਐਕਸਪੰਜ ਕਰ ਦਿਤਾ ਜਾਵੇ ।

**ਗਿਆਨੀ ਅਰਜਣ ਸਿੰਘ ਲਿੱਟ** : ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਮਨਿਸਟਰ ਸਾਹਿਬਾ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਬੁੱਢਿਆਂ ਦੀ ਆਪਣੀ ਕੋਈ ਜਾਇਦਾਦ ਨਹੀਂ, ਉਨ੍ਹਾਂ ਦੀ ਰੋਟੀ ਦਾ ਕੋਈ ਸਾਧਨ ਨਹੀਂ, ਉਨ੍ਹਾਂ ਨੂੰ ਬੁਢਾਪਾ ਪੈਨਸ਼ਨ ਵੀ ਨਹੀਂ ਮਿਲਦੀ, ਕੀ ਉਨ੍ਹਾਂ ਲਈ ਕੋਈ ਹਾਊਸ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਗਿਆਨੀ ਅਰਜਣ ਸਿੰਘ ਲਿੱਟ]

ਬਣਾਉਣਗੇ ਤਾਂ ਕਿ ਆਖਰੀ ਉਮਰ ਵਿਚ ਉਨ੍ਹਾਂ ਨੂੰ ਆਰਾਮ ਦੀ ਰੋਟੀ ਮਿਲ ਸਕੇ। ਬਾਦਲ ਸਾਹਿਬ ਨੇ ਇਹ ਫਰਮਾਇਆ ਹੈ ਕਿ ਪੈਸਿਆਂ ਦੀ ਕਮੀ ਹੈ। ਇਸ ਲਈ ਕੀ ਇਹੋ ਜਿਹਾ ਹਾਊਸ ਖੋਲ੍ਹਣਗੇ ?

**ਮੰਤਰੀ:** ਵਿੱਤੀ ਸਥਿਤੀ ਨੂੰ ਵੇਖ ਕੇ ਹਰ ਸਕੀਮ ਤੇ ਗੌਰ ਕੀਤਾ ਜਾ ਸਕਦਾ ਹੈ।

**ਸ੍ਰੀ ਮਨਮੋਹਨ ਕਾਲੀਆ** : ਸਪੀਕਰ ਸਾਹਿਬ, ਪੈਨਸ਼ਨਾਂ ਲਈ ਜਿਹੜਾ ਪ੍ਰੋਸੀਜਰ ਹੈ ਇਹ ਬਹੁਤ ਲੰਬਾ ਚੌੜਾ ਹੈ। ਪਹਿਲਾਂ ਐਮ. ਐਲ. ਏ. ਦਸਤਖਤ ਕਰੇ, ਫਿਰ ਬਲਾਕ ਡਿਵੈਲਪਮੈਂਟ ਅਫਸਰ ਤਸਦੀਕ ਕਰੇ। ਮੈਜਿਸਟਰੇਟ ਦਸਤਖਤ ਕਰੇ ਅਤੇ ਡਾਕਟਰ ਦਸਤਖਤ ਕਰੇ।

**ਸ੍ਰੀ ਸਪੀਕਰ**: ਇਸ ਦਾ ਜਵਾਬ ਆ ਗਿਆ ਹੈ। ਤੁਸੀਂ ਉਸ ਵੇਲੇ ਆਏ ਨਹੀਂ ਸੀ।

**ਸ੍ਰੀ ਮਨਮੋਹਨ ਕਾਲੀਆ** : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਹਾਂ ਕਿ ਇਹ ਐਪਲੀਕੇਸ਼ਨਾਂ ਰਿਕਮੈਂਡ ਹੋ ਕੇ ਚਲੀਆਂ ਜਾਂਦੀਆਂ ਹਨ......

**ਸ੍ਰੀ ਸਪੀਕਰ** : ਸੀ. ਐਮ. ਸਾਹਿਬ ਨੇ ਇਸ ਦਾ ਜਵਾਬ ਦੇ ਦਿਤਾ ਹੈ ਕਿ ਸਾਰੇ ਸਿਸਟਮ ਨੂੰ ਹੀ ਓਵਰ-ਹਾਲ ਕਰ ਰਹੇ ਹਾਂ।

## STARRED QUESTION No. 835*

**Mr. Speaker:** Reply to Starred Question No. 835 has not been received.

### Animals escaped from the Concentration Camp of Kothi Rani Deh, Near Nabha.

***715. Sardar Dalip Singh Pandhi.:** Will the Minister for Agriculture and Forests be pleased to state :—

(*a*) whether 17 wild animals escaped and 175 animals were lost from the Concentration Camp of Kothi Rani Deh (Near-Nabha) during the last 10 years ;

(b) if the reply to part (a) above be in the affirmative whether an enquiry/investigation into the matter was held; if so, the result thereof ;

(c) whether the scheme of concentration of wild and stray animals has been discontinued; if so, the reasons therefor;

(d) whether the animals in the said Concentration Camp are fed properly and not left to die; if so, the amount spent per month on the (i) maintenance staff and (ii) maintenance of each animal ;

*For Starred Question No. 835 and reply thereto, please see Appendix to this Debate.

Original with;
Punjab Vidhan Sabha
Digitized by;
Panjab Digital Library

(e) whether the people of the adjoining area of the camp referred to in part (a) above have demanded its closure ;

(f) if the reply to part (e) above be in the affirmative whether the said camp is proposed to be closed or shifted ?

**ਸਰਦਾਰ ਸੁਖਦੇਵ ਸਿੰਘ ਢੀਂਡਸਾ** (ਆਵਾ ਜਾਈ ਅਤੇ ਖੇਡਾਂ ਦੇ ਰਾਜ ਮੰਤਰੀ) : (ੳ) ਹਾਂ ਜੀ।

(ਅ) ਇਸ ਮਾਮਲੇ ਦੀ ਪੜਤਾਲ ਵਿਭਾਗੀ ਅਫਸਰਾਂ ਰਾਹੀਂ ਕੀਤੀ ਗਈ ਸੀ। ਇਸ ਪੜਤਾਲ ਦੇ ਫਲ ਸਰੂਪ ਸ੍ਰੀ ਰਾਮ ਸਰੂਪ ਮਾਲੜਾ, ਸਟਾਕ ਸਹਾਇਕ ਇੰਚਾਰਜ, ਸਕੇਂਦਰਨੀ ਕੈਂਪ, ਕੋਠੀ ਰਾਣੀ ਦੀ ਨੂੰ ਮੁਅਤਲ ਕਰ ਦਿਤਾ ਗਿਆ ਸੀ ਕਿਉਂਕਿ ਇਸ ਵਿਚ ਇਕ ਗਜ਼ਟਡ ਅਫਸਰ ਦਾ ਵੀ ਦਖਲ ਸੀ ਇਸ ਲਈ ਇਹ ਮਾਮਲੇ ਦੀ ਚੌਕਸੀ ਵਿਭਾਗ ਵਲੋਂ ਪੜਤਾਲ ਕਰਨ ਲਈ ਭੇਜਿਆ ਗਿਆ ਸੀ, ਚੌਕਸੀ ਵਿਭਾਗ ਦੀ ਰਿਪੋਰਟ ਦਾ ਇੰਤਜ਼ਾਰ ਕੀਤਾ ਜਾ ਰਿਹਾ ਹੈ।

(ੲ) ਇਸ ਸਕੀਮ ਨੂੰ ਬੰਦ ਕਰ ਦਿੱਤਾ ਗਿਆ ਸੀ ਕਿਉਂਕਿ ਇਹ ਮਹਿਸੂਸ ਕੀਤਾ ਗਿਆ ਸੀ ਕਿ ਅਵਾਰਾ ਤੇ ਜੰਗਲੀ ਪਸ਼ੂਆਂ ਨੂੰ ਫੜਨ ਦੀ ਲਗਾਤਾਰ ਕਾਰਵਾਈ ਕੀਤੇ ਜਾਣ ਕਾਰਨ ਅਜਿਹੇ ਪਸ਼ੂਆਂ ਦਾ ਖਤਰਾ ਸਮਾਪਤ ਹੋ ਗਿਆ ਹੈ ।

(ਸ) ਹਾਂ ਜੀ। ਹਰ ਇਕ ਪਸ਼ੂ ਨੂੰ ਪੰਜ ਕਿਲੋ ਪ੍ਰਤੀ ਪਸ਼ੂ ਦੇ ਹਿਸਾਬ ਨਾਲ ਉਦੋਂ ਤਕ ਤੂੜੀ, ਜਿਸ ਦੀ ਕੀਮਤ 75 ਪੈਸੇ ਹੈ, ਦਿਤੀ ਜਾਂਦੀ ਹੈ ਜਦ ਤਕ ਕਿ ਉਹ ਵਾਤਾਵਰਣ ਅਨੁਕੂਲ ਅਤੇ ਕੁਦਰਤੀ ਤੌਰ ਤੇ ਚਰਨ ਲਈ ਭੇਜਣ ਦੇ ਕਾਬਲ ਨਹੀਂ ਹੋ ਜਾਂਦਾ। 2,403.80 ਰੁਪਏ ਦੀ ਰਾਸ਼ੀ ਹਰ ਮਹੀਨੇ ਅਮਲੇ ਦੀ ਤਨਖਾਹ ਤੇ ਖਰਚ ਕੀਤੀ ਜਾਂਦੀ ਹੈ।

(ਹ) ਹਾਂ ਜੀ।

(ਕ) ਕੋਠੀ ਰਾਣੀ ਦੀ ਤੋਂ ਸਕੇਂਦਰਨ ਕੈਂਪ ਨੂੰ ਤਬਦੀਲ ਕਰਨ ਬਾਰੇ ਅਜੇ ਕੋਈ ਫੈਸਲਾ ਨਹੀਂ ਕੀਤਾ ਗਿਆ ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਇਹ ਦੱਸਿਆ ਗਿਆ ਹੈ ਕਿ ਵਿਜੀਲੈਂਸ ਡਿਪਾਰਟਮੈਂਟ ਨੂੰ ਇਨਕੁਆਇਰੀ ਲਈ ਕਿਹਾ ਗਿਆ ਹੈ । ਵਜ਼ੀਰ ਸਾਹਿਬ ਦਸਣ ਕਿ ਇਹ ਇਨਕੁਆ-ਇਰੀ ਕਦੋਂ ਤਕ ਕੰਪਲੀਟ ਹੋ ਜਾਵੇਗੀ ਅਤੇ ਇਹ ਅਗਲੀ ਕਾਰਵਾਈ ਕਰਨਗੇ । ਇਹ ਚੀਜ਼ ਇਸ ਵੇਲੇ ਕਿਸ ਸਟੇਜ ਤੇ ਹੈ ? ਦੂਸਰਾ ਸਵਾਲ ਮੇਰਾ ਇਹ ਹੈ ਕਿ ਲੋਕਾਂ ਨੇ ਐਪਲੀਕੇਸ਼ਨ ਦਿਤੀ ਹੈ । ਪਰ ਇਹ ਕਹਿੰਦੇ ਹਨ ਕਿ ਅਸੀਂ ਕੋਈ ਡਿਸੀਜ਼ਨ ਨਹੀਂ ਲਿਆ। ਲੋਕਾਂ ਦੇ ਵਿਚ ਬੜੀ ਰਿਜ਼ੈਂਟਮੈਂਟ ਹੈ।

The cows die due to the maladministration of the Animal Husbandry Deptt. It has been mentioned in part (f) of the reply that no decision has been taken so far for shifting of Concentration Camp at Kothi Rani Dhi. ਕੀ ਸ਼ਿਫਟ ਕਰ ਦਿਓਗੇ? ਜੇਕਰ ਨਹੀਂ ਕਰ ਸਕਦੇ ਤਾਂ ਕੀ ਲੋੜ ਦੇ ਮੁਤਾਬਿਕ ਉਥੇ ਪੈਸੇ ਦਿਓਗੇ ? ਸਪੀਕਰ ਸਾਹਿਬ, ਅਜੇ ਤਕ ਵੀ ਉਥੇ ਪਸ਼ੂ ਸਾਰੇ ਪੰਜਾਬ ਵਿਚੋਂ ਲਿਆ ਕੇ ਜਮ੍ਹਾਂ ਕੀਤੇ ਜਾਂਦੇ ਹਨ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

They are compelled to die. ਲੋਕ ਮਹਿਸੂਸ ਕਰਦੇ ਹਨ ਕਿ ਜੇਕਰ ਸਰਕਾਰ ਸੰਭਾਲ ਨਹੀਂ ਕਰ ਸਕਦੀ, ਉਨ੍ਹਾਂ ਪਸ਼ੂਆਂ ਨੂੰ ਦੁਆਈਆਂ ਨਹੀਂ ਦੇ ਸਕਦੀ, ਪੂਰੀ ਖੁਰਾਕ ਨਹੀਂ ਦੇ ਸਕਦੀ ਤਾਂ ਫਿਰ ਉਨ੍ਹਾਂ ਨੂੰ ਰੱਖਣ ਦਾ ਕੀ ਮਤਲਬ ਹੈ ? ਇਸ ਗਲ ਦੀ ਲੋਕਾਂ ਵਿਚ ਭਾਰੀ ਰਿਜ਼ੈਂਟਮੈਂਟ ਹੈ।

**ਆਵਾਜਾਈ ਤੇ ਖੇਡਾਂ ਦੇ ਰਾਜ ਮੰਤਰੀ** : ਸਪੀਕਰ ਸਾਹਿਬ, ਇਨਕੁਆਇਰੀ ਬਾਰੇ ਤਾਂ ਮੈਂ ਕਹਿ ਹੀ ਚੁੱਕਾ ਹਾਂ ਕਿ ਵਿਜੀਲੈਂਸ ਡਿਪਾਰਟਮੈਂਟ ਪਾਸ ਹੈ । ਉਨ੍ਹਾਂ ਨੂੰ ਕਹਾਂਗੇ ਕਿ ਉਹ ਉਸ ਨੂੰ ਜਲਦੀ ਮੁਕੰਮਲ ਕਰ ਲੈਣ। ਜਿਹੜਾ ਇਨ੍ਹਾਂ ਦਾ ਦੂਸਰਾ ਸੁਝਾਓ ਹੈ ਉਸ ਉਤੇ ਵਿਚਾਰ ਕਰ ਲਵਾਂਗੇ ।

**ਸਰਦਾਰ ਕਿਰਪਾਲ ਸਿੰਘ** : ਸਪੀਕਰ ਸਾਹਿਬ, ਇਨ੍ਹਾਂ ਨੇ ਜਵਾਬ ਵਿਚ ਦੱਸਿਆ ਹੈ ਕਿ 5 ਕਿਲੋ ਤੂੜੀ ਇਕ ਜਾਨਵਰ ਨੂੰ ਦਿੱਤੀ ਜਾਂਦੀ ਹੈ। ਕੀ ਇਹ ਪੰਜ ਕਿਲੋ ਤੂੜੀ ਕਾਫੀ ਖੁਰਾਕ ਸਮਝੀ ਗਈ ਹੈ ? ਔਰ ਕੀ ਇਹ ਇਸ ਗੱਲ ਦਾ ਪਤਾ ਕਰਾਉਣਗੇ ਕਿ ਆਇਆ ਉਨ੍ਹਾਂ ਨੂੰ ਪੰਜ ਕਿਲੋ ਵੀ ਦਿੱਤੀ ਜਾਂਦੀ ਹੈ ਜਾਂ ਨਹੀਂ ? ਕੀ ਕਦੇ ਕਿਸੇ ਬਾਹਰਲੇ ਡਾਕਟਰ ਪਾਸੋਂ ਪਸ਼ੂਆਂ ਦਾ ਮੁਆਇਨਾ ਵੀ ਕਰਵਾਇਆ ਗਿਆ ਹੈ ਇਨ੍ਹਾਂ ਚੀਜ਼ਾਂ ਬਾਰੇ, ਜਾਂ ਨਹੀਂ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਹ ਲਿਖ ਕੇ ਦੇ ਦੇਣ, ਅਸੀਂ ਪਤਾ ਕਰ ਲਵਾਂਗੇ ਕਿ ਕਿਤਨੀ ਵਾਰੀ ਡਾਕਟਰੀ ਮੁਆਇਨਾ ਕਰਵਾਇਆ ਗਿਆ ਹੈ ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ:** 734

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ । )

**ਸ੍ਰੀ ਸਪੀਕਰ** : ਕੁਝ ਹੋਰ ਸਵਾਲ ਵੀ ਹਨ। ਮੈਂ ਚਾਹਵਾਂਗਾ ਕਿ ਉਹ ਵੀ ਆਨਸਰ ਹੋਣ। ਚੀਫ ਮਨਿਸਟਰ ਸਾਹਿਬ, ਪਹਿਲਾਂ ਤੁਹਾਡਾ ਸਵਾਲ ਹੈ।

---

**Death of Person in Police Custody in the Police Station Sadar Nabha Distt. Patiala**

***569. Comrade Satya Pal Dang** (Put by Giani Arjan Singh Litt) : Will the Chief Minister be pleased to state :—

a) whether any person died on 13-6-78 or thereabout or was suspected by the public to have died on 13-6-78 or so in the Police Station Sadar Nabha, district Patiala ; if so, the name and address of the deceased;

b) whether the said person was called to the police station; if so, for what purpose and for how long ;

c) the result of the post mortem;

d) whether any enquiry has been held into the case of the said death; if so, with what result ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : (ੳ) ਨਹੀਂ ਜੀ, ਥਾਣਾ ਸਦਰ ਨਾਭਾ, ਜ਼ਿਲ੍ਹਾ ਪਟਿਆਲਾ ਵਿਚ ਮਿਤੀ 13 ਜੂਨ, 1978 ਨੂੰ ਜਾਂ ਇਸ ਦੇ ਨੇੜੇ ਤੇੜੇ ਕਿਸੇ ਆਦਮੀ ਦੀ ਮੌਤ ਨਹੀਂ ਹੋਈ। ਪਰ ਲੋਕਾਂ ਨੂੰ ਇਹ ਸ਼ੱਕ ਹੋਇਆ ਸੀ ਕਿ ਮਿਤੀ 13 ਜੂਨ, 1978 ਨੂੰ ਜਾਂ ਇਸਦੇ ਨੇੜੇ ਤੇੜੇ ਥਾਣਾ

Original with;
Punjab Vidhan Sabha
Digitized by;
Panjab Digital Library

ਸਦਰ ਨਾਭਾ ਵਿਚ ਇਕ ਆਦਮੀ ਦੀ ਮੌਤ ਹੋ ਗਈ ਹੈ। ਇਸ ਆਦਮੀ ਦਾ ਨਾਂ ਕੇਹਰੂ ਬਾਜ਼ੀਗਰ ਕਿਹਾ ਜਾਂਦਾ ਸੀ, ਜੋ ਪਿੰਡ ਮੈਸ ਥਾਣਾ ਸਦਰ ਨਾਭਾ ਦਾ ਰਹਿਣ ਵਾਲਾ ਸੀ।

(ਅ) ਜੀ ਹਾਂ, ਉਕਤ ਆਦਮੀ ਨੂੰ ਮਿਤੀ 13 ਜੂਨ, 1978 ਨੂੰ ਥਾਣਾ ਸਦਰ, ਨਾਭਾ, ਵਿਖੇ ਬੁਲਾਇਆ ਗਿਆ ਸੀ ਕਿਉਂਕਿ ਇਸ ਦੇ ਖਿਲਾਫ ਬਾਲੋ ਪਤਨੀ ਮੋਨੂ ਬਾਜ਼ੀਗਰ ਵਾਸੀ ਮੈਸ ਨੇ ਅੰਦੇਸ਼ਾ ਨੁਕਸ ਅਮਨ ਦੀ ਦਰਖਾਸਤ ਦਿੱਤੀ ਹੋਈ ਸੀ। ਉਕਤ ਪੁਰਸ਼ ਨੂੰ ਦਿਨ ਦੇ 12 ਵਜੇ ਦੇ ਕਰੀਬ ਥਾਣੇ ਬੁਲਾਇਆ ਗਿਆ ਅਤੇ ਡੇਢ/ਦੋ ਘੰਟੇ ਬਾਦ ਉਸ ਨੂੰ ਪਿੰਡ ਦੀ ਪੰਚਾਇਤ ਰਾਜ਼ੀਨਾਮਾ ਕਰਵਾਉਣ ਲਈ ਵਾਪਸ ਲੈ ਗਈ।

(ੲ) ਮ੍ਰਿਤਕ ਦੇ ਵਾਰਸਾਂ ਨੇ ਪੋਸਟ ਮਾਰਟਮ ਕਰਨ ਵਾਸਤੇ ਡਾਕਟਰਾਂ ਨੂੰ ਕੋਈ ਅਨੁਰੋਧ ਨਹੀਂ ਕੀਤਾ ਤੇ ਨਾ ਹੀ ਪੋਸਟ ਮਾਰਟਮ ਕੀਤਾ ਗਿਆ।

(ਸ) ਉਕਤ ਮੌਤ ਦੇ ਕੇਸ ਬਾਰੇ ਡੀ. ਐਸ. ਪੀ., ਨਾਭਾ, ਨੇ ਪੜਤਾਲ ਕੀਤੀ, ਜਿਸ ਵਿਚ ਪੁਲਿਸ ਦਾ ਕੋਈ ਕਸੂਰ ਨਹੀਂ ਪਾਇਆ ਗਿਆ।

ਬਾਜ਼ੀਗਰ ਬਰਾਦਰੀ ਨੇ ਕੇਹਰ ਸਿੰਘ ਪੁੱਤਰ ਨੱਥਾ ਸਿੰਘ ਬਾਜ਼ੀਗਰ ਵਾਸੀ ਮੈਸ ਦੀ ਮੌਤ ਬਾਰੇ ਅਫਸਰਾਨ ਬਾਲਾ ਨੂੰ ਦਰਖਾਸਤਾਂ ਦਿੱਤੀਆਂ ਸਨ ਕਿ ਉਕਤ ਬਾਜ਼ੀਗਰ ਦੀ ਮੌਤ ਏ. ਐਸ. ਆਈ., ਦੀਦਾਰ ਸਿੰਘ, ਦੀ ਮਾਰ ਕੁਟਾਈ ਦੇ ਕਾਰਨ ਸਿਵਲ ਹਸਪਤਾਲ, ਨਾਭਾ, ਵਿਚ ਹੋ ਗਈ ਹੈ। ਬਾਜ਼ੀਗਰ ਬਰਾਦਰੀ ਦਾ ਇਕ ਇਕੱਠ ਮਿਤੀ 21 ਜੂਨ, 1978 ਨੂੰ ਹੋਇਆ ਜਿਸ ਵਿਚ ਉਨ੍ਹਾਂ ਨੇ ਲਿਖ ਕੇ ਦਿਤਾ ਕਿ ਉਨ੍ਹਾਂ ਨੂੰ ਗਲਤ ਫਹਿਮੀ ਹੋ ਗਈ ਸੀ, ਜੋ ਹੁਣ ਦੂਰ ਹੋ ਗਈ ਹੈ। ਹੁਣ ਉਹ ਇਨ੍ਹਾਂ ਦਰਖਾਸਤਾਂ ਬਾਰੇ ਕੋਈ ਕਾਰਵਾਈ ਨਹੀਂ ਕਰਵਾਉਣਾ ਚਾਹੁੰਦੇ ਅਤੇ ਉਨ੍ਹਾਂ ਦੀਆਂ ਸਾਰੀਆਂ ਦਰਖਾਸਤਾਂ ਦਾਖਲ ਦਫ਼ਤਰ ਕੀਤੀਆਂ ਜਾਣ।

**ਸਰਦਾਰ ਦਲੀਪ ਸਿੰਘ ਪਾਂਧੀ :** ਸਪੀਕਰ ਸਾਹਿਬ, ਜੋ ਮੁੱਖ ਮੰਤਰੀ ਜੀ ਨੇ ਜਵਾਬ ਪੜ੍ਹਿਆ ਹੈ ਉਸ ਵਿਚ ਇਕ ਗਲ ਕਹੀ ਹੈ ਕਿ ਇਸ ਨਾਮ ਦਾ ਕੋਈ ਵਿਅਕਤੀ ਨਹੀਂ ਹੈ ਔਰ ਆਪ ਹੀ ਕਿਹਾ ਹੈ ਕਿ ਉਸ ਨੂੰ ਥਾਣੇ ਵਿਚ ਬੁਲਾਇਆ ਗਿਆ। ਇਸ ਲਈ ਮਹਿਕਮੇ ਵਲੋਂ ਪਤਾ ਨਹੀਂ ਕਿ ਜਵਾਬ ਠੀਕ ਕਿਉਂ ਨਹੀਂ ਭੇਜਿਆ ਗਿਆ। ਦੀਦਾਰ ਸਿੰਘ, ਏ. ਐਸ. ਆਈ., ਨੇ ਕੰਪੈਲ ਕਰਕੇ ਸੁਲਾਹਨਾਮਾ ਕਰਵਾਇਆ ਹੈ। ਇਹ ਮਸਲਾ ਡਿਸਟ੍ਰਿਕਟ ਗਰੀਵੈਂਸਿਜ਼ ਕਮੇਟੀ ਔਰ ਅਖ਼ਬਾਰਾਂ ਵਿਚ ਵੀ ਆਇਆ ਹੈ। ਇਹ ਬੜਾ ਸੀਰੀਅਸ ਮਾਮਲਾ ਹੈ। ਇਸ ਲਈ ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਇਸ ਕੇਸ ਦੀ ਮੁੜ ਕੇ ਇਨਕੁਆਇਰੀ ਕਰਵਾਉਣ। ਇਨ੍ਹਾਂ ਦੇ ਜਵਾਬ ਤੋਂ ਇਹ ਪਤਾ ਲਗਦਾ ਹੈ ਕਿ ਇਹ ਜਵਾਬ ਠੀਕ ਨਹੀਂ ਦਿਤਾ ਗਿਆ ਔਰ ਜੇਕਰ ਦੀਦਾਰ ਸਿੰਘ ਦੀ ਜ਼ਿਆਦਤੀ ਹੈ ਤਾਂ ਕੀ ਉਸ ਦੇ ਖ਼ਿਲਾਫ਼ ਕੇਸ ਦਰਜ ਕੀਤਾ ਜਾਵੇਗਾ ? ਸਪੀਕਰ ਸਾਹਿਬ ਬਾਜ਼ੀਗਰ ਤਾਂ ਅਜੇ ਵੀ ਤਿਆਰ ਹਨ ਉਨ੍ਹਾਂ ਉਪਰ ਤਾਂ ਪਰੈਸ਼ਰ ਪਾਇਆ ਗਿਆ ਹੈ। ਇਸ ਕਰਕੇ ਮੈਂ ਸੀ. ਐਮ. ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਮਾਮਲੇ ਦੀ ਦੁਬਾਰਾ ਪੜਤਾਲ ਕਰਾਉਣਗੇ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਜੇਕਰ ਆਨਰੇਬਲ ਮੈਂਬਰ ਨੂੰ ਇਸ ਚੀਜ਼ ਦਾ ਸ਼ੱਕ ਹੈ ਤਾਂ ਮੈਂ ਅੱਜ ਹੀ ਸੀ. ਆਈ. ਡੀ. ਦੇ ਰਾਹੀਂ ਦੁਬਾਰਾ ਇਨਕੁਆਇਰੀ ਕਰਵਾ ਲਵਾਂਗਾ।

Original with;
Punjab Vidhan Sabha
Digitized by;
Panjab Digital Library

ਰਾਜ ਦੇ ਦਿਹਾਤੀ ਇਲਾਕਿਆਂ ਵਿਚ ਬੇ-ਜ਼ਮੀਨੇ ਅਣਸਿਖਿਅਤ ਮਜ਼ਦੂਰਾਂ ਲਈ ਮਕਾਨ ਬਣਾਉਣਾ

*563. 1. **ਕਾਮਰੇਡ ਦਾਨਾ ਰਾਮ**
2. **ਕਾਮਰੇਡ ਸੱਤ ਪਾਲ ਡਾਂਗ** ] (ਗਿਆਨੀ ਅਰਜਨ ਸਿੰਘ ਲਿੱਟ **ਵਲੋਂ ਪੇਸ਼ ਕੀਤਾ ਗਿਆ**) ਕੀ ਲੋਕ ਕਾਰਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਪੰਜਾਬ ਮਕਾਨ ਉਸਾਰੀ ਬੋਰਡ ਨੇ ਰਾਜ ਸਰਕਾਰ ਦੇ ਕਹਿਣ ਤੋਂ ਉਨ੍ਹਾਂ ਬੇ-ਜ਼ਮੀਨੇ ਅਣ-ਸਿਖਿਅਤ ਮਜ਼ਦੂਰਾਂ ਲਈ ਜਿਨ੍ਹਾਂ ਨੂੰ ਮੁਫਤ ਪਲਾਟ ਦਿੱਤੇ ਗਏ ਸਨ, ਕਿੰਨੇ ਮਕਾਨ ਬਣਾਏ ਹਨ ਅਤੇ ਰਾਜ ਵਿਚ ਹਰ ਇਕ ਜ਼ਿਲ੍ਹੇ ਵਿਚ ਉਨ੍ਹਾਂ ਥਾਵਾਂ ਦੇ ਨਾਂ ਕੀ ਕੀ ਹਨ ਜਿਥੇ ਇਹ ਬਣਾਏ ਗਏ ਅਤੇ ਹਰ ਥਾਂ ਤੇ ਇਸ ਤਰ੍ਹਾਂ ਬਣਾਏ ਗਏ ਮਕਾਨਾਂ ਦੀ ਗਿਣਤੀ ਕਿੰਨੀ ਹੈ ;

(ਅ) ਸਾਲ 1978-79 ਦੇ ਦੌਰਾਨ ਹਰ ਇਕ ਜ਼ਿਲ੍ਹੇ ਵਿਚ ਪਿੰਡਵਾਰ, ਇਸ ਸਕੀਮ ਅਧੀਨ ਕਿੰਨੇ ਕਿੰਨੇ ਮਕਾਨ ਬਣਾਉਣ ਦੀ ਤਜਵੀਜ਼ ਹੈ ;

(ੲ) ਉਪਰੋਕਤ ਹਰ ਇਕ ਮਕਾਨ ਲਈ ਸਰਕਾਰ ਦੁਆਰਾ ਕਿੰਨਾ ਉਪਦਾਨ ਦਿੱਤਾ ਗਿਆ ?

**ਸਰਦਾਰ ਰਣਧੀਰ ਸਿੰਘ ਚੀਮਾ** : (ੳ) ਪੰਜਾਬ ਹਾਊਸਿੰਗ ਵਿਕਾਸ ਬੋਰਡ ਨੇ ਉਨ੍ਹਾਂ ਹਰੀਜਨਾਂ ਜਿਹੜੇ ਕਿ ਪੇਂਡੂ ਅਣਸਿਖਿਅਤ ਬੇ-ਘਰੇ ਕਾਮਿਆਂ ਦਾ 80% ਭਾਗ ਹਨ ਅਤੇ ਜਿਨ੍ਹਾਂ ਨੂੰ ਮੁਫਤ ਪਲਾਟ ਅਲਾਟ ਕੀਤੇ ਗਏ ਸਨ ਲਈ ਮਕਾਨਾਂ ਦੀ ਉਸਾਰੀ ਦਾ ਕੰਮ ਕਈ ਪੜਾਵਾਂ ਵਿੱਚ ਪੂਰਾ ਕਰਨ ਲਈ ਰੱਥ ਵਿਚ ਲੈ ਲਿਆ ਹੈ। ਪਹਿਲੇ ਪੜਾਅ ਵਿਚ ਹਾਊਸਿੰਗ ਬੋਰਡ ਨੇ 3946 ਮਕਾਨਾਂ ਦੀ ਉਸਾਰੀ ਦਾ ਕੰਮ ਹੱਥ ਵਿੱਚ ਲਿਆ ਹੈ। ਪਿੰਡ ਗੁਮਟਾਲਾ, ਬਲਾਕ ਵੇਰਕਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ 70 ਮਕਾਨਾਂ ਦੀ ਉਸਾਰੀ ਦਾ ਕੰਮ ਸ਼ੁਰੂ ਹੈ। ਹੋਰ ਥਾਵਾਂ ਤੇ ਵੀ ਉਸਾਰੀ ਦਾ ਕੰਮ ਛੇਤੀ ਹੀ ਸ਼ੁਰੂ ਕੀਤਾ ਜਾ ਰਿਹਾ ਹੈ।

(ਅ) ਲੋੜੀਂਦੀ ਸੂਚਨਾ ਦੀ ਸਟੇਟਮੈਂਟ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ੲ) ਸਰਕਾਰ ਵਲੋਂ ਹਰੀਜਨਾਂ ਦੇ ਪ੍ਰਤੀਏਕ ਮਕਾਨ ਲਈ ਦਿੱਤੇ ਗਏ ਉਪਦਾਨ ਦੀ ਰਕਮ ਉਸਾਰੀ ਦੀ ਕੁਲ ਰਕਮ ਦਾ 75% ਹੈ।

**ANNEXURE**

| Name of District | Name of Block | Name of Village | No. of House-sites suitable for constructing house |
|---|---|---|---|
| 1. Ludhiana | Ludhiana | (i) Jandiali | 21 Houses |
| —Do— | Dehlon | (i) Umedpur | 50 ,, |
| | | (ii) Tibba | 39 ,, |
| | | (iii) Paddi | 60 ,, |
| | | (iv) Jassar | 33 ,, |

Original with;
Punjab Vidhan Sabha
Digitized by;
Panjab Digital Library

| Name of District | Name of Block | Name of Village | No. of house-sites suitable for constructing houses |
|---|---|---|---|
| 1.—*concld.* | | | |
| Ludhiana | Pakhowal | (i) Dhurket | 64 Houses |
| —Do— | Sudhar | (i) Badal | 30 ,, |
| —Do— | Samrala | (i) Balai | 46 ,, |
| | | (ii) Chak Sorai | 69 ,, |
| | | (iii) Lal Kalan | 96 ,, |
| | | Total | 508 Houses |
| 2. Faridkot | Malout | (i) Mideh | 26 Houses |
| —Do— | Giderbaha | (i) Khirkianwala | 24 ,, |
| | | (ii) Wara Krishanpura | 59 ,, |
| | | (iii) Guri Sangar | 62 ,, |
| —Do— | Kotkapura | (i) Ajit Gill | 34 ,, |
| | | (ii) Rumana Albel Singh | 39 ,, |
| | | (iii) Behbal Kalan | 32 ,, |
| | | (iv) Gursar | 39 ,, |
| | | (v) Wara Bhaika | 59 ,, |
| —Do— | Bagah Purana | (v) Samalsar | 100 ,, |
| | | (ii) Punj Gurai | 41 ,, |
| | | (iii) Mari Mustfa | 53 ,, |
| —Do— | Muktsar | (i) Khokar | 130 ,, |
| | | Total | 698 Houses |
| 3. Amritsar | Tarn Taran | (i) Pandori Gola | 156 Houses |
| —Do— | Jandiala | (i) Varpal | 78 ,, |
| —Do— | Rayya | (i) Niranjanpur Fattowal | 108 ,, |
| | | (ii) Kulchain | 102 ,, |
| —Do— | Verka | (i) Gumtala | 252 ,, |
| | | (ii) Mearankot Kalan | 59 ,, |
| | | (iii) Bet-Sachinder | 97 ,, |
| —Do— | Ajnala | (i) Sarangarh | 98 ,, |
| | | (ii) Chankdogra | 92 ,, |
| | | Total | 1,042 Houses |

Original with;
Punjab Vidhan Sabha
Digitized by;
Panjab Digital Library

[ ਲੋਕ ਕਾਰਜ ਮੰਤਰੀ ]

| Name of District | Name of Block | Name of Village | No. of house-sites suitable for constructing houses |
|---|---|---|---|
| 4. Jullundur | Shahkot | (i) Malsian | 83 Houses |
| | | (ii) Laksian | 75 ,, |
| | Nakodar | (i) Uggi | 24 ,, |
| | | (ii) Rasoolpur | 42 ,, |
| | | (iii) Rahimpur | 36 ,, |
| | Jullundur Cantt | (i) Hardopharwala | 38 ,, |
| | | Total | 300 Houses |
| | Nawanshehar | (i) Behloor Kalan | 20 Houses |
| | | (ii) Salimpur | 30 ,, |
| | | (iii) Jethu Majra | 45 ,, |
| | | (iv) Musepur | 99 ,, |
| | | (v) Langroya | 99 ,, |
| | | (vi) Bersian | 61 ,, |
| | | Total | 354 Houses |
| | Banga Block | (i) Ludhiana | 23 Houses |
| | | (ii) Katarian | 34 ,, |
| | | (iii) Sandhwan | 74 ,, |
| | | Total | 131 Houses |
| | Phillaur | (i) Silkiana | 32 Houses |
| | | Total | 32 Houses |
| 5. Sangrur | Malerkotla | (i) Khanpur | 81 Houses |
| | | (ii) Narika | 34 ,, |
| | | (iii) Gowara | 37 ,, |
| | | (iv) Hathin | 32 ,, |
| | Ahmedgarh | (i) Mubarikpur | 56 ,, |
| | | Total | 240 Houses |
| | Bawanigarh | (i) Balad Kalan | 156 Houses |
| | | (ii) Harditpura | 48 ,, |

Original with;
Punjab Vidhan Sabha
Digitized by;
Panjab Digital Library

| Name of District | Name of Block | Name of Villages | No. of house-sites suitable for constructing houses |
|---|---|---|---|
| 5.—*concld.* | | | |
| Sangrur | | (iii) Bhero | 100 Houses |
| | | (iv) Kaljher | 52 ,, |
| | | Total | 356 Houses |
| 6. Patiala | Bessi Pathana | (i) Gopalnan Kotla | 57 Houses |
| | | (ii) Kalaur | 28 ,, |
| | | (iii) Tallarian | 136 ,, |
| | | (iv) Thaban | 23 ,, |
| | Sirhind | (i) Chanarthal Khurd | 15 ,, |
| | | (ii) Datoda | 26 ,, |
| | | Total | 285 Houses |
| | | Grand Total | 3946 Houses |

**ਸਰਦਾਰ ਕਿਰਪਾਲ ਸਿੰਘ** : ਸਪੀਕਰ ਸਾਹਿਬ, ਇਹ ਜਿਹੜੇ ਮਕਾਨ ਬਣਾਏ ਹਨ, ਉਨ੍ਹਾਂ ਵਿਚੋਂ ਕਈ ਮਕਾਨ ਸਪੈਸੀਫਿਕੇਸ਼ਨ ਤੇ ਸਟੈਂਡਰਡ ਦੇ ਮੁਤਾਬਿਕ ਨਹੀਂ ਬਣੇ। ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਆਇਆ ਇਨ੍ਹਾਂ ਦੇ ਪਾਸ ਇਸ ਤਰ੍ਹਾਂ ਦੀਆਂ ਕਿਤਨੀਆਂ ਸ਼ਿਕਾਇਤਾਂ ਆਈਆਂ ਹਨ ?

**ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੇ ਸਵਾਲ ਵਿਚ ਇਹ ਚੀਜ਼ ਪੁੱਛੀ ਨਹੀਂ ਸੀ। ਇਹ ਸੈਪਰੇਟ ਨੋਟਿਸ ਦੇ ਦੇਣ, ਇਨਫਰਮੇਸ਼ਨ ਮੰਗਵਾ ਕੇ ਇਤਲਾਹ ਦੇ ਦੇਵਾਂਗਾ।

**ਸਰਦਾਰ ਕਿਰਪਾਲ ਸਿੰਘ** : ਸਪੀਕਰ ਸਾਹਿਬ, ਜਦੋਂ ਡਿਪਾਰਟਮੈਂਟ ਜਵਾਬ ਲਿਖ ਕੇ ਭੇਜਦਾ ਹੈ ਤਾਂ ਉਨ੍ਹਾਂ ਨੂੰ ਕੁਦਰਤੀ ਤੌਰ ਤੇ ਪਤਾ ਹੋਣਾ ਚਾਹੀਦਾ ਹੈ ਕਿ ਸਵਾਲ ਕਰਨ ਵਾਲੇ ਦੀ ਮਨਸ਼ਾ ਹੈ ਕਿ ਉਹ ਮਕਾਨ ਸਟੈਂਡਰਡ ਦੇ ਮੁਤਾਬਿਕ ਨਹੀਂ ਬਣੇ। ਇਹ ਗੱਲ ਅੰਮ੍ਰਿਤਸਰ ਦੀ ਗਰੀਵੈਂਸਿਜ਼ ਕਮੇਟੀ ਔਰ ਅੱਗੇ ਪਿੱਛੇ ਵੀ ਆਈ ਹੈ ਕਿ ਉਹ ਮਕਾਨ ਬਣਦੇ ਮਗਰੋਂ ਹਨ ਪਰ ਉਨ੍ਹਾਂ ਵਿਚ ਕਰੈਕਸ ਪਹਿਲਾਂ ਹੀ ਆ ਜਾਂਦੇ ਹਨ। ਛੱਤਾਂ ਵਿਚ ਕਰੈਕਸ ਆਉਂਦੇ ਹਨ। ਮੈਂ ਇਨ੍ਹਾਂ ਤੋਂ ਇਹ ਪੁੱਛਦਾ ਹਾਂ ਕਿ ਕਿਆ ਇਸ ਕਿਸਮ ਦੀ ਕੋਈ ਸ਼ਿਕਾਇਤ ਇਨਕੁਆਇਰੀ ਕਰਾਉਣ ਵਾਸਤੇ ਕਿਸੇ ਐਕਸ. ਈ. ਐਨ. ਦੇ ਜਾਂ ਕਿਸੇ ਹੋਰ ਅਫਸਰ ਦੇ ਖਿਲਾਫ ਆਈ ਹੈ ?

**ਮੰਤਰੀ** : ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ ਇਹ ਹਰੀਜਨਾਂ ਦੇ ਮਕਾਨ ਹਨ ਔਰ ਇਹ ਇਸ ਸਾਲ ਬਣਾਉਣੇ ਸ਼ੁਰੂ ਕੀਤੇ ਹਨ। ਅਜੇ ਤਾਂ ਬਣਨ ਹੀ ਡਹੇ ਹੋਏ ਹਨ, ਉਨ੍ਹਾਂ ਉਤੇ ਅਜੇ ਤਾਂ ਛੱਤਾਂ ਨਹੀਂ ਪਈਆਂ, ਇਸ ਲਈ ਉਨ੍ਹਾਂ ਦੀ ਇਨਕੁਆਇਰੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸਰਵਣ ਸਿੰਘ ਚੀਮਾ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜ਼ਿਲ੍ਹਾ ਜਲੰਧਰ ਵਿਚ ਕਿਹੜੇ ਬਲਾਕ ਵਿਚ ਕਿਤਨੇ ਕਿਤਨੇ ਮਕਾਨ ਬਣੇ ਹਨ ਜਾਂ ਜਿਹੜੇ ਸ਼ੁਰੂ ਕੀਤੇ ਹਨ ਉਨ੍ਹਾਂ ਦੀ ਗਿਣਤੀ ਕਿਤਨੀ ਹੈ ?

**ਮੰਤਰੀ** : ਸਪੀਕਰ ਸਾਹਿਬ, ਇਹ ਲਿਸਟ ਲੰਬੀ ਚੌੜੀ ਹੈ। ਮੈਂ ਜਵਾਬ ਦਿੱਤਾ ਹੈ। ਸੂਚੀ ਸਦਨ ਦੀ ਮੇਜ਼ ਤੇ ਰੱਖੀ ਹੈ। ਕਹੋ ਤਾਂ ਮੈਂ ਫਿਰ ਪੜ੍ਹ ਦਿੰਦਾ ਹਾਂ।

**ਸ੍ਰੀ ਸਪੀਕਰ** : ਨਹੀਂ ਜੀ, ਠੀਕ ਹੈ। ਕੋਈ ਲੋੜ ਨਹੀਂ ਹੈ ਪੜ੍ਹਨ ਦੀ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਸੀ. ਐਮ. ਸਾਹਿਬ 2 ਅਗਸਤ, 1978 ਨੂੰ ਪਟਿਆਲੇ ਵਿਚ ਜਿਹੜੀ ਸ਼ਡਿਊਲਡ ਕਾਸਟਸ ਕਾਨਫਰੰਸ ਹੋਈ ਸੀ ਉਸ ਵਿਚ ਕਹਿ ਕੇ ਆਏ ਸਨ ਕਿ 4 ਹਜ਼ਾਰ ਰੁਪਏ ਦੀ ਬਜਾਏ 6 ਹਜ਼ਾਰ ਰੁਪਿਆ ਦਿੱਤਾ ਜਾਵੇਗਾ। ਇਸ ਲਈ ਇਕ ਤਾਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਆਇਆ ਉਹ ਡਿਸੀਜ਼ਨ ਲਾਗੂ ਕਰ ਦਿਤਾ ਹੈ ਜਾਂ ਨਹੀਂ ? ਦੂਸਰਾ ਇਹ ਕਿ ਜਿਹੜਾ ਇਨ੍ਹਾਂ ਨੇ ਮਕਾਨਾਂ ਦਾ ਵੇਰਵਾ ਦਿਤਾ ਹੈ ਜਿਸ ਤਰ੍ਹਾਂ ਜਨਾਰਧਨ ਵਿਚ 15 ਅਤੇ ਹੋਰ ਇਸ ਕਿਸਮ ਦਾ ਜਿਹੜਾ ਵੇਰਵਾ ਹੈ, ਮੈਂ ਸਮਝਦਾ ਹਾਂ ਕਿ ਇਹ ਇਨਫਰਮੇਸ਼ਨ ਮਹਿਕਮੇ ਨੇ ਠੀਕ ਨਹੀਂ ਦਿੱਤੀ। ਉਹ ਸ਼ੁਰੂ ਨਹੀਂ ਹੋਏ ਕਿਉਂਕਿ ਸਪੀਕਰ ਸਾਹਿਬ, ਪਲਾਟ ਤਾਂ ਕਾਗਜ਼ਾਂ ਵਿਚ ਹੀ ਮਿਲੇ ਹਨ, ਅਸਲੀ ਨਹੀਂ ਮਿਲੇ। ਪਲਾਟ ਤਾਂ ਕਈ ਥਾਈਂ ਟੋਬਿਆਂ ਵਿਚ ਹਨ ਉਥੇ ਮਕਾਨ ਤਾਂ ਬਣ ਨਹੀਂ ਸਕਦੇ। ਕਈਆਂ ਪਿੰਡਾਂ ਦੀਆਂ ਪੰਚਾਇਤਾਂ ਨੇ ਦਰਖਾਸਤਾਂ ਦਿੱਤੀਆਂ ਹਨ। ਪਰ ਕਈ ਥਾਈਂ ਕਾਂਗਰਸੀਆਂ ਨੇ ਕਿਸੇ ਪਿੰਡ ਵਿਚ ਫਰਜ਼ ਕਰੋ 15 ਪਲਾਟ ਦਿੱਤੇ ਪਰ ਫਿਰ 40 ਕਰ ਦਿੱਤੇ ਗਏ। ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਪੁਰਾਣੀ ਲਿਸਟ ਨੂੰ ਨਾ ਮੰਨ ਕੇ ਲੋਕਾਂ ਦੀ ਲੋੜ ਦੇ ਮੁਤਾਬਿਕ ਉਨ੍ਹਾਂ ਨੂੰ ਮਕਾਨ ਬਣਾ ਕੇ ਦੇਣ ਨੂੰ ਤਿਆਰ ਹਨ ?

**ਮੰਤਰੀ** : ਸਪੀਕਰ ਸਾਹਿਬ, ਜਿਹੜੀ ਇਹ ਸਕੀਮ ਚੱਲੀ ਹੈ, ਉਸ ਦੇ ਮੁਤਾਬਿਕ 31 ਮਾਰਚ, ਤਕ ਡੇਢ੍ਹ ਕਰੋੜ ਰੁਪਿਆ ਖਰਚ ਕਰਨਾ ਹੈ ਔਰ 3,946 ਮਕਾਨ ਬਣਨੇ ਹਨ। ਇਹ ਮਕਾਨ ਉਥੇ ਬਣਨੇ ਹਨ ਜਿਥੇ ਪਲਾਟਸ ਦਾ ਪੁਜ਼ੇਸ਼ਨ ਹਾਊਸਿੰਗ ਬੋਰਡ ਨੂੰ ਦਿੱਤਾ ਗਿਆ ਹੈ। ਲਿਸਟ ਮੈਂ ਹਾਊਸ ਦੀ ਟੇਬਲ ਤੇ ਰੱਖ ਦਿੱਤੀ ਹੈ ਕਿ ਇਹ ਮਕਾਨ ਬਣਨੇ ਹਨ ਔਰ ਇਨ੍ਹਾਂ ਜਗ੍ਹਾ ਤੇ ਬਣਨੇ ਹਨ। ਇਹ ਸਾਰੀ ਸੂਚੀ ਮੈਂ ਸਦਨ ਦੀ ਮੇਜ਼ ਤੇ ਰੱਖ ਦਿੱਤੀ ਹੈ। ਇਸ ਲਈ ਉਸ ਨੂੰ ਪੜ੍ਹ ਕੇ ਇਹ ਵੇਖ ਲੈਣ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ।

**ਸ੍ਰੀ ਸਪੀਕਰ** : ਵਜ਼ੀਰ ਸਾਹਿਬ, ਮੈਂਬਰ ਸਾਹਿਬ ਨੇ ਇਹ ਪੁੱਛਿਆ ਸੀ ਕਿ ਜੇ ਕਿਸੇ ਨੂੰ ਮਾੜੀ ਥਾਂ ਮਿਲੀ ਹੈ ਤਾਂ ਕੀ ਉਸ ਨੂੰ ਉਸ ਦੇ ਬਦਲੇ ਯੋਗ ਥਾਂ ਦੇਵੋਗੇ ?

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਇਹ ਪੁੱਛਿਆ ਸੀ ਕਿ ਮਿਸਾਲ ਦੇ ਤੌਰ ਤੇ ਜੇ ਮੋਰਿੰਡੇ ਵਿਚ ਪਹਿਲੀ ਪੰਚਾਇਤ ਨੇ 15 ਪਲਾਟਾਂ ਲਈ ਜਗ੍ਹਾ ਦਿੱਤੀ ਹੋਵੇ ਅਤੇ ਹੁਣ ਜੋ ਨਵੀਂ ਪੰਚਾਇਤ ਆਈ ਹੈ ਉਹ 20 ਪਲਾਟਾਂ ਦੀ ਜਗ੍ਹਾ ਦੇਣ ਨੂੰ ਤਿਆਰ ਹੋਵੇ ਤਾਂ ਕੀ ਸਰਕਾਰ ਉਨ੍ਹਾਂ 20 ਪਲਾਟਾਂ ਨੂੰ ਤਸਲੀਮ ਕਰਕੇ ਉਨ੍ਹਾਂ ਨੂੰ ਕਰਜ਼ਾ ਦੇਵੇਗੀ ? ਦੂਜਾ

Original with;
Punjab Vidhan Sabha
Digitized by;
Panjab Digital Library

ਮੈਂ ਇਹ ਪੁੱਛਿਆ ਹੈ ਕਿ ਜਿਨ੍ਹਾਂ ਨੂੰ ਗਲਤ ਜਗ੍ਹਾ ਦਿੱਤੀ ਗਈ ਹੈ ਕੀ ਉਨ੍ਹਾਂ ਨੂੰ ਠੀਕ ਜਗ੍ਹਾ ਤੇ ਥਾਂ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਜਵਾਬ ਦਿੱਤਾ ਹੈ ਕਿ ਇਸ ਵੇਲੇ ਅਸੀਂ 3946 ਮਕਾਨਾਂ ਦੀ ਉਸਾਰੀ ਦਾ ਕੰਮ ਹੱਥ ਵਿਚ ਲਿਆ ਹੈ।

**ਸ਼੍ਰੀ ਸਪੀਕਰ** : ਵਜ਼ੀਰ ਸਾਹਿਬ, ਪਾਂਧੀ ਸਾਹਿਬ ਇਹ ਪੁੱਛਦੇ ਹਨ ਕਿ ਜਿਹੜੀ ਮਾੜੀ ਥਾਂ ਲੋਕਾਂ ਨੂੰ ਅਲਾਟ ਕੀਤੀ ਗਈ ਹੈ, ਕੀ ਉਨ੍ਹਾਂ ਨੂੰ ਯੋਗ ਥਾਂ ਦੇਵੋਗੇ ?

**ਮੰਤਰੀ** : ਜੇ ਕੋਈ ਸ਼ਿਕਾਇਤ ਆਈ ਤਾਂ ਦੂਰ ਕਰਾਂਗੇ।

**ਸਰਦਾਰ ਮਾਧੋ ਸਿੰਘ** : ਸਪੀਕਰ ਸਾਹਿਬ, ਮੈਂ ਇਹ ਪੁੱਛਦਾ ਹਾਂ ਕਿ ਕੀ ਰੋਪੜ ਜ਼ਿਲ੍ਹੇ ਵਿਚ ਵੀ ਮਕਾਨ ਬਣਾਏ ਜਾਣਗੇ ?

**ਮੰਤਰੀ** : ਇਸ ਦੀ ਲਿਸਟ ਅਸੀਂ ਸਪਲਾਈ ਨਾਲ ਹੀ ਕੀਤੀ ਹੈ।

**ਸਰਦਾਰ ਸਰੂਪ ਸਿੰਘ** : ਸਪੀਕਰ ਸਾਹਿਬ, ਜਿਹੜੀ ਇਹ ਸਕੀਮ ਬਣਾਈ ਹੈ, ਇਹ ਜ਼ਿਲ੍ਹੇ-ਵਾਰ ਸਕੀਮ ਨੂੰ ਲਾਗੂ ਕਰਨਗੇ ਜਾਂ ਜਿਥੇ ਮਰਜ਼ੀ ਆਏ ਲਾਗੂ ਕਰ ਦੇਣ ?

**ਮੰਤਰੀ** : ਸਪੀਕਰ ਸਾਹਿਬ, ਜਿਥੇ ਵੀ ਜ਼ਿਲ੍ਹੇਵਾਰ ਪਲਾਟ ਅਵੇਲੇਬਲ ਹੋਣਗੇ ਉਥੇ ਇਸ ਸਾਲ 3946 ਮਕਾਨ ਉਸਾਰੇ ਜਾਣਗੇ ਅੌਰ ਅਗਲੇ 2 ਸਾਲਾਂ ਵਿਚ 20 ਹਜ਼ਾਰ ਮਕਾਨ ਬਣਨੇ ਹਨ, ਜਿਸ ਤੇ 8 ਕਰੋੜ ਰੁਪਿਆ ਖਰਚ ਆਏਗਾ।

**ਸ਼੍ਰੀ ਓਮ ਪ੍ਰਕਾਸ਼ ਭਾਰਦਵਾਜ** : ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪਹਿਲੀ ਸਰਕਾਰ ਵਲੋਂ ਕਈ ਦਰਖਾਸਤਾਂ ਐਕਸੈਪਟ ਨਹੀਂ ਕੀਤੀਆਂ ਗਈਆਂ ਸਨ। ਅਗਰ ਹੁਣ ਕੋਈ ਮੌਜੂਦਾ ਪੰਚਾਇਤਾਂ ਇਸ ਸਰਕਾਰ ਨੂੰ ਯੋਗ ਥਾਂ ਦੇਣ ਨੂੰ ਤਿਆਰ ਹੋਣ ਤਾਂ ਕੀ ਇਹ ਉਸ ਨੂੰ ਲੈਣ ਲਈ ਕੰਸਿਡਰ ਕਰਨਗੇ ?

**ਮੰਤਰੀ** : ਜੇ ਉਹ ਜਗ੍ਹਾ ਦੇਣ ਨੂੰ ਤਿਆਰ ਹੋਣਗੇ ਤਾਂ ਅਸੀਂ ਲੈਣ ਨੂੰ ਤਿਆਰ ਹਾਂ।

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਬੇਜ਼ਮੀਨੇ ਕਿਸਾਨ ਹਨ ਉਨ੍ਹਾਂ ਨੂੰ ਜਿਹੜੇ ਪਲਾਟ ਅਲਾਟ ਕੀਤੇ ਹਨ, ਉਸ ਵਾਸਤੇ ਉਨ੍ਹਾਂ ਦੀਆਂ ਐਪਲੀਕੇਸ਼ਨਜ਼ ਨੂੰ ਕੰਸਿਡਰ ਕਰਨ ਦੀ ਕੀ ਪਾਲਿਸੀ ਹੈ ?

**ਮੰਤਰੀ** : ਸਪੀਕਰ ਸਾਹਿਬ, ਬਲਾਕਾਂ ਦੇ ਰਾਹੀਂ ਜਾਂ ਐਸ. ਡੀ. ਐਮ. ਦੇ ਰਾਹੀਂ ਜਿਨ੍ਹਾਂ ਪਿੰਡਾਂ ਵਿੱਚ ਲੋਕ ਬੇਘਰ ਸਨ, ਉਨ੍ਹਾਂ ਦੀਆਂ ਲਿਸਟਾਂ ਤਿਆਰ ਕੀਤੀਆਂ ਗਈਆਂ ਸਨ ਅੌਰ ਉਸਦੇ ਮੁਤਾਬਿਕ ਜ਼ਮੀਨ ਪੰਚਾਇਤਾਂ ਨੇ ਦਿਤੀ ਅੌਰ ਹੁਣ ਮਕਾਨ ਦਿੱਤੇ ਜਾ ਰਹੇ ਹਨ।

**ਵੈਦ ਕਰਤਾਰ ਸਿੰਘ** : ਸਪੀਕਰ ਸਾਹਿਬ, ਮੈਂ ਆਪ ਦੀ ਮਾਰਫਤ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਪਲਾਟਾਂ ਦੀ ਲਿਸਟ ਇਨ੍ਹਾਂ ਨੇ ਦਿੱਤੀ ਹੈ ਉਹ ਪੁਰਾਣੇ ਕਾਂਗਰਸੀਆਂ ਨੇ ਬਣਾਈ ਸੀ ਅਤੇ ਉਸ ਵੇਲੇ ਉਨ੍ਹਾਂ ਨੇ ਆਪਣੇ ਆਦਮੀਆਂ ਨੂੰ ਖੁਸ਼ ਕਰਨ ਲਈ ਪਲਾਟ ਦਿਤੇ ਸਨ। ਅਕਾਲੀ

Original with;
Punjab Vidhan Sabha
Digitized by;
Panjab Digital Library

[ਵੈਦ ਕਰਤਾਰ ਸਿੰਘ]

ਔਰ ਜਨਤਾ ਪਾਰਟੀ ਦੇ ਕਿਸੇ ਆਦਮੀ ਨੂੰ ਕੋਈ ਪਲਾਟ ਨਹੀਂ ਸੀ ਮਿਲਿਆ। ਕੀ ਹੁਣ ਇਹ ਸਰਕਾਰ ਉਹ ਲਿਸਟ ਦੁਬਾਰਾ ਬਣਾਉਣ ਲਈ ਤਿਆਰ ਹੈ ਤਾਂਕਿ ਅਕਾਲੀ-ਜਨਤਾ ਪਾਰਟੀਆਂ ਦੇ ਵਰਕਰਾਂ ਨੂੰ ਵੀ ਪਲਾਟ ਮਿਲ ਸਕਣ ?

**ਮੰਤਰੀ**: ਸਵਾਲ ਤਾਂ ਇਹ ਹੈ ਕਿ ਜਿਨ੍ਹਾਂ ਕੋਲ ਮਕਾਨ ਨਹੀਂ, ਉਨ੍ਹਾਂ ਨੂੰ ਦੇਣੇ ਹਨ। ਮੈਂਬਰ ਸਾਹਿਬ ਨੂੰ ਜੇ ਕੋਈ ਸ਼ਿਕਾਇਤ ਹੈ ਜਾਂ ਕਿਸੇ ਬੇਘਰ ਨੂੰ ਪਲਾਟ ਨਹੀਂ ਮਿਲਿਆ ਤਾਂ ਇਹ ਦੱਸ ਦੇਣ ਅਸੀਂ ਸ਼ਾਮਲ ਕਰ ਲਵਾਂਗੇ।

**ਸ੍ਰੀ ਹਰਬੰਸ ਲਾਲ ਖੰਨਾ**: ਸਪੀਕਰ ਸਾਹਿਬ, ਹਾਊਸਿੰਗ ਬੋਰਡ ਸਕੀਮ ਦੇ ਅੰਦਰ 3 ਕਾਲੋਨੀਜ਼ ਬਣਨੀਆਂ ਸਨ। ਜਿਸ ਵੇਲੇ ਇਹ ਸਕੀਮ ਇੰਟਰੋਡਿਊਸ ਕੀਤੀ ਗਈ ਤਾਂ ਉਸ ਵੇਲੇ ਕਿਹਾ ਗਿਆ ਕਿ 1/4 ਆਫ਼ ਦੀ ਟੋਟਲ ਅਮਾਊਂਟ ਡਿਪਾਜ਼ਿਟ ਹੋਵੇਗਾ। ਪਰ ਜਿਸ ਵੇਲੇ ਮਕਾਨ ਤਿਆਰ ਹੋ ਗਏ ਤਾਂ ਹੁਣ ਇਹ ਕਹਿ ਦਿਤਾ ਹੈ ਕਿ 1/2 ਆਫ਼ ਦੀ ਟੋਟਲ ਅਮਾਊਂਟ ਦੇਣਾ ਹੈ। ਅਰਥਾਤ ਜੇ ਮਕਾਨ ਦੀ 16 ਹਜ਼ਾਰ ਕੀਮਤ ਹੈ ਤਾਂ 8 ਹਜ਼ਾਰ ਦੇਣਾ ਹੈ। ਜਿਸ ਨਾਲ ਗਰੀਬ ਆਦਮੀ ਨੂੰ ਬਹੁਤ ਮੁਸ਼ਕਿਲ ਹੋ ਰਹੀ ਹੈ ਅਤੇ ਉਹ ਮਕਾਨ ਨਹੀਂ ਲੈ ਸਕਦਾ ਔਰ ਅਮੀਰ ਇਸ ਸਕੀਮ ਦਾ ਫਾਇਦਾ ਉਠਾ ਰਹੇ ਹਨ। ਕੀ ਵਜ਼ੀਰ ਸਾਹਿਬ ਉਨ੍ਹਾਂ ਮਕਾਨਾਂ ਦੀ 1/4 ਆਫ ਦੀ ਟੋਟਲ ਅਮਾਊਂਟ ਲੈਣ ਲਈ ਵਿਚਾਰ ਕਰਨਗੇ ਤਾਂਕਿ ਗਰੀਬਾਂ ਨੂੰ ਮਕਾਨ ਮਿਲ ਸਕਣ ?

**ਮੰਤਰੀ**: ਸਪੀਕਰ ਸਾਹਿਬ, ਇਸ ਸਵਾਲ ਦਾ ਇਸ ਨਾਲ ਕੋਈ ਸਬੰਧ ਨਹੀਂ। ਪਰ ਇਹ ਲਿਖ ਕੇ ਦੇ ਦੇਣ, ਅਸੀਂ ਵੇਖ ਲਵਾਂਗੇ।

**ਕਾਮਰੇਡ ਸਰਵਣ ਸਿੰਘ ਚੀਮਾ**: ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਮਜ਼ਦੂਰਾਂ ਨੂੰ ਮਕਾਨ ਬਣਾ ਕੇ ਦੇਣੇ ਸਨ, ਜਿਨ੍ਹਾਂ ਲੋਕਾਂ ਨੇ ਦਰਖਾਸਤਾਂ ਦਿਤੀਆਂ ਸਨ, ਕੀ ਇਹ ਦੱਸਣਗੇ ਕਿ ਉਨ੍ਹਾਂ ਵਿਚੋਂ ਕਿੰਨੀਆਂ ਅਰਜ਼ੀਆਂ ਬਲਾਕ-ਵਾਈਜ਼ ਪੈਂਡਿੰਗ ਪਈਆਂ ਹਨ ?

**ਮੰਤਰੀ**: ਸਪੀਕਰ ਸਾਹਿਬ, ਵੱਖ ਵੱਖ ਜ਼ਿਲ੍ਹੇ ਵਿਚ ਪਲਾਟ ਦਿੱਤੇ ਹਨ। ਜੇ ਕੋਈ ਇਨ੍ਹਾਂ ਨੂੰ ਖਾਸ ਡਿਸਟ੍ਰਿਕਟ ਦੀ ਇਨਫਰਮੇਸ਼ਨ ਚਾਹੀਦੀ ਹੈ ਤਾਂ ਇਹ ਸਾਨੂੰ ਲਿਖ ਕੇ ਦੇ ਦੇਣ, ਅਸੀਂ ਦੱਸ ਦੇਵਾਂਗੇ।

**ਸਰਦਾਰ ਧਨਰਾਜ ਸਿੰਘ**: ਮੇਰੇ ਹਲਕੇ ਵਿਚ ਹਾਊਸਿੰਗ ਬੋਰਡ ਵਲੋਂ ਇਕ ਕਾਲੋਨੀ ਬਣੀ ਸੀ। ਪਰ ਉਸ ਕਾਲੋਨੀ ਦੇ ਅੰਦਰ ਜਿਹੜੇ ਮਕਾਨ ਬਣਾਏ ਗਏ ਹਨ, ਉਨ੍ਹਾਂ ਵਿਚ ਸੀਮਿੰਟ ਦੀ ਬਜਾਏ ਰੇਤਾ ਹੀ ਲਾਇਆ ਗਿਆ ਹੈ। ਇਸ ਲਈ ਕੀ ਮਨਿਸਟਰ ਸਾਹਿਬ ਉਨ੍ਹਾਂ ਲੋਕਾਂ ਨੂੰ ਇਨਸਟਾਲਮੈਂਟ ਵਿਚ ਕੁਝ ਕੰਪਨਸੇਸ਼ਨ ਦੇਣ ਦੀ ਕ੍ਰਿਪਾਲਤਾ ਕਰਨਗੇ ?

**ਮੰਤਰੀ**: ਇਸ ਦਾ ਸਵਾਲ ਨਾਲ ਸਬੰਧ ਨਹੀਂ ਹੈ। ਇਸ ਵਾਸਤੇ ਹਾਊਸਿੰਗ ਬੋਰਡ ਵਲੋਂ ਇਨਕੁਆਇਰੀ ਹੋ ਰਹੀ ਹੈ। ਇਨਕੁਆਇਰੀ ਦੀ ਰਿਪੋਰਟ ਆਉਣ ਤੇ ਕਸੂਰਵਾਰਾਂ ਨੂੰ ਸਜ਼ਾ ਦਿਤੀ ਜਾ ਸਕਦੀ ਹੈ।

**Mr. Speaker** : Since all the questions have been finished, the House will now take up Call Attention Notices.

Original with;
Punjab Vidhan Sabha
Digitized by;
Panjab Digital Library

**ਸ੍ਰੀ ਮਦਨ ਮੋਹਨ ਮਿੱਤਲ** : ਇਕ ਸਵਾਲ ਨੰ : 538 ਹੈ, ਇਹ ਕਰ ਲਓ।

**ਸ੍ਰੀ ਸਪੀਕਰ** : ਕਨਸਰੰਡ ਮੈਂਬਰ ਹਾਊਸ ਵਿਚ ਹਾਜ਼ਰ ਨਹੀਂ ਹੈ।

**ਸਰਦਾਰ ਦਲੀਪ ਸਿੰਘ ਪਾਂਧੀ** : ਮੇਰੇ ਕੋਲ ਇਸ ਦਾ ਰੈਫਰੈਂਸ ਹੈ ਜੀ, ਮੈਂ ਇਹ ਦੱਸਣਾ ਚਾਹੁੰਦਾ ਹਾਂ। ਤੁਸੀਂ ਅਲਾਓ ਕਰ ਦਿਓ।

**ਸ੍ਰੀ ਸਪੀਕਰ** : ਜਿਹੜਾ ਮੈਂਬਰ ਹਾਊਸ ਵਿਚ ਹਾਜ਼ਰ ਨਹੀਂ ਹੈ, ਉਹ ਸਵਾਲ ਅਲਾਓ ਕੀਤਾ ਜਾਵੇ ਜਾਂ ਨਾ ਕੀਤਾ ਜਾਵੇ, this is a matter of discretion. ਇਹ ਤੁਹਾਡਾ ਸਵਾਲ ਨਹੀਂ ਹੈ। (ਵਿਘਨ) ਜੇ ਹਾਊਸ ਚਾਹੁੰਦਾ ਹੈ ਤਾਂ ਕਰ ਲੈਂਦੇ ਹਾਂ। ਸਰਦਾਰ ਸੁਖਜਿੰਦਰ ਸਿੰਘ ਜੀ, ਸਵਾਲ ਨੰ : 538 ਦਾ ਜਵਾਬ ਮੈਂਬਰ ਸਾਹਿਬਾਨ ਚਾਹੁੰਦੇ ਹਨ, ਇਹ ਕਰ ਲਈਏ।

## ਰਾਜ ਵਿਚ ਸਰਕਾਰੀ ਸਕੂਲਾਂ ਵਿਚ ਪ੍ਰਾਈਵੇਟ ਅਤੇ ਅਣਅਧਿਕਾਰਤ ਸਹਾਇਕ ਪੁਸਤਕਾਂ ਤੇ ਰੋਕ

*538. **ਮਾਸਟਰ ਬਾਬੂ ਸਿੰਘ** (ਗਿਆਨੀ ਅਰਜਣ ਸਿੰਘ ਲਿੱਟ ਵਲੋਂ ਪੇਸ਼ ਕੀਤਾ ਗਿਆ): ਕੀ ਵਿਦਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਸਰਕਾਰੀ ਸਕੂਲਾਂ ਵਿਚ ਨਿਸਚਿਤ ਪਾਠ ਪੁਸਤਕਾਂ ਦੀ ਬਜਾਏ ਲਗਾਈਆਂ ਗਈਆਂ ਪ੍ਰਾਈਵੇਟ ਅਤੇ ਅਣਅਧਿਕਾਰਤ ਸਹਾਇਕ ਪੁਸਤਕਾਂ ਜਿਨ੍ਹਾਂ ਨਾਲ ਵਿਦਿਆ ਦੇ ਮਿਆਰ ਤੇ ਬੁਰਾ ਅਸਰ ਪਿਆ ਹੈ ਤੇ ਰੋਕ ਲਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਸਰਦਾਰ ਸੁਖਜਿੰਦਰ ਸਿੰਘ ਖੈਰਾ** : ਸਰਕਾਰੀ ਸਕੂਲਾਂ ਵਿਚ ਪ੍ਰਾਈਵੇਟ ਅਣਅਧਿਕਾਰਿਤ ਸਹਾਇਕ ਪੁਸਤਕਾਂ ਲਾਗੂ ਕਰਨ ਤੇ ਪਹਿਲਾਂ ਹੀ ਰੋਕ ਲਗਾਈ ਹੋਈ ਹੈ।

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਇਹ ਤਾਂ ਠੀਕ ਹੈ ਕਿ ਰੋਕ ਲਾਈ ਹੋਈ ਹੈ ਲੇਕਿਨ ਹਾਲੇ ਵੀ ਕਈ ਸਕੂਲਾਂ ਵਿਚ ਅਣਅਧਿਕਾਰਤ ਸਹਾਇਕ ਕਿਤਾਬਾਂ ਲਾਈਆਂ ਹੋਈਆਂ ਹਨ, ਕੀ ਇਸ ਦੀ ਪੜਤਾਲ ਕਰਨਗੇ?

**ਮੰਤਰੀ** : ਸਪੀਕਰ ਸਾਹਿਬ, ਜਦੋਂ ਵੀ ਕੋਈ ਸੀਨੀਅਰ ਅਫ਼ਸਰ ਸਕੂਲਾਂ ਦੀ ਜਾਂਚ ਤੇ ਜਾਂਦਾ ਹੈ ਤਾਂ ਉਹ ਇਹ ਚੈਕ ਕਰਦਾ ਹੈ। ਐਜੂਕੇਸ਼ਨ ਬੋਰਡ ਵਲੋਂ ਵੀ ਇਹ ਚੈਕ ਕੀਤਾ ਜਾਂਦਾ ਹੈ। ਕਈ ਵਾਰ ਇਹ ਚੈਕ ਕਰਨ ਵਾਸਤੇ ਛਾਪੇ ਵੀ ਮਾਰੇ ਜਾਂਦੇ ਹਨ। ਪਿਛਲੇ ਸਾਲ 2 ਕੇਸ ਅਜਿਹੇ ਪਕੜੇ ਸਨ। ਜੇ ਹੁਣ ਕੋਈ ਸ਼ਿਕਾਇਤ ਹੈ ਤਾਂ ਇਹ ਦਸਣ, ਅਸੀਂ ਛਾਪਾ ਜ਼ਰੂਰ ਮਾਰਾਂਗੇ।

**ਸਰਦਾਰ ਕਿਰਪਾਲ ਸਿੰਘ** : ਸਪੀਕਰ ਸਾਹਿਬ, ਇਹ ਦੇਖਣ ਵਿਚ ਆਇਆ ਹੈ ਕਿ ਹਾਲੇ ਵੀ ਅਨ-ਅਧਿਕਾਰਤ ਪੁਸਤਕਾਂ ਸਕੂਲਾਂ ਵਿਚ ਚਲਦੀਆਂ ਹਨ। ਇਸ ਵਾਸਤੇ ਜੇ ਕੋਈ ਪ੍ਰਾਈਵੇਟ ਆਦਮੀ ਜਾਂ ਕੋਈ ਸਕੂਲ ਦਾ ਬੱਚਾ ਇਨ੍ਹਾਂ ਨੂੰ ਚਿੱਠੀ ਲਿਖੇ ਤਾਂ ਕੀ ਇਹ ਉਸ ਸਕੂਲ ਨੂੰ ਚਿੱਠੀ ਪਾ ਕੇ ਜਾਂ ਸਰਕੂਲਰ ਕਰਕੇ ਉਸ ਦਾ ਪਤਾ ਕਰਾਉਣਗੇ ਅਤੇ ਜੇ ਉਹ ਕਿਤਾਬਾਂ ਉਥੇ ਪੜ੍ਹਾਉਂਦੇ ਹੋਣ ਤਾਂ ਹੈਡਮਾਸਟਰ ਦੇ ਖਿਲਾਫ਼ ਐਕਸ਼ਨ ਲੈਣਗੇ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਇਹ ਮੇਰੇ ਨੋਟਿਸ ਵਿਚ ਲੈ ਆਉਣ, ਜ਼ਰੂਰ ਸਜ਼ਾ ਦੇਵਾਂਗਾ।

**ਸਰਦਾਰ ਦਲੀਪ ਸਿੰਘ ਪਾਂਧੀ :** ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਕੂਲਾਂ ਦੇ ਵਿਚ ਹਾਲੇ ਤਕ ਕਿਤਾਬਾਂ ਦੀ ਘਾਟ ਕਿਉਂ ਹੈ ? ਇਹ ਪੰਜਾਬ ਸਰਕਾਰ ਦੀ ਮੇਹਰਬਾਨੀ ਹੈ ਕਿ ਸਰਕਾਰ ਨੇ ਗਰੀਬ ਬੱਚਿਆਂ ਨੂੰ ਸਕੂਲਾਂ ਦੇ ਵਿਚ ਕਿਤਾਬਾਂ ਦਿੱਤੀਆਂ ਹਨ। ਕਿਤਾਬਾਂ ਦੀ ਘਾਟ ਹੋਣ ਕਰਕੇ ਸਕੂਲਾਂ ਦੇ ਵਿਚ ਕਿਤਾਬਾਂ ਨਹੀਂ ਪਹੁੰਚ ਸਕੀਆਂ। ਅੱਜ ਦੀ ਟ੍ਰਿਬਿਊਨ ਵਿਚ ਆਇਆ ਹੈ :

"While the Punjab School Education Board has yet to prescribe the textbook on civics for the 11th class students in the State, an enterprising publisher has come out with a help book.

Enquiries revealed that the textbook on civics for the third class had also not been made available to book sellers and that several other school books were in short supply.

ਕਿਤਾਬਾਂ ਪ੍ਰਾਈਵੇਟ ਵਾਲੇ ਖਲਾਸੇ ਬਣਾ ਕੇ ਵੇਚ ਰਹੇ ਹਨ ਜਦ ਕਿ ਟੈਕਸਟ-ਬੁੱਕਾਂ ਅਵੇਲੇਬਲ ਨਹੀਂ ਹਨ। ਅਖ਼ਬਾਰ ਦੇ ਵਿਚ ਆਇਆ ਹੈ ਕਿ 11ਵੀਂ ਕਲਾਸ ਦੀ ਕਿਤਾਬ ਸਿਵਿਕਸ ਮਾਰਕਿਟ ਦੇ ਵਿਚ ਅਵੇਲੇਬਲ ਹੈ, ਪਰ ਸਕੂਲਾਂ ਦੇ ਵਿਚ ਅਵੇਲੇਬਲ ਨਹੀਂ ਹੈ। ਕੀ ਇਸ ਦਾ ਪ੍ਰਬੰਧ ਜਲਦੀ ਕਰਨਗੇ ?

**ਮੰਤਰੀ :** ਸਪੀਕਰ ਸਾਹਿਬ, ਇਹ ਅਖ਼ਬਾਰ ਦੀ ਖ਼ਬਰ ਮੈਂ ਵੀ ਪੜ੍ਹੀ ਹੈ। ਇਹ ਖ਼ਬਰ ਮੈਨੂੰ ਸਮਝ ਨਹੀਂ ਆ ਰਹੀ ਹੈ ਕਿ ਕਿਸ ਤਰ੍ਹਾਂ ਅਖ਼ਬਾਰ ਵਾਲੇ ਨੇ ਦੇ ਦਿਤੀ ਹੈ। ਅਸੀਂ 1979 ਤਕ ਸਾਰੀਆਂ ਕਿਤਾਬਾਂ ਕੰਪਲੀਟ ਕਰ ਰਹੇ ਹਾਂ। ਅਸੀਂ ਕਿਤਾਬਾਂ ਦੇ ਵਿਚ ਸੋਧ ਕਰ ਰਹੇ ਹਾਂ ਅਤੇ ਕਿਤਾਬਾਂ ਨੂੰ ਰੀਰਾਈਟ ਕਰ ਰਹੇ ਹਾਂ। ਕਿਤਾਬਾਂ ਨੂੰ ਬਹੁਤੀ ਮਾਤਰਾ ਦੇ ਵਿੱਚ ਛਾਪਿਆ ਨਹੀਂ ਜਾ ਸਕਦਾ ਕਿਉਂਕਿ ਬੋਰਡ ਦਾ ਪੈਸਾ ਕਾਫੀ ਖਰਚ ਹੋ ਜਾਵੇਗਾ, ਫਿਰ ਉਸ ਪੈਸੇ ਨੂੰ ਰਾਈਟ ਆਫ਼ ਕਰਨਾ ਪਵੇਗਾ। ਬਾਕੀ ਜਿਹੜਾ ਪਾਂਧੀ ਸਾਹਿਬ ਨੇ ਸਿਵਿਕਸ ਕਿਤਾਬ ਦੀ ਗੱਲ ਕੀਤੀ ਹੈ, ਇਸ ਦੇ 14-15 ਹਜ਼ਾਰ ਦੇ ਕਰੀਬ ਵਿਦਿਆਰਥੀ ਪੜ੍ਹਨ ਵਾਲੇ ਹੋਣਗੇ ਜਿਸ ਕਰਕੇ ਕਿਤਾਬਾਂ ਬਹੁਤੀਆਂ ਨਹੀਂ ਛਪੀਆਂ ਜਾ ਸਕਦੀਆਂ ਅਤੇ ਇਹ ਕਿਤਾਬਾਂ ਵਿਦਿਆਰਥੀਆਂ ਨੂੰ ਸਕੂਲਾਂ ਦੇ ਵਿਚ ਇਸ ਸੋਮਵਾਰ ਤਕ ਅਵੇਲੇਬਲ ਹੋ ਜਾਣਗੀਆਂ। ਜ਼ਿਆਦਾ ਕਿਤਾਬਾਂ ਛਪਵਾਉਣ ਦੇ ਨਾਲ ਫਾਲਤੂ ਪੈਸਾ ਬੋਰਡ ਨੂੰ ਖਾਹ ਮਖਾਹ ਪਵੇਗਾ। 1979 ਤਕ ਸਾਰੀਆਂ ਕਿਤਾਬਾਂ ਨੈਸ਼ਨੇਲਾਈਜ਼ ਕਰ ਦਿੱਤੀਆਂ ਜਾਣਗੀਆਂ। ਇਨ੍ਹਾਂ ਕਿਤਾਬਾਂ ਨੂੰ ਬੋਰਡ ਹੀ ਛਾਪੇਗਾ, ਬੋਰਡ ਹੀ ਲਿਖੇਗਾ।

**ਸ਼੍ਰੀ ਓਮ ਪ੍ਰਕਾਸ਼ ਭਾਰਦਵਾਜ :** ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਹੁਣੇ ਫਰਮਾਇਆ ਹੈ ਕਿ 11ਵੀਂ ਕਲਾਸ ਦੀ ਕਿਤਾਬ ਹਾਲੇ ਤਕ ਅਵੇਲੇਬਲ ਨਹੀਂ ਹੋਈ ਸੀ, ਹੁਣ ਉਹ ਇਸ ਸੋਮਵਾਰ ਤੱਕ ਅਵੇਲੇਬਲ ਹੋ ਜਾਵੇਗੀ। ਕੀ ਮਨਿਸਟਰ ਸਾਹਿਬ ਇਥੇ ਇਸ ਗੱਲ ਦਾ ਯਕੀਨ ਦਿਵਾਉਣ ਲਈ ਤਿਆਰ ਹਨ ਕਿ ਅਗਲੇ ਸਾਲ ਵਿਦਿਆਰਥੀਆਂ ਨੂੰ ਟਾਈਮ ਸਿਰ ਕਿਤਾਬਾਂ ਅਵੇਲੇਬਲ ਹੋ ਜਾਣਗੀਆਂ ? ਦੂਸਰੀ ਗੱਲ ਇਹ ਹੈ ਕਿ ਟੈਕਸਟ ਬੁੱਕ ਬੋਰਡ ਜਿਹੜਾ ਹੈ ਉਸ ਨੂੰ ਕਾਗਜ਼ ਜਿਹੜਾ ਕਿਤਾਬਾਂ ਛੱਪਵਾਉਣ ਦੇ ਲਈ ਮਿਲਦਾ ਹੈ ਉਸ ਦੀ ਬੜੀ ਮਿਸਯੂਟੇਲਾਈਜੇਸ਼ਨ ਹੁੰਦੀ ਹੈ। ਕੀ ਮਨਿਸਟਰ ਸਾਹਿਬ, ਇਸ ਮਿਸਯੂਟੇਲਾਈਜ਼ੇਸ਼ਨ ਆਫ਼ ਪੇਪਰ ਨੂੰ ਖ਼ਤਮ ਕਰਨ ਲਈ ਕੋਈ ਉਪਰਾਲਾ ਕਰਨਗੇ ?

**ਮੰਤਰੀ:** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਟੈਕਸਟ ਬੁਕਸ ਬੋਰਡ ਹੈ ਇਹ ਯੂਨੀਵਰਸਿਟੀ ਟੈਕਸਟ ਬੁਕਸ ਬੋਰਡ ਹੈ ਨਾ ਕਿ ਸਕੂਲ ਟੈਕਸਟ

Original with;
Punjab Vidhan Sabha
Digitized by;
Panjab Digital Library

ਬੁੱਕਸ ਬੋਰਡ । ਬਾਕੀ ਅਗਲੇ ਸਾਲ ਤੋਂ ਕਿਤਾਬਾਂ ਦਾ ਸਾਰਾ ਪ੍ਰਬੰਧ ਕਰਾਂਗੇ । ਸਪੀਕਰ ਸਾਹਿਬ, ਸਦਨ ਵਿਚ ਇਹ ਗਲ ਦੱਸਣੀ ਬੜੀ ਜ਼ਰੂਰੀ ਹੈ ਕਿ ਪਿਛਲੇ 8 ਸਾਲਾਂ ਦੇ ਵਿਚ 9 ਚੇਅਰਮੈਨ ਬਦਲ ਚੁੱਕੇ ਹਨ ਜਿਸ ਦੇ ਕਾਰਨ ਖ਼ਰਾਬੀਆਂ ਪੈਦਾ ਹੋਈਆਂ ਹਨ ਅਤੇ ਇਨ੍ਹਾਂ ਚੇਅਰਮੈਨਾਂ ਦੇ ਹੇਠਾਂ ਕਰੀਬ 34-35 ਲੱਖ ਵਿਦਿਆਰਥੀਆਂ ਦਾ ਕੰਮ ਨਿਕਲਦਾ ਹੈ । ਬਾਕੀ ਇਨ੍ਹਾਂ ਨੇ ਟੈਕਸਟ ਬੁੱਕਸ ਬੋਰਡ ਵਿਚ ਕਾਗਜ਼ ਦੀ ਮਿਸਯੂਟੇਲਾਈਜੇਸ਼ਨ ਦੀ ਗੱਲ ਕੀਤੀ ਹੈ ਉਹ ਇਹ ਮੇਰੇ ਨੋਟਿਸ ਵਿਚ ਲਿਆ ਦੇਣ, ਐਕਸ਼ਨ ਲਵਾਂਗੇ। ਬਾਕੀ ਗੌਰਮਿੰਟ ਆਫ ਇੰਡੀਆ ਦੀਆਂ ਇੰਸਟ੍ਰਕਸ਼ਨਾਂ ਦੇ ਮੁਤਾਬਿਕ ਇਕ ਕਮੇਟੀ ਇਸ ਸਬੰਧ ਵਿਚ ਬਣੀ ਹੋਈ ਹੈ।

**ਸ੍ਰੀ ਮਦਨ ਮੋਹਨ ਮਿੱਤਲ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਫਰਮਾਇਆ ਸੀ ਕਿ ਪਿਛਲੇ ਸਾਲ ਦੋ ਕੇਸਿਜ਼ ਡੀਟੈਕਟ ਕੀਤੇ ਸਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦ ਕੋਈ ਅਫ਼ਸਰ ਕਿਸੇ ਸਕੂਲ ਦਾ ਰੇਡ ਕਰਨ ਜਾਂਦਾ ਹੈ ਤਾਂ ਉਸ ਦੀ ਇਨਫਰਮੇਸ਼ਨ ਪਹਿਲੇ ਹੀ ਉਸ ਸਕੂਲ ਦੇ ਵਿਚ ਪਹੁੰਚ ਜਾਂਦੀ ਹੈ ਫਿਰ ਉਸ ਚੈਕਿੰਗ ਦਾ ਮਕਸਦ ਖ਼ਤਮ ਹੋ ਜਾਂਦਾ ਹੈ । ਇਸ ਦੀ ਬਜਾਏ ਸਰਪ੍ਰਾਈਜ਼ ਰੇਡ ਹੋਣੇ ਚਾਹੀਦੇ ਹਨ ਜਿਸ ਦੇ ਲਈ ਸਪੈਸ਼ਲ ਸਟਾਫ਼ ਹੋਣਾ ਚਾਹੀਦਾ ਹੈ, ਜਿਹੜਾ ਸਕੂਲਾਂ ਦੇ ਵਿਚ ਸਰਪ੍ਰਾਈਜ਼ ਰੇਡ ਕਰੇ।

**ਮੰਤਰੀ** : ਸਪੀਕਰ ਸਾਹਿਬ, ਸਰਪ੍ਰਾਈਜ਼ ਚੈਕਿੰਗ ਕਰਨ ਲਈ 7-8 ਪਾਰਟੀਆਂ ਹਨ ਜੋ ਸਕੂਲਾਂ ਦੇ ਵਿਚ ਚੈਕਿੰਗ ਵਗੈਰਾ ਕਰਦੀਆਂ ਹਨ। ਇਹ ਪਾਰਟੀਆਂ ਸਰਪ੍ਰਾਈਜ਼ ਚੈਕਿੰਗ ਕਰਨ ਦੇ ਸਮੇਂ ਸਕੂਲ ਦੇ ਵਿਚ ਇਹ ਵੀ ਵੇਖਦੀਆਂ ਹਨ ਕਿ ਸਕੂਲ ਦੇ ਵਿਚ ਕਿੰਨੇ ਟੀਚਰਜ਼ ਗੈਰ-ਹਾਜ਼ਰ ਹਨ, ਸਕੂਲ ਦਾ ਐਜੂਕੇਸ਼ਨ ਦਾ ਸਟੈਂਡਰਡ ਕਿੰਨਾ ਹੈ ਅਤੇ ਉਸ ਤੋਂ ਬਾਅਦ ਉਹ ਪਿੰਡ ਦੇ ਸਰਪੰਚ ਅਤੇ ਪੰਚ ਕੋਲੋਂ ਵੀ ਪੁੱਛ ਕੇ ਰਿਪੋਰਟ ਦੇਣਗੇ। ਇਸ ਤੋਂ ਇਲਾਵਾ ਹੋਰ ਸਰਪ੍ਰਾਈਜ਼ ਰੇਡ ਬਹੁਤ ਜਲਦੀ ਸ਼ੁਰੂ ਹੋ ਜਾਣਗੇ।

**ਸਰਦਾਰ ਸਰੂਪ ਸਿੰਘ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਹਰੀਜਨ ਵਿਦਿਆਰਥੀ ਸ਼ਿਕਾਇਤ ਕਰਦੇ ਹਨ ਕਿ ਸਾਨੂੰ ਪਿਛਲੇ ਸਾਲ ਦੇ ਸਿਲੇਬਸ ਦੀਆਂ ਕਿਤਾਬਾਂ ਮਿਲਦੀਆਂ ਹਨ ਇਸ ਸਾਲ ਦੇ ਸਿਲੇਬਸ ਦੀਆਂ ਕਿਤਾਬਾਂ ਨਹੀਂ ਮਿਲਦੀਆਂ। ਇਸ ਦਾ ਕੀ ਕਾਰਨ ਹੈ ?

**ਮੰਤਰੀ** : ਸਪੀਕਰ ਸਾਹਿਬ, ਇਹ ਗਲ ਮੇਰੇ ਨੋਟਿਸ ਵਿਚ ਇਨ੍ਹਾਂ ਨੇ ਹਾਲੇ ਤਕ ਨਹੀਂ ਲਿਆਂਦੀ। ਇਹ ਮੈਨੂੰ ਲਿਖ ਕੇ ਦੇ ਦੇਣ, ਮੈਂ ਚੈਕ ਕਰ ਲਵਾਂਗਾ।

**ਗਿਆਨੀ ਅਰਜਣ ਸਿੰਘ ਲਿੱਟ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਹੁਣੇ ਇਥੇ ਫਰਮਾਇਆ ਸੀ ਕਿ ਐਜੂਕੇਸ਼ਨ ਬੋਰਡ ਦੇ ਚੇਅਰਮੈਨ 8 ਸਾਲਾਂ ਦੇ ਵਿਚ 9 ਬਦਲ ਗਏ ਸਨ। ਕੀ ਮਨਿਸਟਰ ਸਾਹਿਬ ਇਸ ਗੱਲ ਦਾ ਯਕੀਨ ਦਿਵਾਉਣ ਲਈ ਤਿਆਰ ਹਨ ਕਿ ਹੁਣ ਦੇ ਚੇਅਰਮੈਨ ਨੂੰ ਆਪਣੀ ਪੂਰੀ ਟਰਮ ਦਿੱਤੀ ਜਾਵੇਗੀ ?

**ਮੰਤਰੀ** : ਸਪੀਕਰ ਸਾਹਿਬ, ਅਸੀਂ ਕੋਸ਼ਿਸ਼ ਕਰਾਂਗੇ ਕਿ ਐਜੂਕੇਸ਼ਨ ਬੋਰਡ ਦਾ ਕੰਮ ਠੀਕ ਕੀਤਾ ਜਾ ਸਕੇ। ਮੈਨੂੰ ਇਸ ਗੱਲ ਦਾ ਫਖਰ ਹੈ ਕਿ ਇਸ ਚੇਅਰਮੈਨ ਨੇ ਕੰਮ ਨੂੰ ਸਟਰੀਮਲਾਈਨ ਕਰਨ ਲਈ ਬੜੀ ਪ੍ਰੋਗਰੈਸ ਲਿਆਂਦੀ ਹੈ।

Original with;
Punjab Vidhan Sabha
Digitized by;
Panjab Digital Library

**ਸ੍ਰੀ ਰਮੇਸ਼ ਚੰਦਰ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਨਵੇਂ ਸੈਸ਼ਨ ਦੇ ਵਾਸਤੇ ਜਿਹੜੀਆਂ ਕਿਤਾਬਾਂ ਦੀ ਸਿਲੈਕਸ਼ਨ ਕੀਤੀ ਗਈ ਹੈ ਉਸ ਦਾ ਕੀ ਤਰੀਕਾਕਾਰ ਬਣਾਇਆ ਹੋਇਆ ਹੈ ਕਿਉਂਕਿ ਇਹ ਕਾਂਗਰਸ ਰਾਜ ਦੇ ਵਿਚ ਇਕ ਬੜਾ ਵੱਡਾ ਸਕੈਂਡਲ ਬਣਿਆ ਹੋਇਆ ਸੀ। ਦੂਜੀ ਗੱਲ ਇਹ ਹੈ ਕਿ ਨੈਸ਼ਨੇਲਾਈਜ਼ਡ ਕਿਤਾਬਾਂ ਦੇ ਵਿਚ ਗਲਤੀਆਂ ਬਹੁਤ ਜ਼ਿਆਦਾ ਹੁੰਦੀਆਂ ਹਨ। ਉਨ੍ਹਾਂ ਕਿਤਾਬਾਂ ਦੇ ਵਿਚ ਇਤਨੀਆਂ ਗਲਤੀਆਂ ਹੁੰਦੀਆਂ ਹਨ ਜੋ ਕਿ ਸਰਕਾਰ ਦੇ ਲਈ ਇਕ ਮਜ਼ਾਕ ਬਣ ਜਾਂਦੀਆਂ ਹਨ। ਇਨ੍ਹਾਂ ਗਲਤੀਆਂ ਨੂੰ ਦੂਰ ਕਰਨ ਲਈ ਕੀ ਸਰਕਾਰ ਸਟੈਪ ਉਠਾ ਰਹੀ ਹੈ ? ਤੀਜੀ ਗੱਲ ਇਹ ਹੈ ਕਿ....।

**ਸ੍ਰੀ ਸਪੀਕਰ** : ਰਮੇਸ਼ ਜੀ, ਸਵਾਲ ਇਕ ਹੀ ਹੋ ਸਕਦਾ ਹੈ।

**ਸ੍ਰੀ ਰਮੇਸ਼ ਚੰਦਰ** : ਸਪੀਕਰ ਸਾਹਿਬ, ਮੇਰੇ ਸਵਾਲ ਦਾ ਇਹ ਤੀਸਰਾ ਪਾਰਟ ਹੈ। ਸਵਾਲ ਤਾਂ ਇਕੋ ਹੀ ਹੈ। ਅੱਜ ਤਕ ਨੈਸ਼ਨੇਲਾਈਜ਼ਡ ਕਿਤਾਬਾਂ ਸਾਰੀਆਂ ਦਿੱਲੀ ਦੀਆਂ ਪ੍ਰੈਸਾਂ ਤੋਂ ਛੱਪਦੀਆਂ ਰਹੀਆਂ ਹਨ ਜਦ ਕਿ ਪੰਜਾਬ ਦੀ ਪ੍ਰੈਸ ਵਾਲੇ ਭੁੱਖੇ ਮਰਦੇ ਰਹੇ ਹਨ। ਦਿੱਲੀ ਤੋਂ ਕਾਂਗਰਸ ਸਰਕਾਰ ਛੱਪਵਾਉਂਦੀ ਸੀ ਔਰ ਉਹ ਉਸ ਦੇ ਵਿਚੋਂ ਵੱਡਾ ਹਿੱਸਾ ਆਪ ਲੈਂਦੇ ਸਨ। ਕੀ ਮਨਿਸਟਰ ਸਾਹਿਬ ਅਗੇ ਤੋਂ ਕਿਤਾਬਾਂ ਪੰਜਾਬ ਦੇ ਵਿਚ ਹੀ ਛਪਵਾਉਣਗੇ ਅਤੇ ਫਾਲਤੂ ਕੰਮ ਹੀ ਦਿਲੀ ਤੋਂ ਛਪਵਾਉਣਗੇ ?

**ਮੰਤਰੀ** : ਸਪੀਕਰ ਸਾਹਿਬ, ਕਿਸੇ ਕਿਤਾਬ ਨੂੰ ਲਿਖਣ ਲਈ ਸਾਡੇ ਕੋਲ ਹਰ ਇਕ ਸਬਜੈਕਟ ਦੇ ਐਕਸਪਰਟ ਹੁੰਦੇ ਹਨ। ਇਨ੍ਹਾਂ ਦੇ ਵਿਚ ਬਹੁਤ ਸਾਰੇ ਸਕੂਲਾਂ ਦੇ ਵਿਚੋਂ ਅਤੇ ਬਹੁਤ ਸਾਰੇ ਨਾਨ-ਟੀਚਰਜ਼ ਹੁੰਦੇ ਹਨ। ਇਹ ਐਕਸਪਰਟ ਵਿਦਿਆਰਥੀਆਂ ਦੇ ਨਾਲ ਅਤੇ ਟੀਚਰਜ਼ ਦੇ ਨਾਲ ਡਿਸਕਸ਼ਨ ਕਰਕੇ ਫਿਰ ਕਿਤਾਬਾਂ ਲਿਖਦੇ ਹਨ। ਜਿਹੜੀਆਂ ਕਿਤਾਬਾਂ ਬੋਰਡ ਵਲੋਂ ਲਿਖੀਆਂ ਜਾਣਗੀਆਂ ਉਸ ਦੀ ਜ਼ਿੰਮੇਵਾਰੀ ਬੋਰਡ ਦੀ ਹੋਵੇਗੀ। ਜਿਹੜਾ ਮੈਟਰ ਇਤਰਾਜ਼ਯੋਗ ਹੋਵੇਗਾ ਉਸ ਨੂੰ ਐਗਜ਼ਾਮਿਨ ਕਰ ਲਿਆ ਜਾਵੇਗਾ। ਦੂਸਰੀ ਗਲ ਇਹ ਕਿ ਨੈਸ਼ਨੇਲਾਈਜ਼ਡ ਬੁਕਸ ਵਿਚ ਬਹੁਤ ਗਲਤੀਆਂ ਹੁੰਦੀਆਂ ਹਨ। ਅਸੀਂ ਕੋਸ਼ਿਸ਼ ਕਰਾਂਗੇ ਕਿ ਅਗਲੇ ਸਾਲ ਤੋਂ ਇਸ ਦੇ ਵਿਚ ਕੋਈ ਗਲਤੀ ਨਾ ਰਹੇ। ਪੰਜਾਬ ਦੀ ਪ੍ਰੈਸ ਤੋਂ ਬਾਹਰ ਕਿਤਾਬਾਂ ਛਪਵਾਉਣ ਦੀ ਗੱਲ ਆਈ ਹੈ। ਇਸ ਮਾਮਲੇ ਦੀ ਕੁੱਝ ਮੈਨੂੰ ਵੀ ਜਾਣਕਾਰੀ ਹੈ ਕਿ ਆਮ ਤੌਰ ਤੇ ਟੈਂਡਰ ਲੈ ਕੇ ਕਿਤਾਬਾਂ ਛਪਵਾਈਆਂ ਜਾਂਦੀਆਂ। ਹਨ ਜਿਨ੍ਹਾਂ ਦੇ ਰੇਟ ਘੱਟ ਹੁੰਦੇ ਹਨ, ਉਥੋਂ ਛਪਵਾਈਆਂ ਜਾਂਦੀਆਂ ਹਨ। ਅਫਸਰ ਲਈ ਬੜਾ ਮੁਸ਼ਕਿਲ ਹੁੰਦਾ ਹੈ ਕਿ ਉਹ ਜ਼ਿਆਦਾ ਰੇਟ ਵਾਲੇ ਨੂੰ ਛੱਪਵਾਈ ਦਾ ਕੰਮ ਦੇ ਦੇਵੇ। ਜੇਕਰ ਪੰਜਾਬ ਦੇ ਵਿਚ ਪ੍ਰੈਸ ਦੇ ਰੇਟ ਘੱਟ ਹੋਣਗੇ, ਫਿਰ ਪੰਜਾਬ ਵਿਚ ਛਪਵਾਈ ਦਾ ਕੰਮ ਦਿੱਤਾ ਜਾਵੇਗਾ।

**ਸਰਦਾਰ ਮਨਮੋਹਨ ਸਿੰਘ ਬਰਾੜ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰੀ ਸਕੂਲਾਂ ਉਤੇ ਤਾਂ ਸਰਕਾਰ ਛਾਪੇ ਮਾਰਦੀ ਹੈ, ਜਿਹੜੇ ਪ੍ਰਾਈਵੇਟ ਸਕੂਲ ਰਿਕੁਗਨਾਈਜ਼ਡ ਹਨ, ਕੀ ਉਨ੍ਹਾਂ ਸਕੂਲਾਂ ਉਤੇ ਵੀ ਛਾਪੇ ਮਾਰੇ ਜਾਂਦੇ ਹਨ ?

**ਮੰਤਰੀ** : ਸਪੀਕਰ ਸਾਹਿਬ, ਇਹ ਸਾਰੇ ਸਕੂਲਾਂ ਤੇ ਲਾਗੂ ਹੈ।

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਪ੍ਰਾਈਵੇਟ ਤੌਰ ਤੇ ਕਿਤਾਬਾਂ ਛਪਦੀਆਂ ਹਨ ਉਹ ਸਸਤੀਆਂ

Original with;
Punjab Vidhan Sabha
Digitized by;
Panjab Digital Library

ਵਿਕਦੀਆਂ ਹਨ ਪਰ ਜਿਹੜੀਆਂ ਗੌਰਮਿੰਟ ਪਬਲਿਸ਼ ਕਰਦੀ ਹੈ ਉਹ ਮਹਿੰਗੀਆਂ ਹੁੰਦੀਆਂ ਹਨ। ਗਰੀਬਾਂ ਦੇ ਬੱਚੇ ਆਮ ਤੌਰ ਤੇ ਸਰਕਾਰੀ ਸਕੂਲਾਂ ਵਿਚ ਹੀ ਪੜ੍ਹਦੇ ਹਨ। ਕੀ ਮੰਤਰੀ ਜੀ ਉਨ੍ਹਾਂ ਕਿਤਾਬਾਂ ਦੀ ਕੀਮਤ ਘੱਟ ਕਰਵਾਉਣ ਦੀ ਕੋਸ਼ਿਸ਼ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਗਰੀਬਾਂ ਅਤੇ ਸ਼ਡਿਊਲਡ ਕਾਸਟਸ ਦੇ ਬੱਚਿਆਂ ਨੂੰ ਤਾਂ ਕਿਤਾਬਾਂ ਮੁਫਤ ਦੇ ਰਹੇ ਹਾਂ। ਬਾਕੀ ਬੱਚਿਆਂ ਲਈ ਕਈ ਕਿਤਾਬਾਂ ਦਾ 25% ਜਾਂ 30% ਰੇਟ ਘਟਾਇਆ ਹੈ ਔਰ ਇਸ ਸਾਲ ਹੋਰ ਦੇਖ ਲਵਾਂਗੇ।

**श्री अ. विश्वनाथन** : स्पीकर साहिब, क्या मिनिस्टर साहिब इस बात की Assurance देंगे कि जब स्कूलों का Academic Session शुरू होता है तो पहले बुक्कस अवेलेबल होनी चाहिये मगर होता यह है कि किताबें 6, 8 महीने के बाद मिलती हैं; दूसरी बात यह है कि जो कापियां छपती हैं उनके बारे में कुछ Printers अथवा Publishers की तरफ से कम्पलेन्टस आई हैं कि उन का क्या बना? तीसरी बात यह कि क्या आपने टीचर्ज की कोई कमेटी बनाई है जो टैक्सट बुक्स को सकरुटेनाईज़ करे ?

**ਸ੍ਰੀ ਸਪੀਕਰ** : ਵਿਸ਼ਵਨਾਥਨ ਜੀ, ਇੱਕ ਇੱਕ ਕਰਕੇ ਸਵਾਲ ਪੁੱਛੋ ਔਰ ਇਤਨੇ ਸਵਾਲ ਤਾਂ ਮੈਨੂੰ ਵੀ ਯਾਦ ਨਹੀਂ ਰਹਿੰਦੇ। ਮੈਂ ਤੁਹਾਨੂੰ ਟਾਈਮ ਹੋਰ ਦੇ ਦੇਵਾਂਗਾ।

**ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਦਾ ਪਹਿਲਾ ਸਵਾਲ ਸੀ ਕਿ ਕਿਤਾਬਾਂ ਵਕਤ ਸਿਰ ਮਿਲਣੀਆਂ ਚਾਹੀਦੀਆਂ ਹਨ। ਇਹ ਕੁਐਸਚਨ ਬੜਾ ਵਾਜਬ ਹੈ। ਅਗਲੇ ਸਾਲ ਸਕੂਲ ਖੁਲ੍ਹਣ ਤੋਂ ਪਹਿਲਾਂ, ਅਕੈਡਮਿਕ ਸੈਸ਼ਨ ਤੋਂ ਪਹਿਲਾਂ ਪਹਿਲਾਂ ਕਿਤਾਬਾਂ ਮਿਲਣਗੀਆਂ ਔਰ ਇਸ ਬਾਰੇ ਐਜੂਕੇਸ਼ਨ ਬੋਰਡ ਪੂਰੀ ਜ਼ਿੰਮੇਵਾਰੀ ਲੈਂਦਾ ਹੈ ਅਤੇ ਮੈਂ ਵੀ ਲੈਂਦਾ ਹਾਂ। ਦੂਜਾ ਕਾਪੀਆਂ ਬਾਰੇ ਕੋਈ ਗੱਲ ਕਹੀ ਗਈ ਹੈ। ਮੈਂਬਰ ਸਾਹਿਬਾਨ ਮੇਰੇ ਨੋਟਿਸ ਵਿਚ ਲਿਆ ਦੇਣ, ਇਨਕੁਆਇਰੀ ਕਰਾ ਲਵਾਂਗਾ। ਸਪੀਕਰ ਸਾਹਿਬ, ਕਿਤਾਬਾਂ ਪਰੀਪੇਅਰ ਕਰਨ ਵਾਸਤੇ ਐਕਸਪਰਟ ਹਨ। ਉਹ ਸਾਰੀਆਂ ਚੀਜ਼ਾਂ ਵੇਖ ਲੈਂਦੇ ਹਨ। ਮੈਂ ਵੀ ਉਨ੍ਹਾਂ ਦੇ ਨਾਲ ਕਈ ਵਾਰ ਗੱਲ ਕੀਤੀ ਹੈ ਕਿ the board will be responsible for the publication of nationalised books.

**ਡਾਕਟਰ ਸਾਧੂ ਰਾਮ** : ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਪਹਿਲਾ ਚੇਅਰਮੈਨ ਰਿਸ਼ਵਤ ਦੇ ਕੇਸ ਵਿਚ ਫੜਿਆ ਗਿਆ ਸੀ। ਕੀ ਮਨਿਸਟਰ ਸਾਹਿਬ ਦੱਸਣਗੇ ਕਿ ਉਸ ਕੇਸ ਦਾ ਕੀ ਬਣਿਆ ? ਦੂਜਾ ਜਿਹੜੇ ਪੰਚਾਇਤਾਂ ਅਤੇ ਸਰਪੰਚਾਂ ਵਲੋਂ ਕੋਈ ਸਕੂਲਾਂ ਦੇ ਬਾਰੇ ਰੇਜ਼ੋਲਿਊਸ਼ਨ ਆਉਂਦੇ ਹਨ ਕਿ ਫਲਾਣੇ ਟੀਚਰ ਨੂੰ ਬਦਲਣਾ ਚਾਹੀਦਾ ਹੈ, ਕੀ ਉਨ੍ਹਾਂ ਟੀਚਰਾਂ ਨੂੰ ਬਦਲਿਆ ਜਾਵੇਗਾ ?

**ਮੰਤਰੀ** : ਸਪੀਕਰ ਸਾਹਿਬ, ਪਹਿਲਾ ਕੇਸ ਸਬਜੁਡਿਸ ਹੈ। ਡਿਪਟੀ ਸਪੀਕਰ ਸਾਹਿਬ, ਪੰਚਾਇਤਾਂ ਵਲੋਂ ਜਿਹੜੇ ਰੇਜ਼ੋਲਿਊਸ਼ਨ ਆਉਂਦੇ ਹਨ ਕਿ ਫਲਾਣੇ ਟੀਚਰ ਨੂੰ ਬਦਲ ਦਿਉ ਉਸ ਵਿਚ ਜਿਹੜਾ ਜੈਨੂਅਨ ਕੇਸ ਹੁੰਦਾ ਹੈ ਉਸ ਤੇ ਐਕਸ਼ਨ ਲੈਂਦੇ ਹਾਂ। ਸਪੀਕਰ ਸਾਹਿਬ, ਤੁਹਾਨੂੰ ਵੀ ਪਤਾ ਹੈ ਕਿ ਅੱਧਾ ਪਿੰਡ ਇੱਕ ਪਾਸੇ ਅਤੇ ਅੱਧਾ ਪਿੰਡ ਦੂਜੇ ਪਾਸੇ ਹੁੰਦਾ ਹੈ। ਪੰਚਾਇਤਾਂ ਕਈ ਵਾਰ ਦੋ, ਦੋ ਵਾਰੀ ਰੇਜ਼ੋਲਿਊਸ਼ਨ ਪਾਸ ਕਰ ਦਿੰਦੀਆਂ ਹਨ। ਐਮ. ਐਲ. ਏ. ਸਾਹਿਬਾਨ ਵੀ ਇਸੇ ਤਰ੍ਹਾਂ ਕਰ ਲੈਂਦੇ ਹਨ ਅਤੇ ਮੈਂ ਵੀ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

**ਸ੍ਰੀ ਹਰਬੰਸ ਲਾਲ ਖੰਨਾ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਕੋਈ ਸ਼ਿਕਾਇਤ ਕਿਸੇ ਕਿਸਮ ਦੀ ਹੋਵੇ, ਮੈਂ ਉਸ ਦੀ ਇਨਕੁਆਇਰੀ ਕਰਵਾਵਾਂਗਾ। ਮੈਂ ਮਨਿਸਟਰ ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਕਈ ਪਿੰਡਾਂ ਵਿਚ ਮਾਸਟਰਾਂ ਦੇ ਖਿਲਾਫ ਇਹੋ ਜਿਹੀਆਂ ਸ਼ਿਕਾਇਤਾਂ ਹਨ ਜਿਨ੍ਹਾਂ ਵਿਚ ਯੂਨੈਨੀਮਿਟੀ ਹੈ। ਕੀ ਉਨ੍ਹਾਂ ਮਾਸਟਰਾਂ ਨੂੰ ਬਦਲ ਦਿੱਤਾ ਜਾਵੇਗਾ ? ਉਨ੍ਹਾਂ ਮਾਸਟਰਾਂ ਦਾ ਅਸਰ ਬੱਚਿਆਂ ਤੇ ਵੀ ਪੈਂਦਾ ਹੈ।

**ਮੰਤਰੀ**: ਸਪੀਕਰ ਸਾਹਿਬ, ਜਿਥੇ ਕੋਈ ਐਸੀ ਗੱਲ ਹੋਵੇ ਉਥੇ ਅਸੀਂ ਐਕਸ਼ਨ ਲਿਆ ਹੈ। ਜੇਕਰ ਯੂਨੈਨੀਮਿਟੀ ਹੋਵੇ ਤਾਂ ਐਕਸ਼ਨ ਲੈਂਦੇ ਹਾਂ ਔਰ ਜੇਕਰ ਐਮ. ਐਲ. ਏ. ਸਾਹਿਬਾਨ ਵੀ ਲਿਖ ਕੇ ਦੇਣ ਤਾਂ ਵੀ ਐਕਸ਼ਨ ਲੈਂਦੇ ਹਾਂ।

**ਸਰਦਾਰ ਗੁਰਦਿਆਲ ਸਿੰਘ**: ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ ਸੁਨਾਮ ਅਤੇ ਸੰਗਰੂਰ ਵਿਚ ਬੋਰਡ ਨੇ ਛਾਪੇ ਮਾਰੇ ਸੀ। ਸਸਤੀਆਂ ਕਾਪੀਆਂ ਜਿਹੜੀਆਂ ਸਪਲਾਈ ਕਰਦੇ ਹਨ, ਉਸ ਵਿਚ ਜੇ 20 ਵਰਕਿਆਂ ਦੀ ਕਾਪੀ ਹੋਵੇ ਤਾਂ 15 ਵਰਕੇ ਹੁੰਦੇ ਹਨ, ਪਰ ਟਾਈਟਲ ਦੇ ਉਪਰ 20 ਲਿਖਿਆ ਹੁੰਦਾ ਹੈ। ਕੀ ਇਸ ਬਾਰੇ ਮੰਤਰੀ ਜੀ ਇਨਕੁਆਇਰੀ ਕਰਾਉਣਗੇ ?

**ਮੰਤਰੀ**। ਸਪੀਕਰ ਸਾਹਿਬ, ਇਸ ਬਾਰੇ ਮੈਂਬਰ ਸਾਹਿਬ ਸੈਪਰੇਟ ਨੋਟਿਸ ਦੇ ਦੇਣ।

---

## UNSTARRED QUESTIONS AND ANSWERS

### Bus Accident Near Khanna

**220. Comrade Satya Pal Dang :** Will the Minister of State for Transport, Tourism and Sports be pleased to state :—

(a) whether on 22nd January, 1978 or thereabout a bus of the Pepsu Road Transport Corporation was involved in an accident near Khanna resulting in the death of the driver and the conductor;

(b) whether it is a fact that an *ex-gratia* financial help of Rs. 2,000 to each of the families of the deceased was announced by him ;

(c) whether this help has actually been given, if not, the reasons for delay and when it is proposed to be given ?

**ਸਰਦਾਰ ਸੁਖਦੇਵ ਸਿੰਘ ਢੀਂਡਸਾ** : (ੳ) ਅਤੇ (ਅ) ਹਾਂ ਜੀ।

(ੲ) ਨਹੀਂ ਜੀ। ਮੌਤ ਦੇ ਸਰਟੀਫਿਕੇਟ ਦੀ ਅਣਹੋਂਦ ਕਾਰਨ ਮਰਨ ਵਾਲਿਆਂ ਦੇ ਕਾਨੂੰਨੀ ਵਾਰਸਾਂ ਨੂੰ ਪੈਸੇ ਦੀ ਅਦਾਇਗੀ ਨਹੀਂ ਕੀਤੀ ਗਈ। ਜਿਉਂ ਹੀ ਮਰਨ ਵਾਲਿਆਂ ਦੇ ਕਾਨੂੰਨੀ ਵਾਰਸਾਂ ਵਲੋਂ ਮੌਤ ਸਰਟੀਫਿਕੇਟ ਪੇਸ਼ ਕੀਤਾ ਜਾਵੇਗਾ ; ਰਕਮ ਦੀ ਅਦਾਇਗੀ ਕਰ ਦਿੱਤੀ ਜਾਵੇਗੀ।

---

Original with;
Punjab Vidhan Sabha
Digitized by;
Panjab Digital Library

**Payment of Salaries to the S.D.Os. of the Irrigation Department**

221. **Comrade Satya Pal Dang :** Will the Chief Minister be pleased to state whether it is a fact that a number of S.D.Os. of the Irrigation Department have not been paid their salaries for August/September, 1975 to June, 1976 : if so, the reasons therefor ; and the time by which the case regarding their salaries is likely to be decided ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਹਾਂ ਜੀ । ਅਗਸਤ/ਸਤੰਬਰ, 1975 ਤੋਂ ਜੂਨ, 1976 ਦੇ ਸਮੇਂ ਦੇ ਦੌਰਾਨ 11 ਉਪ ਮੰਡਲ ਅਫ਼ਸਰਾਂ ਨੂੰ ਵਖ ਵਖ ਸਮੇਂ ਦੀ ਤਨਖਾਹ ਉਨ੍ਹਾਂ ਦੇ ਜ਼ਬਰੀ ਇੰਤਜ਼ਾਰ ਤੇ ਰਹਿਣ ਦੇ ਕਾਰਨ ਨਹੀ ਦਿੱਤੀ ਗਈ । ਇਸ ਸਬੰਧੀ ਕੇਸ ਸਰਕਾਰ ਦੇ ਵਿਚਾਰ ਅਧੀਨ ਹੈ ਤੇ ਅੰਤਮ ਫੈਸਲਾ ਜਲਦੀ ਕਰ ਦਿੱਤੇ ਜਾਣ ਦੀ ਸੰਭਾਂਵਨਾ ਹੈ ।

**Unstarred Question No. 222**

(Extension has been asked for in respect of Unstarred Question No. 222)

ਵਿਸ਼ਾ : ਅਨਸਟਾਰਡ ਸੁਆਲ ਨੰ: 222 ਵਲੋਂ ਕਾਮਰੇਡ ਸੱਤ ਪਾਲ ਡਾਂਗ, ਐਮ. ਐਲ. ਏ. ਮਾਲ ਵਿਭਾਗ ਵਿਚ ਕੁਰੱਪਸ਼ਨ ਦੇ ਕੇਸ ਵਿੱਚ ਮੁਅੱਤਲ ਕੀਤੇ ਗਏ ਕਰਮਚਾਰੀਆਂ/ਅਫਸਰਾਂ ਦੀ ਗਿਣਤੀ ।

ਸਭਾ ਦੇ ਸੁਆਲ ਨੰ: 222 ਜੋ ਮਿਤੀ 15 ਸਤੰਬਰ, 1978 ਲਈ ਅਨਸਟਾਰਡ ਸੁਆਲਾਂ ਦੀ ਸੂਚੀ ਵਿੱਚ ਕਾਮਰੇਡ ਸੱਤ ਪਾਲ ਡਾਂਗ, ਐਮ. ਐਲ. ਏ. ਦੇ ਨਾਂ ਹੇਠ ਦਰਜ਼ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ ।

ਸਬੰਧਤ ਸੂਚਨਾ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿੱਤਾ ਜਾਵੇਗਾ।

(ਸਹੀ)

ਮਾਲ ਮੰਤਰੀ, ਪੰਜਾਬ।

ਸਕੱਤਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ।

ਨੰ : 8580-ਅ2-78/19487, ਮਿਤੀ ਚੰਡੀਗੜ੍ਹ 14 ਸਤੰਬਰ, 1978

---

**ਪਨਸਪ ਦੁਆਰਾ ਘਟੀਆ ਸਮੱਗਰੀ ਦੀ ਖਰੀਦ**

223. **ਕਾਮਰੇਡ ਸੱਤ ਪਾਲ ਡਾਂਗ :** ਕੀ ਖੁਰਾਕ ਤੇ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦਸਣਗੇ ਕਿ:—

(ੳ) ਪਨਸਪ ਪਾਸ ਦਾਲਾਂ ਅਤੇ ਚਾਹ ਦਾ ਕਿੰਨਾ ਸਟਾਕ ਜਮ੍ਹਾਂ ਪਿਆ ਹੈ ਜਿਹੜਾ ਘਟੀਆ ਹੋਣ ਕਰਕੇ ਵੇਚਿਆ ਨਹੀਂ ਜਾ ਸਕਦਾ ਅਤੇ ਉਹ ਕੁੱਲ ਕਿੰਨੀ ਕੀਮਤ ਦਾ ਹੈ ;

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਤ ਪਾਲ ਡਾਂਗ]

(ਅ) ਕੀ ਭਾਗ (ੳ) ਵਿਚ ਵਰਣਿਤ ਘਟੀਆ ਚੀਜ਼ਾਂ ਖਰੀਦਣ ਲਈ ਕਿਸੇ ਦੀ ਜ਼ਿੰਮੇਵਾਰੀ ਨਿਸ਼ਚਿਤ ਕੀਤੀ ਗਈ ; ਜੇਕਰ ਅਜਿਹਾ ਹੋਵੇ ਤਾਂ ਜ਼ਿੰਮੇਵਾਰ ਪਾਏ ਗਏ ਅਫਸਰਾਂ/ਕਰਮਚਾਰੀਆਂ ਵਿਰੁੱਧ ਕੀ ਕਾਰਵਾਈ ਕੀਤੀ ਗਈ ?

**ਸਰਦਾਰ ਹਰਭਜਨ ਸਿੰਘ** : (ੳ) ਨਿੱਲ।

(ਅ) ਸਵਾਲ ਹੀ ਨਹੀਂ ਉਠਦਾ।

---

## CALL ATTENTION NOTICES UNDER RULE 66

**ਸ੍ਰੀ ਸਪੀਕਰ** : ਕਾਲ ਅਟੈਨਸ਼ਨ ਨੋਟਿਸ ਨੰ: 95—ਸਰਦਾਰ ਦਰਸ਼ਨ ਸਿੰਘ ਕੇ. ਪੀ., ਚੌਧਰੀ ਕਾਂਸ਼ੀ ਰਾਮ, ਸਰਦਾਰ ਲਾਲ ਸਿੰਘ।

(ਸਬੰਧਤ ਮਾਨਯੋਗ ਮੈਂਬਰਾਂ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਕਾਲ ਅਟੈਨਸ਼ਨ ਨੋਟਿਸ ਪੇਸ਼ ਨਹੀਂ ਹੋਈ)

ਅਗਲੀ ਕਾਲ ਅਟੈਨਸ਼ਨ ਨੋਟਿਸ ਨੰ: 102--ਸ੍ਰੀ ਚਮਨ ਲਾਲ।

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਕਾਲ ਅਟੈਨਸ਼ਨ ਨੋਟਿਸ ਪੇਸ਼ ਨਹੀਂ ਹੋਈ)

(ਕ੍ਰਮ ਨੰ : 104)

1. **ਸਰਦਾਰ ਕਿਰਪਾਲ ਸਿੰਘ**
2. **ਸ੍ਰੀ ਹਰਬੰਸ ਲਾਲ ਖੰਨਾ**

: ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਝੋਨੇ ਦੀ ਫਸਲ ਜਲਦੀ ਮਾਰਕਿਟ ਵਿਚ ਆਉਣ ਵਾਲੀ ਹੈ । ਫਸਲ ਦਾ ਅੰਦਾਜ਼ਾ ਪਿਛਲੇ ਸਾਲ ਕੋਲੋਂ ਵੱਧ ਜਾਪਦਾ ਹੈ। ਜਦ ਕਿ ਪਿਛਲੇ ਸਾਲ ਝੋਨੇ ਦੀ ਪੈਦਾਵਾਰ ਰਿਕਾਰਡ-ਤੋੜ ਹੋਈ ਸੀ, ਇਸ ਦਫਾ ਖਰੀਦ ਸੈਂਟਰਾਂ ਦੀ ਜ਼ਰੂਰਤ ਪਿਛਲੇ ਸਾਲ ਕੋਲੋਂ ਡੇਢ ਗੁਣਾ ਹੋਣੀ ਚਾਹੀਦੀ ਹੈ । ਪਰ ਇਉਂ ਜਾਪਦਾ ਹੈ ਕਿ ਐਫ. ਸੀ. ਆਈ. ਖਰੀਦ ਸੈਂਟਰ ਨਹੀਂ ਵਧਾ ਰਹੀ। ਪੰਜਾਬ ਦੇ ਕਿਸਾਨਾਂ ਨੂੰ ਆਪਣੀ ਫਸਲ ਰੁਲਣ ਦਾ ਖ਼ਤਰਾ ਬਹੁਤ ਪ੍ਰੇਸ਼ਾਨ ਕਰ ਰਿਹਾ ਹੈ। ਖੂਨ ਪਸੀਨੇ ਦੀ ਮਿਹਨਤ ਤੋਂ ਪੈਦਾ ਹੋਈ ਫਸਲ ਦੀ ਬੇਕਦਰੀ ਪੰਜਾਬ ਦੇ ਕਿਸਾਨ ਨੂੰ ਪੰਜਾਬ ਦੀ ਆਰਥਕ ਅਵਸਥਾ ਨੂੰ ਬਹੁਤ ਨੁਕਸਾਨ ਪਹੁੰਚਾਏਗੀ । ਸਰਕਾਰ ਐਫ. ਸੀ. ਆਈ. ਦੇ ਪਰਚੇਜ਼ ਸੈਂਟਰ ਵਧਾਉਣ ਵਾਸਤੇ ਆਪਣੀਆਂ ਕੋਸ਼ਿਸ਼ਾਂ ਅਤੇ ਆਪਣੀ ਨੀਤੀ ਸਪਸ਼ਟ ਕਰੇ ।

**ਖੁਰਾਕ ਤੇ ਸਪਲਾਈਜ਼ ਮੰਤਰੀ** (ਸਰਦਾਰ ਹਰਭਜਨ ਸਿੰਘ): ਸਪੀਕਰ ਸਾਹਿਬ, ਇਹ ਠੀਕ ਹੈ ਕਿ ਪਿਛਲੇ ਸਾਲ ਦੇ ਮੁਕਾਬਲੇ ਵਿਚ ਇਸ ਸਾਲ ਮੰਡੀਆਂ ਵਿਚ ਝੋਨੇ ਦੀ ਵੱਧ ਆਮਦ ਹੋਣ ਦੀ ਸੰਭਾਵਨਾ ਹੈ। ਹੁਣ ਤੱਕ ਫੂਡ ਕਾਰਪੋਰੇਸ਼ਨ ਹੀ ਮੰਡੀਆਂ ਵਿਚ ਝੋਨੇ ਨੂੰ ਸਮੱਰਥਕ ਭਾਅ ਤੇ ਖਰੀਦਣ ਦਾ ਪ੍ਰਬੰਧ ਕਰਦੀ ਰਹੀ ਹੈ ਕਿਉਂਕਿ ਫੂਡ ਕਾਰਪੋਰੇਸ਼ਨ ਐਕਟ ਅਧੀਨ ਅਨਾਜ ਦੀਆਂ ਕੀਮਤਾਂ ਨੂੰ ਸਮੱਰਥਕ ਭਾਅ ਤੇ ਸਥਿਰ ਰੱਖਣ ਦੀ ਜ਼ਿੰਮੇਵਾਰੀ ਫੂਡ ਕਾਰਪੋਰੇਸ਼ਨ ਨੂੰ ਹੀ ਸੌਂਪੀ ਗਈ ਹੈ। ਪਰ ਫੂਡ

Original with;
Punjab Vidhan Sabha
Digitized by;
Panjab Digital Library

ਕਾਰਪੋਰੇਸ਼ਨ ਨੇ 400 ਤੋਂ ਵੱਧ ਖਰੀਦ ਕੇਂਦਰ ਖੋਲ੍ਹਣ ਤੋਂ ਨਾਂਹ ਕਰ ਦਿੱਤੀ ਹੈ ਜਦ ਕਿ ਰਾਜ ਸਰਕਾਰ ਦੇ ਵਿਚਾਰ ਅਨੁਸਾਰ ਖਰੀਦ ਕੇਂਦਰ 400 ਤੋਂ ਵੱਧ ਹੋਣੇ ਚਾਹੀਦੇ ਸਨ। ਫੂਡ ਕਾਰਪੋਰੇਸ਼ਨ ਦੇ ਰਵੱਈਏ ਨੂੰ ਮੁੱਖ ਰਖਦਿਆਂ ਹੋਇਆਂ ਅਤੇ ਇਸ ਗੱਲ ਦਾ ਖਿਆਲ ਕਰਦਿਆਂ ਹੋਇਆਂ ਕਿ ਕਿਸਾਨਾਂ ਨੂੰ ਆਪਣੀ ਜਿਨਸ ਵੇਚਣ ਵਿਚ ਕੋਈ ਔਕੜ ਮਹਿਸੂਸ ਨਾ ਹੋਵੇ, ਰਾਜ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਲੱਗ ਭੱਗ 100 ਖਰੀਦ ਕੇਂਦਰਾਂ ਵਿਚ ਰਾਜ ਸਰਕਾਰ ਝੋਨੇ ਦੀਆਂ ਕੀਮਤਾਂ ਨੂੰ ਸਮੱਰਥਕ ਭਾਵਾਂ ਤੇ ਸਥਿਰ ਰੱਖਣ ਦੀ ਜ਼ਿਮੇਂਵਾਰੀ ਆਪਣੇ ਸਿਰ ਲਵੇ। ਰਾਜ ਸਰਕਾਰ ਅਜਿਹਾ ਪਹਿਲੀ ਵਾਰ ਕਰ ਰਹੀ ਹੈ। ਰਾਜ ਸਰਕਾਰ ਨੂੰ ਕਿਸਾਨਾਂ ਪ੍ਰਤੀ ਆਪਣੀ ਜ਼ਿਮੇਂਵਾਰੀ ਦਾ ਪੂਰਾ ਪੂਰਾ ਅਹਿਸਾਸ ਹੈ ਅਤੇ ਰਾਜ ਸਰਕਾਰ ਹਰ ਸੰਭਵ ਯਤਨ ਕਰੇਗੀ ਕਿ ਕਿਸਾਨਾਂ ਨੂੰ ਆਪਣੇ ਖੂਨ ਪਸੀਨੇ ਨਾਲ ਪੈਦਾ ਕੀਤੀ ਹੋਈ ਜਿਨਸ ਨੂੰ ਵੇਚਣ ਵਿਚ ਕੋਈ ਪਰੇਸ਼ਾਨੀ ਨਾ ਹੋਵੇ।

**ਸਰਦਾਰ ਕਿਰਪਾਲ ਸਿੰਘ:** ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਕੋਲੋਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਐਫ. ਸੀ. ਆਈ. ਤੋਂ ਇਲਾਵਾ ਪੰਜਾਬ ਸਰਕਾਰ ਵੀ ਸੈਂਟਰ ਖੋਲ੍ਹ ਰਹੀ ਹੈ ਜਾਂ ਨਹੀਂ? ਪਿਛਲੇ ਦੋ ਸਾਲਾਂ ਵਿਚ ਪੈਦਾਵਾਰ ਕਿਤਨੀ ਸੀ ਅਤੇ ਹੁਣ ਕਿਤਨੀ ਹੋਣ ਦੀ ਆਸ ਹੈ; ਇਸ ਵਾਸਤੇ ਹੁਣ ਕਿਤਨੇ ਸੈਂਟਰ ਖੋਲ੍ਹਣ ਦੀ ਲੋੜ ਹੋਵੇਗੀ; ਇਸ ਵੇਲੇ ਭਾਅ ਵੀ ਮੁਕੱਰਰ ਨਹੀਂ ਕੀਤਾ ਗਿਆ ਅਤੇ ਕੀਮਤ ਦੀ ਕੀ ਡਿਮਾਂਡ ਕੀਤੀ ਗਈ ਹੈ ?

**ਮੰਤਰੀ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਨਰੇਬਲ ਮੈਂਬਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਰਾਜ ਸਰਕਾਰ ਨੇ ਇਸ ਬਾਰੇ ਬਹੁਤ ਯਤਨ ਕੀਤਾ ਹੈ ਅਤੇ ਪੈਦਾਵਾਰ ਇਸ ਸਾਲ ਕਾਫੀ ਵੱਧ ਗਈ ਹੈ। ਸਪੀਕਰ ਸਾਹਿਬ, 1976-77 ਵਿਚ 23 ਲੱਖ ਟਨ ਦੇ ਕੋਲ ਅਤੇ 1977-78 ਵਿਚ 34,20,000 ਟਨ ਮਾਰਕਿਟ ਵਿਚ ਝੋਨਾ ਆਇਆ ਹੈ। ਸਪੀਕਰ ਸਾਹਿਬ, ਇਸ ਸਾਲ 1978-79 ਵਿਚ ਲਗਭਗ 42 ਲੱਖ ਟਨ ਆਉਣ ਦੀ ਉਮੀਦ ਹੈ। 1976-77 ਵਿਚ ਤਕਰੀਬਨ 300 ਖਰੀਦ ਕੇਂਦਰ ਸੀ ਅਤੇ ਜ਼ੋਰ ਪਾਉਣ ਤੇ ਐਫ. ਸੀ. ਆਈ. ਵਾਲਿਆਂ ਨੇ 32 ਸੈਂਟਰ ਹੋਰ ਖੋਲ੍ਹਣ ਲਈ ਮੰਨ ਲਏ ਪਰ ਸਟਾਫ ਨਹੀਂ ਆਇਆ ਔਰ ਪਿਛਲੇ ਸੈਂਟਰਾਂ ਦੇ ਨਾਲ ਹੀ ਕੰਮ ਕੀਤਾ ਗਿਆ ਹੈ ਜਿਸ ਨਾਲ ਕਾਫੀ ਔਕੜ ਆਈ, ਇਸ ਸਾਲ ਇਸ ਜੁਲਾਈ ਤੋਂ ਹੀ ਕੋਸ਼ਿਸ਼ ਕੀਤੀ ਗਈ ਕਿ ਸੈਂਟਰ ਜ਼ਿਆਦਾ ਮਿਲ ਜਾਣ। ਮਹਿਕਮੇ ਨੂੰ ਚਿੱਠੀਆਂ ਲਿਖੀਆਂ ਅਤੇ ਆਪ ਵੀ ਮੈਂ ਗਿਆ ਅਤੇ ਸੀ. ਐਮ. ਸਾਹਿਬ ਨੇ ਵੀ ਕੋਸ਼ਿਸ਼ ਕੀਤੀ। ਸਾਨੂੰ ਸਪੀਕਰ ਸਾਹਿਬ, 700 ਸੈਂਟਰਾਂ ਦੀ ਲੋੜ ਹੈ। ਲੇਕਿਨ ਅੱਜ ਤਕ ਐਫ. ਸੀ. ਆਈ. ਵਾਲੇ ਹੀ ਝੋਨਾ ਖਰੀਦਦੇ ਰਹੇ ਹਨ ਅਤੇ ਪੰਜਾਬ ਸਰਕਾਰ ਪਹਿਲਾਂ ਖਰੀਦਦੀ ਨਹੀਂ ਸੀ। ਐਫ. ਸੀ. ਆਈ. ਵਾਲਿਆਂ ਨੇ ਕਿਹਾ ਹੈ ਕਿ 400 ਸੈਂਟਰ ਖੋਲੇ ਜਾਣਗੇ। ਪਿਛਲੇ ਸਾਲ, ਸਪੀਕਰ ਸਾਹਿਬ, 300 ਦੇ ਕੋਲ ਸਨ ਪਰ ਕਾਗਜ਼ਾਂ ਵਿਚ 343 ਸਨ। ਇਸ ਲਈ ਸਾਰੀਆਂ ਗੱਲਾਂ ਨੂੰ ਮੁੱਖ ਰਖਦੇ ਹੋਏ ਕਿ ਕਿਸਾਨਾਂ ਨੂੰ ਨੁਕਸਾਨ ਨਾ ਹੋਵੇ, ਪੰਜਾਬ ਸਰਕਾਰ 100 ਸੈਂਟਰ ਖੋਲ੍ਹੇਗੀ। ਐਫ. ਸੀ. ਆਈ. ਵਾਲਿਆਂ ਨਾਲ ਗੱਲ ਕਰ ਰਹੇ ਹਾਂ। ਸਪੀਕਰ ਸਾਹਿਬ, ਅਸੀਂ ਪੂਰੀ ਕੋਸ਼ਿਸ਼ ਕਰ ਰਹੇ ਹਾਂ ਕਿ ਕਿਸਾਨਾਂ ਨੂੰ ਕੋਈ ਔਕੜ ਨਾ ਹੋਵੇ। ਇਹ ਸਾਡੀ ਜ਼ਿਮੇਵਾਰੀ ਹੈ। ਜਿਥੋਂ ਤਕ ਕੀਮਤਾਂ ਮਿਥਣ ਦਾ ਸਵਾਲ ਹੈ, ਆਈ ਆਰ 8 ਕਿਸਮ ਦਾ ਰੇਟ 87 ਰੁਪਏ ਅਤੇ ਪੀ ਆਰ, 106 ਕਿਸਮ ਦਾ ਰੇਟ 92 ਰੁਪਏ ਮਿਥਣ ਵਾਸਤੇ ਸਿਫਾਰਿਸ਼ ਕੀਤੀ ਹੈ। ਇਹ ਪ੍ਰਾਈਸਿਜ਼ ਐਗਰੀਕਲਚਰ ਪ੍ਰਾਈਸ ਕਮਿਸ਼ਨ ਵਲੋਂ ਜਾਂਚ ਪੜਤਾਲ ਹੋਣ ਉਪਰੰਤ ਸੈਂਟ੍ਰਲ ਗੌਰਮਿੰਟ ਮੁਕੱਰਰ ਕਰਦੀ ਹੈ। ਇਸ ਵਾਸਤੇ 21-22 ਤਾਰੀਖ ਨੂੰ ਦਿਲੀ ਵਿਖੇ ਮੀਟਿੰਗਾਂ ਹੋ ਰਹੀਆਂ ਹਨ ਔਰ ਮੈਂ ਅਤੇ ਮੁੱਖ ਮੰਤਰੀ ਜੀ ਉਥੇ ਮੀਟਿੰਗ ਵਿਚ ਜਾਵਾਂਗੇ ਅਤੇ

Original with;
Punjab Vidhan Sabha
Digitized by;
Panjab Digital Library

[ਖੁਰਾਕ ਤੇ ਸਪਲਾਈਜ਼ ਮੰਤਰੀ]

ਆਪਣਾ ਕੇਸ ਉਥੇ ਪੂਰੇ ਜ਼ੋਰ ਨਾਲ ਪੇਸ਼ ਕਰਾਂਗੇ, ਫਿਰ ਜੋ ਵੀ ਉਥੇ ਹੋਏਗਾ ਉਸ ਦਾ ਪਤਾ ਲਗ ਜਾਏਗਾ। ਜੋ ਭਾਅ ਵੀ ਮੁਕੱਰਰ ਹੋਏਗਾ ਉਸ ਭਾਅ ਤੇ ਕਿਸਾਨਾਂ ਦਾ ਸਾਰਾ ਮਾਲ ਚੁਕਾਂਗੇ ਔਰ ਕਿਸਾਨਾਂ ਨੂੰ ਕੋਈ ਔਕੜ ਨਹੀਂ ਆਉਣ ਦਿਆਂਗੇ (ਥੰਪਿੰਗ)

**ਸ੍ਰੀ ਹਰਬੰਸ ਲਾਲ ਖੰਨਾ**: ਇਨ੍ਹਾਂ ਨੇ ਦਸਿਆ ਹੈ ਪਿਛਲੇ ਸਾਲ ਪੈਡੀ ਦੀ ਫਸਲ ਕੋਈ 34 ਲੱਖ ਟਨ ਹੋਈ ਸੀ ਔਰ ਐਤਕੀਂ ਇਹ 42 ਲੱਖ ਟਨ ਹੋਣ ਦੀ ਆਸ ਹੈ। ਇਸ ਦਾ ਮਤਲਬ ਹੋਇਆ ਕਿ 8 ਲੱਖ ਟਨ ਸਾਡੀ ਪ੍ਰੋਡਿਊਸ ਇਸ ਸਾਲ ਵੱਧ ਰਹੀ ਹੈ। ਔਰ ਇਹ ਸਾਰੀ ਪ੍ਰੋਡਿਊਸ ਕਿਸਾਨ ਮਾਰਕਿਟ ਵਿਚ ਲਿਆਉਣਗੇ। ਪਿਛਲੇ ਸਾਲ ਪਰਚੇਜ਼ਿੰਗ ਸੈਂਟਰਜ਼ ਬਹੁਤ ਘਟ ਸਨ ਔਰ ਇਸ ਦਫਾ ਤਾਂ 8 ਲੱਖ ਟਨ ਪ੍ਰੋਡਿਊਸ ਹੋਰ ਵਧ ਰਹੀ ਹੈ, ਉਸ ਦੇ ਮੁਤਾਬਿਕ ਅੱਜ ਤਕ ਜਿੰਨੇ ਹੋਰ ਸੈਂਟਰਜ਼ ਖੋਲ੍ਹਣੇ ਹਨ ਉਹਦਾ ਫੈਸਲਾ ਹੋ ਜਾਣਾ ਚਾਹੀਦਾ ਸੀ ਔਰ ਉਹ ਖੁਲ੍ਹ ਜਾਣੇ ਚਾਹੀਦੇ ਸਨ ਤਾਂਕਿ ਕਿਸਾਨਾਂ ਨੂੰ ਕਿਸੇ ਕਿਸਮ ਦੀ ਕੋਈ ਮੁਸ਼ਕਿਲ ਪੇਸ਼ ਨਾ ਆਵੇ। ਉਨ੍ਹਾਂ ਦੀ ਸਾਰੀ ਪ੍ਰੋਡਿਊਸ ਵਿਕ ਜਾਵੇ। ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਐਫ. ਸੀ. ਆਈ. ਵਾਲੇ ਵੀ ਇਸ ਬਾਰੇ ਫਿਕਰ ਵਿਚ ਹਨ। ਉਹ ਵੀ 400 ਸੈਂਟਰਜ਼ ਤੋਂ ਜ਼ਿਆਦਾ ਖੋਲ੍ਹਣ ਨੂੰ ਤਿਆਰ ਨਹੀਂ ਹਨ। ਇਸ ਵਾਸਤੇ ਇਮੀਜੀਏਟਲੀ ਹੋਰ ਪਰਚੇਜ਼ਿੰਗ ਸੈਂਟਰਜ਼ ਖੋਲ੍ਹਣ ਬਾਰੇ ਕਾਰਵਾਈ ਕਰਨੀ ਚਾਹੀਦੀ ਹੈ ਤਾਂਕਿ ਕਿਸਾਨ ਮਹਿਸੂਸ ਕਰੇ ਕਿ ਉਸ ਨੂੰ ਆਪਣੀ ਪ੍ਰੋਡਿਊਸ ਵੇਚਣ ਵਿਚ ਕੋਈ ਔਕੜ ਪੇਸ਼ ਨਹੀਂ ਆਉਂਣੀ ਹੈ। ਦੂਸਰੀ ਗਲ ਇਹ ਹੈ ਕਿ ਇਨ੍ਹਾਂ ਨੇ ਦਸਿਆ ਹੈ ਕਿ ਇਨ੍ਹਾਂ ਜਿਨਸਾਂ ਦੀਆਂ ਕੀਮਤਾਂ ਸੈਂਟ੍ਰਲ ਗੌਰਮਿੰਟ ਫਿਕਸ ਕਰਦੀ ਹੈ ਔਰ ਸੂਬੇ ਦੀ ਸਰਕਾਰ ਇਸ ਬਾਰੇ ਆਪਣੀ ਸਿਫਾਰਸ਼ ਕਰ ਸਕਦੀ ਹੈ। ਇਸ ਸਬੰਧੀ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਚੀਜ਼ ਨੂੰ ਮੁੱਖ ਰਖਦੇ ਹੋਏ ਕਿ ਪ੍ਰੋਡਿਊਸਰ ਮਿਹਨਤ ਕਰਦਾ ਹੈ, ਹਿੰਮਤ ਕਰਦਾ ਹੈ, ਹਿੰਦੁਸਤਾਨ ਵਿਚ ਹੀ ਨਹੀਂ ਬਲਕਿ ਸਾਰੀ ਦੁਨੀਆਂ ਵਿਚ ਪੈਡੀ ਦੀ ਫਸਲ ਦੇ ਸਿਲਸਿਲੇ ਵਿੱਚ ਉਸ ਨੇ ਦੱਸ ਦਿਤਾ ਹੈ ਕਿ ਪੰਜਾਬ ਦੇ ਕਿਸਾਨ ਨੇ ਬਹੁਤ ਜ਼ਿਆਦਾ ਪ੍ਰੋਡਿਊਸ ਕੀਤੀ ਹੈ। ਉਸ ਦੇ ਮੁਤਾਬਿਕ ਉਨ੍ਹਾਂ ਨੂੰ ਕੋਈ ਮਿਹਨਤ ਨਾਮਾ ਮਿਲੇ, ਇਨ੍ਹਾਂ ਗਲਾਂ ਨੂੰ ਮੱਦੇ ਨਜ਼ਰ ਰਖਦੇ ਹੋਏ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਪੰਜਾਬ ਸਰਕਾਰ ਆਪਣੇ ਵਲੋਂ ਪੂਰੀ ਕੋਸ਼ਿਸ਼ ਕਰੇਗੀ ਔਰ ਆਪਣੀ ਸਿਫਾਰਿਸ਼ ਕਰੇਗੀ ਤਾਕਿ ਕਿਸਾਨਾਂ ਨੂੰ ਆਪਣੀ ਪ੍ਰੋਡਿਊਸ ਦਾ ਮੁਲ ਜ਼ਿਆਦਾ ਤੋਂ ਜ਼ਿਆਦਾ ਮਿਲ ਸਕੇ ?

**ਮੰਤਰੀ**: ਮੈਂ ਆਨਰੇਬਲ ਮੈਂਬਰ ਨੂੰ ਆਪ ਦੇ ਰਾਹੀਂ ਇਹ ਦੱਸਣਾ ਚਾਹੁੰਦਾ ਹਾਂ ਕਿ ਮੈਂ ਤਾਂ ਅੱਗੇ ਵੀ ਅਰਜ਼ ਕਰ ਚੁੱਕਾ ਹਾਂ ਕਿ ਅਸੀਂ ਤਾਂ ਰਿਕਮੈਂਡ ਕੀਤਾ ਹੋਇਆ ਹੈ ਕਿ ਆਈ. ਆਰ. 8 ਦੀ ਕੀਮਤ 87 ਰੁਪਏ ਕੁਇੰਟਲ ਹੋਣੀ ਚਾਹੀਦੀ ਹੈ ਔਰ ਪੀ. ਆਰ. 106 ਦੀ ਕੀਮਤ 92 ਰੁਪਏ ਕੁਇੰਟਲ ਦੇ ਹਿਸਾਬ ਨਾਲ ਫਿਕਸ ਹੋਣੀ ਚਾਹੀਦੀ ਹੈ। ਇਹ ਰਿਕਮੈਂਡ ਕਰਕੇ ਅਸੀਂ ਅੱਗੇ ਹੀ ਭੇਜਿਆ ਹੋਇਆ ਹੈ। 21 ਤਾਰੀਖ ਨੂੰ ਸਾਨੂੰ ਇਸ ਲਈ ਦਿੱਲੀ ਮੀਟਿੰਗ ਵਿਚ ਬੁਲਾਇਆ ਹੋਇਆ ਹੈ, ਦੇਖੋ ਸਾਡੀ ਕੋਸ਼ਿਸ਼ ਦਾ ਕੀ ਨਤੀਜਾ ਨਿਕਲਦਾ ਹੈ। ਅਸੀਂ ਚਾਹੁੰਦੇ ਹਾਂ ਕਿ ਕੀਮਤਾਂ ਬਹੁਤ ਪਹਿਲਾਂ ਮੁਕੱਰਰ ਹੋ ਜਾਇਆ ਕਰਨ ਤਾਂ ਕਿ ਬੀਜਣ ਵਾਲੇ ਨੂੰ ਪਤਾ ਹੋਵੇ ਕਿ ਉਸ ਨੂੰ ਉਸ ਦੀ ਜਿਨਸ ਦਾ ਕੀ ਮੁੱਲ ਮਿਲਣਾ ਹੈ। ਸਾਡੀ ਇਹ ਖਾਹਿਸ਼ ਹੈ ਕਿ ਹਰ ਫਸਲ ਬੀਜਣ ਤੋਂ ਪਹਿਲਾਂ ਉਸ ਦੀ ਕੀਮਤ ਨਿਸ਼ਚਿਤ ਹੋ ਜਾਣੀ ਚਾਹੀਦੀ ਹੈ। ਜਿਥੋਂ ਤਕ ਪਰਚੇਜ਼ ਸੈਂਟਰਾਂ ਦੇ ਖੋਲ੍ਹਣ ਦਾ ਸਵਾਲ ਹੈ, ਪੰਜਾਬ ਸਰਕਾਰ ਇੱਕ ਕਿੱਲੋ ਧਾਨ ਵੀ ਨਹੀਂ ਖਰੀਦ ਦੀ ਹੈ। ਔਰ ਸਾਰੀ ਖਰੀਦ ਐਫ. ਸੀ. ਆਈ. ਵਾਲੇ ਹੀ ਕਰਦੇ ਹਨ। ਅਸੀਂ ਇਸ ਦਫਾ ਵੀ ਬੜਾ ਜ਼ੋਰ ਲਗਾਇਆ ਹੈ ਕਿ ਉਹ ਅਜਿਹੇ 700 ਸੈਂਟਰਜ਼ ਖੋਲ੍ਹਣ ਪਰ ਉਨ੍ਹਾਂ ਨੇ ਆਪਣੀ ਮਜਬੂਰੀ ਦੱਸੀ ਹੈ। ਬਰਨਾਲਾ ਸਾਹਿਬ ਦੀ ਮੇਹਰਬਾਨੀ ਨਾਲ ਕਿਸਾਨਾਂ ਦੀ ਔਕੜ ਨੂੰ ਦੇਖਦੇ ਹੋਏ ਐਫ. ਸੀ. ਆਈ. ਨੂੰ 400 ਸੈਂਟਰਜ਼ ਖੋਲ੍ਹਣ ਲਈ ਤਿਆਰ ਕੀਤਾ ਹੈ। ਪੰਜਾਬ ਸਰਕਾਰ ਬਗੈਰ ਐਫ. ਸੀ. ਆਈ. ਨਾਲ ਕੰਸਲਟੇਸ਼ਨ ਕਰਨ ਦੇ ਔਰ ਉਨ੍ਹਾਂ ਦੀ ਮਨਜ਼ੂਰੀ ਲੈਣ ਦੇ ਕੋਈ ਪਰਚੇਜ਼ਿੰਗ ਸੈਂਟਰ

Original with;
Punjab Vidhan Sabha
Digitized by;
Panjab Digital Library

ਨਹੀਂ ਖੋਲ੍ਹ ਸਕਦੀ। ਮੈਂ ਫੂਡ ਮਨਿਸਟਰ ਹੁੰਦਾ ਹੋਇਆ ਵੀ ਇੱਕ ਸੈਂਟਰ ਤਕ ਨਹੀਂ ਖੋਲ੍ਹ ਸਕਦਾ। ਪਰ ਹੁਣ ਅਸੀਂ ਫੈਸਲਾ ਕੀਤਾ ਹੈ ਅਤੇ ਇੱਕ ਨਵਾਂ ਤਜਰਬਾ ਕਰਨ ਲਗੇ ਹਾਂ। ਅਸੀਂ ਇਸ ਦਫਾ 100 ਪਰਚੇਜ਼ਿੰਗ ਸੈਂਟਰਜ਼ ਖੋਲਾਂਗੇ, ਤਾਕਿ ਕਿਸਾਨਾਂ ਦੀ ਤਕਲੀਫ ਦੂਰ ਹੋ ਸਕੇ। ਇਹ ਸਭ ਕੁਝ ਕਿਸਾਨਾਂ ਦੀ ਸੁਵਿੱਧਾ ਵਾਸਤੇ ਕੀਤਾ ਜਾ ਰਿਹਾ ਹੈ। ਜ਼ਰੂਰਤ ਤਾਂ 100 ਸੈਂਟਰਾਂ ਤੋਂ ਵੀ ਜ਼ਿਆਦਾ ਦੀ ਹੈ। ਪਰ ਪਹਿਲੇ ਸਾਲ ਤਜਰਬਾ ਕਰਨ ਲਗੇ ਹਾਂ ਔਰ ਪਤਾ ਨਹੀਂ ਸ਼ਾਇਦ ਘਾਟਾ ਪਏਗਾ। ਅਸੀਂ ਇਹ ਵੀ ਕੋਸ਼ਿਸ਼ ਕੀਤੀ ਸੀ ਕਿ ਐਫ. ਸੀ. ਆਈ. ਦੇ ਬੀਹਾਫ ਤੇ ਖੋਲ੍ਹ ਲਈਏ, ਅਸੀਂ ਇਨ੍ਹਾਂ ਦੇ ਏਜੰਟ ਬਣ ਜਾਈਏ (ਵਿਘਨ) ਕਿਉਂਕਿ ਪੰਜਾਬ ਵਿਚ ਚਾਵਲ ਦੀ ਖਪਤ ਘੱਟ ਹੈ। ਇਸ ਲਈ ਸਾਨੂੰ ਚਾਵਲ ਬਾਹਰ ਭੇਜਣਾ ਪੈਂਦਾ ਹੈ ਅਤੇ ਇਸ ਸਬੰਧੀ ਉਹ ਸਾਨੂੰ ਕੰਡੀਸ਼ਨਜ਼ ਡਿਕਟੇਟ ਕਰਾਉਣਾ ਚਾਹੁੰਦੇ ਹਨ। ਕਣਕ ਦੇ ਭਾਅ ਮਿਥੱਣ ਵਿਚ ਵੀ ਇਹ ਹੀ ਰੁਕਾਵਟਾਂ ਪੇਸ਼ ਆਉਂਦੀਆਂ ਹਨ। ਚਾਵਲ ਬਾਹਰ ਭੇਜਣ ਵਿਚ ਵੀ ਵਿੱਤਕਰਾ ਹੁੰਦਾ ਹੈ। ਜਦੋਂ ਇੰਦਰਾ ਗਾਂਧੀ ਦੀ ਸਰਕਾਰ ਸੀ ਉਸ ਵੇਲੇ ਐਫ. ਸੀ. ਆਈ. ਯੂ. ਪੀ. ਵਿਚ ਚਾਵਲ ਸ਼ੈਲਰਾਂ ਵਿਚੋਂ ਚੱਕਦੀ ਸੀ। ਹਰਿਆਣਾ ਵਿਚ ਕਿਉਂਕਿ ਬੰਸੀ ਲਾਲ ਦੀ ਸਰਕਾਰ ਸੀ ਇਸ ਲਈ ਹਰਿਆਣਾ ਵਿਚ ਤਾਂ ਐਫ. ਸੀ. ਆਈ. ਵਾਲੇ ਡਿਸਪੈਚਿੰਗ ਸਟੇਸ਼ਨ ਤੇ ਚੁੱਕਦੇ ਸੀ ਔਰ ਪੰਜਾਬ ਨੂੰ ਕਿਹਾ ਗਿਆ ਸੀ ਕਿ ਡੈਸਟੀ-ਨੇਸ਼ਨ ਤੇ ਪਹੁੰਚਾਉ। ਰਸਤੇ ਵਿਚ ਕਾਫੀ ਪਿਲਫਰੇਜ ਹੋ ਜਾਂਦੀ ਸੀ। ਇਸ ਤਰ੍ਹਾਂ ਨਾਲ ਕਾਫੀ ਪੰਜਾਬ ਨਾਲ ਵਿੱਤਕਰ੍ਹਾ ਕੀਤਾ ਜਾਂਦਾ ਸੀ। ਪਰ ਹੁਣ ਅਸੀਂ ਇਸ ਵਿਤਕਰੇ ਦੇ ਵਿਰੁੱਧ ਪ੍ਰੋਟੈਸਟ ਕੀਤਾ ਹੈ ਤਾਂ ਬਰਨਾਲਾ ਸਾਹਿਬ ਨੇ ਕਿਹਾ ਹੈ ਕਿ ਅਗੋਂ ਲਈ ਕੋਈ ਕਿਸੇ ਕਿਸਮ ਦਾ ਵਿੱਤਕਰਾ ਨਹੀਂ ਕੀਤਾ ਜਾਏਗਾ। (ਥੰਪਿੰਗ)

ਚਾਵਲ ਪੰਜਾਬ ਦੀ ਮੇਨ ਡਾਈਟ ਨਹੀਂ ਹੈ ਔਰ ਇਹ ਸਾਰਾ ਚਾਵਲ ਪੰਜਾਬ ਤੋਂ ਬਾਹਰ ਭੇਜਣਾ ਹੁੰਦਾ ਹੈ। ਐਫ. ਸੀ. ਆਈ ਰਾਹੀਂ ਬਾਹਰ ਦੇ ਸੂਬਿਆਂ ਨੂੰ ਚਾਵਲ ਭੇਜਣਾ ਪੈਂਦਾ ਹੈ। ਇਸ ਲਈ ਉਹ ਆਪਣੀਆਂ ਟਰਮਜ਼ ਡਿਕਟੇਟ ਕਰਾਉਂਦੇ ਹਨ ਔਰ ਕਈ ਵਾਰੀ ਉਨ੍ਹਾਂ ਦੀਆਂ ਟਰਮਜ਼ ਮੰਨਣੀਆਂ ਵੀ ਪੈਂਦੀਆਂ ਹਨ। ਹੁਣ ਐਫ.ਸੀ. ਆਈ. ਵਾਲਿਆਂ ਨੇ 400 ਸੈਂਟਰਜ਼ ਖੋਲਣ ਬਾਰੇ ਕਿਹਾ ਹੈ, ਸਾਨੂੰ ਇਹ ਮੰਨਣਾ ਪਿਆ ਹੈ। ਪਰ ਕਿਉਂਕਿ ਅਸੀਂ ਪੰਜਾਬ ਦੇ ਕਿਸਾਨ ਦੀ ਸੇਵਾ ਕਰਨੀ ਹੈ ਇਸ ਲਈ ਬਾਦਲ ਸਾਹਿਬ ਨੇ ਇਜਾਜ਼ਤ ਦਿੱਤੀ ਹੈ ਕਿ ਹੋਰ ਸੈਂਟਰਜ਼ ਖੋਲ੍ਹੇ ਜਾਣ। ਇਸ ਤਰ੍ਹਾਂ ਕਰਕੇ ਜਿੰਨਾ ਵੀ ਸਾਡੇ ਤੋਂ ਹੋ ਸਕਿਆ ਅਸੀਂ ਪੰਜਾਬ ਦੇ ਕਿਸਾਨਾਂ ਦੀ ਸੇਵਾ ਕਰਾਂਗੇ।

---

10-04 ਸਵੇਰੇ | (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

## Legislative Business

## THE PUNJAB AGRICULTURAL CREDIT OPERATIONS AND MISCELLANEOUS PROVISIONS (BANKS) BILL, 1978.

**Agriculture Minister (Sardar Balwinder Singh Bhunder)** : Sir, I beg to introduce the Punjab Agricultural Credit Operations and Miscellaneous Provisions (Banks) Bill.

Sir, I also beg to move—

> That the Punjab Agricultural Credit Operations and Miscellaneous Provisions (Banks) Bill be taken into consideration at once.

**Mr. Deputy Speaker :** Motion moved—

> That the Punjab Agricultural Credit Operations and Miscellaneous Provisions (Banks) Bill be taken into consideration at once.

Original with;
Punjab Vidhan Sabha
Digitized by;
Panjab Digital Library

**Mr. Deputy Speaker :** Question is—

That the Punjab Agricultural Credit Operations and Miscellaneous Provisions (Banks) Bill be taken into consideration at once.

*The motion was carried.*

**Mr. Deputy Speaker :** Now the House will proceed to consider the Bill Clause by Clause.

**Sub-clause (2) Of Clause 1**

**Mr. Deputy Speaker :** Question is—

That Sub-clause (2) of Clause 1 stand part of the Bill.

*The motion was carried.*

**Mr. Deputy Speaker :** If the House agrees, all the clauses of the Bill be put to the vote of the House together.

(*Voice : Yes, yes*).

**Sub-clause (3) of Clause 1, 2, 3, 4, 5, 6, 7, 8, 9, 10, 11, 12, 13, 14, 15, 16, 17, 18, 19, 20, 21, 22 and 23.**

**Mr. Deputy Speaker :** Question is—

That Sub-clause (3) of Clause 1, Clauses 2, 3, 4, 5, 6, 7, 8, 9, 10, 11, 12, 13, 14, 15, 16, 17, 18, 19, 20, 21, 22, and 23 stand part of the Bill

*The motion was carried.*

**Schedule**

**Mr. Deputy Speaker :** Question is—

That the Schedule stand part of the Bill

*The motion was carried.*

**Sub-clause (1) of Clause 1**

**Mr. Deputy Speaker :** Question is—

That Sub-Clause (1) of Clause 1 stand part of the Bill.

*The motion was carried.*

**Title**

**Mr. Deputy Speaker :** Question is—

That Title be the Title of the Bill.

*The motion was carried.*

**Agriculture Minister** (Sardar Balwinder Singh Bhunder) **:** Sir, I beg to move—

That the Punjab Agricultural Credit Operations and Miscellaneous Provisions (Banks) Bill be passed.

Original with;
Punjab Vidhan Sabha
Digitized by;
Panjab Digital Library

**Mr. Deputy Speaker** : Motion moved—

That the Punjab Agricultural Credit Operations and Miscellaneous Provisions (Banks) Bill be passed.

**Mr. Deputy Speaker :** Question is—

That the Punjab Agricultural Credit Operations and Miscellaneous Provisions (Banks) Bill be passed

*The motion was carried.*

## THE PUNJAB REQUISITIONING AND ACQUISITION OF MOVEABLE PROPERTY BILL, 1978.

**Chief Minister (Sardar Parkash Singh Badal) :** Sir, I beg to introduce the Punjab Requisitioning and Acquisition of Moveable Property Bill.

Sir, I also beg to move—

That the Punjab Requisitioning and Acquisition of Moveable Property Bill be taken into consideration at once.

**Mr. Deputy Speaker :** Motion moved—

That the Punjab Requisitioning and Acquisition of Moveable Property Bill be taken into consideration at once.

**ਮਾਸਟਰ ਚੰਦ ਸਿੰਘ** (ਸ਼ੇਰਪੁਰ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਪੰਜਾਬ ਚੱਲ ਸੰਪਤੀ ਦਾ ਅਧਿਗ੍ਰਹਿਣ ਅਤੇ ਪ੍ਰਾਪਤੀ ਬਿਲ, 1978 ਪੇਸ਼ ਕੀਤਾ ਹੈ ਇਸ ਵਿਚ ਕਈ ਸ਼ਿਕਵੇ ਹਨ । ਕਿਉਂਕਿ ਇਸ ਦੀ ਜਿਹੜੀ ਧਾਰਾ 3 ਹੈ ਉਸ ਦੇ ਵਿਚ ਇਨ੍ਹਾਂ ਨੇ ਕਿਹਾ ਹੈ ਕਿ ਜਿਥੇ ਸਮਰੱਥ ਅਧਿਕਾਰੀ ਦੀ ਰਾਏ ਹੋਵੇ ਕਿ ਕੌਮ ਦੇ ਜੀਵਨ ਲਈ ਲੋੜੀਂਦੀਆਂ ਜ਼ਰੂਰੀ ਸੇਵਾਵਾਂ ਅਤੇ ਸਪਲਾਈ ਦੀ ਦੇਖ ਅਤੇ ਬਿਹਤਰੀ ਲਈ ਜਾਂ ਹੜ੍ਹਾਂ ਦੀ ਕੋਈ ਹੋਰ ਕੁਦਰਤੀ ਆਫਤ ਦੰਗੇ ਫਸਾਦਾਂ ਜਾਂ ਹੜਤਾਲਾਂ ਤੇ ਪ੍ਰਭਾਵਿਤ ਲੋਕਾਂ ਨੂੰ ਤੁਰਤ ਸਹਾਇਤਾ ਮੁਹੱਈਆ ਕਰਨ ਲਈ ਜਾਂ ਕੁਸ਼ਲਤਾ ਨਾਲ ਚੋਣਾਂ ਕਰਾਉਣ ਲਈ ਇਹ ਬਿੱਲ ਲਿਆਂਦਾ ਗਿਆ ਹੈ । ਡਿਪਟੀ ਸਪੀਕਰ ਸਾਹਿਬ, ਪਿਛਲੇ ਸੈਸ਼ਨ ਦੇ ਵਿਚ ਵੀ ਕਾਂਗਰਸ ਨੇ ਇੱਕ ਅਚੱਲ ਸੰਪਤੀ ਬਾਰੇ ਬਿੱਲ ਲਿਆਂਦਾ ਸੀ । ਉਨ੍ਹਾਂ ਦਾ ਮਨਸ਼ਾ ਸੀ ਕਿ ਜਿਹੜਾ ਕੋਈ ਪੁਲਿਟੀਕਲ ਵਿਰੋਧੀ ਹੋਵੇਗਾ ਉਸ ਦੀ ਚੱਲ ਸੰਪਤੀ ਐਕੁਆਇਰ ਕੀਤੀ ਜਾਵੇਗੀ ਜਾਂ ਸਰਕਾਰੀ ਕਬਜ਼ੇ ਵਿਚ ਲਈ ਜਾਵੇਗੀ । ਇਸ ਤਰ੍ਹਾਂ ਹੀ ਅਚੱਲ ਸੰਪਤੀ ਦੇ ਬਾਰੇ ਵਿਚ ਵੀ ਖਦਸ਼ਾ ਹੋ ਸਕਦਾ ਹੈ । ਜੇਕਰ ਸਰਕਾਰ ਇਸ ਗੱਲ ਲਈ ਵਚਨਬੱਧ ਹੋਵੇਗੀ ਕਿ ਕਿਸੇ ਵੀ ਵਿਰੋਧੀ ਪੁਲਿਟੀਕਲ ਬੰਦੇ ਦੀ ਚੱਲ ਸੰਪਤੀ ਦੀ ਰਾਖੀ ਕਰਨੀ ਹੈ ਅਤੇ ਉਸ ਦੀ ਸੰਪਤੀ ਪੁਲਿਟੀਕਲ ਮੰਤਵ ਦੇ ਨਾਲ ਐਕੁਆਇਰ ਨਹੀਂ ਹੋਵੇਗੀ ਤਾਂ ਉਸ ਬਾਰੇ ਇਸ ਵਿਚ ਕਲੀਅਰ ਹੋਣਾ ਚਾਹੀਦਾ ਹੈ। ਇਸੇ ਤਰ੍ਹਾਂ ਹੀ, ਡਿਪਟੀ ਸਪੀਕਰ ਸਾਹਿਬ, ਹੜਤਾਲ ਕਰਨ ਦੀ ਗੱਲ ਕੀਤੀ ਗਈ ਹੈ ਕਿ ਹੜਤਾਲ ਨਾਲ ਹੋਏ ਨੁਕਸਾਨ ਨੂੰ ਪੂਰਾ ਕਰਨ ਲਈ ਚੱਲ ਸੰਪਤੀ ਐਕੁਆਇਰ ਕੀਤੀ ਜਾਵੇਗੀ । ਇਸ ਬਾਰੇ ਬੜਾ ਸ਼ੱਕ ਹੈ ਕਿਉਂਕਿ ਜਿਹੜੇ ਵੱਡੇ ਵੱਡੇ ਲੁਟੇਰੇ ਹਨ, ਜਿਹੜੇ ਸਾਡੇ ਵਰਕਰਾਂ ਨੂੰ, ਗਰੀਬ ਕਿਸਾਨਾਂ ਨੂੰ ਲੁਟਦੇ ਹਨ, ਜਿਹੜੇ ਮਜ਼ਦੂਰਾਂ ਦਾ, ਗ਼ਰੀਬ ਲੋਕਾਂ ਦਾ, ਹੱਕ ਮਾਰਦੇ ਹਨ, ਉਨ੍ਹਾਂ ਦੀ ਲੁੱਟ ਨੂੰ ਪੂਰਾ ਕਰਨ ਲਈ ਇਸ ਦੇ ਵਿਚ ਪਰੋਵੀਜ਼ਨ ਰਖੀ ਗਈ ਹੈ । ਇਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਸਾਡੇ ਜਿਹੜੇ ਮਜ਼ਦੂਰ ਹਨ

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]

ਉਨ੍ਹਾਂ ਦੀਆਂ ਮੰਗਾ ਉਤੇ ਇਕ ਢਾਹ ਲਾਉਣ ਵਾਲੀ ਗੱਲ ਹੈ ਜਿਵੇਂ ਕਿ ਜਨਤਾ-ਅਕਾਲੀ ਪਾਰਟੀਆਂ ਉਨ੍ਹਾਂ ਗਰੀਬਾਂ ਦੇ ਹੱਕਾਂ ਦੀ ਰੱਖਿਆ ਕਰਨ ਵਾਸਤੇ ਵਚਨਬੱਧ ਹਨ । ਇਸ ਲਈ ਜੇਕਰ ਜਨਤਾ ਅਕਾਲੀ ਪਾਰਟੀਆਂ ਉਨ੍ਹਾਂ ਦੇ ਹੱਕਾਂ ਦੀ ਰੱਖਿਆ ਕਰਨਾ ਚਾਹੁੰਦੀਆਂ ਹਨ ਤਾਂ ਜ਼ਰੂਰੀ ਸੀ ਕਿ ਮਜ਼ਦੂਰਾਂ ਦੀ, ਗਰੀਬਾਂ ਦੀ, ਛੋਟੇ ਕਿਸਾਨਾਂ ਦੀ ਚੱਲ ਸੰਪਤੀ ਐਕੁਆਇਰ ਨਾ ਕੀਤੀ ਜਾਂਦੀ । ਦੂਸਰਾ ਇਹ ਕਿ ਇਸ ਦੇ ਵਿਚ ਕੋਈ ਲਿਮਟ ਨਹੀਂ ਰੱਖੀ ਗਈ । ਇਸ ਦੇ ਵਿਚ ਇਹ ਕੀਤਾ ਗਿਆ ਹੈ ਕਿ ਛੋਟਾਂ ਵੱਡੇ ਵੱਡੇ ਆਦਮੀਆਂ ਨੂੰ ਦਿਤੀਆਂ ਹਨ। ਇਸ ਬਿੱਲ ਦੀ ਕਲਾਜ਼ 3 ਦੀ ਸਬ-ਕਲਾਜ਼ (1) ਦੇ ਪ੍ਰੋਵਾਈਜ਼ੋ ਵਿਚ ਇਸ ਤਰ੍ਹਾਂ ਲਿਖਿਆ ਹੈ:

> "ਐਪਰ ਇਹ ਕਿ ਧਾਰਮਿਕ ਪੂਜਾ ਦੇ ਮੰਤਵ ਲਈ ਵਰਤੀ ਜਾਂਦੀ ਸੰਪਤੀ ਅੰਤਰ-ਰਾਜੀ ਪਰਮਿਟ ਤੇ ਚਲ ਰਹੀ ਮੋਟਰ ਗੱਡੀ ਜਾਂ ਅਜਿਹੀ ਗੱਡੀ ਦਾ ਅੰਤਰ-ਰਾਜੀ ਪਰਮਿਟ ਅਤੇ ਹਵਾਈ ਜਹਾਜ਼ ਜਾਂ ਕੋਈ ਅਜਿਹੀ ਚੀਜ਼ ਜੋ ਹਵਾਈ ਜਹਾਜ਼ ਦਾ ਹਿੱਸਾ ਜਾਂ ਹਵਾਈ ਜਹਾਜ਼ ਦੇ ਚਲਣ, ਮੁਰੰਮਤ ਜਾਂ ਦੇਖ ਰੇਖ ਨਾਲ ਸਬੰਧਿਤ ਹੋਵੇ, ਅਧਿਗ੍ਰਹਣ ਨਹੀਂ ਕੀਤੀ ਜਾਵੇਗੀ ।"

ਇਹ ਇਕ ਬਹੁਤ ਵੱਡੀ ਛੋਟ ਹੈ । ਇਹ ਜਿਹੜੇ ਵੱਡੇ ਵੱਡੇ ਮਨਾਪਲਿਸਟਜ਼ ਹਨ, ਕੈਪੀ-ਟਿਲਿਸਟ ਹਨ ਉਨ੍ਹਾਂ ਨੂੰ ਛੋਟਾਂ ਹਨ, । ਇਸ ਬਿੱਲ ਨਾਲ ਛੋਟੇ ਗਰੀਬ ਲੋਕਾਂ ਦੀ ਚੱਲ ਸੰਪਤੀ ਐਕੁਆਇਰ ਕੀਤੀ ਜਾਵੇਗੀ, ਸਰਕਾਰੀ ਕਬਜ਼ੇ ਵਿਚ ਲਈ ਜਾਵੇਗੀ । ਇਸ ਲਈ ਮੈਂ ਚੀਫ ਮਨਿ-ਸਟਰ ਸਾਹਿਬ ਨੂੰ ਕਹਾਂਗਾ ਕਿ ਉਨ੍ਹਾਂ ਨੇ ਇਹ ਜਿਹੜਾ ਬਿੱਲ ਇੰਟਰੋਡਿਊਸ ਕੀਤਾ ਹੈ ਉਹ ਅਸ਼ੋਰੈਂਸ ਦੇਣ ਕਿ ਗਰੀਬ ਲੋਕਾਂ ਦੇ ਹੱਕਾਂ ਦੀ ਰਾਖੀ ਕੀਤੀ ਜਾਵੇਗੀ ਤਾਂ ਮੈਂ ਸਮਝਦਾ ਹਾਂ ਕਿ ਗਰੀਬਾਂ ਨਾਲ ਕੁਝ ਨਿਆਂ ਹੋ ਸਕਦਾ ਹੈ । ਨਹੀਂ ਤਾਂ ਮੈਂ ਸਮਝਦਾ ਹਾਂ ਕਿ ਗਰੀਬ ਲੋਕਾਂ ਦੀ ਚੱਲ ਸੰਪਤੀ ਲਈ ਜਾਵੇਗੀ ਅਤੇ ਉਨ੍ਹਾਂ ਤੇ ਹੋਰ ਅਟੈਕ ਹੋਣਗੇ। ਅਤੇ ਵੱਡੇ ਵੱਡੇ ਸਰਮਾਏਦਾਰ ਲੋਕ, ਮਨਾਪਲਿਸਟ, ਕੈਪੀਟੀਲਿਸਟ ਲੋਕ ਗਰੀਬ ਮਜ਼ਦੂਰਾਂ ਨੂੰ ਹੋਰ ਖ਼ਰਾਬ ਕਰਨਗੇ । ਉਹ ਵੱਡੇ ਵੱਡੇ ਲੋਕ ਸਰਕਾਰ ਨੂੰ ਕਹਿਣਗੇ ਕਿ ਉਨ੍ਹਾਂ ਦੀ ਚੱਲ ਸੰਪਤੀ ਜ਼ਬਤ ਕਰੋ । ਤੁਹਾਨੂੰ ਪਤਾ ਹੋਵੇਗਾ ਕਿ ਹੁਸ਼ਿਆਰਪੁਰ ਵਿਚ ਇਕ ਪਲਾਜ਼ਾ ਫੈਕਟਰੀ ਵਿਚੋਂ ਕੁਝ ਮਜ਼ਦਰ ਕੱਢ ਦਿੱਤੇ ਗਏ। ਉਹ ਇਸ ਲਈ ਕੱਢ ਦਿੱਤੇ ਗਏ ਕਿ ਉਹ ਆਪਣੀਆਂ ਮੰਗਾਂ ਲਈ ਮੂਵਮੈਂਟ ਕਰਦੇ ਸੀ। ਉਨ੍ਹਾਂ ਨੂੰ ਕੱਢ ਦਿਤਾ ਗਿਆ । ਉਨ੍ਹਾਂ ਦੀ ਬਹਾਲੀ ਲਈ, ਆਪਣੀਆਂ ਮੰਗਾਂ ਮੰਨਵਾਉਣ ਲਈ ਜਦ ਉਹ ਮੂਵਮੈਂਟ ਚਲਾ ਰਹੇ ਸਨ ਤਾਂ ਉਨ੍ਹਾਂ ਉਤੇ ਗੁੰਡਿਆਂ ਨੇ ਹਮਲੇ ਕੀਤਾ ਅਤੇ ਕੋਈ 50 ਵਰਕਰ ਗ੍ਰਿਫਤਾਰ ਕੀਤੇ ਗਏ । ਇਹ ਬਿੱਲ ਪਾਸ ਹੋਣ ਨਾਲ ਫਿਰ ਇਹੋ ਜਿਹੇ ਮਿੱਲ ਮਾਲਕ ਸਰਕਾਰ ਨੂੰ ਕਹਿਣਗੇ ਕਿ ਸਾਡੀ ਫੈਕਟਰੀ, ਨੂੰ ਘਾਟਾ ਪੈ ਗਿਆ, ਸਾਡੀ ਜਾਇਦਾਦ ਦਾ ਨੁਕਸਾਨ ਹੋ ਗਿਆ ਹੈ, ਹੜਤਾਲ ਕਾਰਨ ਸਾਡਾ ਨੁਕਸਾਨ ਹੋ ਗਿਆ ਹੈ ਅਤੇ ਇਸ ਤਰ੍ਹਾਂ ਕਰਕੇ ਮਜ਼ਦੂਰਾਂ ਤੇ ਹੋਰ ਹਮਲੇ ਹੋਣਗੇ । ਇਸ ਤਰ੍ਹਾਂ ਮਜ਼ਦੂਰਾਂ ਤੇ ਵਾਰ ਹੋਣਗੇ । ਇਹ ਚੀਜ਼ ਤਾਂ ਇਹ ਕਰ ਰਹੇ ਹਨ ਕਿ ਉਨ੍ਹਾਂ ਗਰੀਬ ਲੋਕਾਂ ਦੀ ਚੱਲ ਜਾਇਦਾਦ ਸਰਕਾਰੀ ਕਬਜ਼ੇ ਵਿਚ ਲਈ ਜਾਵੇ ਪਰ ਜਿਹੜਾ ਗਰੀਬਾਂ ਨੂੰ ਮੁਆਵਜ਼ਾ ਹੈ ਉਹ ਬਹੁਤ ਘੱਟ ਹੈ । ਉਨ੍ਹਾਂ ਨੂੰ ਪੂਰਾ ਪੂਰਾ ਮੁਆਵਜ਼ਾ ਦਿਤਾ ਜਾਵੇ ਅਤੇ ਕੀਮਤ ਵੀ ਪੂਰੀ ਦਿਤੀ ਜਾਵੇ ਨਹੀਂ ਤਾਂ ਜਿਹੜੇ ਗਰੀਬ ਲੋਕ ਹਨ ਹੋਰ ਗਰੀਬ ਹੋ ਜਾਣਗ ਅਤੇ ਅਮੀਰ ਲੋਕ ਹੋਰ ਅਮੀਰ ਹੋ ਜਾਣਗੇ । ਜੇ ਇਹ ਬਿੱਲ ਇਸੇ ਤਰ੍ਹਾਂ ਪਾਸ ਕੀਤਾ ਗਿਆ ਤਾਂ ਅਮੀਰ ਅਤੇ ਗਰੀਬ ਦਾ ਪਾੜਾ ਹੋਰ ਵੱਧ ਜਾਵੇਗਾ ਹਾਲਾਂ ਕਿ ਜਨਤਾ ਪਾਰਟੀ ਕਮਿਟਡ ਹੈ ਕਿ ਅਮੀਰ ਅਤੇ

Original with;
Punjab Vidhan Sabha
Digitized by;
Panjab Digital Library

ਗਰੀਬ ਦਾ ਪਾੜਾ ਘੱਟ ਹੋਵੇਗਾ । ਇਸ ਲਈ, ਡਿਪਟੀ ਸਪੀਕਰ ਸਾਹਿਬ, ਇਸ ਗੱਲ ਨੂੰ ਮੁੱਖ ਰੱਖਦੇ ਹੋਏ ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਗਰੀਬਾਂ ਵੱਲ ਉਚੇਚਾ ਧਿਆਨ ਦਿੱਤਾ ਜਾਵੇ ਅਤੇ ਉਨ੍ਹਾਂ ਦੀ ਜਾਇਦਾਦ ਐਕੁਆਇਰ ਨਹੀਂ ਕੀਤੀ ਜਾਣੀ ਚਾਹੀਦੀ । ਪਰ ਮੈਨੂੰ ਸ਼ੱਕ ਹੈ ਇਸ ਬਿੱਲ ਦੇ ਪਾਸ ਹੋਣ ਨਾਲ ਗਰੀਬ ਜਿਹੜੇ ਆਪਣੇ ਹੱਕਾਂ ਵਾਸਤੇ ਹੜਤਾਲਾਂ ਕਰਦੇ ਹਨ, ਉਨ੍ਹਾਂ ਦੇ ਹੱਕ ਕੁਚਲੇ ਜਾਣਗੇ । ਉਨ੍ਹਾਂ ਦੇ ਹੱਕ ਕੁਚਲਣ ਵਾਸਤੇ ਇਹ ਸਭ ਕੁਝ ਕੀਤਾ ਜਾ ਰਿਹਾ ਹੈ । ਵੱਡੇ ਵੱਡੇ ਆਦਮੀਆਂ ਨੂੰ ਛੋਟਾਂ ਹੋਰ ਦਿਤੀਆਂ ਜਾ ਰਹੀਆਂ ਹਨ ਅਤੇ ਗਰੀਬਾਂ ਦੇ ਹੱਕਾਂ ਤੇ ਛਾਪੇ ਮਾਰੇ ਜਾ ਰਹੇ ਹਨ । ਮੈਂ ਕਹਾਂਗਾ ਕਿ ਗਰੀਬਾਂ ਦੇ ਹੱਕਾਂ ਦੀ ਰਾਖੀ ਕੀਤੀ ਜਾਵੇ। ਇਸ ਬਿੱਲ ਨਾਲ ਵੱਡੇ ਵੱਡੇ ਸਰਮਾਏਦਾਰ ਲੋਕਾਂ ਨੂੰ ਫਾਇਦਾ ਪਹੁੰਚਾਇਆ ਜਾ ਰਿਹਾ ਹੈ, ਉਹ ਲੋਕ ਤਾਂ ਅੱਗੇ ਹੀ ਗਰੀਬਾਂ ਨੂੰ ਲੁੱਟਦੇ ਹਨ, ਇਸ ਲਈ ਇਹ ਬਿੱਲ ਬੇਸਲੈਸ ਹੈ । ਜੇ ਗਰੀਬਾਂ ਦੀ ਕੋਈ ਰੱਖਿਆ ਨਹੀਂ ਕਰਨੀ ਤਾਂ ਇਸ ਬਿੱਲ ਦਾ ਕੋਈ ਮੰਤਵ ਨਹੀਂ ਰਹਿ ਜਾਂਦਾ । ਤੁਹਾਨੂੰ ਇਹ ਕਰਨਾ ਚਾਹੀਦਾ ਹੈ ਕਿ ਜਿਹੜੇ ਵੱਡੇ ਵੱਡੇ ਲੋਕ ਗਰੀਬਾਂ ਦਾ ਹੱਕ ਖੋਂਹਦੇ ਹਨ ਉਨ੍ਹਾਂ ਨੂੰ ਕੋਈ ਰਿਆਇਤ ਨਹੀਂ ਵਧਾਈ ਜਾਵੇਗੀ ਸਗੋਂ ਗਰੀਬ ਲੋਕਾਂ ਨੂੰ ਰਿਆਇਤਾਂ ਦੇਣੀਆਂ ਚਾਹੀਦੀਆਂ ਹਨ ।

10.20 ਸਵੇਰੇ (ਇਸ ਸਮੇਂ ਸਰਦਾਰ ਮਨਮੋਹਨ ਸਿੰਘ ਬਰਾੜ, ਮੈਂਬਰ, ਪੈਨਲ ਆਫ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

ਜਿਨ੍ਹਾਂ ਗਰੀਬ ਲੋਕਾਂ ਦਾ ਜਾਨੀ ਅਤੇ ਮਾਲੀ ਨੁਕਸਾਨ ਹੁੰਦਾ ਹੈ ਉਨ੍ਹਾਂ ਨੂੰ ਰਿਆਇਤਾਂ ਦੇਣੀਆਂ ਚਾਹੀਦੀਆਂ ਹਨ । ਅੱਜ ਜਿਹੜੇ ਗਰੀਬ ਲੋਕ ਮਰ ਰਹੇ ਹਨ ਉਨ੍ਹਾਂ ਨੂੰ ਕੋਈ ਰਾਹਤ ਨਹੀਂ ਮਿਲ ਰਹੀ, ਉਹ ਬਹੁਤ ਔਖੇ ਹਨ । ਇਨ੍ਹਾਂ ਗੱਲਾਂ ਵੱਲ ਉਚੇਚਾ ਧਿਆਨ ਦੇਣ ਦੀ ਲੋੜ ਹੈ। ਜਿਹੜੀਆਂ ਕੁਦਰਤੀ ਆਫਤਾਂ ਆਉਂਦੀਆਂ ਹਨ ਉਨ੍ਹਾਂ ਵੱਲ ਧਿਆਨ ਦੇਣਾ ਚਾਹੀਦਾ ਹੈ ਤਾਂਕਿ ਪੰਜਾਬ ਦੇ ਗਰੀਬ ਲੋਕਾਂ ਦੀ ਰਾਖੀ ਹੋ ਸਕੇ । ਇਨ੍ਹਾਂ ਲਫਜ਼ਾਂ ਨਾਲ, ਚੇਅਰਮੈਨ ਸਾਹਿਬ, ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ ।

**ਸਰਦਾਰ ਦਲੀਪ ਸਿੰਘ ਪਾਂਧੀ** (ਅਮਲੋਹ, ਐਸ. ਸੀ.) : ਚੇਅਰਮੈਨ ਸਾਹਿਬ, ਮੈਂ ਤਾਂ 2 ਮਿੰਟ ਹੀ ਲੈਣੇ ਹਨ ਅਤੇ ਇਕ ਦੋ ਸੁਜੈਸ਼ਨਜ਼ ਹੀ ਦੇਣੀਆਂ ਹਨ । ਜਿਹੜਾ ਪਹਿਲਾਂ ਐਕਟ ਪਾਸ ਕੀਤਾ ਮੈਂ ਉਸ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਪਹਿਲਾਂ ਇਹ ਸੀ ਕਿ ਬੈਂਕ ਕਰਜ਼ਾ ਨਹੀਂ ਸੀ ਦਿੰਦੇ, ਇਹ ਬੜਾ ਅੱਛਾ ਹੈ ਅਤੇ ਇਸ ਦੇ ਪਾਸ ਹੋਣ ਨਾਲ ਜੋ ਐਕਟ ਬਣੇਗਾ ਉਸ ਅਨੁਸਾਰ ਇਹ ਹੋਏਗਾ ਕਿ ਬੈਂਕਸ ਕਰਜ਼ਾ ਵਗੈਰਾ ਦੇਣਗੇ । ਬਾਕੀ ਇਸ ਬਿਲ ਵਿਚ ਇਕ ਟੈਕਨੀਕਲ ਗਲ ਹੈ । ਇਸ ਦੇ ਵਿਚ ਲਿਖਿਆ ਹੈ, ਕਿ ਇਹ 1947 ਦਾ ਐਕਟ ਹੈ ਉਹ ਰਿਪੀਲ ਕਰ ਦਿਤਾ ਗਿਆ ਹੈ ਕਿਉਂਕਿ ਉਸ ਦੇ ਵਿਚ ਕੁਝ ਡਿਫੈਕਟਸ ਸਨ । ਇਸ ਦੇ ਵਿਚ ਇਹ ਪ੍ਰਬੰਧ ਕੀਤਾ ਗਿਆ ਹੈ ਕਿ ਜੋ ਕੋਈ ਸਰਕਾਰ ਨੂੰ ਮੂਵੇਬਲ ਪ੍ਰਾਪਰਟੀ ਦੀ ਲੋੜ ਹੈ ਜਾਂ ਕੋਈ ਵੀਹਕਲ ਦੀ ਲੋੜ ਹੈ ਤਾਂ ਉਸ ਦੇ ਲੈਣ ਲਈ ਪਹਿਲਾ ਦਿੱਕਤ ਹੁੰਦੀ ਸੀ ਅਤੇ ਇਸ ਐਕਟ ਦੇ ਵਿਚ ਕੋਈ ਪ੍ਰੋਵੀਜ਼ਨ ਨਹੀਂ ਸੀ ਕਿ ਸਰਕਾਰ ਲੈ ਸਕਦੀ ਹੈ । ਲੋਕਾਂ ਤੋਂ ਜ਼ਬਰਦਸਤੀ ਟਰੱਕ ਵਗੈਰਾ ਲਏ ਜਾਂਦੇ ਸੀ ਅਤੇ ਉਨ੍ਹਾਂ ਨੂੰ ਕੋਈ ਠੀਕ ਤਰੀਕੇ ਨਾਲ ਕਮਪਨਸੇਸ਼ਨ ਵੀ ਨਹੀਂ ਸੀ ਦਿੱਤਾ ਜਾਂਦਾ । ਜਿਵੇਂ ਪਾਕਿਸਤਾਨ ਨਾਲ ਪਿਛੇ ਜਿਹੇ ਲੜਾਈ ਹੋਈ ਤਾਂ ਲੋਕਾਂ ਦੇ ਟਰੱਕ ਜ਼ਬਰਦਸਤੀ ਲਏ ਗਏ ਅਤੇ ਉਨ੍ਹਾਂ ਲੋਕਾਂ ਨੂੰ ਕਮਪੈਨਸੇਸ਼ਨ ਵੀ ਨਹੀਂ ਦਿੱਤਾ ਗਿਆ । ਹੁਣ ਤਕ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਟਰੱਕਾਂ ਵਾਲੇ ਰੋਂਦੇ ਪਏ ਹਨ। ਲੋਕਾਂ ਨੂੰ ਕੋਈ ਮੁਆਵਜ਼ਾ ਠੀਕ ਢੰਗ ਨਾਲ ਨਹੀਂ ਸੀ ਦਿੱਤਾ ਗਿਆ ਅਤੇ ਜ਼ਬਰਦੱਸਤੀ ਲੋਕਾਂ ਤੋਂ ਵਹੀਕਲਜ਼ ਲਈਆਂ ਸਨ । ਐਸੇ ਹਾਲਾਤ ਵਿਚ ਲੋਕਾਂ ਦੀਆਂ ਵਹੀਕਲਜ਼ ਲਈਆਂ ਗਈਆਂ ਜਿਸ ਦੇ ਨਾਲ ਲੋਕਾਂ ਨੂੰ ਬੜੀਆਂ ਦਿੱਕਤਾਂ ਹੁੰਦੀਆਂ ਸੀ । ਕਈ ਵਾਰੀ ਐਸਾ ਵੀ ਹੋਇਆ ਕਿ ਪਾਕਿਸਤਾਨ ਦੀ ਲੜਾਈ ਦੇ ਦੌਰਾਨ ਜੀ. ਟੀ. ਰੋਡ ਤੋਂ ਲੋਕਾਂ ਦੇ ਟਰੱਕ ਜ਼ਬਰਦਸਤੀ ਰੋਕੇ ਗਏ । ਸੋ ਪਹਿਲਾਂ ਇਸ ਤਰ੍ਹਾਂ ਹੁੰਦਾ ਰਿਹਾ ਹੈ । ਸਰਕਾਰ ਨੇ ਇਹ ਬੜਾ ਅੱਛਾ ਬਿੱਲ ਲਿਆਂਦਾ ਹੈ । ਜਦੋਂ ਸਰਕਾਰ ਨੂੰ ਕੋਈ ਜ਼ਰੂਰਤ ਹੋਵੇਗੀ, ਸਰਕਾਰ ਨੂੰ ਜ਼ਰੂਰੀ ਕੰਮਾਂ ਵਾਸਤੇ ਜਿਸ ਤਰ੍ਹਾਂ ਕਿ ਕਿਧਰੇ ਫਲਡ ਆ ਗਿਆ ਤਾਂ ਉਥੇ ਕੋਈ ਕਿਸ਼ਤੀਆਂ ਦੀ ਜ਼ਰੂਰਤ ਪੈ ਗਈ ਜਾਂ ਕੋਈ ਹੋਰ ਚੀਜ਼ ਦੀ ਜ਼ਰੂਰਤ ਪੈ ਗਈ ਜਾਂ ਫਰਜ਼ ਕੀਤਾ ਸਾਡੇ ਕੋਲ ਹਵਾਈ ਜਹਾਜ਼ ਨਹੀਂ ਹੈ ਕਿਸੇ ਤੋਂ ਏਅਰ ਕਰਾਫਟ ਲੈ ਲੈਂਦੀ ਹੈ ਜਾਂ ਇਸ ਤਰ੍ਹਾਂ ਇਸ ਦੀਆਂ ਹੋਰ ਜ਼ਰੂਰਤਾਂ ਵੇਲੇ ਚੀਜ਼ਾਂ ਲੈਂਦੀ ਹੈ ਤਾਂ ਇਸ ਐਕਟ ਰਾਹੀਂ ਸਰਕਾਰ ਨੂੰ ਇਹ ਜ਼ਰੂਰਤ ਵੇਲੇ ਮੂਵੇਬਲ ਪਰਾਪਰਟੀ ਜਾਂ ਵਹੀਕਲਜ਼ ਜਾਂ ਕੋਈ ਹੋਰ ਚੀਜ਼ ਲੈਣ ਦੀ ਪਾਵਰ ਦੇ ਦਿੱਤੀ ਹੈ। ਮੈਂ ਸਮਝਦਾ ਹਾਂ ਕਿ ਇਹ ਇਕ ਅੱਛਾ ਬਿੱਲ ਹੈ । ਹੁਣ ਇਹ ਨਹੀਂ ਹੋਵੇਗਾ ਪਹਿਲਾਂ ਦੀ ਤਰ੍ਹਾਂ ਕਿ ਕਿਸੇ ਦਾ ਗੱਡਾ ਲੈ ਲਿਆ ਹੈ, ਕਿਸੇ ਦਾ ਬੈਲ ਲੇ ਲਿਆ ਉਸ ਨੂੰ ਕੋਈ ਪੈਸਾ ਕਮਪਨਸੇਸ਼ਨ ਦੇ ਤੌਰ ਤੇ ਨਾ ਦਿਤਾ ਜਾਵੇ। ਇਹ ਸਰਕਾਰ ਨੇ ਬੜੀ ਅੱਛੀ ਗਲ ਕੀਤੀ ਹੈ । ਇਹ ਬਿਲ ਬੜਾ ਅੱਛਾ ਹੈ ਅਤੇ ਇਹ ਸਰਬਸੰਮਤੀ ਨਾਲ ਪਾਸ ਹੋਣਾ ਚਾਹੀਦਾ ਹੈ।

ਇਸ ਦੇ ਨਾਲ, ਚੇਅਰਮੈਨ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਲੋਕਾਂ ਨੂੰ ਕਮ-ਪਨਸੇਸ਼ਨ ਟਾਈਮ ਸਿਰ ਮਿਲੇ ਅੌਰ ਜ਼ਾਇਜ਼ ਮਿਲੇ। ਜੋ ਕਲੈਮਿਟੀ ਹੋਈ ਹੈ ਉਹ ਪਿਛਲੀ ਸਰਕਾਰ ਦੇ ਕੀਤੇ ਕੰਮਾਂ ਕਰਕੇ ਹੋਈ ਹੈ, ਠੀਕ ਢੰਗ ਨਾਲ ਬੰਨ੍ਹ ਨਹੀਂ ਲਗਾਏ ਗਏ ਸੀ ਜਿਸ ਕਾਰਨ ਪੰਜਾਬ ਦਾ ਨੁਕਸਾਨ ਹੋਇਆ ਹੈ। ਪਿਛਲੀ ਸਰਕਾਰ ਵੇਲੇ ਸਰਦਾਰ ਹਰਚੰਦ ਸਿੰਘ ਕਮੇਟੀ ਦੀ ਰਿਪੋਰਟ ਤੇ ਜਿਨ੍ਹਾਂ ਨੂੰ ਅਸਤੀਫੇ ਦੇਣੇ ਪਏ ਉਨ੍ਹਾਂ ਲੋਕਾਂ ਦੀ ਜ਼ਮੀਨ ਬਚਾਉਣ ਲਈ ਬੰਨ੍ਹ ਗਲਤ ਲਗਾ ਦਿੱਤੇ ਜਿਸ ਨਾਲ ਪੰਜਾਬ ਦੀ ਸਰਕਾਰ ਨੂੰ ਮੁਸੀਬਤ ਪਈ ਅਤੇ ਪੰਜਾਬ ਨੂੰ ਬੜਾ ਭਾਰੀ ਨੁਕਸਾਨ ਹੋਇਆ । ਪਿਛਲੀ ਸਰਕਾਰ ਦੇ ਵੇਲੇ ਕੋਈ ਪਲੈਨਿੰਗ ਨਹੀਂ ਸੀ ਹੋਈ, ਜੋ ਕੁਝ ਕੀਤਾ ਗਿਆ ਉਹ ਪਲੈਂਨਡ ਤਰੀਕੇ ਨਾਲ ਨਹੀਂ ਕੀਤਾ ਗਿਆ। ਸੀ. ਐਮ. ਸਾਹਿਬ ਵੀ ਇਕ ਦਿਨ ਦੱਸ ਰਹੇ ਸੀ ਕਿ ਇੰਜੀਨੀਅਰਜ਼ ਨੇ ਕੋਈ ਰਿਜ਼ਰਵਰਜ਼ ਨਹੀਂ ਸੀ ਲਗਾਏ ਜਿਸ ਨਾਲ ਭਾਖੜੇ ਵਿਚ ਸਿਲਟ ਹੋ ਗਈ। ਜੇ ਇਸ ਤਰ੍ਹਾਂ ਕੀਤਾ ਜਾਂਦਾ ਤਾਂ ਫਲਡ ਦਾ ਮਸਲਾ ਘਟ ਸਕਦਾ ਸੀ। ਪਿਛਲੀ ਸਰਕਾਰ ਦਾ ਸਾਰਾ ਅਨਪਲੈਨਡ ਪ੍ਰੋਗਰਾਮ ਸੀ ਬਦਕਿਸਮਤੀ ਨਾਲ ਜੇ ਭਾਖੜਾ ਵੀ ਟੁੱਟ ਜਾਵੇ ਤਾਂ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦਾ ਬਹੁਤ ਜ਼ਿਆਦਾ ਨੁਕਸਾਨ ਹੋ ਸਕਦਾ ਹੈ ਅਤੇ ਬਹੁਤ ਸਾਰੇ ਲੋਕਾਂ ਦਾ ਜਾਨੀ ਨੁਕਸਾਨ ਹੋ ਸਕਦਾ ਹੈ। ਕੋਈ ਮਾਸਟਰ ਪਲੈਨ ਨਹੀਂ ਬਣਾਇਆ ਗਿਆ ਕਿ ਪਾਣੀ ਕਿਵੇਂ ਰੋਕਣਾ ਹੈ ਜਾਂ ਕੀ ਕਰਨਾ ਹੈ। ਇਸ ਲਈ ਮੌਜੂਦਾ ਸਰਕਾਰ ਜੋ ਹੈ ਉਸ ਨੂੰ ਮੈਂ ਰਿਕੁਐਸਟ ਕਰਾਂਗਾ ਅਤੇ ਸੀ. ਐਮ. ਸਾਹਿਬ ਨੂੰ ਚਾਹੀਦਾ ਹੈ ਕਿ ਇਹ ਹੁਣ ਇੰਜੀ-ਨੀਅਰਜ਼ ਤੋਂ ਸਾਰਾ ਸਟੱਡੀ ਕਰਵਾ ਲਿਆ ਜਾਵੇ ਤਾਂ ਕਿ ਅਗੇ ਵਾਸਤੇ ਆਫ਼ਤ ਅਜਿਹੀ ਕੋਈ ਨਾ ਆਵੇ। ਫਿਰ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੀਆਂ ਕੋਈ ਕੁਦਰਤੀ ਆਫ਼ਤਾਂ ਆ ਜਾਂਦੀਆਂ ਹਨ ਜਿਵੇਂ ਕੋਈ ਤੁਫਾਨ ਆ ਜਾਂਦਾ ਹੈ, ਹੰਨ੍ਹੇਰੀ ਆ ਜਾਂਦੀ ਹੈ ਜਾਂ ਕਿਧਰੇ ਗੜ੍ਹੇ ਪੈ ਜਾਂਦੇ ਹਨ ਉਸ ਦੇ ਵਾਸਤੇ ਪਿੰਡਾਂ ਵਿਚ ਲੋਕਾਂ ਨੂੰ ਐਗਰੋ ਇੰਡਸਟਰੀਜ਼ ਦੀ ਤਰਫੋਂ, ਮਾਰਕਫੈਡ ਦੀ ਤਰਫੋਂ ਸ਼ੈਡ ਜਾਂ ਤਰਪਾਲਾਂ ਦੇਣੀਆਂ ਚਾਹੀਦੀਆਂ ਹਨ ਤਾਕਿ ਉਨ੍ਹਾਂ ਨੇ ਜਿਹੜੀ ਕਣਕ ਇਕੱਠੀ ਕਰਕੇ ਰਖੀ ਹੁੰਦੀ ਹੈ ਉਹ ਖ਼ਰਾਬ ਨਾ ਹੋਵੇ ਇਹ ਗਲਾਂ ਬੜੀਆਂ ਜ਼ਰੂਰੀ ਹਨ ਅਤੇ ਇਨ੍ਹਾਂ ਦੇ ਵਲ ਵੀ ਧਿਆਨ ਦੇਣ ਦੀ ਲੋੜ ਹੈ। (ਵਿਘਨ)

Original with;
Punjab Vidhan Sabha
Digitized by;
Panjab Digital Library

ਸੋ, ਅੰਤ ਵਿਚ ਮੈਂ ਇਹੀ ਕਹਾਂਗਾ ਕਿ ਇਸ ਬਿਲ ਦਾ ਮਨਸ਼ਾ ਬੜਾ ਅੱਛਾ ਹੈ ਇਸ ਦੇ ਨਾਲ ਮੂਵੇਬਲ ਪ੍ਰਾਪਰਟੀ ਐਕੁਆਇਰ ਕੀਤੀ ਜਾ ਸਕਦੀ ਹੈ। ਇਸ ਦੀ ਇਮਪਲੀਮੈਂਟੇਸ਼ਨ ਸਖ਼ਤੀ ਨਾਲ ਕਰਵਾਈ ਜਾਵੇ ਅਤੇ ਲੋਕਾਂ ਨੂੰ ਕੰਮਪਨਸੇਸ਼ਨ ਸਹੀ ਤੇ ਵਕਤ ਸਿਰ ਮਿਲੇ ਤਾਂਕਿ ਲੋਕਾਂ ਨਾਲ ਇਨਸਾਫ ਹੋ ਸਕੇ। ਇਸ ਬਿਲ ਨੂੰ ਸਰਬਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ ।

**ਮੁੱਖ ਮੰਤਰੀ** (ਸਰਦਾਰ ਪ੍ਰਕਾਸ਼ ਸਿੰਘ ਬਾਦਲ): ਚੇਅਰਮੈਨ ਸਾਹਿਬ, ਇਹ ਬਿਲ ਜੋ ਸਦਨ ਦੇ ਸਾਹਮਣੇ ਪੇਸ਼ ਹੈ ਇਹ ਬੜਾ ਇਨੋਸੈਂਟ ਜਿਹਾ ਬਿਲ ਹੈ। ਇਹ ਐਕਟ 1947 ਤੋਂ ਚਲ ਰਿਹਾ ਸੀ ਜਿਹੜਾ ਈਸਟ ਪੰਜਾਬ ਰੇਕੁਈਜੀਸ਼ਨਿੰਗ ਐਂਡ ਐਕੁਇਜ਼ੀਸ਼ਨ ਆਫ਼ ਮੂਵੇਬਲ ਪ੍ਰਾਪਰਟੀ ਦਾ ਹੈ, ਲੇਕਿਨ ਹਾਈ ਕੋਰਟ ਵਿਚ ਇਹ ਰੱਦ ਹੋ ਗਿਆ। ਰੱਦ ਇਸ ਕਰਕੇ ਹੋ ਗਿਆ ਕਿ ਇਸ ਦੇ ਵਿਚ 2 ਡਿਫੈਕਟ ਜੱਜਿਜ਼ ਨੇ ਕਹੇ। ਇਕ ਡਿਫੈਕਟ ਤਾਂ ਇਹ ਕਿਹਾ ਕਿ ਪਾਵਰ ਜਿਹੜੀ ਦਿੱਤੀ ਗਈ ਹੈ ਉਹ ਆਰਬਿਟ-ਰੇਰੀ ਹੈ ਔਰ ਉਸ ਦੇ ਵਿਚ ਗਾਈਡ ਲਾਈਨਜ਼ ਵੀ ਨਹੀਂ ਦਿੱਤੀ ਗਈ । ਇਕ ਕਾਰਨ ਤਾਂ ਇਹ ਹੈ ਔਰ ਦੂਸਰਾ ਕਾਰਨ ਇਹ ਸੀ ਰੱਦ ਹੋਣ ਦਾ ਕਿ ਜਿਹੜਾ ਕਮਪੀਟੈਂਟ ਅਫ਼ਸਰ ਹੈ ਉਸ ਦਾ ਰੈਂਕ ਵਗੈਰਾ ਮੁਕੱਰਰ ਨਹੀਂ ਸੀ ਕੀਤਾ ਗਿਆ। ਇਨ੍ਹਾਂ 2 ਗੱਲਾਂ ਦੇ ਕਾਰਨ ਇਹ ਐਕਟ ਜੋ ਬਹੁਤ ਦੇਰ ਦਾ ਚਲ ਰਿਹਾ ਸੀ ਇਸ ਨੂੰ ਬਦਲ ਦਿੱਤਾ ਗਿਆ ਹੈ । ਇਸ ਲਈ ਇਹ ਬੜਾ ਜ਼ਰੂਰੀ ਸੀ ਕਿ ਇਹ ਜੋ ਕਮੀਆਂ ਹਾਈਕੋਰਟ ਨੇ ਸਾਨੂੰ ਦੱਸੀਆਂ ਸੀ ਉਹ ਕਮੀਆਂ ਪੂਰੀਆਂ ਕਰਕੇ ਨਵਾਂ ਬਿਲ ਲਿਆਂਦਾ ਜਾਵੇ ਔਰ ਬਿਲ ਪਾਸ ਹੋਣ ਤੋਂ ਬਾਅਦ ਐਕਟ ਬਣੇ। ਇਹ ਸਰਕਾਰ ਵਾਸਤੇ ਬੜਾ ਜ਼ਰੂਰੀ ਹੈ। ਪਾਵਰ ਲੈਣ ਦਾ ਭਾਵ ਇਹ ਨਹੀਂ ਜਾਂ ਕਿਸੇ ਨੂੰ ਕੋਈ ਖ਼ਦਸ਼ਾ ਹੋਵੇ ਕਿ ਸੁਪਰੀਮ ਹੋਣ ਦੇ ਸਿਲਸਿਲੇ ਵਿਚ ਪਾਵਰਾਂ ਲਈਆਂ ਜਾਂਦੀਆਂ ਹਨ ਜਾਂ ਕਿਸੇ ਗਰੀਬ ਦੀ ਪ੍ਰਾਪਰਟੀ ਲੈਣ ਦਾ ਸਵਾਲ, ਬਿਲਕੁਲ ਇਹ ਮਨਸ਼ਾ ਨਹੀਂ ਹੈ । ਅਕਾਲੀ-ਜਨਤਾ ਪਾਰਟੀ ਦੀ ਜੋ ਸਰਕਾਰ ਹੈ ਉਸ ਦਾ ਹਮੇਸ਼ਾਂ ਇਹੀ ਨਿਸ਼ਾਨਾ ਰਿਹਾ ਹੈ ਕਿ ਗਰੀਬ ਕਿਸਾਨ, ਗਰੀਬ ਮਜ਼ਦੂਰ ਦੀ ਮਦਦ ਕਰਨੀ ਹੈ। ਇਸ ਲਈ ਕਿਸੇ ਨੂੰ ਕੋਈ ਇਹ ਖ਼ਦਸ਼ਾ ਨਹੀਂ ਹੋਣਾ ਚਾਹੀਦਾ ਕਿ ਇਸ ਦਾ ਮੰਤਵ ਕੀ ਹੈ । ਤੁਸੀਂ ਆਪ, ਚੇਅਰਮੈਨ ਸਾਹਿਬ, ਜਾਣਦੇ ਹੋ ਕਿ ਕਈ ਦਫ਼ਾਂ ਸਾਡੀ ਸਟੇਟ ਵਿਚ ਇਹੋ ਜਿਹੇ ਮਸਲੇ ਪੈਦਾ ਹੋਏ ਹਨ ਜਿਹੜੇ ਸੀਰੀਅਸ ਕੰਡੀਸ਼ਨ ਦੇ ਹੁੰਦੇ ਹਨ; ਜਿਸ ਤਰ੍ਹਾਂ ਫਲੱਡਜ਼ ਆ ਗਏ ਜਾਂ ਕੋਈ ਹੋਰ ਇਸ ਤਰ੍ਹਾਂ ਦੀਆਂ ਚੀਜ਼ਾਂ ਹੋ ਗਈਆਂ ਜਿਸ ਦੇ ਨਾਲ ਜਿਹੜੀਆਂ ਜ਼ਰੂਰੀ ਚੀਜ਼ਾਂ ਹੁੰਦੀਆਂ ਹਨ ਜਿਸ ਤਰ੍ਹਾਂ ਵਹੀਕਲਜ਼-ਬਸਾਂ ਜਾਂ ਟਰੱਕਸ ਵਗੈਰਾ-ਦੀ ਲੋੜ ਪੈ ਜਾਂਦੀ ਹੈ ਪਰ ਜੇ ਸਰਕਾਰ ਕੋਲ ਅਜਿਹੀ ਕੋਈ ਪਾਵਰ ਹੀ ਨਾ ਹੋਵੇ ਇਨ੍ਹਾਂ ਚੀਜ਼ਾਂ ਨੂੰ ਲੈਣ ਦੀ ਤਾਂ ਸਰਕਾਰ ਬੇਵਸ ਹੋ ਜਾਂਦੀ ਹੈ। ਇਸ ਲਈ ਇਹ ਪਾਵਰ ਹੋਣੀ ਬੜੀ ਜ਼ਰੂਰੀ ਹੈ। ਇਸੇ ਲਈ ਅਸੀਂ ਇਹ ਪਾਵਰ ਲੈਣ ਦਾ ਫੈਸਲਾ ਕੀਤਾ ਅਤੇ ਜੋ ਲਾਕੂਨਾ ਰਹਿ ਗਿਆ ਉਹ ਦੂਰ ਕਰਨ ਵਾਸਤੇ ਇਹ ਬਿਲ ਲਿਆਂਦਾ ਗਿਆ ਹੈ। ਕੁਝ, ਚੇਅਰਮੈਨ ਸਾਹਿਬ, ਛੋਟਾਂ ਦਿੱਤੀਆਂ ਗਈਆਂ ਹਨ। ਇਸ ਦੇ ਵਿਚ ਦੋ ਛੋਟਾਂ ਦਿੱਤੀਆਂ ਹਨ। ਇਕ ਤਾਂ ਰਿਲੀਜੀਅਸ ਵਰਸ਼ਿਪ ਵਾਸਤੇ ਕਈ ਚੀਜ਼ਾਂ ਜਿਸ ਤਰ੍ਹਾਂ ਕੋਈ ਜੀਪ ਹੈ ਜਾਂ ਟਰੱਕ ਹੈ ਅਗਰ ਕੰਮ ਕਰ ਰਹੀਆਂ ਹਨ ਰਿਲੀਜੀਅਸ ਵਰਕਸ ਤੇ ਤਾਂ ਉਸ ਨੂੰ ਛੋਟ ਦਿੱਤੀ ਗਈ ਹੈ। ਇਹ ਕਿਹਾ ਗਿਆ ਹੈ ਕਿ ਉਸ ਨੂੰ ਐਕੁਆਇਰ ਨਾ ਕੀਤਾ ਜਾਵੇ। ਤੁਸੀ, ਚੇਅਰਮੈਨ ਸਾਹਿਬ, ਜਾਣਦੇ ਹੋ ਕਿ ਇਹੋ ਜਿਹੀਆਂ ਚੀਜ਼ਾਂ ਵਿਚ ਲੋਕ ਕਈ ਵਾਰੀ ਬੜੇ ਸੈਂਟੀਮੈਂਟਲ ਹੋ ਜਾਂਦੇ ਹਨ ਅਤੇ ਲੋਕਾਂ ਦੇ ਮਨਾਂ ਵਿਚ ਕਈ ਤਰ੍ਹਾਂ ਦੇ ਸ਼ੁਭੇ ਪੈਦਾ ਹੋ ਜਾਂਦੇ ਹਨ। ਇਕ ਤਾਂ ਉਹ ਚੀਜ਼ਾਂ ਐਗਜ਼ੈਂਪਟ ਕੀਤੀਆਂ ਗਈਆਂ ਹਨ। ਇਕ ਇਸ ਦੇ ਵਿਚ ਇਹ ਛੋਟ ਕੀਤੀ ਗਈ ਹੈ ਕਿ ਕਈ ਚੀਜ਼ਾਂ ਅਗੇ ਹੀ ਬਹੁਤ ਜ਼ਰੂਰੀ ਸਰਵਿਸ ਵਿਚ ਲਗੀਆਂ ਹੁੰਦੀਆਂ ਹਨ, ਪਹਿਲਾਂ ਹੀ ਇਹ ਚੀਜ਼ਾਂ ਕਈ ਵਾਰੀ ਜ਼ਰੂਰੀ ਸਰਵਿਸ ਵਾਸਤੇ ਐਕੁਆਇਰ ਕੀਤੀਆਂ ਹੁੰਦੀਆਂ ਹਨ ਜਿਸ ਤਰ੍ਹਾਂ ਕਿ ਇੰਟਰ ਸਟੇਟ ਬੱਸਿਜ਼ ਹਨ । ਜਿਹੜੀਆਂ ਅਗੇ ਹੀ ਜ਼ਰੂਰੀ

Original with;
Punjab Vidhan Sabha
Digitized by;
Punjab Digital Library

[ਮੁੱਖ ਮੰਤਰੀ]

ਕੰਮਾਂ ਵਾਸਤੇ ਵਰਤੀਆਂ ਜਾਂਦੀਆਂ ਹਨ ਉਹ ਐਕੁਆਇਰ ਨਹੀਂ ਕੀਤੀਆਂ ਜਾ ਸਕਦੀਆਂ। ਇਸ ਦੇ ਵਿਚ ਇਹ ਵੀ ਛੋਟ ਦਿੱਤੀ ਗਈ ਹੈ। ਇਥੇ ਚੇਅਰਮੈਨ ਸਾਹਿਬ, ਹਵਾਈ ਜਹਾਜ਼ ਦੀ ਗਲ ਕੀਤੀ ਗਈ ਹੈ। ਸਾਡੇ ਪੰਜਾਬ ਵਿਚ ਕੋਈ ਹਵਾਈ ਜਹਾਜ਼ ਪ੍ਰਾਈਵੇਟ ਨਹੀਂ ਹੈ। ਕਾਮਰੇਡ ਸਾਹਿਬ ਨੇ ਪਤਾ ਨਹੀ ਕਿਸ ਤਰ੍ਹਾਂ ਕਹਿ ਦਿੱਤਾ ਹੈ। ਕਾਮਰੇਡ ਸਾਹਿਬ ਨੇ ਇਹ ਵੀ ਫਰਮਾਇਆ ਹੈ ਕਿ ਵਡੇ ਆਦਮੀ ਕਿਉਂ ਮਾਫ਼ ਕੀਤੇ ਜਾਂਦੇ ਹਨ ਜਿਨ੍ਹਾਂ ਦੇ ਹਵਾਈ ਜਹਾਜ਼ ਹਨ। ਹਵਾਈ ਜਹਾਜ਼ ਤਾਂ ਸੈਂਟਰ ਦੀ ਸਰਕਾਰ ਦੀ ਸਰਵਿਸ ਦੇ ਹਨ। ਉਨ੍ਹਾਂ ਦੀ ਕੋਈ ਬਹੁਤੀ ਲੋੜ ਵੀ ਨਹੀਂ ਪੈਂਦੀ। ਅਗਰ ਕੋਈ ਪ੍ਰਾਈਵੇਟ ਹਵਾਈ ਜਹਾਜ਼ ਵੀ ਹੋਵੇ ਤਾਂ ਕੀ ਲੋੜ ਹੈ। ਇਹੋ ਜਿਹੀ ਚੀਜ਼ਾਂ ਦੀ ਛੋਟ ਦਿੱਤੀ ਜਾ ਸਕਦੀ ਹੈ। (ਵਿਘਨ) ਇਕ ਇਥੇ ਪਾਂਧੀ ਸਾਹਿਬ ਨੇ, ਚੇਅਰਮੈਨ ਸਾਹਿਬ, ਖ਼ਦਸ਼ਾ ਜ਼ਾਹਰ ਕੀਤਾ ਹੈ ਕਿ ਕਮਪੇਨਸੇਸ਼ਨ ਪੂਰੀ ਮਿਲਣੀ ਚਾਹੀਦੀ ਹੈ। ਮੈ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਨਿਰੀ ਕਮਪੇਨਸੇਸ਼ਨ ਹੀ ਨਹੀਂ ਮਿਲੇਗੀ ਬਲਕਿ ਇਹ ਵੀ ਕਰ ਦਿੱਤਾ ਹੈ ਕਿ ਫਲਾਂ ਤਾਰੀਖ ਤਕ ਅਗਰ ਕੰਮਪੈਨਸੇਸ਼ਨ ਨਾ ਦਿੱਤੀ ਜਾਵੇ ਤਾਂ ਸਰਕਾਰ ਨੂੰ ਉਸ ਵਿਚ ਸੂਦ ਵੀ ਦੇਣਾ ਪਵੇਗਾ। ਮੈਂ ਸਮਝਦਾ ਹਾਂ ਕਿ ਇਹ ਬੜਾ ਸਿੰਪਲ ਜਿਹਾ ਬਿਲ ਹੈ ਅਤੇ ਮੈਨੂੰ ਬਹੁਤਾ ਵਿਸਥਾਰ ਵਿਚ ਦੱਸਣ ਦੀ ਲੋੜ ਨਹੀਂ। ਇਸ ਲਈ ਮੈਂ ਆਸ ਕਰਦਾ ਹਾਂ ਕਿ ਇਹ ਬਿਲ ਪਾਸ ਕੀਤਾ ਜਾਵੇਗਾ।

**Mr. Chairman :** Question is—

> That the Punjab Requisitioning and Acqusition of Moveable Property Bill be taken into consideration at once.

*The motion was carried unanimously.*

**Mr. Chairman :** Now the House will proceed to consider the Bill clause by clause.

If the House agrees, all the clauses of the Bill be put to the vote of the House together.

(*Voices* : *Yes, yes.*)

**Sub-clause (2) of Clause 1, Clauses 2, 3, 4, 5, 6, 7, 8, 9, 10, 11, 12, 13, 14, 15, 16, 17, 18 and Sub-clause (1) of Clause 1.**

**Mr. Chairman :** Question is—

> That sub-clause (2) of clause 1, clauses 2, 3, 4, 5, 6, 7, 8, 9, 10, 11, 12 13, 14, 15, 16, 17, 18 and Sub-Clause (1) of Clause 1, stand part of the Bill.

*The motion was carried unanimously.*

## TITLE

**Mr. Chairman :** Question is—

> That Title be the Title of the Bill.

*The motion was carried unanimously.*

**Chief Minister (Sardar Parkash Singh Badal) :** Sir, I beg to move—

> That the Punjab Requisitioning and Acquisition of Moveable Property Bill be passed.

**Mr. Chairman :** Motion moved—

> That the Punjab Requisitioning and Acquisition of Moveable Property Bill be passed.

Original with;
Punjab Vidhan Sabha
Digitized by;
Panjab Digital Library

**Mr. Chairman :** Question is—

That the Punjab Requisitioning and Acquisition of Moveable Property Bill be passed.

*The motion was carried unanimously.*

## THE PUNJAB PANCHAYAT SAMITIS AND ZILA PARISHADS (TEMPORARY SUPERSESSION) BILL, 1978.

**Development Minister (Sardar Atma Singh) :** Sir, I beg to introduce the Punjab Panchayat Samitis and Zila Parishads (Temporary Supersession) Bill.

Sir, I also beg to move—

That the Punjab Panchayat Samitis and Zila Parishads (Temporary Supersession) Bill be taken into consideration at once.

**Mr. Chairman :** Motion moved—

That the Punjab Panchayat Samitis and Zila Parishads (Temporary Supersession) Bill be taken into consideration at once.

**ਕਾਮਰੇਡ ਸਰਵਣ ਸਿੰਘ ਚੀਮਾ** (ਨੂਰ ਮਹਿਲ): ਚੇਅਰਮੈਨ ਸਾਹਿਬ, ਇਹ ਠੀਕ ਹੈ ਕਿ ਪਿਛਲੀਆਂ ਜਿਹੜੀਆਂ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ ਸਨ ਉਹ ਤੋੜ ਦਿੱਤੀਆਂ ਗਈਆਂ ਹਨ, ਪਰ ਇਸ ਬਿਲ ਵਿਚ ਇਹ ਕਿਤੇ ਨਹੀਂ ਕਿ ਉਨ੍ਹਾਂ ਦੀਆਂ ਨਵੀਆਂ ਚੋਣਾ ਕਦੋਂ ਹੋਣਗੀਆਂ। ਇਹ ਚੰਗਾ ਹੁੰਦਾ ਜੇ ਇਹ ਚੀਜ਼ ਇਸ ਬਿਲ ਵਿਚ ਹੁੰਦੀ ਕਿ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਕਦੋਂ ਕਰਵਾਈਆਂ ਜਾਣਗੀਆਂ। ਜੋ ਝਲਕ ਪੈਂਦੀ ਹੈ ਉਹ ਇਹ ਹੈ ਕਿ ਇਹ ਚੋਣਾਂ ਬਹੁਤ ਦੂਰ ਲਿਜਾਈਆਂ ਜਾਣਗੀਆਂ। ਇਸ ਤੋਂ ਇਲਾਵਾ ਆਇਆ ਪੰਚਾਇਤ ਸੰਮਤੀਆਂ ਜਿਹੜੀਆਂ ਹਨ ਉਨ੍ਹਾਂ ਦੀਆਂ ਚੋਣਾ ਕਰਵਾਉਣੀਆਂ ਹਨ ਜਾਂ ਨਹੀਂ, ਇਹ ਨਹੀਂ ਦਸਿਆ ਗਿਆ। ਜੋ ਸਮਝ ਪੈ ਰਹੀ ਹੈ ਉਹ ਇਹ ਹੈ ਕਿ ਪੰਚਾਇਤ ਸੰਮਤੀਆਂ ਦੀਆਂ ਚੋਣਾਂ ਨਹੀਂ ਹੋਣਗੀਆਂ। ਚੰਗਾ ਹੁੰਦਾ ਜੇਕਰ ਇਸੇ ਬਿਲ ਵਿਚ ਹੀ ਦਰਜ ਹੁੰਦਾ ਕਿ ਚੋਣਾ ਹੋਣਗੀਆਂ ਔਰ ਫਲਾਂ ਮਹੀਨੇ ਵਿਚ ਹੋਣਗੀਆਂ। ਔਰ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾ ਕਿਹੜੇ ਢੰਗ ਨਾਲ ਹੋਣਗੀਆਂ, ਕਿਨੇ ਮੈਂਬਰ ਪੰਚਾਂ ਸਰਪੰਚਾਂ ਵਿਚੋਂ ਚੁਣੇ ਜਾਣਗੇ। ਇਹ ਚੀਜ਼ ਬਿਲ ਵਿਚ ਨਹੀਂ ਬਲਕਿ ਪਿਛਲੇ ਅਦਾਰੇ ਖ਼ਤਮ ਕਰ ਦਿਤੇ ਗਏ ਹਨ, ਸੰਮਤੀਆਂ ਵੀ ਖ਼ਤਮ ਕਰ ਦਿਤੀਆਂ ਗਈਆਂ ਹਨ ਇਹ ਤਰੀਕਾ ਠੀਕ ਨਹੀਂ। ਇਹ ਜਿਹੜਾ ਇਸ ਤਰ੍ਹਾਂ ਬਿਲ ਲਿਆਂਦਾ ਗਿਆ ਹੈ ਇਹ ਗੈਰ ਜਮਹੂਰੀ ਹੈ। ਇਥੇ ਇਸ ਤਰ੍ਹਾਂ ਦਾ ਬਿਲ ਲਿਆਣਾ ਚਾਹੀਦਾ ਹੈ ਕਿ ਜਿਸ ਅਨੁਸਾਰ ਠੀਕ ਢੰਗ ਨਾਲ ਜ਼ਿਲ੍ਹਾ ਪ੍ਰੀਸ਼ਦਜ਼ ਅਤੇ ਸੰਮਤੀਆਂ ਦੀਆਂ ਚੋਣਾਂ ਹੋ ਸਕਣ। ਇੰਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਸਰਦਾਰ ਬਲਦੇਵ ਸਿੰਘ ਖਿਆਲਾ** (ਜੋਗਾ): ਚੇਅਰਮੈਨ ਸਾਹਿਬ, ਇਹ ਜਿਹੜਾ ਬਿਲ ਲਿਆਂਦਾ ਹੈ ਇਹ ਇਸ ਲਈ ਲਿਆਂਦਾ ਹੈ ਕਿਉਂਕਿ ਜਿਹੜੀ ਪਿਛਲੇ ਸਮੇਂ ਦੀ ਕਾਂਗਰਸ ਦੀ ਸਰਕਾਰ ਸੀ ਉਸ ਨੇ ਜਿਹੜੀਆਂ ਸੰਮਤੀਆਂ ਦੀਆਂ ਚੋਣਾ ਕਰਵਾਈਆਂ ਸਨ ਉਹ ਗੈਰ ਜਮਹੂਰੀ ਢੰਗ ਨਾਲ ਕਰਵਾਈਆਂ ਸਨ। ਗਿਆਨੀ ਜੀ ਨੇ ਇਕ ਨਵਾਂ ਤਰੀਕਾ ਕਢਿਆ ਸੀ ਕਿ ਇਕ ਕਾਰੀਗਰਾਂ ਦਾ ਨੁਮਾਇੰਦਾ ਚਾਹੀਦਾ ਹੈ ਔਰ ਉਸ ਦੇ ਲਈ ਸੰਮਤੀਆਂ ਨੂੰ ਅਧਿਕਾਰ ਦਿਤੇ ਗਏ ਨਾਮੀਨੇਟ ਕਰਨ ਦੇ। ਜਿਥੇ ਸਰਕਾਰੀ ਧੜੇ ਦਾ ਬੰਦਾ ਹਾਰ ਗਿਆ ਉਥੇ ਸਰਕਾਰ ਨੇ ਕੋਸ਼ਿਸ਼ ਕੀਤੀ ਕਿ ਕਿਸ ਤਰੀਕੇ ਨਾਲ ਬੰਦੇ ਤੋੜੇ ਜਾਣ, ਜੇਕਰ ਤੋੜ ਨਹੀਂ ਸਕੇ ਤਾਂ ਪੁਲੀਸ ਦੀ ਧਾੜ ਨੂੰ ਵਰਤ ਕੇ ਬਹੁਤ ਸਾਰੇ ਬੰਦਿਆਂ ਨੂੰ ਚੁਕਾਇਆ ਗਿਆ ਅਤੇ ਆਪਣੇ ਬੰਦੇ ਚੇਅਰਮੈਨ ਲਗਾਏ। ਕਿਸੇ ਇਕ ਵੀ ਆਪੋਜ਼ੀਸ਼ਨ ਦੇ ਮੈਂਬਰ ਨੂੰ ਅਗੇ ਨਹੀਂ ਆਉਣ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਦੇਵ ਸਿੰਘ ਖਿਆਲਾ]

ਦਿਤਾ ਗਿਆ । ਇਸ ਦੇ ਨਾਲ ਜਮਹੂਰੀਅਤ ਨੂੰ ਠੇਸ ਪਹੁੰਚੀ । ਹੁਣ ਬਦਲੇ ਹੋਏ ਸਮੇਂ ਦੀ ਸਰਕਾਰ ਆਈ। ਸਮੇਂ ਦੀ ਸਰਕਾਰ ਦਾ ਫ਼ਰਜ਼ ਬਣਦਾ ਸੀ ਕਿ ਧੱਕੇ ਨਾਲ ਬਣਾਈਆਂ ਗਈਆਂ ਸੰਮਤੀਆਂ ਆਦਿ ਨੂੰ ਤੁਰਤ ਹਟਾਇਆ ਜਾਏ ਔਰ ਜਮਹੂਰੀ ਢੰਗ ਨਾਲ ਚੋਣਾਂ ਕਰਵਾਈਆਂ ਜਾਣ। ਜਮਹੂਰੀ ਢੰਗ ਨਾਲ ਪੰਚਾਇਤਾਂ ਦੀਆਂ ਚੋਣਾਂ ਕਰਵਾਈਆਂ ਗਈਆਂ ਔਰ ਜਨਤਾ ਨੇ ਉਨ੍ਹਾਂ ਨੂੰ ਹਾਰ ਦਿੱਤੀ। ਇਸ ਲਈ ਜਿਹੜੇ ਲੋਕ ਸਰਕਾਰ ਦੇ ਜ਼ੋਰ ਤੇ ਕੁਰਸੀਆਂ ਤੇ ਬੈਠੇ ਸੀ ਸੰਮਤੀਆਂ ਤੇ ਉਨ੍ਹਾਂ ਨੂੰ ਤੁਰਤ ਹਟਾਇਆ ਜਾਏ। ਚੋਣ ਤੋਂ ਬਾਅਦ ਦਾ ਜਿਹੜਾ ਇਕ ਸਾਲ ਦਾ ਸਮਾਂ ਪਿਆ, ਉਸ ਵਿਚ ਉਨ੍ਹਾਂ ਨੇ ਮੁਲਾਜ਼ਮਾਂ ਨਾਲ ਬੜੇ ਧਕੇ ਕੀਤੇ। ਜਿਹੜੇ ਲੋਕਾਂ ਨੇ ਸਰਕਾਰ ਦੇ ਪੱਖ ਵਿਚ ਵੋਟਾਂ ਪਾਈਆਂ ਸਨ ਉਨ੍ਹਾਂ ਨੂੰ ਤੰਗ ਕੀਤਾ ਗਿਆ। ਉਨ੍ਹਾਂ ਮੁਲਾਜ਼ਮਾਂ ਨੂੰ ਸਵੇਰੇ ਨੋਟਿਸ ਦੇ ਦਿੰਦੇ ਸੀ ਅਤੇ ਹੇਰਾ ਫੇਰੀ ਕਰਕੇ ਸ਼ਾਮ ਨੂੰ ਵਾਪਸ ਲੈ ਲੈਂਦੇ ਸੀ। ਇਸ ਲਈ ਇਹ ਜ਼ਰੂਰੀ ਸੀ ਕਿ ਉਨ੍ਹਾਂ ਨੂੰ ਤੋੜ ਕੇ ਨਵੀਆਂ ਚੋਣਾਂ ਦਾ ਪ੍ਰਬੰਧ ਕੀਤਾ ਜਾਂਦਾ । ਕਾਂਗਰਸ ਸਰਕਾਰ ਸੰਮਤੀਆਂ ਦੀਆਂ ਚੋਣਾਂ ਕਰਾਕੇ ਸਿਰਫ਼ ਆਪਣਾ ਫੈਲਾਓ ਕਰ ਰਹੀ ਸੀ ਕਿ ਕਿਸੇ ਨਾ ਕਿਸੇ ਤਰੀਕੇ ਨਾਲ ਆਪਣੇ ਨੁਮਾਇੰਦੇ ਅਗੇ ਲਿਆਏ ਜਾਣ। ਮੈਂ ਕਹਿੰਦਾ ਹਾਂ ਕਿ ਪੰਚਾਇਤਾਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦਾ ਆਪਸ ਵਿਚ ਤਾਲ ਮੇਲ ਹੋਣਾ ਚਾਹੀਦਾ ਹੈ । ਜ਼ਿਲ੍ਹਾ ਪ੍ਰੀਸ਼ਦਾਂ ਨੂੰ ਬਹੁਤ ਵੱਧ ਅਧਿਕਾਰ ਹਨ। ਜਿਹੜੇ ਫੰਡਜ਼ ਹਨ ਉਹ ਪੰਚਾਇਤਾਂ ਨੂੰ ਸਿਧੇ ਆ ਜਾਣ ਤਾਕਿ ਪਿੰਡਾਂ ਵਿਚ ਵੱਧ ਤਰਕੀ ਦੇ ਕੰਮ ਹੋ ਸਕਣ, ਪਿੰਡਾਂ ਦਾ ਵਿਕਾਸ ਹੋ ਸਕੇ। ਇਸ ਲਈ ਮੈਂ ਮਨਿਸਟਰ ਸਾਹਿਬ ਨੂੰ ਚੋਣਾਂ ਛੇਤੀ ਕਰਾਉਣ ਵਾਸਤੇ ਬੇਨਤੀ ਕਰਾਂਗਾ ਕਿ ਉਹ ਵਿਸ਼ਵਾਸ ਦਿਲਾਉਣ ਕਿ 6 ਮਹੀਨੇ ਦੇ ਅੰਦਰ ਅੰਦਰ ਚੋਣਾਂ ਕਰਵਾ ਦਿਤੀਆਂ ਜਾਣਗੀਆਂ। ਮੈਂ ਇਹ ਵੀ ਬੇਨਤੀ ਕਰਾਂਗਾ ਕਿ ਬਲਾਕ ਸੰਮਤੀਆਂ ਤੋੜ ਕੇ ਜ਼ਿਲ੍ਹਾ ਪ੍ਰੀਸ਼ਦਾਂ ਦਾ ਸਿਧਾ ਸਬੰਧ ਪਿੰਡਾਂ ਦੀਆਂ ਪੰਚਾਇਤਾਂ ਨਾਲ ਕੀਤਾ ਜਾਏ ਤਾਂ ਕਿ ਪਿੰਡਾਂ ਦੀ ਤਰੱਕੀ ਜ਼ਿਆਦਾ ਹੋ ਸਕੇ ।

**ਡਾਕਟਰ ਸਾਧੂ ਰਾਮ** (ਫਗਵਾੜਾ, ਐਸ. ਸੀ.): ਚੇਅਰਮੈਨ ਸਾਹਿਬ, ਜਿਹੜਾ ਬਿਲ ਇਹ ਅਜ ਮੰਤਰੀ ਜੀ ਨੇ ਲਿਆਂਦਾ ਹੈ, ਮੈਂ ਸਮਝਦਾ ਹਾਂ ਕਿ ਇਸ ਤੋਂ ਸੁਚੱਜਾ ਬਿਲ ਹੋਰ ਨਹੀਂ ਹੋ ਸਕਦਾ ਕਿਉਂਕਿ ਅੱਜ ਤੋਂ ਪਹਿਲਾਂ ਜਦੋਂ ਕਾਂਗਰਸ ਦਾ ਰਾਜ ਸੀ ਤਾਂ ਪਹਿਲਾਂ ਤਾਂ ਉਨ੍ਹਾਂ ਨੇ ਆਪੋਜ਼ੀਸ਼ਨ ਦੇ ਮੈਂਬਰਾਂ ਨੂੰ ਸੰਮਤੀਆਂ ਦਾ ਮੈਂਬਰ ਹੀ ਬਣਨ ਨਹੀਂ ਦਿਤਾ। ਜੇ ਕੋਈ ਬਣ ਗਿਆ ਤਾਂ ਬੀ. ਡੀ. ਓ ਨੂੰ ਕਹਿ ਦਿਤਾ ਕਿ ਇਨ੍ਹਾਂ ਦੀ ਕਾਰਵਾਈ ਚੁਕ ਲਿਆਓ, ਰਜਿਸਟਰ ਚੁਕ ਲਿਆਓ, ਉਨ੍ਹਾਂ ਦੇ ਖਿਲਾਫ਼ ਕਾਰਵਾਈ ਕਰੋ, ਉਨ੍ਹਾਂ ਨੂੰ ਸਸਪੈਂਡ ਕਰੋ, ਉਨ੍ਹਾਂ ਤੇ ਜਾਲੀ ਕੇਸ ਬਣਾਓ। ਆਪਣੇ ਚੇਅਰਮੈਨ ਬਣਾਏ ਗਏ ਅਤੇ ਮਨਮਾਨੀਆਂ ਕੀਤੀਆਂ ਗਈਆਂ। ਚੰਦੇ ਇਕਠੇ ਕਰਕੇ ਦਿੱਲੀ ਦੀ ਸਰਕਾਰ ਤਕ ਪਹੁੰਚਦੇ ਰਹੇ। ਦਿੱਲੀ ਸਰਕਾਰ ਦੇ ਕੁਝ ਨੁਮਾਇੰਦੇ ਜਿਵੇਂ ਕਿ ਪ੍ਰਾਈਮ ਮਨਿਸਟਰ ਦਾ ਲੜਕਾ ਸੀ, ਉਸ ਦੀਆਂ ਚਪਲਾਂ ਖਰੀਦਣ ਵਾਸਤੇ ਖਰਚ ਹੁੰਦੇ ਰਹੇ। ਅੱਜ ਕੱਲ ਜਿਹੜਾ ਜਨਤਾ-ਅਕਾਲੀ ਸਰਕਾਰ ਨੇ ਕੀਤਾ ਹੈ, ਇਹ ਬੜਾ ਚੰਗਾ ਅਤੇ ਅਗਾਂਹ ਵਧੂ ਕਦਮ ਹੈ। ਇਹ ਕਾਂਗਰਸ ਵਾਲੇ ਜ਼ੋਰ ਲਾਉਂਦੇ ਸੀ ਕਿ ਸਰਪੰਚਾਂ ਦੀਆਂ ਡਾਇਰੈਕਟ ਚੋਣਾਂ ਹੋਣ। ਇਨ੍ਹਾਂ ਨੇ ਜ਼ਿਲ੍ਹੇਵਾਰ ਧਰਨੇ ਮਾਰੇ, ਤਹਿਸੀਲਵਾਰ ਧਰਨੇ ਮਾਰੇ, ਹਰੀਜਨਾਂ ਦਾ ਪਰਚਾਰ ਕੀਤਾ ਕਿ ਹਰੀਜਨ ਆਉਂਦੇ ਨਹੀਂ। ਅੱਜ ਤੁਹਾਡੇ ਸਾਹਮਣੇ ਹੈ ਕਿ ਇਨ੍ਹਾਂ ਇਲੈਕਸ਼ਨਾਂ ਵਿਚ ਹਰੀਜਨ ਪੰਚ ਬਣ ਕੇ ਅਗੇ ਨਾਲੋਂ ਤਿਗਣੇ ਆਏ। ਮੇਰੇ ਹਲਕੇ ਵਿਚ ਅਗੇ 10 ਸਰਪੰਚ ਹੁੰਦੇ ਸੀ ਹੁਣ 30 ਬਣੇ ਹਨ ਅਤੇ 23 ਯੂਨਾਨੀਮਸਲੀ ਚੁਣੇ ਗਏ ਹਨ । ਜਿਹੜਾ ਇਹ ਜਨਤਾ-ਅਕਾਲੀ ਸਰਕਾਰ ਨੇ ਸੋਚਿਆ ਹੈ ਇਹ ਬਹੁਤ ਵਡਾ ਸ਼ਲਾਘਾਯੋਗ ਕਦਮ ਹੈ, ਇਸ ਕਦਮ ਨੂੰ ਭੁਲਣਾ ਨਹੀਂ ਚਾਹੀਦਾ। ਇਸ ਤਰ੍ਹਾਂ ਪਹਿਲਾਂ ਜਿਹੜੇ ਸੰਮਤੀਆਂ ਦੇ ਮੈਂਬਰ ਚੁਣ ਕੇ ਗਏ ਸੀ ਉਨ੍ਹਾਂ ਵਿਚੋਂ ਜ਼ਿਲ੍ਹਾ ਪ੍ਰੀਸ਼ਦਾਂ ਵਿਚ ਜਦੋਂ ਮੈਂਬਰ ਚੁਣ ਕੇ ਜਾਣੇ ਸੀ ਤਾਂ ਉਨ੍ਹਾਂ ਨੂੰ ਵੋਟਾਂ ਦਾ ਹੱਕ ਨਹੀਂ ਸੀ, ਹੱਥ ਖੜੇ ਕਰਨ ਦਾ ਹੱਕ ਨਹੀਂ ਸੀ। ਜਿਹੜੇ ਮੈਂਬਰ ਖਦਰਪੋਸ਼ ਸਨ ਉਹ ਆਪ ਹੀ ਜ਼ਿਲ੍ਹਾ

Original with;
Punjab Vidhan Sabha
Digitized by;
Panjab Digital Library

ਪ੍ਰੀਸ਼ਦਾਂ ਵਿਚ ਭੇਜ ਦਿਤੇ। ਇਹੀ ਨਹੀਂ ਜਿਹੜੀਆਂ ਲੇਡੀਜ਼ ਸਨ ਉਨ੍ਹਾਂ ਨੂੰ ਕੋਆਪਟ ਕੀਤਾ ਗਿਆ ਔਰ ਉਹ ਉਨ੍ਹਾਂ ਵਿਚੋਂ ਸਨ ਜਿਨ੍ਹਾਂ ਨੂੰ ਕੁਝ ਪਤਾ ਹੀ ਨਹੀਂ ਸੀ ਕਿਸੇ ਗਲ ਦਾ। ਹਰੀਜਨਾਂ ਨੂੰ ਬਿਲਕੁਲ ਨਹੀਂ ਲਿਆ ਗਿਆ। ਉਦੋਂ ਐਸੀ ਬੇਇਨਸਾਫ਼ੀ ਕੀਤੀ ਅਸੀਂ ਵੇਖਿਆ ਕਿ 4-4 ਬੰਦੇ ਬਲਾਕਾਂ ਵਿਚੋਂ ਲੈ ਕੇ 16 ਬਣ ਗਏ ਅਤੇ 4 ਹਰੀਜਨ ਅਤੇ 4 ਔਰਤਾਂ ਨਾਮੀਨੇਟ ਕਰ ਲਈਆਂ, 24 ਹੋ ਗਏ। ਜਿਸ ਨੂੰ ਪੁਰਾਣੀ ਸਰਕਾਰ ਨੇ ਚਾਹਿਆ ਉਸ ਨੂੰ ਜ਼ਿਲ੍ਹਾ ਪ੍ਰੀਸ਼ਦ ਦਾ ਚੇਅਰਮੈਨ ਬਣਾ ਦਿਤਾ ਔਰ ਉਹ ਸਨ 10 ਨੰਬਰ ਦੇ ਬਦਮਾਸ਼, ਜਾਂ ਜਿਹੜੇ ਅਫ਼ੀਮ ਵੇਚਦੇ ਫੜੇ ਗਏ ਸਨ, ਸਮਗਲਿੰਗ ਕਰਦੇ ਸਨ। ਉਥੇ ਗਰੀਬਾਂ ਨੂੰ ਕੌਣ ਪੁੱਛਦਾ, ਹਰੀਜਨਾਂ ਨੂੰ ਕੌਣ ਪੁੱਛਦਾ ? ਮੈਂ ਕਹਿੰਦਾ ਹਾਂ ਕਿ ਜੋ ਕੁਝ ਇਸ ਸਰਕਾਰ ਨੇ ਕੀਤਾ ਹੈ ਹਰੀਜਨਾਂ ਦੇ ਨੁਮਾਇੰਦੇ 10 ਤੋਂ 30 ਹੋ ਗਏ। ਇਸੇ ਤਰ੍ਹਾਂ ਮੈਨੂੰ ਆਸ ਹੈ ਕਿ ਜ਼ਿਲ੍ਹਾ ਪ੍ਰੀਸ਼ਦਾਂ ਵਿਚ ਵੀ ਇਸ ਤਰ੍ਹਾਂ ਹਰੀਜਨਾਂ ਨਾਲ ਇਨਸਾਫ਼ ਕੀਤਾ ਜਾਵੇਗਾ। ਜਿਹੜੇ ਜ਼ਿਲ੍ਹਾ ਪ੍ਰੀਸ਼ਦਾਂ ਵਿਚ ਅਫ਼ਸਰ ਹਨ ਐਸ. ਡੀ. ਓ., ਬੀ. ਡੀ. ਓ. ਅਤੇ ਦੂਸਰੇ ਜਿਹੜੇ ਹਨ ਉਨ੍ਹਾਂ ਨੇ ਧਾਂਦਲੀ ਮਚਾ ਦਿਤੀ ਸੀ। ਸਰਪੰਚਾਂ ਨੇ ਪਿੰਡ ਦੇ ਬਕਰੇ, ਮੁਰਗੇ ਆਦਿ ਸਭ ਉਨ੍ਹਾਂ ਦੇ ਹਵਾਲੇ ਕਰ ਦਿਤੇ ਸੀ। ਉਹ ਸਾਰੇ ਹਰ ਕਿਸਮ ਦੀ ਕੁਰੱਪਸ਼ਨ ਕਰਦੇ ਰਹੇ। ਉਨ੍ਹਾਂ ਦੇ ਢਿੱਡ ਇਤਨੇ ਵੱਡੇ ਸੀ ਕਿ ਇਕ ਵਾਰੀ ਜਦੋਂ ਸਰਦਾਰ ਲਛਮਣ ਸਿੰਘ ਗਿਲ ਦੀ ਸਰਕਾਰ ਸੀ ਤਾਂ ਉਸ ਨੇ ਕਿਹਾ ਸੀ ਓਏ ਕਾਂਗਰਸੀਓ ! ਤੁਹਾਡੇ ਢਿੱਡ ਵਿਚ ਸੀਮਿੰਟ, ਗਾਰਡਰ, ਸਰੀਏ ਹਨ' ਤੁਸੀਂ ਸਭ ਕੁਝ ਲੁਟ ਕੇ ਖਾ ਗਏ। ਹੁਣ ਕਹਿੰਦੇ ਹੋ ਕਿ ਸਾਨੂੰ ਏਅਰ ਕੰਡੀਸ਼ਨਜ਼ ਕੋਠੀਆਂ ਚਾਹੀਦੀਆਂ ਹਨ, ਉਸ ਨੇ ਕਿਹਾ ਵਜ਼ੀਰੀਆਂ ਤੁਸੀਂ ਸੰਭਾਲ ਲਓ, ਵਜ਼ੀਰ ਤੁਸੀਂ ਰਹੋ, ਲੇਕਿਨ ਸਾਡੇ ਬੱਚੇ ਉਥੇ ਜ਼ਰੂਰ ਰਹਿਣਗੇ। ਮੈਂ ਸਮਝਦਾ ਹਾਂ ਕਿ ਐਨੇ ਮਾੜੇ ਲਫ਼ਜ਼ ਚੁਣੇ ਸਨ (ਵਿਘਨ)। ਇਹੋ ਜਿਹੀ ਸਰਕਾਰ ਰਹਿੰਦੀ ਕਿਥੇ ਹੈ? ਉਨ੍ਹਾਂ ਦੇ ਤਾਂ ਪੈਰ ਹੀ ਨਹੀਂ ਲਗਣੇ। ਜਿਹੜਾ ਹੁਣ ਦੀ ਸਰਕਾਰ ਨੇ ਇਹ ਕਦਮ ਚੁੱਕਿਆ ਹੈ ਇਹ ਬਹੁਤ ਸ਼ਲਾਘਾਯੋਗ ਹੈ। ਇਸ ਨਾਲ ਹਰੀਜਨ ਤਬਕਾ ਕੁਝ ਅੱਗੇ ਆਇਆ ਹੈ। ਇਹ ਜਿਥੇ ਗਏ ਹਨ, ਹਰੀਜਨਾਂ ਦੇ ਘਰ, ਬਾਲਮੀਕੀਆਂ ਦੇ ਘਰ, ਅਸੀਂ ਦੀਦਾ ਦਾਨਿਸ਼ਤਾ ਸਬੂਤ ਦੇ ਸਕਦੇ ਹਾਂ ਕਿ ਉਨ੍ਹਾਂ ਨੇ ਇਨ੍ਹਾਂ ਨੂੰ ਕਿਹਾ ਕਿ ਤੁਸੀਂ ਸਾਡੇ ਨਾਲ 30 ਸਾਲ ਬੁਰਾ ਕੀਤਾ ਹੈ। ਤੁਸੀਂ, ਇਥੋਂ ਜਾਓ। ਹੁਣ ਜੋ ਸਾਡੇ ਜ਼ਿਮੀਂਦਾਰ ਭਰਾ ਜਾਂ ਜੱਟ ਭਰਾ ਕਹਿਣਗੇ ਉਹੀ ਅਸੀਂ ਕਰਾਂਗੇ। ਲੇਕਿਨ ਜਟ ਨੂੰ ਵੀ ਹੁਣ ਪਤਾ ਹੈ ਕਿ ਜੋ ਇਹ ਕਹਿਣਗੇ ਉਹੀ ਹੋਵੇਗਾ। ਅੱਜ ਚਮਾਰ ਪਿੰਡਾਂ ਵਿੱਚ ਸਰਪੰਚ ਬਣੇ ਹਨ। ਕਈ ਹਰੀਜਨ ਔਰਤਾਂ, ਲੇਡੀ ਮੈਂਬਰਜ਼ ਸਰਪੰਚ ਬਣੀਆਂ ਹਨ।

**ਮਾਸਟਰ ਚੰਦ ਸਿੰਘ** : ਚੇਅਰਮੈਨ ਸਾਹਿਬ, ਮੇਰੇ ਆਨਰੇਬਲ ਦੋਸਤ ਨੇ ਲਫ਼ਜ਼ ਚਮਾਰ ਕਿਹਾ ਹੈ। ਇਹ ਲਫ਼ਜ਼ ਅਨਪਾਰਲੀਮੈਂਟਰੀ ਹੈ।

**ਡਾਕਟਰ ਸਾਧੂ ਰਾਮ** : ਚੇਅਰਮੈਨ ਸਾਹਿਬ, ਮੈਂ ਆਪ ਚਮਾਰ ਹਾਂ। ਚੇਅਰਮੈਨ ਸਾਹਿਬ, ਜਿਥੇ ਸਾਨੂੰ ਸੁਪਨਾ ਵੀ ਨਹੀਂ ਸੀ, ਉਥੇ ਵੀ ਹਰੀਜਨ ਦੁਗਣੇ, ਤਿੱਗਣੇ ਚੁਣ ਕੇ ਆਏ ਹਨ। ਵਜ਼ੀਰ ਸਾਹਿਬ ਨੇ ਇਹ ਜਿਹੜਾ ਬਿਲ ਪੇਸ਼ ਕੀਤਾ ਹੈ, ਇਹ ਇੱਕ ਨਵਾਂ ਰਸਤਾ ਲਭਿਆ ਹੈ ਤਾਂ ਕਿ ਇਨ੍ਹਾਂ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਵਿੱਚ ਵੀ ਸਾਨੂੰ ਇਨਸਾਫ਼ ਮਿਲੇ।

**ਸਰਦਾਰ ਗਰਧਾਰਾ ਸਿੰਘ** (ਫਿਰੋਜ਼ਪੁਰ) : ਚੇਅਰਮੈਨ ਸਾਹਿਬ, ਇਹ ਬਿਲ ਜਿਹੜਾ ਸਰਦਾਰ ਆਤਮਾ ਸਿੰਘ ਨੇ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੇ ਮੁਤੱਲਕ ਲਿਆਂਦਾ ਹੈ, ਉਸ ਸਬੰਧ ਵਿੱਚ ਚੰਦ ਗੱਲਾਂ ਮੈਂ ਦਸਣੀਆਂ ਚਾਹੁੰਦਾ ਹਾਂ। ਇਸ ਬਿਲ ਦੇ ਵਿਚ ਇਨ੍ਹਾਂ ਨੇ ਇਹ ਦਸਿਆ ਹੈ ਕਿ ਜਿਹੜੇ ਪਹਿਲੇ ਮੈਂਬਰ ਚੁਣੇ ਗਏ ਸਨ, ਉਹ ਸਹੀ ਨੁਮਾਇੰਦਗੀ ਨਹੀਂ ਕਰਦੇ ਸਨ। ਹੁਣ ਉਹ ਕੁਝ ਕੁਆਲੀ-ਫਿਕੇਸ਼ਨਾਂ ਵੀ ਜ਼ਾਇਆ ਕਰ ਬੈਠੇ ਸਨ। ਜਿਸ ਦਾ ਵੱਡਾ ਸਬੂਤ ਇਹ ਨਜ਼ਰ ਆਉਂਦਾ ਹੈ। ਮੈਂ ਵੇਖਿਆ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਧਾਰਾ ਸਿੰਘ]

ਹੈ ਕਿ ਪਹਿਲਾਂ ਜਿਹੜੇ ਮੈਂਬਰ ਨੂੰ ਸਰਕਾਰ ਚਾਹੁੰਦੀ ਸੀ ਉਹ ਉਥੋਂ ਦਾ ਚੇਅਰਮੈਨ ਬਣ ਜਾਂਦਾ ਸੀ। ਇਹ ਜਿਹੜੇ ਇਥੇ ਕਹਿੰਦੇ ਸੀ ਕਿ ਅਸੀਂ ਹਰੀਜਨਾਂ ਦੀ ਨੁਮਾਇੰਦਗੀ ਕਰਦੇ ਹਾਂ ਅਤੇ ਇਨ੍ਹਾਂ ਪੰਚਾਇਤਾਂ ਦੀਆਂ ਚੋਣਾਂ ਵਿੱਚ ਇਹ ਨਹੀਂ ਆਉਣਗੇ ਅੱਜ ਇਹ ਵੇਖ ਲੈਣ। ਉਨ੍ਹਾਂ ਦੀ ਤਾਦਾਦ ਹੁਣ ਕਈ ਗੁਣਾਂ ਜ਼ਿਆਦਾ ਆ ਗਈ ਹੈ। ਪਹਿਲਾਂ ਪੰਚਾਇਤਾਂ ਵਿੱਚ ਲੇਡੀ ਮੈਂਬਰ ਨਹੀਂ ਹੁੰਦੀਆਂ ਸਨ। ਹੁਣ ਬਹੁਤ ਜ਼ਿਆਦਾ ਆ ਗਈਆਂ ਹਨ। ਇਸ ਵਾਸਤੇ ਹੀ ਸਾਡੀ ਸਰਕਾਰ ਨੇ ਸਮਝਿਆ ਕਿ ਮੌਜੂਦਾ ਜ਼ਿਲ੍ਹਾ ਪ੍ਰੀਸ਼ਦਾਂ ਅਤੇ ਪੰਚਾਇਤ ਸੰਮਤੀਆਂ ਵਿੱਚ ਹਰੀਜਨਾਂ ਨੂੰ ਨੁਮਾਇੰਦਗੀ ਹੀ ਨਹੀਂ ਮਿਲ ਰਹੀ। ਇਸ ਵਾਸਤੇ ਨਵੀਆਂ ਪੰਚਾਇਤਾਂ ਦੀਆਂ ਚੋਣਾਂ ਤੋਂ ਬਾਅਦ, ਇਨ੍ਹਾਂ ਦੀਆਂ ਚੋਣਾਂ ਹੋਣੀਆਂ ਵੀ ਬਹੁਤ ਜ਼ਰੂਰੀ ਹਨ। ਮੇਰੇ ਦੋਸਤ ਕਾਮਰੇਡ ਚੀਮਾ ਸਾਹਿਬ ਨੇ ਕਿਹਾ ਸੀ ਕਿ ਬਾਕੀ ਬਿਲ ਤਾਂ ਸਾਰਾ ਮੈਨੂੰ ਮਨਜ਼ੂਰ ਹੈ ਪਰ ਮੈਨੂੰ ਸ਼ਕ ਇਹ ਹੈ ਕਿ ਚੋਣਾਂ ਜਲਦੀ ਨਹੀਂ ਹੋਣੀਆਂ। ਇਹ ਜਲਦੀ ਹੋਣੀਆਂ ਚਾਹੀਦੀਆਂ ਹਨ। ਮੈਂ ਬਿਲ ਵਿੱਚ ਵੇਖਿਆ ਹੈ, ਇਹ ਲਿਖਿਆ ਹੋਇਆ ਹੈ ਕਿ ਇੱਕ ਸਾਲ ਦੇ ਵਿੱਚ ਵਿੱਚ ਚੋਣਾਂ ਕਰਵਾਵਾਂਗੇ। ਜਿਥੇ ਪੰਚਾਇਤਾਂ ਦੀਆਂ ਚੋਣਾਂ ਸਰਕਾਰ ਨੇ ਕਰਵਾ ਲਈਆਂ ਹਨ ਉਥੇ ਇਨ੍ਹਾਂ ਦੀਆਂ ਚੋਣਾਂ ਹੋਣ ਵਿੱਚ ਵੀ ਦੇਰ ਨਹੀਂ ਹੋਵੇਗੀ। ਵਜ਼ੀਰ ਸਾਹਿਬ ਨੇ ਵੀ ਵਾਅਦਾ ਕੀਤਾ ਹੈ। ਇਸ ਬਿਲ ਦੇ ਵਿੱਚ ਇੱਕ ਵੱਡੀ ਖਾਮੀ ਸੀ ਜੋ ਮੈਂ ਸਰਦਾਰ ਆਤਮਾ ਸਿੰਘ ਨੂੰ ਦਸਣਾ ਚਾਹੁੰਦਾ ਹਾਂ। ਪੰਚਾਇਤਾਂ ਤੋਂ ਬਾਅਦ ਇੱਕ ਦਰਮਿਆਨਾ ਤਬਕਾ ਆਉਂਦਾ ਹੈ, ਬੀ. ਡੀ. ਓ. ਦਾ ਮਹਿਕਮਾ। ਉਹ ਲੁੱਟ ਕੇ ਪੰਚਾਇਤਾਂ ਨੂੰ ਖਾ ਗਏ। ਜੱਟਾਂ ਦੇ ਵਿੱਚ ਪਾਰਟੀ-ਬਾਜ਼ੀ ਬਣਾ ਦਿੱਤੀ। ਪੰਚਾਇਤਾਂ ਕੁਰੱਪਟ ਬਣਾ ਦਿੱਤੀਆਂ। ਪਿੰਡ ਦੇ ਸਰਪੰਚ ਨਾਲ ਮਿਲ ਕੇ ਕਈ ਕਈ ਸਾਲ ਕਮੇਟੀ ਦੀ ਮੀਟਿੰਗ ਹੀ ਨਹੀਂ ਹੋਣ ਦਿੱਤੀ। ਇੱਕ ਇੱਕ ਪੰਚਾਇਤ ਵਿੱਚ ਅੱਜ 80-90 ਹਜ਼ਾਰ ਰੁਪਏ ਦਾ ਗ਼ਬਨ ਹੋਇਆ ਹੈ। ਮੈਂ ਤਿੰਨ ਸਾਲ ਤੋਂ ਕੋਸ਼ਿਸ਼ ਕਰ ਰਿਹਾ ਹਾਂ ਕਿ ਕਿਸੇ ਪੰਚਾਇਤ ਦਾ ਗਬਨ ਲੱਭੇ। ਪਰ ਉਸਦੀ ਇਨਕੁਆਇਰੀ ਹੀ ਸਿਰੇ ਨਹੀਂ ਚੜ੍ਹਨ ਦਿੰਦੇ। ਨਵੀਆਂ ਪੰਚਾਇਤਾਂ ਵਿੱਚ ਗ਼ਬਨ ਨਹੀਂ ਹੋਣਗੇ। ਜ਼ਿਲ੍ਹਾ ਪ੍ਰੀਸ਼ਦਾਂ ਅਤੇ ਪੰਚਾਇਤਾਂ ਦਾ ਸਿੱਧਾ ਸਬੰਧ ਹੋਵੇਗਾ। ਵਿਚੋਲੇ ਨਿਕਲ ਜਾਣਗੇ। ਜਿਸ ਤਰ੍ਹਾਂ ਇੱਕ ਜੱਟ ਸਾਰਾ ਸਾਲ ਮਿਹਨਤ ਕਰਦਾ ਹੈ ਅਤੇ ਫਿਰ ਆਪਣੀ ਫਸਲ ਲੈ ਕੇ ਬਾਜ਼ਾਰ ਵਿੱਚ ਜਾਂਦਾ ਹੈ ਅਤੇ ਦੁਕਾਨਦਾਰ ਆਪਣੀ ਦੁਕਾਨ ਵਿੱਚ ਪੱਖੇ ਥੱਲੇ ਬੈਠਾ ਹੁੰਦਾ ਹੈ ਅਤੇ ਉਹ ਉਨ੍ਹਾਂ ਦੀ ਜਿਣਸ ਖਰੀਦ ਕੇ ਵੇਚਦਾ ਹੈ। ਵਿਚੋਂ ਕਮਿਸ਼ਨ ਲੈਂਦਾ ਹੈ। ਉਸ ਨੂੰ ਦਲਾਲ ਕਹਿੰਦੇ ਹਨ। ਇਸੇ ਤਰ੍ਹਾਂ ਬੀ. ਡੀ. ਓ. ਦਾ ਮਹਿਕਮਾ ਵੀ ਇੱਕ ਦਲਾਲ ਵਾਲਾ ਕੰਮ ਕਰਦਾ ਸੀ। ਇਹ ਪੰਚਾਇਤਾਂ, ਜ਼ਿਲ੍ਹਾ ਪ੍ਰੀਸ਼ਦਾਂ ਅਤੇ ਲੋਕਾਂ ਦੇ ਵਿੱਚ ਆਉਂਦਾ ਸੀ। ਇਸ ਵਾਸਤੇ ਇਸ ਨੂੰ ਬੰਦ ਕਰ ਦਿਓ। ਜਿਹੜੀਆਂ ਉਨ੍ਹਾਂ ਨੂੰ ਜੀਪਾਂ ਦਿੱਤੀਆਂ ਹੋਈਆਂ ਹਨ ਉਨ੍ਹਾਂ ਵਿਚੋਂ ਸਵੇਰੇ ਹੀ ਉਹ ਆਪਣਾ ਟੱਬਰ ਬਿਠਾ ਕੇ ਪਿੰਡਾਂ ਵਿੱਚ ਚਲੇ ਜਾਂਦੇ ਹਨ। ਉਥੇ ਸ਼ਰਾਬਾਂ ਚਲਦੀਆਂ ਹਨ। ਮੀਟ ਉਹ ਛੱਕਦੇ ਹਨ। ਪੈਸੇ ਵੀ ਸ਼ਾਮ ਨੂੰ ਜੇਬ ਵਿੱਚ ਆਪਣੇ ਆਪ ਉਨ੍ਹਾਂ ਦੇ ਆ ਜਾਂਦੇ ਸਨ। ਇਸ ਤਰ੍ਹਾਂ ਲੁੱਟ ਖਸੁੱਟ ਚਲਦੀ ਹੈ ਪੈਸੇ ਬੀ. ਡੀ. ਓ. ਖਾ ਜਾਂਦਾ ਹੈ ਪਰ ਵਾਰੰਟ ਸਰਪੰਚ ਦੇ ਨਿਕਲਦੇ ਹਨ।

ਚੇਅਰਮੈਨ ਸਾਹਿਬ, ਇੱਕ ਪਿੰਡ ਦੀ ਆਬਾਦੀ ਅਗਰ 100 ਬੰਦਿਆਂ ਦੀ ਹੈ ਤਾਂ ਪੰਚਾਇਤ ਬਣ ਜਾਂਦੀ ਹੈ। ਪਰ ਜੇ ਕਿਸੇ ਪਿੰਡ ਵਿੱਚ ਆਬਾਦੀ ਵੱਧ ਵੀ ਜਾਂਦੀ ਹੈ ਅਤੇ ਦੋ ਢਾਈ ਹਜ਼ਾਰ ਵੀ ਬਣ ਜਾਂਦੀ ਹੈ ਤਾਂ ਜਿਥੇ 100 ਬੰਦਿਆਂ ਮਗਰ ਇੱਕ ਬੰਦਾ ਪੰਚ ਬਣਦਾ ਹੈ ਉਥੇ ਢਾਈ ਹਜ਼ਾਰ ਮਗਰ ਵੀ ਇੱਕ ਹੀ ਬਣਦਾ ਹੈ। ਇਹ ਜਿਹੜੀ ਹੱਦਬਸਤ ਕੀਤੀ ਗਈ ਹੈ, ਠੀਕ ਨਹੀਂ। ਇਸ ਤਰ੍ਹਾਂ ਇੱਕ ਆਦਮੀ ਦੀ ਬਜਾਏ 10 ਆਦਮੀਆਂ ਨੂੰ ਹੱਕ ਮਿਲ ਜਾਵੇਗਾ।

ਬਾਕੀ, ਚੇਅਰਮੈਨ ਸਾਹਿਬ, ਫਲੱਡ ਦੀ ਵਜ੍ਹਾ ਨਾਲ ਜਿਨ੍ਹਾਂ ਪਿੰਡਾਂ ਵਿੱਚ ਚੋਣਾਂ ਨਹੀਂ ਹੋਈਆਂ ਸਨ, ਉਨ੍ਹਾਂ ਨੂੰ ਵੀ ਹੱਕ ਦਿਓ ਤਾਂ ਕਿ ਉਨ੍ਹਾਂ ਲੋਕਾਂ ਨੂੰ ਵੀ ਆਪਣਾ ਹੱਕ ਮਿਲ ਸਕੇ। ਬਾਕੀ ਜਿਹੜਾ

Original with;
Punjab Vidhan Sabha
Digitized by;
Panjab Digital Library

ਬੀ. ਡੀ. ਓ. ਦਾ ਮਹਿਕਮਾ ਹੈ ਇਹ ਠੀਕ ਨਹੀਂ। ਅਗਰ ਐਗਰੀਕਲਚਰ ਦੇ ਮਹਿਕਮੇ ਕੋਲ ਇਹ ਸਾਰੇ ਕੰਮ ਦਿੱਤੇ ਜਾਣ ਤਾਂ ਉਹ ਪਿੰਡਾਂ ਵਿੱਚ ਜੱਟ ਦੀ ਬੜੀ ਮੱਦਦ ਕਰ ਸਕਦਾ ਹੈ। ਅੰਨ ਦੀ ਪ੍ਰੋਡਕਸ਼ਨ ਵੱਧ ਸਕਦੀ ਹੈ। ਇਸ ਤਰੀਕੇ ਨਾਲ ਲੋਕਾਂ ਨੂੰ ਵੀ ਪੂਰਾ ਸਹਿਯੋਗ ਮਿਲ ਸਕੇਗਾ। ਇੱਕ ਅਫਸਰ ਹੀ ਇਸ ਕੰਮ ਲਈ ਕਾਫੀ ਹੈ। (ਘੰਟੀ) ਇਹ ਜਿਹੜਾ ਬਿਲ ਲਿਆਂਦਾ ਹੈ ਇਸ ਨਾਲ ਜੱਟਾਂ ਦਾ ਫਾਇਦਾ ਹੋਵੇਗਾ, ਪਾਰਟੀ-ਬਾਜ਼ੀਆਂ ਖ਼ਤਮ ਹੋਣਗੀਆਂ। ਕੁਝ ਮੇਰੇ ਵੀਰਾਂ ਨੇ ਕਿਹਾ ਹੈ ਕਿ ਹੱਕ ਪੂਰਾ ਨਹੀਂ ਮਿਲਿਆ, ਪੰਚਾਇਤਾਂ ਦੀਆਂ ਚੋਣਾਂ ਤੋਂ ਬਾਅਦ ਕੁਝ ਰੰਗਤ ਸਾਹਮਣੇ ਆਈ ਹੈ। ਬਲਾਕ ਸੰਮਤੀਆਂ ਦੀਆਂ ਚੋਣਾਂ ਤੋਂ ਬਾਅਦ ਇਹ ਰੰਗ ਹੋਰ ਵੀ ਵੱਧ ਸਕਦਾ ਹੈ। ਲੋਕ ਹੁਣ ਇਹ ਚਾਹੁੰਦੇ ਹਨ ਕਿ ਬਲਾਕ ਸੰਮਤੀਆਂ ਦੀਆਂ ਨਵੀਆਂ ਚੋਣਾਂ ਹੋਣ। ਉਨ੍ਹਾਂ ਦਾ ਮਨ ਇਸ ਲਈ ਤਿਆਰ ਹੋ ਗਿਆ ਹੈ। ਵਿਚੋਲੇ ਦੇ ਮਹਿਕਮੇ, ਬੀ. ਡੀ. ਓ. ਦੇ ਮਹਿਕਮੇ, ਨੂੰ ਬੰਦ ਕਰ ਦਿਓ। ਚੋਣਾਂ ਕਰਾ ਦਿਓ। ਇਸ ਨਾਲ ਲੋਕ ਰਾਜ਼ੀ ਹੋਣਗੇ। ਇਨ੍ਹਾਂ ਲਫਜ਼ਾਂ ਨਾਲ ਮੈਂ ਇਹ ਬਿਲ ਲਿਆਉਣ ਤੇ ਮਨਿਸਟਰ ਸਾਹਿਬ ਨੂੰ ਵਧਾਈ ਦਿੰਦਾ ਹਾਂ।

**ਡਾਕਟਰ ਭਗਤ ਸਿੰਘ** (ਕਰਤਾਰਪੁਰ, ਐਸ. ਸੀ.): ਚੇਅਰਮੈਨ ਸਾਹਿਬ, ਇਹ ਜੋ ਬਿਲ ਮਨਿਸਟਰ ਸਾਹਿਬ ਨੇ ਲਿਆਂਦਾ ਹੈ, ਇਹ ਵਾਕਈ ਹੀ ਬਹੁਤ ਅੱਛਾ ਹੈ। ਬਹੁਤ ਸਾਰੇ ਮੈਂਬਰ ਹਰੀਜਨਾ ਦੇ ਨਵੀਆਂ ਪੰਚਾਇਤਾਂ ਵਿੱਚ ਆਏ ਹਨ। ਜਿਹੜੇ ਬਲਾਕ ਸੰਮਤੀਆਂ ਦੇ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੇ ਮੈਂਬਰ ਹਨ, ਇਹ ਇਸ ਐਕਟ ਦੇ ਅਨੁਸਾਰ ਜਿਹੜੀਆਂ ਕੁਆਲੀਫਿਕੇਸ਼ਨਜ਼ ਉਨ੍ਹਾਂ ਲਈ ਰਖੀਆਂ ਹਨ, ਉਹ ਖੋਹ ਚੁੱਕੇ ਹਨ ਅਤੇ ਨਾਜਾਇਜ਼ ਤੌਰ ਤੇ ਮੈਂਬਰ ਰਹੇ। ਇਹ ਕਾਨੂੰਨੀ ਤੌਰ ਤੇ ਵੀ ਜਾਇਜ਼ ਨਹੀਂ ਅਤੇ ਇਖਲਾਕੀ ਤੌਰ ਤੇ ਵੀ ਠੀਕ ਨਹੀਂ। ਇਸ ਵਾਸਤੇ ਜੋ ਬਿਲ ਲਿਆਂਦਾ ਗਿਆ ਹੈ ਇਹ ਬਿਲਕੁਲ ਠੀਕ ਹੈ। ਮੈਂ ਇਸ ਦੀ ਸਰਾਹਣਾ ਕਰਦਾ ਹਾਂ। ਪੰਚਾਇਤਾਂ ਦੀਆਂ ਜਿਹੜੀਆਂ ਚੋਣਾਂ ਹੋਈਆਂ ਹਨ, ਇਸ ਲਈ ਮੈਂ ਅੱਗੇ ਵੀ ਅਤੇ ਹੁਣ ਵੀ ਆਪਣੀ ਗੌਰਮਿੰਟ ਅਤੇ ਖ਼ਾਸ ਕਰਕੇ ਪੰਚਾਇਤਾਂ ਦੇ ਵਜ਼ੀਰ ਸਾਹਿਬ, ਬਾਬੂ ਆਤਮਾ ਸਿੰਘ ਜੀ ਨੂੰ ਆਪ ਦੇ ਰਾਹੀਂ ਵਧਾਈ ਦਿੰਦਾ ਹਾਂ। ਇਨ੍ਹਾਂ ਚੋਣਾਂ ਵਿੱਚ ਬੜੀ ਇਮਾਨਦਾਰੀ ਨਾਲ ਸਰਕਾਰ ਨੇ ਆਪਣਾ ਪਾਰਟ ਪਲੇ ਕੀਤਾ। ਸ਼੍ਰੋਮਣੀ ਅਕਾਲੀ ਦਲ ਨੇ ਪਾਰਟੀ ਲੈਵਲ ਤੇ ਇਹ ਫੈਸਲਾ ਕੀਤਾ ਸੀ ਕਿ ਅਸੀਂ ਚੋਣਾਂ ਵਿੱਚ ਦਖਲ ਨਹੀਂ ਦੇਣਾ, ਪੰਜਾਬ ਦਾ ਮਾਹੌਲ ਅੱਛਾ ਰਹੇ। ਪਿੰਡਾਂ ਵਿੱਚ ਯੂਨਿਟੀ ਹੋਣੀ ਚਾਹੀਦੀ ਹੈ ਕਿਉਂਕਿ ਪਿੰਡਾਂ ਵਿੱਚ ਮੁਖਤਲਿਫ ਤਬਕਿਆਂ ਦੇ ਲੋਕ ਵਸਦੇ ਹਨ ਉਹ ਭਾਈਚਾਰੇ ਨਾਲ ਰਹਿਣ। ਇਨ੍ਹਾਂ ਸਾਲਾਂ ਵਿੱਚ ਇਤਨੀ ਦੌਲਤ ਪੈਦਾ ਕਰਨ ਦੇ ਬਾਵਜੂਦ ਵੀ ਉਹ ਲੋਕ ਗਰੀਬ ਹਨ। ਉਨ੍ਹਾਂ ਦੇ ਸਿਰ ਕਰਜ਼ਾ ਹੈ। ਇਸ ਕਰਜ਼ੇ ਦੇ ਕਾਰਣ ਉਨ੍ਹਾਂ ਵਿੱਚ ਡਿਸਯੂਨਿਟੀ ਸੀ, ਜਿਹੜੀ ਕਿ ਪਿਛਲੀ ਸਰਕਾਰ ਨੇ ਪਾਈ ਹੋਈ ਸੀ। ਉਹ ਇਹ ਡਿਸਯੂਨਿਟੀ ਦੂਰ ਕਰਕੇ ਆਪਣੇ ਕਰਜ਼ੇ ਵੀ ਚੁਕਾ ਲੈਣਗੇ। ਸਹੀ ਮੰਤਵ ਤਾਂ ਇਹ ਸੀ ਕਿ ਲੋਕਾਂ ਦੀ ਕਮਿਊਨਿਟੀ ਨੂੰ ਇਕੱਠਾ ਕਰਕੇ ਪਿੰਡ ਦੀ ਨਵੇਂ ਸਿਰੇ ਤੋਂ ਉਸਾਰੀ ਕਰਕੇ ਅਸੀਂ ਪੰਜਾਬ ਦਾ ਅਤੇ ਆਪਣੇ ਦੇਸ਼ ਦਾ ਭਲਾ ਕਰ ਸਕਦੇ ਹਾਂ। ਪੰਜਾਬ ਦੇ ਕਿਸਾਨ ਨੇ, ਪੰਜਾਬ ਦੇ ਪੇਂਡੂ ਲੋਕਾਂ ਨੇ ਹਿੰਦੁਸਤਾਨ ਦੀ ਸਰਕਾਰ ਉਤੋਂ ਅਨਾਜ ਦਾ ਕਰਜ਼ਾ ਲਾਹਿਆ ਔਰ ਭੁੱਖੇ ਮਰਦੇ ਪੇਟਾਂ ਵਿਚ ਰਾਸ਼ਨ ਪਾਇਆ। ਪਰ, ਚੇਅਰਮੈਨ ਸਾਹਿਬ, ਬੜੇ ਹੀ ਅਫਸੋਸ ਦੀ ਗੱਲ ਹੈ ਕਿ ਦਿੱਲੀ ਦੀ ਸਰਕਾਰ ਨੇ ਫਿਰ ਵੀ ਇਨ੍ਹਾਂ ਨਾਲ ਵਿਤਕਰਾ ਕੀਤਾ ਹੈ। ਪੇਂਡੂ ਜੱਟ ਨਾਲ ਵਿੱਤਕਰਾ ਕੀਤਾ ਹੈ। ਜੱਟ ਤੋਂ ਮੇਰਾ ਮਕਸਦ ਕੋਈ ਜ਼ਾਤ ਪਾਤ ਤੋਂ ਨਹੀਂ ਹੈ, ਮੇਰੀ ਮੁਰਾਦ ਹੈ ਉਹ ਲੋਕ ਜਿਹੜੇ ਖੇਤੀ ਕਰਦੇ ਹਨ। ਉਨ੍ਹਾਂ ਲੋਕਾਂ ਦੀ ਹਾਲਤ ਨੂੰ ਸੁਧਾਰਨ ਲਈ ਇਮਾਨਦਾਰੀ ਨਾਲ ਕੋਈ ਉਪਰਾਲਾ ਨਹੀਂ ਕੀਤਾ। ਹੁਣ ਸਾਬਕਾ ਮਨਿਸਟਰ ਚਰਨ ਸਿੰਘ ਹੋਰਾਂ ਨੇ ਐਗਜ਼ੈਕਟਿਵ ਕਮੇਟੀ ਦੀਆਂ ਆਪਣੀ ਪਾਰਟੀ ਦੀ ਮੀਟਿੰਗ ਜੋ ਹੋਈ, ਉਸ ਵਿਚ ਪਾਲਿਸੀ ਮੈਟਰ ਤੇ ਪੇਪਰ ਸਬਮਿੱਟ ਕੀਤਾ ਹੈ। ਉਥੇ ਦੀ ਸਰਕਾਰ ਦੇ ਬਾਰੇ ਵੀ ਮੈਂ ਕਹਾਂਗਾ ਕਿ ਉਥੇ ਵੀ ਜਿਹੜੀ ਕਲਾਸ ਵਿਚੋਂ ਲਿਆਂਦੀ ਨੁਮਾਇੰਦਗੀ ਕਰਦੀ ਹੈ, ਉਸ ਦੀ ਬਹੁ-ਸੰਮਤੀ ਹੈ। ਇਸ ਵਾਸਤੇ

Original with;
Punjab Vidhan Sabha
Digitized by;
Panjab Digital Library

[ਡਾਕਟਰ ਭਗਤ ਸਿੰਘ]
ਹੀ ਜੋ ਚੀਜ਼ ਕਿਸਾਨ ਦੀ ਇਕਨਾਮਿਕ ਬੇਹਤਰੀ ਵਾਸਤੇ ਸੀ, ਉਸ ਦੀ ਬੇਟਰਮੈਂਟ ਵਾਸਤੇ ਸੀ ਉਹ ਵੀ ਪਾਸ ਨਹੀਂ ਹੋ ਸਕੀ। ਇਹ ਬੜੇ ਹੀ ਦੁੱਖ ਦੀ ਗੱਲ ਹੈ। ਮੈਂ ਆਪਣੀ ਗੌਰਮਿੰਟ ਨੂੰ ਕਹਾਂਗਾ ਕਿ ਇਹ ਸਟੈਪ ਪ੍ਰੋਗਰੈਸਿਵ ਹੈ। ਮਗਰ ਇਕ ਗੱਲ ਕਹਾਂਗਾ, ਕਿ ਪੰਚਾਇਤਾਂ ਬਣ ਗਈਆਂ, ਸੰਮਤੀਆਂ ਟੁਟ ਗਈਆਂ, ਜ਼ਿਲ੍ਹਾ ਪ੍ਰੀਸ਼ਦਾਂ ਟੁਟ ਗਈਆਂ ਤਾਂ ਫਿਰ ਬਾਕੀ ਰਿਹਾ ਕੀ? ਸਰਕਾਰ ਰਹਿ ਗਈ। ਇਸ ਬਿੱਲ ਨਾਲ ਤਾਂ ਮੈਂ ਸਹਿਮਤ ਹਾਂ ਪਰ ਚੰਗਾ ਹੁੰਦਾ ਜੇਕਰ ਅਸੀਂ ਆਪਣੀਂ ਪੁਜ਼ੀਸ਼ਨ ਜਿਲ੍ਹਾ ਪ੍ਰੀਸ਼ਦਾਂ ਬਾਰੇ ਤੇ ਪੰਚਾਇਤ ਸੰਮਿਤੀਆਂ ਬਾਰੇ ਕਲੀਅਰ ਕਰਦੇ। ਉਨ੍ਹਾਂ ਬਾਰੇ ਕੀ ਕਰਨਾ ਹੈ, ਉਸ ਦਾ ਬਿੱਲ ਵੀ ਇਸ ਦੇ ਨਾਲ ਹੀ ਜੋੜ ਦਿੰਦੇ।

ਚੇਅਰਮੈਨ ਸਾਹਿਬ, ਅਸੀਂ ਪਾਵਰ ਨੂੰ ਡੀਸੈਂਟਰੇਲਾਈਜ਼ ਕਰਨ ਵਿਚ ਬਿਲੀਵ ਕਰਦੇ ਹਾਂ। ਦਿੱਲੀ ਨਾਲ ਵੀ ਸਾਡੀ ਇਹ ਹੀ ਲੜਾਈ ਹੈ ਕਿ ਆਪਣੇ ਸੂਬੇ ਨੂੰ ਹੋਰ ਅਧਿਕਾਰ ਦਿਓ ਤਾਕਿ ਹੋ ਰਹੀ ਲੁੱਟ ਕਸੁੱਟ ਰੋਕੀ ਜਾ ਸਕੇ, ਉਸ ਨੂੰ ਦੂਰ ਕਰ ਸਕੀਏ। ਲੋਕਾਂ ਦਾ ਵਧੀਆ ਤਰੀਕੇ ਨਾਲ ਭਲਾ ਕਰ ਸਕੀਏ। ਮੇਰੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਆਪਣੀ ਪਾਵਰ ਜੋ ਚੰਡੀਗੜ੍ਹ ਦੇ ਵਿਚ ਹੈ, ਉਸ ਨੂੰ ਜ਼ਿਲ੍ਹਿਆਂ ਵਿਚ ਦੇਣਾ ਹੈ ਖੁਸ਼ੀ ਦੀ ਗੱਲ ਹੈ ਕਿ ਉਹ ਪਾਵਰ ਜਿਹੜੀ ਮਿਲੀ ਹੋਈ ਹੈ ਉਹ ਪੰਚਾਇਤੀ ਰਾਜ ਦੀ ਮਾਰਫਤ ਲੋਕਾਂ ਤਕ ਪੁੱਜ ਜਾਣੀ ਹੈ। ਇਸ ਲਈ ਮੈਂ ਅਰਜ਼ ਕਰਾਂਗਾ ਕਿ ਜ਼ਿਲ੍ਹਾ ਪ੍ਰੀਸ਼ਦ ਨੂੰ ਪਾਵਰ ਹੋਵੇ ਕਿ ਉਹ ਜ਼ਿਲ੍ਹਾਵਾਰ ਆਪਣੀਆਂ ਆਪਣੀਆਂ ਪਲਾਨਾਂ ਬਣਾ ਕੇ ਆਪਣੇਂ ਆਪਣੇਂ ਇਲਾਕੇ ਦੀ ਤਰੱਕੀ ਵਿਚ ਹਿੱਸਾ ਪਾਉਣ। ਉਸ ਦੇ ਮੁਤਾਬਿਕ ਹੀ ਉਨ੍ਹਾਂ ਨੂੰ ਸਰਕਾਰ ਫੰਡ ਡਿਸਟ੍ਰੀਬਿਊਟ ਕਰ ਦੇਵੇ। ਫਰਜ਼ ਕਰੋ ਕਿ 20 ਕਰੋੜ ਰੁਪਿਆ ਜਿਲ੍ਹਾ ਜਲੰਧਰ ਨੂੰ ਆਉਣਾ ਹੈ ਤਾਂ ਉਥੇ ਦੀ ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰ ਜਿਹੜੇ ਹੋਣ ਉਹ ਹੀ ਪਲਾਨ ਬਨਾਉਣ, ਉਹ ਹੀ ਐਨੀਮਲ ਹਸਬੈਂਡਰੀ ਦੀ ਪਲਾਨਿੰਗ ਕਰਨ। ਇਸ ਤਰ੍ਹਾਂ ਨਾਲ ਸਟੇਟ ਦਾ ਸਮੂਹ ਵਿਕਾਸ ਹੋਵੇਗਾ। ਫਿਰ ਜਿਹੜੇ ਲੋਕ ਹੁਣ ਇਤਨਾਂ ਖਰਚ ਕਰਕੇ ਚੰਡੀਗੜ੍ਹ ਆਉਂਦੇ ਹਨ ਇਥੇ ਆਉਣ ਦੀ ਉਨ੍ਹਾਂ ਨੂੰ ਲੋੜ ਨਹੀਂ ਹੋਵੇਗੀ ਔਰ ਨਾਲ ਹੀ ਵਜ਼ੀਰਾਂ ਨੂੰ ਜਿਨ੍ਹਾਂ ਨੇ ਪਾਲਿਸੀ ਮੈਟਰ ਤੇ ਵਿਚਾਰ ਕਰਨਾ ਹੈ, ਸਟੇਟ ਦੀ ਪਾਲਿਸੀ ਬਣਾਉਣੀ ਹੁੰਦੀ ਹੈ ਉਨ੍ਹਾਂ ਨੂੰ ਵੀ ਕੁਝ ਵੇਹਲ ਮਿਲ ਜਾਵੇਗਾ। ਵਧੇਰੇ ਅਧਿਕਾਰ ਲੈਣ ਵਾਸਤੇ ਜਿਹੜੀ ਅਸੀਂ ਦਿੱਲੀ ਨਾਲ ਲੜਾਈ ਕਰਨੀ ਹੈ ਜਾਂ ਹੋਰ ਪਾਲਿਸੀ ਮੈਟਰ ਹੋਣ ਉਨ੍ਹਾਂ ਤੇ ਉਹ ਚੰਗੀ ਤਰ੍ਹਾਂ ਵਿਚਾਰ ਕਰ ਸਕਿਆ ਕਰਨਗੇ। ਇਹ ਮੈਂ ਵੀ ਸਮਝਦਾ ਹਾਂ, ਚੇਅਰ-ਮੈਨ ਸਾਹਿਬ, ਕਿ ਇਕ ਵਜ਼ੀਰ ਲਈ ਦੋ ਢਾਈ ਸੌ ਬੰਦੇ ਨੂੰ ਮਿਲ ਕੇ ਥਕਾਵਟ ਹੋ ਜਾਂਦੀ ਹੈ। ਆਦਮੀ ਦਫਤਰ ਦਾ ਕੰਮ ਨਹੀਂ ਕਰ ਸਕਦਾ ਔਰ ਕਈ ਦਫਾ ਫਿਰ ਪੀ. ਏ. ਵਗੈਰਾ ਐਵੇਂ ਹੀ ਦਸਖਤ ਕਰਵਾ ਲੈਂਦੇ ਹਨ। ਪਰ ਚੇਅਰਮੈਨ ਸਾਹਿਬ, ਕਾਰਨ ਕੀ ਹੈ ਕਿ ਇਹ ਪਾਵਰ ਡੀਸੈਂਟਰੇਲਾਈਜ਼ ਹੁਣ ਤਕ ਕੀਤੀ ਕਿਉਂ ਨਹੀਂ ਸੀ ਗਈ? ਕਾਰਨ ਇਹ ਹੈ ਕਿ ਇਮਾਨਦਾਰੀ ਨਾਲ ਅਸੀਂ ਪਾਵਰ ਨੂੰ ਡੀਸੈਂਟਰੇਲਾਈਜ਼ ਕਰਨਾ ਨਹੀਂ ਚਾਹੁੰਦੇ। ਅਸੀਂ ਨਹੀਂ ਚਾਹੁੰਦੇ ਕਿ ਜ਼ਿਲ੍ਹਿਆਂ ਵਿਚ ਪਾਵਰ ਡੀਸੈਂਟਰੇਲਾਈਜ਼ ਹੋ ਕੇ ਚਲੀ ਜਾਵੇ ਤਾਂਕਿ ਲੋਕ ਆਪਣੀਆਂ ਤਕਲੀਫਾਂ ਨੂੰ ਆਪ ਹੀ ਦੂਰ ਕਰ ਲਿਆ ਕਰਨ। ਹਕੀਕਤ ਇਹ ਹੈ ਕਿ ਅਸੀਂ ਮੰਨਦੇ ਵੀ ਹਾਂ ਡੀਸੈਂਟਰੇਲਾਈਜ਼ੇਸ਼ਨ ਕਰਨ ਵਾਸਤੇ, ਅਸੀਂ ਕਰਨਾ ਵੀ ਚਾਹੁੰਦੇ ਹਾਂ ਪਰ ਥੋਹੜਾ ਜਿਹਾ ਸਮੇਂ ਦੀ ਘਾਟ ਕਰਕੇ ਇਹ ਨਹੀਂ ਹੋ ਰਿਹਾ। ਕਨਸਟਰੱਕਟਿਵ ਪਾਸੇ ਟਾਈਮ ਨਹੀਂ ਲਗ ਰਿਹਾ। ਜੇਕਰ ਟਾਈਮ ਹੁੰਦਾ ਤਾਂ ਜ਼ਰੂਰ ਸਰਕਾਰ ਇਸ ਦੇ ਨਾਲ ਹੀ ਉਹ ਵੀ ਬਿਲ ਲੈ ਆਉਂਦੀ। ਪਰ ਇਹ ਨਹੀਂ ਲਿਆ ਸਕੇ। ਮੈਂ ਇਹ ਵੀ ਅਰਜ਼ ਕਰਦਾ ਹਾਂ ਕਿ ਫਰਜ਼ ਕਰੋ ਮਿਡਲ ਤਕ ਐਜੂਕੇਸ਼ਨ ਹੈ, ਵੈਟਰਨਰੀ ਦਾ ਸਿਸਟਮ ਹੈ, ਉਸ ਨੂੰ ਡਿਸਟ੍ਰਿਕਟ ਲੈਵਲ ਤੇ ਹੀ ਦੇ ਦਿਓ। ਉਸ ਨਾਲ ਨਾ ਮੁਸੀਬਤ ਐਮ. ਐਲ. ਏ. ਨੂੰ ਰਹੇ ਅਤੇ ਨਾ ਵਜ਼ੀਰਾਂ ਨੂੰ ਰਹੇ। ਔਰ ਸਰਕਾਰ ਫਿਰ ਜਿਹੜੇ ਵੱਡੇ ਮਸਲੇ ਇਸ ਦੇ ਸਾਹਮਣੇਂ ਹਨ, ਜਿਸ ਤਰ੍ਹਾਂ ਕਿ ਚੰਡੀਗੜ੍ਹ ਦਾ ਮਸਲਾ ਹੈ, ਪੰਜਾਬੀ ਬੋਲਦੇ ਇਲਾਕਿਆਂ ਦਾ ਮਸਲਾ ਹੈ,

Original with;
Punjab Vidhan Sabha
Digitized by;
Panjab Digital Library

ਵਧੇਰੇ ਅਧਿਕਾਰ ਲੈਣ ਦਾ ਮਸਲਾ ਹੈ ਜਿਨ੍ਹਾਂ ਦੇ ਵਾਸਤੇ ਅਸੀਂ ਚੋਣਾਂ ਵੇਲੇ ਆਪਣੇ ਮੈਨੀਫੈਸਟੋ ਰਾਹੀਂ ਲੋਕਾਂ ਨਾਲ ਵਾਇਦਾ ਕਰਕੇ ਆਏ ਹਾਂ ਕਿ ਇਹ ਤੁਹਾਨੂੰ ਲੈ ਕੇ ਦਿਆਂਗੇ। ਉਨ੍ਹਾਂ ਮਸਲਿਆਂ ਨੂੰ ਹੱਲ ਕਰਨ ਵਾਸਤੇ ਟਾਈਮ ਮਿਲ ਜਾਵੇਗਾ।

ਚੇਅਰਮੈਨ ਸਾਹਿਬ, ਮੈਨੂੰ ਪਤਾ ਹੈ ਕਿ ਬਾਬੂ ਆਤਮਾ ਸਿੰਘ ਹੋਰੀਂ ਬੜੇ ਸਿੰਸੀਅਰ ਹਨ ਔਰ ਉਹ ਦੂਸਰਾ ਬਿੱਲ ਵੀ ਛੇਤੀ ਤੋਂ ਛੇਤੀ ਲਿਆਉਣਗੇ। ਮੈਂ ਫਿਰ ਵੀ ਇਨ੍ਹਾਂ ਨੂੰ ਬੇਨਤੀ ਕਰਦਾ ਹਾਂ, ਨਿਮਰਤਾ ਸਹਿਤ ਚਿਤਾਵਨੀ ਦਿੰਦਾ ਹਾਂ, ਕਿ ਇਹ ਘੱਟੋ ਘੱਟ ਇਹ ਦੱਸ ਦੇਣ ਕਿ ਅਗਲੇ ਸਦਨ ਦੀ ਬੈਠਕ ਜਿਹੜੀ ਹੋਵੇਗੀ ਉਸ ਵਿਚ ਬਿੱਲ ਲਿਆਂਦਾ ਜਾਵੇਗਾ ਤਾਂਕਿ ਲੋਕਾਂ ਨੂੰ ਪਤਾ ਲੱਗ ਜਾਵੇ ਕਿ ਪੰਚਾਇਤ ਸੰਮਿਤੀਆਂ ਅਤੇ ਜਿਲ੍ਹਾ ਪ੍ਰੀਸ਼ਦਾਂ ਦੀ ਕੀ ਬਣਤਰ ਹੋਵੇਗੀ। ਇਨ੍ਹਾਂ ਸ਼ਬਦਾਂ ਨਾਲ ਮੈਂ ਡਿਵੈਲਪਮੈਂਟ ਮਨਿਸਟਰ ਸਾਹਿਬ ਦਾ ਤੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਾ ਹਾਂ।

**ਸਰਦਾਰ ਮਾਧੋ ਸਿੰਘ** (ਅਨੰਦਪੁਰ ਸਾਹਿਬ, ਰੋਪੜ): ਚੇਅਰਮੈਨ ਸਾਹਿਬ, ਮੈਂ ਤਾਂ ਜੀ ਬਿੱਲ ਦਾ ਸਮਰਥਨ ਕਰਨਾ ਹੈ। ਮੇਰੇ ਜ਼ਿਲ੍ਹੇ ਵਿਚ ਧਾਂਦਲੀ ਮਚੀ ਹੋਈ ਹੈ। ਗਿਆਨੀ ਜ਼ੈਲ ਸਿੰਘ ਪਿਛਲਾ ਚੀਫ ਮਨਿਸਟਰ ਉਸ ਜ਼ਿਲ੍ਹੇ ਦਾ ਸੀ। ਮੈਨੂੰ ਪਤਾ ਹੈ ਕਿ ਲੋਕਾਂ ਨੂੰ ਫੜ ਫੜ ਕੇ ਪੁਲਿਸ ਦੇ ਹਵਾਲੇ ਕਰ ਦਿੱਤਾ ਕਿ ਕੋਈ ਵੀ ਆਪਣੀਂ ਗੱਲ ਵਿਰੁੱਧ ਨਾ ਕਰ ਸਕੇ। ਇਸ ਲਈ ਇਹ ਤਾਂ ਬਹੁਤ ਚੰਗਾਂ ਕੀਤਾ ਹੈ ਜਿਹੜਾ ਇਨ੍ਹਾਂ ਦਾ ਫਾਹਾ ਹੀ ਵੱਢ ਦਿੱਤਾ ਹੈ। ਬਲਾਕ ਸੰਮਿਤੀਆਂ ਦੇ ਚੇਅਰਮੈਨ ਤੇ ਹੋਰ ਜਿਹੜੇ ਹਨ ਉਹ ਅਜੇ ਵੀ ਉਸੇ ਤਰ੍ਹਾਂ ਹੀ ਕਰਦੇ ਹਨ, ਉਹ ਅਜੇ ਵੀ ਸਮਝਦੇ ਹਨ ਕਿ ਸਾਡੇ ਹੀ ਹੱਥ ਪਾਵਰ ਹੈ। ਅਜੇ ਵੀ ਡਾਕਾਂ ਕੂਕਾਂ ਉਸੇ ਤਰ੍ਹਾਂ ਹੀ ਮਾਰਦੇ ਫਿਰਦੇ ਹਨ। ਅੱਜ ਉਨ੍ਹਾਂ ਦਾ ਫਾਹਾ ਵੱਢਿਆ ਗਿਆ ਹੈ। ਇਹ ਬਹੁਤ ਚੰਗਾ ਬਿੱਲ ਹੈ, ਮੈਂ ਇਨ੍ਹਾਂ ਦਾ ਇਸ ਵਾਸਤੇ ਧੰਨਵਾਦ ਕਰਦਾ ਹਾਂ।

**ਵਿਕਾਸ ਮੰਤਰੀ** (ਸਰਦਾਰ ਆਤਮਾ ਸਿੰਘ): ਚੇਅਰਮੈਨ ਸਾਹਿਬ, ਸੰਨ 1972 ਵਿਚ ਪੰਜਾਬ ਵਿਚ ਕਾਂਗਰਸ ਦਾ ਰਾਜ ਸੀ। ਉਦੋਂ ਪੰਚਾਇਤਾਂ ਦੀਆਂ ਚੋਣਾ ਹੋਈਆਂ। ਉਨ੍ਹਾਂ ਪੰਚਾਂ ਤੇ ਸਰਪੰਚਾਂ ਵਿਚੋਂ ਬਲਾਕ ਸੰਮਤੀਆਂ ਤੇ ਜ਼ਿਲ੍ਹਾ ਪ੍ਰੀਸ਼ਦਾਂ ਦੇ ਮੈਂਬਰ ਤੇ ਚੇਅਰਮੈਨ ਚੁਣੇ ਗਏ। ਹੁਣ 16 ਅਗਸਤ ਤੋਂ 25 ਅਗਸਤ ਤਕ ਪੰਜਾਬ ਵਿਚ ਪੰਚਾਇਤਾਂ ਦੀਆਂ ਚੋਣਾਂ ਅਸੀਂ ਕਰਵਾਈਆਂ ਹਨ। ਨਵੇਂ ਪੰਚ ਅਤੇ ਸਰਪੰਚ ਆਏ ਹਨ ਔਰ ਨਵੀਆਂ ਪੰਚਾਇਤਾਂ ਬਣ ਗਈਆਂ ਹਨ। ਇਸ ਲਈ ਪੰਚਾਇਤ ਸੰਮਿਤੀਆਂ ਤੇ ਜ਼ਿਲ੍ਹਾ ਪ੍ਰੀਸ਼ਦਾਂ ਜੋ ਕਿ ਸੰਨ 1972 ਦੀ ਚੋਣ ਦੇ ਆਧਾਰ ਤੇ ਬਣੀਆਂ ਸਨ ਉਨ੍ਹਾਂ ਦੇ ਬਹੁਤ ਸਾਰੇ ਮੈਂਬਰ ਉਨ੍ਹਾਂ ਬਾਡੀਆਂ ਦੇ ਮੈਂਬਰ ਰਹਿਣ ਦੀ ਮੁਢਲੀ ਯੋਗਤਾ ਜੋ ਹੈ, ਉਹ ਗਵਾ ਬੈਠੇ ਹਨ। ਇਸ ਵਾਸਤੇ ਹੀ ਇਹ ਬਿੱਲ ਲਿਆਂਦਾ ਗਿਆ ਹੈ। ਇਹ ਸਿੰਪਲ ਬਿੱਲ ਹੈ, ਇਸ ਨੂੰ ਪਾਸ ਕਰਨਾ ਚਾਹੀਦਾ ਹੈ। ਮੇਰੇ ਵੀਰ ਡਾਕਟਰ ਭਗਤ ਸਿੰਘ ਜੀ ਨੇ ਅਤੇ ਚੀਮਾਂ ਸਾਹਿਬ ਨੇ ਇਹ ਗੱਲ ਕਹੀ ਹੈ ਕਿ ਸਰਕਾਰ ਦੀ ਕੀ ਮਨਸ਼ਾ ਹੈ, ਉਨ੍ਹਾਂ ਨੇ ਕਿਹਾ ਹੈ ਕਿ ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀ ਕੀ ਰੂਪ ਰੇਖਾ ਹੋਵੇਗੀ, ਉਸ ਦਾ ਇਸ ਬਿੱਲ ਵਿਚ ਜ਼ਿਕਰ ਨਹੀਂ ਹੈ। ਮੈਂ ਸਤਿਕਾਰਯੋਗ ਮੈਂਬਰ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਭਾਰਤ ਸਰਕਾਰ ਨੇ ਭਾਰਤ ਪੱਧਰ ਤੇ ਪੰਚਾਇਤੀ ਰਾਜ ਨੂੰ ਸੰਗਠਤ ਕਰਨ ਲਈ, ਨਵੀਂ ਸੇਧ ਦੇਣ ਲਈ ਸ੍ਰੀ ਅਸ਼ੋਕ ਮਹਿਤਾ ਜੀ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਬਣਾਈ ਹੈ। ਉਸ ਨੇ ਚੰਡੀਗੜ੍ਹ ਦਾ ਵੀ ਤੇ ਸਾਰੇ ਹਿੰਦੁਸਤਾਨ ਦਾ ਦੌਰਾ ਕੀਤਾ ਹੈ। ਹਰ ਸਟੇਟ ਵਿਚ ਜਾ ਕੇ ਪੰਚਾਇਤੀ ਰਾਜ ਨੂੰ ਸਟੱਡੀ ਕੀਤਾ ਹੈ ਔਰ ਉਸ ਤੋਂ ਬਾਅਦ ਆਪਣੀਆਂ ਮੀਟਿੰਗਾਂ ਕੀਤੀਆਂ ਹਨ। ਅਸ਼ੋਕ ਮਹਿਤਾ ਕਮੇਟੀ ਦੀ ਰਿਪੋਰਟ ਤਿਆਰ ਹੋ ਰਹੀ ਹੈ। ਅਸੀਂ ਉਸ ਰਿਪੋਰਟ ਦੀ ਵੇਟ ਕਰ ਰਹੇ ਹਾਂ। ਜਿਸ ਵੇਲੇ ਅਸ਼ੋਕ ਮਹਿਤਾ ਕਮੇਟੀ ਦੀ ਰਿਪੋਰਟ ਆ ਗਈ, ਅਸੀਂ ਉਸ ਨੂੰ ਵਿਚਾਰਨ ਤੋਂ ਬਾਅਦ ਜੋ ਰੂਪ ਰੇਖਾ ਪੰਚਾਇਤ ਸੰਮਿਤੀਆਂ ਤੇ ਜ਼ਿਲ੍ਹਾ ਪ੍ਰੀਸ਼ਦਾਂ ਦੀ ਹੋਵੇਗੀ ਉਸ ਬਾਰੇ

Original with;
Punjab Vidhan Sabha
Digitized by;
Panjab Digital Library

[ਵਿਕਾਸ ਮੰਤਰੀ]
ਫੈਸਲਾ ਕਰਕੇ ਬਹੁਤ ਜਲਦੀ ਹੀ ਚੋਣ ਕਰਾਉਣ ਦਾ ਪ੍ਰਬੰਧ ਕਰਾਂਗੇ (ਥੰਪਿੰਗ) ਚੇਅਰਮੈਨ ਸਾਹਿਬ, ਮੈਂ ਹਾਊਸ ਨੂੰ ਯਕੀਨ ਦਵਾਉਣਾ ਚਾਹੁੰਦਾ ਹਾਂ ਕਿ ਚੋਣਾਂ ਵਿਚ ਡਿਲੇਅ ਕਰਨ ਦਾ ਸਾਡਾ ਕੋਈ ਵਿਚਾਰ ਨਹੀਂ ਹੈ ਅਸੀਂ ਜਮਹੂਰੀਅਤ ਵਿਚ ਵਿਸ਼ਵਾਸ ਰਖਦੇ ਹਾਂ ਔਰ ਸਹੀ ਮਾਹਨਿਆਂ ਵਿਚ ਨਿੱਕੇ ਪਿੰਡ ਤੋਂ ਲੈ ਕੇ ਕਸਬੇ ਤਕ ਅਸੀਂ ਜਮਹੂਰੀਅਤ ਨੂੰ ਵੱਧਦੀ ਫੁਲਦੀ ਵੇਖਣਾ ਚਾਹੁੰਦੇ ਹਾਂ।

**ਮਾਸਟਰ ਚੰਦ ਸਿੰਘ:** ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ ਇਨਫਰਮੇਸ਼ਨ ਇਹ ਹੈ ਕਿ ਸਰਕਾਰ ਇਸ ਗੱਲ ਦੀ ਮੁਦੱਈ ਹੈ ਕਿ ਇਨ੍ਹਾਂ ਨੇ ਪੂਰੀ ਡੀਸੈਂਟਰੇਲਾਈਜ਼ੇਸ਼ਨ ਕਰਨੀ ਹੈ । ਪਰ ਮੈਨੂੰ ਪਤਾ ਲੱਗਿਆ ਹੈ ਕਿ ਤਿੰਨ ਟਾਇਰ ਤੋਂ ਟੂ ਟਾਇਰ ਸਿਸਟਮ ਕੀਤਾ ਜਾ ਰਿਹਾ ਹੈ। ਚੋਣਾਂ ਪੰਚਾਇਤਾਂ ਦੀਆਂ ਹੋ ਗਈਆਂ ਹਨ, ਇਹ ਤਰੀਕਾ ਬਹੁਤ ਅੱਛਾ ਹੈ, ਅਸੀਂ ਇਸ ਨੂੰ ਵੈਲਕੰਮ ਕੀਤਾ ਸੀ ਪਰ ਪੰਚਾਇਤ ਸੰਮਿਤੀਆਂ ਬਾਰੇ ਕੀ ਹੋਵੇਗਾ ਇਸ ਦਾ ਪਤਾ ਲੱਗਣਾ ਚਾਹੀਦਾ ਸੀ। ਮੇਰਾ ਸਵਾਲ ਇਹ ਹੈ ਕਿ ਜੋ ਕੁਝ ਹੋਇਆ ਹੈ ਉਸ ਨਾਲ ਤਾਂ ਜੋ ਸਾਡਾ ਡੀਸੈਂਟਰੇਲਾਈਜ਼ ਕਰਨ ਦਾ ਮਨਸ਼ਾ ਹੈ, ਉਸ ਦੇ ਉਲਟ ਹੋਇਆ ਹੈ। ਇਹ ਤਾਂ ਡੀਸੈਂਟਰੇਲਾਈਜ਼ ਨਹੀਂ ਹੋਈਆਂ, ਬਲਕਿ ਪਾਵਰਜ਼ ਸੈਂਟਰੇਲਾਈਜ਼ ਹੋ ਗਈਆਂ ਹਨ। ਕੀ ਵਜ਼ੀਰ ਸਾਹਿਬ ਇਸ ਦੇ ਬਾਰੇ ਦੱਸਣਗੇ ? ਦੂਜੀ ਗਲ ਵਜ਼ੀਰ ਸਾਹਿਬ ਨੇ ਇਹ ਕਹੀ ਸੀ ਕਿ ਅਸ਼ੋਕ ਮਹਿਤਾ ਕਮੇਟੀ ਦੀ ਰਿਪੋਰਟ ਆ ਜਾਵੇ ਤਾਂ ਵਿਚਾਰ ਕਰਾਂਗੇ। ਮੈਂ ਕਹਿੰਦਾ ਹਾਂ ਕਿ ਹੁਣ ਅਸ਼ੋਕ ਮਹਿਤਾ ਕਮੇਟੀ ਦੀ ਰਿਪੋਰਟ ਆ ਗਈ ਹੈ ਪਰ ਵਜ਼ੀਰ ਸਾਹਿਬ ਨੂੰ ਹਾਲੇ ਪਤਾ ਹੀ ਨਹੀਂ। ਮੈਂ ਇਹ ਪੁਛਦਾ ਹਾਂ ਕਿ ਇਸ ਗਲ ਨੂੰ ਮੱਦੇ ਨਜ਼ਰ ਰਖਦੇ ਹੋਏ ਇਕ ਤਾਂ ਜਿਥੇ ਪੰਚਾਇਤਾਂ ਦੀਆਂ ਚੋਣਾ ਰਹਿ ਗਈਆਂ ਹਨ ਉਹ ਇਲੈਕਸ਼ਨਾਂ ਕਦੋਂ ਤਕ ਕਰਵਾ ਦੇਣਗੇ ਔਰ ਦੂਜਾ ਇਹ ਕਿ ਜਿਹੜੀਆਂ ਪੰਚਾਇਤ ਸੰਮਿਤੀਆਂ ਔਰ ਜ਼ਿਲ੍ਹਾ ਪ੍ਰੀਸ਼ਦਾਂ ਦੀ ਇਲੈਕਸ਼ਨਾਂ ਕਰਵਾਉਣੀਆਂ ਹਨ ਕੀ ਉਸ ਵਾਸਤੇ ਬਿਲ ਇਸ ਸੈਸ਼ਨ ਵਿਚ ਲੈ ਆਉਣਗੇ। ਜੇ ਬਿਲ ਨਹੀਂ ਲੈ ਆਉਣਾ ਤਾਂ ਕੀ ਕੀਤਾ ਜਾਵੇਗਾ?

**ਡਾਕਟਰ ਸਾਧੂ ਰਾਮ:** ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੀਆਂ ਹਲਕਾ ਬੰਦੀਆਂ ਕੀਤੀਆਂ ਜਾਣੀਆਂ ਹਨ, ਕੀ ਉਸ ਵਿਚ ਹਰੀਜਨਾਂ ਲਈ ਰਿਜ਼ਰਵੇਸ਼ਨ ਰਖੀ ਜਾਵੇਗੀ, ਉਨ੍ਹਾਂ ਲਈ ਵਖਰੇ ਜ਼ੋਨ ਬਣਾਏ ਜਾਣਗੇ?

**ਡਾਕਟਰ ਭਗਤ ਸਿੰਘ :** ਮੈਂ ਇਹ ਪੁੱਛਦਾ ਹਾਂ ਕਿ ਜੋ ਅਸ਼ੋਕ ਮਹਿਤਾ ਕਮੇਟੀ ਦੀ ਰਿਪੋਟ ਆਉਣੀ ਸੀ ਉਸ ਰਿਪੋਰਟ ਦੀ ਸਾਈਕਲੋਸਟਾਈਲਡ ਕਾਪੀ ਆ ਗਈ ਹੈ। ਮੈਂ ਇਹ ਪੁੱਛਦਾ ਹਾਂ ਕਿ ਉਹ ਰਿਪੋਟ ਇਨ੍ਹਾਂ ਨੂੰ ਮਿਲਣ ਤੋਂ ਬਾਅਦ ਹੋਰ ਕਿੰਨਾ ਸਮਾਂ ਲੈਣਗੇ ਇਲੈਕਸ਼ਨ ਕਰਵਾਉਣ ਲਈ?

**ਵਿਕਾਸ ਮੰਤਰੀ:** ਚੇਅਰਮੈਨ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਅੱਜੇ ਤਕ ਸਰਕਾਰ ਪਾਸ ਅਸ਼ੋਕ ਮਹਿਤਾ ਕਮੇਟੀ ਦੀ ਰਿਪੋਰਟ ਨਹੀਂ ਆਈ ਹੈ। ਜਦੋਂ ਵੀ ਕਮੇਟੀ ਦੀ ਰਿਪੋਰਟ ਆ ਗਈ, ਸਰਕਾਰ ਉਸ ਤੇ ਵਿਚਾਰ ਕਰੇਗੀ। ਮੈਂ ਇਹ ਵੀ ਬੇਨਤੀ ਕਰਦਾ ਹਾਂ ਕਿ ਮੈਂਬਰ ਸਾਹਿਬਾਨ ਬਿਲਕੁਲ ਨਾ ਘਬਰਾਉਣ। ਮੈਨੂੰ ਇਨ੍ਹਾਂ ਨਾਲੋਂ ਵੀ ਜ਼ਿਆਦਾ ਖਿਆਲ ਹੈ। ਜਿੰਨੀ ਜਲਦੀ ਹੋ ਸਕਿਆ ਚੋਣਾਂ ਕਰਵਾਈਆਂ ਜਾਣਗੀਆਂ।

ਦੂਸਰਾ ਜਿਹੜੀਆਂ 240 ਪੰਚਾਇਤਾਂ ਦੀਆਂ ਚੋਣਾਂ ਰਹਿ ਗਈਆਂ ਹਨ ਉਹ ਹੜਾਂ ਆਦਿ ਕਾਰਨ ਚੋਣਾਂ ਨਹੀਂ ਹੋ ਸਕੀਆਂ ਸਨ। ਹੁਣ ਜਿਉਂ ਜਿਉਂ ਪਾਣੀ ਉਤਰ ਰਿਹਾ ਹੈ, ਲੋਕ ਘਰਾਂ ਨੂੰ ਵਾਪਸ ਜਾ ਰਹੇ ਹਨ, ਜਿੰਨੀ ਜਲਦੀ ਹੋ ਸਕਿਆ ਉਨ੍ਹਾਂ ਦੀਆਂ ਚੋਣਾਂ ਵੀ ਕਰਵਾ ਦੇਵਾਂਗੇ।

Original with;
Punjab Vidhan Sabha
Digitized by;
Panjab Digital Library

ਬਾਕੀ ਜਿਹੜੀ ਹਲਕਾਬੰਦੀ ਦੇ ਮੁਤੱਲਕ ਗਲ ਕੀਤੀ ਗਈ ਹੈ ਇਹ ਤਾਂ ਠੀਕ ਹੈ ਕਿ ਉਸ ਵਿਚ ਰਿਜ਼ਰਵੇਸ਼ਨ ਕੀਤੀ ਜਾਵੇਗੀ ਪਰ ਰਿਜ਼ਰਵੇਸ਼ਨ ਕਰਨ ਦਾ ਤਰੀਕਾ ਕੀ ਹੋਵੇਗਾ, ਉਹ ਅਸ਼ੋਕ ਮਹਿਤਾ ਕਮੇਟੀ ਦੀ ਰਿਪੋਰਟ ਵਾਚਣ ਤੋਂ ਬਾਅਦ ਸਰਕਾਰ ਫੈਸਲਾ ਕਰੇਗੀ।

**ਸ਼੍ਰੀ ਸਭਾਪਤੀ** : ਸੰਮਿਤੀਆਂ ਦੀਆਂ ਇਲੈਕਸ਼ਨਾਂ ਬਾਰੇ ਵੀ ਦੱਸ ਦਿਓ।

**ਵਿਕਾਸ ਮੰਤਰੀ**: ਮੈਂ ਪਹਿਲੇ ਵੀ ਦਸਿਆ ਹੈ ਕਿ ਅੱਜੇ ਮੈਂ ਇਸ ਬਾਰੇ ਕੁਝ ਨਹੀਂ ਕਹਿ ਸਕਦਾ। ਅਸ਼ੋਕ ਮਹਿਤਾ ਕਮੇਟੀ ਦੀ ਰਿਪੋਰਟ ਆਉਣ ਤੋਂ ਬਾਅਦ ਵਿਚਾਰ ਕਰਾਂਗੇ।

**Mr. Chairman :** Question is—

That the Punjab Panchayat Samitis and Zila Parishads (Temporary Supersession) Bill be taken into consideration at once.

*The motion was carried.*

**Mr. Chairman :** Now the House will consider the Bill clause by clause.

If the House agrees, all the clauses of the Bill be put to the vote of the House together.

(*Voices : yes, yes*)

**Sub-Clause (2) of Clause (1), Clauses 2, 3, 4, 5, 6 and Sub-clause (1) of Clause 1.**

**Mr. Chairman :** Question is—

That sub-clause (2) of Clauses 1, Clause 2,3,4,5,6 and sub-clause (1) of Clause 1, stand part of the bill.

*The motion was carried.*

## TITLE

**Mr. Chairman :** Question is—

That Title be the Title of the Bill.

*The motion was carried.*

**Development Minister (Sardar Atma Singh) :** Sir, I beg to move—

That the Punjab Panchayat Samitis and Zila Parishads (Temporary Supersession) Bill be passed.

**Mr. Chairman ;** Motion moved—

That the Punjab Panchayat Samitis and Zila Parishads (Temporary Supersession) Bill be passed.

**Mr. Chairman :** Question is—

That the Punjab Panchayat Samitis and Zila Parishads (Temporary Supersesson) Bill be passed.

*The motion was carried.*

Original with;
Punjab Vidhan Sabha
Digitized by;
Panjab Digital Library

## MOTION *re.* DISCUSSION ON THE TWENTY-THIRD REPORT OF THE COMMISSIONER FOR SCHEDULED CASTES AND SCHEDULED TRIBES FOR THE YEAR 1974-75.

(*Not moved*).

**Mr. Chairman** : Now the next item to be taken up is 'Discussion on the Twenty-third Report of the Commissioner for Scheduled Castes and Scheduled Tribes for the year 1974-75.' This item is in the names of Comrade Satypal Dang and Comrade Mehtab Singh.

(None of the Members called upon by the Chairman was present and, therefore, motion was not moved)

**Mr. Chairman** : The House stands adjourned till 2-30 P.M. today.

*

| * 11.06 P. M. | (*The Sabha then adjourned till 2-30 P.M. today.*) |
|---|---|

Original with;
Punjab Vidhan Sabha
Digitized by;
Panjab Digital Library

**APPENDIX**
**TO**

# PUNJAB VIDHAN SABHA DEBATES

Dated 15th September, 1978 (Forenoon Sitting)

Vol. III—No. 11

## Progress made in collecting the agricultural statistics in the State.

*835. **Sardar Dalbir Singh :** Will the Minister for Agriculture and Forests be pleased to state :—

(a) the progress made under the scheme for collecting agricultural statistics in the State during the year 1977-78 and 1978-79 (upto the month of August, 1978);

(b) the dsitrict-wise number of villages selected under the said scheme together with the name of the districts wherein maximum progress has been made ?

**ਸਰਦਾਰ ਬਲਵਿੰਦਰ ਸਿੰਘ ਭੂੰਦੜ** : (ੳ) ਭਾਰਤ ਸਰਕਾਰ ਨੇ ਅੰਕੜਿਆਂ ਦੀ ਸੋਧ ਕਰਨ ਲਈ ਦੋ ਸਕੀਮਾਂ ਟਾਈਮਲੀ ਰਿਪੋਰਟਿੰਗ ਅਤੇ ਇੰਪਰੂਵਮੈਂਟ ਆਫ ਕਰਾਪ ਸਟੇਟਿਸਟਿਕ (ਆਈ. ਸੀ. ਐਸ.) ਪੰਜਾਬ ਪ੍ਰਾਂਤ ਵਿਚ ਚਾਲੂ ਕੀਤੀਆਂ ਹਨ। ਇਨ੍ਹਾਂ ਸਕੀਮਾਂ ਅਧੀਨ ਪੜ੍ਹਾਈ ਦੀਆਂ ਆਈਟਮਾਂ ਹੇਠ ਅਨੁਸਾਰ ਹੈ :—

1. ਟੀ. ਆਰ. ਐਸ. ਸਕੀਮ ਦੇ ਅਧੀਨ ਹਰ ਸਾਲ ਪੰਜਾਬ ਵਿਚ 20% ਪਿੰਡ ਚੁਣੇ ਜਾਂਦੇ ਹਨ ਅਤੇ ਇਨ੍ਹਾਂ ਵਿਚ ਅਗੇਤ ਤੌਰ ਤੇ ਗਿਰਦਾਵਰੀ ਕਰਵਾਈ ਜਾਂਦੀ ਹੈ। ਸਾਲ 1977–78 ਵਿਚ 2564 ਪਿੰਡ ਚੁਣੇ ਗਏ ਸਨ ਅਤੇ 2374 ਪਿੰਡਾਂ ਦਾ ਡਾਟਾ ਮਿਲਿਆ ਸੀ। ਇਨ੍ਹਾਂ 20 ਪ੍ਰਤੀਸ਼ਤ ਪਿੰਡਾਂ ਦੇ ਜਿਨਸਵਾਰਿਆਂ ਨੂੰ ਪ੍ਰਾਂਤ ਪੱਧਰ ਤੇ ਇਕੱਤਰ ਕਰਕੇ ਜ਼ਿਲ੍ਹਾ ਵਾਰ ਫਸਲ ਹੇਠ ਰਕਬੇ ਦੇ ਅਨੁਮਾਨ ਤਿਆਰ ਕੀਤੇ ਜਾਂਦੇ ਹਨ। ਇਹ ਵੇਖਣ ਵਿਚ ਆਇਆ ਹੈ ਕਿ ਇਹ ਅਨੁਮਾਨ ਜਿਨਸਵਾਰ ਦੇ ਕੁਲ ਜੋੜ ਤੇ ਬਣੇ ਅਨੁਮਾਨਾਂ ਨਾਲ ਟਾਕਰਾ ਕਰਦੇ ਖਾਂਦੇ ਹਨ ਅਤੇ ਭਰੋਸੇ ਯੋਗ ਹਨ।

2. ਅੰਕੜਾ ਸੰਕਲਣ ਦੇ ਕੰਮ ਦੀ ਪੜਤਾਲ ਅੰਕੜਾ ਵਿਗਿਆਨੀ ਤਰੀਕੇ ਦੇ ਆਧਾਰ ਤੇ ਕੀਤੀ ਜਾਣੀ ਜ਼ਰੂਰੀ ਸਮਝੀ ਗਈ ਹੈ। ਇਸ ਸਕੀਮ ਅਧੀਨ ਪੰਜਾਬ ਵਿਚ 200 ਪਿੰਡ ਅਵਚਾਰਿਤ ਢੰਗ ਨਾਲ ਚੁਣੇ ਜਾਂਦੇ ਹਨ ਜਿਨ੍ਹਾਂ ਵਿਚ ਖਰੀਫ, ਰੱਬੀ ਅਤੇ ਜ਼ੈਦ ਰੱਬੀ ਵਿਚ ਪਹਿਲੇ ਪਟਵਾਰੀ ਦੁਆਰਾ ਫਸਲ ਇੰਦਰਾਜ (ਜਿਹੜਾ ਕਿ ਖਸਰਾ ਗਿਰਦਾਵਰੀ ਵਿਚ ਭਰਦਾ ਹੈ ਇਹ ਇੰਦਰਾਜ 20 ਅਵਚਾਰਿਤ ਢੰਗ ਨਾਲ ਚੁਣੇ ਗਏ ਖੇਤਾਂ ਵਿਚ) ਮੌਕੇ ਤੇ ਚੈਕ ਕੀਤਾ ਜਾਂਦਾ ਹੈ ਅਤੇ ਇਹ ਵੇਖਿਆ ਜਾਂਦਾ ਹੈ ਕਿ ਪਟਵਾਰੀ ਨੇ 20 ਖੇਤਾਂ/ਖਸਰਾ ਨੰਬਰ ਵਿੱਚ ਕੀ ਭਰਿਆ ਹੈ ਅਤੇ ਮੌਕੇ ਤੇ ਕੀ ਵੇਖਿਆ ਹੈ।

ਇਨ੍ਹਾਂ 200 ਪਿੰਡਾਂ ਵਿਚ ਪਟਵਾਰੀ ਦੁਆਰਾ ਫਸਲ-ਵਾਰ ਜੋੜ ਚੈਕ ਕੀਤਾ ਜਾਂਦਾ ਹੈ ਇਹ ਰਿਪੋਰਟ ਨਿਯਤ ਸੁਧਾ ਪ੍ਰੋਫਾਰਮੇ ਵਿਚ ਭਰ ਕੇ ਇਕੱਤਰ ਕੀਤੀ ਜਾਂਦੀ ਹੈ। ਇਨ੍ਹਾਂ ਉਪਰੋਕਤ ਦੋਨਾਂ ਕੰਮਾਂ ਦੇ ਸਿੱਟੇ ਵੱਜੋਂ ਪਟਵਾਰੀ ਦੁਆਰਾ ਦਿੱਤੇ ਫਸਲਾਂ ਦੇ ਅੰਕੜਿਆਂ ਨੂੰ ਸੋਧਿਆ ਜਾਂਦਾ ਹੈ।

ਫਸਲਾਂ ਦਾ ਝਾੜ ਅਨੁਮਾਨ ਲਗਾਉਣ ਲਈ ਪ੍ਰਾਂਤ ਵਿਚ ਲਾਈਆਂ ਗਈਆਂ ਫਸਲਾਂ ਤੇ ਜਿਹੜੇ ਫ਼ਸਲ ਕਟਾਈ ਤਜਰਬੇ ਪਲੈਨ ਕੀਤੇ ਜਾਂਦੇ ਹਨ ਉਨ੍ਹਾਂ ਵਿਚ ਕੁਝ ਪ੍ਰਤੀਸ਼ਤ ਮੌਕੇ ਤੇ ਵਾਢੀ ਕਰਵਾ ਕੇ ਚੈਕ

Original with;
Punjab Vidhan Sabha
Digitized by;
Panjab Digital Library

ਕੀਤੇ ਜਾਂਦੇ ਹਨ ਅਤੇ ਵਾਢੀ ਉਪਰੰਤ ਝਾੜ ਦਾ ਵਜ਼ਨ ਤੁਰੰਤ ਮੁੱਖ ਦਫਤਰ ਨੂੰ ਭੇਜਿਆ ਜਾਂਦਾ ਹੈ। ਤਾਂ ਜੋ ਔਸਤ ਝਾੜ ਦੇ ਅਗੇਤ ਅਨੁਮਾਨਾਂ ਤੋਂ ਫਸਲ ਵਾਰ ਉਪਜ ਦੇ ਅਨੁਮਾਨ ਸਮੇਂ ਸਿਰ ਸਰਕਾਰ ਨੂੰ ਦਿੱਤਾ ਜਾ ਸਕੇ। ਫਸਲ ਕਟਾਈ ਤਜਰਬਿਆਂ ਦੇ ਮੁਢਲੇ ਕੰਮ ਖੇਤੀਬਾੜੀ ਨਿਰੀਖਕ ਅਤੇ ਕਾਨੂੰਗੋ ਕਰਦੇ ਹਨ। ਇਨ੍ਹਾਂ ਦੇ ਕੰਮ ਦੀ ਪੜਤਾਲ ਦੀ ਵੀ ਬਹੁਤ ਲੋੜ ਹੈ ਕਿਉਂਕਿ ਜੇਕਰ ਤਜਰਬਿਆਂ ਦਾ ਪੜਤਾਲ ਨਾ ਹੋਵੇ ਤਾਂ ਹੋ ਸਕਦਾ ਹੈ ਕਿ ਅਨੁਮਾਨ ਠੀਕ ਨਾ ਆਉਣ ਅਤੇ ਫਸਲ ਕਟਾਈ ਤਜਰਬਿਆਂ ਦੀ ਰਿਪੋਰਟ ਪ੍ਰਤੀਸ਼ਤ ਘੱਟ ਜਾਂਦੀ ਹੈ। ਜਿਸ ਨਾਲ ਬਣਾਏ ਗਏ ਅਨੁਮਾਨ ਯੋਗ ਨਹੀਂ ਸਮਝੇ ਜਾਂਦੇ।

(ਅ) ਇਨ੍ਹਾਂ ਸਕੀਮਾਂ ਅਧੀਨ ਜ਼ਿਲ੍ਹੇਵਾਰ ਜਿੰਨੇ ਪਿੰਡ ਚੁਣੇ ਗਏ ਹਨ ਉਹਨਾਂ ਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

ਸਾਲ 1978–79 ਦਾ ਕੰਮ ਪਹਿਲੀ ਅਕਤੂਬਰ ਤੋਂ ਸ਼ੁਰੂ ਹੋਵੇਗਾ। ਗਿਰਦਾਵਰੀ ਪਹਿਲੀ ਅਕ-ਤੂਬਰ ਤੋਂ ਕੀਤੀ ਜਾਂਦੀ ਹੈ ਅਤੇ ਫਸਲ ਕਟਾਈ ਤਜਰਬਿਆਂ ਦਾ ਕੰਮ ਉਸੇ ਪੂਰੇ ਸਮੇਂ ਤੇ ਹੋਵੇਗੀ। ਇਸ ਵੇਲੇ ਸਟਾਫ ਬਲਾਕ-ਵਾਰ ਫਸਲਾਂ ਹੇਠ ਰਕਬਾ ਆਦਿ ਦਾ ਸੰਕਲਣ ਕਰ ਰਿਹਾ ਹੈ। ਜਿਸ ਦੀ ਕਿ ਪਲੈਨਿੰਗ ਵਾਸਤੇ ਬੜੀ ਲੋੜ ਹੈ।

ਟਾਈਮਲੀ ਰਿਪੋਰਟਿੰਗ ਸਕੀਮ ਦੇ ਅਧੀਨ ਸਭ ਤੋਂ ਵੱਧ ਪ੍ਰਗਤੀ ਪਟਿਆਲਾ ਜ਼ਿਲ੍ਹੇ ਵਿਚ ਹੋਈ ਹੈ ਅਤੇ ਕਰਾਪ ਸਟੈਟਿਸਟਿਕ ਸਕੀਮ ਅਧੀਨ ਸੰਗਰੂਰ ਜ਼ਿਲ੍ਹੇ ਵਿਚ ਹੋਈ ਹੈ।

**Response of Timely Reporting Scheme and Improvement of Crop Statistics Scheme during the year 1977-78**

| | Timely Reporting Scheme | | Improvement of Crop Statistics Scheme | | | |
|---|---|---|---|---|---|---|
| | | | Super-vision of Crop recording (item No.1) | Checking of Compilation (item No. 2) | Supervision of Crop Cutting experiments (item No.3) | |
| District | Planned | Received | Planned | Supervised | Planned | Analysed |
| Hoshiarpur .. | 329 | 304 | 13 | 13 | 48 | 48 |
| Jullundur .. | 365 | 350 | 14 | 14 | 52 | 50 |
| Ludhiana .. | 199 | 166 | 19 | 19 | 62 | 56 |
| Ferozepur .. | 230 | 217 | 21 | 21 | 78 | 74 |
| Amritsar .. | 247 | 232 | 20 | 20 | 60 | 60 |
| Gurdaspur .. | 310 | 276 | 13 | 13 | 42 | 26 |
| Kapurthala | 140 | 127 | 5 | 5 | 34 | 26 |
| Bhatinda .. | 104 | 92 | 23 | 23 | 88 | 84 |
| Sangrur .. | 148 | 143 | 23 | 23 | 94 | 80 |
| Patiala .. | 189 | 189 | 20 | 20 | 70 | 62 |
| Ropar .. | 186 | 168 | 6 | 6 | 46 | 40 |
| Faridkot .. | 117 | 110 | 23 | 23 | 86 | 72 |
| | 2,564 | 2,374 | 200 | 200 | 760 | 678 |
| Percentage response | | 93·0 | 100·0 | | | 90·00 |

*Note.*—1978-79 is in progress. The season is to commence from 1st October, 1978 and the field work will start from October. At present staff is compiling the crop-wise data at the block level.

34594 PVS—Govt. Press, Chd.

Original with;
Punjab Vidhan Sabha
Digitized by;
Panjab Digital Library

*Original with:*
Punjab Vidhan Sabha
*Digitized by:*
Panjab Digital Library

©1979
Published under the authority of the Punjab Vidhan Sabha Secretariat and printed by the Controller, Government Press, Chandigarh.

Original with;
Punjab Vidhan Sabha
Digitized by;
Panjab Digital Library

# Punjab Vidhan Sabha Debates

*15th September, 1978*

(Afternoon Sitting)

Vol. III—No. 12

**OFFICIAL REPORT**

CONTENTS

*Friday, the 15th September, 1978*
*(Afternoon Sitting)*


| | | Page |
|---|---|---|
| Starred Questions and Answers | .. | (12)1 |
| Call Attention Notices under Rule 66 | .. | (12)17 |
| Statement by the Chief Minister reg. suspension of Members from the service of the House | .. | (12)22 |
| Question of Privilege | .. | (12)26 |
| **Legislative Business** | | |
| Bill— | | |
| The Punjab Cycle-Rickshaws (Regulation of Licence) (Amendment),— 1978(Withdrawn) | .. | (12)27 |
| Resolution regarding approaching the Government of India for amending the Hindu Succession Act, 1956 that the daughter may get her share from her inlaws property after her marriage. | .. | (12)27 |



Punjab Vidhan Sabha Secretariat, Chandigarh

Price : Rs : 19.00



Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

## PUNJAB VIDHAN SABHA

*Friday, the 15th September, 1978*
*(Afternoon Sitting)*

*The Vidhan Sabha met in the Punjab Vidhan Sabha Hall, Vidhan Bhavan Chandigarh, at 2-30 P. M. of the Clock. Mr. Speaker (Sardar Ravi Inder Singh) in the Chair.*

---

### STARRED QUESTIONS AND ANSWERS

**ਸ੍ਰੀ ਸਪੀਕਰ** : ਸਵਾਲ ਨੰ 836.

(ਸਬੰਧਤ ਮਾਨਯੋਗ ਮੈਂਬਰ ਸਦਨ ਵਿਚ ਹਾਜ਼ਰ ਨਹੀਂ ਸਨ ਪਰੰਤੂ ਮਾਨਯੋਗ ਮੈਂਬਰ ਸਰਦਾਰ ਕਿਰਪਾਲ ਸਿੰਘ ਨੇ ਇਸ ਸਵਾਲ ਦਾ ਉੱਤਰ ਦੇਣ ਲਈ ਬੇਨਤੀ ਕੀਤੀ ਜਿਸ ਤੇ ਸ੍ਰੀ ਸਪੀਕਰ ਨੇ ਖੇਤ ਬਾੜੀ ਮੰਤਰੀ ਨੂੰ ਸਵਾਲ ਦਾ ਜਵਾਬ ਦੇਣ ਲਈ ਕਿਹਾ)

**Subsidy given to the Farmers for installing the Tubewells and Pumping Sets**

***836. Sardar Dalbir Singh** (*At the request of Sardar Kirpal Singh*): Will the Minister for Agriculture and Forests be pleased to state :—

(a) whether any scheme was introduced in 1977-78 under which the subsidy could be given to the farmers for installing tube-wells and pumping sets in the State ;

(b) if the reply to part (a) above be in the affirmative, the district-wise, number of farmers who have received the said subsidy ; together with the criteria fixed for sanctioning the said subsidy ?

**ਸਰਦਾਰ ਬਲਵਿੰਦਰ ਸਿੰਘ ਭੂੰਦੜ** : (ੳ) ਨਹੀਂ ਜੀ।

(ਅ) ਉਪਰੋਕਤ (ੳ) ਨੂੰ ਮੁੱਖ ਰਖਦੇ ਹੋਏ ਸਵਾਲ ਹੀ ਪੈਦਾ ਨਹੀਂ ਹੁੰਦਾ।

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਸਕੀਮ ਨੂੰ ਚਾਲੂ ਨਾ ਕਰਨ ਦੇ ਕੀ ਕਾਰਨ ਹਨ ?

**ਮੰਤਰੀ** : ਸਪੀਕਰ ਸਾਹਿਬ, ਇਹ ਸਕੀਮ 1968 ਤੋਂ ਬੰਦ ਹੋ ਗਈ ਸੀ ਹੋਰ ਢੰਗ ਦੇ ਨਾਲ, ਪਰ ਸਰਕਾਰ ਵੱਲੋਂ ਨਹੀਂ, ਬਲਕਿ ਸਮਾਲ ਫਾਰਮਰਜ਼ ਏਜੰਸੀ ਰਾਹੀਂ ਜਿਸ ਨੂੰ ਕੇਂਦਰੀ ਸਰਕਾਰ 7 ਜ਼ਿਲ੍ਹਿਆਂ ਦੇ ਵਿਚ ਏਡ ਦਿੰਦੀ ਹੈ ਅਤੇ 4 ਜ਼ਿਲ੍ਹਿਆਂ ਦੇ ਵਿਚ ਪੰਜਾਬ ਸਰਕਾਰ ਇਸ ਏਜੰਸੀ ਨੂੰ ਏਡ ਦਿੰਦੀ ਹੈ, ਇਹ ਹੀ ਸਮਾਲ ਫਾਰਮਰਜ਼ ਏਜੰਸੀ ਪੈਸੇ ਦਿੰਦੀ ਹੈ। ਗੌਰਮਿੰਟ ਲੈਵਲ ਤੇ ਇਹ ਸਕੀਮ 1968 ਦੇ ਵਿਚ ਬੰਦ ਹੋ ਗਈ ਸੀ।

**ਸਰਦਾਰ ਕਿਰਪਾਲ ਸਿੰਘ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਕੇਸਿਜ਼ ਦੇ ਵਿਚ ਏਜੰਸੀ ਰਾਹੀਂ ਪੈਸੇ ਦਿਤੇ ਜਾਂਦੇ ਹਨ, ਪੰਪਿੰਗ ਸੈਟ ਜਾਂ ਟਿਊਬਵੈਲ ਆਦਿ ਲਈ ਪੈਸੇ ਦਿੰਦੇ ਹਨ ਉਹ ਕਹਿੰਦੇ ਹਨ ਕਿ ਫਲਾਣੀ ਫਲਾਣੀ ਫਰਮ ਤੋਂ ਖਰੀਦ ਕੇ ਰਸੀਦ ਲਈ ਜਾਵੇ

*Original with;*
Punjab Vidhan Sabha
*Digitized by;*
Panjab Digital Library

[ਸਰਦਾਰ ਕਿਰਪਾਲ ਸਿੰਘ]

ਤਦ ਉਸ ਰਸੀਦ ਦੇ ਬੇਸਿਜ਼ ਤੇ ਪੈਸੇ ਸਮਾਲ ਫਾਰਮਰਜ਼ ਏਜੰਸੀ ਰਾਹੀਂ ਮਿਲਦੇ ਹਨ। ਕੀ ਮਨਿਸਟਰ ਸਾਹਿਬ ਇਸ ਚੀਜ਼ ਨੂੰ ਰੋਕਣ ਲਈ ਤਿਆਰ ਹਨ ਤਾਕਿ ਲੋਕਾਂ ਨੂੰ ਤਕਲੀਫ ਨਾ ਹੋਵੇ ਔਰ ਮਰਜ਼ੀ ਨਾਲ ਜਿਥੋਂ ਚਾਹੁੰਣ ਖਰੀਦ ਸਕਣ ?

**ਮੰਤਰੀ** : ਸਪੀਕਰ ਸਾਹਿਬ, ਇਹ ਸਵਾਲ ਇਸ ਸਵਾਲ ਦੇ ਵਿਚੋਂ ਹੀ ਰਾਈਜ਼ ਹੋਇਆ ਹੈ। ਮੈਨੂੰ ਇਸ ਬਾਰੇ ਪੂਰਾ ਪਤਾ ਨਹੀਂ ਹੈ ਔਰ ਮੈਨੂੰ ਪਤਾ ਲਗਾ ਹੈ ਕਿ ਮੈਂਬਰ ਸਾਹਿਬ ਨੂੰ ਵੀ ਪੂਰਾ ਪਤਾ ਨਹੀਂ ਹੈ। ਜੇ ਕਰ ਕੋਈ ਐਸੀ ਗੱਲ ਹੋਵੇਗੀ ਤਾਂ ਇਸ ਤਕਲੀਫ ਨੂੰ ਦੂਰ ਕਰਵਾ ਦੇਵਾਂਗੇ।

**ਸ੍ਰੀ ਸਪੀਕਰ** : ਤੁਸੀਂ ਮੈਂਬਰ ਸਾਹਿਬ ਤੋਂ ਨੋਟਿਸ ਮੰਗ ਲਵੋ।

(ਕੋਈ ਉੱਤਰ ਨਹੀਂ ਦਿਤਾ ਗਿਆ)

---

## Veterinary Hospitals opened in District Kapurthala And Tehsil Phagwara separately

***829. Doctor Sadhu Ram** : Will the Minister of State for Animal Husbandry be pleased to state the total number of Veterinary Hospitals opened in district Kapurthala and Tehsil Phagwara separately during the years 1977-78 and 1978-79 ?

**ਸਰਦਾਰ ਸੁਖਦੇਵ ਸਿੰਘ ਢੀਂਡਸਾ** (ਰਾਜ ਮੰਤਰੀ, ਆਵਾਜਾਈ ਅਤੇ ਖੇਡਾਂ) : ਸਾਲ 1977-78 ਵਿਚ 3 ਪਸ਼ੂ ਹਸਪਤਾਲ ਜ਼ਿਲ੍ਹਾ ਕਪੂਰਥਲਾ ਵਿਚ ਸਥਾਪਤ ਕੀਤੇ ਗਏ। ਇਹਨਾਂ ਵਿਚੋਂ ਇਕ ਪਸ਼ੂ ਹਸਪਤਾਲ ਤਹਿਸੀਲ ਫਗਵਾੜਾ ਵਿਚ ਸਥਾਪਤ ਕੀਤਾ ਗਿਆ। ਸਾਲ 1978-79 ਵਿਚ ਕੋਈ ਪਸ਼ੂ ਹਸਪਤਾਲ ਜ਼ਿਲ੍ਹਾ ਕਪੂਰਥਲਾ ਵਿਚ ਨਹੀਂ ਸਥਾਪਤ ਕੀਤਾ ਗਿਆ।

**ਡਾਕਟਰ ਸਾਧੂ ਰਾਮ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਪੂਰਥਲੇ ਦੇ ਵਿਚ 3 ਪਸ਼ੂਆਂ ਦੇ ਹਸਪਤਾਲ ਬਣਾਏ ਗਏ ਹਨ। ਜਿਹੜਾ ਇਨ੍ਹਾਂ ਨੇ ਦਸਿਆ ਹੈ ਕਿ ਫਗਵਾੜੇ ਦੇ ਵਿਚ ਇਕ ਬਣਾਇਆ ਗਿਆ ਹੈ ਉਹ ਦੱਸ ਦੇਣ ਕਿਥੇ ਹੈ ? ਮੇਰਾ ਖਿਆਲ ਹੈ ਕਿ ਇਨ੍ਹਾਂ ਨੂੰ ਗਲਤ ਇਨਫਰਮੇਸ਼ਨ ਆਈ ਹੈ।

**ਰਾਜ ਮੰਤਰੀ, ਆਵਾਜਾਈ ਅਤੇ ਖੇਡਾਂ** : ਸਪੀਕਰ ਸਾਹਿਬ, ਫਗਵਾੜੇ ਦੇ ਬਾਹਰ ਬਣਾਇਆ ਗਿਆ ਹੈ।

**ਡਾਕਟਰ ਸਾਧੂ ਰਾਮ** : ਸਪੀਕਰ ਸਾਹਿਬ, ਫਗਵਾੜੇ ਦੇ ਬਾਹਰ ਤਾਂ ਫੋਕਲ ਪੁਆਇੰਟ ਹੈ ਇਹ ਤਾਂ ਆਉਣਾ ਹੀ ਸੀ। ਹੋਰ ਦੱਸਣ ਕਿਹੜਾ ਬਣਾਇਆ ਹੈ ?

**ਸ੍ਰੀ ਸਪੀਕਰ** : ਤੁਹਾਡਾ ਮਤਲਬ ਹੈ ਕਿ ਤੁਸੀਂ 2 ਹਸਪਤਾਲ ਚਾਹੁੰਦੇ ਸੀ ?

**ਡਾਕਟਰ ਸਾਧੂ ਰਾਮ** : ਹਾਂ ਜੀ।

**ਸ੍ਰੀ ਸਪੀਕਰ** : ਫਿਰ ਤੁਸੀਂ ਇਹ ਗੱਲ ਕਰੋ।

**ਰਾਜ ਮੰਤਰੀ** : ਸਪੀਕਰ ਸਾਹਿਬ, ਫੋਕਲ ਪੁਆਇੰਟ ਵਾਲਾ ਵੀ ਤਾਂ ਇਸੇ ਜਗ੍ਹਾ ਦੇ ਵਿਚ ਆਉਂਦਾ ਹੈ। ਇਹ ਜ਼ਿਲ੍ਹਾ ਕਪੂਰਥਲੇ ਦੇ ਵਿਚ ਹੀ ਆਉਂਦਾ ਹੈ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਇਨ੍ਹਾਂ ਹਸਪਤਾਲਾਂ ਦੇ ਵਿਚ ਦਵਾਈਆਂ ਦੀ ਬੜੀ ਘਾਟ ਹੈ। ਕੀ ਸਰਕਾਰ ਇਸ ਘਾਟ ਨੂੰ ਦੂਰ ਕਰਨ ਲਈ ਯਤਨ ਕਰ ਰਹੀ ਹੈ ? ਕਿਉਂਕਿ ਪਿਛੇ ਜਿਹੇ ਲੁਧਿਆਣੇ ਵਿਚ ਇਕ ਐਸੀ ਬਿਮਾਰੀ ਫੈਲ ਗਈ ਸੀ ਜਿਸ ਦਾ ਡਰ ਸਾਰੇ ਪੰਜਾਬ ਦੇ ਵਿਚ ਫੈਲਣ ਦਾ ਸੀ।

Original with;
Punjab Vidhan Sabha
Digitized by;
Panjab Digital Library

ਉਸ ਬਿਮਾਰੀ ਦੇ ਨਾਲ ਪਸ਼ੂ ਦਾ ਗਲਾ ਘੁਟਿਆ ਜਾਂਦਾ ਸੀ। ਸਰਕਾਰ ਇਸ ਬਾਰੇ ਕੀ ਪ੍ਰਬੰਧ ਕਰ ਰਹੀ ਹੈ ?

**ਰਾਜ ਮੰਤਰੀ** : ਸਪੀਕਰ ਸਾਹਿਬ, ਜਿਥੋਂ ਕੋਈ ਸ਼ਿਕਾਇਤ ਆਉਂਦੀ ਹੈ ਉਥੇ ਸ਼ਿਕਾਇਤ ਦੂਰ ਕਰ ਦਿੱਤੀ ਜਾਂਦੀ ਹੈ। ਜੇਕਰ ਇਨ੍ਹਾਂ ਨੂੰ ਕੋਈ ਸ਼ਿਕਾਇਤ ਹੈ ਤਾਂ ਫਿਰ ਇਹ ਵੱਖਰਾ ਨੋਟਿਸ ਦੇ ਦੇਣ।

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਜਿਹੜੇ ਵੈਟਰਨਰੀ ਹਸਪਤਾਲ ਖੋਲ੍ਹੇ ਜਾਂਦੇ ਹਨ, ਉਸ ਦੇ ਲਈ ਕੀ ਕੋਈ ਕਰਾਇਟੇਰੀਆ ਫਿਕਸ ਕੀਤਾ ਹੋਇਆ ਹੈ ?

**ਰਾਜ ਮੰਤਰੀ** : ਸਪੀਕਰ ਸਾਹਿਬ, ਵੈਸੇ ਹਸਪਤਾਲ ਖੋਲ੍ਹਣ ਲਈ ਕੋਈ ਐਸਾ ਕਰਾਇਟੇਰੀਆ ਫਿਕਸ ਨਹੀਂ ਕੀਤਾ ਹੋਇਆ। ਇਸ ਦੇ ਵਿਚ 4 ਚੀਜ਼ਾਂ ਦਾ ਧਿਆਨ ਰਖਿਆ ਜਾਂਦਾ ਹੈ। ਇਕ ਇਹ ਕਿ 5 ਮੀਲ ਦੇ ਏਰੀਆ ਦੇ ਵਿਚ ਪਹਿਲਾਂ ਕੋਈ ਹੋਰ ਹਸਪਤਾਲ ਨਾ ਹੋਵੇ। ਦੂਜਾ ਇਹ ਕਿ ਪੰਚਾਇਤ 4 ਕਨਾਲ ਜ਼ਮੀਨ ਘੱਟੋ ਘੱਟ ਦੇਵੇ। ਤੀਸਰਾ ਇਹ ਕਿ ਬਿਲਡਿੰਗ ਪੰਚਾਇਤ ਵੱਲੋਂ ਕੰਸਟਰਕਟ ਕੀਤੀ ਹੋਈ ਹੋਵੇ ਔਰ ਜਿੰਨੀ ਦੇਰ ਬਿਲਡਿੰਗ ਨਹੀਂ ਪੰਚਾਇਤ ਦਿੰਦੀ ਉਤਨੀ ਦੇਰ ਪੰਚਾਇਤ ਨੂੰ ਹਸਪਤਾਲ ਦੇ ਸਟਾਫ ਲਈ ਜਗ੍ਹਾ ਦੇਣੀ ਹੁੰਦੀ ਹੈ। ਬੱਸ ਇਹ 3-4 ਗੱਲਾਂ ਵੇਖੀਆਂ ਜਾਂਦੀਆਂ ਹਨ।

**ਸਰਦਾਰ ਚਿਤਵੰਤ ਸਿੰਘ ਕੋਹਰੀਆਂ** : ਸਪੀਕਰ ਸਾਹਿਬ, ਕੀ ਸਰਕਾਰ ਨੂੰ ਪਤਾ ਹੈ ਕਿ ਪੰਜਾਬ ਦੇ ਵਿਚ ਵੈਟਰਨਰੀ ਹਸਪਤਾਲਾਂ ਦੀ ਬੜੀ ਘਾਟ ਹੈ ਔਰ ਇਸ ਘਾਟ ਨੂੰ ਪੂਰਾ ਕਰਨ ਲਈ ਕੀ ਸਰਕਾਰ ਦੇ ਕੋਲ ਕੋਈ ਐਸੀ ਸਕੀਮ ਹੈ ਜਿਸ ਦੇ ਨਾਲ ਪੰਜਾਬ ਦੇ ਹਰ ਇਕ ਪਿੰਡ ਦੇ ਵਿਚ ਇਕ ਡਿਸਪੈਂਸਰੀ ਵੈਟਰਨਰੀ ਦੀ ਹੋ ਜਾਵੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਹਰ ਇਕ ਫੋਕਲ ਪੁਆਇੰਟ ਤੇ ਵੈਟਰਨਰੀ ਡਿਸਪੈਂਸਰੀ ਖੋਲ੍ਹੀ ਜਾ ਰਹੀ ਹੈ। ਅਗਰ ਫਿਰ ਵੀ ਕੋਈ ਲੋੜ ਮਹਿਸੂਸ ਹੋਵੇ ਤਾਂ ਉਥੇ ਖੋਲ੍ਹ ਦਿਤੀ ਜਾਂਦੀ ਹੈ। ਫਾਈਨੈਂਸਿਜ਼ ਦੀ ਘਾਟ ਹੋਣ ਕਰਕੇ ਹਾਲੇ ਹਰ ਇਕ ਪਿੰਡ ਦੇ ਵਿਚ ਡਿਸਪੈਂਸਰੀ ਨਹੀਂ ਖੋਲ੍ਹੀ ਜਾ ਸਕਦੀ। ਇਹ ਸਾਰੀ ਗੱਲ ਪੈਸੇ ਤੇ ਡਿਪੈਂਡ ਕਰਦੀ ਹੈ।

**ਸਰਦਾਰ ਗੁਰਦੇਵ ਸਿੰਘ ਗਰੇਵਾਲ** : ਸਪੀਕਰ ਸਾਹਿਬ, ਮੇਰੇ ਇਲਾਕੇ ਵਿਚ ਪੰਚਾਇਤ ਨੇ ਜ਼ਮੀਨ ਵੀ ਦਿੱਤੀ ਹੋਈ ਹੈ, ਹਸਪਤਾਲ ਵੀ ਬਣਾ ਦਿਤਾ ਹੈ, ਪੈਸੇ ਵੀ ਖਰਚੇ ਜਾ ਚੁਕੇ ਹਨ ਪਰ ਹਾਲੇ ਤਕ ਸਟਾਫ ਨਹੀਂ ਪਹੁੰਚਿਆ। ਕੀ ਸਟਾਫ ਜਲਦੀ ਭੇਜ ਦੇਣਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਸ ਸਵਾਲ ਦਾ ਇਸ ਦੇ ਨਾਲ ਕੋਈ ਸਬੰਧ ਨਹੀਂ ਹੈ। ਬਾਕੀ ਮੈਂ ਇਨ੍ਹਾਂ ਦੀ ਗੱਲ ਨੋਟ ਕਰ ਲਈ ਹੈ।

**ਸਰਦਾਰ ਗੁਰਦੇਵ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਇਕ ਜਨਰਲ ਸਵਾਲ ਕਰਨ ਲੱਗਾ ਹਾਂ। ਜਿਸ ਇਲਾਕੇ ਦੇ ਵਿਚ ਪਸ਼ੂਆਂ ਦੀ ਬਿਮਾਰੀ ਫੈਲ ਗਈ ਹੋਈ ਹੈ ਕੀ ਸਰਕਾਰ ਉਥੇ ਡੰਗਰਾਂ ਦਾ ਇਲਾਜ ਕਰਨ ਲਈ ਕੋਈ ਸਪੈਸ਼ਲ ਪ੍ਰਬੰਧ ਕਰਨ ਲਈ ਤਿਆਰ ਹੈ ?

**ਰਾਜ ਮੰਤਰੀ**: ਸਪੀਕਰ ਸਾਹਿਬ, ਜਿਥੋਂ ਸ਼ਿਕਾਇਤ ਮਿਲਦੀ ਹੈ ਉਥੇ ਸਟਾਫ ਇਲਾਜ ਕਰਨ ਲਈ ਭੇਜ ਦਿਤਾ ਜਾਂਦਾ ਹੈ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 670**

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ)

---

Original with;
Punjab Vidhan Sabha
Digitized by;
Panjab Digital Library

**Appointment of Advisory Committees to co-ordinate between the Police and Public to maintain law and order in the State:**

***554. Shri Harbans Lal Khanna :** Will the Chief Minister be pleased to state whether there is any proposal under consideration of the Government to appoint any Advisory Committees to co-ordinate between the police and the public in order to maintain law and order in the State; if so, the time by which it is likely to be implemented ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਨਹੀਂ ਜੀ।

**ਸ੍ਰੀ ਹਰਬੰਸ ਲਾਲ ਖੰਨਾ** : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੁਲਿਸ ਅਤੇ ਪਬਲਿਕ ਦੇ ਵਿਚ ਤਾਲਮੇਲ ਨਾ ਹੋਣ ਕਰਕੇ ਅੱਜ ਕਲ੍ਹ ਪਬਲਿਕ ਦੇ ਵਿਚ ਰਿਜ਼ੈਂਟਮੈਂਟ ਹੈ। ਕਈ ਦਫਾ ਪੁਲਿਸ ਦਾ ਕੰਮ ਚੰਗਾ ਵੀ ਹੁੰਦਾ ਹੈ ਪਰ ਕਈ ਦਫਾ ਪੁਲਿਸ ਵੱਲੋਂ ਜ਼ਿਆਦਤੀ ਵੀ ਕੀਤੀ ਜਾਂਦੀ ਹੈ। ਇਸ ਰਿਜ਼ੈਂਟਮੈਂਟ ਨੂੰ ਦੂਰ ਕਰਨ ਲਈ ਇਕ ਤਾਲਮੇਲ ਕਮੇਟੀ ਸਰਕਾਰ ਨੂੰ ਬਣਾ ਦੇਣੀ ਚਾਹੀਦੀ ਹੈ। ਜਿਸ ਤਰ੍ਹਾਂ ਦੂਸਰੇ ਡਿਪਾਰਟਮੈਂਟ ਦੇ ਵਿਚ ਐਡਵਾਈਜ਼ਰੀ ਕਮੇਟੀਜ਼ ਬਣਾਈਆਂ ਹੋਈਆਂ ਹਨ। ਇਸੇ ਤਰ੍ਹਾਂ ਪੁਲਿਸ ਡਿਪਾਰਟਮੈਂਟ ਦੇ ਵਿਚ ਤਾਲਮੇਲ ਕਮੇਟੀਆਂ ਬਣਾ ਦਿਤੀਆਂ ਜਾਣੀਆਂ ਚਾਹੀਦੀਆਂ ਹਨ ਤਾਂ ਕਿ ਲੋਕਾਂ ਦੀਆਂ ਮੁਸ਼ਕਲਾਂ ਦੂਰ ਹੋ ਸਕਣ। ਇਹ ਗੱਲ ਲਾਅ ਐਂਡ ਆਰਡਰ ਦੇ ਵਿਊ ਪੁਆਇੰਟ ਨਾਲ ਅਤੇ ਐਡਮਿਨਿਸਟਰੇਟਿਵ ਵਿਊ ਪੁਆਇੰਟ ਨਾਲ ਚੰਗੀ ਸਾਬਤ ਹੋਵੇਗੀ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਸਟੇਟ ਲੈਵਲ ਤੇ ਇਕ ਕੰਸਲਟੇਟਿਵ ਕਮੇਟੀ ਬਣਾਈ ਹੋਈ ਹੈ ਜਿਸ ਦੇ ਵਿਚ ਸਾਰੀਆਂ ਪੁਲਿਟੀਕਲ ਪਾਰਟੀਜ਼ ਅਤੇ ਸੀਨੀਅਰ ਲੈਜਿਸਲੇਟਰਜ਼ ਹਨ। ਬਾਕੀ ਇਸ ਤਰ੍ਹਾਂ ਦੀਆਂ ਕਮੇਟੀਆਂ ਡਿਸਟ੍ਰਿਕਟ ਲੈਵਲ ਤੇ ਬਣਾਉਣ ਲਈ ਵਿਚਾਰ ਕਰ ਲਵਾਂਗੇ।

---

**Electric Connections to the Tube-wells in the State**

***543. Shri Romesh Chander :** Will the Chief Minister be pleased to state :—

(a) the number of electric connections given to the village Tube-wells in the State from 1st January, 1978 to 20th May, 1978 ;

(b) the number of cases where test reports have been submitted but tube-well connections are yet to be given in the State ;

(c) the number of applications received for tubewell connections which are still to be processed ;

(d) the number of applications for house hold connections pending as on 30th May, 1978 ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** :

| | | |
|---|---|---|
| (ੳ) | 11,412 | ਇਹ ਸੂਚਨਾ 1 ਜਨਵਰੀ, 1978 ਤੋਂ 31 ਮਈ, 1978 ਤੱਕ ਦੀ ਹੈ। |
| (ਅ) | 32,228 | ਇਹ ਸੂਚਨਾ ਮਈ, 1978 ਦੇ ਅੰਤ ਤੱਕ ਦੀ ਹੈ। |
| (ੲ) | 17,173 | ਉਹੀ |
| (ਸ) | 1,07,711 | ਉਹੀ |

Original with;
Punjab Vidhan Sabha
Digitized by;
Panjab Digital Library

**ਸ੍ਰੀ ਰਮੇਸ਼ ਚੰਦਰ** : ਸਪੀਕਰ ਸਾਹਿਬ, ਕੀ ਚੀਫ਼ ਮਨਿਸਟਰ ਸਾਹਿਬ ਦੱਸਣਗੇ ਕਿ 32 ਹਜ਼ਾਰ ਕੁਨੈਕਸ਼ਨ ਹਾਲਾਂ ਤੱਕ ਨਹੀਂ ਦਿਤੇ ਗਏ; ਇਨ੍ਹਾਂ ਦੀਆਂ ਟੈਸਟ ਰਿਪੋਰਟਾਂ ਤਾਂ ਗੌਰਮਿੰਟ ਦੇ ਕੋਲ ਪਹੁੰਚ ਗਈਆਂ ਹਨ ਪਰ ਉਨ੍ਹਾਂ ਨੂੰ ਹਾਲੇ ਤਕ ਕੁਨੈਕਸ਼ਨ ਨਹੀਂ ਦਿਤੇ ਗਏ। ਇਹ ਕਦੋਂ ਤਕ ਡਿਸਪੋਜ਼ ਆਫ਼ ਹੋ ਜਾਣਗੀਆਂ ? ਕੀ ਚੀਫ਼ ਮਨਿਸਟਰ ਸਾਹਿਬ ਨੂੰ ਪਤਾ ਹੈ ਕਿ ਟੈਸਟ ਰਿਪੋਰਟਾਂ ਗੌਰਮਿੰਟ ਕੋਲ ਆ ਜਾਂਦੀਆਂ ਹਨ ਪਰ ਕਈ ਕਈ ਸਾਲ ਲੰਘ ਜਾਂਦੇ ਹਨ ਕੁਨੈਕਸ਼ਨ ਨਹੀਂ ਦਿਤੇ ਜਾਂਦੇ ? ਉਹ ਟੈਸਟ ਰਿਪੋਰਟ ਤੋਂ ਪਹਿਲਾਂ ਮੋਟਰ ਵੀ ਖਰੀਦ ਲੈਂਦੇ ਹਨ ਪਰ ਟੈਸਟ ਰਿਪੋਰਟ ਤੋਂ ਬਾਅਦ ਕੁਨੈਕਸ਼ਨ ਨਹੀਂ ਦਿਤਾ ਜਾਂਦਾ । ਕੀ ਚੀਫ਼ ਮਨਿਸਟਰ ਸਾਹਿਬ ਟੈਸਟ ਰਿਪੋਰਟ ਤੋਂ ਬਾਅਦ ਉਸੇ ਸਮੇਂ ਕੁਨੈਕਸ਼ਨ ਦੇਣ ਲਈ ਯਤਨ ਕਰਨਗੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਇਹ ਬੇਨਤੀ ਕੀਤੀ ਸੀ ਕਿ ਪਿਛਲੀ ਸਰਕਾਰ ਵੇਲੇ ਬਹੁਤ ਸਾਰੀਆਂ ਐਪਲੀਕੇਸ਼ਨਜ਼ ਪੈਂਡਿੰਗ ਰਹਿ ਗਈਆਂ ਸਨ ਅਤੇ ਹੁਣ 32,228 ਹਨ। ਸਾਡਾ ਟੀਚਾ ਸਪੀਕਰ ਸਾਹਿਬ, ਪੈਂਡਿੰਗ ਟੈਸਟ ਰਿਪੋਰਟਸ ਵਾਲਿਆਂ ਨੂੰ ਅਤੇ ਨਵਿਆਂ ਨੂੰ ਕੁੱਲ 37,500 ਨੂੰ ਕੁਨੈਕਸ਼ਨ ਦੇਣ ਦਾ ਹੈ (ਤਾੜੀਆਂ) ਇਸ ਕਰਕੇ ਪਿਛਲੇ ਸਾਰੇ ਕਵਰ ਹੋ ਜਾਣਗੇ ।

**ਸ੍ਰੀ ਹੁਕਮ ਚੰਦ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ. ਐਮ. ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਕੋਈ ਕੁਨੈਕਸ਼ਨ ਵਾਸਤੇ ਅਪਲਾਈ ਕੀਤਾ ਜਾਂਦਾ ਹੈ ਤਾਂ ਡਿਮਾਂਡ ਨੋਟਿਸ ਦਿੰਦੇ ਹਨ ਕਿ ਟੈਸਟ ਰਿਪੋਰਟ ਜਲਦੀ ਲਿਆਓ । ਉਥੇ ਜੋ ਅਫ਼ਸਰਾਂ ਹੇਠ ਕਲਰਕ ਕੰਮ ਕਰਦੇ ਹਨ, ਉਹ ਆਪਣੇ ਬੰਦਿਆਂ ਨੂੰ ਕਹਿੰਦੇ ਹਨ ਕਿ ਟੈਸਟ ਰਿਪੋਰਟ ਲਿਆਓ ਔਰ ਕੁਨੈਕਸ਼ਨ ਦੇ ਦਿੰਦੇ ਹਨ । ਇਸ ਤਰ੍ਹਾਂ ਸੀਰੀਅਲ ਨੰ: ਦੇ ਮੁਤਾਬਿਕ ਕੰਮ ਨਹੀਂ ਹੁੰਦਾ। ਜਿਹੜਾ ਪਹਿਲਾਂ ਕੁਨੈਕਸ਼ਨ ਲੈਣ ਵਾਲਾ ਹੈ, ਉਸ ਨੂੰ ਬਾਅਦ ਵਿਚ ਮਿਲਦਾ ਹੈ ਅਤੇ ਪਿਛੋਂ ਵਾਲਾ ਪਹਿਲਾ ਲੈ ਜਾਂਦਾ ਹੈ। ਕੀ ਸੀ. ਐਮ. ਸਾਹਿਬ ਇਸ ਵੱਲ ਧਿਆਨ ਦੇਣਗੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਬਿਲਕੁਲ ਸੀਰੀਅਲ ਨੰ: ਦੇ ਮੁਤਾਬਿਕ ਹੀ ਅਰਜ਼ੀਆਂ ਡੀਲ ਹੁੰਦੀਆਂ ਹਨ। ਜੇ ਕਰ ਆਨਰੇਬਲ ਮੈਂਬਰ ਨੂੰ ਕੋਈ ਸ਼ਿਕਾਇਤ ਹੈ ਤਾਂ ਉਹ ਮੈਨੂੰ ਦੱਸ ਦੇਣ ਮੈਂ ਇਨਕੁਆਇਰੀ ਕਰਵਾ ਲਵਾਂਗਾ।

**ਸ੍ਰੀ ਸਪੀਕਰ** : ਠੀਕ ਹੈ ਜੀ, ਜੇਕਰ ਕੋਈ ਐਸੀ ਗੱਲ ਹੈ ਤਾਂ ਨੋਟਿਸ ਵਿਚ ਲਿਆਂਦੀ ਜਾਵੇ।

**ਸ੍ਰੀ ਰਮੇਸ਼ ਚੰਦਰ** : ਸਪੀਕਰ ਸਾਹਿਬ, ਮੇਰੇ ਸਵਾਲ ਦੇ ਪਾਰਟ ਚੌਥੇ ਵਿਚ ਇਹ ਸੀ ਕਿ ਕਿਤਨੇ ਹਾਊਸ-ਹੋਲਡ ਦੇ ਕੁਨੈਕਸ਼ਨ ਪੈਂਡਿੰਗ ਹਨ। ਇਨ੍ਹਾਂ ਨੇ ਜਵਾਬ ਦਿੱਤਾ ਕਿ 107711 ਕੁਨੈਕਸ਼ਨ ਦੇਣ ਵਾਲੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਤਕ ਕੁਨੈਕਸ਼ਨ ਦੇ ਦੇਣਗੇ ? ਕਿਉਂਕਿ ਪਹਿਲੇ ਸਵਾਲ ਵਿਚ ਸੀ.ਐਮ. ਸਾਹਿਬ ਨੇ ਜਵਾਬ ਦਿਤਾ ਹੈ ਕਿ ਟੈਸਟ ਰਿਪੋਰਟਾਂ ਉਦੋਂ ਮੰਗੀਆਂ ਜਾਇਆ ਕਰਨਗੀਆਂ ਜਦੋਂ ਕੁਨੈਕਸ਼ਨ ਦੇਣਾ ਹੋਵੇਗਾ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਅਸੀਂ ਪਿਛਲੀ ਸਰਕਾਰ ਦੀ ਤਰ੍ਹਾਂ ਨਹੀਂ ਕਰਦੇ। ਮੈਂ ਇਹ ਕਿਹਾ ਹੈ ਕਿ 1,07,711 ਪੈਂਡਿੰਗ ਕੁਨੈਕਸ਼ਨ ਹਨ। ਸਾਡਾ ਟਾਰਗੇਟ 1,50,000 ਕੁਨੈਕਸ਼ਨ ਦੇਣ ਦਾ ਹੈ। ਅਸੀਂ ਸਪੀਕਰ ਸਾਹਿਬ, ਇਸ ਤਰ੍ਹਾਂ ਕੰਮ ਕਰ ਰਹੇ ਹਾਂ ਤਾਂ ਕਿ ਪੈਂਡਿੰਗ ਕੰਮ ਨਾ ਰਹੇ ਅਤੇ ਲੋਕਾਂ ਨੂੰ ਕੋਈ ਤਕਲੀਫ ਨਾ ਹੋਵੇ। (ਤਾੜੀਆਂ)

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਦੇਵ ਸਿੰਘ ਖਿਆਲਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਸਿਆਸੀ ਪੀੜਤ ਲੋਕ ਹਨ ਜੇਕਰ ਉਨ੍ਹਾਂ ਨੇ ਐਪਲੀਕੇਸ਼ਨ ਕੁਨੈਕਸ਼ਨ ਵਾਸਤੇ ਦਿੱਤੀ ਹੈ ਤਾਂ ਕੀ ਉਨ੍ਹਾਂ ਸਿਆਸੀ ਪੀੜਤ ਆਦਮੀਆਂ ਨੂੰ ਕੁਨੈਕਸ਼ਨ ਦੇਣ ਵੇਲੇ ਪਹਿਲ ਦਿੱਤੀ ਜਾਵੇਗੀ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਸਿਆਸੀ ਪੀੜਤਾਂ ਨੂੰ ਪਹਿਲ ਦਿਤੀ ਗਈ ਹੈ। (ਤਾੜੀਆਂ)

**ਜੱਥੇਦਾਰ ਉਜਾਗਰ ਸਿੰਘ ਸੇਖਵਾਂ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ. ਐਮ. ਸਾਹਿਬ ਨੂੰ ਪੱਛਣਾ ਚਾਹੁੰਦਾ ਹਾਂ ਕਿ ਸਾਡੇ ਜਿਹੜੇ ਆਮ ਟਿਊਬਵੈਲ ਹਨ ਪੰਜ ਛੇ ਹਜ਼ਾਰ ਰੁਪਏ ਵਿਚ ਲੱਗ ਜਾਂਦੇ ਹਨ ਪਰ ਕੁੱਝ ਦਰਿਆਵਾ ਦੇ ਕੰਢਿਆ ਉਤੇ ਹਨ ਉਨ੍ਹਾਂ ਉਤੇ 25-30 ਹਜ਼ਾਰ ਰੁਪਿਆ ਲੱਗ ਜਾਂਦਾ ਹੈ (ਵਿਘਨ) ਕੀ ਜਿਨ੍ਹਾਂ ਦੀਆਂ ਟੈਸਟ ਰਿਪੋਰਟਾਂ ਹੋ ਚੁੱਕੀਆਂ ਹਨ, ਉਨ੍ਹਾਂ ਦੇ ਨਾਲ ਕੋਈ ਹਮਦਰਦੀ ਵਾਲਾ ਸਲੂਕ ਕਰਨਗੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਸ ਨੂੰ ਕੰਸਿਡਰ ਕਰ ਲਵਾਂਗੇ।

**ਸਰਦਾਰ ਸਵਰਣ ਸਿੰਘ** : ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਸੀ. ਐਮ. ਸਾਹਿਬ ਨੂੰ ਅਪੀਲ ਕਰਨੀ ਚਾਹੁੰਦਾ ਹਾਂ।

**ਸ੍ਰੀ ਸਪੀਕਰ** : ਤੁਸੀਂ ਸਵਾਲ ਪੁੱਛੋ।

**ਸਰਦਾਰ ਸਵਰਣ ਸਿੰਘ** : ਸਪੀਕਰ ਸਾਹਿਬ, ਮੇਰਾ ਸਵਾਲ ਇਹ ਹੈ ਕਿ ਜਿਨ੍ਹਾਂ ਲੋਕਾਂ ਨੇ ਦੋ ,ਦੋ-ਤਿੰਨ, ਤਿੰਨ ਸਾਲਾਂ ਤੋਂ ਕਰਜ਼ਾ ਲੈ ਕੇ ਮੋਟਰਾਂ ਸੈਟ-ਅੱਪ ਕੀਤੀਆਂ ਹੋਈਆਂ ਹਨ ਪਰ ਉਨ੍ਹਾਂ ਨੂੰ ਕੁਨੈਕਸ਼ਨ ਹੁਣ ਤਕ ਨਹੀਂ ਮਿਲੇ, ਕੀ ਸਰਕਾਰ ਉਨ੍ਹਾਂ ਨੂੰ ਕੁਨੈਕਸ਼ਨ ਜਲਦੀ ਦੇਵੇਗੀ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਅਸੀਂ ਇਹੀ ਕਰ ਸਕਦੇ ਹਾਂ ਕਿ ਜੋ ਪੈਂਡਿੰਗ ਐਪਲੀਕੇਸ਼ਨਾਂ ਹਨ, ਉਨ੍ਹਾਂ ਨੂੰ ਕੁਨੈਕਸ਼ਨ ਜ਼ਰੂਰ ਦਿਤੇ ਜਾਣਗੇ।

**ਸਰਦਾਰ ਕਿਰਪਾਲ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਕੋਈ ਐਸਾ ਫੂਲ ਪਰੂਫ ਸਿਸਟਮ ਬਣਾਓ ਕਿ ਜਦੋਂ ਕੋਈ ਆਦਮੀ ਐਪਲੀਕੇਸ਼ਨ ਦੇਣ ਜਾਵੇ ਤਾਂ ਉਸੇ ਵੇਲੇ ਜੋ ਐਪਲੀਕੇਸ਼ਨ ਵਿਚ ਲੀਗਲ ਖਾਮੀਆਂ ਹੋਣ, ਉਹ ਦੂਰ ਕਰਵਾ ਦਿੱਤੀਆਂ ਜਾਣ ਅਤੇ ਜੇ ਕਰ ਐਪਲੀਕੇਸ਼ਨ ਠੀਕ ਹੋਵੇ ਤਾਂ ਪੈਸੇ ਜਮ੍ਹਾਂ ਉਸੇ ਵੇਲੇ ਕਰਵਾ ਦਿਤੇ ਜਾਣ। ਜੇ ਕਰ ਇਹ ਸੀ. ਐਮ. ਸਾਹਿਬ ਸਿਸਟਮ ਕਰ ਦੇਣ ਤਾਂ ਠੀਕ ਹੈ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਹ ਸੁਜੈਸ਼ਨ ਬੜੀ ਅੱਛੀ ਹੈ ਔਰ ਇਸ ਤੇ ਜ਼ਰੂਰ ਗੌਰ ਕਰਾਂਗੇ

**ਸ੍ਰੀ ਓਮ ਪ੍ਰਕਾਸ਼ ਭਾਰਦਵਾਜ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ. ਐਮ. ਸਾਹਿਬ ਨੂੰ ਪੁੱਛਣਾ ਚਾਹਵਾਂਗਾਂ ਕਿ ਸੀ. ਐਮ. ਸਾਹਿਬ ਨੇ ਇਕ ਲੱਖ ਤੋਂ ਉਪਰ ਕੁਨੈਕਸ਼ਨ ਦੇਣ ਦਾ ਵਾਇਦਾ ਕੀਤਾ ਹੈ ਪਰ ਕੁਨੈਕਸ਼ਨ ਦੇਣ ਸਮੇਂ 35 ਆਈਟਮਾਂ ਦੀ ਲੋੜ ਪੈਂਦੀ ਹੈ। ਬਹੁਤ ਸਾਰੀਆਂ ਥਾਵਾਂ ਤੇ ਐਸ. ਡੀ. ਓ., ਐਕਸ-ਈ-ਐਨ ਇਹ ਕਹਿੰਦੇ ਹਨ ਕਿ ਇਥੇ ਇਹ ਚੀਜ਼ ਚਾਹੀਦੀ ਹੈ ਜੋ ਕਿ ਨਹੀਂ ਹੁੰਦੀ, ਦੂਸਰੀ ਜਗ੍ਹਾਂ ਕੋਈ ਹੋਰ ਚੀਜ਼ ਦੀ ਲੋੜ ਹੁੰਦੀ ਹੈ ਜਿਸ ਕਰਕੇ ਕੁਨੈਕਸ਼ਨ ਨਹੀਂ ਮਿਲਦਾ। ਕੀ ਸਰਕਾਰ ਸਾਰੀਆਂ ਥਾਵਾਂ ਤੇ ਸਾਰਾ ਸਾਮਾਨ ਦੇਣ ਦਾ ਪਰਬੰਧ ਕਰੇਗੀ ?

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਹ ਸਾਰਾ ਪ੍ਰਬੰਧ ਕਰ ਦਿਤਾ ਗਿਆ ਹੈ। ਇਸ ਦਾ ਇਹੀ ਕਾਰਨ ਹੈ ਕਿ ਅਸੀਂ ਪਿਛਲੇ ਸਾਲ ਨਾਲੋਂ ਟਾਰਗੇਟ ਐਕਸੀਡ ਕੀਤਾ ਹੈ ਅਤੇ ਇਸ ਸਾਲ ਹੋਰ ਐਕਸੀਡ ਕਰਾਂਗੇ (ਤਾੜੀਆਂ)।

**ਡਾਕਟਰ ਸਾਧੂ ਰਾਮ** : ਸਪੀਕਰ ਸਾਹਿਬ, ਪਿਛਲੀ ਸਰਕਾਰ ਨੇ ਦਰਖਾਸਤਾਂ ਮੰਗੀਆਂ ਅਤੇ ਨਾਲ ਕਿਹਾ ਕਿ ਇਕ ਹਜ਼ਾਰ ਰੁਪਿਆ ਜਮ੍ਹਾਂ ਕਰਾਓ। ਗਰੀਬ ਲੋਕਾਂ ਨੇ ਬੈਂਕਾਂ ਤੋਂ ਕਰਜ਼ੇ ਲੈ ਕੇ ਪੈਸੇ ਜਮ੍ਹਾਂ ਕਰਾਏ ਹਨ ਪਰ ਹਾਲੇ ਤਕ ਕੁਨੈਕਸ਼ਨ ਨਹੀਂ ਦਿਤੇ ਗਏ। ਕੀ. ਸੀ. ਐਮ. ਸਾਹਿਬ ਉਨ੍ਹਾਂ ਨੂੰ ਪੈਸੇ ਵਾਪਸ ਕਰਾਉਣ ਦਾ ਉਪਰਾਲਾ ਕਰਨਗੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਹ ਤਾਂ ਮੁਸ਼ਕਿਲ ਹੈ।

**ਸਰਦਾਰ ਨੱਥਾ ਸਿੰਘ ਦਾਲਮ** : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਸਿਆਸੀ ਪੀੜ੍ਹਤਾਂ ਨੂੰ ਸਹੂਲਤਾਂ ਦਿਤੀਆਂ ਗਈਆਂ ਹਨ ਉਸੇ ਤਰ੍ਹਾਂ ਐਮਰਜੈਂਸੀ ਦੇ ਵਿਚ ਜਿਹੜੇ ਲੋਕ ਜੇਲ੍ਹਾਂ ਵਿਚ ਗਏ ਹਨ ਕੀ ਉਨ੍ਹਾਂ ਨੂੰ ਵੀ ਇਹ ਸਹੂਲਤਾਂ ਦਿੱਤੀਆਂ ਜਾਣਗੀਆਂ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਹ ਰਿਆਇਤ ਉਨ੍ਹਾਂ ਨੂੰ ਵੀ ਦਿੱਤੀ ਗਈ ਹੈ। (ਹਾਸਾ)

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਮੈਂ ਸੀ. ਐਮ. ਸਾਹਿਬ ਤੋਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਜਿਵੇਂ ਉਨ੍ਹਾਂ ਨੇ ਦਸਿਆ ਹੈ ਕਿ 32,228 ਕੁਨੈਕਸ਼ਨ ਬਾਕੀ ਹਨ। ਜਿਨ੍ਹਾਂ ਦੀਆਂ ਟੈਸਟ ਰਿਪੋਰਟਾਂ ਸਬਮਿਟ ਕਰ ਦਿਤੀਆਂ ਗਈਆਂ ਹਨ ਜਿਨ੍ਹਾਂ ਨੇ ਟੈਸਟ ਰਿਪੋਰਟਾਂ ਸਬਮਿਟ ਨਹੀਂ ਕੀਤੀਆਂ ਉਹ ਕਿਤਨੇ ਹਨ ? (ਵਿਘਨ)

**ਸ੍ਰੀ ਸਪੀਕਰ** : ਕੀ ਮਤਲਬ ਹੈ ਤੁਹਾਡਾ ?

**ਮੁੱਖ ਮੰਤਰੀ** : ਇਸ ਬਾਰੇ ਮੈਂਬਰ ਸਾਹਿਬ ਸੇਪਰੇਟ ਨੋਟਿਸ ਦੇ ਦੇਣ।

---

## Starred Question No. 850

(Extension has been asked for in respect of Starred Question No. 850)

ਨੰ. ਵਪਮ-78/ਐਸ.ਪੀ.ਈ.-101
ਵਿਕਾਸ ਅਤੇ ਪੰਚਾਇਤ ਮੰਤਰੀ ਵਿਭਾਗ,
ਚੰਡੀਗੜ੍ਹ।
ਮਿਤੀ 15 ਸਤੰਬਰ, 1978.

**ਵਿਸ਼ਾ** : ਵਿਧਾਨ ਸਭਾ ਸਟਾਰਡ ਸਵਾਲ ਨੰ. 850

ਪਿਆਰੇ ਸਪੀਕਰ ਸਾਹਿਬ,

ਪੰਜਾਬ ਵਿਧਾਨ ਸਭਾ ਤਾਰਾ ਅੰਕਿਤ ਸਵਾਲ ਨੰ. 850 ਜੋ ਕਿ ਮਿਤੀ 15 ਸਤੰਬਰ, 1978 (ਬਾਅਦ ਦੁਪਹਿਰ ਸੈਸ਼ਨ ਦੀ) ਸੂਚੀ ਵਿਚ ਸਰਦਾਰ ਕਿਰਪਾਲ ਸਿੰਘ, ਐਮ.ਐਲ.ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ **ਹਾਲਾਂ ਵੀ** ਤਿਆਰ ਨਹੀਂ ਹੋ ਸਕਿਆ। ਲੋੜੀਂਦੀ ਸੂਚਨਾ ਸਬੰਧਤ ਅਧਿਕਾਰੀਆਂ ਪਾਸੋਂ ਇਕੱਤਰ ਕੀਤੀ ਜਾ ਰਹੀ ਹੈ ਜਿਸ ਦੇ ਪੂਰੇ ਹੋਣ ਵਿਚ ਕੁਝ ਸਮਾਂ ਲੱਗਣ ਦੀ ਸੰਭਾਵਨਾ ਹੈ। ਇਸ ਲਈ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

ਬੇਨਤੀ ਕੀਤੀ ਜਾਂਦੀ ਹੈ ਕਿ ਸਵਾਲ ਦਾ ਜਵਾਬ 15 ਦਿਨਾਂ ਪਿਛੋਂ ਕਿਸੇ ਵੀ ਮਿਤੀ ਲਈ ਸਵਾਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ।

ਹਿਤੂ,
(ਸਹੀ) . . .

ਸਰਦਾਰ ਰਵੀ ਇੰਦਰ ਸਿੰਘ,
ਸਪੀਕਰ ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

## Panchayat Officers in the State

***828. Doctor Sadhu Ram :** Will the Minister for Development be pleased to state the total number of Panchayat Officers in the State, at present, together with the number of Scheduled Castes amongst them ?

**ਸਰਦਾਰ ਆਤਮਾ ਸਿੰਘ :** ਇਸ ਵੇਲੇ ਰਾਜ ਵਿਚ 114 ਸਮਾਜਿਕ ਸਿਖਿਆ ਅਤੇ ਪੰਚਾਇਤ ਅਫ਼ਸਰ ਕੰਮ ਕਰ ਰਹੇ ਹਨ ਜਿਨ੍ਹਾਂ ਵਿਚੋਂ 19 ਅਨੁਸੂਚਿਤ ਜਾਤੀਆਂ ਦੇ ਹਨ।

**ਮਾਸਟਰ ਚੰਦ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਜਿਵੇਂ ਉਨ੍ਹਾਂ ਨੇ ਕਿਹਾ ਹੈ ਕਿ ਇਸ ਵੇਲੇ ਰਾਜ ਵਿਚ 114 ਸਮਾਜਿਕ ਸਿਖਿਆ ਅਤੇ ਪੰਚਾਇਤ ਅਫ਼ਸਰ ਕੰਮ ਕਰ ਰਹੇ ਹਨ ਜਿਨ੍ਹਾਂ ਵਿਚੋਂ 19 ਅਨੁਸੂਚਿਤ ਜਾਤੀਆਂ ਦੇ ਹਨ। 9 ਹੋਰ ਸ਼ਡਿਊਲਡ ਕਾਸਟ ਚਾਹੀਦੇ ਸਨ। ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕਾਰਨ ਹੈ ਕਿ ਗਿਣਤੀ ਪੂਰੀ ਨਹੀਂ ਕੀਤੀ ਗਈ ?

**ਮੰਤਰੀ :** ਸਪੀਕਰ ਸਾਹਿਬ, ਚਾਰ ਆਸਾਮੀਆਂ ਸ਼ਡਿਊਲਡ ਕਾਸਟਸ ਦੀਆਂ ਘੱਟ ਹਨ ਅਤੇ ਅਗੇ ਜਦੋਂ ਭਰਤੀ ਕਰਾਂਗੇ ਤਾਂ ਕਮੀ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਾਂਗੇ ।

**ਡਾਕਟਰ ਸਾਧੂ ਰਾਮ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁਦਾ ਹਾਂ ਕਿ ਦਸ ਬਾਰਾਂ ਕੇਸਿਜ਼ ਐਸੇ ਹਨ ਜਿਨ੍ਹਾਂ ਨੂੰ ਪੰਚਾਇਤ ਅਫ਼ਸਰ ਨਹੀਂ ਬਣਾਇਆ ਗਿਆ ਹੈ। ਕਾਰਨ ਇਹ ਦਸਿਆ ਜਾਂਦਾ ਹੈ ਕਿ ਉਨ੍ਹਾਂ ਦਾ ਰਿਕਾਰਡ ਠੀਕ ਨਹੀਂ ਹੈ ਜਾਂ ਉਨ੍ਹਾਂ ਦੇ ਕੇਸਿਜ਼ ਨਾਲ ਹਰੀਜਨ ਹੋਣ ਦਾ ਸਰਟੀਫਿਕੇਟ ਨਹੀਂ ਲਗਾਇਆ ਹੋਇਆ। ਅਸਲੀਅਤ ਇਹ ਹੈ ਕਿ ਉਨ੍ਹਾਂ ਦਾ ਰਿਕਾਰਡ ਵੀ ਠੀਕ ਹੈ ਔਰ ਹਰੀਜਨ ਹੋਣ ਦੇ ਸਰਟੀਫਿਕੇਟ ਵੀ ਉਥੇ ਲਗੇ ਹੋਏ ਹਨ ਪਰ ਕਿਉਂਕਿ ਉਪਰ ਅਫ਼ਸਰ ਮੁਤੱਸਬੀ ਹਨ, ਇਸ ਕਰਕੇ ਉਨ੍ਹਾਂ ਨੂੰ ਪੰਚਾਇਤ ਅਫ਼ਸਰ ਨਹੀਂ ਬਣਾਇਆ ਜਾਂਦਾ ਹੈ। ਇਸ ਬਾਰੇ ਦਸਿਆ ਜਾਵੇ ?

**ਮੰਤਰੀ :** ਜਿੰਨੇ ਵੀ ਅਜਿਹੇ ਕੇਸਿਜ਼ ਹਨ ਉਹ ਇਹ ਸਾਡੇ ਨੋਟਿਸ ਵਿਚ ਲਿਆ ਦੇਣ ਅਸੀਂ ਐਕਸ਼ਨ ਲੈ ਲਵਾਂਗੇ।

## Recovery of Co-operative Loans from the Farmers in the State

***542. Shri Romesh Chander :** Will the Minister for Co-operation be pleased to state:—

(a) the amount of co-operative loans recovered from the farmers during the year 1978 upto June, 1978 ;

Original with;
Punjab Vidhan Sabha
Digitized by;
Panjab Digital Library

(b) the total amount of co-operative loans which are still outstanding ;

(c) the number of defaulters who have to repay a loan of less than (i) Rs. 5,000, (ii) Rs. 10,000; and (iii) Rs. 20,000 ;

(d) the number of defaulters out of those mentioned in part (c) who have not repaid the said loans for a period exceeding five years ;

(e) the penal action taken against the defaulters mentioned in part (c) ?

**Sardar Jaswinder Singh Brar :**

(a) Rs. 10,648.82 lacs.

(b) Rs. 4,206.19 lacs.

(c) Defaulters :

| Below Rs. *5,000* | Below Rs. *10,000* | Below Rs. *20,000* |
|---|---|---|
| 1,84,393 | 4,883 | 475 |

(d) 20,992

(e) Procceedings have been initiated against the defaulters in accordance with the provision of Co-operative Societies Act.

**ਸ੍ਰੀ ਰਮੇਸ਼ ਚੰਦਰ** : ਮਨਿਸਟਰ ਸਾਹਿਬ ਨੇ ਦਸਿਆ ਹੈ ਕਿ 20,992 ਐਸੇ ਡੀਫਾਲਟਰਜ਼ ਹਨ ਜਿਨ੍ਹਾਂ ਨੇ ਪਿਛਲੇ ਪੰਜ ਸਾਲਾਂ ਤੋਂ ਕਰਜ਼ਾ ਵਾਪਸ ਨਹੀਂ ਕੀਤਾ। ਇਹ ਵੀ ਕਿਹਾ ਹੈ ਕਿ ਡੀਫਾਲਟਰਜ਼ ਦੇ ਅਗੇਂਸਟ ਪ੍ਰੋਸੀਡਿੰਗਜ਼ ਇਨੀਸ਼ਿਏਟ ਕੀਤੀਆਂ ਹੋਈਆਂ ਹਨ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਾਰੇ ਡੀਫਾਲਟਰਜ਼ ਦੇ ਖਿਲਾਫ ਪ੍ਰੋਸੀਡਿੰਗਜ਼ ਇਨੀਸ਼ਿਏਟ ਹੋਈਆਂ ਹੋਈਆਂ ਹਨ ਜਾਂ ਕੁੱਝ ਦੇ ਖਿਲਾਫ਼ ਇਨੀਸ਼ਿਏਟ ਹੋਈਆਂ ਹੋਈਆਂ ਹਨ । ਦੂਸਰੇ ਏਰੀਅਰਜ਼ ਆਫ ਲੈਂਡ ਰੇਵੈਨਿਊ ਤਹਿਤ ਜੋ ਆਰਡਰਜ਼ ਕੀਤੇ ਗਏ ਹਨ, ਉਹ ਕਿੰਨਿਆਂ ਦੇ ਖਿਲਾਫ ਕੀਤੇ ਗਏ ਹਨ ?

**ਮੰਤਰੀ** : ਇਹ ਪਹਿਲਾਂ ਦੀ ਗਲ ਹੈ। ਅੰਬੈਜ਼ਲਮੈਂਟ ਦੇ ਬਹੁਤ ਸਾਰੇ ਕੇਸਿਜ਼ ਹਨ ਜਿਨ੍ਹਾਂ ਦੀ ਡੀਟੇਲ ਹਾਲੇ ਆਈ ਨਹੀਂ ਹੈ। ਫਿਰ ਏਰੀਅਰਜ਼ ਆਫ਼ ਲੈਂਡ ਰੇਵੇਨਿਊ ਵਾਲੀ ਗਲ ਹੈ, ਉਸ ਐਕਟ ਦੇ ਨਾਲ ਇਸ ਦਾ ਸਬੰਧ ਨਹੀਂ ਸੀ । ਹੁਣ ਅਮੈਂਡਮੈਂਟ ਕੀਤੀ ਗਈ ਹੈ ਅਤੇ ਇਸ ਅਮੈਂਡਮੈਂਟ ਨਾਲ 72% ਰਿਕਵਰੀ ਹੋ ਗਈ ਹੈ। ਵਸੂਲਨ ਵਾਲੇ ਕੇਸਿਜ਼ ਰਹਿੰਦੇ ਹਨ। ਡੀਟੇਲ ਮੇਰੇ ਕੋਲ ਨਹੀਂ ਹੈ ਜਦੋਂ ਡੀਟੇਲ ਆ ਗਈ ਤਾਂ ਵੇਰਵੇ ਸਹਿਤ ਦੱਸ ਦਿਆਂਗੇ।

**ਸਰਦਾਰ ਸਰੂਪ ਸਿੰਘ** : ਐਸੇ ਕਈ ਬੰਦੇ ਹਨ ਜਿਨ੍ਹਾਂ ਨੇ ਕਰਜ਼ੇ ਆਪਣੇ ਨਾਂ, ਆਪਣੀ ਬੀਵੀ ਦੇ ਨਾਂ, ਆਪਣੀ ਭੈਣ ਦੇ ਨਾਂ, ਆਪਣੀ ਮਾਂ ਦੇ ਨਾਂ ਤੇ ਲਏ ਹਨ , ਇਨ੍ਹਾਂ ਨੂੰ ਕਰਜ਼ਾ ਲਏ ਨੂੰ 20 ਸਾਲ ਤੋਂ ਵੱਧ ਸਮਾਂ ਹੋ ਗਿਆ ਹੈ ਅਤੇ ਇਨ੍ਹਾਂ ਦੇ ਵਾਰੰਟ ਹੁਣ ਤਕ ਨਹੀਂ ਨਿਕਲੇ ਹਨ। ਜਿਨ੍ਹਾਂ ਨੇ 5,000 ਤੋਂ ਘੱਟ ਕਰਜ਼ਾ ਲਿੱਤਾ ਸੀ ਉਨ੍ਹਾਂ ਦੇ ਤਾਂ ਵਾਰੰਟ ਨਿਕਲ ਗਏ ਹਨ ਪਰ ਜਿਨ੍ਹਾਂ ਵੱਧ ਕਰਜ਼ਾ ਲਿਤਾ ਸੀ ਉਨ੍ਹਾਂ ਦੇ ਵਾਰੰਟ ਨਹੀਂ ਨਿਕਲੇ ਹਨ ਜਿਸ ਤਰ੍ਹਾਂ ਕਿ ਜਗਦੀਸ਼ ਸਿੰਘ ਸਰਪੰਚ, ਭੂੰਡੀਆਂ, ਬਲਾਕ ਫਿਰੋਜ਼ਪੁਰ ਦਾ ਕੇਸ ਹੈ। ਕੀ ਇਨ੍ਹਾਂ ਦੇ ਖਿਲਾਫ ਕੋਈ ਕਾਰਵਾਈ ਕੀਤੀ ਜਾਏਗੀ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਰਕਾਰ ਦੀ ਇਹ ਕੋਈ ਇਨਟੈਨਸ਼ਨ ਨਹੀਂ ਹੈ ਕਿ ਕਿਸੇ ਨਾਲ ਕੋਈ ਵਿਤਕਰਾ ਕੀਤਾ ਜਾਏ। ਸਰਕਾਰ ਦੀ ਨਜ਼ਰਾਂ ਵਿਚ ਸਾਰੇ ਇਕੋ ਜਿਹੇ ਹਨ। ਬਾਕੀ ਜੋ ਉਨ੍ਹਾਂ ਨੇ ਕਿਹਾ ਹੈ ਉਸ ਬਾਰੇ ਕਾਰਵਾਈ ਕੀਤੀ ਜਾਏਗੀ।

**ਸ੍ਰੀ ਹੁਕਮ ਚੰਦ** : ਬਹੁਤ ਸਾਰੇ ਕੇਸਿਜ਼ ਐਸੇ ਹਨ ਜਿਥੇ ਕਿ ਸੈਕਟਰੀ ਔਰ ਪ੍ਰੈਜ਼ੀਡੈਂਟ ਨੇ ਮਿਲ ਕੇ ਪੈਸੇ ਆਪ ਕਢਾ ਲਏ ਔਰ ਮੜ੍ਹ ਹੋਰ ਲੋਕਾਂ ਦੇ ਨਾਉਂ ਦਿੱਤੇ। ਪੁਲਿਸ ਅਜੇ ਵੀ ਉਨ੍ਹਾਂ ਲੋਕਾਂ ਦੇ ਮਗਰ ਫਿਰ ਰਹੀ ਹੈ। ਕੀ ਕੋਈ ਇਸ ਤਰ੍ਹਾਂ ਦੀ ਸਰਵੇ ਟੀਮ ਭੇਜਣਗੇ ਜਿਹੜੀ ਦੇਖ ਕਿ ਅਜਿਹੇ ਕੇਸਿਜ਼ ਵਿਚ ਅਸਲੀਅਤ ਕੀ ਹੈ ?

**ਮੰਤਰੀ** : ਬਾਦਲ ਸਾਹਿਬ ਦੀ ਸਰਕਾਰ ਨੇ ਪਹਿਲਾਂ ਹੀ ਕੋਆਪ੍ਰੇਟਿਵ ਲਈ ਇਕ ਸੈਲ ਬਣਾਇਆ ਹੈ ਜਿਹੜਾ ਕਿ ਅਜਿਹੇ ਕੇਸਾਂ ਦੀ ਪੜਤਾਲ ਕਰ ਰਿਹਾ ਹੈ ਜਿਨ੍ਹਾਂ ਲੋਕਾਂ ਨੇ ਗਲਤ ਤਰੀਕੇ ਨਾਲ ਪੈਸੇ ਕਢਾਏ ਹਨ। ਪਰ ਮੁਸ਼ਕਿਲ ਇਹ ਹੈ ਕਿ ਸੈਲ ਛੋਟਾ ਹੈ ਔਰ ਕੰਮ ਜ਼ਿਆਦਾ ਹੈ। ਇਸ ਲਈ ਹੌਲੀ ਹੌਲੀ ਸਾਰੇ ਬੇਈਮਾਨਾਂ ਨੂੰ ਲਭ ਲਿਆ ਜਾਏਗਾ।

(ਇਸ ਸਮੇਂ ਮਾਨਯੋਗ ਮੈਂਬਰ ਮਾਸਟਰ ਚੰਦ ਸਿੰਘ ਸਪਲੀਮੈਂਟਰੀ ਕਰਨ ਲਈ ਖੜੇ ਹੋਏ ਅਤੇ ਸ੍ਰੀ ਸਪੀਕਰ ਨੇ ਉਨ੍ਹਾਂ ਨੂੰ ਕਾਲ ਅਪਾਨ ਕਰ ਲਿਆ)

**ਸ੍ਰੀ ਹੁਕਮ ਚੰਦ** : ਸਪੀਕਰ ਸਾਹਿਬ, ਮੈਂ ਇਕ ਹੋਰ ਸਵਾਲ ਕਰਨਾ ਚਾਹੁੰਦਾ ਹਾਂ ਜੋ ਕਿ ਇਸ ਨਾਲ ਰੈਲੇਵੈਂਟ ਹੈ (ਵਿਘਨ)

**Mr. Speaker** : I have now called upon Master Chand Singh to put a supplementary question. I will ask you again to put a supplementary question.

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਦਸ ਹਜ਼ਾਰ ਤੋਂ ਵੀਹ ਹਜ਼ਾਰ ਦੇ ਦਰਮਿਆਨ 475 ਡੀਫਾਲਟਰਜ਼ ਹਨ ਔਰ 20 ਹਜ਼ਾਰ ਤੋਂ ਉਤੇ ਕੁੱਝ ਵੱਡੇ ਆਦਮੀ ਰਹਿ ਜਾਂਦੇ ਹਨ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਸਾਰਿਆਂ ਤੇ ਹੱਥ ਪਾ ਲਿਆ ਗਿਆ ਹੈ ਜਾਂ ਨਹੀਂ ਔਰ ਇਨ੍ਹਾਂ ਤੋਂ ਰਿਕਵਰੀ ਕਦੋਂ ਤਕ ਹੋ ਜਾਏਗੀ ?

**ਮੰਤਰੀ** : ਕਾਫੀਆਂ ਤੇ ਤਾਂ ਹੱਥ ਪਾ ਲਿਆ ਹੈ। ਪਰ ਰਸੂਖ ਵਾਲੇ ਬੰਦੇ ਹੱਥ ਨਹੀਂ ਆਏ ਕਿਉਂਕਿ ਉਨ੍ਹਾਂ ਨੇ ਕਰਜ਼ਾ ਆਪਣੇ ਪਸ਼ੂਆਂ ਦੇ ਨਾਂ, ਆਪਣੇ ਸੀਰੀਆਂ ਦੇ ਨਾਂ ਅਤੇ ਨੌਕਰਾਂ ਚਾਕਰਾਂ, ਬੇ-ਨਾਮੀਆਂ ਤਹਿਤ ਲਿਆ ਹੋਇਆ ਹੈ। ਸਰਕਾਰ ਨੇ ਕਾਫੀ ਉਗਰਾਹੀ ਕੀਤੀ ਹੈ ਔਰ ਬਾਕੀ ਦੀ ਉਗਰਾਹੀ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਜੇ ਕੋਈ ਖਾਸ ਬੰਦੇ ਇਨ੍ਹਾਂ ਦੇ ਨੋਟਿਸ ਵਿਚ ਹੋਣ ਤਾਂ ਇਹ ਮੈਨੂੰ ਲਿਖ ਕੇ ਭੇਜ ਦੇਣ ਮੈਂ ਐਕਸ਼ਨ ਲੈ ਲਵਾਂਗਾ।

**ਸਰਦਾਰ ਕਿਰਪਾਲ ਸਿੰਘ** : ਜਦੋਂ ਏਰੀਅਰਜ਼ ਆਫ ਲੈਂਡ ਰੈਵੇਨਿਊ ਦੀ ਗਲ ਪਾਸ ਕਰਾ ਲਈ ਹੈ, ਫਿਰ ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ 475 ਡੀਫਾਲਟਰਜ਼ ਰਹਿੰਦੇ ਹਨ ਉਨ੍ਹਾਂ ਤੋਂ ਕਿੰਨੇ ਦਿਨਾਂ ਵਿਚ ਏਰੀਅਰਜ਼ ਆਫ ਲੈਂਡ ਰੈਵੇਨਿਊ ਦੇ ਬੇਸਿਜ਼ ਤੇ ਉਗਰਾਹੀ ਕਰ ਲੈਣਗੇ ? ਕੀ ਕੋਈ ਐਸਾ ਸਰਵੇ ਕਰਾਇਆ ਗਿਆ ਹੈ ਜਿਸ ਤੋਂ ਇਹ ਪਤਾ ਲਗ ਸਕੇ ਕਿ

Original with;
Punjab Vidhan Sabha
Digitized by;
Panjab Digital Library

ਫਿਕਟੀਸ਼ੀਅਸ ਨਾਂ ਉਤੇ ਜਿਨ੍ਹਾਂ ਨੇ ਕਰਜ਼ਾ ਲਿਆ ਹੈ ਉਹ ਕਿਹੜੇ ਕੇਸਿਜ਼ ਹਨ ਤਾਂ ਕਿ ਉਨ੍ਹਾਂ ਨੂੰ ਗਰਿਫਤ ਵਿਚ ਲੈ ਸਕਣ ?

**ਮੰਤਰੀ** : ਗਰੀਬ ਆਦਮੀ ਤਾਂ ਇਸ ਕੈਟੇਗਰੀ ਵਿਚ ਬਹੁਤ ਘੱਟ ਆਉਂਦੇ ਹਨ। ਅਮੀਰਾਂ ਨੇ ਹੀ ਫਿਕਟੀਸ਼ੀਅਸ ਨਾਵਾਂ ਤੇ ਕਰਜ਼ੇ ਲਏ ਹੋਏ ਹਨ। ਮੈਂ ਭਰੋਸਾ ਦਿਵਾਉਂਦਾ ਹਾਂ ਕਿ ਏਰੀਅਰਜ਼ ਆਫ ਲੈਂਡ ਰੇਵੇਨਿਊ ਤਾਂ ਪਹਿਲਾਂ ਤੋਂ ਹੀ ਉਗਰਾਹਿਆ ਜਾਂਦਾ ਸੀ। ਹੁਣ ਤਾਂ ਫਾਰਮੈਲਿਟੀ ਹੀ ਪੂਰੀ ਕੀਤੀ ਹੈ। ਮੈਨੂੰ ਆਸ ਹੈ ਕਿ ਸ਼ਾਇਦ ਏਰੀਅਰਜ਼ ਆਫ ਲੈਂਡ ਰੇਵੇਨਿਊ ਦੀ ਲੋੜ ਹੀ ਨਾ ਪਏ ਅਤੇ ਅਸੀਂ ਇਹ ਉਂਞ ਹੀ ਉਗਰਾਹ ਲਵਾਂਗੇ।

**ਜੱਥੇਦਾਰ ਖਜ਼ਾਨ ਸਿੰਘ ਮੀਰਾਂ ਕੋਟ** : ਵਲਟੋਹਾ ਵਿਖੇ 1 ਲੱਖ 35 ਹਜ਼ਾਰ ਦਾ ਗਬਨ ਹੈ, ਕੀ ਉਸ ਦੀ ਇਨਕੁਆਇਰੀ ਕਰਾਉਣਗੇ ?

**ਮੰਤਰੀ** : ਸਪੀਕਰ ਸਾਹਿਬ, ਇਕ ਐਗਜ਼ੈਕਟਿਵ ਕੰਮ ਕਰਦੀ ਹੈ ਔਰ ਇਕ ਲਾਅ ਕੰਮ ਕਰਦਾ ਹੈ। ਕਈ ਕੇਸਿਜ਼ ਵਿਚ ਲੋਕਾਂ ਨੇ ਕੋਰਟਾਂ ਵਿਚੋਂ ਸਟੇਅ ਲਈ ਹੋਈ ਹੈ। ਜਦੋਂ ਕੋਈ ਕਚਹਿਰੀਆਂ ਦਾ ਆਸਰਾ ਲੈ ਲੈਂਦਾ ਹੈ ਤਾਂ ਫਿਰ ਅੜਿਕਾ ਪੈ ਜਾਂਦਾ ਹੈ ਅਤੇ ਰਿਕਵਰੀ ਦਾ ਕੰਮ ਰੁਕ ਜਾਂਦਾ ਹੈ।

**ਸਰਦਾਰ ਗੁਰਦੇਵ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਇਸ ਵਾਰੀ ਕੁਦਰਤੀ ਆਫਤ ਦੀ ਮਾਰ ਥਲੇ ਲੋਕ ਆ ਗਏ ਹਨ। ਉਨ੍ਹਾਂ ਵਿਚਾਰਿਆਂ ਦੀਆਂ ਫਸਲਾਂ ਤਬਾਹ ਹੋ ਗਈਆਂ ਹਨ। ਜਿਹੜੀ ਉਨ੍ਹਾਂ ਨੇ ਸੁਸਾਇਟੀ ਤੋਂ ਖਾਦ ਲਈ ਸੀ ਉਹ ਰੁੜ੍ਹ ਗਈ ਹੈ। ਕੀ ਜਿਹੜਾ ਸੁਸਾਇਟੀ ਦਾ ਕਰਜ਼ਾ ਉਨ੍ਹਾਂ ਦੇ ਸਿਰ ਚੜ੍ਹਿਆ ਹੋਇਆ ਹੈ ਉਸ ਦੀ ਰਿਕਵਰੀ ਦਾ ਕੰਮ ਸਾਲ ਦੋ ਸਾਲ ਪਿਛੇ ਪਾ ਦਿਤਾ ਜਾਏਗਾ ?

**ਮੰਤਰੀ** : ਜਿੰਨੀਆਂ ਵੀ ਰਿਆਇਤਾਂ ਬਾਦਲ ਸਾਹਿਬ ਦੀ ਸਰਕਾਰ ਨੇ ਕਿਸਾਨਾਂ ਨੂੰ ਦਿੱਤੀਆਂ ਹਨ ਉਹ ਪਿਛਲੇ 30 ਸਾਲਾਂ ਵਿਚ ਕਿਸੇ ਸਰਕਾਰ ਨੇ ਨਹੀਂ ਦਿੱਤੀਆਂ। ਫਲੱਡ ਇਕ ਕੁਦਰਤੀ ਆਫਤ ਹੈ ਲੇਕਿਨ ਮਨੁੱਖ ਦੇ ਤੌਰ ਤੇ, ਮੁੱਖ ਮੰਤਰੀ ਦੇ ਤੌਰ ਤੇ ਉਨ੍ਹਾਂ ਨੇ ਆਪਣੇ ਵੱਲੋਂ ਮਜ਼ਲੂਮਾਂ ਦੀ ਵੱਧ ਤੋਂ ਵੱਧ ਸਹਾਇਤਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਕੋਆਪ੍ਰੇਟਿਵ ਡਿਪਾਰਟਮੈਂਟ ਇਨ੍ਹਾਂ ਦੇ ਜ਼ੇਰੇ ਸਾਇਆ ਕੰਮ ਕਰ ਰਿਹਾ ਹੈ ਔਰ ਕਿਸਾਨਾਂ ਨੂੰ ਜਿੰਨੀਆਂ ਵੀ ਵੱਧ ਤੋਂ ਵੱਧ ਸਰਲਤਾਂ ਦਿੱਤੀਆਂ ਜਾ ਸਕਦੀਆਂ ਹਨ, ਉਹ ਦੇ ਰਿਹਾ ਹੈ। ਇਨ੍ਹਾਂ ਤੋਂ ਆਉਣ ਵਾਲੀ ਫਸਲ ਤਕ ਕਰਜ਼ੇ ਦੀ ਰਕਮ ਨਹੀਂ ਲਵਾਂਗੇ ਅਤੇ ਹੋਰ ਵੀ ਜਿੰਨੀਆਂ ਵੱਧ ਤੋਂ ਵੱਧ ਕੋਆਪ੍ਰੇਟਿਵ ਬੇਸਿਜ਼ ਤੇ ਇਨ੍ਹਾਂ ਨੂੰ ਸਹੂਲਤਾਂ ਦੇ ਸਕੇ, ਦੇਵਾਂਗੇ।

**ਕਾਮਰੇਡ ਸੰਪੂਰਣ ਸਿੰਘ ਧੌਲਾ** : ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਮੁਜ਼ਾਰਿਆਂ ਨੂੰ ਜਿਹੜੇ ਲੈਂਡਲੈਸ ਹਨ ਪਰ ਵਾਹੀ ਕਰਦੇ ਹਨ, ਉਨ੍ਹਾਂ ਨੂੰ ਕੋਆਪ੍ਰੇਟਿਵ ਸੋਸਾਇਟੀਆਂ ਵੱਲੋਂ ਕਰਜ਼ੇ ਨਹੀਂ ਮਿਲਦੇ, ਕੀ ਵਜ਼ੀਰ ਸਾਹਿਬ ਉਨ੍ਹਾਂ ਨੂੰ ਕਰਜ਼ੇ ਦਿਵਾਉਣਗੇ ?

**ਮੰਤਰੀ** : ਮੈਂ ਉਨ੍ਹਾਂ ਦੇ ਸੁਝਾਓ ਤੇ ਗੌਰ ਕਰ ਲਵਾਂਗਾ। ਇਨ੍ਹਾਂ ਨੇ ਵੱਡੇ ਵੱਡੇ ਜ਼ਿਮੀਦਾਰਾਂ ਕੋਲੋਂ ਜ਼ਮੀਨਾਂ ਲੈ ਕੇ ਗਰੀਬ ਲੋਕਾਂ ਨੂੰ ਦਿਵਾਈਆਂ ਹਨ, ਇਹ ਗਰੀਬਾਂ ਦੇ ਹੱਕ ਵਿਚ ਹਨ, ਇਸ ਲਈ ਮੈਂ ਇਨ੍ਹਾਂ ਦੀ ਸਲਾਹ ਲਵਾਂਗਾ।

---

Original with;
Punjab Vidhan Sabha
Digitized by;
Panjab Digital Library

**Transfer of Rights of Possession to Persons belonging to Weaker Sections of Society living in Evacuee Property in Amritsar City**

***553. Shri Harbans Lal Khanna :** Will the Minister for Revenue be pleased to state whether there is any proposal under the consideration of the Government to transfer rights/possession to persons belonging to weaker sections of Society, who are living in evacuee property in Amritsar City; if so, the time by which it is likely to be implemented ?

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ** : ਨਹੀਂ ਜੀ। ਫਿਰ ਵੀ ਸਰਕਾਰ ਦੀ ਪ੍ਰਚਲਤ ਨੀਤੀ ਅਨੁਸਾਰ, ਸ਼ਹਿਰੀ ਨਿਕਾਸੀ ਜਾਇਦਾਦ ਜੋ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਕਾਬਜ਼ਾਂ ਦੇ ਮਿਤੀ 1 ਜਨਵਰੀ, 1977 ਜਾਂ ਇਸ ਤੋਂ ਪਹਿਲਾਂ ਲਗਾਤਾਰ ਕਬਜ਼ੇ ਵਿਚ ਹਨ ਉਹ ਜਾਇਦਾਦ ਉਨ੍ਹਾਂ ਨੂੰ ਚਾਲੂ ਬਜ਼ਾਰੀ ਕੀਮਤ ਦਾ 25% ਦੀ ਰਿਆਇਤੀ ਦਰ ਤੇ ਮੁੰਤਕਿਲ ਕੀਤੀਆਂ ਜਾ ਸਕਦੀਆਂ ਹਨ, ਪਰੰਤੂ ਜੇ ਉਨ੍ਹਾਂ ਨੇ ਮਿਤੀ 31 ਦਸੰਬਰ, 1977 ਤੱਕ ਇਸ ਮੰਤਵ ਲਈ ਬਿਨੈ-ਪੱਤਰ ਦਿੱਤੇ ਹੋਣ ਤੇ ਉਨ੍ਹਾਂ ਦਾ ਆਪਣਾ ਕੋਈ ਮਕਾਨ ਜਾਂ ਪਲਾਟ ਨਾ ਹੋਵੇ।

**ਸਰਦਾਰ ਕਿਰਪਾਲ ਸਿੰਘ** : ਇਹ ਜਿਹੜੀਆਂ ਅਰਜ਼ੀਆਂ ਲੈਣ ਦੀ ਤਾਰੀਖ 31 ਦਸੰਬਰ, 1977 ਰੱਖੀ ਸੀ ਕੀ ਇਸ ਤਾਰੀਖ ਨੂੰ ਉਹ ਵਧਾ ਸਕਦੇ ਹਨ ਤਾਂ ਕਿ ਜਿਹੜੇ ਇਗਨੋਰੈਂਟ ਲੋਕ ਹਨ ਜਾਂ ਜਿਨ੍ਹਾਂ ਲੋਕਾਂ ਨੂੰ ਇਸ ਦਾ ਪਤਾ ਨਹੀਂ ਲੱਗਾ, ਉਹ ਲੋਕ ਵੀ ਇਸ ਦਾ ਫਾਇਦਾ ਉਠਾ ਸਕਣ ?

**ਮੰਤਰੀ** : ਮੈਂ ਉਨ੍ਹਾਂ ਦੀ ਸਿਫਾਰਸ਼ ਮੰਨ ਲੈਂਦਾ ਹਾਂ ਅਤੇ ਇਹ ਤਾਰੀਖ 30 ਸਤੰਬਰ, 1978 ਤੱਕ ਕਰ ਦਿੰਦੇ ਹਾਂ।

**ਸ੍ਰੀ ਮਨਮੋਹਨ ਕਾਲੀਆ** : ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸ਼ਹਿਰਾਂ ਦੇ ਵਿਚ ਕਈ ਮਕਾਨਾਂ ਦੇ ਵਿਚਕਾਰ 5-5, 6-6 ਫੁੱਟ ਦੀਆਂ ਇਵੈਕਿਉਈ ਲੈਂਡ ਦੀਆਂ ਨੁਕਰਾਂ ਹਨ ਜਿਨ੍ਹਾਂ ਦੇ ਝਗੜੇ ਚਲ ਰਹੇ ਹਨ। ਉਹ ਨਾ ਨਿਲਾਮ ਹੋ ਸਕਦੀਆਂ ਹਨ ਅਤੇ ਨਾ ਹੀ ਵਿਕ ਸਕਦੀਆਂ ਹਨ। ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਵਰਗੇ ਸ਼ਹਿਰਾਂ ਵਿਚ ਮਕਾਨਾਂ ਦੇ ਵਿਚਕਾਰ ਅਜਿਹੀਆਂ ਨੁਕਰਾਂ ਹਨ ਜਿਨ੍ਹਾਂ ਦੇ ਝਗੜੇ ਚਲ ਰਹੇ ਹਨ ਪਰ ਉਸ ਦੀ ਡਿਸਪੋਜ਼ਲ ਵਾਸਤੇ ਸਰਕਾਰ ਨੇ ਕੋਈ ਰੂਲ ਨਹੀਂ ਬਣਾਇਆ। ਇਸ ਦੇ ਵਾਸਤੇ ਬਹੁਤ ਸਾਰੀਆਂ ਦਰਖਾਸਤਾਂ ਦਿੱਤੀਆਂ ਗਈਆਂ ਹਨ। ਬਹੁਤ ਸਾਰੀਆਂ ਰਿਪਰੀਜ਼ੈਂਟੇਸ਼ਨਜ਼ ਮਹਿਕਮਾ ਰਿਹੈਬਲੀਟੇਸ਼ਨ ਪਾਸ ਪਈਆਂ ਹਨ। ਇਸ ਲਈ ਕੀ ਵਜ਼ੀਰ ਸਾਹਿਬ ਇਸ ਦਾ ਕੋਈ ਇੰਤਜ਼ਾਮ ਕਰ ਰਹੇ ਹਨ ਜਾਂ ਨਹੀਂ ?

**ਮੰਤਰੀ** : ਇਹ ਇਸ ਦੇ ਬਾਰੇ ਨੋਟਿਸ ਦੇਣ ਪਤਾ ਕਰਕੇ ਦੱਸਿਆ ਜਾ ਸਕਦਾ ਹੈ।

**ਸਰਦਾਰ ਕਿਰਪਾਲ ਸਿੰਘ** : ਵਜ਼ੀਰ ਸਾਹਿਬ ਇਸ ਮਹੀਨੇ ਦੀ 30 ਤਾਰੀਖ ਤੱਕ ਡੇਟ ਵਧਾ ਰਹੇ ਹਨ ਪਰ ਜਿਹੜੇ ਮਕਾਨ ਇਸ ਵੇਲੇ ਨਿਲਾਮੀ ਵਿਚ ਆ ਚੁੱਕੇ ਹਨ, ਕਿਉਂਕਿ ਇਹ ਡਿਸਪਿਊਟਿਡ ਪ੍ਰਾਪਰਟੀ ਹੈ, ਪਰ ਉਨ੍ਹਾਂ ਲੋਕਾਂ ਨੇ ਦਰਖਾਸਤਾਂ ਨਹੀਂ ਸਨ ਦਿੱਤੀਆਂ ਇਸ ਲਈ ਕੀ ਇਹ ਮਹਿਕਮੇ ਨੂੰ ਹੁਕਮ ਦੇਣ ਗੇ ਕਿ ਹੁਣ ਜਿਹੜੇ ਲੋਕ 30 ਸਤੰਬਰ, 1978 ਤੱਕ ਇਲੀਜੀਬਲ ਹੋ ਜਾਣ ਉਨ੍ਹਾਂ ਦੇ ਮਕਾਨਾਂ ਦੀ ਨਿਲਾਮੀ ਦੇ ਆਰਡਰ ਰੋਕ ਦਿਤੇ ਜਾਣ ? ਜਿਹੜੇ ਇਸ ਵੇਲੇ ਤਕ ਕਾਬਜ਼ ਬੈਠੇ ਹਨ ਉਨ੍ਹਾਂ ਦੇ 30 ਸਤੰਬਰ, 1978 ਤੱਕ ਨਿਲਾਮੀ ਦੇ ਆਰਡਰ ਰੋਕ ਦਿੱਤੇ ਜਾਣ ?

**ਮੰਤਰੀ** : ਡਿਸਪਿਊਟਿਡ ਮਕਾਨ ਜਿਹੜੇ ਹਨ ਉਹ ਆਕਸ਼ਨ ਵਿਚ ਦਿੱਤੇ ਜਾਣਗੇ ਅਤੇ ਜਿਨ੍ਹਾਂ ਦੇ ਝਗੜੇ ਨਹੀਂ ਹਨ ਉਸ ਵਾਸਤੇ ਜਿਹੜੇ 30 ਸਤੰਬਰ, 1978 ਤੱਕ ਦਰਖਾਸਤਾਂ ਭੇਜ ਦੇਣਗੇ, ਉਨ੍ਹਾਂ ਨੂੰ ਦਿੱਤੇ ਜਾਣਗੇ।

Original with;
Punjab Vidhan Sabha
Digitized by;
Panjab Digital Library

**ਸਰਦਾਰ ਕਿਰਪਾਲ ਸਿੰਘ** : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ। ਮੇਰਾ ਸਵਾਲ ਇਹ ਹੈ ਕਿ ਹੁਣ ਇਨ੍ਹਾਂ ਨੇ 30 ਸਤੰਬਰ, 1978 ਤੱਕ ਤਾਰੀਖ ਵਧਾ ਦਿਤੀ ਹੈ ਕਿ ਉਹ ਇਸ ਤਾਰੀਖ ਤੱਕ ਦਰਖਾਸਤਾਂ ਦੇਣ। ਪਰ ਜਿਹੜੇ ਕਾਬਜ਼ ਬੈਠੇ ਹਨ ਉਨ੍ਹਾਂ ਦੀਆਂ ਅਰਜ਼ੀਆਂ ਨਹੀਂ ਆਈਆਂ ਅਤੇ ਇਸ ਤਰ੍ਹਾਂ ਉਹ ਨਿਲਾਮੀ ਵਿਚ ਆ ਗਏ। ਇਸ ਲਈ ਕੀ ਇਹ ਐਸੇ ਮਕਾਨਾਂ ਦੀ ਨਿਲਾਮੀ ਨੂੰ ਕੈਂਸਲ ਕਰ ਦੇਣਗੇ ਤਾਂ ਕਿ ਉਹ ਲੋਕ ਵੀ ਫਾਇਦਾ ਉਠਾ ਸਕਣ ?

**ਮੰਤਰੀ** : ਇਹ ਨੋਟਿਸ ਦੇ ਦੇਣ, ਅਸੀਂ ਕਾਨੂੰਨੀ ਤੌਰ ਤੇ ਉਸ ਦੇ ਮੁਤਾਬਿਕ ਸੋਚ ਲਵਾਂਗੇ।

**ਸਰਦਾਰ ਗੁਰਦੇਵ ਸਿੰਘ** ਬਾਦਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਸਾਡੇ ਫਰੀਦਕੋਟ ਵਿਚ ਇਕ ਬਾਬਾ ਜੀਵਨ ਸਿੰਘ ਨਗਰ ਹੈ ਅਤੇ ਇਕ ਬਾਜ਼ੀਗਰ ਬਸਤੀ ਹੈ। ਉਥੇ ਉਹ ਲੋਕ 1965-66 ਤੋਂ ਪਹਿਲਾਂ ਦੇ ਵਸ ਰਹੇ ਹਨ। ਉਨ੍ਹਾਂ ਸਾਰੇ ਲੋਕਾਂ ਨੇ ਦਰਖਾਸਤਾਂ ਦਿੱਤੀਆਂ। ਉਨ੍ਹਾਂ ਨੇ ਸਾਰੇ ਕਾਗਜ਼ ਪੂਰੇ ਕੀਤੇ ਹਨ ਅਤੇ ਸਰਕਾਰ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰ ਦਿੱਤੀਆਂ ਹਨ। ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਗਰੀਬ ਭਰਾਵਾਂ ਨੂੰ, ਪੱਛੜੇ ਵਰਗ ਦੇ ਭਰਾਵਾਂ ਨੂੰ ਜਿਨ੍ਹਾਂ ਨੇ ਮਕਾਨ ਵੀ ਬਣਾ ਲਏ ਹਨ, ਰਿਜ਼ਰਵ ਕੀਮਤ ਤੇ ਦੇਣਗੇ ਅਤੇ ਕਦੋਂ ਤੱਕ ਦੇਣਗੇ ?

**ਮੰਤਰੀ** : ਬਜ਼ਾਰੀ ਕੀਮਤ ਅਜਿਹੇ ਲੋਕਾਂ ਲਈ 25 ਪ੍ਰਤੀਸ਼ਤ ਰੱਖੀ ਹੈ ਅਤੇ ਇਹ ਬਹੁਤ ਸਸਤੀ ਹੈ। ਇਸ ਤੋਂ ਹੋਰ ਸਸਤੀ ਨਹੀਂ ਹੋ ਸਕਦੀ। ਨਵੀਂ ਨੀਤੀ ਨਹੀਂ ਬਣਾਈ ਜਾ ਸਕਦੀ।

**ਸ਼੍ਰੀ ਓਮ ਪ੍ਰਕਾਸ਼ ਭਾਰਦਵਾਜ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਪਠਾਨਕੋਟ ਦੇ ਵਿਚ 716 ਝੁੱਗੀਆਂ ਹਨ ਉਨ੍ਹਾਂ ਵਿਚ 95 ਪਛੜੀਆਂ ਸ਼੍ਰੇਣੀਆਂ ਦੇ ਲੋਕ ਹਨ ਔਰ ਉਹ 13 ਸਾਲਾਂ ਤੋਂ ਰਜਿਸਟਰੀਆਂ ਕਰਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ ਪਰ ਹਾਲਾਂ ਤੱਕ ਨਹੀਂ ਹੋਈਆਂ। ਸਮਾਜ ਭਲਾਈ ਵਿਭਾਗ ਨੇ ਵੀ ਉਨ੍ਹਾਂ ਵਾਸਤੇ ਕੁੱਝ ਕੀਤਾ ਹੈ, ਪਰ ਉਨ੍ਹਾਂ ਨੂੰ ਹਾਲਾਂ ਤੱਕ ਰਜਿਸਟਰੀਆਂ ਨਹੀਂ ਮਿਲੀਆਂ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਮਹਿਕਮੇ ਵਾਲੇ ਕਦੋਂ ਤੱਕ ਉਨ੍ਹਾਂ ਨੂੰ ਰਜਿਸਟਰੀਆਂ ਦਿਵਾ ਦੇਣਗੇ ?

**ਮੰਤਰੀ** : ਉਨ੍ਹਾਂ ਦੀਆਂ ਦਰਖਾਸਤਾਂ ਦਿਵਾਓ, ਅਸੀਂ ਕਰਵਾ ਦਿਆਂਗੇ।

**ਸ਼੍ਰੀ ਹੁਕਮ ਚੰਦ** : ਸਪੀਕਰ ਸਾਹਿਬ, ਕਪੂਰਥਲੇ ਵਿਚ ਵੀ ਮਿਉਂਸਪਲ ਲਿਮਿਟ ਵਿਚ ਐਸੀਆਂ ਜ਼ਮੀਨਾਂ ਸਨ, ਐਸੇ ਖੱਡੇ ਹਨ ਜਿਹੜੇ ਨਾਕਾਬਲੇ ਕਾਸ਼ਤ ਹਨ। ਗਰੀਬ ਲੋਕਾਂ ਨੇ ਉਨ੍ਹਾਂ ਜ਼ਮੀਨਾਂ ਨੂੰ ਕਾਬਲੇ ਕਾਸ਼ਤ ਬਣਾਇਆ ਅਤੇ ਉਹ 1958 ਤੋਂ ਉਨ੍ਹਾਂ ਕੋਲ ਹਨ ਪਰ ਰਜਿਸਟਰੀਆਂ ਉਨ੍ਹਾਂ ਦੇ ਨਾਮ ਨਹੀਂ ਹੋਈਆਂ। ਉਹ ਸਾਰੇ ਜ਼ਾਬਤੇ ਪੂਰੇ ਕਰਦੇ ਹਨ। ਪਰ ਸਰਕਾਰ ਨੇ ਆਰਡਰ ਜਾਰੀ ਕਰ ਦਿਤਾ ਕਿ ਮਿਉਂਸੀਪਲ ਲਿਮਿਟ ਦੇ ਅੰਦਰ ਜ਼ਮੀਨ ਉਨ੍ਹਾਂ ਨੂੰ ਨਹੀਂ ਦਿਤੀ ਜਾਵੇਗੀ। ਕੀ ਸਰਕਾਰ ਇਸ ਬਾਰੇ ਕੁੱਝ ਕਰੇਗੀ ਕਿਉਂਕਿ ਉਨ੍ਹਾਂ ਨੇ ਬੜੀ ਮਿਹਨਤ ਕੀਤੀ ਹੈ ?

**ਮੰਤਰੀ** : ਇਸ ਸਵਾਲ ਦਾ ਇਸ ਨਾਲ ਕੋਈ ਤੁਅੱਲਕ ਨਹੀਂ ਹੈ, ਇਹ ਲਿਖ ਕੇ ਦੇਣ, ਅਸੀਂ ਦੇਖ ਲਵਾਂਗੇ।

**ਸ਼੍ਰੀ ਹਰਬੰਸ ਲਾਲ ਖੰਨਾ** : ਸਪੀਕਰ ਸਹਿਬ, ਕੀ ਵਜ਼ੀਰ ਸਾਹਿਬ ਦੱਸਣਗੇ ਇਹ ਸਵਾਲ ਬੜਾ ਕਲੀਅਰ ਸੀ ਕਿ ਬਹੁਤ ਸਾਰੇ ਗਰੀਬ ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ ਦੇ ਲੋਕ ਹਨ, ਉਹ

Original with;
Punjab Vidhan Sabha
Digitized by;
Panjab Digital Library

[ਸ੍ਰੀ ਹਰਬੰਸ ਲਾਲ ਖੰਨਾ]

ਅਜਿਹੀ ਹਾਲਤ ਵਿਚ ਰਹਿੰਦੇ ਹਨ ਕਿ ਉਨ੍ਹਾਂ ਕੋਲ ਪੈਸੇ ਬਹੁਤ ਥੋੜੇ ਹਨ ਅਤੇ ਪੈਸੇ ਦੇ ਨਹੀਂ ਸਕਦੇ। ਜਦੋਂ ਚੀਫ਼ ਮਨਿਸਟਰ ਸਾਹਿਬ ਉਥੇ ਗਏ ਸੀ ਤਾਂ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਇਹ ਜਿਸ ਹਾਲਤ ਵਿਚ ਰਹਿੰਦੇ ਹਨ ਉਨ੍ਹਾਂ ਨੂੰ ਜਲਦੀ ਥੋੜ੍ਹੇ ਪੈਸਿਆਂ ਵਿਚ ਮਕਾਨ ਬਣਾ ਦਿਆਂਗੇ। ਇਸ ਕਿਸਮ ਦੀ ਉਨ੍ਹਾਂ ਨੇ ਐਸ਼ੋਰੈਂਸ ਦਿਤੀ ਸੀ। ਇਹ ਜਿਹੜਾ ਵਜ਼ੀਰ ਸਾਹਿਬ ਨੇ ਕਿਹਾ ਹੈ ਕਿ 25 ਪ੍ਰਤਿਸ਼ਤ ਮਾਰਕਿਟ ਰੇਟ ਤੇ ਉਨ੍ਹਾਂ ਨੂੰ ਦਿਆਂਗੇ, ਮਾਰਕਿਟ ਰੇਟ ਬਹੁਤ ਵੱਧ ਗਿਆ ਹੈ। ਪਰ ਜਿਹੜੇ ਗਰੀਬ ਲੋਕ ਹਨ ਉਨਾਂ ਦੀ ਅਸੀਂ ਮੱਦਦ ਕਰਨੀ ਹੈ, ਉਨ੍ਹਾਂ ਦੀਆਂ ਜੇਬਾਂ ਵਿਚ ਪੈਸੇ ਨਹੀਂ ਹਨ, ਅਤੇ ਉਹ ਐਨੇ ਪੈਸੇ ਨਹੀਂ ਦੇ ਸਕਦੇ। ਕੀ ਵਜ਼ੀਰ ਸਾਹਿਬ ਵਿਸ਼ਵਾਸ ਦਿਵਾਉਣਗੇ ਕਿ ਜਿਸ ਤਰ੍ਹਾਂ ਚੀਫ਼ ਮਨਿਸਟਰ ਸਾਹਿਬ ਨੇ ਐਸ਼ੋਰੈਂਸ ਦਿਤੀ ਸੀ ਉਸ ਦੇ ਮੁਤਾਬਿਕ ਉਨ੍ਹਾਂ ਗਰੀਬਾਂ ਨੂੰ ਮਕਾਨ ਦਿਤੇ ਜਾਣਗੇ ?

**ਮੰਤਰੀ**: ਮੈਂ ਪਹਿਲਾਂ ਹੀ ਦੱਸਿਆ ਹੈ ਕਿ ਪਹਿਲੀ ਨੀਤੀ ਦੇ ਮੁਤਾਬਕ ਦਿੰਦੇ ਹਾਂ। ਨਵੀਂ ਨੀਤੀ ਦੇ ਬਾਰੇ ਜਿਹੜਾ ਇਨ੍ਹਾਂ ਨੇ ਕਿਹਾ ਹੈ, ਚੀਫ਼ ਮਨਿਸਟਰ ਸਾਹਿਬ ਨੂੰ ਅਧਿਕਾਰ ਹੈ, ਉਹ ਕਰ ਸਕਦੇ ਹਨ, ਜੇ ਉਹ ਕਹਿਣਗੇ ਤਾਂ ਹੋ ਜਾਵੇਗਾ।

---

### ਨਿਸ਼ਾਨ ਵਾਲੇ ਪ੍ਰਸ਼ਨ ਨੰਬਰ 735 ਅਤੇ 736

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਾ ਹੋਏ)

---

### Publication of the Annual Administrative Reports

*787. **Sardar Dalip Singh Pandhi** : Will the Chief Minister be pleased to state:—

(a) the years for which the Annual Administrative Reports of the Irrigation Department have not been published together with the reasons therefor ;

(b) whether some reports are still lying pending with the Government for publication ; if so, the time by which the same are likely to be published ;

(c) the details of advantages derived from the publication of the said reports ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ**: (ੳ) ਸਾਲ 1966-67 ਤੋਂ 1972-73 ਤੱਕ। ਸਾਲ 1972 ਤੱਕ ਦੀਆਂ ਪ੍ਰਬੰਧਕੀ ਰਿਪੋਰਟਾਂ ਤਿਆਰ ਨਹੀਂ ਸਨ ਹੋ ਸਕੀਆਂ ਕਿਉਂਕਿ ਮਹਾਂ ਲੇਖਾਕਾਰ ਪੰਜਾਬ ਤੋਂ ਪ੍ਰਬੰਧਕੀ ਖਾਤੇ ਨਹੀਂ ਸਨ ਪ੍ਰਾਪਤ ਹੋਏ। ਮਹਾਂ ਲੇਖਾਕਾਰ, ਪੰਜਾਬ ਇਹ ਖਾਤੇ ਇਸ ਕਰਕੇ ਤਿਆਰ ਨਹੀਂ ਕਰ ਸਕਿਆ ਕਿਉਂਕਿ ਸਾਂਝੇ ਪੰਜਾਬ ਦੇ ਕੰਮਾਂ ਤੇ ਸਕੀਮਾਂ ਸਬੰਧੀ ਸਬੰਧਤ ਰਾਜਾਂ ਵਿਚ ਅਨੁਪਾਤ ਨਿਰਧਾਰਿਤ ਨਹੀਂ ਹੋ ਸਕਿਆ। ਰਿਪੋਰਟਾਂ ਤਿਆਰ ਕਰਨ ਦਾ ਕੰਮ ਇਕ ਵਿਸਤਾਰਮਈ ਅਤੇ ਗੁੰਝਲਦਾਰ ਕਿਸਮ ਦਾ ਹੈ ਜਿਸ ਲਈ ਅੰਕੜੇ ਇਕਠੇ ਕਰਨ, ਇਨ੍ਹਾਂ ਨੂੰ ਸੰਗ੍ਰਹਿ ਕਰਨ ਅਤੇ ਪ੍ਰਕਾਸ਼ਤ ਕਰਨ ਲਈ ਕਾਫੀ ਸਮਾਂ ਲਗਦਾ ਹੈ।

Original with;
Punjab Vidhan Sabha
Digitized by;
Panjab Digital Library

(ਅ) ਹਾਂ ਜੀ, ਸਾਲ 1966-67 ਤੋਂ 1972-73 ਤੱਕ। ਇਨ੍ਹਾਂ ਨੂੰ ਛਪਵਾਉਣ ਲਈ ਕੁਝ ਸਮਾਂ ਲਗੇਗਾ।

(ੲ) ਇਸ ਰਾਹੀਂ ਪ੍ਰਾਜੈਕਟਾਂ ਬਾਰੇ ਸੂਝ ਅਤੇ ਮੁਲਅੰਕਣ ਦਾ ਗਿਆਨ ਹੁੰਦਾ ਹੈ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਇਸ ਬਾਰੇ ਇਕ ਵਿਧਾਨ ਸਭਾ ਦੀ ਕਮੇਟੀ ਦੀ ਰਿਪੋਰਟ ਵੀ ਆਈ ਹੈ, ਉਨ੍ਹਾਂ ਨੇ ਵੀ ਇਸ ਨੂੰ ਬੜਾ ਸੀਰੀਅਸ ਲਿਆ ਹੈ। ਇਹ ਜਿਹੜੀ ਰਿਪੋਰਟ ਹੈ, ਇਹ ਹਰ ਸਾਲ ਛੱਪਣੀ ਚਾਹੀਦੀ ਹੈ। ਪਾਰਟ 'ਸੀ' ਵਿਚ ਪੁੱਛਿਆ ਗਿਆ ਸੀ ਇਸ ਦਾ ਕੀ ਲਾਭ ਹੁੰਦਾ ਹੈ ਤਾਂ ਸੀ. ਐਮ. ਸਾਹਿਬ ਨੇ ਬੜਾ ਛੋਟਾ ਜਿਹਾ ਦਸਿਆ ਹੈ। It gives the insight and appraisal of the projects. ਇਹ ਬੜਾ ਸੀਰੀਅਸ ਮਾਮਲਾ ਹੈ। ਜਿੰਨਾ ਚਿਰ ਰਿਪੋਰਟ ਨਹੀ ਛੱਪਦੀ ਔਰ ਪਤਾ ਨਹੀਂ ਲਗਦਾ ਕਿ ਮਹਿਕਮੇ ਵਿਚ ਕੀ ਹੋ ਰਿਹਾ ਹੈ ਉਤਨਾ ਚਿਰ ਕੋਈ ਫਾਇਦਾ ਨਹੀਂ। ਕੀ ਸੀ. ਐਮ. ਸਾਹਿਬ ਦੱਸਣਗੇ ਕਿ ਉਪਰਾਲਾ ਕਰਕੇ, ਯਤਨ ਕਰਕੇ ਉਹ ਕਦੋਂ ਤਕ ਛਪਵਾ ਦੇਣਗੇ ?

**ਮੁੱਖ ਮੰਤਰੀ**: ਸਪੀਕਰ ਸਾਹਿਬ, ਇਸ ਦੇ ਵਿਚ ਖਾਸ ਤੌਰ ਤੇ ਕੋਈ ਟੈਕਨੀਕਲ ਗਲ ਹੋਈ ਹੈ। ਇਹ 1966-67 ਤੋਂ 1977-78 ਤਕ ਦੀਆਂ ਰਿਪੋਰਟਾਂ ਸਨ। ਐਡਮਨਿਸਟਰੇਟਿਵ ਰਿਪੋਰਟਾਂ ਤਾਂ ਤਿਆਰ ਕਰ ਲਈਆਂ ਹਨ ਪਰ ਟੈਕਨੀਕਲ ਤੌਰ ਤੇ ਜੋ ਏ. ਜੀ. ਵੱਲੋਂ ਰਿਪੋਰਟ ਆਉਣੀ ਹੁੰਦੀ ਹੈ ਉਹ ਨਹੀਂ ਆ ਸਕੀ। ਕਿਉਂਕਿ ਪੰਜਾਬ ਔਰ ਹਰਿਆਣਾ ਬਣ ਗਿਆ ਹੈ ਔਰ ਬਹੁਤ ਸਾਰੀਆਂ ਐਸੀਆਂ ਸਕੀਮਾਂ ਸਨ ਜਿਹੜੀਆਂ ਦੋਹਾਂ ਸਟੇਟਾਂ ਦੀਆਂ ਜੁਆਇੰਟ ਸਨ, ਜਿਸ ਕਾਰਨ ਇਹ ਸਭ ਕੁਝ ਹੋਇਆ ਹੈ। ਹੁਣ ਰਿਪੋਰਟਾਂ ਤਿਆਰ ਹੋ ਰਹੀਆਂ ਹਨ ਅਤੇ 1973-74 ਦੀ ਰਿਪੋਰਟ ਪ੍ਰੈਸ ਵਿਚ ਆ ਗਈ ਹੈ ਅਤੇ 1974-75 ਦੀ ਰਿਪੋਰਟ ਅੰਡਰ ਪ੍ਰੈਪਰੇਸ਼ਨ ਹੈ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਮੈਂ ਅਰਜ਼ ਕੀਤੀ ਸੀ ਕਿ ਕਦੋਂ ਤਕ ਛਪਵਾ ਦੇਣਗੇ ਕਿਉਂਕਿ ਇਹ ਬੜਾ ਸੀਰੀਅਸ ਮਾਮਲਾ ਹੈ। ਇਹ ਹਰ ਸਾਲ ਛਪਣੀਆਂ ਚਾਹੀਦੀਆਂ ਹਨ ਇਸ ਦੇ ਨਾਲ ਪਤਾ ਲਗਦਾ ਹੈ ਕਿ ਮਹਿਕਮਾ ਕੀ ਕਰ ਰਿਹਾ ਹੈ। ਜਿਵੇਂ ਸੀ. ਐਮ. ਸਾਹਿਬ ਨੇ ਦਸਿਆ ਹੈ ਕਿ 74 ਅਫ਼ਸਰਾਂ ਦੇ ਖਿਲਾਫ਼ ਇਨਕੁਆਇਰੀ ਚਲ ਰਹੀ ਹੈ। ਸੋ ਇਸ ਤਰ੍ਹਾਂ ਲੋਕਾਂ ਨੂੰ ਪਤਾ ਲਗਦਾ ਹੈ ਕਿ ਮਹਿਕਮਾ ਕੀ ਕਰ ਰਿਹਾ ਹੈ। ਮੇਰੀ ਅਰਜ਼ ਹੈ ਕਿ ਅਫ਼ਸਰ ਸਾਹਿਬਾਨ ਏ. ਜੀ. ਨਾਲ ਮਿਲ ਕੇ ਜਲਦੀ ਰਿਪੋਰਟ ਲਿਆ ਸਕਦੇ ਹਨ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਸਾਰੀਆਂ ਰਿਪੋਰਟਾਂ ਕਦੋਂ ਤੱਕ ਛਪਵਾ ਦੇਣ ਦੀ ਕੋਸ਼ਿਸ਼ ਕਰਨਗੇ ?

**ਮੁੱਖ ਮੰਤਰੀ**: ਸਪੀਕਰ ਸਾਹਿਬ, 1966-67 ਤੋਂ ਇਹ ਕੰਮ ਬਕਾਇਆ ਚਲਿਆ ਆ ਰਿਹਾ ਹੈ। ਇਸ ਦੇ ਵਿਚ ਪਹਿਲੀ ਸਰਕਾਰ ਨੇ ਕੋਈ ਦਿਲਚਸਪੀ ਨਹੀਂ ਲਈ। ਹੁਣ ਮੈਂ ਮਹਿਕਮੇ ਨੂੰ ਹਦਾਇਤ ਕਰਾਂਗਾ ਕਿ ਜਿਤਨੀ ਜਲਦੀ ਪਾਸੀਬਲ ਹੋ ਸਕਦਾ ਹੋਵੇ ਇਹ ਰਿਪੋਰਟਾਂ ਤਿਆਰ ਕਰਕੇ ਛਪਵਾਉਣ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 671**

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ।)

---

Original with;
Punjab Vidhan Sabha
Digitized by;
Panjab Digital Library

Mr. Speaker : Questions are over. Call Attention Notices are to be taken up. Sardar Kirpal Singh.

**ਮਾਸਟਰ ਚੰਦ ਸਿੰਘ :** ** ** **

**ਸ੍ਰੀ ਸਪੀਕਰ :** ਰੂਲਜ਼ ਦੇ ਮੁਤਾਬਿਕ ਹੀ ਬੋਲਿਓ। ਪੁਆਇੰਟ ਆਫ ਆਰਡਰ ਰੂਲਜ਼ ਦੇ ਮੁਤਾਬਿਕ ਹੀ ਪ੍ਰਮਿਟ ਹੁੰਦਾ ਹੈ।

**ਮਾਸਟਰ ਚੰਦ ਸਿੰਘ :** ** ** **

**ਸ੍ਰੀ ਸਪੀਕਰ :** ਇਹ ਤਾਂ ਮਾਸਟਰ ਜੀ, ਰੂਲਜ਼ ਦੀ ਕੋਈ ਗਲ ਹੋਵੇ ਤਾਂ ਪੁਆਇੰਟ ਆਫ਼ ਆਰਡਰ ਰੇਜ਼ ਹੋ ਸਕਦਾ ਹੈ।

**ਮਾਸਟਰ ਚੰਦ ਸਿੰਘ :** ** ** **

**ਸ੍ਰੀ ਸਪੀਕਰ :** ਜੇ ਤਾਂ ਡਿਸਕਸ਼ਨ ਚਾਹੁੰਦੇ ਹੋ ਤਾਂ ਡਿਸਕਸ਼ਨ ਕਰਾਉਣ ਦੇ ਹੋਰ ਤਰੀਕੇ ਹਨ। ਪੁਆਇੰਟ ਆਫ ਆਰਡਰ ਡਿਸਅਲਾਓ ਹੋ ਸਕਦਾ ਹੈ।

**ਮਾਸਟਰ ਚੰਦ ਸਿੰਘ :** ** ** **

**ਸ੍ਰੀ ਸਪੀਕਰ :** ਮੈਂ ਤੁਹਾਡੀ ਗਲ ਸੁਣਨ ਤੋਂ ਇਲਾਵਾ ਮੱਦਦ ਕਰਨ ਨੂੰ ਵੀ ਤਿਆਰ ਹਾਂ (ਵਿਘਨ) ਤੁਸੀਂ ਮੇਰੇ ਦਫ਼ਤਰ ਵਿਚ ਆ ਜਾਓ, ਉਥੇ ਗਲ ਕਰ ਲਵਾਂਗੇ ਅਤੇ ਕੋਈ ਢੰਗ ਲਭ ਲਵਾਂਗੇ।

**ਮਾਸਟਰ ਚੰਦ ਸਿੰਘ :** ** ** **

**ਸ੍ਰੀ ਸਪੀਕਰ :** ਨਹੀਂ, ਮੈਂ ਤਾਂ ਨੌਕਰ ਹਾਂ ਤੁਹਾਡੇ ਬਣਾਏ ਹੋਏ ਕਾਨੂੰਨ ਦਾ।

**ਮਾਸਟਰ ਚੰਦ ਸਿੰਘ :** ** ** **

Mr. Speaker : I am sorry. No point of order. Disallowed. The statement is to be expunged. ਦਫ਼ਤਰ ਵਿਚ ਆ ਜਾਓ, ਕਿਹੜੇ ਤਰੀਕੇ ਨਾਲ ਪੁੱਟ ਕਰੀਦਾ ਹੈ ਉਹ ਤੁਹਾਨੂੰ ਮੈਂ ਦੱਸ ਦੇਵਾਂਗਾ।

**ਮਾਸਟਰ ਚੰਦ ਸਿੰਘ :** ** ** **

**ਸ੍ਰੀ ਸਪੀਕਰ :** ਹਾਊਸ ਵਿਚ ਮਸਲਾ ਰੇਜ਼ ਕਰਨ ਦਾ ਇਹ ਤਰੀਕਾ ਨਹੀਂ ਜੇ ਹਾਊਸ ਵਿਚ ਰੇਜ ਕਰਨਾ ਚਾਹੁੰਦੇ ਹੋ ਤਾਂ ਉਸ ਦੇ ਲਈ ਹੋਰ ਕਈ ਤਰੀਕੇ ਹਨ। ਜੇ ਤੁਹਾਨੂੰ ਤਰੀਕਾ ਨਹੀਂ ਪਤਾ ਤਾਂ ਤੁਸੀਂ ਮੇਰੇ ਕੋਲ ਆ ਜਾਣਾ ਮੈਂ ਤੁਹਾਨੂੰ ਦੱਸ ਦੇਵਾਂਗਾ। ਮੈਂ ਤੁਹਾਡੀ ਗਲ ਸਟਰਾਈਕ ਡਾਊਨ ਕਰ ਦਿਤੀ ਹੈ। ਉਹ ਪ੍ਰਿੰਟ ਨਹੀਂ ਹੋਣੀ। (ਵਿਘਨ) ਤੁਸੀਂ ਮੇਰੇ ਕੋਲ ਦਫਤਰ ਵਿਚ ਆ ਜਾਣਾ, ਇਸ ਦਾ ਕੋਈ ਢੰਗ ਲੱਭ ਲਵਾਂਗੇ।

**ਸਰਦਾਰ ਬਲਦੇਵ ਸਿੰਘ ਮਾਨ :** ** ** **

Mr. Speaker: There is no such provision in the Rules. But Shakespeare also said:

They also serve who stand and wait.

ਇਸ ਬਾਰੇ ਨਾ ਕੋਈ ਰੂਲ ਹੈ, ਨਾ ਰੂਲਜ਼ ਵਿਚ ਪ੍ਰੋਵੀਜ਼ਨ ਹੈ। ਉਹ ਵੀ ਆਪਣੀ ਕਾਰਵਾਈ ਕਰ ਰਹੇ ਹਨ। It is over ruled.

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਹਰਬੰਸ ਲਾਲ ਖੰਨਾ :** ** ** **

**Mr. Speaker** : It is no point of order. It should not form part of the proceedings. I am sorry.

## CALL ATTENTION NOTICES UNDER RULE 66

(ਕ੍ਰਮ ਨੰ. 17)

**ਸਰਦਾਰ ਕਿਰਪਾਲ ਸਿੰਘ** : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਬੜੇ ਨਾਜ਼ਕ ਮਾਮਲੇ ਵਲ ਦਿਵਾਉਦਾ ਹਾਂ, ਅਰਥਾਤ, ਕਾਂਗਰਸ ਰਾਜ ਦੀਆਂ ਪੰਜਾਬ ਨਾਲ ਕੀਤੀਆਂ ਬੇ-ਇਨ ਸਾਫੀਆਂ ਵਿਚੋਂ ਰਾਵੀ-ਬਿਆਸ ਦੇ ਪਾਣੀ ਦੀ ਵੰਡ ਦਾ ਫੈਸਲਾ ਬੜੀ ਸਪੱਸ਼ਟ ਜ਼ਿਆਦਤੀ ਹੈ। ਪੰਜਾਬੀ ,ਪਾਣੀ ਤਕਸੀਮ ਦੇ ਫੈਸਲੇ ਨੂੰ ਦੁਰਸਤ ਕਰਵਾਉਣ ਲਈ ਪੰਜਾਬ ਸਰਕਾਰ ਦੀਆਂ ਕੋਸ਼ਿਸ਼ਾਂ 'ਦੀ ਪ੍ਰਸ਼ੰਸਾ ਕਰਦੇ ਹਨ। ਪਰ ਹਰਿਆਣਾ ਵਿਧਾਨ ਸਭਾ ਵਿਚ ਕਾਂਗਰਸੀ ਫੈਸਲੇ ਦੀ ਪ੍ਰੋੜਤਾਂ ਲਈ ਲੱਗੇ ਜ਼ੋਰ ਨੇ ਪੰਜਾਬੀਆਂ ਨੂੰ ਫਿਕਰਮੰਦ ਕਰ ਦਿਤਾ ਹੈ ਕਿ ਕਿਤੇ ਇਹ ਫੋਕਾ ਰੋਹਬ ਜਮਾਨਵਾਲੀ ਕਾਰਵਾਈ ਬੇ-ਇਨਸਾਫੀ ਦੇ ਹੱਕ ਦੀ ਦਲੀਲ ਨਾ ਬਣ ਜਾਏ। ਪੰਜਾਬ ਦੀ ਜਨਤਾ ਦਾ ਫਿਕਰ ਦੂਰ ਕਰਨ ਲਈ ਸਰਕਾਰ ਆਪਣੀ ਕਾਰਕਰਦਗੀ ਅਤੇ ਇਰਾਦੇ ਨੂੰ ਸਪੱਸ਼ਟ ਕਰੇ।

**ਮੁੱਖ ਮੰਤਰੀ** (ਸਰਦਾਰ ਪ੍ਰਕਾਸ਼ **ਸਿੰਘ ਬਾਦਲ** ): ਭਾਰਤ ਸਰਕਾਰ ਨੇ ਆਪਣੇ ਪੱਤਰ ਮਿਤੀ 24 ਮਾਰਚ, 1976 ਨਾਲ ਹੁਕਮ ਜਾਰੀ ਕੀਤਾ ਕਿ ਬਿਆਸ ਪ੍ਰੋਜੈਕਟ ਦੇ ਮੁਕੰਮਲ ਹੋਣ ਤੇ ਸੰਗਠਤ ਪੰਜਾਬ ਦੇ ਹਿੱਸੇ ਜੋ ਪਾਣੀ ਆਵੇਗਾ ਉਸ ਵਿਚ 0.2 ਐਮ. ਏ. ਐਫ਼. ਪਾਣੀ ਦਿੱਲੀ ਦੀ ਵਾਟਰ ਸਪਲਾਈ ਨੂੰ ਦਿੱਤਾ ਜਾਵੇ। ਹਰਿਆਣਾ ਰਾਜ ਨੂੰ 3.5 ਐਮ. ਏ. ਐਫ ਪਾਣੀ ਤੇ ਪੰਜਾਬ ਰਾਜ ਨੂੰ ਬਾਕੀ ਦਾ ਪਾਣੀ ਮਿਲੇਗਾ ਜਿਹੜਾ 3.5 ਐਮ. ਏ. ਐਫ਼ ਤੋਂ ਵੱਧ ਨਹੀਂ ਹੋਵੇਗਾ। ਅਗਾਂਹ ਨੂੰ ਜਦ ਦਰਿਆ ਰਾਵੀ ਤੇ ਸੰਭਾਲ ਦੇ ਕੰਮ ਮੁਕੰਮਲ ਹੋਣਗੇ ਤਾਂ ਪੰਜਾਬ ਰਾਜ ਨੂੰ 7.2 ਐਮ. ਏ. ਐਫ਼. ਪਾਣੀ ਵਿਚੋਂ ਜੋ ਸੰਗਠਤ ਪੰਜਾਬ ਦਾ ਹਿੱਸਾ ਹੈ 3.5 ਐਮ. ਏ. ਐਫ. ਪਾਣੀ ਮਿਲੇਗਾ।

ਜਦੋਂ ਦੀ ਇਸ ਸਰਕਾਰ ਨੇ ਵਾਗਡੋਰ ਸੰਭਾਲੀ ਹੈ ਭਾਰਤ ਸਰਕਾਰ ਕੋਲ ਪੁਰ-ਜ਼ੋਰ ਅਪੀਲ ਕੀਤੀਆਂ ਗਈਆਂ ਹਨ ਕਿ ਭਾਰਤ ਸਰਕਾਰ ਦਾ ਮਾਰਚ, 1976 ਦਾ ਫੈਸਲਾ ਗੈਰ ਕਾਨੂੰਨੀ ਹੈ ਤੇ ਇਸ ਫੈਸਲੇ ਨੂੰ ਕਰਨ ਸਮੇਂ ਠੀਕ ਤਰ੍ਹਾਂ ਨਾਲ ਧਿਆਨ ਨਹੀਂ ਦਿੱਤਾ ਗਿਆ। ਇਸ ਫੈਸਲੇ ਨੂੰ ਲਾਗੂ ਕਰਨ ਤੇ ਜੋ ਰਾਵੀ-ਬਿਆਸ ਪਾਣੀ ਐਸ ਵੇਲੇ ਪੰਜਾਬ ਰਾਜ ਦੀ ਵਰਤੋਂ ਵਿਚ ਪਿਛਲੇ 20 ਸਾਲਾਂ ਤੋਂ ਆ ਰਿਹਾ ਹੈ ਉਸ ਵਿਚ ਕਟੌਤੀ ਕਰਨੀ ਪਵੇਗੀ ਜਿਸ ਨਾਲ ਕਈ ਲੱਖ ਏਕੜ ਜ਼ਮੀਨ ਸਿੰਜਾਈ ਤੋਂ ਵਾਂਝੀ ਰਹਿ ਜਾਵੇਗੀ।

ਇਸ ਸਬੰਧੀ ਭਾਰਤ ਸਰਕਾਰ ਤੇ ਪਰਧਾਨ ਮੰਤਰੀ ਜੀ ਨੂੰ ਕਈ ਪੱਤਰ ਲਿਖੇ ਗਏ ਤੇ ਨਿਜੀ ਤੌਰ ਤੇ ਵੀ ਬੇਨਤੀ ਕੀਤੀ ਗਈ। ਹਰਿਆਣਾ ਸਰਕਾਰ ਦਾ ਇਹ ਕਹਿਣਾ ਸੀ ਕਿ ਇਹ ਮਾਮਲਾ ਹੁਣ ਮੁੜ ਵਿਚਾਰਿਆ ਨਹੀਂ ਜਾ ਸਕਦਾ ਪਰ ਪੰਜਾਬ ਸਰਕਾਰ ਦੀ ਜ਼ੋਰਦਾਰ ਬੇਨਤੀ ਤੇ ਪਰਧਾਨ ਮੰਤਰੀ ਜੀ ਨੇ ਇਸ ਫੈਸਲੇ ਤੇ ਮੁੜ ਵਿਚਾਰਨ ਦਾ ਫੈਸਲਾ ਕਰ ਲਿਆ। ਇਸ ਸਬੰਧੀ ਤਿੰਨ ਮੀਟਿੰਗਾਂ ਮਿਤੀ 25 ਅਗਸਤ, 1978, 2 ਸਤੰਬਰ, 1978 ਤੇ 8 ਸਤੰਬਰ, 1978 ਨੂੰ ਪਰਧਾਨ ਮੰਤਰੀ ਜੀ ਦੀ ਪਰਧਾਨਗੀ ਹੇਠ ਦਿੱਲੀ ਵਿਖੇ ਹੋਈਆਂ। ਪਰਧਾਨ ਮੰਤਰੀ ਜੀ ਦੀ ਅਗਵਾਈ ਹੇਠ ਹੋਈਆਂ ਮੀਟਿੰਗਾਂ ਵਿਚ ਇਹ ਸਪਸ਼ਟ ਕੀਤਾ ਗਿਆ ਕਿ ਹਰਿਆਣਾ ਰਾਜ ਦੇ ਇਲਾਕਿਆਂ ਨਾਲ, ਸਿੰਜਾਈ ਸਬੰਧੀ, ਭਾਰਤ ਦੀ ਵੰਡ ਤੋਂ ਪਿੱਛੋਂ ਕੋਈ ਬੇ-ਇਨਸਾਫ਼ੀ ਨਹੀਂ ਕੀਤੀ ਗਈ ਕਿਉਂਕਿ ਸਤਲੁਜ ਤੇ ਜਮਨਾ ਦਰਿਆਵਾਂ ਦੇ ਪਾਣੀ ਭਾਰਤ ਦੀ ਵੰਡ ਤੋਂ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਪਹਿਲਾਂ ਵੀ ਵਰਤੋਂ ਦੇ ਪਾਣੀ ਨੂੰ ਕੱਢ ਕੇ ਹਰਿਆਣੇ ਦੇ ਇਲਾਕੇ ਵਿਚ 6.6 ਐਮ. ਏ. ਐਫ. ਵਰਤਿਆ ਗਿਆ ਜਦੋਂ ਕਿ ਪੰਜਾਬ ਦੇ ਇਲਾਕੇ ਵਿਚ ਕੇਵਲ 2.9 ਐਮ. ਏ.ਐਫ ਪਾਣੀ ਵਰਤਿਆ ਗਿਆ। ਇਸ ਲਈ ਰਾਵੀ-ਬਿਆਸ ਦਰਿਆਵਾਂ ਦੇ ਵੰਡਣ ਯੋਗ ਪਾਣੀ ਦਾ ਹਿੱਸਾ ਪੰਜਾਬ ਨੂੰ ਵੱਧ ਮਿਲਣਾ ਚਾਹੀਦਾ ਹੈ ।

ਪਰਧਾਨ ਮੰਤਰੀ ਜੀ ਦੇ ਨੋਟਿਸ ਵਿਚ ਇਹ ਵੀ ਲਿਆਂਦਾ ਗਿਆ ਕਿ ਭਾਰਤ ਸਰਕਾਰ ਦਾ ਮਾਰਚ ਦਾ ਫੈਸਲਾ ਗੈਰ ਕਾਨੂੰਨੀ ਹੈ। ਭਾਰਤ ਸਰਕਾਰ ਰਾਵੀ ਦਰਿਆ ਦੇ ਪਾਣੀ ਹਰਿਆਣੇ ਨੂੰ ਦੇਣ ਸਬੰਧੀ ਪੰਜਾਬ ਰੀਆਰਗੇਨਾਈਜ਼ੇਸ਼ਨ ਐਕਟ ਅਨੁਸਾਰ ਅਧਿਕਾਰ ਨਹੀਂ ਰਖਦੀ। ਚੇਅਰਮੈਨ, ਸੈਂਟਰਲ ਵਾਟਰ ਕਮਿਸ਼ਨ, ਜਿਸ ਨੂੰ ਇਹ ਕੇਸ ਘੋਖਣ ਲਈ ਸਰਕਾਰ ਨੇ ਕਿਹਾ ਸੀ ਉਸ ਦੀ ਵੀ ਆਪਣੀ ਰਿਪੋਰਟ ਵਿਚ ਵੰਡਣ ਯੋਗ ਪਾਣੀ 6.24 ਐਮ. ਏ. ਐਫ ਪਾਣੀ ਕੱਢਣ ਦੇ ਵਿਚ ਵੀ ਕੁਝ ਤਰੁਟੀਆਂ ਸਨ ਜਿਹੜੀਆਂ ਕਿ ਉਨ੍ਹਾਂ ਦੇ ਨੋਟਿਸ ਵਿਚ ਲਿਆਂਦੀਆਂ ਗਈਆਂ।

ਪੰਜਾਬ ਸਰਕਾਰ ਵਲੋਂ ਬੇਨਤੀ ਕੀਤੀ ਗਈ ਹੈ ਕਿ ਸਾਰੇ ਤੱਥਾਂ ਨੂੰ ਮੁੱਖ ਰੱਖਕੇ ਮਾਰਚ, 1976 ਦੇ ਫੈਸਲੇ ਨੂੰ ਸੋਧਿਆ ਜਾਵੇ ।

**ਸਰਦਾਰ ਕਿਰਪਾਲ ਸਿੰਘ** : ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਦੀ ਜਨਤਾ ਦੀਆਂ ਉਮੀਦਾਂ ਇਸ ਵੇਲੇ ਤਕ ਇਹ ਸਰਕਾਰ ਬੜੀ ਖ਼ੂਬਸੂਰਤੀ ਨਾਲ ਪੂਰੀਆਂ ਕਰ ਰਹੀ ਹੈ, ਪਰ ਇਹ ਜਿਹੜਾ ਸੁਆਲ ਹੈ ਇਸ ਵਿਚ 2 ਸਟੇਟਾਂ ਦਾ ਝਗੜਾ ਹੈ ਔਰ ਝਗੜਾ ਸਾਡੇ ਨਾਲ ਹੋਈ ਬੇਇਨਸਾਫ਼ੀ ਹੈ। ਇਸ ਵਿਚ ਸਾਡੀ ਸਰਕਾਰ ਦਾ ਸਟੈਂਡ, ਕਿਸੇ ਵਲੋਂ ਦਬਾ, ਲਿਹਾਜ਼ ਜਾਂ ਹੋਰ ਕਿਸੇ ਗਲੋਂ ਨੀਵਾਂ ਨਾ ਹੋ ਜਾਏ, ਪੰਜਾਬ ਦੀ ਜਨਤਾ ਚਾਹੁੰਦੀ ਹੈ ਕਿ ਉਸ ਨੂੰ ਵਿਸ਼ਵਾਸ ਦਿਲਾਇਆ ਜਾਏ ਕਿ ਸਾਨੂੰ ਸਾਡਾ ਹਕ ਦਿਲਾਇਆ ਜਾਏਗਾ?

**ਮੁੱਖ ਮੰਤਰੀ**: ਸਪੀਕਰ ਸਾਹਿਬ, ਮੈਰਿਟ ਤੇ ਸਾਡਾ ਕੇਸ ਇਤਨਾ ਮਜ਼ਬੂਤ ਹੈ ਕਿ ਮੈਨੂੰ ਪੂਰੀ ਇਸ ਵਿਚ ਉਮੀਦ ਹੈ ਕਿ ਫੈਸਲਾ ਸਾਡੇ ਹੱਕ ਵਿਚ ਜਾਵੇਗਾ, ਕਿਉਂਕਿ ਸਾਨੂੰ ਸਾਡਾ ਹੱਕ ਮਿਲਣਾ ਹੈ ।

(Serial No. 107)

**Sardar Chitwant Singh Kauhrian**
**Sardar Sant Singh** } : Sir, I beg to draw the attention of the Government towards a matter of urgent public importance, namely, the general unrest, sense of insecurity and demoralisation prevailing among the Government officers/officials especially those belonging to lower categories with the issuance of circular letter No. 5924/16/45/78-2PP, dated 4th August, 1978 addressed to all Administrative Secretaries to Government, Punjab regarding pre-mature retirement of Government employees in the event of even a single adverse report regarding doubtful integrity whereas there are serveral *prima facie* cases of corruption, suspension and departmental enquiries etc. against high officers involved in corruption against whom Government has failed to take any action so far. The Government may be asked to make a statement on this important issue in the House.

**ਮੁੱਖ ਮੰਤਰੀ** (ਸਰਦਾਰ ਪ੍ਰਕਾਸ਼ ਸਿੰਘ ਬਾਦਲ): ਸਮਾਂ ਪੂਰਵ ਰਿਟਾਇਰਮੈਂਟ ਦੇ ਨਿਯਮ 28 ਜੁਲਾਈ, 1975 ਨੂੰ ਨੋਟੀਫਾਈ ਕੀਤੇ ਗਏ ਸਨ। ਇਸ ਸਬੰਧੀ ਵਿਸਥਾਰ-ਪੂਰਬਕ ਅਗਵਾਈ ਲਈ ਹਦਾਇਤਾਂ

Original with;
Punjab Vidhan Sabha
Digitized by;
Panjab Digital Library

ਉਦੋਂ ਹੀ ਜਾਰੀ ਕੀਤੀਆਂ ਗਈਆਂ ਸਨ। ਇਨ੍ਹਾਂ ਨਿਯਮਾਂ ਵਿੱਚ ਇਹ ਉਪਬੰਧ ਹੈ ਕਿ ਸਰਕਾਰ ਨੂੰ ਪੂਰਨ ਅਧਿਕਾਰ ਹੈ ਕਿ ਉਹ ਉਨ੍ਹਾਂ ਕਰਮਚਾਰੀਆਂ ਨੂੰ, ਜਿਨ੍ਹਾਂ ਨੇ 25 ਸਾਲ ਦੀ ਸੇਵਾ ਜਾਂ 50 ਸਾਲ ਦੀ ਉਮਰ ਪੂਰੀ ਕਰ ਲਿੱਤੀ ਹੋਵੇ ਜ਼ਬਰੀ ਰਿਟਾਇਰ ਕਰ ਸਕਦੀ ਹੈ ਤਾਂ ਜੋ ਸੇਵਾਵਾਂ ਵਿੱਚੋਂ ਉਨ੍ਹਾਂ ਨੂੰ ਕੱਢਿਆ ਜਾ ਸਕੇ ਜਿਨ੍ਹਾਂ ਦੀ ਇਮਾਨਦਾਰੀ ਬਾਰੇ ਸ਼ੱਕ ਹੋਵੇ ਅਤੇ ਜਿਨ੍ਹਾਂ ਦੀ ਯੋਗਤਾ ਠੀਕ ਨਾ ਹੋਵੇ। ਅਜਿਹੇ ਕੇਸਿਜ਼ ਵਿਚ ਆਮ ਕਰਕੇ 2 ਸਟੇਜਾਂ ਤੇ ਰੀਵਿਊ ਕਰਨਾ ਹੁੰਦਾ ਹੈ। ਇੱਕ ਜਦੋਂ ਕਰਮਚਾਰੀ ਉਪਰੋਕਤ ਸ਼ਰਤਾਂ ਪੂਰੀਆਂ ਕਰਦਾ ਹੋਵੇ ਅਤੇ ਦੂਜੇ ਜਦੋਂ ਕਰਮਚਾਰੀ ਨੇ 55 ਸਾਲ ਦੀ ਉਮਰ ਪੂਰੀ ਕਰ ਲਈ ਹੋਵੇ। ਇਸ ਸਮੇਂ ਦੇ ਦੌਰਾਨ ਵੀ ਕੇਸਿਜ਼ ਨੂੰ ਰੀਵਿਊ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਸਰਕਾਰ ਕਰਮਚਾਰੀਆਂ ਨੂੰ ਰਿਟਾਇਰ ਕਰਨ ਦਾ ਅਧਿਕਾਰ ਨਿਆਂ ਪੂਰਵਕ ਢੰਗ ਨਾਲ ਵਰਤ ਸਕਦੀ ਹੈ ਤਾਂ ਜੋ ਲੋਕ ਹਿੱਤ ਦੀ ਸਹੀ ਅਰਥਾਂ ਵਿੱਚ ਪੂਰਤੀ ਹੋਵੇ। ਕਰਮਚਾਰੀ ਦਾ ਸਮੂਹ ਰਿਕਾਰਡ ਵਿਚਾਰਿਆ ਜਾਣਾ ਹੁੰਦਾ ਹੈ ਅਤੇ ਇੱਕ ਵੀ ਐਂਟਰੀ ਉਸਦੀ ਇਮਾਨਦਾਰੀ ਦੇ ਖਿਲਾਫ਼ ਹੋਵੇ ਤਾਂ ਉਸ ਨੂੰ ਸਮਾਂ-ਪੂਰਵ ਰਿਟਾਇਰ ਕਰਨ ਬਾਰੇ ਵਿਚਾਰ ਕਰਨ ਲਈ ਕਾਫ਼ੀ ਸਮਝਿਆ ਜਾ ਸਕਦਾ ਹੈ।

2. ਉਪਰੋਕਤ ਤੋਂ ਇਹ ਪ੍ਰਤੱਖ ਹੋਵੇਗਾ ਕਿ ਸਮਾਂ ਪੂਰਵ ਰਿਟਾਇਰਮੈਂਟ ਸਬੰਧੀ ਨਿਯਮ ਅਤੇ ਹਦਾਇਤਾਂ 1975 ਤੋਂ ਹੋਂਦ ਵਿਚ ਹਨ। ਮਾਨਯੋਗ ਮੈਂਬਰ ਨੇ 4 ਅਗਸਤ, 1978 ਨੂੰ ਜਾਰੀ ਕੀਤੇ ਉਸ ਗਸ਼ਤੀ ਪੱਤਰ ਦੇ ਸਬੰਧ ਵਿੱਚ ਆਵਾਜ਼ ਉਠਾਈ ਹੈ ਜਿਹੜੇ ਸਮੂਹ ਪ੍ਰਬੰਧਕੀ ਸਕੱਤਰਾਂ ਅਤੇ ਵਿਭਾਗਾਂ ਦੇ ਮੁੱਖੀਆਂ ਨੂੰ ਜਾਰੀ ਕਰਦੇ ਹੋਏ ਅਜਿਹੇ ਕਰਮਚਾਰੀਆਂ ਦੇ ਰਿਕਾਰਡ ਨੂੰ ਪੜਚੋਲਣ ਲਈ ਕਿਹਾ ਗਿਆ ਹੈ ਜਿਹੜਾ, ਨਿਯਮਾਂ ਅਨੁਸਾਰ ਸਮਾਂ ਪੂਰਵ ਰਿਟਾਇਰਮੈਂਟ ਕਰਨ ਦੇ ਯੋਗ ਹੈ। 4 ਅਗਸਤ, 1978 ਦੇ ਪੱਤਰ ਦਾ ਮੰਤਵ ਕੇਵਲ ਵਿਭਾਗਾਂ ਨੂੰ ਇਹ ਯਾਦਦਾਨੀ ਕਰਾਉਣਾ ਹੈ ਕਿ ਉਹ ਸਮਾਂ ਪੂਰਵ ਰਿਟਾਇਰਮੈਂਟ ਸਬੰਧੀ ਨਿਯਮਾਂ ਅਨੁਸਾਰ ਕਾਰਵਾਈ ਕਰਨ। ਇਸ ਪੱਤਰ ਵਿੱਚ ਕੋਈ ਸਮਾਂ ਪੂਰਵ ਰਿਟਾਇਰਮੈਂਟ ਸਬੰਧੀ ਨਵੀਂ ਵਿਚਾਰਧਾਰਾ ਨਹੀਂ ਦਰਸਾਈ ਗਈ ਅਤੇ ਨਾ ਹੀ ਇਸ ਦਾ ਭਾਵ ਕਰਮਚਾਰੀਆਂ ਦੀ ਕਿਸੇ ਖਾਸ ਸ਼੍ਰੇਣੀ ਤਕ ਸੀਮਤ ਹੈ। ਇਸ ਦਾ ਭਾਵ ਕੇਵਲ ਇਹ ਹੈ ਕਿ ਵਿਭਾਗ ਇਸ ਮਾਮਲੇ ਸਬੰਧੀ ਆਪਣੀ ਡਿਊਟੀ ਵਿਚ ਕੁਤਾਹੀ ਨਾ ਕਰਨ ਅਤੇ ਲੋੜੀਂਦੀ ਕਾਰਵਾਈ ਛੇਤੀ ਕਰਨ। ਉਪਰੋਕਤ ਪੱਤਰ ਵਿੱਚ ਇਸ ਗੱਲ ਦਾ ਬੜਾ ਸਪਸ਼ਟ ਤੌਰ ਤੇ ਜ਼ਿਕਰ ਹੈ ਕਿ ਕਰਮਚਾਰੀਆਂ ਦਾ ਰਿਕਾਰਡ ਨਿਯਮਾਂ ਅਤੇ ਹਦਾਇਤਾਂ ਅਨੁਸਾਰ ਪ੍ਰੀਖਿਆ ਜਾਵੇ ਅਤੇ ਕੇਵਲ ਉਹੀ ਕਰਮਚਾਰੀ, ਜਿਹੜੇ ਸਮਾਂ ਪੂਰਵਕ ਰਿਟਾਇਰਮੈਂਟ ਦੇ ਯੋਗ ਹਨ, ਨੂੰ ਰਿਟਾਇਰ ਕੀਤਾ ਜਾਵੇ। ਇਸ ਗੱਲ ਦਾ ਕੋਈ ਕਾਰਨ ਨਹੀਂ ਦਿਸਦਾ ਕਿ ਉਨ੍ਹਾਂ ਕਰਮਚਾਰੀਆਂ ਵਿਚ ਜਿਹੜੇ ਬਦ-ਦਿਆਨਤ ਅਤੇ ਅਯੋਗ ਨਹੀਂ, ਆਮ ਬੇਚੈਨੀ ਅਤੇ ਅਣ-ਸੁਰਖਿਅਤਾ ਦੀ ਭਾਵਨਾ ਉਤਪਨ ਹੋਵੇ। ਉਪਰੋਕਤ ਪੱਤਰ ਦਾ ਕਿਸੇ ਤਰ੍ਹਾਂ ਇਹ ਵੀ ਭਾਵ ਨਹੀਂ ਕਿ ਇਹ ਕਾਰਵਾਈ ਕੇਵਲ ਉਨ੍ਹਾਂ ਵਿਰੁਧ ਕੀਤੀ ਜਾਵੇ ਜਿਹੜੇ ਹੇਠਲੀ ਸ਼੍ਰੇਣੀ ਦੇ ਕਰਮਚਾਰੀ ਹੋਣ।

3. ਉਪਰੋਕਤ ਤੋਂ ਇਹ ਸਪੱਸ਼ਟ ਹੈ ਕਿ ਜ਼ਬਰੀ ਸਮਾਂ ਪੂਰਵ ਰਿਟਾਇਰਮੈਂਟ ਸਬੰਧੀ ਨੀਤੀ ਪਹਿਲਾਂ ਹੀ ਸਥਿਤ ਹੈ ਅਤੇ ਇਹ ਨਰੋਆ ਅਤੇ ਸਾਫ ਰਾਜ ਪ੍ਰਬੰਧ ਤੇ ਹਿੱਤ ਵਿਚ ਹੈ। ਤਾਜ਼ਾ ਜਾਰੀ ਕੀਤਾ ਪੱਤਰ ਮੁੱਢਲੀ ਨੀਤੀ ਤੋਂ ਕਿਸੇ ਤਰ੍ਹਾਂ ਪਰੇ ਨਹੀਂ ਅਤੇ ਇਹ ਕੇਵਲ ਇਸ ਨੂੰ ਦੁਹਰਾਉਂਦਾ ਹੈ। ਇਸ ਦੇ ਫਲ ਸਰੂਪ ਕਰਮਚਾਰੀਆਂ ਵਿੱਚ ਕਿਸੇ ਤਰ੍ਹਾਂ ਦੀ ਚਿੰਤਾ ਦੀ ਸਥਿਤੀ ਪੈਦਾ ਹੋਣ ਦਾ ਕੋਈ ਕਾਰਨ ਨਹੀਂ ਹੋਣਾ ਚਾਹੀਦਾ।

**ਸਰਦਾਰ ਚਿੱਤਵੰਤ ਸਿੰਘ ਕੋਹਲੀਆਂ** : ਸਪੀਕਰ ਸਾਹਿਬ, ਡਾਊਟਫੁਲ ਇੰਟੈਗਰਿਟੀ ਇਕ ਵੱਡੀ ਚੀਜ਼ ਹੈ ਅਤੇ ਔਥੈਂਟਿਕ ਵੱਡੀ ਪਰੂਫ ਵੀ ਚੀਜ਼ ਹੈ। ਮੇਰਾ ਮੰਤਵ ਇਹ ਹੈ ਕਿ 27 ਛੋਟੇ ਕਰਮਚਾਰੀ, ਜਿਨ੍ਹਾਂ ਵਿਚ ਹਵਾਲਦਾਰ ਅਤੇ ਪਟਵਾਰੀ ਹਨ, ਉਨ੍ਹਾਂ ਨੂੰ ਨੋਟਿਸ ਦਿਤੇ ਗਏ ਹਨ। ਕਿਸੇ ਸੈਕਟਰੀ ,ਅੰਡਰ ਸੈਕਟਰੀ ਜਾਂ ਕਿਸੇ ਚੀਫ ਇੰਜੀਨੀਅਰ ਨੂੰ ਕੋਈ ਨੋਟਿਸ ਨਹੀਂ ਮਿਲੇ ਜਿਨ੍ਹਾਂ ਦੇ ਖ਼ਿਲਾਫ਼ 500 ਕੇਸਿਜ਼

Original with;
Punjab Vidhan Sabha
Digitized by;
Panjab Digital Library

[ਸਰਦਾਰ ਚਿੱਤਵੰਤ ਸਿੰਘ ਕੌਹਰੀਆਂ]

ਵਿਜੀਲੈਂਸ ਡਿਪਾਰਟਮੈਂਟ ਕੋਲ ਪਏ ਹਨ, ਪਰ ਉਨ੍ਹਾਂ ਵਿਚੋਂ ਕਈ ਸਸਪੈਂਡ ਕੀਤੇ ਹੋਣੇ ਹਨ, ਕਈਆਂ ਦੇ ਚਲਾਨ ਵੀ ਹੋ ਗਏ ਹੋਣੇ ਹਨ , ਪਰ ਉਨ੍ਹਾਂ ਨੂੰ ਅਜੇ ਤਕ ਕੋਈ ਨੋਟਿਸ ਨਹੀਂ ਮਿਲਿਆ। ਮੇਰੀ ਮੁੱਖ ਮੰਤਰੀ ਜੀ ਨੂੰ ਇਹ ਬੇਨਤੀ ਹੈ ਕਿ ਇਹ ਕੋਈ ਕਮੇਟੀ ਬਣਾਉਣਗੇ ਜਿਹੜੀ ਕਿ ਉਨ੍ਹਾਂ ਦੇ ਕੇਸਾਂ ਨੂੰ ਰੀਵਿਊ ਕਰੇ। ਉਸ ਕਮੇਟੀ ਵਿੱਚ ਦੋ ਤਿੰਨ ਸੈਕਟਰੀ ਬਿਠਾ ਦਿਓ। ਲਾਅ ਸੈਕਟਰੀ ਵੀ ਬਿਠਾ ਦਿਓ। ਉਨ੍ਹਾਂ ਆਦਮੀਆਂ ਦੇ ਕੇਸਾਂ ਨੂੰ ਰੀਵਿਊ ਕਰਕੇ ਰਿਟਾਇਰ ਕੀਤਾ ਜਾਵੇ ਨਾ ਕਿ ਪਟਵਾਰੀਆਂ ਅਤੇ ਸਿਪਾਹੀਆਂ ਨੂੰ। ਇਹ ਬੜੀ ਚੰਗੀ ਗਲ ਹੈ ਕਿ ਇਸ ਤਰ੍ਹਾਂ ਪੀਰੀਆਡੀਕਲੀ ਕੁਰੱਪਟ ਮੁਲਾਜ਼ਮਾਂ ਨੂੰ ਰਿਟਾਇਰ ਕੀਤਾ ਜਾਂਦਾ ਹੈ। ਇਸ ਤਰ੍ਹਾਂ ਨਾਲ ਕੁਰੱਪਸ਼ਨ ਨਹੀਂ ਹੋਵੇਗੀ।

**ਸ੍ਰੀ ਸਪੀਕਰ** : ਤੁਹਾਡਾ ਸਵਾਲ ਤਾਂ ਆ ਗਿਆ ਹੈ ।

**ਸਰਦਾਰ ਚਿੱਤਵੰਤ ਸਿੰਘ ਕੋਹਰੀਆਂ** : ਸਪੀਕਰ ਸਾਹਿਬ, ਮੇਰਾ ਦੂਜਾ ਸਵਾਲ ਇਹ ਕਿ ਜਿਹੜੀਆਂ ਰਿਪੋਰਟਾਂ ਹਨ ਇਨ੍ਹਾਂ ਦੀ ਕੋਈ ਟਾਈਮ ਲਿਮਟ ਹੋਣੀ ਚਾਹੀਦੀ ਹੈ ਕਿ ਕਦੋਂ ਤਕ ਉਨ੍ਹਾਂ ਦੇ ਰਿਮਾਰਕਸ ਐਕਸਪੰਜ ਹੋ ਸਕਦੇ ਹਨ। ਐਸੀਆਂ ਇਨਸਟਾਂਸਜ਼ ਮੇਰੇ ਪਾਸ ਹਨ ਜਿਥੇ ਕਿਸੇ ਕਰਮਚਾਰੀ ਦੀਆਂ 12-12 ਰਿਪੋਰਟਾਂ ਕੰਟੀਨਿਊਸਲੀ ਬੈਡ ਹੋਣ ਅਤੇ ਜਦੋਂ ਫਿਰ ਉਨ੍ਹਾਂ ਦਾ ਚੀਫ ਮਨਿਸਟਰ ਆ ਜਾਵੇ ਤਾਂ ਉਹ ਠੀਕ ਕਰ ਦਿੱਤੀਆਂ ਜਾਣ ਅਤੇ ਪ੍ਰੋਮੋਸ਼ਨਾਂ ਉਨ੍ਹਾਂ ਨੂੰ ਦੇ ਦਿੱਤੀਆਂ ਜਾਂਦੀਆਂ ਹਨ । ਬਾਕੀ ਜੇ ਚੀਫ਼ਮਨਿਸਟਰ ਸਾਹਿਬ ਹੌਸਲਾ ਕਰਨ ਤਾਂ ਸਾਰੀ ਕੇਬਨਿਟ ਨੂੰ ਕਹਿਣ ਕਿ ਆਪਣੇ ਮਹਿਕਮੇ ਵਿਚੋਂ ਪੰਜ-ਪੰਜ ਵੱਡੇ ਅਫ਼ਸਰਾਂ ਦੇ ਕੇਸ ਭੇਜਣ।

**ਸ੍ਰੀ ਸਪੀਕਰ** : ਅੱਛਾ ਜੀ, ਤੁਹਾਡਾ ਸਵਾਲ ਤਾਂ ਹੋ ਗਿਆ ਹੈ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਜਿਵੇਂ ਮੈਂ ਪਹਿਲਾਂ ਬੜੀ ਡਿਟੇਲ ਵਿੱਚ ਐਕਸਪਲੇਨ ਕੀਤਾ ਹੈ। ਇਹ ਕੋਈ ਨਵੀਆਂ ਇਨਸਟਰੱਕਸ਼ਨਜ਼ ਨਹੀਂ ਹਨ । ਇਹ ਪੁਰਾਣੀਆਂ ਇਨਸਟਰੱਕਸ਼ਨਜ਼ ਹੀ ਹਨ । ਮੈਂ ਤੁਹਾਡੇ ਰਾਹੀਂ ਆਨਰੇਬਲ ਮੈਂਬਰ ਨੂੰ ਯਕੀਨ ਦਿਵਾਵਾਂਗਾ ਕਿ ਕਿਸੇ ਦੀ ਰੂ-ਰਿਆਇਤ ਨਹੀਂ ਹੋਵੇਗੀ। ਜਿਹੜਾ ਕੁਰੱਪਟ ਅਫ਼ਸਰ ਹੋਵੇਗਾ, ਉਸ ਨੂੰ ਸਜ਼ਾ ਮਿਲੇਗੀ। ਜਿਹੜੀਆਂ ਇਹ ਹਦਾਇਤਾਂ ਕੀਤੀਆਂ ਹਨ ਇਹ ਸਾਰੇ ਡਿਪਾਰਟਮੈਂਟਾਂ ਵਿੱਚ ਵਿਚਾਰੀਆਂ ਜਾਣਗੀਆਂ । ਮੁਤੱਲਕਾ ਮਨਿਸਟਰ ਵੀ ਵਿਚਾਰਨਗੇ । ਪੂਰੇ ਕਾਨੂੰਨੀ ਕਾਇਦੇ ਅਨੁਸਾਰ ਸਜ਼ਾ ਦਿੱਤੀ ਜਾਵੇਗੀ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਇਨ੍ਹਾਂ ਨੇ ਵਿਜੀਲੈਂਸ ਦੀਆਂ ਇਨਕੁਆਰੀਆਂ ਦੀ ਗਲ ਕੀਤੀ ਹੈ, ਕੋਈ ਵੀ ਕੇਸ ਜਿਹੜਾ ਵਿਜੀਲੈਂਸ ਵਾਲਿਆਂ ਨੇ ਇਨਕੁਆਇਰੀ ਤੋਂ ਬਾਅਦ ਰਿਕਮੈਂਡ ਕੀਤਾ ਹੋਵੇ ਕਿ ਉਹ ਪ੍ਰਾਸੀਕਿਊਸ਼ਨ ਦੇ ਫਿੱਟ ਹੈ, ਉਹ ਸਾਰੇ ਦੇ ਸਾਰੇ ਪ੍ਰਾਸੀਕਿਊਟ ਹੋਣਗੇ ਅਤੇ ਜੋ ਕਾਨੂੰਨੀ ਐਕਸ਼ਨ ਲਿਆ ਜਾ ਸਕਦਾ ਹੈ, ਉਹ ਜ਼ਰੂਰ ਲਵਾਂਗੇ।

**ਸਰਦਾਰ ਸੰਤ ਸਿੰਘ** : ਸਪੀਕਰ ਸਾਹਿਬ, ਮੇਰਾ ਸਪਲੀਮੈਂਟਰੀ ਸਵਾਲ ਇਹ ਹੈ ਕਿ ਕੀ ਉਨ੍ਹਾਂ ਕਰਮਚਾਰੀਆਂ ਨੂੰ ਵੀ ਇਸ ਲਿਸਟ ਵਿੱਚ ਲਿਆਂਦਾ ਜਾਵੇਗਾ ਜਿਹੜੇ ਵਰਕ-ਟੂ-ਰੂਲ ਤੇ ਰਹਿੰਦੇ ਹਨ, ਕਦੇ ਕੰਮ ਨਹੀਂ ਕਰਦੇ ਅਤੇ ਹੜਤਾਲਾਂ ਤੇ ਰਹਿੰਦੇ ਹਨ। ਮੇਰੇ ਵੇਖਣ ਵਿੱਚ ਆਇਆ ਹੈ ਕਿ ਇਹੋ ਜਿਹੀ ਕਲਾਸ ਕਦੇ ਕੰਮ ਨਹੀਂ ਕਰਦੀ ਉਨ੍ਹਾਂ ਨੂੰ ਤੁਸੀਂ ਮੁਆਫ ਕਰ ਦਿੰਦੇ ਹੋ। ਮੇਰੀ ਅਰਜ਼ ਕਰਨ ਦਾ ਭਾਵ ਇਹ ਹੈ ਕਿ ਇਸ ਜ਼ੱਦ ਦੇ ਵਿੱਚ ਇਹੋ ਜਿਹੀ ਕਲਾਸ ਦੇ ਕਰਮਚਾਰੀ ਵੀ ਲਿਆਉਣਗੇ ਜਿਹੜੇ ਕਿ ਦੂਜਿਆਂ ਨੂੰ ਵੀ ਚੁੱਕਦੇ ਹਨ।

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** : ਸਪੀਕਰ ਸਾਹਿਬ, ਹਰੇਕ ਮੁਲਾਜ਼ਮ ਦਾ ਰਿਕਾਰਡ ਹੁੰਦਾ ਹੈ। ਹਰ ਪੱਖੋਂ ਉਸ ਤੇ ਹੈਡ ਆਫ ਦੀ ਡਿਪਾਰਟਮੈਂਟ ਵਲੋਂ ਨੋਟ ਲਿਖੇ ਜਾਂਦੇ ਹਨ। ਆਨੈਸਟੀ ਅਤੇ ਐਫੀਸ਼ੈਂਸੀ ਦੇ ਮੁਤੱਲਕ ਖਾਸ ਖਿਆਲ ਰਖਿਆ ਜਾਂਦਾ ਹੈ। ਬਾਕੀ ਚੀਜ਼ਾਂ ਦਾ ਵੀ ਖਿਆਲ ਰਖਿਆ ਜਾਂਦਾ ਹੈ।

(ਕ੍ਰਮ ਨੰ: 117)

1. **ਕਾਮਰੇਡ ਦਰਸ਼ਨ ਸਿੰਘ ਝਬਾਲ**
2. **ਕਾਮਰੇਡ ਸਰਵਣ ਸਿੰਘ ਚੀਮਾ**

: ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਪੇਂਡੂ ਜਨ ਸਿਹਤ ਵਿਭਾਗ ਵਲੋਂ ਪਿੰਡ ਵਿੱਚ ਜੋ ਪਾਣੀ ਦੀ ਸਪਲਾਈ ਕੀਤੀ ਜਾਂਦੀ ਹੈ ਉਸਦਾ ਫਲੈਟ ਰੇਟ ਸ਼ਹਿਰਾਂ ਨਾਲੋਂ ਦੁਗਣਾ ਲਿਆ ਜਾਂਦਾ ਹੈ। ਇਸ ਨਾਲ ਇਲਾਕੇ ਦੇ ਖਾਸ ਕਰ ਸੰਗਰੂਰ ਜ਼ਿਲ੍ਹੇ ਦੇ ਪੇਂਡੂ ਲੋਕਾਂ ਵਿੱਚ ਭਾਰੀ ਬੇਚੈਨੀ ਤੇ ਨਾਰਾਜ਼ਗੀ ਪਾਈ ਜਾ ਰਹੀ ਹੈ। ਹੋ ਸਕਦਾ ਹੈ ਕੋਈ ਐਜੀਟੇਸ਼ਨ ਭੜਕ ਪਵੇ। ਮੁੱਖ ਮੰਤਰੀ ਜੀ ਇਸ ਸਬੰਧੀ ਸਦਨ ਵਿਚ ਬਿਆਨ ਦੇਣ।

**ਭਲਾਈ ਮੰਤਰੀ** (ਸਰਦਾਰਨੀ ਸਤਵੰਤ ਕੌਰ ਸੰਧੂ): ਪਿੰਡਾਂ ਲਈ ਦਿਹਾਤੀ ਵਾਟਰ ਸਪਲਾਈ ਸਕੀਮਾਂ ਦਾ ਵੱਡਾ ਮਕਸਦ ਪਬਲਕ ਸਟੈਂਡ ਪੋਸਟਾਂ ਦਵਾਰਾ ਮੁਫਤ ਅਤੇ ਸਾਫ ਪਾਣੀ ਦਾ ਉਪਬੰਧ ਕਰਨਾ ਹੈ। ਫਿਰ ਵੀ ਇਹ ਕੁਨੈਕਸ਼ਨ ਬਹੁੱਤ ਥੋੜੇ ਲੋਕ ਜਿਹੜੇ ਕਿ ਖਰਚਾ ਬਰਦਾਸ਼ਤ ਕਰ ਸਕਦੇ ਹਨ ਆਪਣੀ ਸਹੂਲਤ ਲਈ ਹੀ ਪ੍ਰਾਈਵੇਟ ਕੁਨੈਕਸ਼ਨ ਲੈਂਦੇ ਹਨ। ਅਜਿਹੇ ਲੋਕਾਂ ਪਾਸੋਂ 10 ਰੁਪਏ ਪ੍ਰਤੀ ਮਹੀਨਾ ਫਲੈਟ ਰੇਟ ਦੇ ਹਿਸਾਬ ਨਾਲ ਵਸੂਲ ਕੀਤਾ ਜਾਂਦਾ ਹੈ। ਇਹ ਰੇਟ ਸਾਰੇ ਰਾਜ ਲਈ ਸਾਲ 1973 ਵਿੱਚ ਨਿਸ਼ਚਿਤ ਕੀਤੇ ਗਏ ਸਨ ਤੇ ਇਸ ਮੁਤਾਬਿਕ ਹੀ ਜ਼ਿਲ੍ਹਾ ਸੰਗਰੂਰ ਵਿੱਚ ਖਪਤਕਾਰਾਂ ਦੇ ਨਾਲ ਸਾਰੇ ਰਾਜ ਦੇ ਦਿਹਾਤੀ ਇਲਾਕਿਆਂ ਵਿੱਚ ਪ੍ਰਾਈਵੇਟ ਖਪਤਕਾਰਾਂ ਪਾਸੋਂ ਵਸੂਲ ਕੀਤੇ ਜਾ ਰਹੇ ਹਨ। ਦਿਹਾਤੀ ਵਾਟਰ ਸਪਲਾਈ ਸਕੀਮਾਂ ਦੇ ਪ੍ਰਾਈਵੇਟ ਕੁਨੈਕਸ਼ਨਾਂ ਲਈ ਵਸੂਲੇ ਜਾਣ ਵਾਲੇ ਫਲੈਟ ਰੇਟਾਂ ਦੀ ਤੁਲਨਾ ਸ਼ਹਿਰੀ ਇਲਾਕਿਆਂ ਵਿੱਚ ਵਾਟਰ ਸਪਲਾਈ ਸਕੀਮਾਂ ਦਾ ਪ੍ਰਬੰਧ ਕਰਨ ਵਾਲੀਆਂ ਸਥਾਨਕ ਨਗਰਪਾਲਕਾਵਾਂ/ ਕਾਰਪੋਰੇਸ਼ਨਾਂ ਦਵਾਰਾ ਸ਼ਹਿਰੀ ਇਲਾਕਿਆਂ ਵਿਚ ਵਸੂਲੇ ਜਾ ਰਹੇ ਰੇਟਾਂ ਨਾਲ ਨਹੀਂ ਕੀਤੀ ਜਾ ਸਕਦੀ ਕਿਉਂਕਿ ਸ਼ਹਿਰਾਂ ਵਿੱਚ ਪ੍ਰਾਈਵੇਟ ਕੁਨੈਕਸ਼ਨਾਂ ਦੀ ਗਿਣਤੀ ਜ਼ਿਆਦਾ ਹੁੰਦੀ ਹੈ ਅਤੇ ਓਪਰੇਸ਼ਨਲ ਪਰ-ਕੈਪਿਟਾ ਕਾਸਟ ਘੱਟ ਹੁੰਦੀ ਹੈ। ਜਦ ਕਿ ਦਿਹਾਤੀ ਵਾਟਰ ਸਪਲਾਈ ਸਕੀਮਾਂ ਤੇ ਖਰਚਾ ਬਹੁਤ ਜ਼ਿਆਦਾ ਹੁੰਦਾ ਹੈ ਇਹ ਇਸ ਕਰਕੇ ਕਿ ਪਿੰਡਾਂ ਵਿੱਚ ਆਬਾਦੀ ਬਹੁੱਤ ਘੱਟ ਅਤੇ ਬਿਖਰੀ ਹੋਈ ਹੈ।

**ਕਾਮਰੇਡ ਸਰਵਣ ਸਿੰਘ ਚੀਮਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬਾ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸ਼ਹਿਰਾਂ ਵਿੱਚ ਇੱਕ ਟੂਟੀ ਦਾ ਕਿਤਨਾ ਫਲੈਟ ਰੇਟ ਲਿਆ ਜਾਂਦਾ ਹੈ ਅਤੇ ਪਿੰਡਾਂ ਵਿੱਚ ਕਿਤਨਾ ਲਿਆ ਜਾਂਦਾ ਹੈ। ਕੀ ਵਜ਼ੀਰ ਸਾਹਿਬਾ ਪਿੰਡਾਂ ਵਿੱਚ ਜੋ ਪਾਣੀ ਦਿੱਤਾ ਜਾਂਦਾ ਹੈ ਇਸ ਦਾ ਰੇਟ ਸ਼ਹਿਰਾਂ ਦੇ ਬਰਾਬਰ ਕਰਨ ਨੂੰ ਤਿਆਰ ਹਨ ?

**ਮੰਤਰੀ** : ਸਪੀਕਰ ਸਾਹਿਬ, ਜਿਹੜੀ ਦਿਹਾਤੀ ਵਾਟਰ ਸਪਲਾਈ ਸਕੀਮ ਹੈ, ਇਸ ਦਾ ਵੱਡਾ ਮਕਸਦ ਪਬਲਕ ਸਟੈਂਡ ਪੋਸਟਾਂ ਦੁਆਰਾ ਪੇਂਡੂ ਲੋਕਾਂ ਨੂੰ ਸਾਫ ਪਾਣੀ ਦੇਣਾ ਹੈ। ਜਿਹੜੇ ਲੋਕ ਅਪਲਾਈ ਕਰਦੇ ਹਨ ਅਤੇ ਖਰਚਾ ਬਰਦਾਸ਼ਤ ਕਰ ਸਕਦੇ ਹਨ ਉਨ੍ਹਾਂ ਨੂੰ ਹੀ ਇਹ ਕੁਨੈਕਸ਼ਨ ਦਿੱਤੇ ਜਾਂਦੇ ਹਨ। ਬਾਕੀ ਐਮ. ਐਲ.ਏ. ਸਾਹਿਬ ਵਲੋਂ ਜਿਹੜਾ ਸੁਝਾਓ ਆਇਆ ਹੈ ਇਸ ਤੇ ਵਿਚਾਰ ਕੀਤਾ ਜਾ ਸਕਦਾ ਹੈ

Original with;
Punjab Vidhan Sabha
Digitized by;
Panjab Digital Library

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਕੱਲ ਤੁਸੀਂ ਫੈਸਲਾ ਦਿੱਤਾ ਅਤੇ ਕੁਝ ਬੰਦੇ ਐਕਸਪੈਲ ਕਰ ਦਿੱਤੇ । ਪ੍ਰੈਸ [illegible] ਸਨ । ਉਨ੍ਹਾਂ ਨੇ ਠੀਕ ਰਿਪੋਰਟਿੰਗ ਨਹੀਂ ਕੀਤੀ ਸੀ। ਤੁਸੀਂ ਇਹ ਵੇਖ ਲਓ। ਹਾਊਸ ਦੀਆਂ ਪ੍ਰੋਸੀਡਿੰਗਜ਼ ਦੀ ਠੀਕ ਰਿਪੋਰਟਿੰਗ ਹੋਣੀ ਚਾਹੀਦੀ ਹੈ।

**ਸ੍ਰੀ ਸਪੀਕਰ** : ਤੁਹਾਡੇ ਵੱਲੋਂ ਤਜਵੀਜ਼ ਆ ਗਈ ਹੈ ਮੈਂ ਦੇਖ ਲਵਾਂਗਾ।

---

## STATEMENT BY THE CHIEF MINISTER *reg.* SUSPENSION OF MEMBERS FROM THE SERVICE OF THE HOUSE

**ਮੁੱਖ ਮੰਤਰੀ** (ਸਰਦਾਰ ਪ੍ਰਕਾਸ਼ ਸਿੰਘ ਬਾਦਲ) : ਸਪੀਕਰ ਸਾਹਿਬ, ਮੈਂ ਇਹ ਸਟੇਟਮੈਂਟ ਪੰਜਾਬੀ ਵਿੱਚ ਦੇਣੀ ਸੀ, ਪਰ ਉਹ ਅਜੇ ਤਿਆਰ ਨਹੀਂ ਹੋ ਸਕੀ । ਇਸ ਲਈ ਮੈਂ ਸਾਰੇ ਆਨਰੇਬਲ ਮੈਂਬਰਾਂ ਤੋਂ ਵੀ ਇਸ ਗਲ ਦੀ ਖਿਮਾਂ ਮੰਗਦਾ ਹਾਂ। ਉਹ ਜਲਦੀ ਟਾਈਪ ਕਰਵਾ ਕੇ ਸਾਰੇ ਮੈਂਬਰ ਸਾਹਿਬਾਨ ਨੂੰ ਦੇ ਦਿੱਤੀ ਜਾਵੇਗੀ । ਲੇਕਿਨ ਮਜ਼ਬੂਰੀ ਦੇ ਵਿੱਚ ਇਹ ਮੈਨੂੰ ਅੰਗਰੇਜ਼ੀ ਵਿਚ ਪੜ੍ਹਨੀ ਪੈ ਰਹੀ ਹੈ ।

Mr. Speaker, as you know, yesterday, a very unseemly and unfortunate incident took place in the House which ultimately culminated in the suspension of 7 members of the House. The decision to suspend them, from the service of the House, was taken after you had been pleased, to give them ample opportunities, to express regret. In fact, you will kindly recall that I had gone to the extent of saying, that we would not insist even on an apology, if the Leader of the C. P. I. assured the House, that such noisy scenes and disorderly conduct, would not be repeated.

2. Sir, if you kindly go through the proceedings of the House, you will observe that right from the commencement of this Session, there has been a calculated attempt, on the part of a certain section of the Opposition , to obstruct the proceedings by creating rowdy scenes. The Government Benches have all along acted with the utmost restraint in the face of these provocations, for we firmly believe that rowdyism in the Chamber will neigther strengthen Democracy nor be to the credit of the Members.

3. After the present Ministry assumed office, we have accommodated the wishes of the Opposition parties, to the maximum extent possible, and agreed to their request, for allotment of more time for the discussion of matters, coming before the House. For example, during the Budget Session 1977, when there was a Congress Ministry, in all 13 sittings were held. Out of these, 3 days were allotted for the discussion on the Governor's Address, 2 for the General Discussion of the Budget and 2 for Demands for Grants.

4. As against this, in 1978, 26 sittings were held during the Budget Session. Out of these, 4 days were allotted for discussion on the Governor's Address, 5 days for the discussion of the general Budget, and 5 days for demands for grants. Sir, you are aware of the fact, that we wanted, that more sittings of the House be held during the Budget Session, in 1978 for transaction of legislative business. It was at the specific request of Comrade Dang that we agree that the House be adjourned *sine die*.

5. In spite of our best efforts to ensure the smooth and productive working of the Vidhan Sabha, the unfortunate happenings yesterday took place. It is my duty to apprise the House of certain facts in this connection. I would also like to mention that during 1976, when the Congress was in power, in all six sittings were held, during the Session of the Vidhan Sabha,

Original with;
Punjab Vidhan Sabha
Digitized by;
Panjab Digital Library

after the Budget Session. On the other hand, the present Session commenced on the 4th September, and is expected to conclude on the 16th. On 3 days, double sittings are being held. In other words, 13 sittings would have been held before this Session concludes. May I Sir, bring to your notice the fact that during the period 1972-76, when the Congress Ministry was in power, not more than 7 sittings were ever held after the Budget Session, in any one year. Sir, I mention these facts to emphasise the points that while the last Government made every effort to restrict the activities of this House, both in terms of the number of days, it met each year, and the manner in which business was conducted, our policy is the very opposite. We firmly believe that the Vidhan Sabha should meet as frequently, and for as long as possible, so that the voice of the people is heard by the Government and the administration made fully responsive to the needs of the people, as it should be, in a true democracy.

6. It is in this background, Sir, that I wish to further bring to your notice the fact that during the Budget Session, 1978, the Treasury Benches got only 59% of the time as against 70.7% due to them on the basis of their strength in the House. On the other hand, the Opposition got 41% of the time, as against 29.3% due to them. Sir, you are also aware that Members from the Treasury Benches have often brought to your notice the fact that the Opposition was getting more time than is their due. I say so not in order to complain, but in order to emphasise the fact, that even you have been more concerned about the rights of the Opposition, and about ensuring them the maximum opportunities to criticise the Government. This again is, as it should be in a democracy, and I for one have never grudged the opportunities given by you to the Opposition.

7. Sir, in this background of the Government's and your anxiety to afford the opposition all possible opportunities to speak on matters of public interest in the House, the conduct of the Members involved in yesterday's incident, is most unfortunate. The manner in which they interrupted the Chair, refused to listen to your rulings, shouted slogans and sat in dharna on the floor of the Chamber, was most unbecoming, and it lowered the prestige and dignity of the whole House. It is even more unfortunate that they should have done so, when there was no need, whatsoever, for such behaviour. Sir, as you know, under the rules, at least 2 hour's notice is required to be given for an Adjournment Motion. The Adjournment Motion given notice of by Comrade Canadian, was received in your Secretariat at 8.00 A.M. yesterday. Therefore, this could not have been taken up in the morning sitting, and it was not open to Comrade Canadian or any other Member to have raised it, in the House, in the manner they did. However, when these Members were agitating this issue, in defiance of your rulings, I had said that I was prepared to make a statement. This is a matter of record. According to the procedure, I could only make the statement, after the Call Attention Notice had been dealt with. You had Sir, clearly informed the House that I would be making a statement during the day. The Government's response was thus clear and positive and Mr. Canadian and his friends should have been statisfied for their point had been met. However, they continued to flout all rules, to disobey the Chair and to create unseemly, and unbecoming scenes in the House. It seems to me, Sir, that they were perhaps less interested in getting a reply from the Government, on the issue involved, and more interested in disturbing the proceedings.

Original with;
Punjab Vidhan Sabha
Digitized by;
Panjab Digital Library

[Chief Minister]

8. It has been alleged, Sir, by the Congress (I) and C.P.I. leaders, that there were dictatorial designs of a brute majority. From the facts that I have narrated, it will be evident, that this allegation is the very opposite of the truth. Some days back, an Adjournment Motion was sought to be introduced on the general question of law and order in relation to a murder resulting from a fued between two sections of the same community. One of the Opposition Parties, as you know, has been leading an agitation for the last some days and openly defying the law. The administration has acted with the utmost restraint in a very difficult and provocative situation. However, Members belonging to the Opposition Party, that is leading this agitation, while breaking the law all over the State, brought forward the Adjournment Motion, wanting to discuss the so-called break down of law and order. It is indeed, ironical that those who themselves, openly defied the law, should try to become its champions.

9. Despite the fact that there was no reason to discuss the law and order situation by way of an Adjournment Motion, it was felt that an opportunity should be given to the Opposition to have their say on this matter for we were confident that the Government had nothing to be ashamed of in its record in this respect. Therefore, even though rule 177 required that the debate on the Supplementary Grants should be normally confined only to the items constituting the same, and no discussion should normally be allowed to be raised on the original grant, nevertheless, Sir, you were good enough to allow the Opposition to have a full and open discussion on the law and order situation, during the debate on the Appropriation Bill. We welcomed this decision, for the Government firmly believes that in a true democracy, all opportunities for discussions should be allowed. Furthermore, Sir, under the rules, guillotine would normally have been applied on the 12th of September, 1978, at 12.00 noon, whereas you were pleased to extend the discussions upto 12.46 p.m. in order to acommodate Opposition Members. Guillotine would also have been applied to the Appropriation Bill on the 13th September, 1978, at 1.00 p.m. but you were pleased to allow the discussion on the Bill to continue for whole of the morning Session and two hours of the After-noon one also. Sir, you were also aware that one whole sitting meant for official work, was allotted for the discussions of the Motion of a Private Member regarding the recent floods. This too, we welcomed as we wanted a full and free discussion on the recent flood calamity that had overtaken the State. In addition to all this, according to the decision taken by the House, on the Report of the Business Advisory Committee, time was also allotted for discussion of three other Motions by the Opposition Members. These were :—

(i) Regarding statement made by the Minister for Finance on 11th September, 1978, in connection with the State's Sixth Five-Year Plan;

(ii) Regarding the Annual Statement of Accounts of the Punjab State Electricity Board for the years 1972-73 to 1975-76 ;

(iii) Regarding 23rd Report of the Commissioner for Scheduled Castes and Scheduled Tribes for the year 1974-75.

For each of these, two hours had been allotted for discussions.

Original with;
Punjab Vidhan Sabha
Digitized by;
Panjab Digital Library

10. Sir, I have mentioned all this at length, to place on record, the fact that this Government, ever since it took office, has been working diligently to restore the full democratic working of this august House. During the five years of the previous Government, and particularly the period of Emergency, the voice of this House had been effectively strangulated and almost silenced. The parties, who sit on the Treasury Benches, had in fact, raised their voice against this stifling and denial of the people's rights. In defence of democracy and the rights of the people, all of us, on this side had gone to jail , for long periods and suffered every possible privation. Sir, it is ironic that those Members and Parties which indulged in the unbecoming happenings of yesterday, were the very people, who had been responsible for siding with the anti-people and anti-democratic actions of the Emergency. Our Parties were the ones who lead the peoples struggle and if today, the people of this country once again have their full democratic rights to agitate, to speak and to criticise the acts of those on the Treasury Benches it is because of the sacrifices made by the Akali and Janata Parties. Sir, it would not be wrong to say that it is we, who have given voice to the present Opposition. If today, the trade unions, the workers and the people, at large, are able to speak up and agitate for their rights and needs, it is because of the sacrifices of the Akali and Janata Parties and not of those on the Opposition Benches now parading as their champions. It is' therefore, because of our anxiety to ensure that democracy, is firmly established and is never again threatened, that this Government has right from the beginning, tried to give every opportunity for the full and effective functioning of the Opposition, both inside and outside this House. This is why, we are determined to restore to the Vidhan Sabha, its full working glory, which had been shattered during the Emergency. This is why, my Government has given a special status to the Leader of the Opposition, by passing a law in this Session. This is why my Government has passed in this very Session, "The Punjab State Legislature (Protection of Publication ) Bill, 1978" and restored to the Press, the right to freely report the activities of this House.

11. In the end, Sir, I must emphasise that discipline is essential if the nation is to move forward and we, the elected representatives of the people are duty-bound to set an example in this and every other respect. The people have sent us here, in order to serve them. This can only be done if the time of the House is employed productively. It is, therefore, the duty of all Members to ensure that while they up-hold the dignity of the House, they also attend diligently to their duties. For our part, we on the Treasury Benches, have made every effort in the past, and will continue to make every effort in the future, to ensure harmonious working of the House. Even yesterday, Sir, we tried to give every opportunity to Comrade Dang and his colleagues, to express some little regret, for the disorderly scenes that they had created. It was only on their complete refusal to do so, and with a sense of regret, that this House was compelled to pass the resolution, suspending them from its service. Sir, I would like to end with one more appeal to the Opposition. Let us do our best, to serve the people of the State, both inside and outside the Chamber. It is unfortunate that while the people and the Government are grappling with an unprecedented flood situation, one of the Opposition Parties is frittering its own, as well as the Government's energy, in a meaningless agitation . Surely, there could be another time for such actions. The present situation demands that the Opposition as well as the Government, do their best together, to alleviate the sufferings of the people, who are facing the fury

Original with;
Punjab Vidhan Sabha
Digitized by;
Panjab Digital Library

[Chief Minister]

of these floods. For the working of the House also, I would appeal to the opposition to function in a constructive manner for the benefit of the State. For our part, we assure them every possible opportunity for discharging their duties in the service of the people.

---

## QUESTION OF PRIVILEGE

**Sri A. Vishwanathan** : I would like to move a Privilege Motion. But before I move the Privilege Motion, there is a news-item, in the Daily Tribune of today, which I would like to read:—

> "The Leader of the Opposition in the Punjab Vidhan Sabha, Mr. Bal Ram, said here to-day that three Opposition Parties, namely the Congress (I), the Congress and the C.P.I., would boycott the current session of the State Assembly in protest against the "dictatorial designs of the brute majority" of the ruling Akali and Janata parties.
>
> At a press conference immediately after the suspension of seven C.P.I. and Congress members in the House, he said that the Akali Janata Government never agreed to have a discussion on the law and order situation in the State just for one day although the entire Opposition had wanted this.
>
> The fault of the persons who had been suspended, he said, was that they had lodged a strong protest against the brutal lathi-charge on peaceful C.P.I volunteers, men as well as women, at Ferozepore and other places in Punjab.
>
> Present at the press conference were Mr. Satya Pal Dang, Leader of the C.P.I. group ; Mr. Umrao Singh, Leader of the Congress group, and most legislators of the three parties."

Now Sir, this is a traversity of fact, as has been explained by our Chief Minister through a long statement.

Now, Sir, I beg to move for leave to raise the following Privilege Motion—

> That Comrade Satya Pal Dang, Leader of the C.P.I. Group and Sardar Umrao Singh, Leader of the Congress Group have made a statement to the *Press on the 13th September, 1978 "that the Government never agreed to have a discussion on the law and order situation in the State just for one day although the entire Opposition had wanted this" whereas the fact is that the Chief Minister, Sardar Parkash Singh Badal, had made it clear that after the Call Attention Motions he was ready to make a statement and the Hon. Speaker had repeatedly requested the Opposition Members that the matter may be taken up at the opportune moment after it was discussed with him in his Chamber. Furtheron the Opposition Leaders have made a statement in the Press "the fault of the persons who had been suspended, he said, was that they had lodged a strong protest against the brutal lathi-charge on peaceful C.P.I. volunteers, men as well as women, at Ferozepur and other places in Punjab." This is a gross and intentional misrepresentation of facts in as much as their suspension was a result of their persistent refusal to obey the ruling of the Chair, shouting of slogans in the House, squatting on the floor of the House and creating disorder thereby bringing down the prestige of the House and committing contempt not only of the Chair but also of the House itself. Thus by mistating the facts and deliberately disobeying the Chair and lowering the dignity of this august House, the above statement to the Press constitutes a breach of privilege of the House and I propose that the same be referred to the Privileges Committee.

---

*Tribune dated 15th September, 1978.

Original with;
Punjab Vidhan Sabha
Digitized by;
Panjab Digital Library

**Mr. Speaker :** I will look into it and give my ruling.

**Sri. A. Vishnathan :** With your permission, Sir, there are previous rulings of the previous Speakers from that side over the years which have even stated that a Member who walks out against the ruling, even that is contempt of the Chair.

**Mr. Speaker :** I am aware of that and I will examine all those. When I give my decision I will incorporate all those.

## LAGISLATIVE BUSINESS

## THE PUNJAB CYCLE-RICKSHAWS (REGULATION OF LICENCE) (AMENDMENT) BILL, 1978 (BILL No. 13 PLA of 1978)

**ਸਰਦਾਰ ਕਿਰਪਾਲ ਸਿਘ** (ਅੰਮ੍ਰਿਤਸਰ ਦੱਖਣ) : ਜਨਾਬ,ਮੈਂ ਪ੍ਰਸਤਾਵ ਕਰਦਾ ਹਾਂ ਕਿ ਮੈਨੂੰ ਪੰਜਾਬ ਸਾਈਕਲ ਰਿਕਸ਼ਾ (ਲਸੰਸ ਦਾ ਵਿਨਿਯਮ) (ਸੋਧਨਾ) ਬਿਲ, ਵਾਪਿਸ ਲੈਣ ਲਈ ਆਗਿਆ ਦਿੱਤੀ ਜਾਵੇ।

**Mr. Speaker :** Motion moved—

That leave be granted to withdraw the Punjab Cycle-Rickshaws (Regulations of Licence) (Amendment) Bill.

**Mr. Speaker :** Question is—

That leave be granted to withdraw the Punjab Cycle-Rickshaws (Regulation of Licence) (Amendment) Bill.

*The motion was carried.*

**ਸਰਦਾਰ ਕਿਰਪਾਲ ਸਿੰਘ** : ਜਨਾਬ ਮੈਂ ਪੰਜਾਬ, ਸਾਈਕਲ ਰਿਕਸ਼ਾ (ਲਸੰਸ ਦਾ ਵਿਨਿਯਮ) (ਸੋਧਨਾ) ਬਿੱਲ ਵਾਪਿਸ ਲੈਂਦਾ ਹਾਂ।

**ਸ਼੍ਰੀ ਸਪੀਕਰ** : ਹਾਂ ਜੀ।

## RESOLUTION REGARDING APPROACHING THE GOVERNMENT OF INDIA FOR AMENDING THE HINDU SUCCESSION ACT, 1956 THAT THE DAUGHTER MAY GET HER SHARE FROM HER INLAWS PROPERTY AFTER HER MARRIAGE

**ਸਰਦਾਰ ਪ੍ਰਕਾਸ਼ ਸਿੰਘ ਮਜੀਠਾ** (ਮਜੀਠਾ) : ਸਪੀਕਰ ਸਾਹਿਬ, ਇਹ ਜੋ ਮਤਾ ਹਾਊਸ ਵਿਚ ਰਖਿਆ ਗਿਆ ਹੈ.......

**ਸ਼੍ਰੀ ਸਪੀਕਰ** : ਮਜੀਠਾ ਸਾਹਿਬ, ਜੇ ਇਹ ਮਤਾ ਪਹਿਲੇ ਤੁਸੀਂ ਪੜ੍ਹ ਦਿਓ ਤਾਂ ਮੈਂ ਮੋਸ਼ਨ ਮੂਵ ਕਰ ਲਵਾਂਗਾ।

**ਸਰਦਾਰ ਪ੍ਰਕਾਸ਼ ਸਿੰਘ ਮਜੀਠਾ** : ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਉਹ ਭਾਰਤ ਸਰਕਾਰ ਨੂੰ ਇਸ ਤਰ੍ਹਾਂ ਕਾਰਵਾਈ ਕਰਨ ਲਈ ਬਿਨੇ ਕਰੇ ਕਿ ਹਿੰਦੂ ਉਤਰ ਅਧਿਕਾਰ ਐਕਟ, 1956 ਵਿਚ ਅਜਿਹੀ ਸੋਧਨਾ ਕੀਤੀ ਜਾਵੇ ਕਿ ਧੀ ਆਪਣੇ ਵਿਆਹ ਤੋਂ ਬਾਅਦ ਆਪਣੇ ਪਿਤਾ ਦੀ ਜਾਇਦਾਦ ਦੀ ਥਾਂ ਆਪਣੇ ਸਹੁਰਿਆਂ ਦੀ ਜਾਇਦਾਦ ਵਿੱਚੋਂ ਆਪਣਾ ਹਿੱਸਾ ਲੈ ਸਕੇ।

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਮਜੀਠਾ]

ਸਪੀਕਰ ਸਾਹਿਬ, ਇਸ ਮਤੇ ਤੇ ਬੋਲਦਿਆਂ ਹੋਇਆਂ ਮੈਂ ਇਹ ਦੱਸਣਾ ਚਾਹਵਾਂਗਾ ਕਿ ਇਸ ਐਕਟ ਵਿਚ ਔਰਤ ਜਾਤੀ ਨਾਲ ਕਿਸ ਕਦਰ ਜ਼ਿਆਦਤੀ ਹੋਈ ਹੈ। ਭਾਵ, ਇਸ ਐਕਟ ਨੂੰ ਲਿਆਉਣ ਵਾਲਿਆਂ ਨੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਕਿ ਅਸੀਂ ਔਰਤ ਜਾਤੀ ਨੂੰ ਬਰਾਬਰ ਦਾ ਦਰਜਾ ਦਿੱਤਾ ਹੈ। ਸਪੀਕਰ ਸਾਹਿਬ ਸਾਡੇ ਦੇਸ਼ ਵਿਚ ਧਰਮ ਨੂੰ ਮੰਨਣ ਵਾਲਿਆਂ ਦਾ ਇਹ ਆਦੇਸ਼ ਸੀ ਕਿ..

3.58 ਸ਼ਾਮ | (ਇਸ ਵੇਲੇ ਗਿਆਨੀ ਅਰਜਣ ਸਿੰਘ ਲਿੱਟ, ਮੈਂਬਰ, ਪੈਨਲ ਆਫ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਚੇਅਰਮੈਨ ਸਾਹਿਬ, ਸਾਡੇ ਰਸਮੋ ਰਿਵਾਜ ਔਰ ਸਾਡੇ ਦੇਸ਼ ਦੇ ਵਿਚ ਜਿਹੜੇ ਰਸਮੋ ਰਿਵਾਜ ਪ੍ਰਚਲਤ ਹਨ ਉਨ੍ਹਾਂ ਰਸਮੋ ਰਿਵਾਜ ਦੇ ਮੁਤਾਬਿਕ ਜੋ ਵੀ ਵਿਆਹ ਸ਼ਾਦੀਆਂ ਹੋਣ ਉਸ ਸਮੇਂ ਅਸੀਂ ਆਪਣੀ ਧੀ ਨੂੰ, ਭੈਣ ਨੂੰ ਅਤੇ ਭੂਆ ਨੂੰ ਸਤਿਕਾਰਦੇ ਆਏ ਹਾਂ। ਇਸ ਗੱਲ ਤੋਂ ਇਹ ਸਾਬਤ ਹੁੰਦਾ ਹੈ ਕਿ ਇਹ ਰਿਸ਼ਤਾ ਕਿੰਨਾ ਡੂੰਘਾ ਸੀ ਅਤੇ ਆਪਸ ਵਿਚ ਕਿੰਨਾ ਪਿਆਰ ਸੀ। ਇਸ ਐਕਟ ਦੇ ਬਣ ਜਾਣ ਤੋਂ ਬਾਅਦ ਇਸ ਦਾ ਕਿੰਨਾ ਮਾੜਾ ਨਤੀਜਾ ਨਿਕਲਿਆ। ਚੇਅਰਮੈਨ ਸਾਹਿਬ, ਜਦ ਅਸੀਂ ਆਪਣੀ ਧੀ ਦੀ ਸ਼ਾਦੀ ਕਰਦੇ ਸੀ ਤਾਂ ਸਾਰਾ ਪਰਿਵਾਰ ਆਪਣੀ ਸਮਰਥਾ ਦੇ ਮੁਤਾਬਿਕ ਸਗੋਂ ਵੱਧ ਜਿੰਨਾ ਹੋ ਸਕਦਾ ਸੀ ਪਿਆਰ ਵਜੋਂ, ਮਾਣ ਵਜੋਂ ਆਰਥਿਕ ਤੌਰ ਤੇ ਦਿੰਦੇ ਸੀ। ਇਥੇ ਹੀ ਬੱਸ ਨਹੀਂ ਜਦ ਸਾਡੀ ਧੀ ਦੇ ਘਰ ਬੱਚੇ ਬੱਚੀਆਂ ਪੈਦਾ ਹੋ ਜਾਂਦੀਆਂ ਸੀ ਤਾਂ ਉਸ ਸਮੇਂ ਲੜਕੀ ਦੇ ਮਾਪਿਆਂ ਵੱਲੋਂ ਆਪਣੀ ਧੀ ਦੇ ਸਤਿਕਾਰ ਵਜੋਂ ਲੜਕੀ ਦੇ ਸਹੁਰੇ ਘਰ ਜਾ ਕੇ ਆਰਥਿਕ ਤੌਰ ਤੇ ਪੈਸੇ ਦਿੰਦੇ ਸਨ ਤਾਂ ਕਿ ਲੜਕੀ ਦਾ ਮਾਣ ਵਧੇ। ਇਸ ਦੇ ਨਾਲ ਲੜਕੀ ਦਾ ਆਪਣੇ ਮਾਪਿਆਂ ਦੇ ਘਰ ਹੱਕ ਬਣਿਆ ਰਹਿੰਦਾ ਸੀ ਇਸ ਦੇ ਨਾਲ ਲੜਕੀ ਦਾ ਆਪਣੇ ਭਰਾ ਨਾਲ ਬੜਾ ਪਿਆਰ ਅਤੇ ਸਤਿਕਾਰ ਰਿਹਾ ਹੈ। ਭੈਣ ਭਰਾ ਲਈ ਰਖੜੀ ਦੇ ਟਾਈਮ ਬੜੇ ਪਿਆਰ ਨਾਲ ਰਖੜੀ ਲੈ ਕੇ ਜਾਂਦੀ ਹੈ ਅਤੇ ਭਰਾ ਵੀ ਪਿਆਰ ਅਤੇ ਸਤਿਕਾਰ ਨਾਲ ਉਸ ਦੀ ਆਰਥਿਕ ਤੌਰ ਤੇ ਮੱਦਦ ਕਰਦਾ ਹੈ। ਇਥੇ ਹੀ ਬੱਸ ਨਹੀਂ, ਜਦੋਂ ਲੋਹੜੀ ਆਉਂਦੀ ਹੈ ਤਾਂ ਲੋਹੜੀ ਲੈ ਕੇ ਭਰਾ ਭੈਣ ਦੇ ਸਹੁਰੇ ਘਰ ਜਾਂਦਾ ਹੈ। ਜਦ ਧੀ ਦੇ ਘਰ ਬੱਚੇ ਹੋ ਜਾਂਦੇ ਹਨ ਔਰ ਉਸ ਦੀ ਦੋਹਤੀ ਜਾਂ ਦੋਹਤੇ ਦੀ ਸ਼ਾਦੀ ਹੁੰਦੀ ਹੈ ਤਾਂ ਉਸ ਸਮੇਂ ਨਾਨਕੇ ਘਰੋਂ ਧੀ ਦੇ ਘਰ ਛੱਕ ਲੈ ਕੇ ਜਾਂਦੇ ਹਨ। ਪੰਜਾਬ ਦੇ ਵਿਚ ਇਸ ਨੂੰ ਨਾਨਕੀ ਛੱਕ ਕਹਿੰਦੇ ਹਨ। ਇਹ ਛੱਕ ਕਾਫੀ ਮਾਤਰਾ ਦੇ ਵਿਚ ਹੁੰਦੀ ਹੈ। ਇਹ ਇਸ ਲਈ ਦਿਤੀ ਜਾਂਦੀ ਹੈ ਤਾ ਕਿ ਸਹੁਰੇ ਘਰ ਦੇ ਵਿਚ ਧੀ ਦਾ ਮਾਣ ਵੱਧੇ। ਇਹ ਮਦਦ ਆਰਥਿਕ ਤੌਰ ਤੇ ਕੀਤੀ ਜਾਂਦੀ ਹੈ। ਇਹ ਹੱਕ ਲੜਕੀ ਦਾ ਆਪਣੇ ਮਾਪਿਆਂ ਦੇ ਘਰ ਬਣਾਇਆ ਹੋਇਆ ਸੀ। ਬੱਸ ਇਥੋਂ ਤਕ ਹੀ ਨਹੀਂ ਜਦ ਉਹ ਭੂਆ ਬਣ ਜਾਂਦੀ ਹੈ ਤਦ ਉਸ ਦੇ ਮਾਣ ਅਤੇ ਪਿਆਰ ਲਈ ਭਰਾ ਮਦਦ ਕਰਦੇ ਹਨ। ਲੜਕੀ ਦੇ ਮਾਪਿਆਂ ਦੇ ਘਰੋਂ ਵਿਆਹ ਸ਼ਾਦੀਆਂ ਦੇ ਸਮੇਂ, ਦਿਨ ਤਿਉਹਾਰ ਦੇ ਸਮੇਂ ਪਿਆਰ ਅਤੇ ਸਤਿਕਾਰ ਵਜੋਂ ਆਰਥਿਕ ਤੌਰ ਤੇ ਭੇਟ ਕੀਤੀ ਜਾਂਦੀ ਸੀ। ਇਹ ਰਸਮੋ ਰਿਵਾਜ ਪੁਰਾਣੇ ਚਲੇ ਆ ਰਹੇ ਹਨ। ਸ਼ਾਦੀ ਤੋਂ ਬਾਅਦ ਜਦ ਅਸੀਂ ਆਪਣੀ ਧੀ ਨੂੰ, ਆਪਣੀ ਭੈਣ ਨੂੰ ਭੂਆ ਨੂੰ ਆਪਣੇ ਘਰੋਂ ਵਿਦਾ ਕਰਦੇ ਹਾਂ ਤਾਂ ਉਸ ਸਮੇਂ ਹਰ ਤਰ੍ਹਾਂ ਦੇ ਨਾਲ, ਆਰਥਿਕ ਤੌਰ ਤੇ ਮਦਦ ਦੇ ਕੇ ਤੋਰਿਆ ਜਾਂਦਾ ਹੈ। ਚੇਅਰਮੈਨ ਸਾਹਿਬ, ਸਾਡੇ ਸਮਾਜ ਦੇ ਵਿਚ ਧੀ ਚਾਹੇ 80 ਸਾਲ ਦੀ ਹੋ ਜਾਵੇ ਉਸ ਦਾ ਸਦਾ ਮਾਣ ਅਤੇ ਪਿਆਰ ਆਪਣੇ ਮਾਪਿਆਂ ਦੇ ਘਰੋਂ ਬਣਿਆ ਰਿਹਾ ਹੈ ਔਰ ਇਸ ਤੋਂ ਬਾਅਦ ਉਸ ਦਾ ਆਪਣੇ ਬਾਪ ਦੀ ਜਾਇਦਾਦ ਦੇ ਵਿਚ ਆਪਣਾ ਹਿੱਸਾ ਬਣਿਆ ਰਹੇ ਇਹ ਗੱਲ ਠੀਕ ਨਹੀਂ ਜਾਪਦੀ ਹੈ। 1956 ਦੇ ਐਕਟ ਤੋਂ ਬਾਅਦ ਜੋ ਵਾਤਾਵਰਨ ਪੈਦਾ ਹੋਇਆ ਉਹ ਤੁਹਾਨੂੰ ਸਾਰਿਆਂ ਨੂੰ ਪਤਾ ਹੈ। ਅਸੀਂ ਔਰਤ ਜਾਤੀ ਨੂੰ ਉੱਚਾ ਚੁਕਣਾ

Original with;
Punjab Vidhan Sabha
Digitized by;
Panjab Digital Library

ਚਾਹੁੰਦੇ ਹਾਂ, ਉਸ ਦਾ ਦਰਜਾ ਵਧਾਉਣਾ ਚਾਹੁੰਦੇ ਹਾਂ, ਉਸ ਨੂੰ ਬਰਾਬਰ ਦਾ ਹੱਕ ਦੇਣਾ ਚਾਹੁੰਦੇ ਹਾਂ । ਅਸੀਂ ਗੁਰੂ ਨਾਨਕ ਦੇ ਨਾਮ ਲੇਵਾ ਹਾਂ । ਗੁਰੂ ਮਹਾਰਾਜ ਨੇ ਸੱਭ ਤੋਂ ਪਹਿਲਾਂ ਔਰਤ ਜਾਤੀ ਨੂੰ ਉੱਚਾ ਦਰਜਾ ਦਿੱਤਾ ਸੀ । ਇਹ ਸਾਡੇ ਦੇਸ਼ ਵਿਚ ਹੀ ਨਹੀਂ ਸਗੋਂ ਦੁਨੀਆਂ ਦੇ ਵਿਚ ਔਰਤ ਜਾਤ ਨੂੰ ਬੜਾ ਨਖਿੱਧ ਸਮਝਿਆ ਜਾਂਦਾ ਰਿਹਾ ਹੈ ਅਤੇ ਕੋਈ ਇਸ ਨੂੰ ਇਥੋਂ ਤਕ ਕਹਿ ਦਿੰਦਾ ਸੀ ਕਿ ਇਹ ਪੈਰ ਦੀ ਜੁੱਤੀ ਦੇ ਬਰਾਬਰ ਹੈ । ਇਸ ਬਾਰੇ ਸਰਦਾਰ ਕਿਰਪਾਲ ਸਿੰਘ ਬਹੁਤ ਜ਼ਿਆਦਾ ਮਿਸਾਲਾਂ ਦੇਣਗੇ। ਗੁਰੂ ਸਾਹਿਬ ਨੇ ਔਰਤ ਜਾਤੀ ਨੂੰ ਬੜਾ ਉੱਚਾ ਦਰਜਾ ਦਿੱਤਾ ਸੀ। ਸਾਡੇ ਮਨ ਵਿਚ ਔਰਤ ਜਾਤੀ ਲਈ ਬੜਾ ਭਾਰੀ ਸਤਿਕਾਰ ਹੈ ਪਰ ਇਸ ਐਕਟ ਦੇ ਰਾਹੀਂ ਜੋ ਔਰਤ ਜਾਤੀ ਦੇ ਨਾਲ ਧੱਕਾ ਅਤੇ ਜ਼ਿਆਦਤੀ ਹੋਈ ਹੈ ਉਹ ਕਾਬਲੇ ਬਰਦਾਸ਼ਤ ਨਹੀਂ ਹੈ । ਇਸ ਐਕਟ ਦੇ ਰਾਹੀਂ ਭੈਣ-ਭਰਾ ਦੇ ਰਿਸ਼ਤੇ ਵਿਚ ਫਰਕ ਆਇਆ, ਜਿਹੜਾ ਮਾਪਿਆਂ ਦੇ ਘਰ ਬਣਿਆ ਹੋਇਆ ਸੀ । ਅਸੀਂ ਪ੍ਰੈਸ ਦੇ ਵਿਚ ਰੋਜ਼ ਪੜ੍ਹਦੇ ਹਾਂ ਕਿ ਫਲਾਣੀ ਫਲਾਣੀ ਲੜਕੀ ਨੂੰ ਦਹੇਜ ਦੀ ਬਲੀ ਸਹੁਰੇ ਘਰ ਵਾਲਿਆਂ ਨੇ ਚੜ੍ਹਾ ਦਿਤਾ, ਦਹੇਜ ਦੀ ਖਾਤਰ ਲੜਕੀ ਸੜ ਕੇ ਮਰ ਗਈ । ਲਾਲਚੀ ਸਹੁਰੇ ਲੜਕੀ ਨੂੰ ਮਜ਼ਬੂਰ ਕਰਦੇ ਹਨ ਕਿ ਤੂੰ ਆਪਣੇ ਮਾਪਿਆਂ ਦੇ ਘਰੋਂ ਆਪਣੀ ਜਾਇਦਾਦ ਦਾ ਹਿੱਸਾ ਲੈ ਕੇ ਆ, ਧਨ ਲੈ ਕੇ ਆ। ਜੇਕਰ ਨਹੀਂ ਲੈਕੇ ਆਉਂਦੀ ਸੀ ਤਾਂ ਉਸ ਨੂੰ ਤੰਗ ਕੀਤਾ ਜਾਂਦਾ ਸੀ। ਜਿਹੜੇ ਪੁਰਾਣੇ ਰਸਮੋ-ਰਿਵਾਜ ਸਨ ਉਨਾਂ ਦੇ ਵਿਚ ਬਹੁਤ ਘੱਟ ਧੱਕਾ ਹੁੰਦਾ ਸੀ । ਅਸੀਂ ਚਾਹੁੰਦੇ ਹਾਂ ਕਿ ਲੜਕੀ ਨੂੰ ਆਪਣੇ ਸਹੁਰੇ ਘਰ ਦੀ ਜਾਇਦਾਦ ਦੇ ਵਿਚੋਂ ਹਿਸਾ ਮਿਲਣਾ ਚਾਹੀਦਾ ਹੈ ਆਪਣੇ ਪਤੀ ਦੇ ਬਰਾਬਰ ਦਾ ਹਿਸਾ ਲੈ ਸਕੇ ਨਾ ਕਿ ਆਪਣੇ ਮਾਪਿਆਂ ਦੇ ਘਰ ਵਿਚ ਹਿਸਾ ਲੈ ਸਕੇ। ਅਸੀਂ ਔਰਤ ਜਾਤੀ ਨੂੰ ਬਰਾਬਰ ਦਾ ਹਿਸਾ ਦਿਵਾ-ਉਣ ਦੇ ਵਿਰੁਧ ਨਹੀਂ ਹਾਂ । ਇਸ ਐਕਟ ਦੇ ਵਿਚ ਸੋਧ ਕੀਤੀ ਜਾਵੇ ਕਿ ਜਦ ਲੜਕੀ ਆਪਣੇ ਸਹੁਰੇ ਘਰ ਚਲੀ ਜਾਵੇ ਤਾਂ ਉਸ ਦਾ ਜਾਇਦਾਦ ਉਤੇ ਹੱਕ ਆਪਣੇ ਸਹੁਰੇ ਘਰ ਉਤੇ ਹੋਣਾ ਚਾਹੀਦਾ ਹੈ ਔਰ ਪਤੀ ਦੇ ਬਰਾਬਰ ਦਾ ਹੱਕ ਹੋਣਾ ਚਾਹੀਦਾ ਹੈ। ਸਾਡੇ ਪੁਰਾਣੇ ਸਦੀਆਂ ਤੋਂ ਰਸਮੋ ਰਿਵਾਜ ਚਲਦੇ ਆ ਰਹੇ ਹਨ ਉਨ੍ਹਾਂ ਨੂੰ ਫਿਰ ਲਾਗੂ ਕਰ ਦੇਣਾ ਚਾਹੀਦਾ ਹੈ ਤਾਂ ਕਿ ਲੜਕੀ ਦਾ ਮਾਣ ਅਤੇ ਇਜ਼ਤ ਆਪਣੇ ਸਹੁਰੇ ਘਰ ਵਿਚ ਹੋ ਸਕੇ। ਸਹੁਰੇ ਘਰ ਵਾਲਿਆਂ ਨੂੰ ਵੀ ਪਤਾ ਹੋਵੇ ਕਿ ਜੇਕਰ ਇਸ ਨੂੰ ਤੰਗ ਕੀਤਾ ਗਿਆ ਤਾਂ ਇਹ ਆਪਣਾ ਅਲੈਹਿਦਾ ਜਾਇਦਾਦ ਦਾ ਹੱਕ ਲੈ ਕੇ ਆਪਣੇ ਮਾਪਿਆਂ ਦੇ ਘਰ ਚਲੀ ਜਾਵੇ-ਗੀ ਔਰ ਇਸ ਨੂੰ ਸਹੁਰੇ ਵਾਲੇ ਨਹੀਂ ਚਾਹੁਣਗੇ ।

ਇਹ ਬੜੇ ਪੁਰਾਣੇ ਰੀਤੀ ਰਿਵਾਜ ਚਲਦੇ ਆ ਰਹੇ ਹਨ ਕਿ ਅਸੀਂ ਆਪਣੀਆਂ ਧੀਆਂ ਅਤੇ ਭੈਣਾਂ ਦੀ ਆਰਥਿਕ ਤੌਰ ਤੇ ਮਦਦ ਕਰਦੇ ਰਹੇ ਹਾਂ । ਇਸ ਦੇ ਨਾਲ ਦੋ ਤਰ੍ਹਾਂ ਦਾ ਫਾਇਦਾ ਹੋਵੇਗਾ । ਇਕ ਲੜਕੀ ਨੂੰ ਸਹੁਰੇ ਘਰ ਦੇ ਵਿਚੋਂ ਜਾਇਦਾਦ ਦਾ ਹਿਸਾ ਮਿਲੇਗਾ ਅਤੇ ਪਤੀ ਦੇ ਬਰਾਬਰ ਦਾ ਹਿਸਾ ਮਿਲੇ-ਗਾ । ਉਹ ਆਪਣੇ ਮਾਪਿਆਂ ਦੇ ਘਰੋਂ ਵੀ ਮਾਣ ਅਤੇ ਪਿਆਰ ਲੈਂਦੀ ਰਹੇਗੀ । ਇਸ ਸੋਧ ਦੇ ਨਾਲ ਔਰਤ ਜਾਤੀ ਦੇ ਨਾਲ ਬੜਾ ਭਾਰੀ ਇਨਸਾਫ ਹੋਵੇਗਾ । ਅਸੀਂ ਸਾਰੇ ਪਿੰਡਾਂ ਦੇ ਰਹਿਣ ਵਾਲੇ ਹਾਂ । ਇਸ ਐਕਟ ਨੇ ਸਾਬਤ ਕੀਤਾ ਹੈ ਕਿ ਭਣਵੱਈਏ ਨੇ ਸਾਲੇ ਦਾ ਕਤਲ ਕਰ ਦਿਤਾ ਅਤੇ ਸਾਲੇ ਨੇ ਭਣ-ਵਈਏ ਦਾ ਕਤਲ ਕਰ ਦਿਤਾ । ਜਿਸ ਦੇ ਨਾਲ ਭੈਣ ਭਰਾ ਦਾ ਰਿਸ਼ਤਾ ਟੁਟ ਜਾਂਦਾ ਹੈ ਅਤੇ ਰਿਸ਼ਤੇ ਵਿਚ ਫਰਕ ਪੈਂਦਾ ਹੈ ਜਦ ਕਿ ਭੈਣ ਭਰਾ ਨਹੀਂ ਚਾਹੁੰਦੇ ਲੇਕਿਨ ਫਰਕ ਲਾਲਚੀ ਸਹੁਰੇ ਵਾਲੇ ਪਾ ਦਿੰਦੇ ਹਨ । ਭਰਾ ਭੈਣ ਦੀ ਰਖੜੀ ਦੇ ਵਕਤ ਆਰਥਿਕ ਤੌਰ ਤੇ ਮਦਦ ਕਰਦਾ ਹੈ, ਇਹ ਮਦਦ ਪਿਆਰ ਅਤੇ ਸਨਮਾਣ ਦੀ ਹੁੰਦੀ ਹੈ। ਜੇ ਕਰ ਕਿਸੇ ਲੜਕੀ ਦੇ ਬਾਪ ਦੀ 100 ਵਿਘੇ ਜ਼ਮੀਨ ਹੈ ਜਾਂ 50 ਵਿਘੇ ਜ਼ਮੀਨ ਹੈ ਤਾਂ ਉਸ ਦੇ ਲਾਲਚੀ ਸਹੁਰੇ ਉਸ ਨੂੰ ਆਪਣੀ ਜਾਇਦਾਦ ਦਾ ਹਿੱਸਾ ਮੰਗਣ ਲਈ ਮਜਬੂਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਮਜੀਠਾ]

ਕਰ ਦਿੰਦੇ ਹਨ, ਜਿਸ ਦੇ ਕਾਰਨ ਭੈਣ ਭਰਾ ਦੇ ਰਿਸ਼ਤੇ ਅਤੇ ਮਾਪਿਆਂ ਦੇ ਨਾਲ ਰਿਸ਼ਤੇ ਟੁਟ ਜਾਂਦੇ ਹਨ । ਚੇਅਰਮੈਨ ਸਾਹਿਬ, ਮੈਂ ਹਾਊਸ ਨੂੰ ਬੇਨਤੀ ਕਰਾਂਗਾ ਕਿ ਇਸ ਮਤੇ ਨੂੰ ਸਰਬ ਸੰਮਤੀ ਨਾਲ ਪਾਸ ਕਰ ਕੇ ਸੈਂਟਰਲ ਗੌਰਮੈਂਟ ਨੂੰ ਭੇਜਿਆ ਜਾਵੇ ਤਾਂ ਕਿ ਇਸ ਐਕਟ ਦੇ ਵਿਚ ਸੋਧ ਹੋ ਸਕੇ । ਜਦੋਂ ਪਹਿਲੇ ਸੈਸ਼ਨ ਦੇ ਵਿਚ ਇਹ ਮਤਾ ਰਹਿ ਗਿਆ ਸੀ ਤਾਂ ਕਾਂਗਰਸੀ ਭਰਾਵਾਂ ਨੇ ਕਿਹਾ ਸੀ ਕਿ ਇਹ ਮਤਾ ਜ਼ਰੂਰ ਆ ਜਾਣਾ ਚਾਹੀਦਾ ਸੀ। ਹੁਣ ਉਹ ਬੈਠੇ ਨਹੀਂ ਹੋਏ ਨਹੀਂ ਤਾਂ ਉਨ੍ਹਾਂ ਨੇ ਵੀ ਇਸ ਦੀ ਸਪੋਰਟ ਕਰਨੀ ਸੀ । ਇਸ ਲਈ ਮੈਂ ਅਕਾਲੀ ਜਨਤਾ ਅਤੇ ਸੀ. ਪੀ. ਐਮ. ਪਾਰਟੀਜ਼ ਨੂੰ ਅਪੀਲ ਕਰਦਾ ਹਾਂ ਕਿ ਇਸ ਮਤੇ ਨੂੰ ਸਰਬ ਸੰਮਤੀ ਦੇ ਨਾਲ ਪਾਸ ਕਰ ਦੇਣਾ ਚਾਹੀਦਾ ਹੈ।

**Mr. Chairman** : Motion moved—

This House recommends to the State Government to approach the Government of India with the request that steps be taken to so amend the Hindu Succession Act, 1956, that the daughter may get her share from her inlaws property after her marriage instead of getting the same from her father's property.

**ਸਰਦਾਰ ਕਿਰਪਾਲ ਸਿੰਘ** (ਅੰਮ੍ਰਿਤਸਰ ਦੱਖਣ): ਚੇਅਰਮੈਨ ਸਾਹਿਬ, ਮੈਂ ਆਪ ਦਾ ਬਹੁਤ ਧੰਨਵਾਦੀ ਹਾਂ ਔਰ ਮੈਂ ਆਨਰੇਬਲ ਮੈਂਬਰਜ਼ ਨੂੰ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਮੈਂ ਉਹਨਾਂ ਦੇ ਦਰਮਿਆਨ ਜ਼ਿਆਦਾ ਖੜ੍ਹਾ ਨਹੀਂ ਹੋਣਾ, ਸਿਰਫ ਦੋ ਮਿੰਟ ਹੀ ਲਵਾਂਗਾ । ਚੇਅਰਮੈਨ ਸਾਹਿਬ, ਮੈਂ ਤਾਂ ਇਸ ਮਤੇ ਦੀ ਮੁਖਾਲਫਤ ਕਰਨ ਵਾਸਤੇ ਉਠਿਆ ਹਾਂ । ਮੈਂ ਹੈਰਾਨ ਹਾਂ ਕਿ ਸਦੀਆਂ ਤੋਂ ਇਨਸਾਨ ਵਿਚ ਤੁਫਰਕਾ ਸੀ। ਚੇਅਰਮੈਨ ਸਾਹਿਬ, ਔਰਤਾਂ ਨਾਲ ਪਹਿਲਾਂ ਉਹ ਸਲੂਕ ਕੀਤਾ ਗਿਆ ਜਿਸ ਦੀ ਕਿ ਹੱਦ ਨਹੀਂ ਹੈ। ਬਹੁਤ ਦੇਰ ਤੋਂ ਔਰਤ ਦੇ ਨਾਲ ਧੱਕੇ ਹੁੰਦੇ ਰਹੇ ਹਨ। ਇੱਕ ਇੱਕ ਮਰਦ ਕਈ ਕਈ ਔਰਤਾਂ ਰਖਦਾ ਸੀ। ਗੁਰਬਾਣੀ ਵਿਚ ਆਇਆ ਹੈ:--

"ਸੋ ਕਿਉਂ ਮੰਦਾ ਆਖੀਐ,
ਜਿਤੁ ਜੰਮਹਿ ਰਾਜਾਨ"

ਮਗਰ ਹੋਇਆ ਕੀ ? ਜਿਸ ਔਰਤ ਨੇ ਰਾਜੇ ਮਹਾਰਾਜੇ ਪੈਦਾ ਕੀਤੇ ਉਸ ਉਤੇ ਜ਼ੁਲਮ ਹੋਣਾ ਸ਼ੁਰੂ ਹੋ ਗਿਆ। ਇਸ ਕਰਕੇ ਧੱਕਾ ਕੀਤਾ ਜਾਂਦਾ ਹੈ ਕਿ ਭੈਣ ਆਪਣੇ ਭਰਾ ਕੋਲੋਂ ਜਾਇਦਾਦ ਵਿਚ ਆਪਣਾ ਹਿੱਸਾ ਨਾ ਲੈ ਲਵੇ। ਇਸ ਦੇ ਬਾਰੇ ਅਦਾਲਤਾਂ ਵਿਚ ਵੀ ਕੇਸ ਜਾਂਦੇ ਹਨ। ਘਰ ਵਿਚ ਝਗੜੇ ਬਹੁਤ ਪੈਂਦੇ ਹਨ ਔਰ ਭੈਣ ਭਰਾ ਲੜਦੇ ਹਨ। ਜਵਾਈ ਅਲੱਗ ਲੜਦੇ ਹਨ। ਇਸ ਤਰ੍ਹਾਂ ਕਰਕੇ ਸਹੀ ਮਾਹਨਿਆਂ ਵਿਚ ਮੁਹੱਬਤ ਖਤਮ ਹੋ ਗਈ ਹੈ। ਚੇਅਰਮੈਨ ਸਾਹਿਬ, ਜਿਸ ਦੇ ਦੋ ਲੜਕੇ ਅਤੇ ਦੋ ਲੜਕੀਆਂ ਦੀ ਬਜਾਏ ਚਾਰ ਲੜਕੇ ਹੋ ਜਾਣ ਤਾਂ ਕੀ ਚਾਰੇ ਲੜਕਿਆਂ ਨੂੰ ਜਾਇਦਾਦ ਤਕਸੀਮ ਨਹੀਂ ਹੋਣੀ ਚਾਹੀਦੀ ? ਹੋਣੀ ਚਾਹੀਦੀ ਹੈ ਅਤੇ ਹੁੰਦੀ ਹੈ ਪਰ ਜੇਕਰ ਦੋ ਲੜਕੇ ਅਤੇ ਦੋ ਲੜਕੀਆਂ ਹੋਣ ਤਾਂ ਸਿਰਫ ਦੋ ਲੜਕਿਆਂ ਨੂੰ ਹੀ ਜਾਇਦਾਦ ਦਾ ਹਿੱਸਾ ਮਿਲੇ, ਕੀ ਇਹ ਜਮਹੂਰੀਅਤ ਹੈ ? (ਵਿਘਨ) ਚੇਅਰਮੈਨ ਸਾਹਿਬ, ਹਿੰਦੂ ਕੋਡ ਬਿਲ ਦੀ ਗੱਲ ਚਲ ਪਈ ਹੈ। ਮੈਂ ਚੇਅਰਮੈਨ ਸਾਹਿਬ, ਸਮਝਦਾ ਹਾਂ ਕਿ ਇੱਕ ਲੜਕਾ ਹੈ ਜੋ ਕਿ ਅੱਛਾ ਨਹੀਂ ਪਰ ਲੜਕੀ ਬਹੁਤ ਅੱਛੀ ਹੈ। ਉਹ ਆਪਣੇ ਮਾਂ ਬਾਪ, ਭੈਣ ਭਰਾ ਵਾਸਤੇ ਅੱਛੀ ਹੈ ਪਰ ਉਹ ਜਾਇਦਾਦ ਵਿਚ ਹਿੱਸਾ ਨਹੀਂ ਲੈ ਸਕਦੀ। ਮੈਂ ਆਪਣੇ ਵੀਰਾਂ ਨੂੰ ਕਹਾਂਗਾ ਕਿ ਕੋਈ ਚੰਗੀ ਬਾਤ ਕਰੋ। ਕਾਨੂੰਨ ਦੋਨਾਂ ਵਾਸਤੇ ਬਣਿਆ ਹੈ ਪਰ ਹਿੱਸੇ ਵਾਸਤੇ ਇਕੱਲਾ ਲੜਕਾ ਹੋਵੇ (ਵਿਘਨ)। ਬਗਦਾਦ ਵਿਚ ਔਰਤਾਂ ਦੀ ਰਖਿਆ ਕਰਨ ਲਈ ਅਤੇ ਉਨ੍ਹਾਂ ਦੀ ਇੱਜ਼ਤ ਬਚਾਉਣ ਲਈ ਆਪ-

Original with;
Punjab Vidhan Sabha
Digitized by;
Panjab Digital Library

ਣੀਆਂ ਜਾਨਾਂ ਤਕ ਵਾਰੀਆਂ ਹਨ। ਇਹ ਕਿਸ ਤਰ੍ਹਾਂ ਦਾ ਮਤਾ ਹੈ ਕਿ ਲੜਕੀ ਨੂੰ ਜਾਇਦਾਦ ਵਿਚੋਂ ਹਿੱਸਾ ਨਹੀਂ ਮਿਲ ਸਕਦਾ ?

ਚੇਅਰਮੈਨ ਸਾਹਿਬ, ਮੈਂ ਤਾਂ ਇਥੋਂ ਤੱਕ ਕਹਾਂਗਾ ਕਿ ਜੇਕਰ ਇੱਕ ਬਾਪ ਵਸੀਅਤ ਵੀ ਕਰਦਾ ਹੈ ਕਿ ਲੜਕੀ ਨੂੰ ਹਿੱਸਾ ਨਹੀਂ ਮਿਲਣਾ ਚਾਹੀਦਾ ਤਾਂ ਵੀ ਲੜਕੀ ਨੂੰ ਹਿੱਸਾ ਮਿਲਣਾ ਚਾਹੀਦਾ ਹੈ। ਮੈਂ ਤਾਂ ਸਾਰੇ ਭਰਾਵਾਂ ਨੂੰ ਬੇਨਤੀ ਕਰਾਂਗਾ ਕਿ ਇਸ ਰੈਜ਼ੋਲਿਊਸ਼ਨ ਨੂੰ ਪਾਸ ਨਾ ਕਰੋ। ਮੈਂ ਤਾਂ ਇਹ ਕਹਾਂਗਾ ਕਿ ਇਹ ਵੀ ਪਰੋਵੀਜ਼ਨ ਰਖੋ ਕਿ ਲੜਕੀ ਨੂੰ ਸਹੁਰਿਆਂ ਦੇ ਘਰ ਵੀ ਜਾਇਦਾਦ ਵਿਚੋਂ ਹਿੱਸਾ ਮਿਲਣਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਜੋ ਲੜਕਾ ਪਿਓ ਦੀ ਜਾਇਦਾਦ ਵਿਚੋਂ ਆਪਣਾ ਹਿੱਸਾ ਵੰਡਾ ਸਕਦਾ ਹੈ ਪਰ ਲੜਕੀ ਜਾਇਦਾਦ ਵਿਚ ਆਪਣਾ ਹਿੱਸਾ ਨਹੀਂ ਲੈ ਸਕਦੀ, ਜੇਕਰ ਇਹ ਹੋ ਗਿਆ ਤਾਂ ਭੈਣ ਭਰਾ ਦਾ ਰਿਸ਼ਤਾ ਟੁਟ ਜਾਵੇਗਾ। ਲੜਕੀ ਦਾ ਬਾਪ ਨਾਲ ਪਿਆਰ ਘੱਟ ਜਾਵੇਗਾ। ਉਸ ਨੂੰ ਡਿਬਾਰ ਕਰ ਦਿਤਾ ਜਾਏ ਇਹ ਕਿਸ ਤਰ੍ਹਾਂ ਹੋ ਸਕਦਾ ਹੈ ? ਜਿਨ੍ਹਾਂ ਨੇ ਚੇਅਰਮੈਨ ਸਾਹਿਬ, ਇੱਜ਼ਤ ਦਾ ਕੰਮ ਕੀਤਾ ਹੈ, ਉਨ੍ਹਾਂ ਕੋਲੋਂ ਕੁਝ ਸਿੱਖੋ। ਇਸ ਰੈਜ਼ੋਲਿਊਸ਼ਨ ਬਾਰੇ ਮੈਂ ਕਾਫ਼ੀ ਕੁਝ ਦੱਸਣਾ ਚਾਹੁੰਦਾ ਹਾਂ ਪਰ ਮੈਂ ਡੀਟੇਲ ਦੇ ਵਿਚ ਨਹੀਂ ਜਾਂਦਾ। ਇਹ ਮਤਾ ਖਾਸ ਕਰਕੇ ਪੰਜਾਬੀਆਂ ਦੇ ਖਿਲਾਫ਼ ਹੈ। ਮੈਂ ਆਪਣੀ ਸਰਕਾਰ ਨੂੰ ਕਹਾਂਗਾ ਕਿ ਉਹ ਇਸ ਰੈਜ਼ੋਲਿਊਸ਼ਨ ਨੂੰ ਵਾਪਿਸ ਲੈ ਲੈਣ। ਜੇਕਰ ਇਹ ਮਤਾ ਪਾਸ ਕਰ ਦਿਤਾ ਤਾਂ ਮੈਂ ਕਹਾਂਗਾ ਕਿ ਮੁਹੱਬਤ, ਪਿਆਰ ਪ੍ਰੇਰਣਾ, ਤਿਆਗ, ਤਪੱਸਿਆ, ਸਭ ਖਤਮ ਹੋ ਜਾਵੇਗਾ। ਅੰਤ ਵਿਚ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। (ਵਿਘਨ) (ਸ਼ੋਰ)

(ਇਸ ਵੇਲੇ ਮਾਨਯੋਗ ਮੈਂਬਰਜ਼ ਸਰਦਾਰ ਚਿੱਤਵੰਤ ਸਿੰਘ ਕੋਹਰੀਆਂ, ਗਿਆਨੀ ਕੁੰਦਨ ਸਿੰਘ ਪਤੰਗ ਅਤੇ ਸ੍ਰੀ ਮਨਮੋਹਨ ਕਾਲੀਆ ਬੋਲਣ ਲਈ ਖੜ੍ਹੇ ਸਨ)

**ਸ੍ਰੀ ਸਭਾਪਤੀ :** ਮੈਂ ਸਭ ਨੂੰ ਟਾਈਮ ਦੇਵਾਂਗਾ।

**ਸਰਦਾਰ ਚਿੱਤਵੰਤ ਸਿੰਘ ਕੋਹਰੀਆਂ :** ਜੇਕਰ ਮੈਨੂੰ ਬੋਲਣ ਲਈ ਸਮਾਂ ਨਾ ਦਿੱਤਾ ਗਿਆ ਤਾਂ ਮੈਂ ਵਾਕ ਆਊਟ ਕਰਾਂਗਾ।

**ਸ੍ਰੀ ਸਭਾਪਤੀ :** ਸਰਦਾਰ ਚਿੱਤਵੰਤ ਸਿੰਘ ਜੀ, ਮੈਂ ਤੁਹਾਨੂੰ ਵੀ ਜ਼ਰੂਰ ਟਾਈਮ ਦੇਵਾਂਗਾ।

**ਸ੍ਰੀ ਮਨਮੋਹਨ ਕਾਲੀਆ :** ਚੇਅਰਮੈਨ ਸਾਹਿਬ, ਮੈਂ ਜਾਣਾ ਹੈ, ਇਸ ਲਈ ਮੈਨੂੰ ਜ਼ਰੂਰ ਟਾਈਮ ਦਿਉ।

**ਸ੍ਰੀ ਸਭਾਪਤੀ :** ਤੁਹਾਨੂੰ ਵੀ ਟਾਈਮ ਦਿੱਤਾ ਜਾਵੇਗਾ ਅਤੇ ਕੁੰਦਨ ਸਿੰਘ ਜੀ ਤੁਹਾਨੂੰ ਵੀ ਸਮਾਂ ਦਿੱਤਾ ਜਾਵੇਗਾ। ਤੁਸੀਂ ਸਾਰੇ ਬੈਠੋ। ਸਭ ਨੂੰ ਪੰਜ ਪੰਜ ਮਿੰਟ ਬੋਲਣ ਦਾ ਸਮਾਂ ਦਿੱਤਾ ਜਾਵੇਗਾ।

**ਮਾਸਟਰ ਚੰਦ ਸਿੰਘ** (ਸ਼ੇਰਪੁਰ, ਐਸ. ਸੀ.) : ਚੇਅਰਮੈਨ ਸਾਹਿਬ ਜੋ ਮਤਾ ਸਰਦਾਰ ਪ੍ਰਕਾਸ਼ ਸਿੰਘ ਮਜੀਠਾ ਨੇ ਪੇਸ਼ ਕੀਤਾ ਹੈ, ਮੈਂ ਉਸਦੀ ਵਿਰੋਧਤਾ ਕਰਨ ਲਈ ਖੜ੍ਹਾ ਹੋਇਆ ਹਾਂ।

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]

ਹਿੰਦੁਸਤਾਨ ਦੇ ਵਿਧਾਨ ਅਨੁਸਾਰ ਸਾਡੀਆਂ ਭੈਣਾਂ ਨੂੰ ਦੋ ਹੀ ਹੱਕ ਮਿਲੇ ਹਨ। ਇੱਕ ਮੇਰੀ ਭੈਣ ਨੂੰ ਜਾਇਦਾਦ ਦਾ ਹੱਕ ਮਿਲਿਆ ਹੈ ਅਤੇ ਦੂਸਰਾ ਹੱਕ ਵੋਟ ਪਾਉਣ ਦਾ ਮਿਲਿਆ ਹੈ। ਸਾਰੀਆਂ ਲੜਕੀਆਂ ਨੂੰ ਵੋਟ ਪਾਉਣ ਦਾ ਹੱਕ ਦਿਤਾ ਜਾਂਦਾ ਹੈ।

ਜਿੱਥੇ ਲੜਕੀ ਪੈਦਾ ਹੋਈ ਹੈ ਉਥੋਂ ਹੱਕ ਕੱਟ ਕੇ ਦੂਸਰੀ ਥਾਂ ਲਿਜਾਈਏ ਇਹ ਉਸ ਨਾਲ ਬਹੁਤ ਵੱਡਾ ਅਨਿਆ ਹੈ। ਜਿਹੜਾ ਭਰਾ ਜਾਂ ਪਿਓ ਆਪਣੀ ਭੈਣ ਜਾਂ ਆਪਣੀ ਪੁਤਰੀ ਨੂੰ ਆਪਣੇ ਘਰ ਜਾਇਦਾਦ ਵਿਚ ਹਿੱਸਾ ਨਹੀਂ ਦੇ ਸਕਦਾ, ਉਹ ਦੂਸਰੀ ਥਾਂ ਕਿਸ ਤਰ੍ਹਾਂ ਹਿੱਸਾ ਦੇਵੇਗਾ। ਸਰਦਾਰ ਪ੍ਰਕਾਸ਼ ਸਿੰਘ ਮਜੀਠਾ ਨੇ ਜੋ ਕਿਹਾ ਹੈ ਜੇਕਰ ਇਸ ਤਰ੍ਹਾਂ ਹੋ ਜਾਏ ਤਾਂ ਲੜਾਈਆਂ ਝਗੜੇ ਹੁੰਦੇ ਹਨ। ਕਈ ਇਹੋ ਜਿਹੀਆਂ ਲੜਕੀਆਂ ਹਨ ਜਿਹੜੀਆਂ ਠੋਕਰ ਮਾਰਦੀਆਂ ਹਨ ਨਾ ਪਿਓ ਦੇ ਘਰੋਂ ਕੁਝ ਲੈਂਦੀਆਂ ਹਨ ਔਰ ਨਾ ਹੀ ਸੌਹਰੇ ਦੇ ਘਰੋਂ ਕੁਝ ਲੈਂਦੀਆਂ ਹਨ। ਕਈ ਪ੍ਰੀਵਾਰ ਹਨ ਜਿਵੇਂ ਕਿ ਉਨ੍ਹਾਂ ਨੇ ਦਸਿਆ ਸੀ ਜੇਕਰ ਲੜਕੀ ਜਾਂ ਭੈਣ ਜਾਂ ਭੂਆ ਆਪਣੇ ਸੌਹਰੇ ਘਰ ਰਖੜੀ ਵਾਸਤੇ ਜਾਂਦੀ ਹੈ, ਇਹੋ ਜਿਹੀਆਂ ਗਲਾਂ ਕੀਤੀਆਂ ਹਨ। ਮੇਨ ਗਲ ਇਹ ਹੈ ਕਿ ਜੇਕਰ ਹਿੰਦੂਸਤਾਨ ਵਿਚੋਂ ਦਾਜ ਦੀ ਪ੍ਰਥਾ ਨੂੰ ਖਤਮ ਕੀਤੀ ਜਾਏ ਤਾਂ ਇਹੋ ਜਿਹੇ ਕਲੰਕ ਪੈਦੇ ਨਹੀਂ ਹੋ ਸਕਦੇ । ਮੈਨੂੰ ਕਈ ਇਹੋ ਜਿਹੀਆਂ ਥਾਵਾਂ ਤੇ ਜਾਣ ਦਾ ਮੌਕਾ ਮਿਲਿਆ ਹੈ ਜਿਥੇ ਇੱਕ ਵੀ ਪੈਸਾ ਦਾਜ ਦਾ ਨਾ ਲਿਆ ਗਿਆ ਹੈ ਔਰ ਨਾ ਦਿਤਾ ਗਿਆ ਹੈ। ਪਿਛਲੇ ਸਮੇਂ ਵਿਚ ਜੋ ਵੀ ਇਹੋ ਜਿਹੇ ਮਾਡਲ ਵਿਆਹ ਹੋਏ ਹਨ ਉਨ੍ਹਾਂ ਵਿਚ ਝਗੜੇ ਬਰਤ ਘੱਟ ਹੋਏ ਹਨ । ਗਲ ਇਹ ਹੈ ਕਿ ਸਮਾਜਕ ਢਾਂਚੇ ਨੂੰ ਤਬਦੀਲ ਕੀਤਾ ਜਾਏ। ਇਸ ਨੂੰ ਮਾਡਰਨਾਈਜ਼ ਕਰਨ ਦੀ ਲੋੜ ਹੈ ਤਾਂ ਹੀ ਲੜਾਈਆਂ ਝਗੜੇ ਹਟ ਸਕਦੇ ਹਨ। ਜੇਕਰ ਇਹ ਮਤਾ ਮੰਨ ਲੈਂਦੇ ਹਾਂ ਤਾਂ ਹਿੰਦੂਸਤਾਨ ਵਿਚ ਜੋ ਸਦੀਆਂ ਤੋਂ ਔਰਤਾਂ ਨੂੰ ਲਿਤਾੜ ਕੇ ਰਖਿਆ ਗਿਆ ਹੈ, ਇਸ ਨੂੰ ਪੈਰ ਦੀ ਜੁੱਤੀ ਸਮਝਿਆ ਜਾਂਦਾ ਹੈ, ਉਸ ਤੋਂ ਗੁਲਾਮੀ ਵਾਲਾ ਕੰਮ ਲਿਆ ਜਾਂਦਾ ਹੈ ਇਹ ਸਾਰੀਆਂ ਚੀਜ਼ਾਂ ਜੋ ਗੁਰੂ ਨਾਨਕ ਦੇਵ ਜੀ ਨੇ ਔਰਤਾਂ ਦੇ ਹੱਕਾਂ ਦੀ ਰਾਖੀ ਵਾਸਤੇ ਜੋ ਨਾਅਰਾ ਲਗਾਇਆ ਸੀ, ਉਸ ਦੇ ਉਲਟ ਹੋਵੇਗਾ। ਅੱਜ ਜੇ ਅਸੀਂ ਉਸ ਤੇ ਫੁੱਲ ਚੜ੍ਹਾਉਣਾ ਚਾਹੁੰਦੇ ਹਾਂ ਤਾਂ ਇਸ ਬਾਰੇ ਸਾਨੂੰ ਅੱਗੇ ਵਧ ਕੇ ਕੰਮ ਕਰਨਾ ਚਾਹੀਦਾ ਹੈ। ਜਿਥੇ ਧੀ ਪੈਦਾ ਹੋਵੇ ਉਥੇ ਉਸਦਾ ਹੱਕ ਹੋਣਾ ਚਾਹੀਦਾ ਹੈ । ਕਿਹੜਾ ਸੌਹਰਾ ਉਸ ਨੂੰ ਹਿੱਸਾ ਦੇ ਦੇਵੇਗਾ ।

ਇਹ ਚੀਜ਼ ਤੁਹਾਡੇ ਨੌਲਿਜ ਵਿਚ ਹੋਵੇਗੀ ਕਿ ਹਿੰਦੂਸਤਾਨ ਵਿਚ, ਪੰਜਾਬ ਵਿਚ ਬ ਹੁਤ ਸਾਰੇ ਐਸੇ ਕੇਸ ਚਲ ਰਹੇ ਹਨ ਜਿਨ੍ਹਾਂ ਵਿਚ ਪਿਉ ਨੇ ਆਪਣੇ ਪੁਤਰਾਂ ਨੂੰ ਵੀ ਜਾਇਦਾਦ ਨਹੀਂ ਦਿੱਤੀ। ਬਹੁਤ ਸਾਰੇ ਕੇਸਿਜ਼ ਐਸੇ ਹਨ ਜੇਕਰ ਇੱਕ ਪ੍ਰੀਵਾਰ ਵਿਚ 5 ਭਰਾ ਔਰ 1 ਭੈਣ ਹੈ ਤਾਂ ਉਥੇ ਜਾਇਦਾਦ ਦੇ 6 ਹਿੱਸੇ ਪੈ ਜਾਣਗੇ ਜੇਕਰ ਇਹ ਹਿੱਸੇ ਤਬਦੀਲ ਕਰ ਦਈਏ। ਕਈ ਕਿਸਾਨਾਂ ਦੇ ਪ੍ਰੀਵਾਰ ਅਜਿਹੇ ਹਨ ਜਿਥੇ 5 ਵਿਆਹੇ ਹੋਏ ਹਨ ਅਤੇ ਦੋ ਤਿੰਨ ਰਹਿ ਜਾਂਦੇ ਹਨ। ਇਸ ਤਰ੍ਹਾਂ ਨਾਲ 8 ਹਿੱਸੇ ਪੈ ਜਾਣਗੇ। ਮੇਰੇ ਕਹਿਣ ਦਾ ਭਾਵ ਹੈ ਕਿ ਇਸ ਨਾਲ ਤਾਂ ਝਗੜੇ ਹੋਰ ਵਧਣਗੇ। ਜੇ ਸਮਾਜਿਕ ਤੌਰ ਤੇ ਵੇਖਿਆ ਜਾਏ ਤਾਂ ਪਤਾ ਲਗਦਾ ਹੈ ਕਿ ਸਾਡੇ ਹਿੰਦੁਸਤਾਨ ਦੀ ਹਾਲਤ ਵਖਰੀ ਵਖਰੀ ਹੈ ਔਰ ਉਸਦੇ ਵਿਚ ਐਡਜਸਟਮੈਂਟ ਨਹੀਂ ਹੁੰਦੀ ਹੈ। ਦੱਖਣ ਵਿਚ ਇਹ ਪ੍ਰਥਾ ਹੈ ਕਿ ਜਦੋਂ ਕਿਸੇ ਲੜਕੀ ਦਾ ਵਿਆਹ ਹੋ ਜਾਂਦਾ ਹੈ ਤਾਂ ਪੇਕਿਆਂ ਵਿਚੋਂ ਸੌਹਰੇ ਘਰ ਮਿਲਣ ਆਉਂਦੇ ਹਨ ਤਾਂ ਪਿਉ ਘਰ ਆਕੇ ਰਹਿਣ ਦਾ ਖਰਚਾ ਦੇ ਕੇ ਜਾਂਦਾ ਹੈ, ਰੋਟੀ ਦਾ ਖਰਚਾ ਦਿੰਦਾ ਹੈ। ਲਾਲਚ ਨੂੰ ਤਿਆਗਿਆ ਹੋਇਆ ਹੈ। ਇਹੋ ਜਿਹੀਆਂ ਪ੍ਰਥਾ ਪਾਉਣੀ ਪਏਗੀ (ਘੰਟੀ) ਚੇਅਰਮੈਨ ਸਾਹਿਬ, ਮੈਂ ਤਾਂ ਉਂਝ ਹੀ ਬੈਠ ਜਾਣਾ ਸੀ। ਸਵਾਲ ਇਹ ਹੈ

Original with;
Punjab Vidhan Sabha
Digitized by;
Panjab Digital Library

ਕਿ ਅੱਜ ਇਹ ਝਗੜੇ ਕਿਉਂ ਪੈਦਾ ਹੋ ਰਹੇ ਹਨ। ਇਹ ਇਸ ਕਰਕੇ ਹੋ ਰਹੇ ਹਨ ਕਿਉਂਕਿ ਸਾਡੇ ਲੋਕਾਂ ਦੀ ਮਾਲੀ ਹਾਲਤ ਦਿਨੋਂ ਦਿਨ ਪਤਲੀ ਹੋ ਰਹੀ ਹੈ। ਮਹਿੰਗਾਈ ਕਾਰਣ ਮਾਲੀ ਹਾਲਤ ਖਰਾਬ ਹੋ ਰਹੀ ਹੈ। ਕਿਸਾਨਾਂ ਦੀ ਖਰੀਦ ਸ਼ਕਤੀ ਖੁਰ ਰਹੀ ਹੈ। ਲੋੜ ਇਸ ਗੱਲ ਦੀ ਹੈ ਕਿ ਮਹਿੰਗਾਈ ਨੂੰ ਰੋਕਿਆ ਜਾਵੇ ਔਰ ਕਿਸਾਨਾਂ ਦੀ ਖਰੀਦ ਸ਼ਕਤੀ ਤਕੜੀ ਕੀਤੀ ਜਾਵੇ।

**ਸ੍ਰੀ ਸਭਾਪਤੀ**: ਮਾਸਟਰ ਜੀ, ਇਸ ਚੀਜ਼ ਦਾ ਇਸ ਮਤੇ ਨਾਲ ਕੋਈ ਸਬੰਧ ਨਹੀਂ ਹੈ।

**ਮਾਸਟਰ ਚੰਦ ਸਿੰਘ**: ਚੇਅਰਮੈਨ ਸਾਹਿਬ, ਗਲ ਇਹ ਹੈ ਕਿ ਮੈਨੂੰ ਇਹ ਲਗਦਾ ਹੈ ਜਿਵੇਂ ਕਿਤੇ ਕੁਝ ਸਾਥੀਆਂ ਨੂੰ ਇਹ ਮੇਰੀਆਂ ਗਲਾਂ ਠੀਕ ਨਹੀਂ ਲਗ ਰਹੀਆਂ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮਤੇ ਵਿਚ ਕਿਹਾ ਗਿਆ ਹੈ ਕਿ ਜੇਕਰ ਜ਼ਮੀਨ ਲੜਕੀ ਨੂੰ ਆਪਣੇ ਸੌਹਰੇ ਘਰੋਂ ਮਿਲੇ ਤਾਂ ਉਨ੍ਹਾਂ ਦੀ ਸੈਟਿਸਫੈਕਸ਼ਨ ਹੋਣੀ ਹੈ। ਇਸ ਨਾਲ ਜ਼ਮੀਨ ਦੇ ਟੁਕੜੇ ਹੋਣ ਦਾ ਡਰ ਹੈ। ਇਹ ਜਿਹੜਾ ਹਿੰਦੁਸਤਾਨ ਦੇ ਵਿਧਾਨ ਨੇ ਜ਼ਨਾਨੀਆਂ ਔਰ ਮਰਦਾਂ ਨੂੰ ਬਰਾਬਰ ਦੀ ਆਜ਼ਾਦੀ ਦਿੱਤੀ ਹੈ। ਪਰ ਜੇਕਰ ਇਸ ਮਤੇ ਨੂੰ ਪਾਸ ਕਰੋਗੇ ਤਾਂ ਤੁਸੀਂ ਸੈਂਟਰ ਸਰਕਾਰ ਨੂੰ ਇਹ ਗਲ ਕਹਿਣ ਦੇ ਮੁਦਈ ਬਣ ਜਾਓਗੇ ਕਿ ਲੜਕੀ ਦਾ ਹੱਕ ਖੋਹ ਲਿਆ ਹੈ।

ਇਸ ਲਈ, ਚੇਅਰਮੈਨ ਸਾਹਿਬ, ਮੈਂ ਅਪੀਲ ਕਰਾਂਗਾ ਕਿ ਜਿਨ੍ਹਾਂ ਨੇ ਇਹ ਮਤਾ ਮੂਵ ਕੀਤਾ ਹੈ, ਸਰਦਾਰ ਪ੍ਰਕਾਸ਼ ਸਿੰਘ ਮਜੀਠ ਸਾਹਿਬ ਨੇ ਮੂਵ ਕੀਤਾ ਹੈ, ਇਹ ਇਕ ਗੈਰ ਵਿਧਾਨਿਕ ਮਤਾ ਹੈ। ਇਸ ਨਾਲ ਸਾਡੇ ਬੀਬੀਆਂ ਦੇ ਹੱਕਾਂ ਦੀ ਰਾਖੀ ਨਹੀਂ ਹੋਵੇਗੀ ਔਰ ਇਨ੍ਹਾਂ ਦੇ ਹੱਕਾਂ ਤੇ ਛਾਪਾ ਮਾਰਨ ਵਾਲੀ ਗੱਲ ਹੋਵੇਗੀ। ਇਹ ਗੈਰ ਵਿਧਾਨਿਕ ਮਤਾ ਹੈ। ਇਸ ਨੂੰ ਵਾਪਿਸ ਲੈਣਾ ਚਾਹੀਦਾ ਹੈ।

ਇਨ੍ਹਾਂ ਲਫਜ਼ਾਂ ਨਾਲ ਮੈਂ ਇਸ ਮਤੇ ਦੀ ਵਿਰੋਧਤਾ ਕਰਦਾ ਹੋਇਆ ਆਪਣੀ ਸੀਟ ਲੈਂਦਾ ਹਾਂ।

(ਇਸ ਸਮੇਂ ਮਾਨਯੋਗ ਮੈਂਬਰ ਗਿਆਨੀ ਕੁੰਦਨ ਸਿੰਘ ਪਤੰਗ ਬੋਲਣ ਲਈ ਖੜੇ ਹੋਏ)

**ਸ੍ਰੀ ਹੁਕਮ ਚੰਦ**: ਜਨਤਾ ਪਾਰਟੀ ਵਲੋਂ ਕੋਈ ਬੋਲਿਆ ਨਹੀਂ ਹੈ, ਇਸ ਲਈ ਮੈਨੂੰ ਟਾਈਮ ਮਿਲਣਾ ਚਾਹੀਦਾ ਹੈ (ਵਿਘਨ)

**ਸ੍ਰੀ ਸਭਾਪਤੀ**: ਪਹਿਲਾਂ ਪਤੰਗ ਜੀ ਨੂੰ ਬੋਲ ਲੈਣ ਦਿਉ।

**ਗਿਆਨੀ ਕੁੰਦਨ ਸਿੰਘ ਪਤੰਗ** (ਭਦੌੜ, ਐਸ.ਸੀ): ਚੇਅਰਮੈਨ ਸਾਹਿਬ, ਜਿਹੜਾ ਮਤਾ ਮਜੀਠਾ ਸਾਹਿਬ ਨੇ ਲਿਆਂਦਾ ਹੈ, ਮੈਂ ਉਸ ਦੇ ਹੱਕ ਵਿਚ ਬੋਲਣ ਲਈ ਖੜਾ ਹੋਇਆ ਹਾਂ (ਥੰਪਿੰਗ) ਸਾਰੇ ਪੰਜਾਬ ਵਿਚ ਅਸੀਂ ਦੇਖਦੇ ਹਾਂ ਕਿ ਲੋਕ ਦੁਖੀ ਹਨ ਔਰ ਕਹਿੰਦੇ ਹਨ ਕਿ ਜਾਇਦਾਦ ਧੀ ਨੂੰ ਪਿਤਾ ਦੇ ਘਰੋਂ ਨਹੀਂ ਬਲਕਿ ਸੌਹਰੇ ਦੇ ਘਰੋਂ ਮਿਲਣੀ ਚਾਹੀਦੀ ਹੈ। ਜਿਹੜਾ ਕਿਹਾ ਗਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਇਸਤਰੀ ਜਾਤੀ ਨੂੰ ਅੱਗੇ ਲਿਆਂਦਾ ਹੈ ਪਰ ਗੁਰੂ ਨਾਨਕ ਦੇਵ ਜੀ ਨੇ ਇਹ ਕਿਤੇ ਨਹੀਂ ਕਿਹਾ ਕਿ ਜਾਇਦਾਦ ਵੀ ਵੰਡ ਕੇ ਦੇ ਦਿਉ। ਉਨ੍ਹਾਂ ਨੇ ਕਿਹਾ ਹੈ ਇਸਤਰੀ ਜਾਤੀ ਨੂੰ ਪੈਰਾਂ ਦੀ ਜੁੱਤੀ ਨਾ ਕਹੋ, ਉਸ ਦੀ ਕਦਰ ਕਰੋ, ਉਸ ਦੀ ਇਜ਼ਤ ਕਰੋ, ਇਹ ਉਨ੍ਹਾਂ ਨੇ ਕਿਹਾ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਜਿਹੜੀ ਪੇਕਿਆਂ ਘਰੋਂ ਬਾਪ ਦੀ ਜਾਇਦਾਦ ਮਿਲਣੀ ਹੈ, ਉਸ ਨਾਲ ਕਤਲ ਹੋ ਜਾਂਦੇ ਹਨ।

Original with;
Punjab Vidhan Sabha
Digitized by;
Panjab Digital Library

[ਗਿਆਨੀ ਕੁੰਦਨ ਸਿੰਘ ਪਤੰਗ]

ਫਰਜ਼ ਕਰੋ ਇੱਕ ਲੜਕੀ ਨੂੰ ਪੇਕਿਆਂ ਤੋਂ ਜਾਇਦਾਦ ਮਿਲਣੀ ਹੈ ਤਾਂ ਤੇ ਉਸ ਦੇ ਬਾਪ ਦੀ ਜ਼ਮੀਨ ਦੇ ਕਈ ਟੁਕੜੇ ਹੋ ਜਾਣਗੇ। ਫਿਰ ਖੇਤੀ ਕੀ ਹੋਣੀ ਹੈ। ਸੰਤ ਫਤਹਿ ਸਿੰਘ ਜੀ ਕਹਿੰਦੇ ਹੁੰਦੇ ਸਨ ਕਿ ਜੇ ਇਸ ਤਰ੍ਹਾਂ ਹੁੰਦਾ ਰਿਹਾ ਤਾਂ ਇੱਕ ਦਿਨ ਜਵਾਈਆਂ ਦਾ ਹੀ ਪਿੰਡ ਹੋ ਜਾਏਗਾ। ਜ਼ਮੀਨ ਭੈਣਾ ਔਰ ਭਰਾਵਾਂ ਵਿਚ ਵੰਡ ਕੇ ਤਾਂ ਹੋਰ ਵੀ ਘਟ ਜਾਏਗੀ। ਇਸ ਨਾਲ ਕਲੇਸ਼ ਹੋਰ ਵਧਣਗੇ। ਮੈਂ ਕਹਿਣਾ ਚਾਹੁੰਦਾ ਹਾਂ ਕਿ ਪਛੜੀਆਂ ਸ਼੍ਰੇਣੀਆਂ ਵਾਲਿਆਂ ਨੇ ਕੀ ਵੰਡ ਕੇ ਦੇਣਾ ਹੈ। ਉਨ੍ਹਾਂ ਕੋਲ ਤਾਂ ਮੰਜੀ ਡਾਹੁਣ ਨੂੰ ਥਾਂ ਮਸਾਂ ਹੁੰਦੀ ਹੈ। ਭੈਣ ਔਰ ਭਰਾਵਾਂ ਵਿਚ ਪਿਆਰ ਪੰਜਾਬ ਵਿਚ ਬਹੁਤ ਹੈ। ਜਿਹੜਾ ਕਿ ਤੋੜ ਕੇ ਰੱਖ ਦਿ ਤਾ। ਭੈਣ ਅਤੇ ਭਰਾ ਦਾ ਜਿਹੜਾ ਪਿਆਰ ਸੀ, ਉਹ ਤੋੜ ਕੇ ਰੱਖ ਦਿਤਾ ਗਿਆ। ਭੈਣ ਅਤੇ ਭਰਾ ਦਾ ਇਤਨਾ ਪਿਆਰ ਸੀ ਕਿ ਚਰਖਾ ਕੱਤਦੀ ਇਸ ਤਰ੍ਹਾ ਗਾਉਂਦੀ ਸੀ:

"ਵੀਰਾ ਤੈਨੂੰ ਯਾਦ ਕਰਕੇ ਨਾਲੇ ਕੱਤਾਂ ਤੇ ਨਾਲੇ ਗਾਵਾਂ।"

ਜਦ ਭਰਾ ਆਪਣੀ ਭੈਣ ਨੂੰ ਮਿਲਣ ਜਾਂਦਾ ਸੀ ਅਤੇ ਭਰਾ ਦੀ ਭੈਣ ਆਪਣੀ ਸੱਸ ਦੇ ਨਾਲ ਹੀ ਰਹਿੰਦੀ ਸੀ ਅਤੇ ਵੱਖ ਨਹੀਂ ਸੀ ਹੁੰਦੀ ਤਾਂ ਉਹ ਗਾਉਂਦੀ ਹੁੰਦੀ ਸੀ:

"ਤੂੰ ਮਰ ਜਾਏਂ ਸੱਸੜੀਏ ਮੇਰੇ ਵੀਰ ਨੂੰ ਸੁੱਕੀ ਖੰਡ ਪਾਈ।"

ਇਹੋ ਜਿਹਾ ਭਰਾ ਅਤੇ ਭੈਣ ਦਾ ਪਿਆਰ ਸੀ ਪਰ ਉਹ ਅੱਜ ਨਹੀਂ ਰਿਹਾ। ਅੱਜ ਭਰਾ ਭੈਣ ਦਾ ਵੈਰੀ ਹੈ ਅਤੇ ਭੈਣ ਭਰਾ ਦੀ ਵੈਰਨ ਹੈ। ਅੱਜ ਸਾਰੇ ਪੰਜਾਬ ਵਿਚ ਹਾਹਾਕਾਰ ਮਚੀ ਹੋਈ ਹੈ। ਅਸੀਂ ਸਾਰੇ ਲੋਕਾਂ ਦੀ ਰਾਏ ਲਈ ਹੈ। ਤੁਸੀਂ ਅੱਜ ਇਕੱਲੇ ਕਿਸਾਨਾਂ ਦੇ ਘਰ ਹੀ ਜਾ ਕੇ ਦੇਖ ਲਵੋ ਕਿੰਨੇ ਲੜਾਈ ਝਗੜੇ ਹਨ। ਇਸ ਨੇ ਭਰਾ ਅਤੇ ਭੈਣ ਦਾ ਪਿਆਰ ਤੋੜ ਦਿੱਤਾ ਹੈ। ਹੁਣ ਭਰਾ ਭੈਣ ਨੂੰ ਕਤਲ ਕਰਨ ਨੂੰ ਫਿਰਦਾ ਹੈ। ਭਰਾ ਕਹਿੰਦਾ ਹੈ ਕਿ ਇਕ ਭੈਣ ਨਾਲ ਹੀ ਲੜਾਈ ਝਗੜਾ ਰਹਿੰਦਾ ਹੈ ਅਤੇ ਜੇ ਹੋਰ ਭੈਣ ਜੰਮ ਪਈ ਤਾਂ ਪਤਾ ਨਹੀਂ ਕੀ ਹੋਵੇਗਾ। ਅੱਗੇ ਤਾਂ ਭੈਣ ਭਰਾ ਨੂੰ ਦਾਜ ਵਿਚ 4-5 ਹਜ਼ਾਰ ਰੁਪਿਆ ਜਾਂ ਹੋਰ ਕੋਈ ਚੀਜ਼ ਦੇ ਦਿੰਦਾ ਸੀ ਪਰ ਜਦੋਂ ਤੋਂ ਇਹ ਕਾਨੂੰਨ ਲਾਗੂ ਹੋਇਆ ਹੈ ਉਦੋਂ ਤੋਂ ਭੈਣ ਭਰਾ ਦਾ ਅੱਧਾ ਘਰ ਵੰਡਾ ਲੈਂਦੀ ਹੈ। ਹੁਣ ਭੈਣ ਭਰਾ ਦੀ ਵੈਰਨ ਬਣ ਗਈ ਹੈ। ਮੈਂ ਤੁਹਾਨੂੰ ਦੱਸਦਾ ਹਾਂ ਕਿ ਮੈਂ ਕਿਸੇ ਸਰਦਾਰ ਕੋਲ ਗਿਆ। ਉਹ ਆਪਣੀ ਭੈਣ ਕੋਲ ਗਿਆ। ਉਸ ਨੇ ਉਪਰੋਂ ਕੁਝ ਹੱਸ ਕੇ ਕਿਹਾ ਕਿ ਇਹ ਮੇਰੀ ਭੈਣ ਹੈ ਪਰ ਅੱਜ ਕੱਲ ਇਹ ਮੇਰੀ ਵੈਰਨ ਹੈ ਕਿਉਂਕਿ ਉਸ ਨੇ ਮੇਰੀ ਜ਼ਮੀਨ ਵੰਡਾ ਲਈ ਹੈ। ਇਸ ਲਈ ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਕਹਾਂਗਾ ਕਿ ਇਸ ਮਤੇ ਨੂੰ ਸਰਵਸੰਮਤੀ ਨਾਲ ਪਾਸ ਕਰਕੇ ਸੈਂਟਰ ਨੂੰ ਸਿਫਾਰਸ਼ ਕਰਨੀ ਚਾਹੀਦੀ ਹੈ। ਇਹ ਮਤਾ ਕਿਸੇ ਦੇ ਫਿੱਟ ਆਵੇ ਜਾਂ ਨਾ ਆਵੇ ਪਰ ਇਹ ਸਾਡੇ ਕਿਸਾਨ ਭਰਾਵਾਂ ਦੇ ਬੜਾ ਫਿੱਟ ਹੈ। ਇਸ ਲਈ ਇਸ ਮਤੇ ਨੂੰ ਸਰਵਸੰਮਤੀ ਨਾਲ ਪਾਸ ਕਰਕੇ ਸੈਂਟਰ ਨੂੰ ਸਿਫਾਰਸ਼ ਕਰਨੀ ਚਾਹੀਦੀ ਹੈ। ਜੇ ਇਹ ਮਤਾ ਨਹੀਂ ਪਾਸ ਕਰਦੇ ਤਾਂ ਤੁਹਾਨੂੰ ਪਤਾ ਹੈ ਕਿ ਭਰਾ ਦਾ ਰਿਸ਼ਤਾ, ਭਰਾ ਦਾ ਪਿਆਰ, ਭੂਆ ਦਾ ਪਿਆਰ ਇਹ ਸਾਰਾ ਟੁੱਟ ਜਾਂਦਾ ਹੈ। ਪਹਿਲੇ ਤੁਹਾਨੂੰ ਪਤਾ ਹੋਵੇਗਾ ਕਿ ਭੈਣ ਦਾ ਇਤਨਾ ਵੱਡਾ ਰਿਸ਼ਤਾ ਹੁੰਦਾ ਸੀ ਕਿ ਭਾਵੇਂ ਭਰਜਾਈ ਵੱਡੀ ਹੋਵੇ ਜਦ ਉਹ ਨਨਦ ਨੂੰ ਮਿਲਦੀ ਤਾਂ ਉਸਦੀ ਭਰਜਾਈ ਉਸ ਦੇ ਪੈਰੀਂ ਹੱਥ ਲਾਉਂਦੀ ਸੀ। ਜਦ ਕੁੜੀ ਸਹੁਰੇ ਜਾਂਦੀ ਹੈ ਤਾਂ ਉਹ ਕਹਿੰਦੇ ਹਨ ਕਿ ਇਹ ਘਰ ਵਾਲੀ ਹੈ ਪਰ ਜਦ ਆਦਮੀ ਸਹੁਰੇ ਜਾਂਦਾ ਹੈ ਤਾਂ ਉਸ ਨੂੰ ਕਹਿੰਦੇ ਹਨ ਕਿ ਇਹ ਪਰਾਹੁਣਾ ਹੈ। ਉਸ ਨੂੰ ਘਰ ਵਾਲਾ ਨਹੀਂ ਆਖਦੇ ਉਸ ਨੂੰ ਪਰਾਹੁਣਾ ਆਖਦੇ ਹਨ। ਜਦ ਕੁੜੀ ਸਹੁਰੇ ਘਰ ਜਾਂਦੀ ਹੈ ਤਾਂ ਉਥੇ ਉਸ ਨੂੰ ਘਰ ਵਾਲੀ ਕਿਹਾ ਜਾਂਦਾ ਹੈ ਤਾਂ ਫਿਰ ਕਿਉਂ ਨਾ ਉਸ ਨੂੰ ਘਰ ਦੀ ਜਾਇਦਾਦ ਵਿਚੋਂ ਹਿੱਸਾ ਦਿਤਾ ਜਾਵੇ। (ਤਾੜੀਆਂ) ਸਹੁਰੇ ਘਰ ਵਿਚ ਉਹ ਘਰ ਵਾਲੀ ਹੈ ਪਰ ਪਰਾਹੁਣਾ ਸਹੁਰੇ ਘਰ

Original with;
Punjab Vidhan Sabha
Digitized by;
Panjab Digital Library

ਵਿਚ ਪਰਾਹੁਣਾ ਹੀ ਹੈ। ਪਰ ਇਹ ਜਿਹੜਾ ਪਹਿਲੇ ਕਾਨੂੰਨ ਸੀ ਉਸ ਨੇ ਸਾਡੇ ਪਿਆਰ ਤੋੜੇ, ਸਾਕ ਤੋੜੇ। ਅੱਗੇ ਜੇ ਲੜਕੀ ਪੇਕੇ ਘਰ ਤੋਂ ਰੋਕੇ ਨਿਕਲਦੀ ਹੁੰਦੀ ਸੀ ਤਾਂ ਹੁਣ ਉਹ ਲੜਕੀ ਰੋ ਕੇ ਨਹੀਂ ਨਿਕ-ਲਦੀ। ਭਰਾ ਵੀ ਕਹਿੰਦਾ ਹੈ ਕਿ ਦਫਾ ਹੋ। (ਘੰਟੀ) ਇਸ ਲਈ ਮੈਂ ਇਸ ਮਤੇ ਦੇ ਹੱਕ ਵਿਚ ਹਾਂ। ਮੈਂ ਬੇਨਤੀ ਕਰਾਂਗਾ ਕਿ ਇਸ ਮਤੇ ਨੂੰ ਸਰਵਸੰਮਤੀ ਨਾਲ ਪਾਸ ਕਰਕੇ ਸੈਂਟਰ ਨੂੰ ਸਿਫਾਰਸ਼ ਕਰੋ।

**ਸਰਦਾਰ ਚਿੱਤਵੰਤ ਸਿੰਘ ਕੌਹਰੀਆਂ** (ਲਹਿਰਾ): ਚੇਅਰਮੈਨ ਸਾਹਿਬ, ਇਹ ਜਿਹੜਾ ਸੋਧ ਮਤਾ ਮਜੀਠਾ ਜੀ ਨੇ ਲਿਆਂਦਾ ਹੈ, ਮੈਂ ਇਸ ਦੇ ਹੱਕ ਵਿਚ ਬੋਲਣ ਲਈ ਖੜਾ ਹੋਇਆ ਹਾਂ। ਮੈਂ ਤੁਹਾਨੂੰ ਦਸਦਾ ਹਾਂ ਕਿ 1956 ਵਿਚ ਕਾਂਗਰਸ ਨੇ ਇਹ ਕਾਨੂੰਨ ਬਣਾਇਆ ਸੀ। ਇਹ ਕਾਂਗਰਸ ਨੇ ਕਿਉਂ ਬਣਾਇਆ? ਇਸ ਬਾਰੇ ਮੈਂ ਤੁਹਾਨੂੰ ਦੱਸਦਾ ਹਾਂ। ਤੁਹਾਨੂੰ ਪਤਾ ਹੈ ਕਿ ਮੈਂ ਪੁਲਿਸ ਵਿਚ ਰਿਹਾ ਹਾਂ ਇਸ ਲਈ ਮੈਨੂੰ ਇਸ ਦੀ ਬੈਕਗਰਾਉਂਡ ਦਾ ਪਤਾ ਹੈ। ਪਿੰਡਾਂ ਦੇ ਲੋਕ ਜਦ ਬੜੇ ਅਮਨ ਅਮਾਨ ਨਾਲ ਰਹਿ ਰਹੇ ਸਨ ਤਾਂ ਕਾਂਗਰਸ ਨੇ ਸੋਚਿਆ ਕਿ ਉਹ ਅਮਨ ਅਮਾਨ ਵਿਚ ਕਿਉਂ ਰਹਿੰਦੇ ਹਨ, ਉਹ ਉਨ੍ਹਾਂ ਵਿਚ ਪਾੜਾ ਪਾਉਣਾ ਚਾਹੁੰਦੇ ਸਨ ਉਨ੍ਹਾਂ ਦੀ ਡਿਵਾਈਡ ਐਂਡ ਰੂਲ ਦੀ ਪਾਲਿਸੀ ਸੀ ਅਤੇ ਇਸੇ ਪਾਲਿਸੀ ਨੂੰ ਮੁੱਖ ਰੱਖ ਕੇ ਉਨ੍ਹਾਂ ਨੇ ਇਹ ਕਾਨੂੰਨ ਬਣਾਇਆ ਸੀ। ਉਨ੍ਹਾਂ ਨੂੰ ਭੈਣ ਦੇ ਪਿਆਰ ਨਾਲ ਨਹੀਂ ਸੀ ਅਤੇ ਨਾ ਹੀ ਭਰਾ ਦੇ ਪਿਆਰ ਨਾਲ ਸੀ। ਉਹ ਤਾਂ ਆਪਣਾ ਮਤਲਬ ਕੱਢਣਾ ਚਾਹੁੰਦੇ ਸਨ। ਇਸ ਨਾਲ ਬਹੁਤ ਲੜਾਈ ਝਗੜੇ ਹੋਏ, ਰਿਸ਼ਤੇ ਟੁੱਟੇ। ਹੁਣ ਜੇ ਸੋਚਿਆ ਜਾਵੇ ਤਾਂ ਚੀਫ ਮਨਿਸਟਰ ਨੂੰ ਕੀ ਮਿਲਦਾ ਹੈ ਜਿਹੜਾ ਸਾਰੇ ਪੰਜਾਬ ਤੇ ਹਕੂਮਤ ਕਰਦਾ ਹੈ। (ਵਿਘਨ) ਇਸ ਕਰਕੇ ਜੇ ਲੜਕੀ ਨੂੰ ਸਹੁਰੇ ਘਰ ਵਿਚ ਜਾ ਕੇ ਚੀਜ਼ ਮਿਲ ਜਾਵੇ ਤਾਂ ਉਸ ਨੂੰ ਹੋਰ ਕੀ ਚਾਹੀਦਾ ਹੈ। ਉਸ ਨੂੰ ਸਹੁਰੇ ਘਰ ਵਿਚ ਹੱਕ ਮਿਲ ਜਾਵੇ, ਉਥੇ ਉਹ ਹਕੂਮਤ ਕਰੇ, ਸਹੁਰੇ ਘਰ ਦੀ ਉਹ ਮਾਲਿਕ ਬਣ ਜਾਵੇ, ਇਸ ਕਰਕੇ ਇਸ ਨੂੰ ਪਾਸ ਕਰਨਾ ਚਾਹੀਦਾ ਹੈ। ਪਹਿਲਾਂ ਲੜਕੀ ਨੂੰ ਸਹੁਰੇ ਘਰ ਵਿਚ ਹੱਕ ਨਹੀਂ ਸੀ। ਮੈਂ ਕਹਾਂਗਾ ਕਿ ਜੇ ਸੈਂਟਰਲ ਗੌਰਮਿੰਟ ਨਾ ਵੀ ਮੰਨੇ ਤੁਸੀਂ ਆਪ ਹੀ ਪਾਸ ਕਰਕੇ ਇਸ ਨੂੰ ਲਾਗੂ ਕਰ ਦਿਓ। ਕਦੇ ਧੱਕਾ ਵੀ ਕਰ ਲੈਣਾ ਚਾਹੀਦਾ ਹੈ।

**ਸ਼੍ਰੀ ਮਨਮੋਹਨ ਕਾਲੀਆ** (ਜਲੰਧਰ ਕੇਂਦਰੀ): ਇਹ ਜਿਹੜਾ ਮਤਾ ਮਜੀਠਾ ਜੀ ਨੇ ਲਿਆਂਦਾ ਹੈ, ਇਸ ਦੇ ਕਈ ਸਿੱਟੇ ਵੀ ਹਨ। ਮੈਂ ਇਸ ਦੇ ਅੱਡ ਅੱਡ ਪਹਿਲੂਆਂ ਤੇ ਆਪਣੇ ਵਿਚਾਰ ਰੱਖਾਂਗਾ। ਇਹ ਜਿਹੜੇ ਕਮਿਊਨਿਸਟ ਹਨ ਇਹ ਇਸ ਚੀਜ਼ ਵਿਚ ਬਿਲੀਵ ਨਹੀਂ ਕਰਦੇ ਇਸ ਲਈ ਉਨ੍ਹਾਂ ਦਾ ਗੌਰਮਿੰਟ ਦੇ ਹੱਕ ਵਿਚ ਜਾਂ ਗੌਰਮਿੰਟ ਦੇ ਖਿਲਾਫ ਕਹਿਣਾ ਕੋਈ ਮਹੱਤਤਾ ਨਹੀਂ ਰੱਖਦਾ। ਦੂਸਰਾ ਇਹ ਕਿ ਇਹ ਪਰਸਨਲ ਲਾਅ ਹੈ। ਜਿਸ ਤਰ੍ਹਾਂ ਮੁਸਲਮਾਨ ਹਨ, ਕ੍ਰਿਸ਼ੀਚੀਅਨ ਹਨ, ਬੁੱਧ ਹਨ ਜਾਂ ਹਿੰਦੂ ਹਨ ਜਿਨ੍ਹਾਂ ਉਪਰ ਇਹ ਐਕਟ ਲਾਗੂ ਹੁੰਦਾ ਹੈ। ਕਿੰਨੀਆਂ ਔਰਤਾਂ ਹਨ ਜਿਹੜੀਆਂ ਇਸ ਕਾਨੂੰਨ ਨਾਲ ਆਪਣੇ ਹੱਕਾਂ ਤੋਂ ਮਹਿਰੂਮ ਹੋਈਆਂ ਹਨ। ਇਹ ਪਿਛਾਂਹ ਖਿੱਚੂ ਕਾਨੂੰਨ ਸੀ। ਸਾਡੇ ਇਕ ਲਾਅ ਪ੍ਰੀਮੀਜਨੇਚਰ ਹੈ ਉਸ ਦੀ ਮੁਤਾਬਿਕ ਜਿਹੜਾ ਐਲਡੈਸਟ ਹੁੰਦਾ ਹੈ ਉਹ ਪ੍ਰਾਪਰਟੀ ਇਨਹੈਰਿਟ ਕਰਦਾ ਹੈ। ਕਈ ਜਗ੍ਹਾ ਤੇ ਇਨਹੈਰਿਟ ਕਰਦੀ ਹੈ। ਹਿੰਦੂ ਸਕਸੈਸ਼ਨ ਐਕਟ ਤੋਂ ਪਹਿਲਾਂ ਜਿਹੜਾ ਲਾਅ ਗਵਰਨ ਕਰਦਾ ਸੀ ਉਹ ਪੁਰਾਣੀ ਸਕਰਿਪਚਰ ਵਿਚ ਸੀ ਯੱਜੇਵਾਲ ਲਾਅ। (ਵਿਘਨ) ਇਸ ਦੇ ਵਿਚ ਬੜੀਆਂ ਕਮੀਆਂ ਹਨ। ਮਿਸਾਲ ਦੇ ਤੌਰ ਤੇ ਸਾਡੇ ਪੰਜਾਬ ਵਿਚ ਕਪਾਰਸਿਨਿਰੀ ਪ੍ਰਾਪਰਟੀ ਦੀ ਫੈਮਿਲੀ ਲਾਅ ਦੇ ਮੁਤਾਬਕ ਤਕਸੀਮ ਹੁੰਦੀ ਸੀ। ਜਿਥੋਂ ਤੱਕ ਜੱਦੀ ਜਾਇਦਾਦ ਦਾ ਸਵਾਲ ਹੈ। ਉਹ ਹਿੰਦੂ ਸਕਸੈਸ਼ਨ ਐਕਟ ਦੇ ਮੁਤਾਬਿਕ ਤਕਸੀਮ ਹੋਣੀ ਹੈ। ਉਸ ਦੇ ਵਿਚ ਲੜਕੇ ਨੂੰ ਜਿਹੜੀ ਜਾਇਦਾਦ ਜਾਂਦੀ ਹੈ ਉਹ ਝਗੜੇ

Original with;
Punjab Vidhan Sabha
Digitized by;
Panjab Digital Library

[ਸ੍ਰੀ ਮਨਮੋਹਨ ਕਾਲੀਆ]

ਵਾਲੀ ਹੁੰਦੀ ਹੈ ਅਤੇ ਲੜਕੀ ਨੂੰ ਜਿਹੜੀ ਜਾਇਦਾਦ ਜਾਂਦੀ ਹੈ ਉਹ ਝਗੜੇ ਵਾਲੀ ਨਹੀਂ ਹੁੰਦੀ। ਲੜਕਾ ਵੇਚ ਨਹੀਂ ਸਕਦਾ ਪਰ ਲੜਕੀ ਵੇਚ ਸਕਦੀ ਹੈ ਕਿਉਂਕਿ ਉਹ ਸੈਲਫ ਐਕੁਆਇਰਡ ਸਮਝੀ ਜਾਂਦੀ ਹੈ। ਇਕ ਆਦਮੀ ਕੋਲ ਜਾਇਦਾਦ ਹੈ, ਫਰਜ਼ ਕਰੋ ਉਸ ਦੇ ਤਿੰਨ ਲੜਕੇ ਹਨ ਤਾਂ ਉਹ ਤਿੰਨਾਂ ਲੜਕਿਆਂ ਵਿਚ ਤਕਸੀਮ ਹੋਣੀ ਹੈ ਪਰ ਜਦੋਂ ਉਹ ਮਰਨ ਲੱਗਾ ਤਾਂ ਉਹ 4 ਹਿੱਸਿਆਂ ਵਿਚ ਵੰਡੀ ਜਾਣੀ ਹੈ। ਜੇ ਉਨ੍ਹਾਂ ਦੀ ਇਕ ਭੈਣ ਹੋਈ ਤਾਂ ਇਕ ਹਿੱਸਾ ਉਸ ਨੇ ਲੈ ਜਾਣਾ ਹੈ ਅਤੇ ਇਸ ਤਰ੍ਹਾਂ ਉਹ ਜਾਇਦਾਦ ਚਾਰ ਹਿੱਸਿਆਂ ਵਿਚ ਵੰਡੀ ਜਾਣੀ ਹੈ। ਜਿਹੜਾ ਹਿੱਸਾ ਲੜਕੇ ਨੂੰ ਮਿਲੇਗਾ ਉਸ ਉਪਰ ਸ਼ਰਤਾਂ ਹਨ। ਉਹ ਬਗੈਰ ਕਿਸੇ ਵਜ੍ਹਾ ਦੇ ਵੇਚ ਨਹੀਂ ਸਕਦਾ ਲੇਕਿਨ ਲੜਕੀ ਵੇਚ ਸਕਦੀ ਹੈ ਕਿਉਂਕਿ ਉਸਦੀ ਆਪਣੀ ਪ੍ਰਾਪਰਟੀ ਬਣ ਜਾਂਦੀ ਹੈ। ਇਸੇ ਤਰ੍ਹਾਂ ਇਕ ਹੋਰ ਕਮੀ ਹੈ । ਅਗਰ ਇਕ ਭਰਾ ਮਰਦਾ ਹੈ ਅਤੇ ਉਸ ਦੀ ਔਲਾਦ ਨਹੀਂ ਅਤੇ ਉਸ ਦੇ ਭਰਾ ਜਿਊਂਦੇ ਹਨ ਤਾਂ ਉਸ ਦੀ ਜਾਇਦਾਦ ਉਸ ਦੇ ਭਤੀਜਿਆਂ ਨੂੰ ਮਿਲ ਸਕਦੀ ਹੈ। ਉਸ ਦੇ ਭਰਾ ਹੋਰ ਕਿਸੇ ਨੂੰ ਨਹੀਂ ਦੇਣਗੇ। ਇਸ ਕਰਕੇ ਇਹ ਜਿਹੜੀ ਚੀਜ਼ ਸੀ ਇਹ ਪ੍ਰੋਗਰੈਸਿਵ ਨਹੀਂ ਹੈ। ਪਹਿਲੇ ਇਹ ਹੁੰਦਾ ਸੀ ਕਿ ਜਦ ਪਿਓ ਦੀ ਮੌਤ ਹੋ ਜਾਂਦੀ ਸੀ ਤਾਂ ਭਰਾਵਾਂ ਦੇ ਨਾਲ ਭੈਣ ਕਿਰਿਆ ਤੇ ਬੈਠ ਜਾਂਦੀ ਸੀ ਅਤੇ ਭਰਾਵਾਂ ਦੀ ਸੁਲਾਹ ਕਰਾਈ ਜਾਂਦੀ ਸੀ ਅਤੇ ਘਰ ਦੀ ਵੰਡ ਨਹੀਂ ਸੀ ਹੁੰਦੀ। ਪਰ ਹੁਣ ਸਾਰੇ ਭਰਾ ਕਹਿੰਦੇ ਹਨ ਕਿ ਭੈਣ ਨੂੰ ਵਿਚੋਂ ਕੱਢੋ, ਫੇਰ ਹੋਰ ਕਰਾਂਗੇ। ਔਰ ਉਸ ਦੇ ਨਾਲ ਜਿਤਨੇ ਲੜਾਈ ਝਗੜੇ ਹਨ ਉਹ ਚਲਦੇ ਹਨ। ਮੈਨੂੰ, ਚੇਅਰਮੈਨ ਸਾਹਿਬ, ਇਕ ਕੇਸ ਦਾ ਪਤਾ ਹੈ। ਉਹ ਗਲ ਇਥੋਂ ਤੱਕ ਚਲੀ ਗਈ ਕਿ ਉਹ ਕਹਿਣ ਲਗੇ ਕਿ ਕਾਲੀਆ ਸਾਹਿਬ, ਜਿਤਨਾ ਹਿੱਸਾ ਉਹ ਸਾਡੀ ਕੁੜੀ ਲੈ ਗਈ ਹੈ ਇਸ ਤੋਂ ਕਈ ਗੁਣਾਂ ਜ਼ਿਆਦਾ ਅਸੀਂ ਆਪਣੀਆਂ ਦੋਹਤਰੀਆਂ ਦੇ ਵਿਆਹ ਤੇ ਦੇ ਦੇਣਾ ਸੀ। ਭਾਵੇਂ ਮਰੇਗੀ ਉਹ 15-20 ਸਾਲ ਦੇ ਬਾਅਦ ਲੇਕਿਨ ਉਨ੍ਹਾਂ ਵਾਸਤੇ ਉਹ ਹਮੇਸ਼ਾਂ ਵਾਸਤੇ ਮਰ ਗਈ। ਦੂਸਰਾ ਅਸੀਂ ਇਹ ਕਹਿੰਦੇ ਹਾਂ ਕਿ ਪ੍ਰੋਗਰੈਸਿਵ ਸਟੈਪ ਇਹ ਹੈ ਕਿ ਕਾਸ਼ਤਕਾਰ ਜਿਹੜਾ ਹੈ ਉਹ ਮਾਲਕ ਹੋਣਾ ਚਾਹੀਦਾ ਹੈ। The owner should be the cultivator ਔਰ ਦੂਸਰਾ ਅਸੀਂ ਕਨਸੋਲੀਡੇਸ਼ਨ ਕਰਦੇ ਹਾਂ, ਮੁਰੱਬੇਬੰਦੀ ਕਰਦੇ ਹਾਂ। ਪਿੰਡਾਂ ਵਿਚ ਅਗੇ ਤਾਂ ਇਕ ਪਿੰਡ ਦੀ ਮੁਰੱਬੇਬੰਦੀ ਹੁੰਦੀ ਸੀ। ਹੁਣ ਇਸ ਤਰ੍ਹਾਂ ਇਕ ਕੁੜੀ ਵਿਆਹੀ ਗਈ ਕਰਨਾਲ ਤੇ ਉਸ ਦਾ ਹਿੱਸਾ ਚਲਾ ਗਿਆ, ਇਕ ਵਿਆਹੀ ਗਈ ਅੰਮ੍ਰਿਤਸਰ ਇਕ ਉਸ ਦਾ ਹਿੱਸਾ ਚਲਾ ਗਿਆ ਅਤੇ ਇਕ ਵਿਆਹੀ ਗਈ ਲੁਧਿਆਣੇ ਉਸ ਦਾ ਇਕ ਹਿੱਸਾ ਚਲਾ ਗਿਆ। ਹੁਣ ਇਸ ਤਰ੍ਹਾਂ ਫਰੈਗਮੈਨਟੇਸ਼ਨ ਆਫ਼ ਹੋਲਡਿੰਗਜ਼ ਹੋਵੇਗੀ। ਬਾਪ ਲੁਧਿਆਣੇ ਰਹਿੰਦਾ ਹੈ ਅਤੇ ਉਸ ਦੀ ਇਕ ਕੁੜੀ ਲੁਧਿਆਣੇ, ਇਕ ਕਰਨਾਲ ਅਤੇ ਇਕ ਅੰਮ੍ਰਿਤਸਰ ਰਹਿੰਦੀ ਹੈ ਤਾਂ ਉਨ੍ਹਾਂ ਦੀ ਜ਼ਮੀਨ ਕੌਣ ਵਾਹੇਗਾ। ਫਿਰ ਇਹ ਜ਼ਮੀਨ ਮੁਜ਼ਾਰਿਆਂ ਨੂੰ ਦਿੱਤੀ ਜਾਵੇਗੀ ਔਰ ਜੇ ਮੁਜ਼ਾਰਿਆਂ ਨੂੰ ਦਿੱਤੀ ਜਾਵੇ ਤਾਂ ਬੇਸੀਕਲੀ ਜੋ ਕਨਸੈਪਟ ਹੈ ਉਹ ਫੌਤ ਹੋ ਜਾਂਦਾ ਹੈ ਕਿ ਔਨਰ ਜਿਹੜਾ ਹੈ ਉਹ ਕਾਸ਼ਤਕਾਰ ਹੋਣਾ ਚਾਹੀਦਾ ਹੈ। ਹਿੰਦੂ ਸਕਸੈਸ਼ਨ ਐਕਟ ਬੇਸਿਕ ਪ੍ਰਿੰਸੀਪਲ ਨੂੰ ਫੋਰ-ਫੀਟ ਕਰਦਾ ਹੈ। ਇਸ ਕਰਕੇ ਮੇਰਾ ਕਹਿਣਾ ਹੈ ਕਿ ਕੇਵਲ ਹਿੰਦੂ ਸਕਸੈਸ਼ਨ ਐਕਟ ਦੀਆਂ ਜੋ ਧਾਰਾਂ ਹਨ ਉਨ੍ਹਾਂ ਨੂੰ ਹੀ ਨਹੀਂ ਬਾਕੀ ਦੀਆਂ ਜੋ ਧਾਰਾਵਾਂ ਹਨ ਉਨ੍ਹਾਂ ਨੂੰ ਵੀ ਵੇਖਣਾ ਤੇ ਵਿਚਾਰਨਾ ਹੈ ।

ਕੇਵਲ ਇਤਨਾ ਹੀ ਨਹੀਂ, ਚੇਅਰਮੈਨ ਸਾਹਿਬ, ਮਜੀਠਾ ਸਾਹਿਬ ਦਾ ਜੋ ਰੈਜ਼ੋਲਿਊਸ਼ਨ ਹੈ ਉਹ ਅਧੂਰਾ ਹੈ, ਉਹ ਕੰਪਲੀਟ ਨਹੀਂ ਹੈ। ਹੁਣ ਇਨ੍ਹਾਂ ਨੇ ਕਿਹਾ ਹੈ ਕਿ ਸਹੁਰਿਆਂ ਵਾਲੀ ਜਾਇਦਾਦ ਨੂੰਹ ਨੂੰ ਮਿਲੇ ਪਰ ਇਹ ਮਸਲਾ ਵੀ ਇਤਨਾ ਆਸਾਨ ਨਹੀਂ। ਸ਼ਡਿਊਲ ਇਕ ਜੋ ਹੈ ਉਸ ਦੇ ਵਿਚ ਕੇਵਲ ਲੜਕੇ ਅਤੇ ਲੜਕੀ ਨੂੰ ਹੀ ਜਾਇਦਾਦ ਨਹੀਂ ਜਾਂਦੀ ਉਸ ਵਿਚ ਹੋਰ ਵੀ ਬਹੁਤ ਸਾਰੇ ਵਾਰਸ ਹਨ—

The heirs mentioned in the Schedule of the Hindu Succession Act of 1956 are as under:—

Son; daughter; widow mother; son of a predeceased son; daughter of a predeceased son; son of a predeceased daughter; daughter of a predeceased daughter;

Original with;
Punjab Vidhan Sabha
Digitized by;
Panjab Digital Library

widow of a predeceased son; son of a predeceased son of a predeceased son; daughter of a predeceased son of a predeceased son; widow of a predeceased son of a predeceased son.

ਇਸ ਲਈ ਮੇਰਾ ਕਹਿਣਾ ਹੈ ਕਿ ਇਸ ਦੇ ਵਿਚ ਕਮਪਰੀਹੈਨਸਿਵ ਅਮੈਂਡਮੈਂਟ ਦੀ ਲੋੜ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਇਹ ਰੈਜ਼ੋਲਿਊਸ਼ਨ ਅਧੂਰਾ ਹੈ।

ਦੂਸਰਾ, ਚੇਅਰਮੈਨ ਸਾਹਿਬ, ਮੇਰਾ ਕਹਿਣਾ ਹੈ ਕਿ ਸਾਡੇ ਹਿੰਦੂ ਸਕਸੈਸ਼ਨ ਐਕਟ ਵਿਚ ਪਹਿਲਾਂ ਬੜੀਆਂ ਕਮਪਲੀਕੇਸ਼ਨਜ਼ ਹਨ। ਮਜੀਠਾ ਸਾਹਿਬ ਦਾ ਜੋ ਰੈਜ਼ੋਲਿਊਸ਼ਨ ਹੈ ਉਸ ਦੇ ਨਾਲ ਇਕ ਇਹ ਵੀ ਕਮਪਲੀਕੇਸ਼ਨ ਪੈ ਸਕਦੀ ਹੈ ਕਿ ਇਕ ਬਾਪ ਦੇ ਫਰਜ਼ ਕੀਤਾ 4 ਪੁੱਤਰ ਹਨ। 2 ਪੁੱਤਰ ਵਿਆਹੇ ਹੋਏ ਹਨ ਅਤੇ 2 ਪੁੱਤਰ ਕੁਆਰੇ ਹਨ। ਜੋ ਜਾਇਦਾਦ ਵੰਡੀ ਜਾਣੀ ਹੈ ਉਹ 6 ਹਿੱਸਿਆਂ ਵਿਚ ਵੰਡੀ ਜਾਣੀ ਹੈ ਬਾਪ ਦੇ ਮਰਨ ਤੇ। 2 ਜਿਹੜੇ ਵਿਆਹੇ ਪੁੱਤਰ ਹਨ ਉਨਾਂ ਨੂੰ ਹਿੱਸਾ ਡਬਲ ਮਿਲ ਜਾਵੇਗਾ ਕਿਉਂਕਿ ਉਹ ਆਪਣਾ ਇਕ ਹਿੱਸਾ ਲੈਣਗੇ ਅਤੇ ਇਕ ਹਿੱਸਾ ਨੂੰਹ ਨੂੰ ਮਿਲੇਗਾ। ਇਸ ਤਰ੍ਹਾਂ ਦੋ ਹਿੱਸੇ ਪੁੱਤਰਾਂ ਨੂੰ ਜਿਹੜੇ ਵਿਆਹੇ ਹੋਏ ਹਨ, ਦੋ ਹਿੱਸੇ ਨੂੰਹਾਂ ਨੂੰ ਅਤੇ ਦੋ ਹਿੱਸੇ ਜਿਹੜੇ ਕੁਆਰੇ ਪੁੱਤਰ ਹਨ। ਇਕ ਜਿਹੜਾ ਬੱਚਾ ਹਾਲੀਂ ਸਕੂਲ ਜਾਂਦਾ ਹੈ ਉਸ ਨੇ ਆਪਣੇ ਬਾਪ ਦੀ ਜਾਇਦਾਦ ਵਿਚੋਂ ਹੋਰ ਕੋਈ ਪੈਸਾ ਵੀ ਨਹੀਂ ਲਿਆ, ਇਸ ਤਰ੍ਹਾਂ ਉਸ ਦੇ ਨਾਲ ਵਿਤਕਰਾ ਹੋਵੇਗਾ। ਦੂਸਰੇ ਪਾਸੇ ਜਿਹੜੇ ਵਿਆਹੇ ਹੋਏ ਬੱਚੇ ਹਨ ਉਹ ਡਬਲ ਹਿੱਸਾ ਲੈ ਜਾਣਗੇ, ਆਪਣਾ ਅਤੇ ਆਪਣੀ ਘਰਵਾਲੀ ਦਾ ਅਤੇ ਉਸ ਦੇ ਉਤੇ ਬਾਪ ਨੇ ਪਹਿਲਾਂ ਵੀ ਕਾਫੀ ਖਰਚ ਕੀਤਾ ਹੁੰਦਾ ਹੈ। ਉਸ ਦੇ ਵਿਆਹ ਤੇ ਖਰਚ ਕੀਤਾ ਗਿਆ, ਉਸ ਨੂੰ ਪੜ੍ਹਾਉਣ ਤੇ ਖਰਚ ਕੀਤਾ ਗਿਆ, ਉਸ ਨੂੰ ਨੌਕਰੀ ਤੇ ਲੁਆਉਣ ਤੇ ਜਾਂ ਹੋਰ ਕਾਰੋਬਾਰ ਤੇ ਖਰਚ ਕੀਤਾ ਗਿਆ। ਸੋ ਇਹ ਵਿਤਕਰੇ ਵਾਲੀ ਗੱਲ ਹੋਵੇਗੀ। ਇਸ ਕਰਕੇ ਹੁਣ ਜੋ ਘਰ ਦੀ ਜਾਇਦਾਦ ਵਿੱਚੋਂ ਮਿਲਣਾ ਹੈ ਔਰਤ ਨੂੰ ਉਹ ਹਾਫ ਦੀ ਯੂਨਿਟ ਮਿਲਣਾ ਹੈ, ਉਸ ਨੂੰ ਫੁਲ ਯੂਨਿਟ ਨਹੀਂ ਮਿਲਣਾ। ਬਾਪ ਦੀ ਜਾਇਦਾਦ ਵਿੱਚੋਂ ਉਸ ਨੂੰ ਫੁਲ ਯੂਨਿਟ ਮਿਲਦਾ ਹੈ। (ਵਿਘਨ) ਮੈਨੂੰ ਗੱਲ ਕਰ ਲੈਣ ਦਿਓ। ਜਿਤਨਾ ਭਰਾ ਨੂੰ ਮਿਲਣਾ ਹੈ ਉਤਨਾ ਭੈਣ ਨੂੰ ਮਿਲਣਾ ਹੈ ਪਰ ਇਸ ਤਰੀਕੇ ਦੇ ਨਾਲ 50 ਪ੍ਰਤੀਸ਼ਤ ਰਹਿ ਜਾਂਦਾ ਹੈ। ਇਸ ਕਰਕੇ ਮੇਰੀ ਪ੍ਰਾਰਥਨਾ ਹੈ ਔਰ ਇਸ ਵਾਸਤੇ ਮੈਂ ਤਾਂ ਸਹਿਮਤ ਹਾਂ ਕਿ ਜਿਹੜਾ ਪ੍ਰੋਗਰੈਸਿਵ ਸੁਸਾਇਟੀ ਦੇ ਅੰਦਰ ਜ਼ਮੀਨ ਕਾਸ਼ਤਕਾਰ ਜੋ ਹੈ ਉਹ ਮਾਲਕ ਹੀ ਹੋਣਾ ਚਾਹੀਦਾ ਹੈ। (ਵਿਘਨ) ਇਕ ਬਚਾ ਅੱਠਵੀਂ ਜਾਂ ਨੌਵੀਂ ਕਲਾਸ ਤੋਂ ਆਪਣੇ ਬਾਪ ਵਾਸਤੇ ਖੇਤਾਂ ਵਿੱਚ ਲੱਸੀ ਲੈ ਕੇ ਜਾਂਦਾ ਹੈ, ਹੋਰ ਭਾਰ ਸਿਰ ਤੇ ਚੁੱਕ ਕੇ ਲੈ ਜਾਂਦਾ ਹੈ। ਜਵਾਨੀ ਵੇਲੇ ਉਹ ਬਾਪ ਨਾਲ ਪੂਰੀ ਮਿਹਨਤ ਕਰਕੇ ਕੰਮ ਕਰਵਾਉਂਦਾ ਹੈ। ਉਸ ਤੋਂ ਬਾਅਦ ਉਸ ਦਾ ਵਿਆਹ ਹੋ ਜਾਂਦਾ ਹੈ ਅਤੇ ਉਸ ਦੀ ਆਪਣੀ ਕਬੀਲਦਾਰੀ ਵੱਧੀ ਤੁਰੀ ਆਉਂਦੀ ਹੈ। ਉਸ ਦੇ ਬਚੇ ਵਿਆਹੁਣ ਵਾਲੇ ਹੋ ਜਾਂਦੇ ਹਨ ਅਤੇ ਉਸ ਦੀ ਜ਼ਮੀਨ ਖੂਨ ਪਸੀਨੇ ਦੀ ਕਮਾਈ ਨਾਲ ਮਿਹਨਤ ਕਰਨ ਨਾਲ ਕੇਵਲ ਉਸ ਦੇ ਲਈ ਹੀ ਕਾਫੀ ਹੁੰਦੀ ਹੈ। ਹੁਣ ਉਸ ਦੇ ਵਿਚ ਕੇਵਲ ਕਾਨੂੰਨੀ ਤੌਰ ਤੇ ਲੜਕੀ ਨੂੰ ਹਿੱਸਾ ਇਸ ਕਰਕੇ ਦੇਈਏ ਕਿ ਉਹ ਪਿਉ ਦੀ ਜਾਈ ਹੋਈ ਹੈ ਤਾਂ ਇਸ ਦੇ ਨਾਲ ਉਸ ਆਦਮੀ ਨਾਲ ਵਿੱਤਕਰਾ ਹੈ। ਇਸ ਲਈ ਮੇਰੀ ਸਿਰਫ਼ ਇਤਨੀ ਬੇਨਤੀ ਹੈ ਕਿ ਜਿਸ ਤਰੀਕੇ ਨਾਲ ਕ੍ਰਿਮੀਨਲ ਲਾਅ ਦੀ ਅਮੈਂਡ-ਮੈਂਟ ਕੀਤੀ ਹੈ ਕਿ ਉਸ ਦਾ ਜਿਹੜਾ ਡੀਪੈਂਡੈਂਟ ਹੈ ਉਨ੍ਹਾਂ ਤੇ ਕਾਨੂੰਨੀ ਤੌਰ ਤੇ ਜ਼ਿੰਮੇਵਾਰੀ ਪਾ ਦਿਤੀ ਹੈ ਮੇਨਟੇਨ ਕਰਨ ਦੀ। ਮੇਰਾ ਇਥੇ ਵੀ ਇਹੀ ਕਹਿਣਾ ਹੈ ਕਿ ਜਿਥੋਂ ਤੱਕ ਲੜਕੀ ਦਾ ਤੁਅੱਲਕ ਹੈ ਵਿਡੋ ਦਾ, ਜਿਹੜਾ ਸ਼ਡਿਊਲ 1 ਹੈ ਉਸ ਅਨੁਸਾਰ ਜਿਸ ਵੇਲੇ ਹਸਬੈਂਡ ਨਹੀਂ ਹੈ ਜਾਇਦਾਦ ਉਸ ਨੂੰ ਮਿਲਦੀ ਹੈ। ਉਸ ਦੇ ਮਰਨ ਦੇ ਬਾਅਦ ਵਿਡੋ ਹਿੱਸਾ ਪੂਰਾ ਲੈਂਦੀ ਹੈ। ਜੇ ਸ਼ਾਦੀ ਦੇ ਬਾਅਦ ਸੌਹਰਿਆਂ ਵੱਲੋਂ ਕੋਈ ਮੇਨਟੇਨ ਕਰਨ ਵਾਲਾ ਨਾ ਹੋਵੇ ਤਾ ਮੇਰਾ ਸੁਜੈਸ਼ਨ ਹੈ ਕਿ ਸਾਨੂੰ ਰੈਜ਼ੋਲਿਊਸ਼ਨ ਐਸਾ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਮਨਮੋਹਨ ਕਾਲੀਆ]

ਪਾਸ ਕਰਨਾ ਚਾਹੀਦਾ ਹੈ ਕਿ ਅਗਰ ਉਸ ਦੇ ਪੇਕਿਆਂ ਦੀ ਜਾਇਦਾਦ ਕੋਈ ਸੀ ਜਿੰਨੀ ਉਨ੍ਹਾਂ ਨੇ ਇਨ ਹੈਂਡ ਕੀਤੀ ਹੈ ਉਨ੍ਹਾਂ ਤੇ ਕੋਈ ਸਿਵਿਲ ਲਾਇਬਿਲਟੀ ਹੋਣੀ ਚਾਹੀਦੀ ਹੈ ਕਿ ਜਿੰਨਾ ਚਿਰ ਉਹ ਜੀਉਂਦੀ ਹੈ ਉਸ ਨੂੰ ਮੇਨਟੇਨ ਕੀਤਾ ਜਾਵੇ। (ਵਿਘਨ) ਚੇਅਰਮੈਨ ਸਾਹਿਬ, ਸ਼ੁਰੂ ਤੇ ਹੀ ਬੇਈਮਾਨੀਆਂ ਹੁੰਦੀਆਂ ਹਨ, ਖਾਤੇ ਬਦਲੇ ਜਾਂਦੇ ਹਨ, ਖਾਤੇ ਬਦਲਣੇ ਸ਼ੁਰੂ ਹੋ ਜਾਂਦੇ ਹਨ ਕਿ ਕਿਧਰੇ ਜੀਜਾ ਜਾਂ ਭੈਣ ਨਾ ਆ ਜਾਵੇ। ਵਸੀਅਤ ਵਿਚ ਜਿਹੜਾ ਮਿਲ ਗਿਆ, ਮਿਲ ਗਿਆ ਬਾਕੀ ਮਿਲਦਾ ਮਿਲਾਂਦਾ ਕੁਝ ਨਹੀਂ। ਇਸ ਲਈ ਮੇਰਾ ਕਹਿਣਾ ਹੈ ਕਿ ਜੇ ਬਕਾਇਦਾ ਕ੍ਰਿਮੀਨਲ ਲਾਇਬਿਲਟੀ, ਸਿਵਲ ਲਾਇਬਿਲਟੀ ਵਿੱਚੋਂ ਔਰਤ ਨੂੰ ਪਾਲਣ ਵਾਸਤੇ ਬਾਪ ਦੀ ਜਾਇਦਾਦ ਜੋ ਹੈ ਉਸ ਤੇ ਪਾਈ ਜਾਵੇ ਤਾਂ ਇਸ ਦੇ ਨਾਲ ਉਸ ਦੀ ਪੂਰੀ ਸਿਕਿਓਰਿਟੀ ਵੀ ਹੋਵੇਗੀ, ਉਸ ਦਾ ਮਾਣ ਤੇ ਸਨਮਾਨ ਵੀ ਪੇਕੇ ਘਰਾਂ ਵਿਚ ਜ਼ਿਆਦਾ ਹੋਵੇਗਾ।

**ਸਰਦਾਰ ਸਵਰਣ ਸਿੰਘ (ਧਾਰੀਵਾਲ)**: ਚੇਅਰਮੈਨ ਸਾਹਿਬ, ਮੈਂ ਆਪ ਦਾ ਬਹੁਤ ਧੰਨਵਾਦੀ ਹਾਂ ਕਿ ਮੈਨੂੰ ਟਾਈਮ ਦਿੱਤਾ ਹੈ। ਮੈਂ ਸਰਦਾਰ ਪ੍ਰਕਾਸ਼ ਸਿੰਘ ਮਜੀਠਾ ਜੀ ਨੇ ਜਿਹੜਾ ਮਤਾ ਪੇਸ਼ ਕੀਤਾ ਹੈ ਉਸ ਦੀ ਪ੍ਰੋੜਤਾ ਕਰਨ ਲਈ ਉਠਿਆ ਹਾਂ। ਚੇਅਰਮੈਨ ਸਾਹਿਬ, ਇਹ ਜਿਹੜਾ ਹਿੰਦੂ ਕੋਡ ਬਿੱਲ ਹੈ ਇਸ ਨੂੰ ਸਾਰਿਆਂ ਹੀ ਯੂਨਿਟਾਂ ਨੇ, ਸਾਰਿਆਂ ਹੀ ਲੋਕਾਂ ਨੇ ਘੋਖ ਕੇ ਅਨੈਲੇਸਿਜ਼ ਕਰਕੇ ਦੇਖਿਆ ਹੈ ਲੇਕਿਨ ਇਕੋ ਹੀ ਗੱਲ ਹੈ ਜਿਹੜੀ ਸਾਨੂੰ ਨਜ਼ਰ ਆਉਂਦੀ ਹੈ ਮਾੜੀ ਭਾਵਨਾ ਕਰਕੇ ਕੀਤਾ ਗਿਆ ਹੈ ਤਾਂ ਕਿ ਪੰਜਾਬ ਦੇ ਜੱਟ ਦੇ ਘਰ ਵਿਚ ਲੜਾਈ ਪਈ ਰਹੇ। ਇਸ ਵਾਸਤੇ ਇਹ ਸਰਕਾਰ ਨੇ ਬਣਾਇਆ ਸੀ। ਮੈਂ ਇਤਨੀ ਅਰਜ਼ ਕਰਦਾ ਹਾਂ ਕਿ ਇਹ ਸਾਰੇ ਹੀ ਲੋਕ ਜਾਣਦੇ ਹਨ, ਇਹ ਹਰ ਵਿਅੱਕਤੀ ਨੂੰ ਪਤਾ ਹੈ ਕਿ ਸਾਡੇ ਹਿੰਦੁਸਤਾਨ ਦੀ ਪ੍ਰੰਪਰਾ ਸੀ ਕਿ ਭੈਣ ਭਰਾ ਦਾ ਪਿਆਰ ਇਕ ਐਸਾ ਪਿਆਰ ਸੀ ਕਿ ਜਿਸ ਦੇ ਬਾਰੇ ਅੱਜ ਤਕ ਵੀ ਕਹਾਣੀਆਂ ਹਿਸਟਰੀ ਵਿਚ ਲਿਖੀਆਂ ਆ ਰਹੀਆਂ ਹਨ। ਪਿਛਲੀ ਪ੍ਰੰਪਰਾ ਅਤੇ ਰਵਾਇਤ ਅਨੁਸਾਰ ਅਸੀਂ ਪੰਜਾਬੀ ਇਕ ਬਹੁਤ ਤਕੜੇ ਸ਼ਹਿਰੀ ਸਾਂ ਜਿਨਾਂ ਨੂੰ ਮਾਣ ਸੀ, ਜਿਨ੍ਹਾਂ ਨੂੰ ਫਖ਼ਰ ਸੀ ਇਸ ਗੱਲ ਦਾ ਕਿ ਅਸੀਂ ਹਿੰਦੁਸਤਾਨ ਦੇ ਬਹੁਤ ਮਿਹਨਤੀ, ਬਹੁਤ ਹੀ ਸੂਰਮੇ ਤੇ ਅਸੀਂ ਆਪਣੇ ਆਪ ਨੂੰ ਆਪਣੇ ਤੇ ਡਿਪੈਂਡ ਕਰਨ ਵਾਲੇ ਲੋਕ ਸੀ। ਜਿਨ੍ਹਾਂ ਨੇ ਆਜ਼ਾਦੀ ਦੇ ਵਕਤ ਵੀ ਘਾਲਾਂ ਘਾਲੀਆਂ, ਜਿਨ੍ਹਾਂ ਨੇ ਬਗਾਨੀਆਂ ਜੰਗਾਂ ਵਿਚ ਜਾ ਕੇ ਲੜਾਈਆਂ ਲੜੀਆਂ। ਜਦੋਂ ਵਿਦੇਸ਼ੀ ਲੋਕ ਲੁੱਟਦੇ ਸਨ, ਰਾਖੀ ਕੀਤੀ। ਪਹਿਲੀ ਸਰਕਾਰ ਨੇ, ਮੈਂ ਨਾਮ ਨਹੀਂ ਲੈਂਦਾ, ਉਸ ਸਰਕਾਰ ਦੀ ਮਾੜੀ ਭਾਵਨਾ ਕਰਕੇ ਜੱਟ ਨੂੰ ਕਤਲ ਕਰਨ ਵਾਸਤੇ ਹਿੰਦੂ ਕੋਡ ਬਿਲ ਬਣਾਇਆ ਸੀ। ਮੈਂ ਮਿਸਾਲ ਪੇਸ਼ ਕਰਦਾ ਹਾਂ ਕਿ ਜਦੋਂ ਹਿੰਦੁ-ਸਤਾਨ ਦੀ ਪਾਰਟੀਸ਼ਨ ਹੋਈ ਉਸ ਤੋਂ ਪਹਿਲਾਂ ਅਸੀਂ ਆਰਾਮ ਨਾਲ ਇਕੱਠੇ ਵਸਦੇ ਸੀ, ਜਿਹੜੀ ਵਿਦੇਸ਼ੀ ਗੌਰਮੈਂਟ ਦੂਰੋਂ ਆਈ ਸੀ ਸਾਡਾ ਸਨਮਾਨ ਕਰਦੀ ਸੀ, ਪਰ ਅਸੀਂ ਹਿੰਦੁਸਤਾਨ ਦੀ ਆਜ਼ਾਦੀ ਲੈਣ ਵਾਸਤੇ ਬੜੀਆਂ ਕੁਰਬਾਨੀਆਂ ਕੀਤੀਆਂ। ਪਰ ਇਥੇ ਆਉਂਦਿਆਂ ਹੀ ਸਾਨੂੰ ਇਸ ਸਰਕਾਰ ਨੇ ਇਕ ਇਨਾਮ ਦਿੱਤਾ ਕਿ ਜਿਸ ਦੀ 20 ਏਕੜ ਜ਼ਮੀਨ ਹੈ ਉਸ ਤੇ 5 ਏਕੜ ਦੀ ਕੱਟ ਲਗੀ ਅਤੇ ਜਿਸ ਦੀ 10 ਏਕੜ ਸੀ ਉਸ ਤੇ ਢਾਈ ਏਕੜ ਅਤੇ ਜਿਸ ਦੀ 50 ਏਕੜ ਸੀ ਉਸ ਤੋਂ ਵੱਧ ਕੱਟ ਲਗੀ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਸਰਦਾਰ ਉਮਰਾਨੰਗਲ ਜੀ ਸਾਡੇ ਮਾਲ ਮੰਤਰੀ ਹਨ ਉਨ੍ਹਾਂ ਨੇ ਕਈ ਵਾਰੀ ਆਂਕੜੇ ਪੇਸ਼ ਕੀਤੇ ਹਨ ਕਿ 20 ਲੱਖ ਏਕੜ ਜ਼ਮੀਨ ਤਾਂ ਇਸ ਤਰ੍ਹਾਂ ਕੱਟ ਲਈ ਅਤੇ ਬਾਕੀ ਕੁਝ ਬੰਜਰ ਕਹਿ ਕੇ ਅਤੇ ਹੋਰ ਤਰੀਕੇ ਨਾਲ ਕੱਟ ਲਈ। ਇਸ ਤਰਾਂ 35 ਲੱਖ ਏਕੜ ਜ਼ਮੀਨ ਸਾਡੀ ਕੱਟ ਲਈ, ਅਸੀਂ ਫਿਰ ਵੀ ਸਾਥ ਦਿੰਦੇ ਰਹੇ ਅਸੀਂ ਕੰਮ ਅਤੇ ਕਿਰਤ ਤੇ ਵਿਸ਼ਵਾਸ਼ ਕਰਦੇ ਹਾਂ ਜਿਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਫੁਰਮਾਨ ਕੀਤਾ :

ਘਾਲ ਖਾਏ ਕਿਛ ਹੱਥੋਂ ਦੇਇ,
ਨਾਨਕ ਰਾਹ ਪਛਾਣੇ ਸੇਇ।

Original with;
Punjab Vidhan Sabha
Digitized by;
Panjab Digital Library

ਜਿਸ ਤਰ੍ਹਾਂ ਫ਼ੁਰਮਾਇਆ ਕਿ ਕਿਰਤ ਕਰ, ਵੰਡ ਛੱਕ ਅਤੇ ਨਾਮ ਜੱਪ। ਅਸੀਂ ਆਪਣੀ ਕਾਰ ਕਰਕੇ ਤਕੜੇ ਰਹੇ, ਪਰ ਸਰਕਾਰ ਨੇ ਵੇਖਿਆ ਕਿ ਕੋਈ ਅਜਿਹੀ ਗੱਲ ਕੀਤੀ ਜਾਏ ਜਿਸ ਨਾਲ ਜੱਟ ਨੂੰ ਖ਼ਤਮ ਕੀਤਾ ਜਾਏ। ਅਕਾਲੀ ਦਲ ਪੰਜਾਬ ਦੀ ਵਾਹਦ ਜਮਾਤ ਸੀ ਜਿਹੜੀ ਕਿ ਪੰਜਾਬ ਦੇ ਲੋਕਾਂ ਦੀ ਰਾਖੀ ਕਰਦੀ ਰਹੀ। ਇਸ ਦੇ ਲਈ ਇਨ੍ਹਾਂ ਨੇ ਹਿੰਦੂ ਕੋਡ ਬਿਲ ਬਣਾ ਦਿੱਤਾ। ਫਿਰ ਇਥੇ ਹੀ ਬੱਸ ਨਹੀਂ ਇਨਾਂ ਨੇ ਸੀਲਿੰਗ ਲਾਈ। ਇਕ ਦਫ਼ਾ ਲਾਈ, ਦੂਜੀ ਦਫ਼ਾ ਲਾਈ, ਤੀਜੀ ਦਫ਼ਾ ਲਾਈ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਪੰਜਾਬ ਦੇ ਜੱਟ ਨੂੰ ਖ਼ਤਮ ਕਰਨ ਵਾਸਤੇ ਕਈ ਪਾਲਿਸੀਆਂ ਘੜੀਆਂ ਕੀਤੀਆਂ, ਪਰ ਇਹ ਸਾਰੀਆਂ ਪਾਲਿਸੀਆਂ ਤੇ ਪੂਰੇ ਉਤਰੇ। ਫਿਰ ਇਨਾਂ ਨੇ ਹਿੰਦੂ ਕੋਡ ਬਿੱਲ ਲਾਗੂ ਕੀਤਾ। ਮੈਂ ਦੱਸਣਾ ਚਾਹੁੰਦਾ ਹਾਂ ਕਿ ਉਨਾਂ ਨੇ ਐਸੀਆਂ ਮਨਮਾਨੀਆਂ ਨਾਲ ਲੋਕਾਂ ਨੂੰ ਖਤਮ ਕੀਤਾ ਕਰ ਦਿੱਤਾ। ਮੈਂ ਆਪਣੇ ਵਿਚਾਰ ਤੁਹਾਡੇ ਸਾਹਮਣੇ ਪੇਸ਼ ਕਰਦਾ ਹਾਂ। ਠੀਕ ਹੈ ਕਿ ਹਿੰਦੂ ਕੋਡ ਬਿੱਲ ਹਿੰਦੁਸਤਾਨ ਦੇ ਹਿੰਦੂਆਂ ਤੇ ਲਾਗੂ ਹੋਇਆ। ਅਸੀਂ ਇਸ ਪਰੀਵਾਰ ਵਿੱਚੋਂ ਹਾਂ। ਪਰ ਜਿਸ ਦਿਨ ਤੋਂ ਸਾਡੇ ਹਿੰਦੁਸਤਾਨ ਵਿਚ ਪੰਜਾਬ ਦਾ ਸੂਬਾ ਬੋਲੀ ਦੇ ਆਧਾਰ ਤੇ ਬਣਿਆ ਸਾਡੀ ਭਾਸ਼ਾ ਅਲੱਗ, ਕਲਚਰ ਅਲੱਗ, ਰਹਿਣੀ ਸਹਿਣੀ ਅਲੱਗ। ਸਾਡਾ ਅਕਾਲੀ ਦਲ ਜਦੋਂ ਦਾ ਇਸ ਲਾਈਨ ਤੇ ਆਇਆ ਅਸੀਂ ਵਖਰੇ ਹੋਏ ਅਤੇ ਅਸੀਂ ਆਪਣੀ ਬਰਾਦਰੀ ਅਲੈਹਦਾ ਕੀਤੀ, ਸਾਡੀ ਜ਼ਮੀਨ ਸਿਆੜ ਨਾਲ ਸਿਆੜ ਵੰਡੀ ਗਈ, ਮਰਲੇ, ਨਾਲ ਮਰਲਾ ਵੰਡਿਆ ਗਿਆ। ਇਸ ਤਰਾਂ ਕਦੇ ਨਹੀਂ ਕੰਮ ਚਲ ਸਕਣਾ। ਮੈਨੂੰ ਕੋਈ ਦਸੇ ਕਿ ਇਹ ਗੱਲ ਕਿਤੇ ਹੋਈ ਹੋਵੇ ਕਿ ਕਿਸੇ ਨੇ ਆਪਣੀ ਧੀ ਵਿਆਹੀ ਹੋਵੇ ਅਤੇ ਕਿਹਾ ਹੋਵੇ ਕਿ ਇਹ ਨਾਲ ਦਾ ਕਮਰਾ ਜਵਾਈ ਦਾ ਹੈ, ਜਾਂ ਕਿਸੇ ਨੇ ਇਸ ਤਰ੍ਹਾਂ ਧੀ ਵਿਆਹੀ ਹੋਵੇ ਅਤੇ ਅਜਿਹਾ ਕਿਹਾ ਹੋਵੇ ਕਿ ਇਹ ਛੱਤ ਧੀ ਦੀ, ਜਾਂ ਹੋਰ ਕਿਸੇ ਨੇ ਧੀ ਵਿਹਾਈ ਹੋਵੇ ਤੇ ਕਿਹਾ ਹੋਵੇ ਕਿ ਇਹ ਹੱਟੀ ਦਾ ਹਿੱਸਾ ਜਵਾਈ ਦਾ ਹੈ। ਮੈਂ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਨੇ ਮਾੜੀ ਭਾਵਨਾ ਨਾਲ ਜੱਟ ਦੀ ਜ਼ਮੀਨ ਵੰਡ ਕੇ ਜੱਟ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਅਤੇ ਇਹ ਬਿਲ ਬਣਾਇਆ ਗਿਆ। ਮੈਂ ਕਹਿੰਦਾ ਹਾਂ ਕਿ ਵਾਹਦ ਇਕ ਜਮਾਤ ਸੀ-ਅਕਾਲੀ ਦਲ-ਜਿਸ ਨੇ ਸੋਚਿਆ ਕਿ ਜੇ ਇਸ ਦੇ ਨਾਲ ਚਲਦੇ ਹਾਂ ਤਾਂ ਸਾਨੂੰ ਖਤਮ ਕਰ ਦਿਤਾ ਜਾਏਗਾ ਅਤੇ ਇਸ ਨੇ ਸਾਡੀ ਰਾਖੀ ਕਰਨ ਲਈ ਯਤਨ ਸ਼ੁਰੂ ਕੀਤੇ। ਪਰ ਉਨ੍ਹਾਂ ਨੇ ਭੈੜੀ ਭਾਵਨਾ ਕਰਕੇ ਇਹ ਬਿਲ ਲਾਗੂ ਕੀਤਾ ਅਤੇ ਇਹ ਸੋਚਿਆ ਕਿ ਕੋਈ ਐਸਾ ਸਿਸਟਮ ਅਪਨਾਓ ਜਿਸ ਨਾਲ ਜੰਮਦਿਆਂ ਹੀ ਭੈਣ ਭਰਾ ਦੇ ਪਿਆਰ ਦੀ ਭਾਵਨਾ ਖਤਮ ਹੋ ਜਾਵੇ, ਜੰਮਦਿਆਂ ਹੀ ਭਾਈ ਭੈਣ ਦਾ ਗਲਾ ਘੁੱਟ ਦੇਵੇ। ਅੱਜ ਜੱਟ ਦਾ ਜੀਵਨ ਬੜਾ ਮੁਸ਼ਕਲ ਵਿਚ ਹੈ। ਜੱਟ ਦੇ ਬੱਚੇ ਛੋਟੇ ਛੋਟੇ ਹੁੰਦੇ ਹਨ ਪਰ ਉਸ ਨੂੰ ਰਾਤ ਨੂੰ ਨੀਂਦ ਨਹੀਂ ਆਉਂਦੀ। ਉਹ ਸੋਚਦਾ ਹੈ ਕਿ ਮੈਂ ਕੀ ਕਰਾਂ। ਉਹ ਸ਼ਹਿਰਾਂ ਵਿਚ ਜਾਂਦਾ ਹੈ ਬਜਾਏ ਇਸ ਦੇ ਕਿ ਉਸ ਦੇ ਮਰਨ ਤੋਂ ਬਾਦ ਭੈਣ ਭਰਾ ਆਪਸ ਵਿਚ ਕੋਈ ਤਕਰਾਰ ਕਰਨ, ਉਹ ਅਸ਼ਟਾਮ ਪੇਪਰ ਖਰੀਦ ਕੇ ਕੋਰਟ ਵਿਚ ਵਕੀਲ ਕੋਲ ਜਾਂਦਾ ਹੈ ਅਤੇ ਵਸੀਅਤ ਕਰ ਦਿੰਦਾ ਹੈ। ਕਿਉਂਕਿ ਉਹ ਸੋਚਦਾ ਹੈ ਕਿ ਮੇਰੇ ਬੱਚੇ ਹਨ ਜੇ ਕਰ ਮੈਂ ਜਿਉਂਦੇ ਜੀ ਹੀ ਲਿਖਤ ਨਾ ਕਰਾਂ ਤਾਂ ਮੇਰੇ ਮਰਨ ਤੋਂ ਬਾਦ ਮੇਰੇ ਪਰੀਵਾਰ ਵਿਚ ਤਬਾਹੀ ਆ ਜਾਏਗੀ, ਇਹ ਸੋਚ ਕੇ ਉਸ ਦੀ ਨੀਂਦ ਹਰਾਮ ਹੋ ਜਾਂਦੀ ਹੈ। ਮੈਂ ਕਹਿੰਦਾ ਹਾਂ ਕਿ ਜਿਹੜਾ ਮਤਾ ਪੇਸ਼ ਕੀਤਾ ਗਿਆ ਹੈ ਇਸ ਨੂੰ ਸੈਂਟਰ ਦੀ ਸਰਕਾਰ ਨੂੰ ਪਾਸ ਕਰਕੇ ਭੇਜਿਆ ਜਾਵੇ ਤਾਂਕਿ ਘੱਟੋ ਘੱਟ ਪੰਜਾਬ ਦੇ ਲੋਕਾਂ ਨੂੰ ਤਾਂ ਇਹ ਮਹਿਸੂਸ ਹੋਵੇ ਕਿ ਸਾਡੀ ਹਮਦਰਦੀ ਉਨ੍ਹਾਂ ਦੇ ਨਾਲ ਹੈ ਅਤੇ ਸਾਡੀ ਅਕਾਲੀ ਸਰਕਾਰ ਪੁਰਜ਼ੋਰ ਸਿਫ਼ਾਰਸ਼ ਨਾਲ ਭੇਜੇ ਤਾਂਕਿ ਸਾਡੇ ਮਨ ਦੀ ਭਾਵਨਾ ਤਾਂ ਪੂਰਣ ਹੋਵੇ। ਅਸੀਂ ਇਸ ਬਾਰੇ ਲੋਕਾਂ ਨੂੰ ਵਿਸ਼ਵਾਸ ਦੇ ਕੇ ਆਏ ਹਾਂ (ਘੰਟੀ)

4.53 ਸ਼ਾਮ

(ਇਸ ਸਮੇਂ ਸਰਦਾਰ ਮਨਮੋਹਨ ਸਿੰਘ ਬਰਾੜ, ਮੈਂਬਰ, ਪੈਨਲ ਆਫ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

Original with;
Punjab Vidhan Sabha
Digitized by;
Panjab Digital Library

[ਸਰਦਾਰ ਸਵਰਣ ਸਿੰਘ]

ਚੇਅਰਮੈਨ ਸਾਹਿਬ, ਮੈਂ ਇਕ ਸੁਝਾ ਦੇਣਾ ਹੈ। ਜਿਸ ਤਰ੍ਹਾਂ ਸਾਡੇ ਕਾਲੀਆ ਸਾਹਿਬ ਨੇ ਕਿਹਾ ਹੈ ਜਾਂ ਮੇਰੇ ਹੋਰ ਸਜਣਾਂ ਨੇ ਵੀ ਕਿਹਾ ਹੈ ਕਿ ਜਿਹੜੀ ਲੜਕੀ ਵਿਆਹੀ ਹੈ ਉਸ ਦਾ ਸੋਹਰਿਆਂ ਦੇ ਘਰ ਵਿਚ ਵੀ ਤਾਂ ਉਸ ਦੇ ਹਸਬੈਂਡ ਦਾ ਹਿੱਸਾ ਹੈ। ਅਸੀਂ ਜੱਟ ਹਾਂ ਸਾਨੂੰ ਪਤਾ ਹੈ ਕਿ ਜਿਹੜੀ ਜ਼ਮੀਨ ਵੰਡੀ ਜਾਂਦੀ ਹੈ ਉਦੋਂ ਜੱਟ ਤੇ ਕੀ ਬੀਤਦੀ । ਉਨ੍ਹਾਂ ਸਜਣਾਂ ਨੇ ਕਿਹਾ ਹੈ ਕਿ ਮਾਪਿਆਂ ਦੇ ਵਾਰਸਾਂ ਵੱਲੋਂ ਲੜਕੀ ਲਈ ਇਹ ਗਰੰਟੀ ਹੋਣੀ ਚਾਹੀਦੀ ਹੈ ਕਿ ਜੇ ਕੋਈ ਦੁਰਘਟਨਾ ਹੋ ਜਾਏ ਤਾਂ ਉਸ ਨੂੰ ਪਾਲਣਾ ਉਨ੍ਹਾਂ ਲਈ ਲਾਜ਼ਮੀ ਹੋਵੇ। ਮੈਂ ਕਹਿੰਦਾ ਹਾਂ ਕਿ ਜਦੋਂ ਉਹ ਵਿਆਹੀ ਜਾਏਗੀ ਉਸ ਨੇ ਵੀ ਤਾਂ ਜਾ ਕੇ ਘਰ ਸੰਭਾਲਣਾ ਹੈ। ਉਸ ਦਾ ਵੀ ਤਾਂ ਇਕ ਘਰ ਹੋਵੇਗਾ ਔਰ ਉਸ ਦੇ ਹਸਬੈਂਡ ਦੀ ਜਾਇਦਾਦ ਦੀ ਮਾਲਕ ਹੋਵੇਗੀ, ਉਸ ਨੂੰ ਉਥੇ ਸਭ ਕੁੱਝ ਮਿਲੇਗਾ । ਇਹ ਇਕ ਟੈਕਨੀਕਲ ਗੱਲ ਹੈ । ਇਕ ਹੋਰ ਗੱਲ ਹੈ ਕਿ ਜਿਹੜਾ ਗਵਾਂਢੀ ਹੁੰਦਾ ਹੈ ਉਸ ਦੇ ਨਾਲ ਹੀ ਜੱਟਾਂ ਦੇ ਝਗੜੇ ਹੁੰਦੇ ਹਨ। ਕੋਈ ਘਰ ਛੱਡ ਕੇ ਦੂਜੇ ਘਰ ਵਾਲੇ ਨਾਲ ਨਹੀਂ ਲੜਦਾ। ਭਾਈ ਭਰਾਵਾਂ ਦੀਆਂ ਲੜਾਈਆਂ ਹੁੰਦੀਆਂ ਹਨ, ਝਗੜੇ ਹੁੰਦੇ ਹਨ। ਉਸ ਲੜਕੀ ਦਾ ਮਾਲਕ ਉਹ ਜ਼ਮੀਨ ਦਾ ਟੁਕੜਾ ਗਵਾਂਢੀ ਨੂੰ ਵੇਚ ਕੇ ਜਾਏਗਾ ਤਾਂ ਲੜਾਈ ਦੇ ਕਾਰਨ ਵਧ ਜਾਂਦੇ ਹਨ ਮਿਸਾਲ ਦੇ ਤੌਰ ਤੇ ਸਾਡਾ ਬਾਰਡਰ ਪਾਕਿਸਤਾਨ ਨਾਲ ਲਗਦਾ ਹੈ ਸਾਡੀ ਲੜਾਈ ਉਸ ਦੇ ਨਾਲ ਹੁੰਦੀ ਹੈ, ਦੂਜਾ ਬਾਰਡਰ ਚੀਨ ਨਾਲ ਲਗਦਾ ਹੈ, ਲੜਾਈ ਉਸ ਦੇ ਨਾਲ ਹੁੰਦੀ ਹੈ। ਕੋਈ ਦੂਜਾ ਮੁਲਕ ਉਠ ਕੇ ਸਾਡੇ ਨਾਲ ਲੜਾਈ ਕਰਨ ਲਈ ਨਹੀਂ ਆਉਂਦਾ । ਇਸ ਤਰ੍ਹਾਂ ਜ਼ਮੀਨ ਦੀ ਖਾਤਰ ਭਰਾ ਭਰਾ ਦੀ ਲੜਾਈ ਹੁੰਦੀ ਹੈ ਕੋਈ ਦੂਜੇ ਨਾਲ ਨਹੀਂ ਹੁੰਦੀ। ਮੈਂ ਕਹਿੰਦਾ ਹਾਂ ਕਿ ਸਾਨੂੰ ਉਸ ਸਰਕਾਰ ਨੇ ਬਰਬਾਦ ਕਰਨ ਦੀ ਸੋਚੀ ਹੋਈ ਸੀ। ਸਾਡੀ ਸੋਚ ਸ਼ਕਤੀ ਖਤਮ ਕਰਨ ਵਾਸਤੇ ਇਹ ਹਿੰਦੂ ਕੋਡ ਬਿਲ ਲਾਗੂ ਕੀਤਾ ਗਿਆ ਹੈ । ਮੈਂ ਇਸ ਮਤੇ ਦੀ ਪ੍ਰੋੜਤਾ ਕਰਦਾ ਹੋਇਆ ਇਹ ਬੇਨਤੀ ਕਰਦਾ ਹਾਂ ਕਿ ਸੈਂਟਰ ਦੀ ਸਰਕਾਰ ਕੋਲ ਬੇਨਤੀ ਕੀਤੀ ਜਾਏ ਅਤੇ ਆਪਣੇ ਵੱਲੋਂ ਕੋਸ਼ਿਸ਼ ਕੀਤੀ ਜਾਏ ਕਿ ਇਹ ਬਿਲ ਖਤਮ ਹੋਣਾ ਚਾਹੀਦਾ ਹੈ। ਇਹ ਸਾਡੇ ਨਾਲ ਧੱਕਾ ਹੈ। ਜਦੋਂ ਦੀ ਸਾਡੀ ਪਾਰਟੀਸ਼ਨ ਹੋਈ ਹੈ ਖਾਸ ਤੌਰ ਤੇ ਸਿੱਖ ਕੌਮ ਤੇ ਇਹ ਬਿਲ ਲਾਗੂ ਕੀਤਾ ਗਿਆ ਹੈ ਔਰ ਇਹ ਸਾਨੂੰ ਪਾੜਨ ਵਾਸਤੇ ਕੀਤਾ ਗਿਆ ਹੈ । ਚੇਅਰਮੈਨ ਸਾਹਿਬ, ਆਪ ਨੇ ਬੋਲਣ ਦਾ ਟਾਈਮ ਦਿਤਾ ਹੈ ਮੈਂ ਆਪ ਦਾ ਧੰਨਵਾਦ ਕਰਦਾ ਹਾਂ ਅਤੇ ਕਹਿੰਦਾ ਹਾਂ ਕਿ ਇਹ ਮਤਾ ਪਾਸ ਕਰਕੇ ਭੈਣ ਭਾਈ ਦੇ ਪਿਆਰ ਨੂੰ ਅਤੇ ਹਿੰਦੁਸਤਾਨ ਦੀ ਪ੍ਰੰਪਰਾ ਨੂੰ ਮੁੜ ਕੇ ਜਗਾਇਆ ਜਾਵੇ ਅਤੇ ਇਸ ਦਾ ਸਾਨੂੰ ਕਰੈਡਿਟ ਮਿਲੇਗਾ। ਧੰਨਵਾਦ ।

**ਜੱਥੇਦਾਰ ਉਜਾਗਰ ਸਿੰਘ ਸੇਖਵਾਂ** (ਕਾਹਨੂੰਵਾਂ): ਚੇਅਰਮੈਨ ਸਾਹਿਬ, ਇਹ ਜਿਹੜਾ ਮਤਾ ਆਇਆ ਹੈ ਮੈਂ ਇਸ ਦੀ ਪ੍ਰੋੜਤਾ ਕਰਨ ਵਾਸਤੇ ਖੜਾ ਹੋਇਆ ਹਾਂ । ਇਸ ਤੇ ਬਹੁਤੇ ਲੰਮੇ ਚੌੜੇ ਲੈਕਚਰਾਂ ਦੀ ਲੋੜ ਨਹੀਂ ਅਸੀਂ ਇਸ ਨੂੰ ਖਾਸ ਤੌਰ ਤੇ ਘੋਖ ਚੁਕੇ ਹਾਂ। ਸਾਡੀ ਖੁਸ਼ਕਿਸਮਤੀ ਹੈ ਕਿ ਸਰਦਾਰ ਪ੍ਰਕਾਸ਼ ਸਿੰਘ ਨੇ ਇਹ ਮਤਾ ਸਾਡੇ ਸਾਹਮਣੇ ਲਿਆਂਦਾ ਹੈ। ਇਹ ਬਿਲਕੁਲ ਛੋਟੀ ਜਿਹੀ ਗੱਲ ਹੈ । ਇਸ ਮਤੇ ਦੀ ਵਿਰੋਧਤਾ ਵਿਚ ਕਿਹਾ ਗਿਆ ਹੈ ਕਿ ਜਿਹੜੀ ਇਸਤਰੀ ਜਾਤੀ ਹੈ ਉਸ ਦੇ ਹਕ ਖੋਹਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ਅਤੇ ਉਸ ਦੇ ਹੱਕਾਂ ਤੇ ਛਾਪੇ ਮਾਰੇ ਜਾ ਰਹੇ ਹਨ, ਪਰ ਹਰ ਸਮਝਣ ਵਾਲੇ ਨੂੰ ਹੀ ਪਤਾ ਹੈ।

ਚੇਅਰਮੈਨ ਸਾਹਿਬ, ਸਵਾਲ ਤਾਂ ਇਹ ਹੈ ਕਿ ਇਸਤਰੀ ਜਾਤੀ ਨੂੰ ਝਗੜੇ ਵਿਚੋਂ ਬਚਾਇਆ ਜਾ ਰਿਹਾ ਹੈ । ਜਿਹੜੀ ਇਸਤਰੀ ਜਾਤੀ ਅਦਾਲਤਾਂ ਵਿਚ ਆਪਣੇ ਭਰਾਵਾਂ ਕੋਲੋਂ ਇਹ ਬਿਆਨ ਲੈ ਚੁੱਕੀ ਹੈ ਕਿ ਇਹ ਮੇਰੇ ਪਿਓ ਦੀ ਧੀ ਨਹੀਂ, ਇਹ ਪਿੱਛੋਂ ਆਈ ਹੈ, ਇਸ ਤਰ੍ਹਾਂ ਦੇ ਇਕ ਨਹੀਂ

Original with;
Punjab Vidhan Sabha
Digitized by;
Panjab Digital Library

ਹਜ਼ਾਰਾਂ ਕੇਸ ਅਦਾਲਤਾਂ ਵਿਚ ਹਨ। ਉਥੇ ਲਿਖ ਕੇ ਦਿੱਤਾ ਗਿਆ ਹੈ ਕਿ ਇਹ ਸਾਡੇ ਪਿਓ ਦੀ ਧੀ ਨਹੀਂ ਕੀ ਇਸ ਤਰ੍ਹਾਂ ਦੇ ਮੁਕੱਦਮੇ ਅੱਜ ਨਹੀਂ ਚੱਲ ਰਹੇ ? ਸਮਾਜ ਦੇ ਅੰਦਰ ਇਸ ਨਾਲ ਖਰਾਬੀਆਂ ਪੈਦਾ ਹੋਈਆਂ ਹਨ। ਫਿਰ ਵੀ ਇਸ ਮਤੇ ਤੇ ਬਹਿਸ ਹੋਵੇ ਕਿ ਇਹ ਠੀਕ ਨਹੀਂ, ਇਸ ਦਾ ਮੈਨੂੰ ਬੜਾ ਅਫ਼ਸੋਸ ਹੈ।

ਚੇਅਰਮੈਨ ਸਾਹਿਬ, ਦੂਸਰੀ ਗੱਲ ਇਹ ਹੈ ਕਿ ਅਦਾਲਤਾਂ ਵਿਚ ਮੁਕੱਦਮੇ ਚਲਦੇ ਹਨ ਤਲਾਕ ਦੇ, ਖਰਚੇ ਦੇ। ਜੇ ਕਿਸੇ ਲੜਕੀ ਨੂੰ ਤਲਾਕ ਦਿੱਤਾ ਜਾਂਦਾ ਹੈ ਤਾਂ ਉਸ ਦੇ ਮਾਂ ਬਾਪ ਇੰਜ ਕਹਿੰਦੇ ਹਨ ਕਿ ਸਾਡੀ ਲੜਕੀ ਨੂੰ ਧੱਕੇ ਮਾਰੇ ਜਾ ਰਹੇ ਹਨ। ਉਹ ਦਾਅਵੇ ਕਰਦੇ ਹਨ ਕਿ ਉਸਨੂੰ ਖਰਚ ਦਿੱਤਾ ਜਾਵੇ। ਇਸ ਕਿਸਮ ਦੇ ਮੁਕੱਦਮੇ ਅਦਾਲਤਾਂ ਵਿਚ ਪਹਿਲਾਂ ਹੀ ਚਲਦੇ ਹਨ। ਇਥੇ ਤਕਰੀਰਾਂ ਹੋਈਆਂ ਹਨ ਕਿ ਇਸਤਰੀ ਜਾਤੀ ਨੂੰ ਜਾਇਦਾਦ ਤੋਂ ਵਾਂਝਿਆ ਰੱਖਿਆ ਜਾ ਰਿਹਾ ਹੈ, ਇਸ ਦਾ ਮੂਲ-ਮੁੱਦਾ ਕੱਖ ਵੀ ਨਹੀਂ। ਅਗਰ ਸਮਾਜ ਵਿੱਚ ਕੋਈ ਕਾਨੂੰਨ ਗਲਤ ਬਣਦਾ ਹੈ ਤਾਂ ਉਸ ਦਾ ਅਸਰ ਸਮਾਜ ਤੇ ਬੁਰਾ ਪੈਂਦਾ ਹੈ। ਜਿਹੜੇ ਲੋਕ ਅੱਜ ਅਸੰਬਲੀ ਵਿਚ ਚੁਣ ਕੇ ਆਏ ਹਨ, ਉਨ੍ਹਾਂ ਦਾ ਮਨ ਇਹ ਕਹਿੰਦਾ ਹੈ ਕਿ ਇਸ ਤਰ੍ਹਾਂ ਦੇ ਮਤੇ ਇਥੇ ਪੇਸ਼ ਕੀਤੇ ਜਾਣ ਅਤੇ ਪਾਸ ਕੀਤੇ ਜਾਣ ਤਾਂ ਕਿ ਜਿਨ੍ਹਾਂ ਗਲਤ ਕਾਨੂੰਨਾਂ ਨਾਲ ਸਮਾਜ ਵਿਚ ਖਰਾਬੀ ਵੱਧੀ ਹੈ ਉਹ ਘੱਟੇ। ਕਾਨੂੰਨ ਵਿਚ ਤਰਮੀਮਾਂ ਕੀਤੀਆਂ ਜਾਣ। ਮੈਂ ਕਹਿੰਦਾ ਹਾਂ ਕਿ ਕਿਸੇ ਮੇਰੇ ਵੀਰ ਨੂੰ ਇਹ ਭੁਲੇਖਾ ਨਹੀਂ ਕਿ ਅੱਜ ਵੀ ਅਦਾਲਤਾਂ ਵਿਚ ਕੇਸ ਚਲਦੇ ਹਨ। ਇਹ ਲੜਾਈ ਝਗੜਾ ਇਥੇ ਹੀ ਬੱਸ ਨਹੀਂ ਹੁੰਦਾ। ਜਿਹੜੀ ਲੜਕੀ ਆਪਣੇ ਸੌਹਰੇ ਜਾਣ ਤੋਂ ਬਾਅਦ ਇਸ ਕਾਨੂੰਨ ਮੁਤਾਬਿਕ ਆਪਣੇ ਭਰਾਵਾਂ ਨਾਲ ਜ਼ਮੀਨ ਜਾਇਦਾਦ ਵਿੱਚ ਹਿੱਸਾ ਲੈਂਦੀ ਹੈ, ਉਸਦੀ ਜਾਇਦਾਦ ਉਸ ਦੇ ਬਾਅਦ ਉਸ ਦੀਆਂ ਧੀਆਂ ਤੇ ਪੁੱਤਰਾਂ ਨੂੰ ਪਾਸ ਆਨ ਹੁੰਦੀ ਹੈ। ਤੁਸੀਂ ਹਿਸਾਬ ਲਾਓ। ਇਕ ਕਿੱਲਾ ਜ਼ਮੀਨ ਦੀ ਮਾਲਕੀ ਪਹਿਲਾਂ ਭਰਾਵਾਂ ਨਾਲ ਉਹ ਵੰਡਾਉਂਦੀ ਹੈ। ਫਿਰ ਦੋਤਿਆਂ ਅਤੇ ਪੋਤਿਆਂ ਵਿੱਚ ਵੰਡੀ ਜਾਂਦੀ ਹੈ। ਕਿਸ ਤਰ੍ਹਾਂ ਸਮਾਜ ਨੂੰ ਚੀਰ ਕੇ ਇਨ੍ਹਾਂ ਨੇ ਰੱਖਿਆ ਹੈ। ਇਸ ਜ਼ਮੀਨ ਵਿਚੋਂ ਕਿਸਾਨ ਸਾਰੇ ਦੇਸ਼ ਨੂੰ ਰੋਟੀ ਕਮਾ ਕੇ ਦਿੰਦਾ ਹੈ। ਕਿਸਾਨ ਅੱਜ ਇਸ ਗੱਲ ਲਈ ਮੁਬਾਰਕਬਾਦ ਦਾ ਹੱਕਦਾਰ ਹੈ ਕਿਉਂਕਿ ਹੁਣ ਸਾਨੂੰ ਅੰਨ ਲਈ ਕਿਸੇ ਦੂਸਰੇ ਦੇਸ਼ ਅੱਗੇ ਹੱਥ ਨਹੀਂ ਅੱਡਣੇ ਪੈਂਦੇ। ਅੱਜ ਦੁਨੀਆਂ ਦੇ ਦੂਸਰੇ ਦੇਸ਼ਾਂ ਦੀਆਂ ਨਜ਼ਰਾਂ ਭਾਰਤ ਤੇ ਲੱਗੀਆਂ ਹਨ। ਉਹ ਚਾਹੁੰਦੇ ਹਨ ਕਿ ਭਾਰਤ ਸਾਨੂੰ ਅੰਨ ਦੇਵੇ। ਵਰਲਡ ਬੈਂਕ ਕੋਲ ਪਾਕਿਸਤਾਨ ਵਾਲੇ ਅੰਨ ਲੈਣ ਲਈ ਗਏ। ਵਰਲਡ ਬੈਂਕ ਵਾਲਿਆਂ ਨੇ ਕਿਹਾ ਕਿ ਅੰਨ ਮਿਲੇਗਾ ਤਾਂ ਜ਼ਰੂਰ ਪਰ ਹਿੰਦੁਸਤਾਨ ਕੋਲੋਂ। ਮੈਂ ਕੁੱਝ ਅਖਬਾਰਾਂ ਵਿਚ ਵੀ ਇਹ ਖਬਰਾਂ ਪੜ੍ਹੀਆਂ ਹਨ ਕਿ ਪਾਕਿਸਤਾਨ ਵਾਲੇ ਸੋਚਦੇ ਹਨ ਕਿ ਜਿਹੜਾ ਸਾਡਾ ਦੁਸ਼ਮਨ ਦੇਸ਼ ਹੈ, ਜਿਸਦੇ ਨਾਲ ਅਸੀਂ ਲੜਦੇ ਹਾਂ ਅੱਜ ਅਸੀਂ ਉਸ ਦਾ ਕਮਾਇਆ ਅੰਨ ਖਾਵਾਂਗੇ ? ਲੇਕਿਨ ਜੇ ਭੁੱਖ ਲੱਗੀ ਹੈ ਤਾਂ ਸਾਡਾ ਕਮਾਇਆ ਅੰਨ ਜ਼ਰੂਰ ਖਾਵੇਗਾ। ਵਰਲਡ ਬੈਂਕ ਸਾਡੇ ਕਿਸਾਨ ਦਾ ਪੈਦਾ ਕੀਤਾ ਹੋਇਆ ਅੰਨ ਲੈ ਕੇ ਪਾਕਿਸਤਾਨ ਅਤੇ ਹੋਰ ਦੂਜੇ ਦੇਸ਼ਾਂ ਨੂੰ ਖਵਾਏਗਾ। ਅੱਜ ਅਸੀਂ ਉਸ ਕਿਸਾਨ ਨੂੰ ਤਕੜਾ ਕਰਨਾ ਹੈ ਜਾਂ ਇਨ੍ਹਾਂ ਝਗੜਿਆਂ ਵਿਚ ਪਾ ਕੇ ਉਸ ਨੂੰ ਕਮਜ਼ੋਰ ਕਰਨਾ ਹੈ। ਸਾਡੇ ਦੇਸ਼ ਵਿਚ ਤਾਂ ਸਿਰਫ ਜ਼ਮੀਨ ਹੀ ਹੈ। ਚਾਹੇ ਅਸੀਂ ਜ਼ਮੀਨ ਵਿੱਚ ਬਾਗਵਾਨੀ ਲਾਈਏ, ਚਾਹੇ ਫਰੂਟ ਪੈਦਾ ਕਰੀਏ, ਸਬਜ਼ੀਆਂ, ਦਾਲਾਂ ਪੈਦਾ ਕਰੀਏ ਚਾਹੇ ਫੱਲਦਾਰ ਦਰਖਤ ਲਾਈਏ ਅਤੇ ਚਾਹੇ ਅਨਾਜ ਪੈਦਾ ਕਰੀਏ। ਚਾਹੇ ਦੁੱਧ ਅਤੇ ਘਿਓ ਵਾਲੀਆਂ ਚੀਜ਼ਾਂ ਪੈਦਾ ਕਰੀਏ। ਹਿੰਦੁਸਤਾਨ ਵਿੱਚ ਇਹ ਇਕੱਲੀ ਜ਼ਮੀਨ ਹੈ। ਨਾ ਸਾਡੇ ਕੋਲ ਵਾਧੂ ਮਿੱਟੀ ਦਾ ਤੇਲ ਹੈ ਜਿਹੜਾ ਕਿ ਅਸੀਂ ਵੇਚ ਦੇਈਏ ਅਤੇ ਲੋਕਾਂ ਨੂੰ ਰੋਟੀ ਖਵਾਈਏ। ਨਾ ਸਾਡੇ ਕੋਲ

Original with;
Punjab Vidhan Sabha
Digitized by;
Panjab Digital Library

[ਜੱਥੇਦਾਰ ਉਜਾਗਰ ਸਿੰਘ ਸੇਖਵਾਂ]

ਕੋਲਾ ਵਾਧੂ ਹੈ ਜਿਹੜਾ ਕਿ ਅਸੀਂ ਦੇਸ਼ ਵਿੱਚੋਂ ਬਾਹਰ ਭੇਜ ਕੇ ਉਹ ਚੀਜ਼ਾਂ ਲੈ ਸਕੀਏ ਜਿਨ੍ਹਾਂ ਦੀ ਸਾਡੇ ਲੋਕਾਂ ਨੂੰ ਜ਼ਰੂਰਤ ਹੈ। ਨਾ ਸਾਡੇ ਕੋਲ ਕੀਮਤੀ ਧਾਤਾਂ ਹਨ ਜਿਵੇਂ ਸੋਨਾ, ਚਾਂਦੀ, ਜਿਨ੍ਹਾਂ ਨੂੰ ਵੇਚ ਕੇ ਅਸੀਂ ਧੰਨ ਕਮਾ ਕੇ ਲੋਕਾਂ ਨੂੰ ਰੋਟੀ ਖਵਾ ਸਕੀਏ। ਹਿੰਦੁਸਤਾਨ ਦੇ ਕੋਲ ਇਕੱਲੀ ਜ਼ਮੀਨ ਹੈ। ਇਹੀ ਸਾਧਨ ਹੈ ਸਾਡੇ ਕੋਲ। ਜੇ ਅਸੀਂ ਇਸ ਦੇਸ਼ ਨੂੰ ਉਤੇ ਚੁਕਣਾ ਹੈ ਤਾਂ ਇਹ ਜ਼ਮੀਨ ਦੀਆਂ ਜਿਹੜੀਆਂ ਖਰਾਬੀਆਂ ਹਨ ਇਹ ਠੀਕ ਨਹੀਂ। ਜੇ ਇਸ ਦੇਸ਼ ਨੇ ਸਿਖਰਾਂ ਛੋਹਣੀਆਂ ਹਨ, ਸੰਸਾਰ ਦੀ ਕਚਿਹਰੀ ਵਿੱਚ ਨਾਮਣਾ ਖਟਣਾ ਹੈ ਤਾਂ ਇਹ ਅਸੀਂ ਇਸ ਧਰਤੀ ਦੇ ਸਿਰ ਤੇ ਖਟ ਸਕਦੇ ਹਾਂ। ਜ਼ਮੀਨ ਤੋਂ ਸਿਵਾਏ ਸਾਡਾ ਕੋਈ ਹੋਰ ਸਾਧਨ ਨਹੀਂ। ਇਹ ਜਿਹੜਾ ਮਤਾ ਸਰਦਾਰ ਪ੍ਰਕਾਸ਼ ਸਿੰਘ ਮਜੀਠਾ ਨੇ ਪੇਸ਼ ਕੀਤਾ ਹੈ, ਇਹ ਠੀਕ ਹੈ। ਮੈਂ ਕਾਲੀਆ ਜੀ ਨੂੰ ਵੀ ਸੁਣਿਆ ਹੈ। ਮੈਨੂੰ ਉਨ੍ਹਾਂ ਨਾਲ ਇਤਫਾਕ ਹੈ ਕਿ ਹੋਰ ਵੀ ਕਈ ਕਾਨੂੰਨ ਲੋਕਾਂ ਦੀ ਜ਼ਿੰਦਗੀ ਵਿਚ ਰੁਕਾਵਟਾਂ ਪਾਉਂਦੇ ਹਨ ਅਤੇ ਉਹ ਵੀ ਬਦਲਣੇ ਚਾਹੀਦੇ ਹਨ। ਇਥੇ ਅੰਨਿਆਂ ਲੋਕਾਂ ਨੇ ਕਾਨੂੰਨ ਬਣਾਏ। ਲੋਕਾਂ ਦਾ ਮੁਫਾਦ ਨਹੀਂ ਸੋਚਿਆ। ਸਟੇਟ ਦੇ ਹਾਲਾਤ ਨੂੰ ਸਾਹਮਣੇ ਨਹੀਂ ਰਖਿਆ। ਸੈਂਟਰ ਤੋਂ ਜੋ ਚਿੱਠੀ ਆ ਗਈ ਉਸ ਤੇ ਹੀ ਅਮਲ ਕਰ ਦਿੱਤਾ। ਜਦੋਂ ਹਿੰਦੂ ਕੋਡ ਬਿਲ ਸੈਂਟਰ ਵਿਚ ਪਾਸ ਕੀਤਾ ਗਿਆ ਸੀ ਤਾਂ ਚਾਹੀਦਾ ਇਹ ਸੀ ਕਿ ਉਹ ਪੰਜਾਬ ਦੇ ਲੋਕਾਂ ਨੂੰ ਪੁੱਛਦੇ ਕਿ ਅਸੀਂ ਐਸਾ ਕਾਨੂੰਨ ਭਾਰਤ ਵਿਚ ਬਣਾਉਣਾ ਚਾਹੁੰਦੇ ਹਾਂ, ਪੰਜਾਬ ਦੇ ਲੋਕੋ ਤੁਹਾਨੂੰ ਕੀ ਇਹ ਠੀਕ ਹੈ ? ਪੰਜਾਬ ਦੇ ਲੋਕ ਆਪਣੇ ਆਪ ਦੱਸਦੇ ਕਿ ਇਸ ਦੇ ਨਾਲ ਸਾਡੇ ਵਿੱਚ ਇਹ ਖਰਾਬੀਆਂ ਪੈਣੀਆਂ ਹਨ। ਕਾਨੂੰਨ ਉਤੇ ਬਣ ਗਿਆ। ਉਸ ਦੀਆਂ ਚਿੱਠੀਆਂ ਸਟੇਟਾਂ ਵਿਚ ਆ ਗਈਆਂ ਅਤੇ ਇਹ ਸਟੇਟਾਂ ਤੇ ਲਾਗੂ ਹੋ ਗਿਆ। ਜਿਨ੍ਹਾਂ ਲੋਕਾਂ ਦੇ ਅਧਿਕਾਰਾਂ ਤੇ ਛਾਪਾ ਪਿਆ ਜਿਨ੍ਹਾਂ ਦੀਆਂ ਭੈਣਾਂ ਨੂੰ ਭਰਾਵਾਂ ਨੇ ਬਦਕਾਰ ਕਿਹਾ ਅਤੇ ਕਿਹਾ ਕਿ ਇਹ ਪਿੱਛੋਂ ਆਈਆਂ ਹਨ, ਇਸ ਤਰ੍ਹਾਂ ਦੇ ਝਗੜੇ ਪਏ। ਕਈ ਭਰਾਵਾਂ ਨੇ ਭੈਣਾਂ ਮਾਰ ਦਿੱਤੀਆਂ, ਕੋਈ ਭੈਣਾਂ ਨੇ ਭਰਾ ਮਾਰ ਦਿੱਤੇ। ਸਾਡੀ ਹਿੰਦੁਸਤਾਨ ਦੀ ਸਭਿਅਤਾ ਵਿਚ ਇਹ ਤਾਰੀਖ ਮੌਜੂਦ ਹੈ ਕਿ ਲੋਕ ਆਪਣੀਆਂ ਕੁੜੀਆਂ ਜੰਮਣ ਤੇ ਉਨ੍ਹਾਂ ਦਾ ਗਲਾ ਇਸ ਕਰਕੇ ਘੁੱਟ ਦਿੰਦੇ ਸਨ ਕਿਉਂਕਿ ਉਹ ਸੋਚਦੇ ਸਨ ਕਿ ਇਸਨੇ ਕਮਾ ਕੇ ਕੁਝ ਨਹੀਂ ਦੇਣਾ। ਸੋਭੀ ਭੂਆ ਦੀਆਂ ਕਹਾਣੀਆਂ ਫਿਰ ਸ਼ੁਰੂ ਹੋ ਗਈਆਂ। ਪਿੰਡਾਂ ਵਿਚ ਪਹਿਲਾਂ ਇੱਕ ਸੋਭੀ ਭੂਆ ਹੁੰਦੀ ਸੀ। ਜਦੋਂ ਕਿਸੇ ਨੂੰ ਪਤਾ ਲਗਣਾ ਕਿ ਕੁੜੀ ਜੰਮੀ ਹੈ ਤਾਂ ਉਸ ਨੂੰ ਬੁਲਾ ਲੈਣਾ। ਉਸ ਨੇ ਗੁੜ੍ਹਤੀ ਦੇਣ ਲਗਿਆਂ ਉਸ ਨੂੰ ਮਾਰ ਦੇਣਾ ਅਤੇ ਕਹਿਣਾ ਕਿ ਜੰਮੀ ਹੀ ਮਰੀ ਹੋਈ ਸੀ। ਇਹ ਰਿਵਾਜ ਇਸ ਕਾਨੂੰਨ ਨੇ ਮੁੜ ਕੇ ਸ਼ੁਰੂ ਕਰ ਦਿੱਤਾ। ਝੱਗੜੇ ਪੈਦਾ ਹੋਏ, ਮੁਕੱਦਮੇ ਹੋਏ। ਭਰਾ ਕਹਿੰਦੇ ਸਨ ਕਿ ਭੈਣਾਂ ਨੂੰ ਮਾਰ ਦਿਓ, ਨਹੀਂ ਤਾਂ ਕੱਲ ਨੂੰ ਇਹ ਹਿੱਸਾ ਵੰਡਾਉਣਗੀਆਂ। ਇਸ ਮਤੇ ਦੇ ਹੱਕ ਵਿਚ ਬਹੁਤ ਸਾਰੀਆਂ ਦਲੀਲਾਂ ਹਨ। ਪਰ ਮੈਂ ਬਹੁਤਾ ਲੰਮਾ ਇਸ ਨੂੰ ਨਹੀਂ ਲਿਜਾਣਾ ਚਾਹੁੰਦਾ। ਇਸ ਕਾਰਣ ਬਹੁਤ ਗਿਣਤੀ ਵਿਚ ਮੁਕਦਮੇ ਬਣੇ ਹਨ। ਪੰਜਾਬ ਦੀਆਂ ਅਦਾਲਤਾਂ ਅੰਦਰ ਇਸ ਕਿਸਮ ਦੇ ਝਗੜੇ ਤੁਹਾਨੂੰ ਸੈਂਕੜੇ ਨਹੀਂ, ਹਜ਼ਾਰਾਂ ਦੀ ਤਾਦਾਦ ਵਿਚ ਮਿਲਣਗੇ। ਇਸੇ ਕਾਨੂੰਨ ਦੀ ਖਰਾਬੀ ਕਾਰਣ ਸਮਾਜ ਨੂੰ ਥੱਲੇ ਲਿਆਂਦਾ ਗਿਆ ਹੈ। ਗਰੀਬ ਕਿਸਾਨਾਂ ਨੂੰ ਮੁਸੀਬਤਾਂ ਵਿਚ ਫਸਾਇਆ ਗਿਆ ਹੈ। ਐਡੀ ਛੋਟੀ ਤਰਮੀਮ ਲਿਆਉਣ ਨਾਲ ਜਿਹੜੇ ਔਰਤਾਂ ਦੇ ਖਰਚ ਆਦਿ ਦੇ ਦਾਅਵੇ ਅਦਾਲਤਾਂ ਵਿਚ ਹਨ ਉਹ ਮੁੱਕ ਜਾਣਗੇ। ਉਹ ਔਰਤ ਆਪਣੇ ਪਤੀ ਦੀ ਜਾਇਦਾਦ ਵਿਚ ਮਾਲਕ ਬਣ ਜਾਏਗੀ। ਇਸ ਦਾ ਹੱਲ ਸਾਫ ਨਿਕਲ ਆਵੇਗਾ। ਲੜਕੀ ਦੀ ਜ਼ਿੰਦਗੀ ਕਿੱਥੇ ਮੁਕਣੀ ਹੈ। ਜੇ ਇਹ ਪੇਕਿਆਂ ਦੇ ਘਰ ਮੁਕਣੀ ਹੈ ਫਿਰ ਤਾਂ ਪਿਉ ਦੀ ਜਾਇਦਾਦ ਵਿਚ ਉਸਦਾ ਹਿਸਾ ਹੋਣਾ ਚਾਹੀਦਾ ਹੈ। ਪਰ ਜੇ ਉਸ ਦੀ ਜ਼ਿੰਦਗੀ ਆਪਣੇ ਪਤੀ ਔਰ ਸੌਹਰਿਆਂ ਦੇ ਘਰ ਮੁਕਣੀ ਹੈ ਤਾਂ ਫਿਰ ਜਾਇਦਾਦ ਦੀ ਭਾਈਵਾਲੀ ਉਥੇ ਹੋਣੀ ਚਾਹੀਦੀ ਹੈ। ਉਥੇ ਉਸ ਨੂੰ ਮਾਲਕ ਬਣਾਉਣਾ ਚਾਹੀਦਾ ਹੈ। ਜਿਹੜਾ ਪਤੀ ਖਰਾਬ ਹੈ ਅਤੇ ਫਿਟਿਆ

Original with;
Punjab Vidhan Sabha
Digitized by;
Panjab Digital Library

ਹੋਇਆ ਹੈ, ਉਹ ਔਰਤ ਉਸ ਦੀ ਜਾਇਦਾਦ ਵਿੱਚੋਂ ਹਿੱਸਾ ਵੰਡਾ ਲਵੇਗੀ। ਇਸ ਨਾਲ ਅਜਿਹੇ ਪਤੀ ਵੀ ਠੀਕ ਹੋ ਜਾਣਗੇ ਮੈਂ ਇਸ ਹਾਊਸ ਅੰਦਰ ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਸ ਮਤੇ ਨੂੰ ਵੱਡੇ ਮਨ ਨਾਲ ਸੋਚ ਕੇ ਪੇਂਡੂ ਸਮਾਜ ਅਤੇ ਕਿਸਾਨੀ ਸਮਾਜ ਦਾ ਭਲਾ ਸੋਚ ਕੇ ਪਾਸ ਕਰਨਾ ਚਾਹੀਦਾ ਹੈ। ਕਿਸਾਨੀ ਸਮਾਜ ਵਿਚ ਜਿਹੜੀਆਂ ਤਰੇੜਾਂ ਪਈਆਂ ਹਨ ਉਨ੍ਹਾਂ ਨੂੰ ਬੰਦ ਕਰਨ ਵਾਸਤੇ ਇਹ ਮਤਾ ਪਾਸ ਕਰਕੇ ਸੈਂਟਰ ਦੀ ਸਰਕਾਰ ਨੂੰ ਸਿਫਾਰਸ਼ ਕਰਨੀ ਨਿਹਾਇਤ ਜ਼ਰੂਰੀ ਹੈ। ਮੈਂ ਸਰਦਾਰ ਪ੍ਰਕਾਸ਼ ਸਿੰਘ ਮਜੀਠਾ ਦਾ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਇਹ ਮਤਾ ਇਥੇ ਲਿਆਂਦਾ ਹੈ। ਇਤਨਾ ਕਹਿੰਦ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

**ਸ੍ਰੀ ਹਰਬੰਸ ਲਾਲ ਖੰਨਾ** (ਅੰਮ੍ਰਿਤਸਰ ਉੱਤਰ): ਚੇਅਰਮੈਨ ਸਾਹਿਬ, ਸਰਦਾਰ ਪ੍ਰਕਾਸ਼ ਸਿੰਘ ਮਜੀਠਾ ਨੇ ਜਿਹੜਾ ਮਤਾ ਇਥੇ ਰੱਖਿਆ ਹੈ ਮੈਂ ਉਸ ਦੀ ਸਪੋਰਟ ਵਿਚ ਆਪ ਜੀ ਦੇ ਧਿਆਨ ਦੇ ਵਿਚ ਕੁੱਝ ਗੱਲਾਂ ਲਿਆਉਣਾ ਚਾਹੁੰਦਾ ਹਾਂ। ਇਸ ਮਤੇ ਦੀ ਜਿਹੜੀ ਭਾਵਨਾ ਹੈ ਮੈਂ ਉਸ ਨਾਲ ਬਹੁੱਤ ਸਹਿਮਤ ਹਾਂ ਹਿੰਦੁਸਤਾਨ ਦੀ ਇਕ ਟਰੇਡੀਸ਼ਨ ਰਹੀ ਹੈ ਜਿਸ ਨੇ ਕਿ ਦੁਨੀਆਂ ਵਿਚ ਆਪਣੀ ਧਾਂਕ ਬਿਠਾਈ ਹੈ ਮੈਂ ਉਸ ਦੇ ਰੈਫਰੈਂਸ ਵਿਚ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ। 1853 ਵਿਚ ਇਕ ਇੰਟਰਨੈਸ਼ਨਲ ਆਲ ਰਿਲੀਜਨਜ਼ ਵਰਲਡ ਕਾਨਫਰੰਸ ਹੋਈ ਸੀ ਸ਼ਿਕਾਗੋ ਵਿੱਚ। ਉਸ ਵਕਤ ਦੀ ਉਹ ਸੱਭ ਤੋਂ ਵੱਡੀ ਗੈਦਰਿੰਗ ਸੀ। ਉਸ ਸਮੇਂ ਦੁਨੀਆਂ ਵਿਚ ਇਸਾਈ ਮੱਤ ਦਾ ਬਹੁਤ ਜ਼ਿਆਦਾ ਪ੍ਰਚਾਰ ਸੀ। ਚੇਅਰਮੈਨ ਵੀ ਉਸ ਕਾਨਫਰੰਸ ਦਾ ਇਸਾਈ ਸੀ। ਭਾਰਤ ਵੱਲੋਂ ਉਥੇ ਸਵਾਮੀ ਵਿਵੇਕਾਨੰਦ ਗਏ। ਉਨ੍ਹਾਂ ਨੂੰ ਟਾਈਮ ਨਹੀਂ ਦਿੱਤਾ ਗਿਆ। ਬਾਅਦ ਵਿਚ ਚੇਅਰਮੈਨ ਨੇ ਕਿਹਾ ਕਿ ਅਗਰ ਕੋਈ ਸੱਜਣ ਕੁਝ ਕਹਿਣਾ ਚਾਹੁੰਦਾ ਹੈ ਤਾਂ ਉਹ ਦੋ ਮਿੰਟਾਂ ਲਈ ਬੋਲ ਸਕਦਾ ਹੈ। ਸਵਾਮੀ ਵਿਵੇਕਾ ਨੰਦ ਉਥੇ ਹਿੰਦੁਸਤਾਨ ਦੇ ਕਲਚਰ ਨੂੰ ਪ੍ਰਜੈਕਟ ਕਰਨ ਵਾਸਤੇ ਗਏ ਸਨ ਸੀ। ਉਸ ਸਮੇਂ ਹਰ ਆਦਮੀ ਸਟੇਜ ਤੇ ਆ ਕੇ ਕਹਿੰਦਾ ਸੀ 'ਲੇਡੀਜ਼ ਐਂਡ ਜੈਂਟਲਮੈਨ' ਇਸ ਮਹਾਂਪੁਰਸ਼ ਨੇ, ਜਿਹੜਾ ਕਿ ਹਿੰਦੁਸਤਾਨ ਦੀ ਪ੍ਰੰਪਰਾ ਨੂੰ ਰਿਪਰਜ਼ੰਟ ਕਰਨ ਵਾਸਤੇ ਗਿਆ ਸੀ, ਕਿਹਾ 'ਭੈਣੋ ਅਤੇ ਭਰਾਵੋ' 'ਸਿਸਟਰਜ਼ ਐਂਡ ਬਰਾਦਰਜ਼'। ਇਹ ਸ਼ਬਦ ਕਹਿੰਦਿਆਂ ਹੀ ਜਿਸ ਸ਼ਖਸ ਨੂੰ ਦੋ ਮਿੰਟ ਸਿਰਫ ਬੋਲਣ ਵਾਸਤੇ ਮਿਲੇ ਸਨ ਉਸਦੀ ਪੰਜ ਮਿੰਟ ਕਲੈਪਿੰਗ ਹੁੰਦੀ ਰਹੀ ਅਤੇ ਉਹ ਆਦਮੀ ਡੇਢ ਘੰਟਾ ਉਥੇ ਬੋਲਿਆ। ਉਹ ਸਾਰੇ ਅਮਰੀਕਾ ਦੇ ਵਿੱਚ ਛਾਅ ਗਿਆ। ਮੇਰਾ ਕਹਿਣ ਦਾ ਭਾਵ ਇਹ ਸੀ ਕਿ ਉਸ ਨੇ ਹਿੰਦੁਸਤਾਨ ਦੇ ਕਲਚਰ ਨੂੰ ਉਥੇ ਪ੍ਰਜੈਕਟ ਕੀਤਾ। ਹਿੰਦੁਸਤਾਨ ਦਾ ਕਲਚਰ, ਹਿੰਦੁਸਤਾਨ ਦੀ ਸਭਿਅਤਾ ਕੀ ਹੈ? ਇਥੋਂ ਦੀਆਂ ਟਰੈਡੀਸ਼ਨਜ਼ ਕੀ ਹਨ? ਇਥੇ ਭੈਣ ਅਤੇ ਭਰਾ ਦਾ ਰਿਲੇਸ਼ਨ ਬੜਾ ਅਟੁੱਟ ਹੈ। ਇਸ ਨੂੰ ਕਾਨੂੰਨ ਦਾ ਦਰਿਆ ਤੋੜ ਨਹੀਂ ਸਕਦਾ। ਹਿੰਦੁਸਤਾਨ ਦੀ ਕੌਮ ਨੇ, ਹਿੰਦੁਸਤਾਨ ਦੇ ਵੀਰਾਂ ਨੇ ਇਹ ਅਟੁੱਟ ਸਬੰਧ ਵਾਸਤੇ ਕੀ ਕੀਤਾ ਹੈ ?

ਇਤਹਾਸ ਦੱਸਦਾ ਹੈ ਕਿ ਪੋਰਸ ਔਰ ਸਿਕੰਦਰ ਦਾ ਜੰਗ ਹੋਇਆ, ਪੋਰਸ ਨੂੰ ਵੇਖ ਕੇ ਸਕੰਦਰ ਦੇ ਇਕ ਏਜੰਟ ਨੇ ਜਿਹੜੀ ਕਿ ਲੜਕੀ ਸੀ ਪੋਰਸ ਦੇ ਹੱਥ ਉਤੇ ਰਕਸ਼ਾ ਬੰਧਨ ਕਰ ਦਿੱਤਾ ਔਰ ਰਕਸ਼ਾ ਬੰਧਨ ਦਾ ਮਤਲਬ ਹੈ ਕਿ ਇਸਤਰੀ ਜ਼ਾਤੀ ਦੀ ਰਖਿਆ ਕਰਨੀ ਹੈ। ਬੇਸ਼ਕ ਪੋਰਸ ਜੰਗ ਹਾਰ ਗਿਆ ਲੇਕਿਨ ਉਸ ਨੇ ਟਰੈਡੀਸ਼ਨ ਨੂੰ ਕਾਇਮ ਰਖਿਆ। ਪੋਰਸ ਨੇ ਇਸ ਭਾਰਤ ਦੇ ਵਿਚ ਹਿੰਦੁਸਤਾਨ ਦੀ ਆਪਣੀ ਟਰੈਡੀਸ਼ਨ ਨੂੰ ਮੇਨਟੇਨ ਕਰਨ ਵਾਸਤੇ ਭੈਣ ਦੀ ਰੱਖਿਆ ਕੀਤੀ, ਬੇਸ਼ਕ ਜੰਗ ਹਾਰ ਗਿਆ। ਇਹ ਟਰੈਡੀਸ਼ਨ ਹੈ, ਇਹ ਭੈਣ ਭਰਾ ਦਾ ਅਟੁੱਟ ਸਬੰਧ ਹੈ। ਅੱਜ, ਚੇਅਰਮੈਨ ਸਾਹਿਬ,

Original with;
Punjab Vidhan Sabha
Digitized by;
Panjab Digital Library

[ਸ੍ਰੀ ਹਰਬੰਸ ਲਾਲ ਖੰਨਾ]

ਪੈਸੇ ਦੀ ਲੱਸਟ, ਜਾਇਦਾਦ ਦੀ ਲੱਸਟ ਜਿੱਥੇ ਆ ਜਾਵੇ ਉੱਥੇ ਇਹ ਰਿਸ਼ਤਾ ਰਿਸ਼ਤਾ ਨਹੀਂ ਰਹਿੰਦਾ, ਇੱਕ ਝਗੜੇ ਦਾ ਕਾਰਣ ਬਣ ਜਾਂਦਾ ਹੈ। ਇਸ ਵਾਸਤੇ ਮੈਂ ਅਰਜ਼ ਕਰਦਾ ਹਾਂ ਕਿ ਜੇਕਰ ਇਹ ਕਿਹਾ ਜਾਵੇ ਕਿ ਤੇਰਾ ਚਕੋਤਾ ਹੈ, ਤੇਰਾ ਜਾਇਦਾਦ ਵਿਚ ਦੋ ਆਨੇ ਹਿੱਸਾ ਹੈ, ਤੇਰਾ ਚਾਰ ਆਨੇ ਹਿੱਸਾ ਹੈ, ਤੇਰਾ ਸੱਤ ਆਨੇ ਹਿੱਸਾ ਹੈ ਤਾਂ ਇਹ ਜ਼ਰੂਰ ਹੀ ਝਗੜੇ ਦਾ ਕਾਰਣ ਬਣ ਕੇ ਰਹਿ ਜਾਵੇਗਾ। ਇਸ ਤਰ੍ਹਾਂ ਹੀ ਹਿੰਦੁਸਤਾਨ ਦੇ ਵਿਚ ਇਹ ਹਿੱਸਾ ਫਿਕਸ ਕਰਕੇ ਭੈਣ ਭਰਾ ਦੇ ਰਿਸ਼ਤੇ ਦੇ ਵਿਚ ਇਸ ਤਰ੍ਹਾਂ ਦੇ ਸਾਡੇ ਜਜ਼ਬਾਤਾਂ ਨਾਲ ਖੇਡਣ ਦੀ ਕੋਸ਼ਿਸ਼ ਕੀਤੀ ਗਈ ਹੈ। ਜਿਸ ਨਾਲ ਕਿ ਭੈਣ ਭਰਾ ਦਾ ਝਗੜਾ ਆ ਗਿਆ। ਸਾਡੇ ਦੇਸ਼ ਦੇ ਵਿਚ ਭੈਣ ਭਰਾ ਦੇ ਰਿਸ਼ਤੇ ਦੀ ਕਨਸੈਪਸ਼ਨ ਬਹੁੱਤ ਵੱਡੀ ਮੰਨੀ ਜਾਂਦੀ ਹੈ ਪਰ ਕਾਂਗਰਸੀ ਭਰਾਵਾਂ ਨੇ ਇਸ ਕਨਸੈਪਸ਼ਨ ਨੂੰ ਗਲਤ ਕਰਨ ਦਾ ਯਤਨ ਕੀਤਾ ਹੈ। ਕਿਉਂਕਿ ਅਗਰ ਮੈਂ ਆਪਣੀ ਭੈਣ ਨਾਲ ਠੀਕ ਤਰਾਂ ਵਰਤਾਉ ਨਹੀਂ ਕਰਦਾ ਤਾਂ ਇਹ ਕਨਸੈਪਸ਼ਨ ਗਲਤ ਹੋ ਜਾਂਦੀ ਹੈ। ਕਿਉਂਕਿ ਭੈਣ ਭਰਾ ਦਾ ਰਿਸ਼ਤਾ ਐਸਾ ਹੈ ਕਿ ਭਰਾ ਆਪਣੀ ਭੈਣ ਨੂੰ ਸਾਰੀ ਉਮਰ ਹੀ ਬੜੇ ਸਤਿਕਾਰ ਨਾਲ ਵੇਖਦਾ ਹੈ। ਜਦੋਂ ਰਕਸ਼ਾ ਬੰਦਨ ਦਾ ਉਤਸਵ ਹੋਵੇ ਤਾਂ ਅਸੀਂ ਵੇਖਦੇ ਹਾਂ ਕਿ ਲੜਕੀ ਆਪਣੇ ਭਰਾ ਦੇ ਹੱਥ ਤੇ ਰਖੜੀ ਬੰਨਦੀ ਹੈ। ਇਸ ਦੇ ਨਾਲ ਇਹ ਰਿਸ਼ਤਾ ਹੋਰ ਵੀ ਪੱਕਾ ਬਣਦਾ ਹੈ। ਚੇਅਰਮੈਨ ਸਾਹਿਬ, ਅਸੀਂ ਵੇਖਦੇ ਹਾਂ, ਸਾਡਾ ਸਮਾਜ ਇਸ ਤਰ੍ਹਾਂ ਦਾ ਹੈ ਕਿ ਲੜਕੀ ਨੇ ਆਪਣੇ ਸੌਹਰੇ ਘਰ ਜਾਣਾ ਹੀ ਹੈ। ਉਹ ਕਿਤਨਾਂ ਚਿਰ ਆਪਣੇ ਬਾਪ ਦੇ ਘਰ ਰਹੇਗੀ। ਕੋਈ ਸਤਾਰਾਂ ਅਠਾਰਾਂ ਜਾਂ ਵੀਹ ਸਾਲ ਤੋਂ ਬਾਅਦ ਉਸ ਦੀ ਸ਼ਾਦੀ ਕਰ ਦਿੱਤੀ ਜਾਂਦੀ ਹੈ ਔਰ ਉਹ ਆਪਣੇ ਸੌਹਰੇ ਘਰ ਚਲੀ ਜਾਂਦੀ ਹੈ। ਇਸ ਤਰ੍ਹਾਂ ਨਾਲ ਉਸ ਨੂੰ ਆਪਣੇ ਸੌਹਰੇ ਘਰ ਹੀ ਅਸਲ ਹੱਕ ਮਿਲਦਾ ਹੈ। . ਅਦਰਵਾਈਜ਼ ਕੀ ਹੁੰਦਾ ਹੈ, ਤੁਸੀਂ ਵੇਖ ਲਵੋ ਭਰਾ ਭਰਾ ਦਾ ਝਗੜਾ ਹੁੰਦਾ ਹੈ ਤਾਂ ਪੈਸੇ ਤੋਂ ਹੁੰਦਾ ਹੈ, ਭਰਾ ਭਰਾ ਦਾ ਝਗੜਾ ਹੁੰਦਾ ਹੈ ਤਾਂ ਜਾਇਦਾਦ ਤੋਂ ਹੁੰਦਾ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਜਿਥੇ ਵੀ ਬਹੁਤਾ ਪੈਸਾ ਹੋਵੇਗਾ ਤਾਂ ਝਗੜੇ ਵੀ ਹੋਣਗੇ ਔਰ ਆਟੋਮੈਟੀਕਲੀ ਤੁਸੀਂ ਭੈਣ ਭਰਾ ਦਾ ਰਿਸ਼ਤਾ ਵੀ ਇਨਵਾਲਵ ਕਰੋਗੇ। ਇਸ ਦਾ ਮਤਲਬ ਹੈ ਕਿ ਭੈਣ ਭਰਾ ਦਾ ਝਗੜਾ ਨਹੀਂ ਸੀ ਹੋਣਾ ਜੇਕਰ ਉਸ ਪੈਸੇ ਦੀ, ਉਸ ਜਾਇਦਾਦ ਦੀ ਵੰਡ ਬਾਰੇ ਕੋਈ ਭਰਾ ਭੈਣ ਦਾ ਝਗੜਾ ਨਾ ਹੁੰਦਾ। ਅੱਜ ਪਬਲਿਕ ਵਿਚ ਕਹਿ ਲਵੋ, ਪ੍ਰੈਸ ਵਿਚ ਕਹਿ ਲਵੋ, ਕੋਰਟ ਵਿਚ ਕਹਿ ਲਵੋ, ਤੁਸੀਂ ਵੇਖ ਲਵੋ ਝਗੜੇ ਜਾਇਦਾਦ ਦੇ ਹੀ ਹੁੰਦੇ ਹਨ। ਹਿੰਦੋਸਤਾਨ ਦੀ ਜਨਤਾ ਦਾ ਜਾਇੰਟ ਫੈਮਿਲੀ ਸਿਸਟਮ ਸੀ ਔਰ ਅੱਜ ਵੀ ਜਿਹੜਾ ਫੈਮਿਲੀ ਸਿਸਟਮ ਹੈ, ਜਿਸ ਤਰ੍ਹਾਂ ਅਸੀਂ ਚਲ ਰਹੇ ਹਾਂ, ਸਾਰੇ ਦੁਨੀਆਂ ਦੇ ਇਤਹਾਸ ਦੇ ਵਿਚ ਸੱਭ ਤੋਂ ਅੱਛਾ ਹੈ, ਪਰ ਇਸ ਨੂੰ ਅਸੀਂ ਛੱਡ ਰਹੇ ਹਾਂ। ਚੇਅਰਮੈਨ ਸਾਹਿਬ, ਅੱਜ ਵੀ ਪੁਰਾਣੀਆਂ ਕਈ ਦੁਆਈਆਂ ਜਿਸ ਤਰ੍ਹਾਂ ਨਵੀਆਂ ਨਾਲੋਂ ਕਈ ਦਰਜੇ ਚੰਗੀਆਂ ਹਨ, ਇਸ ਤਰ੍ਹਾਂ ਹੀ ਸਾਡੀਆਂ ਕਈ ਪੁਰਾਣੀਆਂ ਟਰੇਡੀਸ਼ਨਾਂ ਨਵੀਆਂ ਨਾਲੋਂ ਚੰਗੀਆਂ ਹਨ। ਇਸ ਤਰ੍ਹਾਂ ਹੀ ਜਿਹੜਾ ਭੈਣ ਭਰਾ ਦਾ ਰਿਸ਼ਤਾ ਹੈ ਇਹ ਬੜਾ ਪਾਕ ਰਿਸ਼ਤਾ ਹੈ।

It is a matter of sentiment. It is a matter of relation between sister and brother. ਜਿਹੜਾ ਭੈਣ ਭਰਾ ਦਾ ਰਿਸ਼ਤਾ ਹੈ, ਉਸ ਵਿਚ ਅਟੁੱਟ ਸਬੰਧ ਹੈ ਪਰ ਉਸ ਸਬੰਧ ਦੇ ਵਿਚ ਤਰੇੜਾਂ ਪਾਉਣ ਵਾਸਤੇ, ਹਿੰਦੂ ਕੋਡ ਬਿਲ ਵਿਚ ਤਰਮੀਮ ਲਿਆਂਦੀ ਗਈ ਸੀ। ਉਸ ਤਰੇੜ ਨੂੰ ਦੂਰ ਕਰਨ ਵਾਸਤੇ ਅਸੀਂ ਚਾਹੁੰਦੇ ਹਾਂ ਕਿ ਜਿਹੜਾ ਇਹ ਮਤਾ ਆਇਆ ਹੈ, ਇਸ ਨੂੰ ਸਰਵਸੰਮਤੀ ਨਾਲ ਪਾਸ ਕਰ ਦੇਣਾ ਚਾਹੀਦਾ ਹੈ। ਜਿਹੜੀ ਵੈਲਿਊ ਆਫ ਲਾਈਫ ਹੈ, ਉਸ ਦੇ ਵਾਸਤੇ ਅਗਰ ਅਸੀਂ ਆਪਣੀ ਟਰੈਡੀਸ਼ਨ ਛੱਡ ਦੇਈਏ, ਅਗਰ ਸਾਧਨ ਛੱਡ ਦੇਈਏ ਤਾਂ ਇਹ ਹੋਵੇਗਾ ਕਿ We are moving without any mission, without any principle, without any value of life. ਜਿਸ ਦਾ ਰਿਜ਼ਲਟ ਇਹ ਹੋਵੇਗਾ ਕਿ ਜਿਸ ਟੀਚੇ ਤੇ ਉਹ ਦੇਸ਼ ਪੁੱਜਣਾ ਚਾਹੁੰਦਾ ਹੈ, ਉਥੇ ਨਹੀਂ ਪੁੱਜ ਸਕੇਗਾ।

Original with;
Punjab Vidhan Sabha
Digitized by;
Panjab Digital Library

ਅਗਰ ਇਸ ਢੰਗ ਦੇ ਨਾਲ ਅਸੀਂ ਵਿਚਾਰ ਕਰੀਏ ਅਗਰ ਅਸੀਂ ਇਹ ਸੋਚੀਏ ਕਿ ਮੈਂ ਇਹ ਵਰਕਿੰਗ ਇਸ ਢੰਗ ਨਾਲ ਕਰਨੀ ਹੈ ਤਾਂ ਸਾਨੂੰ ਪਿਛਲੀ ਟਰੈਡੀਸ਼ਨ ਨੂੰ ਵੀ ਵੇਖਣਾ ਪਵੇਗਾ। ਜਜ਼ਬਾਤ ਦੀ ਗੱਲ ਹੈ, ਸੈਂਟੀਮੈਂਟਸ ਦੀ ਹੈ ਗੱਲ ਹੈ, ਸੈਂਸ ਦੀ ਗੱਲ ਹੈ, ਵੈਲਿਊ ਆਫ ਲਾਈਫ ਦੀ ਗੱਲ ਹੈ ਜਾਂ ਟਰੈਡੀਸ਼ਨ ਦੀ ਗੱਲ ਹੈ, ਇਨ੍ਹਾਂ ਨੂੰ ਵੇਖਣਾ ਪਵੇਗਾ। ਅਦਰਵਾਈਜ਼ ਇਨ੍ਹਾਂ ਟਰੈਡਾਸ਼ਨਾਂ ਨੂੰ ਅਸੀਂ ਛੱਡਣ ਦਾ ਯਤਨ ਕਰਾਂਗੇ ਤਾਂ ਝਗੜੇ ਖੜੇ ਹੋਣਗੇ। ਇਕ ਹਿੰਦੁਸਤਾਨ ਦੀ ਟਰੈਡੀਸ਼ਨ, ਚੇਅਰਮੈਨ ਸਾਹਿਬ ਹੈ, ਕਲਚਰ ਦੀ ਟਰੈਡੀਸ਼ਨ ਹੈ, ਇਥੇ ਸ੍ਰੀ ਰਾਮ ਚੰਦਰ ਜੀ ਆਏ, ਜਿਨ੍ਹਾਂ ਨੂੰ ਭਗਵਾਨ ਕਹਿੰਦੇ ਹਨ, ਮਹਾਂਪੁਰਸ਼ ਕਹਿੰਦੇ ਹਨ ਉਨ੍ਹਾਂ ਨੇ ਲੰਕਾ ਜਿੱਤ ਲੀਤੀ। ਉਸ ਵੇਲੇ ਇਤਹਾਸ ਕਹਿੰਦਾ ਹੈ ਕਿ ਭਗਵਾਨ ਰਾਮ ਚੰਦਰ ਜੀ ਨੂੰ ਕਈਆਂ ਨੇ ਕਿਹਾ ਕਿ ਤੁਸੀਂ ਇਥੇ ਰਹੋ, ਇਹ ਸੋਨੇ ਦੀ ਲੰਕਾ ਹੈ, ਲੇਕਿਨ ਉਨ੍ਹਾਂ ਨੇ ਕਿਹਾ ਕਿ ਮੈਂ ਆਪਣੇ ਦੇਸ਼ ਵਿਚ ਹੀ ਜਾਵਾਂਗਾ। This is the tradition of the India ਇਹ ਸਾਡੀ ਟਰੈਡੀਸ਼ਨ ਹੈ ਕਿ ਅਸੀਂ ਜਿੱਤੀ ਹੋਈ ਚੀਜ਼ ਵਾਪਸ ਕਰ ਦਿੰਦੇ ਹਾਂ। ਇਹ ਸੰਸਕਾਰ ਹਨ ਜਿਨ੍ਹਾਂ ਨੂੰ ਅੱਜ ਬਦਲਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਭੈਣ ਭਰਾ ਦੇ ਰਿਸ਼ਤੇ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਗਈ ਹੈ ਔਰ ਸਾਨੂੰ ਕਿਹਾ ਇਹ ਜਾਂਦਾ ਹੈ ਕਿ ਤੁਸੀਂ ਪਿਛੇ ਲੱਗੂ ਹੋ, ਤੁਸੀਂ ਪੁਰਾਣੀਆਂ ਚੀਜ਼ਾਂ ਦੇ ਮੁਤਾਬਿਕ ਚਲਦੇ ਹੋ। ਇਸ ਦਾ ਮਤਲਬ ਹੈ ਕਿ ਪੁਰਾਣੀ ਚੀਜ਼ ਨੂੰ ਗਲਤ ਕਹਿ ਕੇ ਛੱਡ ਦੇਈਏ। ਚੇਅਰਮੈਨ ਸਾਹਿਬ, ਅੱਜ ਕਈ ਚੀਜ਼ਾਂ ਪੁਰਾਣੀਆਂ ਜਿਹੜੀਆਂ ਹਨ ਉਹ ਨਵੀਆਂ ਚੀਜ਼ਾਂ ਨਾਲੋਂ ਬਹੁਤ ਅੱਛੀਆਂ ਹਨ। ਅੱਜ ਇਹ ਟਰੈਡੀਸ਼ਨਜ਼ ਹਨ, ਅੱਜ ਤਰੀਕੇ ਹਨ, ਜੇਕਰ ਚੇਅਰਮੈਨ ਸਾਹਿਬ, ਉਹ ਬਦਲੇ ਗਏ ਤਾਂ ਉਸ ਦਾ ਰਿਜ਼ਲਟ ਕੀ ਹੋਵੇਗਾ ? ਰਿਜ਼ਲਟ ਇਹ ਹੋਵੇਗਾ ਕਿ, ਝਗੜੇ ਖੜੇ ਹੋ ਜਾਣਗੇ। ਕਈ ਤਰ੍ਹਾਂ ਦੇ ਡਿਸਪਿਊਟਸ ਸਾਹਮਣੇ ਆ ਜਾਣਗੇ। ਅੱਜ ਤੁਸੀਂ ਆਪਣਾ ਇਕਨਾਮਕ ਟੀਚਾ ਵੇਖ ਲਵੋ। ਆਪਣੇ ਗੋਲ ਸੋਚ ਲਵੋ ਕਿ ਅਸੀਂ ਕਿੱਥੇ ਪੁੱਜਣਾ ਹੈ। ਅੱਜ ਨਵੀਂ ਸੋਚ ਆ ਰਹੀ ਹੈ। ਇਸ ਕਰਕੇ ਅਸੀਂ ਪੁਰਾਣੀਆਂ ਚੀਜ਼ਾਂ ਛੱਡ ਬੈਠੇ ਹਾਂ, ਪੁਰਾਣੇ ਅਸੂਲ ਛੱਡ ਬੈਠੇ ਹਾਂ ਜਿਸ ਦਾ ਰਿਜ਼ਲਟ ਹੈ ਕਿ ਅਸੀਂ ਗਿਰਦੇ ਪਏ ਹਾਂ। ਚੇਅਰਮੈਨ ਸਾਹਿਬ, ਮੈਂ ਬਹੁਤਾ ਵਕਤ ਨਾ ਲੈਂਦਾ ਹੋਇਆ ਇਹ ਪ੍ਰਾਰਥਨਾ ਕਰਾਂਗਾ ਕਿ ਜਿਹੜਾ ਮਤਾ ਹਾਊਸ ਦੇ ਸਾਹਮਣੇ ਰੱਖਿਆ ਗਿਆ ਹੈ, ਮੈਂ ਇਸ ਨਾਲ ਸਹਿਮਤ ਹਾਂ ਔਰ ਮੈਂ ਬੇਨਤੀ ਕਰਾਂਗਾ ਕਿ ਇਹ ਸਰਵ-ਸੰਮਤੀ ਨਾਲ ਪਾਸ ਕਰ ਦਿੱਤਾ ਜਾਵੇ।

(ਇਸ ਸਮੇਂ ਕਈ ਮੈਂਬਰ ਸਾਹਿਬਾਨ ਬੋਲਣ ਲਈ ਖੜ੍ਹੇ ਹੋਏ)

**ਸ੍ਰੀ ਸਭਾਪਤੀ** : ਮੈਂ ਸਾਰੇ ਆਨਰੇਬਲ ਮੈਂਬਰਜ਼ ਨੂੰ ਬੇਨਤੀ ਕਰਾਂਗਾ ਕਿ ਸਾਰਿਆਂ ਨੂੰ ਟਾਈਮ ਮਿਲੇਗਾ। ਕਿਸੇ ਨੂੰ ਇਹ ਗੱਲ ਮਹਿਸੂਸ ਨਹੀਂ ਹੋਣ ਦਿੱਤੀ ਜਾਵੇਗੀ ਕਿ ਮੈਨੂੰ ਟਾਈਮ ਨਹੀਂ ਮਿਲਿਆ।

**ਪ੍ਰੋਫੈਸਰ ਜਗੀਰ ਸਿੰਘ** (ਵਲਟੋਹਾ) : ਚੇਅਰਮੈਨ ਸਾਹਿਬ, ਇਹ ਜੋ ਮਤਾ ਹਾਊਸ ਦੇ ਸਾਹਮਣੇ ਆਇਆ ਹੈ ਮੈਂ ਇਸ ਦਾ ਸਮੱਰਥਨ ਕਰਨ ਲਈ ਖੜਾ ਹੋਇਆ ਹਾਂ। ਚੇਅਰਮੈਨ ਸਾਹਿਬ, ਸਾਡੇ ਹਿੰਦੁਸਤਾਨ ਉਤੇ ਕਈ ਬਾਹਰਲੇ ਧਾੜਵੀਆਂ ਨੇ ਰਾਜ ਕੀਤਾ ਹੈ। ਮੁਗਲਾਂ ਨੇ ਰਾਜ ਕੀਤਾ, ਖਿਲਜੀਆਂ ਨੇ ਕੀਤਾ, ਅੰਗਰੇਜ਼ਾਂ ਨੇ ਕੀਤਾ। ਕਿਸੇ ਨੇ ਕਿਤਨੇ ਸਮੇਂ ਲਈ ਕੀਤਾ ਤੇ ਕਿਸੇ ਨੇ ਕਿਤਨੇ ਸਮੇਂ ਲਈ ਕੀਤਾ ਲੇਕਿਨ ਜਿਸ ਕਿਸੇ ਨੇ ਵੀ ਇਥੇ ਰਾਜ ਕੀਤਾ ਉਸ ਨੇ ਸਾਡੇ ਹਿੰਦੁਸਤਾਨ ਦੀਆਂ ਜੋ ਸਮਾਜਕ ਰੀਤਾਂ ਸਨ, ਜੋ ਸਮਾਜਕ

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਜਗੀਰ ਸਿੰਘ]

ਅਸੂਲ ਸਨ ਉਨ੍ਹਾਂ ਨੂੰ ਬਦਲਣ ਦਾ ਹੌਸਲਾ ਨਾ ਕੀਤਾ। ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਨੇ ਇਥੇ 50 ਸਾਲ ਰਾਜ ਕੀਤਾ। ਲੇਕਿਨ ਉਨ੍ਹਾਂ ਨੇ ਵੀ ਆਪਣੇ ਰਾਜ ਦੇ ਵਿਚ ਪੁਰਾਣੀਆਂ ਰੀਤਾਂ ਦੇ ਮੁਤਾਬਿਕ ਕਨੂੰਨ ਚਾਲੂ ਰੱਖੇ। ਫਿਰ ਅੰਗਰੇਜ਼ ਦਾ ਰਾਜ ਆਇਆ। ਉਹ ਭਾਵੇਂ ਵਦੇਸ਼ੀ ਰਾਜ ਸੀ, ਉਸ ਨੇ ਬੰਦੋਬਸਤ ਕੀਤਾ। ਨਵਾਂ ਬੰਦੋਬਸਤ ਕਰ ਦਿੱਤਾ ਅਤੇ ਉਸ ਨੂੰ ਕਲਚਰ ਦੇ ਤੌਰ ਤੇ ਬੰਦੋਬਸਤ ਦਾ ਕਨੂੰਨ ਬਣਾਇਆ। ਸਾਡੀਆਂ ਟਰੇਡੀਸ਼ਨਜ਼ ਨੂੰ ਸਾਹਮਣੇ ਰੱਖਿਆ,। ਉਨ੍ਹਾਂ ਦੇ ਵੇਲੇ ਇਹ ਰਵਾਇਤਾਂ ਸੀ ਕਿ ਜਦੋਂ ਵੀ ਅੰਗਰੇਜ਼ ਕੋਈ ਐਸੀ ਚੀਜ਼ ਕਰਦਾ, ਜੇਕਰ ਉਸ ਨੇ ਕੋਈ ਤਰਮੀਮ ਲਿਆਉਣੀ ਹੁੰਦੀ ਸੀ ਤਾਂ ਉਹ ਕੁਲੈਕਟਰ ਦੇ ਰੈਂਕ ਦਾ ਅਫਸਰ ਪਿੰਡਾਂ ਦੇ ਵਿਚ ਭੇਜਦਾ। ਔਰ ਉਹ ਅਫਸਰ ਲੋਕਾਂ ਦੀ ਰਾਏ ਲੈ ਕੇ ਜਾਂਦਾ ਸੀ। ਉਹ ਪੁੱਛਦਾ ਕਿ ਤੁਸੀਂ ਜਿਸ ਤਰ੍ਹਾਂ ਦੀ ਤਰਮੀਮੀ ਚਾਹੁੰਦੇ ਹੋ, ਜਿਸ ਤਰ੍ਹਾਂ ਦੀ ਅਮੈਂਡਮੈਂਟ ਚਾਹੁੰਦੇ ਹੋ, ਉਹ ਦੱਸੋ। ਮੇਰੇ ਅਰਜ਼ ਕਰਨ ਦਾ ਭਾਵ ਹੈ ਕਿ ਉਹ ਭਾਵੇਂ ਵਿਦੇਸ਼ੀਆਂ ਦਾ ਰਾਜ ਸੀ ਪਰ ਜਦੋਂ ਵੀ ਕੋਈ ਜ਼ਮੀਨ ਸਬੰਧੀ ਕਾਨੂੰਨ ਲਿਆਇਆ ਜਾਂਦਾ ਸੀ ਤਾਂ ਲੋਕਾਂ ਦੀ ਰਾਏ ਲਈ ਜਾਂਦੀ ਸੀ। ਲੇਕਿਨ ਸੰਨ 1956 ਦਾ ਸਾਲ ਚੜ੍ਹਿਆ। ਦੇਸ ਦੀ ਬਦਕਿਸਮਤੀ ਦਾ ਇਤਹਾਸ ਸ਼ੁਰੂ ਹੋ ਗਿਆ ਜਦੋਂ ਕਿ ਸਾਨੂੰ ਭੈਣਾਂ ਭਰਾਵਾਂ ਨੂੰ ਜੁਦਾ ਕਰਨ ਵਾਸਤੇ, ਸਾਨੂੰ ਆਪਸ ਵਿਚ ਲੜਾਉਣ ਵਾਸਤੇ, ਸਾਡੀ ਰਾਏ ਲਏ ਬਗੈਰ ਕਾਨੂੰਨ ਬਣਾ ਦਿੱਤਾ। ਇਸ ਤੋਂ ਚੇਅਰਮੈਨ ਸਾਹਿਬ, ਕਾਂਗਰਸ ਰਾਜ ਨੇ ਸਾਬਤ ਕਰ ਦਿੱਤਾ ਹੈ ਕਿ ਕਾਂਗਰਸੀ ਮੁਗਲਾਂ ਨਾਲੋਂ ਵੀ ਵਧੇਰੇ ਜ਼ਾਲਮ ਔਰ ਮੱਕਾਰ ਸਿੱਧ ਹੋਏ। ਚੇਅਰਮੈਨ ਸਾਹਿਬ, ਇਹ ਹੀ ਕਾਰਨ ਸੀ ਕਿ ਜਦੋਂ ਪਾਕਿਸਤਾਨ ਵਿਚ ਜ਼ਮੀਨਾਂ, ਜਾਇਦਾਦਾਂ ਛੱਡ ਕੇ ਅਸੀਂ ਇਧਰ ਆਏ ਤਾਂ ਸਾਨੂੰ ਕਮਜ਼ੋਰ ਕਰਨ ਦੀ ਖਾਤਰ ਇਸ ਤਰ੍ਹਾਂ ਦਾ ਕਾਨੂੰਨ ਲਿਆਂਦਾ ਗਿਆ। ਫਿਰ ਇਹ ਵੇਖ ਲਵੋ ਕਿ ਸਾਨੂੰ ਮਾਰਨ ਦੀ ਖ਼ਾਤਰ ਸਾਡੇ ਪਾਸ ਉਨ੍ਹਾਂ ਨੇ 34 ਏਕੜ ਜ਼ਮੀਨ ਵੀ ਨਾ ਰਹਿਣ ਦਿੱਤੀ। ਇਸ ਤਰ੍ਹਾਂ ਕਈ ਵਾਰ ਸਾਡੇ ਤੇ ਸੀਲਿੰਗ ਲਗਾਈ ਗਈ। ਚੇਅਰਮੈਨ ਸਾਹਿਬ, ਇਹ ਕਿਤਨੀ ਬਦਕਿਸਮਤੀ ਦੀ ਗੱਲ ਹੈ ਕਿ ਚਾਰ ਪੰਜ ਵਾਰ ਇਥੇ ਸਾਡੀਆਂ ਜ਼ਮੀਨਾਂ ਤੇ ਸੀਲਿੰਗ ਲੱਗੀ, ਕੱਟਾਂ ਲੱਗੀਆਂ। ਸਾਡੇ ਮਾਲ ਮੰਤਰੀ ਜੀ, ਪਿੱਛੇ ਜਿਹੇ ਸੂਬਿਆਂ ਦੀ ਜਿਹੜੀ ਮੀਟਿੰਗ ਹੋਈ ਸੀ ਉਸ ਵਿਚ ਹਿੱਸਾ ਲੈ ਕੇ ਆਏ ਹਨ। ਉਨ੍ਹਾਂ ਨੇ ਦੱਸਿਆ ਕਿ ਇਹ ਸੀਲਿੰਗ ਨਾ ਬਿਹਾਰ ਵਿਚ ਹੈ, ਨਾ ਉੜੀਸਾ ਵਿਚ ਹੈ ਪਰ ਇਹ ਤਾਂ ਇਥੇ ਸਾਡੇ ਹੀ ਕਟੌਤੀਆਂ ਲੱਗੀਆਂ ਹਨ। ਇਹ ਕਾਂਗਰਸੀ ਹੁਕਮਰਾਨਾਂ ਦੀ ਸਾਨੂੰ ਕਮਜ਼ੋਰ ਕਰਨ ਵਾਸਤੇ ਇਕ ਸੋਚੀ ਸਮਝੀ ਚਾਲ ਸੀ। ਚੇਅਰਮੈਨ ਸਾਹਿਬ, ਜੇਕਰ ਇਹ ਸੋਚੀ ਸਮਝੀ ਸਾਜ਼ਿਸ਼ ਪਿੰਡਾਂ ਦੀ ਜਨਤਾ ਨੂੰ ਤਬਾਹ ਕਰਨ ਦੀ ਨਾ ਹੁੰਦੀ ਤਾਂ ਇਹ ਕਟੌਤੀਆਂ ਸ਼ਹਿਰਾਂ ਵਿਚ ਵੀ ਲਾਗੂ ਹੋ ਜਾਂਦੀਆਂ। ਪਰ ਇਹ ਕੋਲਡ ਸਟੋਰਾਂ ਤੇ, ਪੈਟਰੋਲ ਪੰਪਾਂ ਤੇ, ਹੀਰੇ ਜਵਾਹਰਾਤ ਵਗੈਰਾ ਤੇ ਕੋਈ ਕਟੌਤੀ ਨਹੀਂ ਹੈ, ਕੋਈ ਸੀਲਿੰਗ ਨਹੀਂ ਹੈ। ਸ਼ਹਿਰੀ ਜਾਇਦਾਦ ਇਨ੍ਹਾਂ ਦੇ ਕੁਲਹਾੜੇ ਥੱਲੇ ਨਹੀਂ ਆਈ ਔਰ ਇਹ ਕੁਲਹਾੜਾ ਪੇਂਡੂ ਜਨਤਾ ਤੇ ਚਲਿਆ ਹੈ। ਅਸਲ ਵਿਚ ਇਹ ਜਿਹੜਾ ਹਿੰਦੂ ਕੋਡ ਬਿੱਲ ਸੀ, ਇਹ ਸੋਚੀ ਸਮਝੀ ਇਕ ਚਾਲ ਸੀ। ਕਾਂਗਰਸ ਸਰਕਾਰ ਪੇਂਡੂ ਲੋਕਾਂ ਨੂੰ ਕਮਜ਼ੋਰ ਕਰਨਾ ਚਾਹੁੰਦੀ ਸੀ, ਤੰਗ ਕਰਨਾ ਚਾਹੁੰਦੀ ਸੀ। ਇਸ ਤਰ੍ਹਾਂ ਦੀ ਹਾਲਤ ਇਨ੍ਹਾਂ ਨੇ ਕਾਨੂੰਨ ਲਿਆ ਕੇ ਕਰ ਦਿੱਤੀ ਕਿ ਭੈਣ ਭਰਾ ਦਾ ਰਿਸ਼ਤਾ ਟੁੱਟ ਗਿਆ ਔਰ ਉਹ ਸ਼ਰੀਕਾਂ ਵਾਂਗੂ ਰਹਿਣ ਲੱਗ ਪਏ। ਇਕ ਪਾਸੇ ਭਰਾ ਹੈ ਔਰ ਦੂਸਰੇ ਪਾਸੇ ਭੈਣ ਤੇ ਉਸ ਦੇ ਘਰ ਵਾਲਾ ਖੜਾ ਹੈ। ਇਸ ਦੇ ਨਾਲ, ਚੇਅਰਮੈਨ ਸਾਹਿਬ, ਪੰਜਾਬ ਦਾ ਕਿਸਾਨ ਤਬਾਹ ਹੋਇਆ ਹੈ। ਜੇਕਰ ਭੈਣ ਨੇ ਜ਼ਮੀਨ ਵੇਚਣੀ ਹੁੰਦੀ ਹੈ ਤਾਂ ਭਣਵਈਆ ਉਨ੍ਹਾਂ ਲੋਕਾਂ ਪਾਸ ਵੇਚ ਕੇ ਜਾਂਦਾ ਹੈ ਜਿਨ੍ਹਾਂ ਨਾਲ ਕਿ ਭਰਾ ਦੀ ਦੁਸ਼ਮਣੀ ਹੁੰਦੀ ਹੈ, ਵੈਰ ਹੁੰਦਾ ਹੈ। ਇਸ ਦੇ ਨਾਲ ਭਰਾ ਦਾ ਉਨ੍ਹਾਂ ਲੋਕਾਂ ਦੇ ਨਾਲ ਹੋਰ ਵੈਰ ਵਿਰੋਧ ਵਧੱਦਾ ਹੈ। ਚੇਅਰਮੈਨ ਸਾਹਿਬ, ਇਸ ਤਰਾਂ ਕਾਂਗਰਸ ਨੇ ਸਾਡੇ ਘਰਾਂ ਵਿਚ ਫਸਾਦ ਪਾਏ, ਭੈਣਾਂ ਭਰਾਵਾਂ ਨੂੰ ਆਪਸ ਵਿਚ ਦੂਰ ਦੂਰ ਕਰ ਦਿੱਤਾ। ਪਹਿਲੇ 8 ,10 ਏਕੜ ਜ਼ਮੀਨ ਇਕੱਠੀ ਹੁੰਦੀ ਸੀ

Original with;
Punjab Vidhan Sabha
Digitized by;
Panjab Digital Library

ਜਦੋਂ ਦਾ ਲੜਕੀ ਨੂੰ ਜ਼ਮੀਨ ਦਾ ਹੱਕਦਾਰ ਬਣਾਉਣ ਦਾ ਕਾਨੂੰਨ ਬਣਿਆ ਹੈ ਇਸ ਨਾਲ ਜ਼ਮੀਨ ਦੀ ਫਰੈਗਮੈਂਟਸ਼ਨ ਹੋ ਗਈ ਹੈ। ਚੇਅਰਮੈਨ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਤੁਸੀਂ ਵੇਖੋ ਕਿ 1956 ਤੋਂ ਲੈ ਕੇ ਅੱਜ ਤਕ ਜੇ ਅਸੀਂ ਆਂਕੜੇ ਇਕੱਠੇ ਕਰੀਏ ਤਾਂ ਸਾਨੂੰ ਪਤਾ ਲਗੇਗਾ ਕਿ ਜਿੰਨੇ ਭੈਣਾਂ ਦੇ ਭਰਾਵਾਂ ਨਾਲ ਝਗੜੇ ਇਸ ਦੌਰਾਨ ਹੋਏ ਹਨ ਐਨੇ ਇਸ ਤੋਂ ਪਿਛਲੇ ਸੈਂਕੜੇ ਸਾਲਾਂ ਵਿਚ ਨਹੀਂ ਹੋਏ। ਅੱਜ ਚੇਅਰਮੈਨ ਸਾਹਿਬ, ਭੈਣਾਂ ਭਰਾਵਾਂ ਦੇ ਝਗੜੇ ਜ਼ਮੀਨ ਵਾਸਤੇ ਆਮ ਚਲਦੇ ਹਨ। ਅੱਜ ਜਿਹੜਾ ਘਰ ਦਾ ਵੱਡਾ ਪੁੱਤ ਹੈ ਉਹ ਇਹ ਕੋਸ਼ਿਸ਼ ਕਰਦਾ ਹੈ ਕਿ ਮੈਂ ਪਿਉ ਨੂੰ ਆਪਣੇ ਕੋਲ ਰੱਖਾਂ ਅਤੇ ਇਸ ਤਰ੍ਹਾਂ ਜ਼ਮੀਨ ਦੀ ਵਸੀਅਤ ਆਪਣੇ ਨਾਂ ਕਰਵਾ ਲਵਾਂ ਪਰ ਜਿਹੜੀ ਉਸ ਦੀ ਲੜਕੀ ਹੁੰਦੀ ਹੈ ਉਹ ਕੋਸ਼ਿਸ਼ ਕਰਦੀ ਹੈ ਕਿ ਮੈਂ ਆਪਣੇ ਪਿਉ ਨੂੰ ਸੌਹਰੇ ਘਰ ਲੈ ਜਾਵਾਂ ਅਤੇ ਆਪਣੇ ਕੋਲ ਰਖ ਕੇ ਵਸੀਅਤ ਆਪਣੇ ਨਾਂ ਕਰਵਾ ਲਵਾਂ। ਇਸ ਤਰ੍ਹਾਂ ਚੇਅਰਮੈਨ ਸਾਹਿਬ, ਤੁਸੀਂ ਵੇਖੋ ਕਿ ਅੱਜ ਕਚਹਿਰਿਆਂ ਵਿਚ ਪੈਰਲਲ ਵਸੀਅਤ ਦੇ ਝਗੜੇ ਬਹੁਤ ਚਲ ਰਹੇ ਹਨ। ਲੜਕਾ ਕਹਿੰਦਾ ਹੈ ਕਿ ਵਸੀਅਤ ਮੈਂ ਲਵਾਂ ਅਤੇ ਲੜਕੀ ਕਹਿੰਦੀ ਹੈ ਕਿ ਵਸੀਅਤ ਮੈਂ ਲਵਾਂ। ਇਹੋ ਜਿਹੇ ਝਗੜੇ ਅੱਜ ਕਲ ਕਚਹਿਰੀਆਂ ਵਿਚ ਚਲ ਰਹੇ ਹਨ। ਇਨ੍ਹਾਂ ਹਾਲਾਤ ਵਿਚ ਮੈਨੂੰ ਸਮਝ ਨਹੀਂ ਆਉਂਦੀ ਕਿ ਸਰਦਾਰ ਕਿਰਪਾਲ ਸਿੰਘ ਨੇ ਇਸ ਦੀ ਵਿਰੋਧਤਾ ਕਿਉਂ ਕੀਤੀ ਹੈ। ਉਹ ਬੜੇ ਸਿਆਣੇ ਹਨ, ਉਨ੍ਹਾਂ ਨੂੰ ਇਸ ਦੀ ਵਿਰੋਧਤਾ ਨਹੀਂ ਸੀ ਕਰਨੀ ਚਾਹੀਦੀ। ਅਸੀਂ ਕਹਿੰਦੇ ਹਾਂ ਕਿ ਲੜਕੀ ਨੂੰ ਜ਼ਮੀਨ ਉਸ ਦੇ ਸੌਹਰੇ ਘਰੋਂ ਮਿਲ ਜਾਵੇ ਇਹ ਕੋਈ ਝਗੜੇ ਹੀ ਨਾ ਰਹਿਣ। ਚੇਅਰਮੈਨ ਸਾਹਿਬ, ਪਤੰਗ ਸਾਹਿਬ ਨੇ ਬੜੀ ਸੋਹਣੀ ਮਿਸਾਲ ਦਿੱਤੀ ਹੈ। ਕਿ ਇਕ ਲੜਕੀ ਫਿਰੋਜ਼ਪੁਰ ਦੀ ਹੈ ਅਤੇ ਉਹ ਵਿਆਹ ਕੇ ਲੁਧਿਆਣਾ ਚਲੀ ਜਾਂਦੀ ਹੈ। ਵਿਆਹ ਹੋਣ ਤੋਂ ਬਾਅਦ ਉਸ ਦਾ ਨਾਂ ਵੀ ਹੋਰ ਸੌਹਰੇ ਘਰ ਰਖਿਆ ਜਾਂਦਾ ਹੈ। ਜੇ ਇਸ ਕਾਨੂੰਨ ਨੂੰ ਨਾ ਬਦਲਿਆ ਗਿਆ ਤਾਂ ਜ਼ਮੀਨ ਦਾ ਜਿਹੜਾ ਇੰਤਕਾਲ ਹੋਵੇਗਾ, ਜਿਹੜੀ ਜ਼ਮੀਨ ਉਸ ਨੂੰ ਫਿਰੋਜ਼ਪੁਰ ਮਿਲਣੀ ਹੈ ਉਹ ਹੋਰ ਨਾਂ ਤੇ ਹੋਵੇਗੀ ਅਤੇ ਜਿਹੜੀ ਲੁਧਿਆਣਾ ਮਿਲਣੀ ਹੈ ਉਹ ਹੋਰ ਨਾਂ ਤੇ ਹੋਵੇਗੀ। ਇਸ ਤਰ੍ਹਾਂ ਨਾਲ ਕਈ ਪ੍ਰਕਾਰ ਦੇ ਕਨਫਿਊਜ਼ਨ ਪੈਦਾ ਹੋਣਗੇ ਔਰ ਜਿਹੜਾ ਮਾਲ ਮਹਿਕਮੇ ਦਾ ਸਾਰਾ ਰਿਕਾਰਡ ਹੈ, ਉਹ ਵੀ ਖੁਰਦਬੁਰਦ ਹੋ ਜਾਵੇਗਾ। ਸੋ ਚੇਅਰਮੈਨ ਸਾਹਿਬ, ਜਿਹੜੇ ਮੇਰੇ ਦੋਸਤ ਸਰਦਾਰ ਕਿਰਪਾਲ ਸਿੰਘ ਨੇ ਇਸ ਦੀ ਵਿਰੋਧਤਾ ਕੀਤੀ ਹੈ, ਮੈਂ ਸਮਝਦਾ ਹਾਂ ਕਿ ਉਹ ਸ਼ਹਿਰਾਂ ਦੇ ਵਿਚ ਰਹਿਣ ਵਾਲੇ ਹਨ, ਉਨ੍ਹਾਂ ਨੂੰ ਪਿੰਡਾਂ ਦੇ ਬਾਰੇ ਪਤਾ ਨਹੀਂ

ਜਿਸ ਤਨ ਲਾਗੇ ਸੋ ਤਨ ਜਾਣੇ,
ਕੌਣ ਜਾਣੇ ਪੀੜ ਪਰਾਈ।।

ਕਿਉਂਕਿ ਉਹ ਸ਼ਹਿਰਾਂ ਵਿਚ ਰਹੇ ਹਨ, ਇਸ ਕਰਕੇ ਉਨ੍ਹਾਂ ਨੂੰ ਪਿੰਡਾਂ ਵਿਚ ਰਹਿਣ ਵਾਲਿਆਂ ਦੀਆਂ ਤਕਲੀਫਾਂ ਦਾ ਪਤਾ ਨਹੀਂ। ਮੈਂ ਤਾਂ ਇਹ ਸਮਝਦਾ ਹਾਂ ਕਿ ਇਸ ਹਿੰਦੂ ਕੋਡ ਬਿਲ ਨੇ ਸਾਡੇ ਸਮਾਜਿਕ ਜੀਵਨ ਨੂੰ ਤਬਾਹ ਕਰਕੇ ਰਖ ਦਿੱਤਾ ਹੈ ਔਰ ਜੋ ਪਿਆਰ ਭੈਣ ਦਾ ਭਰਾਵਾਂ ਨਾਲ ਹੁੰਦਾ ਸੀ ਉਹ ਖ਼ਤਮ ਕਰ ਦਿੱਤਾ ਹੈ। ਇਸ ਲਈ ਮੈਂ ਤਾਂ ਸਮਝਦਾ ਹਾਂ ਕਿ ਇਹ ਤਾਂ ਇਕ ਦਿਹਾਤੀਆਂ ਤੇ ਲਾਹਨਤ ਹੈ।

ਚੇਅਰਮੈਨ ਸਾਹਿਬ, ਮੈਂ ਦੱਸਦਾ ਹਾਂ ਕਿ ਪਹਿਲੇ ਜੇ ਕਿਸੇ ਆਦਮੀ ਨੇ ਆਪਣੇ ਪੁਤ ਦੀ ਸ਼ਾਦੀ ਕਰਨੀ ਹੁੰਦੀ ਸੀ ਤਾਂ ਉਹ ਇਹ ਵੇਖਦਾ ਸੀ ਕਿ ਲੜਕੀ ਦਾ ਖਾਨਦਾਨ ਕਿਸ ਤਰ੍ਹਾਂ ਦਾ ਹੈ, ਲੜਕੀ ਦੇ ਨਾਨਕਾ ਪਰਿਵਾਰ ਕਿਸ ਤਰ੍ਹਾਂ ਦਾ ਹੈ, ਇਹੋ ਜਿਹੀਆਂ ਗਲਾਂ ਵੇਖ ਕੇ ਰਿਸ਼ਤੇ ਕੀਤੇ ਜਾਂਦੇ ਸਨ।

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਜਗੀਰ ਸਿੰਘ]

ਪਰ ਅੱਜ ਕੀ ਹੁੰਦਾ ਹੈ। ਅੱਜ ਇਹ ਵੇਖਿਆ ਜਾਂਦਾ ਹੈ ਕਿ ਲੜਕੀ ਦੇ ਹਿੱਸੇ ਜ਼ਮੀਨ ਕਿੰਨੀ ਆਵੇਗੀ। ਇਸ ਤਰ੍ਹਾਂ ਨਾਲ ਜਿਸ ਲੜਕੀ ਦੇ ਹਿੱਸੇ ਕੋਈ ਜ਼ਮੀਨ ਆਉਂਦੀ ਹੈ ਉਸ ਦੀ ਤਾਂ ਸ਼ਾਦੀ ਹੋ ਜਾਂਦੀ ਹੈ ਪਰ ਜਿਹੜੇ ਗਰੀਬ ਕਿਸਾਨ ਹਨ, ਜਿਨ੍ਹਾਂ ਕੋਲ ਜ਼ਮੀਨ ਨਹੀਂ ਉਨ੍ਹਾਂ ਨੂੰ ਲੜਕੀਆਂ ਦਾ ਵਿਆਹ ਕਰਨਾ ਮੁਸ਼ਕਲ ਹੋ ਜਾਂਦਾ ਹੈ। ਚੇਅਰਮੈਨ ਸਾਹਿਬ, ਅੱਜ ਜ਼ਮੀਨ ਦੇ ਟੁਕੜੇ ਇਸ ਕਰਕੇ ਹੋ ਰਹੇ ਹਨ ਕਿਉਂਕਿ ਜ਼ਮੀਨ ਦੇ ਝਗੜੇ ਹਨ।

ਚੇਅਰਮੈਨ ਸਾਹਿਬ, ਕਈ ਵਾਰ ਇਹੋ ਜਿਹੀ ਵੀ ਹਾਲਤ ਹੁੰਦੀ ਹੈ ਕਿ ਕੋਈ ਭੈਣ ਆਪਣੇ ਭਰਾਵਾਂ ਕੋਲੋਂ ਜ਼ਮੀਨ ਨਹੀਂ ਲੈਣਾ ਚਾਹੁੰਦੀ। ਉਹ ਚਾਹੁੰਦੀ ਹੈ ਕਿ ਉਸ ਦਾ ਭਰਾਵਾਂ ਨਾਲ ਪਿਆਰ ਬਣਿਆ ਰਹੇ। ਕਿਉਂਕਿ ਉਸ ਨੂੰ ਪਤਾ ਹੈ ਕਿ ਉਸ ਦੇ 4 ਭਰਾ ਹਨ ਤਾਂ ਘੱਟੋ ਘੱਟ 5 5 ਜਾਂ 10, 10 ਹਜ਼ਾਰ ਰੁਪਿਆ ਤਾਂ ਸਾਰੇ ਹੀ ਉਸ ਦੇ ਵਿਆਹ ਤੇ ਲਾਉਣਗੇ। ਇਸ ਲਈ ਉਹ ਸੋਚਦੀ ਹੈ ਕਿ ਜੇ ਉਹ ਜ਼ਮੀਨ ਨਾ ਮੰਗੇ ਤਾਂ ਉਸ ਦਾ ਭਰਾਵਾਂ, ਭਤੀਜਿਆਂ ਨਾਲ ਪਿਆਰ ਬਣਿਆ ਰਹੇਗਾ। ਪਰ ਇਹ ਜਿਹੜਾ ਹਿੰਦੂ ਕੋਡ ਬਿੱਲ ਹੈ ਇਹ ਲੜਕੀ ਨੂੰ ਮਜਬੂਰ ਕਰਦਾ ਹੈ ਕਿ ਉਹ ਆਪਣਾ ਹਿੱਸਾ ਲਵੇ। ਉਸ ਨੂੰ ਜ਼ਮੀਨ ਵਿੱਚੋਂ ਹਿੱਸਾ ਲੈਣ ਲਈ ਮਜਬੂਰ ਕੀਤਾ ਜਾਂਦਾ ਹੈ ਔਰ ਇਸ ਤਰ੍ਹਾਂ ਨਾਲ ਭੈਣਾਂ ਦੇ ਭਰਾਵਾਂ ਨਾਲ ਝਗੜੇ ਹੁੰਦੇ ਹਨ। (ਘੰਟੀ) ਇਸ ਲਈ ਮੈਂ ਇਹ ਬੇਨਤੀ ਕਰਾਂਗਾ ਕਿ ਇਹ ਜਿਹੜਾ ਰੈਜ਼ੋਲਿਊਸ਼ਨ ਹੈ ਇਸ ਨੂੰ ਸਰਵਸੰਮਤੀ ਨਾਲ ਪਾਸ ਕੀਤਾ ਜਾਵੇ। ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣ ਤੋਂ ਸੰਕੋਚ ਨਹੀਂ ਕਰਾਂਗਾ ਕਿ ਜਿਸ ਤਰ੍ਹਾਂ ਮੁਸਲਮਾਨਾਂ ਨੇ ਇਸ ਐਕਟ ਤੋਂ ਐਗਜ਼ੰਪਸ਼ਨ ਲੈ ਲਈ ਹੋਈ ਹੈ ਇਸੇ ਤਰ੍ਹਾਂ ਹੀ ਸਿੱਖਾਂ ਨੂੰ ਜਿਨ੍ਹਾਂ ਦੀ ਕਿ ਸਬ-ਨੇਸ਼ਨ ਹੀ ਨਹੀਂ ਬਲਕਿ ਕੰਪਲੀਟ ਨੇਸ਼ਨ ਹੈ, ਨੂੰ ਇਸ ਤੋਂ ਛੋਟ ਦੇ ਦਿੱਤੀ ਜਾਵੇ। ਇਸ ਲਈ ਮੈਂ ਸ਼ਰੋਮਣੀ ਅਕਾਲੀ ਦੱਲ ਨੂੰ ਕਹਾਂਗਾ ਕਿ ਇਨ੍ਹਾਂ ਨੇ ਆਪਣੇ ਚੋਣ ਮੈਨੀ-ਫੈਸਟੋ ਵਿਚ ਵੀ ਇਸ ਬਾਰੇ ਲਿਖਿਆ ਹੈ ਔਰ ਉਹ ਸਾਨੂੰ ਯਾਦ ਰਖਣਾ ਚਾਹੀਦਾ ਹੈ। ਚੋਣ ਮੈਨੀਫੈਸਟੋ ਵਿਚ ਇਹ ਵਾਇਦਾ ਕੀਤਾ ਗਿਆ ਸੀ ਕਿ ਅਸੀਂ ਵਿਧਾਨ ਸਭਾ ਵਿਚ ਜਾਣ ਤੋਂ ਬਾਅਦ ਸੱਭ ਤੋਂ ਪਹਿਲਾਂ ਇਸ ਹਿੰਦੂ ਕੋਡ ਬਿਲ ਨੂੰ ਜਿਸ ਨੇ ਸਾਡੇ ਸਮਾਜ ਨੂੰ ਤਬਾਹ ਕੀਤਾ ਹੈ, ਵਿਚ ਸੁਧਾਰ ਲਿਆਵਾਂਗੇ, ਇਹ ਅਸੀਂ ਪਲੈਜ ਕਰਕੇ ਆਏ ਹਾਂ। ਇਸ ਲਈ ਮੈਂ ਇਸ ਰੈਜ਼ੋਲਿਊਸ਼ਨ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਚਾਹੁੰਦਾ ਹਾਂ ਕਿ ਇਸ ਨੂੰ ਸਰਵਸੰਮਤੀ ਨਾਲ ਪਾਸ ਕੀਤਾ ਜਾਵੇ (ਘੰਟੀ) ਔਰ ਕੇਂਦਰੀ ਸਰਕਾਰ ਤੋਂ ਮੰਗ ਕੀਤੀ ਜਾਵੇ ਕਿ ਉਹ ਇਸ ਨੂੰ ਪਾਸ ਕਰੇ। ਜੇ ਇਹ ਮੰਗ ਨਹੀਂ ਮੰਨੀ ਗਈ ਤਾਂ ਮੈਂ ਦੱਸਦਾ ਹਾਂ ਕਿ ਪੰਜਾਬ ਵਿਚ ਇਹੋ ਜਿਹੇ ਹਾਲਾਤ ਪੈਦਾ ਹੋ ਜਾਣਗੇ ਜਿਸ ਨਾਲ ਕਿ ਉਨ੍ਹਾਂ ਨੂੰ ਇਹ ਮੰਗ ਮੰਨਣੀ ਪਵੇਗੀ ਔਰ ਹਿੰਦੂ ਕੋਡ ਬਿਲ ਖਤਮ ਕੀਤੇ ਬਗੈਰ ਪੰਜਾਬੀ ਕਦੇ ਵੀ ਨਹੀਂ ਰੁਕਣਗੇ। ਐਨਾ ਕਹਿੰਦਾ ਹੋਇਆ ਮੈਂ, ਸਰਦਾਰ ਪ੍ਰਕਾਸ਼ ਸਿੰਘ ਮਜੀਠਾ ਜੀ ਨੇ ਜਿਹੜਾ ਰੈਜ਼ੋਲਿਊਸ਼ਨ ਪੇਸ਼ ਕੀਤਾ ਹੈ, ਉਸ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਆਪ ਦਾ ਧੰਨਵਾਦ ਕਰਦਾ ਹਾਂ।

**ਡਾਕਟਰ ਭਗਤ ਸਿੰਘ** (ਕਰਤਾਰਪੁਰ, ਐਸ. ਸੀ.) : ਚੇਅਰਮੈਨ ਸਾਹਿਬ, ਪਹਿਲੇ ਮੈਨੂੰ ਇਸ ਰੈਜ਼ੋਲਿਊਸ਼ਨ ਦੇ ਮੁਤੱਲਕ ਪਤਾ ਨਹੀਂ ਸੀ ਪਰ ਹੁਣ ਪਤਾ ਲਗਾ ਹੈ। ਇਸ ਲਈ ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਇਕ ਟੈਕਨੀਕਲ ਗੱਲ ਹੀ ਤੁਹਾਡੇ ਸਾਹਮਣੇ ਰੱਖਾਂਗਾ। ਚੇਅਰਮੈਨ ਸਾਹਿਬ, ਇਸ ਬਿੱਲ ਦਾ ਨਾਂ ਹੈ ਹਿੰਦੂ ਸਕਸੈਸ਼ਨ ਐਕਟ ਔਰ ਇਸ ਦੀ ਹਿਸਟਰੀ ਜਿਹੜੀ ਹੈ ਉਹ ਐਨੀ ਪਚੀਦੀ ਹੈ ਜਿੰਨੀ ਹਿੰਦੂ ਸੁਸਾਇਟੀ। ਡਾਕਟਰ ਅੰਬੇਦਕਰ ਨੇ ਬੜਾ ਯਤਨ ਕੀਤਾ ਕਿ ਮੈਂ ਇਸ ਸੁਸਾਇਟੀ ਵਿੱਚੋਂ ਔਕੜਾਂ ਕੱਢਾਂ ਔਰ ਜਿਹੜੀ ਇਸਤਰੀ ਜਾਤੀ ਹੈ ਉਸ ਨੂੰ ਕੋਈ ਰਸਤਾ ਦੇਵਾਂ। ਉਸ ਨੇ ਇਸ ਦੇ ਮੁਤੱਲਕ ਕਈ ਹਿੰਦੂ ਲੀਡਰਾਂ ਨਾਲ ਸਲਾਹ ਕਰਕੇ ਹਿੰਦੂ ਕੋਡ ਬਿੱਲ ਬਣਾਇਆ

Original with;
Punjab Vidhan Sabha
Digitized by;
Panjab Digital Library

ਔਰ ਜਿਸ ਵਿਚ ਹਿੰਦੁਸਤਾਨ ਦੀ ਇਸ ਜਾਤੀ ਦਾ ਖਿਆਲ ਰਖਿਆ ਗਿਆ ਸੀ। ਇਸ ਦੇ ਮੁਤੱਲਕ ਉਨ੍ਹਾਂ ਨੇ ਪੰਡਿਤ ਜਵਾਹਰ ਲਾਲ ਨਹਿਰੂ ਨਾਲ ਵੀ ਗੱਲ ਕੀਤੀ ਅਤੇ ਉਨ੍ਹਾਂ ਨੇ ਯਕੀਨ ਦਿਵਾਇਆ ਕਿ ਇਹ ਬਿੱਲ ਬੜਾ ਪ੍ਰੋਗ੍ਰੈਸਿਵ ਹੈ ਔਰ ਇਸ ਨੂੰ ਪਾਰਲੀਮੈਂਟ ਵਿਚ ਪਾਸ ਕੀਤਾ ਜਾਵੇਗਾ। ਲੇਕਿਨ ਜਦੋਂ ਇਹ ਬਿੱਲ ਹਿੰਦੂ ਸਮਾਜ ਦੇ ਬਰਾਹਮਣਾਂ ਦੇ ਸਾਹਮਣੇ ਆਇਆ ਤਾਂ ਉਹ ਨਾ ਮੰਨੇ ਔਰ ਉਨ੍ਹਾਂ ਦੇ ਸਾਹਮਣੇ, ਪੰਡਿਤ ਨਹਿਰੂ ਜਿਹੜੇ ਕਿ ਉਸ ਵਕਤ ਦੇ ਆਗੂ, ਲੀਡਰ ਸਨ, ਉਨ੍ਹਾਂ ਦਾ ਵੀ ਵਸ ਨਾ ਚਲ ਸਕਿਆ ਔਰ ਇਹ ਬਿਲ ਉਨ੍ਹਾਂ ਨੂੰ ਵਾਪਸ ਲੈਣਾ ਪਿਆ । ਪਰੰਤੂ ਡਾਕਟਰ ਅੰਬੇਦਕਰ ਨੇ ਆਪਣੀ ਅਣਖ ਨੂੰ ਕਾਇਮ ਰਖਦੇ ਹੋਏ ਇਹ ਕਿਹਾ ਕਿ ਮੈਂ ਇਸ ਗੌਰਮਿੰਟ ਵਿਚ ਨਹੀਂ ਰਹਿਣਾ ਔਰ ਇਹ ਕਹਿ ਕੇ ਉਹ ਬਾਹਰ ਆ ਗਏ । ਇਸ ਲਈ ਮੈਂ ਦੱਸਦਾ ਹਾਂ ਕਿ ਇਸ ਹਿੰਦੂ ਸਮਾਜ ਨੂੰ ਸੁਧਾਰਨਾ ਕੋਈ ਸੌਖਾ ਕੰਮ ਨਹੀਂ । ਇਸ ਲਈ ਮੈਂ ਇਹ ਚਾਹੁੰਦਾ ਹਾਂ ਕਿ Sikhs are not Hindus. They should not be covered by the Hindu Succession Act. ਇਸ ਨਾਲ ਸਾਰੇ ਮਸਲੇ ਹੱਲ ਹੋ ਜਾਂਦੇ ਹਨ। ਇਸ ਲਈ ਮੈਂ ਇਕ ਅਮੈਂਡਮੈਂਟ ਪੇਸ਼ ਕਰਦਾ ਹਾਂ ਕਿ:

After the words "that steps be taken to so amend the Hindu Succession Act, 1956", the following be added—

that the Sikhs are not Hindus. As such, they should be exempted from the provisions of this Act.

ਚੇਅਰਮੈਨ ਸਾਹਿਬ, ਇਹ ਜਿਹੜੀ ਛੋਟ ਹੈ ਇਹ ਇੰਡੀਅਨ ਸਕਸੈਸ਼ਨ ਐਕਟ ਦੇ ਤਹਿਤ ਮਿਲ ਸਕਦੀ ਹੈ ਮੁਸਮਾਨਾਂ ਤੇ ਇਹ ਲਾਗੂ ਨਹੀਂ ਹੁੰਦੀ, ਪਰਸ਼ੀਅਨਜ਼ ਤੇ ਇਹ ਲਾਗੂ ਨਹੀਂ ਹੁੰਦੀ । ਇਹ ਸਿਰਫ ਹਿੰਦੂਆਂ ਤੇ ਲਾਗੂ ਹੁੰਦੀ ਹੈ। ਇਸ ਲਈ ਇਹ ਬੜੀ ਸਿੰਪਲ ਜਿਹੀ ਅਮੈਂਡਮੈਂਟ ਹੈ ਔਰ ਮੈਂ ਇਹ ਬੇਨਤੀ ਕਰਦਾ ਹਾਂ ਕਿ Sikhs are not Hindus. They should not be covered under this Act.

ਇਸ ਲਈ ਮੈਂ ਇਹ ਅਮੈਂਡਮੈਂਟ ਪੇਸ਼ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਸਾਨੂੰ ਇਸ ਤੋਂ ਐਗਜ਼ੈਂਪਟ ਕਰ ਦਿਓ । ਐਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਕੇ ਬੈਠਦਾ ਹਾਂ।

**ਸਰਦਾਰ ਗੁਰਧਾਰਾ ਸਿੰਘ** (ਫਿਰੋਜ਼ਪੁਰ): ਚੇਅਰਮੈਨ ਸਾਹਿਬ, ਇਹ ਜਿਹੜਾ ਰੇਜ਼ੋਲਿਊਸ਼ਨ ਸਰਦਾਰ ਪ੍ਰਕਾਸ਼ ਸਿੰਘ ਮਜੀਠਾ ਜੀ ਨੇ ਪੇਸ਼ ਕੀਤਾ ਹੈ ਮੈਂ ਇਸ ਦੇ ਹੱਕ ਵਿਚ ਕਹਿਣ ਲਈ ਖੜਾ ਹੋਇਆ ਹਾਂ। ਕਈ ਮੈਂਬਰਜ਼ ਸਾਹਿਬਾਨ ਨੇ ਇਸ ਬਿਲ ਤੇ ਬੋਲਦਿਆਂ ਹੋਇਆਂ ਇਸ ਨੂੰ ਬਹੁਤ ਛੋਟਾ ਜਿਹਾ ਬਿੱਲ ਦੱਸਿਆ ਹੈ। ਪਰ, ਚੇਅਰਮੈਨ ਸਾਹਿਬ, ਮੈਂ ਕਹਿੰਦਾ ਹਾਂ ਕਿ ਦੇਸ਼ ਵਿਚ ਦੋ ਤਰ੍ਹਾਂ ਦੇ ਕਾਨੂੰਨ ਹੁੰਦੇ ਹਨ ਇਕ ਤਾਂ ਮੁਲਕੀ ਕਾਨੂੰਨ ਹੁੰਦਾ ਹੈ ਅਤੇ ਦੂਜਾ ਰਿਵਾਜੀ ਕਾਨੂੰਨ ਹੁੰਦਾ ਹੈ। ਮੁਲਕੀ ਕਾਨੂੰਨ ਜਿਹੜਾ ਹੁੰਦਾ ਹੈ ਇਹ ਸਾਰਿਆਂ ਤੇ ਲਾਗੂ ਹੁੰਦਾ ਹੈ। ਪਰ ਜਿਹੜਾ ਰਿਵਾਜੀ ਕਾਨੂੰਨ ਹੁੰਦਾ ਹੈ ਉਹ ਚੰਦ ਇਕ ਫਿਰਕਿਆਂ ਤੇ ਲਾਗੂ ਹੁੰਦਾ ਹੈ। ਚੇਅਰਮੈਨ ਸਾਹਿਬ, ਮੈਂ ਇਕ ਮਿਸਾਲ ਦੇਣੀ ਚਾਹੁੰਦਾ ਹਾਂ। ਮਹਾਰਾਜਾ ਰਣਜੀਤ ਸਿੰਘ ਦੇ ਵਕਤ ਵੀ ਕਸਟਮ ਸੀ ਅਤੇ ਉਦੋਂ ਕਈ ਇਲਾਕਿਆਂ ਵਿਚ ਵੱਡੀ ਪੱਗ ਜਾਂਦੀ ਸੀ। ਜਿਸ ਦੇ ਦੋ ਲੜਕੇ ਹੁੰਦੇ ਸਨ ਉਹ ਪੱਗ ਨੂੰ ਦੋ ਹਿੱਸਿਆਂ ਵਿਚ ਵੰਡ ਲੈਂਦੇ ਸਨ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਧਾਰਾ ਸਿੰਘ]
ਅਤੇ ਜਿਸ ਦੇ ਤਿੰਨ ਲੜਕੇ ਅਤੇ ਇਕ ਧੀ ਹੁੰਦੀ ਸੀ ਉਹ ਭਰਾਵਾਂ ਦੇ ਵਿਚ ਵੰਡ ਲੈਂਦੇ ਸਨ। ਇਸ ਤਰ੍ਹਾਂ ਹਰ ਕਿਸਮ ਦੇ ਕਸਟਮ ਵੱਖਰੇ ਵੱਖਰੇ ਇਲਾਕੇ ਵਿਚ ਹੁੰਦੇ ਸਨ ਔਰ ਚਲਦੇ ਰਹੇ ਹਨ। ਮੁਸ਼ਲਮਾਨਾਂ ਦੇ ਉਤੇ ਇਹ ਕਾਨੂੰਨ ਲਾਗੂ ਨਹੀਂ ਹੁੰਦਾ ਅਤੇ ਉਹ ਜਿੰਨੀਆਂ ਮਰਜ਼ੀ ਸ਼ਾਦੀਆਂ ਕਰ ਸਕਦੇ ਹਨ । ਕੁਝ ਦੋਸਤਾਂ ਨੇ ਕਿਹਾ ਸੀ ਕਿ ਲੜਕੀ ਨੂੰ ਮਹਿਰੂਮ ਕਰ ਦਿੱਤਾ ਗਿਆ ਹੈ ਪਰ ਮੈਨੂੰ ਮਹਿਰੂਮ ਦੇ ਲਫਜ਼ ਦੀ ਸਮਝ ਨਹੀਂ ਲਗੀ। ਲੜਕੀ ਬਾਪ ਦੀ ਜਾਇਦਾਦ ਵਿਚੋਂ ਹਿੱਸਾ ਲੱਵੇ ਪਰ ਭਰਾ ਦੀ ਸ਼ਰੀਕ ਨਾ ਬਣੇ, (ਵਿਘਨ) ਇਸ ਐਕਟ ਦੇ ਰਾਹੀਂ ਲੜਕੀ ਬਾਪ ਦੀ ਵਾਰਸ ਰਹੀਂ ਹੈ। ਜਦੋਂ ਲੜਕੀ ਦੀ ਮਾਂ ਜਿੰਦਾ ਹੈ ਅਤੇ ਬਾਪ ਮਰ ਗਿਆ ਹੈ ਔਰ ਉਸ ਵਿਚੋਂ ਮਾਂ ਦੇ ਕੋਲੋਂ ਲੜਕੀ ਆਪਣੀ ਜਾਇਦਾਦ ਦਾ ਹਿੱਸਾ ਲੇ ਜਾਵੇ ਤਾਂ ਦਿਲਾਂ ਦੇ ਵਿਚ ਫਰਕ ਪੈ ਜਾਂਦਾ ਹੈ। ਜਦੋਂ ਇਹ ਕਾਨੂੰਨ 1956 ਦੇ ਵਿਚ ਬਣਾਇਆ ਗਿਆ ਸੀ ਉਸ ਵੇਲੇ ਕਾਨੂੰਨਦਾਨਾਂ ਨੂੰ ਇਸ ਦੇ ਨੁਕਸਾਂ ਦਾ ਪਤਾ ਨਹੀਂ ਸੀ ਅਤੇ ਨਾ ਹੀ ਉਨ੍ਹਾਂ ਦੀ ਇਹ ਮਨਸ਼ਾ ਸੀ ਕਿ ਨੁਕਸ ਰਹਿ ਜਾਣ। ਕਿਉਂਕਿ ਕਾਨੂੰਨਦਾਨਾਂ ਨੇ ਬੜੀ ਸੋਚ ਸਮਝਕੇ ਵਕਤ ਦੇ ਅਨੁਸਾਰ ਇਹ ਕਾਨੂੰਨ ਬਣਾਇਆ ਸੀ। ਹੁਣ ਵਕਤ ਦੇ ਮੁਤਾਬਿਕ ਇਸ ਦੇ ਵਿਚ ਨੁਕਸ਼ ਆ ਗਏ ਹਨ ਇਸ ਲਈ ਇਸ ਦੇ ਵਿਚ ਸੋਧ ਕਰ ਲੈਣੀ ਚਾਹੀਦੀ ਹੈ। ਜਿਸ ਤਰ੍ਹਾਂ ਸਾਡੇ ਵਿਧਾਨ ਬਣਨ ਤੋਂ ਬਾਅਦ ਕਿੰਨੀਆਂ ਹੀ ਅਮੈਂਡਮੈਂਟਾਂ ਆਈਆਂ ਹਨ ਕਿਉਂਕਿ ਅਮੈਂਡਮੈਂਟ ਸਮੇਂ ਦੀ ਲੋੜ ਅਨੁਸਾਰ ਹੁੰਦੀ ਹੈ ਇਸ ਲਈ ਇਸ ਦੇ ਵਿਚ ਅਮੈਂਡਮੈਂਟ ਕਰ ਲੈਣੀ ਚਾਹੀਦੀ ਹੈ। ਇਸ ਦੇ ਨਾਲ ਭੈਣ ਭਰਾ ਦੇ ਪਿਆਰ ਵਿਚ ਫਰਕ ਪੈ ਗਿਆ ਹੈ। ਜਦੋਂ ਲੜਕੀ ਸਹੁਰੇ ਘਰ ਚਲੀ ਜਾਵੇ ਤਾਂ ਉਸ ਤੋਂ ਬਾਦ ਉਸ ਦਾ ਹੱਕ ਆਪਣੇ ਘਰ ਵਾਲੇ ਦੇ ਘਰ ਦੀ ਜਾਇਦਾਦ ਵਿਚ ਹੋਣਾ ਚਾਹੀਦਾ ਹੈ। ਜਦੋਂ ਵਿਆਹ ਤੋਂ ਬਾਅਦ ਲੜਕੀ ਆਪਣੀ ਜਾਇਦਾਦ ਦਾ ਹੱਕ ਮੰਗ ਲੈਂਦੀ ਹੈ ਤਾਂ ਵੰਡ ਪੈ ਜਾਂਦੀ ਹੈ ਅਤੇ ਰਿਸ਼ਤੇ ਟੁੱਟ ਜਾਂਦੇ ਹਨ। ਜੱਟ ਕਦੇ ਬਰਦਾਸ਼ਤ ਨਹੀਂ ਕਰਦਾ ਕਿ ਮੇਰਾ ਸ਼ਰੀਕ ਮੇਰਾ ਗਵਾਂਢੀ ਵਸੇ, ਜਿਸ ਦੇ ਕਾਰਨ ਕਤਲ ਸ਼ੁਰੂ ਹੋ ਗਏ। ਮੈਂ ਇਕ ਗੱਲ ਦੱਸਦਾ ਹਾਂ ਕਿ ਜਦੋਂ ਇਕ ਆਦਮੀ ਬਿਮਾਰ ਹੋ ਜਾਂਦਾ ਹੈ ਤਦ ਉਸ ਨੂੰ ਬਲੱਡ 'ਏ' ਜਾਂ 'ਬੀ' ਦੀ ਲੋੜ ਹੁੰਦੀ ਹੈ। ਜੇਕਰ ਉਸ ਬਿਮਾਰ ਆਦਮੀ ਨੂੰ 'ਬੀ' ਦੀ ਜਗ੍ਹਾ 'ਏ' ਦੇ ਗਰੁਪ ਦਾ ਬਲੱਡ ਦਿੱਤਾ ਜਾਵੇ ਤਦ ਉਸ ਆਦਮੀ ਦੀ ਮੌਤ ਹੋ ਜਾਂਦੀ ਹੈ। ਇਸੇ ਤਰ੍ਹਾਂ ਜਿਹੜਾ ਜੁਵਾਈ ਹੈ ਉਹ ਇਕ ਬੜਾ ਵੱਡਾ ਜਰਮ ਸਮਝਿਆ ਜਾਂਦਾ ਹੈ। ਜਿਸ ਪਿੰਡ ਦੇ ਵਿਚ ਚਲਾ ਜਾਂਦਾ ਹੈ ਲੋਕ ਕਹਿੰਦੇ ਹਨ ਜਰਮ ਆ ਗਿਆ ਹੈ ਕਦੇ ਨਾਲ ਨਾ ਲੱਗ ਜਾਵੇ। ਪਿੰਡ ਦੇ ਲੋਕ ਉਸ ਕੋਲੋਂ ਡਰਦੇ ਹਨ ਪਰ ਇਹ ਕਸਟਮ ਸਾਡੇ ਮੁਲਕ ਵਿਚ ਬਣੇ ਹੋਏ ਹਨ। ਸਾਡੇ ਪਿੰਡ ਦੇ ਵਿਚ ਦੋ ਗੋਤਰ ਹੋਣ, ਇਕ ਹੋਵੇ ਗਿੱਲ ਔਰ ਦੂਜਾ ਹੋਵੇ ਸੰਧੂ ਦਾ ਤਾਂ ਉਹ ਇਕ ਪਿੰਡ ਦੇ ਵਿਚ ਆਪਣੇ ਬੱਚੇ ਦੀ ਸ਼ਾਦੀ ਨਹੀਂ ਕਰਨਗੇ ਬਲਕਿ ਦੂਜੇ ਪਿੰਡ ਦੇ ਵਿਚ ਸ਼ਾਦੀ ਕਰ ਦੇਣਗੇ ਪਰ ਦੂਸਰੀ ਤਰਫ ਸ਼ਹਿਰਾਂ ਦੇ ਵਿਚ ਇਕ ਮੁਹੱਲੇ ਵਿਚ ਸ਼ਾਦੀ ਕਰ ਦਿੰਦੇ ਹਨ। ਸਾਡੇ ਪਿੰਡਾਂ ਦੇ ਵਿਚ ਕੋਈ ਵਿਡੋ ਹੋ ਜਾਵੇ ਉਹ ਦੂਜੀ ਸ਼ਾਦੀ ਨਹੀਂ ਕਰਵਾ ਸਕਦੀ ਕਿਉਂਕਿ ਪਿੰਡ ਵਾਲੇ ਦੂਜੀ ਸ਼ਾਦੀ ਬਰਦਾਸ਼ਤ ਨਹੀਂ ਕਰਦੇ, ਇਹ ਸਾਡੇ ਕਸਟਮ ਬਣੇ ਹੋਏ ਹਨ । ਜੇਕਰ ਲੜਕੀ ਆਪਣੇ ਭਰਾ ਦੀ ਜ਼ਮੀਨ ਨਾਲ ਵੰਡ ਪਾਵੇ ਤਾਂ ਸ਼ਰੀਕਾ ਪੈਦਾ ਹੋ ਜਾਂਦਾ ਹੈ। ਪਹਿਲਾਂ ਭੈਣ ਭਰਾ ਦਾ ਪਿਆਰ ਕਿੰਨਾ ਪਵਿੱਤਰ ਪਿਆਰ ਸਮਝਿਆ ਜਾਂਦਾ ਸੀ ਅਤੇ ਨਾਨਕੀ ਛੱਕ ਲੈ ਕੇ ਭੈਣ ਦੇ ਘਰ ਭਰਾ ਜਾਂਦੇ ਸਨ। ਜੇ ਭੈਣ ਭਰਾ ਦੇ ਨਾਲੋਂ ਦੋ ਏਕੜ ਜ਼ਮੀਨ ਵੰਡ ਲਵੇ ਤਾਂ ਸ਼ਰੀਕਾ ਪੈਦਾ ਹੋ ਜਾਂਦਾ ਹੈ। ਵੰਡ ਤੋਂ ਪਹਿਲਾਂ ਉਸੇ ਭੈਣ ਦਾ ਆਪਣੇ ਭਰਾ ਅਤੇ ਭਰਜਾਈਆਂ ਦੇ ਨਾਲ ਕਿੰਨਾ ਪਿਆਰ ਹੁੰਦਾ ਹੈ, ਇਹ ਸਾਰਾ ਰਿਸ਼ਤਾ ਵੰਡ ਕਰਕੇ ਟੁੱਟ ਜਾਂਦਾ ਹੈ। ਜਦੋਂ ਲੜਕੀ ਵਿਆਹੀ ਜਾਂਦੀ ਹੈ ਔਰ ਆਪਣੇ ਸਹੁਰੇ ਘਰ ਨੂੰਹ ਬਣ ਕੇ ਜਾਂਦੀ ਹੈ ਤਾਂ ਉਹ ਆਪਣੇ ਪਤੀ ਦੇ ਵਾਂਗ ਜਾਇਦਾਦ ਦੀ ਹੱਕਦਾਰ ਹੋਣੀ ਚਾਹੀਦੀ ਹੈ। ਇਸ ਦੇ ਵਿਚ ਕੋਈ ਕੰਪਲੀਕੇਸ਼ਨ ਪੈਦਾ ਨਹੀਂ ਹੁੰਦੀ। ਮੈਂ ਸਾਰੇ ਭਰਾਵਾਂ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਮਤੇ ਨੂੰ ਸਰਬਸੰਮਤੀ ਦੇ ਨਾਲ ਪਾਸ ਕਰ ਦੇਣ

Original with;
Punjab Vidhan Sabha
Digitized by;
Panjab Digital Library

(ਘੰਟੀ) ਚੇਅਰਮੈਨ ਸਾਹਿਬ, ਬਸ ਮੈਂ ਖਤਮ ਕਰਨ ਲਗਾ ਹਾਂ। ਮੇਰੇ ਵੀਰਾਂ ਨੂੰ ਅਪੀਲ ਹੈ ਕਿ ਇਸ ਮਤੇ ਨੂੰ ਸਰਬਸੰਮਤੀ ਨਾਲ ਪਾਸ ਕਰ ਦੇਣ ਤਾਕਿ ਭੈਣ ਭਰਾ ਦਾ ਗੁਜ਼ਰ ਅੱਛਾ ਹੋ ਸਕੇ।

**ਸ਼੍ਰੀ ਹੁਕਮ ਚੰਦ** (ਕਪੂਰਥਲਾ): ਚੇਅਰਮੈਨ ਸਾਹਿਬ, ਮੈਂ ਤੁਹਾਡਾ ਬੜਾ ਧਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿਤਾ ਹੈ। ਜਦੋਂ ਦੀ ਸਮਾਜ ਦੀ ਰਚਨਾ ਹੋਈ ਹੈ ਇਸ ਦੇ ਵਿਚ ਕਈ ਤਰੁਟੀਆਂ ਵੇਖਣ ਵਿਚ ਆਉਂਦੀਆਂ ਰਹੀਆਂ ਹਨ, ਅਸੀਂ ਇਨ੍ਹਾਂ ਤਰੁਟੀਆਂ ਨੂੰ ਦੂਰ ਕਰਦੇ ਰਹੇ ਹਾਂ ਔਰ ਹਾਲਾਤ ਦੇ ਮੁਤਾਬਿਕ ਰੀਫਾਰਮਜ਼ ਹੁੰਦੇ ਰਹੇ ਹਨ। ਇਸ ਗੱਲ ਨੂੰ ਹਿਸਟਰੀ ਦੇ ਪੰਨਿਆਂ ਤੋਂ ਵੇਖਿਆ ਜਾ ਸਕਦਾ ਹੈ। ਅਸੀਂ ਸਦਾ ਕੋਸ਼ਿਸ਼ ਕਰਦੇ ਹਾਂ ਕਿ ਇਸ ਸਮਾਜ ਦੇ ਵਿਚ ਅੱਛੀ ਕਿਸਮ ਦੀਆਂ ਗੱਲਾਂ ਆਉਣ ਅਤੇ ਜਿਹੜੀਆਂ ਤਰੁਟੀਆਂ ਹਨ ਉਨ੍ਹਾਂ ਨੂੰ ਦੂਰ ਕਰਦੇ ਰਹੀਏ। ਇਹ ਪਿਛਲੀ ਸਰਕਾਰ ਨੇ ਹਿੰਦੂ ਕੋਡ ਬਿਲ ਬਣਾਇਆ ਸੀ। ਇਸ ਨੂੰ ਬਣਾਉਣ ਦੀ ਪਾਲਿਸੀ ਕੀ ਸੀ ? ਮੈਂ ਉਸ ਦੇ ਬਾਰੇ ਦੱਸਦਾ ਹਾਂ ਕਿ ਹਿੰਦੂ ਸਿੱਖ ਦਾ ਝਗੜਾ ਹੁੰਦਾ ਰਹੇ, ਹਿੰਦੂ ਹਰੀਜਨ ਦਾ ਝਗੜਾ ਹੁੰਦਾ ਰਹੇ, ਜ਼ਿਮੀਂਦਾਰ ਮੁਜ਼ਾਰੇ ਨਾਲ ਲੜਦਾ ਰਹੇ, ਸ਼ਹਿਰੀ ਦਿਹਾਤੀ ਦੇ ਨਾਲ ਲੜਦਾ ਰਹੇ। ਇਹ ਕਾਂਗਰਸੀ ਭਰਾ ਇਸ ਝਗੜੇ ਨੂੰ ਵੇਖਣਾ ਚਾਹੁੰਦੇ ਸਨ। ਉਨ੍ਹਾਂ ਨੇ ਸੋਚਿਆ ਸੀ ਕਿ ਮੌਕੇ ਤੇ ਇਹ ਜਿਹੜਾ ਬੀਜ ਬੋਇਆ ਜਾ ਰਿਹਾ ਹੈ ਇਸਦਾ ਫਾਇਦਾ ਉਠਾਵਾਂਗੇ। ਉਹ ਇਸ ਹਥਿਆਰ ਨੂੰ ਇਸਤੇਮਾਲ ਕਰਨਾ ਚਾਹੁੰਦੇ ਸਨ। ਇਸ ਹਿੰਦੂ ਕੋਡ ਬਿਲ ਨੂੰ ਬਣਾ ਕੇ, ਭੈਣ ਨੂੰ ਭਰਾ ਦੀ ਅਤੇ ਬਾਪ ਦੀ ਜਾਇਦਾਦ ਦਾ ਹਿੱਸੇਦਾਰ ਬਣਾ ਦਿਤਾ। ਇਹ ਜਿਹੜਾ ਮਤਾ ਲਿਆਂਦਾ ਗਿਆ ਹੈ ਇਹ ਬਹੁਤ ਅੱਛਾ ਮਤਾ ਹੈ। ਇਸ ਲਈ ਮੈਂ ਕਹਾਂਗਾ ਕਿ ਇਸ ਨੂੰ ਸਰਬ ਸੰਮਤੀ ਨਾਲ ਪਾਸ ਕਰ ਦੇਣਾ ਚਾਹੀਦਾ ਹੈ ਕਿਉਂਕਿ ਪਾਸ ਕਰਨ ਤੋਂ ਬਾਅਦ ਇਹ ਸੈਂਟਰਲ ਗੌਰਮਿੰਟ ਨੂੰ ਸਿਫਾਰਸ਼ ਕੀਤੀ ਜਾਣੀ ਹੈ ਕਿ ਇਸ ਬਿਲ ਦੇ ਵਿਚ ਸੋਧ ਕੀਤੀ ਜਾਵੇ। ਮੈਂ ਇਕ ਪਿੰਡ ਦਾ ਰਹਿਣ ਵਾਲਾ ਹਾਂ। ਮੈਨੂੰ ਪਤਾ ਹੈ ਕਿ ਹਿੰਦੂ ਕੋਡ ਬਿਲ ਜਦੋਂ ਪਾਸ ਹੋਇਆ ਸੀ ਤਾਂ ਉਸ ਸਮੇਂ ਪਿੰਡਾਂ ਦੇ ਵਿਚ ਇਸ ਬਾਰੇ ਕਿੰਨਾ ਰੋਸ ਸੀ ਅਤੇ ਉਸ ਤੋਂ ਬਾਅਦ ਜਾਇਦਾਦ ਦੇ ਕੇਸਿਜ਼ ਅਦਾਲਤਾਂ ਵਿਚ ਜਾਣ ਲਗ ਪਏ, ਤਹਿਸੀਲਾਂ ਵਿਚ ਜਾਣ ਲੱਗੇ ਅਤੇ ਕਤਲ ਹੋਏ। ਇਸਦੇ ਨਾਲ ਲੋਕਾਂ ਨੂੰ ਤਕਲੀਫਾਂ ਦਾ ਸਾਹਮਣਾ ਕਰਨਾ ਪਿਆ। ਮੇਰੇ ਕੁਝ ਦੋਸਤ ਇਸ ਬਿਲ ਦੀ ਵਿਰੋਧਤਾ ਕਰਦੇ ਹੋਣਗੇ। (ਵਿਘਨ) ਉਨ੍ਹਾਂ ਨੂੰ ਇਸ ਸਾਰੀ ਗੱਲ ਨੂੰ ਸਮਝ ਕੇ ਅਤੇ ਵਿਚਾਰ ਕਰਕੇ ਇਸ ਬਿਲ ਨੂੰ ਸੋਧ ਕੇ ਲਿਆਉਣਾ ਚਾਹੀਦਾ ਹੈ। ਸਮਾਜ ਦੇ ਵਿਚ ਇਹ ਇਕ ਸੁਧਾਰ ਵਾਲੀ ਗੱਲ ਹੋਵੇਗੀ। ਇਸ ਬਿਲ ਨੂੰ ਸਮਾਜ ਨੇ ਰਿਜੈਕਟ ਕੀਤਾ ਸੀ। ਮੈਂ ਇਸ ਗੱਲ ਦੀ ਮੰਗ ਕਰਦਾ ਹਾਂ ਕਿ ਜੇਕਰ ਇਸ ਬਿਲ ਤੇ ਰੀਫਰੈਂਡਮ ਕਰਵਾ ਲਿਆ ਜਾਵੇ ਤਾਂ ਇਸ ਹਿੰਦੂ ਕੋਡ ਬਿਲ, 1956 ਨੂੰ ਹਾਰ ਮਿਲੇਗੀ, ਪਰ ਇਸ ਸੋਧ ਦੇ ਨਾਲ ਲੋਕਾਂ ਦੀ ਸਪੋਰਟ ਮਿਲੇਗੀ ਕਿ ਲੜਕੀ ਨੂੰ ਆਪਣੇ ਸਸੁਰਾਲ ਦੀ ਜਾਇਦਾਦ ਵਿਚੋਂ ਹੱਕ ਮਿਲੇ ਔਰ ਇਹ ਭੈਣ ਭਰਾ ਦਾ ਪਿਆਰ ਵੱਧਣਾ ਚਾਹੀਦਾ ਹੈ। ਜਦੋਂ ਪਾਰਲੀਮੈਂਟ ਦੀਆਂ ਇਲੈਕਸ਼ਨਾਂ ਅਤੇ ਅਸੰਬਲੀ ਦੀਆਂ ਇਲੈਕਸ਼ਨਾਂ ਹੋਈਆਂ ਸਨ ਤਾਂ ਅਸੀਂ ਲੋਕਾਂ ਦੇ ਨਾਲ ਵਾਅਦਾ ਕੀਤਾ ਸੀ ਕਿ ਅਸੀਂ ਸਭ ਤੋਂ ਪਹਿਲਾਂ ਇਸ ਬਿਲ ਦੇ ਵਿਚ ਸੋਧ ਕਰਾਂਗੇ ਔਰ ਸਾਨੂੰ ਜਨਤਾ ਪਾਰਟੀ ਅਤੇ ਅਕਾਲੀ ਪਾਰਟੀ ਨੂੰ ਇਹ ਵਾਅਦਾ ਲੋਕਾਂ ਦੇ ਨਾਲ ਕੀਤਾ ਹੋਇਆ ਭੁੱਲ ਨਹੀਂ ਜਾਣਾ ਚਾਹੀਦਾ ਬਲਕਿ ਇਸ ਨੂੰ ਇੰਪਲੀਮੈਂਟ ਕਰਨਾ ਚਾਹੀਦਾ ਹੈ। ਅਸੀਂ ਵਾਅਦਾ ਕੀਤਾ ਸੀ ਕਿ ਲੜਕੀ ਨੂੰ ਆਪਣੇ ਸੁਸਰਾਲ ਦੀ ਜਾਇਦਾਦ ਵਿਚੋਂ ਹਿੱਸਾ ਮਿਲਣਾ ਚਾਹੀਦਾ ਹੈ ਜਿਸ ਕਰਕੇ ਇਹ ਅਮੈਂਡਮੈਂਟ ਲਿਆਉਣ ਦੀ ਲੋੜ ਪਈ ਹੈ। ਮੇਰੇ ਜਿਹੜੇ ਵੀਰਾਂ ਨੇ ਇਸ ਮਤੇ ਦੀ ਵਿਰੋਧਤਾ ਕੀਤੀ ਹੈ ਉਨ੍ਹਾਂ ਨੂੰ ਉਸ ਵੇਲੇ ਵਿਰੋਧਤਾ ਕਰਨੀ ਚਾਹੀਦੀ ਸੀ ਜਿਸ ਵੇਲੇ ਲੋਕਾਂ ਕੋਲੋਂ ਵੋਟਾਂ ਲੈਣ ਵਾਸਤੇ ਗਏ ਸੀ। ਉਦੋਂ ਜਲੰਧਰ ਦੇ ਵਿਚ 5 ਲੱਖ ਲੋਕਾਂ ਦਾ ਜਲਸਾ ਹੋਇਆ ਸੀ ਅਤੇ ਉਸ ਦੇ ਵਿਚ ਇਹ ਐਲਾਨ ਕੀਤਾ ਸੀ

Original with;
Punjab Vidhan Sabha
Digitized by;
Panjab Digital Library

[ਸ੍ਰੀ ਹੁਕਮ ਚੰਦ]

ਕਿ ਅਸੀਂ ਇਹ ਵਾਅਦਾ ਪੂਰਾ ਕਰਾਂਗੇ। ਇਹ ਗੱਲਾਂ ਸਾਨੂੰ ਵੋਟਾਂ ਲੈਣ ਦੀ ਖਾਤਰ ਨਹੀਂ ਕਰਨੀਆਂ ਚਾਹੀਦੀਆਂ ਬਲਕਿ ਜੋ ਵਾਅਦਾ ਜਨਤਾ ਨਾਲ ਕਰਕੇ ਆਏ ਹਾਂ ਉਸ ਨੂੰ ਪੂਰਾ ਕਰਨਾ ਸਾਡਾ ਧਰਮ ਹੈ, ਉਸ ਨੂੰ ਮੰਨਣਾ ਪਵੇਗਾ।

ਚੇਅਰਮੈਨ ਸਾਹਿਬ, ਸਾਡੇ ਦੇਸ਼ ਵਿਚ ਲੜਕੀ ਜਿਹੜੀ ਹੈ ਉਹ ਭਰਾ ਨਾਲ ਕਿੰਨਾ ਪਿਆਰ ਕਰਦੀ ਹੈ। ਉਸ ਨੂੰ ਭਰਾ ਕਿੰਨਾ ਪਿਆਰਾ ਹੁੰਦਾ ਹੈ। ਇਸ ਸਬੰਧ ਵਿਚ ਮੇਰੀ ਹੱਡ ਬੀਤੀ ਹੈ। ਮੈਂ ਇਹ ਗੱਲ ਕਹਿ ਸਕਦਾ ਹਾਂ ਕਿ ਇਹ ਠੀਕ ਹੈ ਕਿ ਸਾਡੀ ਘਰ ਵਾਲੀ ਨਾਲ ਸ਼ਰੀਰ ਦਾ ਸਬੰਧ ਹੈ, ਵਿਚਾਰ ਇਕ ਹਨ। ਪਤੀ ਔਰ ਪਤਨੀ ਵੰਡੇ ਨਹੀਂ ਹੁੰਦੇ। ਸਹੀ ਮਾਹਨਿਆਂ ਦੇ ਵਿਚ ਦੇਖਿਆ ਜਾਏ ਤਾਂ ਜੇਕਰ ਭੈਣ 90 ਸਾਲ ਦੀ ਹੈ ਅਤੇ ਭਰਾ 100 ਸਾਲ ਦਾ ਹੈ ਤਾਂ ਉਨ੍ਹਾਂ ਦਾ ਜਿਹੜਾ ਪਿਆਰ ਹੁੰਦਾ ਹੈ ਉਹ ਪਤੀ ਅਤੇ ਪਤਨੀ ਦਾ ਪਿਆਰ ਨਹੀਂ ਬਣ ਸਕਦਾ ਔਰ ਇਹ ਗੱਲ ਕਸੌਟੀ ਤੇ ਪਰਖੀ ਹੋਈ ਹੈ। ਦੂਸਰੀ ਗੱਲ ਜਿਹੜੀ ਹੈ, ਉਹ ਇਹ ਹੈ ਕਿ ਜਦੋਂ ਅਸੀਂ ਆਪਣੀ ਭੈਣ ਦਾ ਵਿਆਹ ਕਰਦੇ ਹਾਂ ਜਾਂ ਉਸ ਦੇ ਲਈ ਵਰ ਲੱਭਣ ਜਾਂਦੇ ਹਾਂ ਤਾਂ ਸਾਡੀ ਸਾਰਿਆਂ ਦੀ ਇਹੀ ਕੋਸ਼ਿਸ਼ ਹੁੰਦੀ ਹੈ ਕਿ ਲੜਕੀ ਸਹੁਰੇ ਘਰ ਜਾ ਕੇ ਚੰਗੀ ਜ਼ਿੰਦਗੀ ਬਤੀਤ ਕਰੇ। ਉਸ ਨੂੰ ਕੋਈ ਔਕੜ ਨਾ ਆਵੇ। ਚੇਅਰਮੈਨ ਸਾਹਿਬ, ਭੈਣ ਭਰਾ ਦਾ ਬੁਨਿਆਦੀ ਪਿਆਰ ਹੈ। ਇਸ ਦੇ ਪਿਛੇ ਇਕ ਬਹੁਤ ਵੱਡੀ ਹਿਸਟਰੀ ਹੈ। ਇਸ ਕਰਕੇ ਮੈਂ ਹਾਊਸ ਅਗੇ ਬੇਨਤੀ ਕਰਾਂਗਾ ਕਿ ਜੇਕਰ ਇਸ ਮਤੇ ਦੇ ਖਿਲਾਫ ਇਕ ਵੀ ਵੋਟ ਗਈ ਤਾਂ ਪੰਜਾਬ ਦੀ ਜਨਤਾ ਉਸ ਨੂੰ ਵੋਟ ਦੇਣ ਸਮੇਂ ਪੁੱਛੇਗੀ ਕਿ ਤੁਸੀਂ ਇਸ ਦੇ ਖਿਲਾਫ ਵੋਟ ਕਿਉਂ ਦਿੱਤੀ ਹੈ? (ਤਾੜੀਆਂ) (ਥੰਪਿਗ) ਚੇਅਰਮੈਨ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜੋ ਪੰਜਾਬ ਵਿਚ ਹੋ ਰਿਹਾ ਹੈ ਅਤੇ ਜਾਇਦਾਦਾਂ ਤਕਸੀਮ ਹੋ ਰਹੀਆਂ ਹਨ ਅਤੇ ਕਈ ਗਲਤ ਕੰਮ ਹੋ ਰਹੇ ਹਨ। (ਘੰਟੀ) ਜੇਕਰ ਇਕ ਲੜਕੀ ਆਪਣੇ ਮਾਂ ਬਾਪ ਕੋਲੋਂ 100 ਮੀਲ ਦੂਰ ਬੈਠੀ ਹੋਵੇ ਅਤੇ ਆਪਣੀ ਜਾਇਦਾਦ 100 ਮੀਲ ਤੋਂ ਵੰਡਣ ਵਾਸਤੇ ਆਉਂਦੀ ਹੈ ਤਾਂ ਉਹ ਉਸ ਟੁਕੜੇ ਦੀ ਰਖਵਾਲੀ ਕਿਸ ਤਰਾਂ ਕਰੇਗੀ? ਜੇਕਰ ਉਸ ਨੂੰ ਸੌਹਰਿਆਂ ਦੇ ਘਰ ਜਾਇਦਾਦ ਵਿਚੋਂ ਹਿੱਸਾ ਮਿਲ ਜਾਵੇ ਤਾਂ ਦੋਨੋਂ ਪਤੀ ਔਰ ਪਤਨੀ ਮਿਲ ਕੇ ਚੰਗੀ ਤਰ੍ਹਾਂ ਨਾਲ ਦੇਖਭਾਲ ਕਰ ਸਕਦੇ ਹਨ। ਸਾਡੀ ਸੁਸਾਇਟੀ ਨੇ ਨਾਰੀ ਨੂੰ ਮਾਣ ਦਿੱਤਾ ਹੈ, ਰਿਸ਼ੀਆਂ ਮੁਨੀਆਂ ਨੇ ਮਾਣ ਦਿੱਤਾ ਹੈ। ਚੇਅਰਮੈਨ ਸਾਹਿਬ, ਉਸ ਵੇਲੇ ਕਿਸੇ ਵੀ ਹਵਨ ਨੂੰ ਕਾਮਯਾਬ ਨਹੀਂ ਸਮਝਿਆ ਜਾਂਦਾ ਸੀ ਜਦੋਂ ਤਕ ਪਤੀ ਔਰ ਪਤਨੀ ਦੋਵੇਂ ਹਵਨ ਵਿਚ ਨਾ ਬੈਠੇ ਹੋਣ। ਮੈਂ ਚਾਹੁੰਦਾ ਹਾਂ ਕਿ ਇਸਤਰੀ ਨੂੰ ਪੂਰੀ ਮਹੱਤਤਾ ਦਿੱਤੀ ਜਾਵੇ ਔਰ ਇਸ ਮਤੇ ਨੂੰ ਪਾਸ ਕਰਕੇ ਇਸਤਰੀ ਦੀ ਮਹੱਤਤਾ ਵਧੇਗੀ, ਘਟੇਗੀ ਨਹੀਂ। (ਘੰਟੀ) ਇਸ ਨਾਲ ਹੋਰ ਜ਼ਿਆਦਾ ਕਾਨਫੀਡੈਂਸ ਆਏਗਾ। ਜੇਕਰ ਇਸਤਰੀ ਨੂੰ ਆਪਣੇ ਭਰਾ ਦਾ ਹਿੱਸਾ ਮਿਲੇਗਾ ਤਾਂ ਉਹ 100 ਮੀਲ ਦੂਰੋਂ ਆ ਕੇ ਆਪਣੀ ਜ਼ਮੀਨ ਦਾ ਖਿਆਲ ਨਹੀਂ ਰੱਖ ਸਕਦੀ। ਉਹ ਆਪਣੀ ਜ਼ਮੀਨ ਪਟੇ ਤੇ ਕਿਸੇ ਹੋਰ ਨੂੰ ਦੇਵੇਗੀ। ਮੈਂ ਕਹਿ ਸਕਦਾ ਹਾਂ ਕਿ ਪਟੇ ਦੀ ਜ਼ਮੀਨ ਤੇ ਖਾਦ ਚੰਗੀ ਨਹੀਂ ਦਿੱਤੀ ਜਾਵੇਗੀ ਅਤੇ ਨਾ ਪੈਦਾਵਾਰ ਚੰਗੀ ਹੋ ਸਕਦੀ ਹੈ। ਇਸ ਤਰਾਂ ਕਰਨ ਨਾਲ ਜ਼ਿਆਦਤੀ ਹੋਵੇਗੀ। ਜੇਕਰ ਲੜਕੀ ਨੂੰ ਸੌਹਰਿਆਂ ਦੀ ਜਾਇਦਾਦ ਵਿਚੋਂ ਹਿੱਸਾ ਮਿਲੇਗਾ ਤਾਂ ਦੋਨੋਂ ਮਿਲ ਕੇ ਕੋਸ਼ਿਸ਼ ਕਰਨਗੇ ਔਰ ਦੋਨੋਂ ਇਹ ਚੀਜ਼ ਸਮਝਣਗੇ ਕਿ ਅਸਾਂ ਇਸ ਨਾਲ ਹੀ ਗੁਜ਼ਾਰਾ ਕਰਨਾ ਹੈ ਔਰ ਬਚਿਆਂ ਨੂੰ ਪਾਲਣਾ ਹੈ ਅਤੇ ਉਨ੍ਹਾਂ ਦੋਨ੍ਹਾਂ ਵਿਚ ਵਿਸ਼ਵਾਸ ਜਾਗੇਗਾ।

ਅੱਜ, ਚੇਅਰਮੈਨ ਸਾਹਿਬ, ਲੜਕੀ ਦੀ ਸ਼ਾਦੀ ਵੇਲੇ ਸਭ ਤੋਂ ਵੱਡੀ ਚੀਜ਼ ਇਹ ਦੇਖੀ ਜਾਂਦੀ ਹੈ ਕਿ ਲੜਕੀ ਦੇ ਬਾਪ ਕੋਲ ਸਿਆੜ ਕਿਤਨੇ ਹਨ। ਬੁਨਿਆਦੀ ਗੱਲ ਨੂੰ ਸਾਹਮਣੇ ਨਹੀਂ ਰਖਿਆ ਜਾਂਦਾ ਚੇਅਰਮੈਨ ਸਾਹਿਬ, ਲੜਕੀ ਦਾ ਵਰ ਢੂੰਡਣ ਵੇਲੇ ਮੁੱਖ ਜ਼ਮੀਨ ਨੂੰ ਵੇਖਿਆ ਜਾਂਦਾ ਹੈ।

Original with;
Punjab Vidhan Sabha
Digitized by;
Panjab Digital Library

**Mr. Chairman**: Please wind up.

**ਸ੍ਰੀ ਹੁਕਮ ਚੰਦ** : ਚੇਅਰਮੈਨ ਸਾਹਿਬ, ਪਹਿਲਾਂ ਜਿਹੜਾ ਹਿੰਦੂ ਕੋਡ ਬਿਲ ਬਣਿਆ ਹੋਇਆ ਹੈ ਉਹ ਫੁਟ ਪਾਉਣ ਵਾਲਾ ਹੈ। ਅਸੀਂ ਉਤਨਾ ਚਿਰ ਆਪਣੇ ਦੇਸ਼ ਦਾ, ਆਪਣੀ ਕੌਮ ਦਾ ਔਰ ਆਪਣੀ ਨੇਸ਼ਨ ਦਾ ਸਿਰ ਉੱਚਾ ਨਹੀਂ ਕਰ ਸਕਦੇ ਜਿਤਨਾ ਚਿਰ ਤਕ ਇਸ ਮਤੇ ਨੂੰ ਪਾਸ ਨਹੀਂ ਕਰਦੇ। (ਘੰਟੀ) ਚੇਅਰਮੈਨ ਸਾਹਿਬ, ਜਿਹੜੀ ਭੈਣ ਹੈ ਕਿਹੜੀ ਆਪਣੇ ਭਰਾ ਨੂੰ ਰੱਖੜੀ ਨਹੀਂ ਬੰਨ੍ਹਣਾ ਚਾਹੁੰਦੀ। ਉਹ ਰਖੜੀ ਬੰਨ੍ਹਦੀ ਹੈ ਜਾਂ ਧਾਗਾ ਬੰਨ੍ਹਦੀ ਹੈ। ਚੇਅਰਮੈਨ ਸਾਹਿਬ, ਪਤਨੀ ਅਪਣੇ ਪਤੀ ਦੇ ਰਖੜੀ ਕਿਉਂ ਨਹੀਂ ਬੰਨਦੀ ? ਜੰਗ ਦੇ ਦਿਨਾਂ ਵੇਲੇ ਜਦੋਂ ਕੋਈ ਲੜਨ ਜਾਂਦਾ ਹੈ ਤਾਂ ਪਤਨੀ ਤਿਲਕ ਕਿਉਂ ਨਹੀਂ ਲਗਾਉਂਦੀ ? ਹਮੇਸ਼ਾਂ ਭੈਣ ਹੀ ਤਿਲਕ ਲਗਾਉਂਦੀ ਹੈ। ਇਹ ਤਿਲਕ ਦਾ ਕੰਮ ਭੈਣ ਹੀ ਕਰਦੀ ਹੈ। ਭੈਣ ਦਾ ਪਿਆਰ ਸਭ ਤੋਂ ਵੱਡਾ ਪਿਆਰ ਹੁੰਦਾ ਹੈ। ਭਾਵੇਂ ਭਰਾ 100 ਜਾਂ 200 ਮੀਲ ਤੇ ਬੈਠਾ ਹੋਵੇ ਭੈਣ ਚਾਹੁੰਦੀ ਹੈ ਕਿ ਮੇਰਾ ਭਰਾ ਖੁਸ਼ ਰਹੇ ਅਤੇ ਹਮੇਸ਼ਾ ਉਸ ਦਾ ਭਲਾ ਚਾਹੁੰਦੀ ਹੈ। ਚੇਅਰਮੈਨ ਸਾਹਿਬ, ਇਥੇ ਦੇਖਿਆ ਗਿਆ ਹੈ ਕਿ ਪਤੀ ਆਪਣੀ ਪਤਨੀ ਨੂੰ ਕਹਿੰਦੇ ਹਨ ਕਿ ਤੂੰ ਆਪਣੇ ਭਰਾ ਤੋਂ ਜਾਇਦਾਦ ਦਾ ਹਿੱਸਾ ਲਿਆ। ਮੇਰੇ ਸਾਹਮਣੇ ਮਿਸਾਲਾਂ ਆਈਆਂ ਹਨ। ਪਤਨੀ ਆਪਣੇ ਪਤੀ ਨੂੰ ਕਹਿੰਦੀ ਹੈ ਕਿ ਅੱਜ ਤਾਂ ਤੂੰ ਇਹ ਗਲ ਕਰ ਲਈ ਪਰ ਅਗੋਂ ਕਦੇ ਨਾ ਕਰਨੀ। ਸੋ, ਮੇਰਾ ਇਹ ਕਹਿਣਾ ਹੈ ਕਿ ਇਹ ਬਹੁਤ ਵੱਡੀ ਗੱਲ ਹੈ। ਚੇਅਰਮੈਨ ਸਾਹਿਬ, ਹਿੰਦੂ ਕੋਡ ਬਿਲ ਵਿਚ ਅਮੈਂਡਮੈਂਟ ਕਰਨੀ ਚਾਹੀਦੀ ਹੈ ਅਤੇ ਲੜਕੀਆਂ ਨੂੰ ਹਿੱਸਾ ਸੁਸਰਾਲ ਦੀ ਪਰਾਪਰਟੀ ਵਿਚੋਂ ਮਿਲਣਾ ਚਾਹੀਦਾ ਹੈ। ਇਹ ਮਤਾ ਸਰਬ ਸੰਮਤੀ ਨਾਲ ਪਾਸ ਕਰਕੇ ਸੈਂਟਰ ਤੇ ਜ਼ੋਰ ਪਾਉਣਾ ਚਾਹੀਦਾ ਹੈ ਕਿ ਹਿੰਦੂ ਕੋਡ ਬਿਲ ਵਿਚ ਇਸ ਅਮੈਂਡਮੈਂਟ ਨੂੰ ਲਿਆਂਦਾ ਜਾਵੇ।

**ਸਰਦਾਰ ਮਹਿੰਦਰ ਸਿੰਘ ਸਰੂਪਵਾਲੀ** (ਕਾਦੀਆਂ): ਚੇਅਰਮੈਨ ਸਾਹਿਬ, ਸਰਦਾਰ ਪ੍ਰਕਾਸ਼ ਸਿੰਘ ਮਜੀਠਾ ਨੇ ਜਿਹੜਾ ਮਤਾ ਪੇਸ਼ ਕੀਤਾ ਹੈ, ਮੈਂ ਉਸ ਤੇ ਬੋਲਣ ਲਈ ਖੜ੍ਹਾ ਹੋਇਆ ਹਾਂ। ਸਾਡੇ ਹਿੰਦੁਸਤਾਨ ਦੀ ਕਲਚਰ ਵਖਰੀ ਹੈ ਔਰ ਸਟੇਟ ਦੀ ਕਲਚਰ ਵਖਰੀ ਹੈ। ਪੰਜਾਬ ਦੀ ਕਲਚਰ ਵਖਰੀ ਹੈ ਔਰ ਹਰਿਆਣੇ ਦੀ ਕਲਚਰ ਦੇ ਨਾਲ ਨਹੀਂ ਮਿਲਦੀ। ਹਰਿਆਣੇ ਦੀ ਕਲਚਰ ਹਿਮਾਚਲ ਨਾਲ ਨਹੀਂ ਮਿਲਦੀ। ਵਖੋ ਵਖਰੇ ਸਭ ਜਗ੍ਹਾ ਹਾਲਾਤ ਹਨ। ਵਖਰੀਆਂ ਵਖਰੀਆਂ ਭਾਸ਼ਾਵਾਂ ਹਨ। ਚੇਅਰਮੈਨ ਸਾਹਿਬ, ਜਿਥੋਂ ਤਕ ਪੰਜਾਬ ਦੀਆਂ ਸਮੱਸਿਆਵਾਂ ਦਾ ਸਬੰਧ ਹੈ, ਮਸਲੇ ਦਾ ਸਬੰਧ ਹੈ, ਇਸ ਦੇ ਮਸਲੇ ਬਾਕੀ ਸਟੇਟਾਂ ਨਾਲੋਂ ਵਖਰੇ ਹਨ। ਚੇਅਰਮੈਨ ਸਾਹਿਬ, ਇਥੇ ਕਿਸਾਨਾਂ ਦੀ ਗੱਲ ਚਲਦੀ ਸੀ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਹਿੰਦੂ ਕੋਡ ਬਿਲ ਜਿਹੜਾ ਬਣਾਇਆ ਗਿਆ ਹੈ, ਇਹ ਮੰਦੀ ਭਾਵਨਾ ਨਾਲ ਬਣਾਇਆ ਗਿਆ ਹੈ। ਇਹ ਕਿਸਾਨਾਂ ਦੇ ਵਿਚ ਫੁੱਟ ਪਾਉਂਦਾ ਹੈ। ਪਿਛਲੀ ਕਾਂਗਰਸ ਸਰਕਾਰ ਦੀ ਨੀਤੀ ਸੀ ਕਿ ਪਾੜੋ ਤੇ ਰਾਜ ਕਰੋ। ਇਸ ਹਿੰਦੂ ਕੋਡ ਬਿਲ ਨੇ ਫਿਰਕਿਆਂ ਅਤੇ ਧਰਮਾਂ ਵਿਚ ਵਿਤੱਕਰਾ ਪਾਇਆ ਹੈ। ਕਿਸਾਨਾਂ ਦੇ ਵਿਚ ਪਾੜ ਪਾਇਆ ਹੈ। ਜਿਥੋਂ ਤਕ ਪੰਜਾਬ ਦੇ ਲੋਕਾਂ ਦਾ ਸਬੰਧ ਹੈ, ਉਹ ਇਕ ਬਹਾਦੁਰ ਲੋਕ ਹਨ। ਇਨ੍ਹਾਂ ਨੇ ਪੰਜਾਬ ਦੇ ਵਿਚ ਅਤੇ ਹੋਰ ਥਾਵਾਂ ਤੇ ਬਹਾਦਰੀ ਨਾਲ ਕੰਮ ਕੀਤਾ ਹੈ। ਸਾਡੇ ਪੰਜਾਬੀਆਂ ਨੇ ਯੂ.ਪੀ. ਅਤੇ ਮਧਿਆ ਪ੍ਰਦੇਸ਼ ਵਿਚ ਬਹੁਤ ਪੁਰਾਣੇ ਜੰਗਲ ਆਬਾਦ ਕੀਤੇ ਹਨ। ਇਥੇ ਜ਼ਮੀਨ ਦੀ ਬੜੀ ਖਿੱਚ ਹੈ ਅਤੇ ਸਾਰੇ ਹਿੰਦੁਸਤਾਨ ਵਿਚ ਪੰਜਾਬ ਦੇ ਕਿਸਾਨ ਮਿਹਨਤ ਲਈ ਮਸ਼ਹੂਰ ਹਨ।

ਜਿੱਥੋਂ ਤੱਕ ਝਗੜਿਆਂ ਦਾ ਸਬੰਧ ਹੈ ਮੈਂ ਇਕ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਮਾਜ ਨੂੰ ਚੰਗੀ ਤਰ੍ਹਾਂ ਨਾਲ ਚਲਾਉਣ ਵਾਸਤੇ ਸਮਾਜ ਵਿਚੋਂ ਇਹ ਚੀਜ਼ ਖਤਮ ਕਰਨੀ ਪਏਗੀ।

Original with;
Punjab Vidhan Sabha
Digitized by;
Panjab Digital Library

[ਸਰਦਾਰ ਮਹਿੰਦਰ ਸਿੰਘ ਸਰੂਪਵਾਲੀ]

ਕਈਆਂ ਨੇ ਪ੍ਰੋਗਰੈਸਿਵ ਹੋਣ ਦੀ ਗੱਲ ਕੀਤੀ ਹੈ । ਮੈਂ ਬੇਨਤੀ ਕਰਾਗਾਂ ਕਿ ਜੇ ਆਪਣੀਆਂ ਲੜਕੀਆਂ ਨੂੰ ਜਾਇਦਾਦ ਦੇਣ ਨਾਲ ਪ੍ਰੋਗਰੈਸਿਵ ਹੁੰਦੇ ਹਨ ਤਾਂ ਮੈਂ ਕਹਿੰਦਾ ਹਾਂ ਕਿ ਹਿੰਦੁਸਤਾਨ ਦੀ ਆਬਾਦੀ ਤਕਰੀਬਨ 70% ਬੀਲੋਂ ਪਾਵਰਟੀ ਲਾਈਨ ਹੈ ਜੋ ਆਪਣੀ ਜ਼ਿੰਦਗੀ ਬਤੀਤ ਕਰ ਰਹੇ ਹਨ, ਉਹ ਲੋਕ ਹਨ । ਉਨ੍ਹਾਂ ਦੇ ਢਿੱਡ ਸਿਰਫ ਫੋਕੇ ਨਾਅਰੇ ਲਗਾਉਣ ਨਾਲ ਨਹੀਂ ਭਰਦੇ ਹਨ (ਵਿਘਨ) ਚੇਅਰਮੈਨ ਸਾਹਿਬ, ਇਹ ਜਿਹੜਾ ਮਤਾ ਲਿਆਂਦਾ ਗਿਆ ਹੈ ਇਹ ਬਹੁਤ ਅੱਛਾ ਮਤਾ ਹੈ । ਇਥੇ ਕਈ ਸੱਜਣਾਂ ਨੇ ਇਸ ਮਤੇ ਦੀ ਪ੍ਰੋੜ੍ਹਤਾ ਕੀਤੀ ਹੈ । ਜਿਥੋਂ ਤਕ ਸ਼੍ਰੋਮਣੀ ਅਕਾਲੀ ਦਲ ਦਾ ਸਬੰਧ ਹੈ ਜਦੋਂ ਤੋਂ ਇਹ ਐਕਟ ਬਣਿਆ ਹੈ ਇਹਦੇ ਖਿਲਾਫ ਅਸੀਂ ਲੜਾਈ ਲੜਦੇ ਰਹੇ ਹਾਂ । ਇਹਦੇ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਅਸੀਂ ਇਲੈਕਸ਼ਨਜ਼ ਜਿੱਤ ਕੇ ਆਏ ਹਾਂ ਔਰ ਅੱਜ ਇਸ ਅਸੈਂਬਲੀ ਵਿਚ ਬੈਠੇ ਹਾਂ ਉਸ ਵੇਲੇ ਵੀ ਅਸੀਂ ਇਹ ਕਿਹਾ ਸੀ ਕਿ ਅਸੀਂ ਇਸ ਐਕਟ ਦੇ ਖਿਲਾਫ ਲੜਾਈ ਲੜਾਂਗੇ ਔਰ ਇਸ ਐਕਟ ਦੀ ਸੋਧਣਾ ਕਰਾਂਗੇ ।

ਮੈਨੂੰ ਆਸ ਹੈ ਕਿ ਸਾਨੂੰ ਸਾਰਿਆਂ ਨੂੰ ਜਿੰਨੇ ਵੀ ਇਥੇ ਆਏ ਹਾਂ ਇਸ ਮਤੇ ਦੀ ਪੁਰਜ਼ੋਰ ਹਿਮਾਇਤ ਕਰਕੇ, ਇਸ ਨੂੰ ਪਾਸ ਕਰਕੇ, ਸੈਂਟਰ ਦੀ ਸਰਕਾਰ ਨੂੰ ਭੇਜਣਾ ਚਾਹੀਦਾ ਹੈ ।

**ਸਰਦਾਰ ਮਾਧੋ ਸਿੰਘ** (ਆਨੰਦਪੁਰ ਸਾਹਿਬ—ਰੋਪੜ): ਚੇਅਰਮੈਨ ਸਾਹਿਬ, ਇਹ ਜਿਹੜਾ ਮਤਾ ਪੇਸ਼ ਕੀਤਾ ਗਿਆ ਹੈ ਮੈਂ ਇਸ ਦਾ ਸਮਰਥਨ ਕਰਨ ਵਾਸਤੇ ਉਠਿਆ ਹਾਂ (ਥੰਪਿੰਗ) ਚੇਅਰਮੈਨ ਸਾਹਿਬ, ਮੇਰਾ ਪਿੰਡ ਰੋਪੜ ਤੋਂ 6 ਮੀਲ ਤੇ ਹੈ, ਪਰ ਮੈਂ ਰਹਿੰਦਾ ਰੋਪੜ ਹਾਂ । ਮੈਂ ਇੱਕ ਭਿਆਨਕ ਮੌਕਾ ਵੇਖਿਆ ਹੈ । ਇੱਕ ਬੁੱਢਾ ਨਹਿਰ ਤੇ ਨਹਾਉਣ ਚਲਾ ਗਿਆ । ਉਹਦੇ ਰਿਸ਼ਤੇਦਾਰ ਉਸ ਨੂੰ ਢੂੰਡਦੇ ਫਿਰਦੇ ਸਨ । ਉਨ੍ਹਾਂ ਨੇ ਮੈਨੂੰ ਪੁੱਛਿਆ ਕਿ ਸਾਡਾ ਬੁੱਢਾ ਤਿੰਨ ਘੰਟਿਆਂ ਤੋਂ ਘਰ ਨਹੀਂ ਹੈ ਔਰ ਪਤਾ ਨਹੀਂ ਉਸ ਨੂੰ ਕੌਣ ਚੁਕ ਕੇ ਲੈ ਗਿਆ ਹੈ । ਮੈਂ ਉਨ੍ਹਾਂ ਨੂੰ ਕਿਹਾ ਕਿ ਮੈਂ ਰੋਪੜ ਤੋਂ ਆ ਰਿਹਾ ਹਾਂ ਮੈਨੂੰ ਤਾਂ ਕੋਈ ਰਸਤੇ ਵਿਚ ਮਿਲਿਆ ਨਹੀਂ ਹੈ । ਉਹ ਬਹੁਤ ਘਬਰਾ ਗਏ । ਪਰ ਐਨੇ ਨੂੰ ਬੁੱਢਾ ਨਹਾ ਕੇ ਘਰ ਵਾਪਸ ਆ ਗਿਆ । ਜਦ ਉਸ ਬੁੱਢੇ ਨੂੰ ਪੁੱਛਿਆ ਗਿਆ ਕਿ ਤੂੰ ਕਿਥੇ ਗਿਆ ਸੀ ਤਾਂ ਉਹ ਕਹਿਣ ਲਗਾ ਕਿ ਮੈਂ ਤਾਂ ਨ੍ਹਾਉਣ ਗਿਆ ਸੀ । ਇਸ ਕਰਕੇ ਬੁੱਢਿਆਂ ਦਾ ਬੜਾ ਫਿਕਰ ਰਹਿੰਦਾ ਹੈ ਔਰ ਉਨ੍ਹਾਂ ਨੂੰ ਕੋਈ ਘਰੋਂ ਬਾਹਰ ਨਿਕਲਣ ਨਹੀਂ ਦਿੰਦਾ ਹੈ ।

ਇਸ ਮਤੇ ਨੂੰ ਪਾਸ ਕਰਕੇ ਸੈਂਟਰ ਦੀ ਸਰਕਾਰ ਨੂੰ ਭੇਜਣਾ ਚਾਹੀਦਾ ਹੈ ਤਾਕਿ ਜੋ ਹੁਣ ਇਸ ਐਕਟ ਨਾਲ ਇਥੇ ਪੰਜਾਬ ਵਿਚ ਬੀਮਾਰੀ ਪਈ ਹੋਈ ਹੈ, ਉਹ ਦੂਰ ਹੋ ਸਕੇ । ਮੈਂ ਇਸ ਮਤੇ ਦੀ ਹਿਮਾਇਤ ਕਰਦਾ ਹਾਂ ਔਰ ਚੇਅਰਮੈਨ ਸਾਹਿਬ, ਤੁਹਾਡਾ ਵੀ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ ।

**ਸ੍ਰੀ ਰਮੇਸ਼ ਚੰਦਰ** (ਜਲੰਧਰ ਉੱਤਰ) : ਚੇਅਰਮੈਨ ਸਾਹਿਬ, ਮੈਨੂੰ ਅਫਸੋਸ ਹੈ ਕਿ ਮੈਂ ਇਸ ਬਿਲ ਦਾ ਸਮਰਥਨ ਨਹੀਂ ਕਰ ਸਕਦਾ ਹਾਂ । ਮੈਂ, ਚੇਅਰਮੈਨ ਸਾਹਿਬ, ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਰਿਸ਼ੀਆਂ ਔਰ ਮੁਨੀਆਂ ਨੇ ਹਮੇਸ਼ਾ ਹੀ ਮਨੁਸ਼ ਜਾਤੀ ਇਕੋ ਹੀ ਦਸੀ ਹੈ । ਇਸ ਵਿਚ ਕੋਈ ਵਿਤਕਰਾ ਨਹੀਂ ਦਸਿਆ ਹੈ । ਜਦੋਂ ਲੜਕਾ ਜਾਂ ਲੜਕੀ ਪੈਦਾ ਹੁੰਦੀ ਹੈ ਤਾਂ ਉਸ ਵਿਚ ਕੋਈ ਫਰਕ ਨਹੀਂ ਹੁੰਦਾ । ਹਮੇਸ਼ਾਂ ਮਾਤਾ ਪਿਤਾ ਬੱਚਿਆ ਨੂੰ ਇਕੋ ਨਜ਼ਰ ਨਾਲ ਦੇਖਦੇ ਹਨ । ਅਜ ਅਸੀਂ ਉਸ ਸਮਾਜ ਵਿਚ ਰਹਿ ਰਹੇ ਹਾਂ ਜਿਥੇ ਹਰ ਪਹਿਲੂ ਵਿਚ ਬਰਾਬਰੀ ਦਾ ਪ੍ਰਚਾਰ ਕੀਤਾ

Original with;
Punjab Vidhan Sabha
Digitized by;
Panjab Digital Library

ਜਾ ਰਿਹਾ ਹੈ । ਲੇਕਿਨ ਇਕ ਪਾਸੇ ਤਾਂ ਬਰਾਬਰੀ ਦਾ ਪ੍ਰਚਾਰ ਕਰੀਏ, ਜਮਹੂਰੀਅਤ ਦਾ ਨਾਅਰਾ ਲਗਾਈਏ, ਔਰਤ ਮਰਦ ਨੂੰ ਇੱਕ ਜੈਸਾ ਸਮਝੀਏ, ਦੋਨਾਂ ਨੂੰ ਵੋਟ ਦੇਣ ਦਾ ਅਖਤਿਆਰ ਦੇਈਏ, ਪਰ ਦੂਜੇ ਪਾਸੇ ਕੋਈ ਵਿਤਕਰਾ ਕਰੀਏ ਤਾਂ ਇਹ ਠੀਕ ਨਹੀਂ ਹੈ । ਭੈਣ ਨੂੰ ਜਾਇਦਾਦ ਵਿਚੋਂ ਵਾਲਦੈਨ ਵਲੋਂ ਹਿੱਸਾ ਨਹੀਂ ਮਿਲਣਾ ਚਾਹੀਦਾ, ਇਹ ਮੈਂ ਸਮਝਦਾ ਹਾਂ ਕਿ ਇਹ ਜਮਹੂਰੀ ਸਿਸਟਮ ਦੇ ਖਿਲਾਫ ਹੈ ਜਿਸ ਵਿਚ ਅਸੀਂ ਰਹਿ ਰਹੇ ਹਾਂ ਔਰ ਜਿਸ ਨੂੰ ਅਸੀਂ ਮੰਨ ਰਹੇ ਹਾਂ । ਮੈਂ ਕਹਿਣਾ ਚਾਹੁੰਦਾ ਹਾਂ ਅਸੀਂ ਦਹੇਜ ਦੇ ਖਿਲਾਫ ਬੜਾ ਪ੍ਰਚਾਰ ਕਰਦੇ ਹਾਂ। ਇਹ ਬੜੀ ਵੱਡੀ ਲਾਨ੍ਹਤ ਹੈ । ਦਹੇਜ਼ ਕਦੇ ਖਤਮ ਨਹੀਂ ਹੋਏਗਾ ਅਗਰ ਸਕਸੈਸ਼ਨ ਐਕਟ ਨੂੰ ਬਦਲ ਦਿੱਤਾ ਗਿਆ ਔਰ ਮਾਤਾ ਪਿਤਾ ਦੀ ਜ਼ਾਇਦਾਦ ਵਿਚੋਂ ਲੜਕੀ ਦਾ ਹਿੱਸਾ ਕੱਢ ਦਿੱਤਾ ਗਿਆ । ਜਿਸ ਸੁਸਾਇਟੀ ਵਿਚ ਅਸੀਂ ਰਹਿ ਰਹੇ ਹਾਂ ਅਗਰ ਦਹੇਜ ਨਹੀਂ ਦਿੰਦੇ ਔਰ ਮਾਂ ਪਿਓ ਦੀ ਜਾਇਦਾਦ ਵਿਚੋਂ ਹਿੱਸਾ ਵੀ ਨਹੀਂ ਮਿਲਦਾ ਤਾਂ ਉਸ ਲੜਕੀ ਦਾ ਕੀ ਹਾਲ ਹੋਵੇਗਾ । ਜੇ ਲੜਕੀ ਨੂੰ ਜਾਇਦਾਦ ਵਿਚ ਹਿੱਸਾ ਨਹੀਂ ਦੇਣਾ ਅਤੇ ਦਹੇਜ ਦੇਣਾ ਹੈ ਤਾਂ ਅੱਜ ਜੋ ਹਾਲਾਤ ਸੁਸਰਾਲ ਵਿਚ ਹੋ ਰਹੇ ਹਨ ਤਾਂ ਉਹ ਕਦੇ ਰੁਕ ਨਹੀਂ ਸਕਣਗੇ । ਔਰ ਅਗਰ ਇਹੋ ਸਿਲਸਿਲਾ ਰਿਹਾ ਤਾਂ ਲੜਕੀਆਂ ਦਾ ਆਪਣੇ ਸੁਸਰਾਲ ਵਿਚ ਵਸਣਾ ਮੁਸ਼ਕਿਲ ਹੋ ਜਾਏਗਾ । ਮਾਂ ਬਾਪ ਦੀ ਜਾਇਦਾਦ ਵਿਚ ਲੜਕੀ ਦਾ ਹਿੱਸਾ ਹੋਣਾ ਚਾਹੀਦਾ ਹੈ ਕਿਉਂਕਿ ਲੜਕੇ ਔਰ ਲੜਕੀ ਵਿਚ ਕੋਈ ਫਰਕ ਨਹੀਂ ਹੈ । ਦਹੇਜ ਅਗਰ ਖਤਮ ਕਰਨਾ ਹੈ ਤਾਂ ਲੱਖਾਂ ਲੜਕੀਆਂ ਜ਼ੁਲਮ ਦਾ ਸ਼ਿਕਾਰ ਹੁੰਦੀਆਂ ਹਨ । ਉਹ ਆਪਣੇ ਘਰਾਂ ਵਿਚੋਂ ਕਢ ਦਿੱਤੀਆਂ ਜਾਂਦੀਆਂ ਹਨ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹੋ ਜਿਹੇ ਕੇਸਿਜ਼ ਵਿਚ ਲੜਕੀਆਂ ਕਿਥੇ ਜਾਣਗੀਆਂ । ਮਾਂ ਪਿਉ ਨੂੰ ਉਨ੍ਹਾਂ ਨੂੰ ਬੇ-ਦਖਲ ਕਰ ਦਿੱਤਾ ਔਰ ਖਾਵੰਦ ਨੇ ਕਢ ਦਿੱਤਾ ਫਿਰ ਕਿਸ ਤਰੀਕੇ ਨਾਲ ਉਹ ਆਪਣੀਆਂ ਜ਼ਿੰਦਗੀਆਂ ਗੁਜ਼ਾਰਨਗੀਆਂ । ਇਹੋ ਜਿਹੇ ਕੇਸਿਜ਼ ਦਿਨਬਦਿਨ ਵਧ ਰਹੇ ਹਨ । ਕਾਨੂੰਨ ਔਰਤ ਔਰ ਖਾਵੰਦ ਨੂੰ ਡਾਈਵੋਰਸ ਕਰਨ ਦਾ ਹੱਕ ਵੀ ਦਿੰਦਾ ਹੈ । ਜੇ ਔਰਤ ਨੂੰ ਡਾਈਵੋਰਸ ਮਿਲ ਗਿਆ ਤਾਂ ਉਹ ਆਪਣੇ ਬੱਚਿਆਂ ਨੂੰ ਕਿਸ ਤਰ੍ਹਾਂ ਨਾਲ ਪਾਲੇਗੀ । ਇਸੇ ਲਈ ਹਰ ਲੜਕੀ ਨੂੰ ਆਪਣੇ ਮਾਂ ਬਾਪ ਦੀ ਜਾਇਦਾਦ ਵਿਚੋਂ ਹਿਸਾ ਮਿਲਣਾ ਚਾਹੀਦਾ ਹੈ । ਇਥੇ ਕਿਹਾ ਗਿਆ ਹੈ ਕਿ ਭੈਣਾਂ ਔਰ ਭਰਾਵਾਂ ਵਿਚ ਮੁਕੱਦਮੇ ਚਲ ਰਹੇ ਹਨ । ਮੈਂ ਕਹਿੰਦਾ ਹਾਂ ਕਿ ਭਰਾਵਾਂ ਔਰ ਭਰਾਵਾਂ ਵਿਚ, ਪਿਉ ਔਰ ਪੁੱਤਰ ਵਿਚ ਮੁਕੱਦਮੇ ਚਲ ਰਹੇ ਹਨ । ਕੀ ਇਹ ਭੈਣ ਦੀ ਵਜ੍ਹਾ ਨਾਲ ਮੁਕੱਦਮੇ ਚਲ ਰਹੇ ਹਨ । ਇਹ ਕਹਿਣਾ ਕਿ ਜੇ ਅੱਜ ਦਾ ਮਤਾ ਪਾਸ ਨਾ ਕੀਤਾ ਗਿਆ ਤਾਂ ਭੈਣਾਂ ਔਰ ਭਰਾਵਾਂ ਵਿਚ ਮੁਕੱਦਮੇ ਚਲਣਗੇ, ਇਹ ਗਲਤ ਗਲ ਹੈ । (ਵਿਘਨ)

ਇਹ ਕਿਹਾ ਜਾਂਦਾ ਹੈ ਕਿ ਭੈਣ ਔਰ ਭਰਾਵਾਂ ਦਾ ਪਿਆਰ ਅਟੁੱਟ ਹੈ । ਇਹ ਇਸ ਕਰਕੇ ਹੈ ਕਿ ਭੈਣ ਹਰ ਮਾਮਲੇ ਤੇ ਭਰਾ ਲਈ ਕੁਰਬਾਣੀ ਕਰਦੀ ਹੈ । ਸ਼ਾਦੀ ਕਰਕੇ ਜਦੋਂ ਭੈਣ ਸੁਸਰਾਲ ਚਲੀ ਜਾਂਦੀ ਹੈ, ਜੇ ਤਾਂ ਉਹ ਆਪਣੇ ਮਾਂ ਬਾਪ ਦੀ ਜਾਇਦਾਦ ਵਿਚੋਂ ਕੋਈ ਹਿੱਸਾ ਨਾ ਮੰਗੇ ਤਾਂ ਤੇ ਭੈਣ ਭਰਾ ਦਾ ਪਿਆਰ ਕਾਇਮ ਰਹਿੰਦਾ ਹੈ ਔਰ ਜੇਕਰ ਉਹ ਮਾਂ ਬਾਪ ਦੇ ਜਾਇਦਾਦ ਵਿਚੋਂ ਹਿੱਸਾ ਮੰਗ ਲਵੇ ਤਾਂ ਫਿਰ ਕਿਹਾ ਜਾਂਦਾ ਹੈ ਕਿ ਭੈਣ ਭਰਾ ਦਾ ਰਿਸ਼ਤਾ ਕਾਹਦਾ ਹੋਇਆ । ਸੋ ਜੇ ਭੈਣ ਹਿੱਸਾ ਮੰਗੇ ਤਾਂ ਰਿਸ਼ਤਾ ਖਤਮ ਸਮਝਿਆ ਜਾਂਦਾ ਹੈ ਔਰ ਜੇ ਹਿੱਸਾ ਨਾ ਮੰਗੇ ਤਾਂ ਪਿਆਰ ਅਟੁਟ ਸਮਝਿਆ ਜਾਂਦਾ ਹੈ । (ਘੰਟੀ) ਜੇ ਭੈਣ ਨੂੰ ਹਿੱਸਾ ਮਾਂ ਬਾਪ ਦੀ ਜਾਇਦਾਦ ਵਿਚੋਂ ਦੇਣ ਨਾਲ ਜਾਇਦਾਦ ਦੀ ਵੰਡ ਸਮਝੀ ਜਾਂਦੀ ਹੈ ਤਾਂ ਜਦੋਂ ਭਰਾਵਾਂ ਵਿਚ ਜਾਇਦਾਦ ਵੰਡੀ

Original with;
Punjab Vidhan Sabha
Digitized by;
Panjab Digital Library

[ਸ੍ਰੀ ਰਮੇਸ਼ ਚੰਦਰ]

ਜਾਂਦੀ ਹੈ, ਤਾਂ ਕੀ ਉਹ ਵੰਡ ਨਹੀਂ ਹੈ ? ਮਤਲਬ ਭਰਾ ਤਾਂ ਆਪਸ ਵਿਚ ਜਾਇਦਾਦ ਵੰਡ ਸਕਦੇ ਹਨ ਪਰ ਭੈਣ ਨੂੰ ਜਾਇਦਾਦ ਦਾ ਹਿੱਸਾ ਨਹੀਂ ਦੇਣਾ ਹੈ ।

ਇਥੇ ਕਿਹਾ ਗਿਆ ਹੈ ਕਿ ਇਲੈਕਸ਼ਨਾਂ ਵਿਚ ਅਸੀਂ ਲੋਕਾਂ ਨਾਲ ਇਹ ਮਤਾ ਪਾਸ ਕਰਾਉਣ ਵਾਸਤੇ ਵਾਅਦਾ ਕਰਕੇ ਆਏ ਹਾਂ । ਇਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਨਤਾ ਪਾਰਟੀ ਕੋਈ ਐਸਾ ਵਾਅਦਾ ਕਰਕੇ ਇਥੇ ਨਹੀਂ ਆਈ ਔਰ ਜਨਤਾ ਪਾਰਟੀ ਦੇ ਮੈਨੀਫੈਸਟੋ ਵਿਚ ਕੋਈ ਐਸੀ ਚੀਜ਼ ਨਹੀਂ ਕਿ ਇਸ ਐਕਟ ਨੂੰ ਅਮੈਂਡ ਕਰਨਾ ਹੈ । ਅਸੀਂ ਕੋਈ ਇਸ ਵਾਅਦੇ ਨਾਲ ਬੱਧੇ ਨਹੀਂ ਹੋਏ ।

ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਨੂੰ ਮਾਰਨ ਵਾਸਤੇ ਇਹ ਬਿਲ ਬਣਾਇਆ ਗਿਆ ਸੀ । ਇਹ ਪੰਜਾਬ ਨੂੰ ਮਾਰਨ ਵਾਸਤੇ ਹੀ ਨਹੀਂ ਬਲਕਿ ਸਾਰੇ ਹਿੰਦੁਸਤਾਨ ਨੂੰ ਮਾਰਨ ਵਾਸਤੇ ਬਿਲ ਬਣਾਇਆ ਗਿਆ ਸੀ ।

ਕਸ਼ਮੀਰ ਤੋਂ ਲੈਕੇ ਕੰਨਿਆ ਕੁਮਾਰੀ ਤੱਕ ਅਤੇ ਗੁਜਰਾਤ ਤੋਂ ਲੈ ਕੇ ਬੰਗਾਲ ਤਕ ਸਾਰੇ ਹਿੰਦੁਸਤਾਨ ਦੇ 60 ਕਰੋੜ ਲੋਕਾਂ ਵਾਸਤੇ ਇਹ ਬਿਲ ਬਣਾਇਆ ਗਿਆ ਸੀ ਜਿਸ ਦੇ ਵਿਚ ਪੰਜਾਬ ਇਕ ਛੋਟਾ ਜਿਹਾ ਹਿੱਸਾ ਹੈ । ਅਸੀਂ ਅੱਜ ਨਵੇਂ ਯੁਗ ਵਿਚ ਰਹਿੰਦੇ ਹਾਂ ਅਤੇ ਨਵੇਂ ਯੁਗ ਵਿਚ ਅਜਿਹੀਆਂ ਗੱਲਾਂ ਸ਼ੋਭਦੀਆਂ ਨਹੀਂ ਹਨ।

**ਸਰਦਾਰ ਗੁਰਦੇਵ ਸਿੰਘ ਬਾਦਲ** (ਪੰਜਗਰਾਈਂ, ਐਸ. ਸੀ.): ਚੇਅਰਮੈਨ ਸਾਹਿਬ, ਅਜ ਜੋ ਇਹ ਮਤਾ ਸਰਦਾਰ ਪ੍ਰਕਾਸ਼ ਸਿੰਘ ਮਜੀਠਾ ਜੀ ਨੇ ਲਿਆਂਦਾ ਹੈ, ਮੈਂ ਇਸ ਦੀ ਪ੍ਰੋੜ੍ਹਤਾ ਕਰਨ ਵਾਸਤੇ ਖੜਾ ਹੋਇਆ ਹਾਂ । ਅੱਜ ਉਨ੍ਹਾਂ ਨੇ ਮਤਾ ਲਿਆ ਕੇ ਇਸ ਤਰ੍ਹਾਂ ਕਰ ਦਿੱਤਾ ਹੈ ਜਿਵੇਂ ਕੋਈ ਬੰਦਾ ਇਕ ਕੁਇੰਟਲ ਦੀ ਬੋਰੀ ਲਾਹ ਕੇ ਥੱਲੇ ਰੱਖ ਲੈਂਦਾ ਹੈ (ਤਾੜੀਆਂ) ਇਸ ਹਿੰਦੂ ਕੋਡ ਬਿਲ ਦੀ ਬੜੀ ਦੇਰ ਤੋਂ ਅਸੀਂ ਵਿਰੋਧਤਾ ਕਰਦੇ ਚਲੇ ਆ ਰਹੇ ਸੀ। ਮੈਂ ਪਹਿਲੇ ਇਹ ਸੋਚਿਆ ਕਿ ਸ਼ਾਇਦ ਇਹ ਜਿਹੜੇ ਸਾਡੇ ਵੱਡੇ ਕਾਰਖਾਨੇ ਹਨ ਜਾਂ ਵੱਡੀਆਂ ਬਿਲਡਿੰਗਾਂ ਹਨ ਉਹ ਅਸੀਂ ਵੰਡ ਦੇਣ ਦਾ ਪ੍ਰਬੰਧ ਕਰਨ ਲੱਗੇ ਹਾਂ। ਪਰ ਜ਼ੋਰ ਕਿਸ ਪਾਸੇ ਲੱਗ ਰਿਹਾ ਹੈ ? ਉਹ ਤੁਹਾਨੂੰ ਪਤਾ ਹੈ । ਜਿਸ ਦੇ ਬਾਰੇ ਗੁਰੂ ਮਹਾਰਾਜ ਨੇ ਫੁਰਮਾਇਆ ਹੈ :

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ।
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ।

ਗਰੀਬ ਜੱਟ ਤੇ ਸੱਟ ਮਾਰਨ ਲਈ, ਗਰੀਬ ਕਿਰਸਾਣ ਵਿਚ ਫੁਟ ਪਾਉਣ ਲਈ, ਗਰੀਬ ਕਿਰਸਾਣ ਦਾ ਪਰੀਵਾਰ ਵੰਡਣ ਲਈ ਗਰੀਬ ਕਿਰਸਾਣ ਦੇ ਘਰ ਫੁੱਟ ਪਾਉਣ ਤੇ ਜ਼ੋਰ ਦਿਤਾ ਗਿਆ । ਗਰੀਬ ਲੋਕਾਂ ਨੂੰ ਪਾੜ ਕੇ ਰੱਖ ਦਿੱਤਾ ਗਿਆ । ਕਿਸਾਨ ਨੂੰ ਜ਼ਮੀਨ ਨਾਲ ਕਿੰਨਾ ਪਿਆਰ ਹੈ। ਕਿਸਾਨ ਦਾ ਜ਼ਮੀਨ ਨਾਲ ਇਤਨਾ ਪਿਆਰ ਹੈ ਕਿ ਜਿਸ ਵੇਲੇ ਉਹ ਮਰਨ ਲੱਗਾ ਹੁੰਦਾ ਹੈ, ਉਦੋਂ ਵੀ ਉਹ ਜ਼ਮੀਨ ਛੱਡਣ ਨੂੰ ਤਿਆਰ ਨਹੀਂ ਹੁੰਦਾ ਹੈ । ਕੌਮਾਂ ਕਦੇ ਜੰਗਾਂ ਵਿਚ ਖਤਮ ਨਹੀਂ ਹੋਈਆਂ , ਕੌਮਾਂ ਕਦੇ ਬੰਬਾਂ ਨਾਲ ਖਤਮ ਨਹੀਂ ਹੁੰਦੀਆਂ । ਇਹ ਕਲਮ ਦੀ ਨੋਕ ਨਾਲ ਖਤਮ ਹੁੰਦੀਆਂ ਹਨ। ਇਸੇ ਤਰ੍ਹਾਂ ਹਿਦੁਸਤਾਨ ਦੀ ਸਰਕਾਰ ਨੇ ਇਕ ਹਿੰਦੂ ਕੋਡ ਬਿਲ ਨਾਮ ਦਾ ਬਿਲ ਲਿਆਂਦਾ ਸੀ। ਇਹ ਹਿੰਦੂ ਕੋਡ ਬਿੱਲ ਨਹੀਂ ਹੈ ਇਹ ਅਸਲ ਵਿੱਚ ਹਿੰਦੂ ਕੋੜ੍ਹ ਬਿੱਲ ਹੈ ।

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਨੇ ਕੋੜ੍ਹ ਆਪਣੇ ਨਾਲ ਨਹੀਂ ਚੰਬੇੜਿਆ ਉਨ੍ਹਾਂ ਨੇ ਕੋੜ੍ਹ ਪਿੰਡਾਂ ਦੇ ਲੋਕਾਂ ਨਾਲ ਚੰਬੇੜ ਦਿੱਤਾ। ਅੱਜ ਇਹ ਜਿਹੜਾ ਮਤਾ ਲਿਆਂਦਾ ਗਿਆ ਹੈ, ਇਸ ਦੇ ਬਾਰੇ ਮੈਂ ਦੱਸਦਾ ਹਾਂ ਕਿ ਕੋਈ ਇਕ ਸਾਲ ਪਹਿਲਾਂ, ਚੇਅਰਮੈਨ ਸਾਹਿਬ, ਮੈਂ ਅਤੇ ਤੁਸੀਂ ਜਦ ਗੁਰੂ ਕੀ ਢਾਬ ਮੇਲੇ ਤੇ ਇਕੱਠੇ ਹੋਏ ਸੀ, ਉਥੇ ਜਨਤਾ ਪਾਰਟੀ ਦੇ ਪ੍ਰਧਾਨ ਸ੍ਰੀ ਚੰਦਰ ਸ਼ੇਖਰ ਵੀ ਆਏ ਸਨ, ਮੈਂ ਉਨ੍ਹਾਂ ਕੋਲੋਂ ਇਕ ਮੰਗ ਕੀਤੀ ਸੀ। ਮੈਂ ਕਿਹਾ ਪ੍ਰਧਾਨ ਜੀ ਹੁਣ ਸੈਂਟਰ ਵਿਚ ਵੀ ਸਾਡਾ ਰਾਜ ਹੈ ਅਤੇ ਪੰਜਾਬ ਵਿਚ ਵੀ ਸਾਡਾ ਰਾਜ ਹੈ ਅਤੇ ਵੋਟਾਂ ਵੀ ਲੋਕਾਂ ਤੋਂ ਇਸ ਦੇ ਨਾਮ ਤੇ ਲਈਆਂ ਸਨ ਕਿ ਇਹ ਜਿਹੜਾ ਹਿੰਦੂ ਕੋਡ ਬਿੱਲ ਹੈ, ਜਿਸ ਤੋਂ ਲੋਕ ਬੜੇ ਦੁਖੀ ਹਨ, ਇਸ ਬਿੱਲ ਨੂੰ ਅਸੀਂ ਖਤਮ ਕਰਵਾਵਾਂਗੇ ਅਤੇ ਇਸ ਬਾਰੇ ਅਸੀਂ ਵੋਟਾਂ ਲੈਣ ਵੇਲੇ ਲੋਕਾਂ ਨਾਲ ਵਾਅਦਾ ਕੀਤਾ ਸੀ। ਚੇਅਰਮੈਨ ਸਾਹਿਬ, ਤੁਹਾਨੂੰ ਯਾਦ ਹੋਣਾ ਹੈ ਮੈਂ ਇਸ ਬਾਰੇ ਉਨ੍ਹਾਂ ਨੂੰ ਬੜੇ ਜ਼ੋਰਦਾਰ ਲਫ਼ਜ਼ਾਂ ਵਿਚ ਕਿਹਾ ਸੀ ਅਤੇ ਉਨ੍ਹਾਂ ਸਾਨੂੰ ਅਸ਼ੋਰੈਂਸ ਦਿਤੀ ਸੀ। ਇਸ ਲਈ ਅੱਜ ਖੁਸ਼ੀ ਦਾ ਦਿਨ ਹੈ ਕਿ ਸਰਦਾਰ ਪ੍ਰਕਾਸ਼ ਸਿੰਘ ਮਜੀਠਾ ਨੇ ਇਹ ਇਸ ਸਦਨ ਵਿਚ ਮਤਾ ਲਿਆਂਦਾ ਹੈ। ਮੈਨੂੰ ਆਸ ਹੈ ਕਿ ਇਹ ਬਹੁਤ ਛੇਤੀ ਪਾਸ ਹੋ ਜਾਵੇਗਾ। ਮੈਂ ਬੇਨਤੀ ਕਰਾਂਗਾ ਕਿ ਇਸ ਨੂੰ ਅੱਜ ਪਾਸ ਕਰਕੇ ਉਠਣਾ ਹੈ। ਜਿਹੜਾ ਭੈਣ ਅਤੇ ਭਰਾ ਦੇ ਵਿਚਕਾਰ ਪਾੜਾ ਪਾਇਆ ਹੋਇਆ ਹੈ, ਉਸ ਪਾੜੇ ਨੂੰ ਖਤਮ ਕਰਨਾ ਹੈ। ਅਸੀਂ ਅਖਬਾਰਾਂ ਵਿਚ ਪੜ੍ਹਦੇ ਹਾਂ ਕਿ ਲੜਕੀ ਖੂਹ ਵਿਚ ਛਾਲ ਮਾਰਕੇ ਮਰ ਗਈ। ਉਹ ਇਸ ਕਰਕੇ ਕਿ ਉਹ ਕਹਿੰਦੀ ਹੈ ਕਿ ਮੈਂ ਭਰਾ ਕੋਲੋਂ ਜ਼ਮੀਨ ਨਹੀਂ ਵੰਡਾਉਣੀ। ਕੋਈ ਗੱਡੀ ਥੱਲੇ ਆ ਕੇ ਮਰ ਜਾਂਦੀ ਹੈ, ਕੋਈ ਬੱਸ ਹੇਠ ਆ ਕੇ ਮਰ ਜਾਂਦੀ ਹੈ, ਉਹ ਇਸੇ ਕਰਕੇ ਕਿ ਉਹ ਭਰਾ ਕੋਲ ਹਿੱਸਾ ਨਹੀਂ ਵੰਡਾਉਣਾ ਚਾਹੁੰਦੀ। ਭੈਣ ਸੋਚਦੀ ਹੈ ਕਿ ਮੈਂ ਕਿਹੜਾ ਮੂੰਹ ਲੈਕੇ ਭਰਾ ਕੋਲੋਂ ਜਾਵਾਂ। ਚੇਅਰਮੈਨ ਸਾਹਿਬ, ਮੈਂ ਤੁਹਾਨੂੰ ਆਪਣੇ ਪਿੰਡ ਦੀ ਮਿਸਾਲ ਦਿੰਦਾ ਹਾਂ। ਸਾਡੇ ਪਿੰਡ ਦੀ ਇਕ ਕੁੜੀ ਰਾਜਿਸਥਾਨ ਵਿਚ ਵਿਆਹੀ ਗਈ। ਉਸ ਦੇ ਘਰ ਵਿਚ ਕਲੇਸ਼ ਹੋ ਗਿਆ। ਉਸ ਦੀ ਸੱਸ ਉਸ ਨੂੰ ਕਹਿਣ ਲੱਗੀ ਕਿ ਜਾ ਤੂੰ ਜਾ ਕੇ ਆਪਣੇ ਭਰਾਵਾਂ ਕੋਲੋਂ ਜ਼ਮੀਨ ਲੈ ਆ। ਉਹ ਵਿਚਾਰੀ ਕੁੱਟੀ ਮਾਰੀ ਅਤੇ ਆਪਣੇ ਪੇਕੇ ਘਰ ਆ ਗਈ। ਉਸ ਨੇ ਸਾਰੇ ਪਰੀਵਾਰ ਨੂੰ ਇਕੱਠਾ ਕੀਤਾ ਅਤੇ ਕਹਿਣ ਲਗੀ ਵੀਰ ਮੈਂ ਆਪਣਾ ਹਿੱਸਾ ਵੰਡਾਉਣ ਵਾਸਤੇ ਆਈ ਹਾਂ। ਮੇਰੀ ਜ਼ਮੀਨ ਵੰਡ ਦੇ। ਪਰ ਪਹਿਲਾਂ ਇਹ ਹੁੰਦਾ ਸੀ ਕਿ ਜਦ ਭੈਣ ਭਰਾ ਨੂੰ ਮਿਲਣ ਆਉਂਦੀ ਸੀ ਤਾਂ ਭਰਾ ਭੈਣ ਨੂੰ ਬਸ ਤੋਂ ਉਤਰਦੀ ਨੂੰ ਬੜੇ ਪਿਆਰ ਨਾਲ ਲੈ ਜਾਂਦਾ ਸੀ ਪਰ ਹੁਣ ਜੇ ਭੈਣ ਭਰਾ ਨੂੰ ਮਿਲਣ ਆਵੇ ਤੇ ਸਾਰੇ ਪਰੀਵਾਰ ਦੇ ਸਿਰ ਪਾਣੀ ਪੈ ਜਾਂਦਾ ਹੈ। ਭਰਾ ਸੋਚਦਾ ਹੈ ਕਿ ਭੈਣ ਜ਼ਮੀਨ ਵੰਡਾਉਣ ਆਈ ਹੈ। ਮੈਂ ਤੁਹਾਨੂੰ ਆਪਣੇ ਪਿੰਡ ਦੀ ਗੱਲ ਦੱਸ ਰਿਹਾ ਸੀ। ਭੈਣ ਦਾ ਭਰਾ ਸਾਰੀ ਰਾਤ ਸੁੱਤਾ ਨਹੀਂ। ਉਹ ਸੋਚਦਾ ਰਿਹਾ ਕਿ ਹੁਣ ਕੀ ਹੋਵੇਗਾ। ਉਹ ਸੋਚਣ ਲੱਗਾ ਕਿ ਹੁਣ ਅੱਧੀ ਜ਼ਮੀਨ ਭੈਣ ਨੇ ਲੈ ਜਾਣੀ ਹੈ। ਸਵੇਰੇ ਉਠ ਕੇ ਉਹ ਬਦਕਿਸਮਤੀ ਨਾਲ ਹਲ ਵਾਹੁਣ ਚਲਾ ਗਿਆ ਪਰ ਉਹ ਚੋਅ ਘਰ ਹੀ ਭੁਲ ਗਿਆ। ਉਹ ਰਸਤੇ ਵਿਚੋਂ ਮੁੜਕੇ ਚੋਅ ਲੈਣ ਆਇਆ। ਉਸ ਆਦਮੀ ਦੀਆਂ ਦੋ ਔਰਤਾਂ ਸਨ। ਜਦ ਉਹ ਚੋਅ ਲੈਣ ਵਾਸਤੇ ਘਰ ਆਇਆ ਤਾਂ ਉਸ ਨੇ ਰੌਲਾ ਸੁਣਿਆ। ਉਸ ਨੇ ਆਪਣੀਆਂ ਘਰ ਵਾਲੀਆਂ ਨੂੰ ਕਿਹਾ ਕਿ ਇਹ ਤੁਸੀਂ ਕੀ ਕਰ ਰਹੀਆਂ ਹੋ ? ਤਾਂ ਉਹ ਕਹਿਣ ਲੱਗੀਆਂ ਕਿ ਇਸ ਚੋਅ ਨਾਲ ਤੇਰੀ ਭੈਣ ਦਾ ਇੰਤਕਾਲ ਕਰਨ ਲੱਗੀਆਂ ਹਾਂ। (ਘੰਟੀ) ਚੇਅਰਮੈਨ ਸਾਹਿਬ, ਇਹ ਭੈਣ ਅਤੇ ਭਰਾ ਦੇ ਪਿਆਰ ਵਿਚਕਾਰ ਬੜਾ ਪਾੜਾ ਹੈ। ਇਹ ਜਿਹੜਾ ਮਜੀਠਾ ਜੀ ਨੇ ਮਤਾ ਲਿਆਂਦਾ ਹੈ, ਇਹ ਬਹੁਤ ਅੱਛਾ ਹੈ, ਇਸ ਨੂੰ ਪਾਸ ਕੀਤਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਦੇਵ ਸਿੰਘ ਬਾਦਲ]

ਜਾਵੇ ਅਤੇ ਪਾਸ ਕਰਕੇ ਇਹ ਸੈਂਟਰ ਵਿਚ ਭੇਜਿਆ ਜਾਵੇ । ਐਨਾ ਕੁਝ ਕਹਿੰਦਾ ਹੋਇਆ ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ ਅਤੇ ਆਪਣੀ ਜਗ੍ਹਾ ਲੈਂਦਾ ਹਾਂ

**ਸਰਦਾਰ ਬਚਿੱਤਰ ਸਿੰਘ (ਖਰੜ)** : ਜਿਸੇ ਪਿਆਸ ਹੈ ਉਸੇ ਕਮ-ਸੇ-ਕਮ,
ਜਿਸੇ ਪਿਆਸ ਨਹੀਂ ਉਸੇ ਦਮ-ਸੇ-ਦਮ,
ਸਾਕੀਆ ਤੇਰਾ ਮਹਿਕਦਾ ਨਜ਼ਾਮ ਹੈ ਜਾਂ ਮਜ਼ਾਕ ਹੈ ।
(ਤਾਲੀਆਂ)

ਇਹ ਜਿਹੜਾ ਮਜੀਠਾ ਜੀ ਨੇ ਮਤਾ ਲਿਆਂਦਾ ਹੈ ਇਹ ਬੜਾ ਅੱਛਾ ਮਤਾ ਹੈ । ਮੈਂ ਸਮਝਦਾ ਹਾਂ ਕਿ ਜਿਵੇਂ ਇਥੇ ਕਿਹਾ ਗਿਆ ਕਿ ਅਸੀਂ ਇਸ ਮਤੇ ਵਾਸਤੇ ਲੋਕਾਂ ਨਾਲ ਵਚਨਬੱਧ ਹਾਂ ਅਤੇ ਅਸੀਂ ਇਹ ਮਤਾ ਪਾਸ ਕਰਕੇ ਪੰਜਾਬ ਦੇ ਲੋਕਾਂ ਵੱਲੋਂ ਸੁਰਖਰੂ ਹੋਣਾ ਹੈ । ਇਥੇ ਕਿਹਾ ਗਿਆ ਕਿ ਸਾਡੀ ਪੁਰਾਣੀ ਸੱਭਿਅਤਾ ਦਾ ਇਸ ਮਤੇ ਨਾਲ ਤੁਅੱਲਕ ਹੈ । ਖੰਨਾ ਜੀ ਨੇ ਕਿਹਾ ਕਿ ਕਿਵੇਂ ਇਕ ਲੜਕੀ ਨੇ ਲੜਕੇ ਦੇ ਰਖੜੀ ਬੰਨ੍ਹ ਦਿੱਤੀ ਤਾਂ ਇਹ ਰਿਸ਼ਤਾ ਬਣ ਗਿਆ । ਅੰਗਰੇਜ਼ਾਂ ਨੇ ਵੀ ਇਸੇ ਸੱਭਿਅਤਾ ਨੂੰ ਕਾਇਮ ਰੱਖਿਆ ਪਰ ਜਦ ਆਜ਼ਾਦੀ ਆਈ ਤਾਂ ਉਸ ਵੇਲੇ ਇਹ ਸੱਭਿਅਤਾ ਖੇਰੂੰ ਖੇਰੂੰ ਹੋ ਗਈ । ਅੱਜ ਕਿਥੇ ਹੈ ਉਹ ਪੋਰਸ ਵਾਲੀ ਰੱਖੜੀ ? ਇਹ ਜਿਹੜੀ ਨਵੀਂ ਰੱਖੜੀ ਬੰਨ੍ਹੀ ਗਈ ਇਹ ਸਾਬਕਾ ਪ੍ਰਧਾਨ ਮੰਤਰੀ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਦੇ ਸਾਹਿਬਜ਼ਾਦੇ ਦੇ ਹੱਥ ਬੰਨ੍ਹੀ ਸੀ । ਕਿੰਨਾ ਫਰਕ ਸੀ ਉਸ ਰਖੜੀ ਵਿਚ ਤੇ ਇਸ ਰਖੜੀ ਵਿਚ । ਉਹ ਰਖੜੀ ਸੀ ਭੈਣ ਭਰਾ ਦੇ ਪਿਆਰ ਦੀ ਅਤੇ ਇਹ ਰਖੜੀ ਸੀ ਪੋਲੀਟੀਕਲਾਈਜ਼ਡ । ਜਿਸ ਮੈਨਟੈਲਿਟੀ ਨੇ ਇਸ ਪ੍ਰਾਚੀਨ ਸੱਭਿਅਤਾ ਦੀ ਹਾਨੀ ਕੀਤੀ ਉਸੇ ਮੈਨਟੈਲਿਟੀ ਨੇ ਹਿੰਦੂ ਸਕਸੈਸ਼ਨ ਐਕਟ ਲਿਆਂਦਾ। ਪਹਿਲਾਂ ਤਾਂ ਇਸ ਦਾ ਹਿੰਦੂ ਕੋਡ ਨਾਮ ਹੁੰਦਾ ਸੀ ਅਤੇ ਜਦੋਂ ਇਹ ਐਕਟ ਪਾਸ ਹੋ ਗਿਆ ਤਾਂ ਹਿੰਦੂ ਸਕਸੈਸ਼ਨ ਐਕਟ ਬਣ ਗਿਆ । ਇਸ ਹਿੰਦੂ ਸਕਸੈਸ਼ਨ ਐਕਟ ਦੇ ਆਉਣ ਤੋਂ ਪਹਿਲਾਂ ਜੋ ਰੂਰਲਾਈਜ਼ ਆਬਾਦੀ ਸੀ ਉਸ ਨੂੰ ਕਸਟਮਰੀਜ਼ ਲਾਅ ਗਵਰਨ ਕਰਦਾ ਸੀ। ਜਦੋਂ ਇਹ ਐਕਟ ਆਇਆ ਤਾਂ ਉਸ ਨੇ ਨਾ ਸਾਡੀ ਕੋਈ ਸਭਿਅਤਾ ਦੇਖੀ, ਨਾ ਰਾਜ ਦੇਖਿਆ, ਨਾ ਰਿਵਾਜ ਦੇਖਿਆ, ਨਾ ਰੀਤੀ ਦੇਖੀ, ਸਾਰੇ ਹਿੰਦੁਸਤਾਨ ਨੂੰ ਇਕੋ ਰੱਸੇ ਨਾਲ ਬੰਨ੍ਹ ਦਿੱਤਾ । ਹਿੰਦੁਸਤਾਨ ਇਕ ਦੇਸ਼ ਨਹੀਂ, ਦੀਪ ਹੈ । ਇਥੇ ਵੱਖ ਵੱਖ ਸਭਿਅਤਾ ਹੈ, ਵੱਖ ਵੱਖ ਰੀਤੀ ਰਿਵਾਜ ਹੈ। ਇਕ ਸਭਿਅਤਾ ਦੂਜੇ ਤੇ ਲਾਗੂ ਨਹੀਂ ਹੁੰਦੀ । ਇਥੇ ਸੇਖਵਾਂ ਸਾਹਿਬ ਨੇ ਕਿਹਾ ਹੈ ਕਿ ਇਸ ਬਿਲ ਤੇ ਕੋਈ ਬਹੁਤਾ ਬੋਲਣ ਦੀ ਲੋੜ ਨਹੀਂ ਹੈ, ਇਸ ਤੇ ਰਿਫਰੈਂਡਮ ਹੋ ਚੁਕਾ ਹੈ । ਲੋਕਾਂ ਦੀ ਰਾਏ ਲਈ ਜਾ ਚੁਕੀ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੀਆਂ ਭੈਣਾ ਹਨ ਜਿਨ੍ਹਾਂ ਨੇ ਆਪਣੇ ਪਿਓ ਦੀ ਜਾਇਦਾਦ ਵਿਚੋਂ ਹਿੱਸਾ ਲਿਆ ਹੈ। ਇਸ ਕਰਕੇ ਮੇਰੀ ਬੇਨਤੀ ਹੈ ਕਿ ਉਸ ਕਾਨੂੰਨ ਨੂੰ ਕਿਸੇ ਨੇ ਸਵੀਕਾਰ ਨਹੀਂ ਕੀਤਾ, ਰੀਜੈਕਟ ਕੀਤਾ ਹੈ। ਪਰ ਫਿਰ ਵੀ ਕੁਝ ਕੁਪੱਤੇ ਪਤੀਆਂ ਤੋਂ ਡਰਦੇ ਮਾਰੇ ਉਹ ਵਿਚਾਰੀਆਂ ਆਪਣੇ ਪਿਓ ਨੂੰ ਕਹਿੰਦੀਆਂ ਹਨ ਕਿ ਵਸੀਅਤ ਕਰਾ ਦਿਓ ਪਤਾ ਨਹੀਂ ਤੁਹਾਡੇ ਮਗਰੋਂ ਕੋਈ ਝਗੜਾ ਹੀ ਨਾ ਹੋ ਜਾਵੇ । ਪਿਓ ਵਿਚਾਰਾ ਵਸੀਅਤ ਕਰਾਉਂਦਾ ਹੈ। ਇਸ ਦੇ ਵਿਚ ਗਰੀਬ ਪਿਓ ਦਾ ਪੈਸਾ ਵੀ ਇਨਵਾਲਵਡ ਹੈ । ਉਹ ਗਰੀਬ ਆਦਮੀ ਵਿਚਾਰਾ ਵਸੀਅਤ ਤੇ ਪੈਸਾ ਵੀ ਖਰਚ ਕਰਦਾ ਹੈ, ਗਵਾਹ ਵੀ ਲੈ ਕੇ ਜਾਂਦਾ ਹੈ ਔਰ ਕਈ ਤਰ੍ਹਾਂ ਦੇ ਪਾਪੜ ਵੇਲਦਾ ਹੈ। ਫਿਰ ਉਸ ਵਿਚਾਰੇ ਦੇ ਦਿਲ ਤੇ ਸੱਟ ਵੀ ਵਜਦੀ ਹੈ ਕਿ ਉਹ ਸਾਰੀ ਆਪਣੀ ਜਾਇਦਾਦ ਆਪਣੇ ਹਥੋਂ ਦੇ ਕੇ ਮੁੜ ਆਉਂਦਾ ਹੈ । ਕਈ ਬੇਵਕੂਫ ਪੁੱਤਰ ਵੀ ਹੁੰਦੇ ਹਨ, ਕਈ ਬਚੇ ਨਾਲਾਇਕ ਵੀ ਹੁੰਦੇ ਹਨ ਉਹ ਜਦੋਂ ਦੇਖਦੇ ਹਨ ਕਿ ਜਾਇਦਾਦ ਸਾਡੀ ਹੋ ਗਈ ਹੈ ਅਤੇ ਪਿਉ ਦੇ ਕੋਲ ਹੁਣ ਕੁਝ ਵੀ ਨਹੀਂ ਰਿਹਾ ਤਾਂ ਉਹ ਵਿਚਾਰੇ ਬਦਸਲਕੀ ਦੇ

Original with;
Punjab Vidhan Sabha
Digitized by;
Panjab Digital Library

ਤੌਰ ਤੇ ਪੇਸ਼ ਆਉਂਦੇ ਹਨ। ਇਸ ਕਰਕੇ ਹਿੰਦੂ ਸਕਸੈਸ਼ਨ ਐਕਟ ਜੋ ਹੈ ਉਸ ਦੇ ਵਿਚ ਉਸ ਨੂੰ ਬਿਪਤਾ ਦਾ ਸਾਹਮਣਾ ਕਰਨਾ ਪਿਆ ਅਤੇ ਇਸ ਤਰ੍ਹਾਂ ਉਹ ਸਮਾਜ ਬੜਾ ਬੇਚੈਨ ਵਿਚ ਰਹਿੰਦਾ ਹੈ।

ਇਥੇ, ਚੇਅਰਮੈਨ ਸਾਹਿਬ, ਕੁਝ ਵਿਰੋਧ ਵੀ ਕੀਤਾ ਗਿਆ ਇਸ ਦਾ। ਮੈਂ ਹੈਰਾਨ ਹੋਇਆ ਜਦੋਂ ਬੜੇ ਸੁਲਝੇ ਹੋਏ ਸੱਜਣਾਂ ਨੇ ਇਸ ਦਾ ਵਿਰੋਧ ਕੀਤਾ । ਮੈਂ ਉਸ ਦਾ ਜਵਾਬ ਦੇ ਦਿਤਾ ਹੈ। ਵਿਰੋਧ ਸਰਦਾਰ ਕਿਰਪਾਲ ਸਿੰਘ ਜੀ ਨੇ ਵੀ ਕੀਤਾ। ਉਨ੍ਹਾਂ ਨੇ ਇਸ ਕਰਕੇ ਵਿਰੋਧ ਕੀਤਾ ਹੈ ਕਿ ਉਨ੍ਹਾਂ ਨੇ ਜਜ਼ਬਾਤ ਦੀ ਬਿਨ੍ਹਾਂ ਤੇ ਆਰਗੂਮੈਂਟ ਕੀਤੀ ਹੈ ਪਰ ਪਰੈਕਟੀਕਲ ਆਸਪੈਕਟ ਨਹੀਂ ਦੇਖਿਆ । ਪ੍ਰੈਕਟੀਕਲ ਆਸਪੈਕਟ ਹੈ ਕਿ ਕੰਸੋਲੀਡੇਸ਼ਨ ਆਫ਼ ਹੋਲਡਿੰਗਜ਼ ਹੋਣੀ ਚਾਹੀਦੀ ਹੈ ਪਰ ਇਸ ਦੇ ਨਾਲ ਫਰੈਗਮੈਨਟੇਸ਼ਨ ਹੋਈ ਹੈ। ਇਸ ਗਲ ਵਲ ਸਰਦਾਰ ਕਿਰਪਾਲ ਸਿੰਘ ਜੀ ਨੇ ਧਿਆਨ ਨਹੀਂ ਦਿਤਾ। ਕਾਲੀਆ ਸਾਹਿਬ ਨੇ ਕੁਝ ਹੱਕ ਵਿਚ ਅਤੇ ਕੁਝ ਖਿਲਾਫ਼ ਦਲੀਲਾਂ ਦਿੱਤੀਆਂ ਹਨ । ਪਰ ਸਮੁੱਚੇ ਤੌਰ ਤੇ ਮਤੇ ਦਾ ਵਿਰੋਧ ਉਨ੍ਹਾਂ ਨੇ ਨਹੀਂ ਕੀਤਾ । ਇਹ ਠੀਕ ਹੈ ਕਿ ਹਿੰਦੂ ਸਕਸੈਸ਼ਨ ਐਕਟ ਵਿਚ ਖਾਮੀਆਂ ਹਨ । ਜਿਵੇਂ ਉਨ੍ਹਾਂ ਨੇ ਇਕ ਦੋ ਖਾਮੀਆਂ ਪੁਆਇੰਟ ਆਊਟ ਕੀਤੀਆਂ ਹਨ। ਜਿਹੜੀ ਜਾਇਦਾਦ ਵਿਚੋਂ ਮੇਲ ਨੂੰ ਹਿੱਸਾ ਮਿਲਣਾ ਹੈ ਉਸ ਦੇ ਵਿਚ ਉਹ ਐਬਸੋਲਿਊਟ ਓਨਰ ਨਹੀਂ ਹੈ ਔਹ ਫੀਮੇਲ ਨੂੰ ਜੋ ਹਿੱਸਾ ਜਾਣਾ ਹੈ ਉਸ ਦੇ ਵਿਚ ਉਸ ਦੀ ਐਬਸੋਲਿਊਟ ਓਨਰਸ਼ਿਪ ਬਣ ਜਾਂਦੀ ਹੈ। (ਘੰਟੀ) ਬਸ ਜੀ, ਇਕ ਦੋ ਮਿੰਟ ਹੋਰ ਲਵਾਂਗਾ।

ਦੂਸਰਾ ਉਨ੍ਹਾਂ ਨੇ ਪੁਆਇੰਟ ਆਊਟ ਕੀਤਾ ਹੈ ਕਿ ਇਕ ਭਾਈ ਅਗਰ ਮਰ ਜਾਏ ਤਾਂ ਜੀਉਂਦੇ ਭਰਾ ਜਿਹੜੇ ਹਨ ਉਨ੍ਹਾਂ ਨੂੰ ਵਸੀਅਤ ਪਹੁੰਚਦੀ ਹੈ ਤੇ ਭਤੀਜਿਆਂ ਨੂੰ ਨਹੀਂ ਪਹੁੰਚਦੀ । ਇਸ ਗਲ ਦਾ ਇਸ ਮਤੇ ਨਾਲ ਕੋਈ ਸਬੰਧ ਨਹੀਂ । ਮੈਂ ਬੇਨਤੀ ਕਰਾਂਗਾ ਕਿ ਇਹ ਮਤਾ ਬਹੁਤ ਅਹਿਮ ਹੈ, ਇਹ ਸਰਬਸੰਮਤੀ ਨਾਲ ਪਾਸ ਹੋਣਾ ਚਾਹੀਦਾ ਹੈ । ਇਹ ਭੈਣ ਭਰਾ ਦੀ ਜੋ ਲੜਾਈ ਹੈ ਉਸ ਨੂੰ ਖਤਮ ਕਰਦਾ ਹੈ । ਇਸ ਸੋਧ ਦੇ ਨਾਲ ਭੈਣ ਭਰਾ ਦਾ ਪਿਆਰ ਜੋ ਹੈ ਉਹ ਪਰਸਪਰ ਕਾਇਮ ਰਹਿੰਦਾ ਹੈ । ਇਕ ਭੈਣ ਆਪਣੇ ਵੀਰ ਨੂੰ ਯਾਦ ਕਰਦੀ ਕਹਿੰਦੀ ਹੈ –

ਮਾਮੇ ਦਾ ਪੁਤ ਭਰਾ ਲਗਦਾ ਕੋਲੋਂ ਦੀ ਲੰਘ ਗਿਆ
ਜੇ ਹੁੰਦਾ ਵੀਰ ਆਪਣਾ ਤਾਂ ਨਦੀਆਂ ਚੀਰ ਮਿਲੇ ।

ਫੌਜ ਲੈ ਕੇ ਆ ਜਾ ਵੀਰਨਾ
ਤੇਰੀ ਫੌਜ ਨੂੰ ਕਰੂੰਗੀ ਰੋਟੀ ।

ਜੇ ਭੈਣ ਭਰਾ ਦਾ ਪਿਆਰ ਨਾ ਰਿਹਾ ਤਾਂ ਸਭ ਤੋਂ ਵਡਾ ਨੁਕਸਾਨ ਹੈ ਕਿ ਪੈਟਰੀਆਟਿਜ਼ਮ ਖ਼ਤਮ ਹੋ ਜਾਵੇਗੀ , ਸਾਡੀ ਜੋ ਬਰਾਦਰੀ ਹੈ ਉਹ ਖ਼ਤਮ ਹੋ ਜਾਵੇਗੀ । ਸਾਡੇ ਨੌਜਵਾਨ ਸਰਹੱਦਾਂ ਤੇ ਬੈਠੇ ਜੂਝਦੇ ਹਨ। ਉਹ ਸੋਚਦੇ ਹਨ ਕਿ ਜੇ ਅਸੀਂ ਹਾਰ ਗਏ ਤਾਂ ਸਾਡੀਆਂ ਧੀਆਂ ਭੈਣਾਂ ਦੀ ਬੇਇਜ਼ਤੀ ਕੋਈ ਕਰੇਗਾ, ਬੇਹੁਰਮਤੀ ਕਰੇਗਾ । ਜਦੋਂ ਤਕ ਭੈਣ ਭਰਾ ਦਾ ਪਿਆਰ ਹੈ ਪੈਟਰੀਆਟਿਜ਼ਮ ਕਾਇਮ ਹੈ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਬਚਿੱਤਰ ਸਿੰਘ ]

ਆਖਿਰ ਵਿਚ, ਚੇਅਰਮੈਨ ਸਾਹਿਬ, ਇਕ ਗਲ ਕਹਿ ਕੇ ਸਮਾਪਤ ਕਰਾਂਗਾ। ਚੋਪੜਾ ਸਾਹਿਬ ਨੇ ਆਪਣੇ ਐਂਗਲ ਨਾਲ ਇਸ ਦੀ ਵਿਰੋਧਤਾ ਕੀਤੀ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਵਾਤਾਵਰਣ ਵਿਚ ਜਿਹੋ ਜਿਹਾ ਸਮਾਜ ਚਲਦਾ ਹੈ ਇਸ ਦੇ ਵਿਚ ਸੋਧ ਦੀ ਲੋੜ ਹੈ। ਅਜੇ ਇਸੇ ਸੋਧ ਨਾਲ ਕੰਮ ਚਲਾਓ ਜੇ ਲੋੜ ਪਈ ਤਾਂ ਫਿਰ ਵੇਖ ਲਵਾਂਗੇ। ਜਦੋਂ ਰਵਿਦਾਸ ਜੀ ਦੇ ਸੁਪਨੇ ਸਾਕਾਰ ਹੋਣਗੇ ਤਾਂ ਫਿਰ ਦੇਖ ਲਵਾਂਗੇ। ਉਨ੍ਹਾਂ ਇਕ ਗਲ ਫਰਮਾਈ ਸੀ :

ਬੇਗਮਪੁਰਾ ਸ਼ਹਿਰ ਕੋ ਨਾਉ
ਦੂਖ ਅੰਦੋਹ ਨਹੀ ਤਹਿ ਠਾਉ
ਨਾ ਤਸ਼ਵੀਸ਼ ਖਰਾਜ ਨਾ ਮਾਲ
ਖੌਫ ਨਾ ਖਤਾ ਨਾ ਤਰਸ ਜਵਾਲ।

ਸੋ ਅੱਜ ਇਕਠੇ ਹੋ ਕੇ ਸਾਰੇ ਇਸ ਨੂੰ ਯੂਨਾਨੀਮਸਲੀ ਪਾਸ ਕਰੀਏ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਦਾ ਧੰਨਵਾਦ ਕਰਦਾ ਹਾਂ।

**ਸ੍ਰੀ ਗਿਆਨ ਚੰਦ ਵੈਦ** (ਦੀਨਾ ਨਗਰ, ਐਸ. ਸੀ.): ਚੇਅਰਮੈਨ ਸਾਹਿਬ, ਮੈਂ ਇਸ ਮਤੇ ਦਾ ਸਮਰਥਨ ਕਰਨ ਲਈ ਖੜਾ ਹੋਇਆ ਹਾਂ। ਮੈਂ ਆਪਣੇ ਸਾਰੇ ਵੀਰਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਪ੍ਰਾਚੀਨ ਸਾਹਿਤ ਜੋ ਹੈ, ਆਰੀਆ ਸਾਹਿਤ ਜੋ ਹੈ ਉਸ ਦੇ ਵਿਚ ਲੜਕੀ ਨੂੰ ਦੁਹਿਤਾ ਕਿਹਾ ਹੈ। ਦੁਹਿਤਾ ਸ਼ਬਦ ਦੂਰਹਿਤਾ ਤੋਂ ਬਣਿਆ ਹੈ। ਇਸ ਦਾ ਅਰਥ ਹੈ ਜਿਹੜੀ ਦੂਰ ਤੋਂ ਚੰਗੀ ਲਗੇ, ਜਿਹੜੀ ਦੂਰ ਰਹਿ ਕੇ ਸੁਖੀ ਰਹੇ। ਇਸ ਦਾ ਅਰਥ ਹੈ ਦੂਰ ਰਹਿਣ ਵਾਲੀ। ਇਸ ਕਰਕੇ ਲੜਕੀ ਨੂੰ ਦੁਹਿਤਾ ਕਿਹਾ ਗਿਆ ਹੈ। ਫਿਰ ਜਿਸ ਵੇਲੇ ਅਸੀਂ ਉਸ ਦਾ ਵਿਆਹ ਕਰਦੇ ਹਾਂ, ਉਸ ਨੂੰ ਦੂਰ ਭੇਜਦੇ ਹਾਂ ਤਾਂ ਵਿਆਹ ਨੂੰ ਸਾਡੀ ਪ੍ਰਾਚੀਨ ਸਭਿਅਤਾ ਵਿਚ ਕਿਹਾ ਜਾਂਦਾ ਹੈ ਕੰਨਿਆ ਦਾਨ। ਅਸੀਂ ਕੰਨਿਆ ਦਾਨ ਕਰਦੇ ਹਾਂ। ਕੰਨਿਆ ਦਾਨ ਕਰਦਿਆਂ ਅਸੀਂ ਲੜਕੀ ਨੂੰ ਕੋਈ ਹਿੱਸਾ ਨਹੀਂ ਦਿੰਦੇ ਅਸੀਂ ਆਪਣੀ ਸਮੱਰਥਾ ਤੋਂ ਵੱਧ ਉਸ ਨੂੰ ਦਾਨ ਦਿੰਦੇ ਹਾਂ। ਜੇ ਕਿਸੇ ਦੀ ਇਕ ਹਜ਼ਾਰ ਰੁਪਏ ਦੀ ਜਾਇਦਾਦ ਹੈ ਤਾਂ ਉਹ ਵੀ ਚਾਹੁੰਦਾ ਹੈ ਕਿ ਉਹ ਆਪਣੀ ਲੜਕੀ ਨੂੰ ਵੱਧ ਤੋਂ ਵੱਧ ਦੇਵੇ। ਉਹ ਚਾਹੇ ਕਰਜ਼ਾ ਚੁਕੇ, ਚਾਹੇ ਆਪਣੇ ਆਪ ਨੂੰ ਗਹਿਣੇ ਰਖੇ ਜਾਂ ਕਿਸ ਤਰ੍ਹਾਂ ਮਰਜ਼ੀ ਕਰੇ ਆਪਣੀ ਲੜਕੀ ਨੂੰ ਵੱਧ ਤੋਂ ਵੱਧ ਦੇਵੇਗਾ। ਉਹ ਕੰਨਿਆ ਦਾਨ ਦੇ ਵਿਚ ਇਕ ਤਾਂ ਕੰਨਿਆ ਦਿੰਦਾ ਹੈ ਅਤੇ ਦੂਸਰਾ ਨਾਲ ਦਾਨ ਵੀ ਦਿੰਦਾ ਹੈ। ਇਸ ਕਰਕੇ ਹਰ ਕੋਈ ਸੋਚਦਾ ਹੈ ਕਿ ਮੈਂ ਕੰਨਿਆ ਦਾਨ ਦੇ ਵਿਚ ਵੱਧ ਤੋਂ ਵੱਧ ਦਾਨ ਦੇਵਾਂ। ਪ੍ਰਾਚੀਨ ਸਾਹਿਤ ਵਿਚ ਕੰਨਿਆ ਦਾਨ ਦੀ ਪ੍ਰੰਪਰਾ ਹੈ ਪਰ ਪਤਾ ਨਹੀਂ ਸਾਡੀ ਕੇਂਦਰੀ ਸਰਕਾਰ ਨੇ ਕਿਹੜੀਆਂ ਪ੍ਰਸਥਿਤੀਆਂ ਦੇ ਅਧੀਨ ਹੋਕੇ ਇਹ ਬਿਲ ਪਾਸ ਕੀਤਾ ਹੈ। ਉਸ ਨੂੰ ਪਤਾ ਨਹੀਂ ਕਿਹੜੀ ਐਕੜ ਆ ਗਈ ਸੀ ਜਿਸ ਨਾਲ ਹਿੰਦੁਸਤਾਨ ਵਿਚ ਇਹ ਬਿਲ ਪਾਸ ਕਰਕੇ ਘਰਾਂ ਵਿਚ ਵੈਰ ਪੈਦਾ ਕਰ ਦਿਤਾ। ਕੰਨਿਆ ਦਾਨ ਦੇ ਨਾਲ ਨਾਲ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਤਕ ਲੜਕੀ ਵਿਆਹੀ ਨਹੀਂ ਜਾਂਦੀ ਤਾਂ ਉਹ ਘਰ ਵਿਚ ਕੰਨਿਆ ਹੈ ਅਤੇ ਜਦੋਂ ਵਿਆਹੀ ਜਾਂਦੀ ਹੈ ਤਾਂ ਉਹ ਨਾਰੀ ਬਣ ਜਾਂਦੀ ਹੈ। ਕੰਨਿਆ ਦਾਨ ਵਿਚ ਤਾਂ ਅਸੀਂ ਉਸ ਨੂੰ ਦਾਨ ਦਿੰਦੇ ਹੀ ਹਾਂ ਪਰ ਨਾਲ ਦੀ ਨਾਲ ਜਦੋਂ ਕੋਈ ਸਾਡੇ ਤਿਉਹਾਰ ਵਗੈਰਾ ਹੁੰਦਾ ਹੈ ਤਾਂ ਵੀ ਅਸੀਂ ਵੱਧ ਤੋਂ ਵੱਧ ਉਸ ਨੂੰ ਦਾਨ ਦਿੰਦੇ ਹਾਂ। ਜਦੋਂ ਕੁਆਰੀ ਹੁੰਦੀ ਹੈ ਤਾਂ ਘਰ ਵਿਚ, ਮਾਪੇ ਘਰ ਵਿਚ ਉਸ ਦੀ ਪੂਜਾ ਹੁੰਦੀ ਹੈ, ਅਤੇ ਜਦੋਂ ਵਿਆਹ ਕੇ ਦੂਸਰੇ ਘਰ ਚਲੀ ਜਾਂਦੀ ਹੈ ਤੇ ਨਾਰੀ ਬਣ ਜਾਂਦੀ ਹੈ ਤਾਂ ਉਸ ਦੀ

Original with;
Punjab Vidhan Sabha
Digitized by;
Panjab Digital Library

ਉਥੇ ਵੀ ਪੂਜਾ ਹੁੰਦੀ ਹੈ । ਸਾਡੀ ਪ੍ਰਾਚੀਨ ਸਭਿਅਤਾ ਕਹਿੰਦੀ ਹੈ ਕਿ ਨਾਰੀ ਦੀ ਪੂਜਾ ਕੀਤੀ ਜਾਂਦੀ ਹੈ । ਮੰਨੂ ਸਿਮਰਤੀ ਦਾ ਇਕ ਸ਼ਲੋਕ ਹੈ--

ਯਤਰ ਨਾਰੀਆਂ ਸਤੂਲ ਪੂਜੀਅੰਤੇ ਰਮੰਤ ਤਤਰ ਦੇਵਤਾ।
ਯਤਰ ਏਤਾਸਤੁ ਨਾ ਪੂਜੀਅੰਤੇ ਤਤਰ ਸਰਵਾ ਅਸਫਲਾ ਕ੍ਰੀਆ।

ਜਿਥੇ ਨਾਰੀ ਦੀ ਪੂਜਾ ਕੀਤੀ ਜਾਂਦੀ ਹੈ, ਜਿਥੇ, ਨਾਰੀ ਦੀ ਇਜ਼ਤ ਕੀਤੀ ਜਾਂਦੀ ਹੈ, ਉਸ ਘਰ ਵਿਚ ਦੇਵਤੇ ਰਹਿੰਦੇ ਹਨ, ਉਸ ਘਰ ਵਿਚ ਦੇਵਤਿਆਂ ਦਾ ਵਾਸ ਹੁੰਦਾ ਹੈ। ਪਰ ਜਿਸ ਘਰ ਵਿਚ ਨਾਰੀ ਦੀ ਇਜ਼ਤ ਨਹੀਂ ਹੋਵੇਗੀ, ਜਿਥੇ ਨਾਰੀ ਦੀ ਪੂਜਾ ਨਹੀਂ ਹੋਵੇਗੀ ਉਥੇ ਉਹ ਜਿੰਨੇ ਵੀ ਕੰਮ ਕਰੇਗਾ ਸਫਲ ਨਹੀਂ ਹੋਣਗੇ, ਅਸਫਲ ਹੋਣਗੇ। ਇਸ ਵਾਸਤੇ ਇਹ ਸਾਡੇ ਦੇਸ਼ ਦੀ ਪਰੰਪਰਾ ਵੈਦਿਕ ਕਾਲ ਤੋਂ ਚਲੀ ਆ ਰਹੀ ਹੈ । ਬਾਬਾ ਜੀ ਨੇ ਵੀ ਇਸ ਦਾ ਪ੍ਰਚਾਰ ਕੀਤਾ ਹੈ। ਅਸੀਂ ਕੰਨਿਆ ਨੂੰ ਦਾਨ ਦੇਣਾ ਹੈ ਹਿੱਸਾ ਨਹੀਂ ਦੇਣਾ। ਉਤਰੀ ਭਾਰਤ ਵਿਚ ਤਾਂ ਲੜਕੀ ਵਿਆਹ ਕੇ ਲੈ ਜਾਂਦੇ ਹਨ ਪਰ ਦਖਣੀ ਭਾਰਤ ਵਿਚ ਤਾਂ ਲੜਕੀ ਲੜਕੇ ਨੂੰ ਵਿਆਹ ਕੇ ਲਿਆਉਂਦੀ ਹੈ । ਇਹ ਆਪਣੇ ਰਿਵਾਜ ਹਨ । ਲੜਕੀਆਂ ਨੂੰ ਗ੍ਰਿਹ ਲਕਸ਼ਮੀ ਕਿਹਾ ਜਾਂਦਾ ਹੈ । ਇਸਦਾ ਸਤਿਕਾਰ ਕਰਨਾ ਚਾਹੀਦਾ ਹੈ । ਸਾਡੇ ਦੇਸ਼ ਵਿਚ ਇਹ ਹੈ ਕਿ ਲੜਕੀ ਦਾ ਸਤਿਕਾਰ ਕਰਨਾ ਲਕਸ਼ਮੀ ਦਾ ਸਤਿਕਾਰ ਕਰਨਾ ਸਮਝਿਆ ਜਾਂਦਾ ਹੈ । ਮੈਂ ਇਨਾਂ ਸ਼ਬਦਾਂ ਨਾਲ ਇਸ ਮਤੇ ਦੀ ਹਮਾਇਤ ਕਰਦਾ ਹਾਂ ਅਤੇ ਕਹਿੰਦਾ ਹਾਂ ਕਿ ਇਹ ਮਤਾ ਪਾਸ ਕੀਤਾ ਜਾਵੇ ।

**ਸਰਦਾਰ ਦਲਬੀਰ ਸਿੰਘ** (ਜੰਡਿਆਲਾ, ਐਸ. ਸੀ.): ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਸਰਦਾਰ ਪ੍ਰਕਾਸ਼ ਸਿੰਘ ਮਜੀਠਾ ਵਲੋਂ ਜੋ ਮਤਾ ਪੇਸ਼ ਹੋਇਆ ਹੈ, ਉਸ ਤੇ ਬੋਲਣ ਦਾ ਸਮਾਂ ਦਿਤਾ ਹੈ । ਮੈਂ ਇਸ ਬਿਲ ਦੀ ਪੌੜਤਾ ਕਰਨ ਲਈ ਖੜਾ ਹੋਇਆ ਹਾਂ। ਭੈਣ ਅਤੇ ਭਰਾ ਦਾ ਬੜਾ ਅਨੋਖਾ ਜਿਹਾ ਪਿਆਰ ਹੈ । ਮੈਂ ਇਸ ਦੇ ਬਾਰੇ ਦਸਣਾ ਚਾਹੁੰਦਾ ਹਾਂ ਕਿ ਭੈਣ ਤੇ ਵੀਰ ਬਾਰੇ ਕਿਹਾ ਜਾਂਦਾ ਹੈ ਕਿ:--

ਬੰਦੀ ਛੋੜ ਜੋ ਜੰਗ ਸਤਾਨ ਅੰਦਰ
ਤਾਕਤ ਕਦੇ ਉਹ ਪ੍ਰੇਮ ਦੀ ਭੁਲਦੇ ਨਹੀਂ।
ਬੰਧਨ ਪ੍ਰੇਮ ਦੇ ਅੱਵਲ ਤਾਂ ਬੱਝਦੇ ਨਹੀਂ
ਜੇਕਰ ਬੱਝ ਜਾਵਣ ਤਾਂ ਖੁਲ੍ਹਦੇ ਨਹੀਂ ।

ਸੋ, ਮੈਂ ਇਕ ਮਿਸਾਲ ਦਿੰਦਾ ਹਾਂ ਆਪਣੇ ਇਲਾਕੇ ਦੀ । ਮੇਰੇ ਹਲਕੇ ਅਟਾਰੀ ਵਿਚ ਪਿੰਡ ਪਡਿਆਰ ਹੈ। ਚੇਅਰਮੈਨ ਸਾਹਿਬ, ਉਥੇ ਇਕ ਕਿਸਾਨ ਸੀ ਸੋਹਣ ਸਿੰਘ, ਉਸ ਦਾ ਇਕ ਪੁਤਰ ਅਤੇ 7 ਧੀਆਂ ਸਨ । ਇਕ ਜਵਾਈ ਉਥੇ ਰਹਿ ਰਿਹਾ ਸੀ । ਉਸ ਨੇ ਕੀ ਕੀਤਾ ਕਿ ਸੌਹਰੇ ਨੂੰ ਕਤਲ ਕਰਕੇ ਉਸ ਦੇ ਪੁਤਰ ਦੇ ਗਲ ਮੜ੍ਹ ਦਿਤਾ । ਚੇਅਰਮੈਨ ਸਾਹਿਬ, ਸਾਰੀਆਂ ਅਦਾਲਤਾਂ ਜਿਹੜੀਆਂ ਹਿੰਦੁਸਤਾਨ ਵਿਚ ਬਣੀਆਂ ਹਨ ਉਹ ਕਾਨੂੰਨੀ ਤੌਰ ਤੇ ਗਵਾਹੀਆਂ ਲੈਂਦੀਆਂ ਹਨ ਪਰੰਤੂ ਗਵਾਹ ਕਈ ਵੇਰ ਸਚਾਈ ਨੂੰ ਲੁਕਾ ਛਡਦੇ ਹਨ । ਉਸ ਦੇ ਪੁਤਰ ਨੂੰ ਡੈਥ ਸੈਂਟੈਂਸ (ਸਜ਼ਾਏ ਮੌਤ) ਹੋਈ। ਉਸ ਗੁਲਜ਼ਾਰ ਸਿੰਘ ਦੇ 3 ਪੁਤਰ ਸਨ। ਇਕ ਦਾ ਨਾਮ ਸੀ ਗੁਰਦੇਵ ਸਿੰਘ,

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲਬੀਰ ਸਿੰਘ]

ਦੂਜੇ ਦਾ ਨਾਮ ਗੁਰਚਰਨ ਸਿੰਘ ਅਤੇ ਤੀਜੇ ਦਾ ਮੇਜਰ ਸਿੰਘ । ਜਿਹੜੀਆਂ 7 ਧੀਆਂ ਸਨ ਉਹ ਜ਼ਮੀਨ ਦੀਆਂ ਮਾਲਕ ਬਣ ਗਈਆਂ । ਪਿਓ ਮਰ ਗਿਆ, ਪੁਤਰ ਫਾਹੇ ਲਗ ਗਿਆ ਅਤੇ ਉਸ ਦੇ ਪੁਤਰ ਤਿੰਨੇ ਦਰ ਬਦਰ ਤੁਰੇ ਫਿਰਦੇ ਹਨ । ਮੇਹਨਤ ਮਜ਼ਦੂਰੀ ਵੀ ਨਹੀਂ ਲਭਦੀ । ਇਹ ਜਿਹੜਾ ਐਕਟ ਬਣਾਇਆ ਸੀ ਇਹ ਗਰੀਬ ਕਿਸਾਨ ਵਾਸਤੇ ਹੈ । ਮੈਂ ਮਜੀਠਾ ਸਾਹਿਬ ਦਾ ਧੰਨਵਾਦੀ ਹਾਂ ਜਿਹੜਾ ਇਨ੍ਹਾਂ ਨੇ ਇਹ ਸੋਧਨਾ ਮਤਾ ਲਿਆਂਦਾ ਹੈ। ਮੈਂ ਇਸ ਦੇ ਨਾਲ ਇਕ ਸੁਝਾ ਦਿਆਂਗਾ ਕਿ ਜਿਸ ਵੇਲੇ ਭੈਣ ਸੌਹਰੇ ਚਲੀ ਜਾਂਦੀ ਹੈ ਤਾਂ ਜਿਹੜੀ ਪੇਕੇ ਦੀ ਜ਼ਮੀਨ ਹੈ ਉਸ ਦੀ ਧੀ ਹਕਦਾਰ ਹੋਵੇ ਜੇ ਉਸ ਦਾ ਕੋਈ ਭਰਾ ਨਾ ਹੋਵੇ, ਇਸ ਤੇ ਸਾਨੂੰ ਇਤਰਾਜ਼ ਨਹੀਂ । ਮੈਂ ਸਮਝਦਾ ਹਾਂ ਕਿ ਰਮੇਸ਼ ਜੀ ਨੇ ਜਿਹੜੀ ਵਿਰੋਧਤਾ ਕੀਤੀ ਹੈ ਉਸਦਾ ਵੀ ਕਾਰਨ ਹੈ । ਮੈਂ ਕਹਿੰਦਾ ਹਾਂ ਕਿ ਹਿੰਦੂ ਤੇ ਸਿੱਖ ਇਕ ਕੌਮ ਹੈ । ਮੈਂ ਇਸਦੇ ਬਾਰੇ ਵਿਚ ਇਤਿਹਾਸ ਦਸਦਾ ਹਾਂ। ਮੈਂ ਜੇਲ੍ਹ ਵਿਚ ਹੁੰਦਾ ਸੀ ਜਦੋਂ ਮੈਂ ਇਹ ਇਤਿਹਾਸ ਪੜ੍ਹਿਆ । ਇਕ ਵੇਦਵਿਆਸ ਰਿਸ਼ੀ ਸੀ। ਉਸ ਨੇ 18 ਪੁਰਾਣ ਲਿਖੇ ਅਤੇ ਉਨ੍ਹਾਂ ਦੀ ਸ੍ਰੀਮਦ ਭਾਗਵਤ ਗੀਤਾ ਦੀ ਕੁੰਜੀ ਪੜ੍ਹੀ। ਇਕ ਰੁਕਮਣ ਬਾਦਸ਼ਾਹ ਹੁੰਦਾ ਸੀ। ਉਸ ਦੀ ਇਕ ਭੈਣ ਰੁਕਮਣੀ ਸੀ ਜਿਸ ਨੂੰ ਜਸਪਾਤ ਰਾਜਾ ਵਿਹਾਉਣ ਵਾਸਤੇ ਆਇਆ। ਰੁਕਮਣੀ ਕ੍ਰਿਸ਼ਨ ਦੇ ਬਾਰੇ ਬੜੀ ਸ਼ਰਧਾ ਰੱਖਦੀ ਸੀ। ਉਸ ਨੇ ਕਿਹਾ ਕਿ ਮੈਂ ਵਿਆਹ ਕਰਾਵਾਂਗੀ ਤਾਂ ਕ੍ਰਿਸ਼ਨ ਭਗਵਾਨ ਨਾਲ ਕਰਾਵਾਂਗੀ। ਉਥੇ ਇਕ ਮੰਦਰ ਸੀ। ਰੁਕਮਣੀ ਉਥੇ ਸੈਰ ਕਰਿਆ ਕਰਦੀ ਸੀ ਅਤੇ ਮੰਦਰ ਦੀ ਪੂਜਾ ਕਰਿਆ ਕਰਦੀ ਸੀ। ਕ੍ਰਿਸ਼ਨ ਰੱਥ ਤੇ ਬੈਠ ਕੇ ਆਇਆ ਅਤੇ ਉਸ ਨੂੰ ਰੱਥ ਵਿਚ ਬਿਠਾ ਕੇ ਲੈ ਗਿਆ । ਰੁਕਮਣ ਬਾਦਸ਼ਾਹ ਨੇ ਕਿਹਾ ਕਿ ਮੇਰੀ ਭੈਣ ਨੂੰ ਇਕ ਛੋਕਰਾ ਜਿਹਾ ਲੈ ਗਿਆ ਹੈ ਮੈਂ ਉਸ ਦਾ ਬਦਲਾ ਲੈ ਕੇ ਆਵਾਂਗਾ । ਰੁਕਮਣ ਦੀਆਂ ਫੌਜਾਂ ਤੇ ਜਸਪਾਤ ਰਾਜੇ ਦੀਆਂ ਫੌਜਾਂ ਦੋਵੇਂ ਜੰਗ ਵਿਚ ਲੜੀਆਂ। ਉਸ ਨੇ ਕਿਹਾ ਕਿ ਅਗਰ ਮੈਂ ਭੈਣ ਨੂੰ ਵਾਪਸ ਨਾ ਲਿਆਇਆ ਤਾਂ ਮੈਂ ਨਗਰ ਵਿਚ ਨਹੀਂ ਵੜਾਂਗਾ । ਉਹ ਚਲ ਪਿਆ ਲੜਾਈ ਵਿਚ, ਕ੍ਰਿਸ਼ਨ ਨੇ ਉਸ ਨੂੰ ਆਪਣੇ ਰੱਥ ਨਾਲ ਬੰਨ੍ਹ ਲਿਆ ਅਤੇ ਘਸੀਟਣ ਲਗਾ ਤਾਂ ਰੁਕਮਣੀ ਨੇ ਕਿਹਾ ਕਿ ਮਹਾਰਾਜ ਅਗਰ ਇਹ ਮਰ ਗਿਆ ਤਾਂ ਤੁਹਾਡਾ ਸੌਹਰਾ ਦੁਖ ਪਾਵੇਗਾ। ਇਸ ਕਰਕੇ ਉਸ ਨੂੰ ਮਾਰਿਆ ਨਾ ਅਤੇ ਉਸ ਦੀ ਚੋਟੀ ਕਟ ਲਈ ਯਾਨੀ ਉਸ ਦੀ ਦਾੜ੍ਹੀ ਮੁੱਛ ਕੱਟ ਦਿਤੀ। ਸ਼ਰਮ ਦੇ ਮਾਰੇ ਉਹ ਆਪਣੇ ਨਗਰ ਵਿਚ ਨਾ ਵੜਿਆ। ਮੈਂ ਕਹਿੰਦਾ ਹਾਂ ਕਿ ਹਿੰਦੂ ਔਰ ਸਿੱਖ ਦੋ ਨਹੀਂ ਹਨ। ਮੈਂ ਸਮਝਦਾ ਹਾਂ ਕਿ ਅਗਰ ਇਸ ਰੈਜ਼ੋਲਿਊਸ਼ਨ ਦੇ ਪਾਸ ਹੋਣ ਤੇ ਜਮਹੂਰੀਅਤ ਦਾ ਕਤਲ ਹੁੰਦਾ ਹੈ ਅਤੇ ਇਹ ਕਾਇਮ ਨਹੀਂ ਰਹਿੰਦੀ ਹੈ ਤਾਂ ਇਹੋ ਜਿਹੀ ਜਮਹੂਰੀਅਤ ਸਾਡੇ ਵੀ ਰਾਸ ਨਹੀਂ ਆਉਣੀ । ਮੈਂ ਮਿਸਾਲ ਦਿਤੀ ਸੀ ਕਿ ਬਾਪ ਮਰ ਗਿਆ, ਪੁਤਰ ਫਾਹੇ ਲਗ ਗਿਆ ਉਸ ਦੇ ਪੁਤਰ ਦਰ ਬਦਰ ਭਟਕਦੇ ਹਨ ਅਤੇ 100 ਮੀਲ ਤੋਂ ਧੀਆਂ ਆ ਕੇ ਜ਼ਮੀਨ ਦੀਆਂ ਮਾਲਕ ਹੋ ਗਈਆਂ । ਮੈਂ ਤੁਹਾਡੇ ਰਾਹੀਂ ਵਿਰੋਧ ਕਰਨ ਵਾਲਿਆਂ ਨੂੰ ਬੇਨਤੀ ਕਰਾਂਗਾ ਕਿ ਉਹ ਦੋਬਾਰਾ ਵਿਚਾਰ ਕਰਕੇ ਇਸ ਦੀ ਹਿਮਾਇਤ ਕਰਨ ਤਾਕਿ ਪੰਜਾਬ ਦੀ ਬਿਹਤਰੀ ਹੋ ਸਕੇ ਅਤੇ ਪੰਜਾਬ ਦਾ ਭਲਾ ਹੋ ਸਕੇ ਅਤੇ ਪੰਜਾਬ ਵਧੇ ਅਤੇ ਫੂਲੇ। ਇਹ ਮਤਾ ਤੁਰਤ ਸਰਬਸੰਮਤੀ ਨਾਲ ਪਾਸ ਕਰਕੇ ਕੇਂਦਰੀ ਸਰਕਾਰ ਨੂੰ ਭੇਜਿਆ ਜਾਵੇ । ਮੈਂ ਇਨ੍ਹਾਂ ਸ਼ਬਦਾਂ ਨਾਲ ਇਸ ਮਤੇ ਦੀ ਹਿਮਾਇਤ ਕਰਦਾ ਹਾਂ।

**ਸਰਦਾਰ ਨਰੰਜਨ ਸਿੰਘ ਸੇਰੋਂ** (ਖਡੂਰ ਸਾਹਿਬ, ਐਸ. ਸੀ.): ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਮਤੇ ਤੇ ਬੋਲਣ ਦਾ ਸਮਾ ਦਿਤਾ ਹੈ।

**ਕਾਮਰੇਡ ਸਰਵਣ ਸਿੰਘ ਚੀਮਾ** : ਚੇਅਰਮੈਨ ਸਾਹਿਬ, ਇਹ ਜਨਤਾ ਪਾਰਟੀ ਵਾਲੇ ਕਿਥੇ ਚਲੇ ਗਏ ?

**ਆਵਾਜ਼ਾਂ** : ਉਹ ਬੋਲ ਗਏ ਹਨ।

Original with;
Punjab Vidhan Sabha
Digitized by;
Panjab Digital Library

**ਸਰਦਾਰ ਨਿਰੰਜਨ ਸਿੰਘ ਸੇਰ'** : ਮੈਂ ਇਸ ਮਤੇ ਦੇ ਹੱਕ ਵਿਚ ਬੋਲਣ ਲਈ ਖੜਾ ਹੋਇਆ ਹਾਂ । ਇਥੇ ਬਹੁਮਤ ਇਸ ਮਤੇ ਦੇ ਹਕ ਵਿਚ ਬੋਲਿਆ ਹੈ ਅਤੇ ਇਕ ਦੋ ਨੇ ਇਸ ਦੇ ਖਿਲਾਫ਼ ਵੀ ਬੋਲਿਆ ਹੈ । ਮੈਂ ਦਸਦਾ ਹਾਂ ਕਿ ਖਿਲਾਫ਼ ਬੋਲਣ ਦੇ ਕਾਰਨ ਕੀ ਸਨ। ਇਕ ਤਾਂ ਇਹ ਕਿ ਜਿਹੜਾ ਹਿੰਦੂ ਕੋਡ ਦਾ ਅਸਰ ਹੈ ਉਹ ਪਿੰਡਾਂ ਵਿਚ ਵਸਣ ਵਾਲਿਆਂ ਤੇ ਪਿਆ ਹੈ, ਸ਼ਹਿਰਾਂ ਵਾਲਿਆਂ ਤੇ ਨਹੀਂ । ਕਾਲੀਆ ਸਾਹਿਬ ਸ਼ਹਿਰਾਂ ਵਾਲੇ ਸਨ ਅਤੇ ਉਹ ਇਕ ਵਕੀਲ ਹਨ । ਇਸ ਦਾ ਉਨ੍ਹਾਂ ਨੂੰ ਬੜਾ ਫਾਇਦਾ ਪਹੁੰਚਿਆ । ਹਜ਼ਾਰਾਂ ਕੇਸ ਜਿਹੜੇ ਹਿੰਦੂ ਕੋਡ ਬਿਲ ਦੇ ਚਲੇ ਇਨ੍ਹਾਂ ਦੀ ਆਮਦਨ ਵੱਧੀ। ਰਮੇਸ਼ ਜੀ ਇਸ ਲਈ ਬੋਲੇ ਕਿ ਉਨ੍ਹਾਂ ਨੂੰ ਅਖ਼ਬਾਰਾਂ ਵਾਸਤੇ ਜਿਹੜੀਆਂ ਤਾਜ਼ਾ ਤਾਜ਼ਾ ਖਬਰਾਂ ਮਿਲਦੀਆਂ ਸਨ ਕਿ ਅੱਜ ਭੈਣ ਨੇ ਭਰਾ ਨੂੰ ਮਾਰ ਦਿਤਾ ਜਾਂ ਭਰਾ ਨੇ ਭੈਣ ਨੂੰ ਜ਼ਮੀਨ ਦੀ ਖ਼ਾਤਰ ਮਾਰ ਦਿਤਾ । ਉਨ੍ਹਾਂ ਦੀਆਂ ਖਬਰਾਂ ਮਾਰੀਆਂ ਗਈਆਂ ਔਰ ਉਨ੍ਹਾਂ ਦੀਆਂ ਅਖਬਾਰਾਂ ਤੇ ਅਸਰ ਪਏਗਾ । ਇਸ ਕਰਕੇ ਉਨ੍ਹਾਂ ਨੇ ਇਸ ਦੀ ਮੁਖਾਲਫਤ ਕੀਤੀ ਹੈ। ਇਹ ਮਾੜੀ ਗਲ ਹੈ। ਉਨ੍ਹਾਂ ਨੇ ਆਪਣੇ ਮਫਾਦ ਦੀ ਖਾਤਰ ਇਕ ਚੰਗੇ ਮਤੇ ਦੀ ਵਿਰੋਧਤਾ ਕੀਤੀ ਹੈ। ਮੈਂ ਪੁਰਜ਼ੋਰ ਅਪੀਲ ਕਰਦਾ ਹਾਂ ਕਿ ਇਸ ਮਤੇ ਨੂੰ ਸਾਰੇ ਹਾਊਸ ਨੂੰ ਯੂਨਾਨੀਮਸਲੀ ਪਾਸ ਕਰਨਾ ਚਾਹੀਦਾ ਹੈ ।

**ਸਰਦਾਰ ਬਲਦੇਵ ਸਿੰਘ ਖਿਆਲਾ** (ਜੋਗਾ): ਚੇਅਰਮੈਨ ਸਾਹਿਬ, ਮੈਂ ਸਰਦਾਰ ਪ੍ਰਕਾਸ਼ ਸਿੰਘ ਮਜੀਠਾ ਦੇ ਮਤੇ ਦੇ ਹੱਕ ਵਿਚ ਖੜਾ ਹੋਇਆ ਹਾਂ ਔਰ ਇਸ ਮਤੇ ਦੀ ਪੁਰਜ਼ੋਰ ਹਮਾਇਤ ਕਰਦਾ ਹਾਂ । ਤੁਹਾਨੂੰ ਸਾਰਿਆਂ ਨੂੰ ਪਤਾ ਹੈ ਕਿ ਭੈਣ ਅਤੇ ਵੀਰ ਦਾ ਰਿਸ਼ਤਾ ਬੜਾ ਗੂੜ੍ਹਾ ਹੈ । ਭੈਣ ਆਪਣੇ ਬਚਪਨ ਵਿਚ ਜਦੋਂ ਹੋਰ ਬੀਬੀਆਂ ਨਾਲ ਖੇਡਦੀ ਹੈ ਤਾਂ ਹੱਥਾਂ ਵਿਚ ਹਥ ਪਾ ਕੇ ਕਿਕਲੀਆਂ ਪਾਕੇ ਆਪਣੇ ਵੀਰ ਦੇ ਬਾਰੇ ਵਿਚ ਕਹਿੰਦੀ ਹੈ :

'ਵੀਰਾ ਆਈਂ ਵੇ ਭੈਣ ਦੇ ਵੇੜ੍ਹੇ ਪੁੰਨਿਆ ਦਾ ਚੰਨ ਬਣ ਕੇ'

ਤੁਹਾਨੂੰ ਪਤਾ ਹੈ ਕਿ ਇਸ ਭੈੜੇ ਕਾਨੂੰਨ ਦੇ ਬਣਨ ਦੇ ਨਾਲ ਇਸ ਭੈਣ ਅਤੇ ਭਰਾ ਦੇ ਰਿਸ਼ਤੇ ਵਿਚ ਕਿੱਡੀ ਵੱਡੀ ਕੁੜੱਤਣ ਆਈ। ਇਕ ਸਾਲ ਕੀ ਹੋਇਆ ਕਿ ਅਖਬਾਰ ਵਿਚ ਇਕ ਫੋਟੋ ਛਪੀ ਸੀ। ਰਾਜਪੁਰੇ ਦੇ ਕੋਲ ਪਿੰਡ ਹੈ ਉਥੇ ਜ਼ਮੀਨ ਦੇ ਕਾਰਨ ਭਰਾ ਨੇ ਭੈਣ ਦੇ ਹੱਥ ਕਟ ਦਿਤੇ ਸੀ। ਭੈਣ ਪਿੰਡ ਵਿਚ ਆਈ ਅਤੇ 5 ਏਕੜ ਜ਼ਮੀਨ ਵੇਚ ਕੇ ਉਸ ਨੇ ਵਾਪਸ ਚਲੀ ਜਾਣਾ ਸੀ। ਭਰਾ ਨੂੰ ਪਤਾ ਲਗਾ ਤਾਂ ਭਰਾ ਨੇ ਭੈਣ ਦੇ ਹੱਥ ਕੱਟ ਦਿਤੇ ।

ਚੇਅਰਮੈਨ ਸਾਹਿਬ, ਜਿਨ੍ਹਾਂ ਹੱਥਾਂ ਨਾਲ ਉਹ ਭੈਣ ਕਿਕਲੀਆਂ ਪਾਉਂਦੀ ਸੀ, ਪੰਜਾਂ ਕਿਲਿਆਂ ਦੀ ਖਾਤਰ ਉਸ ਦੇ ਦੋਨੋਂ ਹੱਥ ਵੱਢ ਦਿੱਤੇ ਅਤੇ ਉਹ ਸਾਰੀ ਜ਼ਿੰਦਗੀ ਲਈ ਨਕਾਰਾ ਹੋ ਗਈ। ਇਸੇ ਤਰ੍ਹਾਂ ਦੀਆਂ ਹਜ਼ਾਰਾਂ ਮਿਸਾਲਾਂ ਹਨ । ਜਿਹੜੀ ਭੈਣ ਆਪਣੇ ਸੌਹਰੇ ਘਰ ਵੀਰ ਨੂੰ ਖੰਡ ਖਿਲਾਉਂਦੀ ਸੀ, ਉਸ ਦਾ ਲੱਖ ਲੱਖ ਆਦਰ ਕਰਦੀ ਸੀ, ਉਨ੍ਹਾਂ ਭੈਣਾਂ ਨੇ ਆਪਣੇ ਘਰ ਆਏ ਵੀਰਾਂ ਨੂੰ ਜ਼ਹਿਰ ਦੇ ਕੇ ਮਾਰਿਆ । ਜੇ ਭੈਣ ਆਪਣੇ ਭਰਾਵਾਂ ਨੂੰ ਮਿਲਣ ਗਈ ਤਾਂ ਭਰਾਵਾਂ ਨੇ ਮਾਰ ਕੇ ਉਸ ਦੀ ਲਾਸ਼ ਨਹਿਰ ਵਿੱਚ ਸੁੱਟ ਦਿੱਤੀ। ਇਸ ਰਿਸ਼ਤੇ ਨੂੰ ਵਿਗਾੜਨ ਵਿੱਚ ਇਸ ਮਾੜੇ ਕਾਨੂੰਨ ਨੇ ਬਹੁਤ ਹਿੱਸਾ ਪਾਇਆ ਹੈ। ਮੈਂ ਜ਼ਿਆਦਾ ਨਹੀਂ ਬੋਲਣਾ ਚਾਹੁੰਦਾ ਕਿਉਂਕਿ ਸਾਰੇ ਭਰਾਵਾਂ ਨੇ ਬੜੀਆਂ ਠੋਸ ਰਾਵਾਂ ਦਿੱਤੀਆਂ ਹਨ। ਮੇਰੀ ਰਾਏ ਹੈ ਕਿ ਇਸ ਕਾਨੂੰਨ ਨੂੰ ਪਹਿਲਾਂ ਹੀ ਖਤਮ ਕਰ ਦੇਣਾ ਚਾਹੀਦਾ ਸੀ। ਪਿਛਲੀ ਸਰਕਾਰ ਨੇ ਅੰਗਰੇਜ਼ਾਂ ਤੋਂ ਇਹ ਸਬਕ ਸਿਖਿਆ ਸੀ ਕਿ ਲੋਕਾਂ ਨੂੰ ਪਾੜੋ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਦੇਵ ਸਿੰਘ ਖਿਆਲਾ]

ਤੇ ਰਾਜ ਕਰੋ। ਇਹ ਕਾਨੂੰਨ ਲੋਕਾਂ ਨੂੰ ਪਾੜਨ ਵਿੱਚ ਬਹੁਤ ਸਹਾਈ ਹੋਇਆ ਅਤੇ ਉਹ ਆਪਣੀ ਸਕੀਮ ਵਿੱਚ ਕਾਮਯਾਬ ਰਹੇ। ਪਰ ਹੁਣ ਸਮੇਂ ਵਿੱਚ ਤਬਦੀਲੀ ਹੋਈ ਹੈ। ਇਥੇ ਸਾਰੇ ਮੇਰੇ ਵੀਰ ਬੈਠੇ ਹਨ। ਸਾਰੇ ਸਟੇਜਾਂ ਤੇ ਲੰਮੀਆਂ ਲੰਮੀਆਂ ਤਕਰੀਰਾਂ ਕਰਕੇ ਇਥੇ ਆਏ ਹਨ। ਸਰਦਾਰ ਕਿਰਪਾਲ ਸਿੰਘ ਤਾਂ ਸ਼ਹਿਰ ਵਿੱਚ ਰਹਿੰਦੇ ਹਨ ਪਰ ਮੇਰੇ ਕਾਮਰੇਡ ਵੀਰ ਚੋਪੜਾ ਜੀ ਜਿਹੜੇ ਕਿ ਸ਼ੇਰਪੁਰ ਤੋਂ ਜਿੱਤ ਕੇ ਆਏ ਹਨ, ਕਿਸਾਨਾਂ ਦੇ ਹਲਕੇ ਵਿੱਚੋਂ ਜਿੱਤ ਕੇ ਆਏ ਹਨ, ਉਨ੍ਹਾਂ ਨੇ ਇਸ ਮਤੇ ਦੀ ਵਿਰੋਧਤਾ ਕੀਤੀ ਅਤੇ ਤਕਰੀਰ ਕੀਤੀ। ਜੇ ਇਨ੍ਹਾਂ ਨੇ ਇਹੀ ਤਕਰੀਰ ਉਥੇ ਕੀਤੀ ਹੁੰਦੀ ਤਾਂ ਇਨ੍ਹਾਂ ਨੇ ਅਸੰਬਲੀ ਵਿੱਚ ਨਹੀਂ ਆਉਣਾ ਸੀ। ਅਸੀਂ ਆਪਣੇ ਵੋਟਰਾਂ ਨਾਲ ਵਾਅਦਾ ਕਰਕੇ ਆਏ ਹਾਂ ਕਿ ਇਹ ਹਿੰਦੂ ਸਕਸੈਸ਼ਨ ਐਕਟ ਮਾੜਾ ਕਾਨੂੰਨ ਹੈ, ਇਸ ਵਿੱਚ ਤਰਮੀਮ ਕਰਾਂਗੇ। ਜੇ ਅੱਜ ਅਸੀਂ ਇਸ ਦੇ ਵਿਰੁੱਧ ਬੋਲਦੇ ਹਾਂ ਤਾਂ ਅਸੀਂ ਆਪਣੇ ਵੋਟਰਾਂ ਨਾਲ ਗੱਦਾਰੀ ਕਰ ਰਹੇ ਹਾਂ ਆਉਣ ਵਾਲੀਆਂ ਨਸਲਾਂ, ਆਉਣ ਵਾਲਾ ਸਮਾਂ ਦਸੇਗਾ ਕਿ ਜਿਨ੍ਹਾਂ ਲੋਕਾਂ ਨੇ ਇਸ ਮਤੇ ਦੀ ਵਿਰੋਧਤਾ ਕੀਤੀ ਹੈ ..।

**ਮਾਸਟਰ ਚੰਦ ਸਿੰਘ** : ** ** **

**ਸ੍ਰੀ ਸਭਾਪਤੀ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਗਿਆਨੀ ਕੁੰਦਨ ਸਿੰਘ ਪਤੰਗ** : ** ** **

**ਸ੍ਰੀ ਸਭਾਪਤੀ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਮਾਸਟਰ ਚੰਦ ਸਿੰਘ** : ** ** **

**ਸ੍ਰੀ ਸਭਾਪਤੀ** : ਇਹ ਜੋ ਕੁਝ ਬਗੈਰ ਪਰਮਿਸ਼ਨ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ।

**ਸਰਦਾਰ ਬਲਦੇਵ ਸਿੰਘ ਖਿਆਲਾ** : ਚੇਅਰਮੈਨ ਸਾਹਿਬ, ਮੈਂ ਇਸ ਮਤੇ ਦੀ ਹਮਾਇਤ ਕਰਦਾ ਹਾਂ। ਇਹ ਮਤਾ ਪਾਸ ਹੋਣ ਨਾਲ, ਇਸ ਐਕਟ ਵਿੱਚ ਅਮੈਂਡਮੈਂਟ ਹੋਣ ਨਾਲ ਅਸੀਂ ਵੱਡੇ ਵੱਡੇ ਇਕੱਠ ਕਰਾਂਗੇ ਅਤੇ ਮੈਂਬਰ ਇਸ ਮਤੇ ਦੇ ਹੱਕ ਵਿੱਚ ਬੋਲਣਗੇ। ਇਸ ਮਤੇ ਨੂੰ ਪਾਸ ਕਰਨਾ ਚਾਹੀਦਾ ਹੈ। ਇਸ ਬਿਲ ਦੇ ਪਾਸ ਹੋਣ ਨਾਲ ਪਹਿਲੀ ਕਾਂਗਰਸ ਸਰਕਾਰ ਨੇ ਕਿਸਾਨਾਂ ਨੂੰ ਬੜਾ ਵੱਡਾ ਧੱਕਾ ਮਾਰਿਆ ਹੈ। ਜਿਸ ਤਰ੍ਹਾਂ ਸੋਨੇ ਦੀ ਟੂੰਬ ਨੂੰ ਜੇ ਅਸੀਂ ਤਿੰਨ ਵਾਰੀ ਸੁਨਿਆਰ ਕੋਲ ਲੈ ਜਾਈਏ ਤਾਂ ਉਸ ਦਾ ਕੁਝ ਵੀ ਪੱਲੇ ਨਹੀਂ ਰਹਿੰਦਾ। ਇਸੇ ਤਰ੍ਹਾਂ ਸਾਡੀਆਂ ਜਾਇਦਾਦਾਂ ਦੀਆਂ ਵੇਚਣ ਵੇਲੇ ਰਜਿਸਟਰੀਆਂ ਹੁੰਦੀਆਂ ਹਨ। ਇੱਕ ਇੱਕ ਕਿਸਾਨ ਦੀ ਜ਼ਮੀਨ ਤਿੰਨ ਤਿੰਨ ਵਾਰੀ ਵਿਕੀ ਹੁੰਦੀ ਹੈ। ਇਸ ਤਰੀਕੇ ਨਾਲ ਪੰਜਾਬ ਦਾ ਕਿਸਾਨ ਲੁੱਟਿਆ ਗਿਆ ਹੈ। ਉਹ ਤਿੰਨ ਚਾਰ ਵਾਰੀ ਵਿਕ ਚੁੱਕਾ ਹੈ। ਰਜਿਸਟਰੀਆਂ ਦੀ ਫੀਸ ਸਰਕਾਰ ਰੋਜ਼ ਵਧਾ ਦਿੰਦੀ ਹੈ। ਮੈਂ ਇਸ ਮਤੇ ਦੀ ਪੁਰਜ਼ੋਰ ਹਮਾਇਤ ਕਰਦਾ ਹਾਂ ਅਤੇ ਸਰਦਾਰ ਪ੍ਰਕਾਸ਼ ਸਿੰਘ ਮਜੀਠਾ ਦਾ ਧੰਨਵਾਦ ਕਰਦਾ ਹਾਂ। ਆਉਣ ਵਾਲੀਆਂ ਨਸਲਾਂ, ਆਉਣ ਵਾਲਾ ਸਮਾਂ ਯਾਦ ਰਖੇਗਾ ਕਿ ਇਹ ਮਤਾ ਉਨ੍ਹਾਂ ਨੇ ਲਿਆਂਦਾ ਸੀ। ਜਿਹੜੇ ਮੈਂਬਰ ਇਸ ਮਤੇ ਦੀ ਵਿਰੋਧਤਾ ਕਰਦੇ ਹਨ, ਜੇ ਦੁਬਾਰਾ ਵੋਟਾਂ ਪਈਆਂ ਤਾਂ ਲੋਕ ਇਨ੍ਹਾਂ ਨੂੰ ਦੱਸਣਗੇ। ਮੈਂ ਇਸ ਮਤੇ ਦੀ ਪੁਰਜ਼ੋਰ ਹਮਾਇਤ ਕਰਦਾ ਹਾਂ ਅਤੇ ਇਹ ਮੰਗ ਕਰਦਾ ਹਾਂ ਕਿ ਇਸ ਨੂੰ ਤੁਰੰਤ ਪਾਸ ਕਰਕੇ ਸੈਂਟਰ ਦੀ ਸਰਕਾਰ ਨੂੰ ਭੇਜਿਆ ਜਾਵੇ।

**ਮਾਲ ਮੰਤਰੀ** (ਜੱਥੇਦਾਰ ਜੀਵਨ ਸਿੰਘ ਉਮਰਾਨੰਗਲ) : ਚੇਅਰਮੈਨ ਸਾਹਿਬ, ਕਾਫੀ ਬਹਿਸ ਹੋ ਗਈ ਹੈ। ਇਸ ਮਤੇ ਦੇ ਹੱਕ ਵਿੱਚ ਬੋਲਿਆ ਗਿਆ ਹੈ। ਇਸ ਲਈ ਹੁਣ ਇਸ ਨੂੰ ਪਾਸ ਕਰ ਦੇਣਾ ਚਾਹੀਦਾ ਹੈ।

**Expunged/not recorded as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਦਲੀਪ ਸਿੰਘ ਪਾਂਧੀ**: ਚੇਅਰਮੈਨ ਸਾਹਿਬ, ਮੈਂ ਇਸ ਦੇ ਵਿੱਚ ਇੱਕ ਅਮੈਂਡਮੈਂਟ ਕਰਨਾ ਚਾਹੁੰਦਾ ਹਾਂ।

**ਸ੍ਰੀ ਸਭਾਪਤੀ**: ਹੁਣ ਕੋਈ ਟਾਈਮ ਨਹੀਂ ਹੈ, ਅਮੈਂਡਮੈਂਟ ਮੂਵ ਕਰਨ ਦਾ।

**Mr. Chairman**: Question is—

This House recommends to the State Government to approach the Government of India with the request that steps be taken to so amend the Hindu Succession Act, 1956, that the daughter may get her share from her inlaws property after her marriage instead of getting the same from her father's property.

*The motion was carried.*

**Mr. Chairman.**: Next resolution is of Chaudhri Sunder Singh, he is not present ; next resolution is of Doctor Kewal Krishan, he is also not present; next resolution is of Sardar Sant Singh Dhuri which is identical to the one which has been passed; next resolution is of Sardar Naranjan Singh Seron, which is identical to the one which has been passed ; next resolution is of Sardar Lachhman Singh, he is not present ; next resolution is of Sardar Sarwan Singh, which is identical to the one which has been passed ; next resolution is of Sardar Darshan Singh K. P., he is not present ; next resolution is of Sardar Hari Singh, which is identical to the one which has been passed ; next resolution is of Sardar Jatinder Singh Kariha, which is identical to the one which has been passed.

Since the time of the House is upto 7.00 P.M. and there is no business before the House, the House stands adjourned till 9.00 A.M. on Saturday, the 16th September, 1978.

*6.36 P.M. | *(The Sabha then *adjourned till 9.00 A.M. on Saturday, the 16th September, 1978.)*

34383 PVS—Govt. Press, (U.T.) Chd.

Original with;
Punjab Vidhan Sabha
Digitized by;
Panjab Digital Library

[illegible]

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

© 1979

Published under the authority of Punjab Vidhan Sabha Secretariat and Printed by the Controller, Government Press, Chandigarh.

Original with;
Punjab Vidhan Sabha
Digitized by;
Panjab Digital Library

# Punjab Vidhan Sabha Debates

16*th September*, 1978

**Vol. III—No. 13**

**OFFICIAL REPORT**

CONTENTS

*Saturday, the 16th September*, 1978 — *Page*


| | | |
|---|---|---|
| Starred Questions and Answers | .. | (13)1 |
| Short Notice Questions and Answers | .. | (13)23 |
| Question of Privilege | .. | (13)26 |
| Call Attention Notices under Rule 66 | .. | (13)30 |
| Motion under Rule 16 | .. | (13)35 |
| LEGISLATIVE BUSINESS | | |
| Bill(s)— | | |
| The Punjab State Legislature Members (Pension and Medical Facilities Regulation) Amendment—, 1978 | .. | (13)35 |



Punjab Vidhan Sabha Secretariat, Chandigarh.

Price: Rs. 23.00



Original with;
Punjab Vidhan Sabha
Digitized by;
Panjab Digital Library

| | Page |
|---|---|
| The Punjab Legislative Assembly (Allowances of Members) Amendment—, 1978 .. | (13)37 |
| The Punjab Legislators (Modification of Allowances and Other Amenities)—, 1978 .. | (13)38 |
| Announcement by the Deputy Speaker .. | (13)43 |
| Bill(s)— | |
| The Punjab Legislators (Modification of Allowances and Other Amenities) —, *1978* (*Resumption of discussion*) .. | (13)44 |
| Paper laid on the Table .. | (13)63 |

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

**Saturday, the 16th September, 1978**

*The Vidhan Sabha met in the Punjab Vidhan Sabha Hall, Vidhan Bhavan, Chandigarh, at 9-00 A. M. of the Clock. Mr. Speaker (Sardar Ravi Inder Singh) in the Chair.*

---

## STARRED QUESTIONS AND ANSWERS

### ਨਾਭਾ ਹਾਊਸ, ਨਵੀਂ ਦਿੱਲੀ ਵਿਚ ਸਰਕਾਰੀ ਮਕਾਨਾਂ/ਕੋਠੀਆਂ ਦਾ ਅਣਅਧਿਕਾਰਿਤ ਕਬਜ਼ਾ

*820. **ਸਰਦਾਰ ਦਲੀਪ ਸਿੰਘ ਪਾਂਧੀ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਕੀ ਨਾਭਾ ਹਾਊਸ, ਨਵੀਂ ਦਿੱਲੀ ਵਿਚ ਕੁੱਝ ਵਿਅੱਕਤੀਆਂ ਨੇ ਸਰਕਾਰੀ ਮਕਾਨਾਂ/ਕੋਠੀਆਂ ਤੇ ਅਣ-ਅਧਿਕਾਰਿਤ ਕਬਜ਼ਾ ਕੀਤਾ ਹੋਇਆ ਹੈ; ਜੇਕਰ ਅਜਿਹਾ ਹੋਵੇ ਤਾਂ ਅਜਿਹੇ ਕਬਜ਼ਦਾਰਾਂ ਦੇ ਨਾਂ ਕੀ ਕੀ ਹਨ ਅਤੇ ਉਨ੍ਹਾਂ ਨੇ ਕਿਸ ਤਰੀਕ ਤੋਂ ਅਜਿਹਾ ਕਬਜ਼ਾ ਕੀਤਾ ਹੋਇਆ ਹੈ;

(ਅ) ਕੀ ਉਕਤ ਭਾਗ (ੳ) ਵਿਚ ਦੱਸੇ ਗਏ ਕਬਜ਼ਦਾਰ ਇਸ ਰਿਹਾਇਸ਼ ਲਈ ਸਰਕਾਰ ਨੂੰ ਕੋਈ ਕਿਰਾਇਆ ਦਿੰਦੇ ਹਨ; ਜੇਕਰ ਅਜਿਹਾ ਹੋਵੇ, ਤਾਂ ਉਸਦੀ ਦਰ ਕੀ ਹੈ;

(ੲ) ਕੀ ਇਸ ਰਿਹਾਇਸ਼ ਦੇ ਕਬਜ਼ਦਾਰ ਕਿਰਾਏ ਦੀ ਅਦਾਇਗੀ ਕਰਨ ਵਿਚ ਕਸੂਰਵਾਰ ਹਨ; ਜੇਕਰ ਅਜਿਹਾ ਹੋਵੇ ਤਾਂ ਹਰ ਇਕ ਵਿਅੱਕਤੀ ਵੱਲ ਕਿੰਨਾ ਕਿਰਾਇਆ ਬਕਾਇਆ ਹੈ ਅਤੇ ਕਿਰਾਏ ਦੇ ਬਕਾਇਆਂ ਦੀ ਵਸੂਲੀ ਕਰਨ ਲਈ ਕੀ ਕਾਰਵਾਈ ਕੀਤੀ ਗਈ ਹੈ?

**ਸਰਦਾਰ ਰਣਧੀਰ ਸਿੰਘ ਚੀਮਾ** (ਲੋਕ ਕਾਰਜ ਮੰਤਰੀ): ਸਵਾਲ ਦਾ ਉਤਰ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ।

(ੳ) ਸਰਕਾਰੀ ਮੁਲਾਜ਼ਮਾਂ ਤੋਂ ਇਲਾਵਾ 8 ਪੱਤਰਕਾਰ ਅਤੇ ਇੱਕ ਸੋਸ਼ਲ ਵਰਕਰ, ਜਿਨ੍ਹਾਂ ਦਾ ਵੇਰਵਾ ਨੱਥੀ ਸੂਚੀ ਵਿੱਚ ਦਿਤਾ ਗਿਆ ਹੈ; ਨਾਭਾ ਹਾਊਸ ਵਿੱਚ ਰਹਿ ਰਹੇ ਹਨ।

(ਅ) ਅਤੇ (ੲ) ਸਬੰਧਤ ਕਾਰਜਕਾਰੀ ਇੰਜੀਨੀਅਰ ਨੇ ਆਪਣੀ ਪੱਧਰ ਤੇ ਕਿਰਾਇਆ ਨਿਸਚਿਤ ਕਰਕੇ ਰੈਂਟ ਰੋਲ ਜਾਰੀ ਕੀਤੇ ਹਨ, ਕਿਰਾਏ ਦੀ ਜੋ ਰਕਮ ਇਸ ਆਧਾਰ ਤੇ ਬਕਾਇਆ ਰਹਿੰਦੀ ਹੈ ਉਸ ਦਾ ਵੇਰਵਾ ਨੱਥੀ ਸੂਚੀ ਵਿੱਚ ਦਰਸਾਇਆ ਗਿਆ ਹੈ। ਪਰੰਤੂ ਸਬੰਧਤ ਵਿਅਕਤੀਆਂ ਵਲੋਂ ਕਿਰਾਇਆ ਘਟਾਉਣ ਬਾਰੇ ਪ੍ਰਤੀ ਬੇਨਤੀ ਨੂੰ ਮੁੱਖ ਰਖਕੇ ਕਿਰਾਏ ਦੀ ਦਰ ਤਹਿ ਕਰਨ ਬਾਰੇ ਮਾਮਲਾ ਸਰਕਾਰ ਦੀ ਪੱਧਰ ਤੇ ਵਿਚਾਰ ਅਧੀਨ ਹੈ।

Original with;
Punjab Vidhan Sabha
Digitized by;
Panjab Digital Library

[ਲੋਕ ਕਾਰਜ ਮੰਤਰੀ]

ਅਨੁਲੱਗ I

ਨਾਭਾ ਹਾਊਸ, ਨਵੀਂ ਦਿੱਲੀ

| ਲੜੀ ਨੰ: | ਕਾਬਜ਼ਕਾਰ ਦਾ ਨਾਂ | ਜਿਸ ਸਮੇਂ ਲਈ ਅਲਾਟ ਕੀਤਾ ਗਿਆ ਸੀ | ਕਬਜ਼ਾ ਕਰਨ ਦੀ ਮਿਤੀ | ਕਾਰਜਕਾਰੀ ਇੰਜੀਨੀਅਰ ਵਲੋਂ ਦੱਸੀ ਗਈ 31-7-78 ਤੱਕ ਬਕਾਇਆ ਰਕਮ |
|---|---|---|---|---|
| | | | | ਰੁਪਏ |
| 1. | ਸ੍ਰੀ ਪੀ. ਮੁਕਰਜੀ, ਸਪੈਸ਼ਲ ਕਾਰਸਪਾਂਡੈਂਟ, ਦੀ ਟਰੀਬੂਨ, ਨਵੀਂ ਦਿੱਲੀ (ਐਚ. ਐਨ. ਏ.1) | ਅਲਾਟਮੈਂਟ ਆਰਡਰ ਵਿਚ ਸਮਾਂ ਨਹੀਂ ਦਸਿਆ ਗਿਆ ਸੀ | 12--7--72 | 5,487.34 |
| 2. | ਸ੍ਰੀ ਡੀ. ਪੀ. ਕੁਮਾਰ, ਸਪੈਸ਼ਲ, ਰੀਪਰੀ-ਜ਼ੈਨਟੇਟਿਵ, ਦੀ ਸਟੇਟਸਮੈਨ, ਨਵੀਂ ਦਿੱਲੀ (ਮਕਾਨ ਨੰ: ਏ-2) | 8/73 ਤੱਕ | 12--3--73 | 12,279.08 |
| 3. | ਸ੍ਰੀ ਸੀ. ਐਮ. ਸਾਹਨੀ, ਚੀਫ ਰੀਪੋਰ-ਟਰ, ਯੂ. ਐਨ. ਆਈ., ਰਾਫੀ ਮਾਰਗ, ਨਵੀਂ ਦਿੱਲੀ (ਮਕਾਨ ਨੰ: ਏ-3) | 11/74 ਤੱਕ | 27--5--73 | 10,388.29 |
| 4. | ਸ੍ਰੀ ਸਾਧੂ ਸਿੰਘ ਹਮਦਰਦ, ਆਡੀਟਰ, ਡੇਲੀ ਅਜੀਤ ਪਤ੍ਰਕਾ (ਮਕਾਨ ਨੰ: ਏ-2) | ਅਲਾਟਮੈਂਟ ਆਰਡਰ ਵਿਚ ਸਮਾਂ ਨਹੀਂ ਦਸਿਆ ਗਿਆ ਸੀ | 2--4--73 | 8,280.87 |
| 5. | ਸ੍ਰੀ ਪੀ. ਕੇ. ਵਰਧਾਰਾਜਨ, ਸਪੈਸ਼ਲ ਕਾਰਸਪਾਂਡੈਂਟ, ਨੈਸ਼ਨਲ ਹੇਰਲਡ ਹਾਊਸ, ਬਹਾਦੁਰਸ਼ਾਹ ਜ਼ਫ਼ਰ ਮਾਰਗ, ਨਵੀਂ ਦਿੱਲੀ (ਮਕਾਨ ਨੰ: ਏ-8) | 10/74 ਤੱਕ | 18--5--74 | 13,998.70 |
| 6. | ਸ੍ਰੀ ਐਮ. ਕੇ. ਰਾਜ਼ਦਾਨ, ਸਟਾਫ਼ ਰਿਪੋਰ-ਟਰ, ਪੀ. ਟੀ. ਆਈ., ਪੀ.ਟੀ. ਆਈ. ਬਿਲਡਿੰਗ (ਮਕਾਨ ਨੰ: ਐਚ. ਐਨ. ਏ-7) ਪਾਰਲੀਆਮੈਂਟ ਸਟਰੀਟ, ਨਵੀਂ ਦਿੱਲੀ | 3/77 ਤੱਕ | 6--10--72 | 14,594.04 |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਕਾਬਜ਼ਕਾਰ ਦਾ ਨਾਂ | ਜਿਸ ਸਮੇਂ ਲਈ ਅਲਾਟ ਕੀਤਾ ਗਿਆ ਸੀ | ਕਬਾਜ਼ ਕਰਨ ਦੀ ਮਿਤੀ | ਕਾਰਜਕਾਰੀ ਇੰਜੀਨੀਅਰ ਵਲੋਂ ਦੱਸੀ ਗਈ 31-7-78 ਤੱਕ ਬਕਾਇਆ ਰਕਮ |
|---|---|---|---|---|
| | | | | ਰੁਪਏ |
| 7. | ਸ੍ਰੀ ਰਾਜਿੰਦਰ ਸਿੰਘ ਭਾਟੀਆ, ਅਡੀਟਰ ਕੌਮੀ ਏਕਤਾ, ਸੀ-342, ਡਫੈਂਸ ਕਾਲੋਨੀ, ਨਵੀਂ ਦਿੱਲੀ (ਮਕਾਨ ਨੰ: ਬੀ-11) | 10/74 ਤੱਕ | 20--5--74 | 5,782.82 |
| 8. | ਸ੍ਰੀ ਡੀ. ਪੀ. ਵਸ਼ਿਸ਼ਟ, ਆਲ ਇੰਡੀਆ ਕਾਂਗਰਸ ਕਮੇਟੀ, ਹਾਊਸ ਨੰ: 10 | ਐਲਾਟਮੈਂਟ ਆਰਡਰ ਵਿਚ ਸਮਾਂ ਨਹੀਂ ਦਸਿਆ ਗਿਆ ਸੀ | 5--11--76 | 2,430.60 |
| 9. | ਸ੍ਰੀ ਜੇ. ਐਮ. ਦੇਬੂ, ਸਪੈਸ਼ਲ ਕਾਰਸਪਾਡੈਂਟ, ਆਸਾਮ ਟ੍ਰਿਬਿਯੂਨ, ਹਾਊਸ ਨੰ: ਬੀ-6 | 2/75 ਤੱਕ (20 ਅਗਸਤ, 1978 ਨੂੰ ਖਾਲੀ ਕੀਤਾ ਗਿਆ | 11--3--74 | 5162.95 |
| | | ਜੋੜ | | 78,404.69 |

**ਸਰਦਾਰ ਦਲੀਪ ਸਿੰਘ ਪਾਂਧੀ**: ਸਪੀਕਰ ਸਾਹਿਬ, ਇਸ ਦਾ ਜਨਾਬ ਹੀ ਫੈਸਲਾ ਕਰਨ ਕਿ ਇਸ ਤਰ੍ਹਾਂ ਦੇ ਹੀ ਸਟਾਰਡ ਸਵਾਲ ਨੰ: 132 ਦਾ ਮਿਤੀ 12 ਜਨਵਰੀ, 1978 ਨੂੰ ਜਵਾਬ ਦਿੱਤਾ ਗਿਆ ਸੀ, ਕਿਉਂਕਿ ਖਾਸ ਤੌਰ ਤੇ ਦਿੱਲੀ ਵਿਚ ਸਥਿਤੀ ਕੁਝ ਅਜਿਹੀ ਹੈ । ਉਸ ਵੇਲੇ ਜਨਾਬ ਮੈਂ ਪੁੱਛਿਆ ਸੀ:–

> "ਕੀ ਦਿੱਲੀ ਵਿਚ ਸਥਿਤੀ ਅਜਿਹੀ ਕਿਸੇ ਜਾਇਦਾਦ ਤੇ 1 ਨਵੰਬਰ, 1966 ਤੋਂ ਗੈਰ ਕਾਨੂੰਨੀ ਕਬਜ਼ਾ ਹੈ, ਜੇਕਰ ਅਜਿਹਾ ਹੋਵੇ, ਤਾਂ ਉਸ ਵਿਅਕਤੀ/ਵਿਅਕਤੀਆਂ ਦੇ ਨਾਂ ਅਤੇ ਵੇਰਵੇ ਕੀ ਹਨ ਜਿਸ ਨੇ/ਜਿਨ੍ਹਾਂ ਨੇ ਉਕਤ ਜਾਇਦਾਦ ਤੇ ਗੈਰ-ਕਾਨੂੰਨੀ ਕਬਜ਼ਾ ਕੀਤਾ ਹੋਇਆ ਹੈ ।"

ਇਹ ਜਨਾਬ ਜੋ ਇਨਫਰਮੇਸ਼ਨ ਦਿੱਤੀ ਹੈ, ਇਹ ਜਨਾਬ ਇਸ ਸਵਾਲ ਦੇ ਜਵਾਬ ਵਿਚ ਮਿਸਿੰਗ ਹੈ। ਅੱਜ ਦੱਸਿਆ ਹੈ ਕਿ ਅੱਠ ਆਦਮੀ ਐਸੇ ਹਨ ਜਿਨ੍ਹਾਂ ਨੇ ਉਥੇ ਕਬਜ਼ਾ ਕੀਤਾ ਹੋਇਆ ਹੈ । ਮੈਂ ਸਮਝਦਾ ਹਾਂ ਕਿ ਵਜ਼ੀਰ ਸਾਹਿਬ ਨੇ ਹਾਊਸ ਨੂੰ ਮਿੱਸਲੀਡ ਕੀਤਾ ਹੈ। 12 ਜਨਵਰੀ, 1978 ਤੋਂ ਪਿੱਛੋਂ ਅੱਜ ਦੱਸਿਆ ਹੈ ਕਿ ਉਥੇ ਨਾਭਾ ਹਾਊਸ ਵਿਚ ਅੱਠ ਬੰਦਿਆਂ ਦਾ ਉਥੇ ਕਬਜ਼ਾ ਹੈ ਜਿਸ ਤਰ੍ਹਾਂ ਕਿ ਪਹਿਲੇ ਨੰਬਰ ਤੇ ਸ੍ਰੀ ਪੀ. ਮੁਕਰਜੀ, ਸਪੈਸ਼ਲ ਕਾਰਸਪਾਡੈਂਟ, ਦੀ ਟ੍ਰੀਬ੍ਯੂਨ; ਨੰਬਰ ਦੋ ਤੇ ਹੈ ਸ੍ਰੀ ਡੀ. ਪੀ. ਕੁਮਾਰ, ਸਪੈਸ਼ਲ ਰੀਪਰੀਜ਼ੈਂਟੇਟਿਵ, ਸਟੇਟਸਮੈਨ, ਨਵੀਂ ਦਿੱਲੀ; ਇਸ ਤਰ੍ਹਾਂ ਅੱਠ ਨੰਬਰ ਤੇ, ਸਪੀਕਰ ਸਾਹਿਬ, ਵੇਖੋ, ਕੋਈ ਕਾਂਗਰਸੀ ਹੈ। ਜਨਾਬ, ਇਨ੍ਹਾਂ ਨੇ ਪਿਛਲੀ ਸਰਕਾਰ ਵੇਲੇ ਧੱਕੇ ਨਾਲ, ਐਮਰਜੈਂਸੀ ਦੇ ਸਮੇਂ, ਉਥੇ ਕਬਜ਼ਾ ਕਰ ਰੱਖਿਆ ਹੈ। ਉਥੇ 72 ਦੇ ਕਰੀਬ ਮੁਲਾਜ਼ਮ ਹੋਰ ਰਹਿੰਦੇ ਹਨ। ਉਸ ਦਾ ਨਤੀਜਾ ਇਹ ਹੁੰਦਾ ਹੈ ਕਿ ਜਦੋਂ ਅਸੀਂ ਦਿੱਲੀ ਜਾਂਦੇ ਹਾਂ ਤਾਂ ਸਾਨੂੰ ਕੋਈ ਰਾਤ ਰਹਿਣ ਵਾਸਤੇ ਥਾਂ ਨਹੀਂ ਮਿਲਦੀ ਔਰ ਦੂਸਰੇ ਪਾਸੇ, ਜਨਾਬ, ਇਨ੍ਹਾਂ ਲੋਕਾਂ ਨੇ ਧੱਕੇ ਨਾਲ ਕਬਜ਼ਾ ਕੀਤਾ ਹੋਇਆ ਹੈ। ਇਹ ਨਾ ਕੋਈ ਕਿਰਾਇਆ ਦਿੰਦੇ ਹਨ ਔਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਨਾ ਹੀ ਕੋਈ ਇਨ੍ਹਾਂ ਨੂੰ ਅਲਾਟਮੈਂਟ ਕੀਤੀ ਗਈ ਹੈ, ਨਾ ਹੀ ਅਲਾਟਮੈਂਟ ਆਰਡਰ ਇਸ਼ੂ ਕੀਤੇ ਗਏ ਹਨ। ਇਸ ਤਰ੍ਹਾਂ ਹੀ, ਸਪੀਕਰ ਸਾਹਿਬ, ਜਿਹੜੇ ਮਹਿਕਮੇਂ ਵਾਲੇ ਕਹਿੰਦੇ ਹਨ ਕਿ ਅਲਾਟਮੈਂਟ ਆਰਡਰ ਇਸ਼ੂ ਕੀਤੇ ਹਨ ਉਨ੍ਹਾਂ ਵਿਚ ਜੋ ਸਮਾਂ ਦੱਸਿਆ ਗਿਆ ਸੀ ਉਹ ਵੀ ਨਿਕਲ ਗਿਆ ਹੈ, ਪਰ ਅਜੇ ਤਕ ਮਕਾਨ ਖਾਲੀ ਨਹੀਂ ਕੀਤੇ ਗਏ। ਨੰਬਰ ਇਕ ਦੇ ਅਲਾਟਮੈਂਟ ਆਰਡਰ ਵਿਚ ਕੋਈ ਸਮਾਂ ਨਹੀਂ ਸੀ ਦਿੱਤਾ ਗਿਆ, ਨੰਬਰ ਦੋ ਵਿਚ 8/1973 ਤਕ ਸੀ, ਨੰਬਰ ਤਿੰਨ ਵਿਚ 11/1974, ਨੰਬਰ ਚਾਰ ਵਿਚ ਕੋਈ ਸਮਾਂ ਨਹੀਂ ਸੀ ਦਿੱਤਾ ਗਿਆ। ਇਸੇ ਤਰ੍ਹਾਂ ਨੰਬਰ ਪੰਜ ਵਿਚ 10/1974 ਤਕ ਖਾਲੀ ਕਰਨਾ ਸੀ ਪਰ ਨਹੀਂ ਕੀਤਾ, ਨੰਬਰ ਸੱਤ ਨੇ 10/1974 ਵਿਚ ਖਾਲੀ ਕਰਨਾ ਸੀ ਔਰ ਨੰਬਰ ਅੱਠ ਦੇ ਕੇਸ ਵਿਚ ਕੋਈ ਟਾਈਮ ਨਹੀਂ ਦਿੱਤਾ ਗਿਆ। ਇਸ ਤਰ੍ਹਾਂ ਹੀ ਇਹ ਇਕ ਸ੍ਰੀ ਜੇ. ਐਮ. ਦੇਖੂ ਦਾ ਸਮਾਂ 2/1975 ਤਕ ਸੀ। ਜਨਾਬ, ਮੈਂ ਇਹ ਬੇਨਤੀ ਕਰਨੀ ਹੈ ਕਿ ਇਹ ਨਜ਼ਾਇਜ਼ ਕੰਮ ਹੋਇਆ ਹੈ। ਇਸ ਲਈ ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਉਨ੍ਹਾਂ ਨਾਜਾਇਜ਼ ਕਾਬਜ਼ਾਂ ਤੋਂ ਮਕਾਨ ਖਾਲੀ ਕਰਵਾ ਦੇਣਗੇ? ਨੰਬਰ ਦੋ ਇਹ ਕਿ ਜਿਨ੍ਹਾਂ ਸੱਜਣਾਂ ਨੇ ਪੀ. ਡਬਲਿਊ. ਡੀ. ਵਾਲਿਆਂ ਨੂੰ ਖੁਸ਼ ਕਰਕੇ ਉਥੇ ਧੱਕੇ ਨਾਲ ਕਬਜ਼ਾ ਕੀਤਾ ਹੋਇਆ ਹੈ, ਇਸ ਮਾਮਲੇ ਨੂੰ ਵੀ ਕਦੋਂ ਤਕ ਸੁਲਝਾ ਦੇਣਗੇ? ਇਕ, ਜਨਾਬ, ਇਹ ਕੁਐਸਚਨ ਆਫ ਪ੍ਰਿਵਿਲੇਜ ਹੈ, ਕਿਉਂਕਿ ਇਨ੍ਹਾਂ ਨੇ ਹਾਊਸ ਨੂੰ ਮਿਸਲੀਡ ਕੀਤਾ ਹੈ।

**ਲੋਕ ਕਾਰਜ ਮੰਤਰੀ** : ਸਪੀਕਰ ਸਾਹਿਬ, 62 ਵਿਅੱਕਤੀਆਂ ਨੂੰ ਨਾਭਾ ਹਾਊਸ ਵਿਚ ਮਕਾਨ ਅਲਾਟ ਕੀਤੇ ਗਏ ਸਨ ਜਿਨ੍ਹਾਂ ਵਿਚੋਂ 53 ਸਰਕਾਰੀ ਕਰਮਚਾਰੀ ਹਨ, ਅੱਠ ਪੱਤਰਕਾਰ ਹਨ ਔਰ ਇਕ ਗੈਰਪੱਤਰਕਾਰ ਹੈ; ਇਕ ਕਾਂਗਰਸੀ ਹੈ ਜੋ ਕਿ ਕਾਂਗਰਸ ਵਰਕਿੰਗ ਕਮੇਟੀ ਦਾ ਮੈਂਬਰ ਰਿਹਾ ਹੈ। ਇਹ ਪੱਤਰਕਾਰ ਜਿਹੜੇ ਹਨ, ਇਨ੍ਹਾਂ ਨੂੰ ਬਾਕਾਇਦਾ ਤੌਰ ਤੇ ਅਲਾਟਮੈਂਟ ਜਿਹੜੀ ਹੈ, ਉਨ੍ਹਾਂ ਦੇ ਨੁਮਾਂਇਦਿਆਂ ਨੂੰ ਹੋਈ ਹੈ। ਇਸ ਕੇਸ ਵਿਚ ਹੁਣ ਸਵਾਲ ਇਕੋ ਹੀ ਆਉਂਦਾ ਹੈ ਕਿ ਉਨ੍ਹਾਂ ਵਲ ਬਕਾਇਆ ਪੈਸੇ ਰਹਿੰਦੇ ਹਨ। ਉਸ ਦੇ ਬਾਰੇ ਵੀ ਮੈਂ ਦੱਸ ਦੇਵਾਂ ਕਿ ਉਨ੍ਹਾਂ ਦੀ ਇਕ ਬੇਨਤੀ ਆਈ ਸੀ ਕਿ ਕਿਰਾਇਆ ਘੱਟ ਕੀਤਾ ਜਾਵੇ। ਮੈਂ ਉਹ ਕੇਸ ਫਾਇਨਾਂਸ ਡਿਪਾਰਟਮੈਂਟ ਨੂੰ ਭੇਜਿਆ ਹੈ, ਉਸ ਕੇਸ ਦੇ ਫੈਸਲੇ ਤੋਂ ਬਾਅਦ ਕਿਰਾਇਆ ਵਸੂਲ ਹੋ ਜਾਵੇਗਾ।

**ਸ੍ਰੀ ਸਪੀਕਰ** : ਚੀਮਾ ਸਾਹਿਬ, ਜਿਹੜੀ ਪਾਂਧੀ ਸਾਹਿਬ ਨੇ ਸਪੈਸੀਫਿਕਲੀ ਨਵੀਂ ਇਨਫਰਮੇਸ਼ਨ ਦਿੱਤੀ ਹੈ ਉਸ ਦੇ ਬਾਰੇ ਵੀ ਦੱਸ ਦਿਓ ਕਿ ਆਇਆ ਤੁਹਾਨੂੰ ਉਨ੍ਹਾਂ ਦੇ ਮੁਤਅੱਲਕ ਪੜਤਾਲ ਕਰਵਾ ਕੇ, ਜਿਹੜੇ ਨਜਾਇਜ਼ ਬੈਠੇ ਹਨ, ਉਨ੍ਹਾਂ ਦੇ ਖਿਲਾਫ ਕਾਰਵਾਈ ਕਰਨ ਵਿਚ ਕੋਈ ਇਤਰਾਜ਼ ਤਾਂ ਨਹੀਂ ਹੈ?

**ਮੰਤਰੀ** : ਨਹੀਂ ਜੀ, ਮੈਂ ਪੜਤਾਲ ਕਰਵਾ ਲਵਾਂਗਾ।

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਜਦੋਂ ਅਸੀਂ ਦਿੱਲੀ ਜਾਂਦੇ ਹਾਂ ਤਾਂ ਸਾਨੂੰ ਐਮ. ਐਲ. ਏਜ਼. ਨੂੰ ਅਕਾਮੋਡੇਸ਼ਨ ਦੀ ਬੜੀ ਦਿੱਕਤ ਹੁੰਦੀ ਹੈ ਕਿਉਂਕਿ ਅਕਾਮੋਡੇਸ਼ਨ ਦੀ ਸ਼ਾਰਟੇਜ ਹੈ। ਫਿਰ ਅਲਾਟਮੈਂਟ ਇਥੋਂ ਹੀ ਹੁੰਦੀ ਹੈ ਔਰ ਕਈ ਵਾਰੀ ਇਥੋਂ ਵੀ ਅਲਾਟਮੈਂਟ ਨਹੀਂ ਹੁੰਦੀ। ਇਕ ਵਾਰੀ ਮੈਂ ਵੀ ਐਪਲੀਕੇਸ਼ਨ ਦਿੱਤੀ ਸੀ ਪਰ ਉਸ ਦਾ ਕੋਈ ਜਵਾਬ ਨਹੀਂ ਆਇਆ। ਇਸ ਲਈ ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਿਹੜਾ ਪੰਜਾਬ ਹਾਊਸ, ਦਿੱਲੀ ਵਿਚ ਅੰਡਰ ਕੰਸਟਰੱਕਸ਼ਨ ਹੈ ਉਸ ਨੂੰ ਕਦੋਂ ਤਕ ਕੰਪਲੀਟ ਕਰਵਾ ਦੇਣਗੇ?

**ਮੰਤਰੀ** : ਸਪੀਕਰ ਸਾਹਿਬ, ਜਿੱਥੋਂ ਤਕ ਤਾਂ ਅਲਾਟਮੈਂਟ ਦਾ ਸਵਾਲ ਹੈ, ਉਹ ਤਾਂ ਚੀਫ ਸੈਕਟਰੀ ਦੇ ਆਫਿਸ ਵਿਚੋਂ ਹੁੰਦੀ ਹੈ। ਜਿਹੜੇ ਸੱਜਣ ਦਿੱਲੀ ਜਾਂਦੇ ਹਨ, ਮਹਿਕਮੇ ਵਾਲੇ ਜੇਕਰ ਉਥੇ ਅਕਾਮੋਡੇਸ਼ਨ ਖਾਲੀ ਹੋਵੇ ਤਾਂ ਅਲਾਟ ਕਰ ਦਿੰਦੇ ਹਨ। ਨੰਬਰ ਦੋ ਤੇ ਸਵਾਲ ਸੀ ਬਿਲਡਿੰਗ ਬਣਾਉਣ ਦਾ। ਸਪੀਕਰ

Original with;
Punjab Vidhan Sabha
Digitized by;
Panjab Digital Library

ਸਾਹਿਬ, ਸਾਡੀ ਕੋਸ਼ਿਸ਼ ਹੈ ਕਿ ਅਕਤੂਬਰ ਤਕ ਕੰਮ ਕੰਪਲੀਟ ਹੋ ਜਾਵੇ। ਪਰ ਇਹ ਸਾਡਾ ਯਤਨ ਹੈ, ਕੁਝ ਸਮਾਂ ਹੋਰ ਵੀ ਲੱਗ ਸਕਦਾ ਹੈ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਜਨਾਬ ਇਨ੍ਹਾਂ ਨੇ ਕਿਹਾ ਹੈ ਕਿ ਜਿਹੜੇ ਆਦਮੀ ਨਾਭਾ ਹਾਊਸ ਵਿਚ ਬੈਠੇ ਹਨ ਉਨ੍ਹਾਂ ਨੂੰ ਆਰਡਰ ਦਿੱਤੇ ਸਨ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕਿਹੜੀ ਕਿਹੜੀ ਡੇਟ ਨੂੰ ਇਹ ਆਰਡਰ ਇਸ਼ੂ ਹੋਏ ਹਨ? ਸਪੀਕਰ ਸਾਹਿਬ, ਮੇਰੀ ਇਨਫਰਮੇਸ਼ਨ ਹੈ ਕਿ ਉਨ੍ਹਾਂ ਨੂੰ ਧੱਕੇ ਨਾਲ, ਮੂੰਹ ਜ਼ਬਾਨੀ ਕਬਜ਼ੇ ਕਰਵਾ ਦਿੱਤੇ ਹਨ। ਜੇਕਰ ਆਰਡਰ ਇਸ਼ੂ ਕੀਤੇ ਗਏ ਸਨ ਤਾਂ ਕੀ ਇਹ ਦੱਸਣਗੇ ਕਿ ਉਨ੍ਹਾਂ ਆਰਡਰਾਂ ਵਿਚ ਕੀ ਸ਼ਰਤਾਂ ਸਨ, ਕੀ ਕਿਰਾਇਆ ਫਿਕਸ ਕੀਤਾ ਸੀ? ਇਹ ਤਾਂ ਅਲਾਟਮੈਂਟ ਆਰਡਰਾਂ ਵਿਚ ਜ਼ਰੂਰ ਲਿਖਿਆ ਹੋਵੇਗਾ।

**ਮੰਤਰੀ** : ਸਪੀਕਰ ਸਾਹਿਬ, ਅਲਾਟਮੈਂਟ ਬਾਰੇ ਇਨ੍ਹਾਂ ਨੇ ਸਵਾਲ ਕੀਤਾ ਹੈ। ਮੈਂ ਜਵਾਬ ਵਿਚ ਵੀ ਦੱਸਿਆ ਹੈ ਕਿ ਨੰਬਰ ਇਕ ਤੇ ਸ੍ਰੀ ਪੀ. ਮੁਕਰਜੀ ਨੂੰ 12 ਜੁਲਾਈ, 1972 ਨੂੰ ਮਕਾਨ ਅਲਾਟ ਹੋਇਆ ਹੈ, ਨੰਬਰ ਦੋ ਤੇ ਸ੍ਰੀ ਡੀ. ਪੀ. ਕੁਮਾਰ ਨੂੰ 12 ਮਾਰਚ, 1973 ਨੂੰ, ਨੰਬਰ ਤਿੰਨ ਤੇ ਸ੍ਰੀ ਸੀ. ਐਮ. ਸਾਹਨੀ ਦਾ 27 ਮਈ, 1973 ਤੋਂ ਕਬਜ਼ਾ ਹੈ। ਇਹ ਮਕਾਨ ਦੇ ਕਬਜ਼ਾ ਲੈਣ ਦੀ ਡੇਟ ਹੈ।

**ਸ੍ਰੀ ਸਪੀਕਰ** : ਤੁਸੀਂ ਇਹ ਦੱਸੋ ਕਿ ਕੀ ਕਬਜ਼ੇ ਨਜਾਇਜ਼ ਹਨ?

**ਮੰਤਰੀ** : ਨਹੀਂ ਜੀ, ਉਸ ਵੇਲੇ ਦੀ ਸਰਕਾਰ ਵਲੋਂ ਬਾਕਾਇਦਾ ਅਲਾਟਮੈਂਟ ਹੋਈ ਹੈ। ਇਨ੍ਹਾਂ ਵਿਚੋਂ ਇਕ ਮਕਾਨ ਖਾਲੀ ਵੀ ਹੋ ਗਿਆ ਹੈ। ਸ੍ਰੀ ਜੇ. ਐਮ. ਦੇਬੂ ਮਕਾਨ ਖਾਲੀ ਵੀ ਕਰ ਚੁਕੇ ਹਨ।

**ਸਰਦਾਰ ਸਰੂਪ ਸਿੰਘ** : ਸਪੀਕਰ ਸਾਹਿਬ, ਅੱਠ ਨੰਬਰ ਦੇ ਸਾਹਮਣੇ ਲਿਖਿਆ ਹੋਇਆ ਹੈ ਕਿ ਅਲਾਟ-ਮੈਂਟ ਵਿਚ ਕੋਈ ਸਮਾਂ ਨਹੀਂ ਸੀ ਦਿੱਤਾ ਗਿਆ। ਇਸ ਦਾ ਮਤਲਬ ਤਾਂ ਇਹ ਹੈ ਕਿ ਅਲਾਟਮੈਂਟ ਹੋਈ ਹੀ ਨਹੀਂ ਹੈ ਔਰ ਉਸ ਨੇ ਕਬਜ਼ਾ ਨਜਾਇਜ਼ ਰੱਖਿਆ ਹੋਇਆ ਹੈ। ਇਹ ਨਜਾਇਜ਼ ਕੰਮ ਹੋਇਆ ਹੈ। ਇਸ ਲਈ ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਸ ਕੇਸ ਵਿਚ ਇਹ ਕੀ ਐਕਸ਼ਨ ਲੈ ਰਹੇ ਹਨ?

**ਮੰਤਰੀ** : ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਸਵਾਲ ਕੀਤਾ ਹੈ ਉਸ ਦਾ ਜਵਾਬ ਤਾਂ ਇਹ ਹੀ ਹੈ ਕਿ ਉਸ ਵੇਲੇ ਕੁਝ ਸਮਾਂ ਨੀਯਤ ਕੀਤਾ ਗਿਆ ਸੀ ਕਿ ਮਕਾਨ ਇਤਨਾਂ ਸਮਾਂ ਰੱਖ ਸਕਦੇ ਹਨ। ਉਸ ਤੋਂ ਬਾਅਦ ਸਰਕਾਰ ਵਲੋਂ ਕੋਈ ਐਕਸ਼ਨ ਨਹੀਂ ਹੋਇਆ। ਲੇਕਿਨ ਮੈਂ ਫਿਰ ਵੀ ਵਿਚਾਰ ਕਰ ਲਵਾਂਗਾ ਕਿ ਕੀ ਐਕਸ਼ਨ ਲੈਣਾ ਹੈ।

**ਸਰਦਾਰ ਸਰੂਪ ਸਿੰਘ**: ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਸਮਾਂ ਨੀਯਤ ਕੀਤਾ ਗਿਆ ਸੀ। ਪਰ ਅੱਠ ਨੰਬਰ ਵਾਲੇ ਕੇਸ ਵਿਚ ਤਾਂ ਕੋਈ ਸਮਾਂ ਨੀਯਤ ਨਹੀਂ ਹੋਇਆ। ਇਸ ਲਈ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਹੁਣ ਇਹ ਕੀ ਐਕਸ਼ਨ ਲੈਣਗੇ? ਸਪੀਕਰ ਸਾਹਿਬ, ਜੇਕਰ ਅਲਾਟਮੈਂਟ ਹੋਈ ਹੈ ਤਾਂ ਅਲਾਟ-ਮੈਂਟ ਆਰਡਰ ਵਿਚ ਸਮਾਂ ਨਹੀਂ ਦਸਿਆ ਗਿਆ ਕਿ ਕਿਤਨਾਂ ਚਿਰ ਤਕ ਮਕਾਨ ਰੱਖਣਾ ਹੈ। ਹੋਰ ਸਾਰਿਆਂ ਦੇ ਸਮੇਂ ਲਿਖੇ ਹੋਏ ਹਨ ਪਰ ਅੱਠ ਨੰਬਰ ਵਾਲੇ ਦਾ ਨਹੀਂ ਲਿਖਿਆ ਹੋਇਆ।

**ਸ੍ਰੀ ਸਪੀਕਰ** : ਚੀਮਾ ਸਾਹਿਬ, ਜੇਕਰ ਅਲਾਟਮੈਂਟ ਪੇਪਰਜ਼ ਸਦਨ ਦੀ ਮੇਜ਼ ਤੇ ਰੱਖ ਦਿਓ ਤਾਂ ਮੈਂਬਰਜ਼ ਦੀ ਤਸੱਲੀ ਹੋ ਜਾਵੇਗੀ।

**ਮੰਤਰੀ** : ਠੀਕ ਹੈ ਜੀ, ਮੈਂ ਲੇ ਕਰ ਦਿਆਂਗਾ।

Original with;
Punjab Vidhan Sabha
Digitized by;
Panjab Digital Library

**ਸ੍ਰੀ ਮਨਮੋਹਨ ਕਾਲੀਆ**: ਸਪੀਕਰ ਸਾਹਿਬ, ਜਦੋਂ ਐਮ. ਐਲ. ਏਜ਼. ਦਿੱਲੀ ਜਾਂਦੇ ਹਨ ਤਾਂ ਉਥੇ ਠਹਿਰਨ ਲਈ ਦਿੱਕਤ ਹੁੰਦੀ ਹੈ। ਅਗਰ ਸਪੈਸੀਫਿਕਲੀ ਇਹ ਕਰ ਦਿੱਤਾ ਜਾਵੇ ਕਿ ਇਤਨੇ ਕਮਰੇ ਵਿਧਾਨ ਸਭਾ ਸਕੱਤਰੇਤ ਦੇ ਅੰਡਰ ਹਨ ਤਾਂ ਇਹ ਡਿਫੀਕਲਟੀ ਨਹੀਂ ਆਵੇਗੀ। ਜਦੋਂ ਮੈਂਬਰਜ਼ ਉਥੇ ਗਏ ਹਨ ਤਾਂ ਉਨ੍ਹਾਂ ਨੂੰ ਚੰਡੀਗੜ੍ਹ ਤੋਂ ਆਰਡਰ ਲੈਣੇ ਪੈਂਦੇ ਹਨ ਜਿਸ ਨਾਲ ਕਿ ਅਲਾਟਮੈਂਟ ਕਰਾਉਣ ਵਿਚ ਦਿੱਕਤ ਹੁੰਦੀ ਹੈ।

**ਸ੍ਰੀ ਸਪੀਕਰ**: ਸਵਾਲ ਦੁਬਾਰਾ ਕਰੋ ਕਾਲੀਆ ਸਾਹਿਬ, ਮੈਂ ਸੁਣਿਆ ਨਹੀਂ ਹੈ।

**ਸ੍ਰੀ ਮਨਮੋਹਨ ਕਾਲੀਆ**: ਸਪੀਕਰ ਸਾਹਿਬ, ਲੈਜਿਸਲੇਟਰਜ਼ ਦੀ ਕਪੈਸਿਟੀ ਵਿਚ ਬਹੁਤ ਸਾਰੇ ਐਮ. ਐਲ. ਏਜ਼. ਦਿੱਲੀ ਜਾਂਦੇ ਹਨ ਔਰ ਉਥੇ ਕੋਈ ਥਾਂ ਠਹਿਰਨ ਵਾਸਤੇ ਨਹੀਂ ਮਿਲਦੀ। ਉਥੇ ਉਨ੍ਹਾਂ ਨੂੰ ਠਹਿਰਨਾਂ ਪੈਂਦਾ ਹੈ। ਰੈਸਟ ਹਾਊਸ ਵਾਲੇ ਕਹਿੰਦੇ ਹਨ ਕਿ ਪਹਿਲਾਂ ਚੰਡੀਗੜ੍ਹ ਤੋਂ ਪਰਮਿੱਟ ਲਵੋ। ਪਰਮਿੱਟ ਲੈਣ ਵਾਸਤੇ ਜੇਕਰ ਅਸੀਂ ਟੈਲੀਫੋਨ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਉਥੇ ਡਾਇਰੈਕਟ ਡਾਇਲਿੰਗ ਨਹੀਂ ਹੈ, ਡਾਇਰੈਕਟ ਡਾਇਲਿੰਗ ਸਿਸਟਮ ਕੱਟਿਆ ਹੋਇਆ ਹੈ, ਫਿਰ ਰਿਜ਼ਰਵੇਸ਼ਨ ਅਸਿਸਟੈਂਟ ਵੀ ਕਈ ਵਾਰ ਟੈਲੀਫੂਨ ਤੇ ਮਿਲਦਾ ਨਹੀਂ ਹੈ। ਐਮ. ਐਲ. ਏ. ਬਾਹਰ ਰਹਿ ਨਹੀਂ ਸਕਦਾ ਕਿਉਂਕਿ ਬਾਹਰ ਜਗਾਹ ਬਹੁਤ ਮਹਿੰਗੀ ਹੁੰਦੀ ਹੈ, ਉਹ ਅਫੋਰਡ ਨਹੀਂ ਕਰ ਸਕਦਾ। ਇਸ ਲਈ ਮੇਰਾ ਸੁਝਾਓ ਹੈ ਕਿ ਆਇਆ ਮੰਤਰੀ ਜੀ ਇਸ ਗੱਲ ਵਾਸਤੇ ਤਿਆਰ ਹਨ ਕਿ ਪੰਜਾਬ ਹਾਊਸ ਦੇ ਕੁਝ ਕਮਰਿਆਂ ਦਾ ਕੰਟਰੋਲ ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅੰਡਰ ਕਰ ਦੇਣ। ਔਰ ਇਹ ਹੋ ਜਾਵੇ ਕਿ ਜਿਹੜਾ ਵੀ ਐਮ. ਐਲ. ਏ. ਜਾਵੇ ਤਾਂ ਉਸ ਨੂੰ ਜੇਕਰ ਜਗ੍ਹਾ ਖਾਲੀ ਹੋਵੇ ਤਾਂ ਦਿੱਤੀ ਜਾਵੇ? ਐਮ.ਐਲ. ਏਜ਼. ਨੂੰ ਪ੍ਰੈਫਰੈਂਸ਼ੀਅਲ ਬੇਸਿਜ਼ ਤੇ ਅਲਾਟਮੈਂਟ ਹੋਵੇ ਜੇਕਰ ਐਮ. ਐਲ. ਏ. ਇਨ ਪਰਸਨ ਜਾਵੇ ਤਾਂ ਉਸ ਨੂੰ ਜਗ੍ਹਾ ਮਿਲ ਜਾਵੇ।

**ਮੰਤਰੀ**: ਸਪੀਕਰ ਸਾਹਿਬ, ਕਾਲੀਆ ਸਾਹਿਬ ਦਾ ਸੁਝਾਓ ਬੜਾ ਵਧੀਆ ਹੈ। ਇਸ ਉਤੇ ਜ਼ਰੂਰ ਵਿਚਾਰ ਕਰਾਂਗੇ। ਲੇਕਿਨ ਇਹ ਮੈਂ ਦੱਸਣਾ ਚਾਹੁੰਦਾ ਹਾਂ ਕਿ ਨਵਾਂ ਪੰਜਾਬ ਹਾਊਸ ਬਣ ਰਿਹਾ ਹੈ। ਉਸ ਦੇ ਬਣ ਜਾਣ ਤੇ ਐਮ. ਐਲ. ਏਜ਼. ਨੂੰ ਅਕਾਮੋਡੇਸ਼ਨ ਦੀ ਕੋਈ ਤਕਲੀਫ ਨਹੀਂ ਆਵੇਗੀ, ਉਨ੍ਹਾਂ ਨੂੰ ਕੋਈ ਅਕਾਮੋਡੇਸ਼ਨ ਦੀ ਪ੍ਰਾਬਲਮ ਨਹੀਂ ਹੋਵੇਗੀ। ਲੇਕਿਨ ਫਿਰ ਵੀ ਇਨ੍ਹਾਂ ਦੇ ਸੁਝਾਓ ਉਤੇ ਜ਼ਰੂਰ ਵਿਚਾਰ ਕਰਾਂਗੇ।

**श्री ग्र. विश्वनाथन** : स्पीकर साहिब दिल्ली में एक P.S.I.D.C. का Rest House है और एक Electricity Board का है। इसी तरह और भी डिपार्टमेंटस और कार्पोरेशन्ज के Rest Houses वहां पर हैं। अब वहां पर एक Punjab Govt. का मलटी सटोरी कम्पलैक्स भी बन रहा है। क्या Punjab Govt. इस Complex के बनने के बाद बाकी सब Rest Houses बन्द कर देगी ताकि जो इन का खर्चा है वह बच सके ?

दूसरा जब दिल्ली मे किसी डिपार्टमैंट की मीटिंग होती है तो यहां 6, 6 कारें दिल्ली को भागती हैं। उन कारों की पिछली सीटों पर एक आदमी डाएबीटीज का पेट या दूसरा Heart disease का बैठा होता है। इस तरह से Punjab Govt. का ट्रांस्पोर्ट का खर्चा बहुत होता है। क्या Govt. इस खर्चा को बचाने के लिए दिल्ली के Rest Houses में स्टाफ कारज का प्रबन्ध कर देगी ताकि यहां से जो लोग मीटिंग अटैंड करने के लिए जायें वह नार्मल ट्रांस्पोर्ट में जायें और नार्मल ट्रांस्पोर्ट में ही वापिस आ जायें ? इस से स्टेट का करोड़ों रुपया बच जायेगा।

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ:** ਸਪੀਕਰ ਸਾਹਿਬ, ਜਿਥੋਂ ਤਕ ਪਹਿਲੇ ਸਵਾਲ ਦਾ ਜਵਾਬ ਹੈ, ਉਸ ਲਈ ਜਦੋਂ ਵੀ ਸਾਡੀ ਉਹ ਬਿਲਡਿੰਗ ਬਣ ਕੇ ਤਿਆਰ ਹੋ ਗਈ ਅਸੀਂ ਬਾਕੀ ਦੇ ਸਾਰੇ ਡਿਪਾਰਟਮੈਂਟਸ ਔਰ ਕਾਰਪੋਰੇਸ਼ਨਾਂ ਦੇ ਰੈਸਟ ਹਾਊਸਾਂ ਨੂੰ ਬੰਦ ਕਰ ਦਿਆਂਗੇ।

ਦੂਸਰੀ ਜੋ ਟ੍ਰਾਂਸਪੋਰਟ ਦੇ ਬਾਰੇ ਇਨ੍ਹਾਂ ਨੇ ਗਲ ਕੀਤੀ ਹੈ ਉਸ ਤੇ ਅਸੀਂ ਵਿਚਾਰ ਕਰ ਲਵਾਂਗੇ ਔਰ ਜੇ ਪ੍ਰੈਕਟੀਕੇਬਲ ਹੋਇਆ ਤਾਂ ਅਸੀਂ ਜ਼ਰੂਰ ਅਮਲ ਕਰਾਂਗੇ।

---

## Demonstration by Non-Scheduled Castes Employees during the Lunch Break

***838. Sardar Dalip Singh Pandhi:** Will the Chief Minister be pleased to state whether he is aware of the fact that during the lunch break Non-Scheduled Castes Government Employees Association led by a few employees demonstration in front of the Civil Secretariat Chandigarh against the reservation policy of the Government; if so, the action taken or proposed to be taken by the Government in this connection?

**ਸਰਦਾਰ ਪ੍ਰਕਾਸ਼ ਸਿੰਘ ਬਾਦਲ:** ਹਾਂ ਜੀ। ਐਸੋਸੀਏਸ਼ਨ ਦੇ ਕੁਝ ਪ੍ਰਤਿਨਿਧੀਆਂ ਨੂੰ ਮੈਂ ਬੁਲਾਇਆ ਸੀ ਅਤੇ ਉਨ੍ਹਾਂ ਨੂੰ ਸਿਵਲ ਸਕੱਤਰੇਤ ਦੇ ਸਾਹਮਣੇ ਮੁਜ਼ਾਹਰੇ ਜਾਰੀ ਨਾ ਰੱਖਣ ਦੀ ਸਲਾਹ ਦਿੱਤੀ ਗਈ ਸੀ। ਅਸਾਂ ਨੇ ਯੂਨੀਅਨ ਟੈਰੀਟਰੀ ਪ੍ਰਸਾਸ਼ਨ ਨੂੰ ਵੀ ਲਿਖਿਆ ਹੈ ਕਿ ਉਹ ਸਿਵਲ ਸਕੱਤਰੇਤ ਦੇ ਇਰਦ ਗਿਰਦ ਦੇ ਇਲਾਕਿਆਂ ਵਿੱਚ ਸੀ. ਆਰ. ਪੀ. ਸੀ. ਦੀ ਧਾਰਾ 144 ਅਧੀਨ ਪਾਬੰਦੀ ਦੇ ਹੁਕਮ ਜਾਰੀ ਕਰਨ।

**ਸਰਦਾਰ ਦਲੀਪ ਸਿੰਘ ਪਾਂਧੀ:** ਸਪੀਕਰ ਸਾਹਿਬ, ਇਹ ਜੋ ਸ਼ਡਿਊਲਡ ਕਾਸਟਾਂ ਨੂੰ ਰਿਆਇਤਾਂ ਮਿਲਦੀਆਂ ਹਨ ਇਹ ਸੰਵਿਧਾਨ ਦੇ ਮੁਤਾਬਿਕ ਮਿਲਣੀਆਂ ਚਾਹੀਦੀਆਂ ਹਨ। ਪਰ ਇਸ ਸਬੰਧ ਵਿਚ ਮੁੱਖ ਮੰਤਰੀ ਸਾਹਿਬ ਦੇ ਨਾਨ-ਸ਼ਡਿਊਲਡ ਕਾਸਟਾਂ ਦੇ ਕਰਮਚਾਰੀਆਂ ਨਾਲ ਗਲਬਾਤ ਕਰਨ ਦੇ ਬਾਵਜੂਦ ਵੀ ਅਜੇ ਰੈਲੀਆਂ ਕਰ ਰਹੇ ਹਨ। ਇਸ ਦੇ ਲਈ ਜਿਹੜੀ ਦਫ਼ਾ 144 ਲਾਈ ਜਾ ਰਹੀ ਹੈ ਇਸ ਨਾਲ ਮਸਲਾ ਹੱਲ ਨਹੀਂ ਹੁੰਦਾ। ਇਸ ਲਈ ਕੀ ਮੁੱਖ ਮੰਤਰੀ ਸਾਹਿਬ ਉਨ੍ਹਾਂ ਦੇ ਸਰਵਿਸ ਰੂਲਜ਼ ਦੇ ਤਹਿਤ ਉਨ੍ਹਾਂ ਮੁਲਾਜ਼ਮਾਂ ਦੇ ਖਿਲਾਫ਼ ਸਖ਼ਤ ਕਾਰਵਾਈ ਕਰਨਗੇ ਤਾਂਕਿ ਇਹ ਜਿਹੜੇ ਮੁਜ਼ਾਹਰੇ ਹੁੰਦੇ ਹਨ ਇਹ ਬੰਦ ਹੋ ਜਾਣ?

**ਮੁੱਖ ਮੰਤਰੀ:** ਸਰਵਿਸ ਰੂਲਜ਼ ਤਾਂ ਬੜੇ ਸਖ਼ਤ ਹਨ। ਉਹ ਮੈਂ ਪੜ੍ਹ ਕੇ ਸੁਣਾਉਂਦਾ ਹਾਂ:—

> "No Government employee shall...............
>
> In any public utterance make any statement of fact or opinion which has the effect of any adverse criticism of any current/recent policy or action of the Government of India, Government of Punjab or any other State Government."

There is another rule in the Government Employees Conduct Rules, which says:—

> "No Government employee shall engage himself or participate in any demonstration which is prejudicial to public order decency or. morality."

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਰੂਲਜ਼ ਤਾਂ ਹਨ ਪਰ ਇਸ ਦੇ ਨਾਲ ਹੋਰ ਵੀ ਕਈ ਐਸੋਸੀਏਸ਼ਨਾਂ ਹਨ। ਇਸ ਲਈ ਸਾਨੂੰ ਐਸੋਸੀਏਸ਼ਨਾਂ ਦੇ ਖਿਲਾਫ ਵੀ ਕਾਰਵਾਈ ਕਰਨੀ ਪਵੇਗੀ ਔਰ ਇਕ ਐਸੋਸੀਏਸ਼ਨ ਤੇ ਅਸੀਂ ਐਕਸ਼ਨ ਲੈ ਨਹੀਂ ਸਕਦੇ। ਹੁਣ ਜੋ ਕੁਝ ਹੋ ਰਿਹਾ ਹੈ ਉਹ ਤੁਹਾਡੇ ਸਾਹਮਣੇ ਹੈ। ਪਰ ਮੈਂ ਫਿਰ ਵੀ ਉਨ੍ਹਾਂ ਨਾਨ-ਸ਼ਡਿਊਲਡ ਕਾਸਟ ਕਰਮਚਾਰੀਆਂ ਨੂੰ ਬੁਲਾ ਕੇ ਇਹ ਮੁਜ਼ਾਹਰੇ ਬੰਦ ਕਰਨ ਲਈ ਕਹਾਂਗਾ।

**ਮਾਸਟਰ ਚੰਦ ਸਿੰਘ**: ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹਵਾਂਗਾ, ਕਿ ਸੰਵਿਧਾਨ ਦੇ ਮੁਤਾਬਿਕ ਹੁਣ ਤਕ 25% ਵੀ ਰਿਜ਼ਰਵੇਸ਼ਨ ਪੂਰੀ ਨਾ ਹੋਣ ਦੇ ਕਾਰਣ ਵਿਚ ਜਿਹੜੇ ਹਰੀਜਨ ਕਰਮਚਾਰੀ ਹਨ ਉਹ ਆਪਣੀਆਂ ਮੰਗਾਂ ਰਖਦੇ ਹਨ। ਪਿਛਲੇ ਦਿਨਾਂ ਵਿਚ ਜਦੋਂ ਸ਼ਡਿਊਲਡ ਕਾਸਟ ਕਰਮਚਾਰੀਆਂ ਦੀ ਰੈਲੀ ਵਿਚ ਕਾਮਰੇਡ ਹਰਬੰਸ ਸਿੰਘ ਬੀਕਾ ਬੋਲ ਰਹੇ ਸਨ ਤਾਂ ਨਾਨ-ਸ਼ਡਿਊਲਡ ਕਾਸਟ ਕਰਮਚਾਰੀਆਂ ਵੱਲੋਂ ਉਨ੍ਹਾਂ ਨੂੰ ਧੱਕੇ ਮਾਰੇ ਗਏ। ਇਸ ਤਰਾਂ ਦਾ ਹਾਲ ਇਕ ਐਮ.ਐਲ.ਏ ਨਾਲ ਹੋਵੇ, ਇਹ ਠੀਕ ਨਹੀਂ। ਇਸ ਲਈ ਕੀ ਮੁੱਖ ਮੰਤਰੀ ਸਾਹਿਬ, ਇਹ ਪੜਤਾਲ ਕਰਵਾਉਣਗੇ ਕਿ ਇਸ ਦੇ ਪਿਛੇ ਕੋਈ ਪੁਲੀਟੀਕਲ ਮੋਟਿਵ ਤਾਂ ਨਹੀਂ ਅਤੇ ਇਹ ਜਿਹੜੀ ਦਫਾ 144 ਲਗਾਉਂਦੇ ਹੋ ਇਸ ਨਾਲ ਕੁੱਝ ਨਹੀਂ ਬਣਦਾ। ਇਸ ਲਈ ਇਸ ਦਾ ਕੋਈ ਹੋਰ ਆਲਟਰਨੇਟਿਵ ਲੱਭਣਗੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਹ ਮੁਜ਼ਾਹਰੇ ਰੋਕਣ ਵਾਸਤੇ ਮੈਂ ਵੀ ਗਲਬਾਤ ਕੀਤੀ ਹੈ ਅਤੇ ਮੈਂ ਚੀਫ ਸੈਕਟਰੀ ਸਾਹਿਬ ਦੀ ਵੀ ਡਿਊਟੀ ਲਾਈ ਹੈ ਕਿ ਉਹ ਉਨ੍ਹਾਂ ਨੂੰ ਪਰੇਰਨ। ਜੇ ਉਨ੍ਹਾਂ ਨੇ ਸਾਡੀ ਗਲ ਨਾ ਮੰਨੀ ਤਾਂ ਯੋਗ ਕਾਰਵਾਈ ਕੀਤੀ ਜਾਵੇਗੀ ?

---

## Vacant Post of Industrial Adviser to the Government

*819. **Sardar Baldev Singh Mann** : Will the Minister for Industries be pleased to state :—

(a) the date since when the post of Industrial Adviser to the Government of Punjab has been lying vacant ;

(b) whether any Selection Committee interviewed candidates for the said post ;

(c) if the reply to parts (a) and (b) above be in the affirmative, the details of recommendations made by the Selection Committee and the action taken thereon by the Government ?

**Shri Balramji Dass Tandon** : (a) Since 1st April, 1975.

(b) Yes please.

(c) The recommendations have not yet been finalised.

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਦੇਵ ਸਿੰਘ ਮਾਨ** : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ ਮੈਂ ਸਵਾਲ ਦੇ (ੲ) ਭਾਗ ਵਿਚ ਇਹ ਪੁਛਿਆ ਸੀ ਕਿ :

> "ਜੇਕਰ ਉਪਰੋਕਤ ਭਾਗਾਂ (ੳ) ਅਤੇ (ਅ) ਦਾ ਉਤਰ ਹਾਂ ਵਿਚ ਹੋਵੇ ਤਾਂ ਹੁਣ ਕਮੇਟੀ ਦੁਆਰਾ ਕੀਤੀਆਂ ਗਈਆਂ ਸਿਫਾਰਸ਼ਾਂ ਦਾ ਵੇਰਵਾ ਕੀ ਹੈ ਅਤੇ ਸਰਕਾਰ ਨੇ ਉਨ੍ਹਾਂ ਤੇ ਕੀ ਕਾਰਵਾਈ ਕੀਤੀ ਹੈ ?

ਪਰ ਇਨ੍ਹਾਂ ਨੇ ਇਸ ਭਾਗ ਦਾ ਉਤਰ ਨਹੀਂ ਦਿਤਾ । ਕੀ ਹੁਣ ਇਹ ਵੇਰਵਾ ਦੇਣ ਦੀ ਕ੍ਰਿਪਾਲਤਾ ਕਰਨਗੇ ਔਰ ਜਿਹੜੀਆਂ ਕਮੇਟੀ ਦੀਆਂ ਰਿਕਮੈਂਡੇਸ਼ਨਜ਼ ਹਨ ਉਨ੍ਹਾਂ ਨੂੰ ਸਵੀਕਾਰ ਕੀਤਾ ਜਾਵੇਗਾ ਅਤੇ ਕੋਈ ਇਧਰ ਉਧਰ ਨਹੀਂ ਕੀਤੀ ਜਾਵੇਗੀ ?

**ਮੰਤਰੀ** : ਜੋ ਸਿਫਾਰਸ਼ਾਂ ਕਮੇਟੀ ਦੀਆਂ ਹੋਈਆਂ ਹਨ ਉਸ ਮੁਤਾਬਕ ਹੀ ਕੀਤਾ ਜਾਵੇਗਾ । ਇਧਰ ਉਧਰ ਕਰਨ ਦਾ ਸਵਾਲ ਹੀ ਨਹੀਂ ।

**ਸਰਦਾਰ ਬਲਦੇਵ ਸਿੰਘ ਮਾਨ** : ਸਪੀਕਰ ਸਾਹਿਬ, ਰਿਕਮੈਂਡੇਸ਼ਨਜ਼ ਹੋਈਆਂ ਨੂੰ 6 ਮਹੀਨੇ ਹੋ ਗਏ ਹਨ, ਮੈਂ ਇਹ ਪੁੱਛਦਾ ਹਾਂ ਕਿ ਉਨ੍ਹਾਂ ਨੂੰ ਫਾਈਨੇਲਾਈਜ਼ ਕਰਨ ਵਿਚ ਹੋਰ ਕਿੰਨਾ ਸਮਾਂ ਲਿਆ ਜਾਵੇਗਾ ?

**ਮੰਤਰੀ** : ਜਲਦੀ ਫਾਈਨੇਲਾਈਜ਼ ਕਰ ਦੇਵਾਂਗੇ।

**ਮਾਸਟਰ ਚੰਦ ਸਿੰਘ** : ਚੋਣ ਕਮੇਟੀ ਨੇ ਉਦਯੋਗਿਕ ਸਲਾਹਕਾਰ ਦੀ ਇੰਟਰਵਿਊ ਕਿਹੜੀ ਤਾਰੀਖ ਨੂੰ ਕੀਤੀ ਸੀ ਔਰ ਇਸ ਨੂੰ ਨਿਯੁਕਤ ਨਾ ਕਰਨ ਦੇ ਕੀ ਕਾਰਨ ਹਨ ?

**ਮੰਤਰੀ** : ਸਪੀਕਰ ਸਾਹਿਬ, ਤਾਰੀਖ ਇਸ ਵੇਲੇ ਅਵੇਲੇਬਲ ਨਹੀਂ ਹੈ, ਇਹ ਨੋਟਿਸ ਦੇ ਦੇਣ ਅਸੀਂ ਇਨ੍ਹਾਂ ਨੂੰ ਦੱਸ ਦੇਵਾਂਗੇ । ਜਿਥੋਂ ਤਕ ਦੂਸਰੇ ਸਵਾਲਾਂ ਦਾ ਤੁਅੱਲਕ ਹੈ ਉਹ ਅਸੀਂ ਜਲਦੀ ਹੀ ਫਾਈਨੇਲਾਈਜ਼ ਕਰ ਦੇਵਾਂਗੇ ।

------

ਨਿਸ਼ਾਨ ਵਾਲੇ ਪ੍ਰਸ਼ਨ ਨੰ: 703 ਅਤੇ 702

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਏ ।)

**ਸ੍ਰੀ ਸਪੀਕਰ** : ਅਗਲਾ ਸਵਾਲ ਨੰ: 673 ਹੈ।

**ਸ੍ਰੀ ਹਰਬੰਸ ਲਾਲ ਖੰਨਾ** : ਇਹ ਸਵਾਲ ਜ਼ਰੂਰੀ ਹੈ ਜੀ। ਇਸ ਦਾ ਉਤਰ ਆਉਣਾ ਚਾਹੀਦਾ ਹੈ ।

**ਸ੍ਰੀ ਸਪੀਕਰ** : ਠੀਕ ਹੈ ਜੀ, ਇਹ ਕਰ ਲਵੋ।

### Elections to the Municipal Committees in the State

***673. Chaudhri Bal Ram Jakhar** (At the request of Shri Harbans Lal Khanna) : Will the Minister for Finance be pleased to state :—

(a) the total number of Municipal Committees in the State ;

(b) the total number of elected members in the said Committees in the state as on 31st July, 1978 ;

Original with;
Punjab Vidhan Sabha
Digitized by;
Panjab Digital Library

[Chaudhri Bal Ram Jakhar]

(c) whether it is a fact that elections are due to the said Committees; if so, the reasons why these have not been held so far and the time by which the same are proposed to be held?

**Sardar Balwant Singh :** (a) There are 97 Municipal Committees in the State of Punjab.

(b) At present 90 Municipal Committees stand superseded. One Municipal Committee, Payal, has been newly constituted. Remaining six Municipal Committees are functioning and there are 91 elected members in the said Municipal Committees as on 31st July, 1978.

(c) Elections to 6 Municipal Committees are not due yet. Elections to other 90 Municipal Committees which stand superseded at present are due. Elections to one more Municipal Committee, Payal, newly constituted are also due. In view of Ordinance No. 6 dated 12th May, 1978 Elections to all these municipalities are required to be held only before the 31st December, 1978.

**ਮਾਸਟਰ ਚੰਦ ਸਿੰਘ :** ਸਪੀਕਰ ਸਾਹਿਬ, ਇਸ ਸਬੰਧੀ ਕਾਨੂੰਨ ਤਾਂ ਬਣ ਗਿਆ ਹੈ ਕਿ ਚੋਣਾਂ ਕਰਵਾ ਦੇਣਗੇ ਪਰ ਮੈਂ ਇਹ ਪੁਛਦਾ ਹਾਂ ਕਿ ਕਿਤੇ ਅਜਿਹੀ ਗਲ ਤਾਂ ਨਹੀਂ ਕਿ ਇਹ ਚੋਣਾਂ ਦਸੰਬਰ ਤੋਂ ਅੱਗੇ ਟਪਾ ਦਿਤੀਆਂ ਜਾਣ ?

**ਮੰਤਰੀ :** ਮੈਂ ਤਾਂ ਪਹਿਲੇ ਹੀ ਜਵਾਬ ਦੇ ਚੁੱਕਾ ਹਾਂ ਕਿ 31 ਦਸਬਰ ਤਕ ਚੋਣਾਂ ਕਰਵਾ ਦੇਵਾਂਗੇ।

**ਸ੍ਰੀ ਹਰਬੰਸ ਲਾਲ ਖੰਨਾ :** ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਨਾਂ ਲੋਕਾਂ ਨੇ ਮਿਊਨਸੀਪਲ ਕਮੇਟੀ ਦੀ ਜਗ੍ਹਾਂ ਤੇ ਇਨਕਰੋਚਮੈਂਟ ਕੀਤੀ ਹੈ, ਉਹ ਇਲ-ਲੀਗਲ ਉਨ੍ਹਾਂ ਨੇ ਕਬਜ਼ਾ ਕੀਤਾ ਹੋਇਆ ਹੈ; ਕੀ ਸਰਕਾਰ ਇਸ ਇਲ-ਲੀਗਲ ਇਨਕਰੋਚਮੈਂਟ ਨੂੰ ਹਟਾਉਣ ਦਾ ਯਤਨ ਕਰੇਗੀ ?

**ਮੰਤਰੀ :** ਸਪੀਕਰ ਸਾਹਿਬ, ਇਲ-ਲੀਗਲ ਇਨਕਰੋਚਮੈਂਟ ਕਰਨਾ ਗਲਤ ਗੱਲ ਹੈ। ਜੇ ਕਿਤੇ ਇਸਦੀ ਕੋਈ ਮਿਸਾਲ ਹੈ ਤਾਂ ਇਹ ਦੱਸਣ ਅਸੀਂ ਹਟਾ ਦੇਵਾਂਗੇ।

**ਸਰਦਾਰ ਬਲਦੇਵ ਸਿੰਘ ਖਿਆਲਾ :** ਮੈਂ ਤੁਹਾਡੇ ਰਾਹੀਂ ਇਹ ਪੁਛਣਾ ਚਾਹੁੰਦਾ ਹਾਂ ਕਿ ਮਾਨਸਾ ਮਿਉਨਿਸੀਪਲ ਕਮੇਟੀ ਦੇ ਲੋਕਾਂ ਨੇ ਇਤਰਾਜ਼ ਕੀਤਾ ਸੀ ਕਿ ਉਥੋਂ ਦੇ ਵਾਰਡ ਗਲਤ ਬਣੇ ਹਨ। ਕੀ ਵਜ਼ੀਰ ਸਾਹਿਬ ਇਹ ਵਾਰਡ ਠੀਕ ਕਰਵਾ ਕੇ ਫੇਰ ਚੋਣਾਂ ਕਰਵਾਉਣਗੇ ?

**ਮੰਤਰੀ :** ਇਸ ਦਾ ਇਸ ਸਵਾਲ ਦੇ ਨਾਲ ਕੋਈ ਸਬੰਧ ਨਹੀਂ। ਫਿਰ ਵੀ ਇਹ ਮੈਨੂੰ ਲਿਖ ਕੇ ਦੇ ਦੇਣ ਜਿਸ ਤਰ੍ਹਾਂ ਇਹ ਚਾਹੁਣਗੇ ਕਰ ਦੇਵਾਂਗੇ।

**ਸਰਦਾਰ ਸਰੂਪ ਸਿੰਘ:** ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ 31 ਦਸੰਬਰ ਤਕ ਚੋਣਾਂ ਕਰਵਾ ਦੇਵਾਂਗੇ। ਪਰ ਜਲੰਧਰ ਮਿਉਨਿਸੀਪਲ ਕਮੇਟੀ ਦੇ ਹੁਣ ਤਕ ਵਾਰਡ ਹੀ ਨਹੀਂ ਬਣੇ। ਇਹ ਵਾਰਡ ਬਣਾਉਣ ਨੂੰ ਵੀ ਇਕ ਮਹੀਨਾ ਲਗ ਜਾਵੇਗਾ ਔਰ ਫਿਰ ਲੋਕਾਂ ਦੇ ਇਸ ਤੇ ਇਤਰਾਜ ਆਉਣਗੇ, ਉਹ ਵੀ ਦਰ ਹੋਣੇ ਹਨ। ਕੀ ਇਹ ਸਾਰਾ ਕਮ 3 ਮਹੀਨਿਆਂ ਵਿਚ ਹੋ ਜਾਵੇਗਾ ?

Original with;
Punjab Vidhan Sabha
Digitized by;
Panjab Digital Library

**ਮੰਤਰੀ**: ਸਪੀਕਰ ਸਾਹਿਬ, ਮੈਂ ਕਮੇਟੀਆਂ ਦੀ ਗੱਲ ਕੀਤੀ ਹੈ, ਕਾਰਪੋਰੇਸ਼ਨਾਂ ਦੀ ਗੱਲ ਨਹੀਂ ਕੀਤੀ।

**ਕਾਮਰੇਡ ਸੰਪਰਨ ਸਿੰਘ ਧੌਲਾ**: ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਮਿਊਂਸੀਪਲ ਕਮੇਟੀ ਦੇ ਮੈਂਬਰਾਂ ਦੇ ਐਮਰਜੈਂਸੀ ਦੇ ਦੌਰਾਨ ਛੋਟੀਆਂ ਛੋਟੀਆਂ ਗੱਲਾਂ ਦੇ ਕਾਰਣ ਡਿਸਕੁਅਇਲੀਫਾਈ ਦੇ ਕੇਸਿਜ਼ ਪੈਂਡਿੰਗ ਪਏ ਹਨ, ਕੀ ਉਨ੍ਹਾਂ ਨੂੰ ਮੁੜ ਵਿਚਾਰਨ ਲਈ ਤਿਆਰ ਹਨ ?

**ਮੰਤਰੀ**: ਸਪੀਕਰ ਸਾਹਿਬ, ਇਹ ਮੇਰੇ ਨੋਟਿਸ ਦੇ ਵਿਚ ਲਿਆ ਦੇਣ, ਵਿਚਾਰ ਕਰ ਲਵਾਂਗੇ।

**ਸਰਦਾਰ ਗੁਰਦੇਵ ਸਿੰਘ ਬਾਦਲ**: ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਡੇ ਫਰੀਦਕੋਟ ਦੇ ਵਿਚ ਪਿਛਲੀ ਸਰਕਾਰ ਨੇ ਆਪਣੀ ਮਨ ਮਰਜ਼ੀ ਦੇ ਨਾਲ ਵਾਰਡ ਬਣਾ ਦਿਤੇ ਸਨ। ਜਿਸ ਦੇ ਕਾਰਣ ਲੋਕਾਂ ਦੇ ਦਿਲਾਂ ਵਿਚ ਬੜੀ ਬੇਚੈਨੀ ਹੈ । ਕੀ ਮਨਿਸਟਰ ਸਾਹਿਬ ਉਨ੍ਹਾਂ ਵਾਰਡਾਂ ਨੂੰ ਦੁਬਾਰਾ ਬਣਾਉਣ ਲਈ ਤਿਆਰ ਹਨ ?

**ਮੰਤਰੀ**: ਸਪੀਕਰ ਸਾਹਿਬ, ਐਮ.ਐਲ.ਏ. ਸਾਹਿਬ ਇਸ ਬਾਰੇ ਲਿਖ ਕੇ ਦੇ ਦੇਣ, ਅਸੀਂ ਵਿਚਾਰ ਲਵਾਂਗੇ।

**ਸਰਦਾਰ ਕਿਰਪਾਲ ਸਿੰਘ**: ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਮਿਊਂਸੀਪਲ ਕਮੇਟੀਜ਼ ਦੀਆਂ ਇਲੈਕਸ਼ਨਾਂ ਦੇ ਬਾਰੇ ਯਕੀਨ ਦੇ ਦਿਤਾ ਹੈ । ਪਰ ਮਿਊਂਸੀਪਲ ਕਾਰਪੋਰੇਸ਼ਨ ਦੀਆਂ ਇਲੈਕਸ਼ਨਾਂ ਇਨਡੈਫੀਨੇਟਲੀ ਮਲਤਵੀ ਕਰ ਦਿਤੀਆਂ ਹਨ। ਕੀ ਮਿਊਂਸੀਪਲ ਕਾਰਪੋਰੇਸ਼ਨ ਦੀਆਂ ਇਲੈਕਸ਼ਨਾਂ ਜਲਦੀ ਕਰਵਾਉਣ ਦਾ ਯਕੀਨ ਦੇਣ ਲਈ ਤਿਆਰ ਹਨ ?

**ਮੰਤਰੀ**: ਸਪੀਕਰ ਸਾਹਿਬ, ਇਸ ਬਾਰੇ ਵੱਖਰਾ ਨੋਟਿਸ ਦੇ ਦੇਣ ।

**ਕਾਮਰੇਡ ਸਰਵਣ ਸਿੰਘ ਚੀਮਾ**: ਸਪੀਕਰ ਸਾਹਿਬ, ਮਿਊਂਸੀਪਲ ਕਮੇਟੀ ਦੀਆਂ ਚੋਣਾਂ ਲਈ ਕੀ ਮਨਿਸਟਰ ਸਾਹਿਬ ਕੋਈ ਤਾਰੀਖ ਨਿਸ਼ਚਿਤ ਕਰਨ ਲਈ ਤਿਆਰ ਹਨ ?

**ਮੰਤਰੀ**: ਸਪੀਕਰ ਸਾਹਿਬ, ਇਸ ਦੇ ਬਾਰੇ ਜਵਾਬ ਦੇ ਦਿਤਾ ਹੈ ।

---

**ਸਰਕਾਰ ਦੁਆਰਾ ਫੂਡ ਕਾਰਪੋਰੇਸ਼ਨ ਆਫ ਇੰਡੀਆ ਨੂੰ ਕਣਕ ਦੀ ਖਰੀਦ ਤੇ ਕੁਆਲਿਟੀ ਕੱਟ ਲਈ ਕੀਤੀ ਗਈ ਅਦਾਇਗੀ ।**

*816. **ਸਰਦਾਰ ਬਲਦੇਵ ਸਿੰਘ ਮਾਨ**: ਕੀ ਖੁਰਾਕ ਤੇ ਸਪਲਾਈਜ਼ ਦੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਪੰਜਾਬ ਸਰਕਾਰ ਨੇ ਖੁਰਾਕ ਤੇ ਸਪਲਾਈਜ਼ ਵਿਭਾਗ ਦੁਆਰਾ ਸਾਲ 1978 ਦੇ ਦੌਰਾਨ ਖਰੀਦੀ ਗਈ ਕਣਕ ਤੇ ਫੂਡ ਕਾਰਪੋਰੇਸ਼ਨ ਆਫ ਇਡੀਆਂ ਨੂੰ ਕੁਆਲਟੀ ਕੱਟ ਲਈ ਕੋਈ ਅਦਾਇਗੀ ਕੀਤੀ ਸੀ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿਚ ਹੋਵੇ, ਤਾਂ ਵਿਭਾਗ ਦੁਆਰਾ ਜ਼ਿਲ੍ਹਾਵਾਰ ਕੁੱਲ ਕਿੰਨੀ ਕਿੰਨੀ ਰਕਮ ਦਿੱਤੀ ਗਈ ?

**ਸਰਦਾਰ ਹਰਭਜਨ ਸਿੰਘ**: (ੳ) ਹਾਂ ਜੀ ।

Original with;
Punjab Vidhan Sabha
Digitized by;
Panjab Digital Library

[ਖੁਰਾਕ ਤੇ ਸਪਲਾਈਜ਼ ਮੰਤਰੀ]

(ਅ) ਪੰਜਾਬ ਸਰਕਾਰ ਵੱਲੋਂ ਭੇਜੀ ਗਈ ਕਣਕ ਤੇ ਐਫ. ਸੀ. ਆਈ. ਵੱਲੋਂ ਸਾਲ 1978 ਵਿਚ ਬਿਲਾਂ ਵਿਚੋਂ ਕੁਆਲਟੀ ਕੱਟ ਵੱਜੋਂ ਰੋਕੀਆਂ ਰਕਮਾਂ ਦਾ ਵੇਰਵਾ ਇਸ ਪਰਕਾਰ ਹੈ :—

| | | ਰੁਪਏ ਪੈਸੇ |
|---|---|---|
| ਅੰਮ੍ਰਿਤਸਰ | .. | 1,33,768.17 |
| ਬਠਿੰਡਾ | .. | 5,11,328.86 |
| ਫਰੀਦਕੋਟ | .. | 24,432.50 |
| ਫਿਰੋਜ਼ਪੁਰ | .. | 35,880.39 |
| ਗੁਰਦਾਸਪੁਰ | .. | 19,421.90 |
| ਹੁਸ਼ਿਆਰਪੁਰ | .. | 4,605.00 |
| ਜਲੰਧਰ | .. | 7,266.00 |
| ਕਪੂਰਥਲਾ | .. | 54,473 30 |
| ਲੁਧਿਆਣਾ | .. | 1,38,274.58 |
| ਪਟਿਆਲਾ | .. | .. |
| ਰੋਪੜ | .. | 29,742.01 |
| ਸੰਗਰੂਰ | .. | 2,16,681.64 |
| ਕੁੱਲ ਜੋੜ | .. | 11,75,874.35 |

**ਸਰਦਾਰ ਬਲਦੇਵ ਸਿੰਘ ਮਾਨ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦਸਿਆ ਹੈ ਕਿ 11,75,874 ਰੁਪਏ ਐਫ.ਸੀ.ਆਈ. ਵੱਲੋਂ ਸਾਡੀ ਭੇਜੀ ਕਣਕ ਤੇ ਕੁਆਇਲਟੀ ਕੱਟ ਲਗਾਈ ਹੋਈ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਮਨਿਸਟਰ ਸਾਹਿਬ ਇਸ ਤੋਂ ਵੱਧ ਤਾਂ ਨਹੀਂ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਜਿੰਨੇ ਪੈਸੇ ਤੇ ਐਫ. ਸੀ. ਆਈ. ਵਲੋਂ ਕੱਟ ਲਗਾਈ ਗਈ ਹੈ ਉਸਦੇ ਉਤੇ ਗਲ ਬਾਤ ਚਲ ਰਹੀ ਹੈ ਔਰ ਇਹ ਪੈਸੇ ਵਾਪਿਸ ਲੈਣ ਲਈ ਯਤਨ ਕੀਤੇ ਜਾ ਰਹੇ ਹਨ।

**ਸਰਦਾਰ ਕਿਰਪਾਲ ਸਿੰਘ** : ਸਪੀਕਰ ਸਾਹਿਬ, ਕੀ ਮਨਿਸਟਰ ਸਾਹਿਬ ਹਾਊਸ ਦੇ ਵਿਚ ਇਹ ਆਸ਼ਵਾਸਨ ਦੇਣ ਲਈ ਤਿਆਰ ਹਨ ਕਿ ਅਗੇ ਤੋਂ ਕਣਕ ਤੇ ਕੁਆਲਿਟੀ ਕੱਟ ਨਹੀਂ ਲਗੇਗੀ ? ਜਿਹੜਾ ਇੰਸਪੈਕਟਰ ਮੰਡੀ ਦੇ ਵਿੱਚੋਂ ਕਣਕ ਪਰਚੇਜ਼ ਕਰਦਾ ਹੈ ਉਸ ਦੇ ਨਾਂ ਦੀ ਬੋਰੀ ਤੇ ਮੁਹਰ

Original with;
Punjab Vidhan Sabha
Digitized by;
Panjab Digital Library

ਲਗਣੀ ਚਾਹੀਦੀ ਹੈ ਤਾਕਿ ਪਤਾ ਲਗ ਸਕੇ ਕਿ ਕਿਸ ਨੇ ਹੇਰਾ ਫੇਰੀ ਕੀਤੀ ਹੈ। ਇਸ ਦੇ ਨਾਲ ਤੁਹਾਡੇ ਕੋਲ ਰਿਕਾਰਡ ਰਹਿ ਸਕੇਗਾ ਕਿ ਕਿੰਨੀ ਕਣਕ ਫਲਾਣੇ ਫੁਲਾਣੇ ਇੰਸਪੈਕਟਰ ਨੇ ਖਰੀਦੀ ਸੀ ਅਤੇ ਇਤਨਾ ਇਤਨਾ ਵਜ਼ਨ ਸੀ। ਕੀ ਮਨਿਸਟਰ ਸਾਹਿਬ, ਇਸ ਤਰ੍ਹਾਂ ਪ੍ਰਬੰਧ ਕਰਨ ਲਈ ਤਿਆਰ ਹਨ ?

**ਮੰਤਰੀ** : ਸਪੀਕਰ ਸਾਹਿਬ, ਇਸ ਵਾਰ 3 ਕਰੋੜ 20 ਲੱਖ ਬੋਰੀ ਕਣਕ ਦੀ ਖਰੀਦੀ ਗਈ ਔਰ ਹਰ ਇਕ ਬੋਰੀ ਤੇ ਮੁਹਰ ਲਗਾਉਣ ਮੈਂ ਅਸੰਭਵ ਸਮਝਦਾ ਹਾਂ । ਫਿਰ ਵੀ ਕੋਈ ਐਸਾ ਇੰਤਜ਼ਾਮ ਕਰਾਂਗੇ ਜਿਸ ਦੇ ਨਾਲ ਇਸ ਗੱਲ ਦੀ ਰੋਕਥਾਮ ਹੋ ਸਕੇ। ਇਹ ਜਿਹੜੀ ਕੁਆਲਿਟੀ ਕੱਟ ਲਗਦੀ ਹੈ ਅਤੇ ਬੋਰੀਆਂ ਦੇ ਵਿਚ ਮਾਲ ਘੱਟ ਨਿਕਲਦਾ ਹੈ ਇਹ ਰੇਲਵੇ ਸਟੇਸ਼ਨਾਂ ਤੇ ਹੁੰਦਾ ਹੈ। ਵੈਸੇ ਸਾਡਾ ਮਾਲ ਜਦ ਰੇਲਵੇ ਸਟੇਸ਼ਨਾਂ ਤੇ ਪਹੁੰਚ ਜਾਂਦਾ ਹੈ ਔਰ ਉਥੇ ਸਾਡਾ ਇੰਸਪੈਕਟਰ ਅਤੇ ਉਨ੍ਹਾਂ (ਐਫ.ਸੀ.ਆਈ. ਵਾਲਿਆਂ) ਦਾ ਇੰਸਪੈਕਟਰ ਹੁੰਦਾ ਹੈ। ਉਹ ਜਦ ਇੰਨਸਪੈਕਸ਼ਨ ਕਰ ਲੈਣ ਉਸ ਸਮੇਂ ਸਾਡੀ ਜ਼ਿੰਮੇਵਾਰੀ ਖਤਮ ਹੋ ਜਾਂਦੀ ਹੈ ਕਿਉਂਕਿ ਉਨ੍ਹਾਂ ਦਾ ਇੰਸਪੈਕਟਰ ਤਸਦੀਕ ਕਰ ਲੈਂਦਾ ਹੈ। ਜਿਹੜੀ ਕਟ ਫਿਰ ਭੀ ਲਗੀ ਹੈ ਅਸੀਂ ਇਸ ਦੇ ਖਿਲਾਫ ਪ੍ਰੋਟੈਸਟ ਕੀਤਾ ਹੈ। ਹੁਣ ਐਫ.ਸੀ.ਆਈ. ਵਾਲੇ 50% ਪਿਲਫਰੇ ਦੇਣ ਲਈ ਤਿਆਰ ਹੋ ਗਏ ਹਨ । ਇਹ ਇਕ ਪੁਰਾਣਾ ਰਿਵਾਜ ਚਲਿਆ ਆ ਰਿਹਾ ਸੀ ਜਿਸ ਦੇ ਖਿਲਾਫ ਅਸੀਂ ਪ੍ਰੋਟੈਸਟ ਕੀਤਾ ਹੈ।

**ਗਿਆਨੀ ਅਰਜਣ ਸਿੰਘ ਲਿੱਟ** : ਸਪੀਕਰ ਸਾਹਿਬ, ਇਹ ਇਕ ਐਸੀ ਕੁਰੱਪਸ਼ਨ ਹੈ ਕਿ ਜਿਹੜੀ ਮੰਡੀ ਤੋਂ ਲੈ ਕੇ ਰੇਲਵੇ ਸਟੇਸ਼ਨ ਤਕ ਹੁੰਦੀ ਹੈ। ਪਹਿਲੇ ਮੰਡੀਆਂ ਦੇ ਵਿਚ ਮਾਲ ਘੱਟ ਤੋਲਿਆ ਜਾਂਦਾ ਹੈ, ਫਿਰ ਰੇਲਵੇ ਸਟੇਸ਼ਨ ਤੇ ਮਾਲ ਕੱਢ ਲਿਆ ਜਾਂਦਾ ਹੈ। ਜਿਹੜੇ ਇੰਸਪੈਕਟਰਜ਼ ਹਨ ਉਹ ਹੇਰਾਫੇਰੀ ਮਜ਼ਦੂਰ ਦੇ ਨਾਲ ਮਿਲ ਕੇ ਕਰਦੇ ਹਨ ਔਰ ਜਿਹੜਾ ਗਰੀਬ ਆਦਮੀ ਹੈ ਉਸ ਨੂੰ ਕਣਕ ਮਹਿੰਗੀ ਪੈਂਦੀ ਹੈ ਔਰ ਘੱਟ ਮਿਲਦੀ ਹੈ। ਕੀ ਮਨਿਸਟਰ ਸਾਹਿਬ ਇਸ ਦਾ ਪ੍ਰਬੰਧ ਕਰ ਰਹੇ ਹਨ ?

**ਮੰਤਰੀ** : ਸਪੀਕਰ ਸਾਹਿਬ, ਇਸ ਦਾ ਪੂਰਾ ਪ੍ਰਬੰਧ ਕਰ ਰਹੇ ਹਾਂ ਜਿਹੜੀ ਇਸ ਦੇ ਵਿਚ ਕਸਰ ਰਹਿ ਗਈ ਹੈ ਉਸ ਨੂੰ ਪੂਰਾ ਕਰ ਰਹੇ ਹਾਂ।

**ਸਾਥੀ ਰੂਪ ਲਾਲ** : ਸਪੀਕਰ ਸਾਹਿਬ, ਬੋਰੀਆਂ ਦਾ ਬੜਾ ਵੱਡਾ ਇਕ ਸਕੈਂਡਲ ਹੈ, ਇਹ ਸਿਵਲ ਸਪਲਾਈ ਵਾਲੇ ਐਫ.ਸੀ.ਆਈ. ਨੂੰ ਸਪਲਾਈ ਕਰਦੇ ਹਨ। ਇਸ ਦਾ ਮੁੱਲ 4 ਰੁਪਏ 40 ਪੈਸੇ ਹੈ ਪਰ 5 ਰੁਪਏ 40 ਪੈਸੇ ਦੀ ਇਕ ਬੋਰੀ ਸਪਲਾਈ ਕੀਤੀ ਜਾਂਦੀ ਹੈ ਜਿਸ ਦੇ ਨਾਲ 2–3 ਕਰੋੜ ਰੁਪਏ ਦੀ ਘਪਲੇਬਾਜ਼ੀ ਹੁੰਦੀ ਹੈ। ਜੇਕਰ ਮਨਿਸਟਰ ਸਾਹਿਬ ਕਹਿਣ ਤਾਂ ਮੈਂ ਇਸ ਨੂੰ ਸਾਬਤ ਕਰ ਸਕਦਾ ਹਾਂ। ਕੀ ਇਸ ਤੇ ਗੌਰ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਅਸੀਂ ਬੋਰੀਆਂ ਨਹੀਂ ਖਰੀਦਦੇ। ਇਹ ਬੋਰੀਆਂ ਡਾਇਰੈਕਟਰ ਆਫ ਸਪਲਾਈਜ਼, ਗੌਰਮਿੰਟ ਆਫ ਇੰਡੀਆ ਤੋਂ ਖਰੀਦੀਆਂ ਜਾਂਦੀਆਂ ਹਨ ਜਾਂ ਇਹ ਐਫ. ਸੀ. ਆਈ. ਦੇ ਵੱਲੋਂ ਖਰੀਦੀਆਂ ਜਾਂਦੀਆਂ ਹਨ। ਜੇ ਕਰ ਇਨ੍ਹਾਂ ਨੂੰ ਇਸ ਕਿਸਮ ਦੀ ਸ਼ਿਕਾਇਤ ਹੈ ਤਾਂ ਲਿਖ ਕੇ ਭੇਜ ਦੇਣ, ਅਸੀਂ ਇਨਕੁਆਇਰੀ ਕਰਵਾ ਲਵਾਂਗੇ।

**ਕਾਮਰੇਡ ਸੰਪੂਰਣ ਸਿੰਘ ਧੌਲਾ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੁਆਲਿਟੀ ਚੈਕ ਕਰਨ ਵਾਸਤੇ ਕੀ ਕੋਈ ਮਸ਼ੀਨ ਰੱਖੀ ਹੁੰਦੀ ਹੈ ਜਾਂ ਕੋਈ ਕਰਾਈਟੇਰੀਆ ਫ਼ਿਕਸ਼ ਕੀਤਾ ਹੋਇਆ ਹੈ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਇਸ ਬਾਰੇ ਮੈਂ ਪਹਿਲਾਂ ਵੀ ਕਾਫੀ ਕੁਝ ਇਸ ਹਾਊਸ ਦੇ ਵਿਚ ਦਸ ਚੁੱਕਾਂ ਹਾਂ ਕਿ ਕੁਝ ਆਰਬੀਟ੍ਰੇਰੀ ਪਾਵਰਜ਼ ਐਫ.ਸੀ.ਆਈ ਦੇ ਕੋਲ ਹਨ । ਇਸ ਗੱਲ ਤੋਂ ਜਦੋਂ ਦਾ ਮੈਂ ਇਹ ਮਹਿਕਮਾ ਸੰਭਾਲਿਆ ਹੈ ਪ੍ਰੇਸ਼ਾਨ ਹਾਂ। ਅਸੀਂ ਐਫ. ਸੀ. ਆਈ ਨਾਲ ਝਗੜਾ ਕਰਕੇ ਇਸ ਕੱਟ ਨੂੰ 50% ਤਕ ਕਰ ਦਿਤਾ ਹੈ। ਅਸੀਂ ਕਹਿੰਦੇ ਹਾਂ ਕਿ ਜਦੋਂ ਤੁਹਾਡਾ ਇੰਸਪੈਕਟਰ ਇੰਸਪੈਕਸ਼ਨ ਕਰ ਲੈਂਦਾ ਹੈ ਫਿਰ ਕੱਟ ਕਿਸ ਗੱਲ ਦੀ ਲਗਾਈ ਜਾਵੇ । ਉਸੇ ਮੰਡੀ ਦੇ ਵਿਚੋਂ ਤੁਸੀਂ ਕਣਕ ਖਰੀਦਦੇ ਹੋ ਔਰ ਉਸੇ ਮੰਡੀ ਦੇ ਵਿੱਚੋਂ ਸਾਡਾ ਇੰਸਪੈਕਟਰ ਕਣਕ ਖਰੀਦਦਾ ਹੈ ਫਿਰ ਕੁਆਇਲਟੀ ਕੱਟ ਸਾਡੇ ਤੇ ਕਿਉਂ ਲਗੇ ਜਦ ਕਿ ਤੁਸੀਂ ਆਪਣੇ ਤੇ ਕੋਈ ਕੁਆਲਿਟੀ ਕੱਟ ਨਹੀਂ ਲਗਾਉਂਦੇ। ਬਰਨਾਲਾ ਸਾਹਿਬ ਨਾਲ ਵੀ ਗੱਲ ਹੋ ਚੁੱਕੀ ਹੈ।

**ਸਰਦਾਰ ਸਰੂਪ ਸਿੰਘ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਫਰਮਾਇਆ ਹੈ ਕਿ ਜਿਹੜਾ ਮਾਲ ਐਫ.ਸੀ.ਆਈ ਵਾਲੇ ਖਰੀਦਦੇ ਹਨ ਉਸ ਤੇ ਕੋਈ ਕੱਟ ਨਹੀਂ ਲਗਦੀ ਪਰ ਸਾਡੇ ਮਾਲ ਤੇ ਕੱਟ ਲਗਾਉਂਦੇ ਹਨ। ਕੀ ਮਨਿਸਟਰ ਸਾਹਿਬ, ਐਲ. ਆਰ. ਦੇ ਨਾਲ ਸਲਾਹ ਕਰਕੇ ਹਾਈ ਕੋਰਟ ਦੇ ਵਿਚ ਅਪੀਲ ਕਰਨ ਲਈ ਤਿਆਰ ਹਨ ?

**ਮੰਤਰੀ** : ਸਪੀਕਰ ਸਾਹਿਬ, ਹਾਲੇ ਸਾਡੀ ਗਲ ਬਾਤ ਐਫ.ਸੀ. ਆਈ. ਵਾਲਿਆਂ ਦੇ ਨਾਲ ਚਲ ਰਹੀ ਹੈ ਅਤੇ ਬਰਨਾਲਾ ਸਾਹਿਬ ਦੇ ਨਾਲ ਗੱਲ ਹੋ ਚੁੱਕੀ ਹੈ। ਉਨ੍ਹਾਂ ਨੇ ਬੜੇ ਧਿਆਨ ਨਾਲ ਸਾਡੀ ਗੱਲ ਸੁਣੀ ਹੈ ਔਰ ਸਾਨੂੰ ਜੋ ਕੁੱਝ ਰੀਲੀਫ ਦੇਣਗੇ, ਉਸ ਤੇ ਫਿਰ ਗੌਰ ਕਰ ਲਵਾਂਗੇ।

**ਸਰਦਾਰ ਗੁਰਦੇਵ ਸਿੰਘ ਬਾਦਲ** : ਸਪੀਕਰ ਸਾਹਿਬ, ਜਿਹੜੀਆਂ ਬੋਰੀਆਂ ਐਫ.ਸੀ.ਆਈ. ਵੱਲੋਂ ਖਰੀਦਦੇ ਹਨ ਉਹ ਬੋਰੀਆਂ ਜਾਲੀ ਵਾਂਗ ਹੁੰਦੀਆਂ ਹਨ। ਪਹਿਲੇ ਬੋਰੀ ਸਵਾ ਕਿਲੋ ਦੀ ਹੁੰਦੀ ਸੀ ਹੁਣ ਇਹ ਘੱਟ ਕੇ ਸੱਤ ਛਟਾਂਕ ਦੀ ਰਹਿ ਗਈ ਹੈ। ਕੀ ਮਨਿਸਟਰ ਸਾਹਿਬ ਬੋਰੀਆਂ ਕਿਸੇ ਚੰਗੇ ਕਾਰਖਾਨੇ ਤੋਂ ਖਰੀਦਣਗੇ ਜਿਥੋਂ ਚੰਗੀ ਕਿਸਮ ਦੀ ਬੋਰੀ ਮਿਲਦੀ ਹੋਵੇ ਔਰ ਚੰਗੀ ਕੁਆਲਿਟੀ ਦੀ ਬੋਰੀ ਇਸਤੇਮਾਲ ਹੋ ਸਕੇ ਤਾਂ ਕਿ ਅਗੇ ਤੋਂ ਵੀ ਕੰਮ ਆ ਸਕੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਕਿਹਾ ਹੈ ਕਿ ਅਸੀਂ ਬੋਰੀਆਂ ਡਾਇਰੈਕਟ ਨਹੀਂ ਖਰੀਦਦੇ। ਇਹ ਡਾਇਰੈਕਟਰ ਆਫ ਸਪਲਾਈਜ਼ ਤੋਂ ਲਈਆਂ ਜਾਂਦੀਆਂ ਹਨ। ਜਿਥੋਂ ਸਾਨੂੰ ਸ਼ਿਕਾਇਤ ਆਉਂਦੀ ਹੈ ਉਦੋਂ ਅਸੀਂ ਲਿਖ ਦਿੰਦੇ ਹਾਂ।

**ਸਰਦਾਰ ਸੰਤ ਸਿੰਘ** : ਸਪੀਕਰ ਸਾਹਿਬ, ਬੋਰੀ 1 ਹਜ਼ਾਰ ਗ੍ਰਾਮ ਦੀ ਹੁੰਦੀ ਹੈ ਪਰ ਉਸ ਦਾ ਭਾਰ 800 ਗ੍ਰਾਮ ਨਿਕਲਦਾ ਹੈ ਯਾਨੀ 200 ਗ੍ਰਾਮ ਘੱਟ ਭਾਰ ਹੁੰਦਾ ਹੈ। ਜਦ ਕਣਕ ਤੋਲੀ ਜਾਂਦੀ ਹੈ। ਉਸ ਦੇ ਵਿਚ 200 ਗ੍ਰਾਮ ਕਣਕ ਜ਼ਿਆਦਾ ਚਲੀ ਜਾਂਦੀ ਹੈ ਜਿਸ ਦੇ ਨਾਲ ਕਰੋੜਾਂ ਰੁਪਏ ਦੀ ਕਣਕ ਫਾਲਤੂ ਚਲੀ ਜਾਂਦੀ ਹੈ। ਕੀ ਮਨਿਸਟਰ ਸਾਹਿਬ ਇਸ ਗੱਲ ਦੀ ਇਨਕੁਆਇਰੀ ਕਰਵਾਉਣ ਲਈ ਸੈਂਟਰਲ ਗੋਰਮਿੰਟ ਨੂੰ ਲਿਖਣ ਦਾ ਕਸ਼ਟ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦੀ ਗਿਆਤ ਲਈ ਦਸਣਾ ਚਾਹੁੰਦਾ ਹਾਂ ਕਿ ਅਸੀਂ ਇਸ ਬਾਰੇ ਆਲਰੇਡੀ ਗੌਰਮਿੰਟ ਆਫ ਇੰਡੀਆਂ ਦੇ ਨਾਲ ਗੱਲ ਕਰ ਰਹੇ ਹਾਂ।

---

**ਅੰਮ੍ਰਿਤਸਰ ਸ਼ਹਿਰ ਵਿਚ ਤੇਜ਼ ਹਨੇਰੀ ਕਾਰਣ ਨੁਕਸਾਨ ਅਤੇ ਪੀੜਤਾਂ ਦੇ ਆਸ਼ਰਿਤਾਂ ਨੂੰ ਮੁਆਵਜ਼ੇ ਦੀ ਅਦਾਇਗੀ**

*560. **ਸ੍ਰੀ ਹਰਬੰਸ ਲਾਲ ਖੰਨਾ** : ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) 14 ਜੂਨ, 1978 ਦੇ ਨੇੜੇ ਅੰਮ੍ਰਿਤਸਰ ਸ਼ਹਿਰ ਵਿੱਚ ਆਈ ਭਿਆਨਕ ਤੇਜ਼ ਹਨੇਰੀ ਦੇ ਸਿੱਟੇ ਵੱਜੋਂ ਸ਼ਹਿਰ ਵਿਚ ਕੁੱਲ ਕਿੰਨਾ ਨੁਕਸਾਨ ਹੋਇਆ;

Original with;
Punjab Vidhan Sabha
Digitized by;
Panjab Digital Library

(ਅ) ਤੇਜ਼ ਹਨ੍ਹੇਰੀ ਦੇ ਸਿਟੇ ਵੱਜੋਂ ਕਿੰਨੇ ਵਿਅਕਤੀ ਮਰੇ ਅਤੇ ਪੀੜ੍ਹਤਾਂ ਦੇ ਆਸ਼ਰਿਤਾਂ ਨੂੰ ਮੁਆਵਜ਼ੇ ਦੀ ਕਿੰਨੀ ਰੁਕਮ ਅਦਾ ਕੀਤੀ ਗਈ ?

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ** : (ੳ) 14 ਜੂਨ, 1978 ਨੂੰ ਅੰਮ੍ਰਿਤਸਰ ਖਾਸ ਵਿਚ 22 ਨਵੰਬਰ, ਰੇਲਵੇ ਫਾਟਕ ਦੇ ਨਿਕਟ ਸ਼ੈਲਰ ਰਾਈਨ ਐਂਡ ਸਿਲਕ ਮਿਲਜ਼, ਇਸਲਾਮਾਬਾਦ, ਦੀਆਂ ਲੋਹੇ ਦੀਆਂ ਕੈਂਚੀਆਂ ਅਤੇ ਸੀਮਿੰਟ ਦੀਆਂ ਚਾਦਰਾਂ ਰੇਲਵੇ ਲਾਈਨ ਦੇ ਨੇੜੇ ਡਿਗਣ ਤੇ 40,000 ਰੁਪਏ ਦਾ ਨੁਕਸਾਨ ਦੱਸਿਆ ਗਿਆ ਹੈ।

(ਅ) ਇਹ ਚਾਦਰਾਂ ਡਿਗਣ ਤੇ ਇਕ ਵਿਅਕਤੀ ਦੀ ਮੌਤ ਹੋਈ। ਕਿਉਂ ਜੋ ਇਸ ਦਾ ਕੋਈ ਆਸ਼ਰਿਤ ਨਹੀਂ ਸੀ ਇਸ ਲਈ ਕੋਈ ਸਹਾਇਤਾ ਦੇਣ ਤੇ ਵਿਚਾਰ ਨਹੀਂ ਕੀਤੀ ਗਈ ।

**ਸ੍ਰੀ ਹਰਬੰਸ ਲਾਲ ਖੰਨਾ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਇਕ ਆਦਮੀ ਦੀ ਮੌਤ ਚਾਦਰਾਂ ਡਿਗਣ ਦੇ ਕਾਰਣ ਹੋਈ। ਉਸ ਨੂੰ ਕੋਈ ਸਹਾਇਤਾ ਨਹੀਂ ਦਿਤੀ ਗਈ ਕਿਉਂਕਿ ਉਸ ਵਿਅਕਤੀ ਦਾ ਕੋਈ ਆਸ਼ਰਿਤ ਨਹੀਂ ਲਭਦਾ ਸੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਕਰ ਉਹ ਵਿਅਕਤੀ ਦਾ ਕੋਈ ਆਸ਼ਰਿਤ ਲਭ ਜਾਏ ਤਾਂ ਕੀ ਹੁਣ ਉਸ ਨੂੰ ਕੋਈ ਸਹਾਇਤਾ ਦੇਣ ਦਾ ਵਿਸ਼ਵਾਸ ਦਿਵਾਉਣ ਗੇ ?

**ਮੰਤਰੀ** : ਸਪੀਕਰ ਸਾਹਿਬ, ਜਿਹੜੇ ਸ਼ਖਸ ਦੀ ਮੌਤ ਹੋਈ ਹੈ, ਉਹ ਇਕ ਗੋਰਖਾ ਸੀ ਅਤੇ ਉਸ ਦਾ ਨਾਮ ਰਾਮੂ ਸੀ । ਉਸ ਦਾ ਨਾ ਕੋਈ ਮਾਂ-ਬਾਪ ਨਾ ਭੈਣ ਨਾ ਭਰਾ ਸੀ। ਸਰਕਾਰ ਦੀਆਂ ਹਦਾਇਤਾ ਦੇ ਮੁਤਾਬਿਕ ਜੇ ਕਰ ਕੋਈ ਸ਼ਖਸ਼ ਪਿਛੋਂ ਉਸ ਤੇ ਕੋਈ ਨਿਰਭਰ ਨਾ ਹੋਵੇ ਤਾਂ ਸਹਾਇਤਾ ਨਹੀਂ ਦਿੱਤੀ ਜਾ ਸਕਦੀ ਔਰ ਅੱਜ ਤਕ ਐਸੀ ਗੱਲ ਨੋਟਿਸ ਵਿਚ ਕੋਈ ਨਹੀਂ ਆਈ। ਜੇ ਕਰ ਆਨਰੇਬਲ ਮੈਂਬਰ ਦੇ ਨੋਟਿਸ ਵਿਚ ਕੋਈ ਗੱਲ ਹੈ ਤਾਂ ਮੇਰੇ ਨੋਟਿਸ ਵਿਚ ਲਿਆਉਣ, ਫਿਰ ਸਹਾਇਤਾ ਦੇਵਾਂਗੇ ।

**ਸ੍ਰੀ ਮਦਨ ਮੋਹਨ ਮਿੱਤਲ**: ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਕੰਪਨਸੇਸ਼ਨ ਦੇ ਮੁਤੱਅਲਕ ਸਵਾਲ ਪੁੱਛਣਾ ਚਾਹੁੰਦਾ ਹਾਂ। ਫਲੱਡਜ਼ ਦੇ ਬਾਰੇ ਵਿਚ ਸਰਕਾਰ ਨੇ ਕੁੱਝ ਸਹੂਲਤਾਂ ਦੇਣ ਦਾ ਫੈਸਲਾ ਕੀਤਾ ਹੈ। ਜਿਥੇ ਹੈਵੀ ਰੇਨਜ਼ ਦੇ ਨਾਲ ਫਸਲਾਂ ਤਬਾਹ ਹੋ ਗਈਆਂ ਹਨ ਉਨ੍ਹਾਂ ਨੂੰ ਕੰਪੈਨਸੇਸ਼ਨ ਦੇਣ ਬਾਰੇ ਕੋਈ ਸਹੂਲਤਾਂ ਜਾਰੀ ਨਹੀਂ ਕੀਤੀਆਂ ਗਈਆਂ ? ਕੀ ਸਰਕਾਰ ਉਨ੍ਹਾਂ ਨੂੰ ਵੀ ਜਿਨ੍ਹਾਂ ਦੀਆਂ ਫਸਲਾਂ ਵੀ ਹੈਵੀ ਰੇਨਜ਼ ਦੇ ਨਾਲ ਤਬਾਹ ਹੋਈਆਂ ਹਨ, ਕੋਈ ਕੰਪਨਸੇਸ਼ਨ ਦੇਵੇਗੀ ?

**ਮੰਤਰੀ** : ਸਪੀਕਰ ਸਾਹਿਬ, ਇਹ ਵੱਖਰਾ ਸਵਾਲ ਹੈ ਅਤੇ ਇਸ ਸਵਾਲ ਨਾਲ ਸਬੰਧ ਨਹੀਂ ਰਖਦਾ ।ਇਸ ਬਾਰੇ ਮੈਂਬਰ ਸਾਹਿਬ ਵਖਰਾ ਨੋਟਿਸ ਦੇ ਦੇਣ।

**ਸਰਦਾਰ ਗੁਰਦੇਵ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਹੜ੍ਹਾਂ ਦੀ ਤਬਾਹੀ ਵੀ ਇਕ ਨੈਚੁਰਲ ਕਲੈਮਿਟੀ ਹੈ। ਹੜ੍ਹ ਨਾਲ ਸਾਰੀਆਂ ਫਸਲਾਂ ਤਬਾਹ ਹੋ ਗਈਆਂ ਔਰ ਖਾਦ ਪਾਇਆ ਵੇਸਟ ਗਿਆ। ਪਤਲੋਂ ਆ ਗਈ। ਝੋਨਾ ਸਾਰਾ ਪੱਟਿਆ ਗਿਆ। ਵਜ਼ੀਰ ਸਾਹਿਬ ਕਹਿੰਦੇ ਹਨ ਕਿ ਅਸੀਂ 7 ਏਕੜ ਤਕ ਮੁਆਵਜ਼ਾ ਦੇਣਾ ਹੈ ਪਰ ਜਿਨ੍ਹਾਂ ਦੀ ਸਾਰੀ ਦੀ ਸਾਰੀ ਫਸਲ ਤਬਾਹ ਹੋ ਗਈ, ਉਹ ਕੀ ਕਰਨਗੇ ? ਨਤੀਜਾ ਇਹ ਹੋਵੇਗਾ ਕਿ ਲੋਕੀਂ ਜ਼ਮੀਨ ਨੂੰ ਲੜਕੇ ਦੇ ਨਾਂ ਤੇ ਲੁਆ ਕੇ, ਚਾਚੇ ਤਾਏ ਦੇ ਨਾਂ ਤੇ ਲੁਆ ਕੇ ਮੁਆਵਜ਼ਾ ਲੈਣਗੇ । ਇਸ ਨਾਲ ਕੁਰੱਪਸ਼ਨ ਵਧੇਗੀ। ਮਨਿਸਟਰ ਸਾਹਿਬ ਨੂੰ ਇਸ ਬਾਰੇ ਵੀ ਕੁੱਝ ਕਰਨਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਪਿਛੇ 30 ਸਾਲਾਂ ਦੇ ਅੰਦਰ ਫਲੱਡਾਂ ਦੇ ਕਾਰਣ ਹੋਏ ਨੁਕਸਾਨ ਦਾ ਮੁਆਵਜ਼ਾ ਨਹੀਂ ਦਿਤਾ ਗਿਆ ਔਰ ਪਿਛੇ ਕੋਈ ਸਹਾਇਤਾ ਨਹੀਂ ਕੀਤੀ ਗਈ। ਸਪੀਕਰ ਸਾਹਿਬ, ਇਹ ਪਹਿਲੀ ਬਾਦਲ ਸਾਹਿਬ ਦੀ ਸਰਕਾਰ ਹੈ ਕਿ ਜਿਥੇ ਫਲੱਡਾਂ ਕਾਰਨ ਲੋਕਾਂ ਦਾ ਨੁਕਸਾਨ ਹੋਇਆ ਹੈ, ਸਹਾਇਤਾ ਦਿਤੀ ਜਾਏਗੀ (ਤਾੜੀਆਂ) ਸਪੀਕਰ ਸਾਹਿਬ, ਹੋਰ ਜ਼ਿਆਦਾ ਕੀ ਹੋ ਸਕਦਾ ਹੈ ਜਦੋਂ ਕਿ ਖਜ਼ਾਨਾ ਖਾਲੀ ਹੋਵੇ। ਜੋ ਸਹਾਇਤਾ ਦਿੱਤੀ ਗਈ ਹੈ ਉਸ ਤੋਂ ਲੋਕ ਬਹੁਤ ਖੁਸ਼ ਹਨ। (ਤਾੜੀਆਂ)

**ਸ੍ਰੀ ਹਰਬੰਸ ਲਾਲ ਖੰਨਾ** : ਸਪੀਕਰ ਸਾਹਿਬ, ਕੀ ਮਨਿਸਟਰ ਸਾਹਿਬ, ਦਸਣਗੇ ਕਿ ਜਿਥੇ ਨੈਚੁਰਲ ਕਲੈਮਿਟੀਜ਼ ਦੇ ਨਾਲ ਨੁਕਸਾਨ ਹੋਇਆ ਹੈ; ਇਕ ਤਾਂ ਫਲੱਡਾਂ ਦੇ ਕਾਰਨ ਨੁਕਸਾਨ ਹੋਇਆ, ਇਕ ਵੀ ਹੈਵੀ ਰੇਨਜ਼ ਦੇ ਕਾਰਣ ਨੁਕਸਾਨ ਹੋਇਆ, ਇਕ ਹਨੇਰੀ ਦੇ ਕਾਰਨ ਬਹੁਤ ਜ਼ਿਆਦਾ ਨੁਕਸਾਨ ਹੋਇਆ। ਝੌਂਪੜੀਆਂ ਢਹਿ ਗਈਆਂ, ਹਰੀਜਨਾਂ ਦੇ ਮਕਾਨ ਢਹਿ ਗਏ ਅਤੇ ਕਈ ਥਾਵਾਂ ਤੇ ਬਹੁਤ ਸਾਰੇ ਆਦਮੀ ਮਾਰੇ ਗਏ। ਚਾਰ ਆਦਮੀ ਤਾਂ ਅੰਮ੍ਰਿਤਸਰ ਵਿਚ ਅਤੇ ਦੋ ਆਦਮੀ ਇਕ ਹੋਰ ਜਗਾਹ ਮਾਰੇ ਗਏ। ਕੀ ਮਨਿਸਟਰ ਸਾਹਿਬ ਨੈਚੁਰਲ ਕਲੈਮਿਟੀਜ਼ ਹਨੇਰੀ ਆਦ ਨਾਲ ਜੋ ਮਕਾਨ ਢਹਿ ਗਏ ਹਨ ਅਤੇ ਹੋਰ ਨੁਕਸਾਨ ਹੋਇਆ ਹੈ ਉਸ ਬਾਰੇ ਕੋਈ ਰਲੀਫ ਦੇਣ ਦਾ ਪ੍ਰਬੰਧ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਇਸ ਬਾਰੇ ਮੈਂਬਰ ਸਾਹਿਬ ਵੱਖਰਾ ਨੋਟਿਸ ਦੇ ਦੇਣ ਇਨ੍ਹਾਂ ਦਾ ਇਹ ਸਵਾਲ ਇਸ ਸਵਾਲ ਨਾਲ ਸਬੰਧ ਨਹੀਂ ਰਖਦਾ।

**ਗਿਆਨੀ ਅਰਜਣ ਸਿੰਘ ਲਿੱਟ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਹਨੇਰੀ ਕਈ ਕਿਸਮ ਦੀ ਹੁੰਦੀ ਹੈ। ਇਕ ਗਿਆਨ ਦੀ ਆਉਂਦੀ ਹੈ ਅਤੇ ਇਕ ਪੋਲੀਟੀਕਲ ਆਈ ਤੇ ਚਲੀ ਗਈ । ਤੀਜੀ ਸਾਡੇ ਤੇ ਪੈਂਦੀ ਹੈ । ਸਪੀਕਰ ਸਾਹਿਬ, ਜਿਹੜੀਆਂ ਫਸਲਾਂ ਹਨੇਰੀ ਦੇ ਨਾਲ ਤਬਾਹ ਹੁੰਦੀਆਂ ਹਨ, ਉਨ੍ਹਾਂ ਦਾ ਇੰਤਜ਼ਾਮ ਹੋਣਾ ਚਾਹੀਦਾ ਹੈ। ਜੇ ਕਰ ਉਸੇ ਵੇਲੇ ਮੌਕੇ ਤੇ ਕੁੱਝ ਹੋ ਜਾਵੇ ਤਾਂ ਠੀਕ ਹੈ ਨਹੀਂ ਤਾਂ ਪਟਵਾਰੀ ਪੈਸੇ ਮੰਗਦਾ ਹੈ। ਜੇਕਰ ਪੈਸੇ ਦੇ ਦਿਉ ਤਾਂ ਕੰਮ ਹੋ ਜਾਂਦਾ ਹੈ ਜੇਕਰ ਨਾ ਦਿਉ ਤਾਂ ਨਹੀਂ ਹੁੰਦਾ। ਉਸ ਦਾ ਮੁਆਵਜ਼ਾ ਸਿਰਫ 10% ਮਿਲਦਾ ਹੈ। ਕਈ ਥਾਵਾਂ ਤੇ ਅੱਗ ਲਗ ਜਾਂਦੀ ਹੈ ਅਤੇ ਸਾਰੀ ਦੀ ਸਾਰੀ ਫਸਲ ਤਬਾਹ ਹੋ ਜਾਂਦੀ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਹਨੇਰੀ ਅਤੇ ਅੱਗ ਨਾਲ ਮਾਰੀ ਗਈ ਫਸਲ ਨੂੰ 75% ਗਰਾਂਟ ਮਿਲਣੀ ਚਾਹੀਦੀ ਹੈ।

**ਸ੍ਰੀ ਸਪੀਕਰ** : ਮੈਂਬਰ ਸਾਹਿਬਾਨ ਨੇ ਬੇਨਤੀ ਕੀਤੀ ਹੈ ।

( ਕੋਈ ਉਤਰ ਨਹੀਂ ਆਇਆ । )

**ਸਰਦਾਰ ਕਿਰਪਾਲ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ. ਐਮ. ਸਾਹਿਬ, ਕੋਲੋਂ ਪੁਛਣਾ ਚਾਹੁੰਦਾ ਹਾਂ ਕਿ ਜੇਕਰ ਪਿੰਡਾਂ ਦੇ ਵਿਚ ਕੋਈ ਮਕਾਨ ਤਬਾਹ ਹੋ ਜਾਂਦਾ ਹੈ ਤਾਂ ਮੁਆਵਜ਼ਾ ਦਿੱਤਾ ਜਾਂਦਾ ਹੈ ਪਰ ਸ਼ਹਿਰਾਂ ਦੇ ਵਿਚ ਜੇਕਰ ਮਕਾਨ ਤਬਾਹ ਹੋ ਜਾਵੇ ਤਾਂ ਉਸ ਨੂੰ ਵੀ ਮੁਆਵਜ਼ਾ ਮਿਲਣਾ ਚਾਹੀਦਾ ਹੈ ਅਤੇ ਕੋਈ ਡਿਸਕ੍ਰਿਮੀਨੇਸ਼ਨ ਨਹੀਂ ਹੋਣੀ ਚਾਹੀਦੀ। ਮੈਂ ਚਾਹਾਂਗਾ ਕਿ ਹੁਣੇ ਹੀ ਸੀ. ਐਮ. ਸਾਹਿਬ ਅਸ਼ੋਰੈਂਸ ਦੇਣ ਕਿ ਕੋਈ ਪਿੰਡਾਂ ਅਤੇ ਸ਼ਹਿਰਾਂ ਦੇ ਵਿਚਕਾਰ ਡਿਸਕ੍ਰਿਮੀਨੇਸ਼ਨ ਨਹੀਂ ਹੋਵੇਗੀ। ਜੋ ਸਹੂਲਤ ਪਿੰਡਾਂ ਵਾਲਿਆਂ ਨੂੰ ਮਕਾਨ ਲਈ ਮਿਲਦੀ ਹੈ, ਉਹੀ ਸਹੂਲਤ ਸ਼ਹਿਰਾਂ ਵਿਚ ਮਕਾਨ ਲਈ ਮਿਲੇ।

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** : ਸਪੀਕਰ ਸਾਹਿਬ, ਸ਼ਹਿਰਾਂ ਵਿਚ ਜੋ ਫਲੱਡਜ਼ ਦੇ ਨਾਲ ਨੁਕਸਾਨ ਹੋਇਆ ਹੈ, ਉਨ੍ਹਾਂ ਨੂੰ ਪਿੰਡਾਂ ਦੇ ਬਰਾਬਰ ਜ਼ਰੂਰ ਮੁਆਵਜ਼ਾ ਦਿੱਤਾ ਜਾਵੇਗਾ ।

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 843**

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ)

**ਸ੍ਰੀ ਸਪੀਕਰ** : ਅਗਲਾ ਸਵਾਲ ਨੰ. 559 ।

**ਸ੍ਰੀ ਮਨਮੋਹਨ ਕਾਲੀਆ** : ਸਪੀਕਰ ਸਾਹਿਬ, ਸਵਾਲ ਨੰ. 843 ਰਹਿ ਗਿਆ ਹੈ ਇਹ ਬੜਾ ਜ਼ਰੂਰੀ ਸਵਾਲ ਹੈ।

**ਸ੍ਰੀ ਸਪੀਕਰ** : ਅਗਰ ਟਾਈਮ ਮਿਲ ਗਿਆ ਤਾਂ ਤੁਹਾਨੂੰ ਸਮਾਂ ਦੇ ਦਿਆਂਗੇ ।

**Refresher course for the children and close relatives of Chemists to qualify as Pharmacists**

***559. Shri Harbans Lal Khanna** : Will the Minister for Health and Urban Development be pleased to state whether there is any proposal under consideration of the Government to start any refresher course for the children and close relatives of Chemists for qualifying as pharmacists; if so, the time by which it is likely to be implemented?

**ਸ੍ਰੀ ਦੇਸ ਰਾਜ** : ਫਾਰਮੇਸੀ (ਤਰਮੀਮ) ਐਕਟ, 1976 ਰਾਹੀਂ ਇਹ ਉਪਬੰਧ ਕੀਤਾ ਗਿਆ ਸੀ ਕਿ ਰਾਜ ਸਰਕਾਰ ਦੁਆਰਾ ਅਧਿਸੂਚਨਾ ਰਾਹੀਂ ਮਿਤੀ ਨਿਸ਼ਚਿਤ ਨਾ ਕਰਨ ਤੇ ਫਾਰਮੇਸੀ ਐਕਟ, 1948 ਦੀ ਸੈਕਸ਼ਨ 42 ਦੇ ਸਬ-ਸੈਕਸ਼ਨ (1) ਦੇ ਉਪਬੰਧ ਸਬੰਧਤ ਰਾਜ ਵਿਚ ਆਪਣੇ ਆਪ ਮਿਤੀ 1 ਸਤੰਬਰ, 1981 ਤੋਂ ਲਾਗੂ ਹੋਣਗੇ । ਇਸ ਕਿੱਤੇ ਵਿਚ ਪਹਿਲਾਂ ਤੋਂ ਲਗੇ ਵਿਅੱਕਤੀਆਂ ਦੀਆਂ ਮੁਸ਼ਕਲਾਂ ਜਿੰਨ੍ਹਾਂ ਦਾ ਕਿ ਉਨ੍ਹਾਂ ਨੂੰ 1981 ਵਿਚ ਸਾਮ੍ਹਣਾ ਕਰਨਾ ਪਵੇਗਾ, ਨੂੰ ਧਿਆਨ ਵਿਚ ਰਖਦੇ ਹੋਏ ਪੰਜਾਬ ਸਰਕਾਰ ਦੀ ਇਨ੍ਹਾਂ ਵਿਅੱਕਤੀਆਂ ਦੀ ਟਰੇਨਿੰਗ ਲਈ ਇਕ ਕੰਡੈਂਨਸ ਕੋਰਸ ਦੇ ਸਲੇਬਸ ਨੂੰ ਬਨਾਉਣ ਅਤੇ ਮਾਨਤਾ ਦੇਣ ਲਈ ਉਚਿਤ ਉਪਾਅ ਅਪਨਾਉਣ ਦਾ ਮਾਮਲਾ ਭਾਰਤ ਸਰਕਾਰ ਨਾਲ ਉਠਾਉਣ ਦੀ ਤਜਵੀਜ਼ ਹੈ। ਕਿਉਂਕਿ ਫੈਸਲਾ ਫਾਰਮੇਸੀ ਕੌਂਸਲ ਆਫ ਇੰਡੀਆ ਅਤੇ ਭਾਰਤ ਸਰਕਾਰ ਤੇ ਨਿਰਭਰ ਹੈ, ਇਸ ਲਈ ਪੰਜਾਬ ਸਰਕਾਰ ਲਈ ਕੰਡੈਂਨਸ ਕੋਰਸ ਸ਼ੁਰੂ ਕਰਨ ਦਾ ਸਮਾਂ ਨਿਸਚਿਤ ਕਰਨਾ ਸੰਭਵ ਨਹੀਂ ।

**ਸ੍ਰੀ ਹਰਬੰਸ ਲਾਲ ਖੰਨਾ** : ਇਸ ਬਾਰੇ ਕਾਲ ਅਟੈਨਸ਼ਨ ਵਿਚ ਸਾਰਾ ਜਵਾਬ ਆ ਗਿਆ ਸੀ ।

**Registration of cases of misapppropriation and wrongful use of fertilizer subsidy in the State**

***596. Shri Romesh Chander** : Will the Minister for Agriculture and Forests be pleased to state:—

(a) the number of cases registered by the Government for the misappropriation and wrongful use of fertiliser subsidy for the year 1977-78 ending 30th June, 1978 in the State;

(b) the amount of misused subsidy:

Original with;
Punjab Vidhan Sabha
Digitized by;
Panjab Digital Library

[Shri Romesh Chander]

(c) the number of Government officers or Office bearers of Marketing Committees involved against whom cases have been registered in this connection?

**ਸਰਦਾਰ ਬਲਵਿੰਦਰ ਸਿੰਘ ਭੂੰਦੜ :** (ੳ) ਚਾਰ ਮੁਕੱਦਮੇ।

(ਅ) 7,3493 ਰੁਪਏ (ਅੰਦਾਜ਼ਨ) ।

(ੲ) ਕੋਈ ਵੀ ਸਰਕਾਰੀ ਮੁਲਾਜ਼ਮ ਗਿਰਫਤਾਰ ਨਹੀਂ ਕੀਤਾ ਗਿਆ। ਉਪਰੋਕਤ ਦਰਜ ਮੁਕਦਮਿਆਂ ਵਿਚ 11 ਮੁਲਾਜ਼ਮ ਮਲੋਟ ਅਤੇ ਅਬੋਹਰ ਦੀ ਮਾਰਕੀਟਿੰਗ ਸੋਸਾਇਟੀਆਂ ਅਤੇ ਪੰਜਾਬ ਐਗਰੋ-ਇੰਡਸਟਰੀਜ਼ ਕਾਰਪੋਰੇਸ਼ਨ ਦੇ ਮੁਲਾਜ਼ਮ ਗਰਿਫਤਾਰ ਕੀਤੇ ਜਾ ਚੁੱਕੇ ਹਨ। ਇਹਨਾਂ ਵਿਚੋਂ 6 ਐਗਰੋ-ਇੰਡਸਟਰੀਜ਼ ਕਾਰਪੋਰੇਸ਼ਨ ਦੇ ਮੁਲਾਜ਼ਮ ਹਨ, 4 ਕੋਆਪਰੇਟਿਵ ਮਾਰਕੀਟਿੰਗ ਸੋਸਾਇਟੀ, ਮਲੋਟ ਅਤੇ ਅਬੋਹਰ ਦੇ ਮੁਲਾਜ਼ਮ ਹਨ ਅਤੇ ਇਕ ਪਿੰਡ ਅਮਰਪੁਰਾ ਥਾਨਾ ਸਦਰ ਅਬੋਹਰ ਦੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਦਾ ਸਕੱਤਰ ਹੈ।

**ਕਾਮਰੇਡ ਸਰਵਣ ਸਿੰਘ ਚੀਮਾ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਦੱਸਣ ਦੀ ਕ੍ਰਿਪਾਲਤਾ ਕਰਨ ਕਿ ਕਿਹੜੀ ਕਿਹੜੀ ਖਾਦ ਤੇ ਸਬਸਿਡੀ ਦਿਤੀ ਜਾ ਰਹੀ ਹੈ ਔਰ ਉਹ ਕਿੰਨੀ ਕਿੰਨੀ ਸਬਸਿਡੀ ਦਿਤੀ ਜਾਂਦੀ ਹੈ।

**ਮੰਤਰੀ:** ਪਿਛਲੇ ਸਾਲ ਸੁਪਰਫਾਸਫੇਟ ਖਾਦ ਤੇ ਅਸੀਂ ਸਬਸਿਡੀ ਦਿੰਦੇ ਸੀ ਔਰ ਇਸ ਸਾਲ ਕਿਸੇ ਖਾਦ ਤੇ ਸਬਸਿਡੀ ਨਹੀਂ ਦਿੱਤੀ ਜਾ ਰਹੀ।

**ਸ੍ਰੀ ਰਮੇਸ਼ ਚੰਦਰ:** ਜਿਹੜੇ ਚਾਰ ਕੇਸਿਜ਼ ਵਿਚ ਇਨ੍ਹਾਂ ਨੇ ਦੱਸਿਆ ਹੈ ਕਿ ਖਾਦ ਦੇ ਸਬਸਿਡੀ ਦੇ ਸਿਲਸਿਲੇ ਵਿਚ ਮਿਸ-ਐਪ੍ਰੋਪ੍ਰੀਏਸ਼ਨ ਕੀਤੀ ਗਈ ਸੀ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਕੇਸਿਜ਼ ਕਿਸ ਕਿਸ ਸਟੇਜ ਤੇ ਹਨ?

**ਮੰਤਰੀ:** ਇਹ ਚਾਰੇ ਕੇਸ ਪੁਲਿਸ ਵਿਚ ਰਜਿਸਟਰ ਕਰਵਾ ਦਿਤੇ ਗਏ ਹਨ ਦੋ ਵਿਚ ਤਫਤੀਸ਼ ਹੋ ਰਹੀ ਹੈ, ਦੋ ਵਿਚ ਤਫਤੀਸ਼ ਸ਼ੁਰੂ ਕਰਨੀ ਹੈ। ਬਾਕੀ ਮੈਂ ਮੈਂਬਰ ਸਾਹਿਬ ਦੀ ਗਿਆਤ ਲਈ ਇਹ ਵੀ ਦਸਣਾ ਚਾਹੁੰਦਾ ਹਾਂ ਕਿ ਸਾਰੇ ਪੰਜਾਬ ਦੇ ਜ਼ਿਲ੍ਹਿਆਂ ਵਿਚ ਇਸ ਗੱਲ ਦੀ ਇਨਕੁਆਇਰੀ ਕਰਨੀ ਹੈ। ਮੇਰਾ ਖਿਆਲ ਹੈ ਕਿ ਕਾਫ਼ੀ ਜ਼ਿਆਦਾ ਕੇਸਿਜ਼ ਦਰਜ ਹੋਣਗੇ।

**ਕਾਮਰੇਡ ਸੰਪੂਰਣ ਸਿੰਘ ਧੌਲਾ :** ਮੰਤਰੀ ਜੀ ਨੇ ਕਿਹਾ ਹੈ ਕਿ ਸਬਸਿਡੀ ਬੰਦ ਕਰ ਦਿੱਤੀ ਹੈ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਸਬਸਿਡੀ ਬੰਦ ਕਰਨ ਦੇ ਕੀ ਕਾਰਨ ਹਨ ?

**ਮੰਤਰੀ :** ਸਪੀਕਰ ਸਾਹਿਬ, ਸਬਸਿਡੀ ਤਾਂ ਦਿੱਤੀ ਜਾਂਦੀ ਹੈ ਕਿਸਾਨਾਂ ਨੂੰ ਜਦੋਂ ਕੋਈ ਚੀਜ਼ ਮਹਿੰਗੀ ਹੋਵੇ ਔਰ ਕਿਸਾਨ ਆਪਣੀ ਜ਼ਰੂਰਤ ਉਸ ਮਹਿੰਗਾਈ ਨੂੰ ਮੁੱਖ ਰਖਦੇ ਹੋਏ ਮਹਿੰਗਾਈ ਤੋਂ ਡਰਦੇ ਹੋਏ ਆਪਣੀ ਜ਼ਰੂਰਤ ਵੀ ਪੂਰੀ ਨਾ ਕਰ ਸਕਣ ਤਾਂ ਸਬਸਿਡੀ ਦਿੱਤੀ ਜਾਂਦੀ ਹੈ। ਫਾਸਫੇਟ ਖਾਦ ਤੇ ਸਬਸਿਡੀ ਦਿੱਤੀ ਜਾਂਦੀ ਸੀ। ਪਰ ਕਿਉਂਕਿ ਹੁਣ ਸੰਤੁਲਤ ਖਾਦ ਪੰਜਾਬ ਵਿਚ ਪਿਛਲੇ ਸਾਲ ਨਾਲੋਂ ਡਿਉਢੀ ਵਰਤੀ ਜਾਂਦੀ ਹੈ ਇਹ ਅਛੀ ਸਾਬਤ ਹੋ ਰਹੀ ਹੈ, ਇਸ ਲਈ ਹੁਣ ਸਾਨੂੰ ਸਬਸਿਡੀ ਖਾਦ ਤੇ ਦੇਣ ਦੀ ਲੋੜ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

**ਸ੍ਰੀ ਮਦਨ ਮੋਹਨ ਮਿੱਤਲ** : ਇਨ੍ਹਾਂ ਨੇ ਕਿਹਾ ਹੈ ਕਿ ਚਾਰ ਫਰਮਾਂ ਦੇ ਖਿਲਾਫ ਖਾਦ ਦੇ ਸਿਲਸਿਲੇ ਵਿਚ ਕੇਸਿਜ਼ ਰਜਿਸਟਰਡ ਕੀਤੇ ਹਨ । ਕੀ ਇਹ ਗੱਲ ਠੀਕ ਹੈ ਕਿ ਜ਼ਿੰਕ ਸਲਫੇਟਸ ਦੀ ਬਜਾਏ ਮੈਗਨੀਸ਼ਿਅਨ ਸਲਫੇਟ ਯੂਜ਼ ਕਰਦੇ ਰਹੇ ਹਨ ? ਰੋਪੜ ਦੇ ਜ਼ਿਲੇ ਵਿਚ ਇਸ ਬਾਰੇ ਸਬੰਧਤ ਕਰਮਚਾਰੀ ਜਿਵੇਂ ਇਨਸਪੈਕਟਰ ਹਣ । ਚੀਫ ਐਗਰੀਕਲਚਰਲ ਇਨਸਪੈਕਟਰ ਹੈ, ਇਨ੍ਹਾਂ ਤੋਂ ਸਰਟੀ-ਫਿਕੇਟ ਲੈਂਦੇ ਸੀ । ਕੀ ਇਸ ਗਲ ਦੀ ਇਨਕੁਆਇਰੀ ਕਰਾਉਣ ਨੂੰ ਇਹ ਤਿਆਰ ਹਨ ?

**ਮੰਤਰੀ** : ਇਹ ਬੜੇ ਸਿਆਣੇ ਹਨ, ਐਡਵੋਕੇਟ ਹਨ, ਪਰ ਇਨ੍ਹਾਂ ਨੇ ਗੁੱਸੇ ਵਿਚ ਹੋਰ ਦੀ ਹੋਰ ਗਲ ਕਰ ਦਿੱਤੀ ਹੈ । ਜਿਹੜੀ ਪਹਿਲਾਂ ਸਬਸਿਡੀ ਦਿੰਦੇ ਸੀ, ਸਾਢੇ ਸੱਤ ਕਰੋੜ ਰੁਪਏ ਦੀ, ਉਸ ਬਾਰੇ ਇਨਕੁਆਇਰੀ ਕਰਾ ਰਹੇ ਹਾਂ । (ਵਿਘਨ) ਮੈਂ ਇਨ੍ਹਾਂ ਦਾ ਜਵਾਬ ਵੀ ਦੇਣਾ ਚਾਹੁੰਦਾ ਹਾਂ ਇਨ੍ਹਾਂ ਨੇ ਜ਼ਿੰਕ ਸਲਫੇਟ ਦਾ ਸਵਾਲ ਕਰ ਦਿੱਤਾ ਹੈ । ਮੈਂ ਸਪੀਕਰ ਸਾਹਿਬ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਇੱਕ ਸਪੈਸ਼ਲ ਕਮੇਟੀ ਬਣਾਈ ਗਈ ਹੈ ਜਿਸ ਵਿਚ ਐਸ. ਪੀ. ਸੀ.ਆਈ. ਡੀ., ਇੱਕ ਮੇਰੇ ਡਿਪਾਰਟਮੈਂਟ ਦਾ ਜੁਆਇੰਟ ਡਾਇਰੈਕਟਰ ਹੋਵੇਗਾ ਔਰ ਇੱਕ ਕੋਆਪ੍ਰੇਟਿਵ ਡਿਪਾਰਟਮੈਂਟ ਦਾ ਜੁਆਇੰਟ ਡਾਇਰੈਕਟਰ ਹੋਵੇਗਾ, ਇਹ ਤਿੰਨਾਂ ਦੀ ਕਮੇਟੀ ਬਣੇਗੀ । ਇਹ ਕਮੇਟੀ ਛਾਪੇ ਮਾਰੇਗੀ । ਜ਼ਿੰਕ ਸਲਫੇਟ ਵਿਚ ਠੱਗੀ ਹੁੰਦੀ ਰਹੀ ਹੈ । ਇਸ ਬਾਰੇ ਮੈਨੂੰ ਇੱਕ ਮੈਮੋ-ਰੈਂਡਮ ਵੀ ਮਿਲਿਆ ਹੈ । ਉਸ ਦੀ ਪੜਤਾਲ ਕਰਾਈ ਹੈ ਔਰ ਜੋ ਲੋਕ ਗਰਮੀਆਂ ਦੀ ਰੁੱਤ ਵਿਚ ਏਅਰ ਕੰਡੀਸ਼ਨਾਂ ਦੇ ਕਮਰਿਆਂ ਵਿਚ ਰਹਿੰਦੇ ਸਨ ਔਰ ਸਰਦੀਆਂ ਵਿਚ ਸਰਦੀ ਤੋਂ ਬਚਣ ਵਾਲੇ ਕਮਰਿਆਂ ਵਿਚ ਰਹਿੰਦੇ ਸਨ, ਉਨ੍ਹਾਂ ਨੂੰ ਜੇਲ੍ਹਾਂ ਵਿਚ ਕੀਤਾ ਹੈ । ਜੋ ਕੋਈ ਅਜਿਹਾ ਬੰਦਾ ਹੋਰ ਰਹਿ ਗਿਆ ਹੋਵੇ ਤਾਂ ਇਹ ਮੇਰੇ ਨੋਟਿਸ ਵਿਚ ਲੈ ਆਉਣ, ਮੈਂ ਐਕਸ਼ਨ ਲਵਾਂਗਾ ।

---

### ਰਾਜ ਵਿਚ ਖੇਡਾਂ ਨੂੰ ਉਤਸਾਹਿਤ ਕਰਨਾ ।

*603. **ਸ੍ਰੀ ਰਮੇਸ਼ ਚੰਦਰ** : ਕੀ ਆਵਾਜਾਈ, ਸੈਰਸਪਾਟਾ ਅਤੇ ਖੇਡਾਂ ਦੇ ਰਾਜ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ;—

(ੳ) ਕੀ ਸਰਕਾਰ ਨੇ ਚੰਗੇ ਖਿਡਾਰੀਆਂ, ਪੰਜਾਬ ਤੋਂ ਬਾਹਰ ਜਾਣ ਤੋਂ ਰੋਕਣ ਲਈ ਕੋਈ ਸਕੀਮ ਬਣਾਈ ਹੈ ; ਜੇਕਰ ਅਜਿਹਾ ਹੋਵੇ ਤਾਂ ਉਸਦਾ ਵੇਰਵਾ ਕੀ ਹੈ ;

(ਅ) ਰਾਜ ਵਿਚ ਖੇਡਾਂ ਨੂੰ ਉਤਸਾਹਿਤ ਕਰਨ ਲਈ ਸਰਕਾਰ ਕੀ ਕਾਰਵਾਈ ਕਰ ਰਹੀ ਹੈ ?

**ਸਰਦਾਰ ਸੁਖਦੇਵ ਸਿੰਘ ਢੀਂਡਸਾ** : (ੳ) ਮਾਮਲੇ ਤੇ ਸਰਕਾਰ ਸਰਗਰਮੀ ਨਾਲ ਵਿਚਾਰ ਕਰ ਰਹੀ ਹੈ ।

(ਅ) ਸਦਨ ਦੀ ਮੇਜ਼ ਤੇ ਸਟੇਟਮੈਂਟ ਰਖੀ ਜਾਂਦੀ ਹੈ ।

### ਸਟੇਟਮੈਂਟ

ਪ੍ਰਾਂਤਾਂ ਵਿਚ ਖੇਡਾਂ ਨੂੰ ਉਤਸਾਹਿਤ ਕਰਨ ਹਿੱਤ ਸਰਕਾਰ ਨੇ ਹੇਠ ਲਿਖੀਆਂ ਸਕੀਮਾਂ ਲਾਗੂ ਕੀਤੀਆਂ ਹਨ :—

1. ਕੋਚਿੰਗ ਸਕੀਮ ।

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਆਵਾਜਾਈ ਅਤੇ ਖੇਡਾਂ]

2. ਕੰਪੀਟੀਸ਼ਨ ਸਕੀਮ ।

3. ਸਪੋਰਟਸ ਸਕਾਲਰਸ਼ਿਪ ਅਵਾਰਡ ।

4. ਪਿੰਡ ਅਤੇ ਬਲਾਕ ਪੱਧਰ ਦੇ ਖੇਡ ਮੈਦਾਨਾਂ ਦੀ ਉਸਾਰੀ ।

5. ਕੋਚਿੰਗ ਅਤੇ ਮੁਕਾਬਲਿਆਂ ਵਿਚ ਭਾਗ ਲੈਣ ਵਾਲਿਆਂ ਲਈ ਖੇਡਾਂ ਦੇ ਸਮਾਨ ਦੀ ਖਰੀਦ ਅਤੇ ਪਰੋਵੀਜ਼ਨ ।

6. ਉਘੇ-ਖਿਡਾਰੀਆਂ ਲਈ ਖੇਡ ਹੋਸਟਲਾਂ ਦੀ ਸਥਾਪਨਾ ।

7. ਜ਼ਿਲ੍ਹਾ ਪੱਧਰ ਤੇ ਸਟੇਡੀਅਮ, ਸਵਿਮਿੰਗ ਪੂਲ, ਜਮਨਾਸਟਿਕ ਅਤੇ ਮਲਟੀਪਰਪਜ਼ ਕਵਰਡ ਹਾਲ ਆਦਿ ਬਨਾਉਣ ਦੀ ਸਕੀਮ ।

8. ਮੈਡੀਕਲ ਟੈਕਨੀਕਲ ਵਿਦਿਅਕ | ਸੰਸਥਾਵਾਂ ਵਿਚ ਉਘੇ ਖਿਡਾਰੀਆਂ ਲਈ ਸੀਟਾਂ ਰਿਜ਼ਰਵ ਕਰਾਉਣ ਦੀ ਸਕੀਮ ।

9. ਸਰਕਾਰੀ ਮੁਲਾਜ਼ਮਾਂ ਲਈ ਖੇਡਾਂ ਦਾ ਪ੍ਰਬੰਧ ਕਰਨ ਦੀ ਸਕੀਮ ।

10. ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਜੇਤੂ ਟੀਮਾਂ ਦਾ ਸਵਾਗਤ ਕਰਨ ਦੀ ਸਕੀਮ ।

11. ਰਾਜ ਵਿਚ ਬਰੂ ਮੰਤਵ ਸਪੋਰਟਸ ਮਨੋਰੰਜਨ ਕੇਂਦਰ ਸਥਾਪਤ ਕਰਨ ਦੀ ਸਕੀਮ।

12. ਰਾਜ ਦੀਆਂ ਆਟੋਨੋਮਸ ਖੇਡ ਸੰਸਥਾਵਾਂ ਨੂੰ ਰਾਜ/ਰਾਸ਼ਟਰੀ ਪੱਧਰ ਦੇ ਟੂਰਨਾਮੈਂਟ ਕਰਾਉਣ ਲਈ ਮਾਲੀ ਸਹਾਇਤਾ ਦੇਣ ਦੀ ਸਕੀਮ ।

13. ਰਾਜ ਦੀਆਂ ਆਟੋਨੋਮਸ ਸਪੋਰਟਸ ਬਾਡੀਜ਼, ਯੂਨੀਵਰਸਿਟੀਜ਼ ਅਤੇ ਵਿਭਾਗੀ ਟੀਮਾਂ ਨੂੰ ਰਾਸ਼ਟਰੀ ਚੈਂਪੀਅਨਸ਼ਿਪ ਵਿਚ ਹਿੱਸਾ ਲੈਣ ਲਈ ਮਾਲੀ ਸਹਾਇਤਾ ਦੇਣ ਦੀ ਸਕੀਮ ।

14. ਉਘੇ ਖਿਡਾਰੀਆਂ ਨੂੰ ਪਹਾੜਾਂ ਤੋਂ ਚੜ੍ਹਨ ਦੀ ਸਿਖਲਾਈ ਦੇਣ ਦੀ ਸਕੀਮ ।

**ਸ੍ਰੀ ਰਮੇਸ਼ ਚੰਦਰ** : ਸਪੀਕਰ ਸਾਹਿਬ, ਮੈਂ ਦੋ ਸਪਲੀਮੈਂਟਰੀਜ਼ ਪੁੱਛਣਾ ਚਾਹੁੰਦਾ ਹਾਂ । ਪਹਿਲੀ ਮੇਰੀ ਸਪਲੀਮੈਂਟਰੀ ਐਨੀ ਮਨਿਸਟਰ ਸਾਹਿਬ ਨਾਲ ਸਬੰਧ ਨਹੀਂ ਰਖਦੀ ਜਿੰਨੀ ਕਿ ਮੁੱਖ ਮੰਤਰੀ ਸਾਹਿਬ ਨਾਲ ਸਬੰਧ ਰਖਦੀ ਹੈ, ਉਹ ਇਹ ਹੈ ਕਿ ਪੰਜਾਬ ਹਮੇਸ਼ਾ ਸਪੋਰਟਸ ਵਿਚ ਸਾਰੇ ਦੇਸ਼ ਦੀ ਰਹਿਨੁਮਾਈ ਕਰਦਾ ਰਿਹਾ ਹੈ । ਔਰ ਬੜੇ ਇੰਟਰਨੇਸ਼ਨਲ ਰਪਿਊਟ ਦੇ ਖਿਲਾੜੀ ਪੈਦਾ ਕਰਦਾ ਰਿਹਾ ਹੈ । ਲੇਕਿਨ ਇਹ ਮਹਿਸੂਸ ਹੋ ਰਿਹਾ ਹੈ ਕਿ ਪਿਛਲੇ ਕੁਝ ਅਰਸੇ ਤੋਂ ਪੰਜਾਬ ਇਸ ਫੀਲਡ ਵਿਚ ਬਹੁਤ ਪਛੜ ਰਿਹਾ ਹੈ, ਇਥੋਂ ਤਕ ਕਿ ਹਰਿਆਣਾ ਪੰਜਾਬ ਨਾਲੋਂ ਅੱਗੇ ਨਿਕਲ ਰਿਹਾ ਹੈ ।

Original with;
Punjab Vidhan Sabha
Digitized by;
Panjab Digital Library

ਇਸ ਬਾਰੇ ਮੈਂ ਮੁੱਖ ਮੰਤਰੀ ਜੀ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਸ ਦੇ ਕੀ ਕਾਰਣ ਹਨ ? ਪੰਜਾਬ ਦਾ ਖੇਡ ਵਿਭਾਗ ਤਿੰਨ ਮੁਖਤਲਿਫ ਹਿੱਸਿਆਂ ਵਿਚ ਵੰਡਿਆ ਹੋਇਆ ਹੈ । ਤਿੰਨ ਮੁਖਤਲਿਫ ਡਿਪਾਰਟਮੈਂਟਾਂ ਦੇ ਮੁਖਤਲਿਫ ਮਨਿਸਟਰਜ਼ ਹਨ ਔਰ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਇਨ੍ਹਾਂ ਦੀ ਆਪਸ ਵਿਚ ਕੋਆਰਡੀਨੇਸ਼ਨ ਨਾ ਹੋਣ ਕਰਕੇ ਪੰਜਾਬ ਵਿਚ ਖੇਡਾਂ ਨੂੰ ਨੁਕਸਾਨ ਪਹੁੰਚ ਰਿਹਾ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਸਾਰੇ ਸਿਲਸਿਲੇ ਨੂੰ ਠੀਕ ਕਰਨ ਵਾਸਤੇ ਕੀ ਇਹ ਕੋਈ ਕਦਮ ਚੁੱਕਣਗੇ ?

**ਰਾਜ ਮੰਤਰੀ** : ਨਵੀਂ ਸਰਕਾਰ ਬਣਨ ਤੋਂ ਬਾਅਦ ਇਹ ਤਿੰਨੇਂ ਡਿਪਾਰਟਮੈਂਟਾਂ ਦੇ ਹੈਡਜ਼ ਨੂੰ ਬੁਲਾ ਕੇ ਇਕ ਕਮੇਟੀ ਬਣਾ ਦਿੱਤੀ ਗਈ ਹੈ। ਇਸ ਸਬੰਧੀ ਸਾਰੇ ਫੈਸਲੇ ਇਹ ਕਮੇਟੀ ਹੁਣ ਕਰਿਆ ਕਰੇਗੀ ।

**ਸ਼੍ਰੀ ਰਮੇਸ਼ ਚੰਦਰ**: ਮਨਿਸਟਰ ਸਾਹਿਬ ਨੇ ਇੱਕ ਬੜੀ ਵੱਡੀ ਲਿਸਟ ਦਿੱਤੀ ਹੈ ਕਿ ਸਪੋਰਟਸ ਨੂੰ ਐਨਕਰੇਜ ਕਰਨ ਵਾਸਤੇ ਕੀ ਕੁਝ ਕਰ ਰਹੇ ਹਾਂ । ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਦੇ ਇਨ੍ਹਾਂ ਨੇ ਪੰਜਾਬ ਵਿਚ ਸਪੋਰਟਸ ਕਾਲਿਜ ਜਲੰਧਰ ਨੂੰ ਵਿਜ਼ਿਟ ਕੀਤਾ ਹੈ। ਉਹ ਕਾਲਜ ਖੰਡਰ ਬਣਿਆ ਹੋਇਆ ਹੈ। ਗਰਮੀਆਂ ਨੂੰ ਗਰਮੀ ਨੂੰ ਰੋਕਣ ਵਾਸਤੇ, ਸਰਦੀਆਂ ਨੂੰ ਸਰਦੀ ਰੋਕਣ ਵਾਸਤੇ ਔਰ ਬਰਸਾਤ ਵਿਚ ਬਰਸਾਤ ਤੋਂ ਰੋਕਣ ਵਾਸਤੇ ਉਥੇ ਕੋਈ ਇੰਤਜ਼ਾਮ ਨਹੀਂ ਹੈ ਕਿਉਂਕਿ ਉਸ ਕਾਲਜ ਦੀਆਂ ਛੱਤਾਂ ਚੋ ਰਹੀਆਂ ਹਨ ਔਰ ਉਥੇ ਲੜਕੇ ਸਲਮ ਵਿਚ ਰਹਿ ਰਹੇ ਹਨ। ਕੀ ਉਸ ਕਾਲਜ ਨੂੰ ਕਦੇ ਇਨ੍ਹਾਂ ਨੇ ਦੇਖਣ ਦੀ ਕ੍ਰਿਪਾ ਕੀਤੀ ਹੈ ਅਤੇ ਉਸ ਦੀ ਬਿਲਡਿੰਗ ਨੂੰ ਕਦੋਂ ਤਕ ਠੀਕ ਕਰਾਉਣ ਦਾ ਬੰਦੋਬਸਤ ਕਰਨਗੇ ? ਕੀ ਇਨ੍ਹਾਂ ਨੇ ਕਦੇ ਹਰਿਆਣਾ ਦਾ ਸਪੋਰਟਸ ਸਕੂਲ ਵੇਖਿਆ ਹੈ ਜੋ ਕਿ ਸਾਰੇ ਇੰਡੀਆ ਵਿਚ ਸਭ ਤੋਂ ਜ਼ਿਆਦਾ ਖੂਬ-ਸੂਰਤ ਹੈ ?

**ਰਾਜ ਮੰਤਰੀ** : ਬਾਰੇ ਇਸ ਦਾ ਇਸ ਸਵਾਲ ਨਾਲ ਕੋਈ ਸਬੰਧ ਨਹੀਂ ਹੈ, ਫਿਰ ਵੀ ਮੈਂ ਦਸਣਾ ਚਾਹੁੰਦਾ ਹਾਂ ਕਿ ਇਹ ਸਕੂਲ ਜੋ ਇਹ ਕਹਿ ਰਹੇ ਹਨ ਇਹ ਪਹਿਲਾਂ ਕਿਸੇ ਹੋਰ ਡਿਪਾਰਟਮੈਂਟ ਦੀ ਮਲਕੀਅਤ ਸੀ। ਹੁਣ ਐਜੂਕੇਸ਼ਨ ਡਿਪਾਰਟਮੈਂਟ ਨੂੰ ਬੁਲਾ ਕੇ ਉਨ੍ਹਾਂ ਨੂੰ ਕਹਿ ਦਿਤਾ ਹੈ ਅਤੇ ਉਮੀਦ ਹੈ ਕਿ ਹੁਣ ਉਥੇ ਦਾ ਪ੍ਰਬੰਧ ਠੀਕ ਹੋ ਜਾਏਗਾ ਔਰ ਨੁਕਸ ਦੂਰ ਕਰ ਦਿੱਤੇ ਜਾਣਗੇ ।

**ਕਾਮਰੇਡ ਸੰਪੂਰਣ ਸਿੰਘ ਧੌਲਾ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੇ ਇਹ ਖਿਡਾਰੀਆਂ ਨੂੰ ਉਤਸ਼ਾਹ ਦੇਣਾ ਚਾਹੁੰਦੇ ਹਨ ਤਾਂ ਕੀ ਇਹ ਉਨ੍ਹਾਂ ਨੂੰ ਸਰਕਾਰੀ ਨੌਕਰੀਆਂ ਵਿਚ ਰੱਖਣ ਲਈ ਪਹਿਲ ਦੇਣਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਕ ਪੰਜਾਬ ਸਟੇਟ ਸਪੋਰਟਸ ਕੌਂਸਲ ਹੈ ਜਿਸ ਦੇ ਪ੍ਰਧਾਨ ਮੁੱਖ ਮੰਤਰੀ ਹਨ ਅਤੇ ਇਸ ਤਰ੍ਹਾਂ ਉਨ੍ਹਾਂ ਖਿਡਾਰੀਆਂ ਨੂੰ ਨੌਕਰੀਆਂ ਵਿਚ ਪਹਿਲ ਦੇਣ ਲਈ ਇਕ ਸਬ-ਕਮੇਟੀ ਬਣਾਈ ਹੈ ਅਤੇ ਉਹ ਸਬ-ਕਮੇਟੀ ਜਲਦੀ ਫੈਸਲਾ ਕਰੇਗੀ ਕਿ ਕਿਸ ਕਿਸਮ ਦੇ ਖਿਡਾਰੀ ਨੂੰ ਕਿਸ ਡਿਪਾਰਟਮੈਂਟ ਵਿਚ ਰੱਖਣਾ ਹੈ ਤਾਕਿ ਉਹ ਖਿਡਾਰੀ ਬਾਹਿਰ ਨਾ ਜਾ ਸਕਣ । ਇਹ ਕੌਂਸਲ ਨੇ ਫੈਸਲਾ ਕਰਨਾ ਹੈ।

**ਵੈਦ ਕਰਤਾਰ ਸਿੰਘ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਕ ਖੇਡ ਆਰਗੇਨਾਈਜ਼ੇਸ਼ਨ ਬਣੀ ਸੀ ਜਿਸ ਦੇ ਪ੍ਰਧਾਨ ਪਹਿਲੇ ਸਿਹਤ

Original with;
Punjab Vidhan Sabha
Digitized by;
Panjab Digital Library

[ਵੈਦ ਕਰਤਾਰ ਸਿੰਘ]

ਮੰਤਰੀ ਸਰਦਾਰ ਬਲਬੀਰ ਸਿੰਘ ਸਨ । ਉਨ੍ਹਾਂ ਨੇ ਉਸ ਜਥੇਬੰਦੀ ਦਾ ਕਈ ਲੱਖ ਰੁਪਿਆ ਗਬਨ ਕੀਤਾ । ਕੀ ਉਹ ਗਬਨ ਕੀਤਾ ਰੁਪਿਆ ਕਢਾਉਣ ਦਾ ਕੋਈ ਇੰਤਜ਼ਾਮ ਕੀਤਾ ਹੈ ? ਜਿਥੇ 12 ਖਿਡਾਰੀ ਭੇਜਣੇ ਸੀ ਉਥੇ 6 ਭੇਜ ਦਿਤੇ ਗਏ । (ਵਿਘਨ) ਮੈਂ ਮਨਿਸਟਰ ਸਾਹਿਬ ਨੂੰ ਵੀ ਕਿਹਾ ਅਤੇ ਮੁੱਖ ਮੰਤਰੀ ਜੀ ਨੂੰ ਵੀ ਲਿਖਿਆ ਹੈ ਪਰ ਉਸ ਉਤੇ ਕੋਈ ਐਕਸ਼ਨ ਨਹੀਂ ਲੈ ਰਹੇ । ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਇਸ ਮਾਮਲੇ ਦੀ ਪੜਤਾਲ ਕਰਾਕੇ ਐਕਸ਼ਨ ਲੈਣਗੇ ?

**ਰਾਜ ਮੰਤਰੀ** : ਇਹ ਸਵਾਲ ਤਾਂ ਇਸ ਨਾਲ ਸਬੰਧਤ ਨਹੀਂ ਹੈ ਪਰ ਫਿਰ ਵੀ ਮੈਂ ਦੱਸ ਦੇਣਾ ਚਾਹੁੰਦਾ ਹਾਂ ਕਿ ਇਸ ਦੀ ਇਨਕੁਆਇਰੀ ਹੋ ਰਹੀ ਹੈ । ਇਕ ਚੀਜ਼ ਮੈਂ ਦੱਸ ਦੇਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਅਜਿਹੀਆਂ ਐਸੋਸੀਏਸ਼ਨਜ਼ ਹਨ ਇਹ ਬਿਲਕੁਲ ਇੰਡੀਪੈਂਡੈਂਟ ਬਾਡੀਜ਼ ਹਨ ਅਤੇ ਸਰਕਾਰ ਦਾ ਇਨ੍ਹਾਂ ਵਿਚ ਕੋਈ ਦਖਲ ਨਹੀਂ ਹੈ । ਸਰਕਾਰ ਇਨ੍ਹਾਂ ਵਿਚ ਦਖਲ ਨਹੀਂ ਦੇ ਸਕਦੀ ।

**ਸਰਦਾਰ ਕਿਰਪਾਲ ਸਿੰਘ** : ਅੰਮ੍ਰਿਤਸਰ ਵਿਚ ਮਿਉਂਸੀਪਲ ਕਮੇਟੀ ਨੇ ਬੜੀ ਵੈਲਿਯੂਏਬਲ ਲੈਂਡ ਐਜੂਕੇਸ਼ਨ ਡਿਪਾਰਟਮੈਂਟ ਨੂੰ ਦਿੱਤੀ ਸੀ ਕਿ ਉਹ ਸਪੋਰਟਸ ਕੰਪਲੈਕਸ ਬਣਾਉਣਗੇ। ਇਸ ਨੂੰ 10 ਸਾਲ ਹੋ ਗਏ ਹਨ ਉਹ ਜ਼ਮੀਨ ਟਰਾਂਸਫਰ ਹੋ ਗਈ ਹੈ ਉਨ੍ਹਾਂ ਨੂੰ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਮਨਿਸਟਰ ਸਾਹਿਬ ਉਸ ਸਪੋਰਟਸ ਕੰਪਲੈਕਸ ਵਿਚ ਕੋਈ ਕੰਟਰੀਬਿਊਟ ਕਰਨ ਲਈ ਤਿਆਰ ਹਨ ਇਸ ਪੁਆਇੰਟ ਆਫ ਵਿਊ ਤੋਂ ?

**ਰਾਜ ਮੰਤਰੀ** : ਇਹ ਪੁਰਾਣੀ ਗੱਲ ਹੈ, ਇਸ ਦੇ ਬਾਰੇ ਨੋਟਿਸ ਦੇ ਦਿਓ ਜਾਂ ਲਿਖ ਕੇ ਦੇ ਦਿਓ ।

**ਸਰਦਾਰ ਗੁਰਦੇਵ ਸਿੰਘ ਸ਼ਾਂਤ** : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦ ਪੱਤੋ ਹੀਰਾ ਸਿੰਘ ਵਜ਼ੀਰ ਸਾਹਿਬ ਗਏ ਸੀ ਤਾਂ ਉਥੇ ਉਹ ਸਪੋਰਟਸ ਵਿੰਗ ਬਣਾਉਣ ਦਾ ਐਲਾਨ ਕਰਕੇ ਆਏ ਸੀ ਪਰ ਉਹ ਅਜੇ ਤਕ ਨਹੀਂ ਬਣਿਆ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਹ ਕਦੋਂ ਤੱਕ ਬਣਾ ਦੇਣਗੇ ?

**ਰਾਜ ਮੰਤਰੀ** : ਇਹ ਐਜੂਕੇਸ਼ਨ ਡਿਪਾਰਟਮੈਂਟ ਨਾਲ ਸਬੰਧਤ ਹੈ, ਇਸ ਦਾ ਮੇਰੇ ਮਹਿਕਮੇ ਨਾਲ ਸਬੰਧ ਨਹੀਂ ਹੈ ।

**ਸ੍ਰੀ ਹਰਬੰਸ ਲਾਲ ਖੰਨਾ** : ਸਪੀਕਰ ਸਾਹਿਬ, ਕੀ ਮਨਿਸਟਰ ਸਾਹਿਬ ਦੱਸਣਗੇ ਕਿ ਸਪੋਰਟਸ ਨੇਸ਼ਨ ਦੀ ਬੜੀ ਵੱਡੀ ਆਤਮਾ ਹੈ ਪਰ ਅੰਮ੍ਰਿਤਸਰ ਵਿਚ ਜਾਂ ਇਹੋ ਜਿਹੇ ਹੋਰ ਸ਼ਹਿਰਾਂ ਵਿਚ ਕੋਈ ਐਸੀ ਗਰਾਊਂਡ ਨਹੀਂ ਹੈ, ਸਟੇਡੀਅਮ ਐਸੀ ਨਹੀਂ ਹੈ ਜਿਥੇ ਕਿ ਬੱਚੇ ਖੇਡ ਸਕਣ । ਇਸ ਲਈਂ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਹ ਅੰਮ੍ਰਿਤਸਰ ਵਿਚ ਕੋਈ ਸਪੋਰਟਸ ਸਟੇਡੀਅਮ ਬਣਾਉਣਗੇ ਜਾਂ ਐਸੀ ਗਰਾਊਂਡ ਦਾ ਇੰਤਜ਼ਾਮ ਕਰਨਗੇ ਜਿਥੇ ਕਿ ਬੱਚੇ ਜਾ ਕੇ ਖੇਡ ਸਕਣ ?

**ਰਾਜ ਮੰਤਰੀ** : ਇਸ ਦੇ ਉਤੇ ਵਿਚਾਰ ਕਰਾਂਗੇ ਪਰ ਫਿਰ ਵੀ ਮੈਂ ਦੱਸ ਦੇਣਾ ਚਾਹੁੰਦਾ ਹਾਂ ਕਿ ਸ਼ਹਿਰਾਂ ਵਿਚ ਸਟੇਡੀਅਮ ਹਨ ਅਤੇ ਜਿਥੇ ਕੋਈ ਘਾਟ ਹੈ, ਉਹ ਦੂਰ ਕਰਾਂਗੇ ।

**ਸਰਦਾਰ ਸਰੂਪ ਸਿੰਘ** : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਦਿਨਾਂ ਵਿਚ ਜਦੋਂ ਮਨਿਸਟਰ ਸਾਹਿਬ ਆਦਮਪੁਰ ਗਏ ਸੀ ਤਾਂ ਉਥੇ ਉਨ੍ਹਾਂ ਨੇ ਕਿਹਾ ਸੀ ਕਿ ਉਥੇ ਬੱਬਰ ਅਕਾਲੀ ਦੀ ਯਾਦ ਵਿਚ

Original with;
Punjab Vidhan Sabha
Digitized by;
Panjab Digital Library

ਸਪੋਰਟਸ ਵਿੰਗ ਬਣਾਉਣਗੇ ਅਤੇ ਕਿਹਾ ਸੀ ਕਿ ਇਸ ਸਾਲ ਬਣਾ ਦਿਆਂਗੇ ਪਰ ਉਹ ਬਣੀ ਨਹੀਂ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਹ ਕਦੋਂ ਤੱਕ ਬਣਾ ਦੇਣਗੇ ?

**ਰਾਜ ਮੰਤਰੀ** : ਮੈਂ ਇਹ ਤਾਂ ਨਹੀਂ ਕਿਹਾ ਕਿ ਇਸ ਸਾਲ ਬਣ ਜਾਵੇਗੀ ।

**ਸਰਦਾਰ ਸਰੂਪ ਸਿੰਘ** : ਇਨ੍ਹਾਂ ਨੇ ਕਿਹਾ ਸੀ ਕਿ ਇਸ ਸਾਲ ਵਿਚ ਬਣਾ ਦਿਆਂਗੇ ।

**ਰਾਜ ਮੰਤਰੀ** : ਮੈਂ ਕਿਹਾ ਸੀ ਕਿ ਬਣਾ ਦਿਆਂਗੇ ਅਤੇ ਜਿਸ ਵੇਲੇ ਸਾਡੇ ਕੋਲ ਫੰਡਜ਼ ਹੋਏ ਤਾਂ ਇਸ ਨੂੰ ਪਹਿਲ ਦਿਤੀ ਜਾਵੇਗੀ ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 847**

**ਸ੍ਰੀ ਸਪੀਕਰ** : ਸਵਾਲ ਨੰ: 847.

(ਇਸ ਸਮੇਂ ਸਬੰਧਤ ਮਾਨਯੋਗ ਮੈਂਬਰ ਆਪਣੀ ਸੀਟ ਤੇ ਨਹੀਂ ਸੀ ਬੈਠੇ ਅਤੇ ਕਿਸੇ ਦੂਸਰੀ ਸੀਟ ਤੇ ਬੈਠੇ ਸਨ ।)

**ਗਿਆਨੀ ਅਰਜਣ ਸਿੰਘ ਲਿੱਟ** : ਸਪੀਕਰ ਸਾਹਿਬ, ਦੋ ਸ਼ਾਰਟ ਨੋਟਿਸ ਕੁਐਸਚਨਜ਼ ਹਨ' ਉਹ ਲੈ ਲਵੋ । ਉਹ ਬਹੁਤ ਜ਼ਰੂਰੀ ਹਨ ।

**ਡਾਕਟਰ ਸਾਧੂ ਰਾਮ** : ਸਪੀਕਰ ਸਾਹਿਬ, ਮੇਰਾ ਸਵਾਲ ਨੰ: 847 ਰਹਿ ਗਿਆ ਹੈ ।

**ਸ੍ਰੀ ਸਪੀਕਰ** : ਮੈਂ ਤਾਂ ਤੁਹਾਨੂੰ ਕਾਲ ਅਪਾਨ ਕੀਤਾ ਸੀ ਪਰ ਤੁਸੀਂ ਆਪਣੀ ਸੀਟ ਤੇ ਨਹੀਂ ਸੀ ।

**ਡਾਕਟਰ ਸਾਧੂ ਰਾਮ** : ਹੁਣ ਕਰ ਲਵੋ ਜੀ ।

**ਸ੍ਰੀ ਸਪੀਕਰ** : ਨਹੀਂ ਜੀ ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 672**

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ ।)

---

## SHORT NOTICE QUESTIONS AND ANSWERS

### Rate of Cess levied on the purchase of Sugarcane

*873. **Sardar Beant Singh** (Put by Giani Arjan Singh Litt) : Will the Minister for Agriculture and Forests be pleased to state:—

(a) the rate of cess levied on the purchase of Sugarcane by Sugar Mills in the State during the years 1976-77 and 1977-78 ;

(b) the actual amount of cess recovered from various Sugar Mill during the last crushing seasons i.e. during the years 1976-77 and 1977-78 ?

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਵਿੰਦਰ ਸਿੰਘ ਭੂੰਦੜ :** (ੳ) 24.12 ਪੈਸੇ ਪ੍ਰਤੀ ਕਵਿੰਟਲ ।

(ਅ) (i) ਬਾਬਤ 1976–77 ; 1,46,015.03 ਰੁਪਏ (ii) ਬਾਬਤ 1977–78 : ਨਿਲ

**ਗਿਆਨੀ ਅਰਜਣ ਸਿੰਘ ਲਿੱਟ :** ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੇਨ ਸੈਸ ਮੁਆਫ ਕੀਤਾ ਹੈ ?

**ਮੰਤਰੀ :** ਇਸ ਸਰਕਾਰ ਨੇ ਤਾਂ ਕੋਈ ਕੇਨ ਸੈਸ ਮੁਆਫ ਨਹੀਂ ਕੀਤਾ । ਪਰ ਮੈਂ ਇਨ੍ਹਾਂ ਦੇ ਗਿਆਤ ਲਈ ਦੱਸ ਦੇਣਾ ਚਾਹੁੰਦਾ ਹਾਂ ਕਿ 1964 ਤੋਂ 1971 ਤੱਕ ਪਹਿਲੀ ਸਰਕਾਰ ਨੇ ਕੈਬਨਿਟ ਦੀ ਇਕ ਸਬ–ਕਮੇਟੀ ਬਣਾ ਕੇ 63 ਲੱਖ ਰੁਪਿਆ ਮੁਆਫ ਕੀਤਾ ਸੀ । ਪਰ ਹੁਣ ਅਸੀਂ ਜਿਨ੍ਹਾਂ ਪ੍ਰਾਈਵੇਟ ਮਿੱਲਾਂ ਤੇ ਸੈਸ ਲੱਗਾ ਹੈ ਉਨ੍ਹਾਂ ਕੋਲੋਂ ਉਗਰਾਹੁਣਾ ਸ਼ੁਰੂ ਕੀਤਾ ਹੈ ਜਿਹੜਾ ਕਿ ਧੂਰੀ ਦਾ 66 ਹਜ਼ਾਰ 15 ਰੁਪਏ ਹੈ, ਜੋ ਵਸੂਲ ਕੀਤਾ, ਫਗਵਾੜਾ ਦਾ 8 ਹਜ਼ਾਰ ਰੁਪਿਆ ਵਸੂਲ ਕੀਤਾ ਹੈ। ਬਾਕੀ ਕੋਆਪਰੇਟਿਵ ਡੀਪਾਰਟਮੈਂਟ ਤੋਂ, ਉਨ੍ਹਾਂ ਦੀਆਂ ਜੋ ਮਿਲਾਂ ਹਨ ਉਨ੍ਹਾਂ ਤੋਂ ਹਾਲੀ ਕਰਨਾ ਹੈ । ਉਸ ਦੇ ਲਈ ਨੋਟਿਸ ਵਗੈਰਾ ਦਿੱਤੇ ਹੋਏ ਹਨ ਅਤੇ ਜਲਦੀ ਹੀ ਵਸੂਲ ਕਰਾਂਗੇ ।

---

**Alleged Scandal for the supply of Furniture to the Cooperation Department.**

*852. **Chaudhri Bal Ram Jakhar** (Put by Shri Madan Mohan Mittal): Will the Minister for Co-operation be pleased to state:—

(a) whether he received any letter in the month of August, 1978 from M/S Doaba Gram Udyog Samiti (Regd.) Sahibzada Ajit Sing Nagar, District Ropar, regarding the alleged scandal of rupees seven lakhs in the supply of furniture to the Co-operation Department; if so, a copy thereof be laid on the table of House;

(b) the action so far taken against the persons involved in the said scandal?

**ਸਰਦਾਰ ਜਸਵਿੰਦਰ ਸਿੰਘ ਬਰਾੜ:** (ੳ) ਹਾਂ ਜੀ। ਪੱਤਰ ਦੀ ਇਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) ਮਾਮਲੇ ਦੀ ਪੜਤਾਲ ਕੀਤੀ ਜਾ ਰਹੀ ਹੈ।

DOABA GRAM UDYOG SAMITI (Regd.)

Sales Tax Exempted Registration No. 522

No. 403, phase 7, S. A. S. Nagar (Mohali), Distt. Ropar

Financed by : Punjab Khadi and Village Industries Board, Chandigarh

Ref. No...... Dated 5 Aug, 78.

URGENT

FINANCIAL MATTER SCANDAL Rs. 7 LACS

The Hon'ble Chief Minister of Punjab, Chandigarh.

Subject: Tenders for supply of Furniture called by Registrar, Cooperative Societies, Punjab, Chandigarh.

Dear Sir,

Ours societies is a registered institution under the Parliament Act of 1860 and financed by Punjab Khadi and Village Industries Board, Chandigarh.

Original with;
Punjab Vidhan Sabha
Digitized by;
Panjab Digital Library

We have tendered for the supply of furniture to 1366 primary and Lead Societies in the Co-op. Department, Punjab. Tenders were invited on 21.7.1976. We were the lowest as the second lowest's condition was to supply @ 1 % less than the lowest. We stand second lowest for one set comprising of two chairs, one Bench, One Rack and One Sales Counter.

Our rates for the above set was Rs. 1,685.

Negotiations for this work were held with all the tenderers on 22nd, 24th and onward by Co-op Deptt. Officers. The total value of the work works out to be Rs. 27 lacs Approx. and this was physically impossible for any individual agency to execute this work in a short period of 60 days. So the department officers were covinced of this fact.

After negotiations the department promised to inform us at an early date. To our utter surprise when we approached the department we were given a quite blank reply that our tenders have been rejected without giving any reasons and the work has been allotted to some other agencies at a much higher rate of Rs. 2,150 per set, that is involving an additional cost of Rs. 6½ lacs.

Respected sir, this is a clear case of bargain under the table and the State Exchequer has been robbed for Rs. 7 lacs by awarding the tender to the higher tenders. This may please be looked into immediately and the work be stepped without any further delay.

The lowest tender is also a State Co-op. society as such both the societies with most reasonable rates have been ignored and work has been allotted to private firm with much higher rates as they are capable of negotiating with the department officers under the table at the cost of State Exchequer.

We request you to kindly look into the matter and get the work allotted to the deserving candidates.

Thanking you,

Yours faithfully,

for Doaba Gram Udyog Samiti (Regd.)

(Sd.) President.

Copy to:—

1. Co-operative Minister, Punjab.
2. Secretary to Government, Punjab, Co-operative Department.
3. A.G., Punjab.
4. Registrar, Co-operative Societies, Punjab.
5. Director, Vigilance, Punjab.

**ਸ੍ਰੀ ਮਦਨ ਮੋਹਨ ਮਿੱਤਲ :** ਸਪੀਕਰ ਸਾਹਿਬ, ਮੇਰਾ ਸਪਲੀਮੈਂਟਰੀ ਇਹ ਹੈ ਕਿ 1366 ਪ੍ਰਾਈਮਰੀ ਸੋਸਾਇਟੀਆਂ ਸਨ । ਉਨ੍ਹਾਂ ਵਾਸਤੇ ਫਰਨੀਚਰ ਖਰੀਦਣ ਲਈ 21 ਜੁਲਾਈ, 1976 ਨੂੰ ਟੈਂਡਰ ਇਨਵਾਈਟ ਕੀਤਾ ਗਿਆ । ਲੋਐਸਟ ਟੈਂਡਰ ਜੋ ਹੈ ਉਹ ਦੁਆਬਾ ਗਰਾਮ ਉਦਯੋਗ ਸਮਿਤੀ, ਮੁਹਾਲੀ ਨੇ 1685 ਰੁਪਏ ਦਾ ਦਿੱਤਾ ਪਰ ਬਾਅਦ ਵਿਚ ਜਿਨ੍ਹਾਂ ਲੋਕਾਂ ਨੇ ਟੈਂਡਰ ਸਪਲਾਈ ਕੀਤਾ ਸੀ ਉਨ੍ਹਾਂ ਦੇ ਨਾਲ ਡੀਪਾਰਟਮੈਂਟ ਨੇ ਨੈਗੋਸ਼ੀਏਸ਼ਨ ਕਰਕੇ 2,150 ਰੁਪਏ ਵਾਲੇ ਤੋਂ ਟੋਟਲ ਫਰਨੀਚਰ ਖਰੀਦ ਲਿਆ ਅਤੇ ਜਿਸ ਕਰਕੇ 7 ਲੱਖ ਰੁਪਏ ਦਾ ਲਾਸ ਡੀਪਾਰਟਮੈਂਟ ਨੂੰ ਆਉਂਦਾ

Original with;
Punjab Vidhan Sabha
Digitized by;
Panjab Digital Library

[ਸ੍ਰੀ ਮਦਨ ਮੋਹਨ ਮਿੱਤਲ]

ਹੈ । ਮੈਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਇਹ 7 ਲੱਖ ਦਾ ਘਾਟਾ ਜੋ ਸਰਕਾਰ ਨੂੰ ਪੈ ਰਿਹਾ ਹੈ ਉਸ ਨੂੰ ਦੂਰ ਕਰਨ ਲਈ ਕੀ ਜਿਹੜਾ ਲੋਐਸਟ ਟੈਂਡਰ ਹੈ ਉਹ ਕਾਲ ਅਪੋਨ ਕਰਕੇ ਪ੍ਰਚੇਜ਼ ਕੀਤੀ ਜਾਵੇਗੀ ਅਤੇ ਨਾਲ ਹੀ ਜਿਹੜੇ ਲੋਕਾਂ ਨੇ ਇਸ ਦੇ ਵਿਚ ਘੱਪਲਾ ਕੀਤਾ ਹੈ ਉਨ੍ਹਾਂ ਦੇ ਅਗੇਂਸਟ ਕਾਰਵਾਈ ਕੀਤੀ ਜਾਵੇਗੀ ?

**ਮੰਤਰੀ :** ਸਪੀਕਰ ਸਾਹਿਬ, ਇਸ ਦੇ ਵਿਚ ਘੱਪਲਾ ਬਿਲਕੁਲ ਨਹੀਂ ਹੋਇਆ ਜੀ । ਅੱਡ ਅੱਡ ਮਹਿਕਮਿਆਂ ਦੇ ਅਫ਼ਸਰਾਂ ਦੀ ਇਕ ਕਮੇਟੀ ਬਣਾਈ ਹੋਈ ਹੈ ਇਨ੍ਹਾਂ 1,325 ਸੋਸਾਇਟੀਆਂ ਵਾਸਤੇ ਸਾਮਾਨ ਲੈਣ ਲਈ । ਇਸ ਕਮੇਟੀ ਵਿਚ ਮੈਂ ਦੱਸਣਾ ਚਾਹੁੰਦਾ ਹਾਂ ਕਿ ਰਜਿਸਟਰਾਰ ਮੈਂਬਰ ਹੈ, ਇਕ, ਕੋਅਪਰੇਟਿਵ ਸੋਸਾਇਟੀਆਂ ਦੇ ਜੋ ਚੇਅਰਮੈਨ ਹਨ ਉਹ ਮੈਂਬਰ ਹਨ । ਇਸੇ ਤਰ੍ਹਾਂ ਮੈਨੇਜਿੰਗ ਡਾਇਰੈਕਟਰ, ਕੰਸਟੋਫੈਡ, ਮੈਂਬਰ ਹੈ ਅਤੇ ਇਕ ਸੁਪਰਡੰਟ ਇੰਜੀਨੀਅਰ, ਪੰਚਾਇਤੀ ਰਾਜ ਡੀਪਾਰਟ-ਮੈਂਟ, ਪੰਜਾਬ, ਦਾ ਰਿਪ੍ਰੈਜ਼ੈਂਟੇਟਿਵ ਹੈ। ਇਹ 6-7 ਅਫ਼ਸਰਾਂ ਦੀ ਇਕ ਕਮੇਟੀ ਬਣੀ ਹੋਈ ਹੈ ਜਿਹੜੀ ਕਨਫਰਮ ਕਰਦੀ ਹੈ ਕਿ ਫਰਮ ਕਿੰਨੀ ਵਾਇਬਲ ਹੈ, ਕਿਨਾਂ ਚੰਗਾ ਮਾਲ ਦੇ ਸਕਦੀ ਹੈ, ਕਿੰਨਾ ਮਾਲ ਸਪਲਾਈ ਕਰ ਸਕਦੀ ਹੈ । ਉਸ ਦੇ ਬੇਸ ਤੇ ਮਾਲ ਖਰੀਦਿਆ ਹੈ ਅਤੇ ਉਸ ਦੇ ਮੁਤਾਬਿਕ ਫਰਮਾਂ ਨੇ ਵਾਜਿਬ ਰੇਟ ਤੇ ਸਾਮਾਨ ਦਿੱਤਾ ਹੈ । ਇਕ ਮੇਰੇ ਕੋਲ ਰਿਪ੍ਰੈਜ਼ੈਂਟੇਸ਼ਨ ਆਈ ਸੀ ਉਹ ਮੈਂ ਸਦਨ ਦੀ ਮੇਜ਼ ਤੇ ਰਖ ਦਿੱਤੀ ਹੈ ।

**ਸ੍ਰੀ ਮਦਨ ਮੋਹਨ ਮਿੱਤਲ :** ਸਪੀਕਰ ਸਾਹਿਬ, ਦੁਆਬਾ ਗਰਾਮ ਉਦਯੋਗ ਸੰਮਿਤੀ, ਮੋਹਾਲੀ ਦਾ 1,685 ਰੁਪਏ ਦਾ ਸਭ ਤੋਂ ਲੋਐਸਟ ਟੈਂਡਰ ਹੈ, ਇਸ ਦੇ ਬਾਰੇ ਮਨਿਸਟਰ ਸਾਹਿਬ ਨੇ ਜਵਾਬ ਨਹੀਂ ਦਿੱਤਾ । (ਵਿਘਨ) ਬਾਈ ਨੈਗੋਸ਼ੀਏਸ਼ਨ ਆਫਟਰ ਵਰਡ ਸਪਲਾਈ ਹੋਇਆ ਹੈ । ਇਸ ਫਰਮ ਦਾ ਰੇਟ ਸਭ ਤੋਂ ਘੱਟ ਹੈ । ਦੂਸਰੀ ਦਾ ਰੇਟ ਜ਼ਿਆਦਾ ਹੈ । ਦੋਨਾਂ ਦੀ ਪ੍ਰਾਈਸ ਦਾ ਇਤਨਾ ਮਾਰਜਿਨ ਹੈ, ਇਸ ਦੀ ਕੀ ਜਸਟੀਫੀਕੇਸ਼ਨ ਹੈ ਕੀ ਇਹ ਘੱਪਲਾ ਨਹੀਂ ਤਾਂ ਹੋਰ ਕੀ ਹੋ ਸਕਦਾ ਹੈ ?

**ਮੰਤਰੀ :** ਸਪੀਕਰ ਸਾਹਿਬ, ਇਸ ਦੀ ਜਸਟੀਫੀਕੇਸ਼ਨ ਇਹ ਹੈ ਕਿ ਕੋਈ 7-8 ਫਰਮਾਂ ਹੋਰ ਹਨ ਜਿਨ੍ਹਾਂ ਨੂੰ ਮੈਰਿਟ ਤੇ ਚੁਣਿਆ ਹੋਇਆ ਹੈ ਕਿਉਂਕਿ ਉਹ ਮਾਲ ਚੰਗਾ ਦਿੰਦੀਆਂ ਹਨ ਅਤੇ ਵਕਤ ਸਿਰ ਦਿੰਦੀਆਂ ਹਨ । ਜਦੋਂ ਟੈਂਡਰ ਮੰਗੇ ਗਏ ਤਾਂ ਨਵੀਆਂ ਫਰਮਾਂ ਨੇ ਵੀ ਅਪਲਾਈ ਕੀਤਾ ਅਤੇ ਇਸ ਫ਼ਰਮ ਨੇ ਵੀ ਅਪਲਾਈ ਕੀਤਾ । ਇਹ ਕੰਮ ਬਹੁਤ ਕਰਨਾ ਚਾਹੁੰਦੇ ਸੀ ਪਰ ਇਨ੍ਹਾਂ ਕੋਲ 7-8 ਵਰਕਰ ਕੰਮ ਕਰਦੇ ਹਨ । ਇਨ੍ਹਾਂ ਨੇ ਪਹਿਲਾਂ ਵੀ ਕੰਮ ਲੈਕੇ ਪੂਰਾ ਨਹੀਂ ਕੀਤਾ ਅਤੇ ਇਸ ਤਰ੍ਹਾਂ ਇਨ੍ਹਾਂ ਦੀਆਂ ਸਿਕਿਉਰਿਟੀਆਂ ਕਨਫੈਸਕੇਟ ਹੋਈਆਂ ਹਨ । ਮਾਲ ਵੀ ਪੂਰਾ ਸਪਲਾਈ ਨਹੀਂ ਕੀਤਾ ਅਤੇ ਜਿਹੜਾ ਕੀਤਾ ਹੈ ਉਹ ਵੀ ਸਬ-ਸਟੈਂਡਰਡ ਦਾ ਕੀਤਾ ਹੈ । ਜਿਹੜਾ ਮਾਲ ਵੀ ਠੀਕ ਸਪਲਾਈ ਨਾ ਹੋਵੇ, ਸਬ-ਸਟੈਂਡਰਡ ਹੋਵੇ ਅਤੇ ਉਨ੍ਹਾਂ ਕੋਲ ਵਰਕਰ ਵੀ ਘੱਟ ਹੋਣ ਜਿਸ ਕਰਕੇ ਮਾਲ ਵੀ ਵਕਤ ਸਿਰ ਨਾ ਮਿਲੇ ਤਾਂ ਦੱਸੋ ਕੀ ਕਰੀਏ । (ਵਿਘਨ)

## QUESTION OF PRIVILEGE

**Mr. Speaker :** I have received a notice of Privilege Motion from Sri A. Vishwanathan. It is in order. I allow him to move it.

**Sri. A. Vishwanathan :** Mr. Speaker, today there is again a News item published in many papers, including the Daily Tribune. It says:

"Mr. Mohinder Singh Gill, Former M. P. President of the Punjab Pradesh Congress Committee, said here today that the Punjab Vidhan Sabha

Original with;
Punjab Vidhan Sabha
Digitized by;
Panjab Digital Library

took a highly undemocratic step in suspending seven M. L. As. from the Assembly for the remaining term of the Session."

Further he said:—

It was for the first time in the history of the Punjab Assembly that the Government took such an extreme step in suppressing the voice of the Opposition and the people.... Mr. Gill said that suspension of legislators from the House had never taken place even during the Emergency........ Even Mr. Ravi Inder Singh, Speaker of Punjab Legislative Assembly, acted in partial, manner on this issue. This was unbecoming of a Speaker, Mr. Gill remarked.

Mr. Speaker, I read out my privilege motion.

I beg to move for permission to raise the issue of privilege against one Shri Mohinder Singh Gill, said to be President, Punjab Pradesh Congress (Splinter-I) who has in a statement published in the press to-day (16-9-78.) including the Tribune, cast uncharitable aspersions on the conduct of this House and especially made undignified and insulting remarks against the hon. Speaker by calling him partial.

I pray that the matter be referred to the Privilege Committee.

Now, Mr. Speaker, I have got May's Parliamentary Practice. On Page 148, it has been very clearly stated that the reflections on the character of the speaker and accusations of partiality in the discharge of his duty is supposed to be a breach of privilege. Then again they are misrepresenting about the proceedings or whatever was done here. Whatever was done in the House is in the knowledge of each member of this House and that also is being misrepresented. As in yesterday's Privilege Motion, I told that wilful mis-representation of the proceedings of the House is an offence. Mr. Speaker, there is one latest book by an Indian Author on India's Parliamentary Practice. This is by Kaul and Shakdher. This is the only book of its type as far as Indian conventions and precedents are concerned. Here on page 238 it is stated:

"SPEECHES OR WRITINGS REFLECTING ON THE HOUSE, ITS COMMITTEES OR MEMBERS.

It is a breach of privilege and contempt of the House to make speeches or to print or publish any libels reflecting on the character or proceedin gs the House or its committees, or on any member of the House for or relating to his character or conduct as a member of Parliament.

Approaching an outsider against any decision of the House is tantamount to a reflection on the decision of the House and consequently a contempt of the House. If a member is not satisfied with a decision of the House, the proper course for him is to move the House itself to rescind its decision.

Similarly, the House may not necessarily take serious notice of defamatory statements made by irresponsible persons. In deciding such cases of libel, it is recognized that the extent and circumstances of the publication of a libellous statement as also the standing of the person making such a statement should be taken into account in considering whether privilege should be asserted in a particular case."

Now the first thing is to see whether it is a reflection on the House and reflection on the character and impartiality of the Speaker in the discharge of his duties. About this, again a number of instances are cited.

Original with;
Punjab Vidhan Sabha
Digitized by;
Panjab Digital Library

[Sri A. Vishwanathan]

I say that the words of Mr. Gill that 'Mr. Ravi Inder Singh, Speaker of Punjab Legislative Assembly acted in a partial manner on this issue' are uncharitable, undemocratic, insulting and a breach of privilege of the House also. He is talking in the name of democracy but on the other hand he is attacking the only repository of democracy in the State. Another thing to which I woud like to refer is that in 1977 some Akali members who were in the Opposition at that time also boycotted the Session of this House but they were honest enough not to sign the Register and not to draw the allowances. But now these members, after they have boycotted the Session, are signing the register ....(*interruptions*)....

**Mr. Speaker :** This has no relevance to your Privilege Motion.

**Sri A. Vishwanathan :** I request that my privilege motion may be referred to the Privileges Committee. Thank you very much.

**Mr. Speaker :** Privilege Motion has been given by Sri A. Vishwanathan. Has any member objection to its being referred to the Committee of Privileges?

(*Voices : No objection*)

**Mr. Speaker:** The matter stands referred to the Committee of Privileges with a direction to make a report by 31st March, 1979.

Call Attention Notics. (*Interruption*)

**ਸਰਦਾਰ ਦਲੀਪ ਸਿੰਘ ਪਾਂਧੀ :** ਸਪੀਕਰ ਸਾਹਿਬ, ਮੇਰਾ ਇਕ ਸੁਆਲ ਸੀ, ਉਸ ਦਾ ਜਵਾਬ ਜਨਾਬ ਨੇ ਕਿਹਾ ਸੀ ਕਿ ਇਸੇ ਸੈਸ਼ਨ ਵਿਚ ਆ ਜਾਏਗਾ ........(ਵਿਘਨ)

**ਕਾਮਰੇਡ ਸਰਵਣ ਸਿੰਘ ਚੀਮਾ :** ** ** **

**ਸ੍ਰੀ ਸਪੀਕਰ :** ਚੀਮਾ ਸਾਹਿਬ, ਇਹ ਪੁਆਇੰਟ ਆਫ਼ ਆਰਡਰ ਨਹੀਂ ਹੈ। ਤੁਸੀਂ ਇਸ ਬਾਰੇ ਸੀ. ਐਮ. ਸਾਹਿਬ ਨੂੰ ਮਿਲ ਲਵੋ। (ਵਿਘਨ)

**ਕਾਮਰੇਡ ਸਰਵਣ ਸਿੰਘ ਚੀਮਾ :** ** ** **

**ਸ੍ਰੀ ਸਪੀਕਰ :** ਇਹ ਪੁਆਇੰਟ ਆਫ਼ ਆਰਡਰ ਨਹੀਂ ਹੈ। ਤੁਸੀ ਚੀਮਾ ਸਾਹਿਬ, ਮੇਰੇ ਚੈਂਬਰ ਵਿਚ ਆ ਜਾਓ, ਇਸ ਦਾ ਕੋਈ ਹੱਲ ਕੱਢ ਲਵਾਂਗੇ (ਵਿਘਨ)

**ਮਾਸਟਰ ਚੰਦ ਸਿੰਘ :** ਸਪੀਕਰ ਸਾਹਿਬ, ਮਸਲਾ ਹਾਊਸ ਵਿਚ ਆ ਗਿਆ ਹੈ, ਇਸ ਤੇ ਵਿਚਾਰ ਕਰਨ ਦੀ ਲੋੜ ਹੈ। (ਵਿਘਨ)

**ਸ੍ਰੀ ਸਪੀਕਰ :** ਜੇ ਕਰ ਤੁਸੀਂ ਚਾਹੋ ਤਾਂ ਤੁਸੀਂ ਵੀ ਇਨ੍ਹਾਂ ਨਾਲ ਦਫ਼ਤਰ ਵਿਚ ਆ ਜਾਣਾ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਰਦੇਵ ਸਿੰਘ ਬਾਦਲ** : ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। ਬਾਦਲ ਸਾਹਿਬ, ਤੁਸੀਂ ਤਸ਼ਰੀਫ਼ ਰਖੋ (ਵਿਘਨ)।

**ਸਰਦਰ ਗੁਰਦੇਵ ਸਿੰਘ ਬਾਦਲ** : ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

**ਸਰਦਾਰ ਸਰੂਪ ਸਿੰਘ** : ** ** **

**Mr. Speaker** : This is no point of order. ਜਿਹੜੇ ਤੁਹਾਡੇ ਸੈਂਟੀਮੈਂਟਸ ਹਨ ਉਹ ਗੌਰਮਿੰਟ ਦੇ ਥਰੂ ਵਜ਼ੀਰ ਸਾਹਿਬ ਤਕ ਪਹੁੰਚਾ ਦਿਤੇ ਜਾਣਗੇ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਨ੍ਹਾਂ ਨੇ ਕਿਹਾ ਸੀ ਕਿ ਜਦੋਂ ਰਿਪੋਰਟ ਆ ਗਈ ਤਾਂ ਅਸੀਂ ਸਦਨ ਦੀ ਮੇਜ਼ ਤੇ ਰੱਖ ਦਿਆਂਗੇ, ਕੀ ਉਹ ਰਿਪੋਰਟ ਅੱਜ ਹਾਊਸ ਦੀ ਮੇਜ਼ ਤੇ ਰੱਖਣਗੇ ? (ਵਿਘਨ)

**ਸ੍ਰੀ ਸਪੀਕਰ** : ਜੇਕਰ ਉਹ ਰਿਪੋਰਟ ਆ ਗਈ ਹੋਈ ਤਾਂ ਰਿਕੁਐਸਟ ਕਰਕੇ ਮੰਗਵਾ ਲਵਾਂਗੇ ਅਤੇ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਨੂੰ ਸਰਕੁਲੇਟ ਕਰ ਦਿਆਂਗੇ। ਹਾਲੇ ਤਾਂ ਹਾਊਸ ਸ਼ੁਰੂ ਹੋਇਆ ਹੈ, ਖ਼ਤਮ ਨਹੀਂ ਹੋਇਆ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਉਹ ਅਖ਼ਬਾਰਾਂ ਵਿਚ ਆ ਗਈ ਹੈ (ਵਿਘਨ)

**ਸ੍ਰੀ ਸਪੀਕਰ** : ਤੁਹਾਨੂੰ ਸਾਰਿਆਂ ਨੂੰ ਸਰਕੁਲੇਟ ਕੀਤੀ ਜਾਏਗੀ। We will take action.

**ਸਰਦਾਰ ਗੁਰਦੇਵ ਸਿੰਘ ਸ਼ਾਂਤ** : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਪੰਜਾਬੀ ਲਈ ਮਹਾਨ ਕੁਰਬਾਨੀਆਂ ਹੋਈਆਂ ਹਨ। ਪੰਜਾਬ ਦੇ ਸਦਨ ਵਿਚ ਇਹ ਗੱਲ ਬਾਰ ਬਾਰ ਦੋਹਰਾਈ ਗਈ ਹੈ ਕਿ ਸਾਰੇ ਮੈਂਬਰ ਸਾਹਿਬਾਨ ਪੰਜਾਬੀ ਵਿਚ ਬੋਲਣ। ਇਸ ਹਾਊਸ ਵਿਚ ਬਹੁਤ ਸਾਰੇ ਮੈਂਬਰ ਪੰਜਾਬੀ ਪੜ੍ਹੇ ਹੋਏ ਹਨ, ਅੰਗਰੇਜ਼ੀ ਨਹੀਂ ਜਾਣਦੇ, ਉਨ੍ਹਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਅਗਰ ਵਿਸ਼ਵਨਾਥਨ ਜੀ ਪੰਜਾਬੀ ਨਾ ਜਾਣਦੇ ਹੋਣ ਤਾਂ ਤੇ ਅੰਗਰੇਜ਼ੀ ਵਿਚ ਗੱਲ ਕਰਨ ਪਰ ਉਹ ਪੰਜਾਬੀ ਚੰਗੀ ਤਰ੍ਹਾਂ ਜਾਣਦੇ ਹਨ, ਪਰ ਬੋਲਦੇ ਨਹੀਂ। ਉਨ੍ਹਾਂ ਨੂੰ ਇਸ ਬਾਰੇ ਕਿਹਾ ਜਾਵੇ। (ਵਿਘਨ)

**ਸ੍ਰੀ ਸਪੀਕਰ** : ਮੈਂ ਤੁਹਾਡੇ ਜਜ਼ਬਾਤ ਨਾਲ ਸਹਿਮਤ ਹਾਂ। ਮੈਂ ਕਹਾਂਗਾ ਕਿ ਜਿੰਨੀ ਵੀ ਹੋ ਸਕੇ ਵੱਧ ਤੋਂ ਵੱਧ ਗੱਲ ਪੰਜਾਬੀ ਵਿਚ ਹੋਇਆ ਕਰੇ। (ਵਿਘਨ)

**ਸਰਦਾਰ ਸਰਦਾਰ ਸਿੰਘ ਕੋਹਲੀ** : ਸਪੀਕਰ ਸਾਹਿਬ, ਇਹ ਸਾਰੀਆਂ ਵੋਟਾਂ ਪੰਜਾਬੀਆਂ ਤੋਂ ਲੇਕੇ ਆਏ ਹਨ, ਇਨ੍ਹਾਂ ਨੂੰ ਪੰਜਾਬੀ ਬੋਲਣੀ ਚਾਹੀਦੀ ਹੈ। (ਵਿਘਨ)

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਕੋਹਲੀ ਸਾਹਿਬ, ਤੁਹਾਨੂੰ ਜਜ਼ਬਾਤ ਨੂੰ ਭੜਕਾਉਣ ਦੀ ਲੋੜ ਨਹੀਂ। (ਵਿਘਨ)

**ਸਰਦਾਰ ਸਰਦਾਰ ਸਿੰਘ ਕੋਹਲੀ** : ਸਪੀਕਰ ਸਾਹਿਬ, ਇਹ ਕਿਉਂ ਨਹੀਂ ਪੰਜਾਬੀ ਵਿਚ ਬੋਲਦੇ ? (ਵਿਘਨ)

**ਸ੍ਰੀ ਸਪੀਕਰ** : ਕੋਹਲੀ ਸਾਹਿਬ, ਹੁਣ ਬੈਠ ਜਾਓ (ਵਿਘਨ)

## CALL ATTENTION NOTICES UNDER RULE 66

(ਕ੍ਰਮ ਨੰ: 106)

1. **ਸਰਦਾਰ ਸਰਵਣ ਸਿੰਘ**
2. **ਕਾਮਰੇਡ ਹਰਬੰਸ ਸਿੰਘ ਬੀਕਾ**

: ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਰਾਹੋਂ ਤੋਂ ਲੈਕੇ ਫਿਲੌਰ ਤੱਕ ਸਤਲੁੱਜ ਦਰਿਆ ਦੇ ਬੰਧ ਵਿਚ ਕਈ ਥਾਂ ਤੇ ਪਾੜੇ ਪਏ ਹੋਏ ਹਨ। ਕਈ ਥਾਂ ਤੇ ਬੰਧ ਅਧੂਰਾ ਹੈ। ਨਵਾਂ ਸ਼ਹਿਰ ਸਬ-ਡਵੀਜ਼ਨ ਦੇ ਪਿੰਡ ਲਾਲੇਵਾਲ ਅਤੇ ਖੋਜੇ ਵਿਚਕਾਰ ਵੱਡਾ ਭਾਰੀ ਪਾੜਾ ਹੈ। ਇਸੇ ਤਰ੍ਹਾਂ ਫਿਲੌਰ ਸਬ-ਡਵੀਜ਼ਨ ਦੇ ਪਿੰਡ ਕੜਿਆਣਾਂ ਕੋਲ ਕਾਫੀ ਵੱਡਾ ਪਾੜਾ ਹੈ। ਜਿਨ੍ਹਾਂ ਦੇ ਕਾਰਣ ਦਰਜਨਾਂ ਪਿੰਡਾਂ ਦਾ ਮਾਲੀ ਨੁਕਸਾਨ ਹੋਇਆ ਹੈ। ਜੇ ਸਰਕਾਰ ਨੇ ਇਸ ਵਲ ਧਿਆਨ ਨਾ ਦਿੱਤਾ ਤਾਂ ਇਸ ਤੋਂ ਵੀ ਵੱਧ ਨੁਕਸਾਨ ਹੋਣ ਦਾ ਡਰ ਹੈ। ਸਰਕਾਰ ਇਸ ਸਬੰਧੀ ਸਦਨ ਵਿਚ ਬਿਆਨ ਦੇਵੇ।

**ਮੁੱਖ ਮੰਤਰੀ** (ਸਰਦਾਰ ਪ੍ਰਕਾਸ਼ ਸਿੰਘ ਬਾਦਲ) : ਖੋਜੇ ਪਿੰਡ ਦੇ ਨਜ਼ਦੀਕ 1-ਆਰ ਬੰਨ ਦੀ ਬੁਰਜੀ ਨੰ: 130 ਤੇ ਇਕ ਖੱਪਾ ਹੈ ਜਿਥੇ ਰਾਹੋਂ ਨਾਲਾ ਦਰਿਆ ਵਿਚ ਪੈਂਦਾ ਹੈ। ਇਹ ਰਾਹੋਂ ਨਾਲਾ ਮਲਕਪੁਰ ਚਰਨੋਂ ਤੋਂ ਚਾਲੂ ਹੁੰਦਾ ਹੈ ਅਤੇ ਰਾਹੋਂ ਮਾਛਿਵਾੜਾ ਸੜਕ ਨੂੰ ਪਾਰ ਕਰਦਾ ਹੈ। ਇਸ ਨਾਲੇ ਦੀ ਲੰਬਾਈ 10 ਮੀਲ ਹੈ ਅਤੇ ਇਹ ਇਕ ਪਾਸੇ ਦਰਿਆ ਤੋਂ ਅਤੇ ਦੂਜੇ ਪਾਸੇ ਦਰਿਆ ਦੇ ਬੰਨ੍ਹ ਦੇ ਦਰਮਿਆਨ ਵਿਚੋਂ ਚਲਦਾ ਹੈ। ਇਹ ਖੱਪਾ ਇਸ ਲਈ ਛੱਡਿਆ ਗਿਆ ਹੈ ਤਾਂ ਜੋ ਇਸ ਨਾਲੇ ਰਾਹੀਂ ਦਰਿਆ ਵਿਚ ਪਾਣੀ ਪੈ ਸਕੇ। ਇਸ ਵਿਚ ਕੋਈ ਸ਼ਕ ਨਹੀਂ ਕਿ ਜਦੋਂ ਦਰਿਆ ਵਿਚ ਬਹੁਤ ਜ਼ਿਆਦਾ ਹੜ੍ਹ ਹੁੰਦਾ ਹੈ ਤਾਂ ਪਿਛੇ ਦਾ ਪਾਣੀ ਇੱਕਠਾ ਹੋ ਜਾਂਦਾ ਹੈ ਪਰੰਤੂ ਫਸਲਾਂ ਦਾ ਜ਼ਿਆਦਾ ਨੁਕਸਾਨ ਨਹੀਂ ਹੁੰਦਾ। ਕਿਉਂ ਜੋ ਪਾਣੀ ਦਰਿਆ ਵਿਚ ਹੜ੍ਹ ਉਤਰਨ ਤੇ ਫਿਰ ਚਲਿਆ ਜਾਂਦਾ ਹੈ। ਪੈਸਿਆਂ ਦੀ ਕਮੀ ਕਾਰਨ ਇਸ ਨਾਲੇ ਤੇ ਅੱਜੇ ਕੋਈ ਰੇਗੂਲੇਟਰ ਲਗਾਉਣ ਬਾਰੇ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ।

ਦਰਿਆ ਸਤਲੁਜ ਤੇ ਤਿਰੰਗ ਡਰੇਨ ਦੇ ਆਊਟ ਫਾਲ ਲਈ ਰੱਖੇ ਗਏ ਖੱਪੇ ਰਾਹੀਂ ਪਾਣੀ ਨਿਕਲਣ ਨਾਲ ਪਿੰਡ ਕੜਿਆਣਾ ਦੀ ਵਾਹੀ ਯੋਗ ਭੂਮੀ ਵਿਚ ਹੜ੍ਹ ਆ ਗਿਆ ਸੀ। ਇਸ ਵਿਚ ਸ਼ੱਕ ਨਹੀਂ ਹੈ ਕਿ ਇਲਾਕੇ ਵਿਚ ਭਾਰੀ ਹੜ੍ਹਾਂ ਕਾਰਨ ਪਾਣੀ ਨਾਲ ਭਰ ਗਿਆ ਸੀ, ਪਰੰਤੂ ਜਦੋਂ ਹੀ ਦਰਿਆ ਉਤਰ ਗਿਆ ਪਿਛੋਂ ਦਾ ਪਾਣੀ ਦਰਿਆ ਵਿਚ ਚਲਾ ਗਿਆ। ਇਸ ਖੱਪੇ ਦੇ ਬੰਨ੍ਹ ਦੇ ਨਾਲ ਨਾਲ ਤਿਰੰਗ ਡਰੇਨ ਦੀ ਆਊਟ ਫਾਲ ਲਈ ਇਕ ਪੱਕਾ ਇਨਲੇਟ ਨੂੰ ਬਣਾਉਣ ਦੀ ਇਕ ਸਕੀਮ ਤਿਆਰ ਕੀਤੀ ਗਈ ਹੈ ਅਤੇ ਇਸ ਉਤੇ ਸਕੀਮ ਦੀ ਮਨਜ਼ੂਰੀ ਤੇ ਫੰਡਜ਼ ਦੀ ਪਰਾਪਤੀ ਹੋਣ ਤੇ ਹੀ ਕੰਮ ਕੀਤਾ ਜਾਵੇਗਾ।

Original with;
Punjab Vidhan Sabha
Digitized by;
Panjab Digital Library

**ਸਰਦਾਰ ਸਰਵਣ ਸਿੰਘ** : ਸਪੀਕਰ ਸਾਹਿਬ, ਮੈਂ ਆਪ ਦੀ ਮਾਰਫ਼ਤ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਥੇ ਜਿਹੜਾ ਪਾੜਾ ਛਡਿਆ ਗਿਆ ਹੈ, ਮੈਂ ਉਥੇ ਜਾਕੇ ਲੋਕਾਂ ਨੂੰ ਮਿਲਿਆ ਹਾਂ, ਉਨ੍ਹਾਂ ਨੇ ਵੀ ਇਹ ਦੱਸਿਆ ਹੈ ਅਤੇ ਸੀ. ਐਮ. ਸਾਹਿਬ ਨੂੰ ਵੀ ਕਿਹਾ ਹੈ ਕਿ ਜਦੋਂ ਸਤਲੁਜ ਦਰਿਆ ਦਾ ਪਾਣੀ ਚੜ੍ਹਦਾ ਹੈ ਤਾਂ ਉਸ ਦੇ ਨਾਲ ਪਿੰਡਾਂ ਦਾ ਨੁਕਸਾਨ ਨਹੀਂ ਹੁੰਦਾ ਲੇਕਿਨ ਇਸ ਦਫ਼ਾ ਉਨਾਂ ਪਿੰਡਾਂ ਦਾ ਬਹੁਤ ਨੁਕਸਾਨ ਹੋਇਆ ਹੈ । ਇਸ ਦੇ ਮੱਦੇ ਨਜ਼ਰ ਉਥੇ ਜਿਹੜਾ ਇਨਲੇਟ ਜਾਂ ਰੈਗੂਲੇਟਰ ਲਾਉਣਾ ਹੈ ਉਹ ਕਦੋਂ ਤਕ ਲਗਾ ਦੇਣਗੇ ਤਾਂ ਕਿ ਪਿੰਡਾਂ ਦਾ ਜਿਹੜਾ ਨੁਕਸਾਨ ਹੁਦਾ ਹੈ ਉਹ ਨਾ ਹੋ ਸਕੇ ?

**ਮੁੱਖ ਮੰਤਰੀ** : ਮੈਂ ਅੱਜ ਹੀ ਕਾਲ ਅਟੈਨਸ਼ਨ ਨੋਟਿਸ ਤੋਂ ਬਾਦ ਇਹ ਕਹਿ ਸਕਦਾ ਹਾਂ ਕਿ ਇਸ ਸਾਲ ਰੈਗੂਲੇਟਰ ਜ਼ਰੂਰ ਬਣਵਾ ਦਿਆਂਗੇ ।

**(Serial No. 135)**

**Sardar Chitwant Singh Kouhrian**: Sir, I beg to draw the attention of the Government towards a matter of urgent public importance, namely, that the unrest prevailing amongst the Engineering Sectional Officers of the Irrigation Department and indifferent attitude of the State Government in not acceding to their genuine demands of 50% promotion quota to the posts of S. D. Os., 35 per cent share to the Class II and Class I posts, confirmation in service of those who have put in three years' service and enhancement of T.A. limit to Rs. 200/- a month etc. Since the said officers may proceed on strike which is likely to paralyse the work created by floods, I would request the Minister concerned to make a statement in the House in this behalf during the current session of the Sabha.

**ਮੁੱਖ ਮੰਤਰੀ** (ਸਰਦਾਰ ਪ੍ਰਕਾਸ਼ ਸਿੰਘ ਬਾਦਲ) : ਭਾਗ ਅਫਸਰਾਂ ਦੀ ਮੰਗ, ਕਿ ਉਨ੍ਹਾਂ ਨੂੰ ਉਪ-ਮੰਡਲ ਅਫਸਰ ਦੇ ਔਹਦੇ ਦੀ ਤਰੱਕੀ ਦੇਣ ਦਾ ਕੋਟਾ 35% ਤੋਂ ਵਧਾ ਕੇ 50% ਕਰ ਦਿੱਤਾ ਜਾਵੇ, ਮਹਿਕਮੇ ਦੇ ਵਿਚਾਰ ਅਧੀਨ ਹੈ । ਪ੍ਰੰਤੂ ਇਹ ਦਸਣਾ ਯੋਗ ਹੋਵੇਗਾ ਕਿ ਭਾਗ ਅਫ਼ਸਰ ਕੇਵਲ ਡਿਪਲੋਮਾ ਹੋਲਡਰ ਹੀ ਹੁੰਦੇ ਹਨ ਜਿਸਦੇ ਫਲਸਰੂਪ ਉਹ ਪੇਚੀਦਾ ਡੀਜ਼ਾਈਨ, ਟੈਕਨੀਕਲ ਪਲੈਨਿੰਗ ਅਤੇ ਤਾਮੀਰੀ ਕੰਮ, ਜਿਨ੍ਹਾਂ ਲਈ ਉਚੇਰੇ ਇੰਜਨੀਅਰਿੰਗ ਗਿਆਨ ਦੀ ਲੋੜ ਹੈ, ਯੋਗਤਾ ਸਹਿਤ ਨਹੀਂ ਕਰ ਸਕਦੇ । ਇਸ ਲਈ ਜੇ ਡਿਗਰੀ ਹੋਲਡਰ ਇੰਜੀਨੀਅਰਾਂ ਦਾ ਕੋਟਾ ਘਟਾ ਦਿੱਤਾ ਜਾਏ ਤਾਂ ਕੋਈ ਪੇਚੀਦਾ ਤਕਨੀਕੀ ਕੰਮ ਯੋਗਤਾ ਸਹਿਤ ਹੋਣੇ ਅਸੰਭਵ ਹੋ ਜਾਣਗੇ ।

ਕਲਾਸ 1 ਦੀ ਤਰੱਕੀ ਪੀ. ਐਸ. ਈ. ਕਲਾਸ 1 (ਲੋਕ ਨਿਰਮਾਣ ਵਿਭਾਗ) ਸਿੰਜਾਈ ਸ਼ਾਖਾ ਨਿਯਮ, 1964 ਵਲੋਂ ਕੀਤੀ ਜਾਂਦੀ ਹੈ । ਇਨ੍ਹਾਂ ਮੌਜੂਦਾ ਨਿਯਮਾਂ ਅਧੀਨ ਕਾਇਮ-ਮੁਕਾਮ ਕਾਰਜਕਾਰੀ ਇੰਜੀਨੀਅਰਾਂ ਦੇ ਕੋਟੇ ਦਾ ਕੋਈ ਪ੍ਰੋਵੀਜ਼ਨ ਨਹੀਂ । ਫਿਰ ਵੀ, ਪੀ. ਐਸ. ਈ. ਕਲਾਸ 1(ਲੋਕ ਨਿਰਮਾਣ ਵਿਭਾਗ) ਸਿੰਜਾਈ ਸ਼ਾਖਾ ਨਿਯਮ, 1964 ਹੇਠ ਤਬਦੀਲੀ ਸਰਕਾਰ ਦੇ ਵਿਚਾਰ ਅਧੀਨ ਕਿ ਕਾਇਮ-ਮੁਕਾਮ ਕਾਰਜਕਾਰੀ ਇੰਜੀਨੀਅਰਾਂ ਦੀਆਂ ਪੋਸਟਾਂ ਦਾ ਵੇਰਵਾ ਤਿਆਰ ਕੀਤਾ ਜਾ ਸਕੇ, ਜਿਸ ਦੀ ਪ੍ਰਤੀਸ਼ਤਤਾ 65:35 ਟੈਮਪਰੇਰੀ ਇੰਜੀਨੀਅਰ/ਉਪ-ਮੰਡਲ ਅਫਸਰ ਹੋਵੇਗੀ ।

ਭਾਗ ਅਫਸਰਾਂ ਦੀ ਪੁਸ਼ਟੀ ਮਨਜ਼ੂਰ-ਸ਼ੁਦਾ ਕੇਡਰ ਦੇ ਅਨੁਸਾਰ ਹੁੰਦੀ ਹੈ ਨਾ ਕਿ ਉਨ੍ਹਾਂ ਦੀ ਕੁਲ ਸੇਵਾ ਦੇ ਆਧਾਰ ਤੇ । ਮਨਜ਼ੂਰ ਸ਼ੁਦਾ ਕੇਡਰ ਅਨੁਸਾਰ ਪਹਿਲਾਂ ਹੀ ਭਾਗ ਅਫਸਰਾਂ ਦੀ ਪੁਸ਼ਟੀ ਕਰ ਦਿੱਤੀ ਹੋਈ ਹੈ । ਇਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਭਾਗ ਅਫਸਰਾਂ ਦੇ ਕੇਡਰ ਨੂੰ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]
ਵਧਾਉਣ ਬਾਰੇ ਪੂਰੀ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਥੱਲੇ ਦੇ ਦਫਤਰਾਂ ਤੋਂ ਲੜੀਂਦੀ ਸੂਚਨਾ ਇੱਕਠੀ ਕੀਤੀ ਜਾ ਰਹੀ ਹੈ ।

ਰਾਸ਼ਨ ਟੀ.ਏ. ਲਿਮਿਟ ਵਧਾਉਣ ਬਾਰੇ ਮਾਮਲਾ ਪਹਿਲਾਂ ਹੀ ਸਰਕਾਰ ਦੇ ਵਿਚਾਰ ਅਧੀਨ ਹੈ ।

**ਸਰਦਾਰ ਚਿੱਤਵੰਤ ਸਿੰਘ ਕੋਹਰੀਆਂ** : ਸਪੀਕਰ ਸਾਹਿਬ, ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇੱਕ ਓਵਰਸੀਅਰ ਭਰਤੀ ਹੋਣ ਤੋਂ ਬਾਅਦ 20-25 ਸਾਲ ਨੌਕਰੀ ਕਰਦਾ ਹੈ । ਉਸਨੂੰ ਇਤਨਾ ਤਜਰਬਾ ਹੋ ਜਾਂਦਾ ਹੈ ਪਰ ਉਸ ਕੋਲ ਜਿਹੜੀ ਕੁਆਲੀਫਿਕੇਸ਼ਨ ਬੀ. ਐਸ. ਸੀ. ਇੰਜੀਨੀਅਰਿੰਗ ਦੀ ਹੈ, ਉਸਦੀ ਘਾਟ ਹੀ ਕੇਵਲ ਹੁੰਦੀ ਹੈ । ਇਸ ਲਈ ਤਜਰਬੇ ਦੀ ਬਿਨਾ ਤੇ ਉਸਨੂੰ ਪ੍ਰਮੋਟ ਕੀਤਾ ਜਾਵੇ । ਹਰ ਪ੍ਰਾਜੈਕਟ ਦੀ ਨੀਂਹ ਉਹ ਰਖਦੇ ਹਨ । ਪੁੱਲਾਂ ਦੇ ਥੱਲੇ ਉਹ ਮਰਦੇ ਹਨ। ਪਹਾੜ ਉਹ ਚੜ੍ਹਦੇ ਹਨ, ਨਹਿਰਾਂ ਵਿੱਚ ਉਹ ਡੁੱਬਦੇ ਹਨ । ਉਹ ਸਭ ਤੋਂ ਜ਼ਿਆਦਾ ਕੰਮ ਕਰਦਾ ਹੈ । ਇਸ ਲਈ ਸਰਕਾਰ ਦਾ ਉਨ੍ਹਾਂ ਪ੍ਰਤੀ ਸਿੰਪੇਥੈਟਿਕ ਐਟੀ-ਚਿਊਡ ਹੋਣਾ ਚਾਹੀਦਾ ਹੈ । ਮੁਰਾਰਜੀ ਦੇਸਾਈ ਨੇ ਵੀ ਐਡਮਨਿਸਟਰੇਟਿਵ ਰਿਫਾਰਮਜ਼ ਕਮੇਟੀ ਨੂੰ ਇਨ੍ਹਾਂ ਲਈ 50% ਕੋਟਾ ਰਿਕਮੈਂਡ ਕੀਤਾ ਸੀ । ਕੈਰੋਂ ਸਾਹਿਬ ਨੇ ਵੀ ਇਨ੍ਹਾਂ ਲਈ 50% ਕੋਟਾ ਰਿਕਮੈਂਡ ਕੀਤਾ ਸੀ । ਪ੍ਰੰਤੂ ਸੈਕਰੇਟੇਰੀਅਟ ਵਾਲੇ ਇਨ੍ਹਾਂ ਨੂੰ ਸਿਰੇ ਚੜਨ ਹੀ ਨਹੀਂ ਦਿੰਦੇ । ਸਪੀਕਰ ਸਾਹਿਬ, ਗੁਸਾ ਨਾ ਕਰਨਾ, ਇਰੀਗੇਸ਼ਨ ਡਿਪਾਰਟਮੈਂਟ ਤਾਂ ਭਾਈਆਂ ਅਤੇ ਜਵਾਈਆਂ ਦਾ ਹੈ । 25 ਸਾਲ ਉਹ ਨੌਕਰੀ ਕਰੇ ਫਿਰ ਉਸਦਾ ਇਮਤਿਹਾਨ ਲਿਆ ਜਾਂਦਾ ਹੈ ਤਾਕਿ ਉਹ ਪ੍ਰਮੋਸ਼ਨ ਕੋਟੇ ਵਿੱਚ ਨਾ ਆ ਜਾਵੇ । ਇਹ ਬਹੁਤ ਵੱਡਾ ਵਿੱਤਕਰਾ ਹੈ । ਇਸ ਪਾਸੇ ਮੁੱਖ ਮੰਤਰੀ ਸਾਹਿਬ ਖਾਸ ਧਿਆਨ ਦੇਣ ਅਤੇ ਇਹ ਮਸਲਾ ਹੱਲ ਹੋਣਾ ਚਾਹੀਦਾ ਹੈ । ਫਿਰ ਸਪੀਕਰ ਸਾਹਿਬ, ਉਨ੍ਹਾਂ ਨੂੰ 15, 15 ਸਾਲ ਆਫੀਸ਼ਿਏਟਿੰਗ ਕਪੈਸਿਟੀ ਵਿਚ ਰਖਿਆ ਜਾਂਦਾ ਹੈ । ਕੋਈ ਸਰਕਾਰ ਨੂੰ ਫਾਈਨਾਂਸ਼ਲ ਲਾਸ ਨਹੀਂ, ਫਿਰ ਇਨ੍ਹਾਂ ਨੂੰ ਕਨਫਰਮ ਕਿਉਂ ਨਹੀਂ ਕੀਤਾ ਜਾਂਦਾ। ਹਰ ਵੇਲੇ ਉਨ੍ਹਾਂ ਦੇ ਸਿਰ ਤੇ ਇਹ ਅਨਸਰਟੇਨਟੀ ਦੀ ਤਲਵਾਰ ਲਟਕਦੀ ਰਹਿੰਦੀ ਹੈ । ਸਪੀਕਰ ਸਾਹਿਬ, ਇਨ੍ਹਾਂ ਦੀ ਇੱਕ ਹੋਰ ਮੰਗ ਹੈ ਕਿ ਇਨ੍ਹਾਂ ਦਾ ਡੈਜ਼ਿਗਨੇਸ਼ਨ ਬਦਲ ਦਿੱਤਾ ਜਾਵੇ। ਇਸ ਵਿਚ ਸਰਕਾਰ ਦਾ ਕੁਝ ਨਹੀਂ ਲਗਦਾ । ਜਿਸ ਤਰ੍ਹਾਂ ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਿੱਚ ਇਨ੍ਹਾਂ ਦਾ ਡੈਜ਼ਿਗਨੇਸ਼ਨ ਉਨ੍ਹਾਂ ਨੇ ਜੂਨੀਅਰ ਇੰਜੀਨੀਅਰ ਕਰ ਦਿੱਤਾ ਹੈ ਉਸ ਤਰ੍ਹਾਂ ਇਨ੍ਹਾਂ ਦਾ ਵੀ ਕਰ ਦਿੱਤਾ ਜਾਵੇ। ਮੇਰੀ ਚੀਫ ਮਨਿਸਟਰ ਸਾਹਿਬ ਨੂੰ ਤੁਹਾਡੇ ਰਾਹੀਂ ਇਹ ਬੇਨਤੀ ਹੈ ਕਿ ਉਨ੍ਹਾਂ ਦੀਆਂ ਗੱਲਾਂ ਉਨ੍ਹਾਂ ਨੂੰ ਇੱਕਲੇ ਬੁਲਾ ਕੇ ਸੁਣ ਲੈਣ ਅਤੇ ਇਹ ਸਾਰਾ ਮਾਮਲਾ ਹੱਲ ਕਰ ਦੇਣ ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਅੱਗੇ ਵੀ ਉਨ੍ਹਾਂ ਨੂੰ ਮਿਲਿਆ ਹਾਂ । ਉਨ੍ਹਾਂ ਦੇ ਡੈਪੂਟੇਸ਼ਨ ਨੂੰ ਵੀ ਮਿਲਿਆ ਹਾਂ । ਹੁਣ ਵੀ ਹਰ ਵੇਲੇ ਮੇਰੇ ਦਰਵਾਜ਼ੇ, ਕੋਈ ਵੀ ਡੈਪੂਟੇਸ਼ਨ ਲੈਕੇ ਆਵੇ, ਖੁਲੇ ਹਨ। ਮੈਂ ਉਨ੍ਹਾਂ ਨੂੰ ਸਮਾਂ ਜ਼ਰੂਰ ਦਿੰਦਾ ਹਾਂ । ਸਪੀਕਰ ਸਾਹਿਬ, ਲੇਕਿਨ ਇਸ ਸਬੰਧ ਵਿੱਚ ਮੈਂ ਇਕ ਗੱਲ ਦਸਣਾ ਚਾਹੁੰਦਾ ਹਾਂ ਕਿ ਜਿੱਥੇ ਤਜ਼ਰਬਾ ਬਹੁਤ ਜ਼ਰੂਰੀ ਹੈ, ਉਥੇ ਟੈਕਨੀਕਲ ਨਾਲਜ ਵੀ ਬਹੁਤ ਜ਼ਰੂਰੀ ਹੈ । ਇਸ ਲਈ ਇਹ ਸਾਰਾ ਕੁੱਝ ਦੇਖਦੇ ਹੋਏ, ਜੋ ਸਹੀ ਇਨਸਾਫ ਹੋਵੇਗਾ, ਉਹ ਜ਼ਰੂਰ ਕੀਤਾ ਜਾਵੇਗਾ ।

Original with;
Punjab Vidhan Sabha
Digitized by;
Panjab Digital Library

(ਕ੍ਰਮ ਨੰ: 137)

**ਸਰਦਾਰ ਬਲਦੇਵ ਸਿੰਘ ਮਾਨ**: ਸਪੀਕਰ ਸਾਹਿਬ, ਜੇ ਤੁਸੀਂ ਇਜਾਜ਼ਤ ਦਿਓ ਤਾਂ ਮੈਂ ਇਸ ਕਾਲ ਅਟੈਨਸ਼ਨ ਨੋਟਿਸ ਨੂੰ ਪੰਜਾਬੀ ਵਿੱਚ ਪੜ੍ਹ ਦਿਆਂ।

**ਸ੍ਰੀ ਸਪੀਕਰ** : ਠੀਕ ਹੈ, ਪੜ੍ਹ ਦਿਓ।

1. **ਸਰਦਾਰ ਬਲਦੇਵ ਸਿੰਘ ਮਾਨ**
2. **ਸਰਦਾਰ ਚਰਨਜੀਤ ਸਿੰਘ**
3. **ਸਰਦਾਰ ਦਲੀਪ ਸਿੰਘ ਪਾਂਧੀ**

: ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਤਕਰੀਬਨ ਪੰਜ ਸਾਲ ਪਹਿਲਾਂ ਇੱਕ ਮਸ਼ਹੂਰ ਕਮਿਉਨਿਸਟ ਨੇਤਾ, ਜੋ ਕਿ ਸਾਬਕਾ ਮੁੱਖ ਮੰਤਰੀ ਦਾ ਰਿਸ਼ਤੇਦਾਰ ਹੈ ਅਤੇ ਜੋ ਪਿੰਡ ਫੂਲ, ਜ਼ਿਲ੍ਹਾ ਬਠਿੰਡੇ ਦਾ ਰਹਿਣ ਵਾਲਾ ਹੈ, ਨੇ ਆਪਣੇ ਨਾਂ ਇੱਕ ਸਰਦਾਰ ਬਾਬੂ ਸਿੰਘ ਪੁੱਤਰ ਜੀਤ ਸਿੰਘ, ਹਰੀਜਨ, ਜੋ ਕਿ ਉਸੇ ਹੀ ਪਿੰਡ ਦਾ ਰਹਿਣ ਵਾਲਾ ਹੈ, ਦੀ ਜ਼ਮੀਨ ਬੜੇ ਗਲਤ ਤਰੀਕੇ ਨਾਲ ਅਤੇ ਦੁਖਦਾਈ ਤਰੀਕੇ ਨਾਲ ਆਪਣੇ ਨਾਂ ਕਰਾ ਲਈ। ਇਹ ਦੁਖਿਆ ਹੋਇਆ ਹਰੀਜਨ ਅਦਾਲਤਾਂ ਵਿੱਚ ਗਿਆ। ਉਸ ਸਮੇਂ ਦੀ ਸਰਕਾਰ ਨੇ ਉਸ ਨੂੰ ਹੈਰਾਸ ਕੀਤਾ ਅਤੇ ਪ੍ਰੈਸ਼ਰਾਈਜ਼ ਕੀਤਾ। ਉਸ ਨੂੰ ਇਹ ਵੀ ਕਿਹਾ ਗਿਆ ਕਿ ਇਹ ਜ਼ਮੀਨ ਉਸ ਨੂੰ ਵਾਪਸ ਕਰ ਦਿੱਤੀ ਜਾਵੇਗੀ ਪਰ ਇਹ ਵਾਅਦਾ ਵੀ ਅਜੇ ਤਕ ਪੂਰਾ ਨਹੀਂ ਕੀਤਾ ਗਿਆ। ਉਸ ਦੁਖੀਏ ਨੇ ਇਹ ਮੰਗ ਕੀਤੀ ਕਿ ਉਸ ਕਮਿਊਨਿਸਟ ਲੀਡਰ ਦੇ ਖਿਲਾਫ ਧੋਖੇ ਅਤੇ ਫਰਾਡ ਦਾ ਕੇਸ ਰਜਿਸਟਰ ਕੀਤਾ ਜਾਵੇ, ਪਰ ਉਸ ਨੂੰ ਕੋਈ ਸਫਲਤਾ ਨਹੀਂ ਹਾਸਲ ਹੋ ਸਕੀ।

ਹੁਣ ਮੌਜੂਦਾ ਅਕਾਲੀ-ਜਨਤਾ ਸਰਕਾਰ ਕੋਲ ਗਰੀਬ ਹਰੀਜਨ ਯੂਨੀਅਨਾਂ ਨੇ ਮੁੜ ਕੇ ਇਹ ਮਾਮਲਾ ਖੋਲ੍ਹਣ ਅਤੇ ਉਸ ਦੋਸ਼ੀ ਨੂੰ ਪ੍ਰਾਸੀਕਿਊਟ ਕਰਨ ਦੀ ਮੰਗ ਕੀਤੀ ਹੈ ਅਤੇ ਇਸ ਕੇਸ ਵਿੱਚ ਰਿਸਪਾਂਸੇਬਿਲਿਟੀ ਫਿਕਸ ਕਰਨ ਦੀ ਵੀ ਮੰਗ ਕੀਤੀ ਹੈ। ਬਾਰ ਬਾਰ ਬੇਨਤੀ ਕਰਨ ਤੋਂ ਬਾਅਦ ਵੀ ਸਬੰਧਤ ਮਹਿਕਮੇ ਦੇ ਅਫ਼ਸਰਾਂ ਵਲੋਂ ਕੋਈ ਐਕਸ਼ਨ ਨਹੀਂ ਲਿਆ। ਇਸ ਲਈ ਇਹ ਮਾਮਲਾ ਸਰਕਾਰ ਵਲੋਂ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ ਜਦੋਂ ਕਿ ਇਸ ਦੇ ਕਾਰਣ ਇਲਾਕੇ ਵਿੱਚ ਬੜੀ ਬੇਚੈਨੀ ਅਤੇ ਅਸੰਤੋਸ਼ ਹੈ।

**ਮਾਲ ਮੰਤਰੀ** (ਜੱਥੇਦਾਰ ਜੀਵਨ ਸਿੰਘ ਉਮਰਾਨੰਗਲ) : ਸਪੀਕਰ ਸਾਹਿਬ, ਇਹ ਬੜੇ ਸ਼ਾਰਟ ਨੋਟਿਸ ਤੇ ਆਈ ਸੀ। ਜ਼ਿਲ੍ਹਾ ਪੱਧਰ ਤੋਂ ਇਨਫਰਮੇਸ਼ਨ ਮੰਗਾਉਣੀ ਸੀ। ਸਟੇਟ ਲੈਵਲ ਤੇ ਕੋਈ ਇਤਲਾਹ ਨਹੀਂ ਮਿਲੀ।

**ਸ੍ਰੀ ਸਪੀਕਰ** : ਕਾਲ ਅਟੈਨਸ਼ਨ ਨੋਟਿਸ ਵਿਚ ਕੋਈ ਐਸਾ ਪ੍ਰੋਵੀਜ਼ਨ ਨਹੀਂ ਹੈ।

**ਮਾਲ ਮੰਤਰੀ**: ਫਿਰ ਵੀ, ਸਪੀਕਰ ਸਾਹਿਬ, ਮੈਂ 5 ਅਕਤੂਬਰ ਨੂੰ ਉਥੇ ਜਾਵਾਂਗਾ ਅਤੇ ਸਾਰਾ ਕੇਸ ਮੰਗਵਾ ਕੇ ਫੈਸਲਾ ਕਰਵਾ ਦਿਆਂਗਾ। ਜੇ ਕਿਸੇ ਦੇ ਖਿਲਾਫ ਕੋਈ ਐਸੀ ਚੀਜ਼ ਪਾਈ ਗਈ ਤਾਂ ਉਸਦਾ ਕੋਈ ਲਿਹਾਜ਼ ਨਹੀਂ ਕੀਤਾ ਜਾਵੇਗਾ।

**ਸਰਦਾਰ ਬਲਦੇਵ ਸਿੰਘ ਮਾਨ**: ਸਪੀਕਰ ਸਾਹਿਬ, ਇਹ ਮਾਮਲਾ ਬੜਾ ਸੰਗੀਨ ਹੈ। ** **

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਤੁਸੀਂ ਕਿਸੇ ਮੈਂਬਰ ਤੇ ਐਸਪਰਸ਼ਨ ਨਹੀਂ ਕਰ ਸਕਦੇ । ਇਹ ਐਕਸਪੰਜ ਕਰ ਦਿੱਤਾ ਜਾਵੇ ।

**ਸਰਦਾਰ ਬਲਦੇਵ ਸਿੰਘ ਮਾਨ** : ਸਪੀਕਰ ਸਾਹਿਬ, ਕੀ ਮੰਤਰੀ ਸਾਹਿਬ ਇਸ ਗੱਲ ਦਾ ਯਕੀਨ ਦਿਵਾਉਣਗੇ ਕਿ ਜੇ ਉਸਦੇ ਖਿਲਾਫ ਇਹ ਚੀਜ਼ ਸਾਬਤ ਹੋ ਜਾਵੇ ਤਾਂ ਕੀ ਉਸਦੇ ਖਿਲਾਫ ਧੋਖੇ ਦਾ ਕੇਸ ਰਜਿਸਟਰ ਕਰਾਉਣਗੇ ਤਾਂ ਕਿ ਲੋਕਾਂ ਦੇ ਸਾਹਮਣੇ ਅਸੀਂ ਇਨ੍ਹਾਂ ਦੀ ਨਕਾਬਪੋਸ਼ੀ ਕਰ ਸਕੀਏ ?

**ਮਾਲ ਮੰਤਰੀ** : ਸਪੀਕਰ ਸਾਹਿਬ, ਕਾਨੂੰਨ ਦੇ ਹੱਥ ਬਹੁਤ ਲੰਮੇ ਹੁੰਦੇ ਹਨ। ਕਿਸੇ ਦੇ ਖਿਲਾਫ ਜੇ ਕੁਝ ਸਾਬਤ ਹੋਇਆ ਤਾਂ ਕੋਈ ਲਿਹਾਜ਼ ਨਹੀਂ ਕੀਤਾ ਜਾਵੇਗਾ ਅਤੇ ਐਕਸ਼ਨ ਲਿਆਂ ਜਾਵੇਗਾ ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਪ੍ਰੋਸੀਜਰ ਇਹ ਹੈ ਕਿ ਕਾਲ ਅਟੈਨਸ਼ਨ ਮੋਸ਼ਨ ਦਾ ਜਵਾਬ ਭਾਵੇਂ ਵਲਾਇਤ ਤੋਂ ਵੀ ਆਉਣਾ ਹੋਵੇ, ਤਾਂ ਵੀ ਦੇਣਾ ਚਾਹੀਦਾ ਹੈ. ।

**ਸ੍ਰੀ ਸਪੀਕਰ** : ਇਨ੍ਹਾਂ ਨੇ ਜਵਾਬ ਤਾਂ ਦੇ ਦਿੱਤਾ ਹੈ । ਤੁਸੀਂ ਆਪਣੀ ਸਪਲੀਮੈਂਟਰੀ ਕਰੋ ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਇਹ ਬਠਿੰਡਾ ਜ਼ਿਲ੍ਹਾ ਪੰਜਾਬ ਵਿਚ ਹੀ ਹੈ । ਇਹ ਇਨਫਰਮੇਸ਼ਨ ਆ ਸਕਦੀ ਹੈ । ਜਨਾਬ ਨੇ ਇਹ ਅੱਜ ਲਈ ਫਿਕਸ ਕੀਤੀ ਹੋਈ ਹੈ ਪਰ ਇਨ੍ਹਾਂ ਨੇ ਪਰਾਪਰ ਜਵਾਬ ਨਹੀਂ ਦਿੱਤਾ । ਜਨਰਲ ਪਾਲਿਸੀ ਦਾ ਆਸ਼ਵਾਸਨ ਦੇ ਦਿੱਤਾ ਹੈ ।

ਸਪੀਕਰ ਸਾਹਿਬ, ਕਈ ਵਾਰੀ ਮਾਮਲਾ ਸਬਜੁਡਿਸ ਹੁੰਦਾ ਹੈ, ਲੋਕ ਕੋਰਟ ਵਿੱਚ ਕੇਸ ਕਰ ਦਿੰਦੇ ਹਨ। ਜਿਸ ਅਫਸਰ ਦੀ ਅਣਗਹਿਲੀ ਹੋਈ ਹੈ, ਜਿਸਨੇ ਕੋਤਾਹੀ ਕੀਤੀ ਹੈ ਅਤੇ ਫਰਾਡ ਦਾ ਕੇਸ ਰਜਿਸਟਰ ਨਹੀਂ ਕੀਤਾ ਜਦੋਂ ਕਿ ਕਾਨੂੰਨ ਦੀਆਂ ਨਜ਼ਰਾਂ ਵਿੱਚ ਇਹ ਕਰਾਉਣਾ ਚਾਹੀਦਾ ਸੀ । ਕੀ ਇਨ੍ਹਾਂ ਸਾਰੀਆਂ ਗੱਲਾਂ ਨੂੰ ਮੁਖ ਰੱਖ ਕੇ ਸਖ਼ਤੀ ਨਾਲ ਕਾਰਵਾਈ ਕਰਕੇ ਵਜ਼ੀਰ ਸਾਹਿਬ ਉਸ ਗਰੀਬ ਹਰੀਜਨ ਦਾ ਕਬਜ਼ਾ ਖਾਲੀ ਕਰਵਾ ਕੇ ਉਸ ਨੂੰ ਜ਼ਮੀਨ ਦਿਵਾਉਣਗੇ ?

**ਮਾਲ ਮੰਤਰੀ** : ਸਪੀਕਰ ਸਾਹਿਬ, ਮੈਂ ਜਵਾਬ ਦੇ ਦਿੱਤਾ ਹੈ । ਮੈਂ 5 ਤਾਰੀਖ ਨੂੰ ਉਥੇ ਜਾਣਾ ਹੈ । ਸਾਰਾ ਰਿਕਾਰਡ ਮੰਗਵਾ ਕੇ, ਅਗਰ ਕਿਸੇ ਦੇ ਨਾਲ ਹੇਰਾਫੇਰੀ ਹੋਈ ਹੋਵੇਗੀ ਤਾਂ ਦੋਸ਼ੀ ਦੇ ਖਿਲਾਫ ਐਕਸ਼ਨ ਲਿਆ ਜਾਵੇਗਾ । ਗਲਤ ਇੰਤਕਾਲ ਕਰਵਾਇਆ ਹੋਵੇਗਾ ਤਾਂ ਉਹ ਇੰਤਕਾਲ ਵਾਪਸ ਕਰਕੇ, ਜ਼ਮੀਨ ਛੁੜਵਾ ਕੇ ਕਬਜ਼ਾ ਵੀ ਉਸ ਨੂੰ ਦਿਵਾਇਆ ਜਾਵੇਗਾ ।

**ਸ੍ਰੀ ਸਪੀਕਰ** : ਮੰਤਰੀ ਸਾਹਿਬ, ਇਹ ਬੇਨਤੀ ਹੈ ਕਿ ਇਸ ਦਾ ਜਵਾਬ ਤੁਸੀਂ ਇਸ ਸਦਨ ਨੂੰ ਭੇਜ ਦੇਣਾ ਤਾਂ ਕਿ ਸਾਰੇ ਮੈਂਬਰਾਂ ਨੂੰ ਸਰਕੂਲੇਟ ਕਰ ਦਿੱਤਾ ਜਾਵੇ ।

**ਵੈਦ ਕਰਤਾਰ ਸਿੰਘ** : ਸਪਲੀਮੈਂਟਰੀ ਸਰ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਵੈਦ ਸਾਹਿਬ, ਤੁਸੀਂ ਮੇਰੀ ਬੇਨਤੀ ਸੁਣ ਲਓ । 12 ਦਾ ਨਾਮ ਸੀ ।

**ਵੈਦ ਕਰਤਾਰ ਸਿੰਘ** : ਸਪੀਕਰ ਸਾਹਿਬ, ਮੇਰੀ ਵੀ ਬੇਨਤੀ ਸੁਣ ਲਓ ਨਾ । . . .

**ਸ੍ਰੀ ਸਪੀਕਰ** : ਵੈਦ ਸਾਹਿਬ, ਤਿੰਨ ਨਾਉਂ ਬੈਲਟ ਤੇ ਆਏ ਹਨ । ਇਨ੍ਹਾਂ ਤਿੰਨਾਂ ਦਾ ਹੱਕ ਹੈ, ਇਹ ਹਾਊਸ ਦਾ ਕਾਨੂੰਨ ਹੈ, ਉਹ ਤਿੰਨ ਬੰਦੇ ਸਪਲੀਮੈਂਟਰੀ ਪੁੱਛ ਸਕਦੇ ਹਨ ।

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਮੇਰੀ ਇਕ ਕਾਲ ਅਟੈਨਸ਼ਨ ਮੋਸ਼ਨ ਐਡਮਿੱਟ ਕੀਤੀ ਹੋਈ ਹੈ ਜੀ, ਪਰ ਉਹ ਆਈ ਨਹੀਂ ਹੈ ।

**ਸ੍ਰੀ ਸਪੀਕਰ** : ਮਾਸਟਰ ਜੀ, ਉਹ ਬੈਲਟ ਵਿਚ ਨਹੀਂ ਆਈ, ਮੈਂ ਕੀ ਕਰ ਸਕਦਾ ਹਾਂ । Only three a day ਬੈਲਟ ਕਰਨੀਆਂ ਪੈਂਦੀਆਂ ਹਨ ।

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਮਨਮੋਹਣ ਸਿੰਘ ਬਰਾੜ ਬੋਲਣ ਲਈ ਖੜੇ ਹੋਏ ।)

**ਸ੍ਰੀ ਸਪੀਕਰ** : ਸਰਦਾਰ ਮਨਮੋਹਣ ਸਿੰਘ ਜੀ, ਤੁਸੀਂ ਦਫ਼ਤਰ ਵਿਚ ਆ ਕੇ ਗੱਲ ਕਰ ਲੈਣਾ ।

## MOTION UNDER RULE 16

**Industries Minister** (Shri Balramji Dass Tandon): Sir, I beg to move—

That the House at its rising this day shall stand adjourned *sine die*.

**Mr. Speaker**: Motion moved—

That the House at its rising this day shall stand adjourned *sine die*.

**Mr. Speaker**: Question is—

That the House at its rising this day shall stand adjourned *sine die*.

*The motion was carried.*

(*At this stage the Hon. Speaker called upon Comrade Sarwan Singh to move his motion in regard to the discussion on the Annual statement of Accounts of the Punjab State Electricity Board for the year 1972-73 to 1975-76 but the member was not present in the House.*)

## LEGISLATIVE BUSINESS

## THE PUNJAB STATE LEGISLATURE MEMBERS (PENSION AND MEDICAL FACILITIES REGULATION) AMENDMENT BILL, 1978

**Industries Minister** (Shri Balramji Dass Tandon): Sir, I beg to introduce the Punjab State Legislature Members (Pension and Medical Facilities Regulation) Amendment Bill.

Original with;
Punjab Vidhan Sabha
Digitized by;
Panjab Digital Library

[Industries Minister]

Sir, I also beg to move—

That the Punjab State Legislature Members (Pension and Medical Facilities Regulation) Amendment Bill be taken into consideration at once.

**Mr. Speaker:** Motion moved—

That the Punjab State Legislature Members (Pension and Medical Facilities Regulation) Amendment Bill be taken into consideration at once.

**Mr. Speaker:** Question is—

That the Punjab State Legislature Members (Pension and Medical Facilities Regulation) Amendment Bill be taken into consideration at once.

*The motion was carried unanimously.*

**Mr. Speaker:** Now the House will proceed to consider the Bill clause by Clause.

If the House agrees, all the Clauses of the Bill be put to the vote of the House together.

(*Voices*: Yes, yes.)

CLAUSES 2 AND 1

**Mr. Speaker:** Questions is—

That Clauses 2 and 1 stand part of the Bill.

*The motion was carried unanimously.*

TITLE

**Mr. Speaker:** Question is—

That Title be the Title of the Bill.

*The motion was carried unanimously.*

**Industries Minister (Shri Balramji Dass Tandon):** Sir, I beg to move—

That the Punjab State Legislature Members (Pension and Medical Facilities Regulation) Amendment Bill be passed.

**Mr. Speaker:** Motion moved—

That the Punjab State Legislature Members (Pension and Medical Facilities Regulation) Amendment Bill be passed.

**Mr. Speaker:** Question is—

That the Punjab State Legislature Members (Pension and Medical Facilities Regulation) Amendment Bill be passed.

*The motion was carried unanimously.*

Original with;
Punjab Vidhan Sabha
Digitized by;
Panjab Digital Library

## THE PUNJAB LEGISLATIVE ASSEMBLY (ALLOWANCES OF MEMBERS) AMENDMENT BILL, 1978

**Industries Minister** (Shri Balramji Dass Tandon): Sir, I beg to introduce the Punjab Legislative Assembly (Allowances of Members) Amendment Bill.

Sir, I also beg to move—

That the Punjab Legislative Assembly (Allowances of Members) Amendment Bill be taken into consideration at once.

**Mr. Speaker** : Motion moved—

That the Punjab Legislative Assembly (Allowances of Members) Amendment Bill be taken into consideration at once.

**Mr. Speaker** : Question is—

That the Punjab Legislative Assembly (Allowances of Members) Amendment Bill be taken into consideration at once.

*The motion was carried unanimously.*

**Mr. Speaker** : Now the house will proceed to consider the Bill Clause by Clause.

If the House agrees, all the Clauses of the Bill be put to the vote of the House together.

(*Voices*: Yes, yes.)

CLAUSES 2 AND 1

**Mr. Speaker**: Question is—

That Clauses 2 and 1 stand part of the Bill.

*The motion was carried unanimously.*

TITLE

**Mr. Speaker**: Question is—

That Title be the Title of the Bill.

*The motion was carried unanimously.*

**Industries Minister** (Shri Balramji Dass Tandon): Sir, I beg to move—

That the Punjab Legislative Assembly (Allowances of Members) Amendment Bill be passed.

**Mr. Speaker** : Motion moved—

That the Punjab Legislative Assembly (Allowances of Members) Amendment Bill be passed.

Original with;
Punjab Vidhan Sabha
Digitized by;
Panjab Digital Library

**Mr. Speaker:** Question is—

That the Punjab Legislative Assembly (Allowances of Members) Amendment Bill be passed.

*The motion was carried unanimously.*

---

## THE PUNJAB LEGISLATORS (MODIFICATION OF ALLOWANCES AND OTHER AMENITIES) BILL, 1978

**Industries Minister (Shri Balramji Dass Tandon):** Sir, I beg to introduce the Punjab Legislators (Modification of Allowances and other Amenities) Bill.

Sir, I also beg to move—

That the Punjab Legislators (Modification of Allowances and other Amenities) Bill be taken into consideration at once.

**Mr. Speaker:** Motion moved—

That the Punjab Legislators (Modification of Allowances and other Amenities) Bill be taken into consideration at once.

**ਡਾਕਟਰ ਭਗਤ ਸਿੰਘ** (ਕਰਤਾਰਪੁਰ, ਐਸ. ਸੀ.) : ਸਪੀਕਰ ਸਾਹਿਬ, ਜੋ ਮੈਂਬਰਜ਼ ਦੇ ਅਲਾਊਂਸਿਜ਼ ਬਾਰੇ ਅਮੈਂਡਿੰਗ ਬਿਲ ਆਇਆ ਹੈ, ਇਸ ਦੇ ਬਾਰੇ ਪਾਰਟੀ ਵਿਚ ਵੀ ਕੁਝ ਗੱਲਾਂ ਹੋਈਆਂ ਸਨ। ਕੁਝ ਮੈਂਬਰਜ਼ ਨੂੰ ਐਸ਼ੋਰੈਂਸਿਜ਼ ਮਿਲੀਆਂ ਸਨ ਕਿ ਉਨ੍ਹਾਂ ਦੇ ਟੈਲੀਫੂਨ ਦਾ ਬਿੱਲ ਜਿਹੜਾ ਹੈ ਜਾਂ ਇਸ ਤਰ੍ਹਾਂ ਦੀਆਂ ਹੋਰ ਗੱਲਾਂ ਵਾਸਤੇ ਐਸ਼ੋਰੈਂਸ ਮਿਲੀ ਸੀ ਪਰ ਉਹ ਗੱਲਾਂ ਇਸ ਬਿੱਲ ਵਿਚ ਨਹੀਂ ਆਈਆਂ। ਇਹ ਬਿਲ ਤਾਂ ਇਓਂ ਮਾਲੂਮ ਹੁੰਦਾ ਹੈ ਕਿ ਇਹ ਮਨਿਸਟਰੀ ਅਲਾਊਂਸ ਬਿਲ ਹੈ। ਜਿਹੜੇ ਮਨਿਸਟਰ ਹਨ ਉਨ੍ਹਾਂ ਨੇ ਆਪਣਾ ਭੱਤਾ ਛੱਤਾ ਵਧਾਉਣ ਲਈ ਨਾਮ ਵਿਚਾਰੇ ਮੈਂਬਰਾਂ ਦਾ ਲਿਆ ਹੈ। ਮੈਂ ਅਰਜ਼ ਕਰਾਂਗਾ ਕਿ ਜਿਹੜੀ ਐਸ਼ੋਰੈਂਸ ਦਿੱਤੀ ਗਈ ਸੀ ਉਹ ਇਸ ਬਿੱਲ ਵਿਚ ਇਨਕਾਰਪੋਰੇਟ ਨਹੀਂ ਹੋਈ। ਇਸ ਲਈ ਇਹ ਬਿਲ ਆਉਣ ਵਾਲੇ ਸੈਸ਼ਨ ਵਿਚ ਪਾਸ ਕੀਤਾ ਜਾਵੇ, ਤਾਂ ਮੇਹਰਬਾਨੀ ਹੋਵੇਗੀ (ਥੰਪਿੰਗ)

10.37 ਸਵੇਰੇ | (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਡਿਪਟੀ ਸਪੀਕਰ ਸਾਹਿਬ, ਇਹ ਮੇਰੀ ਬੇਨਤੀ ਹੈ ਕਿ ਇਸ ਬਿਲ ਨੂੰ ਆਉਣ ਵਾਲੇ ਸੈਸ਼ਨ ਵਿਚ ਪਾਸ ਕੀਤਾ ਜਾਵੇ, ਇਸ ਵਿਚ ਨਾ ਕੀਤਾ ਜਾਵੇ।

**ਮਾਸਟਰ ਚੰਦ ਸਿੰਘ** (ਸ਼ੇਰਪੁਰ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਿਲ ਦੀ ਵਿਰੋਧਤਾ ਕਰਨ ਲਈ ਖੜਾ ਹੋਇਆ ਹਾਂ। ਡਿਪਟੀ ਸਪੀਕਰ ਸਾਹਿਬ, ਗੱਲ ਇਹ ਹੈ ਕਿ ਅੱਜ ਸਾਡੇ ਪੰਜਾਬ ਦੇ ਹਾਲਾਤ ਇਹ ਮੰਗ ਕਰਦੇ ਹਨ ਕਿ ਸਾਡੇ ਲੋਕਾਂ ਦਾ ਰਹਿਣ ਸਹਿਣ, ਲੋਕਾਂ ਦੀਆਂ ਤਕਲੀਫਾਂ ਵਲ ਉਚੇਚਾ ਧਿਆਨ ਦੇਈਏ। ਸਾਡੇ ਪੰਜਾਬ ਦੇ ਵਿਚ ਗਰੀਬਾਂ ਦਾ ਲਿਵਿੰਗ ਸਟੈਂਡਰਡ ਜਿਹੜਾ ਹੈ, ਉਸ ਨੂੰ ਉਚਾ ਕਰਨ ਦੀ ਗੱਲ ਹੈ। ਸਾਡਾ ਇਸ ਵੇਲੇ ਉਸ ਵੱਲ ਉਚੇਚਾ ਧਿਆਨ ਨਹੀਂ ਹੈ। ਇਸ ਲਈ ਮੈਂ ਇਹ ਕਹਾਂਗਾ ਕਿ ਇਹ ਜਿਹੜੇ ਪੈਸੇ ਐਮ. ਐਲ. ਏਜ਼. ਜਾਂ ਮਨਿਸਟਰਜ਼ ਨੂੰ ਦੇਣੇ ਹਨ, ਇਹ ਨਹੀਂ ਦੇਣੇ ਚਾਹੀਦੇ। ਇਕ ਪਾਸੇ ਤਾਂ ਫਲੱਡਜ਼ ਆ ਰਹੇ ਹਨ, ਪੈਸੇ ਦੀ ਲੋੜ ਹੈ, ਵਿੱਦਿਆ ਦਾ ਮਸਲਾ

Original with;
Punjab Vidhan Sabha
Digitized by;
Panjab Digital Library

ਹੈ, ਔਰ ਡਿਪਟੀ ਸਪੀਕਰ ਸਾਹਿਬ, ਜਦੋਂ ਅਸੀਂ ਪੁੱਛਦੇ ਹਾਂ ਕਿ ਇਹ ਸਕੂਲ ਅੱਪਗਰੇਡ ਕਰਨ ਦਾ ਮਸਲਾ ਹੈ, ਉਸ ਵਲ ਧਿਆਨ ਦਿਓ। ਬੇਰੁਜ਼ਗਾਰ ਟੀਚਰਜ਼, ਰੁਜ਼ਗਾਰ ਲੈਣ ਵਾਸਤੇ ਇਨ੍ਹਾਂ ਪਾਸ ਆਉਂਦੇ ਹਨ, ਤੁਸੀਂ ਉਨ੍ਹਾਂ ਵਲ ਧਿਆਨ ਦਿਓ ਤਾਂ ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਨੂੰ ਜੇਲ੍ਹਾਂ ਵਿਚ ਡੱਕ ਦਿੱਤਾ ਜਾਂਦਾ ਹੈ। ਜਦੋਂ ਅਸੀਂ ਏਹੋ ਜਿਹੇ ਮਸਲੇ ਇਨ੍ਹਾਂ ਦੇ ਸਾਹਮਣੇ ਰੱਖਦੇ ਹਾਂ ਤਾਂ ਇਹ ਕਹਿ ਦਿੰਦੇ ਹਨ ਕਿ ਵਿੱਤੀ ਅੜਚਣਾਂ ਹਨ, ਪੈਸੇ ਨਹੀਂ ਹਨ। ਇਕ ਪਾਸੇ ਤਾਂ ਇਹ ਗੱਲਾਂ ਕੀਤੀਆਂ ਜਾਂਦੀਆਂ ਹਨ ਔਰ ਦੂਸਰੇ ਪਾਸੇ ਸਾਡੇ ਮਨਿਸਟਰਾਂ ਦੇ ਅਲਾਊਂਸ ਵਧਾ ਦੇਣ, ਮੈਂ ਸਮਝਦਾ ਹਾਂ ਉਚਿੱਤ ਗੱਲ ਨਹੀਂ ਹੈ। ਇਸ ਕਰਕੇ ਅੱਜ ਲੋੜ ਹੈ ਲੋਕਾਂ ਦੀਆਂ ਮੰਗਾਂ ਵਲ ਉਚੇਚਾ ਧਿਆਨ ਦੇਣ ਦੀ, ਤਾਕਿ ਲੋਕਾਂ ਦੀ ਹਾਲਤ ਠੀਕ ਹੋ ਸਕੇ। ਐਮ. ਐਲ. ਏਜ਼. ਦਾ ਕਾਨਸਟੀਚਿਊਐਂਸੀ ਅਲਾਊਂਸ 225 ਰੁਪਏ ਆਲਰੇਡੀ ਸੀ, ਇਹ ਹੀ ਬਹੁਤ ਸੀ, ਇਸ ਨੂੰ ਹੁਣ ਵਧਾ ਕੇ 300 ਰੁਪਏ ਦਾ ਪ੍ਰੋਵੀਜ਼ਨ ਰੱਖਿਆ ਗਿਆ ਹੈ। ਟੈਲੀਫੂਨ ਦਾ ਕਈਆਂ ਪਿੰਡਾਂ ਵਿਚ ਬਿੱਲ 50/60 ਰੁਪਏ ਹੀ ਆਉਂਦਾ ਹੈ, ਇਸ ਲਈ ਇਸ ਤਰ੍ਹਾਂ ਦੀਆਂ ਫੈਸਿਲਿਟੀਜ਼ ਦੇਣੀਆਂ ਵਾਜਿਬ ਨਹੀਂ ਹਨ। ਮੈਂ ਸਮਝਦਾ ਹਾਂ ਕਿ ਇਹ ਫੈਸਿਲਿਟੀਜ਼ ਜਿਹੜੀਆਂ ਦਿੱਤੀਆਂ ਜਾ ਰਹੀਆਂ ਹਨ, ਇਹ ਗਲਤ ਹਨ।

ਵੈਸੇ ਵੀ, ਡਿਪਟੀ ਸਪੀਕਰ ਸਾਹਿਬ, ਕਈ ਮੈਂਬਰ ਇਹ ਕਹਿਣਗੇ ਕਿ ਅਸੀਂ ਵੀ ਤਾਂ ਇਹ ਫੈਸਿਲੀਟੀਜ਼ ਲੈ ਹੀ ਲੈਣੀਆਂ ਹਨ, ਪਰ ਸਾਨੂੰ ਤਾਂ 200 ਜਾਂ 300 ਰੁਪਏ ਮਿਲਣਾ ਹੈ ਬਾਕੀ ਦਾ ਤਾਂ ਪਾਰਟੀ ਨੂੰ ਚਲਿਆ ਜਾਣਾ ਹੈ। ਬਾਕੀ ਜਿਹੜੇ ਮਨਿਸਟਰ ਹਨ ਇਨ੍ਹਾਂ ਨੂੰ ਆਲਰੇਡੀ ਹੀ ਬਹੁਤ ਤਕੜੀਆਂ ਸਹੂਲਤਾਂ ਮਿਲਦੀਆਂ ਹਨ। ਜੇਕਰ ਇਹ ਕਿਤੇ ਜਾਣ, ਤਾਂ ਇਹ ਇਨ੍ਹਾਂ ਲਈ ਸਾਰਾ ਕੁਝ ਫਰੀ ਹੁੰਦਾ ਹੈ, ਇਸ ਲਈ ਹੋਰ ਸਹੂਲਤਾਂ ਦਿੱਤੀਆਂ ਜਾਣ ਇਹ ਗਲਤ ਗੱਲ ਹੈ। ਮੈਂ ਇਸ ਗੱਲ ਦਾ ਵਿਰੋਧ ਕਰਦਾ ਹਾਂ। ਜਨਤਾ ਦੀਆਂ ਜਿਹੜੀਆਂ ਤਕਲੀਫਾਂ ਹਨ, ਜਿਸ ਤਰ੍ਹਾਂ ਕਿ ਫਲੱਡਜ਼ ਦਾ ਮਸਲਾ ਹੈ, ਬੇਰੁਜ਼ਗਾਰ ਟੀਚਰਜ਼ ਦਾ ਮਸਲਾ ਹੈ, ਸਕੂਲਾਂ ਨੂੰ ਅੱਪਗਰੇਡ ਕਰਨ ਦਾ ਮਸਲਾ ਹੈ, ਜਾਂ ਜਨਤਾ ਦੀਆਂ ਹੋਰ ਤਕਲੀਫਾਂ ਹਨ, ਉਨ੍ਹਾਂ ਵਲ ਧਿਆਨ ਕੀਤਾ ਜਾਵੇ। ਇਹ ਜਿਹੜੇ ਪੈਸੇ ਹਨ, ਇਹ ਉਧਰ ਲਾਏ ਜਾਣ। ਇਨ੍ਹਾਂ ਲਫਜ਼ਾਂ ਨਾਲ ਮੈਂ ਇਸ ਬਿਲ ਦਾ ਵਿਰੋਧ ਕਰਦਾ ਹਾਂ।

**ਸਰਦਾਰ ਕਿਰਪਾਲ ਸਿੰਘ** (ਅੰਮ੍ਰਿਤਸਰ ਦੱਖਣ) : ਡਿਪਟੀ ਸਪੀਕਰ ਸਾਹਿਬ, ਇਹ ਜਿਹੜੇ ਮੇਰੇ ਵੀਰ ਨੇ ਮਿਸਾਲਾਂ ਦਿੱਤੀਆਂ ਹਨ, ਇਨ੍ਹਾਂ ਵਿਚ ਇਕ ਹੋਰ ਮਿਸਾਲ ਵੀ ਹੈ। ਸਾਡੇ ਕੋਲ ਸਵੇਰੇ ਹੀ ਗਰੀਬ ਲੋਕ ਆਉਂਦੇ ਹਨ ਅਤੇ ਕਹਿੰਦੇ ਹਨ ਕਿ ਫਲਾਣੀ ਜਗ੍ਹਾ ਟੈਲੀਫੂਨ ਕਰ ਦਿਓ, ਫਲਾਣੀ ਜਗ੍ਹਾ ਟੈਲੀਫੂਨ ਕਰ ਦਿਓ। ਇਸ ਲਈ ਇਹ ਜਿਹੜਾ ਟੈਲੀਫੂਨ ਦਾ ਬਿਲ ਹੈ, ਮੈਂ ਆਪਣੀ ਗੱਲ ਕਰਦਾ ਹਾਂ, ਹਰ ਮਹੀਨੇ 1,600 ਜਾਂ 1,700 ਰੁਪਏ ਮਹੀਨਾ ਲੋਕਲ ਟੈਲੀਫੂਨਾਂ ਦਾ ਬਿਲ ਆਉਂਦਾ ਹੈ। ਇਸ ਤੋਂ ਘੱਟ ਨਹੀਂ ਆਉਂਦਾ। ਇਹ ਜਿਹੜੀਆਂ ਕਾਲਾਂ ਕੀਤੀਆਂ ਜਾਂਦੀਆਂ ਹਨ, ਮੈਂ ਕਸਮ ਤਾਂ ਨਹੀਂ ਖਾਂਦਾ, ਕਦੇ ਕਦੇ ਘਰ ਵਾਲਿਆਂ ਦੀ ਸੁਖ ਸਾਂਦ ਪੁਛਦਾ ਹੋਵਾਂਗਾ, ਪਰ ਇਹ ਸਾਰੀਆਂ ਕਾਲਾਂ ਗਰੀਬ ਲੋਕਾਂ ਵਾਸਤੇ ਹੀ ਕੀਤੀਆਂ ਜਾਂਦੀਆਂ ਹਨ। ਔਰ ਮੈਂ ਸਮਝਦਾ ਹਾਂ ਕਿ ਜਿੰਨਾ ਮੈਨੂੰ 2,000 ਰੁਪਏ ਦੇ ਕਰੀਬ ਮਹੀਨਾ ਟੈਲੀਫੂਨ ਦਾ ਬਿਲ ਦੇਣਾ ਪੈਂਦਾ ਹੈ, ਉਸ ਦੇ ਵਿਚ ਜਿੰਨੇ ਵੀ ਇਕ ਐਮ.ਐਲ.ਏ. ਨੂੰ ਅਲਾਊਂਸਿਜ਼ ਵਗੈਰਾ ਮਿਲਦੇ ਹਨ ਜੇ ਉਹ ਸਾਰੇ ਅਲਾਊਂਸ ਇਕੱਠੇ ਕਰ ਦਿੱਤੇ ਜਾਣ ਤਾਂ ਵੀ ਇਹ ਟੈਲੀਫੂਨ ਦਾ ਬਿਲ ਪੂਰਾ ਨਹੀਂ ਹੁੰਦਾ। ਇਸ ਲਈ

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ]

ਮੈਂ ਸਮਝਦਾ ਹਾਂ ਕਿ ਇਹ ਜਿਹੜਾ 300 ਰੁਪਿਆ ਟੈਲੀਫੂਨ ਵਾਸਤੇ ਹੈ ਇਹ ਕੋਈ ਜ਼ਿਆਦਾ ਨਹੀਂ ਹੈ। ਪਿਛਲੇ ਇਕ ਸਾਲ ਜਾਂ ਸਵਾ ਸਾਲ ਵਿਚ ਮੈਨੂੰ ਜੋ ਟੈਲੀਫੂਨ ਦੇ ਪੈਸੇ ਮਿਲੇ ਹਨ ਉਸ ਨਾਲੋਂ ਕੋਈ ਦੋ ਢਾਈ ਹਜ਼ਾਰ ਰੁਪਿਆ ਜ਼ਿਆਦਾ ਮੈਂ ਆਪਣੇ ਕੋਲੋਂ ਭਰ ਚੁਕਾ ਹਾਂ। ਹੁਣ ਤਕ ਜੋ ਪੈਸੇ ਟੈਲੀਫੂਨ ਦੇ ਮਿਲਦੇ ਰਹੇ ਹਨ, ਉਸ ਨਾਲ ਤਾਂ ਉਸ ਦਾ ਕਰਾਇਆ ਹੀ ਪੂਰਾ ਨਹੀਂ ਸੀ ਹੁੰਦਾ। ਇਸ ਲਈ ਮੈਂ ਸਮਝਦਾ ਹਾਂ ਕਿ ਇਹ ਟੈਲੀਫੂਨ ਦਾ ਖਰਚਾ ਇਕ ਜੈਨੂਅਨ ਗਲ ਹੈ ਔਰ ਇਸ ਵਿਚ ਕੋਈ ਵੀ ਫਰਾਡ ਨਹੀਂ ਕਰ ਸਕਦਾ।

ਇਸ ਸਬੰਧ ਵਿਚ ਮੈਂ ਤਾਂ ਇਹ ਵੀ ਰਿਕੁਐਸਟ ਕਰਾਂਗਾ ਕਿ ਇਹ ਜੋ ਪੈਸੇ ਵਧਾਏ ਜਾ ਰਹੇ ਹਨ ਇਹ ਰਿਟਰੋਸਪੈਕਟਿਵ ਡੇਟ ਤੋਂ ਦੇਣੇ ਚਾਹੀਦੇ ਹਨ, ਤਾਕਿ ਜਿਸ ਦਾ 300 ਰੁਪਏ ਤਕ ਜਾਂ ਇਸ ਤੋਂ ਵੱਧ ਬਿਲ ਆਉਂਦਾ ਰਿਹਾ ਹੈ, ਉਹ ਕਵਰ ਹੋ ਸਕੇ। ਇਸ ਦੇ ਨਾਲ ਹੀ ਮੈਂ ਆਪਣੇ ਵੀਰ ਨੂੰ ਇਹ ਵੀ ਦਸਣਾ ਚਾਹੁੰਦਾ ਹਾਂ ਕਿ ਇਸ ਬਿਲ ਦਾ ਇਹ ਮਤਲਬ ਨਹੀਂ ਕਿ ਹਰ ਇਕ ਨੂੰ 300 ਰੁਪਏ ਹੀ ਮਿਲਣੇ ਹਨ। ਇਸ ਦਾ ਮਤਲਬ ਤਾਂ ਇਹ ਹੈ ਕਿ 300 ਰੁਪਏ ਤਕ ਟੈਲੀਫੂਨ ਦੇ ਪੈਸੇ ਮਿਲ ਜਾਣਗੇ ਔਰ ਜੇ ਕਿਸੇ ਦਾ 290 ਦਾ ਖਰਚਾ ਹੋਵੇਗਾ ਤਾਂ ਉਸ ਨੂੰ 290 ਹੀ ਮਿਲਣਗੇ। ਅਤੇ ਜੇ ਕਿਸੇ ਦਾ 50 ਦਾ ਖਰਚਾ ਹੋਵੇਗਾ ਤਾਂ ਉਸ ਨੂੰ 50 ਰੁਪਏ ਹੀ ਮਿਲਣਗੇ। ਇਸ ਲਈ ਇਸ ਵਿਚ ਕੋਈ ਐਸੀ ਗੱਲ ਨਹੀਂ ਜਿਹੜੀ ਕਿ ਪੰਜਾਬ ਦੀ ਦੀਘਰ ਪਰਾਬਲਮ ਹੋਵੇ। ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਆਪਣੇ ਵੀਰ ਨੂੰ ਦਸਦਾ ਹਾਂ ਕਿ ਜੇ ਸਾਡੇ ਕੋਲ ਟੈਲੀਫੂਨ ਨਾ ਹੋਵੇ ਜਾਂ ਖਰਾਬ ਹੋਵੇ ਤਾਂ ਇਕ ਮੈਂਬਰ ਨੂੰ ਲੋਕਾਂ ਦੇ ਕੰਮ ਵਾਸਤੇ ਜਿੰਨੀ ਨੱਸ ਭਜ ਕਰਨੀ ਪੈਂਦੀ ਹੈ, ਉਸ ਤੇ ਜੋ ਖਰਚਾ ਆਉਂਦਾ ਹੈ ਉਹ ਇਸ ਨਾਲੋਂ ਵੀ ਵੱਧ ਆਉਂਦਾ ਹੈ। ਜੇ ਮੈਨੂੰ ਅੰਮ੍ਰਿਤਸਰ ਤੋਂ 2 ਵਾਰੀ ਸਕੂਟਰ ਤੇ ਕਚਹਿਰੀ ਜਾਣਾ ਪੈ ਜਾਵੇ ਤਾਂ 10 ਰੁਪਏ ਉਸ ਤੇ ਲਗ ਜਾਂਦੇ ਹਨ ਔਰ ਜੇ ਕਿਸੇ ਮੈਂਬਰ ਨੂੰ ਇਸ ਤੋਂ ਵੀ ਦੂਰ ਤੋਂ ਆਉਣਾ ਪਵੇ ਤਾਂ 10 ਰੁਪਏ ਵਿਚ ਉਸ ਦਾ ਗੁਜ਼ਾਰਾ ਹੀ ਨਹੀਂ ਚਲ ਸਕਦਾ। ਇਸ ਲਈ ਮੈਂ ਇਹ ਬੇਨਤੀ ਕਰਾਂਗਾ ਕਿ ਇਹ ਜਿਹੜਾ ਬਿਲ ਹੈ ਇਸ ਨੂੰ ਰੇਟਰੋਸਪੈਕਟਿਵ ਡੇਟ ਤੋਂ ਲਾਗੂ ਕਰਨਾ ਚਾਹੀਦਾ ਹੈ ਤਾਕਿ ਜਿਨ੍ਹਾਂ ਐਮ.ਐਲ. ਏਜ਼. ਨੇ ਇਸ ਖਾਤੇ ਵਿਚ ਜ਼ਿਆਦਾ ਪੈਸੇ ਖਰਚ ਕੀਤੇ ਹਨ, ਉਨ੍ਹਾਂ ਨੂੰ ਪੈਸੇ ਮਿਲ ਸਕਣ। ਇਸ ਦੀ ਕੋਈ ਜ਼ਿਆਦਾ ਫਾਈਨੈਂਸ਼ੀਅਲ ਇੰਪਲੀਕੇਸ਼ਨ ਵੀ ਨਹੀਂ ਹੈ, ਇਸ ਦੀ ਫਾਈਨੈਂਸ਼ੀਅਲ ਇੰਪਲੀਕੇਸ਼ਨ ਬਾਰੇ ਵਿਧਾਨ ਸਭਾ ਦੀ ਬਿਲ ਬਰਾਂਚ ਤੋਂ ਪਤਾ ਲਗ ਸਕਦਾ ਹੈ। ਜੇ ਇਸ ਤਰ੍ਹਾਂ ਕਰ ਦੇਵੋਂ ਤਾਂ ਇਹ ਇਕ ਜੈਨੂਅਨ ਬਾਤ ਹੋਵੇਗੀ। ਇਸ ਲਈ ਇਹ ਅਮੈਂਡਮੈਂਟ ਕਰ ਲਵੋ। ਐਨਾ ਕਹਿੰਦਾ ਹੋਇਆ ਮੈਂ ਇਸ ਦੀ ਸਪੋਰਟ ਕਰਦਾ ਹਾਂ।

**ਵੈਦ ਕਰਤਾਰ ਸਿੰਘ** (ਮਾਹਿਲਪੁਰ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਇਹ ਜੋ ਬਿਲ ਟੈਲੀਫੂਨ ਬਾਰੇ ਆਇਆ ਹੈ, ਮੈਂ ਸਮਝਦਾ ਹਾਂ ਕਿ ਇਸ ਦਾ ਫਾਇਦਾ ਖਾਸ ਕਰਕੇ ਮਨਿਸਟਰਾਂ ਨੂੰ ਹੋਣਾ ਹੈ, ਮੈਂਬਰਾਂ ਨੂੰ ਨਹੀਂ। ਇਸ ਸਬੰਧ ਵਿਚ ਜੋ ਪਾਰਟੀ ਮੀਟਿੰਗ ਵਿਚ ਫੈਸਲਾ ਹੋਇਆ ਸੀ ਔਰ ਜੋ ਫੈਸਲੇ ਕੀਤੇ ਗਏ ਸਨ ਉਹ ਇਸ ਕਾਨੂੰਨ ਵਿਚ ਲਿਆਉਣ ਦੀ ਖੇਚਲ ਹੀ ਨਹੀਂ ਕੀਤੀ, ਔਰ ਇਸ ਬਿਲ ਰਾਹੀਂ ਸਾਡੇ ਨਾਂ ਤੇ ਮਨਿਸਟਰਾਂ ਨੂੰ ਅਖਤਿਆਰ ਮਿਲ ਰਹੇ ਹਨ। ਇਸ ਲਈ ਮੈਂ ਇਹ ਕਹਾਂਗਾ ਕਿ ਇਸ ਸਬੰਧ ਵਿਚ ਜੋ ਡਾਕਟਰ ਸਾਹਿਬ ਨੇ ਕਿਹਾ ਹੈ ਕਿ

Original with;
Punjab Vidhan Sabha
Digitized by;
Panjab Digital Library

ਇਸ ਬਿਲ ਨੂੰ ਫਿਰ ਲਿਆਂਦਾ ਜਾਵੇ, ਇਸ ਨੂੰ ਵਾਪਸ ਲਿਆ ਜਾਵੇ ਔਰ ਇਸ ਤੇ ਦੋਬਾਰਾ ਵਿਚਾਰ ਕਰਕੇ ਪੇਸ਼ ਕੀਤਾ ਜਾਵੇ ਤਾਂ ਠੀਕ ਹੈ।

ਦੂਸਰੀ ਬੇਨਤੀ ਮੈਂ ਇਹ ਕਰਨੀ ਚਾਹੁੰਦਾ ਹਾਂ ਕਿ ਇਕ ਐਮ. ਐਲ. ਏ. ਦਾ ਜੋ ਟੈਲੀਫੂਨ ਦਾ ਖਰਚ ਹੈ, ਜੇ ਇਸ ਨੂੰ ਇਮਾਨਦਾਰੀ ਨਾਲ ਵੇਖੀਏ ਤਾਂ ਇਸ ਦਾ ਖਰਚ ਹਰ ਮਹੀਨੇ ਪੰਜ ਛੇ ਸੌ ਰੁਪਏ ਤੋਂ ਘੱਟ ਨਹੀਂ ਆਉਂਦਾ। ਔਰ ਜੋ ਹੁਣ ਤਕ 50 ਰੁਪਏ ਮਿਲਦੇ ਰਹੇ ਹਨ। ਇਹ ਤਾਂ ਮੈਂ ਸਮਝਦਾ ਹਾਂ ਕਿ ਜੇ ਅਸੀਂ ਟੈਲੀਫੂਨ ਨੂੰ ਨਾ ਵੀ ਵਰਤੀਏ ਔਰ ਤਾਲਾ ਮਾਰ ਕੇ ਰਖ ਦੇਈਏ ਤਾਂ ਵੀ 50 ਰੁਪਏ ਤਾਂ ਉਸ ਦਾ ਕਰਾਇਆ ਦਾ ਖਰਚ ਹੀ ਆ ਜਾਂਦਾ ਹੈ। ਇਸ ਲਈ ਜਿਹੜੇ ਮੇਰੇ ਸਾਥੀ ਇਸ ਦੀ ਵਿਰੋਧਤਾ ਕਰਦੇ ਹਨ, ਮੈਂ ਤਾਂ ਸਮਝਦਾ ਹਾਂ ਕਿ ਉਨ੍ਹਾਂ ਨੂੰ ਇਸ ਦੇ ਪੈਸੇ ਨਹੀਂ ਲੈਣੇ ਚਾਹੀਦੇ। ਪਰ ਉਨ੍ਹਾਂ ਦੀ ਹਾਲਤ ਤਾਂ ਇਹ ਹੈ ਕਿ ਹਰ ਗਲ ਦੀ ਵਿਰੋਧਤਾ ਕਰੀ ਜਾਣੀ ਅਤੇ ਲੈਣ ਵਕਤ ਸਭ ਤੋਂ ਪਹਿਲੇ ਰਹਿੰਦੇ ਹਨ। ਇਸ ਲਈ ਜੇ ਉਹ ਇਮਨਦਾਰੀ ਨਾਲ, ਨੇਕਨੀਤੀ ਨਾਲ ਲੋਕਾਂ ਨੂੰ ਭੁਲੇਖੇ ਵਿਚ ਨਹੀਂ ਰਖਣਾ ਚਾਹੁੰਦੇ ਤਾਂ ਉਨ੍ਹਾਂ ਨੂੰ ਇਹ ਪੈਸੇ ਲੈਣੇ ਨਹੀਂ ਚਾਹੀਦੇ।

ਇਕ ਬੇਨਤੀ ਮੈਂ ਇਹ ਵੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਪਹਿਲੇ ਕਾਂਗਰਸੀ ਐਮ. ਐਲ. ਏ. ਸਨ ਉਨ੍ਹਾਂ ਨੇ ਬਹੁਤ ਕੁਰੱਪਸ਼ਨ ਕੀਤੀ ਹੈ ਔਰ ਕਈ ਤਰ੍ਹਾਂ ਦੀਆਂ ਜੱਥੇਬੰਦੀਆਂ ਬਣਾ ਕੇ ਵੀ ਉਨ੍ਹਾਂ ਕੋਲੋਂ ਪੈਸੇ ਇਕੱਠੇ ਕੀਤੇ ਹਨ, ਇਸ ਲਈ ਉਨ੍ਹਾਂ ਨੂੰ ਇਸ ਪੈਸੇ ਦੀ ਲੋੜ ਨਹੀਂ ਸੀ। ਪਰ ਮੈਂ ਸਮਝਦਾ ਹਾਂ ਕਿ ਜੇ ਇਕ ਐਮ.ਐਲ. ਏ. ਨੇ ਇਮਾਨਦਾਰੀ ਨਾਲ ਕੰਮ ਕਰਨਾ ਹੈ, ਲੋਕਾਂ ਦੀ ਸੇਵਾ ਕਰਨੀ ਹੈ ਤਾਂ ਉਸ ਦਾ ਟੈਲੀਫੂਨ ਦਾ ਖਰਚ ਜਿੰਨਾ ਵੀ ਹੋਵੇ, ਚਾਹੇ ਉਹ 500 ਰੁਪਏ ਹੋਵੇ, 600 ਰੁਪਏ ਹੋਵੇ ਜਾਂ 300 ਰੁਪਏ ਹੋਵੇ, ਉਹ ਉਸ ਨੂੰ ਲਾਜ਼ਮੀ ਮਿਲਣਾ ਚਾਹੀਦਾ ਹੈ। ਇਹ ਕੋਈ ਇਨਸਾਫ ਨਹੀਂ ਕਿ ਉਹ ਖਰਚ ਕਰੇ 600 ਰੁਪਿਆ ਔਰ ਉਸ ਨੂੰ ਮਿਲੇ 300 ਰੁਪਿਆ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਸ ਬਿਲ ਨੂੰ ਹੁਣ ਨਹੀਂ ਪਾਸ ਕਰਾਉਣਾ ਚਾਹੀਦਾ ਅਤੇ ਫਿਰ ਇਸ ਤੇ ਸੋਚ ਵਿਚਾਰ ਕਰਕੇ ਦੋਬਾਰਾ ਪੇਸ਼ ਕੀਤਾ ਜਾਵੇ।

श्री अ. विश्वनाथन (लुधियाना पश्चिम) : डिप्टी स्पीकर साहिब, यह बिल तो बहुत अच्छा है लेकिन मैं public तक एक बात पहुंचाना चाहता हूं। मैं यह बताना चाहता हुं कि एक M. L. A. की क्या क्वालीफिकेशन्ज़ होनी चाहियें। एक M. L. A. को रात को 2 बजे सोना चाहिए और सवेरे 4 बजे उठना चाहिए। उसको नहाना नहीं चाहिए लेकिन उसे साफ़ सुथरा रहना चाहिए। उस को भगवान से डरना चाहिए; लेकिन पूजा का टाइम नहीं मिलना चाहिए। House में उसे वैल इनफार्मड हो के बोलना चाहिए और सवेरे अखबार पढ़ने का टाईम नहीं मिलना चाहिए, उसे 24 घन्टे लोगों की सेवा के लिए तैयार रहना चाहिए; लेकिन खाना खाने का टाइम नहीं मिलना चाहिए। उसे निहायत इमानदार होना चाहिए, किसी के घर चाय भी नहीं पीनी चाहिए और जो उस के घर में रात के 12 बजे तक आये उन को चाय ज़रूर पिलानी चाहिए और यदि कोई खास आदमी हो तो उसे रोटी भी खिलायें। (तालियां) रात को टैलीफोन सिराहने रख कर सोना चाहिए, और यदि रात को 2-30 बजे थाने जाना पड़े तो वहां पहुंच जाये। हां अगर वह कच्छे में सोया हुआ है तो उसे कच्छे में ही थाने पहुंच जाना चाहिए, देर नहीं करनी चाहिए। आज की जनता एक

Original with;
Punjab Vidhan Sabha
Digitized by;
Panjab Digital Library

[श्री ग्र. विश्वनाथन]

M.L.A. से यह ग्राशा करती है कि उस के पास जो कागज ग्राये ग्रांख मीच कर दस्तखत करे। उसे सीमंट की बलैंक भी रोकनी चाहिए और 6,000 बोरों के लिए रोज दस्तखत भी करने चाहिए और अगर वह उन के कागज़ वैरीफाई न करें, उन की मदद न करे या उस का फ़ार्म पढ़ लें तो अगली बार के लिए वोट नहीं मिलेगी।

डिप्टी स्पीकर साहिब, आज जो देश के अन्दर डैमोक्रेटिक ढांचा खड़ा कर दिया है उस के मुताबिक अगर किसी स्कूल के चपड़ासी या दफ़तर के चपड़ासी की ट्रांस्फर कर दी जाये तो उसे कैंसल करवाने के लिए मुख्य मन्त्री से ग्रार्डर करवाने पड़ते हैं। यह जो रवायत बन चुकी है इस के मुताबिक यह जो अलाऊंस मिलेगा मैं समझता हूं कि वह जैसे एक बड़ी दावत में किसी को खाना खिलाना हो तो उस में वह चुटकी नमक के बराबर भी नहीं। आज जो यह हमारा टैलीफोन का बिल है यह बहुत अधिक आता है। जैसे सरदार कृपाल सिंह जी ने अपने बिलों का जिकर किया है मुझे अपने टैलीफोन के बिलों का पता है कि कितने ज्यादा बिल आते हैं। बेईमानी से मैं भी सरकारी अफ़सरों की तरह दो दो कोठियां बनवा सकता था। मैं इमानदारी करके नहीं बना सका। मकहता हूं एक विधान सभा के मैम्बर को न तो वकील होना चाहिए, न ही दुकानदार, न ही वह इन्डस्ट्रलिस्ट हो, न मजदूर होना चाहिये, न ही बीबी बच्चों वाला होना चाहिये। क्योंकि न तो मैम्बर अपनी बीबी को सैर पर ले जा सकता है, न उस के साथ घर पर बैठ कर खाना खा सकता है और न अपने बच्चों के साथ बैठ सकता है।

ਹਾਜੀ ਅਨਵਰ ਅਹਿਮਦ ਖਾਨ ** ** **

**Mr. Deputy Speaker**: This is no point of order.

श्री ग्र. विश्वनाथन : डिप्टी स्पीकर साहिब, हाजी साहिब मेरी कसर परी कर रहे हैं। यह हर वर्ष नया ऐडीशन कर रहे हैं। तो मैं इस लिये कह रहा था कि बीबी बच्चे मैम्बर के ना हो ताकि उस की अपनी कोई लायेबिल्टी न हो और हर समय वह हंसते दिखाई दे। डिप्टी स्पीकर साहिब, मुझे माफ़ करना, मैं यहां एक गलत बात कहने लगा हूं कि वैश्या के व्यापार का कोई समय होता है लेकिन एक M.L.A. का कोई समय नहीं है उसे जब लोग चाहें, बुला सकते हैं। यहां तक सोने नहीं देते। इस लिए, इस बिल में पैसे बहुत कम दिये जा रहे हैं। जब कि खर्च बहुत ज्यादा होता है। This does not form part of the expenses incurred by an average M.L.A. और कुछ मैम्बर साहिबान ने इस बिल का विरोध किया है। मैं उन को पाखंडी कहता हूं। यह पाखंड नहीं है तो क्या है। पैसे भी ले लेते हैं और बिल का विरोध भी करते हैं।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਮਾਸਟਰ ਚੰਦ ਸਿੰਘ : ** ** **

**Mr. Deputy Speaker**: It is not the proper way. Whatever has been said without my permission that is expunged.

श्री अ. विश्वनाथन : अगर पाखंडी शब्द इन को बुरा लगा है तो म कहता हूं कि मैं भी इन के साथ हूं । एक M. L. A. का इतना खर्च ह रहा है इस को दो पक्ष से देखना पड़ेगा । एक बात यहां कहना चाहता हूं कि एडमिनिस्ट्रेशन को स्ट्रीमलाईन करना पड़ेगा । जिस लैवल का काम हो वह काम उसी लैवल पर खत्म हो जाना चाहिये दूसरे लैवल पर खत्म नहीं होना चाहिये । अगर एक काम S. H. O. के लैवल पर खत्म हो सकता है तो उस काम को S. S. P. के लैवल पर खत्म नहीं होना चाहिये । तहसील लैवल का काम तहसील लैवल पर ही खत्म होना चाहिये न कि यह काम चण्डीगढ़ Commissioner for Revenue के पास खत्म हो, Home Secretary के पास खत्म हो । जो भी काम है वह नीचे के लैवल पर होना चाहिये, मगर होता नहीं है । नीचे लैवल पर कोई काम नहीं होता है । मैं इस बात को बार बार इस सदन में कहता हूं । हर एक डिपार्टमेंन्ट में यह निश्चित हो जाना चाहिये कि एक अर्जी को 5, 10, 15 दिनों में निपटा देना चाहिये । उस को इन दिनों के अन्दर जवाब आ जाना चाहिये । चाहे जवाब accept हो चाहे रिजैक्ट हो जाये । इस से M. L. A. की सिरदर्दी खत्म हो जायेगी । यद्यपि यह इन्क्रीज होती जा रही है। मैं दूसरों की तरह हेराफेरी नहीं करता हूं । ना तो मेरी कोई Industry है न मेरा कोई बिजनैस है Courts का काम भी 8 घन्टों में सिर्फ 2 घण्टे कर पाता हूं । इस के बावजूद गुजारा करना पड़ रहा है ।

एक M. L. A. का घर छोटा नहीं होना चाहिये । उस के घर में 20—30 चेयरज़ होनी चाहिये, क्योंकि लोग दरी पर बैठना पसन्द नहीं करते हैं और इसे वे अपनी इन्सल्ट समझते हैं । डिप्टी स्पीकर साहिब, जिस तरह वैद जी ने कहा है कि इस बिल को सिलैक्ट कमेटी के पास रैफर कर दिया जाये, मैं भी यही चाहता हूं । लोग चाहते हैं कि हमारा M. L. A. बिना ऐजूकेशन के well informed हो, योग्य होना चाहिये, वैल ऐजूकेटिड हो अपटूडेट हो एक आदर्श Legislator हो, एक आदर्श पिता हो, एक आदर्श पती हो, एक आदर्श बेटा हो, बिना अखबार के उस को पता होना चाहिये, बिना खाये हट्टा कट्टा हो । पता नहीं क्या क्या वे एक M. L. A. में क्वालीटीज़ चाहते हैं । फिर वह चाहते हैं कि ईमानदार हो । इस लिये मैं कहता हूं कि इस बिल को सिलैक्ट कमेटी के पास रैफर कर देना चाहिये नहीं तो इस बिल को इसी रूप में पास कर देना चाहिये । इस में कोई आपत्ति नहीं होनी चाहिये ।

## ANNOUNCEMENT BY THE DEPUTY SPEAKER

**Mr. Deputy Speaker** : I have to inform the House under Rule 265 of the Rules of Procedure and Conduct of Business in

**Expunged as ordered by the Chair.

Original with;
Punjab Vidhan Sabha
Digitized by;
Panjab Digital Library

[Mr. Deputy Speaker]

the Punjab Vidhan Sabha (Punjab Legislative Assembly) that Comrades Mehtab Singh and Sarwan Singh (Dharamkot) have been arrested on the 15th September, 1978 under sections 353/ 332/ 186/ 148/149/ 324/ 506/ 429 .I.P.C. in case F.I.R. 221, dated the 15th September, 1978, Police Station Cantt Ferozepore, as intimated by the Senior Superintendent of Police, Ferozepore,—*vide* his teleprinter message dated the 15th September, 1978. They are detained in Police lock up at Ferozepore Cantt. Police Station.

---

## PUNJAB LEGISLATORS (MODIFICATION OF ALLOWANCES AND OTHER AMENITIES) BILL, 1978 (*Resumption of discussion*)

**ਸਰਦਾਰ ਸਰੂਪ ਸਿੰਘ (ਆਦਮਪੁਰ)**: ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿਲ ਹਾਊਸ ਦੇ ਵਿਚ ਪੇਸ਼ ਕੀਤਾ ਗਿਆ ਹੈ। ਇਸ ਦੀ ਵਿਰੋਧਤਾ ਸਿਰਫ ਪੁਲਿਟੀਕਲ ਤੌਰ ਤੇ ਕੀਤੀ ਗਈ ਹੈ । ਇਕ ਮੈਂਬਰ ਕਹਿੰਦਾ ਹੈ ਕਿ ਸਾਨੂੰ 200 ਜਾਂ 300 ਰੁਪਿਆ ਸਿਰਫ ਮਿਲਦਾ ਹੈ ਬਾਕੀ ਤਾਂ ਸਾਡੀ ਪਾਰਟੀ ਕੋਲ ਚਲਾ ਜਾਂਦਾ ਹੈ। ਮੈਨੂੰ ਸਮਝ ਨਹੀਂ ਆਉਂਦੀ ਕਿ ਇਹ 200 ਜਾਂ 300 ਰੁਪਏ ਦੇ ਨਾਲ ਕਿਸ ਤਰ੍ਹਾਂ ਗੁਜ਼ਾਰਾ ਕਰਦੇ ਹਨ ਜਾਂ ਫਿਰ ਇਨ੍ਹਾਂ ਦਾ ਵੱਖਰਾ ਕੋਈ ਕੰਮ ਹੋਵੇਗਾ । ਇਹ ਤਾਂ 300 ਰੁਪਿਆ ਹੀ ਕੀਤਾ ਗਿਆ ਹੈ ਬਲਕਿ ਮੈਂ ਕਹਿੰਦਾ ਹਾਂ ਕਿ ਜਿਹੜਾ ਖਰਚਾ ਮੈਂਬਰ ਸਾਹਿਬਾਨ ਕਰਦੇ ਹਨ ਉਹ ਜ਼ਿਆਦਾ ਹੈ। ਇਸ ਲਈ ਚਾਹੀਦਾ ਤਾਂ ਇਹ ਹੈ ਕਿ ਬੀ.ਡੀ.ਓ. ਦੇ ਕੋਲ ਜੀਪਾਂ ਹੁੰਦੀਆਂ ਹਨ ਉਹ ਸਾਨੂੰ ਮਹੀਨੇ ਦੇ ਵਿਚ 10 ਦਿਨ ਆਪਣੀ ਜੀਪ ਦੇ ਦੇਣ ਤਾਕਿ ਅਸੀਂ ਆਪਣੇ ਇਲਾਕੇ ਦੇ ਕੰਮ ਕਰ ਸਕੀਏ। ਸਾਨੂੰ ਹਰ ਰੋਜ਼ 10-10 ਲਿਟਰ ਪੈਟਰੋਲ ਪਾਉਣਾ ਪੈਂਦਾ ਹੈ ਅਤੇ ਕਿੰਨਾ ਕਿੰਨਾ ਖਰਚਾ ਪੈਟਰੋਲ ਤੇ ਹੀ ਹੋ ਜਾਂਦਾ ਹੈ। ਮੈਂਬਰ ਇਮਾਨਦਾਰੀ ਦੇ ਨਾਲ ਕੰਮ ਕਰਨਾ ਚਾਹੁੰਦੇ ਹਨ । ਕਾਂਗਰਸ ਰਾਜ ਦੇ ਵਿਚ ਕੀ ਹੁੰਦਾ ਸੀ ? ਜਦੋਂ ਕਿਸੇ ਬੰਦੇ ਨੇ ਕੰਮ ਕਰਵਾਉਣਾ ਹੁੰਦਾ ਸੀ ਤਾਂ ਉਹ ਆਪਣੇ ਡਰਾਈਵਰ ਨੂੰ ਸਮਝਾ ਛੱਡਦੇ ਸਨ ਕਿ ਜੇਕਰ ਕਾਰ ਦੇ ਵਿਚ 6 ਬੰਦੇ ਬੈਠੇ ਹਨ ਔਰ ਚੰਡੀਗੜ੍ਹ ਕੰਮ ਕਰਵਾਉਣ ਦੇ ਵਾਸਤੇ ਉਨ੍ਹਾਂ ਨੇ ਮੈਂਬਰ ਨੂੰ ਨਾਲ ਲੈ ਕੇ ਜਾਣਾ ਹੁੰਦਾ ਸੀ ਤਾਂ ਡਰਾਈਵਰ ਵਾਰੀ ਵਾਰੀ ਇਕ ਇਕ ਆਦਮੀ ਦੇ ਕੋਲੋਂ ਪੈਟਰੋਲ ਵਾਸਤੇ ਪੈਸੇ ਲੈ ਲੈਂਦਾ ਸੀ। ਇਸ ਤਰ੍ਹਾਂ 5 ਆਦਮੀਆਂ ਦੇ ਪੈਸੇ ਮੈਂਬਰ ਨੂੰ ਚਲੇ ਜਾਂਦੇ ਸਨ। ਮੈਂ ਇਮਾਨਦਾਰੀ ਨਾਲ ਦੱਸਦਾ ਹਾਂ ਕਿ ਲੈਜਿਸਲੇਟਰਜ਼ ਦਾ ਕਿੰਨਾ ਜ਼ਿਆਦਾ ਖਰਚਾ ਹੁੰਦਾ ਹੈ। ਅਸੈਂਬਲੀ ਦੇ ਵਿਚ ਆਪਣੀ ਇੰਪਾਰਟੈਂਸ ਰੱਖਣ ਦੇ ਲਈ ਇਕ ਮੈਂਬਰ ਨੇ ਇਸ ਬਿਲ ਦੀ ਵਿਰੋਧਤਾ ਕੀਤੀ ਹੈ । ਇਨ੍ਹਾਂ ਦੀ ਪਾਰਟੀ ਦਾ ਹਮੇਸ਼ਾ ਡੈਸਟ੍ਰੱਕਟਿਵ ਰੋਲ ਰਿਹਾ ਹੈ।

**ਮਾਸਟਰ ਚੰਦ ਸਿੰਘ :** ** ** **

**ਸ਼੍ਰੀ ਡਿਪਟੀ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਸਰੂਪ ਸਿੰਘ :** ਡਿਪਟੀ ਸਪੀਕਰ ਸਾਹਿਬ, ਸੀ. ਪੀ. ਐਮ. ਦੇ ਕਿਸੇ ਮੈਂਬਰ ਨੂੰ ਇਤਰਾਜ਼ ਹੋਵੇਗਾ ਔਰ ਕਹਿੰਦੇ ਹਨ ਕਿ ਇਨ੍ਹਾਂ ਕੋਲ ਕਾਰ ਹੈ । ਕੀ ਤੁਹਾਨੂੰ ਕਾਰ ਦੀ ਲੋੜ ਹੈ ? (ਵਿਘਨ)

**ਸ਼੍ਰੀ ਡਿਪਟੀ ਸਪੀਕਰ :** ਸਰਦਾਰ ਸਰੂਪ ਸਿੰਘ ਜੀ, ਤੁਸੀਂ ਮੇਰੇ ਨਾਲ ਗੱਲ ਕਰੋ ।

**ਸਰਦਾਰ ਸਰੂਪ ਸਿੰਘ:** ਡਿਪਟੀ ਸਪੀਕਰ ਸਾਹਿਬ, ਇਤਰਾਜ਼ ਆਇਆ ਹੈ ਵਜ਼ੀਰ ਸਾਹਿਬਾਨ ਨੂੰ ਫੇਸਿ- ਲਿਟੀ ਦੇਣ ਬਾਰੇ, ਜੇ ਕਰ ਵਜ਼ੀਰ ਸਾਹਿਬ ਮਹਿਸੂਸ ਕਰਦੇ ਹਨ ਤਾਂ ਉਹ ਆਪਣੇ ਵਿਚੋਂ ਘਟਾ ਲੈਣ। ਡਿਪਟੀ

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਇਹ ਬਿਲ ਪਾਸ ਕਰ ਦੇਣਾ ਚਾਹੀਦਾ ਹੈ। ਮੈਂ ਕਹਿੰਦਾ ਹਾਂ ਕਿ ਟੈਲੀਫੂਨ ਤੇ ਜ਼ਿਆਦਾ ਖਰਚ ਆਉਂਦਾ ਹੈ। ਜੋ ਟੈਲੀਫੂਨ ਅਸੀਂ ਸ਼ਹਿਰਾਂ ਵਿਚ ਅਤੇ ਚੰਡੀਗੜ੍ਹ ਕਰਦੇ ਹਾਂ ਉਨ੍ਹਾਂ ਦਾ ਖਰਚਾ ਦੇ ਦਿਆ ਕਰੋ। ਸਾਨੂੰ ਤਾਂ ਖਰਚਾ ਚਾਹੀਦਾ ਹੈ। ਜੇਕਰ 300 ਰੁਪਏ ਤਕ ਹੋਵੇਗਾ ਤਾਂ 300 ਰੁਪਿਆ ਮਿਲਣਾ ਚਾਹੀਦਾ ਹੈ, ਜੇਕਰ 150 ਰੁਪਿਆ ਹੋਵੇ ਤਾਂ 150 ਰੁਪਿਆ ਮਿਲਣਾ ਚਾਹੀਦਾ ਹੈ। ਸਾਨੂੰ ਤਾਂ ਜਿਤਨਾ ਖਰਚ ਆਵੇ ਉਤਨਾ ਹੀ ਮਿਲਣਾ ਚਾਹੀਦਾ ਹੈ।

**ਡਾਕਟਰ ਸਾਧੂ ਰਾਮ (ਫਗਵਾੜਾ, ਐਸ. ਸੀ)** : ਡਿਪਟੀ ਸਪੀਕਰ ਸਾਹਿਬ, ਕੁਝ ਜ਼ਿੰਮੇਵਾਰੀ ਸਾਡੇ ਵਜ਼ੀਰਾਂ ਅਤੇ ਐਮ.ਐਲ.ਏਜ਼. ਦੇ ਉਤੇ ਲਾਗੂ ਹੁੰਦੀ ਹੈ। ਮੈਂ ਸਮਝਦਾ ਹਾਂ ਕਿ ਐਮ.ਐਲ.ਏਜ਼. ਦਾ ਖਰਚਾ 75 ਰੁਪਏ ਹੋਵੇ ਜਾਂ 300 ਰੁਪਏ ਹੋਵੇ ਇਸ ਦੀ ਸਾਨੂੰ ਬਹੁਤੀ ਲੋੜ ਨਹੀਂ, ਟੀ.ਏ., ਡੀ.ਏ. ਦੀ ਲੋੜ ਨਹੀਂ। ਸਾਨੂੰ ਹੋਰ ਕਿਸੇ ਖਰਚੇ ਦੀ ਲੋੜ ਨਹੀਂ। ਸਾਡਾ ਸਿਰਫ ਰੋਟੀ ਦਾ ਅਤੇ ਕਪੜੇ ਦਾ ਪ੍ਰਬੰਧ ਕਰ ਦਿਉ। ਵਜ਼ੀਰ ਸਾਹਿਬ ਤਾਂ ਇਥੇ ਬੈਠੇ ਹਨ। ਸਾਡੇ ਕੋਲ 64--65 ਵੋਟਰਜ਼ ਆਉਂਦੇ ਹਨ ਪਰ ਸਾਡੇ ਕੋਲ ਉਨ੍ਹਾਂ ਨੂੰ ਬਿਠਾਉਣ ਲਈ ਵੀ ਜਗ੍ਹਾਂ ਨਹੀਂ ਹੈ। ਜੇਕਰ ਜਗ੍ਹਾਂ ਦਾ ਕਿਸੇ ਤਰੀਕੇ ਨਾਲ ਪ੍ਰਬੰਧ ਹੋ ਵੀ ਜਾਵੇ ਤਾਂ ਉਨ੍ਹਾਂ ਨੂੰ ਚਾਹ ਪਿਲਾਉਣ ਲਈ ਕੱਪ ਵੀ ਨਹੀਂ ਹੁੰਦੇ। ਥੋੜੇ ਜਿਹੇ ਕੱਪ ਹੁੰਦੇ ਹਨ, ਉਹੀ ਲੈ ਕੇ ਆਉਂਦੇ ਹਾਂ ਅਤੇ ਫਿਰ ਦੋਬਾਰਾ ਉਹੀ ਕੱਪ ਲਿਜਾ ਕੇ ਲਿਆਉਂਦੇ ਹਾਂ। ਇਸ ਤਰ੍ਹਾਂ ਸਿਰਫ ਚਾਹ ਲਈ ਹੀ ਸਾਡੇ ਦੋ ਘੰਟੇ ਲਗ ਜਾਂਦੇ ਹਨ। ਸਵੇਰੇ ਹੀ ਸਾਡੇ ਕੋਲ ਵੋਟਰਜ਼ ਆ ਜਾਂਦੇ ਹਨ ਕਿ ਸਾਡੀ ਬਦਲੀ ਹੋਈ ਹੈ ਜਾਂ ਨਹੀਂ ਹੋਈ ਔਰ ਸਾਡੀ ਤਕਲੀਫ ਹਟੀ ਹੈ ਜਾਂ ਨਹੀਂ ਸਾਡੀਆਂ ਜ਼ਿੰਮੇਵਾਰੀਆਂ ਬਹੁਤ ਵੱਧ ਗਈਆਂ ਹਨ। ਡਿਪਟੀ ਸਪੀਕਰ ਸਾਹਿਬ, ਕਾਂਗਰਸ ਦੇ ਰਾਜ ਵਿਚ ਤਾਂ ਐਸੇ ਬੰਦੇ ਸਨ ਜੋ ਘਾਲਾ ਮਾਲਾ ਕਰ ਲੈਂਦੇ ਸਨ। ਜੇਕਰ ਅਸੀਂ ਕਿਸੇ ਕੰਮ ਲਈ ਵਜ਼ੀਰ ਸਾਹਿਬ ਤੋਂ ਲਿਖਵਾ ਲੈਂਦੇ ਹਾਂ ਅਤੇ ਸੈਕਟਰੀ ਕੋਲ ਜਾਂਦੇ ਹਾਂ, ਫਿਰ ਡਿਪਟੀ ਸੈਕਟਰੀ ਕੋਲ, ਫਿਰ ਅੰਡਰ ਸੈਕਟਰੀ ਕੋਲ, ਫਿਰ ਸੁਪਰਡੰਟ ਕੋਲ ਪਹੁੰਚਦੇ ਹਾਂ, ਤਾਂ ਇਸ ਤਰ੍ਹਾਂ 6-7 ਦਿਨ ਲਗ ਜਾਂਦੇ ਹਨ, ਹੋਰ ਜ਼ਿਆਦਾ ਰਹਿ ਨਹੀਂ ਸਕਦੇ, ਖਰਚ ਬਰਦਾਸ਼ਤ ਨਹੀਂ ਕਰ ਸਕਦੇ ਤਾਂ ਵਾਪਸ ਘਰ ਨੂੰ ਜਾਂਦੇ ਹਾਂ ਅਤੇ ਕੰਮ ਨਹੀਂ ਹੁੰਦਾ। ਜੇਕਰ ਅਸੀਂ ਕਿਸੇ ਅਫਸਰ ਨੂੰ ਜਾਣਦੇ ਹਾਂ ਤਾਂ ਵਖਰੀ ਗੱਲ ਹੈ ਪਰ ਜੇਕਰ ਨਹੀਂ ਜਾਣਦੇ ਤਾਂ ਅਫਸਰ ਜਦੋਂ ਸਾਨੂੰ ਦੇਖਦਾ ਹੈ ਤਾਂ ਮੁਜਰਮ ਵਾਂਗ ਬਿਠਾਉਂਦਾ ਹੈ ਅਤੇ ਸੋਚਦਾ ਹੈ ਕਿ ਜੇਕਰ ਕੋਈ ਮਾੜੀ ਗੱਲ ਕਹਿ ਦਿਤੀ ਤਾਂ ਉਪਰ ਸ਼ਿਕਾਇਤ ਕਰ ਦੇਵੇਗਾ। ਇਸ ਲਈ ਅਸੀਂ ਬੜੇ ਦੁੱਖੀ ਹਾਂ। ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਇਲੈਕਸ਼ਨ ਲੜ ਕੇ ਆਏ ਹੋ 300 ਰੁਪਏ ਨਾਲ ਗੁਜ਼ਾਰਾ ਨਹੀਂ ਹੁੰਦਾ। ਤੁਸੀਂ ਟੈਲੀਫੂਨ ਦਾ ਬਿਲ ਦੇ ਦਿਉ ਭਾਵੇਂ 300 ਰੁਪਿਆ ਨਾ ਦਿਉ। ਇਕ ਮੈਂਬਰ ਦਾ ਟੈਲੀਫੂਨ ਦਾ ਖਰਚਾ ਪੰਜ ਸੌ, ਛੇ ਸੌ ਜਾਂ ਅੱਠ ਸੌ ਰੁਪਏ ਦਾ ਹੋਵੇਗਾ। ਇਹ ਦੂਸਰੀ ਗੱਲ ਹੈ ਕਿ ਬਾਕੀ ਪਟਿਆਲਾ, ਜਲੰਧਰ, ਲੋਕਲ ਕਾਲਾਂ ਦਾ 50 ਰਪਏ ਦਾ ਬਿਲ ਆਵੇ। ਪਰ ਚੰਡੀਗੜ੍ਹ ਦਾ ਬਹੁਤ ਜ਼ਿਆਦਾ ਹੁੰਦਾ ਹੈ। ਜੇ ਕਰ ਤੁਸੀਂ ਕਹੋ ਤਾਂ ਮੈਂ ਤੁਹਾਨੂੰ ਰਸੀਦਾਂ ਭੇਜ ਦਿੰਦਾ ਹਾਂ।

ਡਿਪਟੀ ਸਪੀਕਰ ਸਾਹਿਬ, ਡਿਸਟ੍ਰਿਕਟ ਹੈਡਕੁਆਰਟਰ ਤੇ ਏ. ਆਰ., ਬੀ.ਡੀ.ਓ ਕੋਲ 24, 24 ਘੰਟੇ ਜੀਪਾਂ ਹੁੰਦੀਆਂ ਹਨ ਜੋ ਆਪਣੇ ਬੱਚਿਆਂ ਨੂੰ ਸਕੂਲ ਭੇਜਣ ਲਈ ਵੀ ਇਸਤੇਮਾਲ ਕਰਦੇ ਹਨ, ਪਰ ਸਾਨੂੰ ਟੈਕਸੀ ਕਰਨੀ ਪੈਂਦੀ ਹੈ। ਮੈਂ ਕਹਿੰਦਾ ਹਾਂ ਕਿ ਸਾਨੂੰ ਅਲਾਉਂਸ ਦੀ ਲੋੜ ਨਹੀਂ, ਸਾਨੂੰ ਜੀਪਾਂ ਜਾ ਕਾਰਾਂ ਹਫਤੇ–15 ਦਿਨਾਂ ਦੇ ਲਈ ਦੇ ਦਿਉ ਤਾਂ ਕਿ ਅਸੀਂ ਆਪਣੇ ਇਲਾਕੇ ਦੇ ਡਿਸਟ੍ਰਿਕਟ

Original with;
Punjab Vidhan Sabha
Digitized by;
Panjab Digital Library

[ਡਾਕਟਰ ਸਾਧੂ ਰਾਮ]

ਹੈਡਕੁਆਰਟਰਾਂ ਦੇ ਅਫਸਰਾਂ ਨੂੰ ਜਾ ਕੇ ਮਿਲ ਸਕੀਏ। ਛੋਟੇ ਛੋਟੇ ਅਫਸਰ ਹੁੰਦੇ ਹਨ ਲੇਕਿਨ ਉਨ੍ਹਾਂ ਨੂੰ ਬਹੁਤ ਜ਼ਿਆਦਾ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ । ਏ.ਆਰ.ਦੇ ਨੀਚੇ ਸੁਪਰਡੰਟ, ਇਕ ਦੋ ਸਟੇਨੋਂ, ਅੱਠ ਨੌ ਕਲਰਕ ਆਦਿ ਹੁੰਦੇ ਹਨ। ਘੱਟੋ ਘੱਟ 16 ਬੰਦੇ ਉਨ੍ਹਾਂ ਦੇ ਨੀਚੇ ਕੰਮ ਕਰਦੇ ਹਨ । ਟੈਲੀਫੂਨ ਸੁਣਨ ਲਈ ਵੱਖਰਾ ਕਲਰਕ ਹੁੰਦਾ ਹੈ । ਉਹ ਟੈਲੀਫੂਨ ਕਰਦਾ ਰਹਿੰਦਾ ਹੈ ਅਤੇ ਜਦੋਂ ਕਾਲ ਮਿਲ ਜਾਵੇ ਤਾਂ ਗੱਲ ਕਰਦੇ ਹਨ । ਇਕ ਐਮ.ਐਲ. ਏ. ਲੱਖ ਜਾਂ ਡੇਢ ਲੱਖ ਦੀ ਆਬਾਦੀ ਵਿਚੋਂ ਚੁਣ ਕੇ ਪੰਜ ਸਾਲਾਂ ਲਈ ਆਉਂਦਾ ਹੈ ਪਰ ਉਸ ਨੂੰ ਕੋਈ ਸਹੂਲਤ ਨਹੀਂ ਹੁੰਦੀ। ਉਸ ਨੂੰ ਘੱਟੋ ਘੱਟ ਇਕ ਮਸ਼ੀਨ ਅਤੇ ਇਕ ਕਲਰਕ ਚਾਹੀਦਾ ਹੈ ਜੋ ਚਿੱਠੀਆਂ ਟਾਈਪ ਕਰੇ ਅਤੇ ਭੇਜੇ। ਡਿਪਟੀ ਸਪੀਕਰ ਸਾਹਿਬ, 40-50 ਰੁਪਏ ਤਾਂ ਕਾਗਜ਼ ਟਾਈਪ ਕਰਾਉਣ ਲਈ ਹੀ ਲਗ ਜਾਂਦੇ ਹਨ।

ਡਿਪਟੀ ਸਪੀਕਰ ਸਾਹਿਬ, ਸਾਡਾ ਖਰਚ ਬਹੁਤ ਵੱਧ ਗਿਆ ਹੈ ਅਤੇ ਉਹ ਖਰਚ ਪੂਰਾ ਹੋਣਾ ਚਾਹੀਦਾ ਹੈ। ਜਦੋਂ ਪਹਿਲਾਂ ਕਾਂਗਰਸ ਦਾ ਰਾਜ ਹੁੰਦਾ ਸੀ ਤਾਂ ਐਵੇਂ ਹੀ ਕਹਿ ਦਿਤਾ ਜਾਂਦਾ ਸੀ ਕਿ ਦੋ ਚਾਰ ਕਮਰੇ ਕਿਰਾਏ ਤੇ ਲਿਤੇ ਸਨ ਅਤੇ 45, 45 ਰੁਪਏ ਖਰਚ ਆਇਆ ਹੈ ਔਰ ਸਾਨੂੰ ਪੈਸੇ ਦੇ ਦਿਓ ਫਿਰ ਟੈਕਸੀ ਕੀਤੀ ਹੈ ਅਤੇ ਟੈਕਸੀ ਦੇ ਪੈਸੇ ਦੇ ਦਿਉ ।ਇਸ ਲਈ ਜੇ ਕਰ ਇਮਾਨਦਾਰੀ ਨਾਲ ਸੋਚਿਆ ਜਾਵੇ ਤਾਂ ਇਹ ਪੈਸੇ ਜ਼ਿਆਦਾ ਨਹੀਂ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਿਲ ਦੀ ਹਿਮਾਇਤ ਕਰਦਾ ਹੋਇਆ ਆਪ ਜੀ ਦਾ ਧੰਨਵਾਦ ਕਰਦਾ ਹਾਂ। (ਥੰਪਿੰਗ)

**ਉਦਯੋਗ ਮੰਤਰੀ** (ਸ੍ਰੀ ਬਲਰਾਮ ਜੀ ਦਾਸ ਟੰਡਨ): ਡਿਪਟੀ ਸਪੀਕਰ ਸਾਹਿਬ, ਇਸ ਬਿਲ ਦੇ ਬਾਰੇ ਵਿਚ ਮੈਂਬਰ ਸਾਹਿਬਾਨ ਨੇ ਕੁੱਝ ਗੱਲਾਂ ਕਹੀਆਂ ਹਨ। ਕੁਝ ਮੈਂਬਰ ਸਾਹਿਬਾਨ ਨੇ ਇਹ ਕਿਹਾ ਹੈ ਕਿ ਜੋ ਉਨ੍ਹਾਂ ਨੂੰ ਅਲਾਊਂਸ ਮਿਲਦਾ ਹੈ ਉਹ ਕਾਫੀ ਹੈ ਔਰ ਕੁਝ ਕਹਿੰਦੇ ਹਨ ਕਿ ਜੋ ਅਲਾਊਂਸ ਮਿਲਦਾ ਹੈ ਉਹ ਨਾ ਕਾਫੀ ਹੈ। ਸਾਡੇ ਆਪਣੇ ਸਾਥੀ ਮਾਸਟਰ ਚੰਦ ਸਿੰਘ ਜੀ ਨੇ ਕਿਹਾ ਹੈ ਕਿ ਇਸ ਬਿਲ ਦੇ ਵਿਚ ਕਿਸੇ ਕਿਸਮ ਦੀ ਤਰਮੀਮ ਨਹੀਂ ਹੋਣੀ ਚਾਹੀਦੀ ਅਤੇ ਜੋ ਆਲਰੇਡੀ ਮਿਲਦਾ ਹੈ, ਉਹ ਕਾਫੀ ਹੈ। ਲੇਕਿਨ ਬਹੁਤ ਸਾਰੇ ਮੈਂਬਰਾਂ ਨੇ ਇਸ ਦੇ ਬਾਰੇ ਵਿਚ ਇਸ ਬਿਲ ਦੀ ਹਿਮਾਇਤ ਕੀਤੀ ਹੈ ਅਤੇ ਕਈ ਵਿਚਾਰ ਰਖੇ ਹਨ। ਇਕ ਵਿਚਾਰ ਇਹ ਸੀ ਕਿ ਜੋ ਮੈਂਬਰ ਅਸੈਂਬਲੀ ਨੂੰ ਆਪਣੀ ਡਿਊਟੀ ਡਿਸਚਾਰਜ ਕਰਦਿਆਂ ਹੋਇਆਂ ਫੈਸਿਲਟੀਜ਼ ਮਿਲਦੀਆਂ ਹਨ, ਉਹ ਬਹੁਤ ਨਾਕਾਫੀ ਹਨ। ਇਕ ਮੈਂਬਰ ਸਾਹਿਬ ਨੇ ਇਹ ਵੀ ਗੱਲ ਕਹੀ ਕਿ ਇਸ ਬਿਲ ਦੇ ਨਾਂ ਉਤੇ ਮਨਿਸਟਰ ਸਾਹਿਬਾਨ ਨੂੰ ਕੁਝ ਫੈਸਿਲਿਟੀਜ਼ ਦਿੱਤੀਆਂ ਗਈਆਂ ਹਨ ।ਮੈਂ ਇਨ੍ਹਾਂ ਗੱਲਾਂ ਦੇ ਬਾਰੇ ਵਿਚ ਦੋ ਤਿੰਨ ਗੱਲਾਂ ਕਹਿਣੀਆਂ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਇਹ ਅਸੀਂ ਜੋ ਬਿਲ ਲਿਆਂਦਾ ਹੈ, ਉਹ ਜਨਰਲ ਪਰਪਜ਼ਿਜ਼ ਕਮੇਟੀ ਦੀ ਸਿਫਾਰਸ਼ ਨਾਲ ਲਿਆਂਦਾ ਹੈ ਅਤੇ ਉਸ ਜਨਰਲ ਪਰਪਜ਼ਿਜ਼ ਕਮੇਟੀ ਦੇ ਵਿਚ ਸਾਰੇ ਸ਼ੇਡਜ਼ ਆਫ ਓਪੀਨੀਅਨ ਆਈ ਹੈ। ਉਸ ਕਮੇਟੀ ਵਿਚ ਇਸ ਹਾਊਸ ਦੇ ਡਿਫਰੈਂਟ ਪਾਰਟੀਆਂ ਦੇ ਮੈਂਬਰ ਰਿਪ੍ਰੀਜ਼ੈਂਟੇਟਿਵਜ਼ ਹਨ ਉਸ ਕਮੇਟੀ ਨੇ ਫੈਸਲਾ ਕੀਤਾ ਹੈ ਕਿ ਮੈਂਬਰ ਅਸੈਂਬਲੀ ਦਾ ਜਿਹੜਾ ਟੈਲੀਫੂਨ ਦਾ ਬਿਲ ਹੈ ਜੇ ਕਰ 100 ਰੁਪਏ ਦਾ ਆਉਂਦਾ ਹੈ ਤਾਂ 100 ਰੁਪਿਆ ਦੇਣਾ ਹੈ ਜੇਕਰ 100 ਰੁਪਏ ਤੋਂ ਉਪਰ ਆਉਂਦਾ ਹੈ, 2000 ਰੁਪਏ ਜਾਂ 3000 ਰੁਪਏ ਤੱਕ ਤਾਂ 300 ਰੁਪਿਆ ਹੀ ਦੇਣਾ ਹੈ, ਵੱਧ ਨਹੀਂ ਜੇ ਕਰ 300 ਰੁਪਏ ਤੋਂ ਘੱਟ ਆਉਂਦਾ ਹੈ ਤਾਂ ਉਤਨਾ ਹੀ ਦੇਣਾ ਹੈ ਜਿਤਨਾ ਆਵੇਗਾ, ਵੱਧ ਨਹੀਂ ।

ਡਿਪਟੀ ਸਪੀਕਰ ਸਾਹਿਬ, ਕਾਲਾਂ ਬਹੁਤ ਹੁੰਦੀਆਂ ਹਨ, ਸਿੱਧੀਆਂ ਕਾਲਾਂ ਹੁੰਦੀਆਂ ਹਨ। ਦਿੱਲੀ ਤੋਂ ਚੰਡੀਗੜ, ਚੰਡੀਗੜ੍ਹ ਤੋਂ ਅੰਮ੍ਰਿਤਸਰ, ਚੰਡੀਗੜ੍ਹ ਤੋਂ ਦਿਲੀ ਕਰ ਲਉ। ਮੈਂਬਰ ਸਾਹਿਬਾਨ ਕੋਲ

Original with;
Punjab Vidhan Sabha
Digitized by;
Panjab Digital Library

ਵੋਟਰਜ਼ ਆਉਂਦੇ ਹਨ ਤਾਂ ਟਾਈਮ ਟੂ ਟਾਈਮ ਕਾਲ ਕਰਨੀ ਪੈਂਦੀ ਹੈ। ਡਿਸਟ੍ਰਿਕਟ ਹੈਡਕੁਆਰਟਰਜ਼ ਨਾਲ ਗੱਲ ਕਰਨੀ ਪੈਂਦੀ ਹੈ। ਹੋਰ ਕਈ ਥਾਵਾਂ ਉਤੇ ਕਾਲ ਕਰਕੇ ਆਪਣੀ ਗੱਲ ਪਹੁੰਚਾਉਣੀ ਹੁੰਦੀ ਹੈ। ਉਸ ਕਰਕੇ ਹੀ ਬਿਲ ਰਾਈਜ਼ ਹੁੰਦਾ ਹੈ। ਅਸੀਂ ਇਸ ਬਿਲ ਰਾਹੀਂ ਇਹ ਕੀਤਾ ਹੈ ਕਿ to the extent of Rs. 300, ਜੇ ਬਿਲ 300 ਰੁਪਏ ਜਾਂ 300 ਰੁਪਏ ਤੋਂ ਵੱਧ ਆਏਗਾ ਤਾਂ ਵੀ 300 ਰੁਪਏ ਹੀ ਮਿਲਣੇ ਹਨ ਔਰ ਜੇ 100 ਰੁਪਏ ਦਾ ਬਿਲ ਆਏਗਾ ਤਾਂ 100 ਰੁਪਏ ਹੀ ਮਿਲਣੇ ਹਨ ਔਰ ਅਗਰ ਡੇਢ ਸੌ ਰੁਪਏ ਦਾ ਬਿਲ ਆਏਗਾ ਤਾਂ ਡੇਢ ਸੌ ਰੁਪਏ ਹੀ ਮਿਲਣੇ ਹਨ। ਔਰ ਜੇ 300 ਰੁਪਏ ਤੋਂ ਵੱਧ ਬਿਲ ਆਏਗਾ ਤਾਂ ਵੀ 300 ਰੁਪਏ ਹੀ ਮਿਲਣੇ ਹਨ। ਇਸ ਹਾਊਸ ਦੀ ਬਣੀ ਹੋਈ ਜਨਰਲ ਪਰਪਜ਼ਿਜ਼ ਕਮੇਟੀ ਨੇ ਇਹ ਪਾਸ ਕਰਕੇ ਭੇਜਿਆ ਸੀ। ਗੌਰਮਿੰਟ ਨੇ ਫੈਸਲਾ ਕੀਤਾ ਕਿ ਮੈਂਬਰ ਸਾਹਿਬਾਨ ਦੀ ਜੈਨੂਅਨ ਡਿਫੀਕਲਟੀ ਹੈ ਔਰ ਉਸ ਦੇ ਮੁਤਾਬਿਕ ਇਹ ਸਾਰੀ ਗਲ ਬਾਤ ਕੀਤੀ ਗਈ ਹੈ।

ਡਿਪਟੀ ਸਪੀਕਰ ਸਾਹਿਬ, ਦੂਸਰੀ ਗਲ ਇਹ ਹੈ ਕਿ ਕੰਸਟੀਚਿਊਐਂਸੀ ਅਲਾਊਂਸ ਦੇ ਵਿਚ ਨਾਮੀਨਲ ਤਬਦੀਲੀ ਕੀਤੀ ਹੈ। ਇਹ ਸਵਾ ਦੋ ਸੌ ਰੁਪਏ ਪਰ ਮੰਥ ਤੋਂ ਵਧਾ ਕੇ 300 ਰੁਪਏ ਪਰ ਮੰਥ ਕੀਤਾ ਗਿਆ ਹੈ। ਕਈ ਮੈਂਬਰ ਸਾਹਿਬਾਨ ਨੇ ਕਿਹਾ ਹੈ ਕਿ ਚੀਫ ਮਨਿਸਟਰ ਸਾਹਿਬ ਨੇ ਬਹੁਤ ਸਾਰੀਆਂ ਗਲਾਂ ਕੀਤੀਆਂ ਸਨ ਪਰ ਉਹ ਗੱਲਾਂ ਇਸ ਬਿਲ ਵਿਚ ਇਨਕਾਰਪੋਰੇਟ ਨਹੀਂ ਕੀਤੀਆਂ ਗਈਆਂ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਉਨ੍ਹਾਂ ਮੈਂਬਰ ਸਾਹਿਬਾਨ ਨੂੰ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਸਾਰੀਆਂ ਗੱਲਾਂ ਅਸੈਂਬਲੀ ਵਿਚ ਅਮੈਂਡਮੈਂਟ ਕਰਨ ਨਾਲ ਨਹੀਂ ਆਉਣੀਆਂ ਕਿਉਂਕਿ ਬਹੁਤ ਸਾਰੀਆਂ ਗੱਲਾਂ ਐਗਜ਼ੈਕਟਿਵ ਇਨਸਟ੍ਰਕਸ਼ਨਜ਼ ਰਾਹੀਂ ਕਰਨ ਵਾਲੀਆਂ ਹੁੰਦੀਆਂ ਹਨ। ਕੁਝ ਮੈਂਬਰ ਸਾਹਿਬਾਨ ਨੇ ਕਿਹਾ ਸੀ ਕਿ ਕਾਰ ਲੈਣ ਲਈ ਲੋਨ ਮਿਲਣਾ ਚਾਹੀਦਾ ਹੈ। ਇਸ ਲਈ ਬਿਲ ਵਿਚ ਅਮੈਂਡਮੈਂਟ ਕਰਨ ਦੀ ਲੋੜ ਨਹੀਂ ਹੈ ਬਲਕਿ ਇਸ ਲਈ ਐਗਜ਼ੈਕਟਿਵ ਇਨਸਟ੍ਰੱਕਸ਼ਨਜ਼ ਕਰਨ ਦੀ ਲੋੜ ਹੈ। ਬੱਸਾਂ ਵਿਚ ਸਫਰ ਕਰਨ ਲਈ ਪਾਸ ਦਾ ਪ੍ਰਬੰਧ ਕਰਨਾ, ਇਹ ਚੀਜ਼ਾਂ ਐਗਜ਼ੈਕਟਿਵ ਇਨਸਟ੍ਰਕਸ਼ਨਜ਼ ਨਾਲ ਅਸੀਂ ਕਰ ਸਕਦੇ ਹਾਂ। ਇਸ ਲਈ ਮੈਂ ਮੈਂਬਰ ਸਾਹਿਬਾਨ ਨੂੰ ਭਰੋਸਾ ਦਿਵਾਉਣਾ ਚਾਹੁੰਦਾ ਹਾਂ ਕਿ ਜਿਹੜੀਆਂ ਅਮੈਂਡਮੈਂਟਾਂ ਬਿਲ ਰਾਹੀਂ ਲਿਆਉਣ ਦੀ ਲੋੜ ਸੀ ਉਹ ਲਿਆਂਦੀਆਂ ਹਨ ਔਰ ਜੋ ਕੁੱਝ ਐਗਜ਼ੈਕਟਿਵ ਇਨਸਟ੍ਰਕਸ਼ਨਾਂ ਰਾਹੀਂ ਹੋਣਾ ਚਾਹੀਦਾ ਹੈ ਉਹ ਉਸੇ ਤਰ੍ਹਾਂ ਹੋਵੇਗਾ।

ਮਨਿਸਟਰ ਸਾਹਿਬਾਨ ਬਾਰੇ ਕਿਹਾ ਗਿਆ ਹੈ ਕਿ ਨੇਬਰਿੰਗ ਸਟੇਟ ਹਰਿਆਣਾ ਵਿਚ ਉਥੇ ਕਾਂਸਟੀਚਿਊਐਂਸੀ ਅਲਾਊਂਸ ਜਿਸ ਤਰ੍ਹਾਂ ਮੈਂਬਰ ਸਾਹਿਬਾਨ ਨੂੰ ਮਿਲਦਾ ਹੈ ਉਸੇ ਤਰ੍ਹਾਂ ਮਨਿਸਟਰ, ਡਿਪਟੀ ਮਨਿਸਟਰ, ਸਟੇਟ ਮਨਿਸਟਰ, ਸਪੀਕਰ ਔਰ ਡਿਪਟੀ ਸਪੀਕਰ ਸਾਰਿਆਂ ਨੂੰ ਮਿਲਦਾ ਹੈ। ਟੈਲੀਫੂਨ ਕਾਲਾਂ ਮਨਿਸਟਰ ਸਾਹਿਬਾਨ ਦੇ ਘਰਾਂ ਵਿਚ ਆਉਂਦੀਆਂ ਹਨ। ਜਿਹੜੇ ਸੈਂਕੜੇ ਲੋਕ ਇਨ੍ਹਾਂ ਦੇ ਘਰ ਮਿਲਣ ਆਉਂਦੇ ਹਨ ਔਰ ਜਿਸ ਲਈ ਕਈ ਵਾਰੀ ਡਵੀਜ਼ਨਲ ਹੈਡਕੁਆਰਟਰਜ਼ ਤੇ, ਡਿਸਟ੍ਰਿਕਟ ਹੈਡ ਕੁਆਰਟਰਜ਼ ਤੇ ਔਰ ਕਈ ਵਾਰੀ ਤਹਿਸੀਲ ਹੈਡਕੁਆਰਟਰਜ਼ ਤੇ ਟੈਲੀਫੂਨ ਕਰਨ ਦੀ ਲੋੜ ਪੈਂਦੀ ਹੈ। ਉਸ ਲਈ 50 ਰੁਪਏ ਦਿੰਦੇ ਸੀ ਪਰ ਹੁਣ ਉਹ ਮੈਂਬਰਾਂ ਦੇ ਐਟ ਪਾਰ ਲਿਆਂਦਾ ਹੈ। ਅਸੀਂ ਇਹ ਕੀਤਾ ਹੈ ਮਨਿਸਟਰਾਂ ਵਾਸਤੇ ਜਿਹੜਾ ਕਿ ਤਕਰੀਬਨ ਸਾਰੀਆਂ ਸਟੇਟਾਂ ਵਿਚ ਹੈ। ਜਦ ਕੋਈ ਮਨਿਸਟਰ ਸਰਕਾਰੀ ਦੌਰੇ ਤੇ ਜਾਂਦਾ ਹੈ ਤਾਂ ਤੇ ਉਸ ਨੂੰ ਟੀ.ਏ. ਵਗੈਰਾ ਮਿਲਦਾ ਹੀ ਹੈ ਪਰ ਜੇਕਰ ਉਹ ਪ੍ਰਾਈਵੇਟ ਕੰਮ ਲਈ ਕਿਤੇ ਜਾਵੇ ਤਾਂ 16000 ਕਿਲੋ ਮੀਟਰ, 8,000 ਆਪਣੇ ਵਾਸਤੇ ਔਰ 8,000 ਕਿਲੋਮੀਟਰ, ਆਪਣੇ ਸਪਾਊਜ਼ ਵਾਸਤੇ ਜੇ ਹਸਬੈਂਡ ਹੈ ਤਾਂ ਆਪਣੀ ਵਾਈਫ ਵਾਸਤੇ, ਇਹ

Original with;
Punjab Vidhan Sabha
Digitized by;
Panjab Digital Library

[ਉਦਯੋਗ ਮੰਤਰੀ]

ਕਨਸੈਸ਼ਨ ਅਵੇਲ ਕਰ ਸਕਦਾ ਹੈ ਔਰ ਜੇ ਵਾਈਫ ਹੈ ਤਾਂ ਆਪਣੇ ਹਸਬੈਂਡ ਵਾਸਤੇ ਕਨਸੈਸ਼ਨ ਲੈ ਸਕਦੀ ਹੈ। ਇਹ ਅਮੈਂਡਮੈਂਟ ਕਰ ਰਹੇ ਹਾਂ । ਹਸਬੈਂਡ ਵਾਈਫ ਤੋਂ ਇਲਾਵਾ ਜੇਕਰ ਕੋਈ ਉਹ ਅਟੈਂਡੈਂਟ ਨੂੰ, ਸਰਵੈਂਟ ਨੂੰ ਲਿਜਾਣਾ ਚਾਹੁੰਣ ਤਾਂ ਉਸ ਨੂੰ ਵੀ ਨਾਲ ਲਿਜਾ ਸਕਦੇ ਹਨ। ਇਹ ਚੀਜ਼ ਪਹਿਲਾਂ ਇਥੇ ਅਵੇਲੇਬਲ ਨਹੀਂ ਸੀ ਅਤੇ ਹੁਣ ਇਹ ਚੀਜ਼ ਇਸ ਵਿਚ ਐਡ ਕੀਤੀ ਹੈ।

ਤੁਹਾਡੇ ਰਾਹੀਂ ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਕਹਾਂਗਾਂ ਕਿ ਜਿਸ ਤਰੀਕੇ ਨਾਲ ਗਲਾਂ ਬਾਤਾਂ ਕੀਤੀਆਂ ਗਈਆਂ ਉਨ੍ਹਾਂ ਵਿਚ ਜਿਨ੍ਹਾਂ ਗੱਲਾਂ ਲਈ ਅਸੈਂਬਲੀ ਵਿਚ ਅਮੈਂਡਮੈਂਟਾਂ ਲਿਆਉਣ ਦੀ ਲੋੜ ਸੀ ਉਹ ਅਮੈਂਡਮੈਂਟਾਂ ਲਿਆਦੀਆਂ ਹਨ ਔਰ ਜਿਹੜੇ ਕੰਮ ਐਗਜ਼ੈਕਟਿਵ ਇਨਸਟ੍ਰਕਸ਼ਨਜ਼ ਨਾਲ ਹੋਣ ਵਾਲੇ ਹਨ ਉਨ੍ਹਾਂ ਲਈ ਅਮੈਂਡਮੈਂਟ ਲਿਆਉਣ ਦੀ ਲੋੜ ਨਹੀਂ ਹੈ। ਜੇ ਕਿਸੇ ਹੋਰ ਕੰਮਾਂ ਲਈ ਵੀ ਅਮੈਂਡਮੈਂਟ ਲਿਆਉਣ ਦੀ ਲੋੜ ਹੋਈ ਤਾਂ ਮੈਂ ਸਾਰੇ ਹਾਊਸ ਨੂੰ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਉਹ ਵੀ ਲਿਆਵਾਂਗੇ। ਪਰ ਅਸੀਂ ਜੋ ਪਹਿਲਾਂ ਗਲਤ ਰਵਾਇਤਾਂ ਪਾਈਆਂ ਹੋਈਆਂ ਹਨ ਐਮ.ਐਲ.ਏਜ਼., ਗਲਤ ਢੰਗ ਨਾਲ ਲੋਕਾਂ ਕੋਲੋਂ ਕਿਸੇ ਤਰੀਕੇ ਨਾਲ ਪੈਸੇ ਇਕੱਠੇ ਕਰਦੇ ਰਹੇ ਹਨ, ਉਹ ਚੀਜ਼ਾਂ ਅਸੀਂ ਨਹੀਂ ਕਰਨਾ ਚਾਹੁੰਦੇ । ਅਸੀਂ ਚਾਹੁੰਦੇ ਹਾਂ ਕਿ ਮਨਿਸਟਰਜ਼ ਔਰ ਸਾਰੇ ਐਮ.ਐਲ.ਏਜ਼ ਇਜ਼ਤ ਨਾਲ ਔਰ ਸਹੀ ਢੰਗ ਨਾਲ ਜਨਤਾ ਦੀ ਸੇਵਾ ਕਰ ਸਕਣ। ਉਸ ਚੀਜ਼ ਨੂੰ ਮੁੱਖ ਰਖਦੇ ਹੋਏ ਇਹ ਅਮੈਂਡਮੈਂਟਾਂ ਬਿਲ ਦੀ ਸ਼ਕਲ ਵਿਚ ਲਿਆਂਦੀਆ ਹਨ । ਮੈਂ ਸਾਰੇ ਸਦਨ ਦੇ ਸਾਹਮਣੇ ਇਹ ਵਿਸ਼ਵਾਸ ਦਿਵਾਉਂਦਾ ਹਾਂ ਕਿ ਜੇ ਕੋਈ ਇਸ ਬਿਲ ਵਿਚ ਖਾਮੀਆਂ ਰਹਿ ਜਾਣਗੀਆਂ ਤਾਂ ਅਗਲੇ ਸੈਸ਼ਨ ਵਿਚ ਉਹ ਖਾਮੀਆਂ ਪੂਰੀਆਂ ਕਰਨ ਦਾ ਯਤਨ ਕੀਤਾ ਜਾਏਗਾ। ਐਨਾ ਕਹਿੰਦਾ ਹੋਇਆ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਬਿਲ ਪਾਸ ਕੀਤਾ ਜਾਏ।

**ਸਰਦਾਰ ਸੁਖਦੇਵ ਸਿੰਘ ਢਿੱਲੋਂ**: ਆਨ ਏ ਪੁਆਇੰਟ ਆਫ ਇਨਫਰਮੇਸ਼ਨ। ਡਾਕਟਰ ਭਗਤ ਸਿੰਘ ਵੱਲੋਂ ਇਕ ਮੋਸ਼ਨ ਮੂਵ ਹੋਈ ਹੈ। ਵਜ਼ੀਰ ਸਾਹਿਬ ਨੇ ਬੋਲਦਿਆਂ ਹੋਇਆਂ ਦਸਿਆ ਹੈ ਕਿ ਮੈਂਬਰ ਸਾਹਿਬਾਨ ਲਈ ਇਸ ਬਿਲ ਰਾਹੀਂ ਕਾਂਸਟੀਚਿਊਐਂਸੀ ਅਲਾਊਂਸ ਸਵਾ ਦੋ ਸੌ ਰੁਪਏ ਦੀ ਬਜਾਏ 300 ਰੁਪਏ ਕੀਤਾ ਜਾ ਰਿਹਾ ਹੈ। ਇਨ੍ਹਾਂ ਲਈ ਫਸਟ ਕਲਾਸ ਦਾ ਕਰਾਇਆ ਆਪਣੇ ਔਰ ਆਪਣੀ ਵਾਈਫ ਲਈ ਔਰ ਇਕ ਅਟੈਂਡੈਂਟ ਲਈ ਲੈਣ ਦੀ ਪ੍ਰੋਵੀਜ਼ਨ ਹੈ। ਇਸ ਵਿਚ ਇਹ ਵੀ ਲਿਖਿਆ ਹੋਇਆ ਹੈ ਕਿ 16,000 ਕਿਲੋਮੀਟਰ ਇਕ ਜਾਂ ਦੋਵੇਂ ਜੇ ਹਵਾਈ ਜਹਾਜ਼ ਤੇ ਸਫਰ ਕਰਨ ਜਾਂ ਏਅਰ ਕੰਡੀਸ਼ਨ ਬਸਾਂ ਵਿਚ ਸਫਰ ਕਰਨ ਤਾਂ ਫਿਰ ਵੀ ਫਸਟ ਕਲਾਸ ਦਾ ਕਿਰਾਇਆ ਲੈ ਸਕਦੇ ਹਨ । ਇਨ੍ਹਾਂ ਨੇ ਸਾਡੇ ਐਮ.ਐਲ.ਏਜ਼., ਵਾਸਤੇ ਤਾਂ ਸਿਰਫ 75 ਰੁਪਏ ਦਾ ਕਾਂਸਟੀਚਿਊਐਂਸੀ ਅਲਾਊਂਸ ਵਿਚ ਵਾਧਾ ਕੀਤਾ ਹੈ ਪਰ ਆਪ ਐਨੀਆਂ ਫੈਸਿਲਟੀਜ਼ ਲੈ ਲਈਆਂ ਹਨ (ਵਿਘਨ) ਇਨ੍ਹਾਂ ਨੇ ਕਿਹਾ ਹੈ ਕਿ ਮਨਿਸਟਰ, ਡਿਪਟੀ ਮਨਿਸਟਰ, ਸਟੇਟ ਮਨਿਸਟਰ, ਸਪੀਕਰ, ਡਿਪਟੀ ਸਪੀਕਰ ਜਦੋਂ ਪ੍ਰਾਈਵੇਟ ਸਫਰ ਕਰਨਗੇ ਤਾਂ ਉਹ ਆਪਣੇ ਨਾਲ ਆਪਣੀ ਵਾਈਫ ਔਰ ਇਕ ਅਟੈਂਡੈਂਟ ਨੂੰ ਨਾਲ ਲਿਜਾ ਸਕਦੇ ਹਨ। ਜੇ ਉਹ ਹਵਾਈ ਜਹਾਜ਼ ਵਿਚ ਸਫਰ ਕਰਨਗੇ ਜਾਂ ਏਅਰ ਕੰਡੀਸ਼ਨ ਬਸਾਂ ਵਿਚ ਸਫਰ ਕਰਨਗੇ ਤਾਂ ਉਹ ਫਸਟ ਕਲਾਸ ਦਾ ਕਰਾਇਆ ਕਲੇਮ ਕਰ ਸਕਦੇ ਹਨ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਲੋਕ ਸੇਵਾ ਤਾਂ ਪੈਦਲ ਚਲਕੇ ਕਰਦੇ ਹਨ। ਦਵਾਈ ਬੂਟੀ ਦੇ ਕੇ ਲੋਕ ਸੇਵਾ ਹੁੰਦੀ ਹੈ (ਵਿਘਨ) ਮੈਂਬਰਾਂ ਲਈ ਤਾਂ ਸਿਰਫ 75 ਰੁਪਏ ਮਹੀਨਾਂ ਹੀ ਵਾਧਾ ਹੋਇਆ ਹੈ ਪਰ ਮਨਿਸਟਰ ਸਾਹਿਬਾਨ ਲਈ ਇਹ ਜਿਹੜਾ 16,000 ਕਿਲੋਮੀਟਰ ਸਫਰ ਕਰਨ ਦੀ ਇਜਾਜ਼ਤ ਮਿਲ ਰਹੀ ਹੈ ਔਰ ਫਸਟ ਕਲਾਸ ਦਾ ਫੇਅਰ ਕਲੇਮ ਕਰ ਸਕਦੇ ਹਨ, ਇਸ ਨਾਲ 20,000 ਰੁਪਏ ਸਾਲ ਦੇ ਖਰਚ ਹੋਣੇ ਹਨ। ਮੈਂਬਰਾਂ ਨੂੰ ਟੈਲੀਫੂਨ ਲਈ 300 ਰੁਪਏ ਮਿਲਣੇ ਹਨ, ਇਸ ਸਬੰਧ

Original with;
Punjab Vidhan Sabha
Digitized by;
Panjab Digital Library

ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿਸੇ ਮਹੀਨੇ ਤਾਂ ਬਿਲ 200 ਰੁਪਏ ਦਾ ਆ ਸਕਦਾ ਏ ਐਰ ਕਿਸੇ ਮਹੀਨੇ ਜਦੋਂ ਮੈਂਬਰ ਆਪਣੇ ਹੈਡਕੁਆਰਟਰਜ਼ ਤੇ ਰਹੇਵੇਗਾ ਤਾਂ 500 ਰੁਪਏ ਮਹੀਨੇ ਦਾ ਵੀ ਆ ਸਕਦਾ ਹੈ। ਇਸ ਲਈ ਅਗਰ 3600 ਰੁਪਏ ਸਾਲ ਦੇ ਕਰ ਦਿੱਤੇ ਜਾਣ ਤਾਂ ਚੰਗੀ ਗਲ ਹੋਵੇਗੀ।

ਡਾਕਟਰ ਸਾਹਿਬ ਨੇ ਮੋਸ਼ਨ ਮੂਵ ਕੀਤੀ ਹੈ। ਮੈਂ ਅਰਜ਼ ਕਰਦਾ ਹਾਂ ਕਿ ਇਹ ਬਿਲ ਸਿਲੈਕਟ ਕਮੇਟੀ ਨੂੰ ਭੇਜ ਦੇਣਾ ਚਾਹੀਦਾ ਹੈ।

**Mr. Deputy Speaker**: The motion has not yet been moved.

**Dr. Bhagat Singh**: The motion has been sent to your office.

**ਸਰਦਾਰ ਸੁਖਦੇਵ ਸਿੰਘ ਢਿੱਲੋਂ** : ਮਨਿਸਟਰ ਸਾਹਿਬਾਨ ਨੂੰ ਫੈਸਿਲਿਟੀਜ਼ ਮਿਲਣ ਕਰਕੇ 20,000 ਰੁਪਏ ਦਾ ਸਟੇਟ ਤੇ ਬੋਝ ਪੈਣਾ ਹੈ। ਕੋਈ ਵੀ ਮਨਿਸਟਰ ਪ੍ਰਾਈਵੇਟ ਟ੍ਰੈਵਲ ਨਹੀਂ ਕਰਦਾ ਹੈ। ਤੁਸੀਂ ਰਿਕਾਰਡ ਕਢਾ ਕੇ ਦੇਖ ਲਓ ਸਾਰੇ ਮਨਿਸਟਰ ਸਾਹਿਬਾਨ ਸਰਕਾਰੀ ਕੰਮ ਤੇ ਹੀ ਜਾਂਦੇ ਹਨ। ਇਹ ਬਿਲ ਸਿਲੈਕਟ ਕਮੇਟੀ ਨੂੰ ਰੈਫਰ ਕਰ ਦੇਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਤੁਸੀਂ ਆਪਣੇ ਆਫਿਸ ਤੋਂ ਪਤਾ ਕਰ ਲਓ ਮੋਸ਼ਨ ਮੂਵ ਹੋ ਚੁਕੀ ਹੈ।

**ਸਰਦਾਰ ਚਰਨਜੀਤ ਸਿੰਘ** : ਪੁਆਇੰਟ ਆਫ ਇਨਫਰਮੇਸ਼ਨ, ਸਰ। ਇਸ ਦੇ ਲਾਸਟ ਵਿਚ ਲਿਖਿਆ ਹੈ :—

> "Provided that if the journey is performed by an air-conditioned railway coach or by air he shall be paid an amount equivalent to one first-class fare for such journey".

ਆਇਆ ਇਹ ਜਿਹੜੀ ਫੈਸਿਲਿਟੀ ਹੈ ਇਹ ਉਸੇ ਤਰ੍ਹਾਂ ਹੈ ਜਿਵੇਂ ਇਕ ਐਮ.ਐਲ.ਏ. ਨੂੰ ਫੈਸਿਲਿਟੀ ਹੈ ਕਿ ਜਦੋਂ ਉਹ ਬੱਸ ਉਪਰ ਕਿਤੇ ਜਾਂਦਾ ਹੈ ਤਾਂ ਉਹ ਕੂਪਨ ਕੱਟ ਕੇ ਦੇ ਦਿੰਦਾ ਹੈ ਅਤੇ ਇਸ ਤਰ੍ਹਾਂ ਉਹ 16–20 ਹਜ਼ਾਰ ਕਿਲੋ ਮੀਟਰ ਸਫਰ ਕਰ ਸਕਦਾ ਹੈ ਜਾਂ ਇਹ ਫੈਸਿਲਿਟੀ 16–20 ਹਜ਼ਾਰ ਕਿਲੋਮੀਟਰ ਦੇ ਵਿਚ ਇਨਕਲੂਡ ਹੋਵੇਗੀ ? ਕਿਉਂਕਿ ਇਸ ਦੇ ਵਿਚ ਇਸ ਤਰ੍ਹਾਂ ਲਿਖਿਆ ਹੈ :—

> "Provided that if the journey is performed by an air-conditioned railway coach or by air he shall be paid an amount equivalent to one first-class fare . . . . ."

ਮੈਂ ਤਾਂ ਇਹੀ ਪੁੱਛਣਾ ਚਾਹੁੰਦਾ ਸੀ ਕਿ ਆਇਆ ਇਹ ਜਿਹੜੀ ਫੈਸਿਲਿਟੀ ਹੈ ਇਹ ਉਸ ਵਿਚ ਇਨਕਲੂਡ ਹੋਵੇਗੀ ਜਾਂ ਇਹ ਹੋਰ ਫੈਸਿਲਿਟੀ ਹੈ ?

**ਉਦਯੋਗ ਮੰਤਰੀ** : ਡਿਪਟੀ ਸਪੀਕਰ ਸਾਹਿਬ, ਇਹ ਸਾਰੀ ਗੱਲ ਇਸ ਬਿੱਲ ਵਿਚ ਬੜੀ ਕਲੀਅਰ ਹੈ। ਇਸ ਦੇ ਬਾਰੇ ਮੈਂ ਅੱਗੇ ਹੀ ਦੱਸ ਚੁਕਾ ਹਾਂ ਐਰ ਉਸ ਦੇ ਵਿਚ ਜੋ ਪਰੋਵੀਜ਼ਨ ਮੈਂਬਰ ਸਾਹਿਬਾਨ ਵਾਸਤੇ ਹੈ ਉਹ ਮਨਿਸਟਰ ਤੇ ਵੀ ਲਾਗੂ ਹੈ। ਜੇ ਇਹ ਸਾਰੇ ਬਿਲ ਨੂੰ ਧਿਆਨ ਨਾਲ ਪੜ੍ਹ ਲੈਂਦੇ ਤਾਂ ਸਾਰੀ ਗੱਲ ਕਲੀਅਰ ਹੋ ਜਾਣੀ ਸੀ। ਉਨ੍ਹਾਂ ਨੇ ਸ਼ਾਇਦ ਬਿਲ ਨੂੰ ਪੜ੍ਹਿਆ ਨਹੀਂ ਇਸ ਵਿਚ ਮੈਂਬਰ ਸਾਹਿਬਾਨ ਵਾਸਤੇ ਹੈ, ਫਿਰ ਸਪੀਕਰ ਵਾਸਤੇ ਹੈ, ਡਿਪਟੀ ਸਪੀਕਰ ਵਾਸਤੇ ਅਤੇ ਇਸੇ ਤਰੀਕੇ ਨਾਲ ਮਨਿਸਟਰ ਵਾਸਤੇ ਅਤੇ ਬਾਕੀ

Original with;
Punjab Vidhan Sabha
Digitized by;
Panjab Digital Library

[ਉਦਯੋਗ ਮੰਤਰੀ]

ਦੇ ਡਿਪਟੀ ਮਨਿਸਟਰਾਂ ਵਾਸਤੇ ਹੈ । ਉਨ੍ਹਾਂ ਸਾਰਿਆਂ ਵਾਸਤੇ ਇਕੋ ਜਿਹਾ ਹੈ । ਇਸ ਨੂੰ ਜ਼ਰਾ ਪੜ੍ਹ ਲਵੋ, ਇਸ ਵਿਚ ਇਸ ਤਰ੍ਹਾਂ ਹੈ :

> "Each Minister shall be provided with two free non-transferable first class passes, valid during the term of his office, which shall entitle him and his spouse or any other person accompanying him ....."

ਇਸੇ ਤਰੀਕੇ ਨਾਲ ਥੱਲੇ ਵੀ ਇਸੇ ਤਰ੍ਹਾਂ ਹੈ । ਕਿਸੇ ਜਗ੍ਹਾ ਤੇ ਇਹ ਨਹੀਂ ਕਿ ਐਨੀ ਅਦਰ ਪਰਸਨ । (ਵਿਘਨ) ਤੁਸੀਂ ਇਸ ਨੂੰ ਚੰਗੀ ਤਰ੍ਹਾਂ ਪੜ੍ਹ ਲਵੋ ਤੁਹਾਨੂੰ ਪਤਾ ਲੱਗ ਜਾਵੇਗਾ । (ਵਿਘਨ) ਅਗਰ ਮੈਂਬਰ ਸਾਹਿਬਾਨ ਫੀਲ ਕਰਦੇ ਹਨ ਤਾਂ ਸਾਨੂੰ ਦੱਸਣ ਅਸੀਂ ਅਗਰ ਉਸ ਦੇ ਵਿਚ ਅਮੈਂਡਮੈਂਟ ਲਿਆਉਣ ਦੀ ਲੋੜ ਸਮਝੀ ਤਾਂ ਲੈ ਆਵਾਂਗੇ ।

**ਸਰਦਾਰ ਸੁਖਦੇਵ ਸਿੰਘ ਢਿੱਲੋਂ** : ਤੁਸੀਂ ਇਸ ਨੂੰ ਸਿਲੈਕਟ ਕਮੇਟੀ ਨੂੰ ਭੇਜ ਦਿਓ ।

**ਉਦਯੋਗ ਮੰਤਰੀ** : ਮੈਨੂੰ ਕੋਈ ਇਤਰਾਜ਼ ਨਹੀਂ ਹੈ ਮਗਰ ਡੀਲੇ ਹੋ ਜਾਵੇਗੀ । ਅਗਰ ਉਹ ਡੀਲੇ ਕਰਨਾ ਚਾਹੁੰਦੇ ਹਨ ਤਾਂ ਸਾਨੂੰ ਕੋਈ ਇਤਰਾਜ਼ ਨਹੀਂ ਹੈ । ਉਹ ਕਹਿਣਗੇ ਤਾਂ ਅਸੀਂ ਵਾਪਿਸ ਲੈ ਲਵਾਂਗੇ, ਸਾਨੂੰ ਕੋਈ ਇਤਰਾਜ਼ ਨਹੀਂ ਹੈ ।

**ਸਰਦਾਰ ਸੁਖਦੇਵ ਸਿੰਘ ਢਿੱਲੋਂ** : ਅਸੀਂ ਤਾਂ ਕਹਿੰਦੇ ਹਾਂ ਕਿ ਵਜ਼ੀਰਾਂ ਦਾ ਵੱਖ ਕਰੋ ।

**ਸਰਦਾਰ ਚਰਨਜੀਤ ਸਿੰਘ** : ਇਸ ਦੇ ਵਿਚ ਇਹ ਹੈ ਕਿ ਉਸ ਨੂੰ ਰੇਲਵੇ ਫੇਅਰ ਜਿਹੜਾ ਹੈ ਉਹ ਫਸਟ ਕਲਾਸ ਦੇ ਬਰਾਬਰ ਮਿਲੇਗਾ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਫੈਸਿਲਿਟੀ ਜਿਸ ਤਰ੍ਹਾਂ ਮੈਂ ਪਹਿਲੇ ਦੱਸਿਆ ਹੈ ਉਸ ਦੇ ਵਿਚ ਇਨਕਲੂਡਿਡ ਹੈ ਜਾਂ ਉਸ ਤੋਂ ਇਲਾਵਾ ਹੈ ।

**ਸ੍ਰੀ ਡਿਪਟੀ ਸਪੀਕਰ** : ਇਸ ਬਾਰੇ ਉਨ੍ਹਾਂ ਨੇ ਜਵਾਬ ਦੇ ਦਿੱਤਾ ਹੈ । ਇਹ ਉਸ ਦੇ ਵਿਚ ਹੀ ਇਨਕਲੂਡ ਹੈ ਐਂਡ ਨਾਟ ਐਡੀਸ਼ਨਲ ।

**Dr. Bhagat Singh (Kartarpur, S.C.)**: I have given a notice of motion here and a copy of the motion has been received by me. I do not know why it is not given to the Chair. I request that the Bill be referred to the Select Committee. If you permit me, I will read it. It may be lying with your Secretary.

**ਸ੍ਰੀ ਡਿਪਟੀ ਸਪੀਕਰ** : ਤੁਹਾਡੀ ਮੋਸ਼ਨ ਨੂੰ ਆਫਿਸ ਐਗਜ਼ਾਮਿਨ ਕਰ ਰਿਹਾ ਹੈ । ਤੁਹਾਨੂੰ ਪਹਿਲਾਂ ਦੇਣੀ ਚਾਹੀਦੀ ਸੀ । ਕੁੱਝ ਸਮਾਂ ਆਫਿਸ ਨੂੰ ਦੇਣਾ ਚਾਹੀਦਾ ਸੀ ਤਾਂਕਿ ਤੁਹਾਡੀ ਮੋਸ਼ਨ ਆ ਸਕਦੀ । (ਵਿਘਨ) ਤੁਸੀਂ ਮੋਸ਼ਨ ਦੇ ਬਾਰੇ ਕੀ ਕਹਿਣਾ ਚਾਹੁੰਦੇ ਹੋ ?

**Dr. Bhagat Singh**: My motion is quite in order. It is according to the rules of the House. It is correctly scrutinised and a copy of the same has been received by me from your office. I will read it now. I gave notice of the following amendment.....

Original with;
Punjab Vidhan Sabha
Digitized by;
Panjab Digital Library

**ਸ੍ਰੀ ਡਿਪਟੀ ਸਪੀਕਰ** : ਤੁਹਾਡੀ ਮੋਸ਼ਨ ਆ ਲੈਣ ਦਿਓ । ਤੁਸੀਂ ਦੱਸੋ, ਮੋਸ਼ਨ ਦੇ ਬਾਰੇ ਕੀ ਕਹਿਣਾ ਚਾਹੁੰਦੇ ਹੋ ?

**ਡਾਕਟਰ ਭਗਤ ਸਿੰਘ** : ਇਹ ਜਿਹੜਾ ਬਿੱਲ ਹੈ, ਬੇਸੀਕਲੀ ਇਸ ਦੀ ਕੋਈ ਮੁਖਾਲਫਤ ਨਹੀਂ ਕਰਦਾ । ਮੈਂ ਕਹਿਣਾ ਚਾਹੁੰਦਾ ਹਾਂ ਕਿ ਲੈਜਿਸਲੇਟਰ ਦਾ, ਮਨਿਸਟਰ ਦਾ ਜੀਵਨ ਐਗਜ਼ੰਪਲਰੀ ਹੋਣਾ ਚਾਹੀਦਾ ਹੈ । ਪਰ ਨਾਲ ਹੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਪੈਸੇ ਸਾਨੂੰ ਮਿਲਦੇ ਹਨ ਇਨ੍ਹਾਂ ਨਾਲ ਅਸੀਂ ਗੁਜ਼ਾਰਾ ਨਹੀਂ ਕਰ ਸਕਦੇ । ਮੈਂ ਸਿੰਗਲ ਮੈਂਬਰ ਹੋਣ ਦੇ ਨਾਤੇ ਜੋ ਮੈਨੂੰ ਪਤਾ ਹੈ ਉਹ ਤੁਹਾਨੂੰ ਦੱਸ ਰਿਹਾ ਹਾਂ । ਇਕ ਮਨਿਸਟਰ ਨੂੰ 15 ਸੌ ਰੁਪਿਆ ਮਿਲਦਾ ਹੈ ਪਰ ਵਾਲੰਟਰੀ ਕੱਟ ਕਾਰਨ ਉਸ ਨੂੰ ਇਕ ਹਜ਼ਾਰ ਰੁਪਿਆ ਮਿਲਦਾ ਹੈ । ਮੈਂ ਮਨਿਸਟਰ ਵੀ ਰਿਹਾ ਹਾਂ । ਮੇਰੇ ਨੋਟ ਫਾਈਲਾਂ ਤੇ ਲਿਖੇ ਹੋਏ ਮਿਲਣਗੇ ਜਿਨ੍ਹਾਂ ਵਿਚ ਮੈਂ ਕਿਹਾ ਸੀ ਕਿ ਇਕ ਮਨਿਸਟਰ ਇਕ ਹਜ਼ਾਰ ਰੁਪਏ ਵਿਚ ਗੁਜ਼ਾਰਾ ਨਹੀਂ ਕਰ ਸਕਦਾ । ਕਿਉਂਕਿ ਉਸ ਨੇ ਆਇਆਂ ਗਿਆਂ ਲੋਕਾਂ ਨੂੰ ਚਾਹ ਵੀ ਪਿਲਾਉਣੀ ਹੁੰਦੀ ਹੈ, ਉਨ੍ਹਾਂ ਨੂੰ ਰੋਟੀ ਵੀ ਖੁਆਉਣੀ ਹੁੰਦੀ ਹੈ ਕਈ ਵਾਰੀ ਕਈ ਐਸੇ ਮਹਿਮਾਨ ਵੀ ਆ ਜਾਂਦੇ ਹਨ ਕਿ ਉਨ੍ਹਾਂ ਨੂੰ ਵਿਸਕੀ ਵੀ ਦੇਣੀ ਪੈਂਦੀ ਹੈ । ਸੋ ਇਸ ਤਰ੍ਹਾਂ ਖਰਚ ਕਰਕੇ ਅਤੇ ਇਮਾਨਦਾਰੀ ਨਾਲ ਜੀਵਨ ਅਗਰ ਬਤੀਤ ਕਰਨਾ ਹੋਵੇ ਤਾਂ ਇਤਨੇ ਪੈਸਿਆਂ ਵਿਚ ਗੁਜ਼ਾਰਾ ਨਹੀਂ ਹੋ ਸਕਦਾ । ਐਨੇ ਪੈਸੇ ਖਰਚ ਕਰਕੇ ਗੁਜ਼ਾਰਾ ਕਰਨਾ ਮੁਸ਼ਕਲ ਹੈ । ਜਾਂ ਤਾਂ ਫਿਰ ਹੇਰਾਫੇਰੀ ਦਾ ਪੈਸਾ ਆਵੇ । ਇਸ ਤਰ੍ਹਾਂ ਕੁਰੱਪਸ਼ਨ ਹੋਵੇਗੀ ਅਤੇ ਕੁਰੱਪਸ਼ਨ ਅਸੀਂ ਖਤਮ ਕਰਨੀ ਹੈ । ਕਈ ਕਹਿੰਦੇ ਹਨ ਕਿ ਅਸੀਂ ਪੈਸੇ ਨਹੀਂ ਲੈਣੇ ਅਸੀਂ ਆਪੇ ਹੀ ਗੁਜ਼ਾਰਾ ਕਰ ਲਵਾਂਗੇ । ਇਸ ਦਾ ਮਤਲਬ ਹੈ ਕਿ ਉਨ੍ਹਾਂ ਨੂੰ ਕਿਸੇ ਹੋਰ ਢੰਗ ਨਾਲ ਪੈਸੇ ਆਉਂਦੇ ਹੋਣਗੇ ਜਾਂ ਉਹ ਲੋਕਾਂ ਨਾਲ ਠੱਗੀ ਕਰਦਾ ਹੋਵੇਗਾ । ਇਕ ਐਮ. ਐਲ. ਏ. ਦਾ ਰੈਂਕ ਸੈਕਟਰੀ ਦੇ ਬਰਾਬਰ ਦਿੱਤਾ ਹੈ । ਸੈਕਟਰੀ ਦੀ ਤਨਖਾਹ 3 ਹਜ਼ਾਰ ਰੁਪਏ ਹੈ ਪਰ ਇਕ ਐਮ. ਐਲ. ਏ. ਦੀ ਤਨਖਾਹ ਪੰਜ ਸੌ ਰੁਪਿਆ ਹੈ । ਫਿਰ ਇਹ ਸੋਚੋ ਕਿ ਪੰਜ ਸੌ ਰੁਪਏ ਵਿਚ ਉਸ ਦਾ ਗੁਜ਼ਾਰਾ ਕਿਸ ਤਰ੍ਹਾਂ ਹੋ ਸਕਦਾ ਹੈ ? ਮੈਂ ਕਹਿੰਦਾ ਹਾਂ ਕਿ ਇਤਨੇ ਪੈਸਿਆਂ ਵਿਚ ਐਮ.ਐਲ.ਏ. ਅਗਰ ਆਨੇਸਟ ਜੀਵਨ ਬਿਤਾਉਣਾ ਚਾਹੇ ਤਾਂ ਬੜਾ ਮੁਸ਼ਕਲ ਹੈ । ਐਮ. ਐਲ. ਏ ਨੂੰ ਪਬਲਿਕ ਦੇ ਬਹੁਤ ਸਾਰੇ ਕੰਮ ਕਰਾਉਣੇ ਹੁੰਦੇ ਹਨ । ਜਦ ਉਹ ਪਬਲਿਕ ਸਰਵਿਸ ਕਮਿਸ਼ਨ ਦੇ ਪਾਸ ਲੋਕਾਂ ਦਾ ਕੰਮ ਕਰਾਉਣ ਜਾਂਦੇ ਹਨ ਤਾਂ ਉਸ ਦੇ ਮੈਂਬਰ ਕਹਿੰਦੇ ਹਨ ਕਿ 20 ਹਜ਼ਾਰ ਰੁਪਿਆ ਫੀਸ ਦਿਓ । ਉਥੇ ਉਸ ਬੰਦੇ ਨੂੰ ਫਰਕ ਪੈਂਦਾ ਹੈ । ਇਸ ਲਈ ਇਕ ਲੈਜਿਸਲੇਟਰ ਦੇ ਜੀਵਨ ਵਿਚ ਸੁਧਾਰ ਕਰਨ ਲਈ, ਐਮ. ਐਲ. ਏ. ਦੀ ਲਾਈਫ਼ ਨੂੰ ਪਬਲਿਕ ਦੀ ਨਿਗਾਹ ਵਿਚ ਉੱਚਾ ਕਰਨ ਲਈ ਮੈਂ ਕਹਿੰਦਾ ਹਾਂ ਕਿ ਉਸ ਨੂੰ ਪੂਰੀਆਂ ਫੈਸਿਲਿਟੀਜ਼ ਦੇਣੀਆਂ ਚਾਹੀਦੀਆਂ ਹਨ।

ਫਿਰ ਇਹ ਜਿਹੜੀ ਟੈਲੀਫੂਨ ਦੇ ਬਿਲ ਦੀ ਗੱਲ ਹੈ, ਇਸ ਦੇ ਬਾਰੇ ਮੈਂ ਦੱਸਦਾ ਹਾਂ ਕਿ ਹਾਲਾਂ ਮੇਰੇ ਤੇ ਕੋਈ ਲਾਇਬਿਲਟੀ ਨਹੀਂ ਹੈ ਮਗਰ ਫਿਰ ਵੀ ਇਹ ਜਿਹੜਾ ਟੈਲੀਫੂਨ ਦਾ 300 ਰੁਪਿਆ ਕੀਤਾ ਹੈ ਇਹ ਕੁਝ ਵੀ ਨਹੀਂ ਹੈ । ਮੇਰੇ ਫਲੈਟ ਵਿਚ ਜਨਤਾ ਬੈਠੀ ਹੈ ਉਹ ਜਿਥੇ ਮਰਜ਼ੀ ਹੈ ਟੈਲੀਫੂਨ ਕਰੀ ਜਾਵੇ। ਉਸ ਦਾ ਜਿਹੜਾ ਇਤਨਾ ਬਿੱਲ ਆਵੇਗਾ ਉਹ ਪੈਸੇ ਮੈਂ ਕਿਥੋਂ ਪੂਰੇ ਕਰਾਂਗਾ । ਕਿਸੇ ਦਿਨ ਮੈਂ ਕਿਸੇ ਦੇ ਤਰਲੇ ਕਰਾਂਗਾ ਅਤੇ ਜਾਂ ਫਿਰ ਮੈਨੂੰ ਜਦੋਂ ਕੋਈ ਵੱਡਾ ਆਦਮੀ ਰੂਟ ਪਰਮਿਟ ਲੈਣ ਵਾਸਤੇ ਕਰੇਗਾ ਤਾਂ ਉਦੋਂ ਉਹ ਮੈਨੂੰ ਕਰੇਗਾ ਕਿ ਮੈਂ ਤੁਹਾਡਾ ਬਿੱਲ ਪੇ ਕਰ ਦਿੰਦਾ ਹਾਂ।

Original with;
Punjab Vidhan Sabha
Digitized by;
Panjab Digital Library

[ਡਾਕਟਰ ਭਗਤ ਸਿੰਘ]

ਫਿਰ ਅਨਨਸੈਸਰਲੀ ਮੈਨੂੰ ਉਸ ਦੇ ਹੇਠਾਂ ਰਹਿਣਾ ਪਵੇਗਾ। ਇਸ ਲਈ ਮੈਂ ਕਹਾਂਗਾ ਕਿ ਇਹ ਬਿੱਲ ਸਿਲੈਕਟ ਕਮੇਟੀ ਦੇ ਹਵਾਲੇ ਕਰ ਦਿਤਾ ਜਾਵੇ ਅਤੇ ਇਹ ਜਿਹੜੇ ਲੈਜਿਸਲੇਟਰਜ਼ ਬੈਠੇ ਹਨ ਇਨ੍ਹਾਂ ਦੇ ਜੀਵਨ ਨੂੰ ਉਚਾ ਕਰਨ ਲਈ ਇਸ ਬਿਲ ਨੂੰ ਫਿਰ ਅਗਲੇ ਸੈਸ਼ਨ ਵਿਚ ਲਿਆ ਕੇ ਜਦੋਂ ਚਾਹੁੰਣ ਪਾਸ ਕਰਵਾਇਆ ਜਾਵੇ। ਜਿਹੜੇ ਦੂਜੇ ਵੀਰ ਹਨ ਉਨ੍ਹਾਂ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਤਾਂ ਇਸ ਦੀ ਮੁਖਾਲਫਤ ਕਰਨੀ ਹੀ ਹੈ, ਪਰ ਉਨ੍ਹਾਂ ਨੇ ਪੈਸੇ ਵੀ ਲੈ ਜਾਣੇ ਹਨ। ਤੁਹਾਨੂੰ ਪਤਾ ਹੋਣਾ ਹੈ ਕਿ ਪਿਛੇ ਜਦ ਬਿਲ ਆਇਆ ਤਾਂ ਉਨ੍ਹਾਂ ਨੇ ਉਸ ਦੀ ਬੜੀ ਮੁਖਾਲਫਤ ਕੀਤੀ, ਪਰ ਪੈਸੇ ਸਭ ਤੋਂ ਪਹਿਲਾਂ ਲੈ ਗਏ। ਇਸ ਲਈ ਅਗਰ ਕੋਈ ਇਸ ਦੀ ਮੁਖਾਲਫਤ ਕਰਦਾ ਹੈ ਤਾਂ ਉਸ ਨੂੰ ਅਲਾਊਂਸ ਨਹੀਂ ਲੈਣੇ ਚਾਹੀਦੇ। ਤੁਹਾਨੂੰ ਪਤਾ ਹੈ ਕਿ ਕਾਂਗਰਸ (ਆਈ) ਦੇ ਮੈਂਬਰਾਂ ਨੇ ਸੈਸ਼ਨ ਦਾ ਬਾਈਕਾਟ ਕੀਤਾ ਹੈ ਮਗਰ ਉਹ ਬਾਹਰ ਰਜਿਸਟਰ ਵਿਚ ਹਾਜ਼ਰੀ ਲਗਾਉਂਦੇ ਹਨ ਅਤੇ ਪੈਸੇ ਲੈਂਦੇ ਹਨ। ਲੋਕਾਂ ਨੇ ਸਾਨੂੰ ਇਥੋਂ ਆਪਣੀਆਂ ਕੀਮਤੀ ਵੋਟਾਂ ਪਾ ਕੇ ਅਤੇ ਚੁਣਕੇ ਭੇਜਿਆ ਹੈ ਤਾਂਕਿ ਅਸੀਂ ਉਨ੍ਹਾਂ ਦੀ ਪੂਰੀ ਇਥੇ ਬੈਠਕੇ ਨੁਮਾਇੰਦਗੀ ਕਰ ਸਕੀਏ। ਉਨ੍ਹਾਂ ਦੀ ਇਥੇ ਆਵਾਜ਼ ਪਹੁੰਚਾ ਸਕੀਏ ਅਗਰ ਕੋਈ ਗਲਤ ਕੰਮ ਹੁੰਦਾ ਹੈ ਜਾਂ ਸਰਕਾਰ ਠੀਕ ਕੰਮ ਨਹੀਂ ਕਰ ਰਹੀ ਤਾਂ ਉਸ ਦੇ ਖਿਲਾਫ ਇਥੇ ਆਵਾਜ਼ ਉਠਾ ਸਕੀਏ। ਪਰ ਜੇ ਅਸੀਂ ਇਸ ਦੇ ਉਲਟ ਇਥੇ ਸਦਨ ਵਿਚ ਨਹੀਂ ਬੈਠਾਂਗੇ ਅਤੇ ਭੱਤੇ ਲਈ ਜਾਵਾਂਗੇ ਤਾਂ ਇਸ ਦਾ ਕੋਈ ਫਾਇਦਾ ਨਹੀਂ ਹੈ। ਅਗਰ ਇਕ ਆਜ਼ਾਦ ਦੇਸ਼ ਵਿਚ ਐਮ.ਐਲ.ਏ. ਆਨੈਸਟ ਨਹੀਂ ਰਹਿ ਸਕਦਾ ਤਾਂ ਉਸ ਦੇਸ਼ ਦਾ ਕੀ ਬਣੇਗਾ। ਜਿਨ੍ਹਾਂ ਲੋਕਾਂ ਨੇ, ਭਾਵੇਂ ਉਹ ਐਮ.ਪੀ. ਹਨ ਜਾਂ ਐਮ.ਐਲ.ਏ. ਆਦਿ ਹਨ ਅਗਰ ਉਹ ਆਨੈਸਟ ਨਹੀਂ ਰਹਿਣਗੇ ਤਾਂ ਮੁਲਕ ਦਾ ਕੀ ਬਣੇਗਾ। ਮੈਂ ਸਮਝਦਾ ਹਾਂ ਕਿ ਕੁੱਝ ਸਮਾਜਿਕ ਤਰੁੱਟੀਆਂ ਹਨ। ਬੰਦਾ ਮਾਨਸਿਕ ਤੌਰ ਤੇ ਕਮਜ਼ੋਰ ਹੋ ਗਿਆ ਹੈ। ਜਿਨ੍ਹਾਂ ਲੋਕਾਂ ਨੇ ਸਾਨੂੰ ਚੁਣਕੇ ਇਥੇ ਭੇਜਿਆ ਹੈ, ਸਾਨੂੰ ਆਪਣੀ ਨੁਮਾਇੰਦਗੀ ਕਰਨ ਵਾਸਤੇ ਇਥੇ ਭੇਜਿਆ ਕਮ-ਅਜ਼-ਕੰਮ ਸਾਡਾ ਤਾਂ ਇਖਲਾਕੀ ਤੌਰ ਤੇ ਕੋਈ ਫਰਜ਼ ਹੋਣਾ ਚਾਹੀਦਾ ਹੈ। ਸੋ ਇਹ ਜਾਇਜ਼ ਤਰੁੱਟੀਆਂ ਹਨ ਜਿਹੜੀਆਂ ਸਾਡੇ ਮੈਂਬਰਜ਼ ਨੂੰ ਫੇਸ ਕਰਨੀਆਂ ਪੈਂਦੀਆਂ ਹਨ। ਇਨ੍ਹਾਂ ਸ਼ਬਦਾਂ ਦੇ ਆਧਾਰ ਤੇ ਮੈਂ ਫਿਰ ਵੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਰੈਗੂਲਰ ਮੋਸ਼ਨ ਤੁਹਾਡੇ ਕੋਲ ਆ ਗਈ ਹੈ ਅਤੇ ਇਸ ਦੀ ਮੈਨੂੰ ਕਾਪੀ ਵੀ ਆ ਗਈ ਹੈ। ਸੋ ਮੈਂ ਗੁਜ਼ਾਰਿਸ਼ ਕਰਦਾ ਹਾਂ ਕਿ ਇਹ ਬਿਲ ਦੀ ਮੁਖਾਲਫਤ ਨਹੀਂ ਹੈ, ਇਸ ਬਿਲ ਵਿਚ ਤਰੁੱਟੀਆਂ ਹਨ ਅਤੇ ਉਹ ਤਰੁੱਟੀਆਂ ਦੂਰ ਕਰਨ ਲਈ ਸਿਲੈਕਟ ਕਮੇਟੀ ਨੂੰ ਭੇਜਣਾ ਚਾਹੀਦਾ ਹੈ ਤੇ ਉਹ ਆਪੇ ਦੇਖ ਕੇ ਫੈਸਲਾ ਕਰ ਲਵੇਗੀ। ਇਸ ਦੇ ਵਾਸਤੇ ਬੇਸ਼ਕ ਟਾਈਮ ਲਿਮਿਟ ਕਰ ਦਿਓ। ਇਕ ਮਹੀਨੇ ਦਾ ਟਾਈਮ ਰਖ ਦਿਓ ਅਤੇ ਉਹ ਇਕ ਮਹੀਨੇ ਵਿਚ ਆਪਣੀ ਰਿਪੋਰਟ ਦੇ ਦੇਵੇ। (ਵਿਘਨ) ਜਨਰਲ ਪਰਪਜ਼ਿਜ਼ ਕਮੇਟੀ ਵਿਚ ਜੋ ਗੱਲਾਂ ਹੋਈਆਂ ਉਹ ਪੂਰੀਆਂ ਨਹੀਂ ਹੋਈਆਂ। ਸਾਡੀਆਂ ਮੀਟਿੰਗਾਂ ਹੋਈਆਂ ਔਰ ਉਸ ਦੇ ਵਿਚ ਐਸ਼ੋਰੈਂਸ ਦਿਤੀ ਗਈ ਪਰ ਉਹ ਪੂਰੀ ਨਹੀਂ ਕੀਤੀ ਗਈ। (ਵਿਘਨ) ਉਹ ਐਸ਼ੋਰੈਂਸ ਇਸ ਦੇ ਵਿਚ ਇਨਕਾਰਪੋਰੇਟ ਨਹੀਂ ਹੋਈਆਂ। ਇਸ ਲਈ ਮੇਰੀ ਹੰਬਲ ਰਿਕੁਐਸਟ ਹੈ ਕਿ ਇਸ ਬਿਲ ਦੀ ਤਰੁੱਟੀਆਂ ਨੂੰ ਸੋਧਣ ਵਾਸਤੇ ਇਹ ਸਿਲੈਕਟ ਕਮੇਟੀ ਨੂੰ ਦਿਤਾ ਜਾਵੇ ਅਤੇ ਉਸ ਦੇ ਮੁਤਾਬਿਕ ਇਹ ਬਿਲ ਇਥੇ ਲਿਆ ਕੇ ਫਿਰ ਪਾਸ ਕੀਤਾ ਜਾਵੇ। ਇਤਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਸਰਦਾਰ ਗਰਧਾਰਾ ਸਿੰਘ (ਫਿਰੋਜ਼ਪੁਰ)**: ਡਿਪਟੀ ਸਪੀਕਰ ਸਾਹਿਬ, ਇਹ ਛੋਟਾ ਜਿਹਾ ਬਿਲ ਹੈ, ਅਲਾਊਂਸਿਜ਼ ਦਾ ਮਸਲਾ ਹੈ ਪਰ ਇਸ ਤੇ ਕਾਫੀ ਬਹਿਸ ਹੋਈ ਹੈ। ਅਸੀਂ ਆਪਣੇ ਦਿਲੋਂ ਵੀ ਫੀਲ ਕਰਦੇ ਹਾਂ ਕਿ ਅਸੀਂ ਆਪੇ ਕੁਰੱਪਸ਼ਨ ਪੈਦਾ ਕਰਦੇ ਹਾਂ। ਅਗਰ ਕੁਰੱਪਸ਼ਨ ਬੰਦ ਕਰਨੀ ਹੈ ਤਾਂ ਬੜਾ ਸਾਧਾਰਣ ਤਰੀਕਾ ਹੈ ਕਿ ਮੈਂਬਰਜ਼ ਨੂੰ ਰਿਆਇਤਾਂ ਦਿਓ। ਕਿਸੇ ਨੇ ਕਿਹਾ ਸੀ ਚੈਰਿਟੀ ਬਿਗਿਨਜ਼ ਐਟ ਹੋਮ।

Original with;
Punjab Vidhan Sabha
Digitized by;
Panjab Digital Library

117 ਮੈਂਬਰਜ਼ ਸਾਹਿਬਾਨ ਸਾਰੇ ਪੰਜਾਬ ਦੀ ਨੁਮਾਇੰਦਗੀ ਕਰਦੇ ਹਨ। ਸਭ ਤੋਂ ਪਹਿਲਾਂ ਸਾਨੂੰ ਆਪ ਇਮਾਨਦਾਰ ਬਣਨਾ ਚਾਹੀਦਾ ਹੈ, ਸਾਨੂੰ ਸੁੱਚਾ ਤੇ ਉਚਾ ਬਣਨਾ ਚਾਹੀਦਾ ਹੈ। ਇਸ ਦੇ ਬਾਅਦ ਅਸੀਂ ਪਬਲਿਕ ਵਿਚ ਜਾਣਾ ਹੈ, ਅਫ਼ਸਰਾਂ ਕੋਲ ਜਾਣਾ ਹੈ ਅਤੇ ਉਨ੍ਹਾਂ ਦਾ ਸੁਧਾਰ ਕਰਨਾ ਹੈ। ਲੇਕਿਨ ਸਾਡਾ ਸੁਧਾਰ ਕਰਨ ਵਾਸਤੇ ਹਾਊਸ ਦੀ ਜ਼ਿੰਮੇਵਾਰੀ ਆਉਂਦੀ ਹੈ। ਅੱਜ ਸਾਨੂੰ ਕਿਹਾ ਗਿਆ ਹੈ ਕਿ 500 ਰੁਪਏ ਅਲਾਊਂਸ ਦਿਤਾ ਜਾਂਦਾ ਹੈ ਅਤੇ 300 ਰੁਪਏ ਟੈਲੀਫ਼ੋਨ ਦਾ ਬਿਲ ਦਿੱਤਾ ਜਾਵੇਗਾ, ਪਰ ਨਾਲ ਹੀ ਇਹ ਕੰਡੀਸ਼ਨ ਲਗਾ ਦਿਤੀ ਹੈ ਕਿ ਰਸੀਦਾਂ ਪੇਸ਼ ਕਰਕੇ ਬਿਲ ਦੇ ਪੈਸੇ ਅਸੀਂ ਲਵਾਂਗੇ। ਜਿਸ ਆਦਮੀ ਤੇ 300 ਰੁਪਏ ਦਾ ਵਿਸ਼ਵਾਸ ਨਹੀਂ ਕੀਤਾ ਜਾਂਦਾ ਤਾਂ ਅਸੀਂ ਐਮ.ਐਲ.ਏ. ਕਹਾਉਣ ਦੇ ਯੋਗ ਨਹੀਂ। (ਵਿਘਨ) ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਹੋਰ ਕਈ ਸੋਰਸਿਜ਼ ਵੀ ਇਨਕਮ ਦੇ ਹਨ। ਸਾਡੇ ਪਾਸ ਕੋਈ 100--150 ਆਦਮੀ ਆਉਂਦਾ ਹੈ ਉਸ ਨੂੰ ਮੈਂ ਰੋਟੀ ਵੀ ਖੁਆਵਾਂਗਾ, ਉਸ ਨੂੰ ਚਾਹ ਵੀ ਪਿਲਾਵਾਂਗਾ ਅਤੇ ਜੇ ਉਹ ਕਾਰ ਵਿਚ ਬੈਠੇ ਤਾਂ ਉਸ ਦਾ ਪੈਟਰੋਲ ਦਾ ਖਰਚ ਵੀ ਮੈਂ ਕਰਾਂਗਾ ਅਤੇ ਜੇ ਉਹ ਕੋਈ ਟੈਲੀਫ਼ੂਨ ਕਰਦਾ ਜਾਂ ਕਰਵਾਂਦਾ ਹੈ ਤਾਂ ਟੈਲੀਫ਼ੂਨ ਦਾ ਬਿਲ ਵੀ ਮੈਂ ਦੇਵਾਂਗਾ। ਇਹ ਮੈਂ ਕਰ ਸਕਦਾ ਹਾਂ ਅਤੇ ਮੇਰਾ ਖਿਆਲ ਹੈ ਕਿ 2--4 ਹੋਰ ਸਜਣ ਵੀ ਇਸ ਤਰ੍ਹਾਂ ਕਰ ਸਕਦੇ ਹੋਣਗੇ, ਪਰ ਮੇਰੇ ਵੀਰ ਜਿਹੜੇ ਵਿਚਾਰੇ ਬੜੀ ਮੁਸ਼ਕਲ ਨਾਲ ਗੁਜ਼ਾਰਾ ਕਰਦੇ ਹਨ ਜਾਂ ਤਾਂ ਉਸ ਨੂੰ ਇਸ ਤਰ੍ਹਾਂ ਆਪਣੀ ਜਾਇਦਾਦ ਵੇਚਣੀ ਪਵੇਗੀ ਜਿਹੜੀ ਕਿ ਮੇਰਾ ਖਿਆਲ ਹੈ ਕੋਈ ਨਹੀਂ ਕਰਦਾ ਜਾਂ ਉਸ ਨੂੰ ਆਪਣੇ ਜੀਵਨ ਨੂੰ ਗੰਦਾ ਬਣਾਉਣਾ ਪਵੇਗਾ। ਅਗਰ ਕੋਈ ਸਾਡਾ ਮਨਿਸਟਰ ਆਇਆ ਹੈ ਜਾਂ ਚੀਫ਼ ਮਨਿਸਟਰ ਆਇਆ ਹੈ ਤਾਂ ਸਾਡੇ ਬਿਜ਼ਨੈਸਮੈਨ ਇਤਨੇ ਸਿਆਣੇ ਹਨ ਕਿ ਉਹ ਪਹਿਲਾਂ ਹੀ ਇਸ ਗਲ ਦਾ ਅੰਦਾਜ਼ਾ ਲਗਾ ਲੈਂਦੇ ਹਨ ਕਿ ਕਿਹੜਾ ਮਨਿਸਟਰ ਬਣੇਗਾ ਅਤੇ ਕਿਹੜਾ ਚੀਫ਼ ਮਨਿਸਟਰ ਬਣੇਗਾ ਜਾਂ ਕਿਹੜਾ ਕੀ ਬਣੇਗਾ। ਉਸੇ ਤਰੀਕੇ ਨਾਲ ਉਹ ਚਾਂਦੀ ਨਾਲ ਤੋਲਣਾ ਸ਼ੁਰੂ ਕਰ ਦਿੰਦੇ ਹਨ। ਜੇ ਕੋਈ ਅੱਜ ਮੈਨੂੰ 10 ਹਜ਼ਾਰ ਰੁਪਏ ਨਾਲ ਤੋਲੇਗਾ ਤਾਂ ਉਹ ਮੇਰੇ ਕੋਲੋਂ 20 ਹਜ਼ਾਰ ਰੁਪਏ ਦਾ ਕੰਮ ਕਰਵਾਏਗਾ। ਜੇ ਕੋਈ ਅੱਜ 10 ਹਜ਼ਾਰ ਰੁਪਿਆ ਦਿੰਦਾ ਹੈ ਤਾਂ ਸਮਝੋ ਉਸ ਨੇ 20 ਹਜ਼ਾਰ ਰੁਪਏ ਦਾ ਕੁਰੱਪਟ ਸਾਨੂੰ ਕਰ ਲਿਆ। ਡਿਪਟੀ ਸਪੀਕਰ ਸਾਹਿਬ, ਜੇ ਕੋਈ ਐਮ.ਐਲ.ਏ. ਬਾਹਰ ਜਾਂਦਾ ਹੈ ਤੇ ਜੇ ਕਿਸੇ ਕੋਲੋਂ ਕੋਈ ਰੋਟੀ ਖਾਂਦਾ ਹੈ ਜਾਂ ਕੋਈ ਚੀਜ਼ ਲੈਂਦਾ ਹੈ ਤਾਂ ਉਸ ਦਾ ਜੀਵਨ ਇਸ ਦੇ ਨਾਲ ਗੰਦਾ ਹੁੰਦਾ ਹੈ। (ਵਿਘਨ) ਵਲਾਇਤ ਵਿਚ ਤੁਸੀਂ ਦੇਖੋ ਅੰਗਰੇਜ਼ਾਂ ਨੇ ਸਾਰੀ ਦੁਨੀਆਂ ਵਿਚ ਹਕੂਮਤ ਕੀਤੀ ਸੀ, ਉਹ ਕਰੈਕਟਰ ਰਖਦੇ ਸੀ। ਲਾਟ ਸਾਹਿਬ ਜਾਂ ਗਵਰਨਰ ਸਾਹਿਬ ਦੌਰੇ ਤੇ ਜਾਂਦੇ ਸੀ ਤਾਂ ਬਾਹਰ ਉਨ੍ਹਾਂ ਨੂੰ ਲੋਕਾਂ ਤੋਂ ਤੋਹਫ਼ੇ ਮਿਲਦੇ ਸਨ। ਜਿਹੜਾ ਤੋਹਫ਼ਾ ਬਾਦਸ਼ਾਹ ਨੂੰ ਮਿਲਦਾ ਸੀ ਤਾਂ ਉਹ ਤਾਂ ਸਟੇਟ ਨੂੰ ਜਾਂਦਾ ਸੀ ਅਤੇ ਜੋ ਤੋਹਫ਼ਾ ਮੇਮ ਨੂੰ ਮਿਲਦਾ ਸੀ ਤਾਂ ਉਹ ਉਸ ਦਾ ਪ੍ਰਸਨਲ ਸਮਝਿਆ ਜਾਂਦਾ ਸੀ। ਉਹ ਲੋਕ ਮੇਮ ਨੂੰ ਤੋਹਫ਼ਾ ਦਿੰਦੇ ਸਨ। ਉਹ ਲੋਕ ਸਮਝਦੇ ਸਨ ਕਿ ਮੇਮ ਨੂੰ ਜੋ ਰਿਸ਼ਵਤ ਦਿਤੀ ਗਈ ਉਸ ਦੇ ਨਾਲ ਕੰਮ ਹੋ ਜਾਣਾ ਹੈ। ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਇੰਗਲੈਂਡ ਵਿਚ ਹਰ 3 ਪਾਰਲੀਮੈਂਟੇਰੀਅਨ ਪਿਛੇ ਇਕ ਮੈਂਬਰ ਐਸਾ ਹੈ ਜਿਸ ਨੂੰ ਮਨਿਸਟਰ ਦੀਆਂ ਪੂਰੀਆਂ ਫੈਸਿਲਿਟੀਜ਼ ਦਿੱਤੀਆਂ ਜਾਂਦੀਆਂ ਹਨ। ਇਸ ਕਰਕੇ ਮੇਰੀ ਬੇਨਤੀ ਹੈ ਕਿ ਸਾਨੂੰ ਤੁਸੀਂ ਕੁੱਝ ਨਾ ਦਿਓ ਬੇਸ਼ਕ, ਪਰ ਜਿਹੜੇ ਵੀਰ ਸਾਡੇ ਅਫੋਰਡ ਨਹੀਂ ਕਰ ਸਕਦੇ ਜਿਨ੍ਹਾਂ ਦਾ ਜ਼ਿੰਦਗੀ ਵਿਚ ਹੋਰ ਕੋਈ ਸੋਰਸ ਨਹੀਂ ਉਨ੍ਹਾਂ ਨੂੰ ਜ਼ਰੂਰ ਫੈਸਿਲਿਟੀਜ਼ ਦੇਣੀਆਂ ਚਾਹੀਦੀਆਂ ਹਨ। ਕਾਮਰੇਡ ਸਾਹਿਬ ਨੇ ਕਿਹਾ ਹੈ ਕਿ ਜੇ ਪਾਸ ਹੋ ਜਾਵੇਗਾ ਤਾਂ ਲੈ ਲਵਾਂਗੇ, ਵੈਸੇ ਮੁਖ਼ਾਲਫ਼ਤ ਕਰਦੇ ਹਾਂ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੇ ਪਾਰਟੀ ਨੂੰ ਪੈਸਾ ਜਾਣਾ ਹੈ ਤਾਂ ਪਾਰਟੀ ਵੀ ਤਾਂ ਤੁਹਾਡੀ ਹੈ, ਤੁਸੀਂ ਉਥੋਂ ਖਰਚ ਕਰ ਸਕਦੇ ਹੋ। ਜੇ ਇਹ ਕਹਿਣ ਕਿ ਅਸੀਂ ਨਹੀਂ ਲੈਣਾ ਤਾਂ ਤੇ ਕੋਈ ਗਲ ਨਜ਼ਰ ਆਉਂਦੀ ਹੈ। ਮੈਂ ਇਹ ਜ਼ਰੂਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਧਾਰਾ ਸਿੰਘ]

ਬੇਨਤੀ ਕਰਦਾ ਹਾਂ ਕਿ ਜਦੋਂ ਇਸ ਹਾਊਸ ਵਿਚ ਬੈਠੇ ਕੇ ਉਚਾ ਤੇ ਸੁੱਚਾ ਬਣਨਾ ਹੈ ਤਾਂ ਇਸ ਦੇ ਵਿਚ ਸੋਧ ਕਰ ਦਿਓ। ਜਿਸ ਬੱਚੇ ਨੂੰ ਘਰੋਂ ਰੋਟੀ ਨਹੀਂ ਮਿਲਦੀ ਰੱਜ ਕੇ, ਤਾਂ ਉਹ ਚੋਰੀ ਕਰਨ ਦੀ ਕੋਸ਼ਿਸ਼ ਕਰੇਗਾ। (ਵਿਘਨ) ਸੋ ਡਿਪਟੀ ਸਪੀਕਰ ਸਾਹਿਬ, ਜੇ ਤੁਸੀਂ ਲੋਕਾਂ ਦੇ ਕਰੈਕਟਰ ਨੂੰ ਉਚਾ ਕਰਨਾ ਚਾਹੁੰਦੇ ਹੋ, 117 ਮੈਂਬਰਜ਼ ਦੇ ਜੀਵਨ ਨੂੰ ਉਚਾ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਸਾਧਨ ਪੈਦਾ ਕਰਨੇ ਚਾਹੀਦੇ ਹਨ ਜਿਸ ਦੇ ਨਾਲ ਉਹ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰ ਸਕਣ ਆਪਣੀ ਰੋਟੀ ਦੀ ਜ਼ਰੂਰਤ ਨੂੰ ਪੂਰਾ ਕਰ ਸਕਣ , ਆਪਣੇ ਪੈਟਰੋਲ ਦੀ ਜ਼ਰੂਰਤ ਨੂੰ ਪੂਰਾ ਕਰ ਸਕਣ, ਇਥੇ ਕਿਸੇ ਵੀਰ ਨੇ ਕਿਹਾ ਹੈ ਕਿ ਕੋਈ ਸਾਈਕਲ ਤੇ ਜਾਂਦਾ ਹੈ। ਇਸ ਜ਼ਮਾਨੇ ਵਿਚ ਜੇ ਤੁਸੀਂ ਇਕ ਪਿੰਡ ਵਿਚ ਇਸ ਤਰ੍ਹਾਂ ਜਾਓ ਤਾਂ ਦੂਸਰੇ ਵਿਚ ਜਾਣਾ ਔਖਾ ਹੋ ਜਾਂਦਾ ਹੈ। ਜਦੋਂ ਤਕ ਜੀਪ ਵਗੈਰਾ ਨਾ ਹੋਵੇ ਬੜੀ ਮੁਸ਼ਕਲ ਪੇਸ਼ ਆਉਂਦੀ ਹੈ। ਅਫ਼ਸਰਾਂ ਨੂੰ ਤਾਂ ਸਹੂਲਤਾਂ ਦੇ ਦਿਤੀਆਂ। ਇਕ ਥਾਣੇਦਾਰ ਨੂੰ ਜੀਪ ਦੇ ਦਿਤੀ, ਬੀ.ਡੀ.ਓ. ਨੂੰ ਜੀਪ ਦੇ ਦਿੱਤੀ, ਡੀ.ਸੀ. ਨੂੰ ਜੀਪ ਦੇ ਦਿੱਤੀ, ਐਸ.ਪੀ. ਨੂੰ ਜੀਪ ਦੇ ਦਿੱਤੀ, ਸੀ.ਐਮ.ਓ. ਨੂੰ ਜੀਪ ਦੇ ਦਿੱਤੀ, ਡੀ.ਡੀ.ਪੀ.ਓ. ਨੂੰ ਜੀਪ ਦੇ ਦਿੱਤੀ ਲੇਕਿਨ ਉਨ੍ਹਾਂ ਦਾ ਕੰਮ ਕੀ ਹੈ ? ਜੀਪਾਂ ਲੈ ਕੇ ਬੱਚਿਆਂ ਨੂੰ ਬਿਠਾਈ ਫਿਰਦੇ ਰਹਿੰਦੇ ਹਨ। ਪਹਿਲਾਂ ਇਕ ਥਾਣੇਦਾਰ ਇਕ ਸਿਪਾਹੀ ਨੂੰ ਲੈ ਕੇ ਕਿਸੇ ਪਿੰਡ ਨੂੰ ਜਾਂਦਾ ਸੀ ਤਾਂ ਇਕ ਬਦਮਾਸ਼ ਨੂੰ ਫੜ ਕੇ ਲੈ ਆਉਂਦੇ ਸੀ ਅਤੇ ਉਸ ਨੂੰ ਕੁੱਟਦੇ ਮਾਰਦੇ ਸੀ ਤੇ ਫਿਰ 100 ਰੁਪਏ ਉਸ ਕੋਲੋਂ ਲੇ ਲੈਂਦੇ ਸੀ। ਜੀਪਾਂ ਨਾਲ ਬਹੁਤ ਅੱਛਾ ਹੋ ਗਿਆ ਕਿ ਹੁਣ ਉਹ 10 ਬਦਮਾਸ਼ ਇਕੱਠੇ ਕਰ ਲੈਂਦੇ ਹਨ ਅਤੇ ਸੌ ਸੌ ਰੁਪਏ ਝਾੜ ਕੇ ਹਜ਼ਾਰ ਰੁਪਿਆ ਇਕੱਠਾ ਕਰ ਲੈਂਦੇ ਹਨ। (ਹਾਸਾ) (ਵਿਘਨ) ਇਸ ਤਰ੍ਹਾਂ ਸਪੀਡ ਨਾਲ ਕੰਮ ਹੁੰਦਾ ਹੈ। ਅਗਰ ਸਪੀਡ ਵਧਾਉਣ ਵਾਸਤੇ ਕੰਮ ਨਹੀਂ ਕਰਾਂਗੇ ਤਾਂ ਸਾਡਾ ਸੂਬਾ ਕਦੇ ਤਰੱਕੀ ਨਹੀ ਕਰ ਸਕੇਗਾ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਜਿਸ ਤਰ੍ਹਾਂ ਡਾਕਟਰ ਸਾਧੂ ਰਾਮ ਨੇ ਕਿਹਾ ਸੀ, ਡਾਕਟਰ ਭਗਤ ਸਿੰਘ ਜੀ ਨੇ ਕਿਹਾ ਸੀ ਕਿ ਇਨ੍ਹਾਂ 2-3 ਸੌ ਰੁਪਿਆਂ ਨਾਲ ਕੁਝ ਨਹੀਂ ਬਣਨਾ, ਮੈਂ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਲੱਖਾਂ ਰੁਪਏ ਖਰਚ ਹੁੰਦੇ ਹਨ, ਇਹ ਰਕਮ ਵੀ ਵਧਾ ਦਿਓ। ਇਹ ਜ਼ਰੂਰੀ ਹੈ ਅਤੇ ਜਾਇਜ਼ ਤੌਰ ਤੇ ਇਸ ਦੇ ਵਿਚ ਤਰਮੀਮ ਕਰ ਦਿਓ। ਇਨ੍ਹਾਂ ਲਫ਼ਜ਼ਾਂ ਨਾਲ ਮੈਂ ਇਹ ਬੇਨਤੀ ਕਰਾਂਗਾ ਕਿ ਇਸ ਬਿਲ ਨੂੰ ਇਸ ਸ਼ਕਲ ਵਿਚ ਪਾਸ ਕਰੋ ਜਿਸ ਦੇ ਨਾਲ ਮੈਂਬਰਾਂ ਨੂੰ ਫੈਸਿਲਿਟੀ ਹੋਵੇ। ਇਹ ਕੋਈ ਵੱਡੀ ਚੀਜ਼ ਨਹੀਂ ਜਿਹੜੀ ਅਸੀਂ ਅੱਜ ਪਾਸ ਕਰਕੇ ਦੇਣੀ ਹੈ। ਇਨ੍ਹਾਂ ਲੋਕਾਂ ਦੇ ਬਹੁਤ ਸਾਰੇ ਮਸਲੇ ਹੱਲ ਨਹੀਂ ਹੁੰਦੇ ਲੇਕਿਨ ਹਾਲਾਤ ਦੇ ਮੁਤਾਬਿਕ ਅਸੀਂ ਇਸ ਤੇ ਖੁਸ਼ ਹਾਂ।

**ਸ੍ਰੀ ਹੁਕਮ ਚੰਦ** (ਕਪੂਰਥਲਾ) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿਲ ਆਇਆ ਹੈ ਇਸ ਤੇ ਇਕ ਸਾਲ ਤੋਂ ਹੀ ਤਕਰੀਬਨ ਐਮ. ਐਲ. ਏ. ਔਰ ਐਮ. ਐਲ. ਏ. ਕਮ-ਮਨਿਸਟਰਜ਼ ਵਿਚ ਇਸ ਗਲ ਦਾ ਚਰਚਾ ਚਲਦਾ ਰਹਿੰਦਾ ਸੀ। ਅੱਜ ਜਿਸ ਟਾਈਪ ਦੀ ਐਮ.ਐਲ.ਏ. ਦੀ ਡਿਊਟੀ ਬਣ ਗਈ ਹੈ, ਜਿਸ ਡਿਊਟੀ ਦੇ ਵਿਚ ਐਮ. ਐਲ. ਏ. ਇਨ੍ਹਾਂ ਪੈਸਿਆਂ ਵਿਚ ਆਪਣਾ ਗੁਜ਼ਾਰਾ ਨਹੀਂ ਕਰ ਸਕਦਾ। ਜਿਹੜੇ ਪੈਸੇ ਅੱਜ ਅਲਾਊਂਸ ਦੀ ਸ਼ਕਲ ਵਿਚ ਟੈਲੀਫੋਨ ਲਈ ਜਾਂ ਕਿਸੇ ਹੋਰ ਸ਼ਕਲ ਵਿਚ ਮਿਲਦੇ ਹਨ ਉਨ੍ਹਾਂ ਨਾਲ ਇਹ ਗੁਜ਼ਾਰਾ ਨਹੀਂ ਕਰ ਸਕਦੇ। ਕਈ ਸਾਲਾਂ ਦੀ ਕਾਨਾਫੂਸੀ ਚਲਦੇ ਰਹਿਣ ਦੇ ਬਾਅਦ ਅਜ ਆਖਿਰ ਜਦੋਂ ਇਹ ਬਿਲ ਸਾਹਮਣੇ ਆਇਆ ਅਤੇ ਉਸ ਬਿਲ ਦੇ ਵਿਚ ਜਦੋਂ ਪੜ੍ਹਿਆ ਤਾਂ ਉਸ ਦੇ ਵਿਚ ਦੇਖਿਆ ਕਿ ਇਸ ਬਿਲ ਦੇ ਵਿਚ ਐਮ. ਐਲ. ਏ. ਨੂੰ ਕੋਈ ਫੈਸਿਲਿਟੀਜ਼ ਨਹੀਂ ਮਿਲ ਰਹੀ, ਇਕ 75 ਰੁਪਏ ਜ਼ਰੂਰ ਇਸ ਦੇ ਵਿਚ ਵੱਧੇ ਹਨ। ਜਿਥੋਂ ਤਕ, ਡਿਪਟੀ ਸਪੀਕਰ ਸਾਹਿਬ, ਟੈਲੀਫੋਨ ਦਾ ਸਵਾਲ ਹੈ ਉਸ ਦੇ ਵਾਸਤੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਹੁਣ ਇਥੇ ਬੈਠੇ ਹਾਂ ਅਤੇ ਸਾਡਾ ਟੈਲੀਫੋਨ ਬੰਦ ਪਿਆ ਹੈ ਜਾਂ ਮਗਰੋਂ ਕੋਈ ਕਰਦਾ ਵੀ ਹੋਵੇਗਾ ਔਰ ਉਸ ਤੇ ਖਰਚ ਜੋ ਆਵੇਗਾ ਉਹ ਘਟ ਹੋਵੇਗਾ ਇਸ ਮਹੀਨੇ ਪਰ ਜਦੋਂ ਅਸੀਂ ਉਥੇ ਹੁੰਦੇ ਹਾਂ ਤਾਂ ਉਸ ਦਾ ਖਰਚਾ ਜ਼ਿਆਦਾ ਆਉਂਦਾ ਹੈ। ਕਿਸੇ ਮਹੀਨੇ ਸੌ ਰੁਪਿਆ

Original with;
Punjab Vidhan Sabha
Digitized by;
Panjab Digital Library

ਆਉਂਦਾ ਹੈ ਕਿਸੇ ਮਹੀਨੇ ਬਹੁਤ ਜ਼ਿਆਦਾ ਵੀ ਆ ਸਕਦਾ ਹੈ। ਜੋ ਇਸ ਮਹੀਨੇ ਸੌ ਰੁਪਿਆ ਬਿਲ ਆ ਆ ਗਿਆ ਸੀ ਤਾਂ ਅਗਲੇ ਮਹੀਨੇ 5-6 ਸੌ ਰੁਪਏ ਵੀ ਆਉਂਦੇ ਹਨ। ਇਸ ਲਈ ਇਹ ਜ਼ਰੂਰੀ ਹੈ ਕਿ ਇਸ ਬਿਲ ਵਿਚ ਸੋਧ ਕਰਨੀ ਚਾਹੀਦੀ ਹੈ। ਜਿਹੜੀ ਪੇਮੈਂਟ ਅਸੀਂ ਕਰਾਂਗੇ ਇਸ ਤੇ ਵਿਚਾਰ ਕਰ ਲਿਆ ਜਾਵੇ। ਮੇਰਾ ਇਹ ਕਹਿਣਾ ਹੈ ਕਿ ਅੱਜ ਦੇ ਐਮ. ਐਲ. ਏ. ਦਾ ਜੋ ਵਰਕ ਹੈ ਆਪਣੀ ਆਪਣੀ ਕੰਸਟੀਚਿਊਐਂਸੀ ਵਿਚ, ਆਪਣੇ ਆਪਣੇ ਜ਼ਿਲ੍ਹੇ ਵਿਚ ਉਹ ਦੇਖ ਲਿਆ ਜਾਵੇ ਅਤੇ ਉਸ ਦੇ ਮੁਤਾਬਿਕ ਤੁਲਨਾ ਕਰਕੇ ਦੇਖਿਆ ਜਾਵੇ ਕਿ ਐਮ. ਐਲ. ਏ. ਨੂੰ ਜੋ ਫੈਸਿਲਿਟੀਜ਼ ਮਿਲਦੀਆਂ ਹਨ ਉਸ ਦੀ ਤੁਲਨਾ ਦੇ ਬਰਾਬਰ ਉਤਰਦੀਆਂ ਵੀ ਹਨ।

ਅੱਜ ਅਸੀਂ ਇਜਲਾਸ ਵਿਚ ਆਏ ਹਾਂ, ਰੋਜ਼ ਅਸੀਂ ਬੈਠ ਕੇ ਸਟੱਡੀ ਕਰਦੇ ਹਾਂ। ਲੋਕਾਂ ਦੇ ਕੰਮ ਕਰਦੇ ਹਾਂ। ਹੁਣ ਅਸੀਂ ਵਾਪਸ ਜਾਣਾ ਹੈ ਕੱਲ ਦਾ ਦਿਨ ਹੈ, ਔਰ ਕੱਲ ਦਾ ਦਿਨ ਸੱਭ ਤੋਂ ਜ਼ਿਆਦਾ ਰੁਝੇਵਿਆਂ ਦਾ ਹੋਵੇਗਾ। ਮੁਲਾਜ਼ਮਾਂ ਨੂੰ, ਸੈਕਟਰੀਜ਼ ਨੂੰ, ਡੀ. ਸੀ. ਸਾਹਿਬਾਨ ਨੂੰ ਜੋ ਫੈਸੀਲਿਟੀਜ਼ ਮਿਲਦੀਆਂ ਹਨ ਉਨ੍ਹਾਂ ਦੇ ਪੈਰਲਲ ਕਰਨ, ਇਹ ਠੀਕ ਨਹੀਂ। ਐਮ. ਐ.ਲ ਏ. ਦਾ ਜਿਹੜਾ ਕੰਮ ਹੈ, ਜਿਹੜੀ ਡਿਊਟੀ ਹੈ ਉਹ ਹੈ ਲੋਕਾਂ ਦੀ ਅਸੈਂਬਲੀ ਵਿਚ ਆ ਕੇ ਰਖਿਆ ਕਰਨੀ, ਉਨ੍ਹਾਂ ਦੀ ਨੁਮਾਇੰਦਗੀ ਕਰਨੀ, ਉਨ੍ਹਾਂ ਦੇ ਹੱਕਾਂ ਲਈ ਲੜਾਈ ਕਰਨੀ। ਪਰ ਹੁਣ ਐਮ. ਐਲ. ਏ. ਦੀਆਂ ਡਿਊਟੀਜ਼ ਮੁਖਤਲਿਫ ਹੋ ਗਈਆਂ ਹਨ। ਹੁਣ ਤਾਂ ਲੋਕ ਆਸ ਕਰਦੇ ਹਨ ਕਿ ਜੇ ਕਿਸੇ ਦੇ ਨੂੰਹ ਦੇ ਬੱਚਾ ਹੋਣ ਵਾਲਾ ਹੈ ਤਾਂ ਉਹ ਆਸ ਕਰਦੇ ਹਨ ਕਿ ਐਮ. ਐਲ. ਏ. ਸਿਫਾਰਸ਼ ਕਰਨ ਕਿ ਉਸ ਨੂੰ ਹਸਪਤਾਲ ਵਿਚ ਦਾਖਲ ਕੀਤਾ ਜਾਏ। ਲੋਕ ਛੋਟੇ ਛੋਟੇ ਕੰਮਾਂ ਵਾਸਤੇ ਪਹੁੰਚਦੇ ਹਨ। ਸਵੇਰੇ 6.00 ਵਜੇ ਘੰਟੀ ਵੱਜਣੀ ਸ਼ੁਰੂ ਹੋ ਜਾਂਦੀ ਹੈ ਅਤੇ ਰਾਤ ਦੇ 12.00 ਵਜੇ ਤਕ ਵੱਜਦੀ ਰਹਿੰਦੀ ਹੈ। ਜਵਾਬ ਵੀ ਨਹੀਂ ਦੇ ਸਕਦੇ ਕਿਉਂਕਿ ਲੋਕਾਂ ਦੀ ਨੁਮਾਇੰਦਗੀ ਕਰਨੀ ਹੈ। ਸਾਨੂੰ ਕੋਈ ਛੁੱਟੀ ਨਹੀਂ, ਆਰਾਮ ਨਹੀਂ, ਸਟੱਡੀ ਵਾਸਤੇ ਟਾਈਮ ਨਹੀਂ। ਇਕ ਦਫਾ ਮੈਨੂੰ ਮੇਰੀ ਮਿਸਿਜ਼ ਕਹਿੰਦੀ ਹੈ ਕਿ ਜੇ ਇਹ ਐਮ.ਐਲ. ਏ ਦੀ ਡਿਊਟੀ ਹੈ ਤਾਂ ਲਾਓ ਕੰਨਾਂ ਨੂੰ ਹੱਥ ਮੁੜ ਕੇ ਖੜ੍ਹੇ ਨਹੀਂ ਹੋਣਾ। ਕੰਨਾਂ ਨੂੰ ਹੱਥ ਇਸ ਕਰਕੇ ਨਹੀਂ ਲਵਾਉਂਦੀ ਕਿ ਲੋਕਾਂ ਦੀ ਸੇਵਾ ਕਰਨ ਲਈ ਕੋਈ ਇਤਰਾਜ਼ ਹੈ। ਉਨ੍ਹਾਂ ਨੂੰ ਪਤਾ ਹੈ ਸਾਡਾ 30 ਸਾਲਾਂ ਦਾ ਰਿਕਾਰਡ ਹੈ ਕਿ ਕਈ ਵਾਰੀ ਜੇਲ੍ਹਾਂ ਵਿਚ ਗਏ ਹਾਂ, ਐਮਰਜੈਂਸੀ ਦੇ ਦੌਰਾਨ ਵੀ ਗਏ। ਸਾਨੂੰ ਬੜੀ ਇੱਜ਼ਤ ਦਿਤੀ ਸੀ, ਸਾਡੇ ਮੱਥੇ ਤੇ ਤਿਲਕ ਲਾ ਕੇ ਸਾਨੂੰ ਸਾਡੀਆਂ ਐਮ. ਐਲੀਆਂ ਨੇ ਭੇਜਿਆ ਸੀ ਕਿ ਤੁਸੀਂ ਜਾਓ ਅਸੀਂ ਘਰ ਸੰਭਾਲਾਂਗੀਆਂ। ਪਰ ਉਹ ਕਿਉਂ ਤੰਗ ਆ ਗਈਆਂ ? ਇਸ ਦਾ ਕਾਰਨ ਇਹ ਹੈ ਕਿ ਉਨ੍ਹਾਂ ਨੂੰ ਵੀ ਸਾਡੇ ਨਾਲ ਤਕਲੀਫ ਉਠਾਉਣੀ ਪੈ ਰਹੀ ਹੈ।

**ਮਾਸਟਰ ਚੰਦ ਸਿੰਘ** : ਐਮ. ਐਲੀਆਂ ਕਿਹੜਾ ਲਫਜ਼ ਹੈ, ਡਿਪਟੀ ਸਪੀਕਰ ਸਾਹਿਬ, ਜਿਹੜਾ ਐਮ. ਐਲ. ਏ. ਸਾਹਿਬ ਨੇ ਵਰਤਿਆ ਹੈ ? (ਵਿਘਨ)

**ਸ਼੍ਰੀ ਡਿਪਟੀ ਸਪੀਕਰ** : ਉਨ੍ਹਾਂ ਦਾ ਮਤਲਬ ਹੈ ਧਰਮ ਪਤਨੀਆਂ, ਜੇ ਲੇਡੀਜ਼ ਹਨ ਤਾਂ ਉਨ੍ਹਾਂ ਦੇ ਹਸਬੈਂਡਜ਼।

**ਸ਼੍ਰੀ ਹੁਕਮ ਚੰਦ** : ਸਾਡੀਆਂ ਧਰਮ ਪਤਨੀਆਂ ਜਿਨ੍ਹਾਂ ਨੇ 30 ਸਾਲ ਤਕ ਕੌਮ ਦੀ ਸੇਵਾ ਕਰਨ ਵਾਸਤੇ, ਕੌਮ ਦੀ ਨੁਮਾਇੰਦਗੀ ਕਰਨ ਵਾਸਤੇ, ਕੁਰਬਾਨੀ ਕਰਨ ਵਾਸਤੇ ਸਾਡਾ ਸਾਥ ਦਿੱਤਾ, ਐਮਰਜੈਂਸੀ ਦੇ ਦੌਰਾਨ ਪੂਰਾ ਸਾਥ ਦਿਤਾ ਔਰ ਕਿਹਾ ਕਿ ਜਾਓ ਜੇਲ੍ਹਾਂ ਵਿਚ ਬੈਠੋ, ਅਸੀਂ ਪਿਛੇ ਘਰ ਸੰਭਾਲਾਂਗੀਆਂ ਪਰ ਅਜ ਤੰਗ ਆ ਗਈਆਂ ਹਨ। ਉਹ ਸਮਝਦੀਆਂ ਹਨ ਕਿ ਨਾ ਰਾਤ ਨੂੰ ਚੈਨ, ਨਾ ਦਿਨ ਨੂੰ

Original with;
Punjab Vidhan Sabha
Digitized by;
Panjab Digital Library

[ਸ੍ਰੀ ਹੁਕਮ ਚੰਦ]

ਆਰਾਮ। ਅਸੀਂ ਸਮਾਂ ਦੇ ਸਕਦੇ ਹਾਂ, ਜਿੰਨਾਂ ਕੰਮ ਹੋ ਸਕੇ ਲੋਕਾਂ ਦਾ ਕਰੀਏ, ਜਿਤਨੀ ਤਾਕਤ ਪਰਮਾਤਮਾ ਨੇ ਦਿਤੀ ਹੈ ਉਹ ਅਸੀਂ ਲਗਾ ਸਕਦੇ ਹਾਂ ਲੋਕਾਂ ਦੇ ਕੰਮ ਲਈ, ਲੇਕਿਨ ਜਦੋਂ ਪੈਸੇ ਦਾ ਸਆਲ ਆਉਂਦਾ ਹੈ ਉਸ ਵੇਲੇ ਆਦਮੀ ਪਰਖਿਆ ਜਾਂਦਾ ਹੈ। ਜਿਸ ਵੇਲੇ ਪੈਸੇ ਲੈਣ ਵਾਲਾ ਸਾਹਮਣੇ ਖੜ੍ਹਾ ਹੋਵੇ, ਅਖ਼ਬਾਰਾਂ ਵਾਲਾ ਖੜਾ ਹੋਵੇ, ਦੁਧ ਵਾਲਾ ਖੜਾ ਹੋਵੇ, ਹੋਰ ਖੜੇ ਹੋਣ ਪੈਸੇ ਲੈਣ ਲਈ ਔਰ ਐਮ. ਐਲ. ਏ. ਦੀ ਜੇਬ ਵਿਚ ਪੈਸਾ ਹੋਵੇ ਨਾ ਉਸ ਵੇਲੇ ਐਮ. ਐਲ. ਏ. ਦੀ ਹਾਲਤ ਦਾ ਮਕਾਬਲਾ ਕਰੋ, ਭਾਵੇਂ ਉਹ ਕੁਰਬਾਨੀਆਂ ਕਰਦਾ ਰਿਹਾ ਹੈ, ਸੇਵਾ ਕਰਦਾ ਰਿਹਾ ਹੈ, ਉਸ ਦੀ ਕੀ ਪੋਜ਼ੀਸ਼ਨ ਹੋਵੇਗੀ ? ਸਰਦਾਰ ਗੁਰਦਆਰਾ ਸਿੰਘ ਨੇ ਗਲ ਕਹੀ ਕਿ ਮੈਂ ਬਰਦਾਸ਼ਤ ਕਰ ਸਕਦਾ ਹਾਂ। ਮੈ ਕਹਿੰਦਾ ਹਾਂ ਕਿ ਜੇ ਕਰ ਕੋਈ ਕਿਸੇ ਨੇ ਥੋੜੀ ਬਹੁਤੀ ਪਿਛੇ ਬਚਾਈ ਹੈ ਉਹ ਇਥੇ ਆ ਕੇ ਖਰਚ ਕਰ ਦੇਵੇ। (ਵਿਘਨ) ਮੈਂ ਕਹਿੰਦਾ ਹਾਂ ਕਿ ਜੇ ਖਰਚ ਕਰਨੇ ਹਨ ਤਾਂ ਕੋਈ ਧਰਮਸ਼ਾਲਾ ਬਣਵਾਓ, ਮੰਦਰ ਬਣਵਾਓ ਜਾਂ ਗੁਰਦੁਵਾਰਾ ਬਣਵਾਓ । ਮੈਂ ਇਕ ਗਲ ਕਹਿੰਦਾ ਹਾਂ ਕਿ ਇਹ ਜਿਹੜੇ ਐਮ. ਐਲ. ਏ. ਦੇ ਅਲਾਊਂਸਿਜ਼ ਹਨ, ਜਿਸ ਤਰ੍ਹਾਂ ਬਾਕੀ ਪੇ ਕਮਿਸ਼ਨ ਮੁਕਰੱਰ ਹੁੰਦੇ ਹਨ ਉਸੇ ਤਰ੍ਹਾਂ ਇਨ੍ਹਾਂ ਬਾਰੇ ਕਮਿਸ਼ਨ ਮੁਕਰੱਰ ਕਰ ਲਵੇ, ਇਕ ਕਮੇਟੀ ਬਣਾ ਦਿਓ ਤਾਂ ਕਿ ਉਹ ਵੇਖੇ ਕਿ ਐਮ. ਐਲ. ਏ. ਦਾ ਕੀ ਕੰਮ ਹੈ, ਉਹ ਕੀ ਕੰਮ ਕਰਦੇ ਹਨ। ਮੈਂ ਇਮਾਨਦਾਰੀ ਨਾਲ ਕਹਿੰਦਾ ਹਾਂ ਕਿ ਮੇਰੇ ਹਲਕੇ ਵਿਚ 126 ਪਿੰਡ ਹਨ । ਮੇਰੇ ਅੰਦਰ ਸੇਵਾ ਦਾ ਬੜਾ ਭਾਵ ਹੈ, ਮੇਰੇ ਅੰਦਰ ਸੇਵਾ ਕਰਨ ਦੀ ਤੜਪ ਹੈ, ਪਰ ਮੈਂ ਕਿਸ ਤਰ੍ਹਾਂ ਇਮਾਨਦਾਰੀ ਨਾਲ ਸੇਵਾ ਕਰ ਸਕਦਾ ਹਾਂ, ਜੇ ਕਰ ਮੇਰੀ ਜੇਬ ਵਿਚ ਬੱਸ ਲਈ ਕਿਰਾਇਆ ਨਹੀਂ ? ਇਸ ਕਰਕੇ ਸਾਨੂੰ ਪੂਰੀਆਂ ਫੈਸਿਲਿਟੀਜ਼ ਮਿਲਣੀਆਂ ਚਾਹੀਦੀਆਂ ਹਨ, ਇਸ ਵਿਚ ਕੋਈ ਸ਼ੱਕ ਵਾਲੀ ਗਲ ਨਹੀਂ ਹੈ । ਮੇਰੇ ਕਮਿਊਨਿਸਟ ਭਰਾਵਾਂ ਨੇ ਇਤਰਾਜ਼ ਕੀਤਾ ਹੈ, ਉਨ੍ਹਾਂ ਨੂੰ ਪਤਾ ਹੈ ਕਿ ਅਸੈਂਬਲੀ ਨੇ ਪਾਸ ਤਾਂ ਕਰ ਹੀ ਦੇਣਾ ਹੈ, ਪੈਸੇ ਮਿਲ ਹੀ ਜਾਣੇ ਹਨ, ਚਲੋ ਇਤਰਾਜ਼ ਕਰ ਹੀ ਦਿਓ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਪਾਰਟੀ, ਜਿਹੜਾ ਮੈਂਬਰ ਇਸ ਦੀ ਵਿਰੋਧਤਾ ਕਰਦਾ ਹੈ ਇਹ ਇਸ ਵਿਚ ਅਮੈਂਡਮੈਂਟ ਹੋ ਜਾਣੀ ਚਾਹੀਦੀ ਹੈ ਕਿ ਉਨ੍ਹਾਂ ਨੂੰ ਇਹ ਅਲਾਊਂਸ ਨਹੀਂ ਦਿੱਤੇ ਜਾਣਗੇ । (ਵਿਘਨ)

**ਆਵਾਜ਼ਾਂ**: ਡਿਪਟੀ ਸਪੀਕਰ ਸਾਹਿਬ, ਪਾਸ ਕਰਾਓ ਜੀ।

**ਸ੍ਰੀ ਹੁਕਮ ਚੰਦ** : ਇਸ ਬਿਲ ਬਾਰੇ ਮੈਂ ਮਨਿਸਟਰ ਸਾਹਿਬ ਨੂੰ ਇਹ ਗਲ ਕਹਾਂਗਾ ਜਿਸ ਤਰ੍ਹਾਂ ਡਾਕਟਰ ਭਗਤ ਸਿੰਘ ਜੀ ਨੇ ਕਿਹਾ ਕਿ ਇਸ ਬਿਲ ਨੂੰ ਸਿਲੈਕਟ ਕਮੇਟੀ ਨੂੰ ਭੇਜਣਾ ਚਾਹੀਦਾ ਹੈ ਤਾਂ ਕਿ ਜਿਹੜੀਆਂ ਕਮੀਆਂ ਹਨ ਉਹ ਸਿਲੈਕਟ ਕਮੇਟੀ ਠੀਕ ਕਰ ਲਵੇ, ਇਸ ਤੋਂ ਬਾਅਦ ਇਹ ਬਿਲ ਲਿਆਉਣਾ ਚਾਹੀਦਾ ਹੈ। ਮੈਂ ਕਹਿੰਦਾ ਹਾਂ ਕਿ ਇਸ ਬਿਲ ਨੂੰ ਸਿਲੈਕਟ ਕਮੇਟੀ ਪਾਸ ਭੇਜ ਦਿਓ । ਉਹ ਸਾਰੀ ਦੀ ਸਾਰੀ ਮੁੜ ਕੇ ਸਟੱਡੀ ਕਰ ਲਵੇ, ਜਿਹੜੀ ਕਮੀ ਹੈ ਦੂਰ ਕਰ ਲਵੇ ਤਾਂ ਕਿ ਜਿਹੜੇ ਐਮ. ਐਲ. ਏ. ਸਾਹਿਬਾਨ ਹਨ ਉਹ ਇਮਾਨਦਾਰ ਰਹਿਣ । ਜਦੋਂ ਮੈਂ ਪਹਿਲਾਂ ਆਇਆ ਸੀ, ਡਿਪਟੀ ਸਪੀਕਰ ਸਾਹਿਬ, ਮੈਂ ਅੱਗੇ ਵੀ ਇਹ ਗਲ ਕੀਤੀ ਸੀ ਕਿ ਪੰਜਾਬ ਦੀ ਕੁਰੱਪਸ਼ਨ ਅਗਰ ਅਸੀਂ ਦੂਰ ਕਰਨਾ ਚਾਹੁੰਦੇ ਹਾਂ ਤਾਂ ਇਸ ਹਾਊਸ ਦੇ 117 ਦੇ 117 ਐਮ. ਐਲ. ਏ. ਇਮਾਨਦਾਰ ਹੋਣ । ਐਸਾ ਹੋ ਜਾਏ ਤਾਂ ਪੰਜਾਬ ਵਿਚ ਕਿਤੇ ਵੀ ਕੁਰੱਪਸ਼ਨ ਰਹਿ ਨਹੀਂ ਸਕਦੀ, 90% ਕੁਰੱਪਸ਼ਨ ਉਸ ਵੇਲੇ ਦੂਰ ਹੋ ਜਾਵੇਗੀ, ਜੇ ਕਰ ਐਮ. ਐਲ. ਏਜ਼. ਹਲਫ਼ ਲੈ ਕੇ ਜਾਣ ਕਿ ਅਸੀਂ ਇਮਾਨਦਾਰ ਰਹਿਣਾ ਹੈ, ਹਲਕੇ ਦੀ ਸੇਵਾ ਕਰਨੀ ਹੈ । ਪਰ ਮੈਂ ਕਹਿਦਾ ਹਾਂ ਕਿ ਐਮ. ਐਲ. ਏ. ਪਾਸ ਸਾਧਨ ਹੋਣੇ ਚਾਹੀਦੇ ਹਨ, ਉਨ੍ਹਾਂ ਨੇ ਆਪਣੇ ਹਲਕਿਆਂ ਵਿਚ ਘੁੰਮਣਾ ਹੈ। ਇਥੇ ਮੇਰੇ ਇਕ ਵੀਰ ਨੇ ਦੱਸਿਆ ਹੈ ਕਿ ਬੀ. ਡੀ. ਓ. ਕੋਲ, ਐਸ. ਡੀ. ਓ. ਕੋਲ, ਐਗਰੀਕਲਚਰ ਅਫ਼ਸਰ ਕੋਲ ਅਤੇ ਹੋਰ ਕਈ ਅਫ਼ਸਰਾਂ ਕੋਲ ਜੀਪਾਂ ਹਨ, ਜਿਨ੍ਹਾਂ

Original with;
Punjab Vidhan Sabha
Digitized by;
Panjab Digital Library

ਨੂੰ ਪੂਰੀਆਂ ਫੈਸਿਲਿਟੀਜ਼ ਹਨ ਲੇਕਿਨ ਐਮ. ਐਲ. ਏ. ਨੂੰ ਨਹੀਂ ਜਿਸ ਨੇ ਆਪਣੇ ਸਾਰੇ ਹਲਕੇ ਦੀ ਦੇਖ ਭਾਲ ਕਰਨੀ ਹੈ ਕਿ ਲੋਕਾਂ ਦੇ ਕੰਮ ਹੁੰਦੇ ਹਨ ਜਾਂ ਨਹੀਂ । ਅਸੀਂ ਸਹੀ ਨੁਮਾਇੰਦੇ ਹਾਂ, ਜਮਹੂਰੀਅਤ ਦੇ ਰਾਖੇ ਹਾਂ। ਅਸੀਂ ਨੇਸ਼ਨ ਦੀ ਰੀੜ ਦੀ ਹੱਡੀ ਹੁੰਦੇ ਹਾਂ, ਅਗਰ ਉਨ੍ਹਾਂ ਦੀ ਜ਼ਰੂਰਤ ਨੂੰ ਮਦੇ ਨਜ਼ਰ ਰਖਦੇ ਹੋਏ ਜ਼ਰੂਰਤ ਦੇ ਮੁਤਾਬਕ ਥੋੜੇ ਬਹੁਤ ਅਲਾਉਂਸਿਜ਼ ਨਹੀਂ ਮਿਲਦੇ ਤਾਂ ਮੈਂ ਕਹਿੰਦਾ ਹਾਂ ਕਿ ਉਨ੍ਹਾਂ ਨੂੰ ਪਿਛੇ ਰਖਣ ਵਾਲੀ ਗਲ ਹੈ, ਅਗੇ ਲਿਜਾਣ ਵਾਲੀ ਗਲ ਨਹੀਂ ਹੈ।

11-48 ਸਵੇਰੇ | (ਇਸ ਸਮੇਂ ਸਰਦਾਰ ਮਨਮੋਹਨ ਸਿੰਘ ਬਰਾੜ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ) ।

ਅਸੀਂ ਐਮ. ਐਲ. ਏ. ਹਾਂ । ਇਸ ਇਜਲਾਸ ਵਿਚ ਸਾਡੀ ਸਰਕਾਰ ਨੇ ਕੰਮ ਕੀਤੇ ਹਨ, ਬਿਲਾਂ ਤੇ ਨਵੀਆਂ ਨਵੀਆਂ ਅਮੈਂਡਮੈਂਟਸ ਲਿਆਏ ਹਾਂ, ਬਿਲਾਂ ਵਿਚ ਲੋਕਾਂ ਦੀ ਭਲਾਈ ਵਾਸਤੇ ਸੋਧਨਾਵਾਂ ਕੀਤੀਆਂ ਹਨ। ਅਸੀਂ ਲੋਕਾਂ ਨੂੰ ਇਕੱਠੇ ਕਰਕੇ, ਮੀਟਿੰਗਾਂ ਕਰਕੇ, ਜਲਸੇ ਕਰਕੇ ਦੱਸਣਾ ਹੈ ਕਿ ਅਸੀਂ ਉਨ੍ਹਾਂ ਲੋਕਾਂ ਵਾਸਤੇ ਕੀ ਕਰ ਰਹੇ ਹਾਂ, ਪਰ ਸਾਡੇ ਪਾਸੇ ਸਾਧਨ ਕੋਈ ਨਹੀਂ। ਕਦੇ ਡੀ. ਸੀ. ਕੋਲ, ਕਦੇ ਡੀ. ਐਫ. ਐਸ. ਓ ਕੋਲ ਲੋਕਾਂ ਨਾਲ ਜਾਣਾ ਪੈਂਦਾ ਹੈ, ਕਦੇ ਕਿਸੇ ਪਿੰਡ ਵਾਲੇ ਆਕੇ ਕਹਿ ਦਿੰਦੇ ਹਨ ਕਿ ਐਮ. ਐਲ. ਏ. ਸਾਹਿਬ ਤੁਹਾਡੇ ਵਾਸਤੇ ਪ੍ਰੋਗਰਾਮ ਰਖਿਆ ਹੈ ਤੁਸੀਂ ਜ਼ਰੂਰ ਆਉਣਾ। ਤਾਂ ਦਸੋ ਬਗੈਰ ਸਾਧਨਾਂ ਦੇ ਕਿਸ ਤਰ੍ਹਾਂ ਇਹ ਸਾਰੇ ਪ੍ਰੋਗਰਾਮ ਕੀਤੇ ਜਾ ਸਕਦੇ ਹਨ। ਮੇਰੇ ਇਕ ਸਾਥੀ ਨੇ ਕਿਹਾ ਹੈ ਕਿ ਅਸੀਂ ਸਾਈਕਲਾਂ ਤੇ ਜਾਂਦੇ ਹਾਂ ਮੈਂ ਕਹਿੰਦਾ ਹਾਂ ਕਿ ਅਗਰ 25 ਮੀਲ ਜਾਣਾ ਹੋਵੇ ਤਾਂ ਸਾਈਕਲ ਤੇ ਕਿਤਨਾ ਸਮਾਂ ਲਗੇਗਾ ।

**ਮਾਸਟਰ ਚੰਦ ਸਿੰਘ:** ** ** **

**Mr. Chairman:** This is no point of order.

**ਗਿਆਨੀ ਕੁੰਦਨ ਸਿੰਘ ਪਤੰਗ:** ਚੇਅਰਮੈਨ ਸਾਹਿਬ, ਮੇਰੇ ਵੀਰ ਨੇ ਕਿਹਾ ਸੀ ਕਿ ਅਸੀਂ ਸਾਈਕਲਾਂ ਤੇ ਜਾ ਸਕਦੇ ਹਾਂ, ਇਹ ਜਾ ਸਕਦੇ ਹੋਣਗੇ, ਮੇਰੇ ਵਰਗਾ ਤਾਂ ਤਿੰਨ ਮੀਲ ਤਕ ਵੀ ਨਹੀਂ ਜਾ ਸਕਦਾ ।

**ਸਾਥੀ ਰੂਪ ਲਾਲ:** ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਹ ਬਿਲ ਪਾਸ ਕਰ ਦਿਓ, ਜਿਹੜੇ ਮੈਂਬਰ ਸਾਹਿਬਾਨ ਨਹੀਂ ਲੈਣਾ ਚਾਹੁੰਦੇ ਨਾ ਲੈਣ । (ਵਿਘਨ) ਕਈ ਸਾਥੀਆਂ ਨੇ ਤਨਖਾਹ ਛੱਡ ਦਿਤੀ ਹੈ। ਬਾਦਲ ਸਾਹਿਬ ਨੇ ਛੱਡ ਦਿਤੀ ਹੈ, ਸਰਦਾਰ ਸੁਖਜਿੰਦਰ ਸਿੰਘ ਨੇ ਛੱਡ ਦਿਤੀ ਹੈ। ਜਿਹੜੇ ਐਮ. ਐਲ. ਏ. ਸਾਹਿਬਾਨ ਨਹੀਂ ਲੈਣਾ ਚਾਹੁੰਦੇ ਉਹ ਨਾ ਲੈਣ, ਛੱਡ ਦੇਣ (ਵਿਘਨ)

**ਸ੍ਰੀ ਹੁਕਮ ਚੰਦ:** ਜਿਹੜੇ ਮਨਿਸਟਰ ਬਣਦੇ ਹਨ ਉਹ ਵੀ ਪਹਿਲਾਂ ਐਮ. ਐਲ. ਏ. ਹੁੰਦੇ ਹਨ।

11-51 ਸਵੇਰੇ | (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

**ਸ੍ਰੀ ਡਿਪਟੀ ਸਪੀਕਰ:** ਕੀ ਤੁਸੀਂ ਕਿਸੇ ਪੁਆਇੰਟ ਆਫ਼ ਆਰਡਰ ਤੇ ਬੋਲ ਰਹੇ ਹੋ ?

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ਼੍ਰੀ ਹੁਕਮ ਚੰਦ**: ਨਹੀਂ ਜੀ, ਮੈਂ ਤਾਂ ਅਜੇ ਆਪਣੀ ਸਪੀਚ ਹੀ ਕਨਟੀਨਿਊ ਕਰ ਰਿਹਾ ਹਾਂ। ਡਿਪਟੀ ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਮਨਿਸਟਰ ਜਿਹੜੇ ਬਣਦੇ ਹਨ ਇਹ ਪਹਿਲਾਂ ਐਮ. ਐਲ. ਏ. ਹੁੰਦੇ ਹਨ ਅਤੇ ਇਨ੍ਹਾਂ ਨੂੰ ਐਮ. ਐਲ. ਏ. ਦੀਆਂ ਸਾਰੀਆਂ ਤਕਲੀਫਾਂ ਦਾ ਪਤਾ ਹੁੰਦਾ ਹੈ। ਉਸਦਾ ਕੀ ਕੰਮ ਹੁੰਦਾ ਹੈ। ਵੈਸੇ ਜੇ ਅਸੀਂ ਜਿੱਤ ਕੇ ਆ ਜਾਈਏ ਅਤੇ ਪੰਜ ਸਾਲ ਚੰਡੀਗੜ੍ਹ ਵਿੱਚ ਬੈਠੇ ਰਹੀਏ ਅਤੇ ਮੈਂਬਰ ਪਾਰਲੀਮੈਂਟ ਵੀ ਲਗਾਤਾਰ ਪੰਜ ਸਾਲ ਦਿਲੀ ਹੀ ਬੈਠੇ ਰਹਿਣ ਤਾਂ ਲਾਅ ਅੰਦਰ ਕਈ ਐਸੀ ਚੀਜ਼ ਨਹੀਂ ਹੈ ਕਿ ਇਹ ਉਨ੍ਹਾਂ ਨੂੰ ਵਾਪਸ ਬੁਲਾ ਲਵੇਗੀ। ਜਿਸ ਨੇ ਆਪਣੀ ਡਿਊਟੀ ਨਿਭਾਉਣੀ ਹੈ, ਫਰਜ਼ ਨਿਭਾਉਣਾ ਹੈ, ਜਿਨ੍ਹਾਂ ਵੋਟਰਾਂ ਨਾਲ ਵਾਅਦੇ ਕਰਕੇ ਉਹ ਸਦਨ ਵਿੱਚ ਆਇਆ ਹੈ, ਉਨ੍ਹਾਂ ਵਾਅ ਦਿਆਂ ਤੇ ਇਮਾਨਦਾਰੀ ਨਾਲ ਕਾਇਮ ਹੈ, ਤਾਂ ਉਸ ਦੀਆਂ ਮਜਬੂਰੀਆਂ ਨੂੰ ਸਾਹਮਣੇ ਰਖਣਾ ਚਾਹੀਦਾ ਹੈ। ਇਹ ਨਾ ਹੋਵੇ ਕਿ ਅਸੀਂ ਚੰਡੀਗੜ੍ਹ ਬੈਠੇ ਰਹੀਏ ਅਤੇ ਜਨਤਾ ਸਾਡੇ ਪਿੱਛੇ ਪਿੱਛੇ ਗਾਲਾਂ ਕੱਢੇ ਅਤੇ ਸਾਨੂੰ ਲਭਦੀ ਫਿਰੇ। ਕਾਨੂੰਨ ਸਾਨੂੰ ਇਹ ਕਰਨ ਲਈ ਨਹੀਂ ਕਹਿੰਦਾ। ਪਰ ਜਿਹੜਾ ਲੋਕਾਂ ਨਾਲ ਵਾਅਦੇ ਕਰਕੇ ਆਇਆ ਹੈ ਅਤੇ ਇਮਾਨਦਾਰੀ ਨਾਲ ਲੋਕਾਂ ਦੀ ਸੇਵਾ ਕਰਨਾ ਚਾਹੁੰਦਾ ਹੈ, ਉਸ ਦੀਆਂ ਕੁਝ ਮਜਬੂਰੀਆਂ ਵੀ ਹਨ। ਮੇਰੇ ਜ਼ਿਲ੍ਹੇ ਵਿਚ ਪਿਛਲੇ 30 ਸਾਲਾਂ ਵਿਚ ਕਾਂਗਰਸ ਨੇ ਇੱਕ ਮਨਿਸਟਰ ਨਹੀਂ ਬਣਾਇਆ। ਇਸ ਕਾਰਨ ਮੇਰਾ ਜ਼ਿਲ੍ਹਾ ਕਪੂਰਥਲਾ ਕਾਫੀ ਪਿਛੇ ਹੈ। ਇਸ ਨਾਲ ਧੱਕਾ ਹੋਇਆ ਹੈ। ਮੈਂ ਆਪਣੇ ਹਲਕੇ ਦੇ ਇੱਕ ਇੱਕ ਪਿੰਡ ਵਿਚ ਜਾਂਦਾ ਹਾਂ ਅਤੇ ਉਨ੍ਹਾਂ ਦੀਆਂ ਤਕਲੀਫਾਂ ਸੁਣਦਾ ਹਾਂ। ਮੇਰੀ ਸਾਰਿਆਂ ਅੱਗੇ ਇਹ ਬੇਨਤੀ ਹੈ ਕਿ ਇਹ ਬਿਲ ਸਿਲੈਕਟ ਕਮੇਟੀ ਨੂੰ ਜਾਣਾ ਚਾਹੀਦਾ ਹੈ ਅਤੇ ਇਸ ਦੇ ਸਾਰੇ ਪਹਿਲੂਆਂ ਤੇ ਗੌਰ ਕਰਨ ਤੋਂ ਬਾਅਦ ਫਿਰ ਬਿਲ ਲਿਆ ਕੇ ਪਾਸ ਕਰਨਾ ਚਾਹੀਦਾ ਹੈ। ਇਹ ਗੱਲ ਕਹਿੰਦਾ ਹੋਇਆ, ਮੈਂ ਆਪਣੀ ਸਪੀਚ ਬੰਦ ਕਰਦਾ ਹਾਂ।

**ਸਰਦਾਰ ਪ੍ਰਕਾਸ਼ ਸਿੰਘ ਮਜੀਠਾ** : ** ** **

**ਸ਼੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

**ਸ਼੍ਰੀ ਹਰਬੰਸ ਲਾਲ ਖੰਨਾ (ਅੰਮ੍ਰਿਤਸਰ ਉੱਤਰ)**: ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿਲ ਆਇਆ ਹੈ, ਇਹ ਬੜਾ ਪ੍ਰੈਕਟੀਕਲ ਬਿਲ ਹੈ। ਬਹੁਤ ਬਿਲ ਸਦਨ ਵਿਚ ਆਏ ਹਨ। ਅੱਜ ਦੇ ਹਾਲਾਤ ਵਿੱਚ ਜੋ ਸਿਸਟਮ ਬਣ ਗਿਆ ਹੈ ਉਸ ਦੇ ਵਿੱਚ ਐਮ.ਐਲ.ਏ. ਇਕ ਹੋਲ ਟਾਈਮਰ ਬਣ ਗਿਆ ਹੈ। ਉਹ ਹੋਲ-ਟਾਈਮਰ ਦੇ ਨਾਤੇ ਕੰਮ ਕਰਦਾ ਹੈ। ਜੋ ਉਸ ਦੀਆਂ ਜ਼ਰੂਰਤ ਦੀਆਂ ਚੀਜ਼ਾਂ ਹਨ ਅਗਰ ਉਹ ਉਸ ਨੂੰ ਨਾ ਪ੍ਰਾਪਤ ਹੋਈਆਂ ਤਾਂ ਜਿਸ ਨਾਲ ਪਿਛਲੇ ਦਿਨਾਂ ਵਿੱਚ ਕੁਰੱਪਸ਼ਨ ਨੂੰ ਵਧਾਉਣ ਵਾਸਤੇ ਕਾਂਗਰਸੀ ਐਮ. ਐਲ. ਏ. ਜਾਂ ਸਾਰੀ ਮਸ਼ੀਨਰੀ ਕੰਮ ਕਰਦੀ ਰਹੀ ਹੈ, ਉਸ ਦੇ ਮੁਤਾਬਿਕ ਇਹ ਐਮ. ਐਲ. ਏ. ਵੀ ਕੁਰੱਪਟ ਹੋ ਜਾਣਗੇ। ਅਸੀਂ ਇਕ ਚੀਜ਼ ਦੀ ਕਮਿਟਮੈਂਟ ਕੀਤੀ ਅਤੇ ਉਸ ਦੇ ਮੁਤਾਬਿਕ ਇਨ੍ਹਾਂ 14–15 ਮਹੀਨਿਆਂ ਵਿਚ ਕੰਮ ਕੀਤਾ ਹੈ। ਸਾਡੇ ਐਕਸ਼ਨਜ਼ ਬੋਲਦੇ ਹਨ, ਗਲਾਂ ਨਹੀਂ ਬੋਲਦੀਆਂ। ਇਥੇ ਹਿੰਦੁਸਤਾਨ ਵਿੱਚ ਬੜੀ ਬਦਕਿਸਮਤੀ ਹੈ ਕਿ ਇਹ ਕਥਾ-ਵਾਚਕਾਂ ਦਾ ਮੁਲਕ ਹੈ– ਕਹਿਣਾ ਕੁਝ ਅਤੇ ਕਰਨਾ ਕੁਝ। ਹਾਥੀ ਕੇ ਦਾਂਤ ਖਾਨੇ ਕੇ ਔਰ ਦਿਖਾਨੇ ਕੇ ਔਰ। ਇਸ ਤਰੀਕੇ ਨਾਲ ਪਿਛਲੇ ਸਮੇਂ ਵਿੱਚ ਇਹ ਕੰਮ ਕਰਦੇ ਰਹੇ ਹਨ। ਅਸੀਂ ਇਹ ਚੀਜ਼ ਕਲੀਅਰ ਕਰਨਾ ਚਾਹੁੰਦੇ ਹਾਂ। ਜੋ ਸਾਡੇ ਦਿਲ ਵਿੱਚ ਹੈ ਉਹੀ ਬਾਹਰ ਹੈ। ਅਸੀਂ ਕੁਰੱਪਸ਼ਨ ਨੂੰ ਰੂਟ ਆਊਟ ਕਰਨਾ ਚਾਹੁੰਦੇ ਹਾਂ। ਇਸ ਆਧਾਰ ਤੇ ਸਵਾਲ ਇਹ ਨਹੀਂ ਕਿ ਪੈਸੇ ਐਮ. ਐਲ. ਏਜ਼. ਦੇ ਵਧਾਉਣੇ ਚਾਹੀਦੇ ਹਨ ਅਤੇ ਅਲਾਊਂਸਿਜ਼ ਵਧਾਉਣੇ ਚਾਹੀਦੇ ਹਨ। ਪਰ ਸਵਾਲ ਇਹ ਹੈ ਕਿ ਕੁਰੱਪਸ਼ਨ ਨੂੰ ਦੂਰ ਕਰਨ ਵਾਸਤੇ ਸਾਡੇ ਸਾਰੇ ਕੰਮ ਅਤੇ ਪ੍ਰਬੰਧ ਹੀ ਉਸ ਪੁਆਇੰਟ ਆਫ ਵਿਊ ਨਾਲ ਹੋਣੇ ਚਾਹੀਦੇ ਹਨ। ਅੱਜ ਦੇ ਹਾਲਾਤ ਮੁਤਾਬਿਕ ਇਕ ਐਮ. ਐਲ. ਏ. 24 ਘੰਟਿਆਂ ਦਾ ਪਬਲਿਕ ਸਰਵੈਂਟ ਹੋ ਗਿਆ ਹੈ। ਅਜੇ ਤਕ ਵੋਟਰਾਂ ਨੂੰ ਇਸ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਤਰੀਕੇ ਦੀ ਕੋਈ ਐਜੂਕੇਸ਼ਨ ਨਹੀਂ। ਨਾ ਉਨ੍ਹਾਂ ਨੂੰ ਪੁਲੀਟੀਕਲ ਐਜੂਕੇਸ਼ਨ ਹੈ ਅਤੇ ਨਾ ਐਜਕੇਸ਼ਨਲ ਐਜੂਕੇਸ਼ਨ ਹੈ ਜਿਸ ਕਾਰਨ ਉਹ ਆਪਣੀਆਂ ਮੁਸ਼ਕਲਾਂ ਲੈ ਕੇ ਰਾਤ ਨੂੰ ਵੀ ਅਤੇ ਸਵੇਰ ਨੂੰ ਵੀ ਸਾਡੇ ਕੋਲ ਆ ਜਾਂਦੇ ਹਨ। ਸਾਡੇ ਸਾਹਮਣੇ ਦੋ ਅਪਰੋਚਾਂ ਹਨ। ਇੱਕ ਹੈ ਬਿਊਰੋਕਰੇਟਿਕ ਅਪਰੋਚ ਜਿਸ ਦੇ ਅਧੀਨ 10 ਵਜੇ ਤੋਂ ਲੈ ਕੇ 5 ਵਜੇ ਤਕ ਉਨ੍ਹਾਂ ਨੇ ਕੰਮ ਕਰਨਾ ਹੈ ਅਤੇ ਦੁਨੀਆਂ ਦੀਆਂ ਸਾਰੀਆਂ ਫੈਸਿਲਿਟੀਜ਼ ਉਨ੍ਹਾਂ ਕੋਲ ਹਨ। ਪਰ ਉਨ੍ਹਾਂ ਨੂੰ ਪੰਜ ਵਜੇ ਤੋਂ ਬਾਅਦ ਕੋਈ ਅਪਰੋਚ ਨਹੀਂ ਕਰ ਸਕਦਾ। ਦੂਜੇ ਪਾਸੇ ਹੈ ਡੈਮੋਕਰੇਟਿਕ ਅਪਰੋਚ। ਇਸ ਅਧੀਨ ਹਰ ਵਕਤ ਆ ਕੇ ਮਿਲ ਸਕਦੇ ਹਨ, ਇਹ ਠੀਕ ਹੈ ਕਿ ਹਿੰਦੁਸਤਾਨ ਦਾ ਸਟੈਂਡਰਡ ਐਨਾ ਉਚਾ ਨਹੀਂ। ਲੋਕਾਂ ਦੀ ਹਾਲਤ ਬੜੀ ਪਤਲੀ ਹੈ ਅਤੇ ਸਾਡੇ ਨਾਲੋਂ ਬਦਤਰ ਹਾਲਤ ਵਿੱਚ ਵੀ ਲੋਕ ਇਥੇ ਰਹਿੰਦੇ ਹਨ। ਲੇਕਿਨ ਇਨ੍ਹਾਂ ਹਾਲਾਤ ਵਿੱਚ ਵੀ ਇਹ ਚੀਜ਼ ਪ੍ਰੈਕਟੀਕੇਬਲ ਨਹੀਂ ਕਿ ਬਿਨਾਂ ਸਹੂਲਤਾਂ ਦੇ ਐਮ. ਐਲ. ਏ. ਕੰਮ ਕਰਨ। ਉਨ੍ਹਾਂ ਦੀਆਂ ਮੁਸ਼ਕਲਾਤਾਂ ਨੂੰ ਮੁੱਖ ਰਖਦੇ ਹੋਏ ਐਮ. ਐਲ. ਏ. ਨੂੰ ਕੁਝ ਨਾ ਕੁਝ ਫੈਸਿਲਿਟੀਜ਼ ਮਿਲਣੀਆਂ ਚਾਹੀਦੀਆਂ ਹਨ। ਮੈਂ ਮਹਿਸੂਸ ਕਰਦਾ ਹਾਂ ਕਿ ਮਨਿਸਟਰ ਸਾਹਿਬ ਨੇ ਜਿਹੜਾ ਬਿਲ ਰਖਿਆ ਹੈ, ਇਸ ਦੇ ਵਿਚ ਸਵਾਲ ਇਹ ਹੈ ਕਿ ਅਸੀਂ ਕੁਰੱਪਸ਼ਨ ਨੂੰ ਅਤੇ ਮਾਲ- ਪ੍ਰੈਕਟਿਸਿਜ਼ ਨੂੰ ਖ਼ਤਮ ਕਰਨਾ ਹੈ। ਲੋਕਾਂ ਦੀ ਸੇਵਾ ਕਰਨੀ ਹੈ। ਇਸ ਲਈ ਆਨੇਸਟਲੀ ਅਤੇ ਸਿਨਸੀਅਰਲੀ ਲੋਕਾਂ ਦੀ ਸੇਵਾ ਕਰਨ ਵਿਚ ਸਾਡੇ ਰਸਤੇ ਵਿਚ ਕੋਈ ਮੁਸ਼ਕਲ ਨਾ ਆਵੇ। ਉਨ੍ਹਾਂ ਮੁਸ਼ਕਲਾਂ ਨੂੰ ਦੂਰ ਕਰਨਾ ਚਾਹੀਦਾ ਹੈ। ਐਮ. ਐਲ. ਏ. ਨੂੰ ਇਹ ਫੈਸਿਲਿਟੀ ਪ੍ਰੋਵਾਈਡ ਕਰਨੀ ਚਾਹੀਦੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਬਹੁਤਾ ਸਮਾਂ ਨਾ ਲੈਂਦਾ ਹੋਇਆ, ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਇਹ ਸਾਰੀਆਂ ਸਹੂਲਤਾਂ ਐਮ. ਐਲ. ਏਜ਼. ਨੂੰ ਦੇਣ ਦਾ ਵਿਸ਼ਵਾਸ ਦਿਲਾਉਣ ਤਾਂ ਕਿ 117 ਦੇ 117 ਐਮ. ਐਲ. ਏਜ਼. ਆਨੇਸਟਲੀ ਆਪਣੀ ਕਾਂਸਟੀਚਿਊਐਂਸੀ ਨੂੰ ਨਰਿਸ਼ ਕਰ ਸਕਣ ਅਤੇ ਉਨ੍ਹਾਂ ਨੂੰ ਇਹ ਫੈਸਿਲਟੀਜ਼ ਮਿਲਣ। ਅਦਰਵਾਈਜ਼ ਉਹ ਪ੍ਰੋਫੈਸ਼ਨਲ ਹੋ ਜਾਣਗੇ। ਫਿਰ ਆਟੋਮੈਟੀਕਲੀ ਉਨ੍ਹਾਂ ਨੇ ਲੋਕਾਂ ਤੋਂ ਪੈਸੇ ਲੈਣੇ ਹਨ। ਪੇਟ ਹਰ ਇਕ ਨਾਲ ਹੈ। ਖਾਲੀ ਪੇਟ ਕੋਈ ਕੰਮ ਨਹੀਂ ਹੁੰਦਾ। ਇਸ ਲਈ ਰਿਆਲਿਸਟਿਕ ਮੁਸ਼ਕਲਾਂ ਨੂੰ ਸਾਹਮਣੇ ਰਖਦੇ ਹੋਏ, ਇਹ ਬਿਲ ਜਿਹੜਾ ਕਿ ਇੱਕ ਪ੍ਰੈਕਟੀਕਲ ਬਿਲ ਹੈ, ਮੈਂ ਇਸ ਦੀ ਸਪੋਰਟ ਕਰਦਾ ਹਾਂ ਅਤੇ ਆਪਣਾ ਸਥਾਨ ਲੈਂਦਾ ਹਾਂ। ਜੋ ਬਾਕੀ ਸਾਥੀਆਂ ਦੀਆਂ ਮੰਗਾਂ ਹਨ, ਉਸ ਬਾਰੇ ਵੀ ਮਨਿਸਟਰ ਸਾਹਿਬ ਵਿਸ਼ਵਾਸ ਦਿਲਾਉਣ।

**ਸਰਦਾਰ ਬਲਦੇਵ ਸਿੰਘ ਖਿਆਲਾ** (ਜੋਗਾ): ਡਿਪਟੀ ਸਪੀਕਰ ਸਾਹਿਬ, ਜਿਥੋਂ ਤਕ ਇਸ ਬਿਲ ਦਾ ਸਬੰਧ ਹੈ, ਮੈਂ ਇਸ ਦੀ ਪੂਰੀ ਪੂਰੀ ਹਮਾਇਤ ਕਰਨ ਲਈ ਖੜਾ ਹੋਇਆ ਹਾਂ। ਤੁਹਾਨੂੰ ਸਾਰਿਆਂ ਨੂੰ ਪਤਾ ਹੈ ਕਿ ਕੁਝ ਸਾਥੀਆਂ ਨੇ ਇਸ ਦਾ ਵਿਰੋਧ ਕੀਤਾ ਹੈ। ਉਸ ਪਾਰਟੀ ਦਾ ਅਸੂਲ ਹੀ ਵੱਖਰਾ ਹੈ। ਉਹ ਹੋਰ ਰੰਗਤ ਵਿੱਚ ਇਸ ਚੀਜ਼ ਨੂੰ ਵੇਖਦੇ ਹਨ। ਪਰ ਤੁਹਾਨੂੰ ਪਤਾ ਹੈ ਕਿ ਜਿਸ ਦਿਨ ਤੋਂ ਇਹ ਸਾਡੀਆਂ ਵਿਧਾਨ ਸਭਾਵਾਂ ਬਣੀਆਂ ਹਨ, ਚੋਣਾਂ ਹੋਣ ਲੱਗੀਆਂ ਹਨ, ਉਸ ਦਿਨ ਤੋਂ ਲੈ ਕੇ ਇਥੇ ਬਹੁਤਾ ਸਮਾਂ ਤਾਂ ਕਾਂਗਰਸ ਦੀ ਸਰਕਾਰ ਚਲੀ ਹੈ, ਥੋੜੇ ਸਮੇਂ ਲਈ ਅਪੋਜ਼ੀਸ਼ਨ ਦੀ ਵੀ ਸਰਕਾਰ ਇਥੇ ਆਉਂਦੀ ਰਹੀ। ਪਰ ਹਰ ਇਕ ਸਰਕਾਰ ਆਪਣਾ ਸਮਾਂ ਬਿਤਾਉਣ ਤੋਂ ਬਾਅਦ ਜਦ ਚਲੀ ਜਾਂਦੀ ਹੈ ਅਤੇ ਦਜੀ ਸਰਕਾਰ ਆਉਂਦੀ ਹੈ ਤਾਂ ਕੋਈ ਨਾ ਕੋਈ ਕਮਿਸ਼ਨ ਜ਼ਰੂਰ ਮੁਕੱਰਰ ਹੁੰਦਾ ਹੈ। ਉਸ ਕਮਿਸ਼ਨ ਵਿੱਚ ਇਹ ਹੁੰਦਾ ਹੈ ਕਿ ਐਮ. ਐਲ. ਏਜ਼. ਅਤੇ ਵਜ਼ੀਰ ਸਾਹਿਬਾਨ ਬਹੁੱਤ ਕੁਰੱਪਸ਼ਨ ਕਰ ਗਏ ਹਨ, ਉਨ੍ਹਾਂ ਦੀ ਪੜਤਾਲ ਕਰਵਾ ਰਹੇ ਹਾਂ। ਉਨ੍ਹਾਂ ਨੂੰ ਸਜ਼ਾ ਦੇਵਾਂਗੇ। ਇਸ ਤਰੀਕੇ ਨੂੰ 30 ਸਾਲ ਹੋ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਦੇਵ ਸਿੰਘ ਖਿਆਲਾ]

ਹੋ ਗਏ ਹਨ । ਕਮਿਸ਼ਨ ਪਹਿਲਾਂ ਵੀ ਬਣ ਚੁਕੇ ਹਨ। ਉਨ੍ਹਾਂ ਕਮਿਸ਼ਨਾਂ ਤੇ ਲਖਾਂ ਦੀ ਗਿਣਤੀ ਵਿਚ ਰੁਪਏ ਖਰਚ ਹੋਏ ਹਨ । ਇਹ ਤੁਹਾਨੂੰ ਸਾਰਿਆਂ ਨੂੰ ਪਤਾ ਹੈ ਕਿ ਜੇ ਕਿਸੀ ਐਮ. ਐਲ. ਏ. ਨੂੰ ਤੁਸੀਂ ਬੇਲਾਗ ਰਖਣਾ ਹੈ ਤਾਂ ਉਸ ਨੂੰ ਉਸ ਦੀਆਂ ਲੋੜੀਂਦੀਆਂ ਸਹੂਲਤਾਂ ਦੇਣੀਆਂ ਪੈਣਗੀਆਂ ਤਾਕਿ ਉਹ ਆਪਣੇ ਘਰੋਂ ਖਰਚ ਨਾ ਕਰੇ ਅਤੇ ਨਾ ਹੀ ਪੈਸੇ ਇਕੱਠੇ ਕਰਨ ਦਾ ਲਾਲਚ ਉਸ ਨੂੰ ਹੋ ਜਾਵੇ । ਉਸ ਦੀ ਰਹਿਣੀ ਬਹਿਣੀ, ਕੰਮ-ਕਾਰਜ ਆਉਣ-ਜਾਣ ਅਤੇ ਟੈਲੀਫੂਨ ਵਾਸਤੇ, ਇਹੋ ਜਿਹੇ ਪ੍ਰਬੰਧ ਤੁਹਾਨੂੰ ਕਰਨੇ ਪੈਣਗੇ। ਭਾਵੇਂ ਉਨ੍ਹਾਂ ਦੇ ਖਰਚੇ ਦੀ ਲਿਮਿਟ ਦੋ ਹਜ਼ਾਰ ਜਾਂ ਤਿੰਨ ਹਜ਼ਾਰ ਰੁਪਏ ਤਕ ਨਾ ਪੁੱਜ ਜਾਵੇ। ਤੁਹਾਨੂੰ ਪਤਾ ਹੈ ਕਿ ਦੇਸ਼ ਵਿਚੋਂ ਕੁਰੱਪਸ਼ਨ ਦੀਆਂ ਜੜ੍ਹਾਂ ਨੂੰ ਪੁੱਟਣਾ ਹੈ, ਜਿਹੜੀ ਕਿ ਇਕ ਛੂਤ ਦੀ ਬਿਮਾਰੀ ਹੈ ਔਰ ਇਹ ਛੂਤ ਦੀ ਬਿਮਾਰੀ ਇਕ ਅਫਸਰ ਤੋਂ ਦੂਸਰੇ ਅਫ਼ਸਰ ਨੂੰ ਔਰ ਇੱਕ ਸਿਆਸੀ ਬੰਦੇ ਤੋਂ ਦੂਜੇ ਸਿਆਸੀ ਬੰਦੇ ਨੂੰ ਲਗਦੀ ਹੈ। ਸਾਡਾ ਮੁਲਕ ਸੰਨ 1947 ਵਿਚ ਆਜ਼ਾਦ ਹੋਇਆ ਹੈ। ਉਸ ਵੇਲੇ ਤੋਂ ਸਾਰੇ ਹੀ ਸਿਆਸੀ ਲੋਕ ਕਹਿੰਦੇ ਹਨ ਕਿ ਅਸੀਂ ਦੇਸ਼ ਦੇ ਸੇਵਾਦਾਰ ਹਾਂ। ਲੇਕਿਨ, ਮੈਨੂੰ ਸਮਝ ਨਹੀਂ ਆਉਂਦੀ ਕਿ ਸੇਵਾਦਾਰਾਂ ਨੇ 30 ਸਾਲ ਦੇਸ਼ ਦੀ ਸੇਵਾ ਕੀਤੀ ਹੈ ਤਾਂ ਫਿਰ ਇਨ੍ਹਾਂ ਦਾ ਸਰਮਾਇਆ ਕਿਵੇਂ ਵੱਧਦਾ ਗਿਆ ਹੈ। ਇਸ ਤੋਂ ਪਤਾ ਲਗਦਾ ਹੈ ਕਿ ਸੇਵਾ ਦੇ ਨਾਲ ਨਾਲ ਸਿਆਸੀ ਬੰਦੇ ਕੁਰੱਪਸ਼ਨ ਵੀ ਕਰਦੇ ਰਹੇ ਹਨ। ਇਸ ਵਾਸਤੇ ਮੈਂ ਇਹ ਬੇਨਤੀ ਕਰਦਾ ਹਾਂ ਕਿ ਇਸ ਤਰ੍ਹਾਂ ਦਾ ਇਕ ਕਮਿਸ਼ਨ ਬਣਾਇਆ ਜਾਵੇ ਜਿਹੜਾ ਕਿ ਅਫਸਰਸ਼ਾਹੀ ਔਰ ਸਿਆਸੀ ਬੰਦਿਆਂ ਦੀਆਂ ਇਨਕੁਆਰੀਆਂ ਕਰੇ ਔਰ ਵੇਖੇ ਕਿ ਸੰਨ 1947 ਤੋਂ ਬਾਅਦ ਉਨ੍ਹਾਂ ਕੁਰੱਪਟ ਲੋਕਾਂ ਦੀਆਂ ਜਾਇਦਾਦਾਂ ਇਤਨੀਆਂ ਕਿਵੇਂ ਵੱਧ ਗਈਆਂ ਹਨ । ਜੋ ਉਨ੍ਹਾਂ ਦੇ ਮਾਲੀ ਹਾਲਾਤ ਸਨ ਉਨ੍ਹਾਂ ਨਾਲ ਇਤਨੀਆਂ ਜਾਇਦਾਦਾਂ ਨਹੀਂ ਸਨ ਬਣ ਸਕਦੀਆਂ । ਇਸ ਲਈ ਇਸ ਤਰ੍ਹਾਂ ਦੇ ਸਿਆਸੀ ਲੋਕਾਂ ਦੀ ਪੜਤਾਲ ਕਰਕੇ ਉਨ੍ਹਾਂ ਦੀ ਸਮੁੱਚੀ ਜਾਇਦਾਦ ਖੋਹ ਲੈਣੀ ਚਾਹੀਦੀ ਹੈ। ਜੇਕਰ ਕੁਰੱਪਸ਼ਨ ਤੇ ਕੰਟਰੋਲ ਕਰਨਾ ਹੈ, ਜੇਕਰ ਸਾਫ ਸੁਥਰਾ ਰਾਜ-ਪ੍ਰਬੰਧ ਰਖਣਾ ਹੈ ਤਾਂ ਇਹ ਸਹੂਲਤਾਂ ਐਮ. ਐਲ. ਏਜ਼ ਨੂੰ ਦੇਣੀਆਂ ਪੈਣਗੀਆਂ । ਜੇਕਰ ਤੁਸੀਂ ਛੂਤ ਦੀ ਬੀਮਾਰੀ ਨੂੰ ਖਤਮ ਕਰਨਾ ਚਾਹੁੰਦੇ ਹੋ ਤਾਂ ਜ਼ਰੂਰੀ ਹੈ ਕਿ ਪੱਕੇ ਤੌਰ ਤੇ ਇਕ ਕਮਿਸ਼ਨ ਬਣ ਜਾਵੇ ਜਿਹੜਾ ਕਿ ਹਰ ਸਿਆਸੀ ਬੰਦੇ ਬਾਰੇ ਚਾਹੇ ਉਹ ਵੱਡੇ ਤੋਂ ਵੱਡਾ ਅਫ਼ਸਰ ਹਵੇ, ਉਸ ਦਾ ਕੋਈ ਰਿਸ਼ਤੇਦਾਰ ਹੋਵੇ, ਕੋਈ ਵਜ਼ੀਰ ਦਾ ਰਿਸ਼ਤੇਦਾਰ ਹੋਵੇ, ਕੋਈ ਵੀ ਸਿਆਸੀ ਬੰਦਾ ਹੋਵੇ ਉਸ ਦੀ ਜਾਇਦਾਦ ਦੀ ਉਹ ਪੂਰੀ ਪੂਰੀ ਜਾਂਚ ਕਰ ਸਕੇ ਉਸ ਜਾਇਦਾਦ ਦਾ ਪਤਾ ਕਰ ਸਕੇ। ਇਹ ਜਿਹੜੀਆਂ ਸਹੂਲਤਾਂ ਦਿਤੀਆਂ ਜਾ ਰਹੀਆਂ ਹਨ, ਇਹ ਵੀ ਕੁਰੱਪਸ਼ਨ ਨੂੰ ਖ਼ਤਮ ਕਰਨ ਵਲ ਇਕ ਕਦਮ ਹੋਵੇਗਾ। ਭਾਵੇਂ ਸਾਡੇ ਐਮ. ਐਲ. ਏਜ਼. ਸਮਝਦੇ ਹਨ ਕਿ ਇਸ ਵਿਚ ਸਹੂਲਤਾਂ ਥੋੜੀਆਂ ਹਨ ਪਰ ਮੈਂ ਸਮਝਦਾ ਹਾਂ ਕਿ ਇਹ ਬਿਲ ਨੂੰ ਪਾਸ ਕਰਕੇ ਇਕ ਹੋਰ ਬਿੱਲ ਛੇਤੀ ਲਿਆਉਣਾ ਚਾਹੀਦਾ ਹੈ ਜਿਨ੍ਹਾਂ ਰਾਹੀਂ ਹੋਰ ਸਹੂਲਤਾਂ ਦਿਤੀਆਂ ਜਾ ਸਕਣ। ਇਸ ਲਈ ਮੈਂ ਵੀ ਮੰਗ ਕਰਦਾ ਹਾਂ ਕਿ ਦੁਬਾਰਾ ਬਿੱਲ ਲਿਆ ਕੇ ਵਾਧੂ ਸਹੂਲਤਾਂ ਦਿੱਤੀਆਂ ਜਾਣ । ਇਹ ਬਿੱਲ ਪਾਸ ਕੀਤਾ ਜਾਵੇ ਤਾਕਿ ਐਮ. ਐਲ. ਏਜ਼. ਸਾਹਿਬਾਨ ਲੋਕਾਂ ਦੀ ਸੇਵਾ ਚੰਗੀ ਤਰ੍ਹਾਂ ਕਰ ਸਕਣ।

**ਉਦਯੋਗ ਮੰਤਰੀ** (ਸ੍ਰੀ ਬਲਰਾਮਜੀ ਦਾਸ ਟੰਡਨ): ਡਿਪਟੀ ਸਪੀਕਰ ਸਾਹਿਬ, ਮੈਂਬਰ ਸਾਹਿਬਾਨ ਨੇ ਆਪਣੇ ਸੈਂਟੀਮੈਂਟਸ ਪ੍ਰਗਟ ਕੀਤੇ ਹਨ। ਮੈਂ ਪਹਿਲਾਂ ਵੀ ਦੱਸਿਆ ਹੈ ਔਰ ਹੁਣ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੀਆਂ ਤਕਲੀਫਾਂ ਮੈਂਬਰ ਸਾਹਿਬਾਨ ਨੇ ਦਸੀਆਂ ਹਨ, ਉਹ ਬਿਲਕੁਲ ਜਾਇਜ਼ ਹਨ। ਅਸੀਂ ਆਪ ਐਮ. ਐਲ. ਏ. ਦੇ ਤੌਰ ਤੇ ਬੜੀ ਦੇਰ ਤਕ ਕੰਮ ਕਰਦੇ ਰਹੇ ਹਾਂ। ਜੋ ਤਕਲੀਫਾਂ ਦਸੀਆਂ ਗਈਆਂ ਹਨ, ਬਾਕਾਇਦਾ ਤੌਰ ਤੇ ਦੂਰ ਕਰਾਂਗੇ । ਬਿਲ ਵਿੱਚ ਜੋ ਖਾਮੀਆਂ ਰਹਿ ਗਈਆਂ ਹਨ ਉਹ ਵੀ ਦੂਰ

Original with;
Punjab Vidhan Sabha
Digitized by;
Panjab Digital Library

ਕਰਨ ਦੀ ਕੋਸ਼ਿਸ਼ ਕਰਾਂਗੇ ਅਤੇ ਜੋ ਵੀ ਮੈਂਬਰਜ਼ ਦੀਆਂ ਤਕਲੀਫਾਂ ਹਨ ਛੇਤੀ ਤੋਂ ਛੇਤੀ ਸਾਰੀਆਂ ਦੀਆਂ ਸਾਰੀਆਂ ਦੂਰ ਹੋ ਜਾਣਗੀਆਂ। ਮੈਂ ਇਸ ਗੱਲ ਦੀ ਐਸ਼ੋਰੇਂਸ ਦਿੰਦਾ ਹਾਂ ਔਰ ਹਾਊਸ ਅੱਗੇ ਇਹ ਬੇਨਤੀ ਕਰਦਾ ਹਾਂ ਕਿ ਇਹ ਬਿਲ ਜਿਹੜਾ ਐਟ ਪ੍ਰੈਜ਼ੈਂਟ ਹਾਊਸ ਦੇ ਸਾਹਮਣੇ ਹੈ, ਇਸ ਨੂੰ ਪਾਸ ਕੀਤਾ ਜਾਵੇ।

**ਡਾਕਟਰ ਭਗਤ ਸਿੰਘ** : ਡਿਪਟੀ ਸਪੀਕਰ ਸਾਹਿਬ, ਮੈਂਬਰਜ਼ ਦੇ ਸੈਂਟੀਮੈਂਟਸ ਦੇ ਮੁਤਾਬਿਕ ਗੱਲਾਂ ਬਾਤਾਂ ਹੋਈਆਂ ਹਨ, ਕੁੱਝ ਐਸ਼ੋਰੇਂਸਿਜ਼ ਮਿਲੇ ਹਨ। ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਬਿਲ ਵਿਚ ਜਿਹੜੀਆਂ ਤਰੁਟੀਆਂ ਹਨ ਉਹ ਛੇਤੀ ਤੋਂ ਛੇਤੀ ਦੂਰ ਕਰਾਂਗੇ। ਇਸ ਲਾਈਟ ਦੇ ਵਿੱਚ, ਜਿਹੜੀ ਮੈਂ ਮੋਸ਼ਨ ਦਿਤੀ ਹੈ, ਉਹ ਵਾਪਿਸ ਲੈਂਦਾ ਹਾਂ। (ਥੰਪਿੰਗ)

---

**Mr. Deputy Speaker**: Question is—

That the Punjab Legislators (Modification of Allowances and other Amenities) Bill be taken into consideration at once.

*The motion was carried,*

**Mr. Deputy Speaker**: Now the House will Proceed to consider the Bill clause by clause.

**Clause 2**

**Mr. Deputy Speaker**: There is a notice of amendment to this Clause.

**Sardar Mohinder Singh Sarupwali**: Sir, I beg to move—

In part (b), proposed section 3-B, line 8, for the word "Sixteen" *substitute* "twenty".

**Mr. Deputy Speaker**: Motion moved—

In part(b), proposed section 3-B, line 8, for the word "sixteen" *substitute* "twenty".

**Mr. Deputy Speaker**: Question is—

In part(b), proposed section 3-B, line 8, for the word sixteen *substitute* "twenty".

*The motion was carried.*

**Mr. Deputy Speaker**: Question is—

That clause 2, as amended stand Part of the Bill.

*The motion was carried.*

**Clause 3**

**Mr. Deputy Speaker**: There is a notice of amendment to this clause.

**Sardar Mohinder Singh Sarupwali** : Sir, I beg to move—

In part(c), proposed clause (a) , line 5 , for the word "Sixteen" *substitute* "twenty".

Original with;
Punjab Vidhan Sabha
Digitized by;
Panjab Digital Library

**Mr. Deputy Sepeaker:** Motion moved—

In part (c), proposed clause (a), line 5, for the word "sixteen" *substitute* "twenty".

**Mr. Deputy Speaker:** Question is—

In part(c), proposed clause (a), line 5, for the word "sixteen" *substitute* "twenty".

*The motion was carried.*

**Mr. Deputy Speaker:** Question is—

That clause 3, as amended, stand part of the Bill.

*The motion was carried.*

**Clause 4**

**Mr. Deputy Speaker :** There is a notice of amendment to this clause.

**Sardar Mohinder Singh Sarupwali :** Sir, I beg to move—

In part(b), proposed section 2—BB, line 7, for the word "sixteen" *substitute* "twenty".

**Mr. Detputy Speaker ;** Motion moved—

In part(b), proposed section 2—BB line 7, for the word "sixteen" *substitute* "twenty."

**Mr. Deputy Speaker :** Question is—

In part (b), proposed section 2—BB, line 7, for the word "sixteen" *substitute* "twenty".

*The motion was carried.*

**Mr. Deputy Speaker:** Question is—

That clause 4, as amended, stand part of the Bill.

*The motion was carried.*

**Clause 5**

**Mr. Deputy Speaker :** There is a notice of amendment to this clause.

**Sardar Mohinder Singh Sarupwali:** Sir, I beg to move—

In part (b), proposed section 5—B, line 7, for the word "sixteen" *substitute* "twenty".

**Mr. Deputy Speaker:** Motion moved—

In part(b), proposed section 5—B, line 7, for the word, "sixteen" *substitute* "twenty",

**Mr. Deputy Speaker:** Question is—

In part, (b) proposed section 5—B, line, 7, for the word "sixteen" *substitute* "twenty".

*The motion was carried.*

Original with;
Punjab Vidhan Sabha
Digitized by;
Panjab Digital Library

**Mr. Deputy Speaker:** Question is—

That clause 5, as amended, stand part of the Bill.

*The motion was carried.*

**Clause 1**

**Mr. Deputy Speaker:** Question is—

That clause I stand part of the Bill.

*The motion was carried.*

**Title**

**Mr. Deputy Speaker:** Question is—

That Title be the title of the bill.

*The motion was carried.*

**Industries Minister (Shri Balramji Dass Tandon):** Sir, I beg to move—

That the Punjab Legislators (Modification of Allowances and other Amenities) Bill, as amended be passed.

**Mr. Deputy Speaker:** Motion moved—

That the Punjab Legislators (Modification of Allowances and other Amenities) Bill as amended be Passed.

**Mr. Deputy Speaker :** Question is—

That the Punjab Legislators (Modification of Allowances and other Amenities) Bill as amended be Passed

*The motion was carried.*

## PAPER LAID ON THE TABLE

**Industries Minister (Shri Balramji Dass Tandon):** Sir, I beg to lay on the *Table the 24th Report of the Commissioner for Scheduled Castes and Scheduled Tribes for the years 1975-76 and 1976-77 (Parts I and II).

**Mr. Deputy Speaker:** The House Stands adjourned *Sine die.*

*12.11 P.M. (*The House then adjourned* Sine die.*)*

*Placed in the Library.

34303 PVS—Govt. Press, Chd,

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

© 1979

Published under the authority of Punjab Vidhan Sabha Secretariat and Printed by the Controller, Government Press, Chandigarh.

Original with;
Punjab Vidhan Sabha
Digitized by;
Panjab Digital Library

39-A

# PUNJAB VIDHAN SABHA

## DEBATES

*16th September, 1978*

Annexure I Vol. III—No. 13

## OFFICIAL REPORT

Chief Reporter
Punjab Vidhan Sabha
Chandigarh

CONTENTS

*Saturday, the 16th September, 1978*


| | | PAGE |
|---|---|---|
| Starred Questions and Answers left over from the lists of Starred Questions for the following dates, which were deemed to have been laid on the Table of the House under Rule 38 : | | |
| 7th September, 1978 | .. | (13) 1 |
| 11th September, 1978 | .. | (13)15 |
| 12th September, 1978 | .. | (13)20 |
| 13th September, 1978 (Afternoon Sitting) | .. | (13)20 |
| 15th September, 1978 (Afternoon Sitting) | .. | (13)23 |
| Starred Questions and Answers left over from the list of 16th September, 1978 (converted into Unstarred Questions) | .. | (13)26 |


Punjab Vidhan Sabha Secretariat, Chandigarh.

Price : Rs. 68.50

Original with;
Punjab Vidhan Sabha
Digitized by;
Panjab Digital Library

Unstarred Questions and Answers left over from the lists of Unstarred Questions dated :


| | | |
|---|---|---|
| 8th September, 1978 | .. | (13)103 |
| 11th September, 1978 | .. | (13)109 |
| 12th September, 1978 | .. | (13)110 |
| 13th September, 1978 (Afternoon Sitting) | .. | (13)111 |
| 14th September, 1978 (Morning Sitting) | .. | (13)112 |
| 14th September, 1978 (Afternoon Sitting) | .. | (13) 122 |
| Appendix | .. | (i) |


Original with;
Punjab Vidhan Sabha
Digitized by;
Panjab Digital Library

# PUNJAB VIDHAN SABHA

*Saturday, the 16th September, 1978*

## ANNEXURE I

This Annexure contains Starred Questions and Answers, Starred Questions (Converted into Unstarred Questions) And Answers, Unstarred Questions and Answers pertaining to the different sittings of the Monsoon Session, 1978.

(These were received late from the Government).

## STARRED QUESTIONS AND ANSWERS

(*From the list Dated 7th September, 1978*)

### PROMOTIONS IN THE DIRECTORATE OF EMPLOYMENT

*680. **Sardar Dalip Singh Pandhi** : Will the Minister of State for Labour and Employment be pleased to state :—

(a) whether the Directorate of Employment is a Technical Department;

(b) if the reply to part (a) above be in the affirmative, whether all the promotions upto the post of Director were made on the basis of seniority-cum-merit before 1966;

(c) the reasons for deviation from the said practice and procedure after 1966 ?

**ਸਾਥੀ ਧਰਮਪਾਲ ਸੱਭਰਵਾਲ** : (ੳ) ਨਹੀ ਜੀ ।

(ਅ) ਭਾਵੇਂ ਉਪਰੋਕਤ (ੳ) ਦਾ ਜੁਆਬ ਨਾ ਵਿੱਚ ਹੈ ਪਰੰਤੂ ਇਹ ਸੱਚ ਹੈ ਕਿ 1966 ਤੋਂ ਪਹਿਲਾਂ ਡਾਇਰੈਕਟਰ ਰੋਜ਼ਗਾਰ ਦੀ ਆਸਾਮੀ ਸੀਨੀਅਰਤਾ ਅਤੇ ਮੈਰਿਟ ਦੇ ਅਧਾਰ ਤੇ ਭਰੀ ਜਾਂਦੀ ਸੀ ।

(ੲ) 1 ਨਵੰਬਰ, 1966 ਤੋਂ ਪਹਿਲਾਂ ਕਿਰਤ ਕਮਿਸ਼ਨਰ ਦੀ ਆਸਾਮੀ ਆਈ. ਏ. ਐਸ ਕਾਡਰ ਦੀ ਸੀ। ਪਰ ਡਾਇਰੈਕਟਰ ਰੋਜ਼ਗਾਰ ਦੀ ਆਸਾਮੀ ਇਸ ਨਾਲ ਜੋੜੀ ਹੋਈ ਨਹੀਂ ਸੀ। 1 ਨਵੰਬਰ, 1966 ਨੂੰ ਜਦੋਂ ਆਈ.ਏ.ਐਸ. ਦਾ ਕਾਡਰ ਫਿਕਸ ਕੀਤਾ ਗਿਆ ਤਾਂ ਰੋਜ਼ਗਾਰ ਵਿਭਾਗ ਇਸ ਨਾਲ ਜੋੜ ਦਿੱਤਾ ਗਿਆ ।

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਕਿਰਤ ਤੇ ਰੋਜ਼ਗਾਰ]

ਅਸਲੀ ਕਾਰਨ ਜਿਨ੍ਹਾਂ ਕਰਕੇ ਡਾਇਰੈਕਟੋਰੇਟ ਰੋਜ਼ਗਾਰ ਨੂੰ ਕਿਰਤ ਕਮਿਸ਼ਨਰ ਨਾਲ ਜੋੜਿਆ ਗਿਆ ਉਪਲੱਬਧ ਨਹੀ। ਫਿਰ ਵੀ ਇਹ ਕਾਰਨ ਸਪਸ਼ਟ ਜਾਪਦਾ ਹੈ ਕਿ ਪੰਜਾਬ ਰਾਜ ਦੀ ਵੰਡ ਉਪਰੰਤ ਮਹਿਕਮੇ ਛੋਟੇ ਹੋ ਗਏ ਤੇ ਕੁਝ ਵਿਭਾਗਾਂ ਦਾ ਇਕੱਠਾ ਕਰਨਾ ਜ਼ਰੂਰੀ ਸੀ। ਰੋਜ਼ਗਾਰ ਵਿਭਾਗ ਬਾਰੇ ਅਜਿਹੀ ਕੋਈ ਗੱਲ ਨਹੀਂ ਜਿਸਨੂੰ ਤਕਨੀਕੀ ਕਿਹਾ ਜਾ ਸਕਦਾ ਹੋਵੇ।

DENOTIFICATION OF VALID RULES, 1963

*681. **Sardar Dalip Singh Pandhi** : Will the Minister of State for Labour and Employment be pleased to state :—

(a) whether the draft rules were enforced in the Directorate of Employment during the year 1974, if so, a copy thereof be laid on the Table of the House;

(b) whether any promotions after the enforcement of the said draft rules were made, if so, the details thereof;

(c) whether the 1963 rules have been repealed, if so, when ?

**ਸਾਥੀ ਧਰਮ ਪਾਲ ਸਭਰਵਾਲ** : (ੳ) ਸਾਲ 1974 ਵਿੱਚ ਤਿਆਰ ਕੀਤੇ ਗਏ ਡਰਾਫਟ ਰੂਲ ਕੁਝ ਆਸਾਮੀਆਂ ਤੇ ਲਾਗੂ ਕੀਤੇ ਗਏ ਸਨ, ਜਿਵੇਂ ਕਿ ਸਹਾਇਕ ਡਾਇਰੈਕਟਰ, ਪ੍ਰਦੇਸ਼ਕ ਰੋਜ਼ਗਾਰ ਅਫ਼ਸਰ ਅਤੇ ਜ਼ਿਲ੍ਹਾ ਰੋਜ਼ਗਾਰ ਅਫ਼ਸਰ। ਡਰਾਫਟ ਰੂਲਾਂ ਦੀ ਕਾਪੀ ਨਾਲ ਨੱਥੀ ਹੈ।

(ਅ) ਜੀ ਹਾਂ। ਵੇਰਵਾ ਹੇਠ ਪ੍ਰਕਾਰ ਹੈ :—

| ਲੜੀ ਨੰ: | ਅਫ਼ਸਰ ਦਾ ਨਾਂ | ਜਿਹੜੀ ਆਸਾਮੀ ਤੇ ਤਰੱਕੀ ਦਿੱਤੀ | ਤਰੱਕੀ ਦੀ ਮਿਤੀ |
|---|---|---|---|
| 1. | ਸ੍ਰੀ ਕੇ.ਆਰ. ਕੁੰਡਲ | ਪ੍ਰਦੇਸ਼ਕ ਰੋਜ਼ਗਾਰ ਅਫ਼ਸਰ | 10-9-74 |
| 2. | ਸ੍ਰੀ ਐਚ.ਜੀ. ਖੋਸਲਾ | ਉਹੀ | 1-11-74 |
| 3. | ਸ੍ਰੀ ਬਸੰਤ ਰਾਮ | ਸਹਾਇਕ ਡਾਇਰੈਕਟਰ/ਪ੍ਰਾਦੇਸ਼ਕ ਰੋਜ਼ਗਾਰ ਅਫ਼ਸਰ | 23-8-77 |
| 4. | ਸ੍ਰੀ ਮਦਨ ਲਾਲ | ਜ਼ਿਲ੍ਹਾ ਰੋਜ਼ਗਾਰ ਅਫ਼ਸਰ | 10-2-76 |

(ੲ) ਸਾਲ 1963 ਦੇ ਰੂਲ ਹਾਲੇ ਤੱਕ ਰਿਪੀਲ ਨਹੀਂ ਕੀਤੇ ਗਏ।

Original with;
Punjab Vidhan Sabha
Digitized by;
Panjab Digital Library

**Draft Rules**

## PUNJAB GOVERNMENT

## LABOUR AND EMPLOYMENT DEPARTMENT

### NOTIFICATION

In exercise of the powers conferred by the proviso to Article 309 of the Constitution of India and all other powers enabling him in this behalf, the Governor of Punjab is pleased to make the following rules for regulating recruitment, and conditions of service of persons appointed to the Punjab Employment (Class I and II) Service, namely :—

### RULES

1. (1) These rules may be called the Punjab Employment (Class I and II) Service Rules, 1974. — Short title and commencement

(2) They shall come into force at once.

(3) These rules shall apply to all the posts specified in Appendix 'A' to these rules.

2. In these rules unless the context otherwise requires, — Definitions.

(1) "Commission" means the Punjab Public Service Commission;

(2) "Department" means the Department of Employment, Punjab;

(3) "Direct appointment" means an appointment made otherwise than by promotion or by transfer of a person already in the service of a State Government or of the Government of India;

(4) "Director" means the Director of Employment, Punjab;

(5) "Government" means the Government of the State of Punjab in the Administrative Department;

(6) "Recognised University" means any university incorporated by law in the territory of India or any other university which is declared by Government to be a recognised university for the purposes of these rules, or in the case of degree or diploma obtained as a result of examinations held before the 15th August, 1947, the Punjab, Sind or Dacca University;

(7) "Service" means the Punjab Employment (Class I and II) Service.

(8) "Appointment by Transfer" means appointment by transfer of a person already in the service of a State Government or of the Government of India.

(9) Words and expressions used in these rules but not defined shall have the meaning assigned to them in Punjab General Clauses Act, 1898.

3. The Service shall comprise the posts shown in Appendix 'A' to those rules; Provided that nothing in these rules shall affect the inherent right of Government to add to or reduce the number of such posts or to create new posts with different designations and scales of pay whether permanently or temporarily. — Number and Character of posts.

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਕਿਰਤ ਤੇ ਰੁਜ਼ਗਾਰ]

Appointing Authority.

4. All appointments to the Service shall be made by the Government.

Nationality, domicile and character of candidates appointed to service

5. (1) No candidate shall be appointed to the Service unless he is :—

(a) a citizen of India, or

(b) a subject of Sikkim, or

(c) a subject of Nepal, or

(d) a subject of Bhutan, or

(e) a Tibetan refugee who came over to India before permanently settling in India, or

(f) a person of India origin who has migrated from Pakistan, Burma, Ceylon and East African countries of Kenya, Uganda and the united Republic of Tanzania (formerly Tanganuike and Zanzibar) with the intention of permanently settling in India.

